ੴ ਸਤਿਗੁਰ ਪ੍ਰਸਾਦਿ ॥

ਝੂਠੁ ਨ ਬੋਲਿ ਪਾਡੇ
ਸਚੁ ਕਹੀਐ ॥

# ਦਸਮ ਗ੍ਰੰਥ ਦਾ ਲਿਖਾਰੀ ਕੌਣ ?

(ਭਾਗ ਪਹਿਲਾ)

ਲੇਖਕ : ਜਸਬਿੰਦਰ ਸਿੰਘ ਖਾਲਸਾ
ਮੁਖ ਸੇਵਾਦਾਰ
ਭਾਈ ਲਾਲੋ ਫਾਊਂਡੇਸ਼ਨ

Mail Adress : Jasbinder Singh Khalsa
Drake & Scull International
Post Box No. 50237
Dubai (U.A.E.)
Phone 00971-50-4987344

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 1 | ਇਤੀ ਸ੍ਰੀ ਚਰਿੱਤ੍ਰ ਪਖਯਾਨੇ ਚੰਡੀ ਚਰਿਤ੍ਰੇ ਪ੍ਰਥਮ ਧਯਾਇ ਸਮਾਪਤਮ | 809 | 1 |
| 2 | ਨਗਰੀ ਚਿਤ੍ਰਵਤੀ | 813 | 3 |
| 3 | ਸ਼ਹਿਰ ਕਾਲਪੀ | 815 | 4 |
| 4 | ਬੰਦਿਸਾਲ | 816 | 4 |
| 5 | ਸ਼ਹਿਰ ਕਾਸਿਕਰ | 817 | 5 |
| 6 | ਲੰਗ ਚਲਾਲਾ | 818 | 5 |
| 7 | ਜਹਾਨਾਬਾਦ | 819 | 6 |
| 8 | ਅਕਬਰਾਬਾਦ | 820 | 6 |
| 9 | ਸ਼ਹਿਰ ਲਹੌਰ | 821 | 7 |
| 10 | ਇਸ਼ਕ ਖ਼ਾਤਿਰ ਪਤੀ-ਪੁੱਤ ਮਾਰਨਾ ਸਿਖੋ | 822 | 7 |
| 11 | ਇਲਾਕਾ ਪਿਸ਼ੌਰ | 823 | 8 |
| 12 | ਕ੍ਰਿਸ਼ਨ ਦੀ ਗਾਥਾ | 824 | 8 |
| 13 | ਪਦੂਆ-ਗੈਨੀ ਤੇ ਰਾਮਦਾਸ | 827 | 9 |
| 14 | ਰੂਪ ਨਗਰ | 828 | 10 |
| 15 | ਰਾਮ ਦਾਸ ਪੁਰ (ਅੰਮ੍ਰਿਤਸਰ) ਕੀਰਤ ਪੁਰ (ਕੀਰਤ ਪੁਰ ਸਾਹਿਬ) | 829 | 10 |
| 16 | ਇਸ਼ਕ ਤੇ ਨਸ਼ੇ ਕਰਨੇ ਸਿਖੋ (ਸਤਿਲੁਜ ਦਾ ਕੰਢਾ) | 829 | 11 |
| 17 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਚਲਣ ਚਾਲ ਅਵੱਲੀ | 833 | 12 |
| 18 | ਕਬਿ ਰਾਮ ਤੇ ਸ੍ਰੀ ਛਲ ਛਿੱਦ੍ਰ ਕੁਅਰਿ | 835 | 13 |
| 19 | ਮਾਂ ਨੇ ਪੁੱਤ ਬਣਾ ਕੇ ਕੀਤਾ ਸੰਭੋਗ | 836 | 14 |
| 20 | ਸ਼ਹਿਰ ਚੀਨ ਮਚੀਨ ਚ ਇਸ਼ਕ ਦੀ ਕਹਾਣੀ | 837 | 14 |
| 21 | ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ | 838 | 15 |
| 22 | (ਰਾਇ) ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ | 843 | 16 |
| 23 | ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ | 843 | 17 |
| 24 | ਇਸ਼ਕ ਦੀ ਨਵੀਓਂ ਨਵੀਂ ਬਹਾਰ | 844 | 17 |
| 25 | ਗੰਗਾ ਜਮੁਨਾ ਦੇ ਵਿਚਕਾਰ ਕੈਲਾਖ਼ਰ ਦੀ ਦੂਨ | 848 | 18 |
| 26 | ਬਾਣੀਆ-ਚੋਰ-ਨਿਰਤਮਤੀ ਤੇ ਘੋੜਾ | 848 | 18 |
| 27 | ਬਾਮ੍ਹਣ ਤੇ ਬਯੋਮ ਕਲਾ | 849 | 19 |
| 28 | ਇਸ਼ਕ ਕਰਨ ਦੇ ਢੰਗ ਸਿੱਖੋ | 850 | 19 |
| 29 | ਨਦੀ ਸਰਿਤਾ | 851 | 20 |
| 30 | ਅੱਖਾਂ ਚ ਪਾ ਕੇ ਗੁਲਾਲ ਇਸ਼ਕ ਦੇ ਝੂਟੇ ਝੁਟਣੇ | 853 | 20 |
| 31 | ਮਾਨਮੰਜਰੀ ਤੇ ਬਿੰਦਯਾਨਿਧਿ | 854 | 21 |
| 32 | ਰਸ ਮੰਜਰੀ ਤੇ ਤਸਕਰ | 854 | 21 |
| 33 | ਉੱਤਰ ਪ੍ਰਦੇਸ | 855 | 21 |
| 34 | ਸ਼ਹਿਰ ਸਰਹਿੰਦ | 858 | 22 |
| 35 | ਦੱਖਣ ਦੇਸ | 859 | 23 |
| 36 | ਪਤੀ ਦਾ ਕਤਲ ਕਰਨਾ ਸਿੱਖੋ | 860 | 23 |
| 37 | ਗੈਂਡੇ ਖਾਂ ਡੋਗਰ ਤੇ ਫਤੇ ਮਤੀ | 861 | 24 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 38 | ਵੱਡਾ ਚੋਰ ਬਣਨਾ ਚਾਹੁੰਦੇ ਹੋ ਜਾਂ ਵੱਡਾ ਠੱਗ | 862 | 24 |
| 39 | ਪਹਿਲੇ ਭਾਗ ਚ ਤੁਸੀਂ ਚੋਰੀ ਕਰਨੀ ਸਿੱਖੀ ਤੇ ਹੁਣ ਠੱਗੀ ਮਾਰਨੀ ਸਿੱਖੋ | 864 | 25 |
| 40 | ਅਪਣੀ ਔਰਤ ਨੂੰ ਡੋਬ ਕੇ ਮਾਰਨੀ ਸਿੱਖੋ | 865 | 25 |
| 41 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ (ਸ਼ਾਹ ਜਹਾਂ ਪੁਰ) | 866 | 25 |
| 42 | ਸ਼ੇਖ ਇਨਾਯਤ ਤੇ ਰੁਸਤਮ ਕਲਾ (ਮੁਲਤਾਨ) | 867 | 26 |
| 43 | ਆਢੋ ਬੀਬੀ ਤੇ ਗੁਲਾਮ | 867 | 26 |
| 44 | ਤਿਲਕ ਮੰਜਰੀ ਤੇ ਬੀਰਕੇਤ ਰਾਜਾ | 868 | 26 |
| 45 | ਤਿਯਰਾਜਮਤੀ ਤੇ ਜੋਗੀ | 868 | 27 |
| 46 | ਨੂਰਮ ਬੀਬੀ ਤੇ ਜੱਟ | 869 | 27 |
| 47 | ਬਾਦਲ ਕੁਅਰਿ ਤੇ ਮੁਗਲ | 870 | 28 |
| 48 | ਜਹਾਂਗੀਰ ਤੇ ਨੂਰਜਹਾਂ | 870 | 28 |
| 49 | ਅਨੰਦਪੁਰ ਸਾਹਿਬ ਦੀ ਇਕ ਹੋਰ ਗੰਦੀ ਕਹਾਣੀ ਗੁਰਸਿੱਖਾਂ ਦਾ ਅਪਮਾਨ | 872 | 28 |
| 50 | ਪੁਹਪ ਮੰਜਰੀ ਤੇ ਰਾਜਾ | 873 | 29 |
| 51 | ਮਾਰਵਾਰ ਦੀ ਸੀਲਮਤੀ | 874 | 29 |
| 52 | ਬਿਜੈ ਸਿੰਘ ਤੇ ਇੰਦ੍ਰ ਪ੍ਰਭਾ | 875 | 30 |
| 53 | ਗੁੜ ਨਾਲੋਂ ਇਸ਼ਕ ਮਿੱਠਾ | 883 | 31 |
| 54 | ਇਸ਼ਕ ਦੀ ਨਵੀਓਂ ਨਵੀਂ ਬਹਾਰ | 884 | 31 |
| 55 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 885 | 32 |
| 56 | ਅਪਣੀ ਔਰਤ ਦਾ ਕਤਲ ਕਰਨਾ ਸਿੱਖੋ | 887 | 32 |
| 57 | ਇਸ਼ਕ ਨੂੰ ਲੱਗਾ ਫਲ ਭੇਲੀ ਜਿੱਡਾ | 888 | 33 |
| 58 | ਦਸਮ ਗ੍ਰੰਥ ਰਾਹੀਂ ਪਤੀ ਕਤਲ ਕਰਨਾ ਸਿੱਖੋ | 889 | 33 |
| 59 | ਲਾਡਮ ਕੁਅਰਿ ਸੁਹਾਗਮ ਦੇਈ ਤੇ ਚੋਰ | 889 | 33 |
| 60 | ਧਰਮ ਦੀ ਭੈਣ ਬਣਾ ਕੇ ਇਸ਼ਕ ਕਰਨਾ ਸਿੱਖੋ | 890 | 34 |
| 61 | ਤਸਕਰ ਤੇ ਸ਼ਾਹੂਕਾਰਨ | 891 | 34 |
| 62 | ਮਹਾਂ ਸਿੰਘ ਤੇ ਚੋਰ | 891 | 34 |
| 63 | ਅਪਣੇ ਪਤੀ ਦਾ ਕਤਲ ਕਰਨਾ ਸਿੱਖੋ | 892 | 35 |
| 64 | ਔਰਤ ਤੋਂ ਚੋਰੀ ਪ੍ਰੇਮਿਕਾ ਨੂੰ ਅੰਗੂਠੀ ਦੇਣੀ ਸਿੱਖੋ | 893 | 35 |
| 65 | ਮਿਤ੍ਰ ਸਿੰਘ-ਔਰਤ-ਤੇ ਧਾੜਵੀ | 894 | 35 |
| 66 | ਸੁਮਤਿ ਸੈਨ-ਵਜ਼ੀਰ ਤੇ ਦੁਹਿਤਾ | 894 | 36 |
| 67 | ਚਤੁਰ ਸਿੰਘ ਤੇ ਰੂਪ ਕਲਾ | 896 | 37 |
| 68 | ਸ਼ਾਹ ਦਾ ਪੁੱਤ ਤੇ ਨਾਈ ਦਾ ਪੁੱਤ | 897 | 37 |
| 69 | ਇਸ਼ਕ ਨਾ ਪੁੱਛੇ ਜਾਤਿ | 899 | 38 |
| 70 | ਦਸਮ ਗ੍ਰੰਥ ਰਾਹੀਂ ਚੋਰੀ ਕਰਨੀ ਸਿੱਖੋ | 900 | 38 |
| 71 | ਧਰਮ ਦੇ ਦੋਖੀਆਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ | 901 | 40 |
| 72 | ਚਿਤ੍ਰਨਾਥ ਤੇ ਇੰਦ੍ਰਮੁਖੀ | 902 | 40 |
| 73 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 903 | 41 |
| 74 | ਚੋਰੀ ਅਤੇ ਠੱਗੀ ਮਾਰਨੀ ਸਿੱਖੋ | 904 | 41 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 75 | ਦਸਮ ਗ੍ਰੰਥ ਰਾਹੀਂ ਚੋਰੀ ਕਰਨੀ ਸਿੱਖੋ | 904 | 42 |
| 76 | ਬਖਤਿਯਾਰ ਮੁਗਲ ਤੇ ਕਰਜਾਈ ਚੋਰ | 905 | 42 |
| 77 | ਚੰਦ੍ਰ ਸੈਨ ਤੇ ਭਾਗਵਤੀ | 906 | 42 |
| 78 | ਸੁਮਤਿ ਤਖਾਣ ਤੇ ਗੀਗੋ | 907 | 43 |
| 79 | ਬਿਸਵਮਤੀ ਤੇ ਮੁਰਜ ਨਾਥ ਜੋਗੀ | 907 | 43 |
| 80 | ਰਾਧਾ ਤੇ ਕ੍ਰਿਸ਼ਨ ਦੀ ਪ੍ਰੇਮ ਕਹਾਣੀ | 908 | 43 |
| 81 | ਦ੍ਰਿਗ ਕੰਨਿਆ ਤੇ ਰੰਗ ਨਾਥ ਜੋਗੀ | 908 | 44 |
| 82 | ਜਹਾਂਗੀਰ ਦਾ ਪੁੱਤ ਸ਼ਾਹਿਜਹਾਂ | 916 | 45 |
| 83 | ਰਾਜ ਮੱਲ ਗੁੱਜਰ ਤੇ ਰਾਜੋ | 918 | 45 |
| 84 | ਇੰਦ੍ਰ ਮਤੀ ਤੇ ਮੋਹਨ ਸਿੰਘ | 919 | 45 |
| 85 | ਕਤਲ ਕਰਨ ਦੇ ਢੰਗ ਸਿੱਖੋ | 921 | 46 |
| 86 | ਚੰਦ੍ਰਕਲਾ ਤੇ ਫਤਹ ਚੰਦ | 922 | 46 |
| 87 | ਇਸ਼ਕ ਦੇ ਰੰਗ ਨਿਆਰੇ | 922 | 46 |
| 88 | ਇੰਦ੍ਰ ਦੱਤ, ਕੰਸ ਪ੍ਰਭਾ ਤੇ ਮੰਗਲਾ | 923 | 47 |
| 89 | ਰਾਮ ਸੀਂਹ ਜੱਟ ਤੇ ਰਾਧਾ | 924 | 47 |
| 90 | ਨਾਨਾ ਸੁਨਾਰ ਤੇ ਦੀਪ ਕਲਾ | 925 | 47 |
| 91 | ਮਾਧਵ ਨਲ ਤੇ ਚੰਦ੍ਰ ਕਲਾ | 925 | 48 |
| 92 | ਸਰੂਪ ਕਲਾ ਤੇ ਬਿਸ਼ੁਨ ਦੱਤਵਾ ਨਟੂਆ | 930 | 48 |
| 93 | ਜੁਲਾਹੇ ਦੇ ਪਈਆਂ ਦੱਸ ਹਜਾਰ ਜੁੱਤੀਆਂ | 930 | 48 |
| 94 | ਦੀਨ ਦਯਾਲ ਬਾਮ੍ਹਣ ਤੇ ਔਰਤ | 932 | 49 |
| 95 | ਦਸਮ ਗ੍ਰੰਥ ਰਾਹੀਂ ਟੂਣਾ ਕਰਨਾ ਸਿੱਖੋ | 933 | 49 |
| 96 | ਬੈਰਮ ਖਾਂ ਦੀ ਕਹਾਣੀ | 933 | 50 |
| 97 | ਰਾਜਾ ਰਿਸਾਲੂ | 936 | 50 |
| 98 | ਹੀਰ ਰਾਂਝਾ | 942 | 51 |
| 99 | ਰੁੱਦ੍ਰ ਕਲਾ ਤੇ ਖਾਨ ਮੁਹੱਬਤ | 944 | 52 |
| 100 | ਰੋਪੜ ਦੀ ਚਿੱਤ੍ਰ ਕੁਅਰਿ | 945 | 52 |
| 101 | ਸੋਹਣੀ ਮਹੀਂਵਾਲ | 946 | 53 |
| 102 | ਰਾਜਾ ਦਸਰਥ ਤੇ ਕੈਕਈ | 946 | 53 |
| 103 | ਸ਼ਾਹ ਜਲਾਲ ਤੇ ਬੂਬਨਾ | 949 | 53 |
| 104 | ਚੋਰ ਨਾਲ ਇਸ਼ਕ ਕਰਨਾ ਸਿੱਖੋ | 951 | 54 |
| 105 | ਮੁੰਡਿਆਂ ਨਾਲ ਇਸ਼ਕ ਕਰਨਾ ਸਿੱਖੋ | 952 | 54 |
| 106 | ਠੱਗੀ ਮਾਰਨ ਦਾ ਵੱਲ ਸਿੱਖੋ | 953 | 54 |
| 107 | ਜੋਧਨ ਜੱਟ ਤੇ ਮੈਨ ਕੁਅਰਿ | 954 | 55 |
| 108 | ਸੱਸੀ ਪੁੰਨੂੰ ਦੀ ਕਹਾਣੀ (ਕਪਿਲ ਮੁਨੀ ਦਾ ਬੀਰਜ ਦੁਬਾਰਾ ਧ੍ਰਰਤੀ ਤੇ ਡਿੱਗਾ) | 954 | 55 |
| 109 | ਸੱਸੀ ਪੁੰਨੂੰ ਦੀ ਕਹਾਣੀ | 958 | 56 |
| 110 | ਰੋਪੇਸ਼ਵਰ | 964 | 57 |
| 111 | ਗੁੜ ਨਾਲੋਂ ਇਸ਼ਕ ਮਿੱਠਾ | 966 | 58 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 112 | ਧੋਖੇ ਨਾਲ ਕਤਲ ਕਰਨਾ ਸਿੱਖੋ | 970 | 59 |
| 113 | ਅਪਣਾ ਪਤੀ ਮਾਰ ਕੇ ਓਹਦਾ ਮਾਸ ਰਿੰਨ੍ਹ ਖਾਓ | 972 | 59 |
| 114 | ਸ੍ਰਿੰਗ ਮੁਨੀ ਤੇ ਬਿਭਾਂਡਵ | 974 | 60 |
| 115 | ਗੌਤਮ ਤੇ ਅਹਿੱਲਯ | 977 | 60 |
| 116 | ਸੁੰਦ ਤੇ ਅਪਸੁੰਦ ਦੈਂਤ | 979 | 60 |
| 117 | ਬਾਸਵ ਤੇ ਸੁਕ੍ਰਾਚਾਰਜ | 981 | 61 |
| 118 | ਪੁੱਤ ਮਾਰ ਕੇ ਯਾਰ ਦੇ ਵੱਸਣਾ ਇਸ਼ਕੇ ਦੀ ਭੁੱਖ ਬੁਰੀ | 982 | 62 |
| 119 | ਮਿਤ੍ਰ ਨੂੰ ਭੈਣ ਬਣਾ ਕੇ ਇਸ਼ਕ ਕਰਨਾ ਸਿੱਖੋ | 983 | 62 |
| 120 | ਜਲੰਧਰ ਦੈਂਤ ਨੇ ਦੇਵਤੇ ਭਜਾਏ | 985 | 63 |
| 121 | ਜਹਾਂਗੀਰ | 987 | 63 |
| 122 | ਰਾਜਾ ਅਭੈ ਸਾਂਢ | 987 | 64 |
| 123 | ਸਮੁੰਦਰ ਰਿੜਕਿਆ ਗਿਆ | 989 | 64 |
| 124 | ਸੌਕਣ ਦਾ ਕਤਲ ਕਰਨਾ ਸਿੱਖੋ | 991 | 65 |
| 125 | ਰਾਮ ਤੇ ਰਾਵਣ ਦੀ ਲੜਾਈ | 992 | 65 |
| 126 | ਅਬਦੁਲ ਨਬੀ | 995 | 66 |
| 127 | ਚੋਰ ਦੀ ਕਹਾਣੀ | 996 | 66 |
| 128 | ਬਿਸਨ ਦੱਤ ਤੇ ਮਾਨਮਤੀ | 996 | 66 |
| 129 | ਮਿਰਜਾ ਸਹਿਬਾਂ ਦੀ ਕਹਾਣੀ | 999 | 67 |
| 130 | ਸੁਮਤਿ ਕੁਅਰਿ | 1002 | 67 |
| 131 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 1003 | 68 |
| 132 | ਸੁਘਰਿ ਕੁਅਰਿ ਤੇ ਗਰਬੀ ਰਾਇ | 1005 | 68 |
| 133 | ਹੁਗਲੀ ਬੰਦਰ | 1007 | 69 |
| 134 | ਬਾਲ ਸਫਾ ਲਗਾ ਕੇ ਬਾਲ ਸਾਫ ਕਰੋ ਤੇ ਫਿਰ ਗੁੱਦਾ ਭੋਗ ਕਰੋ | 1009 | 70 |
| 135 | ਸ਼ਾਹੁ ਫ਼ਿਰੰਗ ਦੀ ਧੀ ਤੇ ਅਬਦੁਲ ਮੁਲਾਨਾ | 1010 | 71 |
| 136 | ਭ੍ਰਮਰ ਮਤੀ ਤੇ ਸੰਨਿਯਾਸੀ | 1012 | 72 |
| 137 | ਕੌਰੋਂ ਪਾਂਡੋਂ ਦੀ ਲੜਾਈ ਤੇ ਦ੍ਰੋਪਤੀ | 1013 | 73 |
| 138 | ਮਿਤ੍ਰ ਨੂੰ ਭੈਣ ਬਣਾ ਕੇ ਭੋਗ ਕਰਨਾ ਸਿੱਖੋ ਅਤੇ ਬਾਲ ਸਫੇ ਨਾਲ ਕੇਸ ਦੂਰ ਕਰੋ | 1017 | 74 |
| 139 | ਖਸਮ ਦੇ ਸਾਮ੍ਹਣੇ ਮਿਤ੍ਰ ਨਾਲ ਭੋਗ ਕਰਨਾ ਸਿੱਖੋ | 1017 | 74 |
| 140 | ਮੇਘਮਤੀ ਤੇ ਮਜਲਿਸਿ ਰਾਇ | 1019 | 75 |
| 141 | ਭਸਮਾਂਗਦ ਮਾਰਿਆ ਗਿਆ | 1019 | 75 |
| 142 | ਬਾਪ ਮਾਰ ਕੇ ਯਾਰ ਦੇ ਵੱਸਣਾ | 1020 | 76 |
| 143 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਮਾਰਨ ਛੱਪ ਛੜੱਪੇ | 1020 | 78 |
| 144 | ਗੁੜ ਨਾਲੋਂ ਇਸ਼ਕ ਮਿੱਠਾ | 1028 | 78 |
| 145 | ਭਾਗਵਤੀ ਤੇ ਖਸਮ | 1029 | 79 |
| 146 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1030 | 79 |
| 147 | ਸੈਦ ਖਾਂ ਦੀ ਸ਼ੈਰੀ ਨਾਲ ਲੜਾਈ | 1031 | 80 |
| 148 | ਦੁਰਗ ਦੱਤ ਦੀ ਰਾਣੀ ਤੇ ਬਿਸ਼ਨ ਸਿੰਘ | 1031 | 80 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 149 | ਪੋਸਤੀ ਦੀ ਕਹਾਣੀ | 1032 | 81 |
| 150 | ਗਰਭਵਤੀ | 1033 | 81 |
| 151 | ਕੁਪਤਿ ਸਿੰਘ ਤੇ ਗੁਮਾਨ ਮਤੀ | 1035 | 82 |
| 152 | ਚਿਤ੍ਰ ਸਿੰਘ ਤੇ ਮੰਤ੍ਰੀ | 1037 | 82 |
| 153 | ਨਾਜਮਤੀ ਤੇ ਬਾਹੂ ਸਿੰਘ | 1038 | 82 |
| 154 | ਦਰਪਕਲਾ ਤੇ ਦਾਨੀ ਰਾਇ | 1040 | 83 |
| 155 | ਸ਼ਾਹਜਹਾਂ ਦੀ ਰਾਣੀ ਤੇ ਸ਼ਾਹ ਦਾ ਪੁੱਤ | 1042 | 84 |
| 156 | ਰੋਸ਼ਨ ਸਿੰਘ ਤੇ ਕੰਦ੍ਰਪ ਕਲਾ | 1042 | 84 |
| 157 | ਰਾਜਾ ਨਲ ਤੇ ਦਮਵੰਤੀ | 1043 | 85 |
| 158 | ਚੌੜ ਭਰਥ ਸੰਨਿਯਾਸੀ ਦੀ ਬਾਲਕ ਨਾਥ ਬੈਰਾਗੀ ਨਾਲ ਜੁੱਤਮ ਜੁੱਤੀ | 1046 | 86 |
| 159 | ਰਾਜ ਸਿੰਘ ਤੇ ਬੀਰ ਕਲਾ | 1047 | 86 |
| 160 | ਬਲਵੰਤ ਸਿੰਘ ਤੇ ਰੁਕਮ ਕਲਾ | 1048 | 86 |
| 161 | ਸੰਭੋਗ ਕਰਨਾ ਸਿੱਖੋ (ਢੋਲਨ ਤੇ ਸ਼ਮਸ ਦੀ ਕਹਾਣੀ) | 1049 | 88 |
| 162 | ਚੋਰੀ ਕਰਕੇ ਫਾਂਸੀ ਦੇਣੀ ਸਿੱਖੋ | 1052 | 89 |
| 163 | ਦਸਮ ਗ੍ਰੰਥ ਰਾਹੀਂ ਕਤਲ ਕਰਨਾ ਤੇ ਬਦਲਾ ਲੈਣਾ ਸਿੱਖੋ | 1053 | 89 |
| 164 | ਦਸਮ ਗ੍ਰੰਥ ਰਾਹੀਂ ਸੰਭੋਗ ਕਰਨਾ ਸਿੱਖੋ | 1054 | 89 |
| 165 | ਦਿਜਬਰ ਸਿੰਘ ਬਾਮ੍ਹਣ ਤੇ ਭਿਸਤ ਕਲਾ | 1056 | 90 |
| 166 | ਦਿਨੇ ਪੁੱਤ ਤੇ ਰਾਤ ਨੂੰ ਖ਼ਸਮ-ਪੁੱਤ ਬਣਾ ਕੇ ਮਿਤ੍ਰ ਨੂੰ ਹਮ ਬਿਸਤਰ | 1057 | 91 |
| 167 | ਅਪਣਾ ਪਤੀ ਮਾਰ ਕੇ ਦਿਓਰ ਜਾਂ ਜੇਠ ਨਾਲ ਹਮ ਬਿਸਤਰ ਹੋਣਾ ਸਿੱਖੋ | 1059 | 92 |
| 168 | ਕਤਲ ਕਰਨਾ ਸਿੱਖੋ | 1060 | 92 |
| 169 | ਸੰਭੋਗ ਕਰਨਾ ਸਿੱਖੋ | 1061 | 93 |
| 170 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1062 | 93 |
| 171 | ਕੰਚਨ ਸਿੰਘ-ਸਾਹਿਬ ਦੇਈ ਤੇ ਯਾਰ | 1063 | 94 |
| 172 | ਐਂਡੇ ਰਾ ਭਾਟ, ਗੀਤ ਕਲਾ ਤੇ ਯਾਰ | 1064 | 94 |
| 173 | ਬਹਲੋਲ ਪੁਰ | 1065 | 95 |
| 174 | ਸੁਰਤਾ ਦੇ, ਹਜਰਤ ਤੇ ਰਾਜਾ | 1066 | 95 |
| 175 | ਇਸ਼ਕ ਦੇ ਰੰਗ ਨਿਆਰੇ | 1067 | 96 |
| 176 | ਬੀਰਮਤੀ ਤੇ ਚੰਦ੍ਰਭਾਨ ਜਾਟੂ | 1069 | 96 |
| 177 | ਪਤੈ ਮੰਛਲੀ ਬੰਦਰ ਨਾਂ ਕਿਵੇਂ ਪਿਆ ? | 1070 | 97 |
| 178 | ਅਪਣੀ ਸੌਕਣ ਮਾਰਨੀ ਸਿੱਖੋ | 1071 | 97 |
| 179 | ਕਾਮਵਤੀ ਤੇ ਬਧੂ ਸ਼ਾਹ | 1072 | 97 |
| 180 | ਨੈਨੋਤਮਾ ਤੇ ਯਾਰ | 1072 | 98 |
| 181 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1073 | 98 |
| 182 | ਸੌਕਣ ਮਾਰ ਕੇ ਬਦਲਾ ਲਓ | 1074 | 98 |
| 183 | ਦਾਰੂ ਪੀ ਕੇ ਅਪਣੀ ਹੀ ਧੀ ਨਾਲ ਸੰਭੋਗ | 1075 | 99 |
| 184 | ਭੀਮ ਨੇ ਕ੍ਰੀਚਕ ਦੇ ਕੀਤੇ ਚਾਰ ਟੁਕੜੇ | 1077 | 99 |
| 185 | ਅਕਬਰ ਜੁੱਤੀਆਂ ਨਾਲ ਕੁੱਟਿਆ ਗਿਆ | 1078 | 100 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 186 | ਪਿੰਡ ਦਯਾਲ ਪੁਰ | 1079 | 100 |
| 187 | ਅਪਣੇ ਹੱਥੀਂ ਅਪਣਾ ਹੀ ਪੁੱਤ ਮਾਰਨਾ ਸਿੱਖੋ | 1080 | 101 |
| 188 | ਅੱਠ ਖਸਮਾਂ ਨਾਲ ਸ਼ਾਦੀ ਕਰ ਕੇ ਉਨ੍ਹਾਂ ਨੂੰ ਮਾਰਨ ਵਾਲੀ ਕੰਚਨ ਪ੍ਰਭਾ | 1080 | 101 |
| 189 | ਠੱਗੀ ਮਾਰਨੀ ਸਿੱਖੋ | 1081 | 101 |
| 190 | ਅਪਣੀਆਂ ਝਾਂਟਾਂ ਦਸਮ ਗ੍ਰੰਥ ਦੇ ਢੰਗ ਦੁਆਰਾ ਮੁੰਨੋ | 1081 | 102 |
| 191 | ਕਤਲ ਕਰਨਾ ਸਿੱਖੋ | 1082 | 103 |
| 192 | ਗਰੀਬ ਨਾਲ ਦੋਸਤੀ ਕਰੋਗੇ ਤਾਂ ਕੁੱਤੇ ਦੀ ਮੌਤ ਮਰੋਗੇ | 1083 | 103 |
| 193 | ਚੋਰੀ ਕਰਨ ਦੇ ਤੌਰ ਤਰੀਕੇ ਸਿੱਖੋ | 1084 | 104 |
| 194 | ਰਾਜਾ ਕੁੱਟਿਆ ਧੌੜੀ ਦੀ ਜੁੱਤੀ ਨਾਲ | 1085 | 104 |
| 195 | ਭਾਰੀ ਨਸ਼ੇ ਕਰੋ ਤੇ ਜੰਗ ਜਿੱਤੋ | 1085 | 105 |
| 196 | ਕੋਈ ਧੀ-ਭੈਣ-ਮਾਂ ਜਾਂ ਔਰਤ ਨਾਲ ਸੰਭੋਗ ਕਰੇ ਤਾਂ ਉਸ ਦੇ ਚਰਨ ਛੂਹੋ ਤੇ ਚੁੱਪ ਰਹੋ | 1088 | 106 |
| 197 | ਧੋਖਾ ਕਰਨਾ ਸਿੱਖੋ | 1089 | 107 |
| 198 | ਸੰਖ ਕੁਅਰ ਤੇ ਰਾਵ | 1089 | 107 |
| 199 | ਚਿਤੌੜਗੜ ਦੇ ਰਾਜੇ ਦੀ ਜੈਨਾਲਾਵਾਦੀ ਨਾਲ ਮੁੱਠ ਭੇੜ | 1090 | 107 |
| 200 | ਦੁਰਗਤਿ ਸਿੰਘ ਤੇ ਉਡਗਿੰਦ੍ਰ ਪ੍ਰਭਾ | 1092 | 108 |
| 201 | ਯੂਸਫ ਤੇ ਜ਼ਲੀਖਾਂ ਦਾ ਇਸ਼ਕ | 1095 | 109 |
| 202 | ਸੰਭੋਗ ਕਰਨਾ ਸਿੱਖੋ | 1097 | 111 |
| 203 | ਨਰਕਾਸੁਰ ਦੀ ਕ੍ਰਿਸ਼ਨ ਨਾਲ ਮੁੱਠ ਭੇੜ | 1098 | 112 |
| 204 | ਸ਼ਾਹਜਹਾਂ ਦੀ ਬੀਰ ਸਿੰਘ ਦੀ ਔਰਤ ਨਾਲ ਮੁੱਠ ਭੇੜ | 1100 | 113 |
| 205 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ | 1102 | 113 |
| 206 | ਸੰਭੋਗ ਕਰਨਾ ਸਿੱਖੋ ਤੇ ਰਿਸ਼ਵਤ ਦੇਣੀ ਸਿੱਖੋ | 1103 | 114 |
| 207 | ਦਾਰੂ ਨਾਲ ਕਤਲ ਕਰਨੇ ਸਿੱਖੋ | 1105 | 115 |
| 208 | ਭਰਾ ਬਣਾ ਕੇ ਮਿਤ੍ਰ ਨਾਲ ਭੋਗ ਕਰਨਾ ਸਿੱਖੋ | 1107 | 115 |
| 209 | ਭਰਥਰ ਰਾਜਾ ਜਾਂ ਜੋਗੀ ? | 1108 | 116 |
| 210 | ਇਸ਼ਕ ਨੇ ਕੀਤੇ ਪੁੱਠੇ ਕਾਰੇ | 1115 | 119 |
| 211 | ਮੌਜ ਮੇਲਾ ਇੰਜ ਵੀ ਕਰੀਦਾ ਹੈ | 1116 | 119 |
| 212 | ਦਸਮ ਗ੍ਰੰਥ ਦੀ ਸਿੱਖਿਆ-ਸਕੀ ਭੈਣ ਨਾਲ ਭੋਗ ......। | 1118 | 120 |
| 213 | ਸਿਵ ਮੰਦਰ ਵਿੱਚ ਭੋਗ ਕਰਦਿਆਂ ਇਕ ਹੱਥ ਨਾਲ ਘੰਟੀ ਵਜਾਉਂਦੇ ਰਹੋ | 1120 | 121 |
| 214 | ਇਸ਼ਕ ਦੇ ਰੰਗ ਨਿਆਰੇ ਕਰਦੇ ਹਰਦਮ ਪੁੱਠੇ ਕਾਰੇ | 1121 | 122 |
| 215 | ਔਰੰਗ ਸ਼ਾਹ-ਬ੍ਰਾਹਮਣੀ ਤੇ ਸੁਤਾ | 1122 | 123 |
| 216 | ਤੇਲ ਵਿੱਚ ਭੁੰਨ ਕੇ ਮਾਰਨਾ ਸਿੱਖੋ | 1123 | 124 |
| 217 | ਰਾਜਾ ਸਿਕੰਦਰ ਦੀ ਕਹਾਣੀ ਦਸਮ ਗ੍ਰੰਥ ਦੀ ਜਬਾਨੀ | 1124 | 124 |
| 218 | ਕਤਲ ਕਰਨਾ ਸਿੱਖੋ | 1128 | 126 |
| 219 | ਪਤੀ ਦੀ ਮੌਤ ਤੋਂ ਬਾਦ ਕੁਕਰਮ ਕਰਦਿਆਂ ਬੱਚਾ ਠਹਿਰ ਜਾਏ ਤਾਂ ...। | 1129 | 126 |
| 220 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਲੱਭਦੇ ਰਹਿਣ ਬਹਾਨੇ | 1129 | 127 |
| 221 | ਵਾਹ ਇਸ਼ਕੇ ਤੇਰੇ ਪੁੱਠੇ ਕਾਰੇ ਫਿਰ ਵੀ ਲੋਕੀਂ ਲੈਣ ਹੁਲਾਰੇ | 1131 | 128 |
| 222 | ਅਕਬਰ ਨੇ ਖਾਧੀਆਂ 20 ਤੋਂ ਵੱਧ ਜੁੱਤੀਆਂ | 1131 | 128 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 223 | ਇਸ਼ਕ ਕਰੇਂਦਾ ਪੁੱਠੇ ਕਾਰੇ ਜਿਸ ਨੂੰ ਚਾਹੇ ਉਸੇ ਨੂੰ ਮਾਰੇ | 1133 | 129 |
| 224 | ਯਾਰ ਨੂੰ ਪੁੱਤ ਬਣਾ ਕੇ ਭੋਗ ਕਰੋ | 1134 | 129 |
| 225 | ਟੂਣਾ ਕਰ ਕੇ ਸੂਰਜ ਚੜ੍ਹਨਾ ਬੰਦ ਕਰੋ | 1135 | 131 |
| 226 | ਨਸ਼ੇ ਅਤੇ ਚੋਰੀ ਕਰਨਾ ਸਿੱਖੋ | 1136 | 131 |
| 227 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਪੁੱਠੇ ਕਾਰੇ | 1137 | 132 |
| 228 | ਮੰਤ੍ਰ ਮਾਰ ਕੇ ਚੜ੍ਹਾਇਆ ਯਾਰ ਪਤੰਗ ਤੇ ਇਸ਼ਕੇ ਦੇ ਰੰਗ ਚ ਨੱਚਦਾ ਫਿਰੇ | 1138 | 133 |
| 229 | ਸੇਵਾ ਨੂੰ ਲੱਗਾ ਫਲ ਦੋ ਸੰਦੂਕ ਜੁੱਤੀਆਂ ਦੇ | 1140 | 134 |
| 230 | ਖਾ ਕੇ ਹਫੀਮ ਇਸ਼ਕ ਨੇ ਲੰਮੀ ਪੀਂਘ ਚੜ੍ਹਾਈ | 1141 | 135 |
| 231 | ਨੱਕ ਮੂੰਹ ਦੱਬ ਕੇ ਖ਼ਸਮ ਨੂੰ ਮਾਰਨਾ ਸਿੱਖੋ | 1142 | 135 |
| 232 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1143 | 136 |
| 233 | ਪਤੀ ਤੇ ਸੌਕਣ ਦਾ ਕਤਲ ਇੰਜ ਵੀ ਕਰੀਦੈ | 1143 | 136 |
| 234 | ਚਾਰ ਲੜਾ ਬਣਾ ਕੇ ਰੇਸ਼ਮੀ ਪੀੜ੍ਹਾ ਪਿਆਰ ਵਾਲੀ ਪੀਂਘ ਝੂਟਦੀ | 1144 | 137 |
| 235 | ਪਗੜੀ ਸੰਭਾਲ ਗੁਰਸਿੱਖਾ ਪਗੜੀ ਸੰਭਾਲ ਓਏ | 1146 | 138 |
| 236 | ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ | 1147 | 139 |
| 237 | ਰਾਜਾ ਮੇਦਨੀ ਨੂੰ ਇਸ਼ਕ ਮਹਿੰਗਾ ਪਿਆ | 1148 | 139 |
| 238 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1149 | 140 |
| 239 | ਸੌਕਣ ਦੇ ਪੁੱਤ ਮਾਰ ਕੇ ਰਾਜ ਭਾਗ ਤੇ ਕਬਜਾ ਕਰੋ | 1150 | 141 |
| 240 | ਬਿਚੱਛਨ ਤੇ ਸ੍ਰੀ ਰੁਚਿ ਰਾਜ ਕੁਅਰਿ | 1151 | 141 |
| 241 | ਇਸ਼ਕ ਕਰੇਂਦਾ ਪੁੱਠੇ ਕਾਰੇ ਫਿਰ ਵੀ ਲੋਕੀਂ ਲੈਣ ਹੁਲਾਰੇ | 1152 | 142 |
| 242 | ਖਸਮ ਮਾਰ ਕੇ ਯਾਰ ਦੇ ਵੱਸਣਾ | 1154 | 142 |
| 243 | ਸੁਘਰ ਸੈਨ ਤੇ ਚਿਤ੍ਰ ਮੰਜਰੀ | 1156 | 143 |
| 244 | ਮਾਂ ਬਾਪ ਨੂੰ ਚੜ੍ਹਾ ਕੇ ਸਵਰਗ ਵਾਲੀ ਗੱਡੀ ਯਾਰ ਨੂੰ ਪਲੇਥਣ ਲਾਵਣਾ | 1157 | 144 |
| 245 | ਭਾਰੀ ਨਸ਼ੇ ਕਰਕੇ ਔਰਤਾਂ ਭੋਗੋ ਨਸ਼ੇ ਨਹੀਂ ਕਰੋਗੇ ਤਾਂ ਕੁੱਤੇ ਦੀ ਮੌਤ ਮਰੋਗੇ | 1159 | 145 |
| 246 | ਸ਼ੇਰ ਸਾਹ (ਸੂਰੀ) ਦੇ ਘੋੜੇ ਚੋਰੀ | 1163 | 149 |
| 247 | ਬਾਪੂ ਨੇ ਵਿਆਹੀ ਸੀ ਮੈਂ ਨਾਲ ਤੇਰੇ ਰਾਹ ਚ ਮੈਨੂੰ ਪਸੰਦ ਹੋਰ ਆ ਗਿਆ | 1165 | 150 |
| 248 | ਚਾਰ ਕਤਲ ਕਰੋ ਤੇ ਚਾਰ ਸੰਦੂਕ ਅਸ਼ਰਫੀ ਘਰ ਲੈ ਜਾਓ | 1167 | 151 |
| 249 | ਤੇਰਾ ਰੂਪ ਤੱਕ ਕੇ ਮੈਂ ਸ਼ਰਾਬਣ ਹੋਈ | 1168 | 152 |
| 250 | ਉੱਠ ਓਏ ਸਿੰਘਾ ਨੀਂਦ ਤੋਂ ਜਾਗੁ ਓਏ ਲੁੱਟ ਲਿਆ ਵਿਰਸਾ ਤੇਰਾ | 1170 | 153 |
| 251 | ਮਿਤ੍ਰ ਚੁੱਕ ਕੇ ਭੋਰੇ ਸੁੱਟੋ ਤੇ ਸਾਲ ਭਰ ਓਹਦੇ ਨਾਲ ਸੰਭੋਗ ਕਰੋ | 1171 | 153 |
| 252 | ਤੇਰੇ ਇਸ਼ਕ ਚੜ੍ਹਾਇਆ ਪੀੜ੍ਹੀ ਮਿਲ ਕੇ ਕਲੋਲਾਂ ਕੀਤੀਆਂ | 1172 | 154 |
| 253 | ਮੂਤ ਨਾਲ ਦੀਵਾ ਜਗਾਣਾ ਸਿੱਖੋ | 1174 | 155 |
| 254 | ਖਸਮ ਦਾ ਕਤਲ ਕਰਨਾ ਸਿੱਖੋ | 1176 | 156 |
| 255 | ਭਾਵੇਂ ਪਿਆਰ ਮੂੰ ਹੋਰ ਕਿਸੇ ਨਾਲ ਕੀਤਾ ਪਰ ਕਾਕਿਆਂ ਤੇ ਤੇਰਾ ਨਾ | 1177 | 157 |
| 256 | ਅਘਟ ਸਿੰਘ ਤੇ ਚਿੱਤ੍ਰ ਮੰਜਰੀ | 1178 | 157 |
| 257 | ਤੇਰੇ ਇਸ਼ਕ ਚ ਜੋਗਣ ਹੋਈ ਸਜਣਾ | 1180 | 159 |
| 258 | ਕਤਲ ਕਰਨੇ ਸਿੱਖੋ | 1182 | 159 |
| 259 | ਸਕੀ ਮਾਂ ਨਾਲ ਸੰਭੋਗ ਅਤੇ ਸ਼ਾਦੀ ਕਰੋ | 1185 | 160 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 260 | ਇਸ਼ਕ ਕਰੇਂਦਾ ਪੁੱਠੇ ਕਾਰੇ | 1187 | 161 |
| 261 | ਸੰਭੋਗ ਕਰ ਕੇ ਮਿਤ੍ਰ ਦਾ ਕਤਲ ਕਰੋ | 1188 | 162 |
| 262 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1189 | 163 |
| 263 | ਦੇਵਰ ਤੇ ਡੋਰੇ ਸੁੱਟੋ | 1190 | 163 |
| 264 | ਮਿਤ੍ਰ ਨਾਲ ਭੱਜਣਾ ਸਿੱਖੋ | 1191 | 164 |
| 265 | ਪਤੀ ਪਸੰਦ ਨਹੀਂ ਤਾਂ ਹੋਰ ਕਰ ਲਓ | 1198 | 166 |
| 266 | ਰਾਜੇ ਦੀ ਧੀ ਨੈ ਬਾਮ੍ਹਣ ਨੂੰ ਦਿੱਤਾ ੮00 ਗੋਤਾ | 1199 | 167 |
| 267 | ਪਤੀ ਦਾ ਕਤਲ ਕਰਨਾ ਸਿੱਖੋ | 1210 | 173 |
| 268 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ | 1212 | 173 |
| 269 | ਘਰੋਂ ਪੈਸੇ ਚੋਰੀ ਕਰ ਕੇ ਮਿਤ੍ਰ ਨਾਲ ਭੱਜ ਜਾਓ | 1213 | 174 |
| 270 | ਮਿਤ੍ਰ ਨੂੰ ਨਿਪੁੰਸਕ ਦੱਸ ਕੇ ਭੋਗ ਕਰੋ | 1214 | 174 |
| 271 | ਸੰਨਯਾਸੀ ਨੇ ਕੱਟਿਆ ਲਿੰਗ ਰਾਣੀ ਦੇ ਮੂੰਹ ਤੇ ਮਾਰਤਾ | 1215 | 175 |
| 272 | ਅਪਣੀ ਔਰਤ ਬਾਮ੍ਹਣ ਨੂੰ ਦਾਨ ਕਰੋ | 1216 | 176 |
| 273 | ਕਤਲ ਕਰਨਾ ਸਿੱਖੋ | 1217 | 177 |
| 274 | ਬੰਦਾ ਮਾਰ ਕੇ ਮਿਮਿਯਾਈ ਕੱਢਣੀ ਸਿੱਖੋ | 1218 | 177 |
| 275 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1218 | 178 |
| 276 | ਬਾਲ ਸਫੇ ਨਾਲ ਬਾਲ ਸਾਫ ਕਰੋ ਤੇ ਭੰਗ ਪੀਓ | 1220 | 178 |
| 277 | ਸੌਕਣ ਦਾ ਕਤਲ ਕਰੋ ਤੇ ਮਿਤ੍ਰ ਸੰਗ ਰੰਗ ਰਲੀਆਂ ਮਨਾਓ | 1221 | 181 |
| 278 | ਸ਼ਾਹਜਹਾਂ-ਰੋਸ਼ਨਾ-ਔਰੰਗਸ਼ਾਹ ਤੇ ਸੈਫਦੀਨ | 1222 | 181 |
| 279 | ਪੁੱਤ ਜੰਮਣ ਦਾ ਵੱਲ ਸਿੱਖੋ | 1222 | 182 |
| 280 | ਕਤਲ ਕਰੋ ਤੇ ਮੌਜਾਂ ਲੁੱਟੋ | 1223 | 183 |
| 281 | ਪਤੀ ਦਾ ਕਤਲ ਕਰਨਾ ਸਿੱਖੋ | 1224 | 183 |
| 282 | ਸੌਕਣ ਮਾਰਨੀ ਸਿੱਖੋ | 1225 | 184 |
| 283 | ਕੁੜੀਆਂ ਨੂੰ ਮਿਤ੍ਰ ਸੰਗ ਭੱਜ ਜਾਣ ਦੇ ਆਸਾਨ ਤਰੀਕੇ | 1226 | 184 |
| 284 | ਦੱਛਨਿ ਦੇ ਤੇ ਦੱਛਿਨੀ ਰਾਇ ਚਾਕਰ | 1227 | 184 |
| 285 | ਗੁੜ ਨਾਲੋਂ ਇਸ਼ਕ ਮਿੱਠਾ | 1227 | 185 |
| 286 | ਮਨ ਭਾਉਂਦਾ ਵਰ ਲੱਭੋ | 1228 | 185 |
| 287 | ਸਕੇ ਭਰਾ ਦਾ ਕਤਲ ਕਰ ਕੇ ਧਨ ਤੇ ਕਬਜਾ ਕਰੋ | 1229 | 186 |
| 288 | ਕੋਕ ਸਾਸਤ੍ਰ ਪੜ੍ਹੋ ਤੇ ਮੌਜਾਂ ਲੁੱਟੋ | 1230 | 186 |
| 289 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1232 | 187 |
| 290 | ਬਾਲ ਸਫਾ ਲਗਾ ਕੇ ਬਾਲ ਸਾਫ ਕਰੋ ਤੇ ਫਿਰ ਭਾਰੀ ਨਸ਼ੇ ਕਰੋ ਤੇ ਪਰਾਈ | 1234 | 188 |
| 291 | ਭਾਰੀ ਨਸ਼ੇ ਕਰ ਕੇ ਔਰਤਾਂ ਭੋਗੋ ਜੇ ਮਿਤ੍ਰ ਪਸੰਦ ਆਏ ਉਸ ਨਾਲ ਭੱਜੋ | 1237 | 191 |
| 292 | ਇਸ਼ਕ ਦੀ ਉੱਠੀ ਕਲੇਜੇ ਪੀੜ | 1237 | 191 |
| 293 | ਬੱਚੇ ਪੈਦਾ ਕਰਨ ਲਈ ਪਰਾਏ ਮਰਦਾਂ ਨਾਲ ਦੋਸਤੀ ਕਰੋ | 1239 | 192 |
| 294 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 1240 | 193 |
| 295 | ਦਿਨੇ ਪੁੱਤ ਤੇ ਰਾਤ ਨੂੰ ਖ਼ਸਮ | 1243 | 194 |
| 296 | ਮੰਗਲਾ ਦੇਵਿ ਸਾਹ ਦੁਲਾਰੀ ਤੇ ਬਨਿਜਾਰਾ | 1244 | 195 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 297 | ਸਿੱਧਪਾਲ-ਸਮਸਦੀਨ ਤੇ ਸਕੁਚਮਤੀ ਦੁਹਿਤਾ | 1244 | 196 |
| 298 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1252 | 198 |
| 299 | ਇਸ਼ਕ ਨੇ ਜਿੱਤੀ ਬਾਜੀ | 1253 | 199 |
| 300 | ਸੀਸੀ ਸਾਰਕੇਤ ਤੇ ਸੀਸੈ ਸਾਰਦੇਇ | 1255 | 199 |
| 301 | ਰੰਗ ਰਲੀਆਂ ਮਨਾਓ ਤੇ ਯਾਰ ਭਜਾਓ | 1256 | 199 |
| 302 | ਕਤਲ ਕਰਨਾ ਸਿੱਖੋ | 1257 | 200 |
| 303 | ਤੂੰ ਮੇਰਾ ਮੈਂ ਤੇਰੀ ਸੱਜਣਾ ਆਓ ਰਲ ਮਿਲਿ ਪੀਘਾਂ ਪਾਈਏ | 1257 | 200 |
| 304 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ | 1259 | 201 |
| 305 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1260 | 201 |
| 306 | ਇਸ਼ਕ ਦੀ ਪੀਂਘ ਲੰਮ ਸਲੰਮੀ | 1261 | 202 |
| 307 | ਗੁੜ ਨਾਲੋਂ ਇਸ਼ਕ ਮਿੱਠਾ | 1261 | 202 |
| 308 | ਇਸ਼ਕ ਦੇ ਰੰਗ ਨਿਆਰੇ | 1262 | 203 |
| 309 | ਮਿਤ੍ਰ ਨੂੰ ਧਰਮ ਭਰਾ ਬਣਾ ਕੇ ਸੰਭੋਗ ਕਰੋ | 1264 | 203 |
| 310 | ਪਤੀ ਦਾ ਕਤਲ ਕਰੋ ਤੇ ਮੌਜਾਂ ਲੁੱਟੋ | 1264 | 204 |
| 311 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 1265 | 205 |
| 312 | ਜੋਗ ਸੈਨ ਦਾ ਪੁੱਤ ਤੇ ਜੱਟ ਦੀ ਔਰਤ | 1266 | 205 |
| 313 | ਸਵਰਨ ਸੈਨ ਤੇ ਬਿੱਸਵਮਤੀ | 1267 | 205 |
| 314 | ਦੱਛਿਨ ਸੈਨ ਤੇ ਸ਼ਾਹ ਦੀ ਧੀ | 1268 | 206 |
| 315 | ਮਿਤ੍ਰ ਨਾਲ ਭੱਜਣ ਦਾ ਵੱਲ ਸਿੱਖੋ | 1269 | 206 |
| 316 | ਯਾਰ ਨਾਲ ਭੱਜਣ ਦਾ ਹੀਲਾ ਵਸੀਲਾ ਸਿੱਖੋ | 1271 | 207 |
| 317 | ਪੁਹਪ ਪ੍ਰਭਾ ਤੇ ਗਾਜੀ ਰਾਇ | 1271 | 207 |
| 318 | ਮਿਤ੍ਰ ਨਾਲ ਭੋਗ ਕਰਨਾ ਸਿੱਖੋ | 1271 | 208 |
| 319 | ਸੁਬ੍ਰਤ ਮੁਨਿ ਤੇ ਰਾਜ ਮਤੀ | 1272 | 208 |
| 320 | ਕ੍ਰਿਸ਼ਨ ਤੇ ਰੁਕਮਣੀ | 1272 | 208 |
| 321 | ਸੁੱਕ੍ਰਾਚਾਰਜ ਦੀ ਕਹਾਣੀ | 1275 | 210 |
| 322 | ਜਟਾਂ ਚੋਂ ਔਰਤ ਕੱਢੋ ਤੇ ਭੋਗ ਕਰੋ | 1276 | 211 |
| 323 | ਕਤਲ ਕਰੋ ਤੇ ਯਾਰ ਭੋਗੋ | 1278 | 212 |
| 324 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1279 | 213 |
| 325 | ਇਸ਼ਕ ਕਰੇਂਦਾ ਪੁੱਠੇ ਕਾਰੇ ਅਪਣੇ ਹੱਥੀਂ ਖਸਮ ਨੂੰ ਮਾਰੇ | 1280 | 214 |
| 326 | ਚੋਰੀ ਕਰਨੀ ਸਿੱਖੋ | 1282 | 216 |
| 327 | ਦੋ ਸੌਕਣਾਂ ਦੇ ਭੇੜ ਤੱਕੋ | 1283 | 217 |
| 328 | ਕੁਤਬ ਸ਼ਾਹ ਪੀਰ ਜਾਂ ਕੁੱਤਾ | 1284 | 218 |
| 329 | ਗਹਿਣੇ ਚੋਰੀ ਕਰਨੇ ਸਿੱਖੋ | 1285 | 218 |
| 330 | ਭਾਰੀ ਨਸ਼ੇ ਕਰੋ | 1285 | 218 |
| 331 | ਅੰਗ੍ਰੇਜਾਂ ਨਾਲ ਲੜਾਈ | 1286 | 219 |
| 332 | ਘੋੜੇ ਚੋਰੀ ਕਰੋ ਤੇ ਯਾਰ ਭੋਗੋ | 1287 | 220 |
| 333 | ਇਸ਼ਕ ਦੇ ਰੰਗ ਨਿਆਰੇ ਕਰਦੇ ਹਰਦਮ ਪੁੱਠੇ ਕਾਰੇ | 1289 | 220 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 334 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 1290 | 221 |
| 335 | ਬੀਰਮ ਦੇਵ ਮਾਰਿਆ ਗਿਆ | 1291 | 221 |
| 336 | ਜੂਆ ਖੇਡੋ | 1294 | 222 |
| 337 | ਮਨੀ ਕਰਨ ਦੀ ਕਹਾਣੀ | 1295 | 223 |
| 338 | ਸੌਕਣਾਂ ਨੂੰ ਮਾਰਨਾ ਸਿੱਖੋ | 1296 | 224 |
| 339 | ਭੂਪ ਭੱਦ੍ਰ ਤੇ ਰਤਨਮਤੀ | 1297 | 225 |
| 340 | ਅਪਣੀ ਔਰਤ ਦਾਨ ਕਰੋ | 1298 | 225 |
| 341 | ਯਾਰ ਨਾਲ ਘਰੋਂ ਭੱਜਣ ਸਿੱਖੋ | 1298 | 226 |
| 342 | ਘਰੋਂ ਮਿਤ੍ਰ ਨਾਲ ਭੱਜਣ ਦੇ ਹੀਲੇ ਵਸੀਲੇ ਸਿੱਖੋ | 1299 | 227 |
| 343 | ਸੋਰਠ ਦੇ, ਪਰਜ ਦੇ ਅਤੇ ਓਜ ਸੈਨ | 1300 | 227 |
| 344 | ਕਤਲ ਕਰਨਾ ਸਿੱਖੋ | 1301 | 228 |
| 345 | ਲੰਗਰ ਚ ਜ਼ਹਿਰ ਮਿਲਾ ਕੇ ਲੋਕਾਂ ਨੂੰ ਲੁੱਟੋ | 1302 | 228 |
| 346 | ਇਸ਼ਕ ਦੀ ਨਵੀਓਂ ਨਵੀਂ ਬਹਾਰ ਖੋਦੀ ਸੁਰੰਗਿ ਜਾ ਭੱਜੀ ਨਾਲ ਯਾਰ | 1303 | 229 |
| 347 | ਠੱਗੀ ਮਾਰ ਕੇ ਮਾਲ ਅੱਧਾ ਅੱਧਾ ਵੰਡ ਖਾਓ | 1304 | 230 |
| 348 | ਗੌਰਿਪਾਲ ਤੇ ਗੌਰਾ ਦੇਈ | 1305 | 230 |
| 349 | ਰੋਮ ਕਤਲ ਕਰੋ, ਔਰਤ ਬਣੋ ਤੇ ਫਿਰ ਔਰਤ ਭੋਗੋ | 1306 | 231 |
| 350 | ਸ੍ਰੀ ਨਵਜੋਬਨ ਦੇ ਤੇ ਐਂਠੀ ਰਾਇ | 1306 | 231 |
| 351 | ਮਿਤ੍ਰ ਨਾਲ ਭੱਜਣ ਦਾ ਬਲ ਸਿੱਖੋ | 1307 | 232 |
| 352 | ਬਾਲ ਸਫਾ ਲਗਾ ਕੇ ਬਾਲ ਸਾਫ ਕਰੋ | 1308 | 232 |
| 353 | ਕਤਲ ਇੰਝ ਵੀ ਕਰੀਦੈ | 1309 | 233 |
| 354 | ਮਿਤ੍ਰ ਨਾਲ ਘਰੋਂ ਭੱਜਣ ਦਾ ਨਵਾਂ ਨਕੋਰ ਢੰਗ ਸਿੱਖੋ | 1310 | 233 |
| 355 | ਬਾਪ ਦਾ ਕਤਲ ਕਰ ਕੇ ਯਾਰ ਦੇ ਵੱਸੋ | 1311 | 234 |
| 356 | ਜੰਤ੍ਰ ਮੰਤ੍ਰ ਨਾਲ ਵਰਖਾ-ਅੱਗ-ਲਹੂ ਤੇ ਹੱਡੀਆਂ ਦਾ ਮੀਂਹ ਵਰਸਾਓ | 1312 | 235 |
| 357 | ਭਾਂਗ ਹਫੀਮ ਪੋਸਤ ਖਾ ਕੇ ਔਰਤ ਭੋਗੋ | 1313 | 236 |
| 358 | ਇਸ਼ਕ ਇੰਜ ਵੀ ਕਰੀਦੈ | 1314 | 236 |
| 359 | ਮਿਤ੍ਰ ਨਾਲ ਘਰੋਂ ਭੱਜਣ ਲਈ ਨਵੀਂ ਨਕੋਰ ਸਿੱਖਿਆ | 1315 | 237 |
| 360 | ਸ੍ਰੀ ਝਕਝੂਕਮ ਦੇ ਨਾਰਿ ਸੁਘਰ ਸੈਨ ਖਤਿਰੇਟਾ | 1315 | 237 |
| 361 | ਇਸ਼ਕ ਇੰਜ ਵੀ ਹੁੰਦੈ | 1316 | 238 |
| 362 | ਘਰੋਂ ਭੱਜਣ ਦੇ ਹੀਲੇ ਵਸੀਲੇ ਸਿੱਖੋ | 1317 | 238 |
| 363 | ਸ਼ਾਦੀ ਇੰਜ ਵੀ ਹੁੰਦੀ ਐ | 1317 | 239 |
| 364 | ਗੁਰੂ ਤੋਂ ਬਾਦ ਪੰਜਾਂ ਪਿਆਰਿਆਂ ਨੂੰ ਰਗੜੇ | 1318 | 239 |
| 365 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ | 1319 | 239 |
| 366 | ਪਤੀ ਕਰੂਪ ਹੋਏ ਤਾਂਕਿਸੇ ਹੋਰ ਨਾਲ ਸੇਜ ਸਾਂਝ ਕਰੋ | 1320 | 240 |
| 367 | ਕਤਲ ਇੰਜ ਵੀ ਹੁੰਦੈ | 1322 | 241 |
| 368 | ਕੇਸ ਕਤਲ ਕਰੋ | 1323 | 242 |
| 369 | ਪਤੀ ਦਾ ਕਤਲ ਇੰਜ ਵੀ ਕਰੀਦੈ | 1324 | 242 |
| 370 | ਇਸ਼ਕ ਦੀ ਨਵੀਓਂ ਨਵੀਂ ਬਹਾਰ | 1325 | 243 |

| ਚਰਿਤ੍ਰ ਨੰ. | ਤੱਤਕਰਾ | ਦਸਮ ਗ੍ਰੰਥ ਦਾ ਪੰਨਾ | ਖਰੜਾ ਪੰਨਾ |
|---|---|---|---|
| 371 | ਮਿਤ੍ਰ ਨੂੰ ਭਰਾ ਬਣਾ ਕੇ ਭੋਗ ਕਰੋ | 1326 | 244 |
| 372 | ਅਪਣਾ ਪਤੀ ਕਤਲ ਕਰਨਾ ਸਿੱਖੋ | 1327 | 245 |
| 373 | ਸਾਧਣੀ ਬਣ ਕੇ ਮੌਜਾਂ ਲੁੱਟੋ | 1328 | 245 |
| 374 | ਦਾਰੂ ਪੀਓ ਤੇ ਔਰਤ ਭੋਗੋ | 1330 | 247 |
| 375 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 1331 | 247 |
| 376 | ਸ੍ਰੀ ਪ੍ਰਬੀਨ ਦੇ ਤੇ ਨਿਹਚਲ ਸਿੰਘ | 1332 | 248 |
| 377 | ਬਾਲ ਸਫਾ ਲਗਾ ਕੇ ਬਾਲ ਸਾਫ ਕਰੋ | 1333 | 248 |
| 378 | ਸੌਕਣ ਦੇ ਮੁੰਡੇ ਦੇ ਚਿਤੜਾਂ ਚ ਗੋਖਰੂ ਧੱਕ ਕੇ ਦੁਖੀ ਕਰੋ | 1333 | 249 |
| 379 | ਭੰਗ ਘੋਟਣ ਵਾਲੇ ਘੋਟਣੇ ਨਾਲ ਖਸਮ ਦਾ ਕਤਲ ਕਰੋ | 1334 | 249 |
| 380 | ਪੋਸਤ ਭਾਂਗ ਹਫੀਮ ਦੇ ਨਸ਼ੇ ਕਰਕੇ ਮਿਤ੍ਰ ਭੋਗੋ | 1335 | 250 |
| 381 | ਭੋਗ ਇੰਜ ਵੀ ਕਰੀਦੈ | 1336 | 251 |
| 382 | ਕਤਲ ਕਰਨ ਦਾ ਇਕ ਹੋਰ ਢੰਗ ਸਿੱਖੋ | 1337 | 251 |
| 383 | ਇਸ਼ਕ ਦੇ ਰੰਗ ਨਿਆਰੇ ਲੋਕੀਂ ਚੜ੍ਹੇ ਰਹਿਣ ਚੁਬਾਰੇ | 1338 | 252 |
| 384 | ਸ੍ਰੀ ਸੁਲੰਕ ਦੇ ਅਤੇ ਸੋਫੀ ਸੂਮ | 1338 | 252 |
| 385 | ਮਾਤਾ ਪਿਤਾ ਦਾ ਕਤਲ ਕਰਕੇ ਮਿਤ੍ਰ ਨਾਲ ਭੋਗ ਕਰੋ | 1340 | 254 |
| 386 | ਮਿਤ੍ਰ ਨੂੰ ਭੋਗ ਕੇ ਉਸ ਦਾ ਕਤਲ ਕਰ ਦਿਓ | 1341 | 254 |
| 387 | ਢੋਲ ਦੇ ਦੱਗੇ ਤੇ ਭੋਗ ਕਰੋ | 1341 | 255 |
| 388 | ਪਤੀ ਦਾ ਕਤਲ ਕਰੋ ਤੇ ਰੰਗ ਰਲੀਆਂ ਮਨਾਓ | 1342 | 255 |
| 389 | ਸ੍ਰੀ ਮਕਰਧੁਜ ਦੇ ਅਤੇ ਅਕਬਰ | 1343 | 256 |
| 390 | ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ | 1344 | 256 |
| 391 | ਪਤੀ ਦਾ ਕਤਲ ਕਰਕੇ ਨਵਾਂ ਨਕੋਰ ਪਤੀ ਘਰ ਲੈ ਜਾਓ | 1345 | 257 |
| 392 | ਇਸ਼ਕ ਕਰੇਂਦਾ ਪੁੱਠੇ ਕਾਰੇ | 1346 | 257 |
| 393 | ਨਸ਼ੇ ਕਰੋ ਤੇ ਔਰਤ ਭੋਗੋ | 1346 | 258 |
| 394 | ਨਸ਼ੇ ਕਰਕੇ ਔਰਤ ਭੋਗੋ | 1348 | 259 |
| 395 | ਜੇ ਕੋਈ ਮੁੰਡਾ ਵਿਆਹ ਲਈ ਰਾਜੀ ਨਾ ਹੋਏ ਤਾਂ ਮੰਤ੍ਰ ਸ਼ਕਤੀ ਨਾਲ ਕਾਬੂ ਕਰੋ | 1349 | 260 |
| 396 | ਇਸ਼ਕ ਇੰਜ ਵੀ ਕਰੀਦੈ | 1351 | 261 |
| 397 | ਮਾਂ ਬਾਪ ਦਾ ਕਤਲ ਇੰਜ ਵੀ ਕਰੀਦੈ | 1352 | 262 |
| 398 | ਪਤੀ ਦਾ ਕਤਲ ਕਰਕੇ ਮਿਤ੍ਰ ਦੇ ਐਦਾਂ ਵੀ ਵਸੀਦੈ | 1352 | 262 |
| 399 | ਅਪਣੇ ਕਰੂਪ ਪਤੀ ਦਾ ਕਤਲ ਕਰਕੇ ਨਵਾਂ ਨਕੋਰ ਘਰ ਲੈ ਜਾਓ | 1353 | 263 |
| 400 | ਕਬਿ ਸਯਾਮ ਜਾਂ ਕਬਿ ਗੁਰੂ ਗੋਬਿੰਦ ਸਿੰਘ ਫੈਸਲਾ ਕੌਣ ਕਰੂ ? | 1354 | 263 |
| 401 | ਕਾਰੂੰ ਦਾ ਚਾਲੀ ਗੰਜ ਧਨ ਚੋਰੀ ਤੇ ਵਿਚਾਰਾ ਮਾਰਿਆ ਗਿਆ | 1355 | 264 |
| 402 | ਪਗੜੀ ਉਤਾਰ ਕੇ ਰਾਜੇ ਦੇ ਸਿਰ ਵਿੱਚ ਸੋਲਾਂ ਸੌ ਜੁੱਤੀ ਮਾਰੀ | 1356 | 265 |
| 403 | ਰਾਏ ਸਿੰਘ ਅਤੇ ਸ਼ਿਵਾਮਤੀ | 1358 | 267 |
| 404 | ਚਾਰ ਸੌ ਚਾਰ ਚਰਿਤ੍ਰ | 1359 | 268 |

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥ – ਪ੍ਰਵਾਨ ਹੋਵੇ ਜੀ ।

ਅਤੀ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਨੂੰ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਦਸਮ ਗ੍ਰੰਥ ਦਾ ਲਿਖਾਰੀ ਕੌਣ ? ਭਾਗ ਪਹਿਲਾ ਦਾ ਖਰੜਾ ਭੇਜ ਰਿਹਾ ਹਾਂ । ਮੈਂ ਦਸਮ ਗ੍ਰੰਥ ਦੇ ਪੰਨਾ 909 ਤੋਂ 1388 ਤੱਕ ਦੀ ਕਾਵਿ ਰਚਨਾਂ ਦੇ ਹੂ-ਬ-ਹੂ ਅਰਥ ਕੀਤੇ ਹਨ-ਕਈ ਕਾਵਿ ਰਚਨਾਵਾਂ ਦੇ ਮੈਂ ਕੇਵਲ ਸਾਰ (Summary) ਲਿਖ ਕੇ ਪੁਸਤਕ ਦੇ ਅਕਾਰ ਨੂੰ ਸੀਮਤ ਰੱਖਣ ਦੀ ਕੋਸ਼ਿਸ ਕੀਤੀ ਹੈ। ਕਿਸੇ ਵੀ ਥਾਂ ਮੈਂ ਕਵਿ ਰਚਨਾਂ ਦੇ ਮੂਲ ਰੂਪ ਨੂੰ ਅੱਖੋਂ ਓਹਲੇ ਨਹੀਂ ਕੀਤਾ। ਮੈਂ ਗੁਰੂ ਨਾਨਕ ਰੂਪ ਗੁਰੂ ਗੋਬਿੰਦ ਸਿੰਘ ਅਥਵਾ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦਾ ਓਟ ਆਸਰਾ ਲੈ ਕੇ ਸੱਚ ਸੱਚ ਲਿਖਿਆ ਹੈ। ਮੈਂ ਇਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਇਆ ਹਾਂ। ਵੱਡੇ ਵਿਦਵਾਨਾਂ ਦੀ ਤਰ੍ਹਾਂ ਮੈਂ ਬਹੁਤਾ ਪੜ੍ਹਿਆ ਨਹੀਂ ਹਾਂ । ਇਕ ਪੇਂਡੂ ਹੋਣ ਦੇ ਨਾਤੇ ਮੈਂ ਅਪਣੀ ਪੇਂਡੂ ਭਾਸ਼ਾ ਨੂੰ ਵਧੇਰੇ ਵਰਤਿਆ ਹੈ । ਇਹ ਨਹੀਂ ਕਿ ਮੈਨੂੰ ਲੱਛੇਦਾਰ ਭਾਸ਼ਾ ਲਿਖਣੀ ਨਹੀਂ ਆਉਂਦੀ ਬਲਕਿ ਮੈਂ ਸਮਝਦਾ ਹਾਂ ਕਿ ਅੱਖਰ ਓਹ ਲਿਖੇ ਜਾਣ ਜੋ ਬਿਨਾ ਮਹਾਨ ਕੋਸ਼ ਚੁੱਕਿਆਂ ਸਮਝ ਆ ਜਾਣ । ਹੋ ਸਕਦਾ ਹੈ ਕਿ ਮੇਰੇ ਦੁਆਰਾ ਵਰਤੀ ਸਰਲ ਅਤੇ ਪੇਂਡੂ ਬੋਲੀ ਬਹੁਤਿਆਂ ਨੂੰ ਸੂਤ ਨਾ ਬੈਠੇ ।

ਆਪ ਜੀ ਦੀ ਬਿਬੇਕ ਬੁੱਧੀ, ਦਲੇਰੀ ਅਤੇ ਸੱਚ ਬੋਲਣ ਦੀ ਤਾਕਤ ਦੇ ਹਰ ਥਾਂ ਚਰਚੇ ਹਨ। ਮੈਨੂੰ ਆਪ ਜੀ ਤੋਂ ਬੜੀ ਆਸ ਹੈ ਕਿ ਇਸ ਖਰੜੇ ਬਾਰੇ ਤੁਸੀਂ ਅਪਣੀ ਢੁਕਵੀਂ ਰਾਏ (ਵਿਚਾਰ) ਦੇ ਕੇ ਧੰਨਵਾਦੀ ਬਣਾਓਗੇ । ਜਿੱਥੇ ਕਿਤੇ ਸੁਧਾਈ ਦੀ ਲੋੜ ਹੈ, ਤੁਹਾਡੇ ਤੋਂ ਮਿਲੀ ਸਹੀ ਸੇਧ ਨੂੰ ਪੱਲੇ ਬੰਨ੍ਹ ਕੇ ਕਰ ਦਿੱਤੀ ਜਾਏਗੀ । ਜੇਕਰ ਆਪ ਜੀ ਵੱਲੋਂ ਦੋ ਮਹੀਨੇ ਦੇ ਅੰਦਰ ਅੰਦਰ ਕੋਈ ਉੱਤਰ ਨਾ ਆਇਆ ਤਾਂ ਮੈਂ ਸਮਝ ਲਵਾਂਗਾ ਕਿ ਇਸ ਪੁਸਤਕ ਦੇ ਛਾਪਣ ਲਈ ਆਪ ਜੀ ਨੇ ਸਹਿਮਤੀ ਪ੍ਰਗਟਾ ਦਿੱਤੀ ਹੈ। ਗੁਰ ਸਿੱਖਾਂ ਦੇ ਚਰਨਾਂ ਦੀ ਧੂੜ ਲੋਚਦਾ ਦਾਸਨ ਦਾਸ ;

ਜਸਬਿੰਦਰ ਸਿੰਘ ਖਾਲਸਾ
ਮੁਖ ਸੇਵਾਦਾਰ
ਭਾਈ ਲਾਲੋ ਫਾਉਂਡੇਸ਼ਨ

ਮੇਰਾ ਪਤਾ :
Jasbinder Singh Khalsa
Post Box # 50237
Ludas
DUBAI (U.A.E.)
☎ 00971-50-4987344

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥ - ਪ੍ਰਵਾਨ ਹੋਵੇ ਜੀ ।

ਅਤੀ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਨੂੰ ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਦਸਮ ਗ੍ਰੰਥ ਦਾ ਲਿਖਾਰੀ ਕੌਣ ? ਭਾਗ ਪਹਿਲਾ ਦਾ ਖਰੜਾ ਭੇਜ ਰਿਹਾ ਹਾਂ । ਮੈਂ ਦਸਮ ਗ੍ਰੰਥ ਦੇ ਪੰਨਾ 909 ਤੋਂ 1388 ਤੱਕ ਦੀ ਕਾਵਿ ਰਚਨਾਂ ਦੇ ਹੂ-ਬ-ਹੂ ਅਰਥ ਕੀਤੇ ਹਨ-ਕਈ ਕਾਵਿ ਰਚਨਾਵਾਂ ਦੇ ਮੈਂ ਕੇਵਲ ਸਾਰ (Summary) ਲਿਖ ਕੇ ਪੁਸਤਕ ਦੇ ਅਕਾਰ ਨੂੰ ਸੀਮਤ ਰੱਖਣ ਦੀ ਕੋਸ਼ਿਸ ਕੀਤੀ ਹੈ। ਕਿਸੇ ਵੀ ਥਾਂ ਮੈਂ ਕਵਿ ਰਚਨਾਂ ਦੇ ਮੂਲ ਰੂਪ ਨੂੰ ਅੱਖੋਂ ਓਹਲੇ ਨਹੀਂ ਕੀਤਾ। ਮੈਂ ਗੁਰੂ ਨਾਨਕ ਰੂਪ ਗੁਰੂ ਗੋਬਿੰਦ ਸਿੰਘ ਅਥਵਾ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦਾ ਓਟ ਆਸਰਾ ਲੈ ਕੇ ਸੱਚ ਸੱਚ ਲਿਖਿਆ ਹੈ। ਮੈਂ ਇਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਇਆ ਹਾਂ। ਵੱਡੇ ਵਿਦਵਾਨਾਂ ਦੀ ਤਰ੍ਹਾਂ ਮੈਂ ਬਹੁਤਾ ਪੜ੍ਹਿਆ ਨਹੀਂ ਹਾਂ । ਇਕ ਪੇਂਡੂ ਹੋਣ ਦੇ ਨਾਤੇ ਮੈਂ ਅਪਣੀ ਪੇਂਡੂ ਭਾਸ਼ਾ ਨੂੰ ਵਧੇਰੇ ਵਰਤਿਆ ਹੈ । ਇਹ ਨਹੀਂ ਕਿ ਮੈਨੂੰ ਲੱਛੇਦਾਰ ਭਾਸ਼ਾ ਲਿਖਣੀ ਨਹੀਂ ਆਉਂਦੀ ਬਲਕਿ ਮੈਂ ਸਮਝਦਾ ਹਾਂ ਕਿ ਅੱਖਰ ਓਹ ਲਿਖੇ ਜਾਣ ਜੋ ਬਿਨਾ ਮਹਾਨ ਕੋਸ਼ ਚੁੱਕਿਆਂ ਸਮਝ ਆ ਜਾਣ । ਹੋ ਸਕਦਾ ਹੈ ਕਿ ਮੇਰੇ ਦੁਆਰਾ ਵਰਤੀ ਸਰਲ ਅਤੇ ਪੇਂਡੂ ਬੋਲੀ ਬਹੁਤਿਆਂ ਨੂੰ ਸੂਤ ਨਾ ਬੈਠੇ ।

ਆਪ ਜੀ ਦੀ ਬਿਬੇਕ ਬੁੱਧੀ, ਦਲੇਰੀ ਅਤੇ ਸੱਚ ਬੋਲਣ ਦੀ ਤਾਕਤ ਦੇ ਹਰ ਥਾਂ ਚਰਚੇ ਹਨ। ਮੈਨੂੰ ਆਪ ਜੀ ਤੋਂ ਬੜੀ ਆਸ ਹੈ ਕਿ ਇਸ ਖਰੜੇ ਬਾਰੇ ਤੁਸੀਂ ਅਪਣੀ ਢੁਕਵੀਂ ਰਾਏ (ਵਿਚਾਰ) ਦੇ ਕੇ ਧੰਨਵਾਦੀ ਬਣਾਓਗੇ । ਜਿੱਥੇ ਕਿਤੇ ਸੁਧਾਈ ਦੀ ਲੋੜ ਹੈ, ਤੁਹਾਡੇ ਤੋਂ ਮਿਲੀ ਸਹੀ ਸੇਧ ਨੂੰ ਪੱਲੇ ਬੰਨ੍ਹ ਕੇ ਕਰ ਦਿੱਤੀ ਜਾਏਗੀ । ਜੇਕਰ ਆਪ ਜੀ ਵੱਲੋਂ ਦੋ ਮਹੀਨੇ ਦੇ ਅੰਦਰ ਅੰਦਰ ਕੋਈ ਉੱਤਰ ਨਾ ਆਇਆ ਤਾਂ ਮੈਂ ਸਮਝ ਲਵਾਂਗਾ ਕਿ ਇਸ ਪੁਸਤਕ ਦੇ ਛਾਪਣ ਲਈ ਆਪ ਜੀ ਨੇ ਸਹਿਮਤੀ ਪ੍ਰਗਟਾ ਦਿੱਤੀ ਹੈ। ਗੁਰ ਸਿੱਖਾਂ ਦੇ ਚਰਨਾਂ ਦੀ ਧੂੜ ਲੋਚਦਾ ਦਾਸਨ ਦਾਸ ;

ਜਸਬਿੰਦਰ ਸਿੰਘ ਖਾਲਸਾ
ਮੁਖ ਸੇਵਾਦਾਰ
ਭਾਈ ਲਾਲੋ ਫਾਉਂਡੇਸ਼ਨ

ਮੇਰਾ ਪਤਾ :
Jasbinder Singh Khalsa
Post Box # 50237
Ludas
DUBAI (U.A.E.)
☎ 00971-50-4987344

# ਭੂਮਿਕਾ

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਅਪਣੀ ਪੁਸਤਕ ਗੁਰਮਤ ਮਾਰਤੰਡ ਭਾਗ ਪਹਿਲਾ ਦੀ ਭੂਮਿਕਾ ਵਿੱਚ ਲਿਖਦੇ ਹਨ :- ਗੁਰੂ ਨਾਨਕ ਪੰਥੀ ਮੇਰੇ ਪਿਆਰੇ ਗੁਰ ਭਾਈਓ !

ਜੋ ਗੁਰੁ ਬਾਣੀ ਦੇ ਅਭਿਯਾਸੀ ਅਤੇ ਕਾਵਯ ਦੇ ਗਯਾਤਾ ਹਨ, ਉਹ ਬਿਨਾ ਕਠਨਾਈ ਸਮਝ ਲੈਂਦੇ ਹਨ ਕਿ ਇਹ ਗੁਰਬਾਣੀ ਹੈ, ਜਾਂ ਗੁਰੂ ਦਾ ਨਾਉਂ ਲੈ ਕੇ ਕਿਸੇ ਹੋਰ ਦੀ ਰਚੀ ਹੋਈ ਬਾਣੀ ਹੈ ।

ਕਬਿੱਤ-ਭਾਈ ਗੁਰਦਾਸ ਜੀ

ਜੈਸੇ ਅਨੁਚਰ ਨਰਪਤਿ ਕੀ ਪਛਾਨੈ ਭਾਖਾ, ਬੋਲਤ ਬਚਨ ਖਿਨ ਬੂਝੈ ਬਿਨ ਦੇਖ ਹੀ ।
ਜੈਸੇ ਜੌਹਰੀ ਪਰਖ ਜਾਨਤ ਹੈ ਰਤਨ ਕੀ, ਦੇਖਤ ਹੀ ਕਹੈ ਖਰੋ ਖੋਟੋ ਰੂਪ ਰੇਖ ਹੀ ।
ਜੈਸੇ ਖੀਰ ਨੀਰ ਕੋ ਨਿਬੇਰੋ ਕਰਿ ਜਾਨੈ ਹੰਸ, ਰਾਖੀਯੈ ਮਿਲਾਇ ਭਿੰਨ ਭਿੰਨ ਕੈ ਸਰੇਖ ਹੀ ।
ਤੈਸੇ ਗੁਰ ਸਬਦ ਸੁਨਤ ਪਹਿਚਾਨੈ ਸਿਖ, ਆਨ ਬਾਨੀ ਕ੍ਰਿਤਮੀ ਨ ਗਨਤ ਹੈ ਲੇਖ ਹੀ ।{੫੭੦}

ਸਾਡੇ ਮੱਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਅਪਣੀ ਅਪਣੀ ਬੁੱਧੀ ਅਤੇ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ । ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਤੇ ਹਾਨੀ ਹੋ ਰਹੀ ਹੈ, ਅਰਥਾਤ ਗੁਰਮਤਿ ਅਨੁਸਾਰ ਵਾਕ ਲਾਭ ਅਤੇ ਗੁਰਮਤਿ ਵਿਰੁੱਧ ਹਾਨੀ ਦਾ ਕਾਰਣ ਬਣ ਰਹੇ ਹਨ । ਇਨ੍ਹਾਂ ਗ੍ਰੰਥਾਂ ਦੇ ਡੂੰਘੇ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰ ਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿੱਤੀ ਹੈ । ਬਿਨਾ ਛਾਣਬੀਣ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤ ਤੋਂ ਦੂਰ ਲੈ ਜਾਣ ਵਾਲੇ ਹਨ ।

ਇਸ ਪਰ ਵੀ ਭਾਰੀ ਹੋਰ ਖੇਦ ਹੈ ਕਿ ਸਾਡੀ ਕੌਮ ਵਿੱਚ ਪਰਮਾਰਥ ਗਯਾਤਾ, ਸਤਯ ਦੇ ਖੋਜੀ ਵਿਦਵਾਨ ਬਹੁਤ ਹੀ ਘੱਟ ਹਨ, ਸਗੋਂ ਖੋਜੀਆਂ ਦੇ ਵੈਰੀ ਅਤੇ ਯਥਾਰਥ ਲਿਖਣ ਜਾਂ ਕਹਿਣ ਵਾਲਿਆਂ ਨੂੰ ਨਾਸਤਿਕ ਆਖਣ ਵਾਲਿਆਂ ਦੀ ਗਿਣਤੀ ਬਹੁਤੀ ਹੈ ।

ਇਹ ਸੁਭਾਵਕ ਗੱਲ ਹੈ ਕਿ ਜਦ ਅਸੀਂ ਅਪਣੇ ਮੱਤ ਦੇ ਪੁਸਤਕਾਂ ਵਿੱਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ ਚੱਕ੍ਰ ਵਿੱਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੁੰਦਾ ਹੈ ਕਿ ਗੁਰਮਤਿ ਦਾ ਸੱਚਾ ਉਪਦੇਸਕ ਕਿਹੜਾ ਪੁਸਤਕ ਹੈ ਪਰ ਜਦੋਂ ਅਸੀਂ ਵਿਚਾਰ ਸ਼ਕਤੀ ਤੋਂ ਕੰਮ ਲੈਂਦੇ ਹਾਂ ਅਤੇ ਜਿਸ ਤਰ੍ਹਾਂ ਈਸਾਈ, ਹਿੰਦੂ, ਮੁਸਲਮਾਨ ਆਦਿਕਾਂ ਨੇ ਅੰਜੀਲ, ਵੇਦ ਅਤੇ ਕੁਰਾਨ ਆਦਿਕ ਧਰਮ ਪੁਸਤਕਾਂ ਨੂੰ ਅਪਣੇ ਅਪਣੇ ਮੱਤ ਵਿੱਚ ਸ਼ਰੋਮਣੀ ਜਾਣ ਕੇ ਉਨ੍ਹਾਂ ਦੇ ਅਨੁਸਾਰ ਵਚਨਾਂ ਨੂੰ ਪ੍ਰਮਾਣ ਅਤੇ ਵਿਰੁੱਧ ਵਚਨਾਂ ਨੂੰ ਅਪ੍ਰਮਾਣ ਮੰਨਿਆ ਹੈ । ਉਸੇ ਤਰ੍ਹਾਂ ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿੱਖ ਮਤ ਦੇ ਪੁਸਤਕਾਂ ਦੀ ਪ੍ਰੀਖਿਆ ਕਰ ਕੇ ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ ਵਚਨਾਂ ਦਾ ਤਯਾਗ ਅਤੇ ਅਨੁਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ, ਤਾਂ ਸਾਰੀਆਂ ਕਠਿਨਾਈਆਂ ਛਿਨ ਵਿੱਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤਿ ਦਾ ਸਿੱਧਾ ਰਸਤਾ ਲੱਭ ਲੈਂਦੇ ਹਾਂ ।

੧. ਇਸਲਾਮ ਦੀ ਤਾਲੀਮ :- “ਕੁਰਾਨ ਪਿੱਛੋਂ ਕਿਹੜੀ ਕਿਤਾਬ ਹੈ, ਜਿਸ ਉੱਪਰ ਲੋਕ ਨਿਸ਼ਚਾ ਕਰਨਗੇ ?”

(ਕੁਰਾਨ, ਸੂਰਤ ੭੯, ਆਯਤ ੫੦)

“ਜੋ ਅੱਲਾ ਦੇ ਰਸੂਲ ਦੀਆਂ ਹੱਦਾਂ ਨੂੰ ਉਲੰਘੇਗਾ, ਉਹ ਨਿੱਤਯ ਰਹਿਣ ਵਾਲੀ ਅੱਗ ਵਿੱਚ ਪਾਇਆ ਜਾਊ ।”

(ਕੁਰਾਨ, ਸੂਰਤ ੪, ਆਯਤ ੧੪)

“ਜੋ ਅੱਲਾ ਅਤੇ ਉਸ ਦੇ ਰਸੂਲ ਦੇ ਹੁਕਮ ਪਰ ਚੱਲਦੇ ਹਨ ਉਨ੍ਹਾਂ ਦੇ ਹਾਲ ਪਰ ਅੱਲਾ ਰਹਿਮ ਕਰੇਗਾ ।”

(ਕੁਰਾਨ, ਸੂਰਤ ੯, ਆਯਤ ੭੧)

੨. ਈਸਾਈ ਮਤ ਦੱਸਦਾ ਹੈ :-

“ਜੋ ਕੋਈ ਈਸਾ ਦੀ ਸਿੱਖਿਆ ਨੂੰ ਉਲੰਘਦਾ ਹੈ, ਪਰਮੇਸ੍ਵਰ ਉਸ ਦਾ ਨਹੀਂ । ਜੇ ਕੋਈ ਤੁਹਾਡੇ ਪਾਸ ਆਵੇ ਅਤੇ ਈਸਾ ਦੀ ਸਿੱਖਿਆ ਨਾਲ ਨਾ ਲਿਆਵੇ, ਤਾਂ ਉਸ ਨੂੰ ਘਰ ਨਾ ਵੜਨ ਦਿਓ ਅਤੇ ਉਸ ਨੂੰ ਸਲਾਮ ਨਾ ਕਰੋ ।”

(ਅੰਜੀਲ ਯੁਹੰਨਾ ਦੀ ਚਿੱਠੀ ੨, ਅਮਕ ੯-੧੦-੧੧)

੩. ਹਿੰਦੂ ਧਰਮ ਉਪਦੇਸ ਦੇਂਦਾ ਹੈ :- ‘ਧਰਮ’ ਜਾਣਨ ਦੀ ਇੱਛਾ ਵਾਲੇ ਨੂੰ ਵੇਦ ਦਾ ਪ੍ਰਮਾਣ ਸਭ ਤੋਂ ਉੱਤਮ ਹੈ ।

(ਮਨੁ ਅਧਿਆਇ ੨, ਸਲੋਕ ੧੩)

ਜੋ ਸਿਮ੍ਰਿਤੀਆਂ ਵੇਦ ਤੋਂ ਵਿਰੁੱਧ ਹਨ, ਓਹ ਸਭ ਨਿਸਫਲ ਅਤੇ ਨਰਕ ਫਲ ਦੇਣ ਵਾਲੀਆਂ ਹਨ

(ਮਨੁ ਅਧਿਆਇ ੧੨, ਸਲੋਕ ੯੫)

'ਵੇਦ ਸਿਮ੍ਰਿਤੀ ਅਤੇ ਪੁਰਾਣਾ ਵਿੱਚ ਜਿਸ ਗੱਲ ਦਾ ਵਿਰੋਧ ਹੋਵੇ ਤਾਂ ਵੇਦ ਸਭ ਤੋਂ ਮੁੱਖ ਪ੍ਰਮਾਣ ਹੈ, ਸਿਮ੍ਰਿਤੀ ਅਤੇ ਪੁਰਾਣ ਵਿੱਚ ਵਿਰੋਧ ਹੋਵੇ ਤਾਂ ਸਿਮ੍ਰਿਤੀ ਦਾ ਵਚਨ ਮੰਨਣ ਜੋਗ ਹੈ ।' (ਵਯਾਸ ਸੰਹਿਤਾ, ਅਧਿਆਇ ੧, ਸਲੋਕ ੪)

੪. ਇਸੇ ਤਰ੍ਹਾਂ ਸਿੱਖਾਂ ਲਈ :-

ੳ. ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ ਵਿੱਚ ਲਿਖਦੇ ਹਨ :- ਕਿ ਜੋ ਵਚਨ ਅਪਣੇ ਸਤਿਗੁਰਾਂ ਦੇ ਸ਼ਬਦ ਅਨੁਸਾਰ ਹੋਵੇ, ਸੋਈ ਸੁਣੇ, ਸੋਈ ਪੜ੍ਹੇ । ਗੁਰਾਂ ਦੇ ਸਿਧਾਂਤ ਤੋਂ ਬਿਨਾਂ ਹੋਰ ਬਚਨ ਨਾ ਸੁਣੇ ।

ਅ. ਭਾਈ ਗੁਰਦਾਸ ਜੀ ਆਗਯਾ ਕਰਦੇ ਹਨ :- ਵਿਣੁ ਗੁਰ ਬਚਨੁ ਜੁ ਮੰਨਣਾ, ਊਰਾ ਪਰਥਾਉ (ਵਾਰ੨੭ ਪਉੜੀ ੧੭)

ੲ. ਸ੍ਰੀ ਗੁਰੂ ਅਰਜਨ ਸਾਹਿਬ ਜੀ ਬਾਣੀ ਚ ਫੁਰਮਾਉਂਦੇ ਹਨ :-

ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥ (ਆਸਾ ਮ: ੫ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੯੭)
ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ (ਸੋਰਠਿ ਮ: ੫ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੬੨੮)
ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥ (ਸੋਰਠਿ ਮ: ੫ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੬੨੮)

ਸ. ਸ੍ਰੀ ਸਤਿਗੁਰੂ ਰਾਮਦਾਸ ਸਵਾਮੀ ਦਾ ਵਾਕ ਹੈ :-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (ਨਟ ਅਸਟਪਦੀ ਮ: ੪ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੯੮੨)

ਹ. ਸ੍ਰੀ ਗੁਰੂ ਅਮਰਦਾਸ ਤੀਜੇ ਪਾਤਸ਼ਾਹ ਦਾ ਮਹਾਂਵਾਕ ਹੈ :-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥ ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥
(ਰਾਮਕਲੀ ਮਹਲਾ ੩ ਅਨੰਦੁ, ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੯੨੦)

ਕ. ਜਗਤ ਗੁਰੂ ਸ੍ਰੀ ਨਾਨਕ ਦੇਵ ਆਗਯਾ ਕਰਦੇ ਹਨ :-

ਸਭਸੈ ਊਪਰਿ ਗੁਰ ਸਬਦੁ ਬੀਚਾਰੁ ॥ ਹੋਰ ਕਥਨੀ ਬਦਉ ਨ ਸਗਲੀ ਛਾਰੁ ॥੨॥
(ਰਾਮਕਲੀ ਮਹਲਾ ੧ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੯੦੪)

ਜੇ ਅਸੀਂ ਇਨ੍ਹਾਂ ਵਚਨਾਂ ਤੇ ਪੱਕਾ ਨਿਸਚਾ ਰੱਖੀਏ ਤਾਂ ਕਦੇ ਵੀ ਭਰਮ ਵਿੱਚ ਪੈ ਕੇ ਕਿਸੇ ਪੁਸਤਕ ਦੇ ਅਪ੍ਰਮਾਣ ਵਚਨ ਪਰ ਸ਼ਰਧਾ ਨਾ ਕਰੀਏ।

ਜੇਕਰ ਵਿਦਵਾਨਾਂ ਦੀ ਹੀ ਗੱਲ ਕਰੀਏ ਤਾਂ ਸ੍ਵਰਗਵਾਸੀ ਗਿਆਨੀ ਭਾਗ ਸਿੰਘ ਜੀ ਅੰਬਾਲੇ ਵਾਲੇ, ਸ੍ਵਰਗਵਾਸੀ ਪ੍ਰਿੰਸੀਪਲ ਹਰਭਜਨ ਸਿੰਘ ਜੀ (ਸ਼ਹੀਦ ਸਿੱਖ ਮਿਸ਼ਨਰੀ ਕਾਲਜ), ਸ੍ਵਰਗਵਾਸੀ ਗੁਰਮੁਖ ਸਿੰਘ ਜੀ, ਸਿੱਖ ਕੌਮ ਦੇ ਮਹਾਨ ਵਿਦਵਾਨ ਗੁਰਬਖ਼ਸ ਸਿੰਘ ਜੀ ਕਾਲ਼ਾ ਅਫਗਾਨਾ, ਵਿਸ਼ਵ ਸਿੱਖ ਬੁਲੇਟਿਨ ਦੇ ਸੰਪਾਦਿਕ ਸ੍ਰ: ਗੁਰਤੇਜ ਸਿੰਘ ਜੀ ਸ਼ੇਰ ਗਿੱਲ ਯੂ.ਐਸ.ਏ., ਸ੍ਰ: ਜੋਗਿੰਦਰ ਸਿੰਘ ਜੀ ਸਪੋਕਸਮੈਨ, ਮਹਿੰਦਰ ਸਿੰਘ ਜੀ ਜੋਸ਼, ਕੰਵਰ ਮਹਿੰਦਰ ਪ੍ਰਤਾਪ ਸਿੰਘ ਜੀ, ਪ੍ਰਿੰਸੀਪਲ ਹਰਭਜਨ ਸਿੰਘ ਜੀ ਸਿੱਖ ਮਿਸ਼ਨਰੀ ਕਾਲਜ, ਕ੍ਰਿਪਾਲ ਸਿੰਘ ਜੀ ਚੰਦਨ, ਗਿਆਨੀ ਜਗਮੋਹਣ ਸਿੰਘ ਜੀ, ਗਿਆਨੀ ਸੁਰਜੀਤ ਸਿੰਘ ਜੀ ਦਿੱਲੀ, ਜਸਬੀਰ ਸਿੰਘ ਜੀ ਕੰਧਾਰੀ ਸਾਬਕਾ ਪ੍ਰਿੰਸੀਪਲ ਮਿਸ਼ਨਰੀ ਕਾਲਜ ਚੌਂਤਾ, ਇੰਜ: ਜਗਤਾਰ ਸਿੰਘ ਜੀ, ਸ੍ਰ ਪ੍ਰਭਜੀਤ ਸਿੰਘ ਜੀ ਧਵਨ ਦੁਬਈ, ਸ੍ਰ: ਸਤਜੀਤ ਸਿੰਘ ਜੀ ਸ਼ਾਰਜਾ, ਸ੍ਰ: ਰਘਬੀਰ ਸਿੰਘ ਜੀ ਅਲੈਨ ਅਤੇ ਹੋਰ ਅਨੇਕਾਂ ਹੀ ਵਿਦਵਾਨ ਅਤੇ ਬੇਅੰਤ ਮਿਸ਼ਨਰੀ ਵਿਦਿਆਰਥੀ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਵਿਚਾਰਾਂ ਨਾਲ ਪੂਰਣ ਸਹਿਮਤੀ ਪ੍ਰਗਟ ਕਰਦੇ ਹਨ।

ਜਦ ਅਸੀਂ ਸਿੱਖ ਜਗਤ ਚ ਪ੍ਰਚਾਰੇ ਜਾਂਦੇ ਗ੍ਰੰਥਾਂ ਦੀ ਪੜਚੋਲ ਕਰਦੇ ਹਾਂ ਤਾਂ ਸਾਡਾ ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ । ਕਿਉਂਕਿ ਕੋਈ ਵੀ ਪੁਸਤਕ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਖ਼ਰੀ ਨਹੀਂ ਉਤਰਦੀ ਸਗੋਂ ਗੁਰੂ ਸਾਹਿਬਾਨ ਦਾ ਘੋਰ ਅਪਮਾਨ ਕਰਦੀ ਹੈ । ਜਦ ਕੋਈ ਵਿਦਵਾਨ ਕਿਸੇ ਗ੍ਰੰਥ ਬਾਰੇ ਸਹੀ ਜਾਣਕਾਰੀ ਦੇਣ ਲੱਗਦਾ ਹੈ ਤਾਂ ਸਿੱਖਾਂ ਦੇ ਵੱਡੇ ਪੁਜਾਰੀ ਅਤੇ ਸੰਤ ਸਾਧ ਅਥਵਾ ਬ੍ਰਹਮ ਗਿਆਨੀ ਬੜੀ ਬੇਸ਼ਰਮੀ ਨਾਲ ਪੰਥ ਚੋਂ ਛੇਕ ਦੇਣ ਦੇ ਡਰਾਵੇ ਦੇਂਦੇ ਹਨ । ਵੱਡੇ ਵੱਡੇ ਇੱਜਤਦਾਰ ਲੋਕ ਇਸ ਮਾਫੀਆ ਗਿਰੋਹ ਤੋਂ ਡਰ ਕੇ ਦੜ ਵੱਟ ਕੇ ਚੁੱਪ ਕਰ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਪੁਜਾਰੀਆਂ ਵੱਲੋਂ ਕੀਤਾ ਇਹ ਕੁਕਰਮ ਸਿੱਖ ਧਰਮ ਵਿੱਚ ਹੋਰ ਗਿਰਾਵਟ ਪੇਦਾ ਕਰ ਰਿਹਾ ਹੈ ।

ਬੜੇ ਲੰਮੇ ਸਮੇਂ ਤੋਂ ਦਸਮ ਗ੍ਰੰਥ ਬਾਰੇ ਅਨੇਕਾਂ ਚਰਚੇ ਚਲੇ ਹਨ ਅਤੇ ਚੱਲ ਰਹੇ ਹਨ । ਜਿਸ ਵਿਦਵਾਨ ਨੇ ਵੀ ਦਸਮ ਗ੍ਰੰਥ ਦਾ ਵਿਰੋਧ ਕੀਤਾ ਉਸੇ ਨੂੰ ਹੀ ਪੰਥ ਚੋਂ ਛੇਕ ਦਿੱਤਾ ਗਿਆ । ਸਾਡੇ ਪੁਜਾਰੀਆਂ ਅਤੇ ਪ੍ਰਚਾਰਕਾਂ ਨੇ ਸਿੱਖ ਜਗਤ ਨੂੰ ਕਦੇ ਵੀ ਦਸਮ ਗ੍ਰੰਥ ਬਾਰੇ ਠੀਕ ਜਾਣਕਾਰੀ ਨਹੀਂ ਦਿੱਤੀ । ਸਿੱਖ ਪੰਥ ਅਤੇ ਸੰਗਤਿ ਜਾਣਨਾ ਚਾਹੁੰਦੀ ਹੈ ਕਿ ਆਖਰ ਇਸ ਗ੍ਰੰਥ ਚ ਲਿਖਿਆ ਕੀ ਹੈ ? ਜਿਸ ਦਾ ਭਾਰੀ ਵਿਰੋਧ ਹੋ ਰਿਹਾ ਹੈ । ਸੰਗਤਿ ਪੁਜਾਰੀਆਂ ਵੱਲੋਂ ਅਪਣਾਏ ਰੁੱਖੇ ਰੁੱਖ ਨੂੰ ਵੀ ਸਮਝਣਾ ਚਾਹੁੰਦੀ ਹੈ ਕਿ ਆਖਰ ਕਿਉਂ ਇਸ ਬਾਰੇ ਲਿਖਣ ਤੇ ਪਾਬੰਦੀ ਹੈ ? ਇਹ ਸਿੱਖ ਜਗਤ ਦਾ ਜਨਮ ਸਿੱਧ ਅਧਿਕਾਰ ਹੈ ਕਿ ਉਹ ਜਿਸ ਗ੍ਰੰਥ ਅੱਗੇ ਪੁਜਾਰੀ ਮੱਥੇ ਟਿਕਵਾਉਂਦੇ ਹਨ, ਆਪ ਸਿੱਜਦੇ ਕਰਦੇ ਹਨ, ਭਾਰੀ ਰਕਮਾਂ ਬਟੋਰ ਕੇ ਅਖੰਡ ਪਾਠ, ਸਹਿਜ ਪਾਠ ਤੇ ਸੰਪਟ ਪਾਠ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨਾ ਚਾਹੁੰਦੇ ਹਨ ਬਾਰੇ ਸਹੀ ਸਹੀ ਜਾਣਕਾਰੀ ਅਤੇ ਗਿਆਨ ਹਾਸਲ ਕਰੇ ।

ਜੇਕਰ ਵਿਚਾਰ ਦ੍ਰਿਸਟੀ ਨਾਲ ਦੇਖੀਏ ਤਾਂ ਦਸਮ ਗ੍ਰੰਥ ਨੂੰ ਇਕ ਸੰਪੂਰਣ ਗ੍ਰੰਥ ਮੰਨ ਲੈਣਾ ਅਤੇ ਉਸ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨੂੰ ਮਿੱਥ ਲੈਣਾ ਭਾਰੀ ਭੁੱਲ ਹੀ ਨਹੀਂ ਸਗੋਂ ਮਹਾਂ ਮੂਰਖਤਾ ਹੈ । ਇਹ ਗ੍ਰੰਥ ਕਬਿ ਸੂਮ, ਕਬਿ ਸਯਾਮ, ਕਬਿ ਰਾਮ ਤੇ ਕਬਿ ਕਾਲ ਵਲੋਂ ਰਚੇ ਗਏ ਆਪੋ ਅਪਣੇ ਗ੍ਰੰਥਾਂ ਦਾ ਸੁਮੇਲ ਹੈ । ਆਖੀ ਜਾਂਦੀ ਸੋਧਕ ਕਮੇਟੀ ਅਤੇ ਸੰਪਾਦਕ ਨੇ ਗੈਰਾਂ ਨਾਲ ਗੰਢ ਤੁਪ ਕਰ ਕੇ ਯੋਜਨਾਬਧ ਤਰੀਕੇ ਨਾਲ ਕਵੀਆਂ ਨਾਲ ਵੀ ਠੱਠਾ ਕੀਤਾ ਹੈ । ਉਨ੍ਹਾਂ ਦੀਆਂ ਰਚਨਾਵਾਂ ਨੂੰ ਇਕ ਦੂਜੇ ਨਾਲ ਰਲਗੱਡ ਕਰ ਦਿੱਤਾ ਗਿਆ ਹੈ ਤਾਂ ਕਿ ਉਨ੍ਹਾਂ ਦੀ ਕੁਟਿਲ ਚਾਲ ਨੰਗੀ ਨਾ ਹੋ ਜਾਵੇ । ਜੇਕਰ ਅਸੀਂ ਕਵੀ ਸੂਮ ਦੀ ਗੱਲ ਤੋਰੀਏ ਤਾਂ ਦਸਮ ਗ੍ਰੰਥ ਦਾ ਮੁੱਢਲਾ ਕਵੀ ਹੋਣ ਦਾ ਉਸ ਨੂੰ ਮਾਣ ਹਾਸਿਲ ਹੈ । ਓਹ ਅਪਣੀ ਰਚਨਾ ਦਾ ਅਰੰਭ ਇਸ ਤਰ੍ਹਾਂ ਕਰਦਾ ਹੈ :-

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

*ਅਥ*

*ਬਚਿਤ੍ਰ ਨਾਟਕ ਗ੍ਰੰਥ ਲਿਖ੍ਯਤੇ ॥ ਪਾਤਿਸ਼ਾਹੀ ੧੦ ॥*

ਨੋਟ :- ਪਾਤਸ਼ਾਹੀ ੧੦ ਕਵੀ ਨੇ ਨਹੀਂ ਲਿਖਿਆ ਬਲਕਿ ਸੋਧ ਕਮੇਟੀ ਅਤੇ ਸੰਪਾਦਕ ਜਾਂ ਕਿਸੇ ਹੋਰ ਸਿੱਖ ਧਰਮ ਦੀ ਕੱਟੜ ਦੁਸ਼ਮਣ ਸੰਸਥਾ ਨੇ ਲਿਖ ਦਿੱਤਾ ਹੈ ।

*ਦੋਹਰਾ ॥ ਨਮਸਕਾਰ ਸ੍ਰੀ ਖੜਗ ਕੋ ਕਰੌਂ ਸੁ ਹਿਤੁ ਚਿਤੁ ਲਾਇ ॥*
*ਪੂਰਨ ਕਰੌਂ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥* (ਪੰਨਾ ੩੯)

*ਤ੍ਰਿਭੰਗੀ ਛੰਦ ॥ ਸ੍ਰੀ ਕਾਲ ਜੀ ਕੀ ਉਸਤਤਿ ॥*
*ਜਿਹ ਜਿਹ ਬਿਧ ਜਨਮਨ ਸੁਧਿ ਆਈ ॥ ਤਿਮ ਤਿਮ ਕਹੇ ਗ੍ਰੰਥ ਬਨਾਈ ॥*
*ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ ॥ ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ ॥੧੦॥*
*ਪਹਿਲੇ ਚੰਡੀ ਚਰਿਤ੍ਰ ਬਨਾਯੋ ॥ ਨਖ ਸਿਖ ਤੇ ਕ੍ਰਮ ਭਾਖ ਸੁਨਾਯੋ ॥*
*ਛੋਰ ਕਥਾ ਤਬ ਪ੍ਰਥਮ ਸੁਨਾਈ ॥ ਅਬ ਚਾਹਤ ਫਿਰ ਕਰੌਂ ਬਡਾਈ ॥੧੧॥* (ਪੰਨਾ ੭੩)

*ਅਥ ਚੰਡੀ ਚਰਿਤ੍ਰ ਉਕਤਿ ਬਿਲਾਸ* (ਪੰਨਾ ੭੩)

*ਸ੍ਵੈਯਾ ॥ ਦੇਹਿ ਸਿਵਾ ਬਰ ਮੋਹਿ ਇਹੈ ................................... ॥੨੩੧॥*
*ਚੰਡੀ ਚਰਿਤ੍ਰ ਕਵਿੱਤਨ ਮੈ ਬਰਨਿਓ ਸਭ ਹੀ ਰਸ ਰੁਦ੍ਰ ਮਈ ਹੈ ॥*
*ਏਕ ਤੇ ਏਕ ਰਸਾਲ ਭਇਓ ਨਖ ਤੇ ਸਿਖ ਲਉ ਉਪਮਾ ਸੁ ਨਈ ਹੈ ॥*
*ਕਉਤਕ ਹੇਰ ਕਰੀ ਕਵਿ ਨੇ ਸਤਿਜੁਗ ਕੀ ਕਥਾ ਇਹ ਪੂਰੀ ਭਈ ਹੈ ॥*
*ਜਾਹਿ ਨਮਿੱਤ ਪੜੈ ਸੁਨਿ ਹੈ ਨਰ ਸੋ ਨਿਸਚੈ ਕਰਿ ਤਾਹਿ ਦਈ ਹੈ ॥੨੩੨॥*

*ਦੋਹਰਾ ॥ ਗ੍ਰੰਥ ਸਤਿਯਸ ਕੋ ਕਰਿਓ ਜਾ ਸਮ ਅਵਰੁ ਨ ਕੋਇ ॥*
*ਜਿਹ ਨਿਮੱਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ ॥੨੩੩॥* (ਪੰਨਾ ੯੬)

ਕਵੀ ਸੂਮ ਅਪਣੀ ਕਾਵਿ ਰਚਨਾ ਤੇ ਮੋਹਰ ਇਸ ਤਰ੍ਹਾਂ ਲਾਉਂਦਾ ਹੈ :-

*ਪੜੇ ਮੂੜ ਧਨੰ ਧਾਮ ਬਾਢੇ ॥ ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ ॥*
*ਜਗੈ ਰੈਣਿ ਜੋਗੀ ਜਪੈ ਜਾਪ ਯਾਕੋ ॥ ਧਰੈ ਪਰਮ ਜੋਗੀ ਲਹੇ ਸਿੱਧਤਾ ਕੋ ॥੮॥੨੬੦॥*

(ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਪੰਨਾ ੧੧੮)

ਕਵੀ ਸੂਮ ਅਪਣੀ ਕਾਵਿ ਰਚਨਾ ਦੇ ਜ਼ੌਹਰ ਤ੍ਰਿਯਾ ਚਰਿਤ੍ਰਾਂ ਵਿੱਚ ਖੂਬ ਦਿਖਾਉਂਦਾ ਹੋਇਆ ਅਪਣੇ ਕਵੀ ਹੋਣ ਦਾ ਸਬੂਤ ਇਸ ਤਰ੍ਹਾਂ ਦੇਂਦਾ ਹੈ :-

*ਸੂਰਨ ਕੇ ਲੋਆ ਭੇ ਖਰੇ ॥ ਕਾਤਰ ਨਿਰਖਿ ਧਾਮ ਰਨ ਬਰੇ ॥*
*ਸੋਫੀ ਸੂਮ ਭਏ ਬਹੁ ਬਯਾਕੁਲ ॥ ਦਸੋ ਦਿਸਨ ਭਜਿ ਚਲੇ ਡਰਾਕਲ ॥੩੨੦॥*

(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੯੨)

ਅਤੇ ਅੰਤ ਚ ਅਪਣੇ ਦੁਆਰਾ ਰਚੇ ਗਏ ਗ੍ਰੰਥ ਦੀ ਸਮਾਪਤੀ ਇਨ੍ਹਾਂ ਕਾਵਿ ਬੰਦਾਂ ਰਾਹੀਂ ਕਰਦਾ ਹੈ :-

*ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥*
*ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ ॥੪੦੨॥*
*ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥*
*ਮਨ ਬਾਂਛਤ ਫਲ ਪਾਵੈ ਸੋਈ ॥ ਦੂਖ ਨ ਤਿਸੈ ਬਿਆਪਤ ਕੋਈ ॥੪੦੩॥*
*ਚੌਪਈ ॥ ਸੰਬਤ ਸੱਤ੍ਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥*
*ਭਾਦ੍ਰਵ ਸੁਦੀ ਅਸ਼ਟਮੀ ਰਵਿਵਾਰਾ ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥੪੦੪॥*

(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੯੮)

ਕਵੀ ਸੂਮ ਅਪਣੇ ਗ੍ਰੰਥ ਦੇ ਰਚੇ ਜਾਣ ਦਾ ਢੁਕਵਾਂ ਵੇਰਵਾ ਸੱਚੋ ਸੱਚ ਬਿਆਨ ਕਰਦਾ ਹੈ ਤੇ ਬੜੇ ਮਾਣ ਨਾਲ ਕਹਿੰਦਾ ਹੈ ਕਿ ਇਹ ਗ੍ਰੰਥ ਮੈ 1753 ਸੰਬਤ ਨੂੰ ਭਾਦੋਂ ਮਹੀਨੇ ਦੇ ਚਾਨਣ ਪੱਖ ਦੀ ਅੱਠਿਓਂ ਦਿਨ ਰਵੀਵਾਰ ਨੂੰ ਸਤਿਲੁਜ ਦੇ ਕੰਢੇ ਬੈਠ ਕੇ ਲਿਖਿਆ ਪਰ ਹਯਾ ਦੇ ਅੰਨੇ ਸਾਡੇ ਪੁਜਾਰੀ ਅਤੇ ਸੰਤ ਸਾਧ ਇਸ ਨੂੰ ਪਾਤਸ਼ਾਹੀ ੧੦ ਲਿਖ ਲਿਖ ਕੇ ਗੁਰ ਸਿੱਖਾਂ ਨੂੰ ਮੂਰਖ ਬਣਾਈ ਜਾ ਰਹੇ ਹਨ।

ਕਵੀ ਸੂਮ ਤੋਂ ਬਾਦ ਗੱਲ ਕਰਦੇ ਹਾਂ ਕਵੀ ਸਯਾਮ ਦੀ ਜਿਸ ਨੂੰ ਸੋਧ ਕਮੇਟੀ ਅਤੇ ਸੰਪਾਦਕ ਨੇ ਦੂਜੇ ਨੰਬਰ ਤੇ ਰੱਖਿਆ ਹੈ। ਉਸ ਨੇ ਪਹਿਲਾਂ ਗਿਆਨ ਪ੍ਰਬੋਧ ਗ੍ਰੰਥ ਲਿਖਿਆ ਫਿਰ ਚਉਬੀਸ ਅਵਤਾਰ। ਉਸ ਦੁਆਰਾ ਸਬੂਤਾਂ ਦਾ ਵੇਰਵਾ ਮੈਂ ਆਪ ਸਮੂਹ ਸਿੱਖ ਜਗਤ ਸਾਮ੍ਹਣੇ ਪ੍ਰਗਟ ਕਰ ਰਿਹਾ ਹਾਂ :-

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਸ੍ਰੀ ਭਗਉਤੀ ਜੀ ਸਹਾਇ ॥
ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦॥ (ਪੰਨਾ ੧੧੯ ਤੋਂ ੧੨੭ ਤੱਕ)

ਅਤੇ

ੴ ਸਤਿਗੁਰ ਪ੍ਰਸਾਦਿ ॥ ਸ੍ਰੀ ਭਗਉਤੀ ਜੀ ਸਹਾਇ ॥
ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ ॥
ਪਾਤਸ਼ਾਹੀ ੧੦ (ਪੰਨਾ ੧੧੯ ਤੋਂ ੧੨੭ ਤੱਕ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਪਾਤਸ਼ਾਹੀ ੧੦
ਅਥ ਚਉਬੀਸ ਅਉਤਾਰ (ਪੰਨਾ ੧੫੫ ਤੋਂ ੨੫੪ ਤੱਕ)

ਸਿੱਖ ਧਰਮ ਦੇ ਮਹਾਂ ਨਿੰਦਕਾਂ ਨੇ ਸਿੱਖ ਪੰਥ ਨੂੰ ਕਮਜੋਰ ਕਰਨ ਲਈ ਅਤੇ ਧੋਖਾ ਦੇਣ ਲਈ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ, ੴ ਸਤਿਗੁਰ ਪ੍ਰਸਾਦਿ ਅਤੇ ਪਾਤਸ਼ਾਹੀ ੧੦ ਲਿਖ ਦਿੱਤਾ ਤਾਂ ਕਿ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਇਹ ਦਸਮ ਪਾਤਸ਼ਾਹ ਦੀ ਹੀ ਬਾਣੀ ਹੈ ਪਰ ਕਿਉਂ ਕਿ ਕਵੀ ਸਯਾਮ ਭਗਾਉਤੀ ਦਾ ਪੁਜਾਰੀ ਹੈ ਉਹ ਅਪਣੀ ਹਰ ਰਚਨਾ ਚ ਉਸੇ ਦੀ ਜੈ ਜੈ ਕਾਰ ਕਰਦਾ ਹੈ । ਉਸ ਦੁਆਰਾ ਸੁਰੂ ਕੀਤੇ ਚਉਬੀਸ ਅਵਤਾਰ ਦੇ ਪਹਿਲੇ ਪੜਾਅ ਦਾ ਅੰਤ ਓਹ ਇਸ ਤਰ੍ਹਾਂ ਕਰਦਾ ਹੈ :-

*ਸੰਮਤ ਸੱਤ੍ਰਹ ਸਹਸ ਪਚਾਵਨ ॥ ਹਾੜਵਦੀ ਪ੍ਰਿਥਮੈ ਸੁਖ ਦਾਵਨ ॥*
*ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥ ਭੂਲ ਪਰੀ ਲਹੁ ਲੇਹੁ ਸੁਧਾਰਾ ॥੮੬੦॥*
*ਦੋਹਰਾ ॥ ਨੇਤ੍ਰ ਤੁੰਗ ਕੇ ਚਰਨ ਤਰ ਸਤਦ੍ਰੱਵ ਤੀਰ ਤਰੰਗ ॥*
*ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥੮੬੧॥*
*ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦਿ ॥*
*ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ ॥੮੬੨॥* (ਪੰਨਾ ੨੫੪)

ਕਵੀ ਸਯਾਮ ਕਹਿੰਦਾ ਹੈ ਕਿ ਸੰਮਤ ੧੭੫੫ ਦੇ ਹਾੜ ਮਹੀਨੇ ਦੇ ਹਨੇਰ ਪੱਖ ਦੀ ਏਕਮ (ਪਹਿਲੀ) ਨੂੰ ਸਤਿਲੁਜ ਦੀ ਪਹਾੜੀ ਦੇ ਕੰਢੇ ਬੈਠ ਕੇ ਮੈਂ ਇਸ ਸ੍ਰੀ ਭਗਵਤ ਗ੍ਰੰਥ ਨੂੰ ਸੰਪੂਰਣ ਕੀਤਾ ਜਿਸ ਵਿੱਚ ਰਾਮ ਚੰਦਰ ਦੀ ਕਥਾ ਦਾ ਵਰਨਣ ਹੈ। ਕਵੀ ਕਹਿੰਦਾ ਹੈ ਕਿ ਇਹ ਭਗਵਤ (ਭਗਾਉਤੀ) ਦੀ ਕ੍ਰਿਪਾ ਨਾਲ ਹੀ ਸੰਭਵ ਹੋਇਆ ਹੈ।

ਪਹਿਲੇ ਪੜਾਅ ਦਾ ਪਹਿਲਾ ਗ੍ਰੰਥ ਸੰਪੂਰਣ ਕਰਨ ਤੋਂ ਬਾਦ ਕਵੀ ਅਪਣੇ ਦੂਜੇ ਗ੍ਰੰਥ ਦੀ ਸਮਾਪਤੀ ਇਨ੍ਹਾਂ ਅੱਖਰਾਂ ਨਾਲ ਕਰਦਾ ਹੈ :-

*ਦੋਹਰਾ ॥ ਸੱਤ੍ਰਹ ਸੈ ਪੈਤਾਲ ਮੈ ਕੀਨੀ ਕਥਾ ਸੁਧਾਰ ॥*
*ਚੂਕ ਹੋਇ ਜਹ ਤਹ ਸੁ ਕਬਿ ਲੀਜਹੁ ਸਕਲ ਸੁਧਾਰ ॥੭੫੫॥*
*ਬਿਨਤ ਕਰੋ ਦੋਊ ਜੋਰਿ ਕਰਿ ਸੁਨੋ ਜਗਤ ਕੇ ਰਾਏ ॥*
*ਮੋ ਮਸਤਕ ਤ੍ਵੈ ਪਗ ਸਦਾ ਰਹੈ ਦਾਸ ਕੇ ਭਾਇ ॥੭੫੬॥*

(ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ ਬਚਿਤ੍ਰ ਨਾਟਕ ਪੰਨਾ ੩੫੪)

ਇਸ ਤੋਂ ਬਾਦ ਕਵੀ ਸਯਾਮ ਦੁਆਰਾ ਸੰਪੂਰਣ ਕੀਤੇ ਤੀਜੇ ਗ੍ਰੰਥ ਦੀ ਪੁਸਟੀ ਉਸ ਦੀ ਅਪਣੀ ਹੀ ਜੁਬਾਨੀ ਇਸ ਤਰ੍ਹਾਂ ਹੁੰਦੀ ਹੈ :-

*ਦੋਹਰਾ ॥ ਸਤ੍ਰਹ ਸੈ ਚਵਤਾਲ ਮੈਂ ਸਾਵਨ ਸੁਦਿ ਬੁਧਵਾਰ ॥*
*ਨਗਰ ਪਾਵਟਾ ਮੋ ਤੁਮੋ ਰਚਿਯੋ ਗ੍ਰੰਥ ਸੁਧਾਰ ॥੯੮੩॥*
*ਦੋਹਰਾ ॥ ਖੜਗਪਾਨ ਕੀ ਕ੍ਰਿਪਾ ਤੇ ਪੋਥੀ ਰਚੀ ਬਿਚਾਰ ॥*
*ਭੂਲਿ ਹੋਇ ਜਹਂ ਤਹਿਂ ਸੁ ਕਬਿ ਪੜੀਅਹੁ ਸਭੈ ਸੁਧਾਰ ॥੯੮੪॥*

(ਇਤਿ ਸ੍ਰੀ ਦਸਮ ਸਿਕੰਧੇ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਪੰਨਾ ੩੯੬)

ਕਵੀ ਸਯਾਮ ਅਪਣੇ ਚੌਥੇ ਅਤੇ ਅੰਤਿਮ ਗ੍ਰੰਥ ਦੇ ਸੰਪੂਰਣ ਹੋਣ ਦੀ ਪੁਸਟੀ ਕਰਦਿਆਂ ਕਹਿੰਦਾ ਹੈ ਕਿ :-

*ਦੋਹਰਾ ॥ ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ ॥*
*ਨਗਰ ਪਾਂਵਟ ਸੁਭ ਕਰਨ ਜਮਨਾ ਬਹੈ ਸਮੀਪ ॥੨੪੯੦॥*
*ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥*
*ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥੨੪੯੧॥* (ਦਸਮ ਸਿਕੰਧੇ ਪੁਰਾਣੇ ਪੰਨਾ ੩੯੬)

ਨੋਟ :- ਆਪ ਜੀ ਨੇ ਚੰਗੀ ਤਰ੍ਹਾਂ ਘੋਖ ਹੀ ਲਿਆ ਹੋਏਗਾ ਕਿ ਸੰਮਤ 1755 ਪਹਿਲਾਂ ਆਉਂਦਾ ਹੈ ਜਾਂ 1745 ਅਤੇ 1744 ਤੇ ਫਿਰ 1745 ਇਹ ਇਸ ਤਰ੍ਹਾਂ ਹੋ ਗਿਆ ਕਿਉਂਕਿ ਸੋਧ ਕਮੇਟੀ ਅਤੇ ਸੰਪਾਦਕ ਸਣੇ ਪੁਜਾਰੀਆਂ ਅਤੇ ਸੰਤਾਂ ਸਾਧਾਂ ਦੇ, ਗੁਰਸਿੱਖਾਂ ਨੂੰ ਮੂਰਖ ਸਮਝਦੇ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਨ੍ਹਾਂ ਦੇ ਕੁਫਰ ਅੱਗੇ ਕਿਸੇ ਨੇ ਸਾਹ ਨਹੀਂ ਕੱਢਣਾ ਤੇ ਜੇਕਰ ਕਿਸੇ ਬੋਲਣ ਦੀ ਹਿੰਮਤ ਕੀਤੀ ਤਾਂ ਪੰਥ ਤੋਂ ਛੇਕਣ ਦਾ ਫਤਵਾ ਜੜ ਦੇਵਾਂਗੇ ਅਤੇ ਦੂਜੇ ਉਨ੍ਹਾਂ ਨੇ ਪਹਿਲਾਂ ਗੁਰੂਆਂ ਦੀ ਉਪਮਾ ਕੀਤੀ ਤੇ ਫਿਰ ਤਰਤੀਬ ਨਾਲ ਅਪਣੀ ਸ਼ਰਧਾ ਅਨੁਸਾਰ ਸਥਾਨ ਦੇ ਦਿੱਤਾ। ਲੱਗ-ਭੱਗ 500 ਵਾਰ ਤੋਂ ਵੀ ਵੱਧ ਹਰ ਸੱਵਯੇ ਤੇ ਚੌਪਈ ਅਥਵਾ ਹੋਰ ਛੰਦ ਬੰਦੀ ਦੇ ਨਾਲ ਓਹ ਅਪਣੇ ਆਪ ਨੂੰ ਕਬਿ ਸਯਾਮ ਪ੍ਰਗਟ ਕਰਦਾ ਹੈ ਪਰ ਉਸ ਨੂੰ ਅਣਡਿੱਠਾ ਕਰ ਕੇ ਮਹਾਂ ਗੰਦੇ ਤੇ ਬੇਸ਼ਰਮ ਲੋਕ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਕਹੀਂ ਜਾਂਦੇ ਹਨ ਕਵੀ ਸਯਾਮ ਦੀ ਕਾਵਿ ਰਚਨਾਂ ਦੇ ਸੁੰਦਰ ਰੰਗ ਤ੍ਰਿਯਾ ਚਰਿਤ੍ਰਾਂ ਚ ਖੂਬ ਦੇਖਣ ਨੂੰ ਮਿਲਦੇ ਹਨ।

ਕਵੀ ਸਯਾਮ ਨੇ ਅਪਣੇ ਬਾਕੀ ਦੇ ਗ੍ਰੰਥ ਨਗਰ ਪਾਂਵਟਾ (ਪਾਉਂਟਾ) ਸੰਬਤ 1744 ਅਤੇ 1745 ਵਿੱਚ ਸਾਵਣ ਮਹੀਨੇ ਦੀ ਪੂਰਨਮਾਸੀ ਦਿਨ ਬੁੱਧਵਾਰ ਅਤੇ ਸਾਵਣ ਮਹੀਨੇ ਦੀ ਹੀ ਪੂਰਨਮਾਸੀ ਨੂੰ ਅਗਲੇ ਸਾਲ ਸੰਪੂਰਣ ਕੀਤੇ ਹਨ ਇਸ ਗੱਲ ਚ ਕੋਈ ਦਮ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਨਗਰ ਜਮਨਾ ਦੇ ਕੰਢੇ ਕੋਈ ਗ੍ਰੰਥ ਲਿਖਿਆ ਹੈ।

ਕਵੀ ਸਯਾਮ ਤੋਂ ਬਾਦ ਵਾਰੀ ਆਉਂਦੀ ਹੈ ਕਬਿ ਰਾਮ ਦੀ। ਤ੍ਰਿਯ ਚਰਿਤ੍ਰਾਂ ਦਾ ਇਹ ਮੁਢਲਾ ਕਵੀ ਹੋਣ ਦਾ ਮਾਣ ਰੱਖਦਾ ਹੈ। ਇਸ ਦੁਆਰਾ ਰਚੇ ਚਰਿਤ੍ਰਾਂ ਦੀ ਵਿਚਾਰ ਆਪ ਜੀ ਇਸੇ ਪੁਸਤਕ ਵਿੱਚ ਪੜ੍ਹਨ ਜਾ ਰਹੇ ਹੋ। ਕਵੀ ਰਾਮ ਨੇ 150 ਤੋਂ ਵੀ ਵੱਧ ਕਾਵਿ ਰਚਨਾਵਾਂ ਰੱਚ ਕੇ ਬਹੁਤਿਆਂ ਤੋਂ ਵਾਹ ਵਾਹ ਖੱਟੀ ਹੈ। ਸਾਡੇ ਪੁਜਾਰੀ ਇਸ ਵਿਚਾਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੱਸੀਂ ਜਾ ਰਹੇ ਹਨ। ਸੋਧ ਕਮੇਟੀ ਅਤੇ ਸੰਪਾਦਕ ਨੇ ਉਸ ਦੁਆਰਾ ਰਚੇ ਗ੍ਰੰਥ ਦਾ ਸਮਾਂ ਤੇ ਸਥਾਨ ਲੁਕੋ ਲਿਆ ਹੈ ਫਿਰ ਵੀ ਚੋਰ ਦੀ ਦਾੜ੍ਹੀ ਚ ਤਿਣਕੇ ਦੀ ਤਰ੍ਹਾਂ ਅਸਲੀ ਚੇਹਰਾ ਪ੍ਰਗਟ ਹੋ ਜਾਣ ਤੇ ਸਿੱਖ ਪੰਥ ਲਈ ਖੁਸ਼ੀ ਦੀ ਗੱਲ ਹੈ।

ਕਵੀ ਸਯਾਮ ਦੀ ਤਰ੍ਹਾਂ ਕਬਿ ਕਾਲ ਵੀ ਅਜਿਹਾ ਕਵੀ ਹੈ ਕਿ ਉਸ ਦੇ ਆਦਿ ਤੇ ਅੰਤ ਦਾ ਖੁਰਾ ਖੋਜ ਮਿਟਾ ਦਿੱਤਾ ਗਿਆ ਹੈ। ਫਿਰ ਵੀ ਉਸ ਦੀਆਂ ਰਚਨਾਵਾਂ ਦੀ ਸਹਿਕਦੀ ਧੜ ਤੜਫ ਤੜਫ ਕੇ ਆਖਦੀ ਹੈ ਹੇ ਗੁਰਸਿੱਖੋ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਨਾ ਬਣਾਓ ਮੈ ਉਸ ਜੋਗਾ ਨਹੀਂ ਹਾਂ ਮੇਰੇ ਤੇ ਤਰਸ ਕਰੋ ਪਰ ਮਾਫੀਆ ਗਿਰੋਹ ਉਸ ਦੀ ਸੁਣਦਾ ਕਿੱਥੇ ਹੈ। ਹੁਣ ਵਿਦਵਾਨਾਂ ਦੀ ਕਚੈਹਿਰੀ ਚ ਵਿਚਾਰਾ ਫਰਿਯਾਦ ਲੈ ਕੇ ਹਾਜ਼ਰ ਹੈ ਦੇਖਣਾ ਹੈ ਓਹ ਉਸ ਨੂੰ ਇਨਸਾਫ ਦੇਂਦੇ ਹਨ ਜਾਂ ਨਹੀਂ।

**ਦਸਮ ਗ੍ਰੰਥ ਸਾਨੂੰ ਹੇਠ ਲਿਖੇ ਉਪਦੇਸ ਦੇਂਦਾ ਹੈ :-**

੧. ਪਿਓ ਅਪਣੀ ਧੀ ਨਾਲ ਸੰਭੋਗ ਕਰ ਸਕਦਾ ਹੈ ।
੨. ਮਾਂ ਅਪਣੇ ਹੀ ਪੁੱਤ ਨਾਲ ਸੰਭੋਗ ਕਰ ਸਕਦੀ ਹੈ ਜਾਂ ਯਾਰ ਨੂੰ ਪੁੱਤ ਬਣਾ ਕੇ ਹਮ ਬਿਸਤ੍ਰ ਹੋ ਸਕਦੀ ਹੈ ।
੩. ਭੈਣ ਅਪਣੇ ਸਕੇ ਭਰਾ ਨਾਲ ਸੰਭੋਗ ਕਰ ਸਕਦੀ ਹੈ ।
੪. ਦੇਵਰ ਅਤੇ ਜੇਠ ਅਪਣੀ ਭਰਜਾਈ ਨਾਲ ਸੰਭੋਗ ਕਰ ਸਕਦੇ ਹਨ ।
੫. ਮੁੰਡਾ ਮੁੰਡੇ ਨਾਲ ਸੰਭੋਗ ਕਰ ਸਕਦਾ ਹੈ ।
੬. ਧੀ ਅਪਣੇ ਪਿਓ ਨਾਲ ਸੰਭੋਗ ਕਰ ਸਕਦੀ ਹੈ ।
੭. ਪੁੱਤ ਅਪਣੀ ਮਾਂ ਨਾਲ ਸੰਭੋਗ ਕਰ ਸਕਦਾ ਹੈ ।
੮. ਭਰਾ ਅਪਣੀ ਸਕੀ ਭੈਣ ਨਾਲ ਸੰਭੋਗ ਕਰ ਸਕਦਾ ਹੈ ।
੯. ਭਰਜਾਈ ਦੇਵਰ ਤੇ ਜੇਠ ਨਾਲ ਸੰਭੋਗ ਕਰ ਸਕਦੀ ਹੈ ।
੧੦. ਗੁਰਸਿੱਖ ਭਾਂਗ, ਹਫੀਮ, ਚਰਸ, ਤੰਮਾਕੂ, ਗਾਂਜਾ, ਸ਼ਰਾਬ ਤੇ ਪੋਸਤ ਖੁੱਲ੍ਹ ਕੇ ਖਾ ਪੀ ਸਕਦਾ ਹੈ ।
੧੧. ਗੁਰਸਿੱਖ ਬਾਲ ਸਫ਼ਾ ਲਗਾ ਕੇ ਰੋਮਾਂ ਨੂੰ ਸਾਫ ਕਰ ਸਕਦਾ ਹੈ ।
੧੨. ਕੁੱਠਾ ਖਾਣ ਨੂੰ ਪਵਿੱਤ੍ਰ ਸਕਝਦਾ ਹੈ ਤੇ ਨਸ਼ੇ ਨਾਲ ਕਬਾਬ ਖਾਣ ਲਈ ਪ੍ਰੇਰਨਾ ਦੇਂਦਾ ਹੈ ।
੧੩. ਗੁਰਸਿੱਖ ਬਾਲ ਸਫ਼ਾ ਲਗਾ ਕੇ ਦਾੜ੍ਹੀ ਮੁੱਛਾਂ ਸਾਫ ਕਰ ਕੇ ਔਰਤ ਦਾ ਭੇਸ ਧਾਰ ਕੇ ਪਰਾਈਆਂ ਔਰਤਾਂ ਭੋਗ ਸਕਦਾ ਹੈ ।

**ਦਸਮ ਗ੍ਰੰਥ ਰਹਿਤ ਮਰਯਾਦਾ ਦਾ ਭੋਗ ਪਾਉਂਦਾ ਹੈ :-**

੧. **ਪਰਾਈ ਇਸਤ੍ਰੀ ਜਾਂ ਪਰਾਏ ਮਰਦ ਦਾ ਸੰਗ ਨਹੀਂ ਕਰਨਾ**
ਦੇ ਸਿਧਾਂਤ ਅਤੇ ਸਿੱਖਿਆ ਨੂੰ ਮੂਲੋਂ ਹੀ ਨਿਕਾਰਦਾ ਹੈ ।
੨. **ਨਸ਼ਿਆਂ ਦੀ ਵਰਤੋਂ ਨਹੀਂ ਕਰਨੀ** - ਦੀ ਉੱਤਮ ਸਿੱਖਿਆ ਨੂੰ ਓਹ ਟਿੱਚਰਾਂ ਕਰਦਾ ਹੈ । ਭਾਂਗ, ਹਫੀਮ, ਚਰਸ, ਤੰਮਾਕੂ, ਗਾਂਜਾ, ਸ਼ਰਾਬ ਤੇ ਪੋਸਤ ਖਾਣ ਪੀਣ ਨੂੰ ਕਹਿੰਦਾ ਹੈ ।
੩. **ਰੋਮਾਂ ਦੀ ਬੇਅਦਬੀ ਨਹੀਂ ਕਰਨੀ** - ਬਾਲ ਸਫ਼ਾ ਲਗਾ ਕੇ ਬਾਲ ਸਾਫ਼ ਕਰਨ ਦੀ ਦੁਹਾਈ ਦੇਂਦਾ ਹੈ ।
੪. **ਕੁੱਠਾ ਨਹੀਂ ਖਾਣਾ** - ਦੀ ਖੁੱਲ ਕੇ ਮੁਖ਼ਾਲਫ਼ਿਤ ਕਰਦਾ ਹੈ ।
੫. **ਦਸਮ ਗ੍ਰੰਥ** ਕਤਲ ਕਰਨ ਦੇ ਰੁਝਾਨ ਪੈਦਾ ਕਰਦਾ ਹੈ ।
੬. **ਦਸਮ ਗ੍ਰੰਥ** ਕੁੜੀਆਂ ਨੂੰ ਮਿੱਤਰ ਨਾਲ ਭੱਜ ਜਾਣ ਲਈ ਵਰਗਲਾਉਂਦਾ ਹੈ ।
੭. **ਦਸਮ ਗ੍ਰੰਥ** ਚੋਰੀ ਕਰਨ ਲਈ ਅਤੇ ਠੱਗੀਆਂ ਮਾਰਨ ਲਈ ਉਤਸ਼ਾਹਿਤ ਕਰਦਾ ਹੈ ।
੮. **ਦਸਮ ਗ੍ਰੰਥ** ਪਤੀ ਪਤਨੀ ਦੇ ਪਵਿੱਤ੍ਰ ਰਿਸ਼ਤੇ ਨੂੰ ਸ਼ੱਕੀ ਬਣਾਉਂਦਾ ਹੈ ।
੯. **ਦਸਮ ਗ੍ਰੰਥ** ਸਮੁੱਚੀ ਔਰਤ ਜਾਤ ਨੂੰ ਦਬਾ ਕੇ ਰੱਖਣ ਦੀ ਦੁਹਾਈ ਦੇਂਦਾ ਹੈ ।
੧੦. **ਦਸਮ ਗ੍ਰੰਥ** ਔਰਤ ਨੂੰ ਕੁੱਟ ਕੇ ਕਾਬੂ ਚ ਰੱਖਣ ਲਈ ਕਹਿੰਦਾ ਹੈ ।
੧੧. **ਦਸਮ ਗ੍ਰੰਥ** ਦੂਜਿਆਂ ਦੇ ਘਰ ਲੁੱਟਣ ਦੀ ਪ੍ਰੇਰਨਾ ਦੇਂਦਾ ਹੈ ।

**ਦਸਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਸਿੱਖਿਆ ਦਾ ਵਿਰੋਧ ਕਰਦਾ ਹੈ ਅਤੇ ਪੁਰਾਣੇ ਰਾਹਾਂ ਨੂੰ ਮੁੜ ਉਸਾਰਦਾ ਹੈ :-**

੧. **ਦਸਮ ਗ੍ਰੰਥ** ਮੂਰਤੀ ਪੂਜਾ ਚ ਵਿਸ਼ਵਾਸ ਪੈਦਾ ਕਰਦਾ ਹੈ ।
੨. **ਦਸਮ ਗ੍ਰੰਥ** ਸਮੂਹ ਦੇਵੀ ਦੇਵਤਾਵਾਂ ਦੀ ਪੂਜਾ ਲਈ ਪ੍ਰੇਰਦਾ ਹੈ ।
੩. **ਦਸਮ ਗ੍ਰੰਥ** ਵੇਦਾਂ ਦਾ ਪਾਠ-ਪਰਾਣਾਂ ਅਤੇ ਸਿਮ੍ਰਤੀਆਂ ਦੇ ਪਾਠ ਪੂਜਾ ਲਈ ਜ਼ੋਰ ਦੇਂਦਾ ਹੈ ।
੪. **ਦਸਮ ਗ੍ਰੰਥ** ਤੀਰਥ ਇਸ਼ਨਾਨ ਕਰਨ ਨੂੰ ਕਹਿੰਦਾ ਹੈ ।
੫. **ਦਸਮ ਗ੍ਰੰਥ** ਅਕਾਲ ਪੁਰਖ ਨੂੰ ਨਹੀਂ ਬਲ ਕਿ ਕਾਲ ਪੁਰਖ ਨੂੰ ਮੰਨਦਾ ਹੈ ।
੬. **ਦਸਮ ਗ੍ਰੰਥ** ਰੱਬੀ ਹੋਂਦ ਤੋਂ ਮੁਨਕਰ ਹੈ ।
੭. **ਦਸਮ ਗ੍ਰੰਥ** ਕਬਰਾਂ ਦੀ ਪੂਜਾ ਕਰਨ ਨੂੰ ਕਹਿੰਦਾ ਹੈ ।
੮. **ਦਸਮ ਗ੍ਰੰਥ** ਜੁਗਾਂ ਚ ਵਿਸ਼ਵਾਸ ਪੈਦਾ ਕਰਦਾ ਹੈ ।
੯. **ਦਸਮ ਗ੍ਰੰਥ** ਭੂਤਾਂ ਪ੍ਰੇਤਾਂ ਦੀ ਹੋਂਦ ਨੂੰ ਸਵੀਕਾਰਦਾ ਹੈ ।
੧੦. **ਦਸਮ ਗ੍ਰੰਥ** ਬਲੀ ਦੇਣ ਨੂੰ ਪੁੰਨ ਸਮਝਦਾ ਹੈ ।
੧੧. **ਦਸਮ ਗ੍ਰੰਥ** ਹਵਨ ਤੇ ਜੱਗ ਕਰਾਉਣ ਲਈ ਪੁਕਾਰ ਕਰਦਾ ਹੈ ।

੧੨. ਸ੍ਰਿਸਟੀ ਰਚਨਾ ਬਾਰੇ **ਦਸਮ ਗ੍ਰੰਥ** ਦੀ ਸਿੱਖਿਆ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੋਂ ਬਿਲਕੁਲ ਉਲਟੀ ਹੈ।
੧੩. **ਦਸਮ ਗ੍ਰੰਥ** ਦਾਨ ਕਰਨ ਨੂੰ ਬੜੀ ਮਹਤੱਤਾ ਦੇਂਦਾ ਹੈ ।
੧੪. **ਦਸਮ ਗ੍ਰੰਥ** ਅਪਣੀ ਔਰਤ ਬਾਮ੍ਹਣ ਨੂੰ ਦਾਨ ਕਰਨ ਲਈ ਕਹਿੰਦਾ ਹੈ ।
੧੫. **ਦਸਮ ਗ੍ਰੰਥ** ਰੱਬ ਨੂੰ ਮਾਂ ਦੇ ਪੇਟ ਤੋਂ ਪੈਦਾ ਕਰਦਾ ਹੈ ।
੧੬. **ਦਸਮ ਗ੍ਰੰਥ** ਨੀਵੀਆਂ ਜਾਤਾਂ ਨੂੰ ਮਖੌਲ ਕਰਦਾ ਹੈ ।
੧੭. **ਦਸਮ ਗ੍ਰੰਥ** ਸਗਨਾਂ ਅਪਸਗਨਾਂ ਦਾ ਖੂਬ ਪ੍ਰਚਾਰ ਕਰਦਾ ਹੈ ।
੧੮. **ਦਸਮ ਗ੍ਰੰਥ** ਦੂਜਿਆਂ ਦੀਆਂ ਔਰਤਾਂ ਜਬਰਦਸਤੀ ਖੋਹ ਕੇ ਅਪਣੇ ਘਰ ਰੱਖਣ ਲਈ ਉਤਸ਼ਾਹਿਤ ਕਰਦਾ ਹੈ ।
੧੯. **ਦਸਮ ਗ੍ਰੰਥ** ਅਵਤਾਰਾਂ ਚ ਵਿਸ਼ਵਾਸ ਪੈਦਾ ਕਰਦਾ ਹੈ ।
੨੦. **ਦਸਮ ਗ੍ਰੰਥ** ਚ ਨਰਕ ਤੇ ਸਵਰਗ ਦੋਵੇਂ ਥਾਵਾਂ ਕਾਇਮ ਹਨ ।
੨੧. **ਦਸਮ ਗ੍ਰੰਥ** ਚ ਕਾਮ ਹੀ ਸਭ ਤੋਂ ਵੱਡੀ ਪ੍ਰਾਪਤੀ ਹੈ ।
੨੨. **ਦਸਮ ਗ੍ਰੰਥ** ਕੋਕ ਸਾਸਤ੍ਰ ਪੜ੍ਹਨ ਅਤੇ ਉਸ ਅਨੁਸਾਰ ਭੋਗ ਕਰਨ ਨੂੰ ਕਹਿੰਦਾ ਹੈ ।

**ਕੁੱਝ ਅਪਣੇ ਬਾਰੇ :**-ਮੈਂ ਪਹਿਲੀ ਜਨਵਰੀ 2003 ਨੂੰ ਦਸਮ ਗ੍ਰੰਥ ਬਾਰੇ ਲਿਖਣਾ ਸ਼ੁਰੂ ਕੀਤਾ । ਜਦ ਮੈਨੂੰ ਸਪੋਕਸਮੈਨ ਮੈਗਜੀਨ ਰਾਹੀਂ ਇਹ ਜਾਣਕਾਰੀ ਮਿਲੀ ਕਿ ਚੰਡੀਗੜ੍ਹ ਵਰਲਡ ਸਿੱਖ ਕੰਨਵੈਨਸ਼ਨ ਅਕਤੂਬਰ ਵਿੱਚ ਹੋਣ ਜਾ ਰਹੀ ਹੈ ਤਾਂ ਮੈਂ ਇਸ ਕੰਨਵੈਨਸ਼ਨ ਵਿੱਚ ਹਾਜ਼ਰੀ ਭਰਨ ਲਈ ਸਪੋਕਸਮੈਨ ਚ ਦਿੱਤੇ ਫਾਰਮ ਨੂੰ ਫੋਟੋ ਸਮੇਤ ਉਨ੍ਹਾਂ ਦੇ ਦਫਤਰ ਭੇਜ ਦਿੱਤਾ ਅਤੇ ਰਾਤ ਦਿਨ ਅਣਥੱਕ ਮਿਹਨਤ ਕਰ ਕੇ ਦਸਮ ਗ੍ਰੰਥ ਬਾਰੇ ਤਕੜੀ ਸਮੱਗ੍ਰੀ ਇਕੱਠੀ ਕਰ ਲਈ। ਮੇਰੀ ਇੱਛਾ ਸੀ ਕਿ ਮੈਂ ਸਰਬੱਤ ਖਾਲਸਾ ਸਮੇਲਨ ਦੀ ਸਟੇਜ ਤੋਂ ਅਪਣੇ ਵਿਚਾਰ ਰੱਖਾਂ । ਮੈਂ 1960 ਤੋਂ (ਬਾਲ ਉਮਰ ਤੋਂ ਲੈ ਕੇ ਅੱਜ ਤਾਂਈ) ਗੁਰੂ ਗ੍ਰੰਥ ਸਾਹਿਬ ਜੀ ਦੇ ਸਬਦਾਂ ਦੀ ਵਿਚਾਰ, ਕਵਿਤਾਵਾਂ ਤੇ ਲੈਕਚਰ ਨਿਸ਼ਕਾਮ ਰਹਿ ਕੇ ਸਿੱਖ ਸਟੇਜਾਂ ਤੋਂ ਕਰਦਾ ਆ ਰਿਹਾ ਹਾਂ। 16 ਅਕਤੂਬਰ 2003 ਨੂੰ ਮੈਂ ਚੰਡੀਗੜ੍ਹ, ਪਹੁੰਚ ਕੇ ਸਭ ਤੋਂ ਪਹਿਲਾਂ ਸਤਿਕਾਰ ਯੋਗ ਮੇਜਰ ਜਨਰਲ ਨਰਿੰਦਰ ਸਿੰਘ ਜੀ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਤੇ ਮਿਲਿਆ ਅਤੇ ਅਪਣੇ ਵੱਲੋਂ ਲਿਖੇ ਲੇਖ ਉਨ੍ਹਾਂ ਨੂੰ ਦਿਖਾਏ । ਮੇਜਰ ਸਾਹਿਬ ਝੱਟ ਹੀ ਮੈਨੂੰ ਅਪਣੀ ਕਾਰ ਤੇ ਸ੍ਰ: ਗੁਰਤੇਜ ਸਿੰਘ ਜੀ ਪ੍ਰੋਫੈਸਰ ਆਫ਼ ਸਿੱਖਇਜ਼ਮ ਦੇ ਕੋਲ ਲੈ ਗਏ ਜਿੱਥੇ ਕਈ ਪੁਰਾਣੇ ਮਿੱਤ੍ਰਾਂ (ਮਹਿੰਦਰ ਸਿੰਘ ਜੋਸ਼, ਕੰਵਰ ਮਹਿੰਦਰ ਪ੍ਰਤਾਪ ਸਿੰਘ ਤੇ ਗੁਰਚਰਨ ਸਿੰਘ ਗਰੋਵਰ) ਨੂੰ ਮਿਲ ਕੇ ਮਨ ਨੂੰ ਬੜੀ ਖੁਸ਼ੀ ਹੋਈ । ਮੈਂ ਅਪਣੇ ਵੱਲੋਂ ਲਿਖੇ ਲੇਖ ਸ੍ਰ: ਗੁਰਤੇਜ ਸਿੰਘ ਜੀ ਨੂੰ ਪੜ੍ਹਨ ਲਈ ਦਿੱਤੇ ਅਤੇ ਇਸੇ ਤਰ੍ਹਾਂ ਮੈਂ ਸ੍ਰ: ਜੋਗਿੰਦਰ ਸਿੰਘ ਜੀ ਸਪੋਕਸਮੈਨ ਨੂੰ ਲਿਖੇ ਗਏ ਸਾਰ ਅਤੇ ਲੇਖ ਦਿਖਾਏ । ਸ੍ਰ: ਜੋਗਿੰਦਰ ਸਿੰਘ ਨੇ ਕੁੱਝ ਪੰਨੇ ਹੋਰ ਲਿਖਣ ਦੀ ਸਲਾਹ ਦਿੱਤੀ ਜਦ ਕਿ ਗੁਰਤੇਜ ਸਿੰਘ ਜੀ ਨੇ ਮੇਰੇ ਵੱਲੋਂ ਲਿਖੇ ਗਏ ਤ੍ਰਿਯਾ ਚਰਿਤ੍ਰਾਂ ਦੇ ਸਾਰਾਂ ਨੂੰ ਹੋਰ ਵਿਸਥਾਰ ਦੇਣ ਲਈ ਕਿਹਾ, ਮੇਰੇ ਮਿਤ੍ਰ ਗੁਰਚਰਨ ਸਿੰਘ ਗਰੋਵਰ ਨੇ ਲੇਖਾਂ ਨੂੰ ਛੋਟੇ ਛੋਟੇ ਟ੍ਰੈਕਟਾਂ ਚ ਛਾਪਣ ਲਈ ਅਪਣੀ ਇੱਛਾ ਜ਼ਾਹਿਰ ਕੀਤੀ ਪਰ ਮੈਨੂੰ ਸ੍ਰ: ਗੁਰਤੇਜ ਸਿੰਘ ਜੀ ਅਤੇ ਸ੍ਰ: ਜੋਗਿੰਦਰ ਸਿੰਘ ਜੀ ਦੀ ਸਲਾਹ ਬਹੁਤ ਪਸੰਦ ਆਈ । ਮੈਂ ਸਰਬੱਤ ਖਾਲਸਾ ਸਮੇਲਨ ਵਿੱਚ ਸਭ ਤੋਂ ਆਖਿਰ ਚ ਪਰ ਸ੍ਰ: ਹਰਦੇਵ ਸਿੰਘ ਗਿੱਲ ਯੂ.ਐਸ.ਏ. ਤੋਂ ਪਹਿਲਾਂ ਬੋਲਿਆ । ਮੈਂ ਸਟੇਜ ਤੋਂ ਇਹ ਚੈਲਿੰਜ ਕਰ ਦਿੱਤਾ ਕਿ ਜੇਕਰ ਕੋਈ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਸਾਬਤ ਕਰ ਦੇਵੇ ਤਾਂ ਉਸ ਨੂੰ ਭਾਈ ਲਾਲੋ ਫਾਉਂਡੇਸ਼ਨ ਵੱਲੋਂ ਇਕ ਮਿਲੀਅਨ (ਦਸ ਲੱਖ) ਰੁਪਇਆ ਇਨਾਮ ਵੱਜੋਂ ਦਿੱਤਾ ਜਾਏਗਾ ਅਤੇ ਇਕ ਮਿਲੀਅਨ (ਦਸ ਲੱਖ) ਰੁਪਇਆ ਉਸ ਸੰਤ-ਸਾਧ ਨੂੰ ਦਿੱਤਾ ਜਾਏਗਾ ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਅਪਣੇ ਆਪ ਨੂੰ ਸੰਤ ਸੰਗਤਿ ਵਿੱਚ ਸਿੱਧ ਕਰ ਦੇਵੇ ।

ਇਸ ਤੋਂ ਬਾਦ 03-12-2003 ਨੂੰ ਮੋਹਾਲੀ ਫੇਜ 6 ਦੇ ਗੁਰਦੁਆਰਾ ਸਾਹਿਬ ਦੇ ਪਿੱਛੇ ਬਣੇ ਲੰਗਰ ਦੀ ਇਮਾਰਤ ਤੇ ਪਹਿਲੀ ਮੰਜਿਲ ਤੇ ਇਕ ਇਕੱਤ੍ਰਤਾ ਹੋਈ ਜਿਸ ਵਿੱਚ ਸ਼ਾਮਿਲ ਹੋਣ ਲਈ ਸ੍ਰ: ਮਹਿੰਦਰ ਸਿੰਘ ਜੀ ਜੋਸ਼ ਨੇ ਮੈਨੂੰ ਵੀ ਸੱਦ ਲਿਆ । ਇਸ ਇਕਤ੍ਰੱਤਾ ਵਿੱਚ ਵਿਸਵ ਸਿੱਖ ਬੁਲੇਟਿਨ ਦੇ ਸੰਪਾਦਿਕ ਸ੍ਰ: ਗੁਰਤੇਜ ਸਿੰਘ ਜੀ, ਕੰਵਰ ਮਹਿੰਦਰ ਪ੍ਰਤਾਪ ਸਿੰਘ ਜੀ, ਗਿਆਨੀ ਜਗਮੋਹਣ ਸਿੰਘ ਜੀ, ਸ੍ਰ: ਮਹਿੰਦਰ ਸਿੰਘ ਜੀ ਜੋਸ਼, ਸ੍ਰ: ਉਪਕਾਰ ਸਿੰਘ ਜੀ ਫਰੀਦਾਬਾਦ, ਸ੍ਰ: ਸੁਰਜੀਤ ਸਿੰਘ ਜੀ, ਸ੍ਰ: ਇੰਦਰ ਸਿੰਘ ਜੀ ਘੱਗਾ, ਸ੍ਰ: ਹਰਬੰਸ ਸਿੰਘ ਜੀ ਕਾਲਰਾ, ਦਮਦਲੀ ਟਕਸਾਲ ਦੇ ਮੁਖ ਬੁਲਾਰੇ ਅਤੇ ਖੰਡੇਧਾਰ ਦੇ ਸੰਪਾਦਕ ਭਾਈ ਮੋਹਕਮ ਸਿੰਘ ਜੀ, ਸ੍ਰ: ਸੁਖਦੇਵ ਸਿੰਘ ਜੀ ਤੋਂ ਇਲਾਵਾ ਕੁੱਝ ਹੋਰ ਪੰਥ ਦਰਦੀ ਜੁੜ ਬੈਠੇ ਸਨ ਜਿਸ ਵਿੱਚ ਮੁੱਖ ਵਿਸ਼ਾ ਦਸਮ ਗ੍ਰੰਥ ਹੀ ਸੀ। ਸ੍ਰ: ਇੰਦਰ ਸਿੰਘ ਜੀ ਘੱਗਾ ਭਾਈ ਮੋਹਕਮ ਸਿੰਘ ਜੀ ਪਾਸੋਂ ਦਸਮ ਗ੍ਰੰਥ ਬਾਰੇ ਸਪੱਸਟੀ-ਕਰਣ ਮੰਗਦੇ ਰਹੇ ਕਿ ਦਸਮ ਗ੍ਰੰਥ ਦੀ ਕਥਾ ਅਤੇ ਪ੍ਰਕਾਸ਼ ਦਮਦਮੀ ਟਕਸਾਲ ਚ ਕਿਉਂ ਕੀਤਾ ਜਾਂਦੀ ਹੈ ? ਉਹ ਅਪਣੇ ਸੁਭਾ ਜਾਂ ਜਥੇਬੰਦੀ ਦੀ ਰਣਨੀਤੀ ਦੇ ਦਬਾਓ ਜਾਂ ਝੁਕਾਓ ਕਾਰਨ ਗੱਲ ਗੋਲ ਮੋਲ ਕਰਦੇ ਰਹੇ ਤੇ ਆਖਰ ਕਹਿਣ ਲੱਗੇ ਕਿ ਅਸੀਂ ਰਾਗ ਮਾਲਾ-ਚੌਪਈ-ਸਸਤ੍ਰ ਨਾਮ ਮਾਲਾ ਪੁਰਾਣ ਚੌਬੀਸ ਅਵਤਾਰ ਤੇ ਗੱਲ ਕਰਨ ਨੂੰ ਤਿਆਰ ਨਹੀਂ । ਸ੍ਰ: ਗੁਰਤੇਜ ਸਿੰਘ ਜੀ ਨੇ ਦੱਖਲ ਦੇਂਦੇ ਹੋਏ ਕਿਹਾ ਕਿ ਤ੍ਰਿਯਾ ਚਰਿਤ੍ਰਾਂ

ਬਾਰੇ ਤੁਹਾਡੀ ਕੀ ਰਾਇ ਹੈ ? ਪਰਨੋਗ੍ਰਾਫੀ ਨੂੰ ਵੀ ਤੁਸੀਂ ਗੁਰਬਾਣੀ ਮੰਨਦੇ ਹੋ ? ਇੱਥੇ ਆ ਕੇ ਭਾਈ ਮੋਹਕਮ ਸਿੰਘ ਜੀ ਘਬਰਾ ਗਏ ਪਰ ਕਿਸੇ ਗੱਲ ਦਾ ਓਹ ਢੁਕਵਾਂ ਉੱਤਰ ਨਾ ਦੇ ਸਕੇ । ਮੈਂ ਪੂਰੇ ਠਰੰਮੇ ਨਾਲ ਸਭ ਦੀ ਵਿਚਾਰ ਸੁਣਨ ਤੋਂ ਬਾਦ ਆਖਿਆ ਕਿ ਜੇਕਰ ਗੁਰੂ ਗੋਬਿੰਦ ਸਿੰਘ ਜੀ ਦੀ ਕਿਸੇ ਰਚਨਾ ਨੂੰ (ਜੇਕਰ ਉਨ੍ਹਾਂ ਲਿਖੀ ਹੈ) ਕੋਕ ਸ਼ਾਸਤ੍ਰ ਜਾਂ ਕਾਮ ਸ਼ਾਸਤ੍ਰ ਨਾਲ ਨੱਥੀ ਕਰ ਕੇ ਉਸ ਅੱਗੇ ਮੱਥੇ ਟੇਕੇ ਤੇ ਟਿਕਵਾਏ ਜਾਣ ਕੀ ਇਹ ਸ਼ਰਮ ਦੀ ਗੱਲ ਨਹੀਂ ਹੋਏਗੀ ? ਸਭ ਨੇ ਮੇਰੀ ਇਸ ਗੱਲ ਦੀ ਪ੍ਰੋੜਤਾ ਕੀਤੀ । ਮੈਂ ਫਿਰ ਕਿਹਾ ਕਿ ਜੇਕਰ ਜਪੁ ਜੀ ਸਾਹਿਬ ਨੂੰ ਇਨ੍ਹਾਂ ਕਾਮ ਭਰਪੂਰ ਕਾਵਿ ਰਚਨਾਵਾਂ ਨਾਲ ਨੱਥੀ ਕਰ ਕੇ ਕਿਹਾ ਜਾਏ ਕਿ ਇਹ ਤੁਹਾਡਾ ਗ੍ਰੰਥ ਹੈ ਤਾਂ ਕੀ ਸ਼ਰਮਨਾਕ ਨਹੀਂ ਹੋਏਗਾ ? ਫਿਰ ਸਭ ਨੇ ਹਾਂ ਚ ਸਹਿਮਤੀ ਪ੍ਰਗਟਾਈ । ਇਕੱਤ੍ਰਤਾ ਦੀ ਸਮਾਪਤੀ ਤੋਂ ਪਹਿਲਾਂ ਮੈਂ ਸਭ ਵਿਦਵਾਨ ਵੀਰਾਂ ਨੂੰ ਬੇਨਤੀ ਕੀਤੀ ਕਿ ਓਹ ਪੇਂਡੂ ਵੀਰਾਂ ਨੂੰ ਅਨਪੜ੍ਹ ਨਾ ਸਮਝਣ ਬਲਕਿ ਅਪਣੇ ਪ੍ਰਚਾਰ ਕਰਨ ਦੇ ਤੌਰ ਤਰੀਕੇ ਅਤੇ ਬੋਲੀ ਨੂੰ ਪੇਂਡੂ ਸੁਭਾਓ ਅਨਸਾਰ ਢਾਲਣ ।

ਮੈਂ 23.12.2003 ਨੂੰ ਵਾਪਿਸ ਦੁਬਈ ਪੁੱਜਾ । ਇਕ ਹਫਤਾ ਪਹਾੜ ਜਿੱਡੇ ਕਾਰਜ ਨੂੰ ਸਫਲ ਬਣਾਉਣ ਹਿੱਤ ਮੈਂ ਸੋਚਾਂ ਸੋਚਦਾ ਰਿਹਾ । ਮੈਂ ਗੁਰੂਦੁਆਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖੜੇ ਹੋ ਕੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਮੈਨੂੰ ਸੱਚ ਲਿਖਣ ਅਤੇ ਬੋਲਣ ਲਈ ਬਿਬੇਕ ਬੁੱਧੀ ਦੇਣੀ ਤਾਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲਿਆਂ ਅਤੇ ਸਿੱਖ ਕੌਮ ਨੂੰ ਬੁੱਧੂ ਬਨਾਣ ਵਾਲਿਆਂ ਦੇ ਚੇਹਰੇ ਨੰਗੇ ਕਰ ਕੇ ਗੁਰੂ ਜੀ ਦੀ ਸਹੀ ਦਿਖ ਪੇਸ਼ ਕਰ ਸਕਾਂ । ਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਮੈਂ ਪਹਿਲੀ ਜਨਵਰੀ 2004 ਨੂੰ ਦਸਮ ਗ੍ਰੰਥ ਦੇ ਤ੍ਰਿਯ ਚਰਿਤ੍ਰਾਂ ਦੇ ਦੁਬਾਰਾ ਤੋਂ ਸਾਰ ਲਿਖਣੇ ਸ਼ੁਰੂ ਕਰ ਦਿੱਤੇ । ਸਾਰ ਲਿਖਦਿਆਂ ਅਨੇਕਾਂ ਵਾਰ ਮੈਂ ਅਪਣੇ ਆਪ ਵਿੱਚ ਹੀ ਸ਼ਰਮ ਮਹਿਸੂਸ ਕਰਦਾ ਕਿ ਮੇਰੇ ਬਾਰੇ ਸਮਾਜ ਕੀ ਸੋਚੇਗਾ ? ਰਿਸ਼ਤੇਦਾਰ ਕੀ ਕਹਿਣਗੇ ? ਮੇਰੇ ਅਪਣੇ ਬੱਚੇ ਕੀ ਆਖਣਗੇ ਕਿ ਪਿਓ ਨੇ ਕਿਹੜਾ ਵਿਸ਼ਾ ਚੁਣਿਆ ਹੈ ? ਦੂਜੇ ਪਾਸੇ ਮੇਰੀ ਜਾਗ੍ਰਦੀ ਜ਼ਮੀਰ ਰਾਤ ਦਿਨ ਮੈਨੂੰ ਹੁੱਜਾਂ ਮਾਰਦੀ ਕਿ ਜਸਬਿੰਦਰ ਸਿੰਘ ਜੇ ਗੁਰੂ ਨੂੰ ਛੁਪਾਏਂਗਾ ਅਤੇ ਪੰਥ ਵਿਰੋਧੀਆਂ ਦੇ ਟੋਲੇ ਚ ਰਲੇਂਗਾ ਤਾਂ ਤੇਰੇ ਤੋਂ ਨਿਕੰਮਾ ਮਨੁੱਖ ਹੋਰ ਕੋਈ ਨਹੀਂ ਜੰਮਣਾ । ਕਈ ਵਾਰ ਭਾਵੁਕ ਹੋ ਕੇ ਮੈਂ ਭੁੱਬਾਂ ਮਾਰ ਕੇ ਇਕੱਲਾ ਬਹਿ ਕੇ ਰੋਇਆ । ਮੇਰੇ ਸਾਮ੍ਹਣੇ ਹੁਣ ਦੋ ਹੀ ਰਸਤੇ ਸਨ, ਇਕ ਇਹ ਕਿ ਮੈਂ ਬਾਕੀ ਵਿਦਵਾਨਾਂ ਦੀ ਤਰ੍ਹਾਂ ਸਮਾਜ ਦੀ ਸ਼ਰਮ ਤੋਂ ਡਰ ਕੇ ਚੁੱਪ ਕਰ ਜਾਵਾਂ ਤੇ ਦੂਜਾ ਗੁਰੂ ਦੇ ਹੋ ਰਹੇ ਅਤੇ ਕੀਤੇ ਜਾ ਰਹੇ ਅਪਮਾਨ ਨੂੰ ਜੱਗ ਜਾਹਿਰ ਕਰ ਦੇਵਾਂ । ਮੈਂ ਦੂਜੇ ਰਸਤੇ ਨੂੰ ਚੁਣਨ ਦਾ ਫੈਸਲਾ ਕਰ ਲਿਆ । ਮੈਨੂੰ ਦੁਬਈ ਅਪਣੇ ਨਿੱਘੇ ਮਿੱਤ੍ਰਾਂ ਤੇ ਬੜਾ ਮਾਣ ਹੈ । ਮੈਂ ਅਪਣੇ ਮਨ ਦੀ ਅਵਸੱਥਾ ਉਨ੍ਹਾਂ ਅੱਗੇ ਜ਼ਾਹਿਰ ਕਰ ਦਿੱਤੀ । ਮੇਰੇ ਮਿਤ੍ਰ ਰੂਪ ਛੋਟੇ ਵੀਰ ਸ੍ਰ: ਸਤਜੀਤ ਸਿੰਘ ਸ਼ਾਰਜਾ ਵਾਲਿਆਂ ਨੇ ਮੇਰੀ ਹਰ ਲਿਖਤ ਨੂੰ ਕੰਪਿਯੂਟਰ ਤੇ ਪੂਰੀ ਲਗਨ ਅਤੇ ਤਨ ਦੇਹੀ ਨਾਲ ਛਾਪਣਾ ਸੁਰੂ ਕਰ ਦਿੱਤਾ । ਪਰਮ ਪਿਆਰੇ ਮਿੱਤ੍ਰ ਸ੍ਰ: ਪ੍ਰਭਜੀਤ ਸਿੰਘ ਜੀ ਧਵਨ ਨੇ ਮੈਨੂੰ ਹਰ ਪੱਲ ਹੱਲਾ ਸ਼ੇਰੀ ਦਿੱਤੀ ਅਤੇ ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ । ਸ੍ਰ: ਰਘਬੀਰ ਸਿੰਘ ਜੀ ਅਲਾਇਨ (ਯੂ.ਏ.ਈ.) ਨੇ ਜਿੱਥੇ ਇਸ ਪੁਸਤਕ ਨੂੰ ਸਫਲ ਹੋਣ ਲਈ ਦੁਆਵਾਂ ਦਿੱਤੀਆਂ ਉੱਥੇ ਅਪਣਾ ਬਣਦਾ ਯੋਗਦਾਨ ਵੀ ਦਿੱਤਾ । ਮੈਂ ਯੂ.ਏ.ਈ. ਦੇ ਸਮੂਹ ਗੁਰਸਿੱਖਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਹਰ ਸਮੇਂ ਮੈਨੂੰ ਸਲਾਹਿਆ ਅਤੇ ਹੱਲਾਸ਼ੇਰੀ ਦਿੱਤੀ ।

ਅੱਜ 22 ਅਪ੍ਰੈਲ 2004 ਦਿਨ ਵੀਰਵਾਰ ਵੈਸਾਖ ਸੁਦੀ ਨੂੰ ਦਸਮ ਗ੍ਰੰਥ ਦੇ ਪਹਿਲੇ ਪੜਾ ਨੂੰ ਸੰਪੂਰਣ ਕਰ ਕੇ ਮੈਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ । ਸਮੂਹ ਵਿਦਵਾਨਾਂ ਅਤੇ ਸਮੂਹ ਤਖਤਾਂ ਅਥਵਾ ਤਿੰਨੋ ਯੁਨੀਵਰਸਿਟੀਆਂ ਤੇ ਇਸ ਲਿਖਤ ਨੂੰ ਨਜ਼ਰਸਾਨੀ ਕਰਾਣ ਤੋਂ ਬਾਦ ਪੁਸਤਕ ਰੂਪ ਵਿੱਚ ਛਪਵਾ ਕੇ ਮੈਨੂੰ ਹੋਰ ਵੀ ਖੁਸ਼ੀ ਹੋ ਰਹੀ ਹੈ । ਮੈਂ ਇਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਇਆ ਹਾਂ ਜੋ ਚੰਡੀਗੜ੍ਹ ਰੋਪੜ ਸ਼ਾਹੀ ਸੜਕ ਦੇ ਕੰਢੇ ਵੱਸਦਾ ਹੈ । ਮੈਂ ਪਿੰਡ ਦੇ ਸਰਕਾਰੀ ਸਕੂਲ ਵਿਚੋਂ ਹੀ ਮੁਢਲੀ ਵਿੱਦਿਆ ਗ੍ਰਹਿਣ ਕੀਤੀ ਹੈ । ਮੇਰੀ ਬੋਲੀ ਅਤੇ ਲਿਖਤ ਬਿਲਕੁਲ ਪੇਂਡੂ ਹੈ ਜਿਸ ਤੇ ਮੈਨੂੰ ਬੜਾ ਮਾਣ ਹੈ । ਮੈਂ ਅਪਣੀ ਇਸ ਪੁਸਤਕ ਵਿੱਚ ਇਲਾਕੇ ਦੀ ਬੋਲੀ ਜਾਂਦੀ ਬੋਲੀ ਨੂੰ ਹੀ ਵਧੇਰੇ ਵਰਤਿਆ ਹੈ । ਜੇਕਰ ਸਰਲ ਅਤੇ ਸਾਦੀ ਬੋਲੀ ਨਾਲ ਕਿਸੇ ਦੇ ਮਨ ਨੂੰ ਤਕਲੀਫ਼ ਪਹੁੰਚੇ ਤਾਂ ਮੈਨੂੰ ਇਕ ਪੇਂਡੂ ਵੀਰ ਜਾਣ ਕੇ ਮੁਆਫ ਕਰ ਦੇਣਾ । ਤੁਹਾਡੇ ਵਡ ਮੁੱਲੇ ਵਿਚਾਰਾਂ ਦੀ ਮੈਂ ਉਡੀਕ ਕਰਾਂਗਾ ਜਿਹੜੇ ਵੀਰ ਮੇਰਾ ਵਿਰੋਧ ਗਿਆਨ ਦੇ ਅਦਾਰ ਤੇ ਕਰਨਗੇ ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹੋਵਾਂਗਾ ਤੇ ਜਿਹੜੀ ਮੇਰੀ ਲਿਖਤ ਨੂੰ ਸਲਾਹੁਣਗੇ ਉਨ੍ਹਾਂ ਦਾ ਵੀ ਰਿਣੀ ਹੋਵਾਂਗਾ ।

ਦਾਸਨ ਦਾਸ ;

ਜਸਬਿੰਦਰ ਸਿੰਘ ਖਾਲਸਾ
ਮੁਖ ਸੇਵਾਦਾਰ
ਭਾਈ ਲਾਲੋ ਫਾਉਂਡੇਸ਼ਨ

ਮੇਰਾ ਪਤਾ ;
Jasbinder Singh Khalsa
Ludas
P. O. Box # 50237
Dubai (U. A. E.)

## ੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

*ਸ੍ਰੀ ਭਗਉਤੀ ਜੀ ਸਹਾਇ ॥*
*ਅਥ ਪਖ੍ਯਾਨ ਚਰਿਤ੍ਰ ਲਿਖ੍ਯਤੇ*
*ਪਾਤਿਸ਼ਾਹੀ ੧੦ ॥*

### ਪਾਤਰ : ਸ੍ਰੀ ਭਗਉਤੀ ਕਵੀ ਰਾਮ

ਦਸਮ ਗ੍ਰੰਥ ਦਾ ਮੁਖ ਲੇਖਕ ਕਵੀ ਰਾਮ ਅਪਣੇ ਇਸ਼ਟ ਸ੍ਰੀ ਭਗਉਤੀ ਦੀ ਦਿਲ ਖੋਲ੍ਹ ਕੇ ਉਸਤਤ ਕਰਦਾ ਹੈ । ਉਹ ਕਹਿੰਦਾ ਹੈ ਕਿ ਹੇ ਭਗਉਤੀ ਮੇਰੇ ਲਈ ਤੂੰਹੀ ਖੜਗਧਾਰੀ ਅਤੇ ਬਾਢਵਾਰੀ ਹੈ । ਮੈਂ ਤੈਨੂੰ ਹੀ ਤੀਰ-ਤਲਵਾਰ ਤੇ ਕਾਤੀ-ਕਟਾਰੀ ਮੰਨਦਾ ਹਾਂ। ਤੇਰੇ ਵਿੱਚ ਹੀ ਮੈਂ ਹੱਲਬੀ-ਜੁਨੱਬੀ ਤੱਕਦਾ ਹਾਂ। ਜਿੱਧਰ ਭੀ ਮੈਂ ਤੈਨੂੰ ਤੱਕਣ ਦੀ ਕੋਸ਼ਿਸ਼ ਕਰਦਾ ਹਾਂ ਉੱਧਰ ਹੀ ਤੂੰ ਮੈਨੂੰ ਖੜੀ ਨਜ਼ਰ ਆਉਂਦੀ ਹੈਂ । ਜੋਗ ਮਾਯਾ ਅਤੇ ਬਾਕਬਾਨੀ (ਸੁਰਸਵਤੀ) ਰੂਪਾ ਤੇ ਸ੍ਰੀ ਭਵਾਨੀ ਸਭ ਤੇਰੇ ਹੀ ਤਾਂ ਰੂਪ ਹਨ । ਸੱਚ ਪੁੱਛੋ ਤਾਂ ਬਿਸ਼ਨ-ਬ੍ਰਹਮਾ ਤੇ ਰੁਦ੍ਰ ਰਾਜੇ ਵਿੱਚ ਭੀ ਤੂੰ ਹੀ ਨਜ਼ਰ ਆਉਂਦੀ ਹੈਂ । ਮੈਨੂੰ ਯਕੀਨ ਹੈ ਕਿ ਤੂੰ ਬਿਸ੍ਵਮਾਤਾ ਹੈਂ ਤੇ ਸਭ ਥਾਈਂ ਤੂੰ ਬਿਰਾਜਦੀ ਹੈਂ । ਦੇਵਤੇ ਤੇ ਦੈਂਤ ਤੇਰੇ ਹੀ ਤਾਂ ਪੈਦਾ ਕੀਤੇ ਹਨ । ਤੁਰਕ ਤੇ ਹਿੰਦੂ ਭੀ ਤੂੰ ਹੀ ਸੰਸਾਰ ਵਿੱਚ ਪੈਦਾ ਕੀਤੇ । ਤੇਰਾ ਡਰਾਉਣਾ ਰੂਪ ਅਤੇ ਅੰਤਾਂ ਦੀ ਸੁੰਦਰਤਾ ਬਿਆਨੋ ਬਾਹਰ ਹੈ । ਅਪਣੇ ਮੁੱਖ ਤੋਂ ਚਾਰੋਂ ਬੇਦ ਤੇਰੇ ਹੀ ਤਾਂ ਉਚਾਰਣ ਕੀਤੇ ਹਨ ।

(ਇਹ ਵੱਖਰੀ ਗੱਲ ਹੈ ਕਿ ਹਿੰਦੂ ਧਰਮ ਵੇਦਾਂ ਦਾ ਰਚਾਇਤਾ ਬ੍ਰਹਮਾ ਨੂੰ ਮੰਨਦਾ ਹੈ ਪਰ ਕਵੀ ਰਾਮ ਸ੍ਰੀ ਭਗਉਤੀ ਨੂੰ)

ਤੇਰੀ ਬਹਾਦਰੀ ਦਾ ਲੇਖਾ ਜੋਖਾ ਨਹੀਂ ਹੋ ਸਕਦਾ । ਤੂੰ ਹੀ ਸੁੰਭ-ਨਿਸੁੰਭ ਦੈਤਾਂ ਨੂੰ ਮਾਰਿਆ । ਨਰਸਿੰਘ ਦਾ ਰੂਪ ਧਾਰ ਕੇ ਤੂੰ ਹਰਨਾਖਸ ਨੂੰ ਮਾਰਿਆ।ਦਾੜ੍ਹ ਦੈਂਤ ਨੂੰ ਮਾਰਨਵਾਲੀ ਭੀ ਤੂੰ ਤੇ ਰਾਮ ਦਾ ਅਵਤਾਰ ਲੈ ਕੇ ਹਠੀ (ਰਾਵਣ) ਮਾਰਨ ਵਾਲੀ ਭੀ ਤੂੰ। ਫਿਰ ਕ੍ਰਿਸ਼ਨ ਦਾ ਰੂਪ ਧਾਰ ਕੇ ਕੰਸ ਨੂੰ ਖਪਾਯਾ । ਤੈਨੂੰ ਲੋਕ ਜਾਲਪਾ ਤੇ ਕਾਲਕਾ ਭੀ ਆਖਦੇ ਹਨ । ਚੌਦਾਂ ਲੋਕਾਂ ਵਿੱਚ ਤੇਰਾ ਹੀ ਰਾਜ ਹੈ । ਤੂੰ ਪੈਦਾ ਕਰਨ ਵਾਲੀ ਹੈਂ ਅਤੇ ਮਾਰਨ ਵਾਲੀ ਕਾਲ ਦੀ ਰਾਤ ਲੈ ਕੇ ਘੁੰਮਦੀ ਹੈਂ। ਤੈਨੂੰ ਲੋਕ ਉਗ੍ਰਾ ਅਤੇ ਅਤਿਉਗ੍ਰਾ ਦੇ ਰੂਪ ਵਿੱਚ ਭੀ ਜਾਣਦੇ ਹਨ ਤੇ ਤੈਨੂੰ ਚੌਦਾਂ ਲੋਕਾਂ ਦੀ ਰਾਣੀ ਆਖਦੇ ਹਨ ਰਾਜੇਸ਼ਵਰੀ ਦੇ ਸਰੂਪ ਚੋਂ ਹੁੰਦੀ ਹੋਈ ਤੂੰ ਬਿਯਾਸ ਦੀ ਬਾਣੀ (ਪੁਰਾਣਾਂ) ਵਿੱਚ ਛੁੱਪੀ ਹੈਂ। ਕਦੇ ਸ਼ੇਸਨਾਗ ਦੇ ਫਣ ਤੇ ਤੂੰ ਸੇਜ ਵਿਛਾਈ ਤੇ ਕਦੇ ਸ਼ੇਰ ਦੀ ਸਵਾਰੀ ਕੀਤੀ । ਚੰਡ ਅਤੇ ਮੁੰਡ ਦੈਂਤਾਂ ਨੂੰ ਖਪਾਉਣ ਵਾਲੀ ਤੇ ਰਕਤਬੀਜ ਨਾਲ ਜੁੱਧ ਕਰਨ ਵਾਲੀ ਭੀ ਤੂੰ ਹੀ ਹੈਂ । ਮਹਿਖਾਸੁਰ-ਧੁਮ੍ਰਾਛ-ਜਵਾਲਾਛਸ ਦੈਂਤਾਂ ਨੂੰ ਖਪਾਯਾ। ਕੌਚ-ਬਕ੍ਰਤਾਪ-ਬਿਡਾਲਾਛ-ਚਿੱਛੁਰਾਛਸ ਤੋਂ ਰੱਖਿਆ ਕੀਤੀ। ਡੌਰੂ ਬਜਾਣ ਵਾਲੀ ਭੀ ਤੂੰ ਹੀ ਹੈਂ । ਲੋਕੀਂ ਤੈਨੂੰ ਜਯੰਤੀ-ਮੰਗਲਾ-ਕਪਾਲਿਨ ਤੇ ਭੱਦ੍ਰਕਾਲੀ ਭੀ ਕਹਿੰਦੇ ਹਨ ਤੇ ਦੁਰਗਾ ਅਤੇ ਸਿਵ ਜੀ ਦਾ ਰੂਪ ਭੀ ਤੇਰਾ ਹੀ ਗਿਣਦੇ ਹਨ । ਹੇ ਸ੍ਰੀ ਭਗਉਤੀ ਮੈ ਤੈਨੂੰ ਨਮਸਕਾਰ ਕਰਦਾ ਹਾਂ ।

ਸਵੇਰ ਤੋਂ ਸ਼ਾਮ ਤੱਕ ਤੂੰ ਲਾਲ ਬਸਤ੍ਰ ਧਾਰਣ ਕਰਦੀ ਹੈਂ ਤੇ ਤੇਰੇ ਗਲੇ ਵਿੱਚ ਮੁਰਦਿਆਂ ਦੀਆਂ ਖੋਪੜੀਆਂ ਦਾ ਹਾਰ ਹੈ।ਤੂੰ ਮੱਛ ਦਾ ਰੂਪ ਧਾਰਿਆ ਤੇ ਕੱਛ ਦਾ ਰੂਪ ਹੋ ਕੇ ਸਮੁੰਦ੍ਰ ਨੂੰ ਰਿੜਕਿਆ। ਨਿਹਕਲੰਕੀ ਦੇ ਰੂਪ ਵਿੱਚ ਸਭ ਮਲੇਛਾਂ ਦਾ ਨਾਸ ਕੀਤਾ।ਹੇ ਮਾਂ (ਸ੍ਰੀ ਭਗਾਉਤੀ) ਅਪਣਾ ਚੇਲਾ ਜਾਣ ਕੇ ਮੇਰੇ ਤੇ ਮੇਹਰ ਕਰਨੀ ਅਤੇ ਜੋ ਮੇਰੇ ਚਿੱਤ ਵਿੱਚ ਹੈ ਉਹ ਮੈਨੂੰ ਦੇਣਾ ।

ਕਵੀ ਰਾਮ ਅਪਣੇ ਇਸ਼ਟ ਸ੍ਰੀ ਭਗਉਤੀ ਦੀ ਉਸਤਤ ਇਨ੍ਹਾਂ ਸਬਦਾਂ ਵਿੱਚ ਕਰਦਾ ਹੈ :-

ਦਿਲ ਤਾਂ ਚਾਹੁੰਦਾ ਹੈ ਕਿ ਅਨਤਰਿਆਂ ਹੀ ਸਿੰਧ ਨੂੰ ਤਰ ਕੇ ਪਾਰ ਕਰ ਜਾਂਵਾਂ ਪਰ ਬਿਨਾ ਨੌਕਾ (ਬੇੜੀ) ਦੇ ਕਿਵੇਂ ਤਰਿਆ ਜਾਏ । ਮੈਂ ਤਾਂ ਤੇਰਾ ਹੀ ਨਾਂ ਧਿਆਉਂਦਾ ਹਾਂ । ਗੂੰਗਾ ਤੇਰੀ ਕ੍ਰਿਪਾ ਨਾਲ ਅਪਣੇ ਮੂੰਹ ਤੋਂ ਖਟ ਸ਼ਾਸਤ੍ਰਾਂ ਨੂੰ ਸੁਣਾ ਸਕਦਾ ਹੈ ਤੇ ਪਿੰਗਲਾ ਪਰਬਤਾਂ ਤੇ ਚੜ੍ਹ ਸਕਦਾ ਹੈ । ਅੰਨ੍ਹਿਆਂ ਨੂੰ ਅੱਖਾਂ ਮਿਲ ਜਾਂਦੀਆਂ ਹਨ ਤੇ ਬੋਲੇ ਸੁਣਨ ਲਗ ਜਾਂਦੇ ਹਨ । ਤਰਬੂਜ ਤੇ ਔਰਤ ਦੇ ਗਰਭ ਦਾ ਕੋਈ ਭੇਦ ਨਹੀਂ ਪਾ ਸਕਦਾ। ਜੇਕਰ ਤੇਰੀ ਕ੍ਰਿਪਾ ਹੋ ਜਾਏ ਤਾਂ ਕੁੱਛ ਕੁੱਛ ਜੋੜ ਤੋੜ ਕੇ ਦੱਸ ਸਕਦਾ ਹਾਂ। ਪਹਿਲਾਂ ਮੈਂ ਤੇਰੀ ਅਰਾਧਨਾ ਕਰਦਾ ਹਾਂ ਅਪਣੇ ਬਲ ਅਤੇ ਬੁੱਧੀ ਅਨੁਸਾਰ ਜੋ ਤੂੰ ਮੈਨੂੰ ਦਿੱਤੀ ਹੈ।ਡਰਦਾ ਹਾਂ ਕਿ ਘੱਟ ਕਵਿਤਾ ਲਿਖੀ ਜਾਣ ਤੇ ਮੇਰਾ ਕੋਈ ਹਾਸਾ ਹੀ ਨਾ ਉਡਾਏ। ਇਸੇ ਲਈ ਮੈਂ ਤ੍ਰਿਯਾ ਪ੍ਰਸੰਗ ਵਰਨਣ ਕਰਨ ਲਈ ਪਹਿਲਾਂ ਸ੍ਰੀ ਭਗਉਤੀ ਦੀ ਅਰਾਧਨਾ ਕੀਤੀ ਹੈ ਮੇਰੇ ਹਿਰਦੇ ਵਿੱਚ ਤੂੰ ਨਦੀ ਸਮਾਨ ਹੈਂ ਤੇ ਲਹਿਰਾਂ ਬਣ ਬਣ ਪ੍ਰਗਟ ਹੋਣਾ ।

ਮੇਰੇ ਘਾਹ ਸਮਾਨ ਤੇ ਮੇਹਰ ਕਰਨੀ। ਹੇ ਗਰੀਬ ਨਿਵਾਜ (ਸ੍ਰੀ ਭਗਾਉਤੀ) ਤੇਰੇ ਤੋਂ ਬਿਨਾ ਮੇਰਾ ਹੋਰ ਕੋਈ ਨਹੀਂ । ਹੇ ਪ੍ਰਭੂ ਮੇਰੀਆਂ ਭੁੱਲਾਂ ਮੁਆਫ ਕਰ ਦੇਣੀਆਂ । ਮੈਂ ਅਪਣੇ ਆਪ ਨੂੰ ਭੁੱਲਣਹਾਰ ਕਬੂਲਦਾ ਹਾਂ । ਜੋ ਤੇਰੀ ਸੇਵਾ ਕਰਦੇ ਹਨ ਉਨ੍ਹਾਂ ਦੇ ਛਿਨ ਮਾਤਰ ਵਿੱਚ ਧੰਨ ਦੇ ਭੰਡਾਰ ਭਰ ਦੇਂਦਾ ਹੈਂ ।

*ਦੋਹਰਾ ॥ ਅਨਤਰਿਯਾ ਜਯੋਂ ਸਿੰਧੁ ਕੋ ਚਹਤ ਤਰਨ ਕਰਿ ਜਾਉਂ ॥*
*ਬਿਨੁ ਨੌਕਾ ਕੈਸੇ ਤਰੈ ਲਏ ਤਿਹਾਰੋ ਨਾਉਂ ॥੪੨॥*
*ਮੂਕ ਉਚਰੈ ਸ਼ਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ ॥*
*ਅੰਧ ਲਖੈ ਬਧਰੋ ਸੁਨੈ ਜੌ ਤੁਮ ਕਰੋ ਸਹਾਇ ॥੪੩॥*
*ਅਰਘਗਰਭ ਨ੍ਰਿਪ ਤ੍ਰਿਯਨ ਕੋ ਭੇਦ ਨ ਪਾਯੋ ਜਾਇ ॥*
*ਤਉ ਤਿਹਾਰੀ ਕ੍ਰਿਪਾ ਤੇ ਕਛੁ ਕਛੁ ਕਹੋ ਬਨਾਇ ॥੪੪॥*
*ਪ੍ਰਥਮ ਮਾਨਿ ਤੁਮ ਕੋ ਕਹੋ ਜਥਾ ਬੁੱਧਿ ਬਲੁ ਹੋਇ ॥*
*ਘਟਿ ਕਬਿਤਾ ਲਖਿਕੈ ਕਬਹਿ ਹਾਸ ਨ ਕਰਿਯਹੁ ਕੋਇ ॥੪੫॥*
*ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌ ਤ੍ਰਿਯਾ ਪ੍ਰਸੰਗ ॥*
*ਮੋ ਘਟ ਮੈ ਤੁਮ ਹਵੈ ਨਦੀ ਉਪਜਹੁ ਬਾਕ ਤਰੰਗ ॥੪੬॥*
*ਸਵੈਯਾ ॥ ਮੇਰ ਕਿਯੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋਸੋਂ ॥*
*ਭੂਲ ਛਿਮੋ ਹਮਰੀ ਪ੍ਰਭੁ ਆਪਨ ਭੂਲਨਹਾਰ ਕਹੂੰ ਕੋਊ ਮੋਸੌ ॥*
*ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈ ਧਨ ਲਾਗਤ ਧਾਮ ਭਰੋਸੋ ॥*
*ਯਾ ਕਲਿ ਮੈ ਸਭ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੪੭॥*
*ਇਤੀ ਸ੍ਰੀ ਚਰਿਤ੍ਰ ਪਖਯਾਨੇ ਚੰਡੀ ਚਰਿਤ੍ਰੇ ਪ੍ਰਥਮ ਧਯਾਇ ਸਮਾਪਤਮ ਸਤੁ ਸੁਭਮ ਸਤੁ ॥੧॥੪੮॥ਅਪਜੂੰ॥*

ਕਵੀ ਰਾਮ ਦੁਆਰਾ ਸ੍ਰੀ ਭਗਾਉਤੀ ਦੀ ਉਸਤਤ ਵਿੱਚ ਲਿਖਿਆ ਇਹ ਮੰਗਲਾ ਚਰਨ ਹੈ । ਹਰ ਲੇਖਕ ਅਪਣੀ ਸਫਲਤਾ ਜਾਂ ਅਪਣੀ ਰਚਨਾਂ ਦੇ ਸੰਪੂਰਣ ਹੋ ਜਾਣ ਲਈ ਜੋਦੜੀ ਕਰਦਾ ਆਇਆ ਤੱਕੀਦਾ ਹੈ। ਕਵੀ ਰਾਮ ਦੀ ਇਸ ਰਚਨਾ ਤੇ ਪਾਤਸ਼ਾਹੀ ੧੦ ਲਿਖਣਾ ਸੰਪਾਦਕ ਅਤੇ ਸੋਧ ਕਮੇਟੀ ਦੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਉਪਜੀ ਘ੍ਰਿਣਾ ਪ੍ਰਤੱਖ ਜਾਹਿਰ ਕਰਦੀ ਹੈ।

੧੪੬੯ ਈਸਵੀ ਵਿੱਚ ਪ੍ਰਗਟ ਹੋਈ ਸਿੱਖ ਕੌਮ ਨੇ ੨੩੯ ਸਾਲ ਦਾ ਲੰਮਾ ਪੈਂਡਾ ਤਹਿ ਕਰਦਿਆਂ ੧੭੦੮ ਈਸਵੀ ਤੱਕ ਸਮੁੱਚੀ ਦੁਨੀਆਂ ਵਿੱਚ ਅਪਣੀ ਵੱਖਰੀ ਪਹਿਚਾਣ ਤੇ ਹੋਂਦ ਪ੍ਰਗਟ ਕਰ ਦਿੱਤੀ ਸੀ ਜਿਸ ਕੌਮ ਦੇ ਗੁਰੂ ਰੂਪ ਵਿੱਚ ਮੁੱਖ ਆਗੂ ਗੁਰੂ ਗੋਬਿੰਦ ਸਿੰਘ ਜੀ ਹੋਣ ਕੀ ਉਸ ਗੁਰੂ ਨੂੰ ਸਿੱਖ ਕੌਮ ਬਾਰੇ ਜਾਣਕਾਰੀ ਨਹੀਂ ਸੀ ਜਾਂ ਉਹ ਸਿੱਖਾਂ ਨੂੰ ਹਿੰਦੂ ਹੀ ਗਿਣਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰ ਬਿੰਦ ਤੋਂ ਇਹ ਅਖਵਾਉਣਾ ਕਿ :-

*ਤੁਹੀ ਦੇਵ ਤੁੰ ਦੈਤ ਤੈ ਜਛ ਉਪਾਏ ॥ ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ ॥*
*ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸ਼ਟਿ ਮਾਂਹੀ ॥ ਤੁਹੀ ਬਕ੍ਰਤ ਤੇ ਬ੍ਰਹਮ ਬਾਦੋ ਬਕਾਹੀ ॥੩॥*
ਚੰਡੀ ਚਰਿਤ੍ਰੇ ਪ੍ਰਥਮ ਧਯਾਇ ॥੧॥ (ਪੰਨਾ ੮੦੯)

ਹਾਸੋ ਹੀਣਾ ਲਗਦਾ ਹੈ। ਸਿੱਖ ਧਰਮ ਕਿਸੇ ਭਗਉਤੀ ਜਾਂ ਦੇਵੀ ਦੇਵਤੇ ਦੀ ਹੋਂਦ ਨੂੰ ਨਹੀਂ ਮੰਨਦਾ। ਸਿੱਖ ਧਰਮ ਸ੍ਰਿਸਟੀ ਦਾ ਰਚਣਹਾਰ ਇਕ ਅਕਾਲ ਪੁਰਖ ਨੂੰ ਮੰਨਦਾ ਹੈ ਤੇ ਉਸੇ ਨੂੰ ਹੀ ਸਰਬ ਸ਼ਕਤੀਮਾਨ ਕਹਿੰਦਾ ਹੈ। ਸਿੱਖ ਧਰਮ ਦਾ ਵਿਸ਼ਵਾਸ ਹੈ ਕਿ ਦੁਨੀਆਂ ਚ ਪੈਦਾ ਹੋਈ ਹਰ ਤਾਕਤ ਅਤੇ ਸਮੂਹ ਦੇਵੀ ਦੇਵਤੇ ਰੱਬ ਦੇ ਦਰ ਦੇ ਮੰਗਦੇ ਹਨ, ਗੁਰੁ ਗੋਬਿੰਦ ਸਿੰਘ ਜੀ ਤੋਂ ਕਿਸੇ ਭਗਉਤੀ ਦੀ ਉਸਤਤ ਕਰਾਉਣਾ ਨੀਚਤਾਈ ਦੀਆਂ ਸਭ ਹੱਦ ਬੰਨੇ ਟੱਪਣ ਸਮਾਨ ਹੈ। ਜੋ ਮਨੁੱਖ ਜਾਣਬੁੱਝ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰ ਰਹੇ ਹਨ ਉਨ੍ਹਾਂ ਨੂੰ ਗੁਰੁ ਦੇ ਸਿੱਖ ਨਹੀਂ ਕਿਹਾ ਜਾ ਸਕਦਾ । ਇਹ ਰਚਨਾ ਕਵੀ ਰਾਮ ਦੀ ਲਿਖੀ ਹੈ ਸਿੱਧ ਕਰਨ ਲਈ ਉਨ੍ਹਾਂ ਦੀ ਅਪਣੀ ਹੀ ਕਲਮ ਤੋਂ ਲਿਖਿਆ ਹਥਲਾ ਬੰਦ ਪੜ੍ਹਨਾ ਲਾਹੇਬੰਦ ਰਹੇਗਾ ।

*ਧੂਮਰੀ ਧੂਰਿ ਭਰੇ ਧੁਮਰੇ ਤਨ ਧਾਏ ਨਿਸਾਚਰ ਲੋਹ ਕਟੀਲੇ ॥*
*ਮੇਚਕ ਪਬਨ ਸੇ ਜਿਨਕੇ ਤਨ ਕੌਚ ਸਜੇ ਮਦਮੱਤ ਜਟੀਲੇ ॥*
*ਰਾਮ ਭਨੈ ਅਤਿਹੀ ਰਿਸਿ ਸੋ ਜਗ ਨਾਇਕ ਸੌ ਰਨ ਠਾਟ ਠਟੀਲੇ ॥*
*ਤੇ ਝਟਦੈ ਪਟਕੇ ਛਿਤ ਪੈ ਰਨ ਰੌਰ ਪਰੇ ਰਨ ਸਿੰਘ ਰਜੀਲੇ ॥੨੨॥* ਚੰਡੀ ਚਰਿਤ੍ਰੇ ਪ੍ਰਥਮ ਧਯਾਇ ॥੧॥ (ਪੰਨਾ ੮੧੧)

ਆਓ ਅੱਗੇ ਅੱਗੇ ਪੜ੍ਹਦੇ ਹਾਂ ਮੰਦ ਕਰਮੀਆਂ ਦੇ ਮੰਦੇ ਕਰਮ ਅਤੇ ਮੰਦੀ ਸੋਚ ਜਿਸ ਅਧੀਨ ਗੁਰੁ ਗੋਬਿੰਦ ਸਿੰਘ ਜੀ ਨੂੰ ਅਤਿ ਗੰਦੀ ਭਾਸ਼ਾ ਵਰਤ ਕੇ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਗਈ ਹੈ ।
ਕਵੀ ਦੁਆਰਾ ਵਰਤੇ ਕੁੱਝ ਖਾਸ ਸ਼ਬਦ *ਹੋ ਮਾਰਿ ਕਟਾਰੀ ਮਰਿਹੋਂ ਘਰੀ ਨ ਜੀਵ ਹੋਂ ॥੪॥*

## ਨਗਰੀ ਚਿਤ੍ਰਵਤੀ

ਪਾਤਰ : ਚਿੱਤ੍ਰ ਸਿੰਘ (ਨ੍ਰਿਪ), ਚਿਤ੍ਰ ਮਤੀ (ਸੁਤਾ), ਹਨਿਵਤਿ ਸਿੰਘ, ਦਿਜਬਰ (ਬ੍ਰਾਹਮਣ), ਨ੍ਰਿਪ ਸੁਤ ਅਤੇ ਸਹਸ (੧੦੦) ਸਖੀ ਦਿਜਬਰ (ਬ੍ਰਾਹਮਣ)

ਚਿਤ੍ਰਵਤੀ ਨਗਰੀ ਦੇ ਰਾਜਾ ਚਿੱਤ੍ਰ ਸਿੰਘ ਦੇ ਘਰ ਬਹੁਤ ਧੰਨ-ਰਥ-ਹਾਥੀ ਤੇ ਬਾਜ ਸਨ । ਓਹਦਾ ਰੂਪ ਤੱਕ ਕੇ ਸੁਰੀ-ਅਸੁਰੀ ਤੇ ਕਿੰਨ੍ਰਨੀ ਅਪਣਾ ਮਨ ਡੋਲਦੀਆਂ ਸਨ । ਇਕ ਇੰਦਰਲੋਕ ਦੀ ਅਪਸਰਾ ਓਹ ਤੇ ਮਰ ਮਿਟੀ । ਬਣਾਈ ਸਕੀਮ-ਭੇਜੀ ਦੂਤਿਕਾ-ਕੀਤਾ ਰਾਜਾ ਰਾਜੀ-ਹੋਈ ਸ਼ਾਦੀ-ਜੰਮਿਆ ਪੁੱਤ-ਇਸ ਪੁੱਤ ਨੂੰ ਤੱਕ ਕੇ ਮਹਾ ਰੁਦ੍ਰ ਤੇ ਕਾਮਦੇਵ ਦੇ ਹਿਰਦੇ ਉਪਜੀ ਈਰਖਾ ।

ਬਹੁਤ ਸਾਲ ਅਪਸਰਾ ਨਾਲ ਰਾਜੇ ਨੇ ਮਨਮਰਜੀ ਦੇ ਕੀਤੇ ਭੋਗ ਤੇ ਆਖਰ ਇਹ ਵਿਚਾਰੀ ਜਾ ਪੁੱਜੀ ਇੰਦ੍ਰਲੋਕ । ਬਿਨਾ ਔਰਤ ਦੇ ਰਾਜਾ ਹੋਇਆ ਵਿਆਕੁਲ-ਸੱਦੇ ਮੰਤ੍ਰੀ-ਬਣਾਈ ਤਸਵੀਰ ਤੇ ਲੱਗੇ ਹੋਰ ਔਰਤ ਨੂੰ ਭਾਲਣ ਤੇ ਆਖਰ ਇਕ ਕੰਨਿਆ ਜਾ ਲੱਭੀ ਓੜਛੇ (ਉੜੀਸਾ) ਦੇਸ ਵਿੱਚ । ਰਾਜੇ ਬੁਲਾਏ ਮੰਤ੍ਰੀ-ਲੁਟਾਇਆ ਧਨ-ਕੀਤੀ ਇੱਕਠੀ ਸੈਨਾ-ਧਾਰੇ ਸਾਸਤ੍ਰ-ਭੱਜਿਆ ਉੜੀਸਾ ਨੂੰ-ਬਹੁਤੀ ਸੈਨਾ ਨਾਲ ਹਨਿਵਤ ਸਿੰਘ (ਪਤਾ ਨਹੀਂ ਪੁੱਤ ਹੈ ਜਾਂ ਸੈਨਾ ਪਤੀ) ਕੀਤਾ ਅੱਗੇ ਤੇ ਆਪ ਰਿਹਾ ਪਿੱਛੇ (ਸ਼ਾਇਦ ਡਰਪੋਕ ਹੋਏ) ਮਾਰਿਆ ਓੜਛਾ (ਉੜੀਸਾ) ਦਾ ਰਾਜਾ ਤੇ ਕੀਤੀ ਓਸ ਦੀ ਧੀ ਕਾਬੂ । ਪੜ੍ਹਨੇ ਪਾਇਆ ਦਿਜਬਰ (ਬ੍ਰਾਮ੍ਹਣ) ਕੋਲ ਤੇ ਨਾਲ ਭੇਜਿਆ ਪੁੱਤ । ਜੁਆਨ ਕੁੜੀ ਰਾਜੇ ਦੇ ਪੁੱਤ ਤੇ ਹੋਈ ਮੋਹਿਤ ਕਹਿੰਦੀ :-

*ਦੋਹਰਾ ॥ ਅਤਿ ਅਨੂਪ ਸੁੰਦਰ ਸਰਸ ਮਨੋ ਮੈਨ ਕੇ ਐਨ ॥*
*ਮੋ ਮਨ ਕੋ ਮੋਹਤ ਸਦਾ ਮਿੱਤ੍ਰ ਤਿਹਾਰੇ ਨੈਨ ॥੨੪॥* (ਦੁਤਿਯ ਚਰਿਤ੍ਰ ਪੰਨਾ ੮੧੫)

*ਸਵੈਯਾ ॥ ਬਾਨ ਬਧੀ ਬਿਰਹਾ ਕੇ ਬਲਾਇ ਯੋ ਰੀਝਿ ਰਹੀ ਲਖਿ ਰੂਪ ਤਿਹਾਰੋ ॥*
*ਭੋਗ ਕਰੋ ਮੋਹਿ ਸਾਥ ਭਲੀ ਬਿਧਿ ਭੂਪਤਿ ਕੋ ਨਹਿ ਤ੍ਰਾਸ ਬਿਚਾਰੋ ॥*
*ਸੋ ਨ ਕਰੈ ਕਛੁ ਚਾਰੁ ਚਿਤੈਬੇ ਕੋ ਖਾਇ ਗਿਰੀ ਮਨ ਮੈਨ ਤਵਾਰੋ ॥*
*ਕੋਟਿ ਉਪਾਇ ਰਹੀ ਕੈ ਦਯਾ ਕੀ ਸੋ ਕੈਸੇ ਹੂੰ ਭੀਜਤ ਭਯੋ ਨ ਅਠਯਾਰੋ ॥੨੫॥*
(ਦੁਤਿਯ ਚਰਿਤ੍ਰ ਪੰਨਾ ੮੧੫)

*ਦੋਹਰਾ ॥ ਚਿਤ ਚੇਟਕ ਸੋ ਚੁਭਿ ਗਯੋ ਚਮਕਿ ਚਕ੍ਰਿਤ ਭਯੋ ਅੰਗ ॥*
*ਚੋਰਿ ਚਤੁਰ ਚਿਤ ਲੈ ਗਯੋ ਚਪਲ ਚਖਨ ਕੇ ਸੰਗ ॥੨੬॥*
*ਹੇਰ ਰੂਪ ਤੁਹਿ ਬਸਿ ਭਈ ਗਹੋਂ ਕਵਨ ਕੀ ਓਟ ॥*
*ਮਛਰੀ ਜਯੋਂ ਤਰਫੈ ਪਰੀ ਚੁਭੀ ਚਖਨ ਕੀ ਚੋਟ ॥੨੭॥* (ਦੁਤਿਯ ਚਰਿਤ੍ਰ ਪੰਨਾ ੮੧੫)

ਰਾਜੇ ਦੇ ਪੁੱਤ ਨੇ ਠੁਕਰਾਇਆ ਹੁਸਨ । ਹੁਸਨ ਖਾਧੀ ਈਰਖਾ-ਜਾ ਪਹੁੰਚੀ ਰਾਜੇ ਪਾਸ-ਕੀਤੀ ਸ਼ਿਕਾਇਤ-ਅਪਣੇ ਹੀ ਨਹੁੰਆਂ ਨਾਲ ਕੀਤਾ ਅਪਣਾ ਹੀ ਚੇਹਰਾ ਜਖ਼ਮੀ । ਰਾਜੇ ਤੱਕਿਆ-ਖਾਧਾ ਗੁੱਸਾ-ਦੌੜਿਆ ਅਪਣੇ ਹੀ ਪੁੱਤ ਨੂੰ ਮਾਰਨ ਲਈ ਪਰ ਸਿਆਣੇ ਮੰਤ੍ਰੀਆਂ ਸਮਝਾਇਆ ਕਿ ਤ੍ਰਿਯਾ ਚਰਿਤ੍ਰ ਦਾ ਭੇਦ ਕਿਸੇ ਨੇ ਨਹੀਂ ਪਾਇਆ :-

*ਚੌਪਈ ॥ ਬਚਨ ਸੁਨਤ ਕ੍ਰੁੱਧਿਤ ਨ੍ਰਿਪ ਭਯੋ ॥ ਮਾਰਨ ਹੇਤ ਸੁਤਹਿ ਲੈ ਗਯੋ ॥*
*ਮੰਤ੍ਰਿਨ ਆਨਿ ਰਾਵ ਸਮੁਝਾਯੋ ॥ ਤ੍ਰਿਯ ਚਰਿੱਤ੍ਰ ਨ ਕਿਨਹੂੰ ਪਾਯੋ ॥੩੦॥*
(ਦੁਤਿਯ ਚਰਿਤ੍ਰ ਪੰਨਾ ੮੧੫)

ਨੋਟ :- ਪਤਾ ਨਹੀਂ ਸਾਡੇ ਧਰਮ ਦੇ ਰਖਵਾਲੇ ਕਿਸ ਮਜਬੂਰੀ ਵੱਸ ਅਜਿਹੇ ਊਲ ਜਲੂਲ ਨੂੰ ਗੁਰੁ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜਦੇ ਹਨ । ਸਾਡੀਆਂ ਧਾਰਮਿਕ ਅਖਵਾਉਂਦੀਆਂ ਸੰਸਥਾਵਾਂ ਜੋ ਦਸਮ ਗ੍ਰੰਥ ਦੀ ਹਮਾਇਤ ਕਰਦੀਆਂ ਹਨ, ਉਨ੍ਹਾਂ ਦੀ ਨੀਯਤ ਖਰੀ ਨਹੀਂ ਜਾਪਦੀ । ਜਦ ਅਜਿਹਾ ਗੰਦਾ ਲਿਟਰੇਚਰ ਗੁਰਸਿੱਖ ਜਾਂ ਧੀ ਪੜ੍ਹੇਗੀ ਓਹਦਾ ਆਚਰਣ ਕਿਸ ਪੱਧਰ ਦਾ ਹੋਏਗਾ ਕੋਈ ਲੁਕਿਆ ਛੁਪਿਆ ਨਹੀਂ । ਧਰਮ ਦੇ ਦੋਖੀਆਂ ਦੀ ਹਰ ਸੰਭਵ ਕੋਸ਼ਿਸ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਗੁਰਸਿੱਖ ਨੂੰ ਤੋੜ ਕੇ ਗੁਮਰਾਹ ਕੀਤਾ ਜਾਏ ਅਤੇ ਗੁਰੂ ਸਹਿਬ ਜੀ ਦੇ ਜੀਵਨ ਨੂੰ ਗੰਧਲਾ ਕੀਤਾ ਜਾਏ । ਹਰ ਗੁਰਸਿੱਖ ਨੂੰ ਅਪਣਾ ਫਰਜ਼ ਪਹਿਚਾਣਦਿਆਂ ਖਬਰਦਾਰ ਹੋਣ ਦੀ ਲੋੜ ਹੈ ।

### ਸ਼ਹਿਰ ਕਾਲਪੀ  ਬੰਦਿਸਾਲ (ਜੇਲ)

ਪਾਤਰ : ਭੂਪ, ਸੁਤ, ਸ੍ਰੀ ਮ੍ਰਿਗ ਚੱਛੁਮਤੀ ਅਤੇ ਸ੍ਰੀ ਮ੍ਰਿਗਨੈਨ ਮਤੀ ( ਰਾਜਾ )

ਬੰਦਿਸਾਲ (ਜੇਲ) ਦੇ ਭੂਪ ਨੇ ਸਵੇਰ ਹੁੰਦੇ ਹੀ ਅਪਣੇ ਪੁੱਤ ਨੂੰ ਸੱਦਿਆ ਕਹਿੰਦਾ ਪੁਤੱਰਾ ਇਕ ਗਵਾਰ (ਮੂਰਖ) ਦੀ ਧੀ ਦੀ ਵਿਚਾਰ ਕਰਨ ਲੱਗਾ ਹਾਂ। ਹਾਂ ਓਹਦਾ ਇੱਕ ਮੋਟਾ ਯਾਰ ਸੀ ਤੇ ਦੂਜਾ ਪਤਲਾ। ਇਸ ਕੁੜੀ ਦਾ ਨਾਂ ਸੀ ਸ੍ਰੀ ਮ੍ਰਿਗ ਚੱਛੁਮਤੀ ਅੰਤਾਂ ਦੀ ਸੋਹਣੀ। ਊਚ ਨੀਚ ਦੀ ਪਰਵਾਹ ਕੀਤੇ ਬਿਨਾਂ ਸਭ ਨਾਲ ਹਮਬਿਸਤ੍ਰ ਹੋਏ। ਵਾਸਾ ਸੀ ਸ਼ਹਿਰ ਕਾਲਪੀ ਵਿੱਚ ਜਿੱਥੇ ਦਾ ਰਾਜਾ ਸੀ ਸ੍ਰੀ ਮ੍ਰਿਗਨੈਨ ਮਤੀ। ਇਸ ਕੁੜੀ ਦਾ ਮੋਟਾ ਯਾਰ ਸੀ ਬਿਰਧ ਤੇ ਪਤਲੇ ਵਾਲਾ ਜੁਆਨ। ਰਾਤ ਦਿਨ ਇਹ ਇਨ੍ਹਾਂ ਨਾਲ ਕਲੋਲਾਂ ਕਰੇ। ਕਵੀ ਦੀ ਨਿੱਜੀ ਸੋਚ ਅਜਿਹੇ ਜੋੜ ਪ੍ਰਤੀ ਇਉਂ ਹੈ :-

*ਹੋਤ ਤਰੁਨ ਕੇ ਤਰੁਨਿ ਬਸਿ ਬਿਰਧ ਤਰੁਨਿ ਬਸਿ ਹੋਇ ॥*
*ਇਹੈ ਰੀਤਿ ਸਭ ਜਗਤ ਕੀ ਜਾਨਤ ਹੈ ਸਭ ਕੋਇ ॥੬॥*  (ਦੁਤਿਯ ਚਰਿਤ੍ਰ ਪੰਨਾ ੮੧੬)

ਇਹ ਕੁੜੀ ਹਮੇਸ਼ਾ ਪਤਲੇ ਨਾਲ ਹੀ ਮੌਜ ਮੇਲਾ ਕਰੇ । ਮੋਟੇ ਦੇ ਨੇੜੇ ਨਾ ਢੁੱਕੇ । ਜੇ ਕਦੇ ਚਲੀ ਜਾਏ ਤਾਂ ਡਾਢੀ ਪਛੁਤਾਏ ਇਕ ਦਿਨ ਪਤਲੇ ਨਾਲ ਸਰੀਰਕ ਗੰਢ ਤੁੱਪ ਕਰਦਿਆਂ ਖੜਕਾ ਸੁਣਿਆ। ਸਰੀਰਕ ਨਿੱਘ ਦੀ ਸਿੱਖਰ ਛੂਹ ਕੇ ਉਸ ਨੂੰ ਕੰਧ ਟਪਾ ਦਿੱਤਾ । ਜਦ ਉੱਠ ਕੇ ਮੋਟੇ ਕੋਲ ਗਈ ਤਾਂ ਬੀਰਜ ਧਰਤੀ ਤੇ ਡਿੱਗ ਗਿਆ ਕਹਿੰਦੀ ਮੈਂ ਤੇਰਾ ਰੂਪ ਦੇਖ ਕੇ ਅਪਣੇ ਤੇ ਕਾਬੂ ਨਾ ਪਾ ਸਕੀ ਤੇ ਇਹ ਧਰਤੀ ਤੇ ਡਿੱਗ ਗਿਆ। ਇਹ ਸੁਣ ਕੇ ਪਸੂ ਫੁੱਲ ਗਿਆ।

*ਅਤਿ ਰਤਿ ਤਾਸੌ ਮਾਨਿਕੈ ਯਾਰ ਪਤਰਿਯਹਿ ਟਾਰਿ ॥*
*ਭਰਭਰਾਇ ਉਠ ਠਾਢਭੀ ਜਾਨਿ ਮੋਟਿਯੋ ਯਾਰ ॥੧੦॥*
*ਊਠਤ ਬੀਰਜ ਭੂ ਪਰ ਗਿਰਯੋ ਲਖਯੋ ਮੋਟਿਯੋ ਯਾਰ ॥*
*ਯਾਕੋ ਤੁਰਤੁ ਬਤਾਈਯੈ ਭੇਦ ਰਮੈ ਸੁ ਕੁਮਾਰਿ ॥੧੧॥*
*ਅਧਿਕ ਤਿਹਾਰੋ ਰੂਪ ਲਖਿ ਮੋਹਿ ਨ ਰਹੀ ਸੰਭਾਰ ॥*  (ਤ੍ਰਿਤਯ ਚਰਿਤ੍ਰ ਪੰਨਾ ੮੧੬)

ਨੋਟ :- ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਮਹਾਨ ਸੰਪਾਦਕ ਅਤੇ ਸੋਧਕ ਕਮੇਟੀ ਕਹਿੰਦੀ ਹੈ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ, ਪਰ ਪਾਠਕਾਂ ਦੁਆਰਾ ਅਧਿਐਨ ਕਰਨ ਪਿਛੋਂ ਇਹ ਉਨ੍ਹਾਂ ਦੇ ਸੰਘੋਂ (ਗਲੇ) ਹੇਠਾਂ ਨਹੀਂ ਉਤੱਰ ਰਹੀਆਂ । ਇਤਨਾ ਘੋਰ ਗੰਦ ਮੰਦ ਗੁਰੂ ਜੀ ਦੀ ਮੋਹਰ ਹੇਠਾਂ ਛਾਪਣਾ ਜਿਥੇ ਗੈਰ ਕਨੂੰਨੀ ਹੈ ਉਥੇ ਉਹ ਸਮਾਜ ਲਈ ਪੱਤਣ ਦੀ ਨਿਸ਼ਾਨੀ ਹੈ । ਜਿਹੜੀਆਂ ਸੰਪ੍ਰਦਾਵਾਂ-ਜਥੇਬੰਦੀਆਂ ਤੇ ਲੋਕ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਰਤ ਮੰਨਦੀਆਂ ਤੇ ਮੰਨਦੇ ਹਨ ਸਿੱਖ ਧਰਮ ਦੇ ਅੰਗ ਨਹੀਂ ਆਖੇ ਜਾ ਸਕਦੇ ।

### ਬੰਦਿਸਾਲ (ਜੇਲ)  (ਚਤੁਰਥੋ ਚਰਿਤ੍ਰ ਪੰਨਾ ੮੧੬-੧੭)

ਪਾਤਰ : ਬੰਦਿਸਾਲ ਨ੍ਰਿਪ, ਪੁੱਤ, ਮਹਾਂਨੰਦ ਮੁਰਦਾਰ ਅਤੇ ਮਹਾਂਨੰਦ ਦੀ ਪਤਨੀ ਘੁਰਕੀ

ਬੰਦਿਸਾਲ ਦੇ ਨ੍ਰਿਪ ਨੇ ਸਵੇਰ ਹੁੰਦੇ ਹੀ ਅਪਣੇ ਪੁੱਤ ਨੂੰ ਪਕੜ ਬੁਲਾਇਆ ਮੰਤ੍ਰੀ ਨੇ ਰਾਜੇ ਅੱਗੇ ਇਉਂ ਕਿਹਾ ਮਹਾਂਨੰਦ ਮੁਰਦਾਰ ਦੀ ਇਕ ਸੀ ਬਹੂ ਜਿਸ ਨਾਲ ਅਨੇਕਾਂ ਹੀ ਹਿੰਦੂ ਅਤੇ ਤੁਰਕ ਸਰੀਰਕ ਸਾਂਝ ਕਰਦੇ ਸਨ । ਇਸ ਔਰਤ ਦਾ ਨਾਂ ਸੀ ਘੁਰਕੀ । ਅੱਠੇ ਪਹਿਰ ਹੀ ਅਪਣੇ ਖਸਮ ਨੂੰ ਘੂਰਦੀ ਰਹਿੰਦੀ ਸੀ । ਇਕ ਅੱਖ ਤੋਂ ਕਾਣਾ ਵਿਚਾਰਾ ਮਹਾਂਨੰਦ । ਜਦ ਉਹ ਬਾਹਰ ਕੰਮ ਤੇ ਜਾਏ ਤਾਂ ਘੁਰਕੀ ਜੁਆਨ ਪੁਰਖਾਂ ਨਾਲ ਮੌਜ ਮੇਲਾ ਕਰਦੀ । ਜਦ ਉਸ ਨੇ ਖਸਮ ਦੇ ਆਉਣ ਬਾਰੇ ਸੁਣਿਆ ਤਾਂ ਝੱਟ ਹੀ ਗਲੇ ਲਗਾ ਲਿਆ । ਬੜੀਆਂ ਬਚਿਤ੍ਰ ਗੱਲਾਂ ਕੀਤੀਆਂ। ਦੋਨੇ ਹੱਥਾਂ ਨਾਲ ਕੰਨ ਪਕੜ ਕੇ ਕਰਾਰੀ ਚੁੰਮੀ ਲਈ ਤੇ ਇਉਂ ਧੋਖੇ ਨਾਲ ਮਿਤ੍ਰ ਵਿਦਾ ਕਰ ਦਿੱਤਾ । ਕੰਨਾਂ ਤੋਂ ਖੜਕਾ ਸੁਣਿਆ ਪਰ ਇਕ ਅੱਖ ਤੋਂ ਦੇਖ ਨਾ ਸਕਿਆ । ਘੁਰਕੀ ਕਹਿਣ ਲੱਗੀ ਤੇਰਾ ਰੂਪ ਦੇਖ ਮੈਂ ਦੀਵਾਨੀ ਹੋ ਗਈ ਤੇ ਅਪਣੇ ਤੇ ਕਾਬੂ ਨਾ ਰੱਖ ਸਕੀ। ਮਹਾਂਨੰਦ ਇਹ ਗੱਲ ਸੁਣ ਕੇ ਫੁੱਲ ਗਿਆ ਤੇ ਉਸ ਨਾਲ ਹੋਰ ਵਧੇਰੇ ਪਿਆਰ ਕੀਤਾ। ਲੱਭੀ ਗੁਰਮਤਿ ? ਪਿਆਰਿਓ ਇਸ ਨੂੰ ਕਹਿੰਦੇ ਹਨ ਦਸਮ ਗ੍ਰੰਥ ਜੋ ਧਰਮ ਦੇ ਕੱਟੜ ਦੋਖੀਆਂ ਦੀ ਸਿੱਖ ਧਰਮ ਨੂੰ ਦੇਣ ਹੈ । ਕਹਿੰਦੇ ਇਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਹਨ ਤੁਸੀਂ ਕੀ ਸੋਚਦੇ ਹੋ ਅਜਿਹੀ ਲੱਚਰ ਦੇਣ ਗੁਰੂ ਗੋਬਿੰਦ ਸਿੰਘ ਜੀ ਦੇ ਸਕਦੇ ਹਨ ? ਅਪਣੀ ਵਿਚਾਰ ਲਿਖਣਾ ਨਾ ਭੁੱਲਣਾ ।

## ਸ਼ਹਿਰ ਕਾਸਿਕਰ ਨਗਰ ਸਾਲ ਪੁਰ (ਪੰਚਮੋ ਚਰਿਤ੍ਰ ਪੰਨਾ ੮੧੭-੧੮)

ਪਾਤਰ : ਬੰਦਿਸਾਲ ਦਾ ਭੂਪ, ਸੁਤ ਅਤੇ ਸਹਜ ਕਲਾ (ਸੁਤਾ)

ਸਵੇਰ ਹੁੰਦੇ ਹੀ ਫੇਰ ਬੰਦਿਸਾਲ ਦੇ ਭੂਪ ਨੇ ਅਪਣੇ ਨੇੜੇ ਪੁੱਤ ਬੁਲਾ ਲਿਆ । ਮੰਤ੍ਰੀ ਨੇ ਰਾਜੇ ਅੱਗੇ ਫੇਰ ਕਹਾਣੀ ਸ਼ੁਰੂ ਕੀਤੀ ਮਾਨੋ ਸਾਰੇ ਸ਼ੋਕ ਦੂਰ ਕਰ ਦਿੱਤੇ । ਕਹਿੰਦਾ ਇੱਕ ਜੋਗੀ ਬਨ ਵਿਚ ਰਹਿੰਦਾ ਸੀ ਉਹ ਇਕ ਸ਼ਾਹ ਦੀ ਧੀ ਨੂੰ ਮੰਤ੍ਰ ਸ਼ਕਤੀ ਨਾਲ ਅਪਣੇ ਨਾਲ ਲੈ ਗਿਆ। ਉਸ ਨੇ ਦ੍ਰਖਤ ਦਾ ਤਣਾ ਖੋਦ ਕੇ ਘਰ ਬਣਾਇਆ ਤੇ ਉਸ ਅੱਗੇ ਟਾਕੀ ਲਗਾ ਦਿੱਤੀ । ਰਾਤ ਦਿਨ ਜੋਗੀ ਇਸ ਕੁੜੀ ਨਾਲ ਭੋਗ ਕਰਦਾ । ਟਾਕੀ ਬੰਦ ਕਰਕੇ ਆਪ ਭਿੱਖਿਆ ਮੰਗਣ ਤੁਰ ਪੈਂਦਾ ਤੇ ਮੁੜ ਆ ਕੇ ਤਾੜੀ ਵਜਾਉਂਦਾ । ਕੁੜੀ ਤਾਕੀ ਖੋਲਦੀ ਤੇ ਜੋਗੀ ਅੰਦਰ ਦਾਖਲ ਹੁੰਦਾ। ਉਸੀ ਨਗਰ ਵਿੱਚ ਭੂਪ ਦਾ ਇਕ ਸੁੰਦਰ ਪੁੱਤ ਰਹਿੰਦਾ ਸੀ। ਇਸ ਨੇ ਜੋਗੀ ਦਾ ਪਿੱਛਾ ਕੀਤਾ। ਜਦ ਜੋਗੀ ਬ੍ਰਿਛ ਵਿੱਚ ਵੜ ਗਿਆ ਉਹ ਆਪ ਬ੍ਰਿਛ ਤੇ ਚੜ੍ਹ ਕੇ ਛੁੱਪ ਗਿਆ। ਸਵੇਰੇ ਜੋਗੀ ਭਿੱਖਿਆ ਮੰਗਣ ਗਿਆ। ਰਾਜਕੁਮਾਰ ਬ੍ਰਿਛ ਤੋਂ ਉਤਰਿਆ ਤੇ ਤਾਕੀ ਤੇ ਦਸਤਕ ਕੀਤੀ। ਕੁੜੀ ਨੇ ਤਾਕੀ ਖੋਲ੍ਹੀ ਤੇ ਰਾਜਕੁਮਾਰ ਨਾਲ ਰੱਜ ਕੇ ਸੰਭੋਗ ਕੀਤਾ। ਉਸ ਨੇ ਲੇਹਜ-ਪੇਹਜ ਤੇ ਭੱਛ (ਦੁੱਧ-ਚਟਣੀ ਤੇ ਰੋਟੀ) ਨਾਲ ਰਾਜਕੁਮਾਰ ਦੀ ਖੂਬ ਸੇਵਾ ਕੀਤੀ। ਔਰਤ ਨੇ ਜੋਗੀ ਭੁਲਾ ਦਿੱਤਾ ਤੇ ਸ਼ਾਹ ਸੁੱਤ ਨਾਲ ਦੋਸਤੀ ਗੰਢ ਲਈ ।

ਕਵੀ ਅਪਣੇ ਮਨ ਚ ਉਪਜੇ ਖਿਆਲ ਪ੍ਰਗਟ ਕਰਦਿਆਂ ਇਉਂ ਕਹਿੰਦਾ ਹੈ : -

*ਅੜਿੱਲ ॥ ਭਲੋ ਹੇਰਿ ਕਰਿ ਬੁਰੋ ਨ ਕਬਹੂ ਨਿਹਾਰੀਯੈ ॥*
*ਚਤੁਰ ਪੁਰਖੁ ਕੋ ਪਾਇ ਨ ਮੂਰਖ ਚਿਤਾਰੀਯੈ ॥*
*ਧਨੀ ਚਤੁਰ ਅਰੁ ਤਰੁਨਿ ਤਰੁਨਿ ਜੋ ਪਾਇ ਹੈ ॥*
*ਹੋ ਬਿਰਧ ਕਰੂਪ ਨਿਧਨ ਜੜ ਪੈ ਕਿਯੋ ਜਾਇ ਹੈ ॥੧੫॥* (ਪੰਚਮੋ ਚਰਿਤ੍ਰ ਪੰਨਾ ੮੧੮)

ਸਾਹ ਦੀ ਧੀ ਨੇ ਕਿਹਾ ਕਿ ਮੈਨੂੰ ਅਪਣੇ ਨਾਲ ਲੈ ਚਲੋ । ਮੈਂ ਜੋਗ ਤਿਆਗ ਦੇਵਾਂਗੀ । ਤੇਰੇ ਸੰਗ ਭੋਗ ਕਰਕੇ ਖੂਬ ਰਿਝਾਵਾਂਗੀ । ਸ਼ਾਹ ਸੁਤ ਨਾਲ ਸੁਤਾ ਕੁਟੀਆ ਤੋਂ ਭੱਜ ਉਠੀ । ਇਸ ਤੋਂ ਅੱਗੇ ਅਸ਼ਲੀਲਤਾ ਹੈ ਜੋ ਕਲਮ ਲਿਖਣ ਤੋਂ ਕੰਬਦੀ ਹੈ ।

ਨੋਟ :- ਕਵੀ ਨੇ ਅਤਿ ਦਰਜੇ ਦੀ ਅਸ਼ਲੀਲ ਭਰੀ ਭਾਸ਼ਾ ਵਰਤ ਕੇ ਅਪਣੇ ਮਨ ਚ ਉਪਜੇ ਕਾਮ ਨੂੰ ਚੰਗੀ ਤਰ੍ਹਾਂ ਪ੍ਰਗਟ ਕੀਤਾ ਹੈ। ਇਹ ਸਿੱਖ ਕੌਮ ਦੀ ਬਦਕਿਸਮਤੀ ਹੈ ਕਿ ਇਸ ਅਸ਼ਲੀਲ ਤੇ ਲੱਚਰ ਕਵਿ ਰਚਨਾਂ ਤੇ ਪਾਤਸ਼ਾਹੀ ੧੦ ਲਿਖ ਕੇ ਅਸੀਂ ਅਪਣੇ ਗੁਰੂ ਦਾ ਘੋਰ ਨਿਰਾਦਰ ਕੀਤਾ ਹੈ । ਸਾਡੇ ਮੱਥੇ ਅਗਿਆਨਤਾ ਦਾ ਜੜ੍ਹਿਆ ਕਲੰਕ ਲੰਮਾਂ ਸਮਾਂ ਨਹੀਂ ਲੱਥਣਾ ਕਿਉਂਕਿ ਸਿੱਖ ਕੌਮ ਦੇ ਮਰਜੀਵੜੇ ਅਗਿਆਨਤਾ ਦੀ ਗੁੜਤੀ ਵਿੱਚ ਘੂਕ ਸੁੱਤੇ ਪਏ ਹਨ ।

## ਇਲਾਕਾ ਲੰਗ ਚਲਾਲਾ (ਖਸਟਮੋਂ ਚਰਿਤ੍ਰ ਪੰਨਾ ੮੧੮-੧੯)

ਪਾਤਰ : ਮਧੁਕਰ ਸ਼ਾਹ, ਮਾਲਮਤੀ, ਬੰਦਿਸਾਲ ਦਾ (ਭੂਪ), ਸੁਤ ਅਤੇ ਮੰਤ੍ਰੀ

ਬੰਦਿਸਾਲ ਦੇ ਭੂਪ ਨੇ ਸਵੇਰ ਹੁੰਦੇ ਹੀ ਪੁੰਨ ਅਪਣਾ ਪੁੱਤ ਸੱਦਿਆ। ਫੇਰ ਮੰਤ੍ਰੀ ਨੇ ਇਕ ਔਰਤ ਦੀ ਗੱਲ ਕਹੀ । ਮਾਲਮਤੀ ਇਕ ਜੱਟ ਦੀ ਮੂਰਖ ਔਰਤ ਸੀ। ਜਿਸ ਨਾਲ ਲੰਗ ਚਲਾਲਾ ਦੇ ਪ੍ਰਸਿੱਧ ਰਾਇ ਨੇ ਸ਼ਿਕਾਰ ਖੇਡਣ ਓਧਰ ਆਇਆ ਸੀ ਇਸ਼ਕ ਕੀਤਾ । ਇਸੇ ਸਮੇਂ ਜੱਟ ਅਪਣੇ ਰਿੱਛ ਨਾਲ ਉੱਥੇ ਆ ਟਪਕਿਆ। ਰਾਇ ਬਹੁਤ ਡਰਿਆ ਜੱਟੀ ਕਹਿਣ ਲੱਗੀ ਪਿਆਰੇ ਡਰੋ ਨਾ ਤੈਨੂੰ ਜੱਟ ਦੇ ਸਿਰ ਤੇ ਪੈਰ ਰਖਾ ਕੇ ਘਰੋਂ ਕੱਢਾਂਗੀ । ਇਕ ਕੋਠੜੀ ਵਿੱਚ ਰਾਵ ਨੂੰ ਰੱਖਿਆ । ਰੋ ਰੋ ਕੇ ਜੱਟ ਨੂੰ ਆਖੇ ਮੈਨੂੰ ਇਕ ਬੁਰਾ ਸੁਪਨਾ ਆਇਆ ਹੈ ਜਾਣੋ ਇਕ ਕਾਲੇ ਸੱਪ ਨੇ ਤੈਨੂੰ ਚਬਾ ਲਿਆ ਹੈ । ਇਸੇ ਕਰਕੇ ਮੈਂ ਅਪਣੇ ਘਰ ਦਿਜਬਰ (ਬ੍ਰਾਮ੍ਹਣ) ਸੱਦਿਆ । ਉਸ ਨੇ ਮੈਨੂੰ ਸਮਝਾਇਆ ਕਿ ਜੇਕਰ ਪਤਿਬ੍ਰਤਾ ਨਾਰ ਇਕ ਚਿੱਤ ਜਾਪ ਜਪੇ ਤਾਂ ਅਕਸ ਮਾਤਰ ਇਕ ਪੁਰਖ ਭੂਪ (ਰਾਜੇ) ਦੇ ਰੂਪ ਵਿੱਚ ਪ੍ਰਗਟ ਹੋਏਗਾ । ਉਹ ਬਡਭਾਗੀ ਤੇਰੇ ਸਿਰ ਤੇ ਪੈਰ ਰੱਖੇਗਾ । ਇਉਂ ਤੂੰ ਜਿੰਦਾ ਰਹੇਂਗਾ ਤੇ ਮੇਰਾ ਸੁਹਾਗ ਬਚੇਗਾ । ਇਸੇ ਲਈ ਮੈਂ ਜਾਪ ਕਰਨ ਚਲੀ । ਤੇਰੇ ਲਈ ਮੈਂ ਸੜ ਮਰਨ ਨੂੰ ਤਿਆਰ ਹਾਂ । ਤੂੰ ਸੁਖੀ ਵਸੇਂ । ਜੇ ਮੈਂ ਸੱਚੀ ਪਤੀਬ੍ਰਤਾ ਹਾਂ ਤਾਂ ਇਕ ਪੁਰਖ ਤੇਰੇ ਸਿਰ ਤੇ ਪੈਰ ਰੱਖ ਕੇ ਜਾਏਗਾ । ਇਹ ਸੁਣ ਕੇ ਰਾਜਾ ਉਠਿਆ ਤੇ ਜੱਟ ਦੇ ਸਿਰ ਤੇ ਪੈਰ ਰੱਖ ਕੇ ਚਲਦਾ ਬਣਿਆ। ਮੂਰਖ ਬੜਾ ਪ੍ਰਸੰਨ ਹੋਇਆ ਕਿ ਮੇਰੀ ਔਰਤ ਕਿਤਨੀ ਪਤੀਬ੍ਰਤਾ ਹੈ। ਇਹ

ਦਸਮ ਗ੍ਰੰਥ ਹੈ ਪਿਆਰਿਓ ਜਿਸ ਤੇ ਸਿੱਖ ਧਰਮ ਦੇ ਦੋਖੀਆਂ ਪਾਤਸ਼ਾਹੀ ੧੦ ਲਿਖ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਮਜਾਕ ਉਡਾਇਆ ਹੈ । ਇਸ ਬਾਰੇ ਤੁਹਾਡੀ ਕੀ ਸੋਚ ਹੈ ? ਤੁਸੀਂ ਜਾਣੋ ਪਰ ਇਹ ਕ੍ਰਿਤਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਹੀਂ ਹਨ ।

## ਇਲਾਕਾ ਜਹਾਨਾਬਾਦ

(ਸਪਤਮੋਂ ਚਰਿਤ੍ਰ ਪੰਨਾ ੮੧੯-੨੦)

ਪਾਤਰ : ਜੈਨਾਂ ਬਾਦੀ ਜਾਹਿਦ ਖਾਂ ਬੇਗਯੂਸਫ ਅਤੇ ਬੈਦ

ਸ਼ਾਹ ਜਹਾਨਾਬਾਦ ਵਿੱਚ ਇੱਕ ਤੁਰਕ ਦੀ ਨਾਰ ਨੇ ਇੱਕ ਚਰਿਤ੍ਰ ਕੀਤਾ । ਰਾਤ ਦਿਨ ਉਹ ਅਨੇਕਾਂ ਪੁਰਖਾਂ ਨਾਲ ਸਰੀਰਕ ਸਬੰਧ ਜੋੜਦੀ । ਉਹ ਦੀ ਇਹ ਕਰਤੂਤ ਦੇਖ ਕੇ ਕੁੱਤਿਆਂ ਨੂੰ ਭੀ ਸ਼ਰਮ ਅਉਂਦੀ ਕਿਓਂਕਿ ਉਸ ਕੋਲ ਇਕ ਪੁਰਖ ਆਉਂਦਾ ਤੇ ਦੂਜਾ ਜਾਂਦਾ । ਬੜੀ ਢੀਠ ਤੇ ਬੇਸ਼ਰਮ ਸੀ ਉਹ । ਜ਼ਾਹਿਦ ਖਾਂ ਅੱਗੇ ਵਧਿਆ – ਬੇਗਯੂਸਫ ਬਾਹਰ ਨਿਕਲਿਆ । ਕਾਹਲੀ ਨਾਲ ਉੱਠੀ ਤੇ ਬੈਦ ਕੋਲ ਪੁੱਜੀ ਜਿੱਥੇ ਠਹਿਰਿਆ ਸੀ । ਅੱਗੇ ਚਲ ਕੇ ਕਹਿਣ ਲੱਗੀ ਕਿ ਮੈਂ ਤੇਰਾ ਵਚਨ ਮੰਨ ਕੇ ਬੇਗਿ ਨੂੰ ਇਲਾਜ ਲਈ ਬੁਲਾਇਆ ਹੈ । ਏਹਨੂੰ ਦੋਰੇ ਪੈਂਦੇ ਹਨ–ਹੌਂਕਦਾ ਹੈ ਤੇ ਉਲਟਾ ਹੋ ਕੇ ਸੌਂਦਾ ਹੈ ਤੇ ਗੋਡੇ ਦਰਦ ਕਰਦੇ ਹਨ ਬਸ ਇਹੋ ਬੀਮਾਰੀ ਹੈ । ਮੈਂ ਤੇਰਾ ਇਲਾਜ ਕਰਾਂਗਾ ਮਜਾਕ ਨ ਸਮਝੀਂ। ਬੈਦ ਤੋਂ ਕੁੱਝ ਛੁਪਾਣਾ ਨਹੀਂ ਭਲਾ ਹੋਰ ਕਿਸ ਅੱਗੇ ਦੁਖ ਦੱਸਿਆ ਜਾ ਸਕਦਾ ਹੈ । ਕਵੀ ਅਪਣੀ ਮੱਤ ਦੇਂਦਾ ਹੈ :-

*ਕਬਿਤੁ ॥ ਦਾਦੁਰੀ ਚਬਾਈ ਤਾਕੇ ਮੂਰਿਯੌ ਧਸਾਈ ਘਨੀ*
*ਛੇਰਿਨ ਚੁਗਾਈ ਵਾਹਿ ਜੂਤਿਨ ਕੀ ਮਾਰਿ ਕੈ ॥*
*ਰਾਖ ਸਿਰ ਪਾਈ ਤਾਕੀ ਮੂੰਛੈ ਭੀ ਮੁੰਡਾਈ ਦੋਊ*
*ਐਸੀ ਲੀਕੈ ਲਾਈ ਕੋਊ ਸਕੈ ਨ ਉਚਾਰਿਕੈ ॥*
*ਗੋਦਰੀ ਡਰਾਈ ਤਾਂ ਤੇ ਭੀਖ ਭੀ ਮੰਗਾਈ*
*ਤਿਹ ਐਸੋ ਕੈ ਚਰਿਤ੍ਰ ਤਾਹਿ ਗ੍ਰਿਹਿ ਤੇ ਨਿਕਾਰਿ ਕੈ ॥*
*ਤ੍ਰਿਯ ਕੋ ਐਸੋ ਚਰਿਤ੍ਰ ਵਾਹਿ ਕੋ ਦਿਖਾਇ ਜਾਰ*
*ਆਪੁ ਟਰਿ ਗਯੋ ਮਹਾ ਮੂਰਖ ਕੋ ਟਾਰਿਕੈ ॥੮॥* (ਸਪਤਮੋਂ ਚਰਿਤ੍ਰ ਪੰਨਾ ੮੧੯-੨੦)

ਨੋਟ :- ਇਨ੍ਹਾਂ ਕਬਿਤਾਂ ਜਾਂ ਹੋਰ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖਣ ਵੇਲੇ ਪਤਾ ਨਹੀਂ ਧਰਮ ਦੇ ਠੇਕੇਦਾਰਾਂ ਨੂੰ ਸ਼ਰਮ ਆਈ ਜਾਂ ਨਹੀਂ ਪਰ ਹਰ ਗੁਰਸਿੱਖ ਨੂੰ ਜਿਸ ਦਾ ਸਬੰਧ ਸਿੱਖ ਧਰਮ ਨਾਲ ਹੈ ਜਰੂਰ ਆ ਰਹੀ ਹੋਏਗੀ । ਨਾ ਰੱਬ ਦਾ ਡਰ ਤੇ ਨਾ ਗੁਰੂ ਦਾ ਖੌਫ ਅਲਫ਼ ਨੰਗੇ ਹੋ ਕੇ ਅਸੀਂ ਤੁਰੇ ਹਾਂ ਗੁਰੂ ਨੂੰ ਬੇਪੱਤ ਕਰਨ, ਕੀ ਇਸੇ ਨੂੰ ਦਸਮ ਗ੍ਰੰਥ ਕਹਿੰਦੇ ਹੋ ਜੀ ? ਜਿਸ ਦਾ ਪ੍ਰਕਾਸ਼ ਕਰਨ ਲਈ ਗੁਰੂ ਘਰਾਂ ਵਿੱਚ ਤੁਸੀਂ ਉਤਾਵਲੇ ਹੋ । ਵਰਤੀ ਗਈ ਅਸ਼ਲੀਲ ਭਾਸ਼ਾ ਅਤੇ ਨੰਗੇਜ ਤੇ ਕੱਪੜੇ ਪਾਉਣ ਦੀ ਕੋਸ਼ਿਸ ਕੀਤੀ ਹੈ ਤਾਹਿਓਂ ਕੇਵਲ ਸਾਰ ਲਿਖਿਆ ਜਾ ਰਿਹਾ ਹੈ ।

## ਸ਼ਹਿਰ ਅਕਬਰਾਬਾਦ

(ਅਸ਼ਟਮੋ ਚਰਿਤ੍ਰ ਪੰਨਾ ੮੨੦-੨੧)

ਪਾਤਰ : ਸ੍ਰੀ ਅਨੁਰਾਗ ਮਤੀ ਕੁਅਰਿ, ਸੈਯਦ, ਸੇਖ ਅਤੇ ਪਠਾਣ

ਸ੍ਰੀ ਅਨੁਰਾਗ ਮਤੀ ਕੁਅਰਿ ਸ਼ਹਿਰ ਅਕਬਰਾਬਾਦ ਵਿੱਚ ਇਕ ਬਦਚਲਣ ਔਰਤ ਜੋ ਜੰਤ੍ਰ-ਮੰਤ੍ਰ ਅਤੇ ਤੰਤ੍ਰ ਵਿੱਚ ਪਰਲੇ ਦਰਜੇ ਦੀ ਨਿਪੁੰਨ ਤੇ ਅੰਤਾਂ ਦੀ ਸੋਹਣੀ ਸੀ, ਰਹਿੰਦੀ ਸੀ। ਓਹਦਾ ਹੁਸਨ ਤੱਕ ਕੇ ਸੁਰ–ਅਸੁਰੀ ਤੇ ਕਿੰਨ੍ਰਨੀ ਰੀਝਦੀਆਂ ਸਨ। ਓਹ ਕਿਸੇ ਦੀ ਭੀ ਸ਼ਰਮ ਅਪਣੇ ਹਿਰਦੇ ਵਿੱਚ ਲਿਆਏ ਬਿਨਾਂ ਬਹੁਤੇ ਮੁੱਨਖਾਂ ਨਾਲ ਭੋਗ ਕਰਦੀ। ਅਪਣੀ ਵਾਰੀ ਦੀ ਉਡੀਕ ਵਿੱਚ ਸੈਯਦ–ਸੇਖ–ਪਠਾਣ ਤੇ ਮੁਗਲ ਖੜੇ ਰਹਿੰਦੇ।

*ਦੋਹਰਾ ॥ ਐਸੇ ਹੀ ਤਾਂ ਸੌ ਸਭੈ ਨਿਤ ਪ੍ਰਤਿ ਭੋਗ ਕਮਾਂਹਿ ॥*
*ਬਰਿਯਾ ਅਪਨੀ ਆਪਨੀ ਇਕ ਆਵੈ ਇਕ ਜਾਂਹਿ ॥*
*ਪ੍ਰਥਮ ਪਹਰ ਸੈਯਦ ਰਮੈਂ ਸ਼ੇਖ ਦੂਸਰੇ ਆਨਿ ॥*
*ਤ੍ਰਿਤਿਯ ਪਹਰ ਮੁਗਲਾਵਈ ਚੌਥੇ ਪਹਰ ਪਠਾਣ ॥੫॥* (ਅਸ਼ਟਮੋ ਚਰਿਤ੍ਰ ਪੰਨਾ ੮੨੦-੨੧)

ਨੋਟ :-ਇਸ ਅਸ਼ਲੀਲ ਰਚਨਾਂ ਦੇ (ਜੋ ਹੋਰ ਭੀ ਲੰਮੀ ਚੌੜੀ ਲਿਖੀ ਗਈ ਹੈ) ਅਰਥ ਤਾਂ ਸਾਡੇ ਮਹਾਨ ਧਰਮੀ ਪੁਰਖ ਹੀ ਚੰਗੀ ਤਰ੍ਹਾਂ ਕਰ ਸਕਦੇ ਹਨ ਮੇਰੇ ਜਿਹੇ ਨਿਮਾਣੇ–ਨਿਤਾਣੇ ਲਈ ਔਖਾ ਲਗਦਾ ਹੈ। ਪਰ ਇਕ ਗੱਲ ਉਨ੍ਹਾਂ ਤੋਂ ਜਰੂਰ ਪੁੱਛ ਲਿਓ ਜੋ ਦਸਮ ਗ੍ਰੰਥ ਦੇ ਗੁਣ ਗਾਉਦੇ ਨਹੀਂ ਥੱਕਦੇ ਕਿ ਆਖਰ ਇਨ੍ਹਾਂ ਗੰਦੀਆਂ ਰਚਨਾਵਾਂ ਤੇ ਪਾਤਸ਼ਾਹੀ ੧੦ ਜੜ ਦੇਣ ਪਿੱਛੇ ਤੁਹਾਡਾ ਅੰਦਰੂਨੀ ਮਨੋਰਥ ਕੀ ਹੈ। ਇਨਾਂ ਰਚਨਾਵਾਂ ਨੂੰ ਗੁਰੂ

ਗੋਬਿੰਦ ਸਿੰਘ ਜੀ ਦੇ ਨਾਂ ਮੜਨ ਵਾਲੇ ਗੁਰੂ ਦੇ ਸਿੱਖ ਨਹੀਂ ਬਲਕਿ ਸਿੱਖ ਧਰਮ ਦੇ ਦੁਸ਼ਮਣ ਸਮਝੇ ਜਾਣਗੇ ।

ਹਾਂ ਫੇਰ ਅਚਾਨਕ ਕੁਟਿਯਾ ਦੇ ਪਿੱਛੇ ਪਿਯਾਦੇ (ਪੁਲਸ) ਆ ਗਏ । ਉਸ ਨੂੰ ਦੇਖ ਕੇ ਮੁਗਲ ਭਜਾ ਦਿੱਤਾ । ਜਦ ਪਿਯਾਦਨ ਨੇ ਘੇਰ ਲਈ ਕੋਈ ਉਪਾਅ ਨਾ ਰਿਹਾ ਆਪ ਘਰ ਤੋਂ ਬਾਹਰ ਆ ਕੇ ਅਪਣੇ ਘਰ ਨੂੰ ਅੱਗ ਲਗਾ ਦਿੱਤੀ ਤੇ ਦੋਹਾਂ ਹੱਥਾਂ ਨਾਲ ਪਿੱਟ ਪਿੱਟ ਕੇ ਆਖੇ ਓਏ ਮੇਰਾ ਘਰ ਸੜ ਗਿਆ । ਚਾਰੋਂ ਹੀ ਜਲ ਕੇ ਮਰ ਗਏ ਕਿਸੇ ਨੇ ਭੀ ਰਾਖ ਫਰੋਲ ਕੇ ਨਾ ਦੇਖੀ ।

## ਸ਼ਹਿਰ ਲਹੌਰ

(ਨੌਮੇਂ ਚਰਿਤ੍ਰ ਪੰਨਾ ੮੨੧-੨੨)

ਪਾਤਰ : ਸ੍ਰੀ ਜਗ ਜੋਤਿਮਤੀ, ਚਿਤ੍ਰਕਲਾ ਅਤੇ ਸਹਚਰੀ

ਸ਼ਹਿਰ ਲਹੌਰ ਦੇਇੱਕ ਸ਼ਾਹ ਦੀ ਬਹੂ ਅੰਤਾਂ ਦੀ ਸੋਹਣੀ ਤੇ ਮਨਮੋਹਣੀ ਜਿਸ ਵਰਗੀ ਜੱਗ ਤੇ ਹੋਰ ਦੂਜੀ ਨਹੀਂ ਸੀ ਦੇ ਅੰਗ ਤੱਕ ਕੇ ਇਕ ਰਾਜਾ ਮੋਹਿਤ ਹੋ ਗਿਆ । ਉਸ ਨੇ ਇਸ ਨਾਲ ਮਨ ਭਾਉਂਦਾ ਸੰਭੋਗ ਕੀਤਾ (ਪਤਾ ਨਹੀਂ ਜਬਰਦਸਤੀ ਜਾਂ ਰਜਾਮੰਦੀ ਨਾਲ) ਪਰ ਉਹ ਭੀ ਹੋ ਗਈ ਦੀਵਾਨੀ ਰਾਜੇ ਦੀ । ਅਪਣੀ ਸਹੇਲੀ ਚਿਤ੍ਰਕਲਾ ਨੂੰ ਭੇਜ ਕੇ ਹਰ ਰੋਜ ਹੀ ਰਾਜੇ ਨੂੰ ਘਰ ਸੱਦ ਕੇ ਕਰੇ ਸੰਭੋਗ । ਪਰ ਅਚਾਨਕ ਕਹਾਣੀ ਖਾਧਾ ਮੋੜਾ । ਰਾਜੇ ਦਾ ਰੂਪ ਤੱਕ ਕੇ ਚਿਤ੍ਰਕਲਾ ਮੂਰਛਾ ਖਾ ਕੇ ਧਰਤੀ ਤੇ ਡਿੱਗੀ-ਆਈ ਹੋਸ਼-ਉਠਦਿਆਂ ਹੀ ਰਾਜੇ ਨੂੰ ਆਖੇ ਮੇਰੇ ਨਾਲ ਅੱਜ ਕਰੋ ਸੰਭੋਗ, ਤੈਨੂੰ ਤੱਕ ਕੇ ਮੈਂ ਹੋਈ ਤੇਰੀ ਦੀਵਾਨੀ, ਨਾ ਸੁੱਧ ਨਾ ਬੁੱਧ ਮੇਰੇ ਪੱਲੇ, ਰਾਜੇ ਅਜਿਹਾ ਕਰਨ ਤੋਂ ਕੀਤਾ ਇੰਨਕਾਰ ਖਾਧੀ ਰਿਸਕ-ਜਾ ਦੱਸਿਆ ਸ਼ਾਹ ਨੂੰ, ਸ਼ਾਹ ਸੁਣ ਵਿਥਿਆ ਪੁੱਜਾ ਘਰ, ਔਰਤ ਦੇ ਕੁਕਰਮ ਤੋਂ ਹੋਇਆ ਦੁਖੀ ਆਖੇ ਪਹਿਲਾਂ ਰਾਜੇ ਨੂੰ ਮਾਰੂੰ ਤੇ ਫਿਰ ਆਪ ਮਰੂੰ । ਰਾਜਾ ਬਚਾਣ ਹਿੱਤ ਔਰਤ ਬਣਾਈ ਸਕੀਮ ਸਫ ਬੀਚ ਲਪੇਟ ਕੇ ਭਲੋ ਭੋਜਨ ਸ਼ਾਹ ਅੱਗੇ ਕੀਤਾ ਭੇਟ ਖਾਣ ਲਈ । ਕਹਿੰਦੀ ਮੇਵਾ ਕੀ ਮੁਠਿ ਭਰ ਕੇ ਸਫ ਮੋਂ ਡਾਰਿਯੈ । ਰਾਜਾ ਤੂੰ ਇਹ ਭੋਜਨ ਖਾਹ । ਸ਼ਾਹ ਬਚਨ ਸੁਣ ਕੇ ਹੋਇਆ ਨਿਹਾਲ-ਭਾਗਵਾਨੇ ਸੱਚ ਦੱਸੀਂ ਤੂੰ ਮੈਨੂੰ ਰਾਜਾ ਕਿਉਂ ਕਿਹਾ-ਕਹਿੰਦੀ ਖਸਮਾ ਮੈ ਤੇਰੇ ਘਰ ਰਹਿੰਦੀ ਬਹੁਤ ਸੁਖੀ ਹਾਂ ਇਸੇ ਲਈ ਤੈਨੂੰ ਰਾਜਾ ਕਿਹਾ ਹੈ । ਜੜ ਬਾਤ ਸੁਣ ਕੇ ਰੀਝ ਗਿਆ ਤੇ ਭੇਦ ਨਾ ਪਛਾਣ ਸਕਿਆ । ਮਨ ਚ ਉਪਜੀ ਅੰਤਾਂ ਦੀ ਪਰੀਤ ਲੈ ਕੇ ਹੱਟੀ ਚਲਾ ਗਿਆ ਤੇ ਸ਼ਾਹ ਦੀ ਤ੍ਰਿਯ ਨੇ ਰਾਜਾ ਘਰੋਂ ਨਿਕਾਲ ਦਿੱਤਾ ।

ਨੋਟ : ਇਹ ਦਸਮ ਗ੍ਰੰਥ ਹੈ ਪਿਆਰਿਓ । ਇਥੋਂ ਕੀ ਭਾਲਦੇ ਹੋ ? ਇਸ਼ਕ ਮੁਸ਼ਕ ਤੋਂ ਬਿਨਾਂ ਕੱਖ ਨੀ ਜੇ ਲੱਭਣਾ । ਪਰ ਇਹ ਜਰੂਰ ਸੋਚਿਓ ਸਾਡੇ ਪੁਜਾਰੀਆਂ ਇਸ ਲੱਚਰ ਕਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਕਿਉਂ ਲਿਖਿਆ ? ਤੇ ਕਿਉਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਇਸ ਦਾ ਪ੍ਰਕਾਸ ਕਰਨਾ ਚਾਹੁੰਦੇ ਹਨ ? ਅਪਣੀ ਜ਼ਮੀਰ ਦੀ ਅਵਾਜ ਨੂੰ ਦਬਾ ਦੇਣ ਨਾਲ ਜ਼ਮੀਰ ਅਤੇ ਆਤਮਾ ਮਰ ਜਾਂਦੀਆਂ ਹਨ । ਤੁਹਾਡੀ ਆਤਮਾ ਤੇ ਜ਼ਮੀਰ ਨਰੋਈ ਰਹੇ ਇਹ ਮੇਰੀ ਅਰਦਾਸ ਹੈ ।

ਪਾਤਰ : ਚਿਤ੍ਰ ਕਲਾ, ਨ੍ਰਿਪ ਬੇਗ ਸ਼ਾਹੁ ਤ੍ਰਿਯ ਅਤੇ ਚੋਰ (ਦਸਮੋ ਚਰਿਤ੍ਰ ਪੰਨਾ ੮੨੨-੨੩)

### ਇਸ਼ਕ ਖਾਤਰ ਪਤੀ-ਪੁੱਤ ਤੇ ਖਸਮ ਮਾਰਨਾ ਸਿੱਖੋ :-

ਨੋਟ :- ਇਹ ਨੌਮੋਂ ਚਰਿਤ੍ਰ ਦਾ ਹੀ ਇੱਕ ਹਿੱਸਾ ਹੈ । ਧਰਮ ਦੇ ਦੋਖੀਆਂ ਨੇ ਇਕੋ ਕਹਾਣੀ ਦੇ ਦੋ ਹਿੱਸੇ ਕਰ ਕੇ ਦੋ ਚਰਿਤ੍ਰ ਬਣਾ ਦਿੱਤੇ ਹਨ । ਨੌਮੋ ਚਰਿਤ੍ਰ ਦਾ ਅੰਤ ਇਉਂ ਕੀਤਾ ਗਿਆ ਹੈ :-

*ਸ਼ਾਹੁ ਗਏ ਤ੍ਰਿਯ ਸ਼ਾਹ ਕੀ ਨ੍ਰਿਪ ਕੋ ਦਯੋ ਨਿਕਾਰਿ ॥*
*ਸੁਨਤ ਬਾਤ ਅਤਿ ਕੋਪ ਕੈ ਅਧਿਕ ਲੌਂਡਿਯਹਿ ਮਾਰਿ ॥੧੯॥* (ਨੌਮੋਂ ਚਰਿਤ੍ਰ ਪੰਨਾ ੮੨੩)

ਇਹ ਦਸਮੋਂ ਚਰਿਤ੍ਰ ਦਾ ਪਹਿਲਾ ਬੰਦ ਦੋਹਰੇ ਰੂਪ ਵਿੱਚ ਇਉਂ ਲਿਖਿਆ ਹੈ :-

*ਦੋਹਰਾ ॥ ਤਵਨ ਲੌਂਡਿਯਹਿ ਸ਼ਾਹੁ ਤ੍ਰਿਯ ਮਾਰੀ ਜੌ ਰਿਸਿ ਖਾਇ ॥*
*ਕਿਯ ਚਰਿਤ੍ਰ ਤਿਨ ਮੰਤ੍ਰਿਯਨ ਨ੍ਰਿਪ ਸੋ ਕਹਯੋ ਸੁਨਾਇ ॥* (ਦਸਮੋ ਚਰਿਤ੍ਰ ਪੰਨਾ ੮੨੨)

ਇਸ ਕਾਵਿ ਰਚਨਾ ਵਿਚ ਮਨ ਚ ਉਪਜੀ ਈਰਖਾ-ਈਰਖਾ ਵੱਸ ਹੋ ਕੇ ਸੈਯਦਾਂ ਨਾਲ ਗੰਦਣੀ ਯਾਰੀ । ਧੋਖਾ-ਫਰੇਬ ਕਰ ਕੇ ਕਿਵੇਂ ਬਦਲਾ ਲਈਦਾਹੈ ਦੇ ਅਨੋਖੇ ਪ੍ਰਗਟ ਕੀਤੇ ਢੰਗ ਤੇ ਕਤਲ ਕਰਨ ਲਈ ਵਿਊਂਤ ਬੰਦੀ ਤੇ ਆਪ ਵਸ ਜਾਣਾ ਸੈਯਦਾਂ ਦੇ ਸਦਨ ਜੋ ਸਭ ਤੋਂ ਖਤਰਨਾਕ ਵਿਚਾਰ ਔਰਤ ਪ੍ਰਤੀ ਕਵੀ ਪ੍ਰਗਟ ਕੀਤੀ ਹੈ। ਉਹ ਸਮੁੱਚੀ ਦੁਨੀਆਂ ਦੀ ਹਰ ਔਰਤ ਦਾ ਧਿਆਨ ਮੰਗਦੀ ਹੈ। ਕੀ ਔਰਤ ਪ੍ਰਤੀ ਬੇ-ਵਿਸ਼ਵਾਸੀ ਸਦੀਵੀ ਬਣੀ ਰਹੇਗੀ ਜਾਂ ਹਮੇਸ਼ਾਂ ਹਮੇਸ਼ਾਂ ਮਨੁੱਖ ਔਰਤ ਦਾਂ ਸ਼ੋਸਣ ਕਰਦਾ ਰਹੇਗਾ । ਪਾਠਕਾਂ ਦੀ ਦਿਲਚਸਪੀ ਲਈ ਲੇਖਕ ਦੀ ਹੀ ਕਲਮ ਤੋਂ : -

*ਤ੍ਰਿਯਹਿ ਨ ਅੰਤਰ ਦੀਜਿਯੈ ਤਾਕੋ ਲੀਜੈ ਭੇਦ ॥*
*ਬਹੁ ਪੁਰਖਨ ਕੇ ਕਰਤ ਹੈ ਹ੍ਰਿਦੈ ਚੰਚਲਾ ਛੇਦ ॥੧੧॥*
*ਚਿਤ ਤ੍ਰਿਯ ਕੋ ਹਰਿ ਲੀਜਿਯੈ ਤਾਹਿ ਨ ਦੀਜੈ ਚਿੱਤ ॥*
*ਨਿਤ ਪ੍ਰਤਿ ਤਾਹਿ ਰਿਝਾਇਯੈ ਦੈ ਦੈ ਅਗਨਿਤ ਬਿੱਤ ॥੧੨॥*
*ਗੰਧ੍ਰਬ ਜੱਛ ਭੁਜੰਗ ਗਨ ਨਰ ਬਪੁਰੇ ਕਿਨ ਮਾਂਹਿ ॥*
*ਦੇਵ ਅਦੇਵ ਤ੍ਰਿਯਾਨ ਕੇ ਭੇਵ ਪਛਾਨਤ ਨਾਹਿ ॥੧੩॥* (ਦਸਮੋ ਚਰਿਤ੍ਰ ਪੰਨਾ ੮੨੩)

ਉਹ ਜਥੇਬੰਦੀਆਂ-ਸੰਸਥਾਵਾਂ ਅਤੇ ਇਨ੍ਹਾਂ ਨਾਲ ਜੁੜੇ ਮਨੁੱਖ, ਜੋ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਦੀਆਂ / ਮੰਨਦੇ ਹਨ ਉਹ ਅਪਣੇ ਆਪ ਅੰਦਰ ਝਾਤੀ ਮਾਰ ਕੇ ਪੁੱਛਣ ਕਿ ਔਰਤ ਤੇ ਅਜਿਹੇ ਕੋਝੇ ਵਾਰ ਕੀ ਗੁਰੂ ਗੋਬਿੰਦ ਸਿੰਘ ਜੀ ਕਰ ਸਕਦੇ ਹਨ । ਸਿੱਖ ਧਰਮ ਨੇ ਜੋ ਸਤਿਕਾਰ ਤੇ ਬਰਾਬਰਤਾ ਔਰਤ ਨੂੰ ਦਿੱਤੀ ਹੈ ਉਹ ਦੁਨੀਆਂ ਦੇ ਕਿਸੇ ਹੋਰ ਧਰਮ ਨੇ ਨਹੀਂ ਦਿੱਤੀ । ਗੁਰੂ ਗ੍ਰੰਥ ਸਾਹਿਬ ਜੀ ਵਿੱਚ ਤਾਂ ਔਰਤ ਨੂੰ ਮਾੜਾ ਆਖਣ ਵਾਲਿਆਂ ਨੂੰ ਸਰਮੋਸ਼ਾਰ ਕੀਤਾ ਹੈ ਕੀ ਗੁਰੂ ਗੋਬਿੰਦ ਸਿੰਘ ਜੀ ਦਸਮੀਂ ਜੋਤਿ ਅੰਦਰ ਵਿਚਰਦਿਆਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਿੱਤੇ ਉਪਦੇਸ ਤੋ ਮੁਨਕਰ ਹੋ ਸਕਦੇ ਸਨ ? ਵਕਤ ਹੋਏ ਤਾਂ ਮਨੋ ਸੋਚਣ ਦੀ ਕ੍ਰਿਪਾਲਤਾ ਕਰਨੀ ਜੀ ।

## ਇਲਾਕਾ ਪਿਸ਼ੌਰ

(ਗਯਾਰਵੋਂ ਚਰਿਤ੍ਰ ਪੰਨਾ ੮੨੩-੨੪)

ਪਾਤਰ : ਰਾਇ, ਮੰਤ੍ਰੀ ਅਤੇ ਬਨਿਯਾ

ਫੇਰ ਮੰਤ੍ਰੀ ਨੇ ਰਾਜਾ ਨੂੰ ਭੇਦ ਸਮਝਾਇਆ ਤੇ ਦਸਮੀ ਕਥਾ ਬਣਾਣੀ ਸੁਰੂ ਕੀਤੀ । ਪਿਸ਼ੌਰ ਦੇ ਬਣੀਏ ਦੀ ਇਕ ਬਦਚਲਣ ਔਰਤ ਜੋ ਖਸਮ ਨੂੰ ਮਾਰ ਕੇ ਖ਼ੁਦ ਜਲ ਮਰੀ। ਕਹਾਣੀ ਇਉਂ ਸੁਰੂ ਹੋਈ ਬਈ ਬਣੀਆ ਬਣਜ ਕਰਨ ਬਾਹਰ ਗਿਆ ਤਾਂ ਉਸ ਨੇ ਅਪਣੀ ਸਰੀਰਕ ਭੁੱਖ ਮਿਟਾਣ ਹਿੱਤ ਹੋਰ ਮਰਦ ਘਰ ਰੱਖ ਲਿਆ। ਰਾਤ ਦਿਨ ਉਹ ਉਸ ਨਾਲ ਕਲੋਲਾਂ ਕਰੇ। ਜਦ ਭੁੱਖਾ ਬੱਚਾ ਮਾਂ ਦੇ ਪਿਆਰ ਅਤੇ ਦੁੱਧ ਲਈ ਉਚੀ ਉਚੀ ਰੋਂਦਾ ਤਾਂ ਉਸ ਨੂੰ ਚੁੱਪ ਕਰਾਣ ਲਈ ਅਪਣੀ ਛਾਤੀ ਉਸ ਦੇ ਮੂੰਹ ਵਿੱਚ ਦੇ ਦੇਂਦੀ। ਇਕ ਦਿਨ ਅਨੇਕਾਂ ਕੋਸ਼ਿਸਾਂ ਕਰਨ ਤੇ ਭੀ ਚੁੱਪ ਨਾ ਕੀਤਾ ਤਾਂ ਔਰਤ ਨੇ ਅਪਣਾ ਪੁੱਤ ਮਾਰ ਦਿੱਤਾ। ਯਾਰ ਨੇ ਪੁੱਛਿਆ ਕਿ ਪੁੱਤ ਹੁਣ ਕਿਉਂ ਨਹੀਂ ਰੋਂਦਾ ਤਾਂ ਉਸ ਨੇ ਕਿਹਾ ਮੈਂ ਪੁੱਤ ਨੂੰ ਮਾਰ ਦਿੱਤਾ ਹੈ । ਇਹ ਸੁਣ ਕੇ ਯਾਰ ਡਰਿਆ ਤੇ ਔਰਤ ਨੂੰ ਮੰਦਾ ਬੋਲਿਆ। ਔਰਤ ਨੇ ਗੁੱਸਾ ਖਾ ਕੇ ਉਸ ਨੂੰ ਭੀ ਕਟਾਰੀ ਮਾਰ ਕੇ ਮਾਰ ਦਿੱਤਾ ਅਤੇ ਪੁੱਤ ਦੇ ਨਾਲ ਹੀ ਇਕ ਕੋਣੇ ਕਿਸੇ ਹੋਰ ਦੀ ਮੱਦਦ ਲੈ ਕੇ ਦਬਾ ਦਿੱਤਾ । ਇਕ ਪ੍ਰਾਹੁਣੇ ਨੇ ਜੋ ਘਰ ਰਹਿੰਦਾ ਸੀ ਸਭ ਕੁੱਝ ਤੱਕ ਕੇ ਬਣੀਏ ਦੇ ਮਿਤ੍ਰ ਨੂੰ ਦੱਸ ਦਿੱਤਾ ਤੇ ਉਸ ਨੇ ਬਣੀਏ ਨੂੰ । ਬਣੀਏ ਨੇ ਘਰ ਆ ਕੇ ਔਰਤ ਨੂੰ ਕਿਹਾ ਕਿ ਜੇ ਤੂੰ ਮੇਰੇ ਘਰ ਵਸਣਾ ਹੈ ਤਾਂ ਇਹ ਕੋਣਾ ਖੋਦ ਕੇ ਵਿਖਾ । ਇਹ ਸੁਣਦੇ ਹੀ ਉਸ ਨੇ ਬਣੀਆਂ ਭੀ ਮਾਰ ਦਿੱਤਾ ਤੇ ਰੋਲਾ ਪਾ ਦਿੱਤਾ ਕਿ ਚੋਰ ਮੇਰੇ ਪੁੱਤ ਤੇ ਖਸਮ ਨੂੰ ਮਾਰ ਕੇ ਘਰ ਲੁੱਟ ਕੇ ਲੈ ਗਏ ਹਨ । ਮੈਂ ਹੁਣ ਉਸ ਨਾਲ ਸਤੀ ਹੋਣ ਚਲੀ ਹਾਂ । ਸਵੇਰੇ ਉਹ ਚਿਖਾ ਤੇ ਸੜਨ ਲਈ ਚੱਲੀ ਤਾਂ ਲੋਕੀਂ ਲੱਕੜਾਂ ਲੈ ਕੇ ਤਮਾਸਾ ਦੇਖਣ ਘਰੋਂ ਤੁਰ ਪਏ ।

ਨੋਟ : ਇਸ ਕਹਾਣੀ ਵਿੱਚੋਂ ਕੋਈ ਗੁਰਮਤਿ ਲੱਭੀ ਹੋਏ ਤਾਂ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ ਪਰ ਕਾਮ ਦੀ ਭੁੱਖ ਦੂਰ ਕਰਨ ਦਾ ਉਪਦੇਸ ਜਰੂਰ ਦਿੱਤਾ ਹੈ ।ਗੁਰਬਾਣੀ ਤਾਂ ਕਾਮ ਕ੍ਰੋਧ ਤੇ ਕਾਬੂ ਪਾਉਣ ਲਈ ਜੀਵ ਆਤਮਾ ਨੂੰ ਪ੍ਰੇਰਦੀ ਹੈ ਪਰ ਇਥੇ ਕਾਮ ਦੀ ਪੂਰਤੀ ਲਈ ਖਸਮ-ਪੁੱਤ ਤੇ ਯਾਰ ਨੂੰ ਮਾਰਨ ਵਿੱਚ ਕੋਈ ਪ੍ਰਹੇਜ ਨਹੀਂ । ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਅਜਿਹੀ ਸਿੱਖਿਆ ਦੇ ਸਕਦੇ ਹਨ ? ਸ਼ਾਇਦ ਧਰਮ ਦੇ ਠੇਕੇਦਾਰ ਵਧੇਰੇ ਜਾਣਦੇ ਹੋਣ ਪਰ ਇਥੇ ਤਾਂ ਬਹੁਤ ਹੀ ਅਪਮਾਨ ਜਨਕ ਸ਼ਬਦਾਂ ਦਾ ਖੁੱਲ ਕੇ ਪ੍ਰਯੋਗ ਕੀਤਾ ਹੈ ਤੇ ਨਾਲ ਹੀ ਔਰਤ ਦਾ ਅਪਮਾਨ ਭੀ :-

*ਅੜਿੱਲ ॥ ਨਿਜੁ ਮਨ ਕੀ ਕਛੁ ਬਾਤ ਨ ਤ੍ਰਿਯ ਕੋ ਦੀਜਿਯੈ ॥*
*ਤਾਕੋ ਚਿੱਤ ਚੁਰਾਇ ਸਦਾ ਹੀ ਲੀਜਿਯੈ ॥*
*ਨਿਜੁ ਮਨ ਕੀ ਤਾਸੋ ਜੋ ਬਾਤ ਸੁਨਾਇਯੈ ॥*
*ਹੋ ਬਾਹਰ ਪ੍ਰਗਟਤ ਜਾਇ ਆਪੁ ਪਛੁਤਾਇਯੈ ॥੨੦॥* (ਗਯਾਰਵੋਂ ਚਰਿਤ੍ਰ ਪੰਨਾ ੮੨੪)

## ਇਲਾਕਾ ਬ੍ਰਿੰਦਰਾਬਨ

(ਦ੍ਵਾਦਸਮੋਂ ਚਰਿਤ੍ਰ ਪੰਨਾ ੮੨੪-੨੭)

ਪਾਤਰ : ਰਾਧਿਕਾ, ਬ੍ਰਿਖਭਾਨ, ਕ੍ਰਿਸ਼ਨ, ਬਯਾਸ, ਪਰਾਸਰ, ਅਸੁਰ, ਸੁਰ, ਸਹਚਰੀ, ਬ੍ਰਹਮਾ, ਸਨਕਾਦਿਕ ਤੇ ਸ਼ੇਸ ਨਾਗ

**ਰਾਧਾ ਤੇ ਕ੍ਰਿਸ਼ਨ ਦਾ ਪ੍ਰਸੰਗ**– ਬ੍ਰਿਦਰਾਬਨ ਦੇ ਬ੍ਰਿਖਭਾਨ ਦੀ ਧੀ ਰਾਧਿਕਾ ਕ੍ਰਿਸ਼ਨ ਦਾ ਰੂਪ ਤੱਕ ਕੇ ਓਹਦੀ ਦੀਵਾਨੀ ਹੋ ਗਈ ਤੇ ਰਾਤ ਦਿਨ ਉਹ ਦੀ ਯਾਦ ਚ ਮਸਤ । ਲੋਕ ਲਾਜ ਤੇ ਧੰਨ ਧਾਮ ਦੀ ਪਰਵਾਹ ਸਭ ਦਾ ਕੀਤਾ ਤਿਆਗ । ਬਯਾਸ-ਪਰਾਸਰ ਅਸੁਰ ਤੇ ਸੁਰ ਕਿਸੇ ਨੂੰ ਭੀ ਭੇਦ ਨਾ ਲੱਭਾ । ਕ੍ਰਿਸ਼ਨ ਨੂੰ ਪਾਣ ਲਈ ਲਿਆ ਸਹੇਲੀ ਦਾ ਸਹਾਰਾ ਆਖੇ ਕਿਵੇਂ ਨਾ ਕਿਵੇਂ ਮੈਨੂੰ ਕ੍ਰਿਸਨ ਮਿਲਾ ਦੇ । ਲੋਕੀਂ ਆਖਦੇ ਹਨ ਕਿ ਉਹ ਦਾ ਭੇਦ ਬ੍ਰਹਮਾ-ਬਯਾਸ ਅਰ ਬੇਦ ਭੀ ਨਹੀਂ ਪਾ ਸਕੇ ਉਸ ਨੂੰ ਸਿਵ ਸਨਕਾਦਿਕ ਸ਼ੇਸ ਨਾਗ ਭੀ ਚੰਗਾ ਹੀ ਆਖਦੇ ਹਨ । ਮੈਨ ਪ੍ਰਭਾ ਨੇ ਅਪਣੀ ਸਹੇਲੀ ਨੂੰ ਅਪਣੇ ਮਨ ਦੇ ਸਾਰੇ ਭੇਦ ਸਮਝਾ ਕੇ ਇੱਕ ਚਿੱਠੀ ਕ੍ਰਿਸ਼ਨ ਦੇ ਹੱਥ ਦੇਣ ਲਈ ਦਿੱਤੀ । ਹੇਠ ਪੰਜਾਬੀ ਚ ਕੁੱਝ ਇਉਂ ਲਿਖਿਆ :-

*ਅੜਿੱਲ ॥ ਸ੍ਵੇਤਤਾ ਬਿਭੂਤ ਅਤੇ ਮੇਖੁਲੀ ਨਿਮੇਖ ਸੰਦੀ, ਅੰਜਨ ਦੀ ਸੇਲੀ ਦਾ ਸੁਭਾਵ ਸੁਭ ਭਾਖਣਾ ॥*
*ਭਗਵਾ ਸੁ ਭੇਸ ਸਾਡੇ ਨੈਣਾ ਦੀ ਲਲਾਈ ਸਈਯੋ, ਯਾਰਾਂ ਦਾ ਧਿਆਨੁ ਏਹੋ ਕੰਦ ਮੂਲ ਚਾਖਣਾ ॥*
*ਰੋਦਨ ਦਾ ਮਜਨੁ ਸੁਪੁੱੜੀ ਪੱੜ੍ਹ ਗੀਤ ਗੀਤਾ, ਦੇਖਣ ਦੀ ਭਿੱਛਾ ਧਯਾਨ ਧੂੰਆਂ ਬਾਲ ਰਾਖਣਾ ॥*
*ਆਲੀ ਏਨਾ ਗੋਪੀਯਾਂ ਦੀਆਂ ਅੱਖੀਆਂ ਦਾ ਜੋਗੁ ਸਾਰਾ, ਨੰਦ ਦੇ ਕੁਮਾਰ ਨੂੰ ਜਰੂਰ ਜਾਇ ਆਖਣਾ॥੬॥*

(ਦ੍ਵਾਦਸਮੋਂ ਚਰਿਤ੍ਰ ਪੰਨਾ ੮੨੫)

ਨੋਟ : ਇਹ ਕੇਵਲ ਨਮੂਨੇ ਮਾਤਰ ਹੈ ਬਹੁਤਾ ਪੜ੍ਹਨਾ ਚਾਹੁੰਦੇ ਹੋ ਤਾਂ ਦਸਮ ਗ੍ਰੰਥ ਦਾ ਇਹ ਕਿੱਸਾ ਪੜ੍ਹੋ ।

ਚਿੱਠੀ ਪੜ੍ਹ ਕੇ ਕ੍ਰਿਸ਼ਨ ਨੇ ਜਾਣਿਆ ਕਿ ਓਹਦੀ ਪ੍ਰੀਤ ਸੱਚੀ ਹੈ । ਮੈਨ ਪ੍ਰਭਾ ਨਾਲ ਕ੍ਰਿਸ਼ਨ ਨੇ ਅਪਣੀ ਇਕ ਦੋਸਤ ਕੁੜੀ ਨੂੰ ਭੇਜਿਆ ਤੇ ਜਮਨਾ ਦੇ ਕੰਢੇ ਮਿਲਣ ਦੀ ਤਾਂਘ ਜਤਾਈ । ਰਾਧਾ ਸੁਣ ਕੇ ਬੇਹਬਲ ਹੋ ਉਠੀ ਤੇ ਹਾਰ ਸਿੰਗਾਰ ਕਰ ਕੇ ਕ੍ਰਿਸ਼ਨ ਨੂੰ ਮਿਲਣ ਤੁਰ ਪਈ ।ਜਮਨਾ ਦੇ ਕੰਢੇ ਪੁਹੰਚ ਕੇ ਕ੍ਰਿਸ਼ਨ ਤੇ ਰਾਧਿਕਾ ਦਾ ਮੇਲਾਪ ਇਉਂ ਦੱਸਿਆ ਹੋਇਆ ਹੈ :-

*ਅੜਿੱਲ ॥ ਕ੍ਰੀੜਤ ਹੈ ਜਹਾਂ ਕਾਨ ਕੁਮਾਰ ਬਡੇ ਰਸ ਸਾਥ ਬਡੇ ਜਲ ਮਾਂਹੀ ॥*
*ਵਾਰ ਤ੍ਰਿਯਾ ਉਹਿ ਪਾਰ ਗੁਪਾਲ ਬਿਰਾਜਤ ਗ੍ਵਾਰਨਿ ਕੇ ਦਲ ਮਾਹੀ ॥*
*ਲੈ ਡੁਬਕੀ ਦੋਊ ਆਪਸ ਮੈਂ ਰਤਿ ਮਾਨਿ ਉਠੈ ਦ੍ਰਿੜ ਜਾਇ ਤਹਾਂ ਹੀ ॥*
*ਯੋ ਰੁਚਿ ਮਾਨਿ ਰਮੈਂ ਰਸ ਸੋਂ ਮਨੋ ਦੂਰਿ ਰਹੇ ਕੋਊ ਜਾਨਤ ਨਾਹੀ ॥੨੮॥*
*ਖੇਲਤੀ ਲਾਲ ਸੋਂ ਬਾਲ ਭਲੀ ਬਿਧਿ ਕਾਹੂੰ ਸੋਂ ਬਾਤ ਨ ਭਾਖਤ ਜੀ ਕੀ ॥*
*ਨੇਹ ਜਗਯੋ ਨਵ ਜੋਬਨ ਕੋ ਉਰ ਬੀਚ ਰਹੀ ਗਡਿ ਮੂਰਤਿ ਪੀ ਕੀ ॥*
*ਬਾਰਿ ਬਿਹਾਰ ਮੈਂ ਨੰਦ ਕੁਮਾਰ ਸੋ ਕ੍ਰੀੜਤ ਹੈ ਕਰਿ ਲਾਜ ਸਖੀ ਕੀ ॥*
*ਜਾਇ ਉਠੈ ਬਲ ਤੌਨਹਿ ਤੇ ਰਤਿ ਮਾਨ ਦੋਊ ਮਨ ਮਾਨਤ ਜੀ ਕੀ ॥੨੯॥*

(ਦ੍ਵਾਦਸਮੋਂ ਚਰਿਤ੍ਰ ਪੰਨਾ ੮੨੭)

ਨੋਟ : ਅਕਾਲ ਪੁਰਖ ਦੀ ਉਸਤਤ ਛੱਡ ਕੇ ਕ੍ਰਿਸ਼ਨ ਦੀ ਉਸਤਤ ਗੁਰੂ ਗੋਬਿੰਦ ਸਿੰਘ ਜੀ ਤੋਂ ਕਰਾਉਣਾ ਧਰਮ ਦੇ ਠੇਕੇਦਾਰਾਂ ਨੂੰ ਭਾਵੇਂ ਚੰਗਾ ਲੱਗਦਾ ਹੋਏ ਪਰ ਸਿੱਖ ਧਰਮ ਦੀ ਥੋੜੀ ਜਿੰਨੀ ਭੀ ਸੂਝ ਰੱਖਣ ਵਾਲਾ ਪ੍ਰਾਣੀ ਗੁਰੁ ਗੋਬਿੰਦ ਸਿੰਘ ਜੀ ਦੇ ਕੀਤੇ ਗਏ ਨਿਰਾਦਰ ਨੂੰ ਕਦੇ ਭੀ ਪ੍ਰਵਾਨ ਨਹੀਂ ਕਰ ਸਕਦਾ । ਭਲਾਂ ਕ੍ਰਿਸ਼ਨ ਦਾ ਸਿੱਖ ਧਰਮ ਨਾਲ ਕੀ ਸਬੰਧ ? ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਅਸ਼ਲੀਲ ਰਚਨਾ ਲਿਖ ਸਕਦੇ ਹਨ ? ਕੀ ਉਨ੍ਹਾਂ ਕਦੇ ਠੇਠ ਪੰਜਾਬੀ ਦਾ ਇਸਤੇਮਾਲ ਕੀਤਾ ? ਗੁਰਸਿੱਖੋ ਅਪਣੇ ਗੁਰੂ ਦੇ ਹੋ ਰਹੇ ਜਾਂ ਕੀਤੇ ਜਾ ਰਹੇ ਅਪਮਾਨ ਤੋਂ ਜਾਗੋ ਅਤੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਣ ਵਾਲਿਆਂ ਨੂੰ ਸ਼ਰਮੋਸ਼ਾਰ ਕਰੋ । ਕੀ ਇਹ ਭੀ ਗੁਰੂ ਗੋਬਿੰਦ ਸਿੰਘ ਜੀ ਲਿਖਣਗੇ :-

*ਸੋਰਠਾ ॥ ਜੋ ਨਿਜੁ ਤ੍ਰਿਯ ਕੋ ਦੇਤ ਪੁਰਖ ਭੇਦ ਕਛੁ ਆਪਨੋ ॥*
*ਤਾਕੇ ਬਿਧਨਾ ਲੇਤ ਪ੍ਰਾਨ ਹਰਨ ਕਰਿ ਪਲਕ ਮੈ ॥੩੦॥* (ਦ੍ਵਾਦਸਮੋਂ ਚਰਿਤ੍ਰ ਪੰਨਾ ੮੨੭)

ਪਾਤਰ : ਮੰਤ੍ਰੀ, ਰਾਇ, ਪਦੂਆ, ਗੈਨੀ ਤੇ ਰਾਮਦਾਸ........................(ਤ੍ਰਿਦਸਮੋਂ ਚਰਿਤ੍ਰ ਪੰਨਾ ੮੨੭-੨੮)

ਮੰਤ੍ਰੀ ਨੇ ਫੇਰ ਕਹਾਣੀ ਛੇੜੀ। ਰਾਜੇ ਨੇ ਸਿਰ ਸੁੱਟ ਕੇ ਚੁੱਪਵੱਟ ਰੱਖੀ। ਪਦੂਆ ਉਸ ਟਿੱਲੇ ਵੱਸਦਾ ਸੀ ਤੇ ਗੈਨੀ ਸਾਡੇ ਪਿੰਡ । ਉਸ ਦਾ ਖ਼ਸਮ ਸੀ ਰਾਮਦਾਸ । ਰਾਮ ਦਾਸ ਕਿਤੇ ਹੋਰ ਰਹਿੰਦਾ ਪਰ ਸੌਂਦਾ ਪਦੂਆ ਦੇ ਨਾਲ। ਜਦ ਦੁਪੈਹਿਰ ਹੁੰਦੀ ਤਾਂ ਇਸ਼ਨਾਨ (ਨ੍ਹਾਨ) ਲਈ ਜਾਂਦਾ। ਇਕ ਦਿਨ ਪਦੂਆ ਦੇ ਘਰ ਬਹੁਤ ਆਦਮੀ ਇਕੱਠੇ ਹੋ ਗਏ। ਗੈਨੀ ਭੀ ਉਥੇ ਪੁੱਜੀ ਪਰ ਭੇਦ ਨਾ ਪਾ ਸਕੀ, ਕਿ ਮਾਜਰਾ ਕਿਆ ਹੈ। ਤੁਰੰਤ ਔਰਤ ਬੋਲੀ ਕਿ ਰਾਮ ਦਾਸ ਤੁਹਾਡੇ ਤਾਂ ਨਹੀਂ ਆਇਆ। ਪਤਾ ਨਹੀਂ ਮੇਰਾ ਪਤੀ ਪਰਮੇਸ਼ਰ ਕਿੱਥੇ ਚਲਾ ਗਿਆ। ਇਹ ਕਹਿ ਕੇ ਉਹ ਗਰਾਂ (ਪਿੰਡ) ਵੱਲ ਚਲੀ ਗਈ ਤੇ ਲੋਕ ਭੀ ਖਿੰਡ ਪੁੰਡ ਗਏ। ਬਿਨਾ ਕਿਸੇ

ਸੋਗ ਦੇ ਪਦੂਆ ਨਾਲ ਇਸ਼ਕ ਕਰ ਕੇ ਉਥੇ ਪਹੁੰਚੀ ਜਿਸ ਨੂੰ ਬੜਾ ਸਵਾਰ ਕੇ ਰੱਖਿਆ ਸੀ । ਭਾਵੇਂ ਕੋਈ ਵਿਦਵਾਨ ਹੋਏ ਜਾਂ ਚਤੁਰ ਔਰਤ ਦੇ ਚਰਿਤ੍ਰ ਦਾ ਭੇਦ ਨਹੀਂ ਪਾ ਸਕਿਆ। ਜਿਹੜਾ ਮਨੁੱਖ ਅਪਣਾ ਚਿੱਤ ਔਰਤ ਨਾਲ ਜੋੜਦਾ ਹੈ ਬੁਢਾਪਾ ਜਲਦੀ ਹੀ ਜਵਾਨੀ ਨਿਗਲ ਲੈਂਦਾ ਹੈ ਤੇ ਪ੍ਰਾਣ ਜਮਦੂਤ ਲੈ ਜਾਂਦੇ ਹਨ । ਔਰਤ ਨੂੰ ਕਦੇ ਭੀ ਭੇਦ ਨਾ ਦਿਓ ਹਾਂ ਉਸ ਦਾ ਭੇਦ ਜਰੂਰ ਲੈਂਦੇ ਰਹਿਣਾ । ਸਿੰਮ੍ਰਿਤਿ - ਬੇਦ ਅਤੇ ਕੋਕ ਸਾਸਤ੍ਰ ਦਾ ਭੀ ਇਹੋ ਨਿਚੋੜ ਹੈ ।

*ਕੈਸੋ ਹੀ ਬੁਧਿਜਨ ਕੋਊ ਚਤੁਰ ਕੈਸਊ ਹੋਇ ॥*
*ਚਰਿਤ ਚਤੁਰਿਯਾ ਤ੍ਰਿਯਨ ਕੋ ਪਾਇ ਸਕਤ ਨਹਿ ਕੋਇ ॥੮॥*
*ਜੋ ਨਰ ਅਪੁਨੇ ਚਿੱਤ ਕੌ ਤ੍ਰਿਯ ਕਰ ਦੇਤ ਬਨਾਇ ॥*
*ਜਰਾ ਤਹਾਂ ਜੋਬਨ ਹਰੈ ਪ੍ਰਾਨ ਹਰਤ ਜਮ ਜਾਇ ॥੯॥*
*ਸੋਰਠਾ ॥ ਤ੍ਰਿਯਹਿ ਨ ਦੀਜੈ ਭੇਦ ਤਾਹਿ ਭੇਦ ਲੀਜੈ ਸਦਾ ॥*
*ਕਹਤ ਸਿੰਮ੍ਰਿਤਿ ਅਰੁ ਬੇਦ ਕੋਕ ਸਾਰਊ ਯੌ ਕਹਤ ॥੧੦੫॥* **(ਤ੍ਰਿਦਸਮੋਂ ਚਰਿਤ੍ਰ ਪੰਨਾ ੮੨੮)**

ਨੋਟ : ਪਤਾ ਨਹੀਂ ਕਿਉਂ ਸਿੱਖ ਧਰਮ ਦੇ ਕੱਟੜ ਵੈਰੀ ਅਜਿਹੇ ਗੰਦ ਮੰਦ ਅਤੇ ਮੰਦੀ ਸੋਚ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਮੜ੍ਹਦੇ ਹਨ । ਜਿਹੜੀਆਂ ਸੰਪ੍ਰਦਾਵਾਂ ਸੰਤ-ਸਾਧ-ਜਥੇਬੰਦੀਆਂ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੀਆਂ ਹਨ ਤੇ ਹਮਾਇਤ ਕਰਦੀਆਂ ਹਨ ਉਨ੍ਹਾਂ ਨੂੰ ਗੁਰੁ ਨਾਨਕ ਦੇ ਸਿੱਖ ਨਹੀਂ ਕਿਹਾ ਜਾ ਸਕਦਾ । ਇਹ ਕ੍ਰਿਤਾਂ ਸਮਾਜ ਦੀ ਬਣਤਰ ਖੇਰੂੰ ਖੇਰੂੰ ਕਰਨ ਵਾਲੀਆਂ ਹਨ ਅਤੇ ਮਨੁੱਖੀ ਆਚਰਣ ਨੂੰ ਵਿਗਾੜਦੀਆਂ ਹਨ । ਔਰਤ ਪ੍ਰਤੀ ਘ੍ਰਿਣਾ-ਬੇਵਿਸ਼ਵਾਸੀ ਪੈਦਾ ਕਰਕੇ ਉਨ੍ਹਾਂ ਤੇ ਅਤਿਆਚਾਰ ਕਰਨ ਲਈ ਹੱਲਾਸ਼ੇਰੀ ਦੇਂਦੀਆਂ ਹਨ ।ਸੰਸਾਰ ਵਿੱਚ ਪੈਦਾ ਹੋਈ ਹਰ ਧਰਮ ਦੀ ਧੀ-ਭੇਣ-ਮਾਂ ਤੇ ਔਰਤ ਨੂੰ ਅਜਿਹੇ ਲੱਚਰ ਸਹਿਤ ਤੇ ਪਾਬੰਦੀ ਲਾਉਣ ਦੀ ਅਵਾਜ ਬੁਲੰਦ_ਕਰਨੀ ਚਾਹੀਦੀ ਹੈ । ਅਤੇ ਚੰਗੇ ਸਮਾਜ ਦੀ ਬਣਤਰ ਲਈ ਸਖ਼ਤੀ ਨਾਲ ਪਹਿਰਾ ਦੇਣਾ ਚਾਹੀਦਾ ਹੈ ।

## ਨਗਰ : ਰੂਪ ਨਗਰ

**(ਚਤ੍ਰਦਸਮੋਂ ਚਰਿਤ੍ਰ ਪੰਨਾ ੮੨੮)**

ਪਾਤਰ : ਮੰਤ੍ਰੀ, ਰਾਇ, ਪੁਹਪਮਤੀ ਤੇ ਰਾਇ

ਫੇਰ ਮੰਤ੍ਰੀ ਨੇ ਰਾਜਾ ਅੱਗੇ ਕਥਾ ਉਚਾਰਣ ਕੀਤੀ । ਜਿਸ ਨੂੰ ਸੁਣ ਕੇ ਮਨ ਚ ਖਿੜਾਓ ਆਉਂਦਾ ਹੈ ਤੇ ਬੰਦਾ ਅਨੇਕਾਂ ਗੁਣਾਂ ਦਾ ਧਾਰਣੀ ਹੋ ਜਾਂਦਾ ਹੈ । ਇਕ ਔਰਤ ਬਾਗ ਵਿੱਚ ਗਈ ਤੇ ਕਿਸੇ ਹੋਰ ਨਾਲ ਇਸ਼ਕ ਕੀਤਾ । ਉਥੇ ਉਸ ਦਾ ਇੱਕ ਹੋਰ ਯਾਰ ਭੀ ਪੁੱਜ ਗਿਆ । ਜਦ ਔਰਤ ਨੇ ਜਾਣਿਆ ਕਿ ਪਹਿਲਾ ਯਾਰ ਆ ਰਿਹਾ ਹੈ ਤਾਂ ਦੂਜੇ ਨੂੰ ਕਹਿਣ ਲੱਗੀ ਕਿ ਤੂੰ ਅਪਣਾਂ ਨਾਂ ਮਾਲੀ ਰੱਖ ਲੈ ਤੇ ਫਲ ਫੁੱਲ ਉਸ ਦੇ ਅੱਗੇ ਰੱਖ ਦੇਵੀਂ । ਜਿਵੇਂ ਔਰਤ ਨੇ ਸਿੱਖਿਆ ਦਿੱਤੀ ਯਾਰ ਨੇ ਉਵੇਂ ਕੀਤਾ । ਔਰਤ ਅਪਣੇ ਪਹਿਲੇ ਯਾਰ ਨੂੰ ਆਖੇ ਕਿ ਇਹ ਇਸ ਬਾਗ ਦਾ ਮਾਲੀ ਹੈ । ਤੂੰ ਇਸ ਨੂੰ ਬਹੁਤਾ ਧੰਨ ਦੇਵੀਂ ਕਿਤੇ ਨਿਰਾਸ ਹੀ ਨਾ ਪਰਤ ਜਾਏ । ਇਹ ਸੁਣ ਕੇ ਉਸ ਨੇ ਬਹੁਤਾ ਧੰਨ ਕੱਢ ਕੇ ਉਸ ਨੂੰ ਦਿੱਤਾ। ਇਉਂ ਔਰਤ ਨੇ ਯਾਰ ਨੂੰ ਮਾਲੀ ਬਣਾ ਕੇ ਅਪਣੇ ਚਰਿਤ੍ਰ ਨਾਲ ਕੱਢ ਦਿੱਤਾ ।

ਨੋਟ :- ਇਹ ਕਥਾ ਦਸਮ ਗ੍ਰੰਥ ਦੀ ਹੈ । ਇਥੇ ਧਰਮ ਕਰਮ ਦੀ ਕੋਈ ਸਿੱਖਿਆ ਲੱਭਣੀ ਚਾਹੋ ਤਾਂ ਨਹੀਂ ਲੱਭਣੀ । ਹਾਂ ਇਸ਼ਕ ਮੁਸ਼ਕ ਦੇ ਰਾਹ ਲੱਭਣੇ ਹੋਣ ਤੇ ਕਾਮ ਜਗਾਣਾ ਹੋਏ ਤਾਂ ਇਹ ਬਹੁਤ ਲਾਭਕਾਰੀ ਹੈ ਭਲਾਂ ਅੰਨ੍ਹਾਂ ਕੀ ਲੋੜੇ ਦੋ ਨੈਣ । ਸਿੱਖ ਧਰਮ ਦੇ ਭੇਖ ਅੰਦਰ, ਬਹੁਤੇ ਤਾਂ, ਅਰਦਾਸਾਂ, ਕਾਮ ਕ੍ਰੋਧ ਦੇ ਕਾਬੂ ਕਰਨ ਦੀਆਂ ਕਰਦੇ ਹਨ, ਪਰ ਅੰਦਰ ਖਾਤੇ ਦਸਮ ਗ੍ਰੰਥ ਪੜ੍ਹ ਪੜ੍ਹ ਕਾਮ ਨੂੰ ਅਪਣੇ ਤੇ ਭਾਰੂ ਰੱਖਦੇ ਹਨ । ਕਿਤੇ ਗੁੱਸਾ ਹੀ ਨਾ ਖਾ ਬੈਠਿਓ । ਆਹ ਵੱਡੇ ਬਾਬਿਆਂ ਦੀਆਂ ਅਖਬਾਰਾਂ ਚ ਲੱਗੀਆਂ ਸੁਰਖੀਆਂ ਦਸਮ ਗ੍ਰੰਥ ਦੀਆਂ ਸਿਖਸ਼ਾਵਾਂ ਦਾ ਅਸਰ ਹੀ ਤਾਂ ਪ੍ਰਗਟ ਕਰਦੀਆਂ ਹਨ ।

ਇਲਾਕਾ : ਰਾਮਦਾਸ ਪੁਰ (ਅੰਮ੍ਰਿਤਸਰ) ਤੇ ਕੀਰਤਿ ਪੁਰ (ਕੀਰਤਿ ਪੁਰ ਸਾਹਿਬ)

ਪਾਤਰ : ਮੰਤ੍ਰੀ, ਨ੍ਰਿਪ, ਭਾਨ (ਸੁਤ) ਅਤੇ ਭਾਨਮਤੀ **(ਪੰਦ੍ਰਸਮੋਂ ਚਰਿਤ੍ਰ ਪੰਨਾ ੮੨੯)**

ਚੌਧਵੀਂ ਕਥਾ ਸੁਣਾਈ ਮੰਤ੍ਰੀ ਨੇ ਰਾਜੇ ਨੂੰ । ਕਥਾ ਸੁਣ ਕੇ ਰਾਜਾ ਹੋਇਆ ਪ੍ਰਸੰਨ ਤੇ ਦਿੱਤਾ ਬਹੁਤਾ ਧੰਨ। ਮੰਤ੍ਰੀ ਕਹਿੰਦਾ ਭਾਨ ਦੀ ਮਾਂ (ਭਾਨਮਤੀ) ਰਾਮਦਾਸ ਪੁਰ (ਅੰਮ੍ਰਿਤਸਰ) ਵਿੱਚ ਰਹਿੰਦੀ ਸੀ ਜੋ ਊਚ ਨੀਚ ਦਾ ਖਿਆਲ ਕੀਤੇ ਬਿਨਾਂ ਬਹੁ ਪੁਰਖਾਂ ਨਾਲ ਰੰਗ ਰਲੀਆਂ ਮਨਾਉਂਦੀ ਦੇ ਪੇਟ ਵਿੱਚ ਬੱਚਾ ਠਹਿਰ ਗਿਆ। ਖ਼ਸਮ ਮਰ ਚੁੱਕਾ ਹੋਣ ਕਾਰਣ ਲੋਕ ਲਾਜ ਚ ਸ਼ਰਮੋਸ਼ਾਰ ਹੋਈ ਬਹੁਤ ਡਰੀ । ਲੋਕਾਂ ਨੂੰ ਆਖੇ ਕਿ

ਮਰਨ ਸਮੇਂ ਮੇਰੇ ਪਤੀ ਨੇ ਕਿਹਾ ਸੀ ਕਿ ਮੇਰੇ ਨਾਲ ਸਤੀ ਨਾ ਹੋਵੀਂ ਮੁੰਡੇ ਨੂੰ ਪਾਲੀਂ। ਹੁਣ ਪੁੱਤ ਵੱਡਾ ਹੋਣ ਤੇ ਮੈਂ ਅਪਣਾ ਫ਼ਰਜ ਪੂਰਾ ਕਰਨ ਚਲੀ ਹਰਿਰਾਇ ਦੇ ਕੀਰਤਪੁਰ।

੧ ਨੋਟ : ਧਰਮ ਦੇ ਠੇਕੇਦਾਰਾਂ ਲਈ ਇਹ ਦੋਹਰਾ ਬਹੁਤ ਸੂਤ ਬੈਠੂ ਪਰ ਧਰਮ ਦੇ ਖੋਜੀਆਂ ਲਈ ਕਿੱਕਰ ਦੀ ਸੂਲ ਹੈ। ਭਲਾਂ ਪੁੱਛੋ ਬਈ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਗਲਤ ਬਿਆਨੀ ਕਰ ਸਕਦੇ ਹਨ ? ਇਹ ਤਾਂ ਸ਼ਰਮ ਹਯਾ ਦੇ ਬੰਨੇ ਟੱਪ ਕੇ ਗੁਰੂ ਜੀ ਦਾ ਕੀਤਾ ਗਿਆ ਘੋਰ ਅਪਮਾਨ ਹੈ । ਇਤਿਹਾਸ ਅਤੇ ਧਰਮ ਦੇ ਖੋਜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੁਰੂ ਹਰਿ ਰਾਏ ਜੀ ਦੇ ਸਮੇਂ ਕੀਰਤਿ ਪੁਰ ਸਾਹਿਬ ਜੀ ਦਾ ਇਲਾਕੇ ਵਿੱਚ ਬਹੁਤ ਸਤਿਕਾਰ ਅਤੇ ਦਬਦਬਾ ਸੀ। ੨੨ ਹਜਾਰ ਘੋੜ ਸਵਾਰਾਂ ਦੀ ਕਮਾਂਡ ਭੀ । ਕੀ ਇਹ ਸੰਭਵ ਹੈ ਕਿ ਗੁਰੂ ਜੀ ਕਿਸੇ ਔਰਤ ਨੂੰ (ਭਾਵੇਂ ਉਸ ਦਾ ਆਚਰਣ ਕੁੱਝ ਭੀ ਹੋਏ) ਸਤੀ ਹੋਣ ਦੇਂਦੇ ? ਭਾਵੇਂ ਕਵੀ ਮੰਨਦਾ ਹੈ ਕਿ ਇਹ ਮਨਘੜਤ ਕਹਾਣੀਆਂ ਹਨ ਕੇਵਲ ਮਨ ਪ੍ਰਚਾਵੇ ਲਈ ਪਰ ਸਿੱਖ ਧਰਮ ਦੇ ਦੋਖੀਆਂ ਨੇ ਸਿੱਖੀ ਸਰੂਪ ਧਾਰਣ ਕਰ ਕੇ ਗੁਰੂ ਘਰ ਨਾਲ ਧ੍ਰੋਹ ਕਮਾਇਆ ਅਤੇ ਲਿਖ ਦਿੱਤਾ ਕਿ ਪਾਤਸ਼ਾਹੀ ੧੦ ।

ਕਵੀ ਕਹਿੰਦਾ ਹੈ ਕਿ ਲੋਕਾਂ ਨੇ ਬਥੇਰਾ ਮਨਾਇਆ ਪਰ ਢੀਠ ਨਾ ਮੰਨੀ ਤੇ ਸਭ ਕੁੱਝ ਲੁਟਾ ਕੇ ਰਾਮਦਾਸ ਪੁਰ ਨੂੰ ਛੱਡ ਕੀਰਤਿਪੁਰ ਆ ਗਈ। ਬਹੁਤੇ ਬੰਦਿਆਂ ਦੇ ਦੇਖਦੇ ਹੀ ਦੇਖਦੇ ਜਲ ਮਰੀ ।

੨ ਨੋਟ :- ਕਵੀ ਕਹਿੰਦਾ ਹੈ ਕਿ ਇਹ ਮੇਰੀ ਚੌਧਵੀਂ (ਚਤੁਰਦਸ) ਕਥਾ ਹੈ ਪਰ ਸਦਕੇ ਜਾਈਏ ਸਿੱਖ ਧਰਮ ਦੇ ਦੁਸ਼ਮਣਾਂ ਦੇ ਜੋ ਸ਼ਰਮ ਨੂੰ ਨੇੜੇ ਨਹੀਂ ਢੁੱਕਣ ਦੇਂਦੇ, ਕਹਿੰਦੇ ਕਿ ਇਹ ਪੰਦ੍ਰਵੀਂ (ਪੰਦ੍ਰਸਮੋਂ) ਕਥਾ ਹੈ।

*ਦੋਹਰਾ ॥ ਕਥਾ ਚਤੁਰਦਸ ਮੰਤ੍ਰ ਬਰ ਨ੍ਰਿਪ ਸੌ ਕਹੀ ਬਖਾਨਿ ॥*
*ਸੁਨਤ ਰੀਝਿ ਕੈ ਨ੍ਰਿਪ ਰਹੇ ਦਿਯੋ ਅਧਿਕ ਤਿਹ ਦਾਨ ॥੧॥*

(ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਪੰਦ੍ਰਸਮੋਂ ਚਰਿਤ੍ਰ ਪੰਨਾ ੮੨੯)

ਪਤਾ ਨਹੀਂ ਸਾਡੇ ਵੱਡੇ ਧਰਮੀ ਪੁਰਖ ਕਦੋਂ ਤੱਕ ਗੁਰਸਿੱਖਾਂ ਨੂੰ ਮੂਰਖ ਬਣਾਣ ਦੀਆਂ ਕੋਝੀਆਂ ਚਾਲਾਂ ਚਲਦੇ ਰਹਿਣਗੇ । ਪਰ ਯਾਦ ਰੱਖਿਓ ਇਹ ੨੧ਵੀਂ ਸਦੀ ਹੈ ਤੇ ਗੁਰਸਿੱਖ ਨੀਂਦ ਤੋਂ ਜਾਗ ਪਏ ਹਨ ਜਲਦੀ ਹੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਖੇੜ ਦੇਣਗੇ ।

## ਇਲਾਕਾ : ਸਤਿਲੁਜ ਦਾ ਕੰਡਾ (ਖੜਸਮੋਂ ਚਰਿਤ੍ਰ ਪੰਨਾ ੮੨੯-੮੩੩)

ਪਾਤਰ : ਰਾਇ ਅਤੇ ਰਾਮਜਨੀ (ਛਜਿਯਾ)

**ਇਸ਼ਕ ਤੇ ਨਸ਼ੇ ਕਰਨੇ ਸਿਖੋ** : ਸਤਿਲੁਜ ਦੇ ਕੰਢੇ ਇਕ ਰਾਇ ਸੁਖੀ ਵਸਦਾ ਸੀ । ਪੈਸੇ ਖ਼ਾਤਿਰ ਇੱਕ ਰਾਮਜਨੀ ਜਿਸ ਨੂੰ ਲੋਕੀਂ ਛਜਿਆ ਕਹਿੰਦੇ ਉਥੇ ਆਉਂਦੀ । ਉਸ ਨੂੰ ਤੱਕਣ ਵਾਲਾ ਹਰ ਕੋਈ ਉਸ ਤੇ ਕੁਰਬਾਨ ਹੋ ਜਾਂਦਾ। ਉਹ ਰਾਜੇ ਨੂੰ ਤੱਕ ਕੇ ਓਹਦੀ ਦੀਵਾਨੀ ਹੋ ਗਈ ਪਰ ਰਾਜਾ ਓਹਦੇ ਕਾਬੂ ਨਾ ਆਏ। ਮਨ ਚ ਮਿਲਣ ਦੀ ਤਾਂਘ ਜਾਗੀ ਪਰ ਮਿਲੇ ਕਿਵੇਂ ? ਬੜੇ ਜੰਤ੍ਰ ਮੰਤ੍ਰ ਤੰਤ੍ਰ ਕੀਤੇ ਰਾਜਾ ਕਾਬੂ ਨਾ ਆਇਆ। ਫੇਰ ਰਾਜੇ ਨੂੰ ਬਸ ਕਰਨ ਲਈ ਇਕ ਚਰਿਤ੍ਰ ਖੇਡਿਆ । ਜੋਗ ਭੇਸ ਧਾਰਣ ਕਰ ਕੇ ਰਾਜ ਸਭਾ ਵਿੱਚ ਜਾ ਅਲਖ ਜਗਾਈ । ਰਾਜਾ ਉਸ ਦਾ ਰੂਪ ਦੇਖ ਕੇ ਰੀਝ ਗਿਆ ਤੇ ਮੰਤ੍ਰ ਸਿੱਖਣ ਦੀ ਠਾਣੀ । ਰਾਜੇ ਨੇ ਦੂਤ ਭੇਜਿਆ । ਜੋਗੀ (ਜੋਗਣ) ਕਹਿੰਦੀ ਕਿ ਇਕ ਪਹਰ ਬੀਤ ਜਾਣ ਤੇ (ਅੱਧੀ ਰਾਤ ਨੂੰ) ਇੱਥੇ ਮੇਰੇ ਘਰ ਲਿਆਓ । ਸ੍ਰੀ ਗੋਰਖ ਦੀ ਕ੍ਰਿਪਾ ਨਾਲ ਉਹ ਨਿਰਾਸ ਨਹੀਂ ਜਾਏਗਾ ।

*ਅਰਧ ਰਾਤ੍ਰ ਬੀਤੈ ਜਬੈ ਆਵੈ ਹਮਰੇ ਪਾਸ ॥*
*ਸ੍ਰੀ ਗੋਰਖ ਕੀ ਮਯਾ ਤੇ ਜੈ ਹੈ ਨਹੀ ਨਿਰਾਸ ॥੧੧॥* (ਖੜਸਮੋਂ ਚਰਿਤ੍ਰ ਪੰਨਾ ੮੩੦)

ਨੋਟ : ਕੀ ਗੁਰੂ ਗੋਬਿੰਦ ਸਿੰਘ ਜੀ ਗੋਰਖ ਨਾਥ ਦੇ ਪੁਜਾਰੀ ਸਨ ? ਜਾਂ ਅਕਾਲ ਪੁਰਖ ਦੇ ਸਿੱਖ ਧਰਮ ਦੇ ਪੁਜਾਰੀ ਅਤੇ ਪ੍ਰੋਹਿਤ ਗੁਰੂ ਗੋਬਿੰਦ ਸਿੰਘ ਜੀ ਤੋਂ ਗੋਰਖ ਨਾਥ ਦੀ ਉੱਪਮਾ ਕਰਵਾ ਕੇ ਕੀ ਸਿੱਧ ਕਰਨਾ ਚਾਹੁੰਦੇ ਹਨ ? ਲਗਦਾ ਹੈ ਕਿ ਖਾਸ ਕਾਰਣ ਸਿੱਖ ਧਰਮ ਨੂੰ ਕਮਜੋਰ ਅਤੇ ਕੱਖੋਂ ਹੌਲਾ ਕਰਨ ਲਈ ਇਹ ਸਿੱਖ ਧਰਮ ਦੇ ਦੁਸ਼ਮਣਾਂ ਨਾਲ ਜਾ ਰਲੇ ਹਨ । ਰੱਬ ਖ਼ੈਰ ਕਰੇ ।

ਅੱਧੀ ਰਾਤ ਬੀਤ ਜਾਣ ਤੇ ਰਾਜਾ ਲਿਆਂਦਾ ਗਿਆ। ਜੋਗੀ (ਜੋਗਣ) ਰਾਜੇ ਨੂੰ ਤੱਕ ਕੇ ਬਹੁਤ ਖੁਸ਼ ਹੋਈ। ਰਾਜੇ ਨੂੰ ਉਸ ਆਖਿਆ ਕਿ ਅਪਣੇ ਬੰਦੇ ਬਾਹਰ ਭੇਜ। ਧੂਪ ਦੀਪ ਫੁੱਲ ਤੇ ਚੰਗੀ ਸ਼ਰਾਬ ਲਿਆ। ਰਾਜੇ ਨੇ ਹੁਕਮ ਮੰਨ ਕੇ ਉਵੇਂ ਹੀ ਕੀਤਾ। ਰਾਜੇ ਨੂੰ ਇੱਕਲਾ ਤੱਕ ਕੇ ਜੋਗੀ (ਜੋਗਣ) ਕਹਿੰਦਾ ਕਿ ਮੰਤ੍ਰ ਸਿਖਾਣ ਤੋਂ ਪਹਿਲਾਂ ਮੈਂ ਤੈਨੂੰ ਇਕ ਚਮਤਕਾਰ ਦਿਖਾਵਾਂਗਾ ਕਿ ਮੈਂ ਪੁਰਖ ਤੋਂ ਨਾਰ ਬਣ ਜਾਵਾਂਗਾ ਤੇ ਫਿਰ ਔਰਤ ਤੋਂ ਮਰਦ। ਨਰ ਹੋ ਕੇ ਮੈਂ ਤੈਨੂੰ ਮੰਤ੍ਰ ਸਿਖਾਵਾਂਗਾ ਤੇ ਔਰਤ ਬਣ ਕੇ ਤੇਰੇ ਨਾਲ ਭੋਗ ਕਰਾਂਗਾ।

*ਦੋਹਰਾ ॥ ਹੋਤ ਪੁਰਖ ਤੇ ਮੈ ਤ੍ਰਿਯਾ ਤ੍ਰਿਯਾ ਤੇ ਨਰ ਹ੍ਵੈ ਜਾਉਂ ॥*

*ਨਰ ਹ੍ਵੈ ਸਿਖਵੌ ਮੰਤ੍ਰ ਤੁਹਿ ਤ੍ਰਿਯ ਹ੍ਵੈ ਭੋਗ ਕਮਾਉ ॥੧੭॥* (ਖੜਸਮੋਂ ਚਰਿਤ੍ਰ ਪੰਨਾ ੮੩੦-੩੧)

ਜੋਗਣ ਨੇ ਬਥੇਰਾ ਰਾਜੇ ਨੂੰ ਮਨਾਣ ਦਾ ਯਤਨ ਕੀਤਾ ਪਰ ਉਹ ਨਾ ਮੰਨਿਆ । ਕਈ ਰੰਗਾਂ ਤੇ ਢੰਗਾਂ ਦੇ ਹਾਵ ਭਾਵ ਕੀਤੇ, ਬੜੇ ਜੰਤ੍ਰ ਮੰਤ੍ਰ ਤ੍ਰੰਤ ਕੀਤੇ ਪਰ ਬਿਅਰਥ । ਆਖਰ ਖਿਝ ਕੇ ਕਹਿੰਦੀ :-

*ਦੋਹਰਾ ॥ ਕਾਮਾਤੁਰ ਹ੍ਵੈ ਜੋ ਤਰੁਨਿ ਆਵਤ ਪਿਯ ਕੇ ਪਾਸ ॥*

*ਮਹਾਂ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ ॥੨੩॥*

*ਤਨ ਅਨੰਗ ਜਾਕੇ ਜਗੈ ਤਾਹਿ ਨ ਦੈ ਰਤਿ ਦਾਨ ॥*

*ਤਵਨ ਪੁਰਖ ਕੋ ਡਾਰਿਯਤ ਜਹਾਂ ਨਰਕ ਕੀ ਖਾਨਿ ॥੨੪॥* (ਖੜਸਮੋਂ ਚਰਿਤ੍ਰ ਪੰਨਾ ੮੩੧)

੨ ਨੋਟ : ਇਹ ਦਸਮ ਗ੍ਰੰਥ ਹੈ ਜੀ ਜਿਸ ਦਾ ਸੁਧਰਿਆ ਨਵਾਂ ਨਾਂ ਹੈ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ । ਵੱਡੇ ਵੱਡੇ ਮਹਾਂ ਪੁਰਖ ਤੇ ਅਨੇਕਾਂ ਹੀ ਝੋਲੀ ਚੁੱਕ ਜਥੇਬੰਦੀਆਂ ਆਖਦੇ / ਆਖਦੀਆਂ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅਨਮੋਲ ਕ੍ਰਿਤ ਹੈ ਜਦ ਮੈਂ ਅਪਣੇ ਪਿੰਡ ਦੇ ਚੌਣਾ ਚਾਰਨ ਵਾਲੇ ਚਰਵਾਹੇ (ਪਾਲੀ) ਤੋਂ ਪੁੱਛਿਆ ਕਿ ਬਾਈ ਇਹ ਲਿਖਣ ਵਾਲਾ ਕੌਣ ਹੋ ਸਕਦੈ ? ਕਹਿੰਦਾ ਅੱਤ ਦਰਜ਼ੇ ਦਾ ਨਿਕੰਮਾ ਮਨੁੱਖ । ਮੈਂ ਕਿਹਾ ਹੌਲੀ ਬੋਲ ਕਿਤੇ ਕੋਈ ਸਾਧ ਸੰਤ ਜਾਂ ਵੱਡੀ ਜਥੇਬੰਦੀ ਨਾ ਸੁਣ ਲਏ । ਕਹਿੰਦਾ ਉਨ੍ਹਾਂ ਨੂੰ ਭੀ ਇਸੇ ਲਕੀਰ ਚ ਫਿੱਟ ਸਮਝੀਂ । ਰੱਬ ਦੀ ਬੰਦਗੀ, ਉਚੇ ਆਚਰਣ ਦੀ ਸਿੱਖਿਆ ਤੋਂ ਹੋੜ ਕੇ ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹਾ ਉਪਦੇਸ ਦੇ ਸਕਦੇ ਹਨ ?

ਰਾਜੇ ਨੂੰ ਡਰਾਣ ਲਈ ਉਸ ਆਖਰੀ ਦਾਅ ਵਰਤਿਆ ਕਹਿੰਦੀ ! ਘਰ ਚੋਰ ਚੋਰ । ਲੋਕ ਹੋਏ ਇਕੱਠੇ-ਰਾਜਾ ਡਰਦਾ ਹੋਇਆ ਸੰਭੋਗ ਲਈ ਰਾਜੀ-ਹਰ ਤਰ੍ਹਾਂ ਦੇ ਮੰਗਾਏ ਨਸ਼ੇ-ਕਹਿੰਦਾ ਸੁੰਦਰ ਔਰਤ ਕਿਸੇ ਦੇ ਹੱਥ ਆ ਜਾਏ ਤਾਂ ਖਾਲੀ ਕੌਣ ਜਾਣ ਦੇਂਦਾ ਹੈ ।

*ਦੋਹਰਾ ॥ ਰੂਪਵੰਤ ਤੋ ਸੀ ਤ੍ਰਿਯਾ ਪਰੈ ਜੁ ਕਰ ਮੈ ਆਇ ॥*

*ਤਾਹਿ ਤਯਾਗ ਮਨ ਮੈ ਕਰੈ ਤਾ ਕੋ ਜਨਮ ਲਜਾਇ ॥੩੭॥*

*ਪੋਸਤ ਭਾਂਗ ਅਫੀਮ ਬਹੁ ਲੀਜੈ ਤੁਰਤੁ ਮੰਗਾਇ ॥*

*ਨਿਜੁ ਕਰ ਮੋਹਿ ਪਿਵਾਇਯੈ ਹ੍ਰਿਦੈ ਹਰਖ ਉਪਜਾਇ ॥੩੮॥*

*ਤੁਮ ਮਦਰਾ ਪੀਵਹੁ ਘਨੋ ਹਮੈ ਪਿਵਾਵਹੁ ਭੰਗ ॥*

*ਚਾਰਿ ਪਹਰ ਕੌ ਮਾਨਿਹੌ ਭੋਗਿ ਤਿਹਾਰੇ ਸੰਗ ॥੩੯॥* (ਖੜਸਮੋਂ ਚਰਿਤ੍ਰ ਪੰਨਾ ੮੩੨)

*ਪੋਸਤ ਭਾਂਗ ਹਫੀਮ ਬਹੁ ਗਹਿਰੀ ਭਾਂਗ ਘੁਟਾਇ ॥*

*ਤੁਰਤ ਤਰਨਿ ਲਯਾਵਤ ਭਈ ਮਦ ਸਤ ਬਾਰ ਚੁਆਇ ॥੪੧॥* (ਖੜਸਮੋਂ ਚਰਿਤ੍ਰ ਪੰਨਾ ੮੩੨)

੩ ਨੋਟ :- ਸਾਡੇ ਵੱਡੇ ਧਰਮੀ ਪੁਰਖ ਇਨ੍ਹਾਂ ਰਚਨਾਵਾਂ ਦਾ ਰਚਨਹਾਰ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਮੰਨਦੇ ਹਨ। ਸਿੱਖ ਧਰਮ ਵਿੱਚ ਕਿਸੇ ਭੀ ਪ੍ਰਕਾਰ ਦਾ ਨਸ਼ਾ ਕਰਨਾ ਬਜ਼ਰ ਕੁਰੈਹਿਤ ਹੈ। ਖੰਡੇ ਬਾਟੇ ਦੀ ਪਹੁਲ ਦੇਣ ਸਮੇਂ ਗੁਰੂ ਜੀ ਨੇ ਹਰ ਸਿੱਖ ਨੂੰ ਸਖ਼ਤੀ ਨਾਲ ਨਸ਼ਿਆਂ ਤੋਂ ਵਰਜਿਆ। ਸਾਡੀ ਕੌਮ ਦੇ ਇਹ ਭਟਕੇ ਦੂਲੇ ਕੀ ਸਿੱਧ ਕਰਨਾ ਚਾਹੁੰਦੇ ਹਨ? ਕਿ ਗੁਰੂ ਜੀ ਕਹਿੰਦੇ ਕੁੱਝ ਹੋਰ ਸੀ ਤੇ ਕਰਦੇ ਕੁੱਝ ਹੋਰ। ਮਹਾਂ ਗੰਦੀ ਪੁਸਤਕ ਨੂੰ ਦਸਮ ਗ੍ਰੰਥ ਦਾ ਨਾਂ ਦੇਣਾ ਅਤੇ ਪਾਤਸਾਹੀ ੧੦ ਲਿਖਣਾ ਅਤੀ ਨਿੰਦਣਯੋਗ ਹੈ। ਇਹ ਗ੍ਰੰਥ ਔਰਤ ਨੂੰ ਸਭ ਤੋਂ ਵੱਧ ਮੰਦਾ ਬੋਲਣ ਵਾਲਾ ਅਤੇ ਬੇਪ੍ਰਤੀਤੀ ਪ੍ਰਗਟ ਕਰਨ ਵਾਲਾ ਹੈ । ਲਿਖਿਆ ਹੈ :-

*ਦੋਹਰਾ ॥ ਰੀਤਿ ਨ ਜਾਨਤ ਪ੍ਰੀਤ ਕੀ ਪੈਸਨ ਕੀ ਪਰਤੀਤ ॥*

*ਬਿੱਛੂ ਬਿਸੀਅਰੁ ਬੇਸਿਯਾ ਕਹੋ ਕਵਨ ਕੇ ਮੀਤ ॥* (ਖੜਸਮੋਂ ਚਰਿਤ੍ਰ ਪੰਨਾ ੮੩੨)

## ਦੇਸ ਬੰਦਿਸਾਲ (ਜੇਲ੍ਹ)    ਸ਼ਹਿਰ ਬਦਖਸ਼ਾਂ    (ਸਪਤਦਸਮੋ ਚਰਿਤ੍ਰ ਪੰਨਾ ੮੩੩-੩੫)

ਪਾਤਰ : ਨ੍ਰਿਪ, ਸੁਤ, ਮੰਤ੍ਰੀ, ਬਿਤਨਮਤੀ ਅਤੇ ਮੁਗਲ

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਚੱਲਣ ਚਾਲ ਅਵੱਲੀ** : ਬੰਦਿਸਾਲ ਦੇ ਰਾਜੇ ਨੇ ਸਵੇਰ ਹੁੰਦੇ ਹੀ ਪੁੱਤ ਨੂੰ ਅਪਣੇ ਪਾਸ ਸੱਦਿਆ (ਸ਼ਾਇਦ ਇਸ਼ਕ ਦਾ ਪਾਠ ਕੰਠ ਕਰਾਣ ਲਈ) ਮੰਤ੍ਰੀ ਨੇ ਕਥਾ ਛੇੜੀ ਕਹਿੰਦਾ ਸ਼ਹਿਰ ਬਦਖਸ਼ਾਂ ਵਿੱਚ ਇਕ ਮੁਗਲ ਦੀ ਕੰਨਿਆ ਬਿਤਨਮਤੀ ਨੇ ਜੋ ਚਰਿਤ੍ਰ ਕੀਤਾ ਸੁਣੋ । ਉਹ ਜੰਤ੍ਰ ਮੰਤ੍ਰ ਅਤੇ ਬਸ ਕਰਨ ਦੇ ਅਨੇਕਾਂ ਢੰਗ ਜਾਣਦੀ ਸੀ । ਇਕ ਦਿਨ ਉਹ ਅਪਣੀਆਂ ਸਹੇਲੀਆਂ ਨਾਲ ਜਿੱਦ ਕਰ ਬੈਠੀ ਕਿ ਖਸਮ ਦੇ ਸਾਮ੍ਹਣੇ ਪਰਾਏ ਮਰਦ ਨਾਲ ਸੰਭੋਗ ਕਰਾਂਗੀ ਦੂਜੀ ਸਖੀ ਕਹਿੰਦੀ ਸਵਾਦ ਤਾਂ ਤਾਂ ਹੈ ਜੇ ਨਾਲਾ ਭੀ ਯਾਰ ਬੰਨ੍ਹੇ ।

*ਦੋਹਰਾ ॥ ਦੁਤਿਯ ਸਖੀ ਐਸੇ ਕਹਯੋ ਸੁਨੁ ਸਖੀ ਬਚਨ ਹਮਾਰ ॥*

*ਭੋਗ ਕਮੈਹੋਂ ਜਾਰ ਸੋਂ ਨਾਰ ਬਧੈਹੋਂ ਜਾਰ ॥੫॥* **(ਸਪਤਦਸਮੋ ਚਰਿਤ੍ਰ ਪੰਨਾ ੮੩੩)**

ਬਸ ਜੋ ਠਾਣੀ ਉਹ ਕੀਤਾ । ਲੰਮੀ ਚੌੜੀ ਅਸ਼ਲੀਲ ਕਹਾਣੀ ਲਿਖਣ ਤੋਂ ਬਾਦ ਜੋ ਸਿੱਖਿਆ ਦਿੱਤੀ ਗਈ ਉਹ ਧਿਆਨ ਮੰਗਦੀ ਹੈ :-

*ਦੋਹਰਾ ॥ ਕੋਟ ਕਸ਼ਟ ਸਯਾਨੋ ਸਹਹਿ ਕੈਸੌ ਦਹੈ ਅਨੰਗ ॥*

*ਨੈਕ ਨੇਹ ਨਹਿ ਕੀਜਿਯੈ ਤਊ ਤਰਨਿ ਕੇ ਸੰਗ ॥੨੨॥* **(ਸਪਤਦਸਮੋ ਚਰਿਤ੍ਰ ਪੰਨਾ ੮੩੫)**

ਨੋਟ :- ਅਜਿਹੇ ਇਸ਼ਕ ਮੁਸ਼ਕ ਦੇ ਕਿੱਸੇ ਧਰਮ ਦੀ ਆੜ ਹੇਠ ਨੌਜੁਆਨ ਪੀੜ੍ਹੀ ਨੂੰ ਪੜ੍ਹਾਉਣੇ ਤੇ ਪੜ੍ਹਨੇ ਕੁਰਾਹੇ ਪਾ ਸਕਦੇ ਹਨ । ਹਰ ਗੁਰਸਿੱਖ ਅੱਗੇ ਜੋਦੜੀ ਹੈ ਕਿ ਇਸ ਮਹਾਂ ਗੰਦੀ ਪੁਸਤਕ ਦਸਮ ਗ੍ਰੰਥ ਦਾ ਡੱਟ ਕੇ ਵਿਰੋਧ ਕਰਨ ਅਤੇ ਜਾਣ ਬੁੱਝ ਕੇ ਕੌਮ ਦੀ ਖਿੱਲੀ ਉਡਾਉਣ ਵਾਲਿਆਂ ਨੂੰ ਸ਼ਰਮੋਸ਼ਾਰ ਕਰਨ ।

ਪਾਤਰ : ਕਵੀ ਰਾਮ ਤੇ ਸ੍ਰੀ ਛਲ ਛਿੱਦ੍ਰ ਕੁਅਰਿ **(ਅਸਟ ਦਸਮੋ ਚਰਿਤ੍ਰ)**

ਕਵੀ ਰਾਮ ਦੀ ਇਹ ਸਤਾਰਵੀਂ ਕਥਾ ਹੈ ਜਿਸ ਨੂੰ ਉਸ ਨੇ ਮਨ ਦਾ ਜੋਰ ਲਗਾ ਕੇ ਉਚਾਰਿਆ ।

*ਦੋਹਰਾ ॥ ਕਥਾ ਸਤ੍ਰਵੀ ਰਾਮ ਕਬਿ ਉਚਰੀ ਹਿਤ ਚਿਤ ਲਾਇ ॥*

*ਬਹੁਰਿ ਕਥਾ ਬੰਧਨ ਨਿਮਿਤ ਮਨ ਮੈ ਕਹਯੋ ਉਪਾਇ ॥੧॥* **(ਅਸਟ ਦਸਮੋ ਚਰਿਤ ਪੰਨਾ ੮੩੫)**

ਨੋਟ : ਕਵੀ ਰਾਮ ਆਖਦਾ ਹੈ ਕਿ ਇਹ ਮੇਰੀ ਸਤਾਰਵੀਂ ਕਥਾ ਹੈ ਜੋ ਮੈਂ ਖੁਦ ਲਿਖ ਰਿਹਾ ਹਾਂ ਪਰ ਧਰਮ ਦੇ ਕੱਟੜ ਵੈਰੀ ਸਿੱਖੀ ਭੇਖ ਅੰਦਰ ਘੁਸਪੈਠ ਕਰ ਕੇ ਦੁਹਾਈ ਦਈਂ ਜਾ ਰਹੇ ਹਨ ਕਿ ਇਹ ਅਸ਼ਲੀਲ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹਨ । ਸਿਆਣੇ ਆਖਦੇ ਹਨ ਕਿ ਬੇਸ਼ਰਮੀ ਅਤੇ ਢੀਠਤਾਈ ਦਾ ਕੋਈ ਬੰਨਾ ਨਹੀਂ ਹੁੰਦਾ । ਗੁਰੂ ਸਾਹਿਬ ਭੀ ਆਖਦੇ ਹਨ ਕਿ ਜੋ ਅਕਲ ਦੇ ਅੰਨ੍ਹੇ ਅਤੇ ਬੋਲੇ ਹੋ ਜਾਣ ਉਨ੍ਹਾਂ ਬਾਰੇ ਕੀ ਕਹੀਏ ।

ਹਾਂ ਕਵੀ ਰਾਮ ਦੇ ਘਰ ਦੇ ਨੇੜੇ ਹੀ ਇਕ ਹੋੜਬਦੀ ਨਾਰ ਸੀ ਜਿਸ ਦਾ ਨਾਂ ਸੀ ਸ੍ਰੀ ਛਲ ਛਿੱਦ੍ਰ ਕੁਅਰਿ। ਉਸ ਨੇ ਜੋ ਚਰਿਤ੍ਰ ਕੀਤਾ ਉਹ ਸੁਣਾਉਂਦਾ ਹਾਂ। ਇਸ ਨਾਲ ਤੁਹਾਡੇ ਹ੍ਰਿਦੇ ਠੰਢ ਵਰਤੇਗੀ। ਇਕ ਦਿਨ ਉਸ ਨੇ ਅਪਣੇ ਹੱਥਾਂ ਤੇ ਚਿਤ੍ਰਕਾਰੀ ਕਰ ਕੇ ਮਹਿੰਦੀ ਲਾਈ । ਜਦ ਉਸ ਨੇ ਜਾਣਿਆ ਕਿ ਉਹ ਦਾ ਪਤੀ ਆ ਗਿਆ ਹੈ ਤਾਂ ਦੂਜੇ ਯਾਰ ਨੂੰ ਕਹਿੰਦੀ ਕਿ ਮੈਂ ਚਲੀ ਹਾਂ ਪਿਸ਼ਾਬ ਕਰਨ । ਪਤੀ ਤੋਂ ਨਾਲਾ ਖੁਲਵਾਇਆ-ਗਈ ਯਾਰ ਪਾਸ-ਕੀਤਾ ਮੌਜ ਮੇਲਾ ਤੇ ਫਿਰ ਪਰਤੀ ਪਤੀ ਪਾਸ ਤੇ ਨਾਲਾ ਬੰਨਵਾਇਆ ।

*ਚੌਪਈ ॥ ਪਿਯ ਪਯਾਰੋ ਆਯੋ ਜਬ ਜਾਨਯੋ ॥ ਜਾਰ ਦੂਸਰੇ ਸੰਗ ਬਖਾਨਯੋ ॥*

*ਮੈ ਅਬ ਹੀ ਲਘੁ ਕੇ ਹਿਤ ਜੈਹੋ ॥ ਆਨਿ ਨਾਰ ਤਵ ਪਾਸ ਬਧੈ ਹੋ ॥੫॥*

*ਦੋਹਰਾ ॥ ਨਾਰ ਖੁਲਾਯੋ ਜਾਰ ਤੇ ਗਈ ਜਾਰ ਕੇ ਪਾਸਿ ॥*

*ਜਾਇ ਨ੍ਰਿਪਤਿ ਕੇ ਸੰਗ ਰਮੀ ਰੰਚਕ ਕਿਯਾ ਨ ਤ੍ਰਾਸ ॥੬॥* **(ਅਸਟ ਦਸਮੋ ਚਰਿਤ ਪੰਨਾ ੮੩੫)**

*ਦੋਹਰਾ ॥ ਨੇਹ ਠਾਨਿ ਰਤਿ ਮਾਨਿ ਕਰਿ ਰਾਜਾ ਦਿਯਾ ਉਠਾਇ ॥*

*ਲਗੀ ਮਿਹਦੀਆ ਕਰ ਰਹੀ ਨਾਰ ਬਧਾਯੋ ਆਇ ॥੮॥* **(ਅਸਟ ਦਸਮੋ ਚਰਿਤ ਪੰਨਾ ੮੩੬)**

ਨੋਟ :- ਕਵੀ ਰਾਮ ਦੀ ੧੭ ਵੀਂ ਕਥਾ ਅਠਾਰਵੀਂ ਕਿਵੇਂ ਬਣ ਗਈ ਇਹ ਸੋਧ ਕਮੇਟੀ ਅਤੇ ਸੰਪਾਦਕ ਅਥਵਾ ਇਸ ਗ੍ਰੰਥ ਦੇ ਪ੍ਰਸੰਸਕ ਹੀ ਜਾਣਨ ਪਰ ਗ੍ਰੰਥ ਦੀ ਬਦਬੂ ਮਾਰਦੀ ਸਿੱਖਿਆ ਤੇ ਗੌਰ ਕਰਨੀ ਭੀ ਜਰੂਰੀ ਹੈ ।

*ਪ੍ਰੀਤਿ ਕੈਸਿਯੈ ਤਨ ਬਢੈ ਕਸ਼ਟ ਕੈਸਹੂ ਹੋਇ ॥*

*ਤਊ ਤਰੁਨਿ ਸੌ ਦੋਸਤੀ ਭੁਲਿ ਨ ਕਰਿਯਹੁ ਕੋਇ ॥੧੦॥* **(ਅਸਟ ਦਸਮੋ ਚਰਿਤ ਪੰਨਾ ੮੩੬)**

ਕੀ ਇਹ ਅਸ਼ਲੀਲ ਰਚਨਾਵਾਂ ਦਾ ਪ੍ਰਕਾਸ਼ ਗੁਰੂ ਘਰ ਕਰ ਕੇ ਅਤੇ ਅਖੰਡ ਪਾਠ ਕਰ ਕੇ ਅਸੀਂ ਗੁਰੂ ਦਾ ਅਪਮਾਨ ਅਤੇ ਸਿੱਖ ਧਰਮ ਦੀਆਂ ਜੜ੍ਹਾਂ ਵਿੱਚ ਤੇਲ ਤਾਂ ਨਹੀਂ ਦੇ ਰਹੇ। ਕੀ ਇਹ ਰਚਨਾਵਾਂ ਧੀਆਂ ਭੈਣਾਂ ਵਿੱਚ ਪੜ੍ਹਨ ਜੋਗ ਹਨ। ਜੇਕਰ ਸਾਡੀ ਅਪਣੀ ਹੀ ਧੀ ਇਸ ਗੰਦ ਨੂੰ ਪੜ੍ਹੇ ਤਾਂ ਉਸ ਦਾ ਜੀਵਨ ਕਿਹੋ ਜਿਹਾ ਹੋਏਗਾ ਸੋਚਣ ਦੀ ਲੋੜ ਹੈ ਤੇ ਇਸ ਗੰਦਗੀ ਦੇ ਢੇਰ ਤੋਂ ਮੁਕਤੀ ਹਾਸਿਲ ਕਰਨ ਲਈ ਸੰਘਰਸ਼ ਦੀ।

## ਇਲਾਕਾ : ਜਹਾਨਾਬਾਦ

**(ਉਨੀਸਵੋਂ ਚਰਿਤ੍ਰ ਪੰਨਾ ੮੩੬-੮੩੭)**

ਪਾਤਰ : ਬੰਦਿਸਾਲ ਨ੍ਰਿਪ, ਸੁਤ, ਮੰਤ੍ਰੀ ਤੇ ਨਾਰਦਾ ਬਾਨੋ

**ਮਾਂ ਨੇ ਪੁੱਤ ਬਣਾ ਕੇ ਕੀਤਾ ਸੰਭੋਗ** : ਸਵੇਰ ਹੁੰਦੇ ਹੀ ਬੰਦਿਸਾਲ ਦੇ ਰਾਜੇ ਨੇ ਪੁੱਤ ਨੂੰ ਨੇੜੇ ਸੱਦਿਆ। ਮੰਤ੍ਰੀ ਨੇ ਕਥਾ ਸੁਣਾਣੀ ਸ਼ੁਰੂ ਕੀਤੀ। ਇਸ ਨਾਲ ਚਿਤ੍ਰ ਸਿੰਘ ਦਾ ਭਰਮ ਦੂਰ ਹੋਇਆ। ਜਹਾਨਾਬਾਦ ਵਿੱਚ ਇਕ ਮੁਗਲ ਦੀ ਕੰਨਿਆ ਨੇ ਕੀਤਾ ਚਰਿਤ੍ਰ ਜੋ ਮੈਂ ਦੱਸ ਰਿਹਾ ਹਾਂ। ਉਹ ਅੰਤਾਂ ਦੀ ਸੋਹਣੀ ਤੇ ਮਨ ਮੋਹਣੀ ਸੀ ਮੁਗਲ ਹੋਰ ਹੋਰ ਔਰਤਾਂ ਨਾਲ ਭੋਗ ਕਰਦਾ ਪਰ ਅਪਣੀਆਂ ਔਰਤਾਂ ਨਾਲ ਨਹੀਂ ਜਿਸ ਤੋਂ ਖੁਨਸ ਖਾ ਕੇ ਇਕ ਨੌਜੁਆਨ ਬਾਲ ਨੂੰ ਪੁੱਤ ਬਣਾ ਕੇ ਅਪਣੇ ਪਾਸ ਰੱਖ ਲਿਆ। ਜਦ ਪਤੀ ਸੌ ਜਾਂਦਾ ਤਾਂ ਔਰਤ ਜਾਗ੍ਰ ਕੇ ਪਤੀ ਨੂੰ ਉਠਾਉਂਦੀ ਤੇ ਉਸ ਦੀ ਆਗਿਆ ਲੈ ਕੇ ਪੁੱਤ ਨਾਲ ਜਾ ਸੌਂਦੀ ਤੇ ਉਸ ਨਾਲ ਕੁਕਰਮ ਕਰਦੀ।

*ਪਿਯ ਸੋਵਤ ਤ੍ਰਿਯਾ ਜਾਗਿਕੈ ਪਤ ਕੌ ਦਿਯੋ ਜਗਾਇ ॥*
*ਲੈ ਆਗਯਾ ਸੁਤ ਬਨਕ ਕੇ ਸੰਗ ਬਿਹਾਰੀ ਜਾਇ ॥੧॥* (ਉਨੀਸਵੋਂ ਚਰਿਤ੍ਰ ਪੰਨਾ ੮੩੬)

ਕਵੀ ਰਾਮ ਔਰਤਾਂ ਨੂੰ ਸਲਾਹ ਦੇਂਦਾ ਕਹਿੰਦਾ ਹੈ ਕਿ :-

*ਅੜਿੱਲ ॥ ਪਿਯ ਕੋ ਪ੍ਰਿਥਮ ਜਵਾਇ ਆਪੁ ਪੁਨਿ ਖਾਇਯੈ ॥*
*ਪਿਯ ਪੂਛੇ ਬਿਨੁ ਨੈਕ ਨ ਲਘੁ ਕਹ ਜਾਇਯੈ ॥*
*ਜੋ ਪਿਯ ਆਇਸੁ ਦੇਇ ਸੁ ਸਿਰ ਪਰ ਲੀਜਿਯੈ ॥*
*ਹੋ ਬਿਨੁ ਤਾਕੇ ਕਛੁ ਕਹੇ ਨ ਕਾਰਜ ਕੀਜਿਯੈ ॥੯॥* (ਉਨੀਸਵੋਂ ਚਰਿਤ੍ਰ ਪੰਨਾ ੮੩੬)

ਆਮ ਲੋਕਾਂ ਲਈ ਕਵੀ ਰਾਮ ਦਾ ਉਪਦੇਸ ਹੈ ਕਿ :-

*ਪਰੈ ਆਪਦਾ ਕੈਸਿਯੈ ਕੋਟ ਕਸ਼ਟ ਸਹਿ ਲੇਤ ॥*
*ਤਊ ਸੁਘਰ ਨਰ ਇਸਤ੍ਰਿਯਨ ਭੇਦ ਨ ਅਪਨੋ ਦੇਤ ॥੧੩॥* (ਉਨੀਸਵੋਂ ਚਰਿਤ੍ਰ ਪੰਨਾ ੮੩੭)

ਨੋਟ :- ਇਹ ਦਸਮ ਗ੍ਰੰਥ ਦੀ ਅਨਮੋਲ ਸਿੱਖਿਆ ਹੈ ਕਿ ਪੁੱਤ ਬਣਾ ਕੇ ਕਿਵੇਂ ਸੰਭੋਗ ਕਰੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰਨ ਵਾਲਿਓ ਸ਼ਰਮ ਕਰੋ । ਹੁਣ ਤੱਕ ਦੀਆਂ ਰਚਨਾਵਾਂ ਕਵੀ ਰਾਮ ਦੀਆਂ ਹਨ ।

## ਸ਼ਹਿਰ : ਚੀਨ ਮਚੀਨ

(ਬੀਸਵੋਂ ਚਰਿਤ੍ਰ ਪੰਨਾ ੮੩੭-੮੩੮)

ਪਾਤਰ : ਚਿਤ੍ਰ ਸਿੰਘ ਰਾਜਾ, ਮੰਤ੍ਰੀ ਤੇ ਸੁਤ

**ਸ਼ਹਿਰ ਚੀਨ ਮਚੀਨ ਚ ਇਸ਼ਕ ਦੀ ਕਹਾਣੀ** : ਹਾਂ ਫੇਰ ਬੰਦ ਕਮਰੇ ਵਿੱਚ ਰਾਜੇ ਦਾ ਪੁੱਤ ਸੁੱਟ ਦਿੱਤਾ । ਜਦ ਸਵੇਰ ਹੋਈ ਤਾਂ ਮੁੜ ਸੱਦਿਆ (ਪਤਾ ਨਹੀਂ ਬਾਪ ਅਪਣੇ ਪੁੱਤ ਨੂੰ ਨੂੜ-ਤੂੜ ਕੇ ਕਿਉਂ ਅਜਿਹੀਆਂ ਕਹਾਣੀਆਂ ਸੁਣਾਉਣਾ ਚਾਹੁੰਦਾ ਹੈ ਕੀ ਅਜਿਹਾ ਵਾਪਰਨਾ ਸੰਭਵ ਹੈ ?) ਮੰਤ੍ਰੀ ਨੇ ਚਿਤ੍ਰ ਸਿੰਘ ਨੂੰ ਅਪਣੇ ਪੁੱਤ ਦੇ ਪ੍ਰਾਣ ਬਖ਼ਸਣ ਲਈ ਕਿਹਾ। ਮੰਤ੍ਰੀ ਨੇ ਕਥਾ ਤੋਰੀ ਕਿ ਸ਼ਹਿਰ ਚੀਨ ਮਚੀਨ ਚ ਇਕ ਔਰਤ ਐਨੀ ਸੋਹਣੀ ਐਨੀ ਸੋਹਣੀ ਕਿ ਨਾ ਅੱਜ ਤੱਕ ਕਿਸੇ ਨੇ ਕੋਈ ਹੋਰ ਤੱਕੀ ਤੇ ਨਾ ਕੰਨੀ ਸੁਣੀ ਮਾਨੋ ਬ੍ਰਹਮਾ ਨੇ ਅਪਣੇ ਹੱਥਾਂ ਨਾਲ ਘੜੀ ਹੋਏ । ਅਪਣੇ ਪਤੀ ਨੂੰ ਬਹੁਤ ਪਿਆਰੀ ਸੀ ਵਿਚਾਰਾ ਉਹ ਦੇ ਰੂਪ ਦਾ ਇਤਨਾ ਦੀਵਾਨਾ ਕਿ ਉਹ ਜੋ ਕਹਿੰਦੀ ਓਹੀ ਕਰਦਾ । ਉਹਦਾ ਅਪਣੇ ਹੀ ਦੇਸ ਦੇ ਰਾਜੇ ਨਾਲ ਇਸ਼ਕ ਹੋ ਗਿਆ । ਇਸ਼ਕ ਕਰਦਿਆਂ ਦੇ ਉੱਤੇ ਹੀ ਪਤੀ ਪਹੁੰਚ ਗਿਆ । ਝੱਟ ਪੱਟ ਉਸ ਨੇ ਇਕ ਚਰਿਤ੍ਰ ਕੀਤਾ । ਉਸ ਨੇ ਰਾਜੇ ਨੂੰ ਅਪਣੀ ਸੇਜ ਦਾ ਸਰਾਨ੍ਹਾ ਬਣਾ ਲਿਆ ਤੇ ਪਤੀ ਨੂੰ ਪ੍ਰੇਮ ਭਰੀ ਗਲਵਕੜੀ ਚ ਲੈ ਕੇ ਪ੍ਰੇਮ ਲੀਲਾ ਕੀਤੀ । ਰਾਜਾ ਵਿਚਾਰਾ ਉਨ੍ਹਾਂ ਦੀ ਸੇਜ ਦਾ ਸਿਰਹਾਣਾ ਬਣਿਆ ਪਿਆ ਰਿਹਾ । ਸਵੇਰੇ ਹੁੰਦੇ ਹੀ ਪਤੀ ਚਲੇ ਗਿਆ । ਰਾਜਾ ਉਠਾਇਆ ਫੇਰ ਸੰਭੋਗ ਕੀਤਾ ਤੇ ਘਰ ਭੇਜ ਦਿੱਤਾ ।

*ਪਤਿ ਸੌ ਅਤਿ ਰਤਿ ਮਾਨਿ ਕੈ ਰਹੀ ਗਰੇ ਲਪਟਾਇ ॥*
*ਕਿਯੋ ਸਿਰਾਨੋ ਭੂਪ ਕੋ ਸੋਇ ਰਹੈ ਸੁਖ ਪਾਇ ॥੧੨॥*
*ਭੋਰ ਭਏ ਉਠਿ ਪਿਯ ਗਯੋ ਨ੍ਰਿਪ ਸੋ ਭੋਗ ਕਮਾਇ ॥*
*ਕਾਢਿ ਸਿਰਾਨੇ ਤੇ ਤੁਰਤੁ ਸਦਨ ਦਿਯੋ ਪਹੁੰਚਾਇ ॥* (ਬੀਸਵੋਂ ਚਰਿਤ੍ਰ ਪੰਨਾ ੮੩੮)

ਨੋਟ :- ਇਹ ਅਨਮੋਲ ਸਿੱਖਿਆ ਦਸਮ ਗ੍ਰੰਥ ਦੀ ਹੈ । ਪੁਜਾਰੀਆਂ ਨੇ ਪਿਛਲੇ ਲੰਮੇਂ ਸਮੇਂ ਤੋਂ ਸਿੱਖ ਕੌਮ ਲਈ ਸੰਭਾਲ ਕੇ ਰੱਖੀ ਹੈ ਆਖੇ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ । ਜ਼ਮੀਰ ਦੇ ਅੰਨ੍ਹਿਆਂ ਨੂੰ ਕਵੀ ਰਾਮ ਨਜ਼ਰ ਹੀ ਨਹੀਂ ਆਇਆ ਹੁਣ ਆਖਦੇ ਹਨ ਜੀ ਇਹ ਗੁਰੂ ਜੀ ਦਾ ਉੱਪ ਨਾਮ ਹੈ। ਦੁਨੀਆਂ ਵਿੱਚ ਕੋਈ ਮਨੁੱਖ ਪੈਦਾ ਨਹੀਂ ਹੋਇਆ ਜਿਸ ਨੇ ਅਪਣੇ ਅਨੇਕਾਂ ਉੱਪਨਾਮ ਰੱਖੇ ਹਨ। ਜਿਸ ਵਿਉਂਤਬੰਦੀ ਅਤੇ ਢੰਗ ਨਾਲ ਇਹ ਲੱਚਰ ਕਾਵਿ ਰਚਨਾਵਾਂ ਲਿਖੀਆਂ ਗਈਆਂ ਹਨ ਉਸ ਤੋਂ ਸਾਫ ਜ਼ਾਹਿਰ ਹੈ ਕਿ ਸਿੱਖ ਧਰਮ ਦੇ ਵਡਮੁੱਲੇ ਅਤੇ ਅਧੁਨਿਕ ਉਪਦੇਸਾਂ ਤੋਂ ਬੁਖਲਾ ਕੇ ਧਰਮ ਦੇ ਦੋਖੀਆਂ ਨੇ ਆਮ ਮਨੁੱਖਾਂ ਨੂੰ ਸਿੱਖ

ਧਰਮ ਨਾਲੋਂ ਤੋੜਨ ਲਈ ਗੰਦੀ ਖੇਡ ਖੇਡੀ ਹੈ । ਇਸ ਖੇਡ ਦੇ ਉਹ ਸਭ ਮੋਹਰੇ ਹਨ ਜੋ ਇਸ ਮਹਾਂ ਗੰਦੀ ਅਤੇ ਨਿਕੰਮੀ ਕਿਤਾਬ ਨੂੰ ਧਾਰਮਿਕ ਗ੍ਰੰਥ ਬਣਾਣਾ ਚਾਹੁੰਦੇ ਹਨ ਇਹ ਗੰਦਾ ਗ੍ਰੰਥ ਬਾਰ ਬਾਰ ਔਰਤਾਂ ਨੂੰ ਨੀਵਾਂ ਦਿਖਾ ਰਿਹਾ ਹੈ । ਸਬੂਤ ਲਈ ਦਰਜ ਹੈ :-

*ਜੇ ਸਯਾਨੇ ਹ੍ਵੈ ਜਗਤ ਮੈ ਤ੍ਰਿਯ ਸੋ ਕਰਤ ਪਿਯਾਰ ॥*
*ਤਾਂਹਿ ਮਹਾਂ ਜੜ ਸਮੁਝਿਯੈ ਚਿਤ ਭੀਤਰ ਨਿਰਧਾਰ ॥੧੪॥* (ਬੀਸਵੇਂ ਚਰਿਤ੍ਰ ਪੰਨਾ ੮੩੮)

## ਇਲਾਕਾ : ਅਨੰਦਪੁਰ (ਕਾਹਲੂਰ ਰਾਜ ਚ) ਸਤਿਲੁਜ ਦੇ ਕੰਢੇ (ਈਕਸਵੇਂ ਚਰਿਤ੍ਰ ਪੰਨਾ ੮੩੮-੮੩੯)

ਪਾਤਰ : ਰਾਜਾ, ਸੁਤ, ਮੰਤ੍ਰੀ ਅਤੇ ਮਗਨਦਾਸ (ਵਿਚੋਲਾ)

**ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ :** ਰਾਜੇ ਨੇ ਬੰਦ ਕਮਰੇ ਤੋਂ ਅਪਣੇ ਪੁੱਤ ਨੂੰ ਸੱਦਿਆ। ਸਵੇਰ ਵੇਲੇ ਮੰਤ੍ਰੀ ਸੰਗ। ਰਾਜਾ ਕਹਿੰਦਾ ਮੰਤ੍ਰੀ ਨੂੰ ਕਿ ਪੁਰਖਾਂ ਨਾਲ ਚਲਾਕ ਔਰਤਾਂ ਦੇ ਪ੍ਰਸੰਗ ਸੁਣਾਓ। ਮੰਤ੍ਰੀ ਕਥਾ ਛੇੜੀ ਕਿ ਸਤਿਲੁਜ ਦੇ ਕੰਢੇ ਇਕ ਅਨੰਦਪੁਰ ਪਿੰਡ ਹੈ ਜੋ ਕਾਹਲੂਰ ਦੇ ਰਾਜੇ ਦੇ ਰਾਜ ਵਿੱਚ ਪੈਂਦਾ ਹੈ।(ਨੋਟ : ਇਹ ਪਿੰਡ ਗਰੂ ਤੇਗ ਬਹਾਦਰ ਸਾਹਿਬ ਜੀ ਨੇ ਜਮੀਨ ਮੁੱਲ ਖਰੀਦ ਕੇ ਵਸਾਇਆ ਸੀ) ਉਥੇ ਸਿੱਖ ਸਖਾ ਬੜੇ ਉਤਸ਼ਾਹ ਨਾਲ ਆਉਂਦੇ ਅਤੇ ਮਨ ਭਉਂਦੇ ਵਰ ਤੇ ਸੁੱਖਾਂ ਪ੍ਰਾਪਤ ਕਰ ਕੇ ਘਰੋਂ ਘਰੀਂ ਚਲੇ ਜਾਂਦੇ । ਇਕ ਧੰਨਵਾਨ ਦੀ ਔਰਤ ਇਸ ਨਗਰ ਵਿੱਚ ਰਾਇ (ਗੋਬਿੰਦ ਰਾਇ) ਨੂੰ ਦੇਖਦੇ ਹੀ ਓਹਦੀ ਦੀਵਾਨੀ ਹੋ ਗਈ। ਉਸ ਨੇ ਮਗਨਦਾਸ ਵਿਚੋਲੇ ਨੂੰ ਸੱਦਿਆ ਤੇ ਥੋੜਾ ਧੰਨ ਦੇ ਕੇ ਉਸ ਨੂੰ ਕਿਹਾ ਕਿ ਮੈਨੂੰ ਅਪਣੇ ਨਗਰ ਦੇ ਰਾਇ ਨੂੰ ਮਿਲਵਾ ਦੇ ਮੈਂ ਹੋਰ ਬਹੁਤ ਸਾਰਾ ਧੰਨ ਦੇਵਾਂਗੀ। ਧੰਨ ਦੇ ਲੋਭ ਵਿੱਚ ਆ ਕੇ ਉਸ ਨੇ ਪੈਰ ਜੋੜ ਕੇ ਰਾਜੇ ਨੂੰ ਬੇਨਤੀ ਕੀਤੀ ਕਿ ਜੋ ਤੂੰ ਮੰਤ੍ਰ ਸਿੱਖਣਾ ਚਾਹੁੰਦਾ ਸੀ ਉਹ ਮੇਰੇ ਹੱਥ ਲੱਗਾ ਹੈ। (ਤੇ ਅਚਾਨਕ) :-

*ਭੁਜੰਗ ਛੰਦ ॥ ਚਲਯੋ ਧਾਰਿ ਆਤੀਤ ਕੋ ਭੇਸ ਰਾਈ*
*ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥*
*ਚਲਯੋ ਸੋ ਤਤਾ ਕੇ ਫਿਰਯੋ ਨਾਹਿ ਫੇਰੇ ॥*
*ਧਸਯੋ ਜਾਇਕੈ ਵਾ ਤ੍ਰਿਯਾ ਕੇ ਸੁ ਡੇਰੇ ॥੧੦॥* (ਈਕਸਵੇਂ ਚਰਿਤ੍ਰ ਪੰਨਾ ੮੩੮)

੧ ਨੋਟ :- ਮੰਦਾ ਕਰਮ ਕਰਨ ਤੋਂ ਪੁਹਲਾਂ ਸ੍ਰੀ ਭਗੌਤੀ ਨੂੰ ਧਿਆਉਣਾ ਬੜਾ ਅਜੀਬ ਲੱਗਦਾ ਹੈ । ਸਿੱਖ ਧਰਮ ਵਿੱਚ ਕਿਸੇ ਭੀ ਪ੍ਰਕਾਰ ਦੀ ਭਗੌਤੀ ਨੂੰ ਕੋਈ ਥਾਂ ਜਾਂ ਮਾਨਤਾ ਨਹੀਂ ਹੈ । ਵੱਖਰੇ ਲੇਖ ਵਿੱਚ ਵਿਸਥਾਰ ਨਾਲ ਇਸ ਤੇ ਵਿਚਾਰ ਕੀਤੀ ਗਈ ਹੈ ।

ਔਰਤ ਨੇ ਉਸ ਨੂੰ ਤੱਕ ਕੇ ਭੇਖ ਬਣਾਇਆ। ਫੁੱਲ ਪਾਨ ਤੇ ਸ਼ਰਾਬ ਮੰਗਾਈ ਤੇ ਅੱਗੇ ਹੋ ਕੇ ਆਓ ਭਗਤ ਕਰ ਕੇ ਸਾਰੇ ਸੋਕ ਦੂਰ ਕਰ ਲਏ ।

*ਚੌਪਈ ॥ ਲਖਿ ਤ੍ਰਿਯ ਤਾਹਿ ਸੁ ਭੇਖ ਬਨਾਯੋ ॥ ਫੂਲ ਪਾਨ ਅਰੁ ਕੈਫ ਮੰਗਾਯੋ ॥*
*ਆਗੇ ਟਰਿ ਤਾਕੋ ਤਿਨ ਲੀਨਾ ॥ ਚਿਤ ਕੋ ਸ਼ੋਕ ਦੂਰਿ ਕਰਿ ਦੀਨਾ ॥੧੧॥*

ਔਰਤ ਕਹਿੰਦੀ ਮੇਰੇ ਸੰਗ ਭੋਗ ਕਰੋ ਮੈਨੂੰ ਕਾਮ ਬਹੁਤ ਸਤਾ ਰਿਹਾ ਹੈ । ਰਾਇ ਸੋਚੀਂ ਡੁੱਬਾ ਕਿ ਆਇਆ ਮੈਂ ਮੰਤ੍ਰ ਲੈਣ ਸੀ ਇਥੇ ਤਾਂ ਕੁੱਝ ਹੋਰ ਹੀ ਹੈ । ਉਸ ਨੇ ਅਜਿਹਾ ਕਰਨ ਤੋਂ ਮਨਾ ਕੀਤਾ ਤਾਂ ਔਰਤ ਕਹਿੰਦੀ :-

*ਦੋਹਰਾ ॥ ਕਾਮਾਤੁਰ ਹ੍ਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ ॥*
*ਮਹਾ ਨਰਕ ਸੋ ਡਾਰਿਯੈ ਦੈ ਜੋ ਜਾਨ ਨਿਰਾਸ ॥੧੮॥*

੨ ਨੋਟ :- ਇਹੋ ਦੋਹਰਾ ਖੜਸਮੋਂ ਚਰਿਤ੍ਰ ਪੰਨਾ ੮੩੧ ਪੰਨੇ ਤੇ ਭੀ ਦਿੱਤਾ ਹੈ । ਉਥੇ ਭੀ ਸਤਿਲੁਜ ਦਾ ਕੰਢਾ ਤੇ ਇਥੇ ਭੀ ਸਤਿਲੁਜ ਦਾ ਕੰਢਾ ਕੇਵਲ ਪਾਤਰ ਹੀ ਬਦਲੀ ਹੈ ਇਕ ਫਰਕ ਹੋਰ ਭੀ ਹੈ ਕਿ ਇਸ ਦੋਹਰੇ ਨਾਲ ਜੁੜਿਆ ਦੂਜਾ ਬੰਦ ਬਦਲ ਦਿੱਤਾ ਗਿਆ ਹੈ ।

ਰਾਇ ਕਹਿੰਦਾ ਕਿ ਲੋਕ ਮੇਰੇ ਪੈਰੀਂ ਪੈਂਦੇ ਹਨ, ਮੇਰੀ ਪੂਜਾ ਕਰਦੇ ਹਨ ਤੇ ਇਸ ਤਰ੍ਹਾਂ ਮੇਰੇ ਤੇ ਰੀਝਦੇ ਤੈਨੂੰ ਸ਼ਰਮ ਨਹੀਂ ਆਉਂਦੀ ? ਰਾਇ ਨੇ ਬਥੇਰਾ ਗਿਆਨ ਦੇਣ ਦੀ ਕੋਸ਼ਿਸ ਕੀਤੀ-ਬਥੇਰਾ ਦੱਸਿਆ ਕਿ ਪਰਾਈ ਔਰਤਾਂ ਦਾ ਸੰਗ ਚੰਗਾ ਨਹੀਂ ਹੁੰਦਾ । ਅਪਣੇ ਸ਼ਾਦੀ ਸੁਦਾ ਹੋਣ ਦੀ ਦੁਹਾਈ ਦਿੱਤੀ ਪਰ ਔਰਤ ਦਾ ਮਨ ਨਾ ਪਸੀਜਿਆ । ਕਹਿੰਦੀ ਕ੍ਰਿਸ਼ਨ ਨੂੰ ਜੱਗ ਪੂਜਦਾ ਹੈ ਉਸ ਨੇ ਰਾਧਾ ਨਾਲ ਰਾਸ ਲੀਲਾ ਕੀਤੀ ਤੇ ਉਸ ਨੂੰ ਭੋਗਿਆ ਉਹ ਤਾਂ ਨਰਕ ਨਹੀਂ ਗਿਆ । ਔਰਤ ਤੇ ਮਰਦ ਦੇ ਸਰੀਰ ਪੰਜ ਤੱਤ ਦੇ ਰੱਬ ਨੇ ਬਣਾਏ ਤੇ ਕਾਮ ਦੀ ਭੁੱਖ ਦੋਹਾਂ ਵਿੱਚ ਬਰਾਬਰ ਰੱਖੀ। ਬਸ ਹੁਣ ਮੇਰੇ ਨਾਲ ਭੋਗ ਕਰੋ। ਰਾਇ ਕਹਿੰਦਾ ਸ਼ਿਵ

ਜੀ ਦਾ ਧਿਆਨ ਧਰ ਕਾਮ ਬਸ ਹੋ ਜਾਏਗਾ (ਪਤਾ ਨਹੀਂ ਧਰਮੀ ਪੁਰਖਾਂ ਨੇ ਗੁਰੁ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਿਉਂ ਨਹੀਂ ਕੀਤਾ ਨਹੀਂ ਤਾਂ ਰੱਬ ਨੂੰ ਛੱਡ ਸਿਵ ਜੀ ਦਾ ਧਿਆਨ ਧਰੌਣ ਦੀ ਲੋੜ ਹੀ ਨਾ ਪੈਂਦੀ) ਮੈਂ ਤੇਰੇ ਨਾਲ ਭੋਗ ਨਹੀਂ ਕਰਾਂਗਾ। ਮੇਰਾ ਧਰਮ ਨਾਸ ਹੋ ਜਾਏਗਾ। ਮੈਂ ਲੋਕਾਂ ਵਿੱਚ ਬਦਨਾਮ ਹੋਵਾਂਗਾ।

ਔਰਤ ਨੇ ਬਥੇਰਾ ਜੋਰ ਦਿੱਤਾ, ਬਥੇਰੇ ਹਾਵ ਭਾਵ ਕੀਤੇ ਤੇ ਦਲੀਲਾਂ ਦਿੱਤੀਆਂ ਪਰ ਰਾਇ ਅਪਣੇ ਆਚਰਣ ਅਤੇ ਗੁਰ ਗਿਆਨ ਦਾ ਵਾਸਤਾ ਪਾਉਂਦਾ ਰਿਹਾ। ਕਹਿੰਦਾ :-

*ਛੰਦ ॥ ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥*
*ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥*
*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ ॥*
*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ ॥੫੧॥*

**੩ ਨੋਟ :** ਇਨ੍ਹਾਂ ਕਥਾ ਕਹਾਣੀਆਂ ਦਾ ਲੇਖਕ ਕਵੀ ਰਾਮ ਹੈ। ਧਰਮ ਦੀ ਸੌੜੀ ਸੋਚ ਅਤੇ ਅਗਿਆਨਤਾ ਕਾਰਣ ਅਸੀਂ ਹਰ ਮੰਦੀ ਤੋਂ ਮੰਦੀ ਰਚਨਾ ਤੇ ਭੀ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਪਾਤਸ਼ਾਹੀ ੧੦ ਜੜ੍ਹ ਦਿੱਤੀ। ਕਵੀ ਨੇ ਵੇਸਵਾ ਨਾਲ ਹੋਈ ਵਾਰਤਾਲਾਪ ਬੜੇ ਰੋਚਕ ਢੰਗ ਨਾਲ ਲਿਖੀ ਹੈ। ਇਹ ਉਸ ਦੀ ਖੂਬੀ ਕਹੀ ਜਾ ਸਕਦੀ ਹੈ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਦਿਲ ਖੋਲ੍ਹ ਕੇ ਅਪਮਾਨ ਕਰਨ ਤੋਂ ਬਾਦ ਭੀ ਸਿੱਖਾਂ ਦੀ ਸ਼ਰਧਾ ਨੂੰ ਜ਼ਰਕ ਨਹੀਂ ਲੱਗਣ ਦਿੱਤੀ। ਉਹ ਗੁਰੂ ਸਾਹਿਬ ਨੂੰ ਡਰਪੋਕ ਕਹਿੰਦਾ ਹੈ। ਉਹ ਕਹਿੰਦਾ ਹੈ ਕਿ ਰਾਇ ਅਪਣੀ ਜੁੱਤੀ ਉਥੇ ਹੀ (ਔਰਤ ਦੇ ਘਰ) ਛੱਡ ਕੇ ਨੰਗੇ ਪੈਰੀਂ ਭੱਜਿਆ ਤੇ ਅਪਣੇ ਮਨ ਦੀ ਸੁੱਧ ਬੁੱਧ ਖੋ ਬੈਠਾ।

*ਸੁਨਤ ਚੋਰ ਕੋ ਬਚ ਸ੍ਰਵਨ ਅਧਿਕ ਡਰਯੋ ਨਰਨਾਹਿ ॥*
*ਪਨੀ ਪਾਮਰੀ ਤਜਿ ਭਜਯੋ ਸੁਧਿ ਨ ਰਹੀ ਮਨ ਮਾਹਿ ॥੬੦॥* (ਇਕੀਸਵੇਂ ਚਰਿਤ੍ਰ ਪੰਨਾ ੮੪੨-੪੩)

ਸਿੱਖ ਧਰਮ ਅੰਦਰ ਵਿੱਚਰ ਰਹੀਆਂ ਵੱਡੀਆਂ ਵੱਡੀਆਂ ਜਥੇਬੰਦੀਆਂ ਸੰਤ-ਸਾਧ-ਬ੍ਰਹਮ ਗਿਆਨੀ -ਪੂਰਣ ਬ੍ਰਹਮ ਗਿਆਨੀ-ਅਲੌਕਿਕ ਕਥਾ ਵਾਚਕ-ਧਰਮ ਦੇ ਵੱਡੇ ਵੱਡੇ ਠੇਕੇਦਾਰ ਤੇ ਪੁਜਾਰੀ ਇਸ ਤੋਂ ਵੱਧ ਅਪਣੇ ਗੁਰੂ ਦਾ ਹੋਰ ਕੀ ਅਪਮਾਨ ਕਰ ਸਕਦੇ ਹਨ ? ਆਖਦੇ ਹਨ ਕਿ ਇਹ ਮਹਾਂ ਪਵਿੱਤ੍ਰ ਧਾਰਮਿਕ ਗ੍ਰੰਥ ਹੈ ਇਸ ਦਾ ਪ੍ਰਕਾਸ ਤਖਤਾਂ ਤੇ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪਾਲਕੀ ਵਿੱਚ ਸਜਾਓ।

ਢੱਕ ਲਿਯਾ ਬਦਨ ਧਰਮ ਕੇ ਪਰਦੇ ਮੇਂ ਮਗਰ ਸ਼ਰਮ ਤੋ ਆਤੀ ਨਹੀ (ਜਸ) ਨਗਨ ਹੋ ਜਾਨੇ ਕੇ ਬਾਦ ॥

ਰਾਇ (ਗੁਰੂ ਗੋਬਿੰਦ ਸਿੰਘ ਜੀ ) ਦਾ ਘੋਰ ਅਪਮਾਨ

ਔਰਤ ਦੁਆਰਾ ਚੋਰ ਚੋਰ ਦਾ ਰੋਲਾ ਪਾਉਣ ਤੇ ਰਾਇ ਡਰ ਕੇ ਉਠਿਆ। ਅਪਣੀ ਰੇਸ਼ਮੀ ਜੁੱਤੀ ਉੱਥੇ ਹੀ ਛੱਡ ਮਨ ਚ ਡਰ ਲੈ ਕੇ ਭੱਜਾ। ਚੋਰ ਦੀ ਅਵਾਜ ਸੁਣ ਕੇ ਸਾਰੇ ਹੀ ਭੱਜੇ ਹੱਥ ਵਿੱਚ ਕ੍ਰਿਪਾਨਾ ਲੈ ਕੇ ਕਹਿੰਦੇ ਅਸੀਂ ਤੈਨੂੰ ਜਾਣ ਨਹੀਂ ਦੇਵਾਂਗੇ। ਅੱਗੇ ਪਿੱਛੇ ਖੱਬੇ ਸੱਜੇ ਹਰ ਪਾਸਿਓਂ ਰਾਇ ਨੂੰ ਘੇਰ ਲਿਆ। ਪੰਜ ਸੱਤ ਕਦਮ ਬੜੀ ਮੁਸ਼ਕਲ ਗਿਆ ਹੋਏਗਾ ਜਦ ਜਾ ਦਬੋਚਿਆ।

*ਚੋਰਿ ਸੁਨਤ ਜਾਗੇ ਸਭੈ ਭਜੈ ਨ ਦੀਨਾ ਰਾਇ ॥*
*ਕਦਮ ਪਾਂਚ ਸਾਤਕ ਲਗੇ ਮਿਲੇ ਸਿਤਾਬੀ ਆਇ ॥੨॥* (ਬਾਈਸਵੇਂ ਚਰਿਤ੍ਰ ਪੰਨਾ ੮੪੩)

ਭੱਜਣ ਦੀ ਬਥੇਰੀ ਕੋਸ਼ਿਸ ਕੀਤੀ ਰਾਇ ਨੇ ਪਰ ਬਿਆਰਥ। ਉਹਦੀ ਦਾਹੜੀ ਫੜ ਕੇ ਪੱਗ ਉਤਾਰ ਲਈ। ਚੋਰ ਚੋਰ ਚੋਰ ਕਹਿ ਕੇ ਹੱਥਾਂ ਨਾਲ ਦੋ ਕੁ ਜੁੱਤੀਆਂ ਝਾੜ ਦਿੱਤੀਆਂ। ਜੁੱਤੀਆਂ ਦੀ ਮਾਰ ਖਾਂਦੇ ਹੀ ਮੂਰਛਾ ਖਾ ਕੇ ਧਰਤੀ ਤੇ ਡਿੱਗ ਪਿਆ।

*ਵਾਕੀ ਕਰ ਦਾਰੀ ਧਰੀ ਪਗਿਯਾ ਲਈ ਉਤਾਰਿ ॥*
*ਚੋਰ ਚੋਰ ਕਰਿ ਤਿਹ ਗਹਯੋ ਦ੍ਵੈਕ ਮੁਤਹਰੀ ਝਾਰਿ॥੫॥*
*ਲਗੇ ਮੁਤਹਰੀ ਕੇ ਗਿਰਯੋ ਭੂਮਿ ਮੂਰਛਨਾ ਖਾਇ ॥*
*ਭੇਦ ਨ ਕਾਹੂੰ ਨਰ ਲਹਿਯੋ ਮੁਸਕੈਂ ਲਈ ਚੜ੍ਹਾਇ ॥੬॥* (ਬਾਈਸਵੇਂ ਚਰਿਤ੍ਰ ਪੰਨਾ ੮੪੩)

ਲੱਤਾਂ ਮੁੱਕਿਆ ਨਾਲ ਉਹ ਦੀ ਬਹੁਤ ਪਿਟਾਈ ਕੀਤੀ ਏਨੇ ਨੂੰ ਓਹਦੇ ਸਿੱਖ ਪਹੁੰਚ ਗਏ। ਔਰਤ ਭਾਂਤ ਭਾਂਤ ਦੀ ਬੋਲੀ ਬੋਲੇ। ਪਰ ਕਿਸੇ ਨੂੰ ਭੀ ਉਸ ਨੂੰ ਛੁਡਾ ਸਕਣ ਦੀ ਹਿੰਮਤ ਨਾ ਪਏ।

*ਲਾਤ ਮੁਸਟ ਬਾਜਨ ਲਗੀ ਸਿਖਯ ਪਹੂੰਚੇ ਆਇ ॥*
*ਭ੍ਰਾਤ ਭ੍ਰਾਤ ਤ੍ਰਿਯ ਕਹਿ ਰਹੀ ਕੋਊ ਨ ਸਕਯੋ ਛੁਰਾਇ ॥੭॥*

ਉਹਦੇ ਸਿਰ ਵਿੱਚ ਬਹੁਤ ਜੁੱਤੀਆਂ ਮਾਰੀਆਂ ਤੇ ਮੁਸ਼ਕਾਂ ਬੰਨ੍ਹ ਕੇ ਜੇਲ ਬੰਦ ਕਰ ਦਿੱਤਾ। ਸਿੱਖਾਂ ਨੇ ਭੇਦ ਅਭੇਦ ਨਾ ਜਾਣਿਆ ਤੇ ਉਸ ਨੂੰ ਚੋਰ ਸਮਝ ਲਿਆ ।

ਨੋਟ : ਗੁਰਸਿੱਖਾਂ ਦੀ ਇਸ ਤੋਂ ਵੱਡੀ ਹੋਰ ਕੀ ਬਦਕਿਸਮਤੀ ਹੋ ਸਕਦੀ ਹੈ ? ਕਿਉਂਕਿ ਉਨ੍ਹਾਂ ਖੁਦ ਹੀ ਪੁਜਾਰੀ ਸ੍ਰੇਣੀ ਨੂੰ ਅਥਾਹ ਤਾਕਤਾਂ ਦੇ ਕੇ ਕੌਮ ਦੇ ਮਾਲਿਕ ਬਣਾ ਦਿੱਤਾ । ਦਿਨ ਦੀਵੀਂ ਉਹ ਗੁਰੂ ਦਾ ਅਪਮਾਨ ਕਰਦੇ ਹਨ । ਇਸ ਗੰਦੀ ਕਿਤਾਬ ਦੇ ਅਖੰਡ ਪਾਠ ਅਤੇ ਸਹਿਜ ਪਾਠ ਕਰਦੇ ਹਨ । ਭੋਲੇ ਭਾਲੇ ਗੁਰਸਿੱਖਾਂ ਨੂੰ ਧੋਖਾ ਦੇਂਦੇ ਹਨ ਅਤੇ ਗੁਰੂ ਹਜੂਰੀ ਰੱਜ ਕੇ ਝੂਠ ਬੋਲਦੇ ਹਨ । ਕਹਿੰਦੇ ਇਹ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹੈ ।ਧੋਖੇ ਬਾਜੋ ਜਰਾ ਜਗਤ ਨੂੰ ਦੱਸਣਾ ਕਿ ਕੋਈ ਲਿਖਾਰੀ ਅਪਣੇ ਹੋਏ ਅਪਮਾਨ ਨੂੰ ਇਉਂ ਜੱਗ ਜ਼ਾਹਿਰ ਕਰਦਾ ਹੈ ? ਇਹ ਤਾਂ ਕਵੀ ਰਾਮ ਹੈ ਜੋ ਗੁਰੂ ਘਰ ਨਾਲ ਈਰਖਾ ਵੱਸ ਹੋ ਕੇ ਅਪਣੇ ਮਨ ਦੀ ਭੜਾਸ ਕੱਢ ਰਿਹਾ ਹੈ ।

ਇਹ ਪਹਿਲੇ ਹੀ ੨੧ ਵੇਂ ਚਰਿਤ੍ਰ ਦੇ ਤਿੰਨ ਭਾਗ ਕਰ ਕੇ ਤਿੰਨ ਚਰਿਤ੍ਰ ਬਣਾ ਦਿੱਤੇ ਹਨ । ਹਕੀਕਤ ਵਿੱਚ ਇਹ ਇਕਸਵੇਂ ਚਰਿਤ੍ਰ ਦਾ ਹੀ ਹਿੱਸਾ ਹੈ । ਧੋਖੇ ਬਾਜ ਤੇ ਮਕਾਰ ਸੰਪਾਦਿਕ-ਸੋਧ ਕਮੇਟੀ ਤੇ ਛਾਪਕ ਕੀ ਕੀ ਗੁੱਲ ਖਿਲਾਉਂਦੇ ਹਨ ਅੱਗੇ ਪੜੋ ।

### ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ (ਤੇਈਸਵੇਂ ਚਰਿਤ੍ਰ ਪੰਨਾ ੮੪੩-੪੪)

ਸਵੇਰ ਹੁੰਦੇ ਹੀ ਸਾਰੇ ਜਾਗ੍ਰ ਪਏ ਤੇ ਅਪਣੇ ਅਪਣੇ ਕੰਮ ਧੰਦਿਆਂ ਵਿੱਚ ਲੱਗ ਗਏ । ਰਾਇ ਭਵਨ ਤੋਂ ਬਾਹਰ ਆਇਆ ਤੇ ਸਭਾ ਵਿੱਚ ਕਹਿੰਦਾ ਕਿ ਕਿਸੇ ਮੇਰੀ ਰੇਸ਼ਮੀ ਜੁੱਤੀ ਚੁਰਾਈ ਹੈ ਜੋ ਮੈਨੂੰ ਇਸ ਬਾਰੇ ਦੱਸੇਗਾ ਮੌਤ ਉਸ ਦੇ ਨੇੜੇ ਨਹੀਂ ਜਾਏਗੀ । ਗੁਰੂ ਦਾ ਬਚਨ ਸੁਣ ਕੇ ਸਿੱਖਾਂ ਦੱਸ ਦਿੱਤਾ ਕਿ ਜੁੱਤੀ ਕਿਸ ਔਰਤ ਪਾਸ ਹੈ । ਰਾਇ ਨੇ ਸਿੱਖਾਂ ਨੂੰ ਕਿਹਾ ਉਸ ਨੂੰ ਪਕੜ ਕੇ ਮੇਰੇ ਪਾਸ ਲਿਆਓ । ਉਸ ਨੂੰ ਰੇਸ਼ਮੀ ਜੁੱਤੀ ਸਮੇਤ ਲਿਆਉਣਾ । ਉਸ ਤੇ ਮੇਰੇ ਕਹੇ ਬਿਨਾ ਤਰਸ ਨਹੀਂ ਖਾਣਾ । ਰਾਇ ਦੇ ਬਚਨ ਸੁਣ ਕੇ ਲੋਕ ਟੁੱਟ ਕੇ ਪੈ ਗਏ ਤੇ ਰੇਸ਼ਮੀ ਜੁੱਤੀ ਸਮੇਤ ਔਰਤ ਪਕੜ ਲਿਆਂਦੀ। ਰਾਇ ਕਹਿੰਦਾ ਕਿ ਸੁੰਦਰੀ ਕਿਸ ਕਾਰਣ ਤੂੰ ਮੇਰੇ ਬਸਤ੍ਰਾਂ ਦੀ ਚੋਰੀ ਕੀਤੀ ਹੈ ਅਤੇ ਦੱਸ ਜੋ ਚੋਰੀ ਕਰੇ ਉਸ ਨੂੰ ਕੀ ਸਜਾ ਦਿੱਤੀ ਜਾਏ ਜਾਂ ਫਿਰ ਨਾਰਿ ਜਾਣ ਕੇ ਤੈਨੂੰ ਛੱਡ ਦਿੱਤਾ ਜਾਏ । ਉਹ ਬਹੁਤ ਡਰੀ । ਗੁਰੂ ਤਰਸ ਖਾਧਾ ਤੇ ਗੁਨਾਹ ਮੁਆਫ ਕਰ ੨੦ ਹਜਾਰ ਟਕਾ ਛਿਮਾਹੀ ਬੰਨ੍ਹ ਦਿੱਤਾ ।

ਇਹ ਦਸਮ ਗ੍ਰੰਥ ਹੈ ਪਿਆਰਓ ਜੋ ਗੁਰੂ ਦਾ ਹਰ ਸਤਰ ਵਿਚ ਅਪਮਾਨ ਕਰਦਾ ਹੈ ਫਿਰ ਭੀ ਗੁਰੂ ਦੇ ਭੁੱਲੜ ਲਾਲ ਇਸ ਗੰਦ ਨੂੰ ਨਮਸਕਾਰਾਂ ਕਰਦੇ ਹਨ। ਜੇਕਰ ਕੋਈ ਗੁਰੂ ਦੁਲਾਰਾ ਇਨ੍ਹਾਂ ਨੂੰ ਮੱਤ ਦੇਣ ਦੀ ਕੋਸ਼ਿਸ ਕਰੇ ਤਾਂ ਉਸ ਨੂੰ ਜਾਨੋ ਮਾਰ ਦੇਣ ਦੀਆਂ ਧਮਕੀਆਂ ਭੀ ਦੇਂਦੇ ਹਨ। ਧਮਕੀਆਂ ਦੇਣ ਵਾਲੇ ਓਹੋ ਹੀ ਹਨ ਜੋ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਗੁਰੂ ਘਰ ਤੋਂ ਛੇਕੇ ਗਏ। ਹੁਣ ਇਨ੍ਹਾਂ ਨੇ ਅਪਣੇ ਸਰੂਪ ਬਦਲ ਲਏ ਹਨ ਤੇ ਨਵੇਂ ਪੈਂਤਰੇ ਖੇਡ ਕੇ ਗੁਰੂ ਦਾ ਘੋਰ ਅਪਮਾਨ ਕਰਦੇ ਹਨ।

### ਇਲਾਕਾ : ਉੱਤਰ ਪ੍ਰਦੇਸ ਬੰਸ : ਸੂਰਜ ਦੇਸ : ਦੱਛਨ (ਚੋਬੀਸਵੇਂ ਚਰਿਤ੍ਰ ਪੰਨਾ ੮੪੪-੮੪੮)

ਪਾਤਰ : ਪਿਤਾ, ਪੁੱਤ, ਮੰਤ੍ਰੀ, ਨ੍ਰਿਪਤ, ਚੰਦ੍ਰ ਮਤੀ ਪਟਰਾਨੀ, ਸੁਮੇਰ ਕੁਅਰਿ, ਦੱਖਣ ਦਾ ਰਾਜਾ ਅਤੇ ਦੋ ਪੁੱਤ ਤੇ ਧੀ

**ਇਸ਼ਕ ਦੀ ਨਵੀਓਂ ਨਵੀਂ ਬਹਾਰ :** ਸਵੇਰ ਹੁੰਦੇ ਹੀ ਜੇਲ ਤੋਂ ਪਿਤਾ ਨੇ ਪੁੱਤ ਨੂੰ ਅਪਣੇ ਨੇੜੇ ਸੱਦਿਆ। ਫੇਰ ਮੰਤ੍ਰੀ ਨੇ ਇੱਕ ਕਥਾ ਸੁਣਾਈ। ਉੱਤਰ ਪ੍ਰਦੇਸ ਦਾ ਸੂਰ ਬੰਸੀ ਬੜਾ ਹੀ ਪ੍ਰਤਾਪੀ ਸੀ ਰਾਜਾ। ਪਟਰਾਨੀ ਸੀ ਚੰਦ੍ਰਮਤੀ ਅੰਤਾਂ ਦੀ ਸੋਹਣੀ ਤੇ ਮਨਮੋਹਣੀ । ਉਸ ਦੇ ਇੱਕ ਧੀ ਜੰਮੀ ਮਾਨੋ ਸੂਰਜ ਨੇ ਖੁੱਦ ਗੋਦ ਸੁੱਟਿਆ ਹੋਏ। ਜਵਾਨ ਹੋਣ ਤੇ ਉਸ ਦਾ ਸੁਮੇਰ ਕੁਅਰਿ ਨਾਂ ਰੱਖਿਆ। ਓਹਦੇ ਗੋਰੇ ਅੰਗ ਛਲਕਦੇ ਮਾਨੋ ਸਮੁੰਦਰ ਚ ਲਹਿਰਾਂ ਉਠਦੀਆਂ ਹੋਣ। (ਅਚਾਨਕ ਕਹਾਣੀ ਨੇ ਮੋੜ ਖਾਧਾ ਪਤਾ ਨਹੀਂ ਕਿਉਂ) ਹਾਂ ਦੱਛਿਨ ਦੇਸ ਦਾ ਸੀ ਇਕ ਰਾਜਾ ਜੋ ਅਨੇਕਾਂ ਔਰਤਾਂ ਭੋਗਦਾ (ਸ਼ਾਈਦ ਇਹ ਉਸ ਦਾ ਧਰਮ ਕਰਮ ਹੋਏ) ਉਸ ਦੇ ਦੋ ਪੁੱਤ ਤੇ ਇਕ ਧੀ ਜੰਮੀ। ਕਈ ਦਿਨ ਹੋਏ ਰਾਜਾ ਮਰ ਗਿਆ ਤੇ ਉਸ ਦਾ ਤਾਜ ਉਸ ਦੇ ਮੁੰਡੇ ਦੇ ਸਿਰ ਰੱਖ ਦਿੱਤਾ। ਉਹ ਜੋ ਭਾਉਂਦਾ ਉਹ ਕਰਦਾ। ਇਸ ਤਰ੍ਹਾਂ ਬਹੁਤ ਸਮਾਂ ਲੰਘ ਗਿਆ-ਬਸੰਤ ਰੁੱਤ ਆਈ-ਇਸ ਰੁੱਤ ਵਿੱਚ ਪ੍ਰੀਤਮ ਤੋਂ ਬਿਨਾ ਰਹਿਣਾ ਔਖਾ ਹੁੰਦਾ ਹੈ, ਵਿਛੋੜੇ ਦੇ ਸੱਲ ਹਿਰਦਾ ਵਿੰਨਦੇ ਹਨ ।

ਸ਼ੁਰੂ ਹੁੰਦੀ ਹੈ ਇਸ਼ਕ ਮੁਸ਼ਕ ਦੀ ਕਹਾਣੀ ਅਸ਼ਲੀਲ ਤੇ ਨੰਗੇਜ਼ ਸਬਦਾਂ ਵਿੱਚ-ਕਲਮ ਨੂੰ ਬਥੇਰਾ ਦੱਬਿਆ, ਪਾਸਿਆਂ ਤੋਂ ਪਕੜ ਕੇ ਘੁੱਟਿਆ ਭੀ ਪਰ ਕੰਬਖਤ ਲਿਖਣੋ ਮੁੱਕਰ ਗਈ ਸ਼ਾਈਦ ਮਾਂ ਭੈਣ ਧੀ ਦੀ ਸ਼ਰਮ ਖਾ ਗਈ ਹੋਏ ਪਰ ਲਿਖਾਰੀ ਤੇ ਸੋਧਕ ਕਮੇਟੀ ਨੂੰ ਰੱਤਾ ਭੀ ਸ਼ਰਮ ਨਹੀਂ ਆਈ ਕਹਿੰਦੇ ਇਹ ਮਹਾਂ ਪਵਿਤ੍ਰ ਬਾਣੀ ਦਸਮ ਪਾਤਸ਼ਾਹ ਦੀ ਹੈ ।

ਇਸ਼ਕ ਮੁਸ਼ਕ ਵਾਲੇ ਜਾਣਦੇ ਹੀ ਹਨ ਕਿ ਉਨ੍ਹਾਂ ਨੂੰ ਕਿੰਨੇ ਪਾਪੜ ਵੇਲਣੇ ਪੈਂਦੇ ਹਨ ਇਥੇ ਵੇਲੇ ਗਏ ਪਾਪੜਾਂ ਨੂੰ ਕਾਵਿ ਰੂਪ ਦਿੱਤਾ ਹੈ ਸ਼ਾਈਦ ਨੌਜੁਆਨ ਪੀੜ੍ਹੀ ਨੂੰ ਕਾਮੀ ਪੁਰਖ ਬਣਾਣ ਦੀ ਸਕੀਮ ਅਧੀਨ। ਇੱਕ ਗੱਲ ਜੋ ਵਿਸੇਸ ਖਿੱਚ ਪੈਦਾ ਕਰਦੀ ਹੈ ਉਹ ਇਹ ਕਿ ਲਿਖਾਰੀ ਔਰਤਾਂ ਨੂੰ ਮੰਦਾਂ ਬੋਲਣਾ ਨਹੀਂ ਭੁੱਲਦਾ ਸ਼ਾਈਦ ਕਿਸੇ ਔਰਤ ਨੇ ਨਿੱਜੀ ਜੀਵਨ ਵਿੱਚ ਉਸ ਨੂੰ ਚਕਨਾ ਚੂਰ ਕੀਤਾ ਹੋਏ ਤੇ ਹੁਣ ਤੜਫੜਾ ਰਿਹਾ ਹੋਏ ।

*ਚੰਚਲਾਨ ਕੇ ਚਰਿਤ੍ਰ ਕੋ ਸਕਤ ਨ ਕੋਊ ਪਾਇ ॥*

*ਚੰਦ੍ਰ ਸੂਰ ਸੁਰ ਅਸੁਰ ਸਭ ਬ੍ਰਹਮ ਬਿਸ਼ਨ ਸੁਰ ਰਾਇ ॥੪੯॥* (ਚੋਬੀਸਵੋਂ ਚਰਿਤ੍ਰ ਪੰਨਾ ੮੪੮)

ਨੋਟ :- ਇਹ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਹੈ ਜੀ ਜਿਸ ਦਾ ਤੁਸੀਂ ਅਧਿਐਨ ਕਰ ਰਹੇ ਹੋ । ਧਰਮ ਦੇ ਪੁਜਾਰੀ ਕਹਿੰਦੇ ਹਨ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਇਲਾਹੀ ਬਾਣੀ ਹੈ । ਪੁਜਾਰੀਆਂ ਨੂੰ ਹਾਲੇ ਤੱਕ ਇਲਾਹੀ ਬਾਣੀ ਦੇ ਸਬਦਾਰਥੀ ਅਰਥਾਂ ਦਾ ਹੀ ਗਿਆਨ ਨਹੀਂ ਹੋ ਸਕਿਆ ਚੰਗੇ ਮਾੜੇ ਦੀ ਪਹਿਚਾਣ ਕਿਵੇਂ ਕਰਨਗੇ ।

## ਇਲਾਕਾ : ਗੰਗਾ ਜਮੁਨਾ ਦੇ ਵਿਚਕਾਰ ਕੈਲਾਖਰ ਕੀ ਦੂਨ (ਪਚੀਸਮੋਂ ਚਰਿਤ੍ਰ ਪੰਨਾ ੮੪੮)

ਪਾਤਰ : ਮੰਤ੍ਰੀ, ਰਾਵ, ਪ੍ਰੇਮ ਕੁਅਰਿ (ਰਾਨੀ), ਗਰੀਬ ਔਰਤ ਤੇ ਸ਼ੇਰ ਸਿੰਘ

ਮੰਤ੍ਰੀ ਕਹਿੰਦਾ ਗੰਗਾ ਜਮੁਨਾ ਦੇ ਵਿਚਕਾਰਲੇ ਖਿੱਤੇ ਕੈਲਾਖਰ ਕੀ ਦੂਨ ਦੇ ਰਾਜੇ ਦੀ ਕਹਾਣੀ ਸੁਣਾਣ ਲੱਗਾ ਹਾਂ। ਇਸ ਨਾਲ ਤੁਹਾਡੇ ਸ਼ੰਕੇ ਦੂਰ ਹੋਣਗੇ। ਰਾਜਾ ਬੇ ਔਲਾਦਾ ਅਤੇ ਬੁੱਢਾ ਹੋ ਜਾਣ ਕਾਰਣ ਰਾਣੀ ਪ੍ਰੇਮ ਕੁਅਰਿ ਅਪਣੇ ਚਿੱਤ ਵਿੱਚ ਬਹੁਤ ਡਰੀ ਕਿਉਂਕਿ ਪ੍ਰੇਮ ਹੁਲਾਰੇ ਲੈ ਸਕਣ ਦੇ ਸਮਰਥ ਭੀ ਨਾ ਰਿਹਾ। ਰਾਣੀ ਨੇ ਰਾਜ ਜਾਂਦਾ ਵੇਖ ਇਕ ਸੋਚ ਸੋਚੀ ਉਸ ਨੇ ਇਕ ਗਰਭਵਤੀ ਔਰਤ ਅਪਣੇ ਪਾਸ ਰੱਖ ਲਈ ਅਤੇ ਢਿੰਡੋਰਾ ਪਿਟਵਾ ਦਿੱਤਾ ਕਿ ਰਾਣੀ ਗਰਭਵਤੀ ਹੋ ਗਈ ਹੈ। ਗਰਭਵਤੀ ਔਰਤ ਦੇ ਮੁੰਡਾ ਜੰਮਣ ਤੇ ਬਹੁਤਾ ਧੰਨ ਦੇ ਕੇ ਉਸ ਤੋਂ ਪੁੱਤਰ ਖ੍ਰੀਦ ਲਿਆ। ਪੁੱਤ ਜੰਮਣ ਦੇ ਵੱਡੇ ਉਤਸਵ ਮਨਾਏ ਅਤੇ ਪੁੱਤ ਦਾ ਨਾਂ ਰੱਖਿਆ ਰਾਜਾ ਸ਼ੇਰ ਸਿੰਘ। ਕੋਈ ਭੇਦ ਨਾ ਜਾਣ ਸਕਿਆ ਕਿ ਹਕੀਕਤ ਕੀ ਹੈ (ਇਸ ਕਹਾਣੀ ਦੇ ਲੇਖਕ ਨੂੰ ਕਿਵੇਂ ਪਤਾ ਚਲਿਆ ਇਕ ਬੁਝਾਰਤ ਹੈ)। ਪਰ ਕਵੀ ਅਪਣੇ ਮਨ ਵਿੱਚ ਛੁਪੀ ਈਰਖਾ ਪ੍ਰਗਟ ਕਰਦਿਆਂ ਕਹਿੰਦਾ ਹੈ :-

*ਦੋਹਰਾ ॥ ਕਰਮ ਰੇਖ ਕੀ ਗਤਿ ਹੁਤੇ ਭਏ ਰੰਕ ਤੇ ਰਾਇ ॥*

*ਰਾਵਤ ਤੇ ਰਾਜਾ ਕਰੇ ਤ੍ਰਿਯਾ ਚਰਿਤ੍ਰ ਬਨਾਇ ॥੧੧॥* (ਪਚੀਸਮੋਂ ਚਰਿਤ੍ਰ ਪੰਨਾ ੮੪੮)

ਨੋਟ :- ਤੁਸੀਂ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ ਇਹ ਉਹ ਪੁਸਤਕ ਹੈ ਜਿਸ ਨੂੰ ਸਾਡੇ ਧਰਮ ਦੇ ਪੁਜਾਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਨਾ ਚਾਹੁੰਦੇ ਹਨ । ਕੀ ਤੁਸੀਂ ਅਪਣੇ ਇਲਾਕੇ ਦੇ ਗੁਰੂ ਘਰ ਇਸ ਅਸ਼ਲੀਲ ਪੁਸਤਕ ਦਾ ਪ੍ਰਕਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰੋਗੇ ?

(ਛਬੀਸਵੇਂ ਚਰਿਤ੍ਰ ਪੰਨਾ ੮੪੮-੪੯)

ਪਾਤਰ : ਬਨਿਕ (ਬਣੀਆ), ਚੋਰ, ਨਿਰਤਮਤੀ ਤੇ ਘੋੜਾ

ਹੇ ਰਾਜਾ ਮੈਂ ਤੈਨੂੰ ਇਕ ਬਣੀਏ ਦੀ ਕਹਾਣੀ ਸੁਣਾਉਂਦਾ ਹਾਂ ਜਿਸ ਦੇ ਚਿੱਤੜਾਂ ਤੇ ਉਸ ਦੀ ਔਰਤ ਨੇ ਬਿਹੰਗ ਖੋਦ ਦਿੱਤਾ।

*ਦੋਹਰਾ ॥ ਕਥਾ ਸੁਨਾਊਂ ਬਨਿਕ ਕੀ ਸੁਨਿ ਨ੍ਰਿਪਬਰ ਤੁਹਿ ਸੰਗ ॥*

*ਇਕ ਤ੍ਰਿਯ ਤਾਕੀ ਬਨ ਬਿਖੈ ਬੁਰਿ ਪਰ ਖੁਦਯੋ ਬਿਹੰਗ ॥੧॥* (ਛਬੀਸਵੇਂ ਚਰਿਤ੍ਰ ਪੰਨਾ ੮੪੮-੪੯)

ਕਹਾਣੀ ਇਸ ਤਰ੍ਹਾਂ ਤੁਰੀ ਬਈ ਜਦ ਭੀ ਬਣੀਆ ਬਣਜ ਲਈ ਜਾਂਦਾ ਤਾਂ ਵਾਪਸ ਆ ਕੇ ਬੜੀਆਂ ਫੜ੍ਹਾਂ ਮਾਰਦਾ ਕਿ ਮੈਂ ਅੱਜ ਬੀਹ ਚੋਰ ਮਾਰ ਦਿੱਤੇ ਤੇ ਅੱਜ ਤੀਹ ਮਾਰੇ । ਬਣੀਏ ਦੀ ਔਰਤ ਨਿਰਤਮਤੀ ਸੁਣ ਕੇ ਚੁੱਪ ਕਰ ਜਾਂਦੀ ਦਿਲ ਵਿੱਚ ਤਾਂ ਸਭ ਕੁੱਝ ਰੱਖਦੀ ਪਰ ਮੂੰਹੋਂ ਨਾ ਬੋਲਦੀ । ਇਕ ਦਿਨ ਉਸ ਨੇ ਪੁਰਖ ਦਾ ਭੇਸ ਧਾਰਿਆ-ਤਬੇਲੇ ਤੋਂ ਘੋੜਾ ਲਿਆ, ਸਜਾਏ ਵਸਤ੍ਰ ਜਾ ਪਹੁੰਚੀ ਉਸ ਰਸਤੇ ਜਿਥੋਂ ਦੀ ਬਣੀਆ ਲੰਘਦਾ ਸੀ । ਬਣੀਆ ਜਦ ਖੁਸ਼ੀ ਖੁਸ਼ੀ ਬਣਜ ਕਰਨ ਨਿਕਲਿਆ ਤਾਂ ਔਰਤ ਨੇ ਘੇਰ ਲਿਆ ਕਹਿੰਦੀ ਮੇਰੇ ਨਾਲ ਜੁੱਧ ਕਰੋ । ਮੈਂ ਤੈਨੂੰ ਮਾਰਾਂਗਾ (ਮਾਰਾਂਗੀ) ਨਹੀਂ ਅਪਣੀ ਪਗੜੀ ਤੇ ਵਸਤ੍ਰ ਉਤਾਰ । ਬਣੀਆ ਬਸਤ੍ਰ ਉਤਾਰ ਕੇ ਹੋਇਆ ਨੰਗਾ-ਮੂੰਹ ਲਿਆ ਘਾਹ ਆਖੇ ਰਾਮ ਦੁਹਾਈ ਜਾਨ ਬਖ਼ਸ਼ੋ । ਕਹਿੰਦੀ ਜੇਕਰ ਅਪਣੇ ਚਿੱਤੜਾਂ ਤੇ ਬਿਹੰਗ ਖੋਦਣ ਦੇਵੇਂ ਤਾਂ ਤੇਰੀ ਜਾਨ ਬਖਸ਼ੀ ਜਾ ਸਕਦੀ ਹੈ, ਜਿਵੇਂ ਔਰਤ ਕਿਹਾ ਬਣੀਏ ਉਵੇਂ ਹੀ ਕੀਤਾ । ਘੋੜੇ ਤੋਂ ਉਤਰੀ ਔਰਤ ਤੇ ਛੁਰੀ ਨਾਲ ਬਿਹੰਗ ਲਿਖ ਦਿੱਤਾ ।

ਨੋਟ :- ਗਿਆਨ ਧਿਆਨ ਦੇ ਦੁਸਮਣ ਸਿੱਖ ਧਰਮ ਦੇ ਦੋਖੀ ਕਹਿੰਦੇ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ। ਜਦ ਉਨ੍ਹਾਂ ਤੋਂ ਕੋਈ ਸਬੂਤ ਪੁੱਛੋ ਤਾਂ ਵੱਡੇ ਫ਼ਤਵੇ ਦੇਣ ਦੇ ਡਰਾਵੇ ਦੇਂਦੇ ਹਨ, ਅਕਲ ਦੇ ਅੰਨ੍ਹੇ ਹੇਠਾਂ ਲਿਖਿਆ ਨਹੀਂ ਪੜ੍ਹਦੇ ਕਿ ਇਹ ਰਚਨਾਵਾਂ ਕਵੀ ਰਾਮ ਸਮੇਤ ਅਨੇਕਾਂ ਹੋਰ ਕਵੀਆਂ ਦੀਆਂ ਹਨ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਹੀਂ। ਸਬੂਤ ਲਈ ਖੁਦ ਕਵੀ ਰਾਮ ਹਾਜ਼ਰ ਹੈ ਤੁਹਾਡੀ ਹੀ ਕਚੈਹਿਰੀ :-

*ਦੋਹਰਾ ॥ ਜੌ ਅਪਣੀ ਤੈ ਗੁਦਾ ਪਰ ਖੋਦਨ ਦੇਇ ਬਿਹੰਗ ॥*
*ਤੌ ਤੁਮ ਅਬ ਜਵਿਤ ਰਹੋ ਬਚੈ ਤਿਹਾਰੋ ਅੰਗ ॥੧੧॥*
*ਤਬੈ ਬਨਿਕ ਤੈਸੈ ਕਿਯਾ ਜਯੋਂ ਤ੍ਰਿਯ ਕਹਯੋ ਰਿਸਾਇ ॥*
*ਥਰਹਰਿ ਕਰਿ ਛਿਤ ਪਰ ਗਿਰਯੋ ਬਚਨ ਨ ਭਾਖਯੋ ਜਾਇ ॥੧੨॥*
*ਤਬ ਤਰੁਨੀ ਹੈ ਤੇ ਉਤਰਿ ਇਕ ਛੁਰਕੀ ਕੇ ਸੰਗ ॥*
*ਰਾਮ ਭਨੈ ਤਿਹ ਬਨਿਕ ਕੀ ਬੁਰਿ ਪਰ ਖੁਦਯੋ ਬਿਹੰਗ ॥੧੩॥*

ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਲੱਚਰ ਬੋਲੀ ਬੋਲ ਸਕਦੇ ਹਨ ? ਧਰਮ ਦੇ ਦੋਖੀ ਹੋਰ ਕੀ ਕੀ ਗੁੱਲ ਖਿਲਾਉਂਦੇ ਹਨ, ਕਿਵੇਂ ਗੁਰੂ ਜੀ ਨੂੰ ਬੇ ਪਤ ਕਰਦੇ ਹਨ ਅੱਗੇ ਅੱਗੇ ਹੋਰ ਪੜੋ । ਕਹਿੰਦੇ ਜੀ ਅਸੀਂ ਧਰਮੀ ਪੁਰਖ ਹਾਂ।

(ਸਤਾਈਸਵੋਂ ਚਰਿਤ੍ਰ ਪੰਨਾ ੮੪੯-੫੦)

ਪਾਤਰ : ਕੰਕ (ਦਿਜਬਰ) ਬਯੋਮ ਕਲਾ (ਰਾਨੀ) ਰਾਇ

ਇਕ ਸੀ ਬਾਮ੍ਹਣ ਨਾਂ ਸੀ ਕੰਕ। ਪੁਰਾਣ ਸਾਸਤ੍ਰਾਂ ਦਾ ਗਿਆਤਾ। ਬੜਾ ਹੀ ਸੁੰਦਰ-ਲੰਮੇਂ ਲੰਮੇਂ ਕੇਸ-ਅੱਖਾਂ ਦਾ ਕੀ ਕਹਿਣਾ ਮਾਨੋ ਦੋ ਕਟਾਰੀਆਂ ਹੋਣ। ਉਸ ਨੂੰ ਤੱਕ ਕੇ ਇਕ ਬਿਰਧ ਰਾਜੇ ਦੀ ਰਾਣੀ ਬਯੋਮ ਕਲਾ ਹੋ ਗਈ ਦੀਵਾਨੀ ਕਹਿੰਦੀ ਮੇਰੇ ਨਾਲ ਭੋਗ ਕਰੋ। ਉਹ ਨਾ ਮੰਨਿਆ ਤਾਂ ਜਬਰਦਸਤੀ ਕਰਨੀ ਚਾਹੀ :-

*ਦੋਹਰਾ ॥ ਗਹਿ ਚੁੰਬਨ ਲਾਗੀ ਕਰਨ ਨ੍ਰਿਪਤਿ ਨਿਕਸਯਾ ਆਇ ॥*
*ਤਬ ਤ੍ਰਿਯਾ ਕਿਯਾ ਚਰਿਤ੍ਰ ਇਕ ਅਧਿਕ ਹ੍ਰਿਦੈ ਸਕੁਚਾਇ॥* (ਸਤਾਈਸਵੋਂ ਚਰਿਤ੍ਰ ਪੰਨਾ ੮੫੦)

ਅਪਣੀ ਜਾਨ ਸੁਖਾਲੀ ਕਰਨ ਲਈ ਕਹਿੰਦੀ :-

*ਯਾ ਦਿਜਬਰ ਤੇ ਮੈਂ ਭ੍ਰਮੀ ਸੁਨੁ ਰਾਜਾ ਮਮ ਸੂਰ ॥*
*ਜਿਨਿ ਇਨ ਚੋਰਿ ਭਖਯੋ ਕਛੂ ਸੂੰਘਤ ਹੁਤੀ ਕਪੂਰ ॥੬॥* (ਸਤਾਈਸਵੋਂ ਚਰਿਤ੍ਰ ਪੰਨਾ ੮੫੦)

ਰਾਜਾ ਅਪਣੇ ਆਪ ਨੂੰ ਸੂਰ (ਸੂਰਮਾ) ਸੁਣ ਕੇ ਫੁੱਲ ਗਿਆ :-

*ਸੂਰ ਨਾਮ ਸੁਨਿ ਮੂਰਿ ਮਤਿ ਅਤਿ ਹਰਖਤ ਭਯੋ ਜੀਯ ॥*
*ਸੀਂਘਤ ਹੁਤੀ ਕਪੂਰ ਕਹ ਧੰਨਯ ਧੰਨਯ ਇਹ ਤ੍ਰੀਯ ॥੭॥* (ਸਤਾਈਸਵੋਂ ਚਰਿਤ੍ਰ ਪੰਨਾ ੮੫੦)

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ । ਕੋਈ ਚੱਜ ਦਾ ਉਪਦੇਸ ਪੱਲੇ ਪਿਆ ? ਜੇ ਨਹੀਂ ਤਾਂ ਸਾਡੇ ਪੁਜਾਰੀ ਇਸ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਉਂ ਕਰਨ ਤੇ ਅੜੇ ਹਨ ? ਅਪਣੇ ਮਨ ਦੀ ਅਵਾਜ ਨੂੰ ਦਬਾਣਾ ਨਹੀਂ । ਮਨ ਦੀ ਅਵਾਜ ਦਬਾਣ ਨਾਲ ਜ਼ਮੀਰ ਤੇ ਆਤਮਾ ਮਰ ਜਾਂਦੀਆਂ ਹਨ ਤੇ ਮਨੁੱਖ ਅਪਣੇ ਆਪ ਦਾ ਹਤਿਆਰਾ ਬਣ ਜਾਂਦਾ ਹੈ ।

## ਇਸ਼ਕ ਕਰਨ ਦੇ ਢੰਗ ਸਿੱਖੋ

(ਅਠਾਈਸਵੇਂ ਚਰਿਤ੍ਰ ਪੰਨਾ ੮੫੦-੫੧)

ਪਾਤਰ : ਸੂਰਛਟ, ਛਤ੍ਰਕੇਤ ਨ੍ਰਿਪ ਤੇ ਅਹੀਰ

ਮੰਤ੍ਰੀ ਨੇ ਛੇੜੀ ਇਕ ਹੋਰ ਕਥਾ-ਸਭਾ ਨੇ ਧਾਰਿਆ ਮੋਨ-ਕਹਿੰਦਾ ਨਦੀ ਤੱਟ ਤੇ ਰਹਿਣ ਵਾਲਾ ਅਹੀਰ-ਖ਼ੁਦ ਬਦਸੂਰਤ ਪਰ ਔਰਤ ਅੰਤਾਂ ਦੀ ਸੋਹਣੀ । ਹਰ ਰੋਜ ਉਸ ਨੂੰ ਤੰਗ ਕਰੇ-ਦੁੱਧ ਭੀ ਵੇਚਣ ਨਾ ਜਾਣ ਦਏ । ਇਸੇ ਕਸ਼ਮਕਸ਼ ਵਿੱਚ ਉਹਦਾ ਰਾਏ ਨਾਲ ਹੋਇਆ ਅੱਖ ਮਟੱਕਾ ਤੇ ਸੁਰੂ ਹੋਈ ਬੇਸ਼ਰਮੀ ਦੀਆਂ ਹੱਦਾਂ ਟੱਪ ਕੇ ਲਿਖੀ ਪ੍ਰੇਮ ਕਹਾਣੀ। ਦੁੱਧ ਚੋਂਦੀ ਨੂੰ ਅਹੀਰ ਦੇ ਸਾਮ੍ਹਣੇ ਹੀ ਭੋਗਣਾ ਪਰ ਅਹੀਰ ਨੂੰ ਪਤਾ ਹੀ ਨਾ ਚੱਲਣਾ (ਅਜਿਹੇ ਅਣਹੋਣੇ ਦ੍ਰਿਸ ਕੇਵਲ ਕਵੀ ਰਾਮ ਹੀ ਪ੍ਰਗਟ ਕਰ ਸਕਦਾ ਹੈ ਤੇ ਕੀਤੇ ਭੀ) ਲੰਮੀ ਚੌੜੀ ਵਾਰਤਾ ਕਾਮ ਭਵਕਾਊ ਸਬਦਾਂ ਵਿੱਚ ਅਹੀਰ ਤੇ ਔਰਤ ਵਿਚਕਾਰ ਕਰਾਉਣ ਤੋਂ ਬਾਦ ਕਵੀ ਸੁਖ ਦਾ ਸਾਹ ਲੈਂਦਾ ਹੈ ਕਿਉਂ ਕਿ ਉਸ ਦੁਆਰਾ ਸ਼ੁਰੂ ਕੀਤਾ ਪਹਿਲਾ ਪ੍ਰਸੰਗ ਪੂਰਣ ਹੋਇਆ ।

*ਅਧਿਕ ਮਾਨਿ ਸੁਖ ਘਰ ਗਯੋ ਰਾਵ ਅਹੀਰ ਨਿਸ਼ੰਗ ॥*
*ਯੋ ਕਹਿ ਮੰਤ੍ਰੀ ਨ੍ਰਿਪਤਿ ਪਤਿ ਪੂਰਨ ਕੀਯੋ ਪ੍ਰਸੰਗ ॥੧੩॥*

*ਭੇਦ ਅਹੀਰ ਨ ਕਛੁ ਲਹਯੋ ਆਯੋ ਅਪਨੇ ਗ੍ਰੇਹ ॥*

*ਰਾਮ ਭਨੈ ਤਿਹ ਤ੍ਰਿਯ ਭਏ ਅਧਿਕ ਬਢਾਯੋ ਨੇਹ ॥੧੪॥* (ਅਠਾਈਸਵੇਂ ਚਰਿਤ੍ਰ ਪੰਨਾ ੮੫੦-੫੧)

ਨੋਟ :- ਇਹ ਉਹ ਦਸਮ ਗ੍ਰੰਥ ਹੈ ਪਿਆਰਿਓ ਜਿਸ ਦੇ ਅਖੰਡ ਪਾਠ ਵੱਡੀਆਂ ਰਕਮਾਂ ਬਟੋਰ ਕੇ ਸਾਡੇ ਗ੍ਰੰਥੀ ਸਿੰਘ ਤੇ ਪੁਜਾਰੀ ਕਰਦੇ ਹਨ । ਅਖੰਡ ਪਾਠ ਕਰਨ ਵਾਲਿਆਂ ਨੂੰ ਆਖਿਓ ਕਿ ਅਪਣੀਆਂ ਧੀਆਂ ਭੈਣਾਂ ਤੇ ਮਾਵਾਂ ਨੂੰ ਕੋਲ ਬਿਠਾ ਕੇ ਉਚੀ ਸੁਰ ਵਿੱਚ ਲਾਂਡਾਂ (ਹੇਕਾਂ) ਲਾ ਲਾ ਜਰਾ ਪੜ੍ਹ ਕੇ ਸੁਣਾਉਣ ਫਿਰ ਦੇਖੋ ਕਿਵੇਂ ਉਨ੍ਹਾਂ ਦਾ ਖੁਦ ਦਾ ਪ੍ਰੀਵਾਰ ਸਬਕ ਸਿਖਾਉਂਦਾ ਹੈ ।

## ਨਦੀ ਸਰਿਤਾ

(ਉਨਤੀਸਵੇਂ ਚਰਿਤ੍ਰ ਪੰਨਾ ੮੫੧-੫੨)

ਪਾਤਰ : ਨ੍ਰਿਪ, ਸੁਤ, ਮੰਤ੍ਰੀ, ਮਦਨ ਕੇਤ (ਰਾਵ), ਮਸਨ ਮਤੀ (ਤ੍ਰਿਯਾ) ਤੇ ਅਹੀਰ

ਤੜਕਾ ਹੁੰਦੇ ਹੀ ਪੁੱਤ ਨੂੰ ਜੇਲ ਤੋਂ ਰਾਜੇ ਸੱਦ ਅਪਣੇ ਕੋਲ ਬਿਠਾਇਆ। ਮੰਤ੍ਰੀ ਨੇ ਛੇੜੀ ਕਥਾ ਰਾਜਾ ਚਿਤ੍ਰ ਸਿੰਘ ਦੇ ਅੱਗੇ ਅਪਣੀ ਬਲ ਬੁੱਧੀ ਅਨੁਸਾਰ ਕਹਿੰਦਾ ਸਰਿਤਾ ਨਦੀ ਦੇ ਕੰਢੇ ਇਕ ਰਾਜਾ ਮਦਨਕੇਤ ਨੇ ਉਥੇ ਰਹਿੰਦੀ ਇਕ ਔਰਤ ਮਦਨਮਤੀ ਨਾਲ ਇਸ਼ਕ ਕੀਤਾ। ਕਦੇ ਰਾਜਾ ਤੈਰ ਕੇ ਔਰਤ ਪਾਸ ਜਾਂਦਾ ਤੇ ਕਦੇ ਔਰਤ ਤੈਰ ਕੇ ਰਾਜੇ ਕੋਲ ਜਾਂਦੀ ਤੇ ਕੋਕ ਸਾਸਤ੍ਰ ਦੀ ਸਿੱਖਿਆ ਅਨੁਸਾਰ ਮੌਜ ਮੇਲਾ ਕਰਦੇ। ਇਕ ਦਿਨ ਔਰਤ ਨਦੀ ਪਾਰ ਕਰਦਿਆਂ ਤੇਜ ਲਹਿਰਾਂ ਕਾਰਣ ਪਾਣੀ ਵਿੱਚ ਬਹਿ ਗਈ ਤੇ ਕਈ ਕੋਹ ਰੁੜਨ ਤੋਂ ਬਾਦ ਇਕ ਕਿਨਾਰੇ ਲੱਗੀ । ਉਸ ਨੇ ਇਕ ਅਹੀਰ ਦੇਖਿਆ ਤੇ ਅਵਾਜ ਮਾਰੀ ਕਿ ਜੇ ਤੂੰ ਮੈਨੂੰ ਪਾਣੀ ਤੋਂ ਬਾਹਰ ਕੱਢ ਲਏਂ ਤਾਂ ਮੈਂ ਤੇਰੀ ਔਰਤ ਤੇ ਤੂੰ ਮੇਰਾ ਖ਼ਸਮ ਅਹੀਰ ਨੇ ਉਸ ਨੂੰ ਪਾਣੀ ਤੋਂ ਕੱਢਿਆ ਅਤੇ ਸਰੀਰਕ ਨਿੱਘ ਲੈਣ ਤੋਂ ਬਾਦ ਅਪਣੇ ਘਰ ਲੈ ਗਿਆ । ਔਰਤ ਇਕ ਦਿਨ ਅਹੀਰ ਨੂੰ ਕਹਿੰਦੀ ਕਿ ਮੇਰਾ ਰਾਜੇ ਨੂੰ ਤੱਕਣ ਨੂੰ ਬੜਾ ਚਿੱਤ ਕਰਦਾ ਹੈ ਚੱਲ ਨਗਰ ਚਲੀਏ । ਅਹੀਰ ਵਿਚਾਰ ਬਿਨਾ ਹੀਲ ਹੁਜਤ ਦੇ ਔਰਤ ਨਾਲ ਮੁੜ ਉਸੇ ਥਾਂ। ਤੈਰ ਕੇ ਜਾ ਪਹੁੰਚੀ ਰਾਜੇ ਪਾਸ। ਦੁੱਖ ਸੁੱਖ ਸਾਂਝਾ ਕਰਨ ਬਾਦ ਕਹਿੰਦੀ ਕਿ ਅਹੀਰ ਨੇ ਮੇਰੀ ਜਾਨ ਬਚਾਈ ਹੈ ਹੁਣ ਉਹ ਮੈਨੂੰ ਅਪਣੀ ਔਰਤ ਬਣਾਣਾ ਚਾਹੁੰਦਾ ਹੈ । ਰਾਜੇ ਨੇ ਉਸ ਨੂੰ ਬੰਨ ਕੇ ਨਦੀ ਚ ਰੋੜ੍ਹ ਦਿੱਤਾ।

ਨੋਟ : ਇਸ ਨੂੰ ਕਹਿੰਦੇ ਹਨ ਦਸਮ ਗ੍ਰੰਥ । ਪੁਜਾਰੀ ਤੇ ਧਰਮ ਦੇ ਦੋਖੀ ਕਹਿੰਦੇ ਇਨ੍ਹਾਂ ਰਚਨਾਵਾਂ ਦਾ ਕਰਤਾ ਗੁਰੂ ਗੋਬਿੰਦ ਸਿੰਘ ਹੈ । ਜੋ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਹੀ ਕਰਨਾ ਨਹੀਂ ਜਾਣਦੇ ਉਹ ਕੀ ਜਾਣਨ ਕਿ ਗੁਰਬਾਣੀ ਤੇ ਕੋਕ ਸਾਸਤ੍ਰ ਵਿੱਚ ਕੀ ਅੰਤਰ ਹੈ ।

## ਅੱਖਾਂ ਚ ਪਾ ਕੇ ਗੁਲਾਲ ਇਸ਼ਕ ਦੇ ਝੁਟੇ ਝੂਟਣੇ

(ਤੀਸਵੇਂ ਚਰਿਤ੍ਰ ਪੰਨਾ ੮੫੩-੫੪)

ਪਾਤਰ : ਚਿਤ੍ਰ ਸਿੰਘ (ਰਾਜਾ), ਮੰਤ੍ਰੀ, ਮਾਨੀ ਸੈਨ (ਕਾਣਾ ਰਾਜਾ) ਤੇ ਚਾਚਰ ਮਤੀ (ਤ੍ਰਿਯ)

ਮੰਤ੍ਰੀ ਤੋਂ ਮਿਲੀ ਸਿੱਖਿਆ ਨੂੰ ਕੰਨਾਂ ਚ ਭਰ ਕੇ ਰਾਜਾ ਕਹਿੰਦਾ ਮੈਨੂੰ ਹੋਰ ਇਸਤ੍ਰੀਆਂ ਦੇ ਚਰਿਤ੍ਰਾਂ ਬਾਰੇ ਜਾਣਕਾਰੀ ਦੇਹ। ਇਕ ਸੀ ਰਾਜਾ ਮੰਤ੍ਰੀ ਕਹਿੰਦਾ-ਉਹ ਸੀ ਅੱਖੋਂ ਕਾਣਾ-ਨਾਂ ਸੀ ਮਾਨੀ ਸੈਨ। ਮਹੀਨਾ ਫੱਗਣ ਦਾ ਸਭ ਜਾਣਦੇ ਹੀ ਨੇ ਬਈ ਇਹ ਮਹੀਨਾ ਮਰਦ ਤੇ ਔਰਤ ਲਈ ਇਸ਼ਕ ਮੁਸ਼ਕ ਦਾ ਹੁੰਦਾ ਹੈ ਤੇ ਬੜਾ ਹੀ ਅਨੰਦਮਈ ਘਰ ਘਰ ਪ੍ਰੇਮ ਦੀਆਂ ਪੀਘਾਂ ਦੇ ਲੋਕੀਂ ਹੁਲਾਰੇ ਲੈਂਦੇ ਹਨ ।

ਚਾਚਰ ਮਤੀ ਨੱਟਾਂ ਦੇ ਰਾਜੇ ਤੇ ਹੋਈ ਦੀਵਾਨੀ ਦਿਨ ਸਨ ਹੋਲੀ ਖੇਡਣ ਦੇ। ਪਤੈ ਉਦੋਂ ਘਰ ਘਰ ਖੁਸ਼ੀ ਦੇ ਗੀਤ ਗਾਏ ਜਾਂਦੇ ਹਨ। ਹਾਂ ਉਦੋਂ ਸਭ ਨਰ ਨਾਰੀਆਂ ਨੇ ਮਿਲ ਕੇ ਇਕ ਖੇਲ ਰਚਾਇਆ। ਫੁੱਲ ਪਾਨ ਤੇ ਸ਼ਰਾਬ ਮੰਗਾਈ ।

*ਚੌਪਈ॥ ਨਰ ਨਾਰਿਨ ਮਿਲ ਖੇਲ ਰਚਾਯੋ ॥ ਫੂਲ ਪਾਨ ਕੈਫਾਨ ਮੰਗਾਯੋ ॥*

*ਦੁਹੂੰ ਓਰ ਨਵਲਾਸਿਨ ਮਾਰੈਂ॥ ਮਧੁਰ ਮਧੁਰ ਧੁਨਿ ਗੀਤ ਉਚਾਰੈਂ ॥੧੨॥* (ਤੀਸਵੇਂ ਚਰਿਤ੍ਰ ਪੰਨਾ ੮੫੩)

ਜਵਾਨ ਹੁਸਨਾਂ ਦੇ ਭੇੜ-ਸਿਰ ਤੇ ਕੇਸਰੀ ਚੀਰ-ਘਰ ਘਰ ਹੋਲੀ ਦੇ ਰੰਗ ਗੀਤਾਂ ਦੇ ਸੰਗ-ਨਟਾਂ ਦਾ ਰਾਜਾ ਹੁਸਨ ਤੇ ਡੁਲਿਆ ਰਾਣੀ ਨੇ ਝੱਟ ਪੱਟ ਨੱਟ ਨਾਲ ਕੀਤਾ ਇਸ਼ਕ। ਗੁਲਾਲ ਦੀ ਚਲੀ ਅੰਨੀ-ਮਨੁੱਖਾਂ ਦੀ ਪਛਾਣ ਕਰਨੀ ਔਖੀ। ਇਸ਼ਕ ਦੇ ਸਾਜ ਮਧੁਰ ਅਵਾਜ ਵਿੱਚ ਬਜਦੇ ਤੇ ਪਿਆਰ ਦਾ ਰਸ ਝਿਮ-ਝਿਮ ਵਰਸਦਾ । ਇਸ ਸੁਹਾਵਣੇ ਮੌਕੇ ਰਾਣੀ ਨੇ ਕਾਣੇ ਖਸਮ ਦੀ ਅੱਖ ਤੇ ਸੁੱਟਿਆ ਗੁਲਾਲ ਤੇ ਫਿਰ :-

*ਦੋਹਰਾ ॥ ਏਕ ਆਂਖਿ ਕਾਨਾ ਹੁਤੋ ਦੁਤਿਯੋ ਪਰਾ ਅੰਬੀਰ ॥*

*ਗਿਰਯੋ ਅੰਧ ਜਿਮਿ ਹ੍ਵੈ ਨ੍ਰਿਪਤਿ ਦ੍ਰਿਗਜੁਤ ਭਯੋ ਅਸੀਰ ॥੧੯॥*

*ਰਾਨੀ ਨਵਰੰਗ ਰਾਇ ਕੋ ਤਬ ਹੀ ਲਿਯਾ ਬੁਲਾਇ ॥*
*ਅਲਿੰਗਨ ਚੁੰਬਨ ਕਰੈ ਦਿੜ ਰਤਿ ਕਰੀ ਮਚਾਇ ॥੨੦॥*
*ਜਬ ਲਗਿ ਨ੍ਰਿਪ ਦ੍ਰਿਗ ਪੋਛਿ ਕਰਿ ਦੇਖਨ ਲਗ੍ਯੋ ਬਨਾਇ ॥*
*ਤਬ ਲਗਿ ਰਾਨੀ ਮਾਨਿ ਰਤਿ ਨਟੂਆ ਦਿਯਾ ਉਠਾਇ ॥੨੧॥*

ਨੋਟ :- ਇਹ ਦਸਮ ਗ੍ਰੰਥ ਦੀ ਬਾਣੀ ਹੈ ਜਿਸ ਦਾ ਰਚਣਹਾਰ ਸਾਡੇ ਮਹਾਂਪੁਰਖ ਤੇ ਪੁਜਾਰੀ ਗੁਰੂ ਗੋਬਿੰਦ ਸਿੰਘ ਨੂੰ ਦੱਸਦੇ ਹਨ । ਮੈਨੂੰ ਉਮੀਦ ਹੈ ਤੁਸੀਂ ਅਪਣੇ ਬਲਵਾਨ ਮਨ ਨੂੰ ਬੌਣਾ ਨਹੀਂ ਕਰੋਗੇ । ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹਾ ਲੱਚਰ ਊਲ ਜਲੂਲ ਲਿਖ ਸਕਦੇ ਹਨ ? ਜੇ ਤੁਹਾਡੀ ਆਤਮਾ ਨਾਂਹ ਵਿੱਚ ਬੋਲੇ ਤਾਂ ਗੁਰੂ ਦਾ ਕੋਈ ਹੋਰ ਅਪਮਾਨ ਨਾ ਕਰੇ ਅਪਣਾ ਬਣਦਾ ਫ਼ਰਜ਼ ਜਰੂਰ ਨਿਭਾਉਣਾ ।

ਪਾਤਰ : ਰਾਵ, ਮੰਤ੍ਰੀ, ਸ਼ਾਹ, ਮਾਨਮੰਜਰੀ ਤੇ ਬਿੰਦਯਾਨਿਧਿ (ਇਕੱਤੀਸਵੇਂ ਚਰਿਤ੍ਰ ਪੰਨਾ ੮੫੪)

ਫੇਰ ਰਾਜਾ ਨੇ ਕਿਹਾ ਕਿ ਮੈਨੂੰ ਚਲਾਕ ਔਰਤਾਂ ਦੇ ਪ੍ਰਸੰਗ ਸੁਣਾਓ। ਮੰਤ੍ਰੀ ਕਹਿੰਦਾ ਇਕ ਬਣੀਏ ਦੀ ਔਰਤ ਮਾਨਮੰਜਰੀ ਜੋ ਧੰਨਵਾਨ ਅਤੇ ਸੁੰਦਰ ਦੇਹ ਦੀ ਮਾਲਿਕ ਸੀ ਇਕ ਸੁੰਦਰ ਪੁਰਖ ਬਿੰਦਯਾਨਿਧਿ ਦੀ ਦੀਵਾਨੀ ਹੋ ਗਈ ਅਤੇ ਉਸ ਨੂੰ ਭੋਗਣ ਲਈ ਅਪਣੇ ਘਰ ਸੱਦ ਲਿਆ। ਕਹਿੰਦੀ ਮੇਰੇ ਨਾਲ ਸੰਭੋਗ ਕਰੋ । ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂ ਕਿ ਉਹ ਰਾਮ ਭਗਤ ਸੀ । ਜਦ ਉਹ ਉੱਠ ਕੇ ਚਲਣ ਲੱਗਾ ਤਾਂ ਔਰਤ ਨੇ ਗੁੱਸਾ ਖਾ ਕੇ ਰੌਲਾ ਪਾ ਦਿੱਤਾ ਕਿ ਚੋਰ ਚੋਰ । ਚੋਰ ਦੀ ਅਵਾਜ ਸੁਣ ਕੇ ਲੋਕ ਇਕੱਠੇ ਹੋ ਗਏ । ਉਹਨਾਂ ਉਸ ਨੂੰ ਪਕੜ ਕੇ ਜੇਲ ਸੁੱਟ ਦਿੱਤਾ । ਧਨ ਬਲ ਦੇ ਜੋਰ ਨਾਲ ਔਰਤ ਨੇ ਉਸ ਨੂੰ ਮਰਵਾ ਦਿੱਤਾ ।

**ਲੱਭੀ ਗੁਰਮਤਿ ? ਇਸ ਨੂੰ ਦਸਮ ਗ੍ਰੰਥ ਕਹਿੰਦੇ ਹਨ, ਇਸ ਵਿਚ ਇਸ਼ਕ ਮੁਸ਼ਕ ਤੋਂ ਬਿਨਾ ਕੱਖ ਭੀ ਪੱਲੇ ਨਹੀਂ ਪੈਣਾ।**

## ਦੇਸ ਪੰਜਾਬ

(ਬੱਤੀਸਵੇਂ ਚਰਿਤ੍ਰ ਪੰਨਾ ੮੫੪-੫੫)

ਪਾਤਰ : ਰਾਜਾ, ਮੰਤ੍ਰੀ, ਰਸਮੰਜਰੀ ਤੇ ਤਸਕਰ

ਹੇ ਰਾਜਾ ਸੁਣ ਮੈਂ ਤੈਨੂੰ ਇਕ ਹੋਰ ਕਹਾਣੀ ਸੁਣਾਉਂਦਾ ਹਾਂ। ਦੇਸ ਪੰਜਾਬ ਅੰਦਰ ਇਕ ਵਿਆਹੀ ਵਰੀ ਔਰਤ ਰਸਮੰਜਰੀ ਦਾ ਖਸਮ ਪ੍ਰਦੇਸ ਗਿਆ ਹੋਇਆ ਸੀ। ਉਸ ਦਾ ਉਸ ਨੂੰ ਬਹੁਤ ਝੋਰਾ ਰਹਿੰਦਾ। ਜਦ ਚੋਰਾਂ ਨੇ ਸੁਣਿਆ ਕਿ ਔਰਤ ਪਾਸ ਬਹੁਤ ਧੰਨ ਮਾਲ ਹੈ ਤਾਂ ਉਸ ਦੇ ਘਰ ਤੇ ਧਾਵਾ ਬੋਲ ਦਿੱਤਾ। ਜਦ ਔਰਤ ਨੇ ਚੋਰ ਆਏ ਦੇਖੇ ਤਾਂ ਕਹਿਣ ਲੱਗੀ ਕਿ ਸਭ ਧੰਨ ਮਾਲ ਦੇ ਨਾਲ ਮੈਨੂੰ ਭੀ ਨਾਲ ਲੈ ਚਲੋ। ਮੇਰੇ ਨਾਲ ਭਾਂਤਿ ਭਾਂਤਿ ਦੇ ਭੋਗ ਕਰੋ। ਕਹਿੰਦੀ ਪਹਿਲਾਂ ਅੰਨ ਪਾਣੀ ਖਾਓ ਤੇ ਪਿਛੋਂ ਮਾਲ ਸਮੇਟੋ। ਚੋਰਾਂ ਨੂੰ ਚੁਬਾਰੇ ਚੜ੍ਹਾ ਕੇ ਤਾਲਾ ਮਾਰ ਦਿੱਤਾ ਤੇ ਆਪ ਜ਼ਹਿਰ ਪਾ ਕੇ ਬੜੇ ਪਕਾਣ ਲੱਗ ਗਈ । ਚੋਰਾਂ ਨੂੰ ਜ਼ਹਿਰ ਖੁਆ ਕੇ ਗਰਮ ਗਰਮ ਤੇਲ ਉਨ੍ਹਾਂ ਤੇ ਸੁੱਟ ਕੇ ਸਾੜ ਦਿੱਤਾ ।

**ਇਨ੍ਹਾਂ ਕਥਾ ਕਹਾਣੀਆਂ ਦੀ ਹਮਾਇਤ ਧਾਰਮਿਕ ਜਥੇਬੰਦੀਆਂ ਕਿਉਂ ਕਰਦੀਆਂ ਹਨ ? ਓਹੀ ਜਾਣਨ ਪਰ ਡੰਡੇ ਦੇ ਜੋਰ ਜਾਂ ਹਿੱਕ ਦੇ ਜੋਰ ਇਹ ਨਹੀਂ ਅਖਵਾਇਆ ਜਾ ਸਕਦਾ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ।**

## ਇਲਾਕਾ : ਉੱਤਰ ਪ੍ਰਦੇਸ

(ਤੇਤੀਸਵੇਂ ਚਰਿਤ੍ਰ ਪੰਨਾ ੮੫੫-੮੫੮)

ਪਾਤਰ : ਛੱਤ੍ਰਕੇਤ (ਰਾਜਾ), ਛੱਤ੍ਰ ਮੰਜਰੀ (ਬਾਮਾ) ਤੇ ਹ੍ਰਿਦੈ ਮਤੀ

ਉੱਤਰ ਪ੍ਰਦੇਸ ਦਾ ਇਕ ਰਾਜਾ ਛੱਤ੍ਰ ਕੇਤ ਬੜਾ ਹੀ ਸੁੰਦਰ ਤੇ ਉਸ ਦੀ ਔਰਤ ਛੱਤ੍ਰ ਮੰਜਰੀ ਉਸ ਤੋਂ ਭੀ ਸੋਹਣੀ ਪਰ ਵਿਚਾਰੀ ਬੇ-ਔਲਾਦ ਜਿਹੜੀ ਧੀ ਜੰਮੇਂ ਉਹੋ ਮਰ ਜਾਏ । ਪੁੱਤਰ ਤਾਂ ਹੈ ਕੋਈ ਨੀ-ਓਹ ਨੇ ਕਈ ਬਾਰ ਸੋਚਿਆ ਬਈ ਪੁੱਤ ਤੋਂ ਬਿਨਾਂ ਬਾਮ੍ਹਣ ਭੀ ਦਾਨ ਨੀ ਲੈਂਦਾ, ਲੋਕੀਂ ਭੀ ਉਲਾਭੇਂ ਦੇਂਦੇ ਐਂ ਕਿਉਂ ਨਾ ਕੋਈ ਕੁਕਰਮ ਕਰ ਕੇ ਪੁੱਤ ਜੰਮਿਆ ਜਾਏ, ਉਹ ਸੋਚਾਂ ਸੋਚਦੀ ।

ਰਾਜੇ ਔਰਤਾਂ ਦੇ ਕਿੰਨੇ ਸ਼ੁਕੀਨ ਹੁੰਦੇ ਹਨ ਜਗ ਜਾਹਿਰ ਹੈ । ਇਸ ਰਾਜੇ ਨੇ ਭੀ ਇਕ ਸੌਕਣ ਨਾਲ ਨਾਲ ਨਾਤਾ ਜੋੜਿਆ ਤੇ ਕੀਤੇ ਸਰੀਰਕ-ਸਬੰਧ ਸ਼ੁਰੂ ਹੋਇਆ ਸੌਕਣਾਂ ਦਾ ਭੇੜ । (ਕਵੀ ਰਾਮ ਦੀ ਕਲਮ ਨੂੰ ਸ਼ਾਬਾਸ ਉਸ ਨੇ ਅਪਣੀ ਕਾਵਿ ਰਚਨਾਂ ਦੁਆਰਾ ਬੰਨਿਆ ਚੰਗਾ ਰੰਗ, ਉਂਝ ਸਾਡੇ ਕਵੀ ਰਾਮ ਨੂੰ ਗੁਰੂ ਗੋਬਿੰਦ ਸਿੰਘ ਹੀ ਦੱਸੀਂ ਜਾ ਰਹੇ ਹਨ) ਰਾਜੇ ਦੀਆਂ ਅਯਾਸ਼ੀਆਂ ਨੂੰ ਪ੍ਰਗਟ ਕਰਨ ਤੋਂ ਬਾਦ ਕਵੀ ਰਾਮ ਕਹਿੰਦਾ :-

*ਦੋਹਰਾ ॥ ਧ੍ਰਿਗ ਤਾ ਤ੍ਰਿਯ ਕਹ ਭਾਖਿਯੈ ਜਾਕਹ ਪਿਯ ਨ ਬੁਲਾਇ ॥*
*ਤਿਹ ਦੇਖਤ ਤ੍ਰਿਯ ਅਨਤ ਕੀ ਸੇਜ ਬਿਹਾਰਨ ਜਾਇ ॥੧੭॥*

ਹਰ ਕੋਈ ਜਾਣਦੈ ਬਈ ਰਾਜੇ ਹੁੰਦੇ ਨੇ ਕੱਚੇ ਕੰਨਾਂ ਦੇ ਐਧਰ ਓਧਰ ਦਾ ਮਸਾਲਾ ਲਗਣ ਤੋਂ ਬਾਦ

*ਅੜਿੱਲ ॥ ਸੁਨੋ ਰਾਇ ਇਕ ਤ੍ਰਿਯਾ ਸੁਭ ਤਾਂਹਿ ਬੁਲਾਇਯੈ ॥*
*ਤਾ ਸੌ ਮੈਨ ਬਿਹਾਰ ਬਿਸੇਖ ਕਮਾਇਯੈ ॥*
*ਐਸੀ ਤ੍ਰਿਯ ਕਰ ਪਰੈ ਜਾਨ ਨਹਿ ਦੀਜਿਯੈ ॥*
*ਹੋ ਨਿਜੁ ਨਾਰੀ ਸੋ ਨੇਹੁ ਨ ਕਬਹੂੰ ਕੀਜਿਯੈ ੧੯ ॥*

ਨੋਟ : ਇਹ ਗੁਰਬਾਣੀ ਨਹੀਂ ਬਲਕਿ ਦਸਮ ਗ੍ਰੰਥ ਦਾ ਲੱਚਰ ਸਹਿਤ ਅਤੇ ਸਿੱਖਿਆਵਾਂ ਆਪ ਜੀ ਪੜ੍ਹ ਰਹੇ ਹੋ। ਸਿੱਖ ਧਰਮ ਅੰਦਰ ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਹਾਸਿਲ ਹੈ ਤੇ ਇਥੇ ਹਰ ਕਦਮ ਔਰਤ ਦਾ ਅਪਮਾਨ । ਅਨੇਕਾਂ ਧਾਰਮਿਕ ਜਥੇਬੰਦੀਆਂ ਅਤੇ ਬਾਬੇ ਇਸ ਗੰਦ ਅੱਗੇ ਸਿਜਦਾ ਕਰਦੇ / ਕਰਦੀਆਂ ਹਨ ।

ਇਤਨੀ ਬੜੀ ਧਾਰਮਿਕ ਸਿੱਖਿਆ ਤੋਂ ਬਾਦ :-

*ਦੋਹਰਾ ॥ ਤੁਮ ਰਾਜਾ ਸਮ ਭਵਰ ਕੀ ਫੂਲੀ ਤ੍ਰਿਯਹਿ ਨਿਹਾਰਿ ॥*
*ਬਿਨੁ ਰਸ ਲੀਨੇ ਕਯੋਂ ਰਹੋ ਤ੍ਰਿਯ ਕੀ ਸ਼ੰਕ ਬਿਚਾਰਿ ॥੨੧॥*

ਇਸ ਨੂੰ ਕਹਿੰਦੇ ਨੇ ਪ੍ਰਵਚਨ। ਇਨ੍ਹਾਂ ਪ੍ਰਵਚਨਾਂ ਦੀ ਜਕੜ-ਪਕੜ ਵਿੱਚ ਹੀ ਅਨੇਕਾਂ ਮਹਾਂ ਪੁਰਖ ਔਰਤਾਂ ਦੇ ਬਦਨ ਸੁੰਘਦੇ ਰਹਿੰਦੇ ਹਨ। ਜਿੱਥੇ ਵਧੇਰੇ ਮਿਠਾਸ ਅਨੁਭਵ ਕਰਦੇ ਹਨ, ਉੱਥੇ ਸੁੱਧ ਬੁੱਧ ਖੋ ਬੈਠਦੇ ਹਨ। ਕਿਤੇ ਗੁੱਸਾ ਨਾ ਖਾਇਓ ਹਰ ਰੋਜ਼ ਹੀ ਅਖਬਾਰਾਂ ਵਿੱਚ ਵੱਡੀਆਂ ਸੁਰਖੀਆਂ ਦੇਖਣ ਨੂੰ ਮਿਲ ਜਾਂਦੀਆਂ ਹਨ। ਜੇ ਰਾਜੇ ਅਯਾਸ਼ ਨਾ ਹੋਣ-ਸ਼ਰਾਬ ਤੇ ਹੋਰ ਨਸ਼ੇ ਨਾ ਕਰਨ ਤਾਂ ਰਾਜਾ ਬਣਨ ਦਾ ਕੀ ਲਾਭ ? ਜਿੱਥੇ ਰਾਜ ਸ਼ਕਤੀ-ਧੰਨ ਸ਼ਕਤੀ ਤੇ ਹਿੱਕ ਦੇ ਜੋਰ ਦੀ ਸ਼ਕਤੀ ਇੱਕਠੀਆਂ ਹੋ ਜਾਣ ਉੱਥੇ ਰੱਬ ਹੀ ਰਾਖਾ ਹੁੰਦਾ ਹੈ । ਰਾਜੇ ਕੀ ਕੀ ਗੁੱਲ ਖਿਲਾਉਂਦੇ ਹਨ :-

*ਚੌਪਈ ॥ ਨ੍ਰਿਪ ਇਕ ਦਿਨ ਰਾਨਿਯਹਿ ਬੁਲਾਯੋ ॥ ਭੱਛ ਭੋਜ ਅਰੁ ਮਦਹਿ ਮੰਗਾਯੋ ॥*
*ਅਧਿਕ ਮਦਹਿ ਰਾਜਾ ਲੈ ਪਿਯੋ ॥ ਥੋਰਿਕ ਸੋ ਰਾਨੀ ਤਿਨ ਲਿਯੋ ॥*(ਤੇਤੀਸਵੋਂ ਚਰਿਤ੍ਰ ਪੰਨਾ ੮੫੭)

ਰਾਣੀ ਸੋਚਿਆ ਖਸਮ ਹੋਇਆ ਸ਼ਰਾਬੀ ਗਈ ਯਾਰ ਦੇ ਪਾਸ–ਕੀਤੀ ਸਰੀਰਕ ਭੁੱਖ ਪੂਰੀ। ਰਾਜਾ ਨੇ ਸਭ ਕੁੱਝ ਅੱਖੀਂ ਤੱਕਿਆ ਪਰ ਬਰਦਾਸਤ ਕਰ ਗਿਆ। ਲੰਮੀ ਚੌੜੀ ਕਾਵਿ ਰਚਨਾ ਕਰਨ ਤੋਂ ਬਾਦ ਕਵੀ ਰਾਮ ਕਹਿੰਦਾ ਹੈ :-

*ਦੋਹਰਾ ॥ ਸਭ ਕਛੁ ਟੂਟੇ ਜੁਰਤ ਹੈਂ ਜਾਨਿ ਲੇਹੁ ਮਨ ਮਿੱਤ ॥*
*ਏ ਦ੍ਵੈ ਟੂਟੇ ਨਾ ਜੁਰਹਿ ਏਕੁ ਸੀਸ ਅਰੁ ਚਿੱਤ ॥੪੧॥*
*ਚਾਕਰ ਕੀ ਅਰੁ ਨਾਰਿ ਕੀ ਏਕੈ ਬਡੀ ਸਜਾਇ ॥*
*ਜਿਯਤੇ ਕਬਹੂ ਨ ਮਾਰਿਯਹਿ ਮਨ ਤੇ ਮਿਲਹਿ ਭੁਲਾਇ ॥੪੨॥*(ਤੇਤੀਸਵੋਂ ਚਰਿਤ੍ਰ ਪੰਨਾ ੮੫੮)

ਨੋਟ : ਇਸ ਮਹਾਂ ਗੰਦੀ ਪੁਸਤਕ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਦਿਆਂ ਤੁਹਾਨੂੰ ਸ਼ਰਮ ਨਹੀਂ ਆਏਗੀ ? ਜਦ ਕੋਈ ਬੱਚੀ ਇਸ ਵਿੱਚੋਂ ਹੁਕਮਨਾਮਾ ਲਏਗੀ ਤਾਂ ਉਸ ਦੇ ਦਿਲ ਦੀ ਹਾਲਤ ਕੀ ਹੋਵੇਗੀ ਕੀ ਕਦੇ ਸੋਚਿਆ ਹੈ ?

## ਸ਼ਹਿਰ ਸਰਹਿੰਦ

(ਚੌਤੀਸਵੋਂ ਚਰਿਤ੍ਰ ਪੰਨਾ ੮੫੮-੫੯)

ਪਾਤਰ : ਸੁਰਗ ਨਾਥ (ਜੋਗੀ), ਸ੍ਰੀ ਛੱਬ ਮਾਨ ਮਤੀ (ਔਰਤ) ਤੇ ਗ੍ਰਿਹਸਤੀ (ਖਸਮ)

ਰਾਜਾ ਇਕ ਹੋਰ ਕਥਾ ਸੁਣ ਤੇਰੇ ਮਨ ਦੇ ਸਾਰੇ ਭਰਮ ਦੂਰ ਹੋਣ। ਇਹ ਕਥਾ ਇਕ ਔਰਤ ਸ੍ਰੀ ਛੱਬ ਮਾਨ ਮਤੀ ਦੇ ਚਰਿਤ੍ਰ ਦੀ ਹੈ। ਸ਼ਹਿਰ ਸਰਹਿੰਦ ਬਿਖੇ ਇਕ ਜੋਗੀ ਸੁਰਗ ਨਾਥ ਇਕ ਗ੍ਰਿਹਸਤੀ ਦੇ ਘਰ ਆਉਂਦਾ ਤੇ ਸ੍ਰੀ ਛੱਬ ਮਾਨ ਮਤੀ ਨਾਲ ਮੌਜ ਮੇਲਾ ਕਰਦਾ (ਵੇਹਲੇ ਜੋਗੀਆਂ ਨੂੰ ਹੋਰ ਕੀ ਕੰਮ ਹੁੰਦਾ ਹੈ) ਇਕ ਦਿਨ ਮੌਜਮਸਤੀ ਦੇ ਸਮੇਂ ਔਰਤ ਦਾ ਪਤੀ ਆ ਗਿਆ। ਔਰਤ ਨੇ ਜੋਗੀ ਕੀਤਾ ਤਿਆਰ–ਦਿੱਤੀ ਹੱਥ ਖੜਗ–ਭਜਾਇਆ ਖਸਮ ਵੱਲ ਨੂੰ ਕਹਿੰਦਾ ਚੋਰ ਚੋਰ ਇਸ ਨੇ ਲੁਕਾਇਆ ਹੈ ਮੇਰਾ ਚੋਰ। ਔਰਤ ਕਹਿੰਦੀ ਖਸਮਾ ਜੋਗੀ ਗੁੱਸਾ ਖਾ ਕੇ ਅਪਣੇ ਚੇਲੇ ਨੂੰ ਮਾਰਨ ਲੱਗਾ ਸੀ ਮੈਂ ਅੰਦਰ ਲੁਕਾ ਕੇ ਬਚਾ ਲਿਆ ਹੈ। ਪਤੀ ਕਹਿੰਦਾ ਤੂੰ ਬੜਾ ਪੁੰਨ ਕੀਤਾ ਕਿਸੇ ਦੀ ਜਾਨ ਬਚਾਈ ਹੈ ।

*ਚੌਪਈ ॥ ਕੋਪ ਏਕ ਜੋਗੀ ਕਹ ਜਾਗਯੋ ॥ ਨਿਜੁ ਚੇਲਾ ਕਹ ਮਾਰਨ ਲਾਗਯੋ ॥੮॥*
*ਮੈਂ ਜੁਗਿਯਾ ਕਹ ਦਯੋ ਹਟਾਈ ॥ ਵਾ ਚੇਲਾ ਕਹ ਲਯੋ ਛੁਪਾਈ ॥*
*ਚਲਹੁ ਨਾਥ ਉਠਿ ਤੁਮੈ ਦਿਖਾਊਂ ॥ਤਾਂਤੇ ਤੁਮਰੋ ਹ੍ਰਿਦੈ ਸਿਰਾਊਂ ॥੯॥*
*ਦੋਹਰਾ ॥ ਸੁਨਤ ਮਨੋਹਰ ਬਾਤ ਜੜ ਰੀਝਿ ਗਯੋ ਮਨ ਮਾਹਿ ॥*
*ਅਧਿਕ ਪ੍ਰੀਤਿ ਤਾਸੋਂ ਕਰੀ ਭੇਦ ਪਛਾਨਾ ਨਾਹਿ ॥* (ਚੌਤੀਸਵੇਂ ਚਰਿਤ੍ਰ ਪੰਨਾ ੮੫੮-੫੯)

ਨੋਟ :- ਇਸ਼ਕ ਮੁਸ਼ਕ ਦੇ ਤੌਰ ਤਰੀਕੇ ਸਿਖਣਾ ਚਾਹੁੰਦੇ ਹੋ ਤਾਂ ਦਸਮ ਗ੍ਰੰਥ ਪੜ੍ਹੋ । ਜੇਕਰ ਜੀਵਨ ਮੁਕਤਿ ਹੋਣਾ ਚਾਹੁੰਦੇ ਹੋ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲਓ । ਗੁਰੂ ਅਤੇ ਹੇਠਲੀ ਪੱਧਰ ਦੇ ਕਵੀਆਂ ਵਿੱਚ ਇਹੋ ਫਰਕ ਹੈ ਜੀ ।

## ਇਲਾਕਾ : ਦੱਛਨ ਦੇਸ

(ਪੈਂਤੀਸਵੇਂ ਚਰਿਤ੍ਰ ਪੰਨਾ ੮੫੯-੬੦)

ਪਾਤਰ : ਰੁਕਮਕੇਤ (ਨ੍ਰਿਪ) ਤੇ ਸ੍ਰੀ ਅਸਮਾਨ ਕਲਾ

ਹੇ ਨਾਥ ਧਿਆਨ ਨਾਲ ਮੇਰੀ ਗੱਲ ਸੁਣ ਹੁਣ ਮੈਂ ਆਦਮੀ ਦਾ ਚਰਿਤ੍ਰ ਪ੍ਰਗਟ ਕਰਦਾ ਹਾਂ । ਦੱਛਨ ਦੇਸ ਦਾ ਰਾਜਾ ਰੁਕਮਕੇਤ ਅੰਤਾਂ ਦਾ ਸੋਹਣਾ ਜਿਸ ਦੀ ਸੁੰਦਰਤਾ ਦੇਖਣ ਲਈ ਔਰਤਾਂ ਦੀ ਭੀੜ ਜੁੜਦੀ । ਉਸ ਦੇ ਘਰ ਔਰਤਾਂ ਰਹਿੰਦੀਆਂ ਸਨ।ਉਹ ਇਕ ਨਾਲ ਪ੍ਰੇਮ ਜਿਆਦਾ ਕਰਦਾ ਤੇ ਦੂਜੀ ਵਿਚਾਰੀ।ਇਕ ਦਿਨ ਰਾਜੇ ਨੇ ਦੋਨਾਂ ਨੂੰ ਬੁਲਾਇਆ ਕਿ ਆਓ ਆਂਖ ਮਿਚੋਲੀ ਖੇਡੀਏ। ਇਕ ਦੀਆਂ ਅੱਖਾਂ ਬੰਨ ਦਿੱਤੀਆਂ ਤੇ ਦੂਜੀ ਨਾਲ ਰਾਜੇ ਰੱਜ ਕੇ ਇਸ਼ਕ ਕੀਤਾ।

*ਆਂਖ ਮੂੰਦਿ ਤ੍ਰਿਯ ਏਕ ਕੀ ਦੂਜੀ ਲਈ ਬੁਲਾਇ ॥*
*ਅਧਿਕ ਭੋਗ ਤਾਸੋਂ ਕਿਯਾ ਇਮਿ ਕਹਿ ਦਈ ਉਠਾਇ ॥੫॥* (ਪੈਂਤੀਸਵੇਂ ਚਰਿਤ੍ਰ ਪੰਨਾ ੮੬੦)

ਨੋਟ :- ਇਹ ਦਸਮ ਗ੍ਰੰਥ ਦੀ ਧਾਰਮਿਕ ਸਿੱਖਿਆ ਹੈ ਜੀ ਜੋ ਆਪ ਜੀ ਪੜ੍ਹ ਰਹੇ ਹੋ । ਇਸ ਪਵਿਤ੍ਰ (ਮਹਾਂ ਗੰਦੀ) ਪੁਸਤਕ ਦਾ ਪ੍ਰਕਾਸ ਸਾਡੇ ਤਖਤਾਂ ਅਤੇ ਗੁਰਦੁਆਰਿਆਂ ਵਿੱਚ ਸਿੱਖ ਧਰਮ ਦੇ ਕੱਟੜ ਦੁਸਮਣ ਕਰ ਰਹੇ ਹਨ ਅਤੇ ਵਕਾਲਤ ਕਰਦੇ ਹਨ ਕਿ ਬਾਕੀ ਗੁਰਦੁਆਰਿਆਂ ਵਿੱਚ ਭੀ ਇਸ ਦਾ ਪ੍ਰਕਾਸ਼ ਕੀਤਾ ਜਾਵੇ । ਕੀ ਤੁਸੀਂ ਲੱਚਰ ਰਚਨਾਵਾਂ ਦਾ ਗੁਰੂ ਘਰ ਪ੍ਰਕਾਸ ਕਰਨਾ ਪਸੰਦ ਕਰੋਗੇ ?

## ਪਤੀ ਦਾ ਕਤਲ ਕਰਨਾ ਸਿਖੋ

(ਛਤੀਸਵੇਂ ਚਰਿਤ੍ਰ ਪੰਨਾ ੮੬੦-੬੧)

ਪਾਤਰ : ਗੈਂਡੇ ਖਾਂ (ਡੋਗਰ) ਤੇ ਫਤੇ ਮਤੀ ਤ੍ਰਿਯ

ਰਾਇ ਇਕ ਹੋਰ ਕਥਾ ਸੁਣ ਮੈਂ ਤੇਰੇ ਸਾਰੇ ਮਨ ਦੇ ਭਰਮ ਦੂਰ ਕਰਾਂਗਾ । ਉੱਥੇ ਗੈਂਡੇ ਖਾਂ ਡੋਗਰ ਰਹਿੰਦਾ ਸੀ ( ਇਲਾਕੇ ਦਾ ਲੇਖਕ ਨੂੰ ਭੀ ਪਤਾ ਨਹੀਂ) ਫਤੇ ਮਤੀ ਔਰਤ ਸੀ ਓਹਦੀ । ਓਹਦੇ ਅਨੇਕਾਂ ਮੱਝਾਂ ਤੇ ਅਨੇਕਾਂ ਪਾਲੀ ਸਨ ਤੇ ਬਹੁਤ ਧੰਨ । ਇਕ ਦਿਨ ਇਕ ਚਰਵਾਹੇ ਤੇ ਫਤੇ ਮਤੀ ਹੋਈ ਦੀਵਾਨੀ-ਸੁਰੂ ਹੋਇਆ ਸਰੀਰਕ ਮੇਲ ਜੋਲ ਤੇ ਮਸਤੀ । ਇਕ ਦਿਨ ਡੋਗਰ ਨੂੰ ਉਨ੍ਹਾਂ ਦੀ ਮੰਦੀ ਕਰਤੂਤ ਦਾ ਪਤਾ ਚਲਿਆ-ਉਸ ਕੀਤਾ ਪਿੱਛਾ-ਦੋਨਾਂ ਨੂੰ ਰੰਗ ਰਲੀਆਂ ਮਨਾਉਂਦੇ ਤੱਕ ਕੇ ਖਾਧਾ ਗੁੱਸਾ । ਰੰਗਰਲੀਆਂ ਦੀ ਆਖਰੀ ਛੋਹ ਲੈਣ ਬਾਦ ਪ੍ਰੇਮੀ ਪਹੁੰਚੇ ਨੀਂਦ ਦੇ ਸਵੱਰਗ ਚ-ਡੋਗਰ ਨੇ ਲਈ ਤਲਵਾਰ ਤੇ ਦੋਨਾਂ ਨੂੰ ਸਦਾ ਲਈ ਖਤਮ ਕਰ ਦਿੱਤਾ ।

*ਕਰਿ ਕਰਿ ਕੇਲ ਸੋਇ ਤੇ ਗਏ ॥ ਬੇ ਸੰਭਾਰ ਨਿੱਜੁ ਤਨ ਤੇ ਭਏ ॥*
*ਸੋਵਤ ਦੁਹੂੰਅਨ ਨਾਥ ਨਿਹਾਰਯੋ ॥ ਕਾਢਿ ਕ੍ਰਿਪਾਨ ਮਾਰਹੀ ਡਾਰਯੋ ॥੫॥* (ਛਤੀਸਵੇਂ ਚਰਿਤ੍ਰ ਪੰਨਾ ੮੬੦-੬੧)

ਨੋਟ :- ਦੋਨਾਂ ਦਾ ਕਤਲ ਹੋ ਜਾਣ ਤੋਂ ਬਾਦ ਕਵੀ ਨੇ ਔਰਤ ਕਿਵੇਂ ਜਿੰਦਾ ਕੀਤੀ ਦਾ ਭੇਦ ਬਣਿਆ ਹੈ ਪਰ ਕਹਾਣੀ ਨੇ ਖਾਧਾ ਮੋੜਾ :-

ਬਿਨਾ ਸਿਰ ਤੋਂ ਅਪਣੇ ਮਿਤ੍ਰ ਨੂੰ ਤੱਕ ਕੇ ਮਨ ਚ ਖਾਧਾ ਗੁੱਸਾ-ਕਾਤਲ ਦੀ ਕੀਤੀ ਭਾਲ ਪਰ ਬਿਆਰਥ-ਮਿਤ੍ਰ ਘੜੀਸ ਕੇ ਸਰਿਤਾ ਨਦੀ ਚ ਰੋੜਿਆ ਤੇ ਤਰ ਕੇ ਲੰਘੀ ਪਾਰ-ਡੋਗਰ ਭੀ ਘੱਟ ਨਹੀਂ ਉਸ ਨੇ ਭੀ ਕੀਤਾ ਪਿਛਾ ਤੇ ਇਉਂ ਕਸ਼ਮਕਸ਼ ਦੀ ਜਿੰਦਗੀ ਦਾ ਲੰਘਿਆ ਸਾਲ । ਅਚਾਨਕ ਕਹਾਣੀ ਦਾ ਮੋੜ-ਫੇਰ ਡੋਗਰ ਜਿਤਾਇਆ ਰਾਜ-ਭੇਦ ਖੁੱਲਣ ਦਾ ਜਾਗਿਆ ਡਰ ਲਈ ਹੱਥ ਖੜਗ ਤੇ ਮਾਰੇ ੫੦ ਕੁ ਫਟ-ਕੀਤਾ ਜਖ਼ਮੀ ਖਸਮ ਅਤੇ ਚੁਪਕੇ ਤੈਰ ਕੇ ਕੀਤੀ ਨਦੀ ਪਾਰ ਹੈ ਨਾ ਕਮਾਲ । ਇਸ ਨੂੰ ਕਹਿੰਦੇ ਹਨ ਦਸਮ ਗ੍ਰੰਥ । ਇਕੱਲਾ ਇਸ਼ਕ ਮੁਸ਼ਕ ਹੀ ਨਹੀਂ ਜੇ ਕਰ ਕਤਲ ਕਰਨ ਦੇ ਤੌਰ ਤਰੀਕੇ ਸਿੱਖਣੇ ਹੋਣ ਤਾਂ ਦਸਮ ਗ੍ਰੰਥ ਸ੍ਰੇਸਟ ਗ੍ਰੰਥ ਹੈ ।

ਪਾਤਰ : ਗੈਂਡੇ ਖਾਂ (ਡੋਗਰ) ਤੇ ਫਤੇ ਮਤੀ ਤ੍ਰਿਯ (ਸੈਂਤੀਸਵੋਂ ਚਰਿਤ੍ਰ ਪੰਨਾ ੮੬੧)

ਨੋਟ :- ਇਹ ਛੱਤੀਸਵੇਂ (ਹਕੀਕਤ ਵਿੱਚ ਪੈਂਤੀਸਵੇਂ) ਚਰਿਤ੍ਰ ਦਾ ਹੀ ਦੂਜਾ ਭਾਗ ਹੈ । ਇਕ ਕਹਾਣੀ ਦੇ ਦੋ ਹਿੱਸੇ ਕਰ ਕੇ ਇਸ ਦੇ ਦੋ ਚਰਿਤ੍ਰ ਦਿਖਾ ਦਿੱਤੇ ਹਨ (ਸਦਕੇ ਜਾਈਏ ਬਿਬੇਕ ਬੁੱਧੀ ਦੇ) । ਇਸ ਸੈਂਤੀਸਵੇਂ ਚਰਿਤ੍ਰ ਵਿੱਚ ਕਵੀ ਰਾਮ ਆਖਦਾ ਹੈ ਕਿ ਇਹ ਮੇਰਾ ਛੱਤੀਸਵੋਂ ਚਰਿਤ੍ਰ ਹੈ ਪਰ ਸੋਧਕ ਕਮੇਟੀ ਅਤੇ ਸੰਪਾਦਿਕ ਦੋਵੇਂ ਕਵੀ ਰਾਮ ਦੀ ਦੁਹਾਈ ਸੁਣ ਹੀ ਨਹੀਂ ਰਹੇ । ਇਹ ਤਾਂ ਹੁਣ ਉਨ੍ਹਾਂ ਦੀ ਮਰਜੀ ਪਰ ਤੁਸੀਂ ਇਨਸਾਫ ਜਰੂਰ ਕਰਨਾ ਰਾਮ ਜੀ ਨਾਲ ।

*ਦੋਹਰਾ ॥ ਨਰ ਚਰਿਤ੍ਰ ਨ੍ਰਿਪ ਕੇ ਨਿਕਟਿ ਮੰਤ੍ਰੀ ਕਹਾ ਬਿਚਾਰਿ ॥*
*ਤਬੈ ਕਥਾ ਛੱਤੀਸਵੀ ਇਹ ਬਿਧਿ ਕਹੀ ਸੁਧਾਰਿ ॥੧॥* (ਸੈਂਤੀਸਵੋਂ ਚਰਿਤ੍ਰ ਪੰਨਾ ੮੬੧)

ਥੋੜਾ ਰਾਜੀ ਹੋਣ ਤੇ ਅਪਣੀ ਔਰਤ ਕੀਤੀ ਕਾਬੂ-ਗਲ ਚ ਪਾਈ ਰੱਸੀ-ਦਿੱਤੀ ਫਾਂਸੀ ਤੇ ਖੁੱਦ ਹੀ ਉਚੀ ਉਚੀ ਰੋ ਕੇ ਲੋਕਾਂ ਨੂੰ ਸੁਣਾਏ ਕਿ ਦੁੱਧ ਚੋਂਦੇ ਨੂੰ ਮੈਨੂੰ ਮੱਝ ਮਾਰਿਆ-ਤਲਵਾਰ ਵਰਗੇ ਫੱਟ ਮੇਰੇ ਸਰੀਰ ਤੇ ਦੇਖ ਕੇ ਵਿਚਾਰੀ ਗਲ ਚ ਫਾਂਸੀ ਲੈ ਕੇ ਮਰ ਗਈ। ਮੈਂ ਹੁਣ ਇਹਦੇ ਲਈ ਇਕ ਚੰਗਾ ਕੱਫਣ ਬਣਾ ਕੇ ਦਫਨਾਵਾਂਗਾ ਤੇ ਕਿਸੇ ਹੋਰ ਔਰਤ ਨਾਲ ਵਿਆਹ ਨਹੀਂ ਕਰਾਂਗਾ-ਇਸ ਦੇ ਬਿਰਹ ਵਿਚ ਮਰ ਜਾਵਾਂਗਾ ।

*ਦੋਹਰਾ ॥ ਲੋਗਨ ਸਭਨ ਬੁਲਾਇਕੈ ਆਛੋ ਕਫਨ ਬਨਾਇ ॥*
*ਦੁਰਾਚਾਰਨੀ ਨਾਰਿ ਕਹ ਇਹ ਬਿਧਿ ਦਿਯਾ ਦਬਾਇ ॥੮॥* (ਸੈਂਤੀਸਵੋਂ ਚਰਿਤ੍ਰ ਪੰਨਾ ੮੬੨)

ਨੋਟ :- ਇਹ ਸਿੱਖਿਆ ਉਨ੍ਹਾਂ ਲਈ ਮਹਾਨ ਹੈ ਜੋ ਅਪਣੀਆਂ ਔਰਤਾਂ ਦਾ ਕਤਲ ਕਰਨਾ ਚਾਹੁੰਦੇ ਹਨ ਜਾਂ ਔਰਤਾਂਮਰਦਾਂ ਦਾ ਕਤਲ ਕਰਨਾ ਚਾਹੁੰਦੀਆਂ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀਆਂ ਸਿੱਖਿਆਵਾਂ ਅਪਣੇ ਸਿੱਖਾਂ ਨੂੰ ਦੇ ਸਕਦੇ ਹਨ ? ਜੇ ਨਹੀਂ ਤਾਂ ਪੁਜਾਰੀਆਂ ਤੋਂ ਪੁੱਛੋ ਕਿ ਇਸ ਗੰਦਗੀ ਦੇ ਢੇਰ ਤੇ ਉਨ੍ਹਾਂ ਪਾਤਸ਼ਾਹੀ ੧੦ ਕਿਵੇਂ ਲਿਖਵਾਇਆ ?

## ਵੱਡਾ ਚੋਰ ਬਣਨਾ ਚਾਹੁੰਦੇ ਹੋ ਜਾਂ ਵੱਡਾ ਠੱਗ ਦਸਮ ਗ੍ਰੰਥ ਪੜ੍ਹੋ ਜੀ (ਅਠਤੀਸਵੋਂ ਚਰਿਤ੍ਰ ਪੰਨਾ ੮੬੨-੬੪)

ਪਾਤਰ : ਠੱਗ ਚੋਰ ਤੇ ਔਰਤ

ਇਕ ਕਥਾ ਮੰਤ੍ਰੀ ਨੇ ਹੋਰ ਛੇੜੀ । ਇੱਕ ਸੀ ਔਰਤ ਬੜੀ ਹੀ ਸੋਹਣੀ । ਉਸ ਨੇ ਇੱਕ ਚੋਰ ਅਤੇ ਇੱਕ ਠੱਗ ਨਾਲ ਇਸ਼ਕ ਕੀਤਾ । ਚੋਰ ਰਾਤ ਨੂੰ ਚੋਰੀ ਕਰੇ ਤੇ ਠੱਗ ਦਿਨ ਵਿੱਚ ਠੱਗੀ ਮਾਰੇ । ਦੋਨੇ ਔਰਤ ਨੂੰ ਕਰਨ ਨਿਹਾਲੋ ਨਿਹਾਲ। ਦੋਨੇ ਹੀ ਸੋਚਣ ਕਿ ਇਹ ਔਰਤ ਮੇਰੀ ਹੈ ਪਰ ਔਰਤ ਦੇ ਅੰਦਰਲੇ ਭੇਦ ਨੂੰ ਨਾ ਸਮਝ ਸਕੇ। ਔਰਤ ਨੇ ਇਕ ਸੋਹਣਾ ਰੁਮਾਲ ਕੱਢਿਆ (ਇਸ਼ਕ ਮੁਸ਼ਕ ਵਿੱਚ ਰੁਮਾਲ ਜਾਂ ਮੁੰਦੀ ਨੂੰ ਖਾਸ ਥਾਂ ਹਾਸਿਲ ਹੈ) ਚੋਰ ਸੋਚੇ ਇਹ ਮੇਰੇ ਲਈ ਹੈ ਅਤੇ ਠੱਗ ਸੋਚੇ ਇਹ ਮੇਰੇ ਲਈ । ਚੋਰ ਨਾਲ ਔਰਤ ਦੀ ਵਧੇਰੇ ਨੇੜਤਾ ਹੋਣ ਤੇ ਰੁਮਾਲ ਉਸ ਨੂੰ ਦੇ ਦਿੱਤਾ ਇਹ ਦੇਖ ਕੇ ਠੱਗ ਨੂੰ ਚੜ੍ਹਿਆ ਗੁੱਸਾ-ਦੇ ਲੱਤ ਤੇ ਲੱਤ ਤੇ ਹੂਰੇ ਤੇ ਹੂਰਾ-ਦੋਨੋ ਘਸੁੰਨ ਮੁੱਕੀਂ-ਇਕ ਦੂਜੇ ਨੂੰ ਗਾਲਾਂ ਦੀ ਵਰਖਾ ਤੇ ਖਿੱਚੇ ਇਕ ਦੂਜੇ ਦੇ ਵਾਲ (ਕੇਸ) ਦੰਦੀਆਂ ਕੱਢ ਕੱਢ ਇਕ ਦੂਜੇ ਤੇ ਕਰਾਰੇ ਵਾਰ ਪਰ ਹਾਰ ਹੰਭ ਕੇ ਪੁੱਜੇ ਇਸਤ੍ਰੀ ਕੋਲ ਕਹਿੰਦੇ ਤੂੰ ਸੱਚ ਦੱਸ ਕਿਸ ਦੀ ਔਰਤ ਹੈਂ । ਔਰਤ ਕਹਿੰਦੀ ਜੋ ਵਧੇਰੇ ਛਲ ਬਲ ਦੇ ਤੌਰ ਤਰੀਕੇ ਜਾਣਦਾ ਹੈ ਤੇ ਜਿਸ ਵਿਚ ਵਧੇਰੇ ਬੀਰਜ ਹੈ ਮੈਂ ਉਸੇ ਦੀ ਨਾਰਿ ਹਾਂ ।

*ਦੋਹਰਾ ॥ ਸੁਨ ਤਸਕਰ ਠਗ ਮੈ ਕਹੋ ਹੌ ਤਾਹੀ ਕੀ ਨਾਰਿ ॥*
*ਜੋ ਛਲ ਬਲ ਜਾਨੈ ਘਨੋਂ ਜਾਮੈ ਬੀਰਜ ਅਪਾਰ ॥੯॥* (ਅਠੱਤੀਸਵੋਂ ਚਰਿਤ੍ਰ ਪੰਨਾ ੮੬੨)

ਇਹ ਬਚਨ ਦੋਨਾਂ ਨੇ ਸੁਣੇ । ਠੱਗ ਗਿਆ ਇਕ ਨਗਰ ਹਟਵਾਣੀਏ ਦੀ ਹੱਟੀ ਤੇ । ਮੁਹਰਾਂ ਸੁੱਟ ਬੋਲਿਆ ਇਹ ਦੇ ਬਦਲੇ ਦਿਓ ਰੁਪਈਏ । ਸ਼ਾਹ ਨੇ ਅਸ਼ਰਫੀਆਂ ਨਾਲ ਅਪਣੇ ਧਨੀ ਹੋਣ ਦਾ ਕੀਤਾ ਪ੍ਰਗਟਾਵਾ ਪਰ ਠੱਗ ਬਣੀਏ ਦੀ ਗੁੱਥੀ ਸੰਭਾਲ ਕੇ ਲੱਗਾ ਪਾਉਣ ਰੌਲਾ-ਜਾਹ ਮੈ ਨਹੀਂ ਮੋਹਰਾਂ ਵੇਚਦਾ। ਰੋਲਾ ਸੁਣ ਕੇ ਹੋਏ ਲੋਕ ਇੱਕਠੇ-ਫਿਰ ਮੈਂ-ਮੈਂ, ਤੂੰ-ਤੂੰ, ਘਸੁੰਨ ਮੁੱਕੀਂ, ਲੱਤਾਂ ਦੇ ਪ੍ਰਹਾਰ ਆਖਰ ਜਾ ਪਹੁੰਚੇ ਕਾਜੀ ਪਾਸ । ਕਾਜੀ ਸੁਣਾਇਆ ਫੈਸਲਾ ਕਿ ਜੋ ਮੋਹਰਾਂ ਦਾ ਸੰਨ ਦੱਸ ਦਏ ਸਾਰਾ ਖਜਾਨਾ ਓਸੇ ਦਾ । ਬਣੀਆਂ ਵਿਚਾਰਾ ਹੋਇਆ ਹੈਰਾਨ ਪ੍ਰੇਸ਼ਾਨ ਉਸ ਨੂੰ ਸੰਨ ਪਤਾ ਨਹੀਂ ਪਰ ਠੱਗ ਨੇ ਸਭ ਠੀਕ ਠੀਕ ਦੱਸ ਦਿੱਤਾ ।

*ਦੋਹਰਾ ॥ ਮੁਹਰ ਅਕਬਰੀ ਏਕ ਸਤ ਜਹਾਂਗੀਰੀ ਸੈ ਦੋਇ ॥*
*ਸ਼ਾਹਿ ਜਹਾਨੀ ਚਾਰਿ ਸੈ ਦੇਖ ਲੇਹੁ ਸਭ ਕੋਇ ॥੨੫॥* (ਅਠੱਤੀਸਵੋਂ ਚਰਿਤ੍ਰ ਪੰਨਾ ੮੬੩)

ਕਾਜੀ ਖੋਹ ਕੇ ਖਜਾਨਾ ਸਾਹ ਤੋਂ ਦਿੱਤਾ ਠੱਗ ਨੂੰ-ਠੱਗ ਆਇਆ ਘਰ ਤੇ ਕੀਤੀ ਔਰਤ ਨਿਹਾਲੋ ਨਿਹਾਲ ।

ਨੋਟ :- ਇਸ ਚਰਿਤ੍ਰ ਦੇ ਭੀ ਦੋ ਭਾਗ ਕਰ ਕੇ ਇਸ ਦੇ ਦੋ ਚਰਿਤ੍ਰ ਬਣਾ ਦਿੱਤੇ ਗਏ ਹਨ । ਹਾਲੇ ਗੱਲ ਮੁੱਕੀ ਨਹੀਂ ਅਤੇ ਨਾ ਹੀ ਪਾਤਰ ਬਦਲੇ ਹਨ। ਠੱਗ ਦੀ ਮਾਰੀ ਠੱਗੀ ਅਸੀਂ ਇਥੇ ਚਰਿਤ੍ਰ ਵਿੱਚ ਪੜ੍ਹੀ ਹੈ ਤੇ ਹੁਣ ਚੋਰ ਦੀ ਚੋਰੀ ਬਾਕੀ ਹਿੱਸੇ ਵਿੱਚ ਪੜ੍ਹਨ ਜਾ ਰਹੇ ਹਾਂ। ਔਰਤ ਅਪਣਾ ਚਰਿਤ੍ਰ ਕੀ ਦਿਖਾਉਂਦੀ ਹੈ ਹਾਲੇ ਪ੍ਰਗਟ ਹੋਣਾ ਬਾਕੀ ਹੈ। ਅਧੂਰੀ ਗੱਲ ਤੇ ਅਧੂਰੇ ਗਿਆਨ ਨਾਲ ਚਰਿਤ੍ਰ ਦੀ ਸਮਾਪਤੀ ਹੋਈ ਹੈ ।

ਪਾਤਰ : ਏਦਿਲ ਸ਼ਾਹ (ਤਸਕਰ) ਰਾਜ ਮਤੀ ਔਰਤ (ਉਨਤਾਲੀਸਵੇਂ ਚਰਿਤ੍ਰ ਪੰਨਾ ੮੬੪)

### ਪਹਿਲੇ ਭਾਗ ਵਿੱਚ ਤੁਸੀਂ ਠੱਗੀ ਮਾਰਨੀ ਸਿੱਖੀ ਹੈ ਤੇ ਹੁਣ ਚੋਰੀ ਕਰਨੀ ਸਿੱਖੋ

ਰਾਤ ਨੂੰ ਚੋਰ ਉਠਿਆ-ਕੁੱਤੇ ਦਾ ਰੂਪ ਧਾਰ ਕੇ ਪਹੁੰਚਿਆ ਸ਼ਾਹ ਜਹਾਂ ਦੇ ਘਰ (ਲਗਦੈ ਬਾਦਸ਼ਾਹ ਸ਼ਾਹ ਜਹਾਨ ਦੀ ਗੱਲ ਹੋ ਰਹੀ ਹੈ) ਇਸ ਚੋਰ ਦਾ ਨਾਂ ਏਦਿਲ ਸ਼ਾਹ ਹੈ । ਉਸ ਨੇ ਇਕ ਗੱਪੀ ਨੂੰ ਦੇਖਦੇ ਹੀ ਤਲਵਾਰ ਨਾਲ ਕੀਤਾ ਕਤਲ-ਲਾਲ ਉਤਾਰਿਆ-ਪਗੜੀ ਤੇ ਜੁੱਤੀ ਉਤਾਰੀ-ਸੁੱਥਣ (ਸਲਵਾਰ) ਉਤਾਰੀ-ਸਭ ਬਸਤ੍ਰ ਹੱਥ ਚ ਲੈ ਕੇ ਇਕ ਆਂਡਾ ਤੋੜਿਆ । ਸ਼ਾਹ ਨੇ ਸੋਚਿਆ ਬੀਰਜ ਗਿਰਿਆ ਹੈ, ਚੋਰ ਨੇ ਠੱਗ ਤੇ ਚੋਰ ਦੇ ਇਸ਼ਕ ਦੀ ਸੁਣਾਈ ਕਥਾ ਪਰ ਆਖਰ ਚੋਰ ਵਿਜਈ-ਚੋਰ ਲੈ ਗਿਆ ਅਪਣੀ ਮਿਤ੍ਰ ਨੂੰ ।

ਨੋਟ :- ਇਹ ਸਿਖਿਆਵਾਂ ਦਸਮ ਗ੍ਰੰਥ ਚੋਂ ਹਨ ਜੀ । ਸਾਡੇ ਪੂਜਨੀਕ ਮਹਾਂ ਤੇ ਮਹਾਨ ਪੁਜਾਰੀ ਪਤਾ ਨਹੀਂ ਗੁਰਸਿੱਖਾਂ ਨੂੰ ਚੋਰ ਜਾਂ ਠੱਗ ਕਿਉਂ ਬਣਾਣਾ ਚਾਹੁੰਦੇ ਹਨ ? ਕਿਸ ਗੱਲੋਂ ਖਫ਼ਾ ਹੋ ਕੇ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰ ਰਹੇ ਹਨ ? ਉਨ੍ਹਾਂ ਸਭ ਜਥੇਬੰਦੀਆਂ-ਸੰਤਾਂ-ਸਾਧਾਂ ਅਤੇ ਮਨੁੱਖਾਂ ਨੂੰ ਜੋ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦਾ ਰਚਿਆ ਮੰਨਦੇ ਹਨ ਖੁੱਲਾ ਸੱਦਾ ਹੈ ਕਿ ਉਹ ਕਿਸੇ ਭੀ ਗੁਰਦੁਆਰੇ ਅਪਣਾ ਪੱਖ ਪੇਸ ਕਰਨ । ਜੋ ਅਪਣੇ ਗੁਰੁ ਦਾ ਸਤਿਕਾਰ ਹੀ ਕਰਨਾ ਨਹੀਂ ਜਾਣਦੇ ਉਹ ਸਿੱਖ ਕੌਮ ਨੂੰ ਕੀ ਸੇਧ ਦੇਣਗੇ ?

ਪਾਤਰ : ਅਚਲ ਦੇਵ (ਜੱਟ) ਤੇ ਸ੍ਰੀ ਦਿਲਜਾਨ ਮਤੀ ਔਰਤ (ਚਾਲੀਸਵੇਂ ਚਰਿਤ੍ਰ ਪੰਨਾ ੮੬੫-੬੬)

### ਅਪਣੀ ਔਰਤ ਨੂੰ ਡੋਬ ਕੇ ਮਾਰਨੀ ਸਿੱਖੋ

ਜੰਗਲ ਵਿੱਚ ਇੱਕ ਜੱਟ ਦਾ ਵਾਸਾ-ਘਰ ਝਗੜਾਲੂ ਔਰਤ। ਉਹ ਜੋ ਕਹਿੰਦਾ ਉਸ ਤੋਂ ਉਲਟਾ ਕਰਮ ਕਰਦੀ ਤੇ ਗਾਲਾਂ ਕੱਢਦੀ। ਇਹ ਉਸ ਥਾਂ ਦੀ ਘਟਨਾ ਹੈ ਜਿਥੇ ਸਤਿਲੁਜ ਤੇ ਬਿਆਸ ਦਰਿਆਵਾਂ ਦਾ ਸੰਗਮ ਹੁੰਦਾ ਹੈ। ਸ੍ਰਾਧਾਂ ਦੇ ਦਿਨ ਨੇੜੇ ਆ ਗਏ ਸੁਣ ਕੇ ਜੱਟ ਕਹਿੰਦਾ ਕਿ ਭਾਗਵਾਨੇ ਸ੍ਰਾਧ ਨਾ ਕਰੀਂ-ਉਹ ਕਹਿੰਦੀ ਮੈ ਤਾਂ ਹੁਣੇ ਕਰੂੰ। ਕਹਿੰਦੀ ਮੈਂ ਟਕਾ ਟਕਾ ਜੋੜ ਕੇ (ਦੋ ਦੋ ਟਕੇ) ਬਾਮ੍ਹਣ ਨੂੰ ਦੇਵਾਂਗੀ ਤੇ ਤੇਰੇ ਸਿਰ ਚ ਬਿਸਟਾ (ਟੱਟੀ) ਭਰਾਂਗੀ। ਉਸ ਨੇ ਬਾਮ੍ਹਣ ਸੱਦੇ-ਭੋਜਨ ਖੁਆਇਆ-ਬਹੁਤਾ ਧੰਨ ਦੇ ਕੇ ਵਿਦਾ ਕੀਤੇ। ਪਤੀ ਔਰਤ ਨੂੰ ਲੈ ਗਿਆ ਦਰਿਆ ਕੰਢੇ ਕਹਿੰਦਾ ਭਾਗਵਾਨੇ ਦਰਿਆ ਪਾਰ ਕਰਨਾ ਹੈ ਕਿਸਤੀ ਚ ਬੈਠੋ-ਕਹਿੰਦੀ ਮੈਂ ਬੈਲ ਦੀ ਪੂਛ ਪਕੜ ਕੇ ਪਾਰ ਲੰਘਾਂਗੀ। ਪਕੜੀ ਬੈਲ ਦੀ ਪੂਛ-ਗਈ ਅੱਧ ਵਿਚਕਾਰ-ਪਤੀ ਨੇ ਮਾਰੀ ਆਵਾਜ਼ ਭੋਲੀਏ ਘੁੱਟ ਕੇ ਪੂਛ ਪਕੜੀਂ - ਉਸੇ ਵਖਤ ਉਸ ਨੇ ਪੂਛ ਛੱਡ ਦਿੱਤੀ ਤੇ ਗਾਲਾਂ ਕੱਢਦੀ ਦਰਿਯਾ ਚ ਡੁੱਬ ਗਈ ।

*ਦੋਹਰਾ ॥ ਬੈਲ ਪੂਛਿ ਗਹਿਕੈ ਜਬੈ ਗਈ ਨਦੀ ਕੇ ਧਾਰ॥*
*ਦ੍ਰਿੜ ਕਰਿ ਯਾਕਹ ਪਕਰਿਯੈ ਬੋਲ ਸੁ ਕੂਕਿ ਗਵਾਰ ॥੧੫॥*
*ਛੋਰਿ ਪੂਛਿ ਕਰ ਤੇ ਦਈ ਸੁਨੀ ਕੂਕਿ ਜਬ ਕਾਨ ॥*
*ਗਾਰੀ ਭਾਖਤ ਬਹਿ ਗਈ ਜਮਪੁਰ ਕਿਯਸਿ ਪਯਾਨ ॥੧੬॥*
*ਨਾਰਿ ਕਲਹਨੀ ਬੋਰਿ ਕਰਿ ਜਾਟ ਆਯੋ ਗ੍ਰਿਹ ਮਾਹਿ ॥*
*ਕਹਾਂ ਸੁਖੀ ਤੇ ਜਨ ਬਸੈਂ ਅਸਿਨ ਬਿਯਹਨ ਜਾਹਿ ॥੧੭॥* (ਚਾਲੀਸਵੇਂ ਚਰਿਤ੍ਰ ਪੰਨਾ ੮੬੬)

ਨੋਟ :- ਇਹ ਪਵਿਤ੍ਰ ਦਸਮ ਗ੍ਰੰਥ ਦੀ ਮਹਾਨ ਸਿੱਖਿਆ ਹੈ ਜੀ ਧਰਮ ਦੇ ਵੱਡੇ ਠੇਕੇਦਾਰਾਂ ਨੂੰ ਇਹ ਖੂਬ ਰਾਸ ਆ ਰਹੀ ਹੈ ਜੀ ।

### ਸ਼ਹਿਰ : ਸ਼ਾਹਜਹਾਂ ਪੁਰ (ਇਕਤਾਲੀਸਵੇਂ ਚਰਿਤ੍ਰ ਪੰਨਾ ੮੬੬-੬੭)

ਪਾਤਰ : ਪ੍ਰੀਤ ਮੰਜਰੀ (ਤ੍ਰਿਯ) ਸੈਨਾਪਤਿ (ਪਤੀ) ਤੇ ਭਰਿ ਭੱਦ੍ਰ

**ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ :** ਸ਼ਾਹਜਹਾਂ ਪੁਰ ਵਿੱਚ ਰੇਸ਼ਮ ਦਾ ਕੰਮ ਕਰਨ ਵਾਲੇ ਸੈਨਾਪਤਿ ਦੀ ਸੀ ਇਕ ਤੀਵੀਂ ਨਾ ਸੀ ਓਹਦਾ ਪ੍ਰੀਤ ਮੰਜਰੀ । ਓਹਦਾ ਬੀਰ ਭੱਦ੍ਰ ਨਾਂ ਦੇ ਬੰਦੇ ਨਾਲ ਹੋਇਆ ਅੱਖ ਮਟੱਕਾ ਬਸ ਦਿਲ ਦੇ ਬੈਠੀ-ਸੋਹਣਾ ਸੀ ਨਾ-ਭੇਜੀ ਸਹੇਲੀ-ਬੁਲਾਇਆ ਘਰ ਅਪਣੇ-ਕੀਤਾ ਸੰਭੋਗ ਪਰ ਅਚਾਨਕ ਦੇਖਿਆ ਆਉਂਦਾ ਖ਼ਸਮ - ਮਿੱਤ੍ਰ ਲੁਕਾਇਆ ਵੱਡੇ ਮੱਟਕੇ ਵਿੱਚ ਘਰ ਪਏ ਦੋ ਤਰਬੂਜਾਂ ਚੋਂ ਇਕ

ਕੱਟਿਆ ਤੇ ਖਾ ਕੇ ਤਰਬੂਜ ਦੀ ਖੋਪੜੀ ਮਿਤ੍ਰ ਦੇ ਸਿਰ ਤੇ ਰੱਖ ਉਤੇ ਦੂਜਾ ਤਰਬੂਜ ਰੱਖ ਦਿੱਤਾ । ਖ਼ਸਮ ਨਾਲ ਤਰਬੂਜ ਖਾਂਦੀ ਨੇ ਜਿਤਲਾਇਆ ਪ੍ਰੇਮ। ਖ਼ਸਮ ਕਹਿੰਦਾ ਕੱਲੀ ਕੱਲੀ ਈ ਖਾਈਂ ਜਾਏਂਗੀ ਮੈਨੂੰ ਭੀ ਥੋੜਾ ਦੇ ਦੇ-ਔਰਤ ਨੇ ਸੁਣਿਆ-ਕੱਟਿਆ ਤਰਬੂਜ ਰੱਖਿਆ ਪਤੀ ਅੱਗੇ-ਖਾ ਕੇ ਤਰਬੂਜ ਹੋਇਆ ਨਿਹਾਲ-ਕੀਤੀ ਔਰਤ ਨਾਲ ਸੇਜ ਸਾਂਝ-ਪਿਆਰ ਦੀ ਭੁੱਖ ਪੂਰੀ ਕਰਵਾਉਣ ਤੋਂ ਬਾਦ ਟਰਕਾਇਆ ਪਤੀ -ਕੱਢਿਆ ਮਿਤ੍ਰ ਮਟਕੇ ਵਿੱਚੋਂ ਤੇ ਲਿਆਂਦਾ ਮੰਜੇ ਤੇ-ਕੀਤਾ ਸੰਭੋਗ-ਮੂਰਖ ਖ਼ਸਮ ਧੋਖੇ ਨੂੰ ਨਾ ਪਛਾਣ ਸਕਿਆ-ਦੂਜੀ ਵਾਰ ਫੇਰ ਮਿਤ੍ਰ ਨਾਲ ਕੀਤਾ ਕੁਕਰਮ ਕਿਸੇ ਦੇ ਕੰਨੀ ਭਿਣਕ ਨਾ ਪਈ ।

ਨੋਟ :- ਇਹ ਧਾਰਮਿਕ ਗਿਆਨ ਦਸਮ ਗ੍ਰੰਥ ਚੋਂ ਹੈ ਜੀ । ਕੀ ਤੁਸੀਂ ਧੀ ਭੇਣ ਨੂੰ ਜਾਂ ਮਾਂ ਨੂੰ ਇਹੋ ਗਿਆਨ ਦੇਣਾ ਚਾਹੁੰਦੇ ਹੋ ਜੀ ? ਦਸਮ ਗ੍ਰੰਥ ਦੀ ਹਮਾਇਤ ਕਰਨ ਵਾਲਿਆਂ ਨੂੰ ਪੁੱਛਣਾ ਨਾ ਭੁੱਲਣਾ । ਢਿੱਲ ਕੀਤੀ ਤਾਂ ਇਤਿਹਾਸ ਅਤੇ ਗੁਰੂ ਨੇ ਤੁਹਾਨੂੰ ਮੁਆਫ਼ ਨਹੀਂ ਕਰਨਾ ਜੀ ।

## ਇਲਾਕਾ : ਮੁਲਤਾਨ

(ਬਯਾਲੀਸਵੇਂ ਚਰਿਤ੍ਰ ਪੰਨਾ ੮੬੭)

ਪਾਤਰ : ਸੇਖ ਇਨਾਯਤ (ਖਸਮ) ਤੇ ਰੁਸਤਮਕਲਾ (ਔਰਤ)

ਮੁਲਤਾਨ ਵਿੱਚ ਇਕ ਬੁੱਢਾ ਪੀਰ ਸੀ। ਨਾਂ ਸੀ ਓਹਦਾ ਸੇਖ ਇਨਾਯਤ-ਬੇ-ਔਲਾਦ-ਔਰਤ ਦਾ ਨਾਂ ਸੀ ਰੁਸਤਮਕਲਾ । ਉਹ ਵਿਚਾਰਾ ਪ੍ਰੇਮ ਲੀਲਾ ਤਾਂ ਕਰਦਾ ਪਰ ਬੁਢਾਪੇ ਵਿੱਚ ਜਲਦੀ ਥੱਕ ਟੁੱਟ ਕੇ ਇਕ ਪਾਸੇ ਨਿਢਾਲ ਹੋ ਡਿੱਗ ਪੈਂਦਾ । ਇਕ ਦਿਨ ਔਰਤ ਇਕ ਪੀਰ ਪਾਸ ਗਈ । ਉਸ ਨੂੰ ਅਪਣਾ ਦੁਖੜਾ ਦੱਸਿਆ ਪੀਰ ਨੇ ਇਕ ਲੌਂਗ ਦਿੱਤਾ। ਕਾਜੀ ਦੀ ਅਪਾਰ ਕੋਸ਼ਿਸ ਨਾਲ ਔਰਤ ਕਾਜੀ ਤੋਂ ਗਰਭ ਠਹਿਰਾਣ ਚ ਸਫਲ ਹੋ ਗਈ । ਨੌ ਮਹੀਨੇ ਬਾਦ ਉਸ ਨੇ ਪੁੱਤ ਨੂੰ ਜਨਮ ਦਿੱਤਾ ਤੇ ਫਿਰ .........

*ਦੋਹਰਾ ॥ ਪੀਰ ਬਚਨ ਜੋ ਤੁਮ ਕਹਯੋ ਲੌਂਗ ਦਯੋ ਤ੍ਰਿਯ ਹਾਥ ॥*
*ਤਾਂ ਤੇ ਸੁਤ ਉਪਜਯੋ ਸਦਨ ਕ੍ਰਿਪਾ ਤਿਹਾਰੀ ਸਾਥ ॥੫॥* (ਬਯਾਲੀਸਵੇਂ ਚਰਿਤ੍ਰ ਪੰਨਾ ੮੬੭)

ਨੋਟ :- ਅਨੇਕਾਂ ਹੀ ਸਾਧ-ਸੰਤ ਸਿੱਖ ਜਗਤ ਵਿੱਚ ਇਸੇ ਵਿਧੀ ਨਾਲ ਪੁੱਤਰਾਂ ਦੀ ਬਰਖਾ ਕਰ ਰਹੇ ਹਨ । ਕਈ ਬਿਚਾਰੇ ਮੀਢੀਏ ਦੀ ਕ੍ਰਿਪਾ ਨਾਲ ਅਲਫ਼ ਨੰਗੇ ਹੋ ਜਾਂਦੇ ਹਨ ਤੇ ਕਈ ਛੁਪੇ ਰਹਿੰਦੇ ਹਨ । ਸੋਚਣ ਵਾਲੀ ਤਾਂ ਇਹ ਗੱਲ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹਾ ਗੰਦ ਮੰਦ ਹੀ ਲਿਖਦੇ ਰਹੇ ਹਨ ? ਜਾਂ ਉਨ੍ਹਾਂ ਨੂੰ ਬਦਨਾਮ ਕਰਨ ਲਈ ਸਿੱਖ ਧਰਮ ਦੇ ਕੱਟੜ ਦੁਸਮਣਾਂ ਨੇ ਜਾਣ ਬੁੱਝ ਕੇ ਪਾਤਸਾਹੀ ੧੦ ਲਿਖਿਆ । ਅਪਣੀ ਜ਼ਮੀਰ ਨੂੰ ਸੌਣ ਨਹੀਂ ਦੇਣਾ । ਸੁੱਤੀ ਜ਼ਮੀਰ ਮਰ ਜਾਇਆ ਕਰਦੀ ਹੈ ।

## ਇਲਾਕਾ : ਗਾਜ਼ੀ ਪੁਰ

(ਤ੍ਰੇਤਾਲੀਸਵੇਂ ਚਰਿਤ੍ਰ ਪੰਨਾ ੮੬੮)

ਪਾਤਰ : ਮਿਰਜਾ ਖਾਨ, ਆਛੋ ਬੀਬੀ ਤੇ ਗੁਲਾਮ

ਮਿਰਜਾ ਖਾਨ ਪਠਾਣ ਕੁੱਛ ਕਾਗਜ ਖ੍ਰੀਦ ਕੇ ਪੂਰਬ ਦਿਸਾ ਨੂੰ ਗਿਆ। ਵਾਪਸੀ ਤੇ ਇਕ ਗੁਲਾਮ ਖ੍ਰੀਦ ਕੇ ਅਪਣੇ ਘਰ ਲੈ ਆਇਆ। ਪਠਾਣ ਨੇ ਇਕ ਔਰਤ ਆਛੋ ਬੀਬੀ ਨਾਲ ਸ਼ਾਦੀ ਕੀਤੀ ਪਰ ਉਸ ਨਾਲ ਹਾਲੇ ਸੇਜ ਸਾਂਝ ਨਹੀਂ ਸੀ ਕੀਤੀ। ਗੁਲਾਮ ਪਠਾਣ ਨੂੰ ਕਹਿੰਦਾ ਕਿ ਇਹ ਔਰਤ ਮੈਨੂੰ ਡੈਣ ਲੱਗਦੀ ਹੈ ਤੇਰੇ ਦੋਨੇ ਪਤਾਲੂ ਖਾ ਜਾਏਗੀ ਤੂੰ ਕਿਉਂ ਉਸ ਦੇ ਨੇੜੇ ਜਾਂਦਾ ਹੈਂ। ਔਰਤ ਨੂੰ ਕਹਿੰਦਾ ਜਦ ਖਾਨ ਸੌਂ ਜਾਏ ਤੂੰ ਉਸ ਦੇ ਪਤਾਲੂ ਦੇਖੀਂ । ਪਠਾਣ ਨੇ ਗਲ ਮਨ ਚ ਵਸਾਈ । ਜਦ ਉਹ ਅੱਧ ਸੁੱਤਾ ਹੋਇਆ ਤਾਂ ਗੁਲਾਮ ਨੇ ਔਰਤ ਨੂੰ ਪਤਾਲੂ ਦੇਖਣ ਭੇਜ ਦਿੱਤਾ । ਪਠਾਣ ਨੇ ਤਲਵਾਰ ਸੰਭਾਲੀ ਤਾਂ ਔਰਤ ਨੇ ਉਸ ਦਾ ਕਤਲ ਕਰ ਦਿੱਤਾ ਤੇ ਬਾਦ ਵਿੱਚ ਖੁਦ ਮਰ ਗਈ ।

*ਦੋਹਰਾ ॥ ਖਾਨ ਪਰਾਣੀ ਆਪੁ ਮਹਿ ਲਰਿ ਮਰਿ ਭਏ ਪਰੇਤ ॥*
*ਨਾਸ ਦੁਹਨ ਕੋ ਹ੍ਵੈ ਗਯੋ ਵਾ ਗੁਲਾਮ ਕੇ ਹੇਤ ॥੯॥* (ਤ੍ਰੇਤਾਲੀਸਵੇਂ ਚਰਿਤ੍ਰ ਪੰਨਾ ੮੬੮)

ਨੋਟ : ਇਸ ਨੂੰ ਕਹਿੰਦੇ ਨੇ ਧਾਰਮਿਕ ਸਿੱਖਿਆ । ਪਤਾ ਨਹੀਂ ਕਿਸ ਮੂੰਹ ਤੇ ਦਿਮਾਗ ਨਾਲ ਅਸੀਂ ਇਸ ਅਸ਼ਲੀਲ ਕਿਤਾਬ ਨੂੰ ਨਮਸਕਾਰਾਂ ਕਰਵਾਉਣ ਚ ਫਖਰ ਮਹਿਸੂਸ ਕਰਦੇ ਹਾਂ । ਕੀ ਇਹੋ ਦਸਮ ਗ੍ਰੰਥ ਹੈ ਜਿਸ ਦਾ ਪ੍ਰਕਾਸ ਗੁਰੂ ਘਰਾਂ ਚ ਕਰਵਾਉਣ ਲਈ ਤੁਸੀਂ ਅੱਡੀ ਚੋਟੀ ਦਾ ਜੋਰ ਲਗਾਉਂਦੇ ਹੋ । ਥੋੜੀ ਸ਼ਰਮ ਕਰੋ ਜੀ ਤੁਹਾਡੀ ਧੀ ਭੈਣ ਇਸ ਨੂੰ ਪੜ੍ਹਨ ਬੈਠੇਗੀ ਉਦੋਂ ਕੀ ਕਰੋਗੇ ?

## ਦੇਸ : ਓੜਛੇ

(ਚੌਆਲੀਸਵੇਂ ਚਰਿਤ੍ਰ ਪੰਨਾ ੮੬੮)

ਪਾਤਰ : ਬਨਿਯਾ, ਤਿਲਕ ਮੰਜਰੀ ਤੇ ਬੀਰ ਕੇਤ (ਰਾਜਾ)

ਉੜੀਸਾ (ਓੜਛੇ) ਦੇਸ ਦੇ ਇਕ ਬਣੀਏ ਦੀ ਔਰਤ ਚੰਨ ਵਰਗੀ ਸੋਹਣੀ-ਹੋ ਗਈ ਦੀਵਾਨੀ ਰਾਜਾ ਬੀਰਕੇਤ ਤੇ - ਮਨ ਭਾਉਂਦਾ ਕੀਤਾ ਸੰਭੋਗ :-

*ਬੀਰਕੇਤ ਸੋਂ ਭੋਗ ਕਮਾਯੋ ॥ ਅਧਿਕ ਹ੍ਰਿਦੈ ਮਹਿ ਸੁਖ ਉਪਜਾਯੋ ॥*

*ਚਮਟਿ ਚਿਮਟਿ ਤਾਸੌ ਰਤਿ ਕਰੀ ॥ ਭਾਂਤਿ ਭਾਂਤਿ ਕੈ ਭੋਗਨ ਭਰੀ ॥੪॥* (ਚੌਆਲੀਸਵੇਂ ਚਰਿਤ੍ਰ ਪੰਨਾ ੮੬੮)

ਐਨੇ ਨੂੰ ਖ਼ਸਮ ਆ ਟਪਕਿਆ। ਰਾਜੇ ਨੂੰ ਪਾਇਆ ਬੜੇ ਸੰਦੂਕ ਵਿੱਚ ਖ਼ਸਮ ਨੂੰ ਕਹਿੰਦੀ ਸੰਦੂਕ ਚ ਚੋਰ ਹੈ ਚਲ ਹੁਣੇ ਦੇਖ। ਜਦ ਓਹ ਕੁੰਜੀ ਲੈ ਕੇ ਸੰਦੂਕ ਖੋਲਣ ਲੱਗਾ ਤਾਂ ਦੋਹਾਂ ਹੱਥਾਂ ਨਾਲ ਸਾਹ ਦੇ ਸਿਰ ਤੇ ਕੀਤਾ ਵਾਰ ਤੇ ਫਿਰ : -

*ਦੋਹਰਾ ॥ ਨ੍ਰਿਪ ਸੋਂ ਕੇਲ ਕਮਾਇ ਕਰਿ ਗ੍ਰਿਹਿ ਕੈਹ ਦਯੋ ਪਠਾਇ ॥*

*ਬਹੁਰਿ ਸੁਖੀ ਹ੍ਵੈ ਪੁਰ ਬਸੀ ਸ਼ਾਹੁ ਲਯੋ ਗਰ ਲਾਇ ॥੧੨॥* (ਚੌਆਲੀਸਵੇਂ ਚਰਿਤ੍ਰ ਪੰਨਾ ੮੬੯)

ਨੋਟ :- ਇਹ ਦਸਮ ਗ੍ਰੰਥ ਹੈ ਜੀ ਇਸ ਵਿਚੋਂ ਇਸ਼ਕ ਮੁਸ਼ਕ ਤੇ ਭੋਗ ਦੇ ਸਾਰੇ ਹੀਲੇ ਵਸੀਲੇ ਮਿਲਣਗੇ, ਪਰ ਗੁਰੂ ਨਾਨਕ ਦਾ ਗਿਆਨ ਨਹੀਂ ਲੱਭਣਾ । ਅਪਣੀ ਕਾਮ ਵਾਸਨਾ ਤੇ ਮੂਰਖੋ ਗੁਰੂ ਗੋਬਿੰਦ ਸਿੰਘ ਜੀ ਦਾ ਲੇਵਲ ਲਗਾ ਕੇ ਛੁਪਣ ਦੀ ਕੋਸ਼ਿਸ ਨਾ ਕਰੋ । ਇਹ ਕਾਮ ਭੜਕਾਉ ਗੰਦ ਮੰਦ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਨਹੀਂ ਬਲਕਿ ਤੁਹਾਡੀ ਹੀ ਮੰਦੀ ਕਰਤੂਤ ਦਾ ਹਿੱਸਾ ਹੈ ।

## ਸ਼ਹਿਰ : ਜਹਾਨਾਂ ਬਾਦ

(ਪੈਤਾਲੀਸਵੇਂ ਚਰਿਤ੍ਰ ਪੰਨਾ ੮੬੯)

ਪਾਤਰ : ਨੈਨੋ (ਜੱਟ), ਸ੍ਰੀ ਤ੍ਰਿਯਰਾਜ ਮਤੀ (ਔਰਤ) ਤੇ ਜੋਗੀ

ਨੈਨੋ ਨਾਮ ਦਾ ਜੱਟ ਸੀ ਦਿੱਲੀ ਦਾ । ਘਰ ਓਹਦੇ ਕਲੈਹਣੀ ਨਾਰਿ ਸ੍ਰੀ ਤ੍ਰਿਯਰਾਜ ਮਤੀ । ਇਕ ਰੁਪਈਆ ਹੱਥ ਚ ਲੈ ਕੇ ਸ਼ਹਿਰ ਜਹਾਨਾਂਬਾਦ ਗਈ ਸੌਦਾ ਕਰਨ, ਇਹ ਓਹੋ ਹੀ ਥਾਂ ਹੈ ਜਿਥੇ ਇਕ ਜੋਗੀ ਰਹਿੰਦਾ ਸੀ । ਜਿਸ ਨੇ ਔਰਤ ਨੰਗੀ ਕਰ ਕੇ ਭੋਗੀ ਸੀ ।

*ਸੌਦਾ ਕਾਰਨ ਤਾਹਿ ਪਠਾਯੋ ॥ ਏਕ ਰੁਪੈਯਾ ਹਾਥ ਦਿਵਾਯੋ ॥*

*ਏਕ ਹੁਤੋ ਤਿਹ ਠਾਂ ਕੋ ਜੋਗੀ ॥ ਨਾਂਗੀ ਕਰਿ ਨਾਰੀ ਤਿਨ ਭੋਗੀ ॥੩॥* (ਪੈਤਾਲੀਸਵੇਂ ਚਰਿਤ੍ਰ ਪੰਨਾ ੮੬੯)

ਜੋਗੀ ਦੇ ਚੇਲਿਆਂ ਓਹਦੇ ਪੱਲੇ ਤੋਂ ਰੁਪੈਯਾ ਚੋਰੀ ਕਰ ਕੇ ਸਵਾਹ ਬੰਨ੍ਹ ਦਿੱਤੀ । ਇਸ਼ਕ ਕਰਨ ਤੋਂ ਬਾਦ ਔਰਤ ਸੌਦਾ ਕਰਨ ਘਰ ਪੁੱਜੀ ਪਰ ਬਿਨਾ ਸੌਦਾ ਕੀਤਿਆਂ ਹੀ ਖਸਮ ਪਾਸ ਪੁੱਜ ਕੇ ਗੱਠ ਖੋਲ੍ਹੀ ਵਿਚੋਂ ਨਿਕਲੀ ਸਵਾਹ, ਕਹਿੰਦੀ ਹੱਥ ਤੋਂ ਰੁਪੈਇਆ ਰਸਤੇ ਗਿਰ ਗਿਆ । ਲੋਕਾਂ ਤੋਂ ਸ਼ਰਮਾਉਂਦੀ ਨੇ ਸਣੇ ਮਿੱਟੀ ਪੱਲੇ ਬੰਨ ਲਿਆ। ਲੈ ਫੜ ਹੁਣ ਤੂੰ ਲੱਭ ।

*ਦੋਹਰਾ ॥ ਛਾਰ ਸਹਿਤ ਮੈ ਸੋ ਗਹਯੋ ਗੋਦ ਲਾਜ ਤੇ ਡਾਰਿ ॥*

*ਤੁਮ ਹਾਥਨ ਸੋ ਖੋਜਿ ਕਰਿ ਯਾਤੇ ਲੇਹੁ ਨਿਕਾਰਿ ॥੮॥*

*ਮੂੜ ਨਾਹਿ ਕਛੁ ਨਾ ਲਖਾ ਖੋਜਨ ਲਾਗਾ ਛਾਰ ॥*

*ਸੋ ਨ ਲਹਾ ਚੁਪ ਹ੍ਵੈ ਰਹਾ ਸਕਯਾ ਨ ਭੇਦ ਬਿਚਾਰਿ ॥੯॥* (ਪੈਤਾਲੀਸਵੇਂ ਚਰਿਤ੍ਰ ਪੰਨਾ ੮੬੯)

ਨੋਟ :- ਲੱਭੀ ਗੁਰਮਤਿ ? ਗਿਆਨ ਧਿਆਨ ਸਿੱਖਣ ਲਈ ਕੇਵਲ ਗੁਰੂ ਗ੍ਰੰਥ ਸਹਿਬ ਜੀ ਨੂੰ ਪੜ੍ਹਨਾ ਤੇ ਸਮਝਣਾ ਪੈਂਦਾ ਹੈ ਅਤੇ ਇਸ਼ਕ ਕਰਨ ਲਈ ਦਸਮ ਗੁਰੂ ਗ੍ਰੰਥ ਸਾਹਿਬ ਨੂੰ ।

## ਇਲਾਕਾ : ਕਸ਼ਮੀਰ

(ਛਯਾਲੀਸਵੇਂ ਚਰਿਤ੍ਰ ਪੰਨਾ ੮੬੯-੭੦)

ਪਾਤਰ : ਕਾਜੀ ਅਦਲ ਮੁਹੰਮਦ, ਨੂਰਮ ਬੀਬੀ ਤੇ ਜੱਟ

ਕਸ਼ਮੀਰ ਦੇ ਕਾਜੀ ਅਦਲ ਮੁਹੰਮਦ ਦੀ ਬੀਬੀ ਨੂਰਮ ਜੰਤ੍ਰ ਮੰਤ੍ਰ ਤੇ ਬਸਕਰਨ ਦੇ ਅਨੇਕਾਂ ਢੰਗ ਜਾਣਦੀ । ਕਾਜੀ ਕਿਹੜੇ ਘੱਟ ਨਯਾਇ ਸਾਸਤ੍ਰ ਵਿੱਚ ਬੜਾ ਨਿਪੁੰਨ । ਦੋਨਾਂ ਦਾ ਬੜਾ ਪਿਆਰ-ਹਰ ਰੋਜ ਇੱਕਠੇ ਸੌਂਦੇ । ਨੂਰਮ ਬੀਬੀ ਦਾ ਇਕ ਦਿਨ ਇਕ ਜੱਟ ਨਾਲ ਹੋ ਗਿਆ ਅੱਖ ਮਟੱਕਾ । ਇਸ਼ਕ ਦੇ ਹੁਲਾਰਿਆਂ ਚ ਝੁਟਦਿਆਂ ਪਹੁੰਚਿਆ ਕਾਜੀ-ਝੱਟ ਪੱਟ ਜੱਟ ਦੀ ਬੰਨ੍ਹ ਕੇ ਗੱਠ ਸੁਟਿਆ ਮੰਜੇ ਥੱਲੇ ਤੇ ਆਪ ਲੱਗੀ ਪੜ੍ਹਨ ਕੁਰਾਨ । ਇਹ ਦੇਖ ਕੇ ਹੋਇਆ ਕੁਰਬਾਨ । ਕਾਜੀ ਬਿਠਾਇਆ ਮੰਜੇ ਤੇ-ਹੋਈ ਇਸ਼ਕ ਚ ਅੰਨ੍ਹੀ-ਕੀਤੀ ਮੌਜ ਮਸਤੀ-ਜੱਟ ਹੇਠਾਂ ਮੰਜੇ ਦੇ ਪਿਆ ਇਸ਼ਕ ਦੀਆਂ ਚੋਟਾਂ ਦੀ ਕਰੇ ਗਿਣਤੀ । ਕਾਮ ਭੋਗ ਕਰਨ ਬਾਦ ਬਿਦਾ ਕੀਤਾ ਕਾਜੀ । ਮਿਤ੍ਰ ਕੱਢਿਆ ਮੰਜੇ ਥੱਲੋਂ-ਲਾਇਆ ਅਪਣੀ ਛਾਤੀ । ਕਹਿੰਦੀ ਮੈਂ ਕਾਜੀ ਦੀ ਖੂਬ ਛਿੜ੍ਹ ਪਰੇਡ ਕੀਤੀ ।

ਨੋਟ :- ਇਉਂ ਹੋਇਆ ਸਾਖੀ ਦਾ ਅੰਤ ਪਰ ਪਿਆਰਿਓ ਗੁਰਮਤਿ ਕਿਥੇ ? ਦਸਮ ਗ੍ਰੰਥ ਉਨ੍ਹਾਂ ਲੋਕਾਂ ਲਈ ਮਹਾਨ ਤੇ ਪਵਿਤ੍ਰ ਗ੍ਰੰਥ ਹੈ ਜੋ ਸਮਾਜ ਨੂੰ ਗੰਧਲਾ ਕਰਨਾ ਚਾਹੁੰਦੇ ਹਨ । ਆਸ ਹੈ ਤੁਸੀਂ ਉਨ੍ਹਾਂ ਵਿਚੋਂ ਨਹੀਂ ਹੋ ।

## ਇਲਾਕਾ : ਹਰਿਯਾਬਾਦ

(ਸੈਤਾਲੀਸਵੇਂ ਚਰਿਤ੍ਰ ਪੰਨਾ ੮੭੦)

ਪਾਤਰ : ਬਾਦਲ ਕੁਅਰਿ ਤੇ ਮੁਗਲ

ਇਕ ਕਥਾ ਮੈਂ ਅਪਣੇ ਕੰਨੀ ਸੁਣੀ ਹੈ ਕਿ ਹਰਿਯਾਬਾਦ ਵਿਚ ਬਾਦਲ ਕੁਅਰਿ ਨਾਂ ਦੀ ਔਰਤ ਰਹਿੰਦੀ ਸੀ, ਉਸ ਨੇ ਇਕ ਮੁਗਲ ਨੂੰ ਘਰ ਸੱਦਿਆ ਅਤੇ ਚੰਗੇ ਭੋਜਨ ਖੁਆਏ । ਮੁਗਲ ਨੇ ਔਰਤ ਨਾਲ ਕੁਕਰਮ ਕਰਨ ਲਈ ਜਯੋਂ ਹੀ ਹੱਥ ਵਧਾਇਆ ਤਾਂ ਔਰਤ ਨੇ ਜੁੱਤੀ ਨਾਲ ਉਸ ਦੀ ਪਿਟਾਈ ਕਰ ਕੇ ਉਚੀ ਉਚੀ ਰੌਲਾ ਪਾ ਦਿੱਤਾ ਤੇ ਲੋਕ ਇੱਕਠੇ ਹੋ ਗਏ । ਮੈਂ ਇਸ ਨੂੰ ਖਾਣਾ ਖੁਲਾਣ ਲਈ ਘਰ ਸੱਦਿਆ ਸੀ ਰੋਟੀ ਖਾਦਿਆਂ ਬੁਰਕੀ ਏਹਦੇ ਗਲੇ ਫਸ ਗਈ । ਠੰਢਾ ਪਾਣੀ ਮੈਂ ਪਿਲਾਇਆ ਤਾਂ ਕਿਤੇ ਜਾ ਕੇ ਏਹਨੇ ਸੁਰਤ ਸੰਭਾਲੀ ।

*ਦੋਹਰਾ ॥ ਚੇਤ ਮੁਗਲ ਜਬ ਹੀ ਭਯਾ ਸੀਸ ਰਹਯੋ ਨਿਹੁਰਾਇ ॥*
*ਅਤਿ ਲੱਜਤ ਜਿਯ ਮੈ ਭਯਾ ਬੈਨ ਨ ਭਾਖਯੋ ਜਾਇ ॥੪॥*
*ਅਬ ਮੈ ਯਾਹਿ ਉਬਾਰਿਯਾ ਸੀਤਲ ਬਾਰਿ ਪਿਯਾਇ ॥*
*ਸਭ ਸੌ ਐਸੀ ਭਾਂਤਿ ਕਹਿ ਤਾਕੌ ਦਿਯਾ ਉਠਾਇ ॥੫॥* (ਸੈਤਾਲੀਸਵੇਂ ਚਰਿਤ੍ਰ ਪੰਨਾ ੮੭੦)

ਪਾਤਰ : ਬਾਦਸ਼ਾਹ ਜਹਾਂਗੀਰ, ਨੂਰਜਹਾਂ, ਸਹੇਲੀਆਂ ਤੇ ਜੰਗਲੀ ਜਾਨਵਰ (ਅਠਤਾਲੀਸਵੇਂ ਚਰਿਤ੍ਰ ਪੰਨਾ ੮੭੦-੭੨)

**ਜਹਾਂਗੀਰ ਤੇ ਨੂਰਜਹਾਂ ਦੀ ਕਹਾਣੀ :**

ਬਾਦਸ਼ਾਹ ਜਹਾਂਗੀਰ ਦੀ ਬੇਗਮ ਸੀ ਨੂਰਜਹਾਂ । ਪਤੀ ਨੂੰ ਬਸ ਕਰਨ ਲਈ ਇਹ ਜਿੱਥੇ ਕਿਤੇ ਜਾਂਦੀ । ਇਕ ਦਿਨ ਕਹਿੰਦੀ ਜਹਾਂਗੀਰ ਨੂੰ ਚੱਲ ਸ਼ਿਕਾਰ ਖੇਡਣ ਚੱਲੀਏ ਅੱਪਾਂ ਦੋਵੇਂ । ਸੰਗ ਹੋਣਗੀਆਂ ਮੇਰੀਆਂ ਸਖੀਆਂ । ਚੱਲ ਪਿਆ ਜਹਾਂਗੀਰ ਸ਼ਿਕਾਰ ਖੇਡਣ ਜੰਗਲ ਚ-ਹੁਸਨ ਦੀਆਂ ਪਰੀਆਂ ਨੇ ਸੰਭਾਲੇ ਹਥਿਆਰ ਤਾਣੀਆਂ ਬੰਦੂਕਾਂ । ਕਿਸੇ ਭੀ ਮਿਰਗ ਜਾਂ ਜੰਗਲੀ ਜਾਨਵਰ ਨੂੰ ਸੁੱਕਾ ਨਾ ਜਾਣ ਦਿੱਤਾ ।

*ਕਿਨਹੂੰ ਗਹੀ ਤੁਫੰਗ ਕਰ ਕਿਨਹੂੰ ਗਹੀ ਕ੍ਰਿਪਾਨ ॥*
*ਕਿਨਹੂੰ ਕਟਾਰੀ ਕਾਢਿ ਲੀ ਕਿਨਹੂੰ ਤਨੀ ਕਮਾਨ ॥੯॥* (ਅਟਤਾਲੀਸਵੇਂ ਚਰਿਤ੍ਰ ਪੰਨਾ ੮੭੧)

ਅਨੇਕਾਂ ਢੰਗਾਂ ਤੌਰ ਤਰੀਕਿਆਂ ਨਾਲ ਕੀਤਾ ਜਾਨਵਰਾਂ ਦਾ ਸ਼ਿਕਾਰ ਤੇ ਆ ਗਿਆ ਸ਼ੇਰ । ਜਹਾਂਗੀਰ ਨੇ ਤੁਪਕਿ (ਬੰਦੂਕ) ਚਲਾਈ ਪਰ ਬੱਚ ਗਿਆ ਵਿਚਾਰਾ । ਸ਼ੇਰ ਨੇ ਕੀਤਾ ਜਹਾਂਗੀਰ ਤੇ ਹਮਲਾ-ਨੂਰ ਜਹਾਂ ਤਾਣੀ ਬੰਦੂਕ-ਠਾਹ ਦੇ ਕੇ ਸ਼ੇਰ ਦੇ ਸੀਨੇ ਧਸੀ-ਹੋਇਆ ਘਾਇਲ ਤੇ ਛੱਡੇ ਪ੍ਰਾਣ । ਜਹਾਂਗੀਰ ਨੇ ਕੀਤਾ ਸ਼ੁਕਰਾਨਾ ਕਹਿੰਦਾ ਜਿਸ ਔਰਤ ਨੇ ਸ਼ੇਰ ਮਾਰਨ ਲੱਗੇ ਢਿਲ ਨਾ ਕੀਤੀ ਉਸ ਤੋਂ ਡਰਨਾ ਚਾਹੀਦਾ ਹੈ ।

ਨੋਟ :- ਆਪ ਜੀ ਦਸਮ ਗ੍ਰੰਥ ਦੇ ਧਾਰਮਿਕ ਪ੍ਰਵਚਨ ਪੜ੍ਹ ਰਹੇ ਹੋ ਜੀ । ਇਸ ਗ੍ਰੰਥ ਚੋਂ ਅਨੇਕਾਂ ਹੀ ਕਾਮ ਭਰਪੂਰ ਸਾਖੀਆਂ ਸਾਡੇ ਪ੍ਰਚਾਰਕ ਚਟਕਾਰੇ ਲਾ ਲਾ ਸਟੇਜਾਂ ਤੇ ਸੁਣਾਉਂਦੇ ਹਨ । ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸੁਣਾਉਣ ਵੇਲੇ ਇਨ੍ਹਾਂ ਨੂੰ ਦੰਦਰਾਲਾਂ ਪੈ ਜਾਂਦੀਆਂ ਹਨ । ਇਹ ਹੋਸ਼ ਚ ਓਦੋਂ ਆਉਂਦੇ ਹਨ ਜਦ ਕੋਈ ਕੰਨ ਚ ਫੂਕ ਮਾਰ ਕੇ ਕਹਿੰਦਾ ਹੈ ਬਈ ਸੁਰਤ ਸੰਭਾਲੋ ਦਸਮ ਗ੍ਰੰਥ ਦੀ ਅੱਪਾਂ ਕਥਾ ਸੁਣਾਉਣੀ ਹੈ । ਜੇ ਝੂਠ ਹੈ ਤਾਂ ਸੰਤਾਂ-ਸਾਧਾਂ ਬ੍ਰਹਮਗਿਆਨੀਆਂ ਤੇ ਅਨੇਕਾਂ ਹੀ ਧਾਰਮਿਕ ਅਖਵਾਉਂਦੀਆਂ ਅਧਾਰਮਿਕ ਜਥੇਬੰਦੀਆਂ ਤੋਂ ਪੁੱਛ ਕੇ ਭਰਮ ਦੂਰ ਕਰ ਲੈਣਾ ਜੀ ।

ਪਾਤਰ : ਨੰਦ ਮਤੀ, ਨਾਥ ਤੇ ਕਵੀ (ਉਨਚਾਸਵੇਂ ਚਰਿਤ੍ਰ ਪੰਨਾ ੮੭੨-੭੩)

**ਅਨੰਦ ਪੁਰ ਸਾਹਿਬ ਦੀ ਇਕ ਹੋਰ ਗੰਦੀ ਕਥਾ ਤੇ ਗੁਰਸਿੱਖਾਂ ਦਾ ਅਪਮਾਨ :** ਅਨੰਦ ਪੁਰ ਵਿੱਚ ਇੱਕ ਨਾਇਨ (ਨੈਣ) ਰਹਿੰਦੀ ਸੀ ਨਾਂ ਸੀ ਓਹਦਾ ਨੰਦ ਮਤੀ-ਖਸਮ ਓਹਦਾ ਮਹਾਂ ਮੂਰਖ । ਨੰਦਮਤੀ ਕੋਲ ਘਰ ਅਨੇਕਾਂ ਬੰਦੇ ਆਉਂਦੇ ਤੇ ਰਾਤ ਦਿਨ ਉਸ ਨਾਲ ਭੋਗ ਕਰਦੇ ਪਰ ਮੂਰਖ ਸਾਡੇ ਘਰ ਪਿਆ ਰਹਿੰਦਾ ।

*ਚੌਪਈ ॥ ਤਾਕੇ ਧਾਮ ਬਹੁਤ ਜਨ ਆਵੈਂ ॥ ਨਿਸ ਦਿਨ ਤਾ ਸੋ ਭੋਗ ਕਮਾਵੈ ॥*
*ਸੋ ਜੜ ਪਰਾ ਹਮਾਰੇ ਰਹਈ ॥ ਤਾਕੋ ਕਛੁ ਨ ਮੁਖ ਤੇ ਕਹਈ ॥੨॥* (ਉਨਚਾਸਵੇਂ ਚਰਿਤ੍ਰ ਪੰਨਾ ੮੭੨)

ਨੋਟ :- ਕਵੀ ਅਨੰਦਪੁਰ ਸਾਹਿਬ ਦਾ ਵਸਿੰਦਾ ਹੈ ਅਤੇ ਗੁਰੂ ਘਰ ਦਾ ਕੱਟੜ ਦੁਸਮਣ । ਉਸ ਤੋਂ ਭੀ ਕੱਟੜ ਦੁਸਮਣ ਸਿੱਖੀ ਭੇਖ ਅੰਦਰ ਵਿਚਰ ਰਹੇ ਮਨੁੱਖ ਜੋ ਹਰ ਹਰਬਾ ਵਰਤ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ

ਬਦਨਾਮ ਕਰਦੇ ਹਨ । ਅੰਨ੍ਹਿਆਂ ਦਾ ਤਾਂ ਇਲਾਜ ਹੋ ਜਾਂਦਾ ਹੈ । ਪਰ ਜੋ ਹਯਾ ਦੇ ਅੰਨ੍ਹੇ ਹੋ ਜਾਣ ਉਨ੍ਹਾਂ ਦਾ ਇਲਾਜ ਕਿਤੇ ਨਹੀਂ ਹੁੰਦਾ । ਕਵੀ ਪਿੱਟ ਰਿਹਾ ਹੈ ਕਿ ਉਹ ਸਾਡੇ ਘਰ ਪਿਆ ਰਹਿੰਦਾ ਸੀ, ਪਰ ਬੇਸ਼ਰਮ ਕਹਿੰਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਹਨ ਜੋ ਕਹਿ ਰਹੇ ਹਨ । ਸਿਆਣੇ ਕਹਿੰਦੇ ਹਨ ਝੂਠ ਦਾ ਬੇੜਾ ਗ਼ਰਕ ।

ਹਾਂ ਜਦ ਕਦੇ ਉਹ ਅਪਣੇ ਘਰ ਜਾਂਦਾ ਉਦੋਂ ਓਹਦੀ ਔਰਤ ਕਹਿੰਦੀ ਕਿ ਏਹਨੂੰ ਕਲਜੁੱਗ ਦੀ ਹਵਾ ਲੱਗੀ-ਈ-ਨੀ। ਮੇਰਾ ਖਸਮ ਬੜਾ ਵਡਭਾਗੀ ਹੈ। ਇਹ ਰਾਤ ਦਿਨ ਸਬਦ ਗਾਉਂਦਾ ਰਹਿੰਦਾ ਹੈ ਸਾਰੇ ਹੀ ਸਾਧਾਂ ਦਾ ਰਾਜਾ ਹੈ । ਮੇਰਾ ਪਤੀ ਗੁਰੂ ( ਗੁਰੂ ਗੋਬਿੰਦ ਸਿੰਘ ) ਦਾ ਭਗਤ ਹੈ ਇਸ ਨੂੰ ਕਲਜੁਗ ਦੀ ਹਵਾ ਈ-ਨੀ -ਲੱਗੀ। ਮੂਰਖ ਇਹ ਬਚਨ ਸੁਣ ਕੇ ਫੁੱਲ ਜਾਂਦਾ ਤੇ ਅਪਣੇ ਆਪ ਨੂੰ ਵੱਡਾ ਸਾਧ ਅਖਵਾਉਂਦਾ। ਓਹ ਆਪ ਰਾਤ ਦਿਨ ਯਾਰਾਂ ਨਾਲ ਮੌਜ ਮੇਲਾ ਕਰਦੀ ਪਰ ਇਹ ਮੂੰਹੋਂ ਕੁੱਝ ਨਾ ਕਹਿੰਦਾ ।

*ਦੋਹਰਾ ॥ ਨਿਸੁਦਿਨ ਸ਼ਬਦਨ ਗਾਵਹੀ ਸਭ ਸਾਧਨ ਕੋ ਰਾਉ ॥*
*ਮੋ ਪਤਿ ਗੁਰ ਕੋ ਭਗਤਿ ਹੈ ਲਗੀ ਨ ਕਲਿ ਕੀ ਬਾਉ ॥੪॥*
*ਚੌਪਈ ॥ ਯਹ ਜੜ ਫੂਲਿ ਬਚਨ ਸੁਨਿ ਜਾਵੈ ॥ ਅਧਿਕ ਆਪੁ ਕਹ ਸਾਧੁ ਕਹਾਵੈ ॥*
*ਵਹ ਜਾਰਨ ਸੌ ਨਿਸੁ ਦਿਨ ਰਹਈ ॥ ਇਹ ਕਚੁ ਤਿਨੈ ਨ ਮੁਖ ਤੇ ਕਹਈ ॥੫॥*

(ਉਨਚਾਸਵੇਂ ਚਰਿਤ੍ਰ ਪੰਨਾ ੮੭੩)

ਨੋਟ :- ਇਸ ਤੋਂ ਵੱਧ ਗੁਰੂ ਅਤੇ ਗੁਰਸਿੱਖਾਂ ਦਾ ਘੋਰ ਅਪਮਾਨ ਹੋਰ ਕੀ ਹੋ ਸਕਦਾ ਹੈ । ਸਾਡੇ ਵੱਡੇ ਪੁਜਾਰੀ ਧਰਮ ਦੇ ਠੇਕੇਦਾਰ ਦਸਮ ਗ੍ਰੰਥ ਦੀ ਹਮਾਇਤ ਕਰਨ ਵਾਲੀਆਂ ਜਥੇਬੰਦੀਆਂ ਤੇ ਸਿਆਸੀ ਨਿੱਘ ਲੈਣ ਵਾਲੇ ਨੇਤਾ। ਸਟੇਜਾਂ ਤੇ ਬਾਹਵਾਂ ਉਲਾਰ ਉਲਾਰ ਕੇ ਭਾਸਣ ਦੇਣ ਵਾਲੇ ਕਥਾ ਵਾਚਕ ਤੇ ਕੀਰਤਨੀਏ ਸਿੰਘ ਕਦ ਤੱਕ ਸਿੱਖ ਕੌਮ ਨੂੰ ਬੁੱਧੂ ਬਣਾਣਗੇ ਤੇ ਗੁਰੂ ਗੋਬਿੰਦ ਸਿੰਘ ਜੀ ਅਥਵਾ ਗੁਰਸਿੱਖਾਂ ਦਾ ਅਪਮਾਨ ਕਰਦੇ ਰਹਿਣਗੇ ? ਜੇਕਰ ਤੁਹਾਡੇ ਦਿਲ ਚ ਰੱਤੀ ਭਰ ਭੀ ਗੁਰੂ ਪ੍ਰਤੀ ਸ਼ਰਧਾ ਬਾਕੀ ਹੈ ਤਾਂ ਕਮਰਕਸੇ ਕਰ ਕੇ ਧਰਮ ਦੇ ਦੋਖੀਆਂ ਤੋਂ ਸਪੱਸਟੀ ਕਰਣ ਪੁੱਛੋ ਜੀ।

## ਇਲਾਕਾ : ਓਡਛੇ (ਉੜੀਸਾ)

(ਪਚਾਸਵੇਂ ਚਰਿਤ੍ਰ ਪੰਨਾ ੮੭੩-੭੪)

ਪਾਤਰ : ਪੁਹਪ ਮੰਜਰੀ ਤੇ ਰਾਜਾ

ਉੜੀਸਾ ਦੀ ਰਾਣੀ ਪੁਹਪ ਮੰਜਰੀ-ਬੜੀ ਸੋਹਣੀ ਓਹਦੇ ਰੂਪ ਤੋਂ ਔਰਤਾਂ ਨੂੰ ਸਾੜਾ। ਸੁੰਦਰਤਾ ਨੇ ਕੀਤਾ ਰਾਜਾ ਕਾਬੂ-ਓਹ ਜੋ ਕਹੇ ਓਹੀ ਕਰੇ-ਰਾਜ ਭਾਗ ਓਹ ਖੁਦ ਦੇਖਦੀ ਸਮਝੋ ਰਾਜਾ, ਰਾਜਾ ਨਹੀਂ ਬਲਕਿ ਇਕ ਔਰਤ ਹੈ। ਉਹ ਜੋ ਕਹਿੰਦੀ ਪ੍ਰਜਾ ਓਹੀ ਕਰਦੀ-ਰਾਜੇ ਦੇ ਹੁਕਮ ਨੂੰ ਕੋਈ-ਨਾ ਮੰਨੇ। ਜੰਤ੍ਰ ਮੰਤ੍ਰ ਨਾਲ ਰਾਣੀ ਕੀਤਾ ਰਾਜਾ ਬੱਸ ਜਦ ਚਾਹੁੰਦੀ ਉਠਾ ਲੈਂਦੀ ਤੇ ਜਦ ਚਾਹੁੰਦੀ ਸੁਲਾ ਦੇਂਦੀ ਮਤਲਬ ਸਾਰ ਕੇ । ਰਾਣੀ ਦੇਖਿਆ ਇਕ ਸੁੰਦਰ ਪੁਰਖ-ਹੋਈ ਦੀਵਾਨੀ-ਵਟਾਇਆ ਪੁਰਖ ਦਾ ਭੇਖ ਤੇ ਜਾ ਪਹੁੰਚੀ ਮਿਤ੍ਰ ਪਾਸ-ਮਿਟਾਈ ਸਰੀਰਕ ਭੁੱਖ ਤੇ ਮੁੜ ਓਹੋ ਕੁੱਝ ਜੋ ਕਵੀ ਦੱਸਦਾ ਹੀ ਆ ਰਿਹਾ ਹੈ ਤੇ ਅਖੀਰ ਵਿੱਚ :-

*ਦੋਹਰਾ ॥ ਜੋ ਨ੍ਰਿਪ ਚਮਕਾਨਾ ਰਹੈ ਤ੍ਰਿਯ ਕਾ ਕਰਤ ਬਿਸ੍ਵਾਸ ॥*
*ਅਵਰ ਪੁਰਖ ਪਰ ਅਟਿਕ ਤ੍ਰਿਯ ਕਰਤ ਤਵਨ ਕੋ ਨਾਸ ॥੧੨॥*
*ਚਿੱਤ ਨ ਦੀਜੈ ਆਪਨੋ ਸਭ ਕੋ ਲੇਹੁ ਬਨਾਇ ॥*
*ਤਬ ਸਭ ਕਹ ਜੀਤਤ ਰਹੋ ਰਾਜ ਕਰੋ ਸੁਖ ਪਾਇ ॥੧੩॥* (ਪਚਾਸਵੇਂ ਚਰਿਤ੍ਰ ਪੰਨਾ ੮੭੪)

ਨੋਟ :- ਕਵੀ ਅਪਣੀ ਹਰ ਰਚਨਾਂ ਵਿੱਚ ਔਰਤ ਨੂੰ ਮੰਦਾ ਬੋਲ ਰਿਹਾ ਹੈ । ਸਿੱਖ ਧਰਮ ਨੇ ਔਰਤ ਨੂੰ ਬਰਾਬਰ ਦੇ ਹੱਕ ਦਿੱਤੇ ਤੇ ਬਰਾਬਰ ਦਾ ਸਾਥੀ ਬਣਾਇਆ । ਕੀ ਗੁਰੂ ਗੋਬਿੰਦ ਸਿੰਘ ਜੀ ਦਸਮੇਂ ਜਾਮੇਂ ਵਿੱਚ ਔਰਤਾਂ ਨੂੰ ਮੰਦਾ ਬੋਲ ਸਕਦੇ ਹਨ ? ਹਰ ਔਰਤ ਦਾ ਹੱਕ ਬਣਦਾ ਹੈ ਕਿ ਇਸ ਦਾ ਜੁਆਬ ਪੁਜਾਰੀਆਂ ਤੋਂ ਪੁੱਛੇ ।

## ਇਲਾਕਾ : ਮਾਰਵਾਰ (ਮਾਰਵਾੜ)

(ਇਕਿਯਾਨਵੇਂ ਚਰਿਤ੍ਰ ਪੰਨਾ ੮੭੪-੭੫)

ਪਾਤਰ : ਉਧੈ ਕਰਨ (ਸ਼ਾਹ), ਸੀਲ ਮਤੀ (ਸੀਲ ਮੰਜਰੀ) ਔਰਤ ਤੇ ਇਕ ਹੋਰ ਔਰਤ

ਮਾਰਵਾਰ ਦਾ ਸ਼ਾਹ ਬਹੁਤੇ ਧੰਨ ਨਾਲ ਕਰੇ ਵਿਓਪਾਰ ਲਏ ਬਹੁਤਾ ਵਿਆਜ ਤੇ ਪੁੰਨ ਦਾਨ ਖ਼ਾਤਰ ਵੰਡ ਦਏ ਬ੍ਰਹਮਣਾ ਨੂੰ। ਨਾਂ ਸੀ ਇਹਦਾ ਉਦੈ ਕਰਨ ਅੰਤਾਂ ਦਾ ਸੋਹਣਾ ਸੁਨੱਖਾ। ਜਿਹੜੀ ਔਰਤ ਇਹਨੂੰ ਦੇਖਦੀ ਉਸ ਤੇ ਮਰ ਮਿਟਦੀ। ਔਰਤ ਦਾ ਨਾਂ ਸੀ ਸੀਲ ਮਤੀ (ਸੀਲ ਮੰਜਰੀ) ਜਿਵੇਂ ਅੱਗਦਾ ਗੋਲਾ ਹੋਏ। ਸੀਤਲਤਾ

ਚੰਦ ਦੇ ਟੁਕੜੇ ਵਰਗੀ । ਸ਼ਾਹ ਦਾ ਚਿਹਰਾ ਦੇਖੇ ਬਿਨਾਂ ਪਾਣੀ ਦਾ ਘੁੱਟ ਨਾ ਪੀਂਦੀ । ਬੜਾ ਪ੍ਰੇਮ ਸੀ ਦੋਨਾਂ ਵਿਚਕਾਰ । - ਇਕ ਔਰਤ ਸ਼ਾਹ ਦੀ ਸੁੰਦਰਤਾ ਦੇਖ ਕੇ ਹੋਈ ਦੀਵਾਨੀ-ਸ਼ਾਹ ਨਾਲ ਇਸ਼ਕ ਕਰਨ ਦੀ ਠਾਣੀ ਸ਼ਾਹੂਕਾਰਨ ਨੂੰ ਬਣਾਇਆ ਧਰਮ ਦੀ ਭੈਣ-ਹਰ ਰੋਜ ਹੀ ਕੋਈ ਨਵੀਂ ਕਥਾ ਸੁਣਾ ਕੇ ਓਹਨੂੰ ਰਿਝਾਏ । ਇਕ ਦਿਨ ਕਹਿੰਦੀ ਸ਼ਾਹੂਕਾਰਨੇ ਤੈਨੂੰ ਸੁਣਾਵਾਂ ਇਕ ਕਹਾਣੀ ਜਿਸ ਨਾਲ ਤੇਰਾ ਹੋਏ ਹੰਕਾਰ ਦੂਰ-ਲੈ ਸੁਣ ਤੇਰੇ ਪਤੀ ਤੇ ਮੇਰੇ ਪਤੀ ਵਿਚ ਕੋਈ ਭੇਦ ਨਹੀਂ । ਉਨ੍ਹਾਂ ਦਾ ਰੂਪ ਤੱਕ ਕੇ ਕੋਈ-ਨੀ-ਪਛਾਣ ਸਕਦਾ । ਉੱਠ ਕੇ ਤੱਕ ਲਵੀਂ ਕਿ ਤੇਰਾ ਪਤੀ ਹੈ ਜਾਂ ਮੇਰਾ । ਸ਼ਾਮ ਨੂੰ ਦਿਖਾਵਾਂਗੀ ਪਤੀ ਅਪਣਾ ਤੈਨੂੰ - ਸ਼ਾਹੂਕਾਰਨ ਭੇਦ ਨਾ ਸਮਝ ਸਕੀ-ਜਾਗੀ ਤਮੰਨਾ ਓਹਦਾ ਪਤੀ ਦੇਖਣ ਦੀ । ਔਰਤ ਜਾ ਸ਼ਾਹ ਨੂੰ ਕਹਿੰਦੀ ਤੇਰੀ ਔਰਤ ਖੋਟੇ ਕਰਮ ਵਾਲੀ ਹੈ, ਪ੍ਰਤੱਖ ਦਿਖਾਵਾਂਗੀ ਤੈਨੂੰ ਤੇ ਫਿਰ ਤੇਰੇ ਨਾਲ ਪਿਆਰ ਦੇ ਹੁਲਾਰੇ ਲਵਾਂਗੀ । ਸ਼ਾਹੂਕਾਰਨ ਨਾਲ ਕੀਤਾ ਧੋਖਾ-ਬਣਾਇਆ ਬੁੱਧੂ-ਸ਼ਾਹੂ ਕਾਰ ਦੇ ਮਨ ਚ ਸਾਹੂਕਾਰਨ ਲਈ ਭਰ ਕੇ ਨਫ਼ਰਤ ਜਾ ਝੂਟੀ ਪਿਆਰ ਦੀ ਪੀਂਘ ।

ਨੋਟ :- ਏਸ ਨੂੰ ਕਹਿੰਦੇ ਨੇ ਦਸਮ ਗ੍ਰੰਥ। ਇਹ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਨਹੀਂ ਸੋਚ ਲੈਣਾ। ਸਿੱਖ ਧਰਮ ਅੰਦਰ ਇਸ ਤੋਂ ਇਲਾਵਾ ਹੋਰ ਭੀ ਨੌਂ ਗ੍ਰੰਥ ਹਨ ਪਰਲੇ ਦਰਜੇ ਦੇ ਅਸ਼ਲੀਲ ਇਨ੍ਹਾਂ ਵਿੱਚੋਂ ਇਕ ਦਾ ਨਾਂ ਹੈ ਪ੍ਰੇਮ-ਸੁ-ਮਾਰਗਿ ਗ੍ਰੰਥ ਸਾਈਦ ਤੁਸੀਂ ਪੜ੍ਹਿਆ ਹੋਏ ਇਸ ਤੇ ਭੀ ਪਾਤਸਾਹੀ ੧੦ ਦੀ ਮੋਹਰ ਜੜੀ ਹੈ। ਮੈਂ ਇਸ ਨੂੰ ਨੌਂਵਾ ਗ੍ਰੰਥ ਮੰਨਦਾ ਹਾਂ ਤੇ ਪੜ੍ਹਿਆ ਜਾ ਰਿਹਾ ਦਸਵਾਂ। ਸਾਡੇ ਪੁਜਾਰੀ ਤੇ ਪ੍ਰਚਾਰਕ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬੋਦ ਕਦੇ ਕਦਾਈਂ ਕਰਦੇ ਹਨ ਪਰ ਇਹ ਗ੍ਰੰਥ ਸਿਰਹਾਣੇ ਰੱਖ ਕੇ ਸੌਂਦੇ ਹਨ ਇਸ਼ਕ ਮੁਸ਼ਕ ਦੇ ਗਿਆਨ ਬੋਧ ਲਈ, ਹੈ ਨਾ ਕਮਾਲ ? ਇਸ ਨੂੰ ਧਾਰਮਿਕ ਪ੍ਰਵਚਨ ਕਹੋਗੇ ਜਾਂ ਅਸ਼ਲੀਲਤਾ ?

*ਦੋਹਰਾ ॥ ਛਲਯੋ ਸ਼ਾਹੁ ਤ੍ਰਿਯ ਤ੍ਰਿਯਾਜੁਤ ਐਸੋ ਚਰਿਤ ਸੁਧਾਰਿ ॥*
*ਤਾਸੋ ਨੇਹੁ ਤੁਰਾਇਕੈ ਕਿਯਾ ਆਪਨੋ ਯਾਰ ॥੧੬॥* (ਇਕਿਯਾਨਵੇਂ ਚਰਿਤ੍ਰ ਪੰਨਾ ੮੭੫)

### ਇਲਾਕਾ : ਉਤਰ ਦੇਸ ਬੰਸ ਸੂਰਜ (ਬਾਵਨੋ ਚਰਿਤ੍ਰ ਪੰਨਾ ੮੭੫-੮੩)

**ਪਾਤਰ** : ਬਿਜੈ ਸਿੰਘ (ਰਾਜਾ), ਇੰਦ੍ਰ ਪ੍ਰਭਾ (ਪਟਰਾਣੀ), ਸ੍ਰੀ ਜਾਨਵਿ, ਸੁਭਟ ਸਿੰਘ, ਪ੍ਰੋਹਿਤ, ਪਾਰਬਤੀ, ਮੋੜਕੇਤ (ਅਜਮੇਰ ਦਾ ਰਾਜਾ), ਬਿਨਟ ਸਿੰਘ, ਅਮਿਟ ਸਿੰਘ, ਬੂੰਦੀ ਨਾਥ, ਕਟ ਸਿੰਘ (ਉਜੈਨ ਦਾ ਰਾਜਾ), ਪਰਮ ਸਿੰਘ, ਕਰਮ ਸਿੰਘ, ਧਰਮ ਸਿੰਘ, ਅਮਰ ਸਿੰਘ, ਅਚਲ ਸਿੰਘ, ਕੁਲਿੰਗ ਦੇਸ ਦਾ ਰਾਜਾ, ਤ੍ਰਿਗਤਿ ਦੇਸ ਦਾ ਰਾਜਾ, ਮਘਧੇ ਸ੍ਰਰ ਦਾ ਰਾਜਾ, ਬੀਰ ਕੇਤ, ਚਿਤ੍ਰ ਕੇਤ, ਛਤ੍ਰ ਕੇਤ, ਬਿਕਟ ਕੇਤ, ਇੰਦ੍ਰ ਕੇਤ, ਗੀਧ ਕੇਤ, ਸੁਮਤ ਕੇਤ, ਸਮਰ ਸਿੰਘ ਬ੍ਰਹਮ ਕੇਤ, ਤਾਲ ਕੇਤ, ਕਾਕ ਕੇਤ, ਕਰੂਰ ਕੇਤ, ਕੌਲ ਕੇਤ, ਕਮਠ ਕੇਤ, ਉਲੂਕ ਕੇਤ, ਕੁਤਿਸਿਤ ਕੇਤ, ਕੱਛਪ ਕੇਤ ਕੇਤ ਲੂਕ ਤੇ ਕੰਨਿਆ ।

ਬਿਜੈ ਸਿੰਘ ਉਤਰ ਦੇਸ ਦਾ ਰਾਜਾ ਸੂਰਜ ਬੰਸ ਚੋਂ ਪਟਰਾਣੀ ਓਹਦੀ ਇੰਦ੍ਰ ਪ੍ਰਭਾ। ਇਕ ਧੀ ਬੜੀ ਹੀ ਸੋਹਣੀ-ਹੋਈ ਜਵਾਨ ਤਾਂ ਰਾਜਾ ਲੈ ਗਿਆ ਓਹਨੂੰ ਗੰਗਾ ਨਦੀ ਦੇ ਤੱਟ ਸੋਚਿਆ ਉਥੇ ਹੋਰ ਰਾਜੇ ਆਉਂਣਗੇ ਕਿਸੇ ਨਾਲ ਕਰਾਂਗਾ ਸ਼ਾਦੀ ਏਹਦੀ। ਚਲਦੇ ਚਲਦੇ ਪਹੁੰਚੇ ਗੰਗਾ ਕਿਨਾਰੇ। ਪਹਿਲਾਂ ਸ੍ਰੀ ਜਾਨਵਿ ਦੇ ਦਰਸ਼ਨ ਕੀਤੇ ਤੇ ਪੂਰਬਲੇ ਕਰਮਾਂ ਦਾ ਕੀਤਾ ਅੰਤ ਫੇਰ ਵੱਡੇ ਵੱਡੇ ਰਾਜਿਆਂ ਨੂੰ ਦਿਖਾਈ ਰਾਜ ਕੁਮਾਰੀ। ਉਸ ਨੇ ਸੁਭਟ ਸਿੰਘ ਕੀਤਾ ਪਸੰਦ ਬਾਕੀਆਂ ਨੂੰ ਚੜ੍ਹਿਆ ਗੁੱਸਾ ਕਹਿੰਦੇ ਅਸੀਂ ਲੜ ਮਰ ਕੇ ਇਸ ਨਾਲ ਕਰਾਂਗੇ ਸ਼ਾਦੀ। ਸੁਭਟ ਸਿੰਘ ਨੇ ਕੀਤਾ ਸ਼ਾਦੀ ਤੋਂ ਇਨਕਾਰ। ਰਾਜ ਕੁਮਾਰੀ ਕਹਿੰਦੀ ਕਿ ਲੜ ਕੇ ਜੋ ਮੈਨੂੰ ਵਰੇਗਾ ਓਹੋ ਹੀ ਹੋਏਗਾ ਮੇਰਾ ਖਸਮ ।

ਰਾਜੇ ਘੱਲਿਆ ਪ੍ਰੋਹਿਤ ਸੁਭਟ ਸਿੰਘ ਨੂੰ ਮਨਾਉਣ ਤੇ ਕਿਹਾ ਮੇਰੇ ਤੇ ਕ੍ਰਿਪਾ ਕਰਨੀ ਧੀ ਦਾ ਵਿਆਹ ਬੇਦ ਵਿਧਾਨ ਦੀ ਰੀਤਿ ਅਨੁਸਾਰ ਕਰਨਾ। (ਇਸ ਨੂੰ ਸਿੱਖ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਬੇਦ ਵਿਧਾਨ ਦੀ ਗੱਲ ਕਰਨਗੇ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਦੀ) ਪਰ ਉਹ ਨਾ ਮੰਨਿਆ। ਰਾਜ ਕੁਮਾਰੀ ਕਹਿੰਦੀ ਕਿ ਜੋ ਜੰਗ ਜਿੱਤੇਗਾ ਉਸੇ ਨਾਲ ਕਰਾਂਗੀ ਸ਼ਾਦੀ। ਪਿਤਾ ਦਿੱਤਾ ਢਿੰਡੋਰਾ-ਰਾਜਿਆਂ ਚੜ੍ਹਿਆ ਜੋਸ਼-ਕੀਤੀ ਜੰਗ ਦੀ ਤਿਆਰੀ ਸੰਭਾਲੇ ਹਥਿਆਰ-ਪਹੁੰਚੇ ਬੀਰ ਕਵਚ ਪਹਿਨ-ਹਿਣਕੇ ਘੋੜੇ - ਕਈਆਂ ਸੂਤੀ ਤਲਵਾਰ ਪਹਿਨ ਕੇਸਰੀ ਬਾਣੇ। ਲੱਗੀ ਨਗਾਰੇ ਚੋਟ-ਰਾਜ ਕੁਮਾਰੀ ਭੀ ਘੱਟ ਨਹੀਂ-ਬੁਲਾਈਆਂ ਸਖੀਆਂ-ਪਹਿਨਾਏ ਹਥਿਆਰ-ਜਾ ਕੁੱਦੀ ਜੰਗੇ ਮੈਦਾਨ ਚ ਘਮਸਾਣ ਦੀ ਹੋਈ ਲੜਾਈ-ਅਨੇਕਾਂ ਮਰੇ ਅਨੇਕਾਂ ਜਖ਼ਮੀ-ਗਿੱਧਾਂ-ਕਾਵਾਂ ਕੁੱਤਿਆਂ ਨੂੰ ਲੱਗੀਆਂ ਮੌਜਾਂ-ਭੂਤ ਪ੍ਰੇਤਾਂ ਦੇ ਨਾਚ-ਜੋਗਣਾਂ ਦੇ ਹੱਥ ਖੂਨ ਦੇ ਖੱਫਰ ਹੈ ਨਾ ਕਵੀ ਰਾਮ ਦੀ ਕਮਾਲ :-

*ਸਵੈਯਾ ॥ ਰਾਜ ਸੁਤਾ ਕਰਿ ਕੋਪ ਤਿਹੀ ਛਿਨ ਸਾਮੁਹਿ ਹ੍ਵੈ ਹਥਿਯਾਰ ਗਹੇ ॥*
*ਬਲਵਾਨ ਕਮਾਨ ਕੋ ਤਾਨਿ ਹਨੇ ਕਬਿ ਰਾਮ ਭਨੈ ਚਿਤ ਮੈ ਜੁ ਚਹੇ ॥*
*ਸਰ ਸੂਰ ਦਇੰਤਨ ਕੇ ਤਨ ਮੈ ਇਹ ਭਾਂਤਿ ਲਗੇ ਨਹਿ ਜਾਤ ਕਹੇ ॥*
*ਮਨੋ ਇੰਦ੍ਰ ਕੇ ਬਾਗ ਅਸ਼ੋਕ ਬਿਖੈ ਫੁਲਵਾਰਿਨ ਕੇ ਫਲ ਫੂਲ ਰਹੇ ॥੬੮੫॥*

(ਬਾਵਨੋ ਚਰਿਤ੍ਰ ਪੰਨਾ ੮੮੦)

ਇਕ ਤੋਂ ਬਾਦ ਦੂਜੇ ਰਾਜੇ ਦਾ ਕਤਲ ਸਣੇ ਫੋਜਾਂ ਦੇ-ਫੇਰ ਆਏ ਦੈਂਤ-ਬਿਬਾਨ ਤੇ ਚੜ੍ਹ ਪਹੁੰਚੇ ਦੇਵਤੇ ਜੰਗ ਦੇਖਣ (ਹੈ ਨਾ ਕਵੀ ਦੀ ਸਿਖਰ ਉਡਾਰੀ । ਪੁਜਾਰੀ ਕਹਿੰਦੇ ਇਹਦਾ ਲਿਖਾਰੀ ਹੈ ਗੁਰੂ ਗੋਬਿੰਦ ਸਿੰਘ ਪਰ ਬਿਚਾਰਾ ਰਾਮ ਰੋਂਦਾ ਹੈ ਕਿ ਮੇਰੇ ਨਾਲ ਨਿਯਾਂ ਕਰੋ ਲੋਕੋ। ਪਤਾ ਨਹੀਂ ਬਿਚਾਰੇ ਦੀ ਕੱਦ ਸੁਣੀ ਜਾਏਗੀ। ਮਾਫੀਆ ਰਾਜ ਚ ਇਵੇਂ ਹੀ ਬੁਰਛਾਗਰਦੀ ਹੋਇਆ ਕਰਦੀ ਹੈ। ਉਹ ਕੀ ਜਾਣੇ-ਹੋ ਸਕੇ ਤਾਂ ਤੁਸੀਂ ਜਰੂਰ ਉਸ ਦੀ ਮਦਦ ਕਰਨੀ। ਅੰਤ ਵਿਚ ਬਚਿਆ ਸੁਭਟ ਸਿੰਘ ਉਸ ਨਾਲ ਭੀ ਕੀਤੀ ਜੰਗ ਹਰਾਇਆ-ਮਾਰਿਆ ਫਿਰ ਸੁਰਜੀਤ ਕੀਤਾ ਤੇ ਫਿਰ :-

*ਦੋਹਰਾ ॥ ਲਪਟਿ ਲਪਟਿ ਰਾਜਾ ਰਮਯੋ ਚਿਮਟਿ ਚਿਮਟਿ ਗਈ ਤ੍ਰਿਯਾ ॥*
*ਬਿਕਟ ਸੁ ਦੁਖ ਝਟ ਪਟ ਕਟੇ ਅਧਿਕ ਬਢਾ ਸੁਖ ਜੀਯਾ ॥* (ਬਾਵਨੋ ਚਰਿਤ੍ਰ ਪੰਨਾ ੮੮੩)

ਨੋਟ : ਆਪ ਜੀ ਤ੍ਰਿਯਾ ਚਰਿਤ੍ਰ ਦਾ ਕੇਵਲ ਸਾਰ ਪੜ੍ਹ ਰਹੇ ਹੋ । ਹਰ ਅੱਖਰ ਦੇ ਅਰਥ ਕਰਨੇ ਅਸੰਭਵ ਤਾਂ ਨਹੀਂ ਪਰ ਨੰਗੇਜ ਤੇ ਚਾਦਰ ਪਾਉਣ ਹਿੱਤ ਇਸ ਨੂੰ ਸੰਖੇਪਿਆ ਜਾ ਰਿਹਾ ਹੈ । ਆਸ ਹੈ ਮਜਬੂਰੀ ਸਮਝ ਗਏ ਹੋਵੋਗੇ ।

ਪਾਤਰ : ਬਿਜੈ ਕੁਅਰਿ (ਰਾਨੀ), ਸਹਚਰੀ ਤੇ ਸੁੰਦਰ ਪੁਰਖ (ਤ੍ਰਿਪਨੋ ਚਰਿਤ੍ਰ ਪੰਨਾ ੮੮੩-੮੪)

**ਗੁੜ ਨਾਲੋਂ ਇਸ਼ਕ ਮਿੱਠਾ :** ਬਿਜੈ ਕੁਅਰਿ ਰਾਣੀ ਨਾਂ ਸੀ ਓਹਦਾ ਬੜੇ ਰਾਜੇ ਦੀ ਦੋਹਤੀ ਸੀ ਓਹ-ਬੜੀ ਹੀ ਸੁਦੰਰ ਓਹਨੇ ਇਕ ਸੁੰਦਰ ਪੁਰਖ ਦੇਖਿਆ। ਓਹਨੂੰ ਦੇਖਦੇ ਹੀ ਕਾਮ ਦਾ ਬਾਣ ਵੱਜਾ ਸੀਨੇ । ਸਹੇਲੀ ਭੇਜ ਕੇ ਬੁਲਾਇਆ ਮਿਤ੍ਰ ਤੇ ਰਾਤ ਦੇ ਦੋ ਪਹਿਰ ਬੀਤ ਜਾਣ ਤੱਕ ਭਾਂਤਿ ਭਾਂਤਿ ਦਾ ਕੀਤਾ ਭੋਗ ਮਹਾਂ ਅਨੰਦ ਦੀ ਸਿਖਰ ਛੂਹ ਕੇ ਸੌਂ ਗਏ ਉਹ। ਸੌਂ ਕੇ ਉੱਠੇ ਫੇਰ ਭੋਗ ਕੀਤਾ। ਇਕ ਘੜੀ ਰਾਤ ਰਹਿੰਦੀ ਹੋਏਗੀ ਜਦ ਜਾ ਕੇ ਸਹੇਲੀ ਨੂੰ ਜਗਾਇਆ ਤੇ ਉਸ ਦੇ ਨਾਲ ਘਰ ਨੂੰ ਭੇਜ ਦਿੱਤਾ। ਉਹ ਹਰ ਰੋਜ ਉਸ ਨੂੰ ਘਰ ਬੁਲਾਉਂਦੀ ਤੇ ਲਪਟਿ ਲਪਟਿ ਕੇ ਮੌਜ ਮੇਲਾ ਕਰਦੀ ਕਿਸੇ ਹੋਰ ਨੂੰ ਰੱਤੀ ਭਰ ਭਿਣਕ ਨਾ ਪੈਣ ਦੇਂਦੀ ।

ਇਕ ਦਿਨ ਉਸ ਨੇ ਮਿਤ੍ਰ ਬੁਲਾਇਆ। ਸਰੀਰਕ ਭੁੱਖ ਮਿਟਾਈ ਤੇ ਉਠਾ ਦਿੱਤਾ। ਸਹੇਲੀ ਨੀਂਦ ਦੇ ਕਾਰਣ ਸੁੱਤੀ ਰਹੀ ਉਸ ਨੂੰ ਛੱਡਣ ਨਾ ਜਾ ਸਕੀ । ਚਲਦਾ ਚਲਦਾ ਉਹ ਜਿੱਥੇ ਚੌਂਕੀ ਸੀ ਪੁੱਜਾ – ਪਹਿਰੇਦਾਰਾਂ ਪੁੱਛਿਆ ਦੱਸ ਓਏ ਤੂੰ ਕੌਣ ਹੈਂ ? ਕਿਥੇ ਚੱਲਿਆ ਹੈਂ ? ਕੀ ਕੰਮ ਹੈ ਤੈਨੂੰ ? ਓਹ ਡਰ ਕੇ ਭੱਜਾ । ਭੱਜੇ ਜਾਂਦੇ ਨੂੰ ਚੋਰ ਸਮਝ ਕੇ ਪਕੜ ਲਿਆ ਅਤੇ ਕਤਲ ਕਰ ਕੇ ਸਤਿਲੁਜ ਵਿੱਚ ਰੋੜ ਦਿੱਤਾ ।

*ਦੋਹਰਾ ॥ ਲੋਕ ਲਾਜ ਕੇ ਤ੍ਰਾਸ ਤੇ ਤਾਹਿ ਨ ਸਕੀ ਬਚਾਇ ॥*
*ਮੀਤ ਪ੍ਰੀਤ ਤਜਿਕੈ ਹਨਾ ਸਤੁਦ੍ਰਵ ਦਯੋ ਬਹਾਇ ॥੧੨॥* (ਤ੍ਰਿਪਨੋ ਚਰਿਤ੍ਰ ਪੰਨਾ ੮੮੪)

ਨੋਟ : ਦਸਮ ਗ੍ਰੰਥ ਦੀਆਂ ਧਾਰਮਿਕ ਸਿਖਿਆਵਾਂ ਆਪ ਜੀ ਪੜ੍ਹ ਰਹੇ ਹੋ । ਜੇਕਰ ਵਧੇਰੇ ਜਾਣਕਾਰੀ ਲੈਣੀ ਚਾਹੋ ਤਾਂ ਵੱਡੇ ਪੰਜੇ ਪੁਜਾਰੀਆਂ ਤੋਂ ਵਿਸਥਾਰ ਨਾਲ ਮਿਲ ਸਕਦੀ ਹੈ ਜੀ ।

ਪਾਤਰ : ਚਾਂਭਾਂ ਜਾਟ, ਬਾਲਮਤੀ ਤੇ ਕਾਂਧਲ (ਚੌਅਨੋ ਚਰਿਤ੍ਰ ਪੰਨਾ ੮੮੪)

**ਇਸ਼ਕ ਦੀ ਨਵੀਂਓ ਨਵੀਂ ਬਹਾਰ :** ਦੂਜੇ, ਫਿਰ ਮੰਤ੍ਰੀ ਨੇ ਅਪਣੀ ਕਥਾ ਰਾਜਾ ਸੰਗ ਛੇੜੀ ਕਵੀ ਰਾਮ ਕਹਿੰਦਾ ਹੈ ਕਿ ਇਹ ਮੇਰਾ ਨਵਾਂ ਪ੍ਰਸੰਗ ਸੁਰੂ ਹੋ ਰਿਹਾ ਹੈ :-

*ਦੋਹਰਾ ॥ ਮੰਤ੍ਰੀ ਕਥਾ ਸਤਾਇਸੀ ਦੁਤਿਯ ਕਹੀ ਨ੍ਰਿਪ ਸੰਗ ॥*
*ਸੁ ਕਬਿਰਾਮ ਔਰੈ ਚਲੀ ਤਬ ਹੀ ਪ੍ਰਸੰਗ ॥੧॥* (ਚੌਅਨੋ ਚਰਿਤ੍ਰ ਪੰਨਾ ੮੮੪)

ਨੋਟ : ਕਵੀ ਰਾਮ ਦੀ ਇਹ ਸਤਾਈਵੀਂ ਕਥਾ ਹੈ ਅਤੇ ਉਹ ਨਵਾਂ ਪ੍ਰਸੰਗ ਇਸ ਕਥਾ ਨਾਲ ਸੁਰੂ ਕਰ ਰਿਹਾ ਹੈ ਪਰ ਸੋਧ ਕਮੇਟੀ-ਸੰਪਾਦਕ ਅਤੇ ਪੁਜਾਰੀ ਇਸ ਨੂੰ ੫੪ ਵਾਂ ਚਰਿੱਤ੍ਰ ਦੱਸ ਰਹੇ ਹਨ । ਕੌਣ ਝੂਠਾ ਹੈ ? ਇਸ ਦਾ ਫੈਸਲਾ ਆਪ ਜੀ ਤੇ ਛੱਡ ਦਿੱਤਾ ਗਿਆ ਹੈ ਪਰ ਇਹ ਜਰੂਰ ਮਨ ਚ ਵਸਾ ਲੈਣਾ ਕਿ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਅਕਸ਼ ਧੁੰਦਲਾ ਕਰਨ ਵਾਲੇ ਸਭ ਮੰਦ ਕਰਮੀ ਹਨ ।

ਤੀਜੇ, ਫਿਰ ਮੰਤ੍ਰੀ ਕਹਿੰਦਾ ਮੇਰੇ ਨਾਥ ਜੀ ਕਥਾ ਸੁਣੋ ਜੋ ਇਕ ਔਰਤ ਦਾ ਚਰਿਤ੍ਰ ਹੈ। ਸਾਡੇ ਇਕ ਚਾਂਭਾਂ ਜਾਟ ਰਹਿੰਦਾ ਸੀ। ਜਾਤ ਸੀ ਓਹਦੀ ਜੱਟ । ਵਿਚਾਰਾ ਇਕ ਅੱਖ ਤੋਂ ਕਾਣਾ ਪਰ ਵਿਆਹਿਆ ਬਾਲਮਤੀ ਨਾਲ। ਓਦਾਂ ਭੀ ਕਰੂਪ-ਰੋਜ ਬਾਲਮਤੀ ਨੂੰ ਆਖੇ ਮੈਂ ਤੇਰਾ ਖਸਮ ਹਾਂ। ਪਰ ਉਹ ਕਾਂਧਲ ਨਾਲ ਇਸ਼ਕ ਕਰੇ। ਰਾਤ ਨੂੰ ਉਹ ਆਉਂਦਾ ਪਿਆਰ ਦੀ ਪੀਂਘ ਝੂਟਦਾ :-

*ਚੌਪਈ ॥ ਰੈਨਿ ਭਈ ਕਾਂਧਲ ਤਹ ਆਵਤ ॥ ਲੈ ਜਾਂਘੈ ਦੋਊ ਭੋਗ ਕਮਾਵਤ ॥*
*ਕਛੁਕ ਜਾਗਿ ਜਬ ਪਾਵ ਡੁਲਾਵੈ ॥ ਦ੍ਰਿਗ ਪਰ ਹਾਥ ਰਾਖਿ ਤ੍ਰਿਯ ਜਾਵੈ ॥੫॥*

(ਚੌਅਨੋ ਚਰਿਤ੍ਰ ਪੰਨਾ ੮੮੪)

ਮੂਰਖ ਸੋਚਦਾ ਪਿਆਰ ਚ ਔਰਤ ਅਪਣਾ ਹੱਥ ਰੱਖ ਰਹੀ ਹੈ ਤੇ ਸੁੱਤਾ ਰਹਿੰਦਾ । ਇਕ ਦਿਨ ਔਰਤ ਦੇ ਯਾਰ ਨੂੰ ਦੇਖ ਕੇ ਬਹੁਤ ਗੁੱਸਾ ਚੜ੍ਹਿਆ । ਜਦ ਕ੍ਰਿਪਾਨ ਕੱਢ ਕੇ ਮਾਰਨ ਭੱਜਿਆ ਤਾਂ ਯਾਰ ਨੇ ਰੇਤ ਦੀ ਮੁੱਠ ਭਰ ਕੇ ਅੱਖ ਤੇ ਸੁੱਟ ਦਿੱਤੀ ਤੇ ਭੱਜ ਗਿਆ । ਇਸ ਨੂੰ ਕਹਿੰਦੇ ਨੇ ਧਾਰਮਿਕ ਪ੍ਰਵਚਨ । ਆਪ ਜੀ ਦਸਮ ਗ੍ਰੰਥ ਪੜ ਰਹੇ ਹੋ ਜੀ ।

## ਇਲਾਕਾ : ਉੱਤਰ ਦੇਸ ਬੰਸ ਸੂਰਜ

(ਪੰਚਾਵਨੋਂ ਚਰਿਤ੍ਰ ਪੰਨਾ ੮੮੫-੮੭)

ਪਾਤਰ : ਰੂਪ ਮਤੀ, ਰਾਜਾ, ਮਿਤ੍ਰ ਤੇ ਸਹੇਲੀਆਂ

**ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ :-** ਸੂਰਜ ਬੰਸ ਚ ਬੜਾ ਮਸ਼ਹੂਰ ਉੱਤਰ ਪ੍ਰਦੇਸ ਦਾ ਇਕ ਬੜਾ ਰਾਜਾ ਵਿਆਹਿਆ ਗਿਆ ਰੂਪ ਮਤੀ ਨਾਲ ਜੋ ਏਨੀ ਸੋਹਣੀ ਮਾਨੋ ਚੰਦ ਦਾ ਟੁਕੜਾ ਹੋਏ । ਪਰ ਦਿਲ ਦੇ ਬੈਠੀ ਇਕ ਨੀਚ ਨੂੰ । ਰਾਜਾ ਸੁਣ ਕੇ ਖਾਧਾ ਗੁੱਸਾ-ਕੀਤਾ ਪਿੱਛਾ-ਪਕੜੇ ਦੋਨੇ ਗੱਲਾਂ ਕਰਦੇ-ਹੋਈ ਈਰਖਾ ਤੇ ਤੋੜੇ ਔਰਤ ਤੋਂ ਪ੍ਰੇਮ ਸਬੰਧ ।

ਰਾਜਾ ਜਾਂਦਾ ਪੂਜਾ ਨੂੰ ਇਹ ਆਪ ਨੀਚ ਦੀ ਸੇਜ ਤੇ ਪੂਜਾ ਕਰਦੀ-ਮੌਜ ਮੇਲਾ ਕਰਦੀ-ਗੱਲਾਂ ਕਰਦੇ-ਰਾਜੇ ਨੇ ਨੀਚ ਨੂੰ ਦਬੋਚਣ ਦੇ ਹੀਲੇ ਹਰਬੇ ਵਰਤੇ-ਦਾਸੀਆਂ ਖ੍ਰੀਦੀਆਂ-ਉਨ੍ਹਾਂ ਤੋਂ ਹਰ ਪਲ ਦੀ ਖ਼ਬਰ ਲਿੱਤੀ। (ਦਾਸੀਆਂ ਦਾ ਦੋਹਰਾ ਰੋਲ ਕਾਬਲੇ ਤਾਰੀਫ਼) ਔਰਤ ਭੀ ਘੱਟ ਨਹੀਂ ਓਹਨੇ ਭੀ ਹਾਰ ਨੀ ਮੰਨੀ ਤੇ ਕਸ਼ਮਕਸ ਵਿੱਚ ਹੀ ਬਿਨਾ ਕਿਸੇ ਅੰਤਿਮ ਸਿੱਟੇ ਦੇ ਚਰਿਤ੍ਰ ਖ਼ਤਮ। ਪਰ ਕਵੀ ਰਾਮ ਦੀ ਮੱਤ :-

*ਦੋਹਰਾ ॥ ਜੋ ਜਨੁ ਜਾਸੋਂ ਰੁਚਿ ਕਰੈ ਤਾਹੀ ਕੋ ਲੈ ਨਾਮੁ ॥*
*ਦਰਬੁ ਕਢਾਵੈ ਤ੍ਰਿਯਨ ਤੇ ਆਪੁ ਚਲਾਵੈ ਕਾਮੁ ॥੩੬॥*

## ਬੰਸ ਚੰਦ੍ਰ ਦੇਵ

(ਛਪਨੋਂ ਚਰਿਤ੍ਰ ਪੰਨਾ ੮੮੭-੮੮)

ਪਾਤਰ : ਚੰਦ੍ਰ ਸੈਨ (ਭੂਪ) ਤੇ ਚੰਦ੍ਰ ਕਲਾ (ਤ੍ਰਿਯ)

**ਅਪਣੀ ਔਰਤ ਦਾ ਕਤਲ ਕਰਨਾ ਸਿੱਖੋ :-** ਚੰਦ੍ਰ ਦੇਵ ਬੰਸ ਦਾ ਚੰਦ੍ਰ ਦੇਵ ਰਾਜਾ ਇਕ ਕਾਮੀ ਔਰਤ ਚੰਦ੍ਰ ਕਲਾ ਨਾਲ ਵਿਆਹਿਆ ਗਿਆ। ਜਦ ਰਾਜਾ ਸੌਂ ਜਾਂਦਾ ਉਹ ਉੱਠ ਕੇ ਯਾਰ ਪਾਸ ਜਾਂਦੀ ਤੇ ਕਾਮ ਦੀ ਭੁੱਖ ਨੂੰ ਮਿਟਾਉਂਦੀ, ਫਿਰ ਵਾਪਸ ਆ ਜਾਂਦੀ ਰਾਜਾ ਸੁੱਤਾ ਰਹਿੰਦਾ । ਇਕ ਦਿਨ ਰਾਜਾ ਨੂੰ ਸ਼ੱਕ ਹੋਇਆ ਉਸ ਨੇ ਅੱਖ ਬੰਦ ਕਰ ਕੇ ਸੌਂਣ ਦਾ ਢੌਂਗ ਰਚਾਇਆ-ਔਰਤ ਉੱਠੀ ਤੇ ਚਲ ਪਈ ਮਿਤ੍ਰ ਨੂੰ ਮਿਲਣ । ਰਾਜੇ ਨੇ ਔਰਤ ਦਾ ਭੇਸ ਵਟਾ ਕੇ ਪਿੱਛਾ ਕੀਤਾ । ਰਾਣੀ ਸੋਚਿਆ ਮੇਰੀ ਕੋਈ ਸਖੀ ਮੇਰੇ ਨਾਲ ਆ ਰਹੀ ਹੈ ।

*ਦੋਹਰਾ ॥ ਉਠਿ ਰਾਜਾ ਤ੍ਰਿਯ ਭੇਸ ਧਰ ਗਹਿ ਕ੍ਰਿਪਾਨ ਲੀ ਹਾਥ ॥*
*ਰਾਨੀ ਯੋਂ ਜਾਨੀ ਜਿਯਹਿ ਆਵਤ ਚੇਰੀ ਸਾਥ ॥੫॥* (ਛਪਨੋਂ ਚਰਿਤ੍ਰ ਪੰਨਾ ੮੮੭)

ਜਦ ਰਾਣੀ ਮਿਤ੍ਰ ਦੇ ਰੰਗ ਚ ਰੰਗੀ ਗਈ ਤੇ ਰਾਜੇ ਨੇ ਅੱਖੀਂ ਤੱਕ ਲਿਆ ਤਾਂ ਕ੍ਰਿਪਾਨ ਨਾਲ ਦੋਨਾਂ ਦੇ ਚਾਰ ਟੁਕੜੇ ਕਰ ਦਿੱਤੇ।

*ਰਮਤ ਜਾਰ ਸੋ ਤ੍ਰਿਯ ਲਖ ਪਾਈ ॥ ਕਰ ਮਹਿ ਕਾਢਿ ਕ੍ਰਿਪਾਨ ਕੰਪਾਈ ॥*
*ਦੁਹੂੰ ਹਾਥ ਕਰਿ ਕੁਅਤ ਪ੍ਰਹਾਰਯੋ ॥ ਦੁਹੂੰਅਨ ਚਾਰਿ ਟੂਕ ਕਰਿ ਡਾਰਯੋ ॥੭॥*

ਔਰਤ ਤੇ ਓਹਦੇ ਜਾਰ ਦੇ ਸਰੀਰ ਚੁੱਕ ਕੇ ਮੰਜੇ ਤੇ ਰੱਖੇ ਤੇ ਥੋੜੇ ਸਮੇਂ ਬਾਦ ਰੌਲਾ ਪਾ ਦਿੱਤਾ ਚੋਰ ਚੋਰ । ਕਹਿੰਦਾ ਚੋਰ ਮੈਨੂੰ ਮਾਰਨ ਲੱਗਾ ਤਾਂ ਔਰਤ ਨੇ ਮੇਰੀ ਰੱਖਿਆ ਕੀਤੀ ਤੇ ਇਸੇ ਸਮੇਂ ਔਰਤ ਜਖਮੀ ਹੋ ਗਈ ਤੇ ਮੈਂ ਖਾ ਕੇ ਗੁੱਸਾ ਚੋਰ ਮਾਰ ਦਿੱਤਾ । (ਇਹ ਹੋਈ ਨਾ ਧਾਰਮਿਕ ਸਿੱਖਿਆ ਇਸੇ ਲਈ ਵੱਡੇ ਪੁਜਾਰੀ ਦਸਮ ਗ੍ਰੰਥ ਦਾ ਪ੍ਰਕਾਸ ਤਖਤਾਂ ਤੇ ਕਰਦੇ ਹਨ)।

## ਇਲਾਕਾ : ਬੰਗ ਦੇਸ

(ਸਤਾਨਵੇਂ ਚਰਿਤ੍ਰ ਪੰਨਾ ੮੮੮-੮੯)

ਪਾਤਰ : ਬੰਗੇਸੂਰ (ਰਾਜਾ), ਇੰਦ੍ਰ ਮਤੀ, ਮਿਤ੍ਰ ਤੇ ਇਕ ਔਰਤ

**ਇਸ਼ਕ ਨੂੰ ਲੱਗਾ ਫਲ ਭੇਲੀ ਜਿੱਡਾ :-**

ਸਾਰੇ ਰਾਜਿਆਂ ਦਾ ਸਿਰਤਾਜ ਬੰਗ ਦੇਸ ਦਾ ਬੰਗੇਸੂਰ ਰਾਜਾ ਕਈ ਦਿਨ ਹੋਏ ਬੇ-ਔਲਾਦ ਮਰ ਗਿਆ । ਥੋੜੇ ਦਿਨਾਂ ਬਾਦ ਓਹਦੀ ਰਾਣੀ ਇੰਦ੍ਰ ਮਤੀ ਨੇ ਪੁਰਖ ਦਾ ਭੇਸ ਧਾਰ ਕੇ ਹਕੂਮਤ ਸੰਭਾਲੀ । ਬੜੇ ਸਾਲ ਰਾਜ ਕੀਤਾ ਤੇ ਕਈ ਵੈਰੀਆਂ ਨੂੰ ਜਿੱਤਿਆ । ਉਸ ਨੇ ਇਕ ਸੁੰਦਰ ਪੁਰਖ ਦੇਖਿਆ ਤੇ ਓਹਦੀ ਦੀਵਾਨੀ ਬਣ ਬੈਠੀ । ਰਾਤ ਪੈਂਦਿਆ ਹੀ ਉਸ ਨੂੰ ਬੁਲਾਉਂਦੀ ਤੇ ਪਿਆਰ ਦੀ ਪੀਂਘ ਝੂਟਦੀ :-

*ਅਧਿਕ ਪ੍ਰੀਤਿ ਰਾਨੀ ਕੋ ਲਾਗੀ ॥ ਛੂਟੈ ਕਹਾ ਨਿਗੋਡੀ ਜਾਗੀ ॥*
*ਰੈਨਿ ਪਰੀ ਤਿਹ ਤੁਰਤੁ ਬੁਲਾਯੋ ॥ ਕੇਲ ਦੁਹੰਨਿ ਮਿਲਿ ਅਧਿਕ ਮਚਾਯੋ ॥੪॥*

(ਸਤਾਨਵੇਂ ਚਰਿਤ੍ਰ ਪੰਨਾ ੮੮੮)

ਬਹੁਤ ਦਿਨ ਪਿਆਰ ਦੇ ਹੁਲਾਰੇ ਲੈਂਦਿਆ ਗਰਭ ਠਹਿਰ ਗਿਆ। ਲੋਕਾਂ ਚ ਖ਼ਬਰ ਫੈਲਾ ਦਿੱਤੀ ਕਿ ਰਾਜਾ ਨੂੰ ਉਦਰ ਰੋਗ ਹੋ ਗਿਆ ਹੈ। ਨੌਂ ਮਹੀਨੇ ਬੀਤਣ ਤੇ ਪੁੱਤ ਜੰਮਿਆ ਤੇ ਇਕ ਔਰਤ ਨੂੰ ਬਹੁਤਾ ਧੰਨ ਦੇ ਕੇ ਉਸ ਨੂੰ ਪਾਲਣ ਲਈ ਦੇ ਦਿੱਤਾ। ਇਕ ਦਿਨ ਰਾਣੀ ਨੇ ਸਭਾ ਬੁਲਾਈ। ਉਸ ਔਰਤ ਸਮੇਤ ਸਭ ਨੂੰ ਸੱਦਿਆ ਜਦ ਉਸ ਨੇ ਔਰਤ ਪਾਸ ਪੁੱਤ ਦੇਖਿਆ ਤਾਂ ਉਸ ਤੋਂ ਆਪ ਗੋਦ ਲੈ ਲਿਆ :-

*ਦੋਹਰਾ ॥ ਲੈ ਪਾਰਕ ਕਰਿ ਪਾਲਿਯੋ ਕਿਨੂੰ ਨ ਪਾਯੋ ਭੇਦ ॥*
*ਰਮਾ ਸ਼ਾਸਤ੍ਰ ਕੋ ਸੁਰ ਅਸੁਰ ਉਚਰਿ ਨ ਸਾਕਹਿ ਬੇਦ ॥* (ਸਤਾਨਵੇਂ ਚਰਿਤ੍ਰ ਪੰਨਾ ੮੮੯)

## ਸ਼ਹਿਰ ਕਸ਼ਮੀਰ

(ਅਠਾਨਵੇਂ ਚਰਿਤ੍ਰ ਪੰਨਾ ੮੮੯)

ਪਾਤਰ : ਬੀਰਜ ਸੈਨ (ਨਰੇਸ), ਚਿਤ੍ਰ ਦੇਵਿ (ਤ੍ਰਿਯ) ਤੇ ਰਸੋਯਹਿ

**ਦਸਮ ਗ੍ਰੰਥ ਰਾਹੀਂ ਪਤੀ ਕਤਲ ਕਰਨਾ ਸਿੱਖੋ :-** ਕਸ਼ਮੀਰ ਸ਼ਹਿਰ ਦੇ ਰਾਜੇ ਬੀਰਜ ਸੈਨ ਤੋਂ ਬਹੁਤੇ ਰਾਜੇ ਕੰਬਦੇ । ਉਸ ਦੀ ਔਰਤ ਭੈੜੇ ਦਿਲ ਤੇ ਦਿਮਾਗ ਵਾਲੀ ਸੀ, ਲੋਕੀਂ ਓਹਨੂੰ ਚਿਤ੍ਰ ਦੇਵਿ ਕਹਿੰਦੇ । ਇਕ ਦਿਨ ਰਸੋਈਏ ਨੂੰ ਬੁਲਾ ਕੇ ਕਹਿੰਦੀ ਕਿ ਮੈਂ ਤੈਨੂੰ ਵੱਡਾ ਰੁਤਬਾ ਤੇ ਬਹੁਤਾ ਧੰਨ ਦੇਵਾਂਗੀ ਰਾਜੇ ਨੂੰ ਜ਼ਹਿਰ ਦੇ ਦੇ ਜਦ ਉਹ ਇਸ ਕੁਕਰਮ ਲਈ ਰਾਜੀ ਨਾ ਹੋਇਆ ਤਾਂ ਉਸ ਨੇ ਰਾਜਾ ਨੂੰ ਸੌਕਣਾ ਸਮੇਤ ਖਾਣੇ ਦਾ ਨਿਉਤਾ (ਸੱਦਾ) ਦਿੱਤਾ ਤੇ ਖਾਣੇ ਵਿੱਚ ਘੋਲ ਕੇ ਜਹਿਰ ਮਿਲਾ ਦਿੱਤੀ, ਰਾਜਾ ਸੌਕਣਾ ਸਮੇਤ ਮਰ ਗਿਆ । ਫੇਰ ਰਸੋਈਆ ਪਕੜ ਕੇ ਉਸ ਨੂੰ ਭੀ ਖਾਣ ਨੂੰ ਦਿੱਤਾ ਤੇ ਵਿਚਾਰਾ ਮਰ ਗਿਆ ।

*ਚੌਪਈ ॥ ਰਾਜਾ ਸਊਅਨ ਸਹਿਤ ਬੁਲਾਯੋ ॥ ਭਾਂਤਿ ਭਾਂਤਿ ਪਕਵਾਨ ਪਕਾਯੋ ॥*
*ਤਾ ਮੈ ਜਹਰ ਘੋਰਿ ਕੈ ਡਾਰਯੋ ॥ ਰਾਜਾਜੂ ਕੋ ਮਾਰ ਹੀ ਡਾਰਯੋ ॥੫॥*(ਅਠਾਨਵੇਂ ਚਰਿਤ੍ਰ ਪੰਨਾ ੮੮੯)

ਨੋਟ : ਇਸ ਗ੍ਰੰਥ ਦਾ ਪ੍ਰਕਾਸ ਮੰਦ ਬੁੱਧੀ ਦੇ ਹੱਠ ਕਾਰਣ ਸਾਡੇ ਮਿਥੇ ਗਏ ਦੋ ਤਖਤਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕੀਤਾ ਜਾ ਰਿਹਾ ਹੈ ਅਤੇ ਮੰਦ ਕਰਮੀ ਪੁਜਾਰੀ ਇਸ ਨੂੰ ਗੁਰਬਾਣੀ ਕਹਿ ਕੇ ਗੁਰਸਿੱਖਾਂ ਦਾ ਮਜਾਕ ਹੀ ਨਹੀਂ ਉਡਾ ਰਹੇ ਸਗੋਂ ਸ਼ਰਮੋਸ਼ਾਰ ਕਰ ਰਹੇ ਹਨ । ਕੀ ਗੁਰੂ ਦੇ ਸਿੱਖ ਪੁਜਾਰੀਆਂ ਤੋਂ ਇਸ ਦਾ ਕਾਰਣ ਪੁੱਛ ਸਕਣਗੇ ?

## ਸ਼ਹਿਰ ਨਿਕੋਦਰ

(ਅਠਾਵਨੋਂ ਚਰਿਤ੍ਰ ਪੰਨਾ ੮੯੦)

ਪਾਤਰ : ਬਨਿਯਾ, ਲਾਡਮ ਕੁਅਰਿ, ਸੁਹਾਗਮ ਦੇਈ ਤੇ ਚੋਰ

ਸ਼ਹਿਰ ਨਿਕੋਦਰ ਵਿੱਚ ਇਕ ਬਣੀਆ ਰਹਿੰਦਾ ਸੀ । ਉਸ ਦੇ ਦੋ ਔਰਤਾਂ ਸਨ ਇਕ ਦਾ ਨਾਂ ਸੀ ਲਾਡਮ ਕੁਅਰਿ ਤੇ ਦੂਜੀ ਦਾ ਸੁਹਾਗਮ ਦੇਈ। ਬਨਿਯਾ ਦੂਜੇ ਦੇਸ ਗਿਆ ਬਹੁਤ ਸਮਾਂ ਘਰ ਨਾ ਪਰਤਿਆ। ਦੋਨੇ ਔਰਤਾਂ ਬੜੀਆਂ ਉਦਾਸ ਹੋਈਆਂ। ਉਨ੍ਹਾਂ ਸੁਣਿਆ ਕਿ ਕਮਾਈ ਖੱਟ ਕੇ ਬਣੀਆ ਘਰ ਆ ਰਿਹਾ ਹੈ ਉਨ੍ਹਾਂ ਦੋਨਾਂ ਨੇ ਪਕਵਾਨ ਪਕਾਏ ਪਰ ਬਣੀਆ ਦੂਜੇ ਪਿੰਡ ਠਹਿਰ ਗਿਆ, ਏਨੇ ਨੂੰ ਚੋਰ ਇਕ ਦੇ ਘਰ ਆਇਆ ਔਰਤ ਜਾਗਦੀ ਦੇਖ ਕੇ ਦੂਜੀ ਦੇ ਘਰ ਚਲਾ ਗਿਆ। ਪਹਿਲੀ ਨੇ ਸੋਚਿਆ ਖ਼ਸਮ ਮੈਨੂੰ ਛੱਡ ਕੇ ਦੂਜੀ ਦੇ ਘਰ ਕਿਵੇਂ ਗਿਆ ? ਅਪਣੇ ਅਪਣੇ ਘਰ ਲਿਆਉਣ ਦੀ ਖਿਚ ਧੂਹ ਵਿੱਚ ਖਾ ਕੇ ਗੁੱਸਾ ਚੋਰ ਨੂੰ ਪਤੀ ਸਮਝ ਕੇ ਜਲਾ ਦਿੱਤਾ ।

*ਦੋਹਰਾ ॥ ਦੋਊ ਤ੍ਰਿਯ ਧਾਵਤ ਭਈ ਅਧਿਕ ਕੋਪ ਮਨ ਕੀਨ ॥*
*ਤਸਕਰ ਕੋ ਪਤਿ ਜਾਨਿਕੈ ਦੁਹੂ ਤ੍ਰਿਯਨ ਗਹਿ ਲੀਨ ॥੬॥*

*ਤਸਕਰ ਕੋ ਪਤਿ ਭਾਵ ਤੇ ਦੇਖ੍ਯੋ ਦਿਯਾ ਜਰਾਇ ॥*
*ਚੋਰ ਜਾਨਿ ਕੁਟਵਾਰ ਕੇ ਦੀਨੋ ਧਾਮ ਪਠਾਇ ॥੭॥* (ਉਨਸਠਵੌਂ ਚਰਿਤ੍ਰ ਪੰਨਾ ੮੯੦)

ਨੋਟ : ਇਹ ਹੈ ਜੀ ਮਹਾਂ ਪਵਿਤ੍ਰ ਧਾਰਮਿਕ ਗ੍ਰੰਥ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ । ਪੁਜਾਰੀਆਂ ਤੇ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਨੇ ਗੁਰਸਿੱਖਾਂ ਲਈ ਥਾਲੀ ਪਰੋਸ ਕੇ ਤੋਹਫੇ ਵੱਜੋਂ ਦਿੱਤਾ ਹੈ ਆਪ ਜੀ ਗੁਰਸਿੱਖ ਹੋਣ ਦੇ ਨਾਤੇ ਇਸ ਨੂੰ ਪਰਵਾਨ ਕਰੋਗੇ ?

## ਸ਼ਹਿਰ : ਰਨਥੰਭੌਰ (ਸਾਠਵੋਂ ਚਰਿਤ੍ਰ ਪੰਨਾ ੮੯੦)

ਪਾਤਰ : ਰਾਜਾ ਤੇ ਰੰਗ ਰਾਇ ਤ੍ਰਿਯ

**ਧਰਮ ਦੀ ਭੈਣ ਬਣਾ ਕੇ ਇਸ਼ਕ ਕਰਨਾ ਸਿੱਖੋ :-** ਰਨਥੰਭੌਰ ਦੇ ਰਾਜਾ ਦਾ ਵਡ ਪ੍ਰਤਾਪ ਅਮੀਰ ਗਰੀਬ ਰਾਤ ਦਿਨ ਓਹਦੇ ਸੋਹਲੇ ਗਾਉਂਦੇ। ਅਪਣੀ ਔਰਤ ਰੰਗ ਰਾਇ ਦੀ ਸਰੀਰਕ ਸੁੰਦਰਤਾ ਤੇ ਕੁਰਬਾਨ ਹੁੰਦਾ ਤੇ ਬੜਾ ਪਿਆਰ ਕਰਦਾ। ਕੁੱਝ ਸਮੇਂ ਬਾਦ ਜਦ ਰਾਜਾ ਭਗਤੀ ਲਈ ਗਿਆ ਤਾਂ ਔਰਤ ਨੇ ਇਕ ਸੁੰਦਰ ਮੁੰਡਾ ਅਨਦਾੜ੍ਹੀਆ ਦੇਖਿਆ ਤੇ ਉਸ ਨੂੰ ਔਰਤ ਦੇ ਕੱਪੜੇ ਪੁਆ ਕੇ ਰਾਜੇ ਨੂੰ ਕਹਿੰਦੀ ਕਿ ਮੇਰੇ ਘਰੋਂ ਮੇਰੀ ਭੈਣ ਆਈ ਹੈ। ਆਓ ਅੱਪਾਂ ਚੱਲ ਕੇ ਓਹਦੀ ਵਡਿਆਈ ਕਰੀਏ। ਰਾਜਾ ਨੇ ਓਹਦਾ ਧੰਨ ਦੌਲਤ ਨਾਲ ਆਦਰ ਕੀਤਾ ਤੇ ਅਪਣੀ ਔਰਤ ਦੇ ਮਹਿਲੀਂ ਛੱਡ ਦਿੱਤਾ। ਸੁਰੂ ਹੋਈ ਮੌਜ ਮਸਤੀ ਤੇ ਸਰੀਰਕ ਸਬੰਧ। ਔਰਤ ਨੇ ਇਕ ਬਗਲ ਅਪਣਾ ਯਾਰ ਲਿਆ ਤੇ ਦੂਜੀ ਬਗਲ ਰਾਜਾ । ਇਹ ਦੇ ਵਿੱਚ ਧਰਮ ਭੈਣ ਕੌਣ ਹੈ ? ਪਤੀ ਕਿਹੜਾ ਤੇ ਪ੍ਰੀਤਮ ਕਿਹੜਾ, ਬੁੱਝੋ ?

*ਰੰਗ ਰਾਇ ਤਿਹ ਪੁਰਖ ਕੋ ਤ੍ਰਿਯ ਕੋ ਭੇਸ ਸੁਧਾਰਿ ॥*
*ਦੱਛਿਨੰਗ (ਸੱਜੇ) ਰਾਜਾ ਲਯੋ ਬਾਮੈਂ (ਖੱਬੇ) ਅੰਗ ਸੁ ਯਾਰ ॥੧੦॥*
*ਯਹ ਭਗਨੀ (ਭੈਣ) ਤੈਂ ਪ੍ਰਾਨ ਪਤਿ ਯਾਤੇ ਪ੍ਰੀਤਮ ਕੌਣ ॥*
*ਦਿਨ ਦੇਖਤ ਤ੍ਰਿਯ ਛਲਿ ਗਈ ਜਿਹ ਲਖਿ ਭਜਿਯੈ ਮੌਨ ॥੧੧॥* (ਸਾਠਵੋਂ ਚਰਿਤ੍ਰ ਪੰਨਾ ੮੯੦)

## ਇਲਾਕਾ : ਗ੍ਵਾਰਿਏਰ (ਇਕਸਾਠਵੋਂ ਚਰਿਤ੍ਰ ਪੰਨਾ ੮੯੧)

ਪਾਤਰ : ਬਨਿਯਾ, ਤਸਕਰ, ਸ਼ਾਹੁਕਾਰਨ ਤੇ ਪੰਚ ਪਿਯਾਦੇ

ਗਵਾਲਿਯਰ ਵਿੱਚ ਇਕ ਸੀ ਬਣੀਆ ਬੇ-ਔਲਾਦ । ਘਰ ਬਹੁਤਾ ਧੰਨ ਪਰ ਖਰਚਣ ਨੂੰ ਥਾਂ ਨਹੀਂ । ਬਣੀਆ ਕਹਿੰਦਾ ਸ਼ਾਹੂਕਾਰਨੇ ਬਿਨਾਂ ਪੁੱਤ ਤੋਂ ਧੰਨ ਕਿਸ ਕੰਮ-ਇਸ ਬਿਨਾ ਤਾਂ ਬੰਸ ਭੀ ਨਹੀਂ ਚਲਦਾ। ਜਦ ਚੋਰ ਨੇ ਇਹ ਕਹਿੰਦਿਆਂ ਸੁਣਿਆ ਤਾਂ ਮਨ ਚ ਫੁੱਲ ਗਿਆ। ਮਨ ਚ ਸੋਚਿਆ ਮੈਂ ਬਣੀਏ ਨੂੰ ਕਹਿੰਦਾ ਹਾਂ ਕਿ ਮੈਂ ਤੇਰਾ ਪੁੱਤ ਹਾਂ। ਸਾਰੇ ਧੰਨ ਤੇ ਕਬਜਾ ਕਰਾਂਗਾ। ਬਣੀਆ ਓਹਨੂੰ ਤੱਕ ਕੇ ਬੜਾ ਖੁਸ਼ ਹੋਇਆ ਕਿ ਪਲਿਆ ਪਲਾਇਆ ਪੁੱਤ ਮਿਲ ਗਿਆ ਹੈ। ਉਸ ਨੂੰ ਮੰਜੇ ਤੇ ਬਿਠਾ ਕੇ ਪਕਵਾਨ ਖੁਆਏ। ਸ਼ਾਹੂਕਾਰਨ ਵੀ ਪੁੱਤ ਪੁੱਤ ਆਖੇ। ਪੰਜ ਪਿਯਾਦਿਆਂ ਆ ਕੇ ਚੋਰ ਨੂੰ ਪਕੜ ਲਿਆ ਤੇ ਫਾਂਸੀ ਦੇ ਦਿੱਤੀ ।

ਨੋਟ : - ਗੁਰੂ ਗੋਬਿੰਦ ਸਿੰਘ ਜੀ ਆਪ ਜੀ ਨੂੰ ਰੱਬੀ ਬੰਦਗੀ ਦੀ ਸਿੱਖਿਆ ਦੇਣਗੇ ਜਾਂ ਅਜਿਹਾ ਕੂੜ ਕਬਾੜ ਜੋ ਆਪ ਜੀ ਪੜ੍ਹ ਰਹੇ ਹੋ ਜੀ । ਬੇਸ਼ਰਮੀ ਦੀਆਂ ਹੱਦਾਂ ਟੱਪ ਕੇ ਕਹਿ ਰਹੇ ਹਨ, ਸਾਡੇ ਅਨੇਕਾਂ ਧਰਮੀ ਅਖਵਾਉਂਦੇ (ਅਧਰਮੀ) ਬੰਦੇ ਕਿ ਰਿਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹਨ।ਅਪਣੀ ਰਾਇ ਦੇਣੀ ਨਹੀਂ ਭੁੱਲਣਾ ਜੀ ।

## ਮਹਾਂ ਸਿੰਘ ਰਾਜਾ ਜਾਂ ਚੋਰਾਂ ਦਾ ਸਰਦਾਰ ? (ਬਾਸਠਵੋਂ ਚਰਿਤ੍ਰ ਪੰਨਾ ੮੯੧-੯੨)

ਪਾਤਰ : ਮਹਾਂ ਸਿੰਘ ਤੇ ਚੋਰ

ਨੋਟ : ਕਵੀ ਰਾਮ ਮਹਾਂ ਸਿੰਘ ਨੂੰ ਚੋਰਾਂ ਦਾ ਰਾਜਾ ਦੱਸਦਾ ਹੈ। ਗੁਰੂ ਗੋਬਿੰਦ ਸਿੰਘ ਜੀ ਤੋਂ ਚੋਖਾ ਚਿਰ ਬਾਦ ਮਹਾਂ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਵਡੇਰਾ ਹੋਇਆ ਹੈ । ਕੀ ਗੁਰੂ ਗੋਬਿੰਦ ਸਿੰਘ ਜੀ ਮਹਾਂ ਸਿੰਘ ਬਾਰੇ ਕੋਈ ਕਹਾਣੀ ਜਾਂ ਕਾਵਿ ਰਚਨਾ ਰਚ ਸਕਦੇ ਹਨ ? ਉਹ ਭੀ ਅਪਣੇ ਹੀ ਅਨਿਨ ਸੇਵਕ ਦੇ ਅਪਮਾਨ ਹਿੱਤ । ਕੀ ਉਹ ਅਪਣੇ ਸਿੱਖ ਨੂੰ ਚੋਰ ਆਖਣਗੇ ?

**ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥** {ਆਸਾ ਕੀ ਵਾਰ (ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੪੭੧)}

ਕਵੀ ਬੜੀ ਚਤੁਰਾਈ ਨਾਲ ਗੁਰਸਿੱਖਾਂ ਦਾ ਅਪਮਾਨ ਕਰ ਰਿਹਾ ਹੈ ਪਰ ਅਸੀਂ ਏਨੇ ਬੇ-ਸ਼ਰਮ ਅਤੇ ਢੀਠ ਕਿ ਕੋਈ ਠੋਸ ਕਦਮ ਪੁੱਟਣ ਦੀ ਬਜਾਏ ਇਸ ਗੰਦੀ ਪੁਸਤਕ ਦਾ ਪ੍ਰਕਾਸ ਤਖਤਾਂ ਤੇ ਕਰ ਕੇ ਅਸੀਂ ਅਪਣੇ

ਆਪ ਨੂੰ ਵੱਡੇ ਧਰਮੀ ਪੁਰਖ-ਮਹਾਂ ਪੁਰਖ ਕਹਿਲਾਉਣ ਵਿੱਚ ਮਾਣ ਮਹਿਸੂਸ ਕਰ ਰਹੇ ਹਾਂ। ਜਾਗੋ ਗੁਰੂ ਦੇ ਪਿਆਰਿਓ ਨੀਂਦ ਦੇ ਝੂਟਿਆਂ ਤੋਂ ਜਾਗੋ ।

ਕਵੀ ਕਹਿੰਦਾ ਹੈ ਕਿ ਮਹਾਂ ਸਿੰਘ ਦੇ ਘਰ ਅਨੇਕਾਂ ਚੋਰ ਰਹਿੰਦੇ ਸਨ। ਉਹ ਹਰ ਰੋਜ ਵੱਡੇ ਖਜ਼ਾਨੇ ਲੁੱਟ ਕੇ ਲਿਆਉਂਦੇ। ਇਕ ਦਿਨ ਹੋਰ ਚੋਰ, ਚੋਰੀ ਕਰਨ ਉੱਥੇ ਪੁੱਜਾ, ਪਰ ਪਕੜਿਆ ਗਿਆ। ਮਹਾਂ ਸਿੰਘ ਨੇ ਉਸ ਨੂੰ ਕਿਹਾ ਕਿ ਤੂੰ ਅਪਣੇ ਚਿੱਤ ਵਿੱਚ ਪੱਕਾ ਰਹੀਂ। ਤੇਰੇ ਸਿਰ ਤੇ ਜੇਕਰ ਨੰਗੀ ਤਲਵਾਰ ਕੱਢ ਕੇ ਖੜੋ ਜਾਏ ਤਾਂ ਭੀ ਤੂੰ ਡਰਨਾ ਨਹੀਂ ਮੈ ਤੈਨੂੰ ਬਚਾ ਲਵਾਂਗਾ। ਉਹ ਤੈਨੂੰ ਕ੍ਰਿਪਾਨ ਕੱਢ ਕੇ ਮਾਰਨ ਲੈ ਜਾਣਗੇ ਅਪਣੇ ਮਨ ਚ ਪੱਕਾ ਰਹੀਂ ਤੇ ਕੁੱਝ ਭੀ ਨਾ ਆਖੀਂ। ਉਸ ਨੂੰ ਪੱਕਾ ਕਰ ਕੇ ਤਲਵਾਰ ਕੱਢ ਲਈ ਤੇ ਕਤਲ ਕਰ ਦਿੱਤਾ। ਉਸ ਨੂੰ ਮਾਰ ਕੇ ਰੱਤਾ ਭੀ ਅਫਸੋਸ ਨਾ ਕੀਤਾ ਤੇ ਅਪਣੇ ਪਿੰਡ ਸੁਖੀ ਵਸਣ ਲੱਗਾ ।

*ਦੋਹਰਾ ॥ ਤਾਕੌ ਢੀਠ ਬਧਾਇਕੈ ਕਾਢਿ ਲਈ ਤਰਵਾਰਿ ॥*
*ਤੁਰਤੁ ਘਾਵ ਤਾਕੋ ਕਿਯੋ ਹਨਤ ਨ ਲਾਗੀ ਬਾਰਿ ॥*
*ਤਾਕੋ ਹਨਿ ਡਾਰਤ ਭਯੋ ਕਛੂ ਨ ਪਾਯੋ ਖੇਦ ॥*
*ਗਾਂਵ ਸੁਖੀ ਅਪਨੇ ਬਸਯੋ ਕਿਨੂੰ ਨ ਜਾਨਯੋ ਭੇਦਿ ॥੬॥* (ਬਾਸਠਵੇਂ ਚਰਿਤ੍ਰ ਪੰਨਾ ੮੯੨)

## ਇਲਾਕਾ : ਦੱਛਿਨ (ਤ੍ਰਿਸਠਵੇਂ ਚਰਿਤ੍ਰ ਪੰਨਾ ੮੯੨-੯੩)

ਪਾਤਰ : ਪਰਬਲ ਸਿੰਘ, ਨ੍ਰਿਪ, ਤ੍ਰਿਯ ਤੇ ਸੁੰਦਰ ਪੁਰਖ

**ਅਪਣੇ ਪਤੀ ਦਾ ਕਤਲ ਕਰਨਾ ਸਿੱਖੋ :-** ਦੱਖਣ ਦਾ ਰਾਜਾ ਪ੍ਰਬਲ ਸਿੰਘ ਬੜਾ ਹੀ ਧਨੀ ਤੇ ਉਸ ਦੀ ਔਰਤ ਬੜੀ ਹੀ ਸੁੰਦਰ। ਉਹ ਜੋ ਕਹਿੰਦੀ ਰਾਜਾ ਓਹੋ ਹੀ ਕਰਦਾ। ਰਾਣੀ ਨੇ ਦੇਖਿਆ ਇਕ ਸੁੰਦਰ ਪੁਰਖ ਤੇ ਹੋ ਗਈ ਦੀਵਾਨੀ। ਕਰਕੇ ਬਹੁਤਾ ਪਿਆਰ ਤੇ ਦੇ ਕੇ ਬਹੁਤਾ ਧੰਨ ਕਹਿੰਦੀ ਕਿ ਕਿਲੇ ਦੇ ਦਰਵਾਜ਼ੇ ਨੰਗਾ ਹੋ ਕੇ ਖੜ ਜਾਵੀਂ। ਜਦ ਰਾਜਾ ਉਥੇ ਪੈਰ ਰੱਖੇ ਤਾਂ ਜ਼ਹਿਰ ਦੇ ਕੇ ਮਾਰ ਦੇਵੀਂ। ਬਸ ਮਾਰਤਾ ਰਾਜਾ। ਕਹਾਣੀ ਦੇ ਰੰਗ ਬੰਨ ਤਾਂ ਜਾਣਦੇ ਹੀ ਹੋ ਅੰਤ ਵਿੱਚ ਕੰਗਾਲ ਨੂੰ ਰਾਜਾ ਬਣਾ ਕੇ ਮਨ ਦੇ ਚਾਅ ਪੂਰੇ ਕੀਤੇ ।

*ਦੋਹਰਾ ॥ ਨਿਜੁ ਨ੍ਰਿਪ ਆਪੁ ਸੰਘਾਰਿਕੈ ਰਾਨੀ ਚਰਿਤ ਬਨਾਇ ॥*
*ਰੰਕਹਿ ਲੈ ਰਾਜਾ ਕਿਯੋ ਹ੍ਰਿਦੈ ਹਰਖ ਉਪਜਾਇ ॥੧੭॥* (ਤ੍ਰਿਸਠਵੇਂ ਚਰਿਤ੍ਰ ਪੰਨਾ ੮੯੩)

## ਬੰਸ : ਰਘੁਬੰਸ (ਚੌਸਠਵੇਂ ਚਰਿਤ੍ਰ ਪੰਨਾ ੮੯੩)

ਪਾਤਰ : ਮੈਂਗਲ ਸਿੰਘ (ਰਾਵ), ਦੰਤ ਪ੍ਰਭਾ ਔਰਤ ਤੇ ਚੇਰੀ

**ਔਰਤ ਤੋਂ ਚੋਰੀ ਪ੍ਰੇਮਿਕਾ ਨੂੰ ਅੰਗੂਠੀ ਦੇਣੀ ਸਿੱਖੋ :-** ਰਘੁਬੰਸ ਖਾਨਦਾਨ ਦਾ ਰਾਜਾ ਮੈਂਗਲ ਸਿੰਘ ਦੰਤ ਪ੍ਰਭਾ ਨਾਂ ਦੀ ਖੁਬਸੂਰਤ ਔਰਤ ਨਾਲ ਵਿਆਹਿਆ ਗਿਆ। ਉਸ ਦੇ ਮਹਿਲ ਵਿੱਚ ਇਕ ਨੌਕਰਾਣੀ ਜਿਹੜੀ ਬੇਦ ਵਿਆਕਰਨ ਅਤੇ ਸਭੇ ਸ਼ਾਸਤ੍ਰਾਂ ਤੋਂ ਇਲਾਵਾ ਕੋਕ ਸੰਗੀਤ ਵਿੱਚ ਭੀ ਨਿਪੁੰਨ ਸੀ।

*ਦੋਹਰਾ ॥ ਇਕ ਚੇਰੀ ਤਾਕੇ ਭਵਨ ਜਾ ਮੈ ਅਤਿ ਰਸ ਰੀਤਿ ॥*
*ਬੇਦ ਬਯਾਕਰਨ ਸ਼ਾਸਤ੍ਰ ਖਟ ਪੜੀ ਕੋਕ ਸੰਗੀਤ ॥੩॥* (ਚੌਸਠਵੇਂ ਚਰਿਤ੍ਰ ਪੰਨਾ ੮੯੩)

ਸੋ ਰਾਜਾ ਓਹਦਾ ਰੂਪ ਦੇਖ ਕੇ ਦੀਵਾਨਾ ਹੋ ਗਿਆ । ਔਰਤ ਦੇ ਡਰ ਦਾ ਮਾਰਿਆ ਉਸ ਨੂੰ ਕੁੱਝ ਨਾ ਦੇ ਸਕਿਆ। ਓਹਨੇ ਅਪਣੇ ਹੱਥ ਦੀ ਅੰਗੂਠੀ ਉਸ ਨੂੰ ਦਿੱਤੀ ਤੇ ਕਹਿੰਦਾ ਜੇਕਰ ਕੋਈ ਪੁੱਛੇ ਤਾਂ ਕਹੀਂ ਕਿ ਮੈਨੂੰ ਰਾਹ ਚੋਂ ਲੱਭੀ ਹੈ। ਇਕ ਦਿਨ ਉਸ ਨੇ ਸਭ ਔਰਤਾਂ ਨੂੰ ਸਭਾ ਵਿੱਚ ਸੱਦਿਆ। ਰਾਜਾ ਕਹਿੰਦਾ ਮੇਰੀ ਮੁੰਦੀ ਗੁੰਮ ਗਈ ਹੈ ਉਹ ਕਹਿੰਦੀ ਮੈਨੂੰ ਲੱਭੀ ਹੈ। ਮੈ ਤੈਨੂੰ ਦੇਂਦੀ ਹਾਂ। ਰਾਜਾ ਕਹਿੰਦਾ ਤੈਨੂੰ ਰੱਬ ਨੇ ਦਿੱਤੀ ਹੈ ਮੈ ਇਹ ਤੈਨੂੰ ਹੀ ਦੇਂਦਾ ਹਾਂ ਤੇ ਫਿਰ :-

*ਦੋਹਰਾ ॥ ਜਾਕੋ ਪਰਮੇਸੁਰ ਦਈ ਮੈ ਤਾਹੂ ਕੋ ਦੀਨ ॥*
*ਭੇਦ ਨ ਕਾਹੂ ਤ੍ਰਿਯ ਲਹਯੋ ਨ੍ਰਿਪ ਛਲ ਗਯੋ ਪ੍ਰਬੀਨ ॥੮॥* (ਚੌਸਠਵੇਂ ਚਰਿਤ੍ਰ ਪੰਨਾ ੮੯੩)

ਨੋਟ : ਗੁਰੂ ਗੋਬਿੰਦ ਸਿੰਘ ਜੀ ਧੁਰ ਕੀ ਬਾਣੀ ਕੰਠ ਕਰਨ ਦਾ ਉਪਦੇਸ ਦੇਂਦੇ ਹਨ ਨਾ ਕੇ ਬੇਦ-ਸਾਸਤ੍ਰਾਂ ਦੇ ਗਿਆਨ ਦਾ। ਇਥੇ ਤਾਂ ਕੋਕ ਸਾਸਤ੍ਰ ਪੜ੍ਹਨ ਦੀ ਭੀ ਪ੍ਰੇਰਨਾ ਹੈ। ਕੀ ਧਾਰਮਿਕ ਜਥੇਬੰਦੀਆਂ ਅਤੇ ਜੁੜੇ ਮਨੁੱਖ ਇਸ ਕੁਕਰਮ ਅਤੇ ਗੁਰੂ ਜੀ ਦੇ ਕੀਤੇ ਅਪਮਾਨ ਵੱਲ ਧਿਆਨ ਦੇਣਗੀਆਂ / ਦੇਣਗੇ ।

## ਇਲਾਕਾ : ਮਹੋਬੈ ਅਤੇ ਕਾਲਪੀ (ਪੈਂਸਠਵੇਂ ਚਰਿਤ੍ਰ ਪੰਨਾ ੮੯੪)

ਪਾਤਰ : ਮਿਤ੍ਰ ਸਿੰਘ, ਔਰਤ, ਧਾੜਵੀ

ਮਿਤ੍ਰ ਸਿੰਘ ਰਾਠ ਮਹੋਬੈ ਰਹਿੰਦਾ। ਕਿਸੇ ਨੂੰ ਲੰਘਣ ਨਾ ਦੇਂਦਾ ਸਭ ਲੋਕਾਂ ਨੂੰ ਲੁੱਟਦਾ ਜੇ ਕੋਈ ਆਕੜਦਾ ਤਾਂ ਮਾਰ ਮੁਕਾਉਂਦਾ। ਬਹੁਤਾ ਧੰਨ ਉਹ ਔਰਤ ਨੂੰ ਦੇਂਦਾ। ਇਕ ਦਿਨ ਡਾਕਾ ਮਾਰਨ ਗਿਆ ਸੂਰਮਿਆਂ ਦੇ ਧੱਕੇ ਚੜ੍ਹ ਗਿਆ। ਘੋੜਾ ਦੌੜਾਇਆ ਪਰ ਘੋੜੇ ਤੋਂ ਗਿਰ ਗਿਆ ਸੂਰਮਿਆਂ ਆ ਦਬੋਚਿਆ, ਉਸ ਨੂੰ ਮਾਰਨ ਲਈ ਬੰਨ ਕੇ ਕਾਲਪੀ ਲੈ ਗਏ। ਔਰਤ ਨੇ ਜਦ ਸੁਣਿਆ ਤਾਂ ਘੋੜਾ ਲੈ ਕੇ ਉਥੇ ਪਹੁੰਚੀ ਤੇ ਬਾਂਹ ਤੋਂ ਝਟਕ ਕੇ ਪਤੀ ਘੋੜੇ ਤੇ ਕਰ ਕੇ ਸਵਾਰ ਤਲਵਾਰ ਨਾਲ ਸਭ ਨੂੰ ਮਾਰ ਦਿੱਤਾ ।

*ਦੋਹਰਾ ॥ ਝਟਕਿ ਬਾਂਹ ਤੇ ਨਿਜੁ ਪਤਿਹ ਹੈ ਪਰ ਲਯੋ ਚਰਾਇ ॥*
*ਤਾਹੀ ਕੌ ਅਸਿ ਛੀਨਿ ਕੈ ਤਾਂਹਿ ਚੰਡਾਰਹਿ ਘਾਇ ॥੬॥*

(ਵਾਹ ਰੇ ਦਸਮ ਗ੍ਰੰਥ ਤੇਰੇ ਚ ਕੀ ਜਾਦੂ ਹੈ ਜੋ ਤੂੰ ਗੁਰੂ ਸਿੱਖਾਂ ਦੇ ਆਹੂ ਲਾਹੀ ਰਿਹਾ ਹੈਂ ਪਰ ਸਿੱਖ ਚੀਸ ਨੀ ਵੱਟਦੇ)

ਇਲਾਕਾ : ਰੂਪ ਸ਼ਹਿਰ (ਦੇਸ ਸਾਮ) **(ਛਿਆਸਠਵੇਂ ਚਰਿਤ੍ਰ ਪੰਨਾ ੮੯੪-੯੬)**

ਪਾਤਰ : ਸੁਮਤਿ ਸੈਨ, ਵਜੀਰ ਤੇ ਦੁਹਿਤਾ

ਰੂਪ ਸ਼ਹਿਰ ਦੇ ਵਜੀਰ ਦੀ ਦੋਹਤੀ ਜਿੰਨੀ ਸੋਹਣੀ ਤਿੰਨਾਂ ਲੋਕਾਂ ਚ ਕੋਈ ਨੀ। ਵਜੀਰ ਕਿਹੜੇ ਘੱਟ ਬੇਅੰਤ ਧੰਨ ਤੇ ਅੰਤਾਂ ਦੀ ਸੁੰਦਰਤਾ । ਸਾਮ ਦੇਸ ਦੇ ਸਾਹ ਦਾ ਪੁੱਤ, ਕੁੱਤੇ ਤੇ ਬਾਜ ਲੈ ਕੇ ਸ਼ਿਕਾਰ ਖੇਡਣ ਜੰਗਲ ਚ ਗਿਆ । ਕਹਿੰਦਾ ਹਾਣੀਆਂ ਨੂੰ ਕਿਸੇ ਮ੍ਰਿਗ ਨੂੰ ਸੁੱਕਾ ਨਾ ਜਾਣ ਦਿਓ । ਮ੍ਰਿਗ ਨਿਕਲਦਾ-ਤੁਰੇ ਭਜਾਉਂਦੇ ਪਿੱਛਾ ਕਰਦੇ ਤੇ ਮਾਰ ਮੁਕਾਉਂਦੇ। ਇਕ ਮ੍ਰਿਗ ਸੁਮਤਿ ਸੈਨ ਦੇ ਅੱਗੋਂ ਦੀ ਲੰਘਿਆ-ਕੀਤਾ ਪਿੱਛਾ -ਪਿੱਛਾ ਕਰਦਿਆਂ ਜਾ ਵੜਿਆ ਰੂਪ ਸ਼ਹਿਰ-ਵਜੀਰ ਦੀ ਦੋਹਤੀ ਨੇ ਤੱਕਿਆ ਸੁਮਤਿ ਸੈਨ ਤੇ-ਓਹਨੇ ਘੁਮਾਈ ਨਜ਼ਰ-ਹੋ ਗਏ ਨਿਹਾਲੋ ਨਿਹਾਲ।

*ਚੌਪਈ ॥ ਪਾਨ ਖਾਇ ਕਰ ਪੁਰੀ ਬਨਾਈ ॥ ਪੀਕ ਡਾਰਿ ਨ੍ਰਿਪ ਸੁਤ ਪਰ ਦਈ ॥*
*ਸੁਮਤਿ ਸੈਨ ਮੁਰਿ ਤਾਹਿ ਨਿਹਾਰਯੋ ॥ ਤਾਕੋ ਸ਼ੋਕ ਦੂਰਿ ਕਰਿ ਡਾਰਯੋ ॥੯॥*

**(ਛਿਆਸਠਵੇਂ ਚਰਿਤ੍ਰ ਪੰਨਾ ੮੯੫)**

ਬਸ ਫੇਰ ਕੀ ਸੀ ਸੁਤਹਿ ਨੂੰ ਬੁਲਾਇਆ ਮੰਦਰ ਤੇ-ਕੀਤਾ ਭਾਂਤਿ ਭਾਂਤਿ ਦੇ ਕੋਕ ਸਾਸਤ੍ਰ ਦੇ ਆਸਣਾ ਅਨੁਸਾਰ ਭੋਗ ਇਸ ਕਾਮ ਕਲਾ ਦਾ ਦੋਨਾਂ ਮਾਣਿਆ ਅਨੰਦ ਤੇ ਹੋਏ ਪ੍ਰਸੰਨ ਚਿੱਤ ।

*ਮੰਦਰ ਪੈ ਨ੍ਰਿਪ ਸੁਤਹਿ ਬੁਲਾਯੋ ॥ ਮਨ ਭਾਵਤ ਕੋ ਭੋਗ ਕਮਾਯੋ ॥*
*ਹਰਿਨ ਹਨਨ ਯੌ ਹੁਤੇ ਸੁ ਭਾਖਯੋ ॥ ਕਾਮਕੇਲ ਦੁਹੂੰਅਨ ਰਸ ਚਾਖਯੋ ॥੧੦॥*
*ਚਾਰਿ ਪਹਰ ਰਜਨੀ ਸੁਖ ਪਾਯੋ ॥ ਕਾਮਕੇਲ ਦੁਹੂੰਅਨ ਕੋ ਭਾਯੋ ॥*
*ਅਤਿ ਪ੍ਰਮੁਦਿਤ ਮਨ ਭੀਤਰ ਭਏ ॥ ਭਾਂਤਿ ਭਾਂਤਿ ਕੇ ਆਸਨ ਲਏ ॥੧੧॥*

*ਦੋਹਰਾ ॥ ਕੋਕ ਸ਼ਾਸਤ੍ਰ ਕੋ ਉੱਚਰੈਂ ਰਮਤ ਦੋਊ ਸੁਖ ਪਾਇ ॥*
*ਭਾਂਤਿ ਭਾਂਤਿ ਆਸਨ ਕਰੈ ਗਨਨਾ ਗਨੀ ਨਾ ਜਾਇ ॥* **(ਛਿਆਸਠਵੇਂ ਚਰਿਤ੍ਰ ਪੰਨਾ ੮੯੫)**

ਛੁਪਿਆ ਅੰਧੇਰ-ਹੋਈ ਸਵੇਰ-ਪਿਯਾਦਨ ਸੁਮਤਿ ਸੈਨ-ਲੈ ਚਲੇ ਕਰਨ ਕਤਲ-ਲੋਕੀਂ ਪੁੱਜੇ ਦੇਖਣ ਤਮਾਸਾ-ਖਾਧਾ ਗੁੱਸਾ ਸੁਤਾ ਨੇ-ਸਯਾਮ ਬਰਨ (ਕ੍ਰਿਸ਼ਨ ਜਾਤ) ਦਾ ਮਰਦਾਨਾ ਬਾਣਾ ਪਹਿਨ-ਲਿਆ ਤੁਰਕੀ ਘੋੜਾ ਚੱਲ ਪਈ ਮਿਤ੍ਰ ਛੁਡਾਣ ਹਾਂ ਜਾ ਛੁਡਾਇਆ ਮਿੱਤ੍ਰ ਜੇ ਝੂਠ ਮੰਨਦੇ ਹੋ ਤਾਂ ਕਵੀ ਸਯਾਮ ਤੋਂ ਪੁੱਛੋ :-

*ਦੋਹਰਾ ॥ ਸੁਨਤ ਬਚਨ ਤਾ ਕੇ ਨ੍ਰਿਪਤਿ ਨਿਕਟਿ ਬੋਲਿ ਤਿਹ ਲੀਨ ॥*
*ਸਯਾਮ ਸ਼ਾਹ ਕੋ ਪੁਤ੍ਰ ਲਖਿ ਤੁਰਤੁ ਬਿਦਾ ਕਰਿ ਦੀਨ ॥੨੫॥* **(ਛਿਆਸਠਵੇਂ ਚਰਿਤ੍ਰ ਪੰਨਾ ੮੯੬)**

ਨੋਟ : ਕਵੀ ਰਾਮ ਦਾ ਕਾਵਿ ਸੰਗ੍ਰਹਿ ਵਿੱਚ ਵਿਚਾਲੇ ਲਟਕਾ ਦੇਣ ਤੋਂ ਬਾਦ ਸੋਧਕ ਕਮੇਟੀ ਤੇ ਸੰਪਾਦਿਕ ਨੇ ਦੂਜਾ ਕਵੀ ਸਯਾਮ ਸ਼ਾਹ (ਕਬਿ ਸਯਾਮ) ਪ੍ਰਗਟ ਕੀਤਾ ਹੈ। ਇਸ ਕਵੀ ਨੇ ਦਿਲ ਖੋਲ੍ਹ ਕੇ ਨਸ਼ਿਆ ਦਾ ਸੇਵਨ ਅਤੇ ਕੋਕ ਸਾਸਤ੍ਰ ਦੀ ਵਿਧੀ ਵਿਧਾਨ ਅਨੁਸਾਰ ਔਰਤ ਨਾਲ ਹਮਬਿਸਤਰ ਹੋਣ ਦੀ ਗੱਲ ਤੇ ਜੋਰ ਦਿੱਤਾ ਹੈ। ਸਾਡੇ ਪ੍ਰਚਾਰਕ ਮਹਾਨ ਕੀਰਤਨੀਏ-ਕਥਾ ਵਾਚਕ-ਵੱਡੇ ਪੁਜਾਰੀ ਅਤੇ ਧਰਮ ਦੇ ਠੇਕੇਦਾਰ ਕਿਸ ਮੂੰਹ ਨਾਲ ਇਸ ਗੰਦੀ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਕਹਿੰਦੇ ਹਨ ? ਕੀ ਗੁਰੂ ਗੋਬਿੰਦ ਸਿੰਘ ਜੀ, ਆਪ ਜੀ ਨੂੰ ਪਾਨ ਖਾਣ ਦੀ ਮੱਤ ਦੇਣਗੇ ਜਾਂ ਕੋਕਸਾਸਤ੍ਰ ਪੜ੍ਹਨ ਲਈ ਪ੍ਰੇਰਨਗੇ ? ਅਜਿਹੇ ਕੋਝੇ ਵਾਰ ਸਿੱਖ ਧਰਮ ਤੇ ਦੁਸ਼ਮਣ ਹੀ ਕਰ ਸਕਦੇ ਹਨ। ਸਿੱਖ ਧਰਮ ਅੰਦਰ ਘੁਸਪੈਠ ਕਰ ਚੁੱਕੇ ਵੈਰੀ ਇਸ ਗੰਦੀ ਕਿਤਾਬ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰਦੇ ਹਨ ਅਤੇ ਨਮਸਕਾਰਾਂ ਕਰਦੇ ਹਨ ਤੇ ਕਰਵਾਉਂਦੇ ਹਨ। ਸਿਆਣਿਆਂ ਦੀ ਮੱਤ ਹੈ ਕਿ ਪਾਪਾਂ ਦਾ ਬੇੜਾ ਭਰ ਕੇ ਡੁੱਬ ਜਾਂਦਾ ਹੈ। ਲੱਗਦਾ ਹੈ ਕਿ ਇਹ ਬੇੜਾ ਡੁੱਬਾ ਕਿ ਡੁੱਬਾ ।

## ਦੇਸ : ਦੱਛਿਨ (ਬੰਸ : ਚੰਦ੍ਰ ਬੰਸ) (ਸਤਾਸਠਵੋਂ ਚਰਿਤ੍ਰ ਪੰਨਾ ੮੯੬-੯੭)

ਪਾਤਰ : ਚਤੁਰ ਸਿੰਘ, ਰੂਪ ਕਲਾ, ਸਖੀਆਂ ਤੇ ਯਾਰ

ਚੰਦ੍ਰ ਬੰਸ ਦਾ ਉੱਘਾ ਰਾਜਾ ਚਤ੍ਰ ਸਿੰਘ-ਹਾਥੀ ਘੋੜੇ ਰਥ ਤੇ ਪੈਦਲ ਬੇ ਅੰਤ ਫੋਜਾਂ-ਹੋਰ ਨਾ ਕੋਈ ਸਾਨੀ ਓਹਦਾ । ਰੂਪ ਕਲਾ ਓਹਦੀ ਘਰ ਵਾਲੀ ਜੋ ਓਹ ਕਹੇ-ਪੂਰੀ ਤਰ੍ਹਾਂ ਔਰਤ ਦੇ ਬਸਿ । ਇਕ ਦਿਨ ਸਹੇਲੀਆਂ ਚ ਲੱਗੀ ਹੋਡ ਕਿ ਪਤੀ ਦੇ ਦੇਖਦਿਆਂ ਯਾਰ ਨਾਲ ਭੋਗ ਨੀ ਕੋਈ ਕਰ ਸਕਦੀ । ਰਾਣੀ ਗਲ ਵਸਾਈ ਚਿੱਤ ਚ ਲੰਘੇ ਇਕ ਦੋ ਮਹੀਨੇ-ਰਾਜੇ ਨੂੰ ਕਹਿੰਦੀ ਗਈ ਸਾਂ ਮੈਂ ਸਿਵ ਪੂਜਣ-ਉਥੇ ਮੈਨੂੰ ਅਕਾਸ ਵਾਣੀ ਹੋਈ-ਸਿਵ ਕਹਿੰਦਾ ਸਾਰੀ ਸ੍ਰਿਸਟੀ ਨੂੰ ਮੈਂ ਹੀ ਭੋਗਦਾ ਹਾਂ । ਮੈਨੂੰ ਜੋ ਸਿਵ ਕਿਹਾ ਮੈਂ ਤੈਨੂੰ ਦੱਸ ਦਿੱਤਾ-ਕਿਤੇ ਹੋਰ ਨੂੰ ਨਾ ਦੱਸੀਂ। ਦੋ ਚਾਰ ਦਿਨ ਬੀਤਣ ਬਾਦ ਜੇਲ ਤੋਂ ਸਾਰੇ ਯਾਰਾਂ ਨੂੰ ਸੱਦਿਆ। ਅਪਣੇ ਸਮੇਤ ਸਹੇਲੀਆਂ ਨਾਲ ਸਾਰੇ ਯਾਰ ਚਿਮਟਾ ਦਿੱਤੇ । ਇਕ ਸਹੇਲੀ ਨੂੰ ਬੁਲਾ ਕੇ ਕਿਹਾ ਕਿ ਰਾਜੇ ਨੂੰ ਕਹੁ ਜੋ ਤੈਨੂੰ ਸਿਵ ਦੀ ਅਕਾਸ਼ਵਾਣੀ ਕਹੀ ਸੀ ਓਹ ਤੇਰੇ ਘਰ ਹੀ ਵਾਪਰ ਰਹੀ ਹੈ । ਸ਼ਸਤ੍ਰ ਅਤੇ ਦਿਲ ਦਾ ਗੁੱਸਾ ਥੁੱਕ ਕੇ ਆ ਕੇ ਦੇਖ ਲਓ । ਰਾਜੇ ਬਚਨ ਸੁਣਿਆ-ਔਰਤਾਂ ਅਤੇ ਪਤਨੀ ਨੂੰ ਕਲੋਲਾਂ ਕਰਦਿਆਂ ਤੱਕਿਆ-ਮੇਰੀ ਔਰਤ ਸੱਚ ਕਹਿੰਦੀ ਸੀ ਦਿਲ ਚ ਸੋਚਦਾ ਰਿਹਾ-ਸੋਚਦਾ ਰਿਹਾ ।

*ਦੋਹਰਾ ॥ ਰਤਿ ਕਰਿ ਕੈ ਸਭ ਹੀ ਤ੍ਰਿਯਨ ਦੀਨੇ ਜਾਰ ਉਠਾਇ ॥*

*ਆਪੁ ਆਨਿ ਨ੍ਰਿਪ ਸੋਂ ਕਹਯੋ ਬਹਿਗੀ ਬਾਤ ਬਨਾਇ ॥੧੩॥* (ਸਤਾਸਠਵੋਂ ਚਰਿਤ੍ਰ ਪੰਨਾ ੮੯੭)

ਔਰਤ ਕਹਿੰਦੀ ਖਸਮਾ ਚਿੱਤ ਚ ਗੁੱਸਾ ਨਾ ਕਰੀਂ ਸਿਵ ਦੇ ਵਚਨ ਸੱਚੇ ਹਨ ਕਵੀ ਕਹਿੰਦਾ :-

*ਕਿੰਨਰ ਜੱਛ ਭੁਜੰਗ ਗਨ ਨਰ ਮੁਨਿ ਦੇਵ ਅਦੇਵ ॥*

*ਤ੍ਰਿਯ ਚਰਿਤ੍ਰ ਕੋ ਚਿਤ ਮੈਂ ਰੰਚ ਨ ਚੀਨਤ ਭੇਵ ॥੧੫॥* (ਸਤਾਸਠਵੋਂ ਚਰਿਤ੍ਰ ਪੰਨਾ ੮੯੭)

ਨੋਟ : - ਇਹ ਚਰਿਤ੍ਰ ਕਵੀ ਰਾਮ ਦਾ ਲਿਖਿਆ ਹੈ । ਅਸੀਂ ਦੇਖਦੇ ਆ ਰਹੇ ਹਾਂ ਕਿ ਕਵੀ ਰਾਮ ਅਪਣੀ ਹਰ ਰਚਨਾਂ ਵਿੱਚ ਔਰਤ ਨੂੰ ਮੰਦਾ ਬੋਲਣ ਦਾ ਆਦੀ ਹੈ ਇਹ ਦੋਹਰਾ ਉਸ ਦੇ ਪਹਿਲੇ ਦੋਹਰਿਆਂ ਨਾਲ ਖੂਬ ਮੇਲ ਖਾਂਦਾ ਹੈ ।

## ਇਲਾਕਾ : ਗੁਜਰਾਤ (ਅਠਸਠਵੋਂ ਚਰਿਤ੍ਰ ਪੰਨਾ ੮੯੭-੯੯)

ਪਾਤਰ : ਸ਼ਾਹ, ਸ਼ਾਹ ਦਾ ਪੁੱਤ ਤੇ ਨਾਈ ਦਾ ਪੁੱਤ

ਗੁਜਰਾਤ ਦੇ ਸ਼ਾਹ ਦਾ ਇਕ ਹੋਣ ਹਾਰ ਪੁੱਤ ਦੁਕਾਨਦਾਰੀ ਚ ਬੜਾ-ਈ-ਨਿਪੁੰਨ । ਉਹ ਦੀ ਨਾਈ ਦੇ ਪੁੱਤ ਨਾਲ ਹੋ ਗਈ ਯਾਰੀ ਜੋ ਸ਼ਕਲ ਸੂਰਤ ਵਿੱਚ ਓਹਦੇ ਅਪਣੇ ਵਰਗਾ। ਕੋਈ ਨੀ ਪਛਾਣ ਸਕਦਾ ਕਿ ਨਾਈ ਦਾ ਪੁੱਤ ਕਿਹੜਾ ਤੇ ਸ਼ਾਹ ਦਾ ਕੇਹੜਾ । ਸ਼ਾਹ ਦਾ ਪੁੱਤ ਚਲਿਆ ਸਸੁਰਾਲ-ਨਾਲ ਲਿਆ ਨਾਈ ਦਾ ਪੁੱਤ-ਪਹੁੰਚੇ ਜੰਗਲ ਵਿਚਕਾਰ-ਨਾਈ ਦਾ ਪੁੱਤ ਕਹਿੰਦਾ, ਸ਼ਾਹ ਦੇ ਪੁੱਤ ਨੂੰ ਕਿ ਮੈਂ ਤੈਨੂੰ ਤਾਂ ਅਪਣਾ ਯਾਰ ਜਾਣੂੰ ਜੇ ਤੂੰ ਅਪਣਾ ਘੋੜਾ ਤੇ ਕੱਪੜੇ ਥੋੜੇ ਸਮੇਂ ਲਈ ਮੈਨੂੰ ਦੇ ਦੇਵੇਂ ਤੇ ਮੇਰੀ ਗਠੜੀ ਤੂੰ ਲੈ ਲਵੇਂ-ਸ਼ਾਹ ਦਾ ਪੁੱਤ ਹੋਇਆ ਰਾਜੀ-ਦਿੱਤਾ ਘੋੜਾ ਤੇ ਕੱਪੜੇ ਨਾਈ ਦੇ ਪੁੱਤ ਨੂੰ-ਦੇ ਕੇ ਅਪਣੀ ਗਠੜੀ ਨਾਈ ਦੇ ਪੁੱਤ ਨੇ ਮਾਰੀ ਘੋੜੇ ਤੇ ਪਲਾਕੀ-ਸ਼ਾਹ ਦਾ ਪੁੱਤ ਗਠੜੀ ਚੁੱਕ ਤੁਰਿਆ ਮਗਰੇ ਮਗਰੇ-ਆਇਆ ਸਸੁਰਾਲ ਨੇੜੇ-ਨਾਈ ਦਾ ਪੁੱਤ ਕਹਿੰਦਾ ਚੱਲ ਤੂੰ ਭੀ ਚੜ੍ਹਜਾ ਘੋੜੇ-ਸ਼ਾਹ ਦਾ ਪੁੱਤ ਮਨ ਚ ਦੁਖੀ ਕਿ ਨਾਈ ਦੇ ਪੁੱਤ ਨੇ ਅੱਜ ਮੈਨੂੰ ਬਣਾਤਾ ਨਾਈ-ਪਰ ਮੁੱਖੋਂ ਚੁੱਪ। ਜਾ ਪਹੁੰਚੇ ਸਸੁਰਾਲ -ਨਾਈ ਦੇ ਪੁੱਤ ਨੂੰ ਮਿਲਾ ਦਿੱਤੀ ਸਾਹ ਪੁੱਤ ਦੀ ਔਰਤ ਤੇ ਸਾਹ ਪੁੱਤ ਨੂੰ ਬਿਠਾ ਦਿੱਤਾ ਘਰੋਂ ਬਾਹਰ ਦਰਵਾਜੇ ਤੇ ਨਾਈ ਦਾ ਪੁੱਤ ਆਖੇ ਕਿ ਜਾਹ ਜੰਗਲ ਚ ਸਾਡੀਆਂ ਬੱਕਰੀਆਂ ਚਰਾ ਤੇ ਸ਼ਾਮ ਨੂੰ ਘਰ ਆ-ਉਹ ਹਰ ਰੋਜ ਜਾਂਦਾ ਬੱਕਰੀਆਂ ਲੈ-ਚਰਾਉਂਦਾ-ਰੋਂਦਾ ਪਿਟਦਾ-ਸ਼ਾਮ ਨੂੰ ਘਰ ਆਉਂਦਾ। ਉਹ ਇਸੇ ਹਾਲਤ ਚ ਹੋਇਆ ਦੁਬਲਾ ਤੀਲੇ ਵਰਗਾ। ਸਿਵ ਜੀ ਤੇ ਪਾਰਵਤੀ ਲੰਘਦਿਆਂ ਉਸ ਦੀ ਹਾਲਤ ਤੇ ਖਾਧਾ ਤਰਸ-ਦਿੱਤਾ ਗੁਰਮੰਤ੍ਰ ਤੇ ਅਸ਼ੀਰਵਾਦ। ਬਸ ਉਸੇ ਅਸ਼ੀਰਵਾਦ ਦਾ ਸਦਕਾ ਸੁਰੂ ਹੋਇਆ ਨੰਗੇਜ਼ ਅਸ਼ਲੀਲਤਾ ਨਮੂੰਨੇ ਮਾਤਰ ਹੇਠਾਂ ਕੀਤਾ ਹੈ ਦਰਜ :-

*ਦੋਹਰਾ ॥ ਜਾਇ ਬੁਟੈ ਤਬ ਬੈਠਿਯੋ ਲਈ ਕੁਪੀਨ ਉਠਾਇ ॥*

*ਡਲਾ ਭਏ ਪੌਛਨ ਲਗਯੋ ਕਹਯੋ ਚਮਰੁ ਤੂੰ ਤਾਹਿ ॥੨੫॥*

*ਹਥ ਲੰਗੋਟੀ ਰਹਿ ਗਈ ਡਲਾ ਫਸਯੋ ਬੁਰਿ ਮਾਹਿ ॥*

*ਚਰਨ ਝਾਰ ਕੇ ਸੰਗ ਫਸੇ ਤਾਹਿ ਰਹੀ ਸੁਧਿ ਨਾਹਿ ॥੨੬॥* (ਅਠਸਠਵੋਂ ਚਰਿਤ੍ਰ ਪੰਨਾ ੮੯੯)

ਇਸ ਤੋਂ ਭੀ ਵੱਡਾ ਨੰਗੇਜ :-

*ਦੋਹਰਾ ॥ ਯਾ ਘੋਰੀ ਕੇ ਭਗ ਬਿਖੈ ਜੀਭ ਦਈ ਸੌ ਬਾਰ ॥*
*ਤੁਰਤ ਰੋਗ ਹਮਰੋ ਕਟਯੋ ਸੁਨਹੁ ਬੈਦ ਉਪਚਾਰ ॥੨੯॥*
*ਤਬੈ ਬੈਦ ਸੋਊ ਕ੍ਰਿਆ ਕਮਾਈ ॥ ਤਾਕੇ ਭਗ ਮੈਂ ਜੀਭ ਧਸਾਈ ॥*
*ਕਹਯੋ ਚਮਰੁ ਤੂੰ ਸੋ ਲਗਿ ਗਈ ॥ ਅਤਿ ਹਾਸੀ ਗਦਹਾ ਕੋ ਭਈ ॥੩੦॥*

(ਅਠਸਠਵੇਂ ਚਰਿਤ੍ਰ ਪੰਨਾ ੮੯੯)

ਨੋਟ :- ਮੈਂ ਸਮੂਹ ਜਗਤ ਦੀਆਂ ਅਪਣੀਆਂ ਧੀਆਂ-ਭੈਣਾਂ ਤੇ ਮਾਤਾਵਾਂ ਸਮਾਨ ਔਰਤ ਜਾਤਿ ਤੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ ਮੈਂ ਇਹ ਲੱਚਰ ਸਹਿਤ ਸਿੱਖ ਜਗਤ ਦੇ ਦ੍ਰਿਸਟੀ ਗੋਚਰ ਕਰਨ ਜਾ ਰਿਹਾ ਹਾਂ। ਸਾਡੇ ਢੀਠ ਅਤੇ ਬੇ-ਸ਼ਰਮ ਤੇ ਬੇਹਯਾ ਪੁਜਾਰੀ-ਧਰਮ ਦੇ ਠੇਕੇਦਾਰ-ਸਿਆਸੀ ਅਖਵਾਉਂਦੇ ਲੀਡਰ-ਸੰਤ-ਸਾਧ ਤੇ ਬ੍ਰਹਮ ਗਿਆਨੀ-ਕਥਾਕਾਰ ਤੇ ਕੀਰਤਨੀਏ ਸਿੰਘ-ਮਹਾਂ ਤੇ ਮਹਾਨ ਵਿਦਵਾਨ ਇਸ ਲੱਚਰ ਸਹਿਤ ਤੇ ਪਾਤਸ਼ਾਹੀ ੧੦ ਲਿਖ ਕੇ ਆਖਦੇ ਹਨ ਕਿ ਇਹ ਮਹਾਂ ਪਵਿਤ੍ਰ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਏਨੀ ਬੇਸ਼ਰਮੀ ਦੀ ਅਤੇ ਨੀਚਤਾਈ ਦੀ ਹੱਦ ਤੋਂ ਭੀ ਥੱਲੇ ਜਾ ਕੇ ਬਦਨਾਮ ਕਰਨ ਦੀ, ਰੱਬ ਦੀ ਦਰਗਾਹ ਚ ਕੀ ਸਜਾ ਮਿਲੇਗੀ ਗੁਰੂ ਹੀ ਜਾਣੇ ਪਰ ਉਹ ਸਭ ਪ੍ਰਾਣੀ ਜੋ ਦਸਮ ਗ੍ਰੰਥ ਨੂੰ ਮਾਨਤਾ ਦੇਂਦੇ ਹਨ ਬਰਾਬਰ ਦੇ ਭਾਈਵਾਲ ਹਨ। ਇਨ੍ਹਾਂ ਨੂੰ ਗੁਰੂ ਦੇ ਸਿੱਖ ਨਹੀਂ ਕਿਹਾ ਜਾ ਸਕਦਾ-ਇਹ ਸਿੱਖ ਧਰਮ ਅੰਦਰ ਘੁਸਪੈਠੀਏ ਹਨ ਜੋ ਗੁਰੂ ਨਾਨਕ ਦੇ ਧਰਮ ਨੂੰ ਕਮਜ਼ੋਰ ਕਰਨ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਅਸ਼ਲੀਲ ਰਚਨਾਂ ਲਿਖ ਸਕਦੇ ਹਨ? ਪੁਜਾਰੀਆਂ ਤੋਂ ਪੁੱਛਣਾ ਨਾ ਭੁੱਲਣਾ। ਇਹ ਭੀ ਪੁੱਛਿਓ ਕਿ ਇਸ ਦਾ ਪ੍ਰਕਾਸ ਉਹ ਤਖਤਾਂ ਅਤੇ ਗੁਰਦੁਆਰਿਆਂ ਚ ਕਿਉਂ ਕਰਦੇ ਹਨ ?

ਅੰਤ ਚ ਓਹੋ ਹੋਇਆ ਜੋ ਹੋਣਾ ਸੀ-ਖੁਲਿਆ ਭੇਦ ਨਾਈ ਨੂੰ ਕੁੱਟਿਆ ਚਿੰਮਟਿਆ ਨਾਲ ਤੇ ਸਾਹ ਪੁੱਤ ਨੂੰ ਇਕ ਹੋਰ ਕੁੜੀ ਦੇ ਕੇ ਕੀਤਾ ਵਿਦਾ ।

ਪਾਤਰ : ਚਪਲ ਸਿੰਘ (ਰਾਜਾ), ਰਾਜ ਕਲਾ (ਨਾਰਿ), ਚੋਰ (ਤਸਕਰ) ਤੇ ਇੰਦ੍ਰ ਦੇਵ

(ਉਨਹੱਤਰੋ ਚਰਿਤ੍ਰ ਪੰਨਾ ੮੯੯-੯੦੦)

**ਇਸ਼ਕ ਨਾ ਪੁੱਛੇ ਜਾਤਿ :-** ਚਪਲ ਸਿੰਘ ਵੱਡੇ ਮਸ਼ਹੂਰ ਰਾਜੇ ਦੀ ਰਾਣੀ ਰਾਜ ਕਲਾ ਬਹੁਤੀ ਸੋਹਣੀ-ਇੰਦਰ ਭੀ ਓਹਦੀ ਸੁੰਦਰਤਾ ਤੇ ਦੀਵਾਨਾ । ਰਾਣੀ ਨੇ ਗੰਢਿਆ ਯਾਰਾਨਾ ਇਕ ਚੋਰ ਨਾਲ-ਰਾਤ ਦਿਨ ਓਹਦੇ ਰੰਗ ਦੇ ਹੁਲਾਰਿਆਂ ਨੂੰ ਮਾਣਦੀ-ਕਦੇ ਉਹ ਉਸ ਦੇ ਘਰ ਜਾਂਦੀ ਤੇ ਕਦੇ ਚੋਰ ਰਾਣੀ ਦੇ ਮਹਿਲੀਂ ਆਉਂਦਾ-ਇਕ ਦਿਨ ਦੇਖਿਆ ਰਾਜੇ ਨੇ-ਦਿੱਤਾ ਫਾਂਸੀ ਦਾ ਹੁਕਮ-ਜਲਾਦਾਂ ਪੁੱਛੀ ਓਹਦੀ ਅੰਤਿਮ ਇੱਛਿਆ-ਕਹਿੰਦਾ ਮੈਂ ਰਾਣੀ ਦੀ ਚੁੰਮੀ ਲੈਣੀ ਹੈ :-

*ਤਬ ਤਸਕਰ ਯੌ ਬੈਨ ਉਚਾਰੇ ॥ ਯਹੈ ਹੌਸ ਮਨ ਰਹੀ ਹਮਾਰੇ ॥*
*ਮਰਤ ਸਮੈ ਚੁੰਬਨ ਤਵ ਕਰੌ ॥ ਬਹੁਰੌ ਯਾ ਸੂਰੀ ਪਰ ਮਰੌ ॥੭॥* (ਉਨਹੱਤਰੋ ਚਰਿਤ੍ਰ ਪੰਨਾ ੯੦੦)

ਰਾਣੀ ਨੇ ਜਦ ਮਿਤ੍ਰ ਨੂੰ ਫਾਂਸੀ ਦੀ ਗੱਲ ਸੁਣੀ-ਭੱਜੀ ਮਿਤ੍ਰ ਨੂੰ ਮਿਲਣ ਤੇ ਕੀਤੀ ਉਸ ਦੀ ਪੂਰੀ ਅੰਤਿਮ ਇੱਛਾ ਪਰ ਭਾਰੀ ਕੀਮਤ ਦੇ ਕੇ :-

*ਜਬ ਰਾਨੀ ਚੁੰਬਨ ਤਿਹ ਦੀਨੋ ॥ ਸ੍ਰੋਣ ਭਭਾਕੋ ਤਸਕਰ ਕੀਨੋ ॥*
*ਤਬ ਤਸਕਰ ਕੋ ਮੁਖ ਜੁਰਿ ਗਯੋ ॥ ਨਾਕ ਕਾਟਿ ਰਾਨੀ ਕੋ ਲਯੋ ॥੮॥* (ਉਨਹੱਤਰੋ ਚਰਿਤ੍ਰ ਪੰਨਾ ੯੦੦)

ਰਾਣੀ ਨੱਕ ਕਟਾ ਕੇ ਪਹੁੰਚੀ ਘਰ-ਜੋੜੀ ਕਹਾਣੀ-ਕਹਿੰਦੀ ਖਸਮਾ ਨੱਕ ਕਟਾ ਕੇ ਮੈਂ ਸਿਵ ਦੇ ਮੰਦਰ ਚੜ੍ਹਾ ਦਿੱਤੀ-ਸਿਵ ਕਹਿੰਦਾ ਏਹ ਨੀ-ਹੁਣ ਜੁੜਨੀ । ਫੇਰ ਸਿਵ ਜੀ ਕਹਿੰਦਾ ਕਿ ਚੋਰ ਦੇ ਮੂੰਹ ਵਿੱਚ ਤੇਰੀ ਨੱਕ ਐ ਜਾਹ ਜਾ ਕੇ ਕੱਢ ਲੈ ਤੇ ਜੋੜ ਲੈ ਅਪਨੇ ਨੱਕ ਤੇ

*ਦੋਹਰਾ ॥ ਤਬ ਰਾਜੈ ਸੋਈ ਕਿਯੋ ਸ਼ਿਵ ਕੋ ਬਚਨ ਪਛਾਨਿ ॥*
*ਤਾਕੇ ਮੁਖ ਸੋ ਕਾਢ ਕੈ ਨਾਕ ਲਗਾਯੋ ਆਨਿ ॥੧੨॥* (ਉਨਹੱਤਰੋ ਚਰਿਤ੍ਰ ਪੰਨਾ ੯੦੦)

ਨੋਟ : - ਇਹ ਦਸਮ ਗ੍ਰੰਥ ਹੈ ਜੀ ਜਿਸ ਦਾ ਆਪ ਜੀ ਪਾਠ ਕਰ ਰਹੇ ਹੋ। ਗੁਰਬਾਣੀ ਤੇ ਕੋਕਸਾਸਤ੍ਰ ਦੇ ਫ਼ਰਕ ਨੂੰ ਪਛਾਨਣਾ ਜੀ ।

## ਇਲਾਕਾ : ਲਹੌਰ

(ਸਤਰੋ ਚਰਿਤ੍ਰ ਪੰਨਾ ੯੦੦-੯੦੧)

ਪਾਤਰ : ਜੈਮਲ ਸੁਨਿਆਰ, ਚਿਤ੍ਰ ਪ੍ਰਭਾ ਤੇ ਬੰਦਨ

**ਦਸਮ ਗ੍ਰੰਥ ਰਾਹੀਂ ਚੋਰੀ ਕਰਨਾ ਸਿੱਖੋ ਜੀ : -** ਜੈਮਲ ਨਾ ਦਾ ਸੁਨਿਆਰ ਲਹੌਰ ਰਹਿੰਦਾ। ਲੋਕੀਂ ਓਹਨੂੰ

ਵੱਡਾ ਚੋਰ ਕਹਿੰਦੇ । ਸ਼ਾਹ ਦੀ ਔਰਤ ਚਿਤ੍ਰ ਪ੍ਰਭਾ ਨੇ ਉਸ ਬਾਰੇ ਸੁਣਿਆ ਤੇ ਗਹਿਣੇ ਘੜਨ ਲਈ ਘਰ ਸੱਦ ਲਿਆ । ਸੁਨਿਆਰੇ ਨੇ ਬਥੇਰੀ ਕੋਸ਼ਿਸ ਕੀਤੀ ਸੋਨਾ ਚੁਰਾਣ ਦੀ ਪਰ ਔਰਤ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ । ਉਸ ਨੇ ਮਨ ਚ ਸਕੀਮ ਬਣਾ ਕੇ ਰੋਣਾ ਪਿੱਟਣਾ ਤੇ ਕੀਰਨੇ ਪਾਉਣੇ ਸੁਰੂ ਕਰ ਦਿੱਤੇ ਕਿ ਉਸ ਦਾ ਪੁੱਤ ਮਰ ਗਿਆ ਹੈ ਉਹ ਬਹੁਤ ਦੁਖੀ ਹੈ । ਬਸ ਇਸੇ ਰੋਣ ਧੋਣ ਵਿੱਚ ਸੋਨਾ ਚੋਰੀ ਕਰ ਕੇ ਅਪਣੇ ਰਾਹ ਪਿਆ ।

ਨੋਟ :- ਦਸਮ ਗ੍ਰੰਥ ਦੀ ਇਹ ਅਨਮੋਲ ਰਚਨਾ ਸਾਨੂੰ ਚੋਰੀ ਕਰਨੀ ਸਿਖਾਉਂਦੀ ਹੈ ਅਤੇ ਝੂਠ ਬੋਲਣਾ। ਕੀ ਤੁਸੀਂ ਵੀ ਅਪਣੇ ਬੱਚਿਆਂ ਨੂੰ ਅਜਿਹੀ ਸਿੱਖਿਆ ਦੇਣੀ ਪਸੰਦ ਕਰੋਗੇ ? ਜੇ ਨਹੀਂ ਤਾਂ ਹਰ ਗੁਰਸਿੱਖ ਦਾ ਬੱਚਾ ਤੁਹਾਡਾ ਅਪਣਾ ਹੈ। ਉਸ ਦੇ ਚੰਗੇ ਜੀਵਨ ਲਈ ਤੁਹਾਡਾ ਭੀ ਯੋਗਦਾਨ ਜਰੂਰੀ ਹੈ। ਤੁਸੀਂ ਧਰਮ ਦੇ ਦੋਖੀਆਂ ਵੱਲੋਂ ਪ੍ਰਚਾਰੇ ਜਾ ਰਹੇ ਦਸਮ ਗ੍ਰੰਥ ਅਤੇ ਪ੍ਰੇਮ ਸੁ ਮਾਰਿਗ ਗ੍ਰੰਥ ਜਿਹੀਆਂ ਹੋਰ ਭੀ ਅਨੇਕਾਂ ਗੰਦੀਆਂ ਪੁਸਤਕਾਂ ਦਾ ਡੱਟ ਕੇ ਵਿਰੋਧ ਕਰ ਕੇ ਫ਼ਰਜ਼ ਪੂਰਾ ਕਰ ਸਕਦੇ ਹੋ ।

ਨਗਰ : ਪਾਂਵਟਾ (ਪਾਉਂਟਾ) ਜਮੁਨਾ ਨਦੀ ਦੇ ਕੰਢੇ ਦੇਸ : ਸਾਰਮੌਰ ਤੀਰਥ : ਮੁਚਨ ਕਪਾਲ
ਪਾਤਰ : ਰਾਇ (ਗੋਬਿੰਦ ਰਾਇ) ਤੇ ਗੁਰੂ ਦੇ ਸਿੱਖ (ਇਕਹੱਤਰੋ ਚਰਿਤ੍ਰ ਪੰਨਾ ੯੦੧-੯੦੨)

**ਧਰਮ ਦੇ ਦੋਖੀਆਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ :** ਸਾਰਮੌਰ (ਸਿਰਮੌਰ) ਦੇਸ ਵਿੱਚ ਜਮੁਨਾ ਨਦੀ ਦੇ ਕੰਢੇ ਵਸਿਆ ਹੈ ਨਗਰ ਪਾਂਵਟਾ (ਪਾਉਂਟਾ ਸਾਹਿਬ) ਇੱਥੇ ਹੀ ਜਮੁਨਾ ਕੰਢੇ ਮੁਚਨ-ਕਪਾਲ ਤੀਰਥ ਭੀ ਹੈ । ਪਾਂਵਟਾ ਨਗਰ ਛੱਡ ਕੇ ਅਸੀਂ ਉਥੇ ਆ ਗਏ (ਨੋਟ:-ਕਵੀ ਨੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਖੁਦ ਅਪਣੀ ਕਲਮ ਨਾਲ ਅਪਣੀ ਹੱਡ ਬੀਤੀ ਬਿਆਨ ਕਰ ਰਹੇ ਹਨ ਜਦ ਕਿ ਇਹ ਕੋਰਾ ਝੂਠ ਹੈ ਅਤੇ ਗੁਰੂ ਜੀ ਨੂੰ ਬਦਨਾਮ ਕਰਨ ਦੀ ਗਹਿਰੀ ਚਾਲ ਹੈ) ਫੇਰ ਅਸੀਂ ਸ਼ਿਕਾਰ ਖੇਡਿਆ-ਕਈ ਸੂਰ ਅਤੇ ਬੇਅੰਤ ਮ੍ਰਿਗਾਂ ਨੂੰ ਮਾਰ ਮੁਕਾਇਆ। ਫੇਰ ਅਸੀਂ ਉਸ ਥਾਂ ਵੱਲ ਰਸਤਾ ਲਿਆ ਤੇ ਉਸ ਤੀਰਥ (ਮੁਚਨ-ਕਪਾਲ) ਦੇ ਦਰਸ਼ਨ ਕੀਤੇ। ਉਥੇ ਸਾਡੇ ਬੇਅੰਤ ਸਿੱਖ ਆ ਪਹੁੰਚੇ। ਉਨ੍ਹਾਂ ਨੂੰ ਸਿਰਪਾਇ (ਸਿਰੋਪਾਉ) ਦੇਣ ਦੀ ਸੋਚੀ। ਪਾਉਂਟੇ ਨਗਰ ਚ ਭੈੜਿਆਂ ਲੋਕ ਤਾਂ ਬੁਲਾ ਲਏ ਪਰ ਕਿਸੇ ਦੇ ਸਿਰ ਤੇ ਪਗੜੀ ਨਾ । ਇਕ ਵੀ ਪੱਗ ਮੁੱਲ ਨਾ ਖ੍ਰੀਦੀ । ਤਦ ਮੈਂ ਸਕੀਮ ਬਣਾਈ ਕਿ ਜਿਹੜਾ ਏਥੇ ਮੂਤੇ ਉਸ ਦੀ ਧੀਂਗੋਜੋਰੀ ਪੱਗ ਉਤਾਰ ਲਿਆਓ ।

*ਚੋਪਈ ॥ ਮੋਲਹਿ ਏਕ ਪਾਗ ਨਹਿ ਪਾਈ ॥ ਤਬ ਮਸਲਤਿ ਹਮ ਜਿਯਹਿ ਬਨਾਈ ॥*
*ਜਾਹਿ ਇਹਾਂ ਮੂਤਤਿ ਲਖਿ ਪਾਵੋ ॥ ਤਾਕੀ ਛੀਨ ਪਗਰਿਯਾ ਲਯਾਵੋ ॥੬॥* (ਇਕਹੱਤਰੋ ਚਰਿਤ੍ਰ ਪੰਨਾ ੯੦੧)

ਜਦ ਸਿਪਾਹੀਆਂ ਇਹ ਸੁਣਿਆ ਤਾਂ ਸਭਨਾਂ ਨੇ ਉਸ ਤੇ ਅਮਲ ਕੀਤਾ । ਜਿਹੜਾ ਮਨਮੁਖ ਤੀਰਥ ਤੇ ਆਇਆ ਉਸ ਨੂੰ ਪੱਗ ਤੋਂ ਬਿਨਾਂ ਨੰਗਾ ਕਰ ਕੇ ਭੇਜਿਆ । ਇਕ ਰਾਤ ਵਿੱਚ ਅੱਠ ਸੌ ਪਗੜੀ ਉਤਾਰੀ ਤੇ ਸਵੇਰੇ ਧੋ ਕੇ ਸਿੱਖਾਂ ਨੂੰ ਪਹਿਨਣ ਲਈ ਦੇ ਦਿੱਤੀ ।

*ਦੋਹਰਾ ॥ ਰਾਤਿ ਬੀਚ ਕਰਿ ਆਠ ਸੈ ਪਗਰੀ ਲਈ ਉਤਾਰਿ ॥*
*ਆਨਿ ਤਿਨੈ ਹਮ ਦੀਹ ਮੈ ਧੋਵਨ ਦਈ ਸੁਧਾਰਿ ॥੮॥* (ਇਕਹੱਤਰੋ ਚਰਿਤ੍ਰ ਪੰਨਾ ੯੦੨)

ਜਿਹੜੀ ਬਚੀ ਓਹ ਵੇਚ ਦਿੱਤੀ ਤੇ ਜੋ ਹੋਰ ਬਚੀ ਉਹ ਸਿਪਾਹੀਆਂ ਨੂੰ ਦੇ ਦਿੱਤੀ ।

*ਚੋਪਈ ॥ ਪ੍ਰਾਤ ਲੇਤ ਸਭ ਧੋਇ ਮਗਾਈ ॥ ਸਭ ਹੀ ਸਿਖਯਨ ਕੋ ਬੰਧਵਾਈ ॥*
*ਬਚੀ ਸੁ ਬੇਚਿ ਤੁਰਤੁ ਤਹ ਲਈ ॥ ਬਾਕੀ ਬਚੀ ਸਿਪਾਹਿਨ ਦਈ ॥* (ਇਕਹੱਤਰੋ ਚਰਿਤ੍ਰ ਪੰਨਾ ੯੦੨)

ਪਗੜੀਆਂ ਵੰਡ ਕੇ ਮਨ ਚ ਖੁਸ਼ੀ ਲੈ ਕੇ ਰਾਇ (ਗੋਬਿੰਦ ਰਾਇ) ਕਿਧਰ ਗਏ ਮੂਰਖ ਨਗਰ ਨਿਵਾਸੀ ਨਾ ਜਾਣ ਸਕੇ ਇਹ ਭੇਦ :- *ਦੋਹਰਾ ॥ ਬਟਿਕੈ ਪਗਰੀ ਨਗਰ ਕੋ ਜਾਤ ਭਏ ਸੁਖ ਪਾਇ ॥*
*ਭੇਦ ਮੂਰਖਨ ਨਾ ਲਹਯੋ ਕਹਾ ਗਯੋ ਕਰਿ ਰਾਇ ॥੧੦॥* (ਇਕਹੱਤਰੋ ਚਰਿਤ੍ਰ ਪੰਨਾ ੯੦੨)

ਨੋਟ :- ਇਹ ਉਹ ਧਾਰਮਿਕ ਗ੍ਰੰਥ ਹੈ ਜਿਸ ਦਾ ਸਿੱਖ ਧਰਮ ਵਿੱਚ ਮਿੱਥੇ ਗਏ ਦੋ ਤਖਤਾਂ ਤੇ ਪੁਜਾਰੀਆਂ ਵੱਲੋਂ ਬੇਸ਼ਰਮੀ ਨਾਲ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਇਸ ਅੱਗੇ ਅਰਦਾਸਾਂ ਤੇ ਡੰਡਾਉਤਾਂ ਕਰਦੇ ਹਨ, ਅਪਣੇ ਧਰਮ ਅਤੇ ਅਪਣੇ ਹੀ ਗੁਰੂ ਦਾ ਘੋਰ ਅਪਮਾਨ ਹੋਰ ਕੀ ਕਰ ਸਕਦੇ ਹਨ। ਇਹ ਭੇਖੀ ਸਿੱਖ, ਜਿਨ੍ਹਾਂ ਦੇ ਹਿਰਦੇ ਅਪਣੇ ਧਰਮ ਅਤੇ ਗੁਰੂ ਪ੍ਰਤੀ ਪਿਆਰ ਤੇ ਸਤਿਕਾਰ ਹੈ ਉਹ ਭੀ ਧੰਨਤਾ ਜੋਗ ਅਤੇ ਸਲਓਹੁਣ ਜੋਗ ਹੈ। ਇਥੇ ਗੱਲ ਕੇਵਲ ਉਨ੍ਹਾਂ ਦੀ ਕੀਤੀ ਜਾ ਰਹੀ ਹੈ ਜੋ ਦਸਮ ਗ੍ਰੰਥ ਜਿਹੀ ਮਹਾਂ ਗੰਦੀ ਕਿਤਾਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੀ ਮੰਨਦੇ ਹਨ ਤੇ ਪ੍ਰਚਾਰਦੇ ਹਨ। ਮੈਂ ਜਾਣਦਾ ਹਾਂ ਤੁਸੀਂ ਮੇਰੇ ਨਾਲੋਂ ਵੱਧ ਪੀੜ ਮਹਿਸੂਸ ਕਰ ਰਹੇ ਹੋਵੋਗੇ। ਇਸ ਪੀੜ ਨੂੰ ਦੰਦਾ ਥੱਲੇ ਦਬਾ ਦੇਣ ਨਾਲ ਜਮੀਰ ਦੇ ਮਰ ਜਾਣ ਦਾ ਖ਼ਤਰਾ ਵੱਧ ਜਾਂਦਾ ਹੈ ਸੁਚੇਤ ਰਹਿਣਾ ਜੀ ।

ਇਲਾਕਾ : ਪਹਾੜ (ਬਹੱਤਰੋ ਚਰਿਤ੍ਰ ਪੰਨਾ ੯੦੨-੯੦੩)
ਪਾਤਰ : ਚਿਤ੍ਰ ਨਾਥ (ਰਾਜਾ) ਤੇ ਇੰਦ੍ਰ ਮੁਖੀ (ਰਾਣੀ)

ਪਹਾੜੀ ਰਾਜੇ ਚਿਤ੍ਰਨਾਥ ਨੂੰ ਅੱਠੇ ਪਹਿਰ ਲੋਕੀਂ ਸਲਾਮਾ ਕਰਦੇ ਤੇ ਪੂਜਦੇ। ਓਹਦੀ ਔਰਤ ਅੰਤਾਂ ਦੀ ਸੋਹਣੀ। ਚੰਦ੍ਰਭਗਾ ਨਦੀ ਰਾਜੇ ਦੇ ਮਹਿਲਾਂ ਹੇਠਾਂ ਵਗਦੀ-ਬੜੀ ਡੂੰਘੀ ਤੇ ਤੇਜ-ਦਰਿਯਾ ਸਿੰਧ ਦੀ ਤਰ੍ਹਾਂ ਇਸ ਨੂੰ ਤੈਰਨਾ ਬੜਾ ਹੀ ਔਖਾ ਕੋਈ ਡਰਦਾ ਮਾਰਿਆ ਇਸ ਨੂੰ ਪਾਰ ਕਰਨ ਦੀ ਹਿੰਮਤ ਨਾ ਕਰਦਾ। ਰਾਜੇ ਨੇ ਅਪਣਾ ਮਹਿਲ ਇਸ ਨਦੀ ਦੇ ਕੰਢੇ ਪਹਾੜ ਦੀ ਟੀਸੀ ਤੇ ਬਣਾਇਆ। ਗੁਜਰਾਤ ਦਾ ਇਕ ਸ਼ਾਹੂਕਾਰ ਅਪਣਾ ਘੋੜਾ ਵੇਚਣ ਉਥੇ ਪਹੁੰਚਿਆ-ਉਸ ਦੀ ਸੁੰਦਰਤਾ ਦੇਖ ਦੇਖ ਨਰ ਨਾਰੀ ਉਸ ਤੇ ਡੁੱਲ੍ਹ ਡੁੱਲ੍ਹ ਪੈਂਦੇ ਤੇ ਅਪਣਾ ਤਨ ਮਨ ਕੁਰਬਾਨ ਕਰ ਦੇਣ ਲਈ ਉਤਾਵਲੇ ਹੁੰਦੇ। ਇਕ ਔਰਤ ਨੇ ਉਸ ਨੂੰ ਦੇਖਿਆ-ਸੋਚਿਆ ਕਿ ਅਜਿਹੇ ਪੁਰਖ ਨਾਲ ਭੋਗ ਕਰਨਾ ਚਾਹੀਦਾ ਹੈ। ਉਸ ਨੇ ਰਾਣੀ ਨੂੰ ਕਿਹਾ ਕਿ ਅਜਿਹਾ ਹੀ ਹੋਏਗਾ, (ਇਕ ਧਾਰਮਿਕ ਸਿੱਖਿਆ ਔਰਤਾਂ ਲਈ ?) ਜਿਹੜੀ ਔਰਤ ਉਸ ਨੂੰ ਇਕ ਵਾਰ ਦੇਖ ਲੈਂਦੀ ਹੈ ਮੁੜ ਘਰ ਨੀ ਜਾਂਦੀ। ਜਿਵੇਂ ਲੋਕੀਂ ਰਾਮ ਨਾਮ ਦੇ ਦੀਵਾਨੇ ਹਨ ਉਵੇਂ ਹੀ ਓਹਦੇ।

*ਦੋਹਰਾ ॥ ਤਵ ਸੁਤ ਕੋ ਜੋ ਇਸਤ੍ਰੀ ਨੈਕੁ ਨਿਹਰਿ ਹੈ ਨਿੱਤ ॥*

*ਸ੍ਰੀ ਰਾਘਵ ਕੇ ਨਾਮ ਜਯੋਂ ਸਦਾ ਸੰਭਰਿ ਹੈਂ ਚਿੱਤ ॥੧੦॥* (ਬਹੱਤਰੋ ਚਰਿਤ੍ਰ ਪੰਨਾ ੯੦੨)

ਰਾਣੀ ਨੇ ਉਸ ਦੀ ਉਸਤਤਿ ਸੁਣ ਕੇ ਘਰ ਬੁਲਾਇਆ ਤੇ ਫਿਰ :-

*ਚੋਪਈ ॥ ਜਬ ਰਾਨੀ ਐਸੇ ਸੁਨੁ ਪਾਯੋ ॥ ਬੋਲਿ ਸ਼ਾਹੁ ਕੋ ਧਾਮ ਪਠਾਯੋ ॥*

*ਭਾਂਤਿ ਭਾਂਤਿ ਆਸਨ ਤਿਹ ਦੀਨੋ ॥ ਉਰ ਅਪਨੇ ਤੇਂ ਜੁਦਾ ਨ ਕੀਨੋ ॥੧੧॥* (ਬਹੱਤਰੋ ਚਰਿਤ੍ਰ ਪੰਨਾ ੯੦੨)

ਅਚਾਨਕ ਆਇਆ ਰਾਜਾ-ਦੇਖਿਆ ਕੁਕਰਮ-ਖਾਧਾ ਗੁੱਸਾ ਬੰਨਿਆ ਦੋ ਸੌ ਲੰਮੇਂ ਬਾਂਸ ਨਾਲ (ਜੇ ਗੱਪ ਲੱਗੇ ਤਾਂ ਪੁਸ਼ਟੀ ਸੋਧਕ ਕਮੇਟੀ ਤੇ ਸੰਪਾਦਿਕ ਤੋਂ ਕਰਵਾ ਲੈਣੀ ਜੀ) ਇਕ ਮਣ ਰੂੰ ਮੰਗਵਾ ਕੇ ਲਪੇਟੀ ਸਰੀਰ ਨੂੰ ਤੇ ਰੋੜ੍ਹ ਦਿੱਤਾ ਨਦੀ ਵਿੱਚ-ਵਿਚਾਰਾ ਹਵਾ ਦੇ ਬੁੱਲਿਆਂ ਦੀਆਂ ਚੋਟਾਂ ਤੇ ਲਹਿਰਾਂ ਦੇ ਥਪੇੜੇ ਖਾਂਦਾ ਜਾ ਲੱਗਾ ਕਿਨਾਰੇ-ਰਾਣੀ ਇਹ ਸੁਣ ਕੇ ਡਾਢੀ ਖੁਸ਼ ਕਿ ਓਹਦਾ ਯਾਰ ਬਚ ਨਿਕਲਿਆ ।

*ਦੋਹਰਾ ॥ ਜਬ ਤਾਕੋ ਜੀਵਤ ਸੁਨਯੋ ਰਾਨੀ ਸ੍ਰਵਨਨ ਮਾਹਿ ॥*

*ਯਾ ਦਿਨ ਸੋ ਸੁਖ ਜਗਤ ਮੈ ਕਹਯੋ ਕਹੂੰ ਕੋਊ ਨਾਹਿ ॥੧੨॥* (ਬਹੱਤਰੋ ਚਰਿਤ੍ਰ ਪੰਨਾ ੯੦੩)

ਨੋਟ :- ਇਹ ਦਸਮ ਗ੍ਰੰਥ ਹੈ ਜੀ ਜਿਸ ਦਾ ਆਪ ਜੀ ਅਧਿਐਨ ਕਰ ਰਹੇ ਹੋ ਜੀ । ਰੱਬੀ ਬੰਦਗੀ ਲੱਭਦੇ ਓ ? ਜਾਂ ਚੱਜ ਅਚਾਰ ਦੀ ਗੱਲ ? ਕੋਈ-ਨੀ-ਜੇ ਲੱਭਣੀ । ਹਾਂ ਇਸ਼ਕ ਮੁਸ਼ਕ ਹਰ ਪੰਨੇ ਤੇ ਮਿਲੇਗਾ ਇਹ ਫੈਸਲਾ ਆਪ ਜੀ ਨੇ ਕਰਨਾ ਹੈ ਕਿ ਅਪਣੇ ਬੱਚਿਆਂ ਨੂੰ ਇਸ਼ਕ ਮੁਸ਼ਕ ਦੀ ਸਿੱਖਿਆ ਦੇਣੀ ਹੈ ਜਾਂ ਗੁਰਬਾਣੀ ਦੀ। ਫੈਸਲਾ ਕਰਨ ਲਈ ਦੇਰ ਨਾ ਕਰਿਓ-ਤੁਹਾਡੇ ਵੱਲੋਂ ਵਿਖਾਈ ਸੁਸਤੀ ਬੱਚਿਆਂ ਨੂੰ ਕੁਰਾਹੇ ਪਾ ਸਕਦੀ ਹੈ । ਜਾਗਦੇ ਰਹਿਓ ।

## ਇਲਾਕਾ : ਬਜਵਾਰਾ (ਬਜਵਾੜਾ) ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ (ਤਿਹੱਤਰੋ ਚਰਿਤ੍ਰ ਪੰਨਾ ੯੦੩-੯੦੪)

ਪਾਤਰ : ਕੇਵਲ (ਬਨਿਯਾ) ਤੇ ਪੁਹਪਵਤੀ (ਤ੍ਰਿਯਾ)

ਕੇਵਲ ਨਾਂ ਦਾ ਬਨਿਯਾ ਬਜਵਾੜੇ ਰਹਿੰਦਾ ਅਪਣੀ ਪੁਹਪਵਤੀ ਖੂਬਸੂਰਤ ਔਰਤ ਦੇ ਨਾਲ ਨੌਕਰੀ ਕਰਦਾ ਪਠਾਣ ਦੇ ਘਰ । ਪੁਹਪਵਤੀ ਇਕ ਸੁੰਦਰ ਪੁਰਖ ਤੇ ਮਰ ਮਿਟੀ ਤੇ ਖਸਮ ਨੂੰ ਭੁਲਾ ਦਿੱਤਾ । ਇਕ ਦਿਨ ਕੇਵਲ ਘਰ ਦੇ ਕੰਮ ਕਿਤੇ ਬਾਹਰ ਗਿਆ ਤਾਂ ਮਿਤ੍ਰ ਘਰ ਦਾਖਲ ਹੋ ਗਿਆ। ਜਦ ਔਰਤ ਨੇ ਖਸਮ ਨੂੰ ਆਉਂਦਾ ਤੱਕਿਆ ਤਾਂ ਖੋਲ ਕੇ ਛਿੱਤਰ ਸੌ ਵਾਰੀ ਖਸਮ ਦੇ ਸਿਰ ਮਾਰਿਆ ਕਹਿੰਦੀ ਪਠਾਣ ਨੂੰ ਛੱਡ ਕੇ ਘਰ ਕਿਉਂ ਆ ਗਿਆ ।

*ਚੋਪਈ ॥ ਜਬ ਤ੍ਰਿਯ ਪਤਿ ਆਵਤ ਲਖਿ ਪਾਇਸ ॥ ਯਹੈ ਚਿੱਤ ਮੈ ਚਰਿਤ ਬਨਾਇਸ ॥*

*ਸੌ ਛਿੱਤਰ ਤਿਹ ਮੂੰਡ ਲਗਾਯੋ ॥ ਛੋਰਿ ਪਠਾਨ ਕਹਯੋ ਕਯੋਂ ਆਯੋ ॥੪॥* (ਤਿਹੱਤਰੋ ਚਰਿਤ੍ਰ ਪੰਨਾ ੯੦੩)

ਔਰਤ ਨੇ ਦਿੱਤੀ ਸਿੱਖਿਆ ਖਸਮ ਨੂੰ ਕਹਿੰਦੀ :-

*ਕਬਿੱਤ ॥ ਜਾਂਕੋ ਲੋਨ ਖੈਯੈ ਤਾਕੋ ਛੋਰਿ ਕਬਹੂੰ ਨ ਜੈਯੇ, ਜਾਂਕੋ ਲੋਨ ਖੈਯੈ ਤਾਕੇ ਆਗੈ ਹ੍ਵੈ ਕੈ ਜੁਝਿਯੈ ॥*

*ਜਾਂਕੋ ਲੋਨ ਖੈਯੈ ਤਾਕੋ ਦਗਾ ਕਬਹੂੰ ਨ ਦੈਯੇ, ਸਾਚੀ ਸੁਨਿ ਲੈਯੈ ਤਾਸੌਂ ਸਾਚਹੂੰ ਕੋ ਲੁਝਿਯੈ ॥*

*ਚੋਰੀ ਨ ਕਮੈਯੈ ਆਪੁ ਦੇਵੈ ਸੋ ਭੀ ਬਾਂਟਿ ਖੈਯੈ, ਝੂਠ ਨਾ ਬਨੈਯੈ ਕਛੂ ਲੈਬੇ ਕੌ ਨ ਰੁਝਿਯੈ ॥*

*ਰੋਸ ਨ ਬਢੈਯੈ ਬੁਰੀ ਭਾਖੈ ਸੋ ਭੀ ਮਾਨਿ ਲੈਯੈ, ਚਾਕਰੀ ਕਮੈਯੈ ਨਾਥ ਮੋਰੀ ਬਾਤ ਬੁਝਿਯੈ ॥੭॥*

(ਤਿਹੱਤਰੋ ਚਰਿਤ੍ਰ ਪੰਨਾ ੯੦੪)

ਬਣੀਆ ਖਾ ਕੇ ਜੁੱਤੀ ਦੀ ਮਾਰ-ਲੈ ਕੇ ਮੱਤ ਕਹਿੰਦਾ ਬੜੀ ਸਿਆਣੀ ਐ ਮੇਰੀ ਔਰਤ :-

*ਦੋਹਰਾ ॥ ਬਨਿਯੈ ਜੁਤੀ ਖਾਇ ਕੈ ਸੀਖ ਲਈ ਮਨ ਮਾਹਿ ॥*

*ਕਹ ਸਯਾਨੀ ਤ੍ਰਿਯ ਗ੍ਰਹਿ ਗਯੋ ਭੇਦ ਪਛਾਨਯੋ ਨਾਹਿ ॥੮॥* (ਤਿਹੱਤਰੋ ਚਰਿਤ੍ਰ ਪੰਨਾ ੯੦੪)

ਨੋਟ :- ਗੁਰਬਾਣੀ ਅਤੇ ਹੇਠਲੇ ਪੱਧਰ ਦੀ ਕਾਵਿ ਰਚਨਾ ਚ ਫਰਕ ਸਮਝਣ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲਓ ਜੀ ।

## ਜਾਤ : ਜਾਦੋ ਸ਼ੇਖ ਪਿੰਡ : ਕਾਲਪੀ ਚੋਰੀ ਤੇ ਠੱਗੀ ਮਾਰਨੀ ਸਿੱਖੋ (ਚਹੌਤਰੋ ਚਰਿਤ੍ਰ ਪੰਨਾ ੯੦੪)

ਪਾਤਰ : ਬੈਰਮ (ਚੋਰ) ਤੇ ਬਨਿਯਾ ।

ਬੈਰਮ ਨਾਂ ਦਾ ਚਤੁਰ ਚੋਰ ਜੋ ਜਾਤ ਦਾ ਜਾਦੋ ਸ਼ੇਖ ਕਾਲਪੀ ਪਿੰਡ ਵਿੱਚ ਰਹਿੰਦਾ । ਚਾਰ ਕੰਨੀ ਕੱਪੜੇ ਪਾ ਕੇ ਉਹ ਅਪਣੇ ਆਪ ਨੂੰ ਉਮਰਾਓ ਕਹਾਉਂਦਾ । ਬਣਾ ਕੇ ਠੱਗੀ ਦੀ ਸਕੀਮ-ਸੱਦੇ ਪਿੰਡ ਦੇ ਸਾਰੇ ਬਾਣੀਏ-ਕੀਤਾ ਧੰਨ ਇੱਕਠਾ-ਸਾਂਭਿਆ ਗੁੱਥਲੀ ਚ ਤੇ ਲੈ ਕੇ ਪੈਸੇ ਭੱਜ ਗਿਆ ਪਿਛਲੇ ਦਰਵਾਜੇ ਥਾਣੀ ।

ਨੋਟ :- ਇਹ ਦਸਮ ਗ੍ਰੰਥ ਹੈ ਜੀ ਇਸ ਵਿੱਚੋਂ ਹੋਰ ਵੀ ਅਨੇਕਾਂ ਸਿੱਖਿਆਵਾਂ ਮਿਲਣਗੀਆਂ। ਅਪਣੀ ਜਿੰਦਗੀ ਨੂੰ ਟੇਢਾ ਮੇਢਾ ਤੋਰਨਾ ਚਾਹੁੰਦੇ ਹੋ ਤਾਂ ਇਸ ਨੂੰ ਪੜ੍ਹ ਕੇ ਲਾਹੇ ਲਓ ਜੀ। ਪਰ ਇਹ ਧਿਆਨ ਰੱਖਣਾ ਕਿ ਇਹ ਚਰਿਤ੍ਰ ਔਰਤ ਦਾ ਨਹੀਂ ਬਲਕਿ ਇਕ ਪੁਰਖ ਦੁਆਰਾ ਕੀਤਾ ਹੈ ਪਰ ਨਾਂ ਰੱਖਿਆ ਹੈ ਤ੍ਰਿਯ ਚਰਿਤ੍ਰ ਹੈ ਨਾ ਵਚਿਤ੍ਰ ਤੁਸੀਂ ਕੀ ਸੋਚਦੇ ਹੋ ?

ਇਲਾਕਾ : ਗਜ਼ਨੀ **ਦਸਮ ਗ੍ਰੰਥ ਰਾਹੀਂ ਚੋਰੀ ਕਰਨੀ ਸਿੱਖੋ** (ਪਚਹੱਤਰੋ ਚਰਿਤ੍ਰ ਪੰਨਾ ੯੦੪-੯੦੫)

ਪਾਤਰ : ਬਖਤਿਯਾਰ (ਮੁਗਲ) ਤੇ ਕਰਜਾਈ (ਚੋਰ)

ਬਖ਼ਤਿਯਾਰ ਮੁਗਲ, ਗਜ਼ਨੀ ਰਹਿੰਦਾ-ਉਸ ਦੇ ਵੱਡੇ ਕੋਠੇ ਤੇ ਘਰ ਬਹੁਤਾ ਧੰਨ । ਓਹਦਾ ਘੋੜਾ ਕਰਜਾਈ ਚੋਰ ਨੇ ਦੇਖਿਆ ਬਣਾਈ ਸਕੀਮ ਤੇ ਜਾ ਕੀਤੀ ਨੌਕਰੀ ਮੁਗਲ ਦੀ । ਚੁਰਾ ਕੇ ਧੰਨ ਤੇ ਘੋੜਾ ਔਹ ਗਿਆ । ਮੁਗਲ ਪਿੱਟੇ ਕਿ ਕਰਜਾਈ ਨੇ ਮੇਰਾ ਧੰਨ ਤੇ ਘੋੜਾ ਚੁਰਾ ਲਿਆ ਲੋਕੋ-ਜਿਹੜਾ ਸੁਣੇ ਓਹੋ ਹੀ ਮੁਗਲ ਨੂੰ ਝੂਠਾ ਕਹਿੰਦਾ । ਲੋਕੀਂ ਆਖਣ ਜਿਸ ਤੋਂ ਕਰਜ ਲੈ ਕੇ ਖਾਧਾ ਕੀ ਹੋਇਆ ਜੇ ਤੇਰਾ ਘੋੜਾ ਲੈ ਗਿਆ ।

*ਚੌਪਈ ॥ ਪਾਛੇ ਮੁਗਲ ਪੀਟਤੋ ਆਯੋ ॥ ਕਰਜਾਈ ਧਨੁ ਤੁਰਾ ਚੁਰਾਯੋ ॥*
*ਜੋ ਇਹ ਬੈਨਨ ਕੋ ਸੁਨਿ ਪਾਵੈ ॥ ਤਾਹੀ ਕੋ ਝੂਠੋ ਠਹਿਰਾਵੈ ॥੬॥*
*ਜਾਤੇ ਦਰਬੁ ਕਰਜੁ ਲੈ ਖਾਯੋ ॥ ਕਹਾ ਭਯੋ ਤਿਨ ਤੁਰਾ ਚੁਰਾਯੋ ॥*
*ਕਯੋਂ ਤੈ ਦਰਬ ਹੁਧਾਰੋ ਲਯੋ ॥ ਕਹਾਂ ਭਯੋ ਜੋ ਹੈ ਲੈ ਗਯੋ ॥੭॥* (ਪਚਹੱਤਰੋ ਚਰਿਤ੍ਰ ਪੰਨਾ ੯੦੫)

ਨੋਟ :- ਇਸ ਚਰਿਤ੍ਰ ਦਾ ਔਰਤ ਨਾਲ ਕੋਈ ਸਬੰਧ ਨਹੀਂ ਇਕ ਚੋਰ ਦੀ ਕਹਾਣੀ ਹੈ। ਇਸ ਤਰ੍ਹਾਂ ਦੀਆਂ ਹੋਰ ਭੀ ਅਨੇਕਾਂ ਕਹਾਣੀਆਂ ਹਨ ਜੋ ਦਸਮ ਗ੍ਰੰਥ ਵਿੱਚ ਪਾਤਸ਼ਾਹੀ ੧੦ ਲਿਖ ਕੇ ਤ੍ਰਿਯ ਚਰਿਤ੍ਰ ਦੀ ਕਾਵਿ ਰਚਨਾ ਵਿੱਚ ਜੜ੍ਹ ਦਿੱਤੀਆਂ ਹਨ। ਇਸ ਨੂੰ ਤ੍ਰਿਯ ਦਾ ਚਰਿਤ੍ਰ ਨਹੀਂ ਕਿਹਾ ਜਾ ਸਕਦਾ। ਜਾਣ ਬੁੱਝ ਕੇ ਚਰਿਤ੍ਰਾਂ ਦੀ ਗਿਣਤੀ ਵਧਾਣ ਹਿੱਤ ਅਜਿਹਾ ਕੂੜ ਕਬਾੜ ਜੋੜ ਦਿੱਤਾ ਹੈ । ਪਾਠਕ ਖੁਦ ਇਸ ਦਾ ਬਰੀਕੀ ਨਾਲ ਨਿਰਣਾ ਕਰਨ ।

ਪਾਤਰ : ਬਖਤਿਯਾਰ (ਮੁਗਲ) ਤੇ ਕਰਜਾਈ (ਚੋਰ) (ਛਿਹੱਤਰੋ ਚਰਿਤ੍ਰ ਪੰਨਾ ੯੦੫-੯੦੬)

ਨੋਟ :- ਇਹ ਇਕ ਚੋਰ ਦੁਆਰਾ ਦੋ ਵੱਖ ਵੱਖ ਘਟਨਾਵਾਂ ਦਾ ਵਰਨਣ ਹੈ । ਦੋਨਾਂ ਹੀ ਘਟਨਾਵਾਂ ਵਿੱਚ ਔਰਤ ਦੇ ਕਿਸੇ ਚਰਿਤ੍ਰ ਦਾ ਨਾਮੋ ਨਿਸ਼ਾਨ ਨਹੀਂ ਮਿਲਦਾ ਜਿਹੜਾ ਉਸ ਖੇਡਿਆ ਹੋਏ । ਫਿਰ ਭੀ ਸੋਧਕ ਕਮੇਟੀ ਅਤੇ ਸੰਪਾਦਿਕ ਨੇ ਇਨ੍ਹਾਂ ਨੂੰ ਵਿਸ਼ੇਸ ਥਾਂ ਦੇ ਕੇ ਤ੍ਰਿਯਾ ਚਰਿਤ੍ਰ ਵਿੱਚ ਸਜਾ ਦਿੱਤਾ । ਕੌਣ ਕਹੇ ਰਾਣੀਏ ਅੱਗਾ ਢੱਕ ਕਿਉਂਕਿ ਗੁਰਸਿੱਖਾਂ ਦੇ ਕੱਟੜ ਦੁਸਮਣ ਵੱਡੇ ਰੁਤਬਿਆਂ ਤੇ ਬਿਰਾਜਮਾਨ ਹੋ ਕੇ ਗੁਰਸਿੱਖੀ ਦਾ ਘਾਣ ਕਰ ਰਹ ਹਨ ।

ਹਾਂ ਫੇਰ ਮੰਤ੍ਰੀ ਨੇ ਰਾਜੇ ਨੂੰ ਇਕ ਕਥਾ ਸੁਣਾਈ ਕਹਿੰਦਾ ਓਹੋ ਚੋਰ ਜਿਸ ਦਾ ਪਹਿਲਾਂ ਬਿਆਨ ਕਰ ਚੁੱਕਾ ਹਾਂ ਅਪਣਾ ਨਾਂ ਘਰ ਜਵਾਈ ਰੱਖਿਆ (ਇਹ ਓਹੋ ਚੋਰ ਹੈ ਜਿਸ ਦਾ ਪਹਿਲਾਂ ਨਾਂ ਕਰਜਾਈ ਸੀ) ਤੇ ਵਿਧਵਾ ਔਰਤ ਨੇ ਉਸ ਦੀ ਪੁੱਤ ਜਾਣ ਕੇ ਬੜੀ ਸੇਵਾ ਕੀਤੀ । ਇਕ ਦਿਨ ਉਹ ਬਿਰਧ ਵਿਧਵਾ ਦੀ ਕੁੜੀ ਲੈ ਕੇ ਭੱਜ ਗਿਆ ਉਹ ਰੋਂਦੀਂ ਪਿਟਦੀ ਕੋਤਵਾਲੀ (ਕੁਟਵਾਰ) ਗਈ । ਕਾਜੀ ਨੇ ਉਸ ਦਾ ਦੁੱਖ ਸੁਣਿਆ ਤੇ ਮੱਥਾ ਪਕੜ ਕੇ ਬੈਠ ਗਿਆ । ਕਹਿੰਦਾ ਤੂੰ ਆਪ ਜੀ ਅਪਣੇ ਜਵਾਈ ਨੂੰ ਕੁੜੀ ਦਾਨ ਕੀਤੀ ਹੈ ਅਸੀਂ ਕੀ ਕਰੀਏ ।

ਨੋਟ :- ਇਹ ਅਗੁਰਮਤਿ ਵਿਚਾਰਾਂ ਦਸਮ ਗ੍ਰੰਥ ਰਾਹੀਂ ਸੋਧਕ ਕਮੇਟੀ ਦੀ ਅਪਾਰ ਕ੍ਰਿਪਾ ਨਾਲ ਅਸੀਂ ਪੜ੍ਹ ਰਹੇ ਹਾਂ । ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀਆਂ ਸਿੱਖਿਯਾਵਾਂ ਦੇ ਸਕਦੇ ਹਨ ? ਸੋਚਦੇ ਰਹਿਣਾ ।

ਇਲਾਕਾ : ਚੰਦ੍ਰ ਪੁਰੀ (ਸਤੱਤਰਵੇ ਚਰਿਤ੍ਰ ਪੰਨਾ ੯੦੬)

ਪਾਤਰ : ਚੰਦ੍ਰ ਸੈਨ (ਰਾਜਾ) ਤੇ ਭਾਗਵਤੀ (ਤ੍ਰਿਯ)

ਚੰਦ੍ਰ ਪੁਰੀ ਦਾ ਰਾਜਾ ਚੰਦ੍ਰ ਸੈਨ ਬਲ-ਗੁਨ ਅਤੇ ਬੀਰਜ ਵਿੱਚ ਇੰਦ੍ਰ ਸਮਾਨ ਸੀ । ਓਹਦੀ ਔਰਤ ਬੜੀ ਹੀ ਸੁੰਦਰ-ਨਾਂ ਸੀ ਓਹਦਾ ਭਾਗਵਤੀ-ਕਾਮ ਦੇਵ ਭੀ ਉਸ ਨੂੰ ਤੱਕ ਕੇ ਝੁੱਕ ਝੁੱਕ ਸਲਾਮਾ ਕਰਦਾ । ਇਕ ਸੁੰਦਰ ਪੁਰਖ ਨੂੰ ਰਾਣੀ ਨੇ ਬੁਲਾਇਆ ਤੇ ਦਿਲ ਖੋਹਲ ਕੇ ਪੀਂਘ ਹੁਲਾਰਿਆਂ ਦਾ ਅਨੰਦ ਮਾਣਿਆ ।

*ਏਕ ਪੁਰਖ ਸੁੰਦਰ ਹੁਤੋ ਰਾਨੀ ਲਯੋ ਬੁਲਾਇ ॥*
*ਭੋਗ ਅਧਿਕ ਤਾਸੋ ਕਿਯੋ ਹ੍ਰਿਦੈ ਹਰਖ ਉਪਜਾਇ ॥੩॥* (ਸਤੱਤਰਵੇ ਚਰਿਤ੍ਰ ਪੰਨਾ ੯੦੬)

ਪ੍ਰੇਮ ਕ੍ਰੀੜਾ ਕਰਦਿਆਂ ਦੇ ਉਤੇ ਰਾਜਾ ਔ ਗਿਆ । ਰਾਣੀ ਨੂੰ ਬੜਾ ਦੁੱਖ ਪੁੱਜਾ ਕਹਿੰਦੀ ਏਹਨੂੰ ਮਾਰ ਕੇ ਖੁੱਦ ਮਰੂੰ । ਯਾਰ ਕਹਿੰਦਾ ਤੂੰ ਮੇਰਾ ਫਿਕਰ ਨਾ ਕਰ-ਇਹ ਤਰਬੂਜ ਕੱਟ ਕੇ ਗਿਰੀ ਖਾ ਲੈ ਤੇ ਤਰਬੂਜ ਦੀ ਖੋਪੜੀ ਮੈਨੂੰ ਦੇ ਦੇ ਰਾਣੀ ਖਾ ਕੇ ਤਰਬੂਜ ਦਿੱਤੀ ਖੋਪੜੀ ਯਾਰ ਨੂੰ-ਉਸ ਰੱਖੀ ਅਪਣੇ ਸਿਰ ਤੇ-ਸਾਹ ਲੈਣ ਲਈ ਕੀਤੀ ਇਕ ਮੋਰੀ ਤੇ ਜਾ ਤੈਰਿਆ-ਲੋਕੀਂ ਤੱਕਿਆ- ਹੋਏ ਹੱਕੇ ਬੱਕੇ :-

*ਚੌਪਈ ॥ ਆਪਹਿ ਦੈ ਤਰਬੂਜ ਤਰਾਯੋ ॥ ਆਪਹਿ ਆਇ ਨ੍ਰਿਪਹਿ ਰਿਸਵਾਯੋ ॥*
*ਆਪਹਿ ਹੋਰ ਮਨੁੱਛਨ ਲੀਨਾ ॥ ਤ੍ਰਿਯਾ ਚਰਿਤ੍ਰ ਨ ਕਿਨਹੂੰ ਚੀਨਾ ॥੧੨॥* (ਸਤੱਤਰਵੇ ਚਰਿਤ੍ਰ ਪੰਨਾ ੯੦੬)

ਨੋਟ :- ਇਹ ਗਿਆਨ ਧਿਆਨ ਆਪ ਜੀ ਦਸਮ ਗ੍ਰੰਥ ਚੋਂ ਪੜ੍ਹ ਰਹੇ ਹੋ । ਇਸ ਨੂੰ ਪੜ੍ਹ ਕੇ ਆਪ ਜੀ ਦੇ ਜੀਵਨ ਚ ਕੀ ਤਬਦੀਲੀ ਆਈ ਲਿਖਣਾ ਨਾ ਭੁੱਲਣਾ ਜੀ ।

## ਇਲਾਕਾ : ਉਜੈਨ

(ਅਠੱਤਰਵੇਂ ਚਰਿਤ੍ਰ ਪੰਨਾ ੯੦੭)

ਪਾਤਰ : ਸੁਮਤਿ (ਤਖਾਨ), ਗੀਗੋ (ਔਰਤ) ਤੇ ਮਿਤ੍ਰ

ਉਜੈਨ ਦੇ ਇਕ ਤਰਖਾਣ ਨੇ ਅਪਣੀ ਵਿਭਚਾਰਨ ਔਰਤ ਗੀਗੋ ਨੂੰ ਕਿਹਾ ਭਾਗਵਾਨੇ ਮੈਂ ਪ੍ਰਦੇਸ ਚਲਿਆ ਹਾਂ ਧੰਨ ਖੱਟਣ। ਉਹ ਇਸ ਤਰ੍ਹਾਂ ਕਹਿ ਕੇ ਮੰਜੇ ਥੱਲੇ ਲੁੱਕ ਗਿਆ। ਔਰਤ ਨੇ ਅਪਣਾ ਮਿਤ੍ਰ ਬੁਲਾ ਕੇ ਉਸ ਨਾਲ ਪ੍ਰੇਮ ਲੀਲਾ ਸੁਰੂ ਕਰ ਦਿੱਤੀ । ਉਨ੍ਹਾਂ ਨੂੰ ਪਿਆਰ ਦੀ ਪੀਂਘ ਝੁਟਦੇ ਤਰਖਾਣ ਨੇ ਦੇਖਿਆ ਤੇ ਬੜਾ ਦੁਖੀ ਹੋਇਆ। ਔਰਤ ਕਹਿੰਦੀ ਅਪਣੇ ਮਿਤ੍ਰ ਨੂੰ ਕਿ ਕੀ ਕਰਾਂ ਪਤੀ ਘਰ ਨੀ ਹਰ ਰੋਜ਼ ਹੀ ਉਸ ਦੇ ਇਸ਼ਕ ਦੇ ਹੜੂੰ ਬਹਾਉਦੀਂ ਹਾਂ। ਜਦ ਤਰਖਾਣ ਨੇ ਇਹ ਸੁਣਿਆ ਤਾਂ ਖੁਸ਼ੀ ਵਿੱਚ ਯਾਰ ਸਮੇਤ ਮੰਜੇ ਤੇ ਔਰਤ ਨੂੰ ਚੁੱਕ ਕੇ ਨੱਚ ਉਠਿਆ।

*ਬਾਢੀ ਐਸੇ ਬਚਨ ਸੁਨਿ ਮਨ ਮੈ ਭਯੋ ਕੁਸਾਲ ॥*
*ਜਾਰ ਸਹਿਤ ਤ੍ਰਿਯ ਖਾਟ ਲੈ ਨਾਚਿ ਉਠਯੋ ਤਤਕਾਲ ॥੮॥* (ਅਠੱਤਰਵੇਂ ਚਰਿਤ੍ਰ ਪੰਨਾ ੯੦੭)

ਨੋਟ :- ਹਰ ਜਾਤਿ ਨਾਲ ਗੁਰੂ ਦੇ ਨਾਂ ਥੱਲੇ ਭੱਦਾ ਮਜਾਕ ਅਤੇ ਅਪਮਾਨ। ਪਹਿਲਾਂ ਜੱਟਾਂ ਨੂੰ ਲਲਕਾਰਿਆ-ਬਣੀਏ ਰਗੜੇ ਫੇਰ ਨਾਈਆਂ ਦੀ ਬੇਇੱਜਤੀ ਕੀਤੀ-ਹੁਣ ਤਰਖਾਣਾਂ ਦੀ ਤੇ ਅੱਗੇ ਦੇਖੋ ਕਿਹੜੀ ਕਿਹੜੀ ਜਾਤਿ ਤੇ ਵਾਰ ਹੁੰਦੇ ਹਨ, ਗੁਰੂ ਸਾਹਿਬਾਂ ਤਾਂ ਨੀਚਾਂ ਨੂੰ ਸਭ ਤੋਂ ਵੱਧ ਸਤਿਕਾਰ ਦਿੱਤਾ । ਕੀ ਗੁਰੂ ਗੋਬਿੰਦ ਸਿੰਘ ਜੀ ਨੀਚ ਅਖਵਾਉਂਦੇ ਮਨੁੱਖਾਂ ਦੀ ਬੇਇੱਜਤੀ ਕਰ ਸਕਦੇ ਹਨ ? ਵੇਹਲ ਮਿਲੇ ਤਾਂ ਸੋਚਣ ਦੀ ਕ੍ਰਿਪਾਲਤਾ ਕਰਨੀ ਜੀ।

## ਇਲਾਕਾ : ਬਨਾਰਸ

(ਉਨਾਸੀਵੇਂ ਚਰਿਤ੍ਰ ਪੰਨਾ ੯੦੭-੯੦੮)

ਪਾਤਰ : ਬਿਸਨ ਦੱਤ, ਬਿਸ੍ਰਮਤੀ ਤੇ ਮੁਰਜ ਨਾਥ (ਜੋਗੀ)

ਅਮੀਰ ਔਰਤ ਬਿਸ੍ਰਮਤੀ ਦਾ ਪਤੀ ਬਿਸਨ ਦੱਤ ਔਰਤ ਸਮੇਤ ਬਨਾਰਸ ਰਹਿੰਦਾ ਸੀ। ਇਕ ਦਿਨ ਬਣੀਆ ਵਿਓਪਾਰ ਲਈ ਗਿਆ। ਪਿਛੋਂ ਔਰਤ ਨੂੰ ਕਾਮ ਨੇ ਸਤਾਇਆ ਉਹ ਅਪਨੇ ਤੇ ਕਾਬੂ ਨਾ ਰੱਖ ਸਕੀ। ਉਸ ਨੇ ਇਕ ਪੁਰਖ ਬੁਲਾ ਕੇ ਕਾਮ ਦੀ ਭੁੱਖ ਪੂਰੀ ਕੀਤੀ । ਓਹਦੇ ਨਾਲ ਹਰ ਰੋਜ ਸਰੀਰਕ ਸਾਂਝ ਕਰਦਿਆਂ ਗਰਭ ਠਹਿਰ ਗਿਆ। ਬੜੇ ਯਤਨ ਕੀਤੇ ਪਰ ਗਰਭ ਨਾ ਗਿਰਾ ਸਕੀ। ਨੌਂ ਮਹੀਨੇ ਬਾਦ ਪੁੱਤ ਜੰਮਿਆ। ਉਨ੍ਹਾਂ ਦਿਨਾਂ ਵਿੱਚ ਬਣੀਆ ਘਰ ਆ ਗਿਆ । ਬਣੀਆ ਘਰ ਪੁੱਤ ਦੇਖ ਕੇ ਔਰਤ ਨੂੰ ਕਹਿੰਦਾ ਕਿ ਤੂੰ ਜਰੂਰ ਕੋਈ ਕੁਕਰਮ ਕੀਤਾ ਹੈ। ਬਿਨਾਂ ਭੋਗ ਦੇ ਪੁੱਤ ਨਹੀਂ ਪੈਦਾ ਹੁੰਦਾ। ਔਰਤ ਕਹਿੰਦੀ ਖਸਮਾ ਮੇਰੀ ਗੱਲ ਸੁਣ-ਮੈਂ ਤੇਰਾ ਭਰਮ ਦੂਰ ਕਰਦੀ ਹਾਂ। ਮੁਰਜ ਨਾਥ ਜੋਗੀ ਸਾਡੇ ਘਰ ਆਇਆ, ਉਸ ਨੇ ਦ੍ਰਿਸ਼ਟਿ ਭੋਗ ਮੇਰੇ ਨਾਲ ਕੀਤਾ। ਓਹ ਦੀ ਕ੍ਰਿਪਾ ਨਾਲ ਸਾਡੇ ਘਰ ਪੁੱਤ ਜੰਮਿਆ ਹੈ। ਬਣੀਆ ਸੁਣ ਕੇ ਚੁੱਪ ਕਰ ਗਿਆ ਤੇ ਮਨ ਚ ਬੜਾ ਪ੍ਰਸੰਨ ਹੋਇਆ।

*ਦੋਹਰਾ ॥ ਮੁਰਜ ਨਾਥ ਜੋਗੀ ਹੁਤੋ ਸੋ ਆਯੋ ਇਹ ਧਾਮ ॥*
*ਦ੍ਰਿਸ਼ਟਿ ਭੋਗ ਮੋਸੌ ਕਿਯੌ ਸੁਤ ਦਿਨੋ ਗ੍ਰਿਹਿ ਰਾਮ ॥੬॥*
*ਬਨਿਕ ਬਚਨ ਸੁਨਿ ਚੁਪ ਰਹਿਯੋ ਮਨ ਮੈਂ ਭਯੋ ਪ੍ਰਸੰਨਯ ॥*
*ਦ੍ਰਿਸ਼ਟਿ ਭੋਗ ਜਿਨਿ ਸੁਤ ਦਿਯੋ ਧਰਨੀ ਤਲ ਸੋ ਧੰਨਯ ॥੭॥* (ਉਨਾਸੀਵੇਂ ਚਰਿਤ੍ਰ ਪੰਨਾ ੯੦੮)

ਧੰਨ ਹੋ ਦਸਮ ਗ੍ਰੰਥ ਜੀ ਤੁਸੀਂ ਧੰਨ ਹੋ। ਜੋ ਤੁਹਾਨੂੰ ਪੜ੍ਹਦੇ ਸੁਣਦੇ ਤੇ ਤਖਤਾਂ ਤੇ ਪ੍ਰਕਾਸ਼ ਕਰਦੇ ਹਨ ਓਹ ਭੀ ਧੰਨ ਹਨ। ਵਰਨਾ,ਕਲਿਜੁਗ ਵਿੱਚ ਕੌਣ ਅਜਿਹੇ ਉਪਦੇਸ ਦੇਣ ਦੇ ਹੀਲੇ ਵਸੀਲੇ ਕਰਦਾ ਹੈ?ਆਪਣਾ ਆਪ ਹੀ ਪਾਲਣਾ ਔਖਾਹੈ।

## ਇਲਾਕਾ : ਬਿੰਦ੍ਰਾਬਨ — ਰਾਧਾ ਅਤੇ ਕ੍ਰਿਸ਼ਨ ਦੀ ਪ੍ਰੇਮ ਕਹਾਣੀ

(ਅੱਸੀਵੇਂ ਚਰਿਤ੍ਰ ਪੰਨਾ ੯੦੮)

ਪਾਤਰ : ਨੰਦ, ਕਾਨ੍ਹ, ਰਾਧਾ ਤੇ ਗੋਪੀਆਂ

ਬਿੰਦ੍ਰਾਬਨ ਦੇ ਨੰਦ ਦੇ ਘਰ ਕਾਨ੍ਹ (ਕ੍ਰਿਸ਼ਨ) ਨੇ ਅਵਤਾਰ ਲਿਆ। ਜਿਸ ਨੂੰ ਤਿੰਨੋ ਲੋਕਾਂ ਦੇ ਲੋਕ ਉੱਠ ਉੱਠ ਸਲਾਮਾ ਕਰਦੇ ਹਨ-ਗੋਪੀਆਂ ਜਿਹਦੇ ਗੁਣ ਗਾਉਂਦੀਆਂ ਹਨ-ਉਨ੍ਹਾਂ ਦੇ ਮਨ ਤਨ ਚ ਕ੍ਰਿਸ਼ਨ ਪ੍ਰਤੀ ਪ੍ਰੀਤ ਹੈ, ਰੋਜ ਕ੍ਰਿਸ਼ਨ ਕ੍ਰਿਸ਼ਨ ਕਹਿ ਕੇ ਸੀਸ ਝੁਕਾਉਂਦੀਆਂ ਹਨ ਤੇ ਵਾਰੀ ਆਉਣ ਤੇ ਅਪਣਾ ਤਨ ਤੇ ਮਨ ਦੇਂਦੀਆਂ ਹਨ । ਉਥੇ ਇੱਕ ਰਾਧਾ ਨਾਂ ਦੀ ਗੋਪੀ ਰਹਿੰਦੀ ਸੀ। ਉਸ ਨੇ ਕ੍ਰਿਸ਼ਨ ਨਾਲ ਪ੍ਰੇਮ ਜੋੜਿਆ ਤੇ ਸਿੱਧਾਂ ਦੀ ਤਰ੍ਹਾਂ ਅਪਣੇ ਪ੍ਰੇਮ ਨੂੰ ਵਧਾਇਆ। ਉਹ ਮਾਤਾ ਪਿਤਾ ਦਾ ਡਰ ਦੂਰ ਕਰਕੇ ਮੂੰਹੋ ਕ੍ਰਿਸ਼ਨ ਕ੍ਰਿਸ਼ਨ ਕਹਿੰਦੀ ਰਹਿੰਦੀ ਅਤੇ ਉਸ ਨੂੰ ਦੇਖਣ ਹਰ ਰੋਜ ਉਠ ਆਉਂਦੀ। ਕਵੀ ਉਸ ਦੀ ਸੁੰਦਰਤਾ ਅਤੇ ਕ੍ਰਿਸਨ ਦੀ ਪ੍ਰੇਮ ਲੀਲਾ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ :-

*ਸ੍ਵੈਯਾ ॥ ਜੋਬਨ ਜੇਬ ਜਗੇ ਅਤਿ ਸੁੰਦਰ ਜਾਤ ਜਰਾਵ ਜੁਰੀ ਕਹ ਨਾਤੈਂ ॥*
*ਅੰਗਹੁ ਤੇ ਬ੍ਰਿਜ ਲੋਗ ਸਭੇ ਹਰਿ ਰਾਇ ਬਨਾਇ ਕਹੀ ਇਕ ਬਾਤੈਂ ॥*
*ਹਾਥ ਉਚਾਇ ਹਨੀ ਛਤਿਯਾਂ ਮੁਸਕਾਇ ਲਜਾਇ ਸਖੀ ਚਹੂੰ ਘਾਤੈਂ ॥*
*ਨੈਨਨ ਸੋ ਕਹਯੋ ਏ ਜਦੁਨਾਥ ਸੁ ਭੌਂਹਨ ਸੋ ਕਹਯੋ ਜਾਹੁ ਇਹਾਂ ਤੈਂ ॥੬॥* (ਅੱਸੀਵੇਂ ਚਰਿਤ੍ਰ ਪੰਨਾ ੯੦੮)

*ਦੋਹਰਾ ॥ ਨੈਨਨ ਸੋ ਹਰਿਰਾਇ ਕਹਿ ਭੋਹਨ ਉੱਤਰ ਦੀਨ ॥*

*ਭੇਦ ਨ ਪਾਯੋ ਕਉਨ ਹੂੰ ਕ੍ਰਿਸ਼ਨ ਬਿਦਾ ਕਰਿ ਦੀਨ ॥2॥* (ਅੱਸੀਵੇਂ ਚਰਿਤ੍ਰ ਪੰਨਾ ੯੦੮)

ਨੋਟ :- ਇਹ ਦਸਮ ਗ੍ਰੰਥ ਹੈ ਜੀ ਜਿਸ ਦੁਆਰਾ ਆਪ ਜੀ ਨੇ ਰਾਧਾ ਤੇ ਕ੍ਰਿਸ਼ਨ ਦਾ ਪ੍ਰੇਮ ਪੜ੍ਹਿਆ ਇਸ ਵਿੱਚ ਹੋਰ ਵੀ ਬਹੁਤ ਕੁੱਝ ਹੈ ਜੀ ।

## ਨਗਰ : ਸਿਰੋਮਨਿ

(ਇਕਾਸਵੇਂ ਚਰਿਤ੍ਰ ਪੰਨਾ ੯੦੮-੯੧੬)

ਪਾਤਰ : ਸਿਰੋਮਨਿ ਸਿੰਘ (ਭੂਪ), ਦ੍ਰਿਗ ਕੰਨਿਯਾ (ਨਾਰੀ), ਰੰਗ ਨਾਥ (ਜੋਗੀ) ਤੇ ਆਨੂਪ ਸਿੰਘ

ਸਿਰੋਮਨਿ ਦੇ ਰਾਜੇ ਸਿਰੋਮਨਿ ਸਿੰਘ ਪਾਸ ਸੁੰਦਰ ਸਰੀਰ ਅਤੇ ਬੇਅੰਤ ਧੰਨ-ਵਿਆਹਿਆ ਗਿਆ ਦ੍ਰਿਗ ਕੰਨਿਆ ਨਾਲ-ਪਤੀ ਪਤਨੀ ਦਾ ਗੂੜ੍ਹਾ ਪਿਆਰ। ਇਕ ਦਿਨ ਰਾਜੇ ਨੇ ਰੰਗ ਨਾਥ ਜੋਗੀ ਨੂੰ ਬੁਲਾਇਆ ਤੇ ਭਰਹਮ ਵਿਸ਼ੇ ਤੇ ਗੱਲ ਤੋਰੀ । ਜੋਗੀ ਨੇ ਰੱਬ ਦੇ ਗੁਣਾਂ-ਤਾਕਤਾਂ ਦਾ ਖੁੱਲ੍ਹ ਕੇ ਵਰਨਣ ਕੀਤਾ । ਰਾਜਾ ਜੋਗੀ ਦੁਆਰਾ ਪ੍ਰਗਟਾਏ ਗਿਆਨ ਧਿਆਨ ਤੋਂ ਪ੍ਰਭਾਵਿਤ ਹੋ ਕੇ ਰਾਜ ਭਾਗ-ਖਜਾਨਾ ਤੇ ਪ੍ਰੀਵਾਰ ਛੱਡਣ ਲਈ ਤਿਆਰ ਹੋ ਗਿਆ। ਰਾਣੀ ਸੁਣ ਕੇ ਬਹੁਤ ਦੁਖੀ ਹੋਈ-ਬੁਲਾਏ ਮੰਤ੍ਰੀ-ਰਾਜੇ ਨੂੰ ਘਰ ਰੱਖਣ ਦੀ ਘੜੀ ਵਿਉਂਤ ਕਿ ਜੋਗੀ ਨੂੰ ਘਰ ਬੁਲਾ ਕੇ ਨਮਕ ਦੇ ਨਾਲ ਜ਼ਮੀਨ ਵਿੱਚ ਦਫ਼ਨਾ ਦਿਓ । ਰਾਣੀ ਉਵੇਂ ਹੀ ਕੀਤਾ ਤੇ ਰਾਜੇ ਨੂੰ ਕਹਿੰਦੀ ਮਰਦੇ ਸਮੇਂ ਜੋਗੀ ਮੈਨੂੰ ਕਹਿੰਦਾ ਕਿ ਰਾਜੇ ਨੂੰ ਦੇਖੀਂ ਜੰਗਲ ਨਾ ਜਾਣ ਦੇਈਂ ।

ਰਾਜਾ ਕਹਿੰਦਾ ਮੈਂ ਰਾਜ ਭਾਗ-ਪ੍ਰੀਵਾਰ ਸਭ ਕੁੱਝ ਤਿਆਗ ਚੁੱਕਾ ਹਾਂ । ਸਭਨਾਂ ਨੇ ਬੜੇ ਤਰਲੇ ਕੀਤੇ-ਹਾੜ੍ਹੇ ਕੱਢੇ -ਇਥੋਂ ਤੱਕ ਕਿਹਾ ਕਿ ਦਰ ਦਰ ਦੇ ਟੁਕੜੇ ਮੰਗਣੇ ਪੈਂਣਗੇ ਪਰ ਬਿਅਰਥ । ਔਰਤ ਕਹਿੰਦੀ ਖਸਮਾ ਪੂਰਾ ਟੱਬਰ ਤੇਰੀਆਂ ਮਿੰਨਤਾਂ ਕਰਨ ਲੱਗਾ ਹੈ-ਦਾਸੀਆਂ ਰੋਂਦੀਆਂ ਹਨ-ਤੈਨੂੰ ਸ਼ਰਮ ਨਹੀਂ ਆਉਂਦੀ-ਤੈਨੂੰ ਤਰਸ ਨਹੀਂ ਆਉਂਦਾ ? ਪਰ ਰਾਜਾ ਢੀਠ ਅਪਣੇ ਗਿਆਨ ਧਿਆਨ ਤੇ ਅੜਿਆ ਰਿਹਾ ਕਹਿੰਦਾ :-

*ਜਨਨਿ ਜਠਰ ਮਹਿ ਆਇ ਪੁਰਖ ਬਹੁਤੋ ਦੁਖੁ ਪਾਵਹਿ ॥*
*ਮੂਤ੍ਰ ਧਾਮ ਕੌ ਪਾਇ ਕਹਤ ਹਮ ਭੋਗ ਕਮਾਵਹਿ ॥*
*ਥੂਕ ਤ੍ਰਿਯਾ ਕੌ ਚਾਟਿ ਕਹਤ ਅਧਰਾਮ੍ਰਿਤ ਪਾਯੋ ॥*
*ਬ੍ਰਿਥਾ ਜਗਤ ਮੈ ਜਨਮੁ ਬਿਨਾ ਜਗਦੀਸ ਗਵਾਯੋ ॥੪੯॥* (ਇਕਾਸਵੇਂ ਚਰਿਤ੍ਰ ਪੰਨਾ ੯੧੨)

ਰਾਣੀ ਕਿਹੜੇ ਘੱਟ, ਉਸ ਠੋਕਵਾਂ ਉੱਤਰ ਦਿੱਤਾ ਰਾਜੇ ਨੂੰ ਕਹਿੰਦੀ :-

*ਰਿਖਿ ਯਾਹੀ ਤੇ ਭਏ ਨ੍ਰਿਪਤਿ ਯਾਹੀ ਉਪਜਾਏ ॥*
*ਬਯਾਸਾਦਿਕ ਸਭ ਚਤੁਰ ਇਹੀ ਮਾਰਗ ਹ੍ਵੈ* ***ਆਏ ॥***
*ਪਰਸੇ ਯਾਕੇ ਬਿਨਾਂ ਕਹੋ ਜਗ ਮੈ ਕੋ ਆਯੋ ॥*
*ਪ੍ਰਥਮ ਅੰਤ ਭਵ ਪਾਇ ਬਹੁਰਿ ਪਰਮੇਸ੍ਵਰ ਪਾਯੋ ॥੫੦॥* (ਇਕਾਸਵੇਂ ਚਰਿਤ੍ਰ ਪੰਨਾ ੯੧੨)

ਰਾਣੀ ਨੇ ਬਥੇਰਾ ਗਿਆਨ ਧਿਆਨ ਝਾੜਿਆ-ਮੱਤਾਂ ਦਿੱਤੀਆਂ ਪਰ ਢੀਠ ਕਹਿੰਦਾ ਕਿ ਤੂੰ ਬ੍ਰਹਮ ਗਿਆਨ ਤੋਂ ਕੋਰੀ ਹੈਂ ਫੇਰ ਰਾਣੀ ਕਹਿੰਦੀ ਕਿ ਜੰਗਲ ਚ ਇਕ ਮੰਦਰ ਬਣਾ ਕੇ ਮੂਰਤੀ ਸਥਾਪਿਤ ਕਰ ਦੇਂਦੇ ਹਾਂ ਉਥੇ ਤਪੱਸਿਆ ਕਰੀ ਜਾਈਂ । ਰਾਣੀ ਨੇ ਜੰਗਲ ਚ ਇਕ ਮੰਦਰ ਬਣਾਇਆ-ਬੰਦਾ ਛੁਪਣ ਲਈ ਛੱਤ ਤੇ ਮੋਰੀ ਰੱਖੀ ਅਨੂਪ ਸਿੰਘ ਨੂੰ ਸਿਆਸਤ ਸਮਝਾ ਕੇ ਉਥੇ ਬਿਠਾ ਦਿੱਤਾ । ਰਾਣੀ ਨੇ ਦੂਜਾ ਪੱਤਾ ਖੇਲਿਆ ਕਹਿੰਦੀ ਖਸਮਾ ਮੈਂ ਤੇਰੇ ਨਾਲ ਈ ਜੋਗ ਨੂੰ ਜਾਉਂਗੀ । ਰਾਜੇ ਬਥੇਰਾ ਕਿਹਾ ਕਿ ਉਥੇ ਸੱਪ ਸਲੂਪੀ-ਖੂੰਖਾਰ ਜਾਨਵਰ-ਠੰਢ ਤੇ ਗਰਮੀ ਬੇਅੰਤ ਦੁੱਖ ਹੀ ਦੁੱਖ-ਤੂੰ ਜਾਹ ਘਰ ਨੂੰ ਬੱਚੇ ਸੰਭਾਲ ਤੇ ਰਾਜ ਭਾਗ ਦੀ ਗੌਰ ਕਰ । ਕਹਿੰਦੀ ਮੈਂ ਨਾ ਮਾਨੂੰ ਬਸ ਤੇਰੇ ਸੰਗ ਚਾਲੂੰ । ਔਰਤ ਦੇ ਹੱਠ ਅੱਗੇ ਰਾਜੇ ਦਾ ਹੱਠ ਕੀ ? ਮੰਨ ਕੇ ਹਾਰ ਲੈ ਤੁਰਿਆ ਤਪੱਸਿਆ ਲਈ-ਰਾਣੀ ਦਾ ਸਿਖਾਇਆ ਅਨੂਪ ਸਿੰਘ ਭੀ ਠੀਕ ਠਿਕਾਣੇ ਤੇ ਜੋਗ ਭੇਖ ਅੰਦਰ ਪੁੱਜਾ-ਰਾਣੀ ਕਹਿੰਦੀ ਪਤੀ ਦੇਵ ਇਹ ਓਹੋ ਜੋਗੀ ਹੈ ਜੋ ਮਰਨ ਤੋਂ ਪਹਿਲਾਂ ਉਪਦੇਸ ਦੇ ਗਿਆ ਸੀ । ਏਹਦੇ ਚਰਨੀ ਲੱਗੋ । ਰਾਜਾ ਉੱਠਿਆ-ਪੈਰ ਪਕੜੇ ਤੇ ਸ਼ੁਰੂ ਹੋਇਆ ਮੁੜ ਗਿਆਨ ਧਿਆਨ । ਜੋਗੀ ਕਹਿੰਦਾ ਕਿ ਜਾਹ ਪਹਿਲਾਂ ਨਦੀ ਚ ਨਹਾ ਕੇ ਆ । ਉਹ ਗਿਆ -ਮੋਘੇ ਬਿਠਾਇਆ ਆਦਮੀ ਸਿਖਿਆ ਸਿਖਾਇਆ ਕਹਿੰਦਾ ਰਾਜੇ ਨੂੰ ਸੁਣ :-

*ਦੋਹਰਾ ॥ ਜੋ ਨ੍ਰਿਪ ਨਯਾਇ ਕਰੈ ਨਹੀ ਬੋਲਤ ਝੂਠ ਬਨਾਇ ॥*
*ਰਾਜ ਤਯਾਗ ਤਪਸਯਾ ਕਰੈ ਪਰੈ ਨਰਕ ਮਹਿ ਜਾਇ ॥੯੧॥*
*ਬ੍ਰਿਧ ਮਾਤ ਅਰੁ ਤਾਤ ਕੀ ਸੇਵਾ ਕਰਿਯੋ ਨਿੱਤ ॥*
*ਤਯਾਗ ਨ ਬਨ ਕੋ ਜਾਇਯੈ ਯਹੈ ਧਰਮੁ ਸੁਨੁ ਮਿੱਤ ॥੯੨॥* (ਇਕਾਸਵੇਂ ਚਰਿਤ੍ਰ ਪੰਨਾ ੯੧੫)

ਰਾਜਾ ਲੈ ਕੇ ਨਵੀਂ ਮੱਤ ਸਣੇ ਰਾਣੀ ਦੇ ਘਰ ਪੁੱਜਾ ਰਾਣੀ ਹੋਈ ਨਿਹਾਲੋ ਨਿਹਾਲ ਅਪਣਾ ਪਤੀ ਮੁੜ ਪ੍ਰਾਪਤ ਕਰਕੇ।

## ਜਹਾਂਗੀਰ ਦੇ ਪੁੱਤ ਸ਼ਹਿਜਹਾਂ ਦੀ ਕਹਾਣੀ ਦਸਮ ਗ੍ਰੰਥ ਰਾਹੀਂ (ਬਿਆਸਵੇਂ ਚਰਿਤ੍ਰ ਪੰਨਾ ੯੧੭-੯੧੮)

ਪਾਤਰ : ਜਹਾਂਗੀਰ, ਸ਼ਾਹਿਜਹਾਂ ਤੇ ਦਰਿਯਾ ਖਾਂ

ਬਾਦਸ਼ਾਹ ਜਹਾਂਗੀਰ ਮਰ ਗਿਆ । ਸ਼ਾਹਿਜਹਾਂ ਤਖਤ ਤੇ ਬੈਠਾ । ਉਹ ਦਰਿਯਾ ਖਾਨ ਨੂੰ ਮਾਰਨਾ ਚਾਹੁੰਦਾ ਪਰ ਹੱਥ ਨਾ ਲੱਗਾ । ਰਾਤ ਦਿਨ ਉਸ ਨੂੰ ਮਾਰਨ ਦੀਆਂ ਵਿਉਂਤਾਂ ਬਣਾਦਿਆਂ ਇਕ ਦਿਨ ਪਲੰਘ ਤੇ ਸੁੱਤਾ ਪਿਆ ਬਰੜਾ ਕੇ ਉੱਠਿਆ-ਦਰਿਯਾ ਖਾਂ ਨੂੰ ਮਾਰ ਮੁਕਾਓ-ਮਾਰ ਮੁਕਾਓ ਦਰਿਯਾ ਖਾਨ ਨੂੰ । ਓਹਦਾ ਬਰੜਾਉਣਾ ਬੇਗਮ ਨੇ ਸੁਣਿਆ-ਪੈਰ ਹਿਲਾ ਕੇ ਸ਼ਹਿਜਹਾਂ ਨੂੰ ਜਗਾਇਆ-ਤਿੰਨ ਵਾਰ ਸੀਸ ਝੁਕਾ ਕੇ ਸਲਾਮ ਕੀਤੀ ਤੇ ਕਿਹਾ ਮੈਂ ਸੁਣਿਆ ਹੈ ਤੁਸੀਂ ਦਰਿਯਾ ਖਾਂ ਨੂੰ ਮਾਰਨਾ ਚਾਹੁੰਦੇ ਹੋ-ਹਾਂ ਰਾਜੇ ਨੇ ਕਿਹਾ ।

ਬੇਗਮ ਨੇ ਇਕ ਸਿਆਣੀ ਸਖੀ ਨੂੰ ਸਮਝਾ ਬੁਝਾ ਕੇ ਦਰਿਯਾਂ ਖਾਂ ਦੇ ਘਰ ਭੇਜਿਆ। ਕਹਿੰਦੀ ਤੇਰਾ ਰੂਪ ਦੇਖ ਕੇ ਬੇਗਮ ਤੇਰੇ ਤੇ ਮਰ ਮਿਟੀ-ਤੈਨੂੰ ਮਿਲਣ ਦੀ ਉਤਾਵਲੀ ਐ-ਓਹਦੇ ਰੂਪ ਦਾ ਕੀ ਕਹਿਣਾ ਐਉਂ ਸਮਝੀਂ ਬਈ ਕ੍ਰੋੜਾਂ ਸੂਰਜ ਚੜ੍ਹ ਪਏ ਹਨ ਤੇ ਜਦ ਬੈਠ ਕੇ ਪਾਨ ਖਾਂਦੀ ਹੈ ਤਾਂ ਕੀ ਕਹਿਣਾ ਓਹਦੇ ਹੁਸਨ ਦਾ-ਮੇਰੇ ਨਾਲ ਹੁਣੇ ਚਲ। ਓਹਦੀ ਗੱਲ ਸੁਣ ਕੇ ਦਰਿਯਾ ਖਾਂ ਮਿਲਣ ਲਈ ਉਤਾਵਲਾ ਹੋ ਗਿਆ-ਕੱਪੜਾ ਵਿਛਾ ਕੇ ਦੇਗ ਵਿੱਚ ਬੈਠਾ-ਚੁੱਕੀ ਦੇਗ ਸਖੀ ਸਿਰ ਤੇ ਜਾ ਪਹੁੰਚੀ ਬੇਗਮ ਦੇ ਮਹਿਲੀਂ-ਬੇਗਮ ਬੁਲਾਇਆ ਸ਼ਾਹਿਜਹਾਂ-ਦੱਸਿਆ ਕਿ ਤੇਰਾ ਦੁਸਮਣ ਇਸ ਦੇਗ ਵਿੱਚ ਹੈ ਜੋ ਚਾਹੇ ਕਰ ਲੈ। ਬੇਗਮ ਨੇ ਸਿਖਾਇਆ ਸਖੀ ਨੂੰ ਕਿ ਜੇ ਪੁੱਛੇ ਕਹੀਂ ਇਹਦੇ ਵਿੱਚ ਭੂਤ ਐ-ਚਾਂਦਨੀ ਚੌਂਕ ਦੱਬਣ ਚੱਲੀ ਹਾਂ। ਬੁਲਾਇਆ ਕਾਜੀਆਂ ਉਨ੍ਹਾਂ ਦਿੱਤਾ ਫਤਵਾ-ਭੂਤ ਨੂੰ ਜਿੰਦਾ ਦਫਣਾ ਦਿਓ। ਬਸ ਦਫਣਾ ਦਿੱਤਾ ਜਿੰਦਾ ਭੂਤ ਭੂਤ ਕਹਿ ।

ਨੋਟ :- ਭਲਾਂ ਸ਼ਾਹਿ ਜਹਾਂ ਤੇ ਦਰਿਯਾ ਖਾਂ ਦੀ ਦੁਸਮਣੀ ਦਾ ਸਿੱਖ ਧਰਮ ਨਾਲ ਕੀ ਸਬੰਧ । ਇਸ ਵਿੱਚੋਂ ਕੋਈ ਧਰਮ ਕਰਮ ਦੀ ਗੱਲ ਲੱਭੀ ? ਇਕ ਮਹਾਂ ਗੰਦੀ ਕਿਤਾਬ ਦਾ ਨਾਂ ਦਸਮ ਗ੍ਰੰਥ ਰੱਖ ਕੇ ਗੁਰੂ ਦੇ ਸਿੱਖਾਂ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ । ਖ਼ਬਰਦਾਰ ਰਹਿਓ !

## ਦੇਸ : ਰਜੌਰੀ, ਪਿੰਡ : ਰਾਜਪੁਰਾ (ਤਿਰਾਸੀਵੇਂ ਚਰਿਤ੍ਰ ਪੰਨਾ ੯੧੭-੯੧੮)

ਪਾਤਰ : ਰਾਜ ਮੱਲ (ਗੁੱਜਰ) ਤੇ ਰਾਜੋ (ਤ੍ਰਿਯ)

ਰਾਜੌਰੀ ਦੇਸ ਦੇ ਰਾਜਪੁਰੇ ਪਿੰਡ ਵਿੱਚ ਇਕ ਗੁੱਜਰ ਰਹਿੰਦਾ ਅਪਣੀ ਖੂਬਸੂਰਤ ਔਰਤ ਰਾਜੋ ਦੇ ਨਾਲ। ਜਦ ਉਸ ਨੇ ਰਾਜੋ ਅਪਨੀ ਨੂੰ ਕਿਸੇ ਹੋਰ ਮਰਦ ਨਾਲ ਪ੍ਰੇਮ ਕਰਦੇ ਤੱਕਿਆ ਤਾਂ ਚਿੱਤ ਵਿਚ ਬੜਾ ਡਰਿਆ। ਉਹ ਪਿੰਡ ਛੱਡ ਕੇ ਕਿਤੇ ਹੋਰ ਥਾਂ ਰਹਿਣ ਲੱਗਾ। ਰਾਜੋ ਅਪਣੇ ਯਾਰ ਦਾ ਵਿਛੋੜਾ ਨਾ ਭੁੱਲ ਸਕੀ ਤੇ ਉਦਾਸ ਰਹਿੰਦੀ। ਗੁੱਜਰ ਨੇ ਅਪਣੀ ਔਰਤ ਦਾ ਸਾਰਾ ਧੰਨ ਚੁਰਾ ਲੈਣ ਦੀ ਸੋਚੀ। ਉਸ ਨੇ ਇਕ ਮੰਗਤੇ ਦੇ ਹੱਥ ਚਿੱਠੀ ਲਿਖ ਕੇ ਰਾਜੋ ਵੱਲ ਭੇਜੀ ਕਿ ਤੂੰ ਪੁਰਾਣੀ ਦੋਸਤੀ ਹੀ ਭੁੱਲ ਗਈ ਹੈਂ, ਮੈਂ ਬਹੁਤ ਤੰਗ ਹਾਂ ਜਲਦੀ ਪੈਸੇ ਦਿਓ। ਮੈਂ ਘਰ ਦੇ ਪਿਛਵਾਰੇ ਆਵਾਂਗਾ-ਦੋਹਾਂ ਹੱਥਾਂ ਨਾਲ ਤਾੜੀ ਮਾਰਾਂਗਾ-ਤੂੰ ਕੰਧ ਤੇ ਪੋਟਲੀ ਰੱਖ ਦੇਈਂ ਮੈਂ ਚੁੱਕ ਲਵਾਂਗਾ। ਛੇ-ਸੱਤ ਵਾਰ ਇਸ ਤਰ੍ਹਾਂ ਕਰ ਕੇ ਰਾਜੋ ਦੇ ਖਸਮ ਨੇ ਉਸ ਤੋਂ ਸਾਰਾ ਧੰਨ ਚੁਰਾ ਲਿਆ।

ਨੋਟ :- ਇਸ਼ਕ ਮੁਸ਼ਕ ਵਿੱਚ ਏਦਾਂ ਹੀ ਹੁੰਦਾ ਹੈ । ਧਰਮ ਕਰਮ ਸਿੱਖਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ । ਇਸ਼ਕ ਮੁਸ਼ਕ ਦੇ ਕਿੱਸੇ ਪੜ੍ਹਨ ਲਈ ਦਸਮ ਗ੍ਰੰਥ । ਸ਼ਾਈਦ ਤੁਹਾਡੀ ਵਿਚਾਰ ਮੇਰੀ ਨਿੱਜੀ ਸੋਚ ਨਾਲ ਚੱਲਣ ਦੀ ਕੋਸ਼ਿਸ ਕਰ ਰਹੀ ਹੋਵੇਗੀ। ਅਪਣੀ ਸੋਚ ਨੂੰ ਬੇੜੀ ਨਹੀਂ ਪਾਉਣੀ, ਬਲਕਿ ਤਾਜੀ ਤੇ ਸਵੱਛ ਹਵਾ ਵਿੱਚ ਉੱਛਲ ਕੁੱਦਣ ਦੇਣਾ। ਸ਼ਾਈਦ ਗੁਰੂ ਕ੍ਰਿਪਾ ਕਰ ਦਏ ਤੇ ਤੁਸੀਂ ਗੁਰੂ ਨਾਨਕ ਦੇ ਸੱਚੇ ਸੁੱਚੇ ਗੁਰ ਸਿੱਖਾਂ ਵਿੱਚ ਸਾਮਿਲ ਹੋ ਜਾਓ।

## ਦੇਸ : ਮਹਾਂਰਾਸਟਰ (ਚੌਰਾਸੀਵੇਂ ਚਰਿਤ੍ਰ ਪੰਨਾ ੯੧੯-੯੨੧)

ਪਾਤਰ : ਮਹਾਂਰਾਸਟ੍ਰ ਪਤਿ, ਇੰਦ੍ਰ ਮਤੀ (ਪਟਰਾਨੀ) ਤੇ ਮੋਹਨ ਸਿੰਘ (ਪੁੱਤ)

ਮਹਾਂਰਾਸਟ੍ਰ ਦੇਸ ਦਾ ਰਾਜਾ ਮਹਾਂਰਾਸਟ੍ਰ ਪਤਿ ਗੁਣੀ ਗਿਆਨੀਆਂ ਨੂੰ ਧੰਨ ਲੁਟਾਉਂਦਾ ਤੇ ਕਵਿਤਾ ਨਾਲ ਲਗਾਓ ਰੱਖਦਾ। ਉਸ ਦੀ ਪਟਰਾਨੀ ਇੰਦ੍ਰ ਮਤੀ ਬਹੁਤ ਸੁੰਦਰ ਸੀ ਤੇ ਰਾਜਾ ਉਸ ਦੇ ਬਸ ਵਿੱਚ ਸੀ ਉਹ ਜੋ ਕਹਿੰਦੀ ਰਾਜਾ ਓਹੋ ਹੀ ਕਰਦਾ। ਦ੍ਰਾਵੜ ਦੇਸ ਦੇ ਰਾਜੇ ਦਾ ਪੁੱਤ ਮੋਹਨ ਸਿੰਘ ਫਕੀਰ ਦਾ ਭੇਸ ਧਾਰ ਕੇ ਮਹਾਂਰਾਸਟ੍ਰ ਦੇਸ ਗਿਆ ਰਾਣੀ ਨੇ ਉਸ ਨੂੰ ਤੱਕ ਕੇ ਵਿਚਾਰਿਆ ਕਿ ਇਸ ਨੂੰ ਪਕੜ ਕੇ ਧੀ ਇਸ ਨਾਲ ਵਿਆਹ ਦੇਣੀ ਚਾਹੀਦੀ ਹੈ। ਉਸ ਨੇ ਜੋ ਸੋਚਿਆ ਪੂਰਾ ਕੀਤਾ। ਜਦ ਰਾਜੇ ਨੂੰ ਇਸ ਦੀ ਭਿਣਕ ਪਈ ਉਹ ਦੁਖੀ ਹੋਇਆ ਕਹਿੰਦਾ ਜਿਹਦਾ ਮਾਂ ਬਾਪ ਈ ਕੋਈ ਨੀ ਤੂੰ ਉਸ ਨਾਲ ਧੀ ਵਿਆਹ ਦਿੱਤੀ ਹੈ। ਕਹਿੰਦਾ ਮਾਂ ਧੀ ਤੇ ਜਵਾਈ ਨੂੰ ਬੰਨ ਕੇ ਮਾਰੂੰ-ਰਾਣੀ ਡਰੀ-ਬਣਾਈ ਸਕੀਮ-ਮਠਿਆਈ ਤੇ ਫਲਾਂ ਦੇ ਟੋਕਰਿਆਂ ਚ ਲੁਕੋ ਕੇ ਭਜਾ ਦਿੱਤੇ ਤੇ ਫੇਰਿ ਕਵੀ ਕਹਿੰਦਾ :-

*ਚੌਪਈ ॥ ਬਨਿਤਾ ਚਰਿਤ ਹਾਥ ਨਹਿ ਆਯੋ ॥ ਦੇਵ ਦੈਤ ਕਿਨਹੂੰ ਨਹਿ ਪਾਯੋ ॥*

*ਤ੍ਰਿਯਾ ਚਰਿਤ੍ਰ ਨ ਕਿਸਹੂ ਕਹਿਯੈ ॥ ਚਿਤ ਮੈਂ ਸਮਝਿ ਮੋਨਿ ਹ੍ਵੈ ਰਹਿਯੈ ॥੨੧॥* (ਚੌਰਾਸੀਵੋਂ ਚਰਿਤ੍ਰ ਪੰਨਾ ੯੨੦)

ਇਹ ਧਾਰਮਿਕ ਸਿੱਖਿਆ ਦਸਮ ਗ੍ਰੰਥ ਦੀ ਦੇਣ ਹੈ ਜੀ ਜੋ ਆਪ ਜੀ ਪੜ੍ਹ ਰਹੇ ਹੋ । ਇਹ ਪੁਸਤਕ ਔਰਤ ਦੀ ਦੁਸਮਣ ਤੇ ਉਸ ਦਾ ਸੋਸਣ ਕਰਨ ਦੀ ਵਕਾਲਤ ਕਰਦੀ ਹੈ । ਖ਼ਬਰਦਾਰ-ਹੋਸ਼ਿਆਰ ਜਾਗਦੇ ਰਹਿਓ ।

### ਇਲਾਕਾ : ਉਰੀਚੰਗ  **ਕਤਲ ਕਰਨ ਦੇ ਢੰਗ ਸਿੱਖੋ**  (ਪਚਾਸੀਵੇ ਚਰਿਤ੍ਰ ਪੰਨਾ ੯੨੧-੯੨੨)

ਪਾਤਰ : ਉਚਿੱਸ੍ਰਵ (ਰਾਜਾ), ਰੂਪ ਕਲਾ (ਨਾਰੀ) ਤੇ ਇੰਦ੍ਰ ਨਾਥ (ਜੋਗੀ)

ਉਰੀਚੰਗ ਦੇ ਰਾਜਾ ਉਚਿਸ੍ਰਵ ਦੀ ਖ਼ੂਬਸੂਰਤ ਔਰਤ ਰੂਪਕਲਾ ਮਾਨੋ ਕਾਮ ਦੀ ਦੇਵੀ ਨੇ ਇੰਦ੍ਰ ਨਾਥ ਜੋਗੀ ਨੂੰ ਰੋਸ਼ਨਦਾਨ ਥਾਣੀ ਝਾਤੀ ਮਾਰ ਕੇ ਬੁਲਾਇਆ। ਇਹ ਜੋਗੀ ਜੋਗ ਸਾਧਨਾ ਨਾਲ ਉੱਡ ਕੇ ਭਾਂਤਿ ਭਾਂਤਿ ਦੇ ਭੋਗ ਬਿਲਾਸ ਕਰਦਾ। ਜਦ ਰਾਜਾ ਨੇ ਇਸ ਜੋਗੀ ਬਾਰੇ ਸੁਣਿਆ ਤਾਂ ਮਨ ਚ ਕ੍ਰੋਧ ਜਾਗਿਆ। ਕਿਹੜੇ ਹੀਲੇ ਮੈਂ ਇਸ ਦਾ ਕਤਲ ਕਰਾਂ ਉਹ ਸੋਚਣ ਲੱਗਾ । ਉਹ ਆਪ ਚੱਲ ਕੇ ਪੈਰਾਂ ਦਾ ਖੜਕਾ ਕੀਤੇ ਬਿਨਾਂ ਉਥੇ ਗਿਆ ਤੇ ਕ੍ਰਿਪਾਨ ਕੱਢ ਕੇ ਮਾਰ ਦਿੱਤਾ । ਲਹੂ ਲਿਬੜੇ ਬਸਤ੍ਰ ਪੂੰਝੇ ਤੇ ਕੋਠੜੀ ਚ ਸੁੱਟ ਦਿੱਤਾ। ਰਾਣੀ ਨੂੰ ਇਸ ਦੀ ਖਬਰ ਨਾ ਲੱਗੀ । ਰਾਜੇ ਨੇ ਇਕ ਚਿੱਠੀ ਜੋਗੀ ਵੱਲੋਂ ਲਿਖ ਭੇਜੀ ਕਿ ਰਾਣੀ ਮੇਰੇ ਪਾਸ, ਖਰਚ ਨਹੀਂ ਪੈਸੇ ਦਿਓ । ਹਰ ਰੋਜ ਰਾਜਾ ਚਿੱਠੀ ਲਿਖਦਾ-ਰਾਣੀ ਪੈਸੇ ਦੇਂਦੀ ਦੇਂਦੀ ਕੰਗਾਲ ਹੋ ਗਈ । ਰਾਜੇ ਨੇ ਉਸ ਨੂੰ ਦਿਲੋਂ ਭੁਲਾ ਦਿੱਤਾ ਤੇ ਸੌਕਣ ਨਾਲ ਦੋਸਤੀ ਗੰਢ ਲਈ । ਉਹ ਭੁੱਖੀ ਮਰਨ ਲੱਗੀ ਤਾਂ ਦਰ ਦਰ ਦੀ ਭੀਖ ਮੰਗਦੀ ਮਰ ਗਈ ।

*ਸਭ ਤਾਕੋ ਧਨੁ ਲਯੋ ਚੁਰਾਈ ॥ ਸੌਤਿਨ ਕੇ ਗ੍ਰਿਹਿ ਭੀਖ ਮੰਗਾਈ ॥*
*ਲਏ ਠਕਿਰੋ ਹਾਥ ਬਿਹਾਰੈ ॥ ਭੀਖ ਸੌਤਿ ਤਾਕੋ ਨਹਿ ਡਾਰੈ ॥੧੨॥*
*ਦ੍ਵਾਰ ਦ੍ਵਾਰ ਤੇ ਭੀਖ ਮੰਗਾਈ ॥ ਦਰਬੁ ਹੁਤੋ ਸੋ ਰਹਯੋ ਨ ਕਾਈ ॥*
*ਭੂਖਨ ਮਰਤ ਦੁਖਿਤ ਅਤਿ ਭਈ ॥ ਟੂਕਨ ਹੀ ਮਾਂਗਤ ਮਰਿ ਗਈ ॥੧੩॥*

(ਪਚਾਸੀਵੇਂ ਚਰਿਤ੍ਰ ਪੰਨਾ ੯੨੧)

### ਦੇਸ : ਚਾਮਰੰਗ  (ਛਿਆਸੀਵੇ ਚਰਿਤ੍ਰ ਪੰਨਾ ੯੨੨)

ਪਾਤਰ : ਇੰਦ੍ਰ ਸਿੰਘ (ਰਾਜਾ), ਚੰਦ੍ਰ ਕਲਾ (ਰਾਣੀ), ਸਖੀ ਤੇ ਫਤਹ ਚੰਦ (ਖੱਤ੍ਰੀ)

ਚਾਮਰੰਗ ਦੇਸ ਦੇ ਰਾਜਾ ਇੰਦ੍ਰ ਸਿੰਘ ਦੀ ਰਾਣੀ ਚੰਦ੍ਰ ਕਲਾ ਬਹੁਤ ਸੋਹਣੀ ਸੀ ਉਹ ਜੋ ਚਾਹੁੰਦੀ ਓਹੋ ਹੀ ਕਰਦੀ ਤੇ ਜੋ ਕਹਿੰਦੀ ਉਹ ਹੁੰਦਾ । ਉਹ ਦੀ ਇਕ ਸਹੇਲੀ ਦੇ ਨਾਲ ਰਾਜਾ ਇਸ਼ਕ ਕਰਦਾ-ਰਾਣੀ ਦਿਲ ਵਿੱਚ ਸੜਦੀ। ਚੇਰੀ ਨੇ ਫਤਹਿ ਚੰਦ ਸੁਗੰਧੀ ਵੇਚਣ ਵਾਲੇ ਨੂੰ ਸਹੇਲੀ ਭੇਜ ਕੇ ਬੁਲਾਇਆ ਤੇ ਉਸ ਨਾਲ ਕਾਮ ਲੀਲਾ ਦਾ ਅਨੰਦ ਮਾਣਿਆ । ਉਸ ਨਾਲ ਇਸ਼ਕ ਕਰਦਿਆਂ ਗਰਭ ਠਹਿਰ ਗਿਆ । ਨੌਕਰਾਣੀ ਨੇ ਉਸ ਦਾ ਦੋਸ ਰਾਜੇ ਸਿਰ ਮੜ੍ਹ ਦਿੱਤਾ ਕਿ ਰਾਜੇ ਨੇ ਮੇਰੇ ਨਾਲ ਭੋਗ ਕੀਤਾ ਤਾਂ ਗਰਭ ਠਹਿਰਿਆ ਰਾਜਾ ਸੁਣ ਕੇ ਹੈਰਾਨ ਹੋਇਆ ਕਿ ਮੈਂ ਤਾਂ ਇਸ ਨਾਲ ਭੋਗ ਕੀਤਾ ਹੀ ਨਹੀਂ ਫਿਰ ਬੱਚਾ ਕਿੱਥੋਂ ਆ ਗਿਆ । ਰਾਜੇ ਨੇ ਫਤਹ ਚੰਦ ਦਾ ਨਾਂ ਲੈ ਕੇ ਨੌਕਰਾਣੀ ਬੁਲਾ ਲਈ ਤੇ ਅਪਣੀ ਹੱਥੀਂ ਕਤਲ ਕਰ ਕੇ ਧਰਤੀ ਵਿੱਚ ਗੱਡ ਦਿੱਤਾ ।

*ਦੋਹਰਾ ॥ ਫਤਹ ਚੰਦ ਕੋ ਨਾਮੁ ਲੈ ਚੇਰੀ ਲਈ ਬੁਲਾਇ ॥*
*ਮਾਰਿ ਆਪਨੇ ਹਾਥ ਹੀ ਗਡਹੇ ਦਈ ਗਡਾਇ ॥੭॥* (ਛਿਆਸੀਵੇ ਚਰਿਤ੍ਰ ਪੰਨਾ ੯੨੨)

ਨੋਟ :- ਦਸਮ ਗ੍ਰੰਥ ਦੀ ਇਕ ਹੋਰ ਸਿੱਖਿਆ-ਹੈ ਨਾ ਕਮਾਲ ? ਕਹਿੰਦੇ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ। ਕੀ ਤੁਸੀਂ ਯਕੀਨ ਕਰਦੇ ਹੋ ਇਸ ਮਹਾਂ ਗੰਦੀ ਪੁਸਤਕ ਦਾ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਹੋਣਗੇ?

### ਇਲਾਕਾ : ਭੁਟੰਤ  **ਇਸ਼ਕ ਦੇ ਰੰਗ ਨਿਆਰੇ**  (ਸਤਾਸਵੇ ਚਰਿਤ੍ਰ ਪੰਨਾ ੯੨੨-੯੨੩)

ਪਾਤਰ : ਚੰਦ੍ਰ ਸਿੰਘ ਰਾਜਾ ਤੇ ਚੰਦ੍ਰ ਪ੍ਰਭਾ

ਅੱਠੇ ਪਹਿਰ ਸ਼ਿਵ ਜੀ ਦੀ ਪੂਜਾ ਕਰਨ ਵਾਲਾ ਭੁਟੰਤ ਦੇਸ ਦਾ ਰਾਜਾ ਚੰਦ੍ਰ ਸਿੰਘ ਅਪਣੀ ਔਰਤ ਚੰਦ੍ਰ ਪ੍ਰਭਾ ਨਾਲ ਸੁਖੀ ਵਸਦਾ। ਚੰਦ੍ਰ ਪ੍ਰਭਾ ਇਕ ਭੁਟੰਤ ਤੇ ਡੁੱਲ੍ਹ ਗਈ ਰਾਤ ਦਿਨ ਉਹਨੂੰ ਬੁਲਾਉਂਦੀ ਤੇ ਪਿਆਰ ਦੀ ਪੀਂਘ ਝੂਟਦੀ ।

*ਏਕ ਭੁਟੰਤੀ ਸੌ ਵਹੁ ਅਟਕੀ ॥ ਭੂਲਿ ਗਈ ਸਭ ਹੀ ਸੁਧਿ ਘਟਕੀ ॥*
*ਰਾਤਿ ਦਿਵਸ ਤਿਹ ਬੋਲਿ ਪਠਾਵੈ ॥ ਕਾਮ ਕਲਾ ਤਿਹ ਸੰਗ ਕਮਾਵੈ ॥੩॥* (ਛਿਆਸੀਵੇ ਚਰਿਤ੍ਰ ਪੰਨਾ ੯੨੨)

ਭੋਗ ਕਰਦਿਆਂ ਤੇ ਰਾਜਾ ਆਇਆ-ਰਾਣੀ ਨੇ ਮਿਤ੍ਰ ਨੂੰ ਛੁਪਾ ਦਿੱਤਾ । ਰਾਜੇ ਨੂੰ ਸ਼ਰਾਬ ਪਿਲਾ ਪਿਲਾ ਕੇ ਬੇਸੁਰਤ ਕਰ ਕੇ ਮੰਜੇ ਤੇ ਪਾ ਦਿੱਤਾ । ਰਾਣੀ ਨੇ ਕੁੱਤੇ ਦੀ ਖੱਲ ਮੰਗਵਾਈ ਤੇ ਯਾਰ ਨੂੰ ਪਹਿਨਣ ਨੂੰ ਦਿੱਤੀ ਕਹਿੰਦੀ ਖਸਮਾ ਇਹ ਕੁੱਤਾ ਮੈਨੂੰ ਜਾਨ ਤੋਂ ਪਿਆਰਾ ਹੈ ਜਿਹਨੂੰ ਤੂੰ ਪੱਥਰ ਮਾਰਦਾ ਰਹਿੰਦਾ ਹੈਂ । ਰਾਜਾ ਕਹਿੰਦਾ ਠੀਕ ਐ-ਠੀਕ ਐ-। ਮਿਤ੍ਰ ਨੂੰ ਕੁੱਤਾ ਬਣਾ ਕੇ ਘਰੋਂ ਕੱਢ ਦਿੱਤਾ ।

## ਇਲਾਕਾ : ਗੋਖਾ ਨਗਰ

(ਅਠਾਸੀਵੋਂ ਚਰਿਤ੍ਰ ਪੰਨਾ ੯੨੩-੯੨੪)

ਪਾਤਰ : ਇੰਦ੍ਰ ਦੱਤ (ਰਾਜਾ), ਕੰਜ ਪ੍ਰਭਾ (ਰਾਨੀ) ਤੇ ਮੰਗਲਾ

ਗੋਖਾ ਨਗਰ ਦਾ ਰਾਜਾ ਇੰਦ੍ਰ ਦੱਤ ਅਪਣੀ ਖ਼ੂਬਸੂਰਤ ਔਰਤ ਕੰਜ ਪ੍ਰਭਾ ਨਾਲ ਰਹਿੰਦਾ। ਉਥੇ ਨਗਰ ਵਿੱਚ ਮੰਗਲਾ ਦੇਵੀ ਭਵਾਨੀ ਦਾ ਮੰਦਰ ਸੀ ਜਿਥੇ ਲੋਕੀਂ ਕੇਸਰ ਦੇ ਟਿੱਕੇ ਲਾਉਂਦੇ ਤੇ ਚੌਲ ਚੜ੍ਹਾ ਕੇ ਪੂਜਾ ਕਰਦੇ। ਜਿਹੜਾ ਵੀ ਉਥੇ ਮੰਨਤ ਮੰਨਦਾ ਉਸ ਦੀ ਹਰ ਮੰਗ ਪੂਰੀ ਹੁੰਦੀ (ਸਿੱਖ ਧਰਮ ਵਿੱਚ ਕਿਸੇ ਵੀ ਦੇਵੀ ਜਾਂ ਦੇਵਤੇ ਨੂੰ ਕੋਈ ਥਾਂ ਨਹੀਂ ਹੈ, ਉਸ ਨੂੰ ਸਿੱਖ ਧਰਮ ਦਾ ਬਾਗੀ ਸਮਝਿਆ ਜਾਂਦਾ ਹੈ ਜਾਂ ਮਨਮਤੀਆ ਜੋ ਗੁਰੂ ਹੁਕਮ ਦੀ ਉਲੰਘਣਾ ਕਰਕੇ ਕਿਸੇ ਦੇਵੀ ਦੇਵਤੇ ਦੀ ਪੂਜਾ ਕਰਦਾ ਹੈ । ਧਿਆਨ ਰੱਖਿਓ ਗੁਰੂ ਗ੍ਰੰਥ ਸਾਹਿਬ ਜੀ ਤਾਂ ਇਥੋਂ ਤੱਕ ਆਖਦੇ ਹਨ ਭਗਤ ਨਾਮ ਦੇਵ ਜੀ ਰਾਹੀਂ ਕਿ ਜੋ ਦੇਵੀ ਦੀ ਪੂਜਾ ਕਰੇਗਾ ਓਹ ਮਨੁੱਖ ਔਰਤ ਬਣ ਜਾਏਗਾ। ਆਪ ਜੀ ਕੀ ਬਣਨਾ ਚਾਹੁੰਦੇ ਹੋ ਮਰਦ ਜਾਂ ਔਰਤ ਫੈਸਲਾ ਤੁਹਾਡੇ ਹੱਥ ਹੈ) ।

ਚੇਤ ਮਹੀਨੇ ਦੀ ਅੱਠਿਓਂ ਨੂੰ ਉਥੇ ਮੇਲਾ ਲਗਦਾ। ਊਚ ਨੀਚ ਸਭ ਘਰੋਂ ਮੇਲਾ ਦੇਖਣ ਜਾਂਦੇ। ਮੇਲੇ ਵਿੱਚ ਰਾਣੀ ਨੇ ਇਕ ਯਾਤ੍ਰੀ ਦੇਖਿਆ-ਉਸ ਨਾਲ ਭੋਗ ਕਰਨ ਦੀ ਇੱਛਾ ਜਾਗੀ-ਸਖੀਆਂ ਨੂੰ ਸਮਝਾ ਕੇ ਬੁਲਾਇਆ ਮੰਦਰ ਪਿਛਵਾੜੇ-ਰਾਜੇ ਨੂੰ ਕਹਿੰਦੀ ਮੈਂ ਚੱਲੀ ਦੇਵੀ ਦੇ ਮੰਦਰ-ਪਹੁੰਚੀ ਮਿਤ੍ਰ ਪਾਸ ਰਾਜਾ ਸੋਚੇ ਕਿ ਰਾਣੀ ਸਿਵ ਮੰਦਰ ਗਈ ਐ :-

*ਦੋਹਰਾ ॥ ਜੋ ਕੋਊ ਹਮਰੋ ਹਿਤੂ ਹੈ ਤਹ ਮਿਲਿਯੋ ਮੁਹਿ ਆਇ ॥*
*ਭੇਦ ਕਛੂ ਨ੍ਰਿਪ ਨਾ ਲਖਯੋ ਮੀਤਹਿ ਗਈ ਜਤਾਇ ॥੧੫॥*
*ਯੌ ਕਹਿਕੈ ਰਾਨੀ ਉਠੀ ਕਰਯੋ ਮੀਤ ਗ੍ਰਿਹਿ ਗੌਨ ॥*
*ਨ੍ਰਿਪਤਿ ਪ੍ਰਫੁੱਲਿਤ ਚਿਤ ਭਯੋ ਗਈ ਸਿਵਾ ਕੇ ਭੌਨ ॥੧੬॥* (ਅਠਾਸੀਵੋਂ ਚਰਿਤ੍ਰ ਪੰਨਾ ੯੨੪)

## ਦੇਸ : ਮਾਂਝਾ

(ਨਵਾਸੀਵੋਂ ਚਰਿਤ੍ਰ ਪੰਨਾ ੯੨੪-੯੨੫)

ਪਾਤਰ : ਰਾਮ ਸੀਂਹ (ਜੱਟ) ਤੇ ਰਾਧਾ (ਨਾਰਿ)

ਮਾਝੇ ਦੇਸ ਦਾ ਰਾਮ ਸੀਂਹ ਜੱਟ ਕ੍ਰਿਸਾਣੀ ਕਰਦਾ ਤੇ ਰਾਤ ਦਿਨ ਖੇਤਾਂ ਵਿੱਚ ਰਹਿੰਦਾ।ਉਸ ਦੀ ਔਰਤ ਰਾਧਾ ਬੜੀ ਬੇਸ਼ਰਮ।ਹਰ ਰੋਜ ਉਠ ਕੇ ਮਾਲੀ (ਬਾਗਵਾਨ) ਪਾਸ ਜਾਂਦੀ ਤੇ ਭੋਗ ਕਰ ਕੇ ਘਰ ਆਉਂਦੀ ਰਾਧਾ ਸੱਤੂ ਲੈ ਕੇ ਪਤੀ ਵੱਲ ਚੱਲੀ ਪਰ ਜਾ ਪਹੁੰਚੀ ਮਾਲੀ ਦੇ ਪਾਸ ਬਸਤ੍ਰ ਲਾਹ ਕੇ ਭੋਗ ਕੀਤਾ ਤੇ ਸਤੂਆਂ ਦੀ ਕਰੀ ਬਣਾ ਦਿੱਤੀ ।

*ਲੈ ਸਤੂਆ ਪਤਿ ਓਰ ਸਿਧਾਈ ॥ ਚਲੀ ਚਲੀ ਮਾਲੀ ਪਹਿ ਆਈ ॥*
*ਬਸਤ੍ਰ ਛੋਰਿ ਕੈ ਭੋਗ ਕਮਾਯੋ ॥ ਤਿਹ ਸਤੂਆ ਕੀ ਕਰੀ ਬਨਾਯੋ ॥੩॥* (ਨਵਾਸੀਵੋਂ ਚਰਿਤ੍ਰ ਪੰਨਾ ੯੨੪)

ਅੰਤ ਵਿੱਚ ਓਹੋ ਹੀ ਭੋਗ ਬਿਲਾਸ ਦੇ ਨਜਾਰੇ ਤੇ ਅਨੰਦ-ਪਤੀ ਨੂੰ ਦਿੱਤੀ ਫੂਕ (ਵਡਿਆਈ) ਤੇ ਫੁਲਾ ਦਿੱਤਾ ਵਿਚਾਰਾ ਤੇ ਅਪਣਾ ਕੰਮ ਸਰ ਗਿਆ ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ । ਪੜ੍ਹਦੇ ਸਮੇਂ ਇਹ ਜਰੂਰ ਵਿਚਾਰਦੇ ਰਹਿਣਾ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹਾ ਊਲ ਜਲੂਲ ਲਿਖ ਸਕਦੇ ਹਨ ?

## ਸ਼ਹਿਰ : ਇਟਾਵਾ

(ਨਬਵੋਂ ਚਰਿਤ੍ਰ ਪੰਨਾ ੯੨੫)

ਪਾਤਰ : ਨਾਨਾ (ਸੁਨਾਰ) ਤੇ ਦੀਪ ਕਲਾ (ਰਾਜਾ ਕੁਮਾਰੀ)

ਅੰਤਾਂ ਦ ਸੋਹਣਾ ਸੁਨੱਖਾ ਨਾਨਾ ਸੁਨਿਆਰ ਇਟਾਵਾ ਸ਼ਹਿਰ ਰਹਿੰਦਾ । ਜਿਹੜੀ ਔਰਤ ਉਸ ਨੂੰ ਤੱਕ ਲੈਂਦੀ ਉਹ ਉਸ ਦੇ ਰੂਪ ਤੇ ਡੁੱਲ੍ਹ ਡੁੱਲ੍ਹ ਪੈਂਦੀ । ਦੀਪ ਕਲਾ ਰਾਜੇ ਦੀ ਧੀ ਨੇ ਇਕ ਸਹੇਲੀ ਭੇਜ ਕੇ ਸੁਨਿਆਰ ਬੁਲਾਇਆ ਤੇ ਰਾਤ ਦਿਨ ਉਸ ਨਾਲ ਸਰੀਰਕ ਸਾਂਝ ਕਰਨੀ ਸੁਰੂ ਕਰ ਦਿੱਤੀ ।

*ਚੌਪਈ ॥ ਰਾਤਿ ਦਿਵਸ ਤਿਹ ਧਾਮ ਬੁਲਾਵੈ ॥ ਕਾਮ ਕੇਲ ਤਿਹ ਸੰਗ ਕਮਾਵੈ ॥*
*ਪ੍ਰੀਤਿ ਮਾਨਿ ਤਿਹ ਸਾਥ ਬਿਹਾਰੈ ॥ ਵਾਕੇ ਲਿਯੇ ਪ੍ਰਾਨ ਦੈ ਡਾਰੈ ॥੫॥* (ਨਬਵੋਂ ਚਰਿਤ੍ਰ ਪੰਨਾ ੯੨੫)

ਇਕ ਦਿਨ ਉਸ ਨੇ ਮਿਤ੍ਰ ਨੂੰ ਘਰ ਬੁਲਾਇਆ । ਉਸੇ ਵਖਤ ਉਸ ਦਾ ਪਿਤਾ ਆ ਗਿਆ । ਕੋਈ ਬਸ ਨਾ ਚਲਿਆ ਤਾਂ ਪਿਤਾ ਦੀਆਂ ਅੱਖਾਂ ਚ ਸੁਰਮਾ ਪਾ ਕੇ ਮਿਤ੍ਰ ਬਿਦਾ ਕਰ ਦਿੱਤਾ ।

*ਦੋਹਰਾ ॥ ਅਧਿਕ ਮੂੜ ਤਾਕੋ ਪਿਤਾ ਸਕਯੋ ਭੇਦ ਨਹਿ ਚੀਨ ॥*
*ਆਂਖਨ ਅੰਜਨ ਆਂਜਿ ਤ੍ਰਿਯ ਮੀਤ ਬਿਦਾ ਕਰਿ ਦੀਨ ॥੭॥* (ਨਬਵੋਂ ਚਰਿਤ੍ਰ ਪੰਨਾ ੯੨੫)

ਨੋਟ :- ਇਹ ਗਿਆਨ ਧਿਆਨ ਸ਼ਾਈਦ ਔਰਤ ਜਾਤੀ ਲਈ ਖਾਸ ਤੌਰ ਤੇ ਲਿਖਿਆ ਗਿਆ ਹੈ ਕਿ ਕਿਵੇਂ ਮਾਂ ਬਾਪ ਦੀਆਂ ਅੱਖਾਂ ਚ ਘੱਟਾ ਪਾ ਕੇ ਮਿਤ੍ਰ ਨਾਲ ਰੰਗ ਰਲੀਆਂ ਮਨਾਈ ਦੀਆਂ ਹਨ । ਧੰਨਵਾਦ ਹੈ ਸੰਤਾਂ-ਸਾਧਾਂ ਬ੍ਰਹਮ ਗਿਆਨੀਆਂ-ਜਥੇਬੰਦੀਆਂ ਤੇ ਸਿਆਸੀ ਲੀਡਰਾਂ ਦਾ ਜੋ ਇਸ ਗ੍ਰੰਥ ਅੱਗੇ ਸਿਜਦੇ ਕਰਦਿਆਂ ਅਖੰਡ ਪਾਠ ਕਰਦੇ ਹਨ ਸੱਚ ਮੁੱਚ ਉਹ ਵੱਡੇ ਜਿਗਰੇ ਵਾਲੇ ਹਨ ।

### ਪਿੰਡ : ਬਾਸੀ ਪੁਰ ਨਗਰ : ਕਾਮਾਵਤੀ (ਇਕਾਨਵੇਂ ਚਰਿਤ੍ਰ ਪੰਨਾ ੯੨੫-੯੩੦)

ਪਾਤਰ : ਗੋਬਿੰਦ ਚੰਦ (ਰਾਜਾ), ਮਾਧਵਨਲ, ਚੰਦ੍ਰ ਕਲਾ, ਕਾਮਾ ਬਿਕ੍ਰਮਜੀਤ ਸੈਨ ਤੇ ਕਾਮ ਸੈਨ

ਰਾਜਾ ਗੋਬਿੰਦ ਚੰਦ ਤੇ ਮਾਧਵਨਲ ਦੀ ਦੋਸਤੀ-ਦੋਸਤ ਪੜ੍ਹਿਆ ਵਿਆਕਰਨ-ਛੇ ਸਾਸਤ੍ਰ-ਕੋਕ ਸਾਸਤ੍ਰ ਅਤੇ ਸੰਗੀਤ (ਜਿਸ ਨੇ ਕੋਕ ਸਾਸਤ੍ਰ ਨਹੀਂ ਪੜ੍ਹਿਆ ਸ਼ਾਈਦ ਉਹ ਵਿਦਵਾਨ ਨਾ ਹੋਏ) ਉਹ ਸੁਰੀਲੀ ਆਵਾਜ਼ ਵਿੱਚ ਬਜਾਏ ਬੰਸਰੀ-ਔਰਤਾਂ ਸੁਣ ਸੁਣ ਖੋ ਬੈਠਣ ਸੁੱਧ ਬੁੱਧ-ਬਾਸੀ ਪੁਰ ਪਿੰਡ ਦੇ ਲੋਕ ਉਸ ਤੋਂ ਬਹੁਤ ਦੁਖੀ-ਕੀਤੀ ਰਾਜੇ ਪਾਸ ਸਿਕਾਇਤ ਕਿ ਇਹ ਸਾਡੀਆਂ ਔਰਤਾਂ ਨੂੰ ਕਰਦੈ ਖਰਾਬ- ਇਹਨੂੰ ਏਥੇ ਰੱਖੋ ਜਾਂ ਸਾਨੂੰ ਕੱਢੋ :-

*ਦੋਹਰਾ ॥ ਇਹ ਹਮਰੀ ਇਸਤ੍ਰੀਨ ਕੇ ਲੇਤ ਚਿੱਤ ਬਿਰਮਾਇ ॥*
*ਜੋ ਹਮ ਸਭ ਕੌ ਕਾਢਿਯੈ ਤੌ ਇਹ ਰਾਖਿਯੈ ਰਾਇ ॥੪॥* (ਇਕਾਨਵੇਂ ਚਰਿਤ੍ਰ ਪੰਨਾ ੯੨੫)

ਰਾਜੇ ਨੇ ਕੌਲ ਫੁੱਲਾਂ ਦੇ ਮੰਗਵਾਏ ਪੱਤੇ-ਪੱਤਿਆਂ ਦਾ ਬਿਛਾਇਆ ਵਿਛੌਣਾ-ਬਠਾਇਆ ਸਹੇਲੀਆਂ ਨੂੰ ਇਸ ਉਤੇ-ਮਾਧਵਨਲ ਨੇ ਵਜਾਈ ਬਾਂਸਰੀ-ਕੋਲ ਫੁੱਲਾਂ ਦੇ ਪੱਤੇ ਜਾ ਚਿਪਕੇ ਔਰਤਾਂ ਦੇ ਅੰਗਾਂ ਤੇ-ਰਾਜੇ ਖਾਧਾ ਗੁੱਸਾ-ਬਾਮ੍ਹਣ ਜਾਣ ਕੇ ਬਖਸ਼ੀ ਜਿੰਦ ਤੇ ਦਿੱਤਾ ਦੇਸ ਨਿਕਾਲਾ । ਮਾਧਵਨਲ ਚੱਲ ਚੱਲ ਪੁੱਜਾ ਕਾਮਸੈਨ ਕੋਲ ਕਾਮਾਵਤੀ ਨਗਰ ਚ-ਉਹ ਕਾਮਕੰਦਲਾ ਨੂੰ ਬੜਾ ਪਸੰਦ ਆਇਆ । ਕਾਮਸੈਨ ਰਾਜੇ ਕੋਲ ਤਿੰਨ ਸੌ ਸੱਠ ਔਰਤਾਂ ਨੱਚਦੀਆਂ ਸਨ ਤੇ ਕਾਮਕੰਦਲਾ ਉਨ੍ਹਾਂ ਦੀ ਮੁਖ ਨਾਇਕਾ (ਨਾਚੀ) ਉਹਨੇ ਚੰਦਨ ਦੀ ਤਨ ਤੇ ਅੰਗੀਆ ਪਹਿਨੀ-ਦੇਖਣ ਨੂੰ ਉਹ ਅੰਗੀਆ ਹੀ ਲੱਗੇ ਚੰਦਨ ਨਹੀਂ, ਚੰਦਨ ਦੀ ਬਾਸਨਾ ਲਈ ਭੋਰੇ ਮੰਡਰਾਏ ਤੇ :-

*ਦੋਹਰਾ ॥ ਚੰਦਨ ਕੀ ਤਨ ਕੰਚੁਕੀ ਕਾਮਾ ਕਸੀ ਬਨਾਇ ॥*
*ਅੰਗਿਯਾ ਹੀ ਸਭ ਕੋ ਲਖੈ ਚੰਦਨ ਲਖਯੋ ਨ ਜਾਇ ॥*
*ਛੰਦਨ ਕੀ ਲੈ ਬਾਸਨਾ ਭਵਰ ਬਹਿਠਯੋ ਆਇ ॥*
*ਸੋ ਤਿਨ ਕੁਚ ਕੀ ਬਾਯੁ ਤੇ ਦੀਨੌ ਤਾਹਿ ਉਠਾਇ ॥੧੨॥* (ਇਕਾਨਵੇਂ ਚਰਿਤ੍ਰ ਪੰਨਾ ੯੨੬)

ਬਾਮ੍ਹਣ ਜਾਣ ਗਿਆ ਕਿ ਕਾਮਕੰਦਲਾ ਕਾਮ ਚ ਸੜ ਰਹੀ ਹੈ ਉਸ ਨੇ ਰਾਜੇ ਵੱਲੋਂ ਮਿਲਿਆ ਧੰਨ ਕਾਮਕੰਦਲਾ ਨੂੰ ਦੇ ਦਿੱਤਾ। ਰਾਜੇ ਖਾਧਾ ਗੁੱਸਾ ਕਹਿੰਦਾ ਬਾਮ੍ਹਣ ਨੂੰ ਜਾਨ ਤੋਂ ਨਹੀਂ ਮਾਰਾਂਗਾ ਪਰ ਦੇਸ ਨਿਕਾਲਾ ਦੇਵਾਂਗਾ-ਤੇ ਉਸ ਨੂੰ ਮੰਦਾ ਚੰਗਾ ਬੋਲਿਆ-ਤੇ ਦੋਨਾਂ ਨੇ ਕਿਸੇ ਹੋਰ ਥਾਂ ਦਾ ਰਸਤਾ ਲਿਆ-ਰਸਤੇ ਵਿੱਚ ਇਸ਼ਕ ਮੁਸ਼ਕ ਦੀਆਂ ਗੱਲਾਂ ਕਰਕੇ-ਇਕ ਦੂਜੇ ਤੇ ਮਰ ਮਿਟਣ ਦੇ ਸੁਪਨੇ ਲੈਂਦੇ ਬਿੱਕ੍ਰਮਜੀਤ ਰਾਜੇ ਪਾਸ ਪਹੁੰਚ ਗਏ-ਬਿੱਕ੍ਰਮਜੀਤ ਆਇਆ ਕਬਰ ਪੂਜੀ (ਸਿੱਖ ਧਰਮ ਵਿੱਚ ਕਬਰਾਂ ਦੀ ਪੂਜਾ ਕਰਨ ਵਾਲਾ ਗੁਰੂ ਦਾ ਸਿੱਖ ਨਹੀਂ) ਤੇ ਬਾਮ੍ਹਣ ਸੱਦ ਲਿਆ-ਬਾਮ੍ਹਣ ਨੇ ਖੇਡੀ ਚਾਲ ਤੇ ਬਿੱਕ੍ਰਮਜੀਤ ਨੂੰ ਬੋਲ ਕੇ ਝੂਠ-ਮੂਠ ਭੇਜਿਆ ਕਾਮਸੈਨ ਰਾਜੇ ਤੇ ਚੜ੍ਹਾਈ ਕਰਨ ਕਹਿੰਦਾ ਅਪਣੀ ਕਾਮਕੰਦਲਾ ਮੈਨੂੰ ਦੇ ਦੇ ਨਹੀਂ ਤਾਂ ਜੁੱਧ ਕਰ-ਸ਼ਰਤ ਨਾ ਮੰਨੀ ਗਈ ਹੋਇਆ ਜੁੱਧ ਸੁਰੂ-ਦੋਨਾਂ ਪਾਸਿਆਂ ਤੋਂ ਲੋਥਾਂ ਤੇ ਲੋਥਾਂ-ਵਢਾ ਟੁੱਕੀ ਜੁੱਧ ਦਾ ਚੀਕ ਚਿਹਾੜਾ-ਬਿੱਕ੍ਰਮਜੀਤ ਕਹਿੰਦਾ ਕਾਮਸੈਨ ਨੂੰ ਦੇ ਦੇ ਕਾਮਕੰਦਲਾ ਬਾਮ੍ਹਣ ਨੂੰ-ਪਰ ਉਹ ਨਾ ਮੰਨਿਆ-ਇਸ ਲੜਾਈ ਚ ਹੀਰੋ-ਹੀਰੋਇਨ ਦਾ ਮਰਨਾ ਤੇ ਅੰਮ੍ਰਿਤ ਛਿੜਕ ਕੇ ਮੁੜ ਜਿੰਦਾ ਕਰ ਦੇਣਾ ਅਚੰਭਾ ਹੈ ।

### ਦੇਸ : ਦੱਖਣ (ਬਾਨਵੇਂ ਚਰਿਤ੍ਰ ਪੰਨਾ ੯੩੦)

ਪਾਤਰ : ਮੰਗਲ ਸੈਨ (ਰਾਜਾ), ਸਰੂਪ ਕਲਾ (ਰਾਣੀ) ਤੇ ਬਿਸੁਨ ਦੱਤ੍ਰਾ (ਨਟੂਆ)

ਦੱਖਣ ਦੇਸ ਦਾ ਰਾਜਾ ਮੰਗਲ ਸੈਨ ਅਪਣੀ ਖ਼ੂਬਸੂਰਤ ਔਰਤ ਸਰੂਪ ਕਲਾ ਨਾਲ ਬਹੁਤ ਪਿਆਰ ਕਰਦਾ। ਉਹ ਜੋ ਕਹਿੰਦੀ ਰਾਜਾ ਓਹੀ ਕਰਦਾ। ਬਿਸੁਨ ਦੱਤ੍ਰਾ ਨੱਟ ਜੋ ਹਰ ਸਮੇਂ ਅਪਣੇ ਖੇਲ ਦੇ ਰੰਗ ਦਿਖਾਉਂਦਾ ਰਹਿੰਦਾ-ਰਾਣੀ ਉਸ ਦਾ ਰੂਪ ਤੱਕ ਕੇ ਓਹਦੇ ਰੰਗ ਵਿੱਚ ਰੰਗੀ ਗਈ। ਰਾਣੀ ਨੇ ਅਪਣੀ ਸਹੇਲੀ ਸੱਦ ਕੇ ਉਸ ਨੂੰ ਅਪਣੇ ਘਰ ਬੁਲਾਇਆ ਤੇ ਰਾਜੇ ਦੀ ਪ੍ਰਵਾਹ ਕੀਤੇ ਬਿਨਾ ਸਰੀਰਕ ਸਾਂਝ ਕੀਤੀ। ਏਨੇ ਨੂੰ ਰਾਜਾ ਆ ਗਿਆ-ਮਿੱਤ੍ਰ ਨੂੰ ਪਾਇਆ ਦੇਗ ਵਿੱਚ-ਉਤੇ ਰੱਖਿਆ ਤਵਾ-ਪਾਣੀ ਭਰਿਆ-ਗੁਲਾਬ ਦੇ ਫੁੱਲ ਸੁੱਟੇ ਬਸ ਇਸੇ ਹੇਰਾ ਫੇਰੀ ਘੁੰਮਰ ਘੇਰੀ ਚ ਮਿੱਤ੍ਰ ਤੋਰ ਦਿੱਤਾ ।

ਨੋਟ :- ਦਸਮ ਗ੍ਰੰਥ ਰਾਹੀਂ ਆਪ ਜੀ ਵੱਡੇ ਪੰਜਵੇਂ ਪਰ ਪਹਿਲੇ ਵਿਕਾਰ ਕਾਮ ਦੀ ਸਿੱਖਿਆ ਲੈ ਰਹੇ ਹੋ ਜੀ । ਕਾਮ ਉਤੇਜਿਤ ਕਰਨਾ ਚਾਹੁੰਦੇ ਹੋ ਤਾਂ ਦਸਮ ਗ੍ਰੰਥ ਲਾਹੇਵੰਦ ਪੁਸਤਕ ਹੈ ਜੇਕਰ ਇਸ ਤੇ ਕਾਬੂ ਪਾਉਣਾ ਚਾਹੁੰਦੇ ਹੋ ਤਾਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਗਿਆਨ ਲਓ ਜੀ ।

ਪਾਤਰ : ਜੁਲਾਹਾ **ਜੁਲਾਹੇ ਦੇ ਪਈਆਂ ਦਸ ਹਜ਼ਾਰ ਜੁੱਤੀਆਂ** (ਤਿਰਾਨਵੇਂ ਚਰਿਤ੍ਰ ਪੰਨਾ ੯੩੦-੩੨)

ਜੁਲਾਹਾ ਇਹ ਕਹਿੰਦਾ ਹੋਇਆ ਅਪਣੇ ਸੌਹਰਿਆਂ ਨੂੰ ਚੱਲਿਆ। ਉਡਿ ਜਾ-ਉਡਿ ਜਾ । ਸ਼ਿਕਾਰੀ ਨੇ ਕੁਸਗਨ ਜਾਣ ਕੇ ਉਸ ਨੂੰ ਕੁੱਟਿਆ ਕਹਿੰਦਾ ਕਹੁ ਉਡਿ ਉਡਿ ਆਵਹੁ ਫਾਸਿਯਹੁ-ਜੁਲਾਹੇ ਕਹਿਣਾ ਸੁਰੂ ਕਰ ਦਿੱਤਾ ਫਸਿ ਫਸਿ ਜਾਵਹੁ ਉਡਿ ਉਡਿ ਆਇ।

ਅੱਗੇ ਚੋਰਾਂ ਨੇ ਕੁਸਗਨ ਜਾਣ ਕੇ ਦੋ ਸੌ ਜੁੱਤੇ ਓਹਦੇ ਮਾਰ ਕੇ ਕੁੱਟਿਆ। ਚੋਰ ਕਹਿੰਦੇ ਕਹੁ ਲੈ ਆਵਹੁ ਧਰਿ ਜਾਇਯਹੁ-ਜੁਲਾਹੇ ਨੇ ਇਸੇ ਤਰ੍ਹਾਂ ਆਖਣਾ ਸੁਰੂ ਕਰ ਦਿੱਤਾ। ਰੱਬ ਦੀ ਰਜਾ ਇਕ ਬਾਦਸ਼ਾਹ ਦੇ ਚਾਰ ਪੁੱਤਾਂ ਵਿੱਚੋਂ ਇਕ ਮਰ ਗਿਆ ਤੇ ਉਸ ਨੂੰ ਦਫਨਾਣ ਲਈ ਲੈ ਤੁਰੇ। ਜਦ ਜੁਲਾਹਾ ਇਹ ਕਹਿੰਦਾ ਕੋਲ ਦੀ ਲੰਘਿਆ ਲੈ ਲੈ ਆਵਹੁ ਧਰ ਧਰ ਜੈਯਹੁ ਤਾਂ ਸੈਨਾ ਨੇ ਸੁਣ ਕੇ ਉਸ ਨੂੰ ਪਕੜ ਲਿਆ ਤੇ ਪੰਦਰਾਂ ਸੌ ਜੁੱਤੀ ਮਾਰੀ ਓਹਦੇ। ਜਦ ਜੁਲਾਹੇ ਪੁਛਿਆ ਕਿ ਮੈਂ ਹੁਣ ਕੀ ਕਹਾਂ ਤਾਂ ਕਹਿੰਦੇ ਕਹੀਂ ਬੁਰਾ ਭਯੋ । ਹੁਣ ਜੁਲਾਹਾ ਬੁਰਾ ਭਯੋ ਦੀ ਰੱਟ ਲਗਾ ਕੇ ਤੁਰਿਆ ਤਾਂ ਇਕ ਰਾਜਾ ਜਿਸ ਦੇ ਕੋਈ ਪੁੱਤ ਨਾ ਹੋਣ ਤੇ ਉਸ ਨੇ ਹੋਰ ਵਿਆਹ ਕਰਵਾ ਲਿਆ । ਪੁੱਤ ਜੰਮਣ ਦੀ ਖੁਸ਼ੀ ਵਿੱਚ ਰਾਜ ਘਰਾਣੇ ਵੱਲੋਂ ਜਸ਼ਨ ਮਨਾਏ ਜਾ ਰਹੇ ਸਨ ਕਿ ਜੁਲਾਹਾ ਉਚੀ ਸੁਰ ਚ ਬੁਰਾ ਭਯੋ ਬੁਰਾ ਭਯੋ ਬੋਲਦਾ ਆ ਗਿਆ। ਲੋਕਾਂ ਸੁਣਿਆ ਤਾਂ ਫਿਰ ਜੁੱਤੀਆਂ ਨਾਲ ਕੁੱਟਿਆ। ਲੋਕਾਂ ਨੇ ਕਿਹਾ ਮੂਰਖਾ ਕਹੁ ਭਲਾ ਭਯੋ ਭਲਾ ਭਯੋ। ਉਹ ਕਹਿੰਦਾ ਤੁਰਿਆ। ਰਾਹ ਵਿੱਚ ਇਕ ਪਿੰਡ ਨੂੰ ਅੱਗ ਲੱਗੀ ਹੋਈ ਸੀ । ਵੱਡੇ ਵੱਡੇ ਮਹਿਲ ਤੇ ਛੱਪਰਾਂ ਦੇ ਛੱਪਰ ਗਿਰ ਰਹੇ ਸਨ। ਉਹ ਭਲਾ ਭਯੋ ਭਲਾ ਭਯੋ ਦੀ ਹੇਕ ਲਾਉਂਦਾ ਪਹੁੰਚਿਆ-ਜਿਸ ਨੇ ਭੀ ਸੁਣਿਆ ਉਸੇ ਨੇ ਕੁੱਟਿਆ। ਦਸ ਹਜਾਰ ਜੁੱਤੀਆਂ ਦੀ ਮਾਰ ਖਾ ਕੇ ਜੁਲਾਹਾ ਅਪਣੇ ਸੌਹਰੇ ਘਰ ਪੁੱਜਾ। ਘਰ ਦੇ ਆਖਣ ਕੁੱਝ ਖਾ ਲੈ। ਸ਼ਰਮਿੰਦਗੀ ਦਾ ਮਾਰਿਆ ਕੁੱਝ ਨਾ ਖਾਏ । ਜਦ ਅੱਧੀ ਰਾਤ ਬੀਤ ਗਈ ਤਾਂ ਭੁੱਖ ਨੇ ਬਹੁਤ ਸਤਾਇਆ। ਸਵੇਰੇ ਇਕ ਕ੍ਰਿਪਾਨ ਖ੍ਰੀਦੀ ਨੌਕਰੀ ਲਈ ਤੁਰਿਆ-ਰਾਹ ਚ ਮਿਲਿਆ ਸ਼ੇਰ-ਦੇਖਦੇ ਹੀ ਕੰਬਣ ਲੱਗਾ ਤੇ ਬਰਛੀ ਹੱਥੋਂ ਡਿੱਗ ਗਈ ਪਤਾ ਨੀ ਕਿਵੇਂ ਸ਼ੇਰ ਮਰ ਗਿਆ ਓਹਦਾ ਕੰਨ ਤੇ ਪੂੰਛ ਕੱਟ ਕੇ ਬਾਦਸ਼ਾਹ ਅੱਗੇ ਅਪਣੀ ਬਹਾਦਰੀ ਜਿਤਾਈ। ਰਾਜੇ ਨੇ ਉਸ ਨੂੰ ਬਣਾਇਆ ਸੈਨਾਪਤੀ। ਕਿਸੇ ਹੋਰ ਦੁਸਮਣ ਨੇ ਕੀਤੀ ਚੜ੍ਹਾਈ-ਜੁਲਾਹਾ ਜੁਲਾਹੀ ਨਾਲ ਭੱਜਿਆ ਜੰਗਲ ਨੂੰ ਤੇ ਹੋਰ ਬੜੇ ਹਾਸੋ ਹੀਣੇ ਕੰਮ ਤੇ ਕਰਤਵ ਤੇ ਅਖੀਰ ਚ ਜੁਲਾਹੇ ਨੂੰ ਪਾਲਕੀ ਤੇ ਬਿਠਾ ਕੇ ਰਾਜੇ ਨੇ ਅਪਣੇ ਪਾਸ ਲਿਆਂਦਾ ।

ਨੋਟ :- ਦਸਮ ਗ੍ਰੰਥ ਰਾਹੀਂ ਜੱਟਾਂ-ਨਾਈਆਂ-ਤਰਖਾਣਾ-ਬਣੀਆ ਤੇ ਹੋਰ ਅਨੇਕਾਂ ਨੀਵੀਆਂ ਸਮਝੀਆਂ ਗਈਆਂ ਜਾਤਾਂ ਦਾ ਅਪਮਾਨ ਅਸੀਂ ਪੜ੍ਹ ਚੁੱਕੇ ਹਾਂ। ਹੁਣ ਜੁਲਾਹਿਆਂ ਤੇ ਵੱਡਾ ਹਮਲਾ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਕਿਸੇ ਭੀ ਗੁਰੁ ਵਿਅਕਤੀ ਨੇ ਨੀਵੀਂ ਜਾਤ ਦਾ ਅਪਮਾਨ ਨਹੀਂ ਕੀਤਾ ਸਗੋਂ ਜਾਤਿ ਅਭੀਮਾਨੀਆਂ ਨੂੰ ਖਰੀਆਂ ਖਰੀਆਂ ਸੁਣਾਈਆਂ (ਵੱਖਰੇ ਲੇਖ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਨੇਕਾਂ ਸਬਦਾਂ ਦਾ ਖੁਲਾਸਾ ਦੇ ਕੇ ਇਸ ਦਾ ਨਿਤਾਰਾ ਕੀਤਾ ਗਿਆ ਹੈ) ਕਿਤਾਬ ਦਾ ਵਿਸਥਾਰ ਵੱਡਾ ਨਾ ਹੋ ਜਾਏ । ਗੁਰਬਾਣੀ ਦਾ ਫੈਸਲਾ ਹਰ ਚਰਿਤ੍ਰ ਦੇ ਨਾਲ ਨਹੀਂ ਲਿਖਿਆ ਗਿਆ ।

ਦੇਸ : ਚਾਦਨ ਪਿੰਡ : ਚਾਂਦਪੁਰ (ਚੌਰਾਨਵੇਂ ਚਰਿਤ੍ਰ ਪੰਨਾ ੬੩੨-੩੩)

ਪਾਤਰ : ਦੀਨ ਦਯਾਲ (ਬਿੱਪ੍ਰ) ਤੇ ਇਕ ਔਰਤ

ਦੀਨ ਦਯਾਲ ਬਾਮ੍ਹਣ ਚਾਂਦਨ ਦੇਸ ਦੇ ਚਾਂਦਪੁਰ ਪਿੰਡ ਵਿੱਚ ਰਹਿੰਦਾ। ਸਭ ਪਾਸਿਆਂ ਤੋਂ ਔਰਤਾਂ ਉਸ ਕੋਲ ਆ ਕੇ ਸੀਸ ਝੁਕਾਉਂਦੀਆਂ। ਉਹ ਉਨ੍ਹਾਂ (ਔਰਤਾਂ) ਨੂੰ ਪਤੀ ਨਾਲ ਕਿਵੇਂ ਸੇਜ ਸਾਂਝ ਕਰੀਦੀ ਹੈ ਦੀ ਬੀਚਾਰ ਦੱਸਦਾ। ਇਕ ਸੁੰਦਰ ਔਰਤ ਕਾਮ ਦੀ ਦੀਵਾਨੀ ਬਾਮ੍ਹਣ ਨੂੰ ਅਪਣਾ ਹੀ ਖਸਮ ਜਾਣ ਕੇ ਲੋਟੂ ਹੋ ਗਈ। ਕਦੇ ਔਰਤ ਉਸ ਦੇ ਘਰ ਜਾਂਦੀ ਤੇ ਕਦੇ ਉਹ ਉਸ ਦੇ ਘਰ ਆਉਂਦਾ। ਇਸ਼ਕ ਦੇ ਰੰਗ ਵਿੱਚ ਲਈ ਹੋਈ ਅੰਗੜਾਈ ਕੀ ਗੁਲ ਖਿਲਾਉਂਦੀ ਹੈ।

*ਸਵੈਯਾ ॥ ਬੈਠੀ ਹੁਤੀ ਸਖੀ ਮੱਧਿ ਅਲੀ ਨ ਮੈਂ ਦੀਨ ਦਯਾਲ ਸੌ ਨੇਹੁ ਨਵੀਨੋ ॥*
*ਬੈਨਨਿ ਚਿੰਤ ਕਰੈ ਚਿਤ ਮੈਂ ਇਤ ਨੈਨਨਿ ਪ੍ਰੀਤਮ ਕੋ ਮਨੁ ਲੀਨੋ ॥*
*ਨੈਨ ਕੀ ਕਾਲ ਕੋ ਬੀਚਲ ਦੇਖਿ ਸੁ ਸੁੰਦਰਿ ਘਾਤ ਚਿਤੈਬੇ ਕੋ ਕੀਨੋ ॥*
*ਹੀ ਲਖਿ ਪਾਇ ਜੰਭਾਇ ਲਈ ਚੁਟਕੀ ਚਟਕਾਇ ਬਿਦਾ ਕਰਿ ਦੀਨੋ ॥੫॥* (ਚੌਰਾਨਵੇਂ ਚਰਿਤ੍ਰ ਪੰਨਾ ੬੩੩)

ਪਾਤਰ : ਬਿੰਦੋ, ਜਾਟ, ਰਾਜ ਤੇ ਸਖੀ **ਦਸਮ ਗ੍ਰੰਥ ਰਾਹੀ ਟੂਣਾ ਕਰਨਾ ਸਿੱਖੋ** (ਪਚਾਨਵੇਂ ਚਰਿਤ੍ਰ ਪੰਨਾ ੬੩੩)

ਇੱਕ ਜੱਟ ਦੀ ਕੁੜੀ ਬਿੰਦੋ ਭੀਖ ਮੰਗਣ ਸਾਡੇ ਆਈ ਉਸ ਨੇ ਇਕ ਮਿੱਟੀ ਦਾ ਭਾਂਡਾ ਲੈ ਕੇ ਉਸ ਵਿੱਚ ਸਰੋਂ ਪਾ ਦਿੱਤੀ। ਚਾਰ ਮੇਖਾਂ ਲੋਹੇ ਦੀਆਂ ਪਾ ਕੇ ਉਹ ਤਾਕੀ ਦੇ ਪਿਛਵਾਰੇ ਦੱਬ ਗਈ ਤੇ ਰਾਜੇ ਨੂੰ ਕਿਹਾ ਕਿ ਇਹ (ਨੌਕਰਾਣੀ) ਮੇਰੇ ਟੂਣਾ ਕਰਕੇ ਆਈ ਹੈ ਚੱਲ ਕੇ ਦੇਖ ਲੈ ਸਭਨਾ ਨੇ ਦੇਖਿਆ-ਅੰਦਰਲਾ ਭੇਦ ਜਾਣੇ ਬਿਨਾ ਸਭ ਨੇ ਸੱਚ ਕਿਹਾ। ਰਾਜੇ ਨੇ ਉਸ ਨੂੰ ਬੁਲਾਇਆ-ਕੋੜਿਆਂ ਨਾਲ ਕੁੱਟਿਆ ਪਰ ਉਸ ਸੀ ਤੱਕ ਨਾ ਕੀਤੀ-ਉਹ ਨਾ ਮੰਨੀ ਤਾਂ ਰਾਜੇ ਸੋਚਿਆ ਇਹ ਢੀਠ ਹੈ । ਉਸ ਨੂੰ ਕੋਠੜੀ ਬੰਦ ਕੀਤਾ ਤੇ ਜ਼ਹਿਰ ਮਿਲਾ ਕੇ ਖਾਣਾ ਖੁਆ ਕੇ ਮਾਰ ਦਿੱਤਾ ।

ਨੋਟ :- ਸਾਡੇ ਸਿੱਖ ਧਰਮ ਅੰਦਰ ਘੁਸਪੈਠ ਕਰ ਚੁੱਕੇ ਧਰਮ ਦੇ ਕੱਟੜ ਦੋਖੀ ਵੱਡੇ ਰੁਤਬਿਆਂ ਤੇ ਬਿਰਾਜਮਾਨ ਹੋ ਕੇ ਆਖਦੇ ਹਨ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਲਿਖਿਆ। ਇਸ ਦੇ ਪ੍ਰਕਾਸ ਦੋ ਤਖਤਾਂ ਤੇ ਕਰ ਕੇ ਮਾਣ ਜਿਤਾਉਂਦੇ ਨਹੀਂ ਥੱਕਦੇ ਭਲਾਂ ਜੇ ਤੁਹਾਡੇ ਸ਼ਹਿਰ ਜਾਂ ਪਿੰਡ ਦੇ ਗੁਰਦੁਆਰੇ ਅਜਿਹੀ ਗੰਦੀ ਪੁਸਤਕ ਦਾ ਪ੍ਰਕਾਸ਼ ਕੋਈ ਕਰਨਾ ਚਾਹੇ ਉਦੋਂ ਤੁਹਾਡਾ ਪ੍ਰਤੀਕਰਮ ਕੀ ਹੋਏਗਾ ? ਕੀ ਤੁਸੀਂ ਮਾਂ-ਭੈਣ-ਧੀ ਜਾਂ ਔਰਤ ਨੂੰ ਇਸ ਨੂੰ ਪੜ੍ਹਨ ਦਿਓਗੇ ? ਬਿਨਾਂ ਗੁੱਸਾ ਕੀਤਿਆਂ ਠੰਢੇ ਮਨ ਨਾਲ ਸੋਚਣਾ ਜੀ ।

ਇਲਾਕਾ : ਜੌਹੜੇ (ਛਯਾਨਵੋਂ ਚਰਿਤ੍ਰ ਪੰਨਾ ੯੩੩-੩੬)

ਪਾਤਰ : ਬੈਰਮ ਖਾਤੇ ਗੌਹਰਾ ਰਾਇ (ਪਠਾਣੀ)

**ਬੈਰਮ ਖਾਂ ਦੀ ਕਹਾਣੀ :** ਜੌਹੜੇ ਮਰਗ ਦੇ ਬੈਰਮ ਖਾਂ ਦੀ ਪਤਨੀ ਮਾਨੋ ਸੋਨੇ ਦੀ ਡਲੀ-ਬੜੀ ਹੀ ਸੁੰਦਰ-ਅਨੇਕਾਂ ਸੂਰਬੀਰ ਉਸ ਕੋਲ ਆਏ ਅਤੇ ਧੀਂਗੋਜੋਰੀ ਬੈਰਮ ਖਾਂ ਤੋਂ ਖੋਹਣ ਦੀ ਕੋਸ਼ਿਸ ਕਰਦੇ। ਬੈਰਮ ਖਾਂ ਡਰਿਆ-ਕੀਤੀ ਸਲਾਹ ਤੇ ਮਸ਼ਵਰਾ -ਪਠਾਣੀ ਸੁਣਿਆ ਕਹਿੰਦੀ ਖਸਮਾਂ ਅਪਣੇ ਕੱਪੜੇ ਮੈਨੂੰ ਦੇਹ-ਮੇਰੇ ਤੂੰ ਪਾ-ਮੈਂ ਲਾਹੁੰਦੀ ਆਂ ਦੁਸਮਣਦੇ ਆਹੂ-ਬਣਾ ਕੇ ਮਰਦਾਨਾ ਭੇਸ-ਲਈ ਸੈਨਾ-ਜਾ ਕੁੱਦੀ ਜੰਗੇ ਮੈਦਾਨ ਚ-ਸੁਰੂ ਹੋਈ ਮਾਰਧਾੜ-ਕਤਲੋ ਗੈਰਤ-ਖੁਨ ਖਰਾਬਾ-ਭਾਂਤਿ ਭਾਂਤਿ ਦੇ ਸਾਸਤ੍ਰਾਂ ਦੇ ਖੁੱਲੇ ਪ੍ਰਯੋਗ-ਲੋਥਾਂ ਤੇ ਲੋਥਾਂ-ਲਓ ਹੋਰ ਆ ਗਏ ਪਹਿਲਾਂ ਗੁਰਿਏ ਫੇਰ ਮਹਮੰਦਿਲੇ ਫੇਰ ਦਓਜਈ ਅਫਰੀਦੀਏ -ਫੇਰ ਲੋਧੀ ਤੇ ਆਖੀਰ ਚ ਅਰਬ (ਇਤਿਹਾਸ ਦੇ ਪਾਠਕਾਂ ਲਈ ਇਹ ਗੁੰਝਲ ਸੁਲਝਾਉਣੀ ਥੋੜੀ ਕਠਿਨ ਹੈ ਪਰ ਇਸ ਦੀ ਸਚਾਈ ਨੂੰ ਉਹ ਜਾਣ ਗਏ ਹੋਣਗੇ ਕਿ ਲੇਖਕ ਕਿੱਡਾ ਝੂਠਾ ਮਨੁੱਖ ਹੈ) ਉਨ੍ਹਾਂ ਨਾਲ ਫੇਰ ਘਮਸਾਣ ਦੀ ਲੜਾਈ-ਬਾਰੀ ਬਾਰੀ-ਹੱਥਾਂ ਚ ਤਰਸੂਲ-ਧਨੁੱਖ ਤ ਹੋਰ ਮਾਰੂ ਹਥਿਆਰ ਲੈ ਅਬਲਾ ਟੁੱਟ ਪਈ ਇਨ੍ਹਾਂ ਤੇ-ਮਾਰ ਮੁਕਾਏ ਸਾਰੇ-ਕੋਈ ਨੀ ਜਿੰਦਾ ਬਚਿਆ ਜਿਹੜਾ ਵੀ ਆਇਆ ਓਹੀ ਪਾਰ ਬੁਲਾਇਆ-ਮਿਲਾ ਦਿੱਤਾ ਮਿੱਟੀ ਸੰਗ ਤੇ ਅਖੀਰ ਚ :-

*ਦੋਹਰਾ ॥ ਕਾਢਿ ਭੋਹਰਾ ਤੇ ਪਤਿਹਿ ਦੀਨੋ ਸਤ੍ਰੁ ਦਿਖਾਇ ॥*
*ਬਿਦਾ ਕਿਯੋ ਇਕ ਅੱਸੂ ਦੈ ਔ ਪਗਿਯਾ ਬਧਵਾਇ ॥੪੧॥* (ਛਯਾਨਵੋਂ ਚਰਿਤ੍ਰ ਪੰਨਾ ੯੩੬)

ਨੋਟ : ਬੈਰਮ ਖਾਂ ਜਾਂ ਉਸ ਦੀ ਔਰਤ ਦਾ ਸਿੱਖ ਧਰਮ ਨਾਲ ਕੀ ਸਬੰਧ ? ਇਸ ਵਿਚੋਂ ਕੋਈ ਸਿੱਖਿਆ-ਆਚਰਣ ਦੀ ਗੱਲ ਪੱਲੇ ਪਈ ਹੋਵੇ ਤਾਂ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ । ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ ।

ਦੇਸ : ਸਯਾਲਕੋਟ (ਸਤਾਨਵੋਂ ਚਰਿਤ੍ਰ ਪੰਨਾ ੯੩੬-੪੧)

ਪਾਤਰ : ਸਾਲ ਬਾਹਨਾ (ਰਾਵ), ਸ੍ਰੀ ਤ੍ਰਿਪਰਾਰਿ ਮਤੀ (ਤ੍ਰਿਯ), ਬਿੱਕ੍ਰਮਜੀਤ (ਰਾਜਾ), ਰਿਸਾਲੂ, ਕੋਕਿਲ, ਸ੍ਰੀ ਚੰਡਿਕਾ ਤੇ ਭਵਾਨੀ

**ਦਸਮ ਗ੍ਰੰਥ ਰਾਹੀਂ ਰਾਜਾ ਰਿਸਾਲੂ ਪੜ੍ਹੋ :** ਸਯਾਲਕੋਟ ਦਾ ਰਾਜਾ ਸਾਲ ਬਾਹਨਾ ਖਟ ਦਰਸਨ ਦਾ ਪੁਜਾਰੀ ਅਤੇ ਸ੍ਰੀ ਤ੍ਰਿਪਰਾਰਿ ਮਤੀ ਓਹਦੀ ਔਰਤ ਭਵਾਨੀ ਦੀ। ਬਿੱਕ੍ਰਮਜੀਤ ਨੇ ਵੱਡੀ ਸੈਨਾ ਲੈ ਕੇ ਕੀਤਾ ਸਾਲ ਬਾਹਨਾ ਤੇ ਹਮਲਾ-ਬੇ ਡਰ ਸਨਮੁੱਖ ਹੋ ਲੜਿਆ-ਸ੍ਰੀ ਚੰਡਿਕਾ ਕਹਿੰਦੀ (ਦੇਵੀ) ਮੈਂ ਮੁਰਦਿਆਂ ਦੀ ਸੈਨਾ ਬਣਾ ਕੇ ਤੈਨੂੰ ਜਿਤਾਵਾਂਗੀ-ਬਣਾਈ ਮੁਰਦਿਆਂ ਦੀ ਸੈਨਾ-ਫੜਾਏ ਹਥਿਆਰ-ਕ੍ਰੋੜਾਂ ਬੁਲਾਏ ਪਾਰ-ਪ੍ਰਗਟ ਹੋਈ ਕਾਲਿਕਾ, ਮਾਰ ਕੇ ਵੱਡੀ ਕਿਲਕਾਰੀ-ਸਿਵ ਬਜਾਇਆ ਡੌਰੂ-ਜੋਗਣਾਂਗਾਏ ਗੀਤ-ਡੈਣਾਂ ਦਾ ਕ੍ਰੋਧ ਉਫ਼-ਭੂਤਾਂ ਪ੍ਰੇਤਾਂ ਦਾ ਅਲਫ ਨੰਗਾ ਹੋ ਕੇ ਕੀਤਾ ਨੰਗਾ ਨਾਚ-ਬਿੱਕ੍ਰਮਜੀਤ ਵੀ ਘੱਟ ਨਹੀਂ ਇਕੱਠੀ ਕੀਤੀ ਸੈਨਾ-ਭਖਾਇਆ ਰਣ ਤੱਤਾ-ਬਿੱਕ੍ਰਮਜੀਤ ਦੇ ਵਾਰਾਂ ਨੂੰ ਰੋਕੇ ਸ੍ਰੀ ਚੰਡਿ ਅਪਣਾ ਸੇਵਕ ਜਾਣ ਸਾਲਬਾਹਨਾ ਨੂੰ-ਸਾਲਬਾਹਨਾ ਦੀ ਔਰਤ ਮਨਾਈ ਗੌਰਜਾ-ਕੀਤਾ ਵਰ ਪ੍ਰਾਪਤ-ਸਾਲਬਾਹਨਾ ਦਾ ਅੱਠ ਪਹਿਰ ਘੋਰ ਜੁੱਧ-ਦੋਨੋ ਪਾਸਿਆਂ ਤੋਂ ਚੋਟ ਤੇ ਚੋਟ ਪਰ ਸਯਾਲਕੋਟ ਦੇ ਰਾਜੇ ਕੀਤਾ ਕਰਾਰਾ ਵਾਰ-ਬਿੱਕ੍ਰਮਜੀਤ ਮਾਰਿਆ ਗਿਆ-ਮਨਾਈ ਖੁਸ਼ੀ ਕਹਿੰਦਾ ਰਾਣੀ ਨੇ ਕਬਰ ਪੂਜੀ ਤੇ ਭਗੌਤੀ ਨੇ ਰੀਝ ਕੇ ਵਰ ਦਿੱਤਾ ।

*ਦੋਹਰਾ ॥ ਹਮਰੇ ਹਿਤ ਇਹ ਰਾਨਿਯੈ ਲੀਨੀ ਗੌਰਿ ਮਨਾਇ ॥*
*ਰੀਝਿ ਭਗੌਤੀ ਬਰੁ ਦਯੋ ਤਬ ਹਮ ਜਿਤੇ ਬਨਾਇ॥੨੨॥* (ਸਤਾਨਵੋਂ ਚਰਿਤ੍ਰ ਪੰਨਾ ੯੩੮)

ਨੋਟ :- ਸਿੱਖ ਧਰਮ ਕਿਸੇ ਭੀ ਦੇਵੀ ਦੇਵਤੇ ਨੂੰ ਮਾਨਤਾ ਨਹੀਂ ਦੇਂਦਾ ਅਤੇ ਉਨ੍ਹਾਂ ਦੀ ਪੂਜਾ ਕਰਨ ਵਾਲਿਆਂ ਨੂੰ ਸਿੱਖ ਨਹੀਂ ਮੰਨਦਾ ਅਤੇ ਨਾ ਹੀ ਸਿੱਖ ਧਰਮ ਵਿੱਚ ਕਬਰ ਪੂਜਣ ਨੂੰ ਕੋਈ ਥਾਂ ਹੈ। ਇਕ ਵੱਖਰੇ ਲੇਖ ਰਾਹੀਂ ਇਸ ਤੇ ਵਿਚਾਰ ਕੀਤੀ ਗਈ ਹੈ । ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੋ ਤੇ ਵਿਚਾਰੋ ਜੀ ।

ਲੜਾਈ ਤੋਂ ਬਾਦ ਸਾਂਤੀ ਨਾਲ ਰਹਿੰਦਿਆਂ ਰਾਣੀ ਦੇ ਇੱਕ ਪੁੱਤ ਜੰਮਿਆ-ਨਾਂ ਰੱਖਿਆ ਗਿਆ ਰਿਸਾਲੂ-ਸ਼ਿਕਾਰ ਅਤੇ ਚੌਪੜ ਖੇਡਣ ਦਾ ਸ਼ੌਕੀਨ-ਇਕ ਡੋਮ (ਡੂਮ) ਉਸ ਨਾਲ ਚੌਪੜ ਖੇਡਦਾ ਹਾਰ ਕੇ ਕਹਿੰਦਾ ਕਿ ਮੈਂ ਤੈਨੂੰ ਤਾਂ ਮੰਨਾ ਜੇ ਤੂੰ ਸਿਰਕਪ ਰਾਜੇ ਨਾਲ ਪੰਗਾ ਲਏਂ-ਲਿਆ ਘੋੜਾ-ਪਹੁੰਚਿਆ ਉਸ ਦੇ ਦੇਸ-ਸੁਰੂ ਹੋਈ ਖੇਡ-ਹਾਰਿਆ ਸਿਰਕਪ-ਸਿਰਕਪ ਦੀ ਰਾਣੀ ਕਹਿੰਦੀ ਇਹਨੂੰ ਕਤਲ ਨਾ ਕਰੋ-ਇਹ ਦੀ ਧੀ ਕੋਕਿਲਾ ਲੈ ਲਓ ਤੇ ਜਾਨ ਬਖ਼ਸੋ ਕੋਕਿਲਾ ਦੇ ਬਦਲੇ ਬਖ਼ਸੀ ਜਾਨ-ਬਾਲਪਨ ਗਿਆ ਤੇ ਹੋਈ ਜਵਾਨ ਸਤਾਏ ਕਾਮ :-

*ਤਾਕੌ ਲਰਿਕਾਪਨ ਜਬ ਗਯੋ ॥ ਜੋਬਨ ਆਨਿ ਦਮਾਮੋ ਦਯੋ ॥*
*ਰਾਜਾ ਨਿਕਟ ਨ ਤਾਕੇ ਆਵੈ ॥ ਯਾਤੇ ਅਤਿ ਰਾਨੀ ਦੁਖ ਪਾਵੈ ॥੩੮॥* (ਸਤਾਨਵੋਂ ਚਰਿਤ੍ਰ ਪੰਨਾ ੯੩੯)

ਤੇ ਸੁਰੂ ਹੋਈ ਦਾਸਤਾਨ-ਪਿਆਰ ਦੇ ਕਿੱਸੇ-ਇਕ ਦੂਜੇ ਤੋਂ ਵੱਧ, ਵੱਧ ਤੋਂ ਵੱਧ-ਗੱਪ ਤੇ ਗੱਪ ਤੇ ਅਖੀਰ ਵਿਚਾਰੀ ਕੋਕਿਲਾ ਮਾਰ ਕੇ ਅਪਣੇ ਹੀ ਢਿੱਡ ਕਟਾਰੀ ਮਰ ਗਈ ।

*ਦੋਹਰਾ ॥ ਸੁਨਤ ਕਟਾਰੀ ਨ੍ਰਿਪਤਿ ਕੀ ਲੈ ਅਪਨੇ ਉਰਿ ਮਾਰ ॥*
*ਉਰਿ ਹਨਿ ਧੌਲਹਰ ਤੇ ਗਿਰੀ ਹੋਡਹਿ ਨੈਨ ਨਿਹਾਰ ॥੭੦॥*

*ਉਦਰ ਕਟਾਰੀ ਮਾਰਿਕੈ ਪਰੀ ਮਹਲ ਤੈ ਟੂਟਿ ॥*
*ਏਕ ਘਰੀ ਸਸਕਤ ਰਹੀ ਬਹੁਰ ਪ੍ਰਾਨ ਗੇ ਛੂਟਿ ॥੨੧॥* (ਸਤਾਨਵੇਂ ਚਰਿਤ੍ਰ ਪੰਨਾ ੬੪੧)

ਕੋਕਿਲਾ ਦੇ ਮਰਨ ਪਿਛੋਂ ਰਾਜਾ ਰਿਸਾਲੂ ਉਥੇ ਪੁੱਜਾ-ਮਿਰਗ ਅਤੇ ਕੋਕਿਲਾ ਦਾ ਮਾਸ ਕੁੱਤਿਆਂ ਨੂੰ ਖੁਆ ਦਿੱਤਾ ਤੇ ਅਖੀਰਦਾ ਉਪਦੇਸ:-

*ਦੋਹਰਾ ॥ ਜੋ ਬਨਿਤਾ ਪਤਿ ਆਪਨੋ ਤਯਾਗ ਔਰ ਪੈ ਜਾਇ ॥*
*ਸੋ ਐਸੋ ਪੁਨਿ ਤੁਰਤ ਹੀ ਕਯੋਂ ਨਹਿ ਲਹਤ ਸਜਾਇ ॥੨੩॥* (ਸਤਾਨਵੇਂ ਚਰਿਤ੍ਰ ਪੰਨਾ ੬੪੧)

ਨੋਟ :- ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ ਦਰਸਾਇਆ ਗਿਆ ਦਸਮ ਗ੍ਰੰਥ ਰਾਜਾ ਰਿਸਾਲੂ ਤੇ ਬਿੱਕ੍ਰਮਜੀਤ ਦੀ ਕਹਾਣੀ ਪ੍ਰਗਟ ਕਰਦਾ ਹੈ। ਕੀ ਇਹ ਸੰਭਵ ਹੈ ਕਿ ਗੁਰੂ ਜੀ ਅਜਿਹੀ ਕਿਸੇ ਨਿਕੰਮੀ ਕਹਾਣੀ ਨੂੰ ਕਾਵਿ ਰੂਪ ਦੇ ਕੇ ਗੁਰ ਸਿੱਖਾਂ ਲਈ ਸੰਭਾਲ ਕੇ ਰੱਖਦੇ । ਫਿਰ ਸੋਚਣ ਵਾਲੀ ਇਹ ਗੱਲ ਭੀ ਹੈ ਕਿ ਔਰਤ ਦਾ ਘੋਰ ਅਪਮਾਨ ਕੀਤਾ ਗਿਆ ਹੈ । ਜੇਕਰ ਕੋਈ ਔਰਤ ਮਰਦ ਦੁਆਰਾ ਸਤਾਈ ਗਈ ਹੋਏ-ਮਰਦ ਮਰ ਗਿਆ ਹੋਏ-ਨਿਪੁੰਸਕ ਹੋਏ ਜਾਂ ਕੋਈ ਹੋਰ ਕਾਰਣ ਉਹ ਤਲਾਕ ਲੈ ਕੇ ਕਿਸੇ ਹੋਰ ਮਰਦ ਨਾਲ ਸ਼ਾਦੀ ਕਰ ਲਏ । ਕੀ ਉਸ ਨੂੰ ਮੌਤ ਦੀ ਸਜਾ ਦਿੱਤੀ ਜਾ ਸਕਦੀ ਹੈ ? ਕੀ ਗੁਰੂ ਜੀ ਅਪਣੇ ਹੀ ਸਿੱਖਾਂ ਨੂੰ ਇਹ ਉਪਦੇਸ ਦੇਣਗੇ ?

(ਜਸ) ਅਸੀਂ ਹਾਂ ਠੇਕੇਦਾਰ ਧਰਮ ਦੇ ਉਲਟਾ ਪਾਠ ਪੜ੍ਹਾਵਾਂਗੇ ॥
ਧਰਮ ਕਰਮ ਨੂੰ ਛਿੱਕੇ ਟੰਗਕੇ ਸੌੜੀ ਸੋਚ ਅਪਣਾਵਾਂਗੇ ॥

## ਇਲਾਕਾ : ਚੰਦ੍ਰਭਗਾ (ਸਰਿਤਾ ਨੇੜੇ) (ਅਠਾਨਵੋਂ ਚਰਿਤ੍ਰ ਪੰਨਾ ੬੪੨-੪੪)

ਪਾਤਰ : ਰਾਂਝਾ (ਜੱਟ), ਚਿੱਤ੍ਰ ਦੇਵਿ (ਰਾਂਝੇ ਦੀ ਮਾਂ), ਇੰਦ੍ਰ ਰਾਇ ਤੇ ਮੈਨ ਕਲਾ

**ਹੀਰ ਰਾਂਝੇ ਦੀ ਕਹਾਣੀ ਪੜ੍ਹੋ ਮਹਾਂ ਪਵਿਤ੍ਰ ਦਸਮ ਗ੍ਰੰਥ ਦੀ ਰਾਹੀਂ :** ਚੰਦ੍ਰਭਗਾ ਸਰਿਤਾ ਨੇੜੇ ਰਾਂਝਨ ਜੱਟ ਰਹਿੰਦਾ-ਜਿਹੜੀ ਕੁੜੀ ਉਸ ਨੂੰ ਦੇਖ ਲੈਂਦੀ ਉਹ ਉਸ ਦੀ ਮੰਜੀ ਦਾ ਸਿੰਗਾਰ ਹੁੰਦੀ । ਕਿਸਮਤ ਦਾ ਗੇੜ ਦੇਖੋ ਉਸ ਦੇ ਦੇਸ ਵਿੱਚ ਕਾਲ ਪੈ ਗਿਆ। ਗਰੀਬ ਸਾਰੇ ਮਰ ਗਏ ਜੇ ਕੋਈ ਬਚਿਆ ਤਾਂ ਧੰਨਵਾਨ-ਇਸ ਕਾਲ ਵਿੱਚ ਉਸ ਦਾ ਸਾਰਾ ਪ੍ਰੀਵਾਰ ਮਰ ਗਿਆ-ਬਸ ਦੋਨੋ ਬਚੇ ਰਾਂਝਾ ਤੇ ਉਸ ਦੀ ਮਾਂ। ਭੁੱਖ ਤੋਂ ਬਚਣ ਲਈ ਉਸ ਨੇ ਤੜਾਗੀ ਬੇਚੀ-ਲੋਕਾਂ ਦੇ ਘਰ ਜਾ ਜਾ ਪੀਹਣੇ ਪੀਹੇ ਜੂਠੇ ਭਾਂਡ ਮਾਂਝੇ-ਲੋਕਾਂ ਦੀ ਸੁੱਟੀ ਜੂਠ ਚੁਣ ਚੁਣ ਖਾਂਦੀ ਭੁੱਖੀ ਮਰ ਗਈ। ਉਸ ਦੇ ਮਰਨ ਤੋਂ ਬਾਦ ਵਰਖਾ ਹੋਈ ਲੋਕਾਂ-ਖੁਸ਼ੀ ਮਨਾਈ। ਰਾਂਝੇ ਅਨਾਥ ਨੂੰ ਇਕ ਜੱਟ ਨੇ ਪਾਲਿਆ-ਬਚਪਨ ਬੀਤਿਆ-ਜਵਾਨੀ ਨੇ ਅੰਗੜਾਈ ਲਈ-ਉਹ ਮੱਝਾਂ ਚਰਾਉਂਦਾ-ਲੋਕੀਂ ਉਸ ਨੂੰ ਜੱਟ ਦਾ ਪੁੱਤ ਕਰਕੇ ਜਾਣਦੇ-ਕੋਈ ਨੀ ਸੀ ਜਾਣਦਾ ਇਹ ਰਾਜਪੂਤ ਹੈ। ਇਹ ਤਾਂ ਸੀ ਰਾਂਝੇ ਦੀ ਕਹਾਣੀ-ਹੁਣ ਹੀਰ ਦੀ ਗੱਲ ਕਰ ਕੇ ਤੁਹਾਡੇ ਹ੍ਰਿਦੇ ਠੰਢ ਪਾਉਂਦਾ ਹਾਂ (ਮੈਂ ਨਹੀਂ ਕਹਿ ਰਿਹਾ ਬਲਕਿ ਕਵੀ ਕਹਿੰਦਾ ਹੈ) ਇੰਦ੍ਰ ਰਾਇ ਦੇ ਨਗਰ ਇਕ ਅਪਸਰਾ ਰਹਿੰਦੀ-ਨਾਂ ਸੀ ਓਹਦਾ ਮੈਨ ਕਲਾ-ਜਿਹੜਾ ਤੱਕਦਾ ਓਹੀ ਓਹਦੇ ਰੂਪ ਦਾ ਸੁਦਾਈ ਹੋ ਜਾਂਦਾ। ਇਕ ਸਭਾ ਵਿੱਚ ਕਪਿਲ ਮੁਨਿ ਆਇਆ -ਮੈਨ ਕਲਾ ਦਾ ਰੂਪ ਤੱਕਦੇ ਹੀ ਓਹਦਾ (ਕਪਿਲ ਮੁਨਿ) ਬੀਰਜ ਧਰਤੀ ਤੇ ਡਿੱਗ ਗਿਆ ਜਿਸ ਤੇ ਉਸ ਨੇ ਮੈਨਕਾ ਨੂੰ ਸਰਾਪ ਦੇ ਦਿੱਤਾ :-

*ਚੌਪਈ ॥ ਤੌਨੈ ਸਭਾ ਕਪਿਲ ਮੁਨਿ ਆਯੋ ॥ ਔਸਰ ਜਹਾ ਮੈਨਕਾ ਪਾਯੋ ॥*
*ਤਿਹ ਲਖਿ ਮੁਨਿ ਬੀਰਜ ਗਿਰਿ ਗਯੋ ॥ ਚਪਿ ਚਿਤ ਮੈ ਸ੍ਰਾਪਤ ਤਿਹ ਦਯੋ ॥੧੨॥*
*ਤੁਮ ਗਿਰਿ ਮਿਰਤ ਲੋਕ ਮੈ ਪਰੋ ॥ ਜੂਨਿ ਸਯਾਲ ਜਾਟ ਕੀ ਧਰੋ ॥*
*ਹੀਰ ਆਪਨੋ ਨਾਮ ਸਦਾਵੋ ॥ ਜੂਠ ਕੂਠ ਤੁਰਕਨ ਕੀ ਖਾਵੋ ॥੧੩॥* (ਅਠਾਨਵੋਂ ਚਰਿਤ੍ਰ ਪੰਨਾ ੬੪੨)

ਇਹ ਸੁਣ ਕੇ ਅਬਲਾ ਕੰਬੀ-ਪੈਰੀਂ ਪਈ ਕਪਿਲ ਮੁਨਿ ਬਾਮ੍ਹਣ ਦੇ ਕਹਿੰਦੀ ਮੇਰੇ ਤੇ ਤਰਸ ਕਰੋ-

ਮੇਰਾ ਉਧਾਰ ਕਰੋ-ਕਹਿੰਦਾ ਜਦ ਇੰਦ੍ਰ ਮ੍ਰਿਤ ਲੋਕ ਚ ਜਾਊਗਾ-ਆਪਣਾ ਨਾਂ ਰਾਂਝਾ ਰਖਾਊਗਾ-ਤੇਰੇ ਨਾਲ ਇਸ਼ਕ ਕਰੂਗਾ-ਤੈਨੂੰ ਅਮਰਾਵਤੀ ਲਿਆਏਗਾ ਤਾਂ ਤੇਰਾ ਉਦਾਰ ਹੋਏਗਾ। ਇੰਦ੍ਰ ਜੱਟ ਦੀ ਜੂਨ ਪੈ ਕੇ ਰਾਂਝਾ ਬਣਿਆ ਤੇ ਹੀਰ ਚੂਚਕ ਦੇ ਘਰ ਜੰਮੀ। ਸਮਾਂ ਲੰਘਦਾ ਗਿਆ-ਜੁਆਨੀ ਨੇ ਪੈਰ ਧਰਿਆ-ਰਾਂਝਾ ਮੱਝਾਂ ਚਰਾਏ-ਹੀਰ ਦੇਖ ਬਲਿ ਬਲਿ ਜਾਏ-ਦਿਨ ਬ ਦਿਨ ਪਿਆਰ ਦੀ ਪੀਂਘ ਦੇ ਹੁਲਾਰੇ ਉਂਚੇ ਤੋਂ ਉੂਚੇ-ਉਠਦੇ ਬੈਠਦੇ, ਖਾਂਦੇ ਪੀਂਦੇ ਹੀਰ ਹੀਰ ਤੇ ਰਾਂਝਾ ਰਾਂਝਾ ਹੀ ਰੱਟਦੇ-ਚੂਚਕ ਨੇ ਦੇਖ ਕੇ ਲੱਛਣ ਹੀਰ ਦਿੱਤੀ ਖੇੜੇ ਨੂੰ :-

*ਤਬ ਚੂਚਕ ਇਹ ਭਾਂਤਿ ਬਿਚਾਰੀ ॥ ਯਹ ਕੰਨਯਾ ਨਹਿ ਜਿਯਤ ਹਮਾਰੀ ॥*
*ਅਬ ਹੀ ਯਹ ਖੇਰਾ ਕੋ ਦੀਜੈ ॥ ਯਾ ਮੈ ਤਨਿਕ ਢੀਲ ਨਹਿ ਕੀਜੈ ॥੨੮॥* (ਅਠਾਨਵੋਂ ਚਰਿਤ੍ਰ ਪੰਨਾ ੬੪੩)

ਰਾਂਝਾ ਫਕੀਰ ਬਣ ਕੇ ਪਿੱਛੇ ਪਿੱਛੇ ਗਿਆ-ਭੀਖ ਮੰਗਦਿਆਂ ਚਾਕੂ ਦਾ ਵਾਰ ਸਹਾਰਦਿਆਂ ਮਰ ਗਿਆ ਤੇ ਅਖੀਰ ਚ ਕਵੀ ਕਹਿੰਦਾ :-

*ਦੋਹਰਾ ॥ ਰਾਂਝਾ ਭਯੋ ਸੁਰੇਸ਼ ਤਹ ਭਈ ਮੈਨਕਾ ਹੀਰ ॥*
*ਯਾ ਜਗ ਮੈ ਗਾਵਤ ਸਦਾ ਸਭ ਕਬਿ ਕੁਲ ਜਸ ਧੀਰ ॥੩੧॥* (ਅਠਾਨਵੇਂ ਚਰਿਤ੍ਰ ਪੰਨਾ ੯੪੪)

ਨੋਟ :- ਭਲਾਂ ਗੁਰੂ ਗੋਬਿੰਦ ਸਿੰਘ ਜੀ ਹੀਰ ਤੇ ਰਾਂਝੇ ਦੀ ਕਹਾਣੀ ਨੂੰ ਕਾਵਿ ਰੰਗ ਦੇ ਕੇ ਕੀ ਦੱਸਣਾ ਚਾਹੁੰਦੇ ਸਨ ਗੁਰਸਿੱਖਾਂ ਨੂੰ ? ਹਕੀਕਤ ਵਿੱਚ ਇਸ ਕਹਾਣੀ ਨਾਲ ਸਿੱਖ ਧਰਮ ਦੇ ਦੁਸਮਣਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਸਿੱਖਾਂ ਦਾ ਦਸਮਾਂ ਗੁਰੂ ਇਤਿਹਾਸ-ਮਿਥਿਹਾਸ ਤੋਂ ਕੋਰਾ ਸੀ । ਚਲ ਰਹੇ ਪ੍ਰਸੰਗਾਂ ਵਿੱਚ ਰੱਬ ਦੀ ਭਗਤੀ-ਨਾਮ ਸਿਮਰਣ-ਕਿਰਤ ਕਰਨੀ-ਵੰਡ ਛਕਣਾ ਜਾਂ ਕੋਈ ਹੋਰ ਉਪਦੇਸ ਨਹੀਂ ਹੈ ਕੇਵਲ ਕਾਮ ਉਤੇਜਨਾ ਵਧਾਣ ਦੇ ਹੀਲੇ ਵਸੀਲੇ ਪ੍ਰਗਟਾਏ ਹਨ ਕੀ ਗੁਰੂ ਜੀ ਅਜਿਹਾ ਗੰਦ ਮੰਦ ਲਿਖ ਸਕਦੇ ਹਨ ? ਬਿਨਾਂ ਜ਼ਮੀਰ ਦਾ ਗਲਾ ਘੁੱਟਿਆਂ ਉੱਤਰ ਲੱਭਣਾ ਜੀ ।

## ਇਲਾਕਾ : ਪੋਠੋਹਾਰ

(ਨਿੰਨਾਨਵੇਂ ਚਰਿਤ੍ਰ ਪੰਨਾ ੯੪੪-੪੫)

ਪਾਤਰ : ਰੁੱਦ੍ਰਕਲਾ, ਮੁਲਾਣੇ ਤੇ ਖਾਨ ਮੁਹੱਬਤ

ਰੁੱਦ੍ਰਕਲਾ ਪੋਠੋਹਾਰ ਰਹਿੰਦੀ ਦੇ ਕੋਲ ਰੋਜ ਖੁਦਾਈਨ (ਮੌਲਾਣੇ) ਆਉਂਦੇ ਤੇ ਡਰਾ ਕੇ ਧੰਨ ਲੈ ਜਾਂਦੇ । ਇਕ ਦਿਨ ਉਸ ਨੇ ਧੰਨ ਨਾ ਦਿੱਤਾ ਜਿਸ ਤੋਂ ਗੁੱਸਾ ਖਾ ਕੇ ਹੱਥਾਂ ਚ ਕੁਰਾਨ ਪਕੜ੍ਹ ਕੇ ਆ ਗਏ ਕਿ ਤੂੰ ਨਬੀ ਦਾ ਅਪਮਾਨ ਕੀਤਾ ਹੈ ।ਔਰਤ ਸੁਣ ਕੇ ਡਰੀ-ਉਸ ਨੂੰ ਪਕੜ ਕੇ ਸਦਨ ਵਿੱਚ ਬਿਠਾਇਆ । ਖਾਨ ਮੁੱਹਬਤ ਦੇ ਸਾਮ੍ਹਣੇ ਉਹ ਕਹਿੰਦੀ ਮੈਂ ਨਬੀ ਦੀ ਨਿੰਦਿਆ ਨਹੀਂ ਕੀਤੀ-ਮੈਨੂੰ ਦੱਸੋ ਮੈਂ ਕੀ ਗਲਤੀ ਕੀਤੀ ਐ-ਮੈਂ ਖ਼ੁਦ ਕਟਾਰੀ ਢਿੱਡ ਚ ਮਾਰ ਕੇ ਮਰ ਜਾਵਾਂਗੀ ਮੇਰੇ ਤੋਂ ਜੋ ਲੈਣਾ ਹੈ ਲੈ ਲਓ ਪਰ ਝੂਠਾ ਦੋਸ ਨਾ ਦਿਓ । ਕਹਿੰਦੇ ਅਸੀਂ ਧੰਨ ਖਾਤਰ ਇਹ ਸਭ ਕੁੱਝ ਕੀਤਾ ਹੈ । ਪਿਸੌਰ ਦੇ ਅਨੇਕਾਂ ਹੀ ਇਸੀ ਦੋਸ ਅਧੀਨ ਮਾਰ ਮੁਕਾਏ ਤੇ ਖ਼ਜਾਨਾ ਲੁੱਟ ਲਿਆ । ਖਾਨ ਮੁਹੱਬਤ ਦੇ ਸਿਪਾਹੀਆਂ ਸੁਣ ਕੇ ਉਹ ਪਕੜ ਲਏ ਤੇ ਮੁਸ਼ਕਾਂ ਬੰਨ ਕੇ ਲੱਤਾਂ-ਮੁੱਕਿਆਂ ਤੇ ਜੁੱਤੀਆਂ ਨਾਲ ਖ਼ੂਬ ਪਿਟਾਈ ਕੀਤੀ ਤੇ ਜੁੱਤੀਆਂ ਦੀ ਮਾਰ ਖਾਂਦੇ ਮਰ ਗਏ ।

*ਦੋਹਰਾ ॥ ਲਾਤ ਮੁਸ਼ਟ ਕੁਰਰੇ ਘਨੇ ਬਰਸੀ ਪਨ੍ਹੀ ਅਪਾਰ ॥*
*ਦੈ ਮੁਸ਼ਕਲ ਕੌ ਲੈ ਚਲੇ ਹੇਰਤੁ ਲੋਕ ਹਜਾਰ ॥੧੧॥*
*ਚੌਪਈ ॥ ਪਨਹਿਨ ਨਾਰਿ ਨਵਾਬ ਦਿਲਾਈ ॥ ਤੋਬਹ ਤੋਬਹ ਕਰੈ ਖ਼ੁਦਾਈ ॥੧੨॥*
*ਪਨਹਿਨ ਕੇ ਮਾਰਤ ਮਰਿ ਗਏ ॥ ਤਬ ਵੈ ਡਾਰਿ ਨਦੀ ਮੈ ਦਏ ॥*
*ਚੁਪ ਹ੍ਵੈ ਰਹੇ ਤੁਰਕ ਸਭ ਸੋਊ ॥ ਤਬ ਤੇ ਤੁਹਮਤਿ ਦੇਤ ਨ ਕੋਊ ॥੧੩॥* (ਨਿੰਨਾਨਵੇਂ ਚਰਿਤ੍ਰ ਪੰਨਾ ੯੪੪)

ਨੋਟ :-ਵਚਿਤ੍ਰ ਗੱਲਾਂ ਆਪ ਜੀ ਦਸਮ ਗ੍ਰੰਥ ਨਾਮੀ ਪੁਸਤਕ ਰਾਹੀਂ ਪੜ੍ਹ ਰਹੇ ਹੋ ਜੀ ਜਿਸ ਦਾ ਲੇਖਕ ਸਿੱਖ ਧਰਮ ਦੇ ਕੱਟੜ ਦੁਸਮਣ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸਦੇ ਹਨ, ਤੁਸੀਂ ਕੀ ਸੋਚਦੇ ਹੋ?ਕੀ ਗੁਰੂ ਜੀ ਇਹ ਲੱਚਰ ਸਹਿਤ ਲਿਖ ਸਕਦੇ ਹਨ?

## ਇਲਾਕਾ : ਰੋਪਰ (ਰੋਪੜ) ਕੁੱਲ : ਰਘੁਕੁਲ

(ਸੌਵੇਂ ਚਰਿਤ੍ਰ ਪੰਨਾ ੯੪੫-੪੬)

ਪਾਤਰ : ਰੁਪੇਸ਼੍ਵਰ (ਰਾਵ), ਚਿੱਤ੍ਰ ਕੁਅਰਿ (ਰਾਨੀ) ਤੇ ਦਾਨਵ (ਲੰਕਾ ਵਾਸੀ)

ਰਘੁਕੁਲ ਦੇ ਰੋਪੜ ਦੇ ਰਾਜੇ ਰੁਪੇਸ਼੍ਵਰ ਦੀ ਰਾਣੀ ਚਿੱਤ੍ਰ ਕੁਅਰਿ ਜਿਹੜੀ ਅੰਤਾਂ ਦੀ ਸੋਹਣੀ-ਨੂੰ ਲੰਕਾਂ ਤੋਂ ਆਏ ਦੈਂਤ ਨੇ ਤੱਕਿਆ ਤੇ ਉਸ ਦਾ ਦੀਵਾਨਾ ਹੋ ਗਿਆ। ਉਹ ਉਸ ਦੇ ਮਨ ਵਿੱਚ ਚਲਾ ਗਿਆ। ਰਾਜੇ ਨੇ ਮੰਤ੍ਰੀ ਬੁਲਾਏ-ਅਨੇਕਾਂ ਢੰਗਾਂ ਦੇ ਇਲਾਜ ਕਰਵਾਏ-ਇਕ ਮੁੱਲਾਂ ਨੇ ਅਪਣਾ ਜੋਰ ਲਾਇਆ । ਇਕ ਹੱਥ ਨਾਲ ਮਹਿਲ ਚੁੱਕਿਆ (ਸ਼ਾਈਦ ਕਾਗਜ ਦਾ ਹੋਏ) ਤੇ ਦੂਜੇ ਹੱਥ ਨਾਲ ਉਸ ਨੂੰ ਪਕੜ ਕੇ ਛੱਤ ਅੰਦਰ ਧੱਕ ਦਿੱਤਾ। ਫਿਰ ਹੋਰ ਮੁੱਲਾਂ ਆਇਆ ਉਸ ਦੀ ਟੰਗ ਪਕੜ ਕੇ ਪਟਕਾ ਮਾਰਿਆ। ਫਿਰ ਇਕ ਹੋਰ ਆਇਆ ਉਹਨੂੰ ਮਾਰ ਕੇ ਨਦੀ ਚ ਸੁੱਟ ਦਿੱਤਾ (ਰੋਪੜ ਜਿਸ ਨੇ ਤੱਕਿਆ ਹੈ ਕਿ ਸਤਿਲੁਜ ਦਰਿਆ ਰੋਪੜ ਸ਼ਹਿਰ ਤੋਂ ਕਿੰਨੀ ਦੂਰ ਵਗਦਾ ਹੈ ਤੇ ਨਹਿਰਾਂ ੧੯੫੦ ਤੋਂ ਬਾਦ ਖੋਦੀਆਂ ਗਈਆਂ) ਫਿਰ ਉੱਥੇ ਇਕ ਔਰਤ ਆਈ ਉਸ ਨੇ ਉਸ ਦੀ ਉਸਤਤਿ ਕੀਤੀ। ਦਾਰੂ ਪੀਣ ਨੂੰ ਅਤੇ ਚੰਗੇ ਖਾਣੇ ਖਾਣ ਨੂੰ ਦਿੱਤੇ। ਉਸ ਨੇਂ ਦੈਂਤ ਦਾ ਮਨ ਜਿੱਤਿਆ ਤੇ ਅਖੀਰ ਜੰਤ੍ਰ ਮੰਤ੍ਰ ਕਰ ਕੇ ਹੱਥ ਲਏ ਤੇ ਦੈਂਤ ਭਸਮ ਕੀਤਾ।

ਨੋਟ :- ਸਿੱਖ ਧਰਮ ਕਿਸੇ ਭੀ ਕਿਸਮ ਦੇ ਜੰਤ੍ਰ-ਮੰਤ੍ਰ-ਤੰਤ੍ਰ-ਟੂਣੇ-ਧਾਗੇ-ਤਬੀਤ ਤੇ ਮਾਲਾ ਦੇ ਸਿੱਧੇ ਪੁੱਠੇ ਗੇੜਾਂ ਵਿੱਚ ਵਿਸ਼ਵਾਸ ਨਹੀਂ ਰੱਖਦਾ-ਜੇਕਰ ਕੋਈ ਭੇਖੀ ਸਿੱਖ ਭੇਖ ਅੰਦਰ ਓਜਿਹਾ ਕੋਈ ਕੁਕਰਮ ਕਰਦਾ ਹੈ ਉਹ ਸਿੱਖ ਧਰਮ ਦਾ ਮੁਢਲਾ ਮੈਂਬਰ ਭੀ ਨਹੀਂ ਕਿਹਾ ਜਾ ਸਕਦਾ। ਸਿੱਖ ਧਰਮ ਦੁਨੀਆਂ ਦੇ ਸਮੂਹ ਧਰਮਾਂ ਤੋਂ ਨਿਵੇਕਲਾ ਤੇ ਬਿਨ੍ਹਾਂ ਕਰਮ ਕਾਂਡਾਂ ਤੋਂ ਪਵਿਤ੍ਰ ਧਰਮ ਹੈ-ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੋ-ਵਿਚਾਰੋ ਅਤੇ ਫਿਰ ਗਾਓ ।

ਪਾਤਰ : ਸੋਹਣੀ ਮਹੀਵਾਲ **ਸੋਹਣ ਮਹੀਵਾਲ ਦਾ ਕਿੱਸਾ ਪੜ੍ਹੋ ਜੀ** (ਇਕ ਸੌ ਇਕ ਚਰਿਤ੍ਰ ਪੰਨਾ ੯੪੬)

ਰਾਵੀ ਦੇ ਕੰਢੇ ਰਹਿੰਦੇ ਮਹੀਵਾਲ ਦਾ ਰੂਪ ਤੱਕ ਕੇ ਸੋਹਨੀ ਹੋਈ ਦੀਵਾਨੀ । ਤੈਰ ਕੇ ਨਦੀ ਮਿਲਦੀ ਮਿਤ੍ਰ ਨੂੰ ਤੇ ਫਿਰ ਤੈਰ ਕੇ ਆਵੇ ਆਪਣੇ ਧਾਮ । ਈਰਖਾਲੂਆਂ ਬਣਾ ਕੇ ਸਕੀਮ ਸੋਹਨੀ ਦਾ ਘੜਾ ਚੁਰਾਇਆ-ਬਦਲੇ ਕੱਚੇ ਘੜੇ ਨਾਲ-ਬਿਨਾ ਖਿਆਲ ਕੀਤੇ ਸੋਹਨੀ ਚੁੱਕਿਆ ਘੜਾ-ਜਾ ਲਾਈ ਤਾਰੀ ਰਾਵੀ ਚ-ਪਾਣੀ ਦੇ ਥਪੇੜਿਆਂ ਨਾਲ ਕੱਚਾ ਘੜਾ ਟੁਟਿਆ- ਸੋਹਣੀ ਲਹਿਰਾਂ ਚ ਗੋਤੇ ਖਾਂਦੀ ਡੁੱਬੀ ਰਾਵੀ ਵਿੱਚ-ਮਹੀਵਾਲ ਨੇ ਰਾਵੀ ਦੀਆਂ ਲਹਿਰਾਂ ਫਰੋਲੀਆਂ ਪਰ ਬਿਅਰਥ-ਆਪ ਵੀ ਤੇਜ ਲਹਿਰਾਂ ਚ ਡੁੱਬ ਗਿਆ । ਲੋਕਾਂ ਚ ਦੰਦ ਕਥਾ ਚਲੀ ਕੇ ਮਹੀਵਾਲ ਨੇ ਸੋਹਨੀ ਨੂੰ ਕੱਚਾ ਘੜਾ ਦੇ ਕੇ ਡੁਬੋ ਦਿੱਤਾ ।

*ਚੌਪਈ ॥ ਮੇਹੀਵਾਲ ਅਧਿਕ ਦੁਖੁ ਧਾਰਯੋ ॥ ਕਹਾਂ ਸੋਹਨੀ ਰਹੀ ਬਿਚਾਰਯੋ ॥*
*ਨਦੀ ਬੀਚ ਖੋਜਤ ਬਹੁ ਭਯੋ ॥ ਆਈ ਲਹਿਰ ਡੂਬਿ ਸੋ ਗਯੋ ॥੮॥* (ਇਕ ਸੌ ਇਕ ਚਰਿਤ੍ਰ ਪੰਨਾ ੯੪੬)

## ਇਲਾਕਾ : ਅਵਧ ਪੁਰੀ

(ਇਕ ਸੌ ਇਕ ਚਰਿਤ੍ਰ ਪੰਨਾ ੯੪੬-੯੪੯)

ਪਾਤਰ : ਦਸਰਥ, ਇੰਦ੍ਰ, ਬਾਸਵ, ਕੈਕਈ, ਅਜਨੰਦ, ਭਰਥ ਦੀ ਮਾਂ, ਦੇਵਤੇ ਤੇ ਦੈਂਤ

**ਰਾਜਾ ਦਸਰਥ ਤੇ ਕੈਕਈ :** ਅਵਧ ਪੁਰੀ ਦਾ ਰਾਜਾ ਦਸਰਥ ਗਰੀਬਾਂ ਦੀ ਰੱਖਿਆ ਅਤੇ ਸਭਨਾਂ ਨਾਲ ਮੇਲ ਜੋਲ ਕਰਦਾ। ਇਕ ਦਿਨ ਦੇਵਤੇ ਤੇ ਦੈਤਾਂ ਦੀ ਲੜਾਈ ਹੋ ਜਾਣ ਤੇ ਇੰਦ੍ਰ ਨੇ ਅਪਣਾ ਦੂਤ ਭੇਜ ਕੇ ਦਸਰਥ ਨੂੰ ਬੁਲਾਇਆ ਕਹਿੰਦਾ ਘਰ ਦੇ ਸਾਰੇ ਧੰਦੇ ਛੱਡ ਕੇ ਸੈਨਾ ਲੈ ਕੇ ਸਾਡੀ ਮੱਦਦ ਲਈ ਲੜੋ । ਬਾਸਵ (ਰਿਖੀ) ਨੇ ਜੋ ਕਿਹਾ ਕੈਕਈ ਨੇ ਸੁਣਿਆ-ਕਹਿੰਦੀ ਮੈਂ ਤੇਰੇ ਸੰਗ ਜਾਉਂਗੀ ਨਹੀਂ ਤਾਂ ਸੜ ਕੇ ਮਰ ਜਾਉਂਗੀ। ਰਾਜਾ ਤੇ ਰਾਣੀ ਦਾ ਗੂੜ੍ਹਾ ਪਿਆਰ ਕਹਿੰਦਾ ਚਲ ਭਾਗਵਾਨੇ ਮੇਰੇ ਨਾਲ ਈ ਚੱਲ। ਜਾ ਪਹੁੰਚੇ ਉਥੇ ਜਿੱਥੇ ਦੇਵਤੇ ਤੇ ਦੈਂਤਾਂ ਦਾ ਜੰਗ ਚਲ ਰਿਹਾ ਸੀ। ਵੱਡੇ ਵੱਡੇ ਹਥਿਆਰਾਂ ਨਾਲ ਘਮਸਾਣ ਦੀ ਲੜਾਈ-ਬਰਛੇ ਤੀਰ ਕਮਾਣਾ ਦਾ ਖੁੱਲ ਕੇ ਇਸਤੇਮਾਲ-ਦੈਤਾਂ ਭਜਾਇਆ ਦੇਵਤਿਆਂ ਨੂੰ-ਇੰਦ੍ਰ ਦੇ ਸੂਰਮੇ ਭੱਜ ਉੱਠੇ-ਦੈਂਤਾ ਚਾਰ ਚੁਫੇਰਿਓਂ ਜਾ ਘੇਰਿਆ ਇੰਦ੍ਰ ਦਿਖਾਏ ਕਰਾਰੇ ਹੱਥ-ਭਰਥ ਦੀ ਮਾਂ ਭੀ ਕੁੱਦੀ ਮੈਦਾਨੇ ਜੰਗ-ਵਟਾਇਆ ਭੇਸ-ਕੀਤੀ ਰੱਖਿਆ ਸਵਾਮੀ ਦੀ-ਦਸਰਥ ਨੇ ਬਹਾਦਰੀ ਦੇ ਦਿਖਾਏ ਜੌਹਰ-ਪ੍ਰਗਟ ਹੋਏ ਭੂਤ ਪ੍ਰੇਤ-ਕ੍ਰਿਪਾਨਾਂ ਕਟਾਰੀਆਂ ਦੀ ਵਰਤੋਂ-ਭੂਤਾਂ ਪ੍ਰੇਤਾਂ ਦਾ ਨਾਚ ਤੇ ਗਾਣੇ-ਜੋਗਣੀਆਂ ਦੁਆਰਾ ਖੱਪਰ ਭਰ ਭਰ ਲਹੂ ਪੀਣਾ-ਬੀਰ ਤੇ ਬੇਤਾਲਾਂ ਦੇ ਅਣਹੋਣੇ ਕਰਤਵ-ਸੂਰਮਿਆਂ ਨੂੰ ਬਾਲਾਂ (ਕੇਸਾਂ) ਤੋਂ ਪਕੜ ਕੇ ਘਸੀਟਣਾ-ਪਾਰਬਤੀ ਦੁਆਰਾ ਸਿਰਾਂ ਦੀ ਮਾਲਾ ਬਣਾਉਣੀ ਤੇ ਸਿਵ ਦੁਆਰਾ ਡੌਰੂ ਬਜਾਣਾ ਡਾਕਣੀਆਂ ਦੁਆਰਾ ਹੇਕਾਂ ਮਾਰਨੀਆਂ-ਦੋਨਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ-ਲੜਾਈ ਚ ਸ਼ਹੀਦ ਹੋਇਆਂ ਦੀ ਗਾਥਾ ਕਵੀ ਸਯਾਮ ਦੀ ਹੀ ਜੁਬਾਨੀ :-

*ਮਚਯੋ ਜੁੱਧ ਗਾੜੋ ਮੰਡੌ ਬੀਰ ਭਾਰੇ ॥ ਚਹੂੰ ਓਰ ਤੇ ਕੋਪ ਕੈ ਕੈ ਹਕਾਰੇ ॥*
*ਹੂਏ ਪਾਕ ਸ਼ਹੀਦ ਜੰਗਾਹ ਮਯਾਨੈ ॥ ਗਏ ਜੂਝਿ ਜੋਧਾ ਘਨੋ ਸਯਾਮ ਜਾਨੈ ॥੩੦॥*

(ਇਕ ਸੌ ਦੋਇ ਚਰਿਤ੍ਰ ਪੰਨਾ ੯੪੮)

ਕੈਕਈ ਨੇ ਰੱਥ ਹੱਕਿਆ-ਦਸਰਥ ਦੀ ਰੱਖਿਆ ਕੀਤੀ-ਇਸ ਦੀ ਖ਼ਬਰ ਰੂਮ ਅਤੇ ਸ਼ਾਮ ਦੇਸ ਤੱਕ ਗਈ ।

ਨੋਟ :- ਸਿੱਖ ਧਰਮ ਅੰਦਰ ਘੁਸਪੈਠ ਕਰ ਚੁੱਕੇ ਅਧਰਮੀ ਪੁਰਖ ਜਿਨ੍ਹਾਂ ਦਾ ਸਰੂਪ ਗੁਰਸਿੱਖਾਂ ਵਾਲਾ ਹੈ ਆਖਦੇ ਹਨ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਲਿਖੀਆਂ, ਪਰ ਅਕਲ ਤੋਂ ਪਰਦਾ ਲਾਹ ਕੇ ਇਹ ਦੇਖਣ ਤੇ ਮੰਨਣ ਲਈ ਤਿਆਰ ਨਹੀਂ ਕਿ ਇਹ ਰਚਨਾਵਾਂ ਵੱਖ ਵੱਖ ਕਵੀਆਂ ਦੁਆਰਾ ਲਿਖੀਆਂ ਗਈਆਂ ਹਨ। ਹਥਲੀ ਲਿਖਤ ਦਾ ਲੇਖਕ ਕਵੀ ਸਯਾਮ ਹੈ। ਵੱਖਰੇ ਲੇਖ ਰਾਹੀਂ ਅਨੇਕਾਂ ਪ੍ਰਮਾਣ ਦੇ ਕੇ ਸਿੱਧ ਕਰ ਚੁੱਕੇ ਹਾਂ ਕਿ ਦਸਮ ਗ੍ਰੰਥ ਨਾਮੀ ਗੰਦੀ ਅਸ਼ਲੀਲ ਪੁਸਤਕ ਦਾ ਲੇਖਕ ਕਵੀ ਸਯਾਮ ਭੀ ਹੈ । ਗੁਰੂ ਗੋਬਿੰਦ ਸਿੰਘ ਜੀ ਨਹੀਂ ।ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲੇ ਗੁਰੂ ਘਰ ਦੇ ਦੋਖੀ ਹਨ । ਉਨ੍ਹਾਂ ਨੂੰ ਗੁਰੂ ਦਾ ਸਿੱਖ ਨਹੀਂ ਕਿਹਾ ਜਾ ਸਕਦਾ ਭਾਵੇਂ ਉਨ੍ਹਾਂ ਦੇ ਬਾਣੇ ਸਿੱਖੀ ਸਰੂਪ ਵਾਲੇ ਹਨ ।

ਪਾਤਰ : ਜੱਲਨ (ਪੁੱਤ), ਰਾਜਾ, ਸ਼ਾਹ ਜਲਾਲ ਤੇ ਬੂਬਨਾ (ਇਕ ਸੌ ਤਿੰਨ ਚਰਿਤ੍ਰ ਪੰਨਾ ੯੪੯-੫੧)

**ਸਾਹ ਜਲਾਲ ਅਤੇ ਬੂਬਨਾ ਦੀ ਕਹਾਣੀ :** ਠੱਟਾ ਸ਼ਹਿਰ ਉੱਥੇ ਵਸਿਆ ਹੈ ਜਿੱਥੇ ਅੱਠ ਨਦੀਆਂ ਦਾ ਸੰਗਮ ਹੁੰਦਾ ਹੈ । ਬਹੁਤ ਵੱਡਾ ਸ਼ਹਿਰ ਮਾਨੋ ਦੂਜਾ ਸਵੱਰਗ ਉਥੇ ਦੇ ਰਾਜੇ ਦੇ ਘਰ ਜੱਲਨ ਨਾਂ ਦਾ ਪੁੱਤ ਜੰਮਿਆ ਬੜਾ ਹੀ ਸੋਹਣਾ ਤੇ ਮਨਮੋਹਣਾ-ਜਿਹੜੀ ਕੁੜੀ ਓਹਨੂੰ ਤੱਕਦੀ ਉਸ ਤੇ ਮਰ ਮਿਟਦੀ । ਸ਼ਾਹ ਜਲਾਲ ਮਿਰਗਾਂ ਨੂੰ ਮਾਰਦਾ ਸ਼ਿਕਾਰ ਖੇਡਦਾ ਓਧਰ ਨਿਕਲਿਆ-ਇਕ ਹਿਰਨ ਦਾ ਘੋੜੇ ਨਾਲ ਪਿੱਛਾ ਕੀਤਾ ਜਾ ਪੁੱਜਾ ਸ਼ਹਿਰ ਬਾਬੂਨਾ-ਪਿਯਾਸ ਨੇ ਸਤਾਇਆ-ਘੋੜੇ ਤੋਂ ਉੱਤਰ ਪਾਣੀ ਪੀਤਾ-ਨੀਂਦ ਦੇ ਝੂਟੇ ਕਾਰਣ ਸੌਂ ਗਿਆ-ਸ਼ਾਮ ਨੂੰ ਕੁੜੀ ਉੱਥੇ ਪੁੱਜੀ-ਓਹਦਾ ਰੂਪ ਦੇਖ ਹੋਈ ਦੀਵਾਨੀ-ਉਸ ਤੋਂ ਪੁੱਛਿਆ ਤੇਰਾ ਕਿਹੜਾ ਦੇਸ ? ਕਿਹੜਾ ਰਾਜਾ ? ਕਿਉਂ ਆਇਆ ਹੈਂ ? ਕਹਿੰਦਾ

ਠੱਟਾ ਮੇਰਾ ਦੇਸ-ਸ਼ਿਕਾਰ ਖੇਡਦਾ ਇਥੇ ਪੁੱਜਾ-ਪਾਣੀ ਪੀਤਾ ਤੇ ਸੌਂ ਗਿਆ ਤੇ ਹੁਣ ਤੇਰੇ ਦਰਸਨ ਕੀਤੇ ਹਨ। ਬਸ ਫੇਰ ਕੀ ਸੀ ਸ਼ਾਹ ਜਲਾਲ ਤੇ ਬੂਬਨਾ ਦਾ ਪਿਆਰ ਸਿਖਰ ਤੇ-ਬਣਾਈ ਸਕੀਮ-ਰਚਾਇਆ ਸੁਯੰਬਰ-ਪਾਈ ਜੈ ਮਾਲਾ ਸ਼ਾਹ ਜਲਾਲ ਦੇ ਗਲੇ ਤੇ ਫਿਰ :-

*ਦੋਹਰਾ ॥ ਅਰੁਨ ਬਸਤ੍ਰ ਅਤਿ ਕ੍ਰਾਂਤ ਤਿਹ ਤਰੁਨਿ ਤਰੁਨ ਕੋ ਪਾਇ ॥*
*ਭਾਂਤਿ ਭਾਂਤਿ ਭੋਗਨ ਭਯੋ ਤਾਂਹਿ ਗਰੇ ਸੌ ਲਾਇ ॥੩੫॥* (ਇਕ ਸੌ ਤਿੰਨ ਚਰਿਤ੍ਰ ਪੰਨਾ ੯੫੧)

ਨੋਟ :- ਆਪ ਜੀ ਦਸਮ ਗ੍ਰੰਥ ਦੀ ਧਾਰਮਿਕ ਸਿੱਖਿਆ ਪੜ੍ਹ ਰਹੇ ਹੋ ਜੀ । ਅੱਗੇ ਹੋਰ ਭੀ ਅਸਰ ਦਾਇਕ ਸਿੱਖਿਆਵਾਂ ਹਨ ।

## ਚੋਰ ਨਾਲ ਇਸ਼ਕ ਕਰਨਾ ਸਿੱਖੋ (ਇਕ ਸੌ ਚਾਰ ਚਰਿਤ੍ਰ ਪੰਨਾ ੯੫੧-੫੨)

ਪਾਤਰ : ਜੱਟ, ਔਰਤ, ਚੋਰ ਤੇ ਕੋਟਵਾਰ

ਇਕ ਜੱਟ ਦੀ ਔਰਤ ਅਪਣੇ ਚੋਰ ਮਿਤ੍ਰ ਨਾਲ ਰੰਗਰਲੀਆਂ ਮਨਾਣ ਲਈ ਹਰ ਰੋਜ ਘਰ ਸੱਦ ਦੀ। ਇਕ ਦਿਨ ਚੋਰ ਘਰ ਆਇਆ ਉਸ ਨਾਲ ਖ੍ਹੈਬੜ੍ਹ ਕੇ ਕਹਿੰਦੀ ਤੂੰ ਰੋਜ ਈ ਘਰ ਚੋਰੀ ਕਰ ਕੇ ਚਲੇ ਜਾਂਦਾ ਐਂ । ਚੋਰ ਸੁਣ ਕੇ ਚਿਤ ਵਿੱਚ ਡਰਿਆ। ਪਰ ਔਰਤ ਹਰ ਰੋਜ ਹੀ ਚੋਰੀ ਕਰਕੇ ਪਤੀ ਨੂੰ ਦਿਖਾਉਂਦੀ ਕਿ ਘਰ ਚੋਰੀ ਹੋ ਗਈ ਹੈ। ਇਕ ਦਿਨ ਚੋਰ ਨੂੰ ਬਹੁਤਾ ਧੰਨ ਦੇ ਕੇ ਘਰੋਂ ਤੋਰ ਦਿੱਤਾ ਕਿ ਮੈਂ ਕੋਟਵਾਰ ਪਰਚਾ ਦਰਜ ਕਰਾ ਕੇ ਤੈਨੂੰ ਮਿਲਾਂਗੀ (ਇਸ਼ਕ ਮੁਸ਼ਕ ਵਿੱਚ ਏਦਾਂ ਦੇ ਪੁੱਠੇ ਕਾਰੇ ਹੁੰਦੇ ਹੀ ਹਨ ਹਰ ਕੋਈ ਜਾਣਦਾ ਹੀ ਹੈ) ਕੋਟਵਾਰ ਨੂੰ ਮਿਲੀ-ਓਹਨੂੰ ਮੌਕਾ ਦੇਖਣ ਲਿਆਂਦਾ, ਲੋਕਾਂ ਭੀ ਦੇਖਿਆ ਤੇ ਅਖੀਰ ਜਾ ਮਿਲੀ ਚੋਰ ਮਿਤ੍ਰ ਨੂੰ :-

*ਦੋਹਰਾ ॥ ਕਾਜੀ ਔ ਕੁਟਵਾਰ ਪੈ ਨਿਜੁ ਪਤਿ ਸਾਂਧਿ ਦਿਖਾਇ ॥*
*ਪ੍ਰਥਮੈ ਧਨੁ ਪਹੁਚਾਇਕੈ ਬਹੁਰ ਮਿਲੀ ਤਿਹ ਜਾਇ ॥੧੦॥* (ਇਕ ਸੌ ਚਾਰ ਚਰਿਤ੍ਰ ਪੰਨਾ ੯੫੨)

ਨੋਟ :- ਇਹ ਧਾਰਮਿਕ ਸਿੱਖਿਆ ਸ਼ਾਈਦ ਸਾਡੇ ਪੁਜਾਰੀਆਂ ਨੇ ਸਿੱਖ ਧੀਆਂ-ਭੈਣਾਂ ਲਈ ਉਚੇਚੇ ਤੌਰ ਤੇ ਲਿਖਣ ਦਾ ਉਪਰਾਲਾ ਕੀਤਾ ਹੈ । ਹੁਣ ਧੀਆਂ-ਭੈਣਾਂ ਘਰੋਂ ਚੋਰੀ ਕਰ ਕੇ ਪ੍ਰੇਮੀਆਂ ਨਾਲ ਭੱਜ ਜਾਣ ਦੇ ਹੀਲੇ ਵਸੀਲੇ ਸਿੱਖ ਸਕਦੀਆਂ ਹਨ । ਪੁਜਾਰੀਆਂ ਦਾ ਧੰਨਵਾਦ ।

ਪਾਤਰ : ਅਲਿਮਰਦਾ, ਤਾਸਬੇਗ ਤੇ ਮੋਹਨ ਰਾਇ (ਇਕ ਸੌ ਪਾਂਚ ਚਰਿਤ੍ਰ ਪੰਨਾ ੯੫੨-੫੩)

**ਮੁੰਡਿਆਂ ਨਾਲ ਇਸ਼ਕ ਕਰਨਾ ਸਿੱਖੋ :** ਅਲਿਮਰਦਾ ਦੇ ਪੁੱਤ ਤਾਸਬੇਗ ਨੂੰ ਹਰ ਕੋਈ ਜਾਣਦਾ ਉਹਨੇ ਜੌਹਰੀ ਦਾ ਮੁੰਡਾ ਦੇਖਿਆ ਬਸ ਓਹਦਾ ਰੂਪ ਦੇਖਦੇ ਹੀ ਲੱਟੂ ਹੋ ਗਿਆ । ਉਸ ਨੇ ਮਨ ਹੀ ਮਨ ਉਸ ਨਾਲ ਸੇਜ ਸਾਂਝ ਕਰਨ ਦੀ ਸੋਚ ਕੇ ਅਨੇਕਾਂ ਦਾਓ ਪੇਚ ਵਰਤੇ ਪਰ ਮੋਹਨਰਾਇ ਉਸ ਦੇ ਹੱਥ ਨਾ ਆਇਆ । ਉਸ ਨੇ ਦੂਤ ਭੀ ਭੇਜਿਆ ਪਰ ਅਸਫਲ ਰਿਹਾ। ਇਕ ਦਿਨ ਗੁੱਸੇ ਚ ਆ ਕੇ ਕਹਿੰਦਾ ਕਿ ਅੱਜ ਮੋਹਣ ਤੇਰੇ ਪਾਸ ਆਏਗਾ-ਇਹ ਸੁਣ ਕੇ ਮੂਰਖ ਫੁੱਲ ਗਿਆ-ਉਸ ਨੇ ਲੋਕਾਂ ਦੇ ਚਲੇ ਜਾਣ ਬਾਦ ਸ਼ਰਾਬ ਪੀਤੀ ਤੇ ਲਗਿਆ ਜਬਲੀਆਂ ਮਾਰਨ ਕਹਿੰਦਾ ਮੋਹਨ ਤੂੰ ਮੇਰਾ ਮਨ ਮੋਹ ਲਿਆ ਹੈ-ਮੈਂ ਤੇਰੇ ਤੋਂ ਤਨ ਮਨ ਧੰਨ ਵਾਰ ਦਿਆਂਗਾ-ਜਦ ਉਹ ਦਾਰੂ ਦੇ ਨਸ਼ੇ ਚ ਧੁੱਤ ਹੋ ਗਿਆ ਤਾਂ ਦੂਤ ਨੇ ਉਸ ਦੇ ਆਸਣ (ਗੁਪਤ ਅੰਗ) ਤੇ ਆਂਡਾ ਭੰਨ ਦਿੱਤਾ-ਉਹਦੇ ਗਹਿਣੇ-ਕਪਵੈ ਤੇ ਪੱਗ ਉਤਾਰ ਲਈ। ਸਵੇਰੇ ਜਦ ਉਸ ਸੁਰਤ ਸੰਭਾਲੀ ਤਾਂ ਦੂਤ ਨੂੰ ਸੱਦ ਕੇ ਮਾਜਰਾ ਜਾਣਨਾ ਚਾਹਿਆ-ਦੂਤ ਕਹਿੰਦਾ :-

*ਚੌਪਈ ॥ ਮੋਹਨ ਤੁਮ ਕੋ ਅਧਿਕ ਰਿਝਾਯੋ ॥ ਭਾਂਤਿ ਭਾਂਤਿ ਕਰਿ ਭਾਵ ਲਡਾਯੋ ॥*
*ਤਬ ਤੁਮ ਕਛੁ ਸ਼ੰਕਾ ਨ ਬੀਚਾਰੀ ॥ ਭੂਖਨ-ਬਸਤ੍ਰ ਪਾਗ ਦੈ ਡਾਰੀ ॥੧੧॥*
*ਤਾਸੋਂ ਅਧਿਕ ਕੇਲ ਤੈਂ ਕੀਨੋ ॥ ਭਾਂਤਿ ਭਾਂਤਿ ਤਾਕੌ ਰਸ ਲੀਨੋ ॥*
*ਬੀਤੀ ਰੈਨਿ ਪ੍ਰਾਤ ਜਬ ਭਯੋ ॥ ਤਬ ਤੁਮ ਤਾਂਹਿ ਬਿਦਾ ਕਰਿ ਦਯੋ ॥੧੨॥* (ਇਕ ਸੌ ਪਾਂਚ ਚਰਿਤ੍ਰ ਪੰਨਾ ੯੫੩)

ਦਾਰੂ ਪਿਲਾ ਕੇ ਦੂਤ ਰੋਜ ਏਵੇਂ ਹੀ ਕਰਦਾ ਤੇ ਹਰ ਰੋਜ ਧੰਨ ਵਸਤ੍ਰ ਚੋਰੀ ਕਰਦਾ ।

ਨੋਟ : ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰਨ ਵਾਲਿਓ ਸ਼ਰਮ ਕਰੋ ਬਈ ਸ਼ਰਮ ਕਰੋ-ਸ਼ਰਮ ਕਰੋ ਬਈ ਸ਼ਰਮ ਕਰੋ।

## ਠੱਗੀ ਮਾਰਨ ਦਾ ਵੱਲ ਸਿੱਖੋ (ਇਕ ਸੌ ਛਟਿ ਚਰਿਤ੍ਰ ਪੰਨਾ ੯੫੩-੫੪)

ਪਾਤਰ : ਚਾਰ ਯਾਰ

ਚਾਰ ਦੋਸਤ ਮਿਲ ਸੋਚਣ ਲੱਗੇ ਕਿ ਸਾਨੂੰ ਭੁੱਖ ਬਹੁਤ ਸਤਾ ਰਹੀ ਹੈ ਕੋਈ ਹੀਲਾ ਕਰਨਾ ਚਾਹੀਦਾ ਹੈ, ਕੋਈ ਬੱਕਰਾ ਜਾਂ ਮੂਰਖ ਨੂੰ ਮਾਰਨਾ ਚਾਹੀਦਾ ਹੈ। ਉਹ ਜਿਹਦੇ ਅੱਗੇ ਗਏ ਉਹਨੂੰ ਕਹਿੰਦੇ ਤੇਰੀ ਮੱਤ ਟਿਕਾਣ ਐ ? ਤੂੰ ਕੁੱਤਾ ਮੋਢਿਆਂ ਚੁੱਕਿਆ ਐ-ਪਟਕ ਧਰਤੀ ਨਾਲ ਏਹਨੂੰ ਤੇ ਆਰਾਮ ਨਾਲ ਜਾਹ ਘਰ ਨੂੰ-ਤੈਨੂੰ ਚੰਗਾ ਬੰਦਾ ਜਾਣ ਕੇ ਅਸੀਂ ਤੈਨੂੰ ਮੱਤ ਦਿੱਤੀ ਐ।

*ਚੌਪਈ ॥ ਚਾਰਿ ਕੋਸ ਮੂਰਖ ਜਬ ਆਯੋ ॥ ਚਹੂੰਅਨ ਯੋ ਬਚ ਭਾਖਿ ਸੁਨਾਯੋ ॥*
*ਸਾਚੁ ਸਮੁਝਿ ਲਾਜਤ ਚਿਤ ਭਯੋ ॥ ਬਕਰਾ ਸ੍ਵਾਨਿ ਜਾਨਿ ਤਜਿ ਦਯੋ ॥੫॥*
*ਦੋਹਰਾ ॥ ਤਿਨ ਚਾਰੋਂ ਗਹਿ ਤਿਹ ਲਯੋ ਭਖਿਯੋ ਤਾਕਹ ਜਾਇ ॥*
*ਅਜਿ ਤਜ ਭਜਿ ਜੜਿ ਘਰ ਗਯੋ ਛਲ ਨਹਿ ਲਖਯੋ ਬਨਾਇ ॥੬॥* (ਇਕ ਸੌ ਛਟਿ ਚਰਿਤ੍ਰ ਪੰਨਾ ੯੫੪)

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ । ਉਨ੍ਹਾਂ ਲਈ ਜੋ ਮੀਟ ਖਾਣ ਜਾਂ ਨਾਂ ਖਾਣ ਦੀ ਵਕਾਲਤ ਕਰਦੇ ਹਨ ਇਹ ਚਰਿਤ੍ਰ ਪੜ੍ਹ ਕੇ ਜਰੂਰ ਝਟਕਾ ਲੱਗਾ ਹੋਏਗਾ ਕਿ ਇਥੇ ਚਟਕਾਰੇ ਲਾ ਕੇ ਬਕਰਾ ਖਾ ਲੈਣ ਦੀ ਵਕਾਲਤ ਕੀਤੀ ਗਈ ਹੈ । ਉਂਝ ਇਸ ਨੂੰ ਔਰਤ ਦਾ ਚਰਿਤ੍ਰ ਨਹੀਂ ਬਲਕਿ ਆਦਮੀਆਂ ਦਾ ਚਰਿਤ੍ਰ ਕਿਹਾ ਜਾ ਸਕਦਾ ਹੈ । ਇਸ ਵਿੱਚ ਕਿਸੇ ਭੀ ਔਰਤ ਦਾ ਕੋਈ ਕਰਮ ਨਹੀਂ ਦਿਖਾਇਆ ਗਿਆ । ਸ਼ਾਈਦ ਚਾਰ ਸੌ ਚਾਰ ਚਰਿਤ੍ਰ ਪੂਰੇ ਕਰਨ ਦਾ ਝੱਸ ਹੋਏ ਪੁਜਾਰੀਆਂ ਨੂੰ ।

ਪਾਤਰ : ਜੋਧਨ (ਜੱਟ), ਮੈਨ ਕੁਅਰਿ (ਤ੍ਰਿਯ) ਤੇ ਯਾਰ (ਇਕ ਸੌ ਸਾਤ ਚਰਿਤ੍ਰ ਪੰਨਾ ੯੫੪)

ਜੋਧਨ ਜੱਟ ਦੀ ਔਰਤ ਮੈਨ ਕੁਅਰਿ ਅਪਣੇ ਜਾਰ (ਯਾਰ) ਨਾਲ ਰੰਗਰਲੀਆਂ ਮਨਾਉਣ ਜਾਂਦੀ ਜਦ ਉਹ ਸੌਂ ਜਾਂਦਾ। ਇਕ ਦਿਨ ਜਦ ਕਾਮ ਨੇ ਬਹੁਤ ਸਤਾਇਆ ਤਾਂ ਉਹ ਸੁੱਤੇ ਪਤੀ ਨੂੰ ਛੱਡ ਕੇ ਯਾਰ ਪਾਸ ਚਲੇ ਗਈ। ਘਰ ਪਰਤੀ ਤਾਂ ਉਸ ਨੇ ਸੁੱਤੇ ਪਏ ਪਤੀ ਨੂੰ ਜਗਾਇਆ ਕਹਿੰਦੀ ਤੇਰੀ ਮੱਤ ਮਾਰੀਗੀ ? ਘਰ ਚੋਰ ਚੋਰੀ ਕਰਕੇ ਲੈ ਗਏ ਤੂੰ ਸੁੱਤਾ ਪਿਆ ਹੈਂ । ਜੋਧਨ ਜਾਗਿਆ-ਲੋਕ ਭੀ ਜਾਗੇ-ਘਰ ਤੋਂ ਚੋਰ ਨਿਕਲ ਕੇ ਭੱਜੇ-ਕਈ ਮਾਰ ਦਿੱਤੇ-ਕਈ ਪਕੜ ਲਏ-ਜੋਧਨ ਜੱਟ ਫੁੱਲਿਆ ਕਹਿੰਦਾ ਮੇਰਾ ਘਰ ਮੇਰੀ ਔਰਤ ਨੇ ਰੱਖ ਲਿਆ ।

*ਦੋਹਰਾ ॥ ਧਾਮ ਉਬਾਰਯੋ ਆਪਨੋ ਕੀਨੋ ਚੋਰ ਖੁਆਰੁ ॥*
*ਮੀਤ ਜਗਾਯੋ ਆਨਿ ਕੈ ਧੰਨਿ ਸੁ ਮੈਨ ਕੁਅਰਿ ॥੬॥* (ਇਕ ਸੌ ਸਾਤ ਚਰਿਤ੍ਰ ਪੰਨਾ ੯੫੪)

(ਜਸ) ਚੰਨ ਜਿਹਾ ਯਾਰ ਤੱਕ ਕੇ, ਛੜੱਪਾ ਮਾਰ ਕੇ ਅਲੰਘ ਤੋਂ ਟੱਪਗੀ ।

ਪਾਤਰ : ਕਪਿਲ ਮੁਨਿ, ਰੰਭਾ (ਅਪਸਰਾ), ਬ੍ਰਹਮਦੱਤ ਤੇ ਸਸਿਯ (ਸੱਸੀ) (ਇਕ ਸੌ ਆਠ ਚਰਿਤ੍ਰ ਪੰਨਾ ੯੫੪-੯੫੯)

**ਸੱਸੀ ਪੁੰਨੂੰ ਦੀ ਕਹਾਣੀ {ਕਪਿਲ ਮੁਨੀ ਦਾ ਬੀਰਜ ਦੁਬਾਰਾ ਧਰਤੀ ਤੇ ਡਿੱਗਾ} :** ਰੰਭ ਨਾਂ ਦੀ ਅਪਸਰਾ ਦਾ ਰੂਪ ਤੱਕਦਿਆ ਹੀ ਕਪਿਲ ਮੁਨਿ ਦਾ ਬੀਰਜ ਧਰਤੀ ਤੇ ਡਿੱਗ ਗਿਆ (ਕਮਜੋਰ ਚਿੱਤ ਹੈ ਨਾ ਵਿਚਾਰਾ ਪਹਿਲਾਂ ਭੀ ਉਹ ਮੈਨਕਲਾ ਤੇ ਫ਼ਿਦਾ ਹੋ ਗਿਆ ਸੀ ਉਹਨੂੰ ਤੱਕਦਿਆਂ ਹੀ ਬੀਰਜਪਾਤ ਹੋ ਗਿਆ ਸੀ ਵਿਚਾਰੇ ਦਾ ਅਪਣੀ ਕਮਜੋਰੀ ਛੁਪਾਂਦਿਆਂ ਹੀ ਉਸ ਨੇ ਮੈਨਕਲਾ ਨੂੰ ਸਰਾਪ ਦਿੱਤਾ ਸੀ ਜੇ ਝੂਠ ਲੱਗੇ ਤਾਂ ਹੀਰ ਰਾਂਝੇ ਦੀ ਕਹਾਣੀ ਪੰਨਾ ੯੪੨-੪੪ ਤੇ ਦਸਮ ਗ੍ਰੰਥ ਵਿੱਚ ਪੜ੍ਹ ਲੈਣੀ ਜੀ) ਬੀਰਜ ਧਰਤੀ ਤੇ ਡਿੱਗਦਿਆਂ ਹੀ ਰੰਭਾ ਨੂੰ ਗਰਭ ਠਹਿਰ ਗਿਆ। ਸਮਾਂ ਆਉਣ ਤੇ ਉਸ ਨੇ ਇਕ ਬੱਚੀ ਨੂੰ ਜਨਮ ਦਿੱਤਾ। ਬੱਚੀ ਨੂੰ ਸਿੰਧ ਨਦੀ (ਦਰਿਯਾ) ਚ ਰੋੜ ਕੇ ਆਪ ਸ੍ਵਰਗ ਪਹੁੰਚ ਗਈ। ਰੁੜੀ ਜਾਂਦੀ ਕੁੜੀ ਨੂੰ ਬ੍ਰਹਮਦੱਤ ਨੇ ਪਾਣੀ ਚੋਂ ਕਾਢ ਕੇ ਅਪਣੀ ਧੀ ਬਣਾ ਕੇ ਪਾਲਿਆ ਜਿਸ ਦਾ ਨਾਂ ਸਸਿਯ (ਸੱਸੀ) ਰੱਖਿਆ । ਉਸ ਦੇ ਜਵਾਨ ਹੋਣ ਤੇ ਸਸੀ ਦਾ ਵਿਆਹ ਪੁੰਨੂੰ ਪਾਤਿਸ਼ਾਹ ਨਾਲ ਕਰਨ ਦੀ ਬ੍ਰਮ੍ਹਦੱਤ ਸੋਚੀ। ਉਸ ਨੇ ਦੂਤ ਭੇਜਿਆ-ਪੁੰਨੂੰ ਆਇਆ ਪਿੰਡ ਦੇ ਲੋਕ ਜੁੜੇ-ਪੁੰਨੂੰ ਦੇ ਹੁਸਨ ਬਾਰੇ ਵੱਡੇ ਅਲੰਕਾਰ ਬੰਨ੍ਹਦਿਆਂ ਕਵੀ ਨੇ ਔਰਤਾਂ ਦੀ ਬੇਹਬਲਤਾ ਦੇ ਪੁਲ ਬੰਨ੍ਹੇ। ਪਿੰਡ ਦੀਆਂ ਕੁੜੀਆਂ ਚਿੜੀਆਂ ਨੇ ਦਿੱਤੀਆਂ ਸਿਠਣੀਆਂ-ਸਗਨਾਂ ਦੇ ਗੀਤ ਗਾਏ।

*ਸਵੈਯਾ ॥ ਢੋਲ ਮ੍ਰਿਦੰਗ ਬਜੇ ਸਭ ਹੀ ਘਰ ਯੌ ਪੁਰ ਆਜੁ ਕੁਲਾਹਲ ਭਾਰੀ ॥*
*ਗਾਵਤ ਗੀਤ ਬਜਾਵਤ ਤਾਲ ਦਿਵਾਵਤ ਆਵਤਿ ਨਾਗਰਿ ਗਾਰੀ ॥*
*ਭੇਰ ਹਜਾਰ ਬਜੀ ਇਕ ਬਾਰ ਮਹਾਂ ਛਬਿਯਾਰ ਹਸੈਂ ਮਿਲਿ ਨਾਰੀ ॥*
*ਦੇਹਿ ਅਸੀਸ ਕਹੈਂ ਜਗਦੀਸ ਇਹ ਜੋਰੀ ਜਿਯੋ ਜੁਗ ਚਾਰਿ ਤਿਹਾਰੀ ॥੧੧॥* (ਇਕ ਸੌ ਆਠ ਚਰਿਤ੍ਰ ਪੰਨਾ ੯੫੫)

ਨੋਟ :- ਪਿਛਲੇ ਲੰਮੇ ਸਮੇਂ ਤੋਂ ਸਾਡੇ ਅਨਪੜ੍ਹ ਪੁਜਾਰੀ ਇਸ ਸਵੈਯੇ ਨੂੰ ਹਰ ਅਨੰਦ ਕਾਰਜ ਦੀ ਰਸਮ ਨਿਭਾਉਦਿਆਂ ਪੜ੍ਹਦੇ ਰਹੇ ਹਨ ਤੇ ਪੜ੍ਹਦੇ ਭੀ ਹਨ । ਕੌਣ ਕਹੇ ਰਾਣੀਏ ਅੱਗਾ ਢੱਕ ਕਿਉਂਕਿ ਇਹ ਲੋਕ ਸਮਝਾਇਆਂ ਭੀ ਨਹੀਂ ਸਮਝਦੇ ਬਈ ਇਹ ਕੱਚੀ ਘਰੜ ਰਚਨਾ ਹੈ ।

ਸਭਨਾਂ ਨੇ ਜੋੜੀ ਨੂੰ ਅਸ਼ੀਰਵਾਦ ਦਿੱਤੀ-ਬਰਾਤੀਆਂ ਤੇ ਕੇਸਰ ਛਿੜਕਿਆ-ਸੱਤ ਸੁਹਾਗਣਾਂ ਨੇ ਪੁੰਨੂੰ ਦੇ ਬਟਨਾਂ (ਬਟਣਾ) ਮਲ ਮਲ ਓਹਦਾ ਰੂਪ ਨਿਖਾਰ ਦਿੱਤਾ-ਵਿਆਹ ਦੀ ਖਬਰ ਪੁੰਨੂੰ ਦੀਆਂ ਰਾਣੀਆਂ ਨੂੰ ਲੱਗੀ-ਉਹ ਚੌਂਕੀਆਂ-ਉਨ੍ਹਾਂ ਬੜੇ ਜੰਤ੍ਰ ਮੰਤ੍ਰ ਤੰਤ੍ਰ ਕੀਤੇ ਕਿ ਸਸੀ ਅਪਣੇ ਪਤੀ ਨੂੰ ਚੰਗੀ ਨਾ ਲੱਗੇ-ਸਸੀ ਕਿਹੜੇ ਘੱਟ ਉਸ ਨੇ ਅਪਣੀਆਂ ਸਖੀਆਂ ਬੁਲਾਈਆਂ ਉਹ ਵੀ-ਕੀਤੇ ਜੰਤ੍ਰ ਮੰਤ੍ਰ ਤੰਤ੍ਰ-ਇਨ੍ਹਾਂ ਦੀ ਸ਼ਕਤੀ ਨਾਲ ਤੁੜਾਇਆ ਪੁੰਨੂੰ ਦਾ ਮੋਹ ਪਹਿਲੀਆਂ ਰਾਣੀਆਂ ਤੋਂ-ਪੁੰਨੂੰ ਹੋਇਆ ਦੀਵਾਨਾ ਸਸੀ ਦਾ-ਸੁਰੂ ਹੋਈ ਪ੍ਰੇਮ ਲੀਲਾ :-

*ਭਾਂਤਿ ਭਾਂਤਿ ਤਾਸੋ ਰਤਿ ਮਾਨੈ ॥ ਬਰਸ ਦਿਵਸ ਕੋ ਇਕ ਦਿਨ ਜਾਨੈ ॥*
*ਦੋਹਰਾ ॥ ਏਕ ਤਰੁਨਿ ਦੂਜੈ ਚਤੁਰਿ ਤਰੁਨ ਤੀਸਰੇ ਪਾਇ ॥*
*ਚਹਤ ਲਗਾਯੋ ਉਰਨ ਸੋ ਛਿਨਕਿ ਨ ਛੋਰਯੋ ਜਾਇ ॥੨੧॥* (ਇਕ ਸੌ ਆਠ ਚਰਿਤ੍ਰ ਪੰਨਾ ੯੫੬)

ਪਿਆਰ ਦੇ ਹੁਲਾਰੇ-ਤਨ ਦੇ ਮਿਲਾਪ ਤੇ ਹੋਰ ਬਥੇਰਾ ਕੁੱਝ ਤੇ ਅਖੀਰ ਸੌਕਣਾ ਖਾ ਕੇ ਗੁੱਸਾ ਗੋਂਦ ਗੁੰਦੀ-ਰਾਣੀ ਨੇ ਪੁੰਨੂੰ ਦਾ ਕਤਲ ਕਰ ਕੇ ਛਤ੍ਰ ਅਪਣੇ ਪੁੱਤ ਦੇ ਸਿਰ ਤੇ ਰੱਖਣ ਦੀ ਸੋਚੀ-ਪੁੰਨੂੰ ਸ਼ਿਕਾਰ ਖੇਡਣ ਗਿਆ ਤਾਂ ਉਸ ਨੂੰ ਧਨੁੱਖ ਦਾ ਬਾਣ ਮਾਰ ਕੇ ਮਾਰ ਦਿੱਤਾ-ਉਥੇ ਹੀ ਉਹਦੀ ਕਬਰ ਖੋਦ ਕੇ ਗੱਡ ਦਿੱਤਾ ਕੱਪੜਾ ਲੱਤਾ ਸੱਸੀ ਨੂੰ ਭੇਜ ਦਿੱਤਾ । ਸਸੀ ਬਿਬਾਨ ਚੜ੍ਹ ਕੇ ਪੁੰਨੂੰ ਨੂੰ ਦੇਖਣ ਗਈ ਤੇ ਉਥੇ ਹੀ ਪ੍ਰਾਣ ਤਿਆਗ ਦਿੱਤੇ ।

*ਪਵਨ ਪਵਨ ਆਨਲ ਅਨਲ ਨਭ ਨਭ ਭੂ ਭੂ ਸੰਗ ॥*
*ਜਲ ਜਲ ਕੇ ਸੰਗ ਮਿਲਿ ਰਹਿਯੋ ਤਨੁ ਪਿਯ ਕੇ ਸਰਬੰਗ ॥੪੬॥* (ਇਕ ਸੌ ਆਠ ਚਰਿਤ੍ਰ ਪੰਨਾ ੯੫੮)

ਨੋਟ :- ਸਸੀ ਪੁੰਨੂੰ ਦੀ ਕਹਾਣੀ ਨੂੰ ਦੋ ਭਾਗਾਂ ਚ ਵੰਡ ਕੇ ਦੋ ਚਰਿਤ੍ਰ ਦਿਖਾ ਦਿੱਤੇ ਗਏ ਹਨ। ਇਹ ਪਹਿਲੇ ਚਰਿਤ੍ਰ ਦਾ ਹੀ ਇਕ ਹਿੱਸਾ ਹੈ । (ਇਕ ਸੌ ਨੌਂ ਚਰਿਤ੍ਰ ਪੰਨਾ ੯੫੯-੯੬੪)

ਇਹ ਖਬਰ ਚਲਦੇ ਚਲਦੇ ਧਰਮ ਰਾਜ ਦੀ ਸਭਾ ਤੱਕ ਪੁੱਜੀ  ਕਿ ਸੌਕਣ ਨੇ ਬਾਣ ਨਾਲ ਅਪਣਾ ਪਤੀ ਮਾਰ ਦਿੱਤਾ । ਧਰਮ ਰਾਜ ਨੂੰ ਚੜ੍ਹਿਆ ਗੁੱਸਾ ਕਹਿੰਦਾ :-

*ਧਰਮਰਾਇ ਬਾਚ ॥ਦੋਹਰਾ॥ ਜਾ ਦੁਖ ਤੇ ਜਿਨ ਇਸਤ੍ਰਿਯਹਿ ਨਿਜੁ ਪਤਿ ਹਨਿਯੋ ਰਿਸਾਇ ॥*
*ਤਾਂ ਦੁਖ ਤੇ ਤਿਹ ਮਾਰਿਯੈ ਕਰਿਯੈ ਵਹੈ ਉਪਾਇ ॥੨॥*(ਇਕ ਸੌ ਨੌਂ ਚਰਿਤ੍ਰ ਪੰਨਾ ੯੫੯)

ਕਾਲ ਦੇ ਘਰ ਦੀ ਨਾਚੀ ਉਰਬਸਿ ਉਸ ਨਗਰ ਚ ਰਹਿੰਦੀ ਸੀ । ਉਸ ਨੇ ਮਰਦ ਦਾ ਭੇਸ ਧਾਰਿਆ-ਤਨ ਤੇ ਸੁੰਦਰ ਕੱਪੜੇ ਪਾਏ-ਲੰਮੇਂ ਕੇਸ ਕੰਧਿਆਂ ਤੇ ਸੁੱਟੇ-ਗਹਿਣੇ ਪਹਿਨੇ-ਦੋਹਾਂ ਅੱਖਾਂ ਚ ਕਾਜਲ ਪਾਇਆ-ਓਹਦੀਆਂ ਜੁਲਫਾਂ ਦਾ ਕੀ ਕਹਿਣਾ ਦੇਖਣ ਵਾਲਾ ਤੱਕਦਿਆਂ ਹੀ ਮੋਹਿਤ ਹੋ ਜਾਏ । ਉਸ ਨੇ ਕ੍ਰਿਪਾਨ ਪਹਿਨੀ-ਖਾ ਕੇ ਪਾਨ ਜਾ ਚੜਿਆ (ਚੜ੍ਹੀ) ਰੱਥ-ਓਹਦਾ ਰੂਪ ਦੇਖ ਦੇਖ ਦੇਵਤੇ ਤੇ ਦੈਂਤ ਵੀ ਭਰਮਾ ਗਏ ।

*ਭੂਖਨ ਧਾਰਿ ਚੜਯੋ ਰਥ ਊਪਰਿ ਬਾਂਧਿ ਕ੍ਰਿਪਾਨ ਨਿਖੰਗ ਬਨਾਯੋ ॥*
*ਖਾਤ ਤੰਬੋਲ ਬਿਰਾਜਤ ਸੁੰਦਰ ਦੇਵ ਅਦੇਵਨ ਕੋ ਬਿਰਮਾਯੋ ॥*
*........................................................ ॥੧੩॥*
*ਪਾਨ ਚਬਾਇ ਭਲੀ ਬਿਧਿ ਸਾਥ ਜਰਾਇ ਜਰੈ ਹਥਿਆਰ ਬਨਾਏ ॥*
*ਅੰਜਨ ਆਂਜਿ ਅਨੂਪਮ ਸੁੰਦਰਿ ਦੇਵ ਅਦੇਵ ਸਭੈ ਬਿਰਮਾਏ ॥੧੪॥*(ਇਕ ਸੌ ਨੌਂ ਚਰਿਤ੍ਰ ਪੰਨਾ ੯੬੦)

ਔਰਤ ਦੇ ਗੁਣਾਂ-ਸੁੰਦਰਤਾ-ਚਰਿਤ੍ਰਾਂ ਦਾ ਪਤਾ ਤਾਂ ਰਾਵਣ ਵਰਗਿਆਂ ਨੂੰ ਭੀ ਨਾ ਲੱਗਾ ਜਿਸ ਦੇ ਦਸ ਸਿਰ ਤੇ ਬੀਹ ਭੁਜਾਵਾਂ ਸਨ ।

*ਦੋਹਰਾ ॥ ਦਸ ਸੀਸਨ ਰਾਵਣ ਰਰੈ ਲਿਖਤ ਬੀਸ ਭੁਜ ਜਾਇ ॥*
*ਤਰੁਨੀ ਕੇ ਤਿਲ ਕੀ ਤਊ ਸਕਯੋ ਨ ਛਬਿ ਕੌ ਪਾਇ ॥੧੭॥* (ਇਕ ਸੌ ਨੌਂ ਚਰਿਤ੍ਰ ਪੰਨਾ ੯੬੦)

ਔਰਤ ਦੀ ਸੁੰਦਰਤਾ-ਪਾਨ ਖਾ ਕੇ ਸੁੰਦਰਤਾ ਨੂੰ ਹੋਰ ਚਾਰ ਚੰਨ ਲਾਉਣਾ-ਅੱਖਾਂ ਚ ਕਾਜਲ-ਮਾਂਗ ਵਿੱਚ ਲਾਲ ਕੇਸਰ-ਕੰਨਾਂ ਚ ਝੁਮਕਿਆਂ ਤੇ ਡੁਲਿਆ ਕਵੀ ਰਾਮ ਅਪਣੀ ਹੀ ਜੁਬਾਨੀ ਅਪਣੀ ਹੀ ਕਲਮ ਤੋਂ :-

*ਛੋਰੇ ਹੈਂ ਬੰਦ ਅਨੂਪਮ ਸੁੰਦਰਿ ਪਾਨ ਚਬਾਇ ਸ਼ਿੰਗਾਰ ਬਨਾਯੋ ॥*
*ਅੰਜਨ ਆਂਜਿ ਦੁਹੂੰ ਅਖਿਯਾਨ ਸੁ ਭਾਲ ਮੈਂ ਕੇਸਰਿ ਲਾਲ ਲਗਾਯੋ ॥*
*ਝੂਮਕ ਦੇਤ ਝੁਕੈ ਝੁਮਕੇ ਕਬਿ ਰਾਮ ਸੁਭਾਵ ਭਲੋ ਲਖਿ ਪਾਯੋ ॥*
*ਮਾਨਹੁ ਸੋ ਤਿਨ ਕੇ ਮਨ ਕੌ ਇਕ ਬਾਰਹਿ ਬਾਂਧਿ ਕੈ ਜੇਲ ਚਲਾਯੋ॥੧੯॥* (ਇਕ ਸੌ ਨੌਂ ਚਰਿਤ੍ਰ ਪੰਨਾ ੯੬੦)

ਨੋਟ :- ਸਿੱਖ ਧਰਮ ਵਿੱਚ ਪਾਨ ਤੇ ਹੋਰ ਨਸ਼ੇ ਕਰਨ ਦੀ ਸਖਤ ਮਨਾਹੀ ਹੈ ਪਰ ਅਸੀਂ ਦੇਖ ਰਹੇ ਹਾਂ ਕਿ ਪਾਨ ਤੇ ਬੀੜੀ ਦੇ ਇਸਤੇਮਾਲ ਕਰਨ ਨੂੰ ਹੱਲਾਸ਼ੇਰੀ ਦਿੱਤੀ ਗਈ ਹੈ। ਅਸੀਂ ਅਪਣੀ ਜ਼ਮੀਰ ਦਾ ਕਤਲ ਕਰ ਕੇ ਕਹਿ ਰਹੇ ਹਾਂ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਤੁਹਾਨੂੰ ਪਾਨ ਤੇ ਬੀੜੀ ਦੇ ਇਸਤੇਮਾਲ ਦੀ ਛੂਟ ਦੇ ਗਏ ਹਨ? ਕੀ ਸਿੱਖ ਇਸ ਦਾ ਇਸਤੇਮਾਲ ਕਰ ਸਕਦੇ ਹਨ? ਜਾਂ ਕਦੇ ਉਨ੍ਹਾਂ ਕੀਤਾ ? ਹਥਲੀਆਂ ਰਚਨਾਵਾਂ ਦਾ ਕਰਤਾ ਕਵੀ (ਕਬਿ) ਰਾਮ ਹੈ ਜਿਸ ਦਾ੧੯ਵਾਂ ਬੰਦ ਉਪਰ ਦਿੱਤਾ ਗਿਆ ਹੈ। ਸਿੱਖ ਧਰਮ ਦੇ ਦੋਖੀ ਸਾਡੇ ਪੁਜਾਰੀ -ਪ੍ਰਚਾਰਕ-ਕਈ ਵੱਡੀਆਂ ਤੇ ਛੋਟੀਆਂ ਜਥੇਬੰਦੀਆਂ-ਸੰਤ-ਸਾਧ ਤੇ ਧਰਮ ਅੰਦਰ ਬੈਠੇ ਘੁਸਪੈਠੀਏ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਸਾਜਿਸ ਨਾਲ ਬਦਨਾਮ ਕਰ ਰਹੇ ਹਨ-ਖ਼ਬਰਦਾਰ-ਬਾ-ਹੋਸ਼ਿਆਰ !

ਉਸ ਦਾ ਰੂਪ ਜਿਸ ਨੇ ਭੀ ਦੇਖਿਆ ਓਹੀ ਉਸ ਤੇ ਕੁਰਬਾਨ ਹੋਇਆ। ਅਜਿਹਾ ਭੇਖ ਧਾਰ ਕੇ ਉਹ ਔਰਤ (ਨਾਚੀ ਉਰਬਸਿ) ਉਥੇ ਜਾ ਪਹੁੰਚੀ । ਇਹ ਕਥਾ ਏਥੇ ਹੀ ਛੱਡ ਕੇ ਉਥੇ ਚਲਦੇ ਹਾਂ ਜਿਥੇ ਔਰਤ ਨੇ ਅਪਣਾ ਪਤੀ (ਪੁੰਨੂੰ) ਮਾਰਿਆ ਉਹ ਔਰਤ ਕਹਿੰਦੀ ਮੈਨੂੰ ਪੁੰਨੂੰ ਮਨ ਮਰਜੀ ਨਾਲ ਭੋਗ ਨਹੀਂ ਸੀ ਕਰਨ ਦੇਂਦਾ । ਇਸ ਨਾਲੋਂ ਤਾਂ ਵਿਧਵਾ ਹੋਣਾ ਚੰਗਾ ਹੈ ।

*ਦੋਹਰਾ ॥ ਮਨ ਭਾਵਤ ਕੋ ਭੋਗ ਮੁਹਿ ਕਰਨਿ ਨ ਦੇਤੋ ਰਾਇ ॥*
*ਅਬਿ ਚਿਤ ਮੈ ਜਿਹ ਚਾਹਿ ਹੋ ਲੈਹੋ ਨਿਕਟ ਬੁਲਾਇ ॥੨੯॥* (ਇਕ ਸੌ ਨੌਂ ਚਰਿਤ੍ਰ ਪੰਨਾ ੯੬੧)

ਪੁੰਨੂੰ ਨੂੰ ਮਾਰ ਕੇ ਉਸ ਦੀਆਂ ਬਾਛਾਂ ਖਿਲ ਗਈਆਂ-ਰੋਜ ਮੁਜਰਾ ਦੇਖਦੀ-ਜਿਸ ਨੂੰ ਚਾਹੇ ਧੰਨ ਦੇਂਦੀ-ਰਾਜ ਕਰਨਾ ਤਾਂ ਜਾਣਦੀ ਨਹੀਂ ਸੀ ਪਰ ਖੇਲ ਖੇਡਣ ਦੀ ਸ਼ੌਕੀਨ ਸੀ-ਇਸ ਗਲ ਦਾ ਭੇਦ ਲਿਆ ਉਰਬਸੀ-ਖਾ ਕੇ ਪਾਨ-ਲੈ ਕੇ ਮੂੰਹ ਵਿੱਚ ਬੀੜੀ ਜਾ ਪਹੁੰਚੀ ਔਰਤ ਦੇ ਡੇਰੇ ਅਪਣੇ ਸੁੰਦਰ ਪੁਰਖ ਭੇਸ ਵਿੱਚ ਓਹਦਾ ਰੂਪ ਤੱਕ ਤੱਕ ਪ੍ਰਭਾਵਤੀ ਨੂੰ ਚੜ੍ਹੀ ਮਸਤੀ-ਉਸ ਨੇ ਹਰ ਹੀਲਾ-ਹਰਬਾ ਵਰਤਿਆ ਪਰ ਬਿਅਰਥ-ਰਾਜ ਭਾਗ ਦੇ ਲਾਲਚ ਦਿੱਤੇ-ਚੰਗੀਆਂ ਰਾਤਾਂ ਅਤੇ ਵਧੀਆ ਰੰਗਰਲੀਆਂ ਦੇ ਸੁਪਨੇ ਦਿਖਾਏ ਪਰ ਬੇ ਅਸਰ-ਏਹਦੇ ਵਧੇਰੇ ਜੋਰ ਦੇਣ ਤੇ ਕਹਿੰਦੀ (ਕਹਿੰਦਾ) ਮੇਰੇ ਘਰ ਆ ਜਾਵੀਂ ਉਥੇ ਅਨੰਦ ਲਵਾਂਗੇ ।

*ਤਬ ਮੋਹਨ (ਨਾਚੀ ਉਰਬਸਿ) ਨਿਜੁ ਗ੍ਰਹਿ ਚਲਿ ਆਯੋ ॥ ਅਧਿਕ ਅਨੂਪਮ ਭੇਸ ਬਨਾਯੋ ॥*
*ਟਕਿਯਨ ਕੀ ਚਪਟੀ ਉਰਬਸੀ ॥ ਮੋਮ ਮਾਰਿ ਆਸਨ ਸੌ ਕਸੀ ॥*
*ਬਿਖਿ ਕੋ ਲੇਪ ਤਵਨ ਮੌ ਕੀਯੋ ॥ ਸਿਵਹਿ ਰਿਝਾਇ ਮਾਂਗ ਕਰਿ ਲੀਯੋ ॥*
*ਜਾ ਕੇ ਅੰਗ ਤਵਨ ਸੌ ਲਾਗੈ ॥ ਤਾਕੈ ਲੈ ਪ੍ਰਾਨਨ ਜਮ ਭਾਗੈ ॥੫੩॥* (ਇਕ ਸੌ ਨੌਂ ਚਰਿਤ੍ਰ ਪੰਨਾ ੯੬੪)

ਉਰਬਸਿ ਨੇ ਅਪਣੇ ਘਰ ਆ ਕੇ ਅਨੌਖਾ ਤੇ ਬਹੁਤ ਸੁੰਦਰ ਭੇਖ ਬਣਾਇਆ । ਉਸ ਨੇ ਟਾਕੀਆਂ (ਲੀਰਾਂ) ਤੇ ਮੋਮ ਲਗਾ ਕੇ ਲਿੰਗ ਬਣਾ ਕੇ ਅਪਣੇ ਗੁਪਤ ਅੰਗ ਨਾਲ ਕਸ ਕੇ ਬੰਨ ਲਿਆ। ਇਸ ਤੇ ਉਸ ਨੇ ਜ਼ਹਿਰ ਦਾ ਲੇਪ ਕੀਤਾ ਜਿਸ ਦੇ ਸਰੀਰ ਨੂੰ ਛੂਹੇ ਉਹੀ ਮਰ ਜਾਏ । ਏਨੇ ਨੂੰ ਉਹ ਔਰਤ (ਪੁੰਨੂੰ ਦੀ) ਆ ਗਈ । ਉਹ ਕਾਂਮਾਤੁਰ ਹੋ ਕੇ ਉਰਬਸਿ ਨਾਲ ਜਾ ਚਿਪਟੀ । ਉਰਬਸਿ ਨੂੰ ਪੁਰਖ ਸਮਝ ਕੇ ਉਸ ਨੇ ਉਸ ਨਾਲ ਭੋਗ ਕੀਤਾ ਤੇ ਜ਼ਹਿਰ ਕਾਰਣ ਮਰ ਗਈ । ਅਖੀਰ ਚ ਫਿਰ ਓਹੀ ਦੋਹਰਾ ਦੁਹਰਾਇਆ ਗਿਆ ਹੈ ਕਵੀ ਰਾਮ ਦੀ ਹੀ ਰਾਹੀਂ :-

*ਦੋਹਰਾ ॥ ਜਾ ਦੁਖ ਤੇ ਜਿਨਿ ਇਸਤ੍ਰਿਯਹਿ ਨਿਜੁ ਪਤਿ ਹਨਯੋ ਰਿਸਾਇ ॥*
*ਤਿਸੀ ਦੋਖ ਮਾਰਯੋ ਤਿਸੈ ਧੰਨਯੋ ਧੰਨਯੋ ਜਮ ਰਾਇ ॥੫੮॥* (ਇਕ ਸੌ ਨੌਂ ਚਰਿਤ੍ਰ ਪੰਨਾ ੯੬੪)

ਨੋਟ :- ਇਹ ਸਾਖੀ ਸਾਨੂੰ ਔਰਤ ਦਾ ਕਤਲ ਕਰਨ ਦੀ ਪ੍ਰੇਰਨਾ ਦੇਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਔਰਤ ਨੂੰ ਜੋ ਅਜ਼ਾਦੀ ਦਿੱਤੀ ਉਹ ਦੁਨੀਆਂ ਜਾਣਦੀ ਹੈ । ਗੁਰੂ ਅਪਮਾਨ ਕਰਨ ਵਾਲੇ ਸਿੱਖ ਨਹੀਂ ਕਹੇ ਜਾ ਸਕਦੇ । ਧਰਮ ਦੀ ਸੂਝ ਬਾਣੀਏ ਦੀ ਹੱਟੀ ਨਹੀਂ ਬਿੱਕਦੀ ਬਲਕਿ ਧਰਮ ਨੂੰ ਸਮਝਣ ਲਈ ਸਮਾਂ ਲਾ ਕੇ ਅਧਿਐਨ ਕਰਨਾ ਪੈਂਦਾ ਹੈ ।

ਪਾਤਰ : ਰੋਪੇਸ੍ਵਰ ਦੇਸ : ਪੂਰਬ (ਇਕ ਸੌ ਦਸ ਚਰਿਤ੍ਰ ਪੰਨਾ ੯੬੪-੬੬)

ਪੂਰਬ ਦੇਸ ਦਾ ਰਾਜਾ ਰੋਪੇਸ੍ਵਰ ਬੜਾ ਹੀ ਸੁੰਦਰ ਤੇ ਬਲਵਾਨ ਪਰ ਬੇ-ਔਲਾਦ। ਮਾਂ ਉਸਦੀ ਬਸ ਇਹੋ ਝੋਰਾ ਖਾਈ ਜਾਏ। ਉਸ ਨੇ ਇਕ ਔਰਤ ਭੀ ਉਸ ਲਈ ਹੋਰ ਲੱਭੀ ਪਰ ਰੋਪੇਸ੍ਵਰ ਨੂੰ ਪਸੰਦ ਨਾ ਆਈ। ਉਸ ਨੂੰ ਰਾਇ ਪੁਰਾ ਪਿੰਡ ਵਿੱਚ ਛੱਡ ਦਿੱਤਾ ਜਿਥੇ ਬਹੁਤ ਸਾਲ ਉਹ ਰਹੀ । ਰਾਜਾ, ਰੋਪੇਸ੍ਵਰਾ ਤੇ ਖ਼ਫਾ ਹੋ ਕੇ ਸੈਨਾ ਲੈ ਚੜ੍ਹ ਆਇਆ ਦੋਨਾਂ ਪਾਸਿਆਂ ਤੋਂ ਸੂਰਮੇ ਗਰਜੇ-ਕ੍ਰਿਪਾਨਾ ਸੈਥਿਨ ਸੂਲਨ ਚੱਕ੍ਰ ਢਾਲ ਗਦਾ ਕੁਹਾੜੀਆਂ ਦਾਤੀਆਂ ਤ੍ਰਿਸੂਲਾਂ ਬਰਛੀਆਂ ਜਮਧਾਰ ਛੁਰੀਆਂ ਤੇ ਤਲਵਾਰਾਂ ਦਾ ਖੁੱਲ ਕੇ ਇਸਤੇਮਾਲ ਕੀਤਾ। ਧਨੁੱਖ ਬਾਣਾਂ ਨੇ ਅਪਣੇ ਰੰਗ ਦਿਖਾਏ, ਜੋ ਗਿਰਦਾ ਉਸ ਨੂੰ ਕ੍ਰਿਪਾਨਾ ਨਾਲ ਮਾਰ ਦੇਂਦੇ। ਭੂਤਾਂ ਤੇ ਪ੍ਰੇਤਾਂ ਨੇ ਨੱਚ ਨੱਚ ਰੰਗ ਬੰਨ੍ਹਿਆ-ਜੰਬੁਕ ਤੇ ਗਿੱਧਾਂ ਨੇ ਮੁਰਦਿਆਂ ਦਾ ਮਾਸ ਨੋਚਿਆ ਜੰਗ ਦੇ ਹਾਲਾਤਾਂ ਨੂੰ ਕਵੀ ਸਯਾਮ ਇਸ ਤਰ੍ਹਾਂ ਲਿਖਦਾ ਹੈ :-

*ਬੀਰ ਦੁਹੂੰ ਦਿਸ ਕੇ ਕਬਿ ਸਯਾਮ ਮੁਖ ਊਪਰ ਢਾਲਨ ਕੋ ਧਰਿ ਜੂਟੇ ॥*
*ਬਾਨ ਕਮਾਨ ਧਰੇ ਮਠਸਾਲ ਅਪ੍ਰਮਾਨ ਜੁ ਆਨਨਕੇ ਰਨ ਛੂਟੇ ॥*
*ਰਾਜ ਮਰੇ ਕਹੂੰ ਤਾਜ ਗਿਰੇ ਕਹੂੰ ਜੁਝੇ ਅਨੇਕ ਰਥੀ ਰਥ ਟੂਟੇ ॥*
*ਪੌਨ ਸਮਾਨ ਬਹੇ ਬਲਵਾਨ ਸਭੈ ਦਲ ਬਾਦਲ ਸੇ ਚਲਿ ਫੂਟੇ ॥੧੧॥* (ਇਕ ਸੌ ਦਸ ਚਰਿਤ੍ਰ ਪੰਨਾ ੯੬੫)

ਨੋਟ :- ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਮੰਨਣ ਵਾਲੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਨ । ਉਨ੍ਹਾਂ ਅੱਗੇ ਗੰਦੀ ਤੋਂ ਗੰਦੀ ਰਚਨਾਂ ਦੇ ਨਾਲ ਪਾਤਸਾਹੀ ੧੦ ਲਿਖ ਕੇ ਸਜਾ ਦਿਓ ਉਸੇ ਨੂੰ ਹੀ ਨਮਸਕਾਰਾਂ ਕਰਨ ਲੱਗ ਜਾਂਦੇ ਹਨ । ਹਜਾਰਾਂ ਹੀ ਪ੍ਰਤੱਖ ਪ੍ਰਮਾਣਾ ਦੇ ਹੁੰਦਿਆਂ ਕਿ ਇਹ ਰਚਨਾਵਾਂ ਅਨੇਕਾਂ ਕਵੀਆਂ ਦੀ ਸਾਂਝੀ ਕ੍ਰਿਤ

ਹੈ, ਮੰਨਣ ਨੂੰ ਤਿਆਰ ਨਹੀਂ । ਕਹਿੰਦੇ ਇਹ ਗੁਰੂ ਜੀ ਦੇ ਕ੍ਰਿਤਮ ਨਾਮ ਹਨ । ਮੈਂ ਜਾਣਦਾ ਹਾਂ ਕਿ ਤੁਹਾਡੇ ਤੋਂ ਸਮਝਦਾਰ ਸਾਇਦ ਕੋਈ ਹੋਰ ਹੋਏ ਉਨ੍ਹਾਂ ਨੂੰ ਕ੍ਰਿਤਮ ਨਾਮ ਹੁੰਦਾ ਕੀ ਹੈ ? ਪ੍ਰੀਭਾਸ਼ਾ ਜਰੂਰ ਪੁੱਛ ਲੈਣੀ ਉਪਰ ਲਿਖੀ ਕਾਵਿ ਰਚਨਾ ਕਵੀ ਸਯਾਮ ਦੀ ਹੈ ।

ਜੰਗ ਦੇ ਅਖੀਰ ਚ ਜਿੱਤ ਰੋਪੇਸ੍ਵਰ ਦੀ ਹੁੰਦੀ ਹੈ। ਉਹ ਔਰਤ ਜੋ ਰਾਇ ਪੁਰਾ ਰੱਖੀ ਗਈ ਸੀ ਇਹ ਸੁਣ ਕੇ ਕਿ ਰੋਪੇਸ੍ਵਰ ਜੰਗ ਚ ਮਾਰਿਆ ਜਾ ਚੁੱਕਾ ਹੈ ਹੱਥ ਚ ਨਾਰੀਅਲ ਪਕੜ ਕੇ ਸਤੀ ਹੋਣ ਤੁਰ ਪਈ ਪਰ ਜਦ ਰਾਜੇ ਨੂੰ ਪਤਾ ਚਲਿਆ ਤਾਂ ਉਸ ਨੇ ਉਸ ਨੂੰ ਅਪਣੀ ਰਾਣੀ ਬਣਾ ਲਿਆ ਅਤੇ ਬਾਕੀਆਂ ਤੋਂ ਸਬੰਧ ਤੋੜ ਲਏ ।

ਨੋਟ :- ਆਪ ਜੀ ਸੋਧਕ ਕਮੇਟੀ ਦੁਆਰਾ ਅਨੇਕਾਂ ਬਾਰ ਸੋਧ ਸੋਧ ਕੇ ਵਧੀਆ ਕੁਅਲਟੀ ਦੇ ਸੰਪਾਦਕ ਰਾਹੀਂ ਛਪਵਾਇਆ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ । ਆਪ ਜੀ ਨੂੰ ਕੋਈ ਗੁਰ ਗਿਆਨ ਹੁਣ ਤਾਈਂ ਲੱਭਾ ਹੋਏ ਤਾਂ ਇਸ ਨਿਮਾਣੇ ਤੇ ਮੇਹਰ ਜਰੂਰ ਕਰਨੀ । ਉਂਝ ਲੋਕੀਂ ਮੈਨੂੰ ਮਹਾਂ ਨਿੰਦਕ ਕਹਿੰਦੇ ਹਨ ਤੇ ਸੁਖਮਨੀ ਸਾਹਿਬ ਦੀ ਪੂਰੀ ਅਸਟਪਦੀ ਪੜ੍ਹ ਕੇ ਦੁਰਲਾਣਤਾਂ ਭੀ ਪਾਉਂਦੇ ਹਨ । ਮੈਂ ਹਾਲੇ ਤੱਕ ਨਿੰਦਿਆ ਦੇ ਸਬਦਾਰਥੀ ਤਾਣੇ ਬਾਣੇ ਚ ਉਲਝਿਆ ਹਾਂ । ਗੁਰੂ ਸਾਹਿਬ ਜੀ ਨੂੰ ਗਾਲਾਂ ਕੱਢਣ ਵਾਲੇ ਨਿੰਦਕ ਹਨ ਜਾਂ ਉਨ੍ਹਾਂ ਦੁਆਰਾ ਬੋਲੇ ਮੰਦੇ ਵਚਨਾਂ ਨੂੰ ਜੱਗ ਜਾਹਿਰ ਕਰਨ ਵਾਲੇ ? ਜੇ ਮੇਰੀ ਸ਼ੰਕਾਂ ਨਿਵਿਰਤ ਕਰੋ ਤੁਹਾਡਾ ਰਿਣੀ ਹੋਵਾਂਗਾ । ਬਚਪਨ ਚ ਮੱਝਾਂ ਚਾਰਦੇ ਨੂੰ ਮੈਨੂੰ ਬਾਪੂ ਨੇ ਕਿਹਾ ਸੀ ਪੁੱਤਰਾ ਬਜੁਰਗਾਂ ਦਾ ਸਤਿਕਾਰ ਕਰਨਾ ਨਾ ਭੁੱਲਣਾ । ਮੇਰੇ ਲਈ ਮੇਰੇ ਬਜੁਰਗ ਮੇਰੇ ਗੁਰੂ ਹਨ ਤੇ ਉਨ੍ਹਾਂ ਦਾ ਸਤਿਕਾਰ ਕਰਨਾ ਮੇਰਾ ਧਰਮ ।

ਪਾਤਰ : ਦੁਰਜਨ ਸਿੰਘ (ਰਾਵ) ਰਾਜ ਪ੍ਰਭਾ (ਰਾਜ ਦੁਲਾਰੀ) (ਇਕ ਸੌ ਗਿਆਰਹ ਚਰਿਤ੍ਰ ਪੰਨਾ ੯੬੬-੭੦)

**ਗੁੜ ਨਾਲੋਂ ਇਸ਼ਕ ਮਿੱਠਾ :-** ਦੁਰਜਨ ਸਿੰਘ ਇਕ ਵੱਡਾ ਰਾਜਾ ਸੀ (ਕਿਥੋਂ ਦਾ ? ਪਤਾ ਨਹੀਂ) ਹਰ ਕੋਈ ਉਸ ਤੋਂ ਕੁਰਬਾਨ ਹੁੰਦਾ। ਜਦ ਉਹ ਸ਼ਿਕਾਰ ਖੇਡਣ ਜਾਦਾਂ ਤਾਂ ਕੁੱਤਿਆਂ ਤੋਂ ਹਿਰਨ ਅਤੇ ਬਾਜਾਂ ਤੋਂ ਮਿਰਗਈਆਂ ਮਰਵਾਉਂਦਾ। ਇਕ ਦਿਨ ਸ਼ਿਕਾਰ ਖੇਡਦਿਆਂ ਉਹ ਕਾਲਾ ਹਿਰਨ ਦੇਖ ਕੇ ਲਲਚਾ ਗਿਆ । ਓਹਦੇ ਪਿੱਛੇ ਘੋੜਾ ਦੁੜਾਇਆ ਤੇ ਦੌੜਦੇ ਦੌੜਦੇ ਪ੍ਰਦੇਸ ਪਹੁੰਚ ਗਿਆ । ਉਥੇ ਇਕ ਰਾਜ ਪ੍ਰਭਾ ਨਾਂ ਦੀ ਰਾਜ ਦੁਲਾਰੀ ਰਹਿੰਦੀ । ਉਸ ਦੇ ਉਂਚੇ ਤੇ ਵੱਡੇ ਮਹਿਲ ਸਨ। ਸੂਰਜ ਸੁਤਾ ਨਦੀ (ਸ਼ਾਈਦ ਜਮੁਨਾ) ਨਦੀ ਹੇਠੋਂ ਦੀ ਵਗਦੀ । ਸ਼ਿਕਾਰ ਦਾ ਪਿੱਛਾ ਕਰਦਿਆਂ ਦੁਰਜਨ ਸਿੰਘ ਉਥੇ ਪੁੱਜਾ-ਰਾਜ ਪ੍ਰਭਾ ਉਸ ਨੂੰ ਤੱਕਦਿਆਂ ਹੀ ਦੀਵਾਨੀ ਹੋ ਗਈ ਕਹਿੰਦੀ ਜਾਂ ਤਾਂ ਕਟਾਰੀ ਮਾਰ ਕੇ ਮਰ ਜਾਉਂਗੀ ਜਾਂ ਤੇਰੇ ਨਾਲ ਸ਼ਾਦੀ ਕਰੂੰਗੀ । ਉਸ ਨੇ ਗੰਢੀ ਯਾਰੀ ਰਾਜੇ ਨਾਲ ਤੇ ਸੁਰੂ ਹੋਇਆ ਕਾਮ ਕ੍ਰਮ :-

*ਬਾਰ ਬਾਰ ਤਿਹ ਗਰੇ ਲਗਾਵੈ ॥ ਜਨੁ ਕੰਦ੍ਰਪ ਕੋ ਦ੍ਰੱਪੁ ਮਿਟਾਵੈ ॥*
*ਭੋਗਤ ਤਾਂਹਿ ਜੰਘ ਲੈ ਕਾਂਧੇ ॥ ਜਨੁ ਦ੍ਵੈ ਮੈਨ ਤਰਕਸਨ ਬਾਂਧੇ ॥੧੩॥*
*ਭਾਂਤਿ ਭਾਂਤਿ ਸੌ ਚੁੰਬਨ ਕੀਨੇ ॥ ਭਾਂਤਿ ਭਾਂਤਿ ਆਸਨ ਤ੍ਰਿਯ ਦੀਨੇ॥*
*ਗਹਿ ਗਹਿ ਤਾਸੋਂ ਗਰੇ ਲਗਾਈ ॥ ਮਾਨਹੁ ਰੰਕ ਨਵੌ ਨਿਧਿ ਪਾਈ ॥੧੪॥*
*ਸਵੈਯਾ ॥ ਮੀਤ ਅਲਿੰਗਨ ਆਸਨ ਚੁੰਬਨ ਕੀਨੇ ਅਨੇਕ ਤੇ ਕੌਨ ਗਨੈ ॥*
*ਮੁਸਕਾਤ ਲਜਾਤ ਕਛੂ ਲਲਤਾ ਸੁ ਬਿਲਾਸ ਲਸੈ ਪਿਯ ਸਾਥ ਤਨੈ ॥*
*.......................................................... ॥੧੫॥*

ਦੋਨਾਂ ਦੀ ਪ੍ਰੀਤ ਨੇ ਸਿਖਰ ਛੋਹੀ ਤੇ ਉਸੇ ਪ੍ਰੀਤ ਚ :-

*ਭਾਂਤਿ ਭਾਂਤਿ ਆਸਨ ਕਰੈਂ ਤਰੁਨ ਤਰੁਨਿ ਲਪਟਾਇ ॥*
*ਮੋਦ ਦੁਹਨ ਕੋ ਅਤਿ ਬਢਯੋ ਗਨਨਾ ਗਨੀ ਨ ਜਾਇ ॥੧੮॥*
*ਚੌਪਈ ॥ ਚਿਮਟਿ ਚਿਮਟਿ ਨ੍ਰਿਪ ਕੇਲ ਕਮਾਵੈ ॥ ਲਪਟਿ ਲਪਟਿ ਤਰੁਨੀ ਸੁਖੁ ਪਾਵੈ ॥*
*ਬਹਸਿ ਬਹਸਿ ਅਲਿੰਗਨ ਕਰਹੀ ॥ ਭਾਂਤਿ ਭਾਂਤਿ ਸੌ ਬਚਨ ਉਚਰਹੀ॥੧੯॥*

(ਇਕ ਸੌ ਗਿਆਰਹ ਚਰਿਤ੍ਰ ਪੰਨਾ ੯੬੮)

ਜਦ ਸੁੰਦਰ ਤੇ ਜਵਾਨ ਔਰਤ ਨਾਲ ਮੇਲ ਹੋਏ ਤਾਂ ਨਸ਼ਾ ਕੀਤੇ ਬਿਨਾ ਸਵਾਦ ਕਿਰਕਿਰਾ ਹੁੰਦਾ ਹੈ (ਉਂਝ ਲੋਕੀਂ ਆਖਦੇ ਨੇ ਕਿ ਹੁਸਨ ਤੱਕ ਕੇ ਬਿਨਾ ਪੀਤਿਆਂ ਹੀ ਖੁਮਾਰੀ ਚੜ੍ਹ ਜਾਂਦੀ ਹੈ) ਤੇ ਵਧੇਰੇ ਜਿੰਦਗੀ ਦਾ ਲੁਤਫ਼ ਲੈਣ ਲਈ :-

*ਚੌਪਈ ॥ ਭਾਂਤਿ ਭਾਂਤਿ ਕੇ ਅਮਲ ਮੰਗਾਏ॥ ਬਿਬਿਧ ਬਿਧਨ ਪਕਵਾਨ ਪਕਾਏ ॥*
*ਦਾਰੂ ਪੋਸਤ ਔਰ ਧਤੂਰੋ ॥ ਪਾਨ ਡਰਾਇ ਕੁਸੰਭੜੋ ਰੂਰੋ ॥੨੧॥*
*ਦੋਹਰਾ ॥ ਅਮਿਤ ਆਫੂਆ ਕੀ ਬਰੀ ਖਾਇ ਚੜਾਈ ਭੰਗ ॥*
*ਚਤੁਰ ਪਹਰ ਭੋਗਯੋ ਤ੍ਰਿਯਹਿ ਤਊ ਨ ਮੁਚਯੋ ਅਨੰਗ ॥੨੨॥* (ਇਕ ਸੌ ਗਿਆਰਹ ਚਰਿਤ੍ਰ ਪੰਨਾ ੯੬੮)

ਜਦ ਪਿਆਰ ਕਰਨ ਵਾਲੇ ਦੋਨਾਂ ਪ੍ਰੇਮੀਆਂ ਨੇ ਭਾਰੀ ਨਸ਼ਾ ਕੀਤਾ ਹੋਏ ਫਿਰ ਹਾਰ ਜਿੱਤ ਦਾ ਫੈਸਲਾ ਕੌਣ ਕਰੇ। ਉਦੋਂ ਹੁਸਨ ਤੇ ਕਰੂਪ ਦੇ ਅੰਤਰ ਦਾ ਕੀ ਪਤਾ ਨਹੀਂ ਰਹਿੰਦਾ । ਪਿਆਰ ਕਰਨ ਵਾਲੇ ਕੀ ਕੀ ਚੋਜ ਕਰਦੇ ਨੇ ਕਿਵੇਂ ਸੁਪਨਿਆਂ ਦੇ ਮਹਲ ਉਸਾਰਦੇ ਨੇ ਇਨ੍ਹਾਂ ਹੀ ਪਿਆਰ ਦੀਆਂ ਗੰਢਾਂ ਤੇ ਗੁੜ੍ਹ ਲਾਉਂਦਾ ਲਿਖਾਰੀ ਬੜਾ ਕੁੱਝ ਨਵੀਂ ਪੀੜ੍ਹੀ ਦੀ ਝੋਲੀ ਸੁੱਟਦਾ ਹੋਇਆ ਮੁੜ ਕਹਾਣੀ ਦਾ ਅਸਲਾ ਪ੍ਰਗਟ ਕਰਦਾ ਹੈ ਕਿ ਇਕ ਸਖੀ ਨੇ ਉਸ ਦੀ ਲੁਕਣ ਮੀਟੀ ਤੱਕ ਕੇ ਪ੍ਰੇਮੀ ਨਾਲ ਜਾ ਦੱਸਿਆ ਉਹਦੇ ਬਾਪ ਰਾਜੇ ਨੂੰ-ਰਾਜੇ ਨੂੰ ਸੁਣ ਕੇ ਚੜ੍ਹਿਆ ਗੁੱਸਾ-ਆਇਆ ਦੋਨਾਂ ਨੂੰ ਸਬਕ ਸਿਖਾਣ-ਅੱਗੇ ਪ੍ਰੇਮੀ ਜੋੜੀ ਪਹਿਲਾਂ ਹੀ ਅਪਣੇ ਬਚਾਓ ਲਈ ਤਿਆਰ । ਕੀਤਾ ਰਾਜੇ ਦਾ ਕਤਲ -ਭੰਨਿਆ-ਖਾਧਾ-ਚਮੜੀ ਉਤਾਰੀ-ਨਦੀ ਤੈਰ ਕੇ ਦੋਨਾਂ ਅਪਣੇ ਦੇਸ ਪਾਇਆ ਫੇਰਾ-(ਕੁੜੀ ਦੇ ਬਾਪ ਦੇ ਦੇਸ ਦਾ ਕੀ ਬਣਿਆ ਪਤਾ ਨਹੀਂ) ।

ਨੋਟ :- ਆਪ ਜੀ ਨੇ ਧਾਰਮਿਕ ਪ੍ਰਵਚਨ ਪੜ੍ਹ ਹੀ ਲਏ ਹੋਣਗੇ । ਸਾਡੇ ਧਰਮ ਦੇ ਵੱਡੇ ਤੇ ਛੋਟੇ ਠੇਕੇਦਾਰ-ਵੱਡੇ ਪੁਜਾਰੀ-ਵੱਡੀਆਂ ਵੱਡੀਆਂ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ-ਸੰਤ ਸਾਧ-ਕਈ ਕਥਾਕਾਰ ਤੇ ਕੀਰਤਨੀਏ ਸਿੰਘ ਸੰਘ ਫਾੜ ਫਾੜ ਕੇ ਸਟੇਜਾਂ ਤੇ ਬੋਲਦੇ ਹਨ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਆ । ਕੀ ਅਸ਼ਲੀਲ਼ ਭਾਸ਼ਾ ਗੁਰੂ ਜੀ ਲਿਖ ਸਕਦੇ ਹਨ ? ਕੀ ਗੁਰੂ ਜੀ ਸਾਨੂੰ ਦਾਰੂ ਪੋਸਤ ਧਤੂਰਾ ਕਸੁੰਭੜਾ ਭੰਗ ਤੇ ਹਫੀਮ ਖਾਣ ਲਈ ਕਹਿ ਗਏ ਹਨ ? ਜੇ ਨਹੀਂ ਤਾਂ ਕੌਣ ਹਨ ਇਹ ਲੋਕ ਜੋ ਗੁਰੂ ਗੋਬਿੰਦ ਸਿੰਘ ਜੀ ਅਤੇ ਸਿੱਖ ਧਰਮ ਨੂੰ ਬਦਨਾਮ ਕਰ ਰਹੇ ਹਨ ? ਖਬਰਦਾਰ - ਹੋਸ਼ਿਆਰ !

## ਇਲਾਕਾ : ਸਮਰਕੰਦ

(ਇਕ ਸੌ ਬਾਰਹਾ ਚਰਿਤ੍ਰ ਪੰਨਾ ੯੭੦-੭੨)

ਪਾਤਰ : ਸੂਰਸੈਨ (ਰਾਜਾ) ਤੇ ਚਿੱਤ੍ਰਕਲਾ (ਰਾਨੀ)

**ਧੋਖੇ ਨਾਲ ਕਤਲ ਕਰਨਾ ਸਿੱਖੋ :-** ਸਮਰਕੰਦ ਦੇ ਰਾਜਾ ਸੂਰਸੈਨ ਦੀ ਬਡਭਾਗਨਿ ਔਰਤ ਚਿੱਤ੍ਰ ਕਲਾ ਸੁੰਦਰ, ਸੀਲ ਸ਼ੁਭਾ ਤੇ ਹੁਨਰਮੰਦ ਸੀ । ਰਾਜਾ ਉਹਦੀ ਆਗਿਆ ਚ ਰਹਿੰਦਾ । ਇਕ ਦਿਨ ਰਾਜੇ ਨੇ ਇਕ ਔਰਤ ਦੇਖੀ-ਓਹਦੇ ਰੂਪ ਤੇ ਡੁੱਲ ਗਿਆ-ਦੂਤ ਭੇਜ ਕੇ ਅਪਣੇ ਪਾਸ ਬੁਲਾਇਆ ਤੇ ਸੰਭੋਗ ਕੀਤਾ । ਦੋਨਾਂ ਦੀ ਮਿਤ੍ਰਤਾ ਹੋਈ ਗੂੜੀ-ਬਣਾਈ ਸਕੀਮ-ਚਲ ਪਈ ਸਤੀ ਹੋਣ ਪਤੀ (ਯਾਰ) ਦੇ ਭਲੇ ਲਈ। ਰਾਣੀ ਸੁਣਿਆ-ਓਹਨੂੰ ਲਾਹਿਆ ਥੱਲੇ ਤੇ ਖੁੱਦ ਸਤੀ ਹੋ ਗਈ । ਖੁਦ ਰਾਜੇ ਨਾਲ ਪਿਆਰ ਦੀਆਂ ਪੀਂਘ ਝੂਟੀਆਂ ।

ਨੋਟ :-ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ-ਇਹ ਅਨਮੋਲ ਤੋਹਫਾ ਸਾਡੇ ਪੁਜਾਰੀਆਂ ਸਿੱਖ ਸੰਗਤਿ ਨੂੰ ਦਿੱਤਾ ਹੈ ਜੀ ਕਹਿੰਦੇ ਗੁਰੂ ਗੋਬਿੰਦ ਸਿੰਘ ਜੀ ਜਾਂਦੇ ਹੋਏ ਉਨ੍ਹਾਂ ਨੂੰ ਦੇ ਗਏ ਸੀ। ਕੀ ਉਹ ਸੱਚ ਕਹਿੰਦੇ ਹਨ? ਸੋਚਣਾ ਨਾ ਭੁੱਲਣਾ ਜੀ।

## ਇਲਾਕਾ : ਬੰਗਸ

(ਇਕ ਸੌ ਤੇਰਹ ਚਰਿਤ੍ਰ ਪੰਨਾ ੯੭੨-੭੪)

ਪਾਤਰ : ਬਿਸ਼ਨ ਸਿੰਘ (ਰਾਜਾ), ਕ੍ਰਿਸ਼ਨ ਕੁਅਰਿ (ਪਟਰਾਨੀ) ਤੇ ਉਮਰਾਵ

**ਅਪਣਾ ਪਤੀ ਮਾਰ ਕੇ ਓਹਦਾ ਮਾਸ ਰਿੰਨ੍ਹ ਖਾਓ :-** ਬੰਗਸ ਦੇਸ ਦੇ ਰਾਜਾ ਬਿਸ਼ਨ ਸਿੰਘ ਦੀ ਉਚ ਨੀਚ ਸਭ ਇੱਜਤ ਕਰਦੇ। ਓਹਦੀ ਪਟਰਾਣੀ ਕ੍ਰਿਸ਼ਨ ਕੁਅਰਿ ਅੰਤਾਂ ਦੀ ਸੋਹਣੀ ਮਾਨੋ ਸਮੁੰਦਰ ਰਿੜਕ ਕੇ ਕੱਢੀ ਹੋਏ। ਰਾਜੇ ਤੇ ਰਾਣੀ ਦਾ ਆਪਸੀ ਪਿਆਰ ਸੀਤਾ ਤੇ ਰਾਮ ਵਰਗਾ । ਇਕ ਦਿਨ ਰਾਜਾ ਇਕ ਔਰਤ ਨੂੰ ਦੇਖ ਕੇ ਲੱਟੂ ਹੋ ਗਿਆ। ਜਦ ਰਾਣੀ ਨੂੰ ਭਿਣਕ ਪਈ ਤਾਂ ਉਸ ਨੇ ਬੜਾ ਗੁੱਸਾ ਖਾਧਾ ਕਹਿੰਦੀ ਦੋਹਾਂ ਦਾ ਕਤਲ ਕਰ ਕੇ ਫਿਰ ਆਪ ਮਰਾਂਗੀ (ਰੱਬ ਦੀ ਕਰਨੀ) ਰਾਜੇ ਨੇ ਦੂਤ ਭੇਜ ਕੇ ਇਕ ਔਰਤ ਬੁਲਾ ਕੇ ਰੰਗ ਰਲੀਆਂ ਮਨਾਈਆਂ । ਜਦ ਰਾਣੀ ਨੂੰ ਇਸ ਦਾ ਪਤਾ ਚਲਿਆ ਤਾਂ ਹੱਥ ਚ ਗੰਡਾਸਾ (ਜਮਧਰ) ਲੈ ਕੇ ਪਹਿਲਾਂ ਰਾਜੇ ਦਾ ਕਤਲ ਕੀਤਾ ਤੇ ਫਿਰ ਔਰਤ ਦਾ। ਦੋਨਾਂ ਦਾ ਮਾਸ ਰਿੰਨ੍ਹਿਆਂ ਤੇ ਉਮਰਾਵ ਦੇ ਘਰ ਭੇਜ ਦਿੱਤਾ। ਮਾਸ ਸਮਝ ਕੇ ਸਭਨਾਂ ਨੇ ਚਟਕਾਰੇ ਲਾ ਲਾ ਖਾਧਾ ਪਰ ਕਿਸੇ ਨੂੰ ਭੇਦ ਦੀ ਭਿਣਕ ਨਾ ਪਈ । ਲੋਕਾਂ ਚ ਅਫਵਾਹ ਫੈਲਾ ਦਿੱਤੀ ਕਿ ਰਾਜਾ ਦਾਰੂ ਦੇ ਨਸ਼ੇ ਚ ਪੌੜੀਆਂ ਤੋ ਫਿਸਲ ਕੇ ਗਿਰ ਗਿਆ ਤੇ ਕਟਾਰੀ ਉਹਦੇ ਲੱਗੀ ਤੇ ਰਾਜਾ ਮਰ ਗਿਆ । ਉਸ ਬੜਾ ਰੋਣਾ ਪਿੱਟਣਾ ਸੁਰੂ ਕੀਤਾ-ਬੜੇ ਕੀਰਨੇ ਪਾਏ ਕਹਿੰਦੀ ਰਾਜੇ ਨੇ ਪਹਿਲਾਂ ਮਾਸ ਮੰਗਵਾਇਆ ਪਹਿਲਾਂ ਆਪ ਖਾਧਾ ਤੇ ਫਿਰ ਮੈਨੂੰ ਖਾਣ ਨੂੰ ਦਿੱਤਾ । ਫਿਰ ਰਾਜੇ ਨੇ ਅਮਲ ਮੰਗਾਇਆ, ਉਹ ਭੀ ਅਸੀਂ ਦੋਨਾਂ ਨੇ ਪੀਤਾ। ਉਹ ਨਸਾ ਪੀ ਕੇ ਬੇਸੁਰਤ ਹੋ ਗਿਆ ਤੇ ਪੌੜੀਆਂ ਤੋਂ ਫਿਸਲ ਕੇ ਗਿਰ ਗਿਆ । ਕਟਾਰੀ ਓਹਦੇ ਢਿੱਡ ਲੱਗੀ ਤੇ ਮਰ ਗਿਆ ।

*ਤਬ ਰਾਣੀ ਅਤਿ ਦੁਖਿਤ ਬਖਾਨਯੋ ॥ ਤਾਕੋ ਭੇਦ ਕਛੂ ਨ ਪਛਾਨਯੋ ॥*
*ਪ੍ਰਥਮ ਰਾਵਜੂ ਮਾਸੁ ਮੰਗਾਯੋ ॥ ਆਪ ਭਖਯੋ ਕਛੁ ਭ੍ਰਿਤਨ ਪਠਾਯੋ ॥੧੭॥*
*ਪੁਨਿ ਰਾਵਜੂ ਅਮਲ ਮੰਗਾਯੋ ॥ ਆਪੁ ਪਿਯੋ ਕਛੁ ਹਮੈ ਪਿਯਾਯੋ ॥*
*ਪੀਏ ਕੈਫ ਕੈ ਅਤਿ ਮਤਿ ਭਏ ॥ ਸੁਧਿ ਮੈ ਹੁਤੇ ਬਿਸੁਧਿ ਹ੍ਵੈ ਗਏ ॥੧੮॥*

(ਇਕ ਸੌ ਤੇਰਹ ਚਰਿਤ੍ਰ ਪੰਨਾ ੯੭੩)

ਨੋਟ :- ਆਪ ਜੀ ਦਸਮ ਗ੍ਰੰਥ ਰਾਹੀਂ ਧਾਰਮਿਕ ਸਿੱਖਿਆ ਲੈ ਰਹੇ ਹੋ ਕਿ ਕਿਵੇਂ ਕਤਲ ਕਰ ਕੇ ਛੁਪਾਣਾ ਹੈ- ਕਿਵੇਂ ਅਮਲ ਕਰਨੇ ਹਨ। ਕੀ ਇਹ ਸਭ ਕੁੱਝ ਗੁਰੂ ਗੋਬਿੰਦ ਸਿੰਘ ਜੀ ਲਿਖ ਗਏ ਹਨ ? ਬੁੱਝੋ ਇਕ ਬੁਝਾਰਤ !

ਪਾਤਰ : ਸ੍ਰਿੰਗ (ਮੁਨੀ) ਤੇ ਬਿਭਾਂਡਵ (ਇਕ ਸੌ ਚੌਦਸ ਚਰਿਤ੍ਰ ਪੰਨਾ ੯੭੪-੭੭)

ਸਿੰਗ੍ਰ ਮੁਨੀ ਸੰਘਣੇ ਜੰਗਲ ਵਿੱਚ ਰਹਿੰਦਾ । ਕੌਣ ਜਾਣਦਾ ਹੈ ਬਈ ਇਹ ਰਿਸ਼ੀ ਬਿਭਾਂਡਵ (ਸ੍ਰਿੰਗ) ਮ੍ਰਿਗਿ ਦੇ ਪੇਟ ਤੋਂ ਜੰਮਿਆ ਸੀ। ਉਹ ਵੱਡਾ ਤਪੱਸਵੀ ਤੇ ਰਾਤ ਦਿਨ ਰਾਮ ਦਾ ਨਾਮ ਜਪਣ ਵਾਲਾ ਸੀ। ਉਹ ਹਰ ਰੋਜ ਨਹਾ ਕੇ ਧਿਆਨ ਧਰਦਾ-ਵੇਦਾਂ ਦਾ ਮੂੰਹੋਂ ਉਚਾਰਣ ਕਰਦਾ-ਖਟ ਸਾਸਤ੍ਰਾਂ ਦੇ ਕਹੇ ਅਨੁਸਾਰ ਜੀਵਨ ਹਢਾਂਉਂਦਾ-ਜਦ ਭੁੱਖ ਲਗਦੀ ਤਾਂ ਜੰਗਲੀ ਫਲ ਚੁਣ ਕੇ ਖਾ ਲੈਂਦਾ ।ਏਵੇਂ ਕਈ ਬਰਸ ਬੀਤ ਗਏ । ਇਕ ਵਾਰ ਵੱਡਾ ਕਾਲ ਪੈ ਗਿਆ -ਲੋਕੀਂ ਦਾਣੇ ਦਾਣੇ ਦੇ ਮੁਹਤਾਜ ਹੋ ਗਏ। ਰਾਜੇ ਨੇ ਸਭ ਬ੍ਰਾਹਮ੍ਹਣਾਂ ਨੂੰ ਸੱਦਿਆ ਕਿ ਦੱਸੋ ਮੇਰੇ ਤੋਂ ਕੀ ਭੁੱਲ ਹੋਈ ਜੋ ਕਾਲ ਪਿਆ ਹੈ। ਬਾਮ੍ਹਣ ਕਹਿੰਦੇ ਰਾਜਾ ਰਾਜਨੀਤੀ ਦੀ ਚਾਲ ਚਲੋ ਸਿਮ੍ਰਤੀਆਂ ਅਤੇ ਛੇ ਸਾਸਤ੍ਰ ਏਹੋ ਉਪਦੇਸ ਦੇਂਦੇ ਹਨ। ਸਾਨੂੰ ਸ੍ਰਿੰਗ ਰਿਸਿ ਹੀ ਚੁਭ ਰਿਹਾ ਹੈ ਉਸ ਨੂੰ ਬੁਲਾਓ ਤਾਂ ਹੀ ਕਾਲ ਦੂਰ ਹੋਏਗਾ। ਰਾਜੇ ਸਭ ਪਾਪੜ ਵੇਲੇ ਪਰ ਰਿਸ਼ੀ ਨਾ ਮੰਨਿਆ ਅਖੀਰ ਇਕ ਵੇਸਵਾ ਗਈ-ਉਸ ਨੇ ਕਾਮ ਤੇ ਹੁਸਨ ਦੇ ਮਿਲਵੇਂ ਖੇਲ ਨਾਲ ਰਿਸ਼ੀ ਨੂੰ ਜੰਗਲ ਤੋਂ ਕੱਢ ਕੇ ਰਾਜ ਸਭਾ ਲਿਆਂਦਾ-ਬੜੇ ਜੋਰ ਦਾ ਮੀਂਹ ਪਿਆ-ਕਾਲ ਖ਼ਤਮ ਹੋਇਆ ਤੇ ਰਿਸ਼ੀ ਦੀ ਜੈ ਜੈ ਕਾਰ ਹੋਈ।

ਨੋਟ :- ਇਸ ਸਾਖੀ ਦਾ ਸਿੱਖ ਧਰਮ ਨਾਲ ਕੀ ਸਬੰਧ ? ਗੁਰੂ ਗੋਬਿੰਦ ਸਿੰਘ ਜੀ ਗੁਰ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਪੜ੍ਹਾਣਗੇ ਜਾਂ ਬੇਦ ਅਤੇ ਸਿਮ੍ਰਤੀਆਂ ਤੇ ਛੇ ਸਾਸਤ੍ਰ ? ਸਿੱਖ ਧਰਮ ਨੂੰ ਸਮਝਣ ਲਈ ਪਹਿਲਾਂ ਗੁਰੂ ਗ੍ਰੰਥ ਸਾਹਿਬ ਅਰਥਾਂ ਸਮੇਤ ਪੜ੍ਹੋ ਤੇ ਵਿਚਾਰੋ, ਫਿਰ ਦਸਮ ਗ੍ਰੰਥ ਜਿਹੀਆਂ ਅਸ਼ਲੀਲ ਪੁਸਤਕਾਂ ਵੱਲ ਹੱਥ ਵਧਾਉਣਾ ਲਾਹੇਵੰਦ ਹੋਏਗਾ।

ਪਾਤਰ : ਗੌਤਮ, ਅਹਿੱਲਯਾ, ਜੋਗਨੇਸੁਰੀ (ਸਖੀ) ਤੇ ਇੰਦ੍ਰ ਦੇਵਤ (ਇਕ ਸੌ ਪੰਦ੍ਰਹਵੋਂ ਚਰਿਤ੍ਰ ਪੰਨਾ ੯੭੭-੭੯)

**ਗੌਤਮ ਅਤੇ ਅਹਿੱਲਯ ਦੀ ਕਹਾਣੀ ਪੜ੍ਹੋ ਜੀ :-** ਅੰਤਾਂ ਦੀ ਸੋਹਣੀ ਮਨ ਮੋਹਣੀ ਸੁਰੀ ਆਸੁਰੀ ਕਿੰਨ੍ਰਨੀ ਦੇ ਰੂਪ ਨੂੰ ਮਾਤ ਦੇਣ ਵਾਲੀ, ਪਾਰਬਤੀ ਤੇ ਸੀਤਾ ਦੇ ਹੁਸਨ ਨੂੰ ਉਘਾੜਨ ਵਾਲੀ ਔਰਤ ਅਹਿੱਲਯ ਅਪਣੇ ਪਤੀ ਗੌਤਮ ਨਾਲ ਬਨ (ਬਣ) ਵਿੱਚ ਰਹਿੰਦੀ ਨੇ ਮਨ ਬਾਣੀ ਤੇ ਸਰੀਰ ਕਰਕੇ ਉਸ ਨੂੰ ਬਸ ਵਿੱਚ ਕਰ ਰੱਖਿਆ ਸੀ । ਗੌਤਮ ਰਿਖੀ ਕਿਤੇ ਕੰਮ ਗਿਆ-ਉਹ (ਅਹਿੱਲਯ) ਬਾਸਵ (ਇੰਦ੍ਰ) ਦਾ ਰੂਪ ਦੇਖ ਕੇ ਉਸ ਤੇ ਡੁੱਲ੍ਹ ਗਈ ਕਹਿੰਦੀ ਤਿੰਨਾਂ ਲੋਕਾਂ ਦੇ ਮਾਲਕ ਨੂੰ ਅੱਜ ਸੁੱਕਾ ਨੀ ਜਾਣ ਦੇਣਾ। ਮੂਰਖ ਮੁਨੀ ਨਾਲ ਸਮਾ ਗੁਆਉਣ ਦਾ ਕੀ ਲਾਭ-ਉਸ ਨੇ ਅਪਣੀ ਸਹਚਰੀ ਸਖੀ ਬੁਲਾਈ-ਉਸ ਨੂੰ ਸਭ ਭੇਦ ਸਮਝਾ ਕੇ ਇੰਦ੍ਰ ਕੋਲ ਭੇਜਿਆ । ਉਸ (ਇੰਦ੍ਰ) ਨੇ ਸਹਚਰੀ ਦੀ ਗੱਲ ਸੁਣੀ ਤੇ ਅਹਿੱਲਯ ਤੇ ਲੱਟੂ ਹੋ ਗਿਆ :-

*ਬੇਗਿ ਮਿਲੋ ਮਨ ਭਾਵਤਿ ਭਾਵਨਿ ਪਯਾਰੇ ਜੂ ਆਜੁ ਤਿਹਾਰੇ ਭਏ ਹੈਂ ॥*
*ਭੇਟਨ ਕੌ ਮਹਿਰਾਜ ਸਮੈਂ ਮੁਨਿ ਰਾਜ ਧਿਯਾਨ ਮੌ ਆਜੁ ਗਏ ਹੈਂ ॥*
*ਮੀਤ ਅਲਿੰਗਨ ਚੁੰਬਨ ਆਸਨ ਭਾਂਤਿ ਅਨੇਕਨ ਆਨਿ ਲਏ ਹੈਂ ॥*
*ਮੋਦ ਬਢਯੋ ਮਨ ਭਾਮਨਿ ਕੇ ਮੁਨਿ ਜਾਚਿਤ ਤੇ ਬਿਸਰਾਇ ਦਏ ਹੈਂ ॥੧੩॥*

(ਇਕ ਸੌ ਪੰਦ੍ਰਹਵੋਂ ਚਰਿਤ੍ਰ ਪੰਨਾ ੯੭੯)

ਬਣ ਠਣ ਕੇ ਨਿਖਰੇ ਸੁੰਦਰ ਇੰਦ੍ਰ ਨੂੰ ਪਾ ਕੇ ਅਹਿੱਲਯ ਬਾਗੋ ਬਾਗ ਹੋ ਗਈ ਤੇ ਗੌਤਮ ਰਿਖੀ ਭੁਲਾ ਦਿੱਤਾ। ਰਿਖੀ ਨੂੰ ਭਿਣਕ ਪਈ-ਭੱਜਾ ਘਰ ਆਇਆ-ਇੰਦ੍ਰ ਬਿੱਲਾ ਬਣ ਕੇ ਮੰਜੇ ਥੱਲੇ ਛੁੱਪ ਗਿਆ-ਅਹਿੱਲਯ ਕਹਿੰਦੀ ਇਕ ਮਾਂਜਾਰ (ਬਿੱਲਾ) ਆਇਆ ਸੀ ਮੰਜੇ ਥੱਲੇ ਹੈ-ਉਸ ਨੇ ਅਹਿੱਲਿਆ ਨੂੰ ਤੇ ਇੰਦ੍ਰ ਨੂੰ ਸਰਾਪ ਦਿੱਤਾ :-

*ਤਬ ਹੀ ਰਿਸਿਕੈ ਰਿਖਿ ਸ੍ਰਾਪ ਦਿਯੋ ॥ ਸੁਰ ਨਾਯਕ ਕੌ ਭਗਵਾਨ ਕਿਯੋ ॥*
*ਭਗ ਤਾਹਿ ਸਹੰਸ੍ਰ ਭਏ ਤਨ ਮੈ ॥ ਤ੍ਰਿਦਸ਼ੇਸ਼ ਲਜਾਇ ਰਹਯੋ ਮਨ ਮੈ ॥੨੧॥*
*ਦੋਹਰਾ ॥ ਸ੍ਰਾਪ ਦਿਯੈ ਤ੍ਰਿਯ ਕੌ ਬਹੁਰਿ ਜੋ ਤੈਂ ਕਿਯੋ ਚਰਿੱਤ੍ਰ ॥*
*ਤੈ ਪਾਹਨ ਕੀ ਚਾਰਿ ਜੁਗ ਹੋਹਿ ਸਿਲਾ ਅਪਵਿੱਤ੍ਰ ॥੨੨॥* (ਇਕ ਸੌ ਪੰਦ੍ਰਹਵੋਂ ਚਰਿਤ੍ਰ ਪੰਨਾ ੯੭੯)

ਸ਼ਹਿਰ : ਥਨੇਸਰ (ਇਕ ਸੌ ਸੋਲਹਵੋਂ ਚਰਿਤ੍ਰ ਪੰਨਾ ੯੭੯-੮੧)

ਪਾਤਰ : ਸੁੰਦ (ਦੈਂਤ) ਅਪਸੁੰਦ (ਦੈਂਤ) ਮਹਾਂ ਰੁਦ੍ਰ, ਦੇਵਤੇ ਬ੍ਰਹਮਾ ਤੇ ਬਿਸੁਕਰਮਾ

**ਥਨੇਸਰ ਚ ਉੱਗੇ ਦੋ ਦੈਂਤਾ ਦੀ ਕਹਾਣੀ ਪੜ੍ਹੋ ਜੀ :-** ਸੁੰਦ ਅਤੇ ਅਪਸੁੰਦ ਦੋ ਦੈਂਤਾਂ ਨੇ ਮਹਾਂ ਰੁਦ੍ਰ (ਸਿਵ ਜੀ) ਦੀ ਤੱਪਸਿਯਾ ਕਰ ਕੇ, ਕਿਸੇ ਕੋਲੋਂ ਭੀ ਨਾ ਮਰਨ ਦਾ ਵਰ ਪ੍ਰਾਪਤ ਕਰ ਕੇ ਲੋਕਾਂ ਨੂੰ ਸਤਾਣਾ ਸੁਰੂ ਕਰ ਦਿੱਤਾ। ਇਸ ਤੋਂ ਦੇਵਤੇ ਇਕੱਠੇ ਹੋ ਕੇ ਬ੍ਰਹਮਾ ਪਾਸ ਗਏ-ਉਸ ਨੇ ਬਿਸੁਕਰਮਾ (ਬਿਸ੍ਵਕਰਮਾ) ਨੂੰ ਸੱਦ ਕੇ ਕਿਹਾ ਕਿ ਇਕ ਖ਼ੂਬਸੂਰਤ ਕੁੜੀ ਬਣਾਓ । ਉਹ ਘਰ ਗਿਆ ਅਤੇ ਅੰਤਾਂ ਦੀ ਸੋਹਣੀ ਕੁੜੀ ਘੜ ਦਿੱਤੀ । ਜਿਹੜਾ ਭੀ ਓਹਦਾ ਰੂਪ

ਦੇਖਦਾ ਉਸੇ ਦਾ ਜਤ ਭੰਗ ਹੋ ਜਾਂਦਾ । ਲੈ ਕੇ ਸਿੱਖਿਆ ਆ ਪਹੁੰਚੀ ਸ਼ਹਿਰ ਥਨੇਸਰ-ਇਕ ਬਾਗ ਚ ਲਾਇਆ ਡੇਰਾ-ਦੇਖੀ ਦੋਨਾਂ ਦੈਂਤਾਂ ਨੇ-ਮਨ ਹੀ ਮਨ ਦੋਨਾਂ ਕੀਤਾ ਸ਼ਾਦੀ ਦਾ ਫੈਸਲਾ-ਉਹ ਕਹਿੰਦਾ ਮੈਂ ਇਸ ਨਾਲ ਸ਼ਾਦੀ ਕਰਾਂਗਾ-ਇਹ ਕਹਿੰਦਾ ਮੈਂ ਕਰਾਂਗਾ-ਸੁਰੂ ਹੋ ਗਈ ਮੈਂ ਮੈਂ-ਤੂੰ ਤੂੰ-ਬਜ ਗਏ ਲੜਾਈ ਦੇ ਬਿਗਲ-ਦੋਨਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ-ਪਹਿਲਾਂ ਬਾਣਾ (ਤੀਰ ਕਮਾਨ) ਨਾਲ ਲੜੇ-ਫੇਰ ਕੁਹਾੜੀਆਂ ਚਲੀਆਂ ਤੇ ਅੰਤ ਵਿੱਚ ਘਸੁੰਨ ਮੁੱਕੀਂ-ਦੇ ਲੱਤ ਤੇ ਲੱਤ-ਹੂਰੇ ਤੇ ਹੂਰਾ ਤੇ ਅਖੀਰ ਚ ਸਾਰੀ ਸੈਨਾ ਸਮੇਤ ਦੋਨੇ ਦੈਂਤ ਮਾਰੇ ਗਏ ।

*ਦੋਹਰਾ ॥ ਦੁਹੂੰ ਭ੍ਰਾਤ ਬਧ ਕੈ ਤ੍ਰਿਯਾ ਗਈ ਬ੍ਰਹਮ ਪੁਰ ਧਾਇ ॥*
*ਜੈ ਜੈਕਾਰ ਅਪਾਰ ਹੁਅ ਹਰਖੇ ਮਨ ਸੁਰਰਾਇ ॥੨੧॥* (ਇਕ ਸੌ ਸੋਲਹਵੇਂ ਚਰਿਤ੍ਰ ਪੰਨਾ ੯੮੧)

ਨੋਟ :- ਦੋ ਦੈਂਤਾਂ ਦਾ ਇਕ ਔਰਤ ਪਿੱਛੇ ਲੜ ਮਰਨ ਦਾ ਸਿੱਖ ਧਰਮ ਨਾਲ ਕੀ ਸਬੰਧ ? ਕੀ ਪੁਜਾਰੀ ਸ੍ਰੇਣੀ ਇਸ ਦਾ ਸਪੱਸਟੀਕਰਣ ਸਿੱਖ ਸੰਗਤ ਨੂੰ ਦਏਗੀ ? ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰਨ ਵਾਲਿਓ ਗੁਰੂ ਅਤੇ ਰੱਬ ਦੇ ਡਰ-ਭੈਅ ਵਿੱਚ ਰਹੋ ਉਸ ਦੀ ਲਾਠੀ ਦੀ ਕੋਈ ਆਵਾਜ਼ ਨਹੀਂ, ਚੇਤੇ ਰੱਖਿਓ !

ਪਾਤਰ : ਬਾਸਵ, ਸੁਕ੍ਰਾਚਾਰਜ, ਜੁਜਾਤਹਿ, ਬ੍ਰਹਸਪਤਿ, ਸਚਿਯਹਿ ਤੇ ਉਦਾਲਕ (ਇਕ ਸੌ ਸੱਤਰਹ ਚਰਿਤ੍ਰ ਪੰਨਾ ੯੮੧-੮੨)

ਦੈਂਤਾਂ ਨੇ ਜਦ ਤੁਮਲ ਜੁੱਧ ਕੀਤਾ ਤਾਂ ਦੇਵਰਾਜ ਡਰਦਾ ਘਰ ਨੂੰ ਦੌੜਿਆ ਤੇ ਕਮਲ ਨਾਭ ਵਿੱਚ ਛੁੱਪ ਗਿਆ। ਸਚਿਯਹਿ (ਅਪੱਛਰਾਂ) ਨੇ ਬੜਾ ਲੱਭਿਆ-ਹੋਰ ਸਭ ਦੇਵਤੇ ਉਸ ਨੂੰ ਲੱਭਣ ਲੱਗੇ ਪਰ ਕਿਤੇ ਨਾ ਲੱਭਾ-ਇਕੱਠੇ ਹੋ ਕੇ ਸਾਰ ਬ੍ਰਹਸਪਤਿ ਨੂੰ ਆਖਣ ਲੱਗੇ ਕਿ ਪਤਾ-ਨੀ-ਲੜਾਈ ਚ ਮਾਰਿਆ ਗਿਆ ਜਾਂ ਡਰਦਾ ਗੁਫ਼ਾ ਚ ਜਾ ਲੁਕਿਆ ਜਾਂ ਸ਼ਰਮ ਦਾ ਮਾਰਿਆ ਭੱਜ ਗਿਆ ਘਰ-ਨੀ-ਆਇਆ। ਸੁਕ੍ਰਾਚਾਰਜ ਕਹਿੰਦਾ ਬਈ ਰਾਜ ਭਾਗ ਜੁਜਾਤਹਿ ਨੂੰ ਦੇ ਦਿਓ।

ਜਦ ਉਸ ਨੇ ਰਾਜ ਪ੍ਰਾਪਤ ਕਰ ਲਿਆ ਤਾਂ ਸਚੀ (ਅਪੱਛਰਾਂ) ਦਾ ਰੂਪ ਦੇਖ ਕੇ ਲਲਚਾ ਗਿਆ ਕਹਿੰਦਾ ਅੱਜ ਤੋਂ ਤੂੰ ਮੇਰੀ ਜਿੰਦ ਜਾਨ ਹੈਂ-ਹੁਣ ਇੰਦਰ-ਨੀ-ਆਉਣ ਲੱਗਾ। ਉਹ ਰੋਂਦੀ ਹੋਈ ਕਹਿੰਦੀ ਕਿ ਮੇਰਾ ਪਤੀ ਪਰਦੇਸ ਗਿਆ ਹੈ ਜੇ ਤੂੰ ਮੇਰਾ ਸਤ ਭੰਗ ਕੀਤਾ ਤਾਂ ਮਹਾਂ ਨਰਕ ਚ ਪਏਂਗਾ। ਉਸ ਨੇ ਇਕ ਗੋਂਦ ਗੁੰਦੀ ਕਹਿੰਦੀ ਇਕ ਪਾਲਕੀ ਵਿੱਚ ਸਵਾਰ ਹੋ ਕੇ ਰਿਖੀਆਂ ਨੂੰ ਉਹਦੇ ਹੇਠਾਂ ਜੋੜੋ ਤੇ ਦੋੜਦੇ ਮੇਰੇ ਪਾਸ ਪਹੁੰਚੋ ਬਸ ਮੈਂ ਤੇਰੀ ਸਮਝੀਂ । ਪਾਲਕੀ ਮੰਗਾਈ ਗਈ ਰਿਖੀ ਜੋੜੇ ਗਏ ਜਿਹੜਾ ਥੱਕਦਾ ਓਹਦੇ ਕੋਰੜੇ ਪਏ । ਇਕ ਉਦਾਲਕ ਰਿਖੀ ਨੇ ਗੁੱਸਾ ਖਾ ਕੇ ਸ੍ਰਾਪ ਦੇ ਦਿੱਤਾ ।

*ਦੋਹਰਾ ॥ ਏਕ ਉਦਾਲਕ ਰਿਖਿ ਹੁਤੋ ਦਿਯੋ ਸ੍ਰਾਪ ਰਿਸਿ ਠਾਨਿ ॥*
*ਤਬ ਤੇਂ ਗਿਰਯੋ ਇੰਦ੍ਰੱਤੁ ਤੇ ਪਰਯੋ ਪ੍ਰਿਥੀ ਪਰ ਆਨ ॥੧੩॥*
*ਚੌਪਈ ॥ ਇਸੀ ਚਰਿੱਤ੍ਰ ਤੌਨ ਕੋ ਟਾਰਯੋ ॥ ਬਹੁਰਿ ਇੰਦ੍ਰ ਕੋ ਜਾਇ ਨਿਹਾਰਯੋ ॥*
*ਤਹ ਤੇ ਆਨਿ ਰਾਜੁ ਤਿਹ ਦਯੋ ॥ ਸੁਰਪੁਰ ਬਹੁਰ ਬਧਾਵੋ ਭਯੋ ॥੧੪॥*

(ਇਕ ਸੌ ਸੱਤਰਹ ਚਰਿਤ੍ਰ ਪੰਨਾ ੯੮੨)

ਨੋਟ :- ਜੇਕਰ ਕੋਈ ਗੈਰ, ਸਿੱਖ ਧਰਮ ਪੜ੍ਹਦਾ ਪੜ੍ਹਦਾ ਦਸਮ ਗ੍ਰੰਥ ਦਾ ਅਧਿਐਨ ਕਰਨ ਲੱਗੇ ਤਾਂ ਅਪਣੇ ਹੀ ਹੱਥੀਂ ਅਪਣੇ ਬਾਲ ਪੁੱਟਣ ਲੱਗ ਜਾਏਗਾ, ਪੁੱਛੋਗੇ ਕਿਉਂ ? ਕਿਉਂਕਿ ਧਰਮ ਕਰਮ ਬਾਰੇ ਉਸ ਦੇ ਕੱਖ ਪੱਲੇ ਨੀ ਪੈਣਾ ਹਾਂ ਕਾਮ-ਮਾਰਧਾੜ-ਚੋਰੀ ਤੇ ਕਤਲ ਕਰਨੇ ਜਰੂਰ ਸਿੱਖ ਜਾਏਗਾ ।

ਪਾਤਰ : ਪੱਛਿਮ ਦੇਵ (ਰਾਵ) ਤੇ ਮੰਤ੍ਰ ਕਲਾ (ਰਾਨੀ) (ਇਕ ਸੌ ਅਠਾਰਹ ਚਰਿਤ੍ਰ ਪੰਨਾ ੯੮੨-੮੩)

**ਪੁੱਤ ਮਾਰ ਕੇ ਯਾਰ ਦੇ ਵੱਸਣਾ ਇਸ਼ਕੇ ਦੀ ਭੁੱਖ ਬੁਰੀ :-** ਮੰਤ੍ਰ ਕਲਾ ਰਾਣੀ ਦਾ ਪਤੀ ਪੱਛਿਮ ਦੇਵ ਉਸ ਦਾ ਰੂਪ ਦੇਖ ਦੇਖ ਕੁਰਬਾਨ ਹੁੰਦਾ। ਉਹ ਜੋ ਕਹਿੰਦੀ ਮੂਰਖ ਓਹੀ ਕਰਦਾ। ਉਸ ਦੇ ਘਰ ਦੋ ਪੁੱਤ ਜੰਮੇਂ-ਸਮਾਂ ਪਾ ਕੇ ਰਾਜਾ ਮਰ ਗਿਆ। ਤਾਜ ਉਸ ਦੇ ਲੜਕੇ ਦੇ ਸਿਰ ਰੱਖ ਦਿੱਤਾ। ਰਾਣੀ ਨੇ ਇਕ ਸੁੰਦਰ ਪੁਰਖ ਦੇਖਿਆ-ਸਹੇਲੀ ਭੇਜ ਕੇ ਕੋਲ ਬੁਲਾਇਆ ਕਹਿੰਦੀ ਮੇਰੇ ਨਾਲ ਸੰਭੋਗ ਕਰੋ। ਉਹ ਕਹਿੰਦਾ ਪਹਿਲਾਂ ਤੂੰ ਅਪਣੇ ਦੋਨੇ ਪੁੱਤਰ ਕਤਲ ਕਰ ਤੇ ਉਨ੍ਹਾਂ ਦੇ ਸਿਰ ਝੋਲੀ ਰੱਖ ਕੇ ਬਜਾਰ ਵਿੱਚ ਭੀਖ ਮੰਗ ਫਿਰ ਮੈਂ ਤੇਰੇ ਨਾਲ ਸੰਭੋਗ ਕਰਾਂਗਾ। ਉਸ ਨੇ ਉਵੇਂ ਹੀ ਕੀਤਾ। ਦੋਨਾਂ ਪੁੱਤਾਂ ਨੂੰ ਦਾਰੂ ਪਿਲਾ ਕੇ ਸ਼ਰਾਬੀ ਕੀਤਾ ਤੇ ਫਿਰ ਕ੍ਰਿਪਾਨ ਨਾਲ ਸਿਰ ਧੜ ਤੋਂ ਵੱਖ ਕਰ ਕੇ ਝੋਲੀ ਪਾ ਕੇ ਬਜਾਰ ਵਿੱਚ ਭੀਖ ਮੰਗੀ। ਭੀਖ ਮੰਗ ਕੇ ਫਿਰ ਯਾਰ ਪਾਸ ਗਈ ਤੇ ਕਹਿੰਦੀ ਲੈ ਦੇਖ ਦੋਨਾਂ ਸੇ ਸਿਰ ਹੁਣ ਤੂੰ ਮੇਰੇ ਨਾਲ ਭੋਗ ਕਰ ।

*ਚੌਪਈ ॥ ਤਬ ਤਿਹ ਤ੍ਰਿਯਾ ਕਾਜ ਸੋਊ ਕਿਯੋ ॥ ਨਿਕਟ ਬੋਲਿ ਤਿਨ ਦੁਹੂੰਅਨ ਲਿਯੋ ॥*
*ਮਦਰਾ ਪਯਾਇ ਕੀਏ ਮਤਵਾਰੇ ॥ ਖੜਗ ਕਾਢਿ ਦੋਊ ਪੂਤ ਸੰਘਾਰੇ ॥੮॥*
*ਦੋਹਰਾ ॥ ਦੁਹੂੰ ਸੁਤਨ ਕੇ ਕਾਟ ਸਿਰ ਲਏ ਗੋਦ ਮੈ ਡਾਰਿ ॥*
*ਅਤਿਥ ਭੇਖ ਕੋ ਧਾਰਿ ਕਰਿ ਮਾਂਗੀ ਭੀਖ ਬਜਾਰ ॥੯॥* (ਇਕ ਸੌ ਅਠਾਰਹ ਚਰਿਤ੍ਰ ਪੰਨਾ ੯੮੨)

ਤੇ ਫਿਰ ਉਹੀ ਕੁੱਝ ਕੀਤਾ ਜੋ ਔਰਤ ਨੇ ਕਿਹਾ ।

ਨੋਟ :- ਇਹ ਕਹਾਣੀ ਸ਼ਾਈਦ ਔਰਤ ਲਈ ਖਾਸ ਸਿੱਖਿਆਦਾਇਕ ਜਾਣ ਕੇ ਦਸਮ ਗ੍ਰੰਥ ਨਾਮੀ ਪੁਸਤਕ ਦਾ ਸਿੰਗਾਰ ਬਣਾਈ ਗਈ ਹੈ ਕਿ ਕਿਵੇਂ ਅਪਣੀ ਸਰੀਰਕ ਕਾਮ ਭੁੱਖ ਨੂੰ ਮਿਟਾਣ ਲਈ ਅਪਣੇ ਪੁੱਤ ਕਤਲ ਕਰੀਦੇ ਹਨ ਤੇ ਫਿਰ ਕਿਵੇਂ ਉਨ੍ਹਾਂ ਨੂੰ ਝੋਲੀ ਪਾ ਕੇ ਭੀਖ ਮੰਗੀਦੀ ਹੈ । ਜਗਤ ਦੀਆਂ ਸਮੂਹ ਧੀਆਂ ਜੇਕਰ ਸਾਗ ਦੇ ਲਿਬੜੇ ਘੋਟਣੇ ਲੈ ਕੇ ਕਦੇ ਪੁੱਛ ਬੈਠਣ ਬਈ ਬੇਸ਼ਰਮੋ ਗੁਰੂ ਗੋਬਿੰਦ ਸਿੰਘ ਜੀ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਣਗੇ ? ਉਦੋਂ ਪੁਜਾਰੀਆਂ ਨੂੰ ਨੱਠਣ ਨੂੰ ਰਾਹ ਨਹੀਂ ਜੇ ਲੱਭਣਾ । ਖ਼ਬਰਦਾਰ – ਬਾ – ਹੋਸਿਆਰ !

## ਇਲਾਕਾ : ਤਿਰਹੁਤ ਪੁਰ (ਇਕ ਸੌ ਉਨੀਸਵੇਂ ਚਰਿਤ੍ਰ ਪੰਨਾ ੯੮੩-੮੫)

ਪਾਤਰ : ਜੰਤ੍ਰਕਲਾ (ਰਾਨੀ) ਤੇ ਰੁੱਦ੍ਰਕਲਾ (ਦੁਹਿਤਾ)

**ਮਿਤ੍ਰ ਨੂੰ ਭੈਣ ਬਣਾ ਕੇ ਇਸ਼ਕ ਕਰਨਾ ਸਿੱਖੋ :** ਤਿੰਨ ਲੋਕਾਂ ਵਿੱਚ ਮਸ਼ਹੂਰ ਤਿਰਹੁਤ ਦੇ ਤਿਰਹੁਤ ਪੁਰ ਪਿੰਡ ਦੀ ਜੰਤ੍ਰਕਲਾ ਰਾਣੀ ਦੀ ਧੀ ਰੁੱਦ੍ਰਕਲਾ ਦਾ ਜਦ ਬਚਪਨ ਬੀਤਿਆ ਅਤੇ ਜੁਆਨੀ ਨੇ ਦਸਤਕ ਕੀਤੀ ਤਾਂ ਉਸ ਨੇ ਸੰਬਰਾਤ੍ਰਿ ਨਾਂ ਦੇ ਸੁੰਦਰ ਨ੍ਰਿਪ ਨੂੰ ਦੇਖਿਆ ਅਤੇ ਸਹੇਲੀ ਭੇਜ ਕੇ ਘਰ ਬੁਲਾਇਆ ਤੇ ਅਨੇਕਾਂ ਢੰਗਾਂ ਨਾਲ ਭੋਗ ਕੀਤਾ :-

*ਅੜਿਲ ॥ ਭੇਜਿ ਸਹਚਰੀ ਤਾਹਿ ਬੁਲਾਯੋ ਨਿਜੁ ਸਦਨ ॥*
*ਕਾਮ ਭੋਗ ਤਿਹ ਸੰਗ ਕਰਯੋ ਤ੍ਰਿਯ ਛੋਰਿ ਮਨ ॥*
*ਭਾਂਤਿ ਭਾਂਤਿ ਕੈ ਆਸਨ ਲਏ ਸੁ ਧਾਰਿਕੈ ॥*
*ਹੋ ਚੁੰਬਨ ਲਿੰਗਨ ਕਿਯ ਮਤ ਕੋਕ ਬਿਚਾਰਕੈ ॥੪॥* (ਇਕ ਸੌ ਉਨੀਸਵੇਂ ਚਰਿਤ੍ਰ ਪੰਨਾ ੯੮੩)

ਤਦ ਅਚਾਨਕ ਜੰਤ੍ਰਕਲਾ ਦੀ ਮਾਂ ਆ ਗਈ। ਉਸ ਤੋਂ ਡਰਦੀ ਨੇ ਅਪਣਾ ਮਿੱਤ੍ਰ ਛੁਪਾ ਲਿਆ। ਓਸ ਨੇ ਬਾਲਸਫਾ ਤੁਰੰਤ ਮੰਗਵਾਇਆ-ਕੱਪੜੇ ਦੀ ਟਾਕੀ ਨਾਲ ਮਿਤ੍ਰ ਦੇ ਸਰੀਰ ਤੇ ਲਾਇਆ-ਜਦ ਸਾਰੇ ਸਰੀਰ ਦੇ ਕੇਸ ਦੂਰ ਹੋ ਗਏ ਤਾਂ ਰਾਜ ਕੁਮਾਰ ਔਰਤ ਜਿਹਾ ਲੱਗੇ :-

*ਚੌਪਈ ॥ ਕੇਸਾਂਤਕ ਤਿਨ ਤੁਰਤ ਮੰਗਾਯੋ ॥ ਲੀਪਿ ਸਮਸ ਤਾਕੀ ਸੋ ਲਾਯੋ ॥*
*ਤਬ ਸਭ ਕੇਸ ਦੂਰ ਹ੍ਵੈ ਗਏ ॥ ਰਾਜਕੁਮਾਰ ਤ੍ਰਿਯਾ ਸੇ ਭਏ ॥੬॥* (ਇਕ ਸੌ ਉਨੀਸਵੇਂ ਚਰਿਤ੍ਰ ਪੰਨਾ ੯੮੩)

ਨੋਟ :- ਕੀ ਸਿੱਖ ਧਰਮ ਵਿੱਚ ਬਾਲ ਸਫਾ (ਕੇਸਾਂਤਕ) ਲਗਾ ਕੇ ਬਾਲ ਸਾਫ ਕਰਨ ਦੀ ਛੂਟ ਹੈ ? ਇਸ ਪ੍ਰਸਨ ਦਾ ਉੱਤਰ ਸਾਡੇ ਪੰਜਾਂ ਤਖ਼ਤਾਂ ਤੇ ਸੁਸੋਭਿਤ ਵੱਡੇ ਪੁਜਾਰੀ ਦੇਣ ਦੇ ਸਮਰੱਥ ਹਨ। ਜਿਥੋਂ ਤੱਕ ਮੇਰੀ ਸੋਚ ਦੌੜਦੀ ਹੈ ਉਹ ਇਹ ਕਿ ਰੋਮਾਂ ਦੀ (ਕੇਸਾਂ) ਬੇਅਦਬੀ (ਭਾਵੇਂ ਕਿਸੇ ਭੀ ਰੂਪ ਵਿੱਚ ਹੋਏ) ਕਰਨ ਵਾਲਾ ਗੁਰੂ ਦਾ ਸਿੱਖ ਨਹੀਂ। ਇਸ ਮਹਾਂ ਗੰਦੀ ਪੁਸਤਕ ਦੁਆਰਾ ਤੁਸੀਂ ਕੀ ਸਿੱਧ ਕਰਨਾ ਚਾਹੁੰਦੇ ਹੋ ਕਿ ਗੁਰੂ ਗੋਬਿੰਦ ਸਿੰਘ ਜੀ ਕਰਨੀ ਤੇ ਕਥਨੀ ਵਿੱਚ ਫ਼ਰਕ ਰੱਖਦੇ ਸਨ ?

ਮਿਤ੍ਰ ਨੂੰ ਨਾਰ ਦਾ ਭੇਖ ਧਾਰਣ ਕਰਵਾ ਦੇਣ ਤੋਂ ਬਾਦ ਚਲ ਕੇ ਅਪਣੀ ਮਾਂ ਕੋਲ ਆਈ ਕਹਿੰਦੀ ਇਹ ਮੇਰੀ ਧਰਮ ਭੈਣ ਹੈ, ਭੈਣ ਜਾਣ ਕੇ ਰਾਜੇ ਕੋਲੋਂ ਬਹੁਤਾ ਧੰਨ ਦਿਵਾਇਆ ਤੇ ਵਡਿਆਈ ਕਰਵਾਈ । ਜੰਤ੍ਰਕਲਾ ਕਹਿੰਦੀ ਅਪਣੇ ਪਿਓ ਨੂੰ ਕਿ ਮੈਂ ਅਪਣੀ ਧਰਮ ਭੈਣ ਨੂੰ ਬਨ ਉਪਬਨ ਦਿਖਾ ਦੇਵਾਂ। ਉਸ ਨੂੰ ਅਪਣੇ ਨਾਲ ਪਾਲਕੀ ਤੇ ਚੜਾਇਆ ਤੇ ਫੇਰ :-

*ਬੀਚ ਬਜਾਰ ਪਾਲਕੀ ਗਈ ॥ ਪਰਦਨ ਪਾਂਤਿ ਛੋਰਿਕੈ ਦਈ ॥*
*ਤੇ ਕਾਹੂ ਕੌ ਦ੍ਰਿਸਟਿ ਨ ਆਵੈਂ ॥ ਕੇਲ ਕਮਾਤ ਚਲੇ ਦੋਊ ਜਾਵੈਂ ॥੧੬॥*
*ਮਨ ਭਾਵਤ ਕੋ ਭੋਗ ਕਮਾਏ ॥ ਦਿਨ ਬਜਾਰ ਮਹਿ ਕਿਨੂੰ ਨ ਪਾਏ ॥*
*ਅਸਟ ਕਹਾਰਨ ਕੇ ਕੰਧ ਊਪਰ ॥ ਜਾਂਘੈ ਲਈ ਮੀਤ ਭੁਜ ਦੂਪਰ ॥੧੭॥*
*ਜਯੋਂ ਜਯੋਂ ਚਲੀ ਪਾਲਕੀ ਜਾਵੈ ॥ ਤਯੋਂ ਪ੍ਰੀਤਮ ਟਟਕੇ ਚਟਕਾਵੈ ॥*
*ਲਹੈਂ ਕਹਾਰ ਪਾਲਕੀ ਚਰਕੈ ॥ ਤਯੋਂ ਤਯੋਂ ਗਹੈ ਕੰਧ ਦ੍ਰਿੜ੍ਹ ਕਰਿ ਕੈ ॥੧੮॥*
(ਇਕ ਸੌ ਉਨੀਸਵੇਂ ਚਰਿਤ੍ਰ ਪੰਨਾ ੯੮੪)

ਪਾਲਕੀ ਬਨ ਵਿੱਚ ਰੱਖੀ-ਫਿਰ ਪ੍ਰੇਮ ਲੀਲਾ ਕੀਤੀ-ਪਿਓ ਵਾਸਤੇ ਇਕ ਚਿੱਠੀ ਲਿਖੀ ਕਿ ਮੈਂ ਮਨ ਭਾਉਂਦਾ ਖਸਮ ਲੱਭ ਲਿਆ ਹੈ ਤੇ ਤੁਸੀਂ ਸੁਖੀ ਵਸੋ :-

*ਦੋਹਰਾ ॥ ਦੇਸ ਸੁਖੀ ਤੁਮਰੋ ਬਸੋ ਸੁਖੀ ਰਹਹੁ ਤੁਮ ਤਾਤ ॥*
*ਸੁਖੀ ਦੋਊ ਹਮਹੂੰ ਬਸੈਂ ਚਿਰ ਜੀਵੋ ਤੁਮ ਮਾਤ ॥੨੩॥* (ਇਕ ਸੌ ਉਨੀਸਵੇਂ ਚਰਿਤ੍ਰ ਪੰਨਾ ੯੮੪)

ਨੋਟ :- ਇਹ ਦਸਮ ਗ੍ਰੰਥ ਹੈ ਜੀ ਜੋ ਸਾਨੂੰ ਸਿੱਖਿਆ ਦੇਂਦਾ ਹੈ ਕਿ ਮਿਤ੍ਰ ਨੂੰ ਭੈਣ ਬਣਾ ਕੇ ਕਿਵੇਂ ਸੰਭੋਗ ਕਰੀਦਾ ਹੈ ਅਤੇ ਬਾਲਸਫ਼ੇ ਦਾ ਇਸਤੇਮਾਲ ਕਿਵੇਂ ਕਰੀਦਾ ਹੈ । ਧੰਨ ਹਨ ਉਹ ਸਾਧ-ਸੰਤ-ਪ੍ਰਚਾਰਕ-ਮਹਾਨ ਕੀਰਤਨੀਏ-ਕਥਾਕਾਰ-ਸਿਆਸੀ ਬੰਦੇ ਤੇ ਜਥੇਬੰਦੀਆਂ ਤੇ ਜਥੇਬੰਦਕ ਢਾਂਚੇ ਜੋ ਇਸ ਮਹਾਂ ਗੰਦੀ ਕਿਤਾਬ ਨੂੰ ਨਮਸਕਾਰਾਂ ਕਰਦੇ ਹਨ ਅਤੇ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ ਕਰਨ ਦਾ ਮੰਦਾ ਕਰਮ ਕਰਦੇ ਹਨ ।

ਪਾਤਰ : ਸ਼ਿਵ, ਸੁੰਭ, ਨਿਸੁੰਭ, ਰਕਤਬੀਜ, ਜਾਲਾਛਨ, ਇੰਦਰ ਤੇ ਬ੍ਰਿੰਦਾ (ਇਕ ਸੌ ਬੀਸਵੋਂ ਚਰਿਤ੍ਰ ਪੰਨਾ ੯੮੫-੮੭)

**ਜਲੰਧਰ ਦੈਂਤ ਨੇ ਦੇਵਤੇ ਭਜਾਏ :** ਇਕ ਦਿਨ ਇੰਦਰ ਸਿਵ ਦੇ ਘਰ ਗਿਆ ਉਸ ਨੂੰ ਰੋਣਹਾਕਾ ਦੇਖ ਕੇ ਲੱਗਿਆ ਚਿੰਤਾ ਕਰਨ। ਉਸ ਨੇ ਚੰਗੀ ਤਰ੍ਹਾਂ ਸਿਵ ਨੂੰ ਨਿਹਾਰਿਆ ਤਾਂ ਬੜਾ ਗੁੱਸਾ ਖਾ ਕੇ ਉਸ ਨੇ ਅਪਣੇ ਮੂੰਹ ਤੋਂ **ਜ੍ਵਾਲ (ਅੱਗ) ਕੱਢੀ ਜੋ ਤਿੰਨ ਭਵਨਾਂ (ਲੋਕਾਂ) ਚ ਫੈਲ ਗਈ ਤੇ ਤਿੰਨੇ ਲੋਕ ਸੜ੍ਹ ਕੇ ਸੁਆਹ ਹੋ ਗਏ । ਦੇਵਤੇ ਤੇ ਦੈਂਤ ਡਰ ਕੇ ਸਿਵ ਪਾਸ ਗਏ-ਸਿਵ ਨੇ ਗੁੱਸਾ ਥੁੱਕ ਕੇ ਅੱਗ ਸਮੁੰਦਰ ਵਿੱਚ ਸੁੱਟ ਦਿੱਤੀ। ਅੱਗ ਦਾ ਤੇਜ ਇਕ ਥਾਂ ਇਕੱਠਾ ਹੋ ਜਾਣ ਤੇ ਜਲੰਧਰ ਦੈਂਤ ਪ੍ਰਗਟ ਹੋਗਿਆ ।**

*ਮਹਾਂ ਰੁਦ੍ਰ ਤਬ ਕੋਪ ਨਿਵਾਰਯੋ ॥ ਬਾਰਿਧ ਮੈ ਪਾਵਕ ਕੋ ਡਾਰਯੋ ॥*
*ਸਕਲ ਭੇਜ ਇਕੱਠੇ ਹ੍ਵੈ ਗਯੋ ॥ ਤਾਤੇ ਦੈਤ ਜਲੰਧਰ ਭਯੋ ॥੪॥* (ਇਕ ਸੌ ਬੀਸਵੋਂ ਚਰਿਤ੍ਰ ਪੰਨਾ ੯੮੫)

ਉਸ ਨੇ ਬ੍ਰਿੰਦਾ ਨਾਂ ਦੀ ਔਰਤ ਨਾਲ ਸ਼ਾਦੀ ਕੀਤੀ ਜੋ ਬਹੁਤ ਪਤੀ ਬਰਤਾ ਸੀ। ਉਸ ਦੀ ਕ੍ਰਿਪਾ ਨਾਲ ਉਹ ਰਾਜ ਕਰਦਾ। ਜਲੰਧਰ ਦੈਂਤ ਨੇ ਦੇਵਤੇ ਤੇ ਦੈਂਤ ਜਿੱਤ ਲਏ ਤੇ ਚੌਦਾਂ ਲੋਕਾਂ ਨੂੰ ਭੀ ਅਪਣੇ ਬਸ ਵਿੱਚ ਕਰ ਲਿਆ । ਉਸ ਨੇ ਸ਼ੇਸ ਅਲਿਕੇਸ ਤੇ ਬਿਸ਼ਨ ਪੁਰੀਆਂ ਨੂੰ ਵੀ ਨਹੀਂ ਬਖਸਿਆ ਉਹ ਰੁਦ੍ਰ ਦੀ ਪਤਨੀ (ਪਾਰਬਤੀ) ਨੂੰ ਦੇਖ ਕੇ ਰੀਝ ਗਿਆ ਕਹਿੰਦਾ ਇਹ ਤੂੰ ਮੈਨੂੰ ਦੇ ਦੇ । ਇੰਦਰ ਕਹਿੰਦਾ ਕਿ ਲੋਕੀਂ ਧੀਆਂ ਭੈਣਾਂ ਤਾਂ ਬੇਦ ਦੇ ਵਿਧਾਨ ਅਨੁਸਾਰ ਦੇਂਦੇ ਹਨ ਪਰ ਔਰਤ ਕਿਸੇ ਨੇ ਨਹੀਂ ਦਿੱਤੀ ।

*ਚੌਪਈ ॥ ਤ੍ਰਿਯ ਕੋ ਰੂਪ ਨਿਰਖਿ ਲਲਚਾਯੋ ॥ ਚਤੁਰ ਦੂਤ ਤਿਹ ਤੀਰ ਪਠਾਯੋ ॥*
*ਮੋਕਹ ਰੁਦ੍ਰ ਪਾਰਬਤੀ ਦੀਜੈ ॥ ਨਾ ਤਰ ਮੀਚ ਮੂੰਡ ਪਰ ਲੀਜੈ ॥੮॥*
*ਮਹਾਂਰੁਦ੍ਰ ਬਾਚ ॥ ਦੋਹਰਾ॥ ਦੁਹਿਤਾ ਭਗਨੀ ਦੀਜਿਯਤ ਬੇਦ ਬਿਧਾਨ ਬਨਾਇ ॥*
*ਅਬ ਲੋ ਕਿਸੂੰ ਨ ਤ੍ਰਿਯ ਦਈ ਸੁਨੁ ਅਸੁਰਨ ਕੇ ਰਾਇ ॥੯॥* (ਇਕ ਸੌ ਬੀਸਵੋਂ ਚਰਿਤ੍ਰ ਪੰਨਾ ੯੮੫)

ਜਲੰਧਰ ਦੈਂਤ ਨੇ ਖਾ ਕੇ ਗੁੱਸਾ-ਕੀਤੀ ਸੈਨਾ ਇਕੱਠੀ-ਸੁੰਭ ਨਿਸੁੰਭ ਰਕਤਬੀਜ ਤੇ ਜ੍ਵਾਲਾਛਨ ਦੈਂਤਾਂ ਨੂੰ ਭੀ ਫੋਜ ਸਮੇਤ ਸੱਦਿਆ-ਦੈਂਤ ਪੂਰਾ ਗੁੱਸਾ ਖਾ ਕੇ ਹਥਿਆਰਾਂ ਨਾਲ ਗਰਜੇ-ਸਿਵ ਭੀ ਘੱਟ ਨਹੀਂ ਬਜਾ ਕੇ ਡੌਰੂ ਖਾਧਾ ਗੁੱਸਾ-ਇੰਦਰ ਆਇਆ ਮਦਦ ਲਈ-ਦੋਨਾਂ ਪਾਸਿਆਂ ਤੋਂ ਕਚੀਚੀਆਂ ਵੱਟ ਵੱਟ ਘਮਸਾਣ ਦਾ ਜੁੱਧ-ਦੇਵਤਿਆਂ ਦੀ ਹਾਰ ਤੇ ਦੈਂਤਾਂ ਦੀ ਜਿੱਤ-ਬਿਸ਼ਨਜੂ (ਵਿਸ਼ਨੂੰ) ਨੇ ਖੇਡਿਆ ਪੈਂਤਰਾ-ਧਾਰਿਆ ਦੈਂਤ ਦਾ ਭੇਸ ਜਾ ਪਹੁੰਚਿਆ ਬ੍ਰਿੰਦਾ ਦੇ ਪਾਸ। ਉਹ ਅਪਣੇ ਪਤੀ ਨੂੰ ਦੇਖ ਕੇ ਰੀਝ ਗਈ ਤੇ ਉਸ ਨਾਲ ਸਰੀਰਕ ਸਾਂਝ ਕੀਤੀ ।

*ਚੌਪਈ ॥ ਬ੍ਰਿੰਦਾ ਕੋ ਪ੍ਰਥਮੈ ਸਤ ਟਾਰਯੋ ॥ ਤਾ ਪਾਛੈ ਜਲੰਧਰ ਮਾਰਯੋ ॥*
*ਬਹੁਰੋ ਰਾਜ ਆਪਨੋ ਲਿਯੋ ॥ ਸੁਰ ਪੁਰ ਮਾਂਝ ਬਧਾਵੋ ਕਿਯੋ ॥੨੯॥*
*ਦੋਹਰਾ ॥ ਇਹ ਚਰਿੱਤ੍ਰ ਸੌ ਬਿਸ਼ਨ ਜੁ ਬ੍ਰਿੰਦਾ ਕੋ ਸਤ ਟਾਰਿ ॥*
*ਆਨਿ ਰਾਜ ਅਪਨੋ ਲਯੋ ਜਾਲੰਧਰ ਕਹ ਮਾਰਿ ॥੩੦॥* (ਇਕ ਸੌ ਬੀਸਵੋਂ ਚਰਿਤ੍ਰ ਪੰਨਾ ੯੮੭)

ਨੋਟ :- ਇਸ ਨੂੰ ਬਿਸ਼ਨ (ਬਿਸਨੂੰ) ਦਾ ਚਰਿਤ੍ਰ ਤਾਂ ਕਿਹਾ ਜਾ ਸਕਦਾ ਹੈ ਪਰ ਔਰਤ ਦਾ ਨਹੀਂ ਸ਼ਾਈਦ ਸਾਡੇ ਪੁਜਾਰੀ ਸੰਤ ਸਾਧ ਵਿਸਨੂੰ ਨੂੰ ਔਰਤ ਹੀ ਸਮਝਦੇ ਹੋਣ । ਗੁਰੂ ਜੀ ਨੂੰ ਅਜਿਹੀ ਗੰਦੀ ਸਿੱਖਿਆ ਦੇਣ ਦੀ ਭਲਾਂ ਕੀ ਲੋੜ ਸੀ ਬਈ ਜੇ ਜੰਗੇ ਮੈਦਾਨ ਵਿੱਚ ਗਿੱਦੜਾਂ ਦੀ ਤਰ੍ਹਾਂ ਹਾਰ ਖਾ ਕੇ ਭੱਜ ਜਾਓ ਤਾਂ ਭੇਸ ਵਟਾ ਕੇ ਦੁਸਮਣ ਦੀ ਔਰਤ ਨਾਲ ਜਾ ਕੁਕਰਮ ਕਰੋ । ਕੀ ਇਸੇ ਦਾ ਨਾਂ ਦਸਮ ਗ੍ਰੰਥ ਹੈ ਤੇ ਇਸੇ ਨੂੰ ਗੁਰਸਿੱਖੀ ਕਹਿੰਦੇ ਹਨ ?

## ਜਹਾਂਗੀਰ ਪੜ੍ਹੋ

(ਇਕ ਸੌ ਇਕੀਸਵੋਂ ਚਰਿਤ੍ਰ ਪੰਨਾ ੯੮੭)

ਪਾਤਰ : ਜਹਾਂਗੀਰ ਔਰਤ ਤੇ ਨਰ

ਜਹਾਂਗੀਰ ਦੇ ਰਾਜ ਸਮੇਂ ਇਕ ਔਰਤ ਹਰ ਰੋਜ ਬੁਰਕਾ ਪਹਿਨ ਲੋਕਾਂ ਦੇ ਖੀਸੇ ਕੱਟਦੀ । ਅਪਣੀ ਸੂਰਤ ਕਿਸੇ ਨੂੰ ਨਾ ਦਿਖਾਉਂਦੀ । ਇਸ ਦਾ ਭੇਦ ਇਕ ਬੰਦੇ ਨੂੰ ਲੱਗਾ-ਲਈ ਹੱਥ ਜੁੱਤੀ ਤੇ ਖੜਕਾ ਦਿੱਤੀ ਔਰਤ ਤੇ ਕਹਿੰਦਾ ਪਰਦਾ ਛੱਡ ਕੇ ਕਿਉਂ ਆਈ ਵਿਚਾਰੀ ਜੁੱਤੀਆਂ ਮਾਰ ਮਾਰ ਕਮਲੀ ਕਰ ਛੱਡੀ ।

*ਪਨਹੀ ਹਾਥ ਆਪਨੇ ਲਈ ॥ ਅਧਿਕ ਮਾਰਿ ਤਾ ਤ੍ਰਿਯ ਕੌ ਦਈ ॥*
*ਸਤਰ ਛੋਰਿ ਆਈ ਕਯੋਂ ਚਾਰੀ ॥ ਜੂਤਿਨ ਸੌ ਕਮਰੀ ਕਰਿ ਡਾਰੀ ॥੩॥*

(ਇਕ ਸੌ ਇਕੀਸਵੋਂ ਚਰਿਤ੍ਰ ਪੰਨਾ ੯੮੭)

ਉਸ ਨੂੰ ਕੁੱਟਣ ਬਾਦ ਗਹਿਣੇ ਉਤਾਰ ਲਏ ਤੇ ਬੜੀ ਲਾਹ-ਪਾਹ ਕੀਤੀ ਲੋਕਾਂ ਸਮਝਿਆ ਕਿ ਇਹ ਅਪਣੀ ਔਰਤ ਨੂੰ ਕੁੱਟ ਰਿਹਾ ਹੈ ਜੋ ਬਿਨਾਂ ਦੱਸੇ ਘਰੋਂ ਆ ਗਈ। ਜਦ ਔਰਤ ਨੂੰ ਮਾਰ ਖਾ ਕੇ ਸੁਰਤ ਆਈ ਉਦੋਂ ਤੱਕ ਉਹ ਭੱਜ ਗਿਆ। ਨੋਟ :- ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਅਪਣੀ ਔਰਤ ਨੂੰ ਜੁੱਤੀ ਨਾਲ ਕੁੱਟ ਕੁੱਟ ਕੇ ਝੱਲੀ ਕਰ ਛੱਡੋ। ਕੀ ਤੁਸੀਂ ਭੀ ਇਹ ਕੁਕਰਮ ਕਰੋਗੇ? ਤੁਹਾਡੇ ਵਲੋਂ ਦਿੱਤੀ ਦਸਮ ਗ੍ਰੰਥ ਨੂੰ ਮਾਨਤਾ ਇਹ ਸਿੱਧ ਕਰ ਦੇਵੇਗੀ ਕਿ ਤਹੁਾਡੇ ਹਿਰਦੇ ਔਰਤ ਪ੍ਰਤੀ ਅਤੀ ਕਠੋਰ ਹਨ ਅਤੇ ਮਾਂ ਭੈਣ ਤੇ ਧੀ ਦੀ ਇੱਜਤ ਕਰਨੀ ਹੀ ਨਹੀਂ ਜਾਣਦੇ। ਗੁੱਸਾ ਲੱਗੇ ਤਾਂ ਠੰਢੇ ਮਨ ਦਸਮ ਗ੍ਰੰਥ ਨਾਮੀ ਗੰਦੀ ਪੁਸਤਕ ਪੜ੍ਹਨੀ ਨਹੀਂ ਭੁੱਲਣਾ। ਹਾਂ ਸਾਡੇ ਵੱਡੇ ਸੰਤ ਸਾਧ ਜੋ ਦਸਮ ਗ੍ਰੰਥ ਦਾ ਸਰੂਪ ਦੇਖ ਦੇਖ ਬਾਗ ਬਾਗ ਹੋ ਰਹੇ ਹਨ ਉਨ੍ਹਾਂ ਕੋਲ ਔਰਤ ਸਬਦ ਇਕ ਖਿਡਾਉਣਾ ਹੈ ਪਵਿਤ੍ਰ ਰਿਸਤਾ ਨਹੀਂ-ਝੂਠ ਲੱਗੇ ਤੇ ਵੱਡੇ ਅਖਬਾਰਾਂ ਦੀਆਂ ਵੱਡੀਆਂ ਸੁਰਖੀਆਂ ਪੜ੍ਹਨਾ ਜੀ।

## ਇਲਾਕਾ : ਕਹਿਲੂਰ

(ਇਕ ਸੌ ਬਾਈਸਵੋਂ ਚਰਿਤ੍ਰ ਪੰਨਾ ੯੮੭-੮੯)

ਪਾਤਰ : ਅਭੈ ਸਾਂਢ (ਰਾਜਾ), ਖਾਨ ਤਤਾਰ, ਛਜੂ ਖਾਨ ਤੇ ਗਜੂ ਖਾਨ

ਕਹਿਲੂਰ ਦੇ ਰਾਜੇ ਅਭੈ ਸਾਂਢ ਤੇ ਖਾਨਾ ਚੜ੍ਹਾਈ ਕਰ ਦਿੱਤੀ। ਅਨੇਕਾਂ ਰਾਜਿਆਂ ਨੂੰ ਮਾਰ ਮੁਕਾਇਆ। ਹਾਰ ਖਾ ਕੇ ਰਾਜਿਆਂ ਬਣਾਈ ਸਕੀਮ-ਛੱਜੂ ਤੇ ਗਜੂ ਨਾਂ ਦੇ ਦੋ ਪਠਾਣਾ ਨੂੰ ਸੱਦਿਆ। ਸਿਖੇ ਸਿਖਾਏ ਕਬੂਤਰ ਤੋਂ ਪਰਦੇ ਵਿੱਚ ਕਹਿਲਵਾ ਦਿੱਤਾ ਬਈ ਜੋ ਰਾਜੇ ਦਾ ਬੁਰਾ ਕਰੇਗਾ ਉਸ ਨੂੰ ਪਾਪ ਲੱਗੇਗਾ। ਪਠਾਣਾ ਇਹ ਗੱਲ ਅਪਣੇ ਰਾਜੇ ਨੂੰ ਜਾ ਦੱਸੀ। ਉਹ ਦੇਖਣ ਆਇਆ ਤਾਂ ਧੋਖੇ ਨਾਲ ਉਸ ਨੂੰ ਕੈਦ ਕਰ ਲਿਆ-ਬਸ ਸੁਰੂ ਹੋ ਗਈ ਮੁੜ ਮਾਰ ਧਾੜ-ਕਤਲੋ ਗੈਰਤ। ਜੰਗ ਦੇ ਚੰਗੇ ਸੀਨ ਬੰਨ੍ਹਦਿਆਂ ਕਵੀ ਸਯਾਮ ਅਪਣੀ ਕਾਵਿ ਕਲਾ ਦੇ ਜੋਹਰ ਦਿਖਾਉਂਦਾ ਔਰਤ ਨੂੰ ਰਣ ਤੱਤੇ ਚ ਉਤਾਰਦਾ ਹੈ ਅਤੇ ਜਿਤਾਉਂਦਾ ਹੋਇਆ ਵਾਹ ਵਾਹ ਕਰਦਾ ਹੈ ਜੇ ਝੂਠ ਸਮਝੋ ਤਾਂ ਕਵੀ ਸਯਾਮ ਖੁਦ ਤੁਹਾਡੇ ਅੱਗੇ ਹਾਜ਼ਰ ਹੈ ਉਸ ਤੋਂ ਹੀ ਪੁੱਛੋ :-

*ਦੋਹਰਾ ॥ ਸ਼ਤ੍ਰੁਨ ਸੌ ਬਾਲਾ ਲਰੀ ਪ੍ਰੀਤਿ ਪਿਯਾ ਕੀ ਮਾਨਿ ॥*
*ਨਿਜੁ ਪਤਿ ਕੋ ਪਾਵਤ ਭਈ ਸੁਰ ਪੁਰ ਕਿਯੋ ਪਯਾਨ ॥੨੦॥*
*ਪ੍ਰੀਤਿ ਪਿਯਾ ਕੀ ਜੇ ਲਰੀ ਧੰਨਿ ਧੰਨਿ ਤੇ ਨਾਰਿ ॥*
*ਪੂਰਿ ਰਹਯੋ ਜਸੁ ਜਗਤ ਮੈ ਸੁਰ ਪੁਰ ਬਸੀ ਸੁਧਾਰਿ ॥੨੧॥*
*ਜੂਝਿ ਮਰੀ ਪਿਯ ਪੀਰ ਤ੍ਰਿਯ ਤਨਿਕ ਨ ਮੋਰਯੋ ਅੰਗ ॥*
*ਸੁ ਕਬਿ ਸਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੨੨॥*

ਨੋਟ :- ਕਵੀ ਸਯਾਮ ਅਪਣੇ ਦੁਆਰਾ ਸੁਰੂ ਕੀਤੇ ਪ੍ਰਸੰਗ ਦੇ ਪੂਰਨ ਹੋ ਜਾਣ ਦੀ ਪੁਸਟੀ ਕਰਦਾ ਹੈ ਜਿਵੇਂ ਇਸ ਤੋਂ ਪਹਿਲਾਂ ਕਵੀ ਰਾਮ ਅਪਣੇ ਪਹਿਲੇ ਪ੍ਰਸੰਗ ਦੀ ਸਮਾਪਤੀ ਅਤੇ ਨਵੇਂ ਪ੍ਰਸੰਗ ਦੇ ਸੁਰੂ ਹੋਣ ਬਾਰੇ ਦੱਸਦਾ ਹੈ। ਕਈ ਕਈ ਕਹਾਣੀਆਂ ਦਾ ਇਕ ਇਕ ਪ੍ਰਸੰਗ ਹੈ ਜਾਂ ਇਉਂ ਕਹੀਏ ਕਿ ਇਕ ਪ੍ਰਸੰਗ ਵਿੱਚ ਅਨੇਕਾਂ ਕਾਵਿ ਰਚਨਾਵਾਂ ਹਨ। ਪਤਾ ਨਹੀਂ ਸਾਡੇ ਮਹਾਨ ਅਖਵਾਉਂਦੇ ਮਨੁੱਖ ਕਿਸ ਮਜਬੂਰੀ ਵੱਸ ਕਵੀ ਸਯਾਮ ਨੂੰ ਨਹੀਂ ਦੇਖ ਰਹੇ। ਕਈ ਸੁਜਾਖੇ ਹੁੰਦੇ ਹੋਇਆਂ ਭੀ ਹਯਾ ਦੇ ਅੰਨ੍ਹੇ ਹੋ ਜਾਇਆ ਕਰਦੇ ਹਨ। ਕਿਤੇ ਇਹ ਭਿਆਨਕ ਰੋਗ ਇਨ੍ਹਾਂ ਨੂੰ ਤਾਂ ਨਹੀਂ ਚਿੰਬੜ ਗਿਆ ਜਿਹੜੇ ਕਵੀ ਸਯਾਮ ਨੂੰ ਗੁਰੂ ਗੋਬਿੰਦ ਸਿੰਘ ਹੀ ਦੱਸੀਂ ਜਾ ਰਹੇ ਹਨ।

## ਸਮੁੰਦਰ ਰਿੜਕਿਆ ਗਿਆ

(ਇਕ ਸੌ ਤੇਈਸਵੋਂ ਚਰਿਤ੍ਰ ਪੰਨਾ ੯੮੯-੯੧)

ਪਾਤਰ : ਦੇਵਤੇ, ਦੈਂਤ, ਸ਼ੁਕ੍ਰਾ ਚਾਰਜ, ਸੁੰਭ (ਦੈਂਤ), ਨੈਸੁੰਭ (ਦੈਂਤ), ਬਿੜਾਲਾਛ (ਦੈਂਤ), ਜ੍ਵਾਲਾਛ (ਦੈਂਤ) ਤੇ ਧੂਮ੍ਰਾਛ (ਦੈਂਤ)

ਦੇਵਤਿਆਂ ਅਤੇ ਦੈਂਤਾਂ ਨੇ ਮਿਲ ਕੇ ਸਮੁੰਦਰ ਰਿੜਕਿਆ। ਜਦ ਚੌਦਾਂ ਰਤਨ ਕੱਢੇ ਤਾਂ ਦੈਂਤ ਗੁੱਸਾ ਚਾੜ੍ਹ ਕੇ ਕਹਿੰਦੇ ਚੌਦਾਂ ਦੇ ਚੌਦਾਂ ਰਤਨ ਅਸੀਂ ਲੈਣੇ ਹਨ ਦੇਵਤਿਆਂ ਨੂੰ ਭੋਰਾ-ਨੀ-ਦੇਣੇ। ਉਨ੍ਹਾਂ ਨੇ ਦੇਵਤਿਆਂ ਤੇ ਚੜ੍ਹਾਈ ਕਰ ਦਿੱਤੀ। ਬੜਾ ਘਮਸਾਣ ਦਾ ਜੰਗ ਹੋਇਆ (ਕਵੀ ਦੀ ਕਲਮ ਤੋਂ)। ਬੜੀ ਕਟਾ-ਬਢੀ ਹੋਈ ਅਨੇਕਾਂ ਮਰੇ ਤੇ ਅਨੇਕਾਂ ਜਖ਼ਮੀ-ਸ਼ੁਕ੍ਰਾਚਾਰਜ ਨੇ ਭੀ ਖਾਧਾ ਗੁੱਸਾ-ਬੜੇ ਤੀਰ ਛੱਡੇ-ਬੜੇ ਮੰਤ੍ਰ ਮਾਰੇ-ਜੰਤ੍ਰ ਲਿਖ ਲਿਖ ਕੇ ਤੇ ਤੰਤ੍ਰਾਂ ਨਾਲ ਜੰਗ ਫ਼ਤਹਿ ਕਰਨੀ ਚਾਹੀ ਪਰ ਦੈਂਤ ਟੱਸ ਤੋਂ ਮਸ ਨਾ ਹੋਏ। ਸੁੰਭ, ਨੈਸੁੰਭ, ਬਿੜਾਲਾਛ, ਜ੍ਵਾਲਾਛ ਤੇ ਧੂਮ੍ਰਾਛ ਦੈਂਤਾਂ ਨੇ ਚੰਗੇ ਹੱਥ ਦਿਖਾਏ (ਦੇਵਤੇ ਤੇ ਦੈਂਤਾਂ ਦੀ ਲੜਾਈ ਵਿੱਚ ਇਨ੍ਹਾਂ ਦੈਂਤਾਂ ਦਾ ਜਿਕਰ ਬਾਰ ਬਾਰ ਆ ਰਿਹਾ ਹੈ ਤੇ ਆਏਗਾ। ਇਕ ਵਾਰ ਮਰ ਮੁਕਣ ਤੋਂ ਬਾਦ ਫਿਰ ਤਿਆਰ-ਬਰ-ਤਿਆਰ ਮਿਲਣਗੇ ਦੇਵਤੇ ਭੀ ਘੱਟ ਨਹੀਂ ਹਰ ਲੜਾਈ ਹਾਰ ਜਾਣ ਤੋਂ ਬਾਦ ਫਿਰ ਸੁਰਜੀਤ ਦੇ ਸੁਰਜੀਤ ਆਪ ਜੀ ਨੂੰ ਅੰਦਰਲਾ ਭੇਦ ਹੋਏ ਤਾਂ ਦੱਸਣਾ ਜੀ) ਰਣ ਤੱਤੇ ਵਿੱਚ ਦੇਵਤਿਆਂ ਨੂੰ ਕਰਾਰੇ ਹੱਥੀਂ ਲਿਆ। ਬਿਸ਼ਨੂੰ ਨੇ ਧਾਰਿਆ ਭੇਸ-ਬਣੀ ਸੁੰਦਰੀ ਮਹਾਂ ਮੋਹਨੀ-ਕਾਲਕੂਟ ਅਤੇ ਚੰਦ੍ਰਮਾ ਨੂੰ ਸਿਵ ਨੇ ਬਣਾਇਆ-ਕੌਸਤਕ ਅਤੇ ਅਪਣੀ ਲੱਛਮੀ ਭੀ ਬੁਲਾ ਲਈ-ਦੇਵਤਿਆਂ ਨੇ ਅੰਮ੍ਰਿਤ ਲੈ ਲਿਆ ਤੇ ਦੈਂਤਾਂ ਦੇ ਪੱਲੇ ਸੁਰਾ (ਸ਼ਰਾਬ) ਆਈ ਬਸ ਹੋ ਗਈ ਸੁਲਾਹ ਸਫਾਈ।

ਨੋਟ :- ਇਸ ਸਾਖੀ ਦਾ ਸਿੱਖ ਧਰਮ ਨਾਲ ਕੀ ਸਬੰਧ ? ਕੋਈ ਜੀਵਨ ਜਾਚ ਦੀ ਗੱਲ ? ਕੋਈ ਰੱਬੀ ਬੰਦਗੀ ਦਾ ਹੁਲਾਰਾ ? ਕੋਈ ਸਾਂਝੀ ਵਾਲਤਾ ਦਾ ਸੰਦੇਸ ? ਦੁਰ ਫਿਟੇ ਮੂੰਹ ਲੋਕੀਂ ਕਹਿੰਦੇ ਇਹ ਦਸਮ ਗ੍ਰੰਥ ਹੈ ਜੀ ਇਹ ਦਾ ਪ੍ਰਕਾਸ ਗੁਰਦੁਆਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰੋ । ਮੈਂ ਕਹਾਂਗਾ ਸ਼ਰਮ ਕਰੋ ਬਈ- ਸ਼ਰਮ ਕਰੋ ਬਈ-ਸ਼ਰਮ ਕਰੋ ਬਈ........................................... ਸ਼ਰਮ ਕਰੋ ਬਈ ।

ਦੇਸ : ਨਾਰਨੌਲ (ਇਕ ਸੌ ਚੌਬੀਸਵੇਂ ਚਰਿਤ੍ਰ ਪੰਨਾ ੯੯੧-੯੨)

ਪਾਤਰ : ਬਿਜੈ ਸਿੰਘ (ਨਾਥ), ਫੂਲਮਤੀ ਤੇ ਭਮਰਕਲਾ

**ਸੌਕਣ ਦਾ ਕਤਲ ਕਰਨਾ ਸਿੱਖੋ :** ਨਾਰਨੌਲ ਦੇਸ ਦਾ ਰਾਜਾ ਬਿਜੈ ਸਿੰਘ ਰਾਤ ਦਿਨ ਅਪਣੀ ਔਰਤ ਫੂਲਮਤੀ ਨਾਲ ਰਹਿੰਦਾ। ਇਕ ਦਿਨ ਉਹ ਸ਼ਿਕਾਰ ਖੇਡਣ ਗਿਆ ਤੇ ਭ੍ਰਮਕਲਾ ਨੂੰ ਤੱਕ ਕੇ ਉਸ ਤੇ ਮੋਹਿਤ ਹੋ ਗਿਆ-ਉਸ ਨਾਲ ਸ਼ਾਦੀ ਕਰ ਕੇ ਘਰ ਲੈ ਅਇਆ-ਫੂਲਮਤੀ ਇਹ ਦੇਖ ਕੇ ਸੜ ਬਲ ਗਈ ਪਰ ਭ੍ਰਮਕਲਾ ਨਾਲ ਪੂਰਾ ਸਨੇਹ ਜਿਤਾਇਆ । ਉਸ ਨੂੰ ਅਪਣੀ ਧਰਮ ਭੈਣ ਬਣਾ ਕੇ ਰੋਜ ਸਿਵ ਦੇ ਮੰਦਰ ਪੂਜਾ ਲਈਲੈ ਜਾਂਦੀ। ਇਕ ਦਿਨ ਉਸ ਨੇ ਅਪਣੇ ਹੱਥੀਂ ਭ੍ਰਮਕਲਾ ਦਾ ਕਤਲ ਕਰ ਕੇ ਸਿਵ ਅੱਗੇ ਭੇਟ ਕਰ ਦਿੱਤਾ ਤੇ ਰਾਜੇ ਪਾਸ ਪਿੱਟ ਪਿੱਟ ਆਖੇ ਕਿ ਰਾਣੀ ਨੇ ਸਿਵ ਅੱਗੇ ਅਪਣਾ ਸੀਸ ਭੇਟ ਕਰ ਦਿੱਤਾ ਹੈ । ਰਾਜਾ ਦੇਖ ਕੇ ਬੜਾ ਪ੍ਰਸੰਨ ਹੋਇਆ, ਕਹਿੰਦਾ ਇਹਨੂੰ ਜੰਮਣ ਵਾਲੇ ਧੰਨ ਹਨ ਤੇ ਅਖੀਰ ਵਿੱਚ ਫਿਰ ਓਹੀ ਕਵੀ ਰਾਮ ਦੇ ਔਰਤ ਪ੍ਰਤੀ ਵਰਤੇ ਤਿੱਖੇ ਸ਼ਬਦਾਂ ਦੇ ਪ੍ਰਹਾਰ :-

*ਬ੍ਰਹਮ ਬਿਸ਼ਨ ਸੁਰ ਅਸੁਰ ਸਭ ਰੈਨਾਧਿਪ ਦਿਨਰਾਏ ॥*
*ਬੇਦ ਬਯਾਸ ਅਰੁ ਬੇਦ ਤ੍ਰਿਯ ਭੇਦ ਸਕੈ ਨਹਿ ਪਾਇ ॥੧੫॥* (ਇਕ ਸੌ ਚੌਬੀਸਵੇਂ ਚਰਿਤ੍ਰ ਪੰਨਾ ੯੯੨)

ਇਲਾਕਾ : ਲੰਕਾ **ਰਾਮ ਤੇ ਰਾਵਣ ਦੀ ਲੜਾਈ** (ਇਕ ਸੌ ਪੱਚੀਸਵੇਂ ਚਰਿਤ੍ਰ ਪੰਨਾ ੯੯੨-੯੫)

ਪਾਤਰ : ਰਘੁਨੰਦਨ (ਰਾਮ), ਰਾਵਨ ਤੇ ਇੰਦ੍ਰਮਤੀ

ਨੋਟ :- ਕਵੀ ਨੇ ਰਾਮ ਤੇ ਰਾਵਣ ਦੀ ਲੜਾਈ ਕਿਨ੍ਹਾਂ ਕਾਰਣਾਂ ਕਰਕੇ ਹੋਈ ਨਹੀਂ ਲਿਖਿਆ ਬਸ ਲੜਾਈ ਸੁਰੂ ਹੋ ਗਈ ਰਾਮ ਤੇ ਰਾਵਣ ਵਿਚਕਾਰ ਲਓ ਆਪ ਜੀ ਭੀ ਅਨੰਦ ਲਓ ।

ਦੈਂਤਾਂ ਨੇ ਤਕੜੀ ਫੋਜ ਨਾਲ ਚੜ੍ਹਾਈ ਕੀਤੀ। ਬਾਨ ਕਮਾਨ ਗਦਾ ਬਰਛੀਆਂ ਦਾ ਖੁੱਲ ਕੇ ਇਸਤੇਮਾਲ ਕੀਤਾ। ਕਈ ਮਰੇ-ਕਈ ਜਖ਼ਮੀ ਹੋਏ-ਕਈ ਮੈਦਾਨ ਛੱਡ ਕੇ ਭੱਜੇ । ਰਾਵਣ ਨੇ ਖਾਧਾ ਗੁੱਸਾ-ਇਕ ਹੱਥ ਲਈ ਗਦਾ ਤੇ ਦੂਜੇ ਹੱਥ ਕ੍ਰਿਪਾਨ-ਖਾ ਖਾ ਕੇ ਗੁੱਸਾ ਉਸ ਨੇ ਵੈਰੀਆਂ ਦੇ ਲਾਹੇ ਮੋਛੇ-ਵੱਡੇ ਵੱਡੇ ਨਾਢੂ ਖਾਨ ਅਪਣੀ ਸੈਨਾ ਸਮੇਤ ਭੱਜ ਉਠੇ । ਦੈਂਤਾਂ ਨੇ ੨੦ ਹਜ਼ਾਰ ਹਾਥੀ, ਤੀਹ ਹਜ਼ਾਰ ਬਾਜ ਮਾਰ ਦਿੱਤੇ-ਚਾਰ ਹਜ਼ਾਰ ਰੱਥਾਂ ਨੂੰ ਤੋੜਿਆ ।

*ਬੀਸ ਹਜ਼ਾਰ ਕਰੀ ਤਿਨ ਘਾਯੋ ॥ ਤੀਸ ਹਜ਼ਾਰ ਸੁ ਬਾਜ ਖਪਾਯੋ ॥*
*ਚਾਲਿਸ ਸਹੱਸ ਤਹਾ ਰਥ ਕਾਟੇ ॥ ਅੱਭ੍ਰਨ ਜਯੋਂ ਜੋਧਾ ਚਲਿ ਫਾਟੇ ॥੧੧॥*

(ਇਕ ਸੌ ਪੱਚੀਸਵੇਂ ਚਰਿਤ੍ਰ ਪੰਨਾ ੯੯੩)

ਦੈਂਤਾਂ ਨੂੰ ਮਾਰਨ ਦੇ ਬੜੇ ਯਤਨ ਕੀਤੇ ਪਰ ਬਿਅਰਥ । ਸੂਰਜ ਛਿਪਦੇ ਹੀ ਲੜਾਈ ਬੰਦ ਹੋਈ-ਸਵੇਰ ਫਿਰ ਸੂਰਮੇ ਗੁੱਸਾ ਖਾ ਖਾ ਕੇ ਭਿੜੇ ਪਰ ਦੈਂਤਾਂ ਨੇ ਉਨ੍ਹਾਂ ਦੀ ਪੇਸ ਨਾ ਜਾਣ ਦਿੱਤੀ । ਇਸ ਘਮਸਾਣ ਦੀ ਲੜਾਈ ਚ :-

*ਚੌਪਈ ॥ ਬੀਸ ਹਜਾਰ ਕਰੀ ਕੁਪਿ ਮਾਰੇ ॥ ਤੀਸ ਹਜਾਰ ਅਸੁ ਹਨਿ ਡਾਰੇ ॥*
*ਚਾਲਿਸ ਸਹਸ ਰਥਿਨ ਰਥ ਟੂਟੇ ॥ ਸਾਠਿ ਸਹਸ੍ਰ ਰਥੀ ਹੂੰ ਕੂਟੇ ॥੨੧॥*

(ਇਕ ਸੌ ਪੱਚੀਸਵੇਂ ਚਰਿਤ੍ਰ ਪੰਨਾ ੯੯੩-੯੪)

ਨੋਟ :- ਕਵੀ ਦੁਆਰਾ ਬੋਲੇ ਜਾ ਰਹੇ ਝੂਠ ਤੋਂ ਬੁਖਲਾ ਨਹੀਂ ਜਾਣਾ ਕਾਵਿ ਰਚਨਾ ਚ ਕਵੀ ਇਸ ਤੋਂ ਭੀ ਵੱਡੀਆਂ ਉਡਾਰੀਆਂ ਮਾਰਦੇ ਹਨ। ਆਖਰ ਦੈਂਤਾਂ ਤੋਂ ਕਰਾਰੀ ਮਾਰ ਖਾਣ ਬਾਦ ਘਰੀਂ ਜਾ ਬੈਠੇ ਉਥੇ ਰਹਿੰਦੀ ਸੀ ਇਕ ਇੰਦ੍ਰਮਤੀ (ਇਸ ਔਰਤ ਦਾ ਜਿਕਰ ਅਨੇਕਾਂ ਥਾਈਂ ਦਸਮ ਗ੍ਰੰਥ ਨਾਮੀ ਪੁਸਤਕ ਚ ਪੜ੍ਹਨ ਨੂੰ ਮਿਲੇਗਾ) ਜੋ ਅੰਤਾਂ ਦੀ ਸੁੰਦਰ ਸੀ ਨੇ ਰਾਵਣ ਨੂੰ ਮਾਰਣ ਦਾ ਬੀੜਾ ਚੁੱਕਿਆ। (ਇਤਿਹਾਸ ਦੇ ਵਿਦਿਆਰਥੀ ਖਫ਼ਾ ਨਾ ਹੋਣ ਸਮਝਦਾਰੀ ਇਸੇ ਵਿੱਚ ਹੈ ਕਿ ਇਤਿਹਾਸ ਤੇ ਮਿਥਿਹਾਸ ਦੇ ਅੰਤਰ ਨੂੰ ਪਛਾਣ ਕੇ ਨਿਖੇੜਿਆ ਜਾਏ) ਉਸ ਨੇ ਮੇਵੇ ਅਤੇ ਮਠਿਆਈ ਲਈ -ਜਿਥੇ ਰਾਵਣ ਬਾਗ ਵਿੱਚ ਫਲ ਖਾਂਦਾ ਸੀ ਉਥੇ ਮਟਕੇ ਚ ਪਾ ਕੇ ਜ਼ਮੀਨ ਤੇ ਰੱਖ ਦਿੱਤੀ । ਭੁੱਖ ਲੱਗਣ ਤੇ ਉਸ ਨੇ ਇਹ ਸ਼ਰਾਬ ਸਮੇਤ ਖਾਧੀ। ਦਾਰੂ ਦਾ ਨਸ਼ਾ ਚੜ੍ਹਿਆ ਦੈਂਤ ਨੱਚੇ-ਇੰਦ੍ਰਮਤੀ ਨੱਚੀ-ਦੈਂਤ ਨੇ ਖੁਸ਼ ਹੋ ਕੇ ਅਪਣੀ ਗਦਾ ਉਸ ਨੂੰ ਦੇ ਦਿੱਤੀ । ਉਸ ਨੇ ਜੰਤ੍ਰ ਮੰਤ੍ਰ ਨਾਲ ਰਾਵਣ ਨੂੰ ਕੈਦ ਕਰ ਲਿਆ :-

*ਨਾਚਤ ਨਿਕਟ ਦੈਤ ਕੇ ਆਈ ॥ ਸਾਂਕਰ ਕਰ ਸੋਂ ਗਈ ਛੁਆਈ ॥*
*ਤਾਸੋ ਜੰਤ੍ਰ ਮੰਤ੍ਰ ਇਹ ਕੀਯੋ ॥ ਭੇਟਯੋ ਤਨਿਕ ਕੈਦ ਕਰਿ ਲੀਯੋ ॥੩੨॥* (ਇਕ ਸੌ ਪੱਚੀਸਵੇਂ ਚਰਿਤ੍ਰ ਪੰਨਾ ੯੯੪)

ਬਸ ਮੰਤ੍ਰ ਸਕਤੀ ਦੇ ਜੋਰ ਨਾਲ ਰਾਵਣ ਨੂੰ ਜਮੀਨ ਖੋਦ ਕੇ ਧਰਤੀ ਵਿੱਚ ਗੱਡ ਦਿੱਤਾ ।

ਨੋਟ :- ਇਹ ਦਸਮ ਗ੍ਰੰਥ ਹੈ ਪਿਆਰਿਓ-ਰਾਮ ਚੰਦ੍ਰ ਜੀ, ਸੀਤਾ ਤੇ ਸਮੁੱਚਾ ਪ੍ਰੀਵਾਰ-ਰਾਵਣ ਦਾ ਵੱਡਾ ਟੱਬਰ ਜਿਨ੍ਹਾਂ ਬਾਰੇ ਅਸੀਂ ਬਚਪਨ ਤੋਂ ਹੁਣ ਤੱਕ ਰਾਮ ਲੀਲਾ ਦੇਖਦੇ ਦੇਖਦੇ ਬਹੁਤ ਕੁੱਝ ਜਾਣਿਆ ਲਗਦਾ ਹੈ ਸ਼ਾਈਦ ਝੂਠ ਹੋਏ ਕਿਉਂ ਕਿ ਦਸਮ ਗ੍ਰੰਥ ਕਹਿੰਦਾ ਹੈ ਕਿ ਇਕ ਵੇਸਵਾ ਇੰਦ੍ਰਮਤੀ ਨੇ ਰਾਵਣ ਨੂੰ ਮੰਤ੍ਰ ਸ਼ਕਤੀ ਨਾਲ ਮਾਰਿਆ ਰਾਮ ਚੰਦਰ ਤੇ ਲਛਮਣ ਨੇ ਨਹੀਂ । ਜੇਕਰ ਕਹਾਣੀ ਤੇ ਸੱਚ ਨਾ ਲੱਗੇ ਤਾਂ ਵੱਡੇ ਪੁਜਾਰੀਆਂ ਤੋਂ ਇਸ ਦਾ ਸਪੱਸਟੀਕਰਣ ਲੈਣਾ ਨਹੀਂ ਭੁੱਲਣਾ । ਖ਼ਬਰਦਾਰ-ਬਾ-ਹੋਸਿਆਰ ਜਾਗਦੇ ਰਹਿਈਓ !

### ਦੇਸ : ਤਪੀਸਾ

(ਇਕ ਸੌ ਛਬੀਸਵੇਂ ਚਰਿਤ੍ਰ ਪੰਨਾ ੯੯੫-੯੬)

ਪਾਤਰ : ਅਬਦੁਲ ਨਬੀ

ਤਪੀਸਾ ਦੇਸ ਦੀ ਗੜ੍ਹੀ (ਕਿਲਾ) ਕੋਈ-ਨੀ-ਜਿੱਤ ਸਕਿਆ । ਕਈ ਆਏ ਤੇ ਕਈ ਗਏ । ਅਬਦੁਲ ਨਬੀ ਵੀ ਫੌਜ ਲੈ ਕੇ ਆਇਆ-ਉਸ ਨੇ ਵੱਡਾ ਹਮਲਾ ਕਰ ਕੇ ਗੜ੍ਹੀ ਵਿੱਚ ਪ੍ਰਵੇਸ ਕੀਤਾ ਪਰ ਗੜ੍ਹੀ ਦੀ ਅਟਾਰੀ ਸਰ ਕਰਨੀ ਔਖੀ ਹੋ ਗਈ । ਔਰਤਾਂ ਬਰੂਦ ਭਰ ਭਰ ਲਿਆਉਂਦੀਆਂ ਤੇ ਆਦਮੀ ਤੁਪਕ ਚਲਾਉਂਦੇ । ਇਕ ਗੋਲੀ ਨਬੀ ਖਾਨ ਦਾ ਸੀਨਾ ਪਾਰ ਕਰਦੀ ਲੰਘੀ-ਨਬੀ ਮਾਰਿਆ ਗਿਆ । ਘਮਸਾਣ ਦੀ ਲੜਾਈ ਚ ਗੜ੍ਹੀ ਦਾ ਰਾਜਾ ਛਾਤੀ ਚ ਗੋਲੀ ਲੱਗਣ ਨਾਲ ਮਾਰਿਆ ਗਿਆ ਮੁਗਲ ਸੇਖ ਸੈਯਦ ਇਕੱਠੇ ਹੋ ਕੇ ਆਏ ਕਹਿੰਦੇ ਤੇਰਾ ਪਤੀ ਮਾਰਿਆ ਗਿਆ ਹੁਣ ਤੂੰ ਸਾਡੀ ਔਰਤ ਹੈਂ । ਕਹਿੰਦੀ ਪਹਿਲਾਂ ਮੈਂ ਪਤੀ ਤੇ ਪੁੱਤਰ ਦਾ ਸੰਸਕਾਰ ਕਰ ਲਵਾਂ ਫਿਰ ਤੁਹਾਡੇ ਨਾਲ ਚਲਾਂਗੀ । ਉਸ ਨੇ ਚਿਤਾ ਚ ਪੁੱਤ ਸੁੱਟਿਆ ਫਿਰ ਖਸਮ ਤੇ ਫਿਰ ਆਪ ਸੜ ਮਰੀ :-

*ਚੌਪਈ ॥ ਪ੍ਰਥਮ ਚਿਤਾ ਮੈ ਸੁਤ ਕੌ ਡਾਰਯੋ ॥ ਮ੍ਰਿਤਕ ਖਸਮ ਕੌ ਬਹੁਰਿ ਪ੍ਰਜਾਰਯੋ ॥*
*ਬਹੁਰੌ ਕਾਂਖਿ ਮੁਗਲ ਕੋ ਭਰੀ ॥ ਆਪਨ ਲੈ ਪਾਵਕ ਮੋ ਪਰੀ ॥੧੧॥* (ਇਕ ਸੌ ਛਬੀਸਵੇਂ ਚਰਿਤ੍ਰ ਪੰਨਾ ੯੯੬)

ਪਾਤਰ : ਬੀਰ ਦੱਤ (ਚੰਡਾਲ) ਤੇ ਰਤਨ ਸਿੰਘ **ਚੋਰ ਦੀ ਕਹਾਣੀ** (ਇਕ ਸੌ ਛਬੀਸਵੇਂ ਚਰਿਤ੍ਰ ਪੰਨਾ ੯੯੬)

ਬੀਰ ਦੱਤ ਚੰਡਾਲ ਨਾਂ ਦਾ ਚੋਰ ਹਰ ਕਿਸੇ ਨੂੰ ਲੁਟਦਾ । ਜਿਸ ਨੂੰ ਭੀ ਰਾਹ ਜਾਂਦੇ ਤੱਕਦਾ ਉਸੇ ਨੂੰ ਮਾਰ ਮੁਕਾਉਂਦਾ । ਇਕ ਦਿਨ ਰਤਨ ਸਿੰਘ ਉਸ ਰਾਹ ਤੇ ਆਇਆ-ਚੋਰ ਕਹਿੰਦਾ ਮਾਲ ਮੱਤਾ ਉਤਾਰ ਕੇ ਰੱਖ ਨਹੀਂ ਤਾਂ ਮਰਨ ਨੂੰ ਤਿਆਰ ਹੋ ਜਾ । ਰਤਨ ਸਿੰਘ ਨੇ ਕਮਾਨ ਸੰਭਾਲੀ-ਭੱਥੇ ਤੋਂ ਉਨਸਠਿ ਤੀਰ ਛੱਡੇ ਪਰ ਚੋਰ ਨੇ ਸਭ ਤੀਰਾਂ ਨੂੰ ਚਾਕੂ ਨਾਲ ਕੱਟ ਦਿੱਤਾ । ਰਤਨ ਸਿੰਘ ਨੇ ਚੋਰ ਦੀ ਥੋੜੀ ਉਸਤਤ ਕੀਤੀ ਕਹਿੰਦਾ ਦੱਸ ਕੀ ਕੰਮ ਐ । ਚੋਰ ਦਾ ਧਿਆਨ ਹਟਦੇ ਹੀ ਭੱਥੇ ਦੇ ਆਖਰੀ ਤੀਰ ਨਾਲ ਉਸ ਨੂੰ ਮਾਰ ਦਿੱਤਾ ।

ਨੋਟ :- ਇਹ ਕਿਸੇ ਭੀ ਹਾਲਤ ਚ ਚਰਿਤ੍ਰ ਨਹੀਂ ਕਿਹਾ ਜਾ ਸਕਦਾ । ਇਸ ਵਿੱਚ ਕੋਈ ਔਰਤ ਸਰੀਕ ਨਹੀਂ ਅਤੇ ਨਾ ਹੀ ਕਿਸੇ ਔਰਤ ਨੇ ਕੋਈ ਰੋਲ ਨਿਭਾਇਆ ਹੈ । ਇਧਰੋਂ ਓਧਰੋਂ ਕਚਰਾ ਇਕੱਠਾ ਕਰ ਕੇ ਸੋਧਕ ਕਮੇਟੀ ਤੇ ਪੁਜਾਰੀਆਂ ਨੇ ਚਾਰ ਸੌ ਚਾਰ ਚਰਿਤ੍ਰ ਪੂਰੇ ਕਰ ਦਿੱਤੇ ਹਨ । ਕੌਣ ਕਹੇ ਰਾਣੀਏ ਅੱਗਾ ਢੱਕ ? ਕਹਿੰਦੇ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹਨ । ਸਿਆਣਿਆਂ ਦੀ ਮੱਤ ਹੈ ਕਿ ਝੂਠ ਦਾ ਬੇੜਾ ਗ਼ਰਕ ।

### ਦੇਸ : ਮਾਰਵਾਰ

(ਇਕ ਸੌ ਅਠਾਈਸਵੇਂ ਚਰਿਤ੍ਰ ਪੰਨਾ ੯੯੬-੯੯)

ਪਾਤਰ : ਉਗ੍ਰਦੱਤ (ਰਾਵ), ਬਿਸਨ ਦੱਤ ਤੇ ਮਾਨਵਤੀ

ਮਾਰਵਾਰ ਦੇਸ ਦਾ ਰਾਜਾ ਉਗ੍ਰਦੱਤ ਗੁੱਸੇ ਵਿੱਚ ਅੱਗ ਵਰਗਾ ਓਦਾਂ ਪਾਣੀ ਵਰਗਾ ਠੰਢਾ ਸੀਤਲ ਸੁਭਾਓ । ਕੋਈ ਉਸ ਤੋਂ ਪੈਸੇ ਲੈ ਕੇ ਮਾਰ ਗਿਆ-ਚੜ੍ਹਿਆ ਗੁੱਸਾ ਜਾ ਪੁੱਜਾ ਸੈਨਾ ਲੈ ਕੇ-ਅੱਗੇ ਕਿਹੜਾ ਘੱਟ ਉਸ ਨੇ ਭੀ ਜੋੜੀ ਸੈਨਾ-ਹੋਏ ਗੁੱਥਮ ਗੁੱਥਾ-ਬ੍ਰਛੀ ਬਾਨ ਬੱਜ੍ਰਾਨਾਂ ਨਾਲ ਦੇਹ ਵਾਰ ਤੇ ਵਾਰ-ਲੜਾਈ ਚ ਕਦੇ ਇਹਦਾ ਪਲੜਾ ਭਾਰੀ ਤੇ ਕਦੇ ਓਹਦਾ ਆਖਰ ਸੈਨਾ ਹਾਰ ਖਾ ਕੇ ਭੱਜੀ । ਰਾਜੇ ਨੂੰ ਚੜ੍ਹਿਆ ਗੁੱਸਾ-ਕੁੱਦਿਆ ਜੰਗੇ ਮੈਦਾਨ ਚ-ਇੰਦਰ ਤੇ ਦੇਵਤੇ ਖਾਸ ਤੌਰ ਤੇ ਉਥੇ ਪੁੱਜੇ-ਹੋਈ ਘਮਸਾਣ ਦੀ ਲੜਾਈ-ਸੁਰੂ ਹੋਏ ਬੀਰਾਂ ਦੇ ਗਾਣੇ-ਬੇਤਾਲਾਂ ਦੇ ਚੱਕਰ-ਭੂਤਾਂ ਦਾ ਨੰਗਾ ਨੱਚਣਾ ਡਰਾਉਣਾ ਲੱਗਦਾ-ਕੋਈ ਹੋਇਆ ਫੱਟੜ-ਕੋਈ ਸਹਿਕਦਾ ਮੰਗੇ ਪਾਣੀ-ਕਿਸੇ ਪ੍ਰਾਣ ਛੱਡੇ ਤੇ ਕੋਈ ਕਰਾਹੁੰਦਾ-ਇਸੇ ਬੀਚ ਰਾਜਾ ਹੋਇਆ ਜਖ਼ਮੀ-ਡਿੱਗਿਆ ਖੇਤ ਚ-ਸੈਨਾ ਨੇ ਡਿਗਦੇ ਨੂੰ ਦੇਖਿਆ ਝੱਠ ਉੱਠ ਖਲੋਤਾ ਕਵੀ ਸਯਾਮ ਕੁੱਝ ਇਸ ਤਰ੍ਹਾਂ ਕਹਿੰਦਾ ਹੈ :-

*ਦੋਹਰਾ ॥ ਖੇਤ ਪਰੇ ਨ੍ਰਿਪ ਕੌ ਨਿਰਖਿ ਭਾਜੇ ਸੁਭਟ ਅਨੇਕ ॥*
*ਸਯਾਮ ਭਨੈ ਰਨ ਭੂਮਿ ਮੈ ਰਹਯੋ ਨ ਸੂਰਾ ਏਕ ॥੧੩॥* (ਇਕ ਸੌ ਅਠਾਈਸਵੇਂ ਚਰਿਤ੍ਰ ਪੰਨਾ ੯੯੬)

ਨੋਟ :- ਇਹ ਰਚਨਾ ਕਵੀ ਸਯਾਮ ਦੀ ਲਿਖੀ ਹੈ ਉਸ ਦੁਆਰਾ ਲਿਖਿਆ ਇਕ ਪ੍ਰਸੰਗ ਅਸੀਂ ਪੜ੍ਹ ਚੁੱਕੇ ਹਾਂ । ਕਵੀ ਸਯਾਮ ਨੇ ਜੰਗਾਂ ਜੁੱਧਾਂ ਦੇ ਅਨੇਕਾਂ ਪ੍ਰਸੰਗ ਅਪਣੀ ਕਾਵਿ ਕਲਾ ਰਾਹੀਂ ਲਿਖੇ ਹਨ । ਦਸਮ ਗ੍ਰੰਥ ਨਾਮੀ ਪੁਸਤਕ ਦਾ ਪਹਿਲਾ ਕਵੀ ਰਾਮ ਹੈ ਤੇ ਦੂਜਾ ਸਯਾਮ ਸਿੱਖ ਧਰਮ ਅੰਦਰ ਘੁਸਪੈਠ ਕਰ ਚੁੱਕੇ ਕਈ ਭੇਖੀ ਸਾਧ ਸੰਤ-

ਬ੍ਰਹਮ ਗਿਆਨੀ ਅਤੇ ਵੱਡੇ ਪੁਜਾਰੀ ਅਥਵਾ ਧਰਮ ਦੇ ਵੱਡੇ ਠੇਕੇਦਾਰ ਕਹਿ ਰਹੇ ਹਨ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆਂ ਹਨ । ਸਿਆਣੇ ਆਖਦੇ ਹਨ ਝੂਠਿਆਂ ਦਾ ਮੂੰਹ ਕਾਲਾ ।

ਹਾਰ ਕੇ ਭੱਜੇ ਭਾਰੇ ਭਾਰੇ ਸੂਰਮਿਆਂ ਨੇ ਰਾਣੀ ਅੱਗੇ ਅਪਣੇ ਦੁਖੜੇ ਰੋਏ ਕਿ ਕਿਵੇਂ ਵੈਰੀ ਨੇ ਸਾਡੀ ਸੈਨਾਂ ਦਾ ਕਚੂਮਰ ਕੱਢਿਆ। ਰਾਣੀ ਖਾ ਕੇ ਗੁੱਸਾ ਕਈ ਕ੍ਰੋੜ ਫੌਜ ਜੋੜ ਕੇ (ਪੂਰੇ ਹਿੰਦੋਸਤਾਨ ਦੀ ਫੌਜ ਦੀ ਗਿਣਤੀ ਅੱਜ ਦੇ ਦਿਨ ਆਪ ਜੀ ਨੂੰ ਪਤਾ ਹੋਏਗਾ ਉਦੋਂ ਛੋਟੇ ਛੋਟੇ ਰਾਜਿਆਂ ਦੇ ਰਾਜ ਵਿੱਚ ਦੋ ਚਾਰ ਹਜ਼ਾਰ ਦੀ ਸੈਨਾ ਦੀ ਗੱਲ ਤਾਂ ਜਚਦੀ ਹੈ ਪਰ ਕ੍ਰੋੜਾਂ ਚ ਨਹੀਂ) ਸਰੀਰ ਤੇ ਗਹਿਣੇ ਸਜਾ-ਬੰਨ ਕੇ ਕ੍ਰਿਪਾਨ ਜਾ ਚੜੀ ਰੱਥ-ਉਹਨੂੰ ਦੇਖ ਦੇਖ ਦੇਵਤੇ ਤੇ ਦੈਂਤ ਭੀ ਦੰਗ ਚਬਾ ਕੇ ਮੂੰਹ ਚ ਬੀੜੀ ਥੋੜੀ ਮੁਸਕਰਾਈ-ਪਹਿਨ ਕੇ ਗਲੇ ਚ ਮੋਤੀਆਂ ਦਾ ਹਾਰ-ਸਿਰ ਤੇ ਫੁੱਲ-ਬੱਲੇ ਬੱਲੇ ਹੁਸਨ ਦਾ ਕੀ ਕਹਿਣਾ-ਕਈ ਸ਼ਰਮਾ ਗਏ । ਇਸ ਦਾ ਨਕਸ਼ਾ ਕਵੀ ਸਯਾਮ ਦੀ ਕਲਮ ਤੋਂ :-

*ਜੋਰਿ ਮਹਾਂ ਦਲ ਕੋਰਿ ਕਈ ਭਟ ਭੂਖਨ ਅੰਗ ਸੁਰੰਗ ਸੁਹਾਏ ॥*
*ਬਾਂਧਿ ਕ੍ਰਿਪਾਨ ਪ੍ਰਚੰਡ ਚੜ੍ਹੀ ਰਥ ਦੇਵ ਅਦੇਵ ਸਭੈ ਬਿਰਮਾਏ ॥*
*ਬੀਰੀ ਚਬਾਤ ਕਛੂ ਮੁਸਕਾਤ ਸੁ ਮੋਤਿਨ ਹਾਰ ਹਿਯੇ ਉਰਝਾਏ ॥*
*ਅੰਗ ਦੁਕੂਲ ਫਬੈ ਸਿਰ ਫੂਲ ਬਿਲੋਕ ਪ੍ਰਭਾ ਦਿਵ ਨਾਥ ਲਜਾਏ ॥੧੮॥*

(ਇਕ ਸੌ ਅਠਾਈਸਵੌਂ ਚਰਿਤ੍ਰ ਪੰਨਾ ੯੯੮)

(ਕੀ ਗੁਰੂ ਗੋਬਿੰਦ ਸਿੰਘ ਜੀ ਗੁਰਸਿੱਖਾਂ ਨੂੰ ਬੀੜੀ ਚਬਾਉਣ ਦੀ ਪ੍ਰੇਰਨਾ ਦੇਣਗੇ?ਮੈ ਇਸ ਨੂੰ ਗੰਦੀ ਕਰਤੂਤ ਸਮਝਦਾ ਹਾਂ। ਗੁਰੂ ਜੀ ਦਾ ਅਪਮਾਨ ਕਰਨ ਲਈ ਸਿੱਖੀ ਭੇਖ ਅੰਦਰ ਛੁਪੇ ਘੁਸਪੈਠੀਆਂ ਦੁਆਰਾ ਵਰਤਿਆ ਕੋਝਾ ਹਥਿਆਰ) ਪਹੁੰਚੀ ਜੰਗੇ ਮੈਦਾਨ-ਕੀਤੀ ਲੜਾਈ-ਕਰਕੇ ਵੈਰੀਆਂ ਦਾ ਨਾਸ-ਜਿੱਤ ਕੇ ਜੰਗ-ਉਠਾਇਆ ਜ਼ਖ਼ਮੀ ਪਤੀ-ਲਾਇਆ ਗਲੇ ਤੇ ਮੁੜ ਵਸੀ ਖ਼ਸਮ ਦੇ ਸੰਗ ।

ਇਲਾਕਾ : ਰਾਵੀ **ਮਿਰਜਾਂ ਸਾਹਿਬਾਂ ਦੀ ਕਹਾਣੀ** (ਇਕ ਸੌ ਉਨਤੀਸਵੌਂ ਚਰਿਤ੍ਰ ਪੰਨਾ ੯੯੯-੧੦੦੨)

ਪਾਤਰ : ਮਿਰਜਾਂ, ਸਾਹਿਬਾਂ ਤੇ ਰੰਗਵਤੀ (ਸਖੀ)

ਅੱਠੇ ਪਹਿਰੇ ਮਿਰਜੇ ਦੇ ਰੰਗ ਚ ਰੰਗੀ ਸਾਹਿਬਾਂ ਰਾਵੀ ਦੇ ਕੰਢੇ ਰਹਿੰਦੀ। ਉਸ ਨੂੰ ਲਾੜਾ ਵਿਆਹੁਣ ਆਇਆ ਮਿਰਜਾ ਸਾਹਿਬਾਂ ਦੇ ਵਿਆਹ ਤੋਂ ਨਾ ਖੁਸ਼-ਸੋਚਿਆ ਕਿਵੇਂ ਇਸ ਨੂੰ ਭਜਾ ਕੇ ਲੈ ਜਾਇਆ ਜਾਏ। ਸਾਹਿਬਾਂ ਭੀ ਮਿਰਜੇ ਨਾਲ ਭੱਜ ਜਾਣ ਦੀ ਸੋਚੀ। ਉਸ ਨੇ ਅਪਣੀ ਸਹੇਲੀ ਰੰਗਵਤੀ ਨੂੰ ਦਿਲ ਦਾ ਭੇਦ ਸਮਝਾ ਕੇ ਮਿਰਜੇ ਵੱਲ ਭੇਜਿਆ ਸਖੀ ਵਟਾ ਕੇ ਪੁਰਖ ਦਾ ਭੇਸ ਜਾ ਪਹੁੰਚੀ ਮਿਰਜੇ ਪਾਸ -ਮਿਰਜੇ ਸੁਣਿਆ- ਭੱਜਿਆ ਤਾਬੜ ਤੋੜ ਜਾ ਪੁੱਜਾ ਸਾਹਿਬਾਂ ਦੇ ਪਿੰਡ-ਦਿਨ ਛੁਪਦਿਆਂ ਮਿਲਿਆ ਸਾਹਿਬਾਂ ਨੂੰ ਤੇ ਭੱਜ ਉਠੇ ਘਰੋਂ-ਸਾਰੀ ਰਾਤ ਭਟਕੇ-ਸਵੇਰ ਦਾ ਸੂਰਜ ਚੜ੍ਹਿਆ-ਮਿਰਜਾ ਥੱਕ ਕੇ ਚੂਰ-ਜਾ ਸੁੱਤਾ ਇਕ ਪਾਸੇ-ਸਾਹਿਬਾਂ ਦੇ ਭਰਾਵਾਂ ਸਾਥੀਆਂ ਸਮੇਤ ਕੀਤਾ ਪਿੱਛਾ-ਸਾਹਿਬਾਂ ਤੱਕਿਆ ਭਰਾਵਾਂ ਨੂੰ ਤੇ ਜਾ ਰਲੀ ਉਨ੍ਹਾਂ ਸੰਗ-ਮਿਰਜੇ ਦਾ ਤੀਰਾਂ ਦਾ ਭੱਥਾ ਸੁੱਟਿਆ ਜੰਡ ਤੇ-ਹੋਰ ਹਥਿਆਰ ਲੁਕਾ ਕੇ ਕੀਤਾ ਨਿਹੱਥਾ । ਮਿਰਜੇ ਦੀ ਖੁੱਲ੍ਹੀ ਜਾਗ-ਲੱਭੇ ਹਥਿਆਰ ਆਖਰ ਚੁੱਕੀ ਸਾਹਿਬਾਂ-ਸੁੱਟੀ ਘੋੜੇ ਦੀ ਪਿੱਠ ਤੇ-ਲਾਈ ਦੁੜਕੀ ਪਿੰਡ ਵੱਲ-ਸਾਹਿਬਾਂ ਦੇ ਭਰਾਵਾਂ ਨੇ ਕੀਤਾ ਪਿੱਛਾ-ਕਿਸੇ ਕ੍ਰਿਪਾਨਾ ਨਾਲ-ਕਿਸੇ ਤੀਰਾਂ ਨਾਲ ਕੀਤਾ ਹਮਲਾ-ਮਿਰਜੇ ਦੀ ਪੱਗ ਉਤਰ ਕੇ ਡਿੱਗੀ ਥੱਲੇ-ਸਿਰ ਹੋਇਆ ਨੰਗਾ-ਖੁੱਲੇ ਸੁੰਦਰ ਕੇਸ ਤੇ ਆਖਰ ਮਿਰਜਾ ਮਾਰਿਆ ਗਿਆ। ਸਾਹਿਬਾਂ ਤੱਕਿਆ-ਭਰਾ ਦੀ ਕਮਰ ਤੋਂ ਖਿੱਚੀ ਕਟਾਰੀ-ਮਾਰੀ ਅਪਣੇ ਟਿੱਢ ਤੇ ਫਿਰ:-

*ਵਹ ਤ੍ਰਿਯ ਪੀਰ ਪਿਯ ਕੇ ਬਰੀ ॥ ਆਪਹੁ ਮਾਰਿ ਕਟਾਰੀ ਮਰੀ ॥*
*ਜੋ ਤ੍ਰਿਯ ਚਰਿਤ ਚਹੈ ਸੁ ਬਨਾਵੈ ॥ ਦੇਵ ਅਦੇਵ ਭੇਵ ਨਹਿ ਪਾਵੈ ॥੩੮॥*
*ਦੋਹਰਾ ॥ ਪ੍ਰਥਮ ਤਹਾਂ ਤੇ ਕਾਢਿਕੈ ਪੁਨਿ ਨਿਜੁ ਮੀਤ ਹਨਾਇ ॥*
*ਪੁਨਿ ਜਮਧਰ ਉਰ ਹਨਿ ਮਰੀ ਭ੍ਰਾਤ ਮੋਹ ਕੇ ਭਾਇ ॥੩੯॥*
*ਭੂਤ ਭਵਿੱਖ ਭਵਾਨ ਮੈ ਸੁਨਿ ਯਤ ਸਦਾ ਬਨਾਇ ॥*
*ਚਤੁਰਿ ਚਰਿੱਤ੍ਰਨ ਕੌ ਸਦਾ ਭੇਵ ਨ ਪਾਯੋ ਜਾਏ ॥੪੦॥* (ਇਕ ਸੌ ਉਨਤੀਸਵੌਂ ਚਰਿਤ੍ਰ ਪੰਨਾ ੧੦੦੨)

ਪਾਤਰ : ਸੁਮਤਿ ਕੁਅਰਿ (ਰਾਣੀ) ਤੇ ਰਾਜਾ (ਇਕ ਸੌ ਤੀਸਵੌਂ ਚਰਿਤ੍ਰ ਪੰਨਾ ੧੦੦੨-੧੦੦੩)

ਬੇਦ ਪੁਰਾਨ ਦੇ ਗਿਆਨ ਚ ਨਿਪੁੰਨ ਸੁਮਤਿ ਕੁਅਰਿ ਰਾਣੀ ਅਪਣੇ ਮੂੰਹ ਤੋਂ ਹਮੇਸ਼ਾ ਸਿਵ ਸਿਵ ਕਹਿੰਦੀ। ਰਾਜਾ ਬਿਸਨੂੰ ਦਾ ਪੁਜਾਰੀ ਅਪਣੇ ਮੂੰਹ ਤੋਂ ਹਰਿ ਹਰਿ ਜਪਦਾ । ਉਹ ਸਿਵ ਨੂੰ ਰੱਤੀ ਭਰ ਭੀ ਅਪਣੇ ਮਨ ਚ ਨਾ ਲਿਆਉਂਦਾ। ਹਮੇਸ਼ਾ ਕ੍ਰਿਸ਼ਨ ਦੇ ਗੀਤ ਗਾਉਂਦਾ ਰਹਿੰਦਾ । ਉਹ ਰਾਣੀ ਨੂੰ ਆਖਦਾ ਤੂੰ ਕਿਉਂ ਸ਼ਿਵ ਸ਼ਿਵ ਕਰਦੀ ਰਹਿੰਦੀ ਹੈਂ। ਉਸ ਵਿੱਚ ਕੋਈ ਚਮਤਕਾਰ ਨਹੀਂ। ਰਾਣੀ ਕਹਿੰਦੀ ਉਹ ਤ੍ਰਿਪੁਰ (ਦੈਂਤ) ਨੂੰ ਮਾਰ ਕੇ ਰੁਦ੍ਰ ਤ੍ਰਿਪੁਰਾਇ ਕਹਾਇਆ-ਗੰਗਾ ਨੂੰ ਅਪਣੀਆਂ ਜਟਾਂ ਵਿੱਚ ਧਾਰ ਕੇ ਉਹ ਗੰਗਧਰ ਬਣਿਆ-ਜਟਾਂ ਰੱਖ ਕੇ (ਜਟਾ ਜੂਟ ਹੋ ਕੇ) ਉਹ

ਜਟੀ ਬਣਿਆ ਪਾਰਬਤੀ ਨਾਲ ਸ਼ਾਦੀ ਕਰ ਕੇ ਉਹ ਪਾਰਬਤੀਸ੍ਵਰ ਅਖਵਾਇਆ-ਤੂੰ ਮੂਰਖ ਉਸ ਦਾ ਕੀ ਭੇਦ ਜਾਣ ਸਕਦਾ ਹੈਂ। ਉਸ ਨੇ ਮਨ ਚ ਰਾਜਾ ਨੂੰ ਸਬਕ ਸਿਖਾਣ ਦੀ ਸੋਚੀ । ਜਦ ਰਾਜਾ ਸੌਂ ਗਿਆ ਤਾਂ ਉੱਠ ਕੇ ਉਸ ਦਾ ਮੰਜਾ ਪਲਟ ਦਿੱਤਾ ਤੇ ਆਪ ਸ਼ਿਵ ਸ਼ਿਵ ਕਰਨ ਲੱਗੀ। ਰਾਜਾ ਬੌਂਦਲ ਕੇ ਉੱਠਿਆ ਕਹਿੰਦਾ ਰਾਣੀ ਮੈਨੂੰ ਸਮਝ ਨੀ ਲੱਗੀ ਕਿਹਨੇ ਮੈਨੂੰ ਪਟਕਾ ਮਾਰਿਆ। ਕਹਿੰਦੀ ਤੂੰ ਸ਼ਿਵ ਨੂੰ ਮੰਦਾ ਬੋਲਿਆ ਉਸ ਨੇ ਗੁੱਸੇ ਚ ਆ ਕੇ ਤੈਨੂੰ ਪਟਕਾ ਮਾਰਿਆ। ਰਾਜਾ ਡਰਿਆ-ਡਰਦਾ ਮਾਰਿਆ ਬਿਸ਼ਨੂੰ ਦਾ ਜਾਪ ਕਰਨ ਲੱਗਾ ।

ਨੋਟ :- ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਸਿੱਖਾਂ ਨੂੰ ਇਕ ਅਕਾਲ ਪੁਰਖ ਦੇ ਲੜ ਲਾਇਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਿੰਦਾ ਗੁਰੂ ਥਾਪ ਕੇ ਉਸ ਦੇ ਹੁਕਮ ਚ ਚਲਣ ਦੀ ਹਦਾਇਤ ਕੀਤੀ। ਗੁਰ ਸਿੱਖ ਨੂੰ ਹੁਕਮ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਅਕਾਲ ਪੁਰਖ ਦਾ ਸਿਮਰਣ ਕਰੇ ਸਿੱਖ ਧਰਮ ਨਾ ਸਿਵ ਨੂੰ ਤੇ ਨਾ ਹੀ ਬਿਸ਼ਨੂੰ ਨੂੰ ਕੋਈ ਮਾਨਤਾ ਦੇਂਦਾ ਹੈ। (ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ) ਗੁਰੂ ਗੋਬਿੰਦ ਸਿੰਘ ਜੀ ਅਜਿਹੀ ਕੋਈ ਘਟਨਾ ਜਾਂ ਸਾਖੀ ਲਿਖ ਹੀ ਨਹੀਂ ਸਕਦੇ ਜੋ ਗੁਰਸਿੱਖਾਂ ਚ ਦੁਚਿਤਾਪਣ ਪੈਦਾ ਕਰਦੀ ਹੋਏ ਅਤੇ ਅਕਾਲ ਪੁਰਖ ਤੋਂ ਤੋੜ ਕੇ ਦੇਵ ਪੂਜਾ ਵੱਲ ਪ੍ਰੇਰਦੀ ਹੋਏ। ਸਿੱਖ ਧਰਮ ਦੇ ਵੱਡੇ ਵੱਡੇ ਠੇਕੇਦਾਰ ਭੋਲੇ ਭਾਲੇ ਗੁਰਸਿੱਖਾਂ ਨੂੰ ਗੁਮਰਾਹ ਕਰਨ ਤੇ ਲੱਗੇ ਹਨ । ਕਹਿੰਦੇ ਜੀ ਇਹ ਦਸਮ ਗ੍ਰੰਥ ਹੈ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ । ਗੁਰੂ ਜੀ ਦਾ ਅਪਮਾਨ ਇਹ ਲੋਕ ਕਦ ਤੱਕ ਕਰਦੇ ਰਹਿਣਗੇ ? ਕੀ ਸਿੱਖ ਨੌਜੁਆਨ ਪੀੜੀ ਖ਼ੁਮਾਰੀ ਤੋਂ ਜਾਗਣ ਦੀ ਕਦੇ ਕੋਸ਼ਿਸ ਕਰੇਗੀ? ਕੀ ਸਿੱਖ ਅਪਣੇ ਗੁਰੂ ਘਰਾਂ ਦੀ ਸੇਵਾ ਸੰਭਾਲ ਕਰ ਸਕਣਗੇ ? ਬੇਅੰਤ ਸਵਾਲ ਤੇ ਸਵਾਲ ਉੱਠਦੇ ਹਨ-ਉੱਠਦੇ ਹੀ ਰਹਿਣਗੇ ਕਿਉਂਕਿ ਇਨ੍ਹਾਂ ਦੇ ਹੱਲ ਲਈ ਕੋਈ ਸੰਜੀਦਾ ਨਜ਼ਰ ਨਹੀਂ ਆਉਂਦਾ ।

ਇਲਾਕਾ : ਪਰਬਤ ਬੰਸ : ਚੰਦ੍ਰ (ਇਕ ਸੌ ਇਕੱਤੀਹ ਚਰਿਤ੍ਰ ਪੰਨਾ ੧੦੦੩-੧੦੦੪)

ਪਾਤਰ : ਬੀਰ ਦੇਵ (ਰਾਜਾ), ਭਾਗਮਤੀ ਤੇ ਦੇਬਿਦੱਤ

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ :** ਚੰਦ੍ਰ ਬੰਸ ਦੇ ਇਕ ਪਹਾੜੀ ਰਾਜੇ ਦੀ ਰਾਣੀ ਭਾਗਮਤੀ ਮਾਨੋ ਚੰਦ ਦਾ ਟੁਕੜਾ ਓਹਨੇ ਤੱਕਿਆ ਦੇਬਿਦੱਤ ਚੰਗਾ ਸੋਹਣਾ ਸੁਨੱਖਾ। ਸਹੇਲੀ ਭੇਜ ਕੇ ਅਪਣੇ ਪਾਸ ਬੁਲਾਇਆ ਤੇ ਕਾਮਲੀਲਾ ਕੀਤੀ।

*ਚੌਪਈ ॥ ਦੇਬਿਦੱਤ ਰਾਨਿਯਹਿ ਨਿਹਾਰਯੋ ॥ ਜਨੁਕ ਰੂਪ ਕੀ ਰਾਸਿ ਬਿਚਾਰਯੋ ॥*
*ਪਠੈ ਸਹਚਰੀ ਬੋਲਿ ਸੁ ਲੀਨੋ ॥ ਕਾਮਕੇਲ ਤਾਸੌ ਅਤਿ ਕੀਨੋ ॥੩॥*

(ਇਕ ਸੌ ਇਕੱਤੀਹ ਚਰਿਤ੍ਰ ਪੰਨਾ ੧੦੦੩)

ਬੀਰਦੇਵ ਰਾਜੇ ਨੂੰ ਰਾਣੀ ਦੀ ਕਰਤੂਤ ਦਾ ਪਤਾ ਚਲਿਆ-ਕ੍ਰਿਪਾਨ ਕੱਢ ਕੇ ਗੁੱਸੇ ਨਾਲ ਭਾਗਮਤੀ ਦੇ ਘਰ ਪੁੱਜਾ-ਉਸ ਨੇ ਮਿਤ੍ਰ ਨੂੰ ਚੜਾਇਆ ਕੋਠੇ-ਅੱਗੇ ਹੋ ਕੇ ਪਤੀ ਦੀ ਕੀਤੀ ਆਓ ਭਗਤ ਉਸ ਨੇ ਤੁਰੰਤ ਰੂੰ ਨਾਲ ਇਕ ਪਾਸਾ ਮਹਲ ਦਾ ਭਰ ਦਿੱਤਾ (ਪਤਾ ਨਹੀਂ ਰੂੰ ਪਹਿਲਾਂ ਖ੍ਰੀਦੀ ਸੀ ਜਾਂ ਮੰਤ੍ਰ ਮਾਰ ਕੇ ਇਕੱਠੀ ਕੀਤੀ) ਰਾਜੇ ਨੂੰ ਭਾਗਮਤੀ ਕਹਿੰਦੀ ਮੈਂ ਇਕ ਚੋਰ ਫੜਿਆ ਹੈ ਜੇ ਕਹੇਂ ਤਾਂ ਮੈਂ ਤੈਨੂੰ ਦਿਖਾਉਂਦੀ ਹਾਂ । ਉਸ ਨੂੰ ਜੋ ਮਰਜੀ ਸਜ਼ਾ ਦੇਹ ਭਾਵੇਂ ਮਹਲ ਤੋਂ ਥੱਲੇ ਸੁੱਟ ਕੇ ਮਾਰ ਦੇ :-

*ਪ੍ਰਥਮ ਨ੍ਰਿਪਹਿ ਇਹ ਭਾਂਤਿ ਜਤਾਈ ॥ ਬਹੁਰੋ ਬਾਂਧਿ ਜਾਰ ਕੌ ਲਯਾਈ ॥*
*ਆਪੁ ਭੋਗ ਜਿਹ ਸਾਥ ਕਮਾਯੋ ॥ ਬਹੁਰਿ ਰਾਵ ਕੌ ਆਨ ਦਿਖਾਯੋ ॥੮॥*

(ਇਕ ਸੌ ਇਕੱਤੀਹ ਚਰਿਤ੍ਰ ਪੰਨਾ ੧੦੦੪)

ਅਪਣੀਆਂ ਸਹੇਲੀਆਂ ਨੂੰ ਕਹਿੰਦੀ ਏਹਨੂੰ ਧੌਲਰ ਤੋਂ ਹੇਠਾਂ ਸੁੱਟ ਦਿਓ । ਸਖੀਆਂ ਉਸ ਨੂੰ ਪਕੜ ਕੇ ਉਪਰੋਂ ਰੂੰ ਤੇ ਸੁੱਟ ਦਿੱਤਾ-ਉਹ ਉਠ ਕੇ ਅਪਣੇ ਘਰ ਚਲੇ ਗਿਆ । ਰਾਜੇ ਨੂੰ ਸਾਰਾ ਘਰ ਦਿਖਾਇਆ । ਰਾਜੇ ਨੇ ਅਪਣੇ ਆਉਣ ਦਾ ਕਾਰਣ ਦੱਸਿਆ। ਰਾਣੀ ਕਹਿੰਦੀ ਤੈਨੂੰ ਕਿਸੇ ਝੂਠੀ ਇਤਲਾਹ ਦਿੱਤੀ । ਰਾਜੇ ਨੇ ਇਤਲਾਹ ਦੇਣ ਵਾਲੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ । ਇਹ ਕੋਈ ਧਾਰਮਿਕ ਗ੍ਰੰਥ ਨਹੀਂ ਬਲਕਿ ਕਈ ਬਿਗੜੇ ਕਵੀਆਂ ਦਾ ਕਾਵਿ ਸੰਗ੍ਰਹਿ ਹੈ ।

ਦੇਸ : ਪਲਾਊ (ਇਕ ਸੌ ਬਤੀਸਵੋਂ ਚਰਿਤ੍ਰ ਪੰਨਾ ੧੦੦੫-੧੦੦੭)

ਪਾਤਰ : ਮੰਗਲਦੇਵ (ਰਾਵ), ਸੁਘਰਿ ਕੁਅਰਿ (ਨਾਰੀ), ਗਰਬੀ ਰਾਇ ਤੇ ਸਹਚਰੀ

ਪਲਾਊ ਦੇਸ ਦੇ ਰਾਜਾ ਮੰਗਲ ਦੇਵ ਦੀ ਔਰਤ ਸੁਘਰਿ ਕੁਅਰਿ ਨੇ ਗਰਬੀ ਰਾਇ ਦੇਖਿਆ, ਉਸ ਤੇ ਮਰ ਮਿਟੀ । ਉਸ ਨੇ ਸਹੇਲੀ ਭੇਜ ਕੇ ਉਸ ਨੂੰ ਸੱਦਣ ਬੁਲਾਇਆ ਤੇ ਫਿਰ :-

*ਦੋਹਰਾ ॥ ਭਾਂਤਿ ਭਾਂਤਿ ਆਸਨ ਕਰੇ ਚੁੰਬਨ ਕਰੇ ਬਨਾਇ ॥*
*ਚਿਮਟਿ ਚਿਮਟਿ ਤਾਸੌ ਰਮੈਂ ਛਿਨਿਕ ਨ ਛੋਰਯੋ ਜਾਇ ॥੪॥*

.......................................................
*ਚੁੰਬਨ ਔਰ ਅਲਿੰਗਨ ਦੇਈ ॥ ਭਾਂਤਿ ਭਾਂਤਿ ਕੈ ਆਸਨ ਲੇਈ ॥*
*ਹਰਖ ਠਾਨਿ ਤ੍ਰਿਯ ਕੇਲ ਕਮਾਵੈ ॥ ਕਾਮ ਰੀਤਿ ਕੀ ਪ੍ਰੀਤਿ ਜਤਾਵੈ ॥੭॥*

(ਇਕ ਸੌ ਬਤੀਸਵੇਂ ਚਰਿਤ੍ਰ ਪੰਨਾ ੧੦੦੫)

ਕਿਸੇ ਨੇ ਰਾਜੇ ਨੂੰ ਭੇਦ ਦੱਸ ਦਿੱਤਾ। ਉਸ ਨੇ ਔਰਤ ਨੂੰ ਦਿਲੋਂ ਭੁਲਾ ਦਿੱਤਾ। ਉਹ ਕ੍ਰਿਪਾਨ ਕੱਢ ਕੇ ਮਾਰਨ ਤੁਰਿਆ ਪਰ ਸਿਆਣੀ ਸਹੇਲੀ ਨੇ ਪਹਿਲਾਂ ਹੀ ਖ਼ਬਰ ਕਰ ਦਿੱਤੀ। ਰਾਣੀ ਨੇ ਕਈ ਦੇਗਚੇ ਮੰਗਾਏ। ਇਕ ਵਿੱਚ ਯਾਰ ਬਿਠਾ ਤਵੇ ਨਾਲ ਢੱਕਣ ਦੇ ਦਿੱਤਾ ਤੇ ਦੂਜਿਆਂ ਵਿੱਚ ਵੱਖ ਵੱਖ ਪਕਵਾਨ। ਰਾਜਾ ਘਰ ਪੁੱਜਾ-ਰਾਣੀ ਨੇ ਆਓ ਭਗਤ ਕੀਤੀ ਤੇ ਪਕਵਾਨਾ ਨਾਲ ਸੇਵਾ । ਕਹਿੰਦੀ ਮੇਰੇ ਧੰਨ ਭਾਗ ਖਸਮਾਂ ਬਹੁਤ ਦੇਰ ਬਾਦ ਇੱਧਰ ਚੱਕਰ ਮਾਰਿਆ । ਉਸ ਨੇ ਇਕ ਦੇਗ ਗਰੀਬਾਂ ਚ ਵੰਡਣ ਲਈ ਦੇ ਦਿੱਤੀ-ਦੂਜੀ ਬੈਰਾਗਿਨ ਵਿੱਚ ਵੰਡ ਦਿੱਤੀ-ਤੀਜੀ ਸੰਨਯਾਸਨਾਂ ਨੂੰ ਦੇ ਦਿੱਤੀ । ਚੌਥੀ ਦੇਗ ਬ੍ਰਹਮਚਾਰੀਆਂ ਨੂੰ ਦਿੱਤੀ। ਪੰਜਵੀਂ ਨੌਕਰਾਂ ਨੂੰ-ਛੇਵੀਂ ਫੋਜ ਨੂੰ ਤੇ ਸੱਤਵੀਂ ਦੇਗ ਸਖੀ ਦੇ ਮੋਢੇ ਰੱਖ ਕੇ ਤੋਰ ਦਿੱਤੀ । ਉਸ ਨੇ ਰਾਜੇ ਦੇ ਦੇਖਦੇ ਹੀ ਦੇਖਦੇ ਘਰੋਂ ਯਾਰ ਨੂੰ ਦੇਗ ਚ ਬਿਠਾ ਕੇ ਕੱਢ ਦਿੱਤਾ । ਰਾਜਾ ਕਹਿੰਦਾ ਮੈਨੂੰ ਝੂਠ ਮੂਠ ਹੀ ਕਿਸੇ ਨੇ ਤੇਰੇ ਬਾਰੇ ਇਤਲਾਹ ਦਿੱਤੀ ।

ਨੋਟ :- ਇਸ ਤੋਂ ਸਾਨੂੰ ਇਹ ਧਾਰਮਿਕ ਸਿੱਖਿਆ ਮਿਲਦੀ ਹੈ ਕਿ ਕਿਵੇਂ ਰੰਗਰਲੀਆਂ ਮਨਾ ਕੇ ਯਾਰ ਬਿਦਾ ਕਰੀਦਾ ਹੈ ਤੇ ਕਿਵੇਂ ਖਸਮ ਦੀਆਂ ਅੱਖਾਂ ਚ ਘੱਟਾ ਪਾਈਦਾ ਹੈ ।

## ਇਲਾਕਾ : ਹੁਗਲੀ ਬੰਦਰ

(ਇਕ ਸੌ ਤੇਤੀਸਵੇਂ ਚਰਿਤ੍ਰ ਪੰਨਾ ੧੦੦੭-੧੦੦੯)

ਪਾਤਰ : ਹਿੰਮਤ ਸਿੰਘ (ਨ੍ਰਿਪ), ਸੁਜਨਿ ਕੁਅਰਿ (ਨਾਰੀ) ਤੇ ਪਰਮ ਸਿੰਘ (ਰਾਜਾ)

ਹੁਗਲੀ ਬੰਦਰ ਦੇ ਰਾਜੇ ਹਿੰਮਤ ਸਿੰਘ ਦੀ ਰਾਣੀ ਸੁਜਨਿ ਕੁਅਰਿ ਮਾਨੋ ਚੰਦ ਦਾ ਟੁਕੜਾ-ਬੜੀ ਹੀ ਸੋਹਣੀ। ਓਹਦੇ ਗਦਰਾਏ ਸਰੀਰ ਨੂੰ ਦੇਖ ਕੇ ਦੇਵਤੇ ਮਨੁੱਖ ਦੈਂਤ ਤੇ ਸੱਪ ਮੇਲ੍ਹ ਉੱਠਦੇ। ਪਰਮ ਸਿੰਘ ਰਾਜਾ ਭਰ ਜੁਆਨ ਤੇ ਸੁਨੱਖਾ ਉਹਦਾ ਰੂਪ ਬਿਜਲੀ ਦੀ ਤਰ੍ਹਾਂ ਲਿਸ਼ਕਾਰੇ ਮਾਰੇ ਸੁਜਨਿ ਕੁਅਰਿ ਨੇ ਉਸ ਨੂੰ ਤੱਕਦੇ ਹੀ ਅਪਣੀ ਸੁੱਧ ਬੁੱਧ ਖੋ ਦਿੱਤੀ। ਉਸ ਨੇ ਅਪਣੀ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਦਿਲ ਖੋਲ੍ਹ ਕੇ ਸਰੀਰਕ ਨਿੱਘ ਮਾਣਿਆ ਕਹਿੰਦੀ ਬੜਾ ਅਨੰਦ ਆਇਆ ਕੱਲ ਨੂੰ ਭੀ ਆਉਣ ਦੀ ਕ੍ਰਿਪਾ ਕਰਨੀ ।

*ਅੜਿੱਲ ॥ ਪਠੈ ਸਹਚਰੀ ਲੀਨੌ ਤਾਹਿ ਬੁਲਾਇਕੈ ॥ ਰਤਿ ਮਾਨੀ ਤਿਹ ਸੰਗ ਸੁ ਮੋਦ ਬਢਾਇਕੈ ॥*
*ਬਹੁਰਿ ਬਿਦਾ ਕਰਿ ਦਿਯੋ ਅਧਿਕ ਸੁਖ ਪਾਇਯੋ ॥ ਹੌ ਕਾਲ ਕ੍ਰਿਪਾ ਕਰਿ ਧਾਮ ਹਮਾਰੇ ਆਇਯੋ ॥*
*ਭੋਗ ਮਾਨਿ ਨ੍ਰਿਪ ਗਯੋ ਪ੍ਰਾਤ ਪੁਨਿ ਆਇਯੋ ॥ ਕਾਮ ਕੇਲ ਤ੍ਰਿਯ ਸਾਥ ਬਹੁਰਿ ਉਪਜਾਇਯੋ ॥*
*ਪੁਨਿ ਰਾਨੀ ਜੂ ਬਚਨ ਮੀਤ ਸੋ ਯੌ ਕਿਯੋ ॥ ਹੋ ਹਮਰੈ ਚਿਤ ਚੁਰਾਇ ਲਲਾ ਜੂ ਤੁਮ ਲਿਯੋ ॥੬॥*

(ਇਕ ਸੌ ਤੇਤੀਸਵੇਂ ਚਰਿਤ੍ਰ ਪੰਨਾ ੧੦੦੭)

ਮੈਂ ਤੈਨੂੰ ਅਪਣਾ ਖਸਮ ਬਣਾਉਣਾ ਚਾਹੁੰਦੀ ਹਾਂ-ਐਦਾਂ ਕਰੀਂ ਤੂੰ ਮੈਨੂੰ ਭਜਾ ਕੇ ਲੈ ਜਾਵੀਂ । ਇਕ ਬਾਂਸ ਨਾਲ ਕੁੱਪੀ ਬੰਨ੍ਹ ਕੇ ਬਾਂਸ ਧਰਤੀ ਵਿੱਚ ਗੱਡ ਦਿੱਤਾ ਕਹਿੰਦੀ, ਜਿਹੜਾ ਅੱਖਾਂ ਬੰਨ੍ਹ ਕੇ ਘੋੜੇ ਤੇ ਸਵਾਰ ਹੋ ਕੇ ਇਸ ਕੁੱਪੀ ਨੂੰ ਨਿਸ਼ਾਨਾ ਬਣਾਏਗਾ, ਉਹ ਮੇਰੇ ਨਾਲ ਹਮਬਿਸਤਰ ਹੋਏਗਾ । ਬੜੇ ਬੰਦਿਆਂ ਨੇ ਕੋਸ਼ਿਸ ਕੀਤੀ-ਕਈ ਰਾਜੇ ਇਸ ਰੰਗ ਵਿੱਚ ਕੁੱਦੇ ਪਰ ਨਿਸ਼ਾਨਾ ਕੋਈ ਨੀ ਬੰਨ੍ਹ ਸਕਿਆ ।

*ਦੋਹਰਾ ॥ ਅਰਧ ਰਾਤ੍ਰਿ ਮੂੰਦੇ ਦ੍ਰਿਗਨ ਸਭ ਕੋਊ ਤੀਰ ਚਲਾਇ ॥*
*ਜੀਤਿ ਨ ਰਾਨੀ ਕੌ ਸਕੈ ਨਿਜੁ ਰਾਨਿਨ ਦੈ ਜਾਇ ॥੧੨॥* (ਇਕ ਸੌ ਤੇਤੀਸਵੇਂ ਚਰਿਤ੍ਰ ਪੰਨਾ ੧੦੦੮)

ਹੁਣ ਬਾਰੀ ਆਈ ਪਰਮ ਸਿੰਘ ਦੀ । ਰਾਣੀ ਨੇ ਪਹਿਲਾਂ ਉਸ ਨਾਲ ਦਿਲ ਖੋਲ੍ਹ ਕੇ ਭੋਗ ਕੀਤਾ ਤੇ ਫਿਰ ਸਾਰੀ ਕਹਾਣੀ ਸਮਝਾ ਦਿੱਤੀ। ਗੱਡਿਆ ਬਾਂਸ ਰਾਤ ਨੂੰ ਹੇਠਾਂ ਲਿਟਾ ਦਿੱਤਾ ਤੇ ਤੀਰ ਨਾਲ ਕੁੱਪੀ ਪਹਿਲਾਂ ਹੀ ਵਿੰਨ ਦਿੱਤੀ। ਪਰਮ ਸਿੰਘ ਨੇ ਭਜਾਇਆ ਘੋੜਾ–ਰਾਣੀ ਨੇ ਮਾਰੀ ਤਾੜੀ ਲੋਕੀਂ ਸੋਚਿਆ ਕੁੱਪੀ ਚ ਤੀਰ ਵੱਜਾ–ਪਰਮ ਸਿੰਘ ਦੀ ਹੋਈ ਬੱਲੇ ਬੱਲੇ। ਰਾਜਾ ਇਹ ਦੇਖ ਕੇ ਹੋਇਆ ਬੇਸੁਰਤ–ਚਾਰ ਘੜੀ ਬਾਦ ਸੁਰਤ ਆਈ–ਫੇਰ ਬੇਸੁਰਤ -ਪੰਜ ਘੜੀ ਬਾਦ ਫੇਰ ਸੁਰਤ-ਪੱਗ ਕਿਤੇ ਡਿੱਗੀ-ਹਾਰ ਟੁੱਟ ਗਏ-ਲੋਕਾਂ ਬੜੀ ਮੁਸਕਲ ਨਾਲ ਸੰਭਾਲਿਆ। ਆਖਰ ਅਪਣੀ ਔਰਤ ਦੇ ਕੇ ਹੀ ਜਾਨ ਛੁੱਟੀ ।

*ਸੋਰਠਾ ॥ ਸਕਯੋ ਨਾ ਭੇਦ ਪਛਾਨਿ ਇਹ ਛਲ ਸੋ ਛੇਲੀ ਛਲਯੋ ॥*
*ਰਹਯੋ ਮੋਨਿ ਮੁਖਿ ਠਾਨਿ ਨਾਰਿ ਰਹਯੋ ਨਿਹੁਰਾਇ ਕੈ ॥੨੮॥* (ਇਕ ਸੌ ਤੇਤੀਸਵੇਂ ਚਰਿਤ੍ਰ ਪੰਨਾ ੧੦੦੯)

ਨੋਟ :-ਆਪ ਜੀ ਨੇ ਧਾਰਮਿਕ ਪ੍ਰਵਚਨ ਪੜ੍ਹੇ ਉਮੀਦ ਹੈ ਮਨ ਦਾ ਭਰਮ ਸਾਂਤ ਹੋਇਆ ਹੋਏਗਾ। ਕੀ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ? ਬਾਰ ਬਾਰ ਸਵਾਲ ਉੱਠਦਾ ਹੈ । ਸਾਡੇ ਜਥੇਦਾਰ ਅਤੇ ਅਨੇਕਾਂ ਹੀ ਅਖੌਤੀ ਜਥੇਬੰਦੀਆਂ ਤੇ ਸੰਤ ਸਾਧ ਇਸ ਲੱਚਰ ਕਾਵਿ ਰਚਨਾ ਨੂੰ ਗੁਰਬਾਣੀ ਕਹਿੰਦੇ / ਕਹਿੰਦੀਆਂ ਹਨ-ਹਾਲੇ ਤੱਕ ਇਨ੍ਹਾਂ ਭੱਦਰ ਪੁਰਸ਼ਾਂ ਨੂੰ ਗੁਰਬਾਣੀ ਅਤੇ ਕੋਕ ਸਾਸਤ੍ਰ ਵਿੱਚ ਕੀ ਫ਼ਰਕ ਹੈ ਦਾ ਭੀ ਪਤਾ ਨਹੀਂ ਚੱਲਿਆ । ਹਰ ਰੋਜ ਉਹ ਗੁਰਦੁਆਰੇ ਲਾਊਡ ਸਪੀਕਰਾਂ ਰਾਹੀਂ ਕੁੱਝ ਬੁੜ ਬੁੜਾਉਂਦੇ ਜਰੂਰ ਹਨ ਪਰ ਕੀ ਬਰੜਾਉਂਦੇ ਹਨ ਇਹ ਉਨ੍ਹਾਂ ਨੂੰ ਭੀ ਪਤਾ ਨਹੀਂ । ਜੇਕਰ ਕਦੇ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਇਕ ਮਨ ਇਕ ਚਿੱਤ ਅਰਥਾਂ ਸਮੇਤ ਪੜਿਆ ਹੁੰਦਾ ਤਾਂ ਇਸ ਗੰਦਗੀ ਦੇ ਢੇਰ ਤੇ ਉਹ ਨਮਸਕਾਰਾਂ ਨਾ ਕਰਦੇ । **ਗੁਰਬਾਣੀ ਕਹਿੰਦੀ ਹੈ :-**

**ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ** (ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੩੯੪)

**ਕੋਈ ਗੁਰਬਾਣੀ ਦਾ ਅਨੰਦ ਲੈਂਦਾ ਹੈ ਤੇ ਕੋਈ ਦਸਮ ਗ੍ਰੰਥ ਨਾਮੀ ਕੋਕ ਸਾਸਤ੍ਰ ਪੜ੍ਹ ਪੜ੍ਹ ਕਾਮ ਵਾਸਨਾ ਦੇ ਚਟਕਾਰੇ।**

ਪਾਤਰ : ਸਬਕ ਸਿੰਘ (ਰਾਜਾ) ਤੇ ਬਾਜਮਤੀ (ਨਾਰੀ) **(ਇਕ ਸੌ ਚੌਤੀਸਵੇਂ ਚਰਿਤ੍ਰ ਪੰਨਾ ੧੦੦੯-੧੦੧੦)**

**ਬਾਲ ਸਫ਼ਾ ਲਗਾ ਕੇ ਕੇਸ ਦੂਰ ਕਰੋ ਤੇ ਫਿਰ ਗੁੱਦਾ ਭੋਗ ਕਰੋ :** ਸਬਕ ਸਿੰਘ ਬੜਾ ਬੇਸ਼ਰਮ ਰਾਜਾ। ਹਰ ਕਿਸੇ ਔਰਤ ਨਾਲ ਜੋ ਉਸ ਨੂੰ ਚੰਗੀ ਲਗਦੀ ਭੋਗ ਕਰਦਾ। ਜਿਹੜੀ ਔਰਤ ਉਸ ਦੇ ਆਖੇ ਨਾ ਲੱਗਦੀ ਜਬਰਦਸਤੀ ਉਸ ਦੀ ਮੰਜੀ ਚੁੱਕ ਮੰਗਵਾਉਂਦਾ । ਉਹ ਅਪਣੀ ਔਰਤ ਬਾਜਮਤੀ ਤੋਂ ਭੋਰਾ ਨਾ ਡਰਦਾ । ਰਾਣੀ ਉਸ ਦੀ ਕਰਤੂਤ ਤੋਂ ਬਹੁਤ ਦੁਖੀ। ਉਸ ਨੇ ਮਨ ਹੀ ਮਨ ਰਾਜੇ ਨੂੰ ਸਬਕ ਸਿਖਾਣ ਦੀ ਠਾਣੀ। ਰਾਜੇ ਦੇ ਇਸ ਕੁਕਰਮ ਵਿੱਚ ਖੁੱਦ ਸਰੀਕ ਹੋ ਕੇ ਉਸ ਨੇ ਸੁੰਦਰ ਔਰਤਾਂ ਬਾਰੇ ਰਾਜੇ ਨੂੰ ਦੱਸਣਾ ਸੁਰੂ ਕਰ ਦਿੱਤਾ । ਉਸ ਨੇ ਇਕ ਬਲਵਾਨ ਤੇ ਸੁੰਦਰ ਪੁਰਖ ਦੇਖਿਆ-ਫਿਰ ਉਸ ਦੀ ਔਰਤ ਰਾਜੇ ਨੂੰ ਮਿਲਵਾ ਦਿੱਤੀ। ਜਦ ਨੌਜੁਆਨ ਨੇ ਗੁੱਸਾ ਖਾਧਾ ਤਾਂ ਰਾਣੀ ਨੇ ਆਪ ਉਸ ਨਾਲ ਸੇਜ ਸਾਂਝ ਕੀਤੀ ।

*ਦੋਹਰਾ ॥ ਕਾਮਕੇਲ ਤਾਸੋ ਕਰਯੋ ਰਾਨੀ ਅਤਿ ਸੁਖ ਪਾਇ ॥*
*ਬਹੁਰਿ ਬਚਨ ਤਿਹ ਪੁਰਖ ਸੌਂ ਐਸੇ ਕਹਯੋ ਸੁਨਾਇ ॥੮॥* **(ਇਕ ਸੌ ਚੌਤੀਸਵੇਂ ਚਰਿਤ੍ਰ ਪੰਨਾ ੧੦੦੯)**

ਫਿਰ ਉਸ ਨੂੰ ਕਹਿੰਦੀ ਦੱਸ ਤੇਰੀ ਕੀ ਇੱਜਤ ਤੇਰੀ ਔਰਤ ਤਾਂ ਰਾਜੇ ਭੋਗੀ ।
ਜਿਸਦੀ ਔਰਤ ਦੂਜਿਆਂ ਨਾਲ ਮੌਜਾਂ ਲੁੱਟੇ ਉਸ ਦਾ ਜੀਉਣਾ ਧ੍ਰਿਗ ਹੈ ।

*ਦੋਹਰਾ ॥ ਪ੍ਰਥਮ ਭੋਗ ਮਨ ਭਾਵਤੋ ਰਾਨੀ ਕਿਯੋ ਬਨਾਇ ॥*
*ਬਹੁਰਿ ਬਚਨ ਤਾਸੌਂ ਕਹਯੋ ਐਸੇ ਰਿਸ ਉਪਜਾਇ ॥੧੦॥* **(ਇਕ ਸੌ ਚੌਤੀਸਵੇਂ ਚਰਿਤ੍ਰ ਪੰਨਾ ੧੦੧੦)**

ਤੇਰੀ ਔਰਤ ਨੂੰ ਰਾਜਾ ਬੁਲਾਉਂਦਾ ਹੈ-ਉਸ ਨਾਲ ਭੋਗ ਕਰਦਾ ਹੈ-ਤੂੰ ਸ਼ਰਮ ਦਾ ਮਾਰਿਆ ਮਰ ਕਿਉਂ ਨਾ ਗਿਆ-ਤੂੰ ਅੱਗ ਚ ਸੜ ਕੇ ਕਿਉਂ ਨਾ ਮਰ ਗਿਆ । ਮੈ ਤੈਨੂੰ ਜੋ ਕਹਿੰਦੀ ਹਾਂ ਓਹੀ ਕਰ-ਰਾਜੇ ਤੋਂ ਭੋਰਾ ਨਾ ਡਰ-ਇਹਨੇ ਸਾਡਾ ਘਰ ਪੱਟਤਾ-ਜਾਹ ਜਾ ਕੇ ਬਾਲਸਫ਼ਾ ਲਿਆ-ਸਰੀਰ ਤੇ ਮਲ ਕੇ ਬਾਲ ਸਾਫ ਕਰੋ-ਜਦ ਰਾਜਾ ਤੈਨੂੰ ਤੱਕੇਗਾ ਉਸ ਦਾ ਕਾਮ ਜਾਗੇਗਾ । ਉਸ ਨੇ ਬਾਲ ਸਫੇ ਨਾਲ ਕੇਸ ਦੂਰ ਕੀਤੇ-ਗਹਿਣੇ ਪਹਿਨੇ-ਰਾਜੇ ਸਾਮ੍ਹਣੇ ਗਿਆ-ਓਹਨੂੰ ਤੱਕਦੇ ਰਾਜਾ ਮੋਹਿਤ ਹੋ ਗਿਆ :-

*ਰੋਮਾਂਤਕ ਤੁਮ ਪ੍ਰਥਮ ਲਗਾਵੋ ॥ ਸਕਲ ਤ੍ਰਿਯਾ ਕੌ ਭੇਸ ਛਕਾਵੋ ॥*
*ਜਬ ਤੁਮ ਕੌ ਰਾਜਾ ਲਖਿ ਪੈਹੈ ॥ ਤੁਰਤੁ ਮਦਨ ਕੇ ਬਸਿ ਹ੍ਵੈ ਜੈਹੈ ॥੧੪॥*
*ਜਾਰ ਕੇਸ ਸਭ ਦੂਰਿ ਕਰਾਏ ॥ ਭੂਖਨ ਅੰਗ ਅਨੂਪ ਸੁਹਾਏ ॥*
*ਜਾਇ ਦਰਸ ਰਾਜਾ ਕੋ ਦਿਯੋ ॥ ਨ੍ਰਿਪ ਕੋ ਮੋਹਿ ਆਤਮਾ ਲਿਯੋ ॥੧੫॥* **(ਇਕ ਸੌ ਚੌਤੀਸਵੇਂ ਚਰਿਤ੍ਰ ਪੰਨਾ ੧੦੧੦)**

ਰਾਜਾ ਉਸ ਨੂੰ ਤੱਕਦੇ ਹੀ ਭੱਜ ਕੇ ਰਾਣੀ ਦੇ ਮਹਲ ਪੁੱਜਾ ਕਹਿੰਦਾ ਭਾਗਵਾਨੇ ਮੈਂ ਇਕ ਸੁੰਦਰ ਔਰਤ ਦੇਖੀ ਹੈ ਸਾਖਸ਼ਾਤ ਪਾਰਬਤੀ। ਜੇ ਤੂੰ ਉਸ ਨੂੰ ਮੈਨੂੰ ਮਿਲਾ ਦੇਵੇਂ ਤਾਂ ਮੂੰਹ ਮੰਗਿਆ ਪਾਵੇਂ। ਰਾਣੀ ਸੁਣ ਕੇ ਫੁੱਲ ਗਈ ਕਿ ਜੋ ਮੈਂ ਚਾਹੁੰਦੀ ਸੀ ਓਹੀ ਹੋਇਆ। ਉਸ ਨੇ ਰਾਜੇ ਪਾਸ ਉਸ ਨੂੰ ਭੇਜ ਦਿੱਤਾ। ਜਦ ਰਾਜੇ ਨੇ ਕਾਮ ਲਈ ਹੱਥ ਵਧਾਇਆ ਤਾਂ :-

*ਨ੍ਰਿਪ ਕੋ ਪਕਰਿ ਭੁਜਨ ਤੇਂ ਲਿਯੋ ॥ ਗੁਦਾ ਭੋਗ ਤਾਕੋ ਦ੍ਰਿੜ ਕਿਯੋ ॥*
*ਤੋਰਿ ਤਾਰਿ ਤਨ ਰੁਧਿਰ ਚਲਾਯੋ ॥ ਅਧਿਕ ਰਾਵ ਮਨ ਮਾਂਝ ਲਜਾਯੋ ॥੧੯॥*

*ਦੋਹਰਾ ॥ ਗੁਦਾ ਭੋਗ ਭੇ ਤੇ ਨ੍ਰਿਪਤਿ ਮਨ ਮਹਿ ਰਹਯੋ ਲਜਾਇ ॥*
*ਤਾਂ ਦਿਨ ਤੇਂ ਕਾਹੂੰ ਤ੍ਰਿਯਹਿ ਲਯੋ ਨ ਨਿਕਟ ਬੁਲਾਇ ॥੨੦॥* **(ਇਕ ਸੌ ਚੌਤੀਸਵੇਂ ਚਰਿਤ੍ਰ ਪੰਨਾ ੧੦੧੦)**

ਨੋਟ :- ਸਿੱਖ ਧਰਮ ਵਿੱਚ ਰੋਮਾਂ (ਕੇਸਾਂ) ਦੀ ਬੇਅਦਬੀ ਕਰਨ ਦੀ ਸਖ਼ਤ ਮਨਾਹੀ ਹੈ। ਜਿਹੜਾ ਮਨੁੱਖ ਜਾਂ ਔਰਤ ਰੋਮਾਂ ਦੀ ਬੇਅਦਬੀ ਕਰਦਾ/ ਕਰਦੀ ਹੈ ਉਸ ਨੂੰ ਸਿੱਖ ਧਰਮ ਵਿੱਚ ਕੋਈ ਥਾਂ ਨਹੀਂ । ਅਰਦਾਸ ਵਿੱਚ ਭੀ ਅਸੀਂ ਕੇਸਾਂ ਦਾ ਸਵਾਸਾਂ ਸੰਗ ਨਿਭ ਜਾਣ ਲਈ ਜੋਦੜੀ ਕਰਦੇ ਹਾਂ । ਇਸ ਦਸਮ ਗ੍ਰੰਥ ਨਾਂ ਦੀ ਪੁਸਤਕ ਜੋ ਸਾਡੇ ਵੱਡੇ ਪੁਜਾਰੀਆਂ ਸਿੱਖ ਕੌਮ ਨੂੰ ਸੁਗਾਤ ਵੱਜੋਂ ਦਿੱਤੀ ਹੈ ਉਸ ਵਿੱਚ ਬਾਲ ਸਫਾ ਲਗਾ ਕੇ ਕੇਸ ਦੂਰ ਕਰ ਦੇਣ ਦੀ ਸਿਫਾਰਿਸ ਕੀਤੀ ਹੈ। ਕੀ ਕੋਈ ਪੁਜਾਰੀ ਕਿਸੇ ਸਿੱਖ ਦੀ ਸ਼ੰਕਾ ਦੂਰ ਕਰੇਗਾ ? ਇਸ ਨਾਲ ਸਿੱਖ ਰਹਿਤ ਮਰਿਯਾਦਾ ਦਾ ਜਿਸ ਦਾ ਅਸੀਂ ਢਿੰਡੋਰਾ ਪਿੱਟਦੇ ਹਾਂ ਕੀ ਬਣਿਆ ? ਕੀ ਸਿੱਖ ਨੂੰ ਦਾੜ੍ਹੀ ਅਤੇ ਗੁਪਤ ਅੰਗਾਂ ਦੇ ਕੇਸ ਬਾਲ ਸਫੇ ਨਾਲ ਸਾਫ ਕਰ ਦੇਣੇ ਚਾਹੀਦੇ ਹਨ ? ਅਤੇ ਔਰਤਾਂ ਦਾ ਸਰੂਪ ਧਾਰਨ ਕਰ ਲੈਣਾ ਚਾਹੀਦਾ ਹੈ ? ਜੇਕਰ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ਤਾਂ ਇਸ ਦਾ ਮਤਲਬ ਹੈ ਕਿ ਗੁਰੂ ਜੀ ਨੇ ਸਾਨੂੰ ਅਜਿਹਾ ਕਰਨ ਦੀ ਖੁੱਲ੍ਹ ਦਿੱਤੀ ਹੈ। ਜੇਕਰ ਇਹ ਰਚਨਾਵਾਂ ਗੁਰੂ ਜੀ ਦੀਆਂ ਨਹੀਂ ਹਨ ਤਾਂ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਸਿੱਖ ਕੌਮ ਦਾ ਮੌਜੂ ਕਿਸ ਨੇ ਉਡਾਇਆ ? ਕੌਣ ਨੇ ਉਹ ਗੰਦੇ ਲੋਕ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਕੇ ਸਿੱਖ ਕੌਮ ਦੀ ਖਿੱਲੀ ਉਡਾ ਰਹੇ ਹਨ ? ਇਸ ਗੰਦਗੀ ਦੇ ਢੇਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਦੇਣ ਵਾਲੇ ਕੌਣ ਹਨ ? ਨਿਰਸੰਦੇਹ ਸਿੱਖ ਨਹੀਂ ਕਹੇ ਜਾ ਸਕਦੇ। ਕੀ ਸਿੱਖ ਨੂੰ ਗੁੱਦਾ ਭੋਗ ਕਰ ਲੈਣਾ ਚਾਹੀਦਾ ਹੈ ? ਕੀ ਸਿੱਖ ਔਰਤਾਂ ਅਪਣੇ ਮਰਦਾਂ ਨੂੰ ਦੂਜੇ ਮਰਦਾਂ ਨਾਲ ਗੁੱਦਾ ਭੋਗ ਦੀ ਖੁੱਲ੍ਹ ਦੇਣਗੀਆਂ ? ਸਿੱਖ ਕੌਮ ਨੂੰ ਗੁਮਰਾਹ ਅਤੇ ਸ਼ਰਮੋਸਾਰ ਕਰਨ ਵਾਲਿਓ ਸ਼ਰਮ ਕਰੋ ਬਈ ਸ਼ਰਮ ਕਰੋ-ਸ਼ਰਮ ਕਰੋ ਬਈ ਸ਼ਰਮ ਕਰੋ......... ਕਰੋ ।

ਸ਼ਹਿਰ : ਜਹਾਨਾਬਾਦ (ਇਕ ਸੌ ਪੈਂਤੀਸਵੌਂ ਚਰਿਤ੍ਰ ਪੰਨਾ ੧੦੧੦-੧੦੧੨)

ਪਾਤਰ : ਸ਼ਾਹੁ ਫਿਰੰਗ ਦੀ ਧੀ ਤੇ ਅਬਦੁਲ (ਮੁਲਾਨਾ)

ਸ਼ਾਹ ਫਿਰੰਗ ਦੀ ਧੀ ਵਰਗੀ ਸੋਹਣੀ ਤਿੰਨਾਂ ਲੋਕਾਂ ਚ ਹੋਰ ਕੋਈ ਨੀ । ਸ਼ਹਿਰ ਜਹਾਨਾਬਾਦ ਦਾ ਅਬਦੁਲ ਨਾਂ ਦਾ ਮੌਲਾਨਾ ਹਰ ਰੋਜ ਦੇਵ ਭੂਤ ਤੇ ਜਿੰਨ੍ਹ ਬੁਲਾਉਂਦਾ ਅਤੇ ਉਨ੍ਹਾਂ ਤੋਂ ਮਨ ਭਾਉਂਦੇ ਕੰਮ ਕਰਾਉਂਦਾ । ਉਸ ਕੋਲ ਕਈ ਪਰੀਆਂ ਆਉਂਦੀਆਂ-ਕੋਈ ਨੱਚਦੀ ਤੇ ਕੋਈ ਗਾਉਂਦੀ-ਅਨੇਕਾਂ ਹਾਵ ਭਾਵ ਕਰਕੇ ਮਨ ਮੋਹਦੀਆਂ । ਲਾਲ ਪਰੀ ਨੇ ਸਾਹ ਪਰੀ ਨੂੰ ਕਿਹਾ ਮੇਰੀ ਗੱਲ ਸੁਣ ਕਲਾ ਕੁਅਰਿ ਐਨੀ ਸਹਿਣੀ ਜਿਵੇਂ ਚੰਦ ਦਾ ਟੁਕੜਾ ਹੋਏ । ਕਵੀ ਵੀ ਉਸ ਦੀ ਉਸਤਤ ਨਹੀਂ ਕਰ ਸਕਦੇ । ਐਨੀ ਸੋਹਣੀ-ਐਨੀ ਸੋਹਣੀ ਜਿਵੇਂ ਕ੍ਰੋੜਾਂ ਸੁਰਜ ਚੜ੍ਹ ਪਏ ਹੋਣ ।

*ਮੁਲਾਂ ਬਾਤ ਸ੍ਰਵਨ ਯਹ ਸੁਨੀ ॥ ਬਿਰਹ ਬਿਕਲ ਹ੍ਵੈ ਮੂੰਡੀ ਧੁਨੀ ॥*
*ਏਕ ਦੇਵ ਭੇਜਾ ਤਹ ਤਾਂਈ ॥ ਤਾਕੀ ਖਾਟ ਉਠਾਇ ਮੰਗਾਈ ॥੮॥*
*ਵਾ ਸੁੰਦਰਿ ਕੋ ਕਛੁ ਨ ਬਸਾਯੋ ॥ ਮੁੱਲਾਂ ਕੇ ਸੰਗ ਭੋਗ ਕਮਾਯੋ ॥*
*ਬੀਤੀ ਰੈਨਿ ਭੋਰ ਜਬ ਭਯੋ ॥ ਤਿਹ ਪਹੁਚਾਇ ਤਹੀ ਤਿਨ ਦਯੋ ॥੯॥*
*ਐਸੀ ਬਿਧਿ ਤਿਹ ਰੋਜ ਬੁਲਾਵੈ ॥ ਹੋਤ ਉਦੋਤ ਫਿਰੰਗ ਪਠਾਵੈ ॥*
*ਮਨ ਮਾਨਤ ਕੇ ਕੇਲਨ ਕਰੈ ॥ ਭਾਂਤਿ ਭਾਂਤਿ ਕੇ ਭੋਗਨ ਕਰੈ ॥੧੦॥* (ਇਕ ਸੌ ਪੈਂਤੀਸਵੌਂ ਚਰਿਤ੍ਰ ਪੰਨਾ ੧੦੧੧)

ਇਕ ਦਿਨ ਚਿੱਤ੍ਰ ਦੇਵ ਨੂੰ ਦੇਖ ਕੇ ਸ਼ਾਹ ਦੀ ਧੀ ਉਸ ਤੇ ਦੀਵਾਨੀ ਹੋ ਗਈ ਕਹਿੰਦੀ ਮੈਂ ਫਿਰੰਗ ਰਾਵ ਦੀ ਧੀ ਹਾਂ ਮੈਨੂੰ ਦੇਵਤਾ ਉਠਾ ਲਿਆਉਂਦਾ ਹੈ। ਕਾਜੀ ਮੇਰੇ ਨਾਲ ਸਰੀਰਕ ਸਾਂਝ ਕਰ ਕੇ ਮੁੜ ਉਥੇ ਪਹੁੰਚਾ ਦੇਂਦਾ ਹੈ।

*ਦੋਹਰਾ ॥ ਫਿਰੰਗ ਰਾਵ ਕੀ ਮੈਂ ਸੁਤਾ ਲਯਾਵਤ ਦੇਵ ਉਠਾਇ ॥*
*ਮੋ ਸੌ ਕਾਜੀ ਮਾਨਿ ਰਤਿ ਦੇਤ ਤਹਾਂ ਪਹੁਚਾਇ ॥੧੭॥* (ਇਕ ਸੌ ਪੈਂਤੀਸਵੌਂ ਚਰਿਤ੍ਰ ਪੰਨਾ ੧੦੧੧)

ਹੁਣ ਤੂੰ ਮੈਨੂੰ ਅਪਣੀ ਹੀ ਔਰਤ ਸਮਝ ਅਤੇ ਕਾਜੀ ਨੂੰ ਮਾਰ ਮੁਕਾ ।

*ਚੌਪਈ ॥ ਤਬ ਤਿਨ ਜੰਤ੍ਰ ਮੰਤ੍ਰ ਬਹੁ ਕਰੇ ॥ ਜਾਤੇ ਦੇਵਰਾਜ ਜੂ ਮਰੇ ॥*
*ਬਹੁਰਿ ਕਾਜਿਯਹਿ ਪਕਰਿ ਮੰਗਾਯੋ ॥ ਮੁਸ਼ਕ ਬਾਂਧਿ ਦਰਿਯਾਇ ਡੁਬਾਯੋ ॥੧੯॥*
*ਬਹੁਰੋ ਤੌਨ ਤ੍ਰਿਯਾ ਕੌ ਬਰਿਯੋ ॥ ਭਾਂਤਿ ਭਾਂਤਿ ਕੇ ਭੋਗਨ ਕਰਿਯੋ ॥*
*ਦੇਵਰਾਜ ਮੰਤ੍ਰਨ ਸੌਂ ਜਾਰਯੋ ॥ ਤਾ ਪਾਛੇ ਕਾਜੀ ਕੋ ਮਾਰਯੋ ॥*

ਨੋਟ :- ਇਹ ਦਸਮ ਗ੍ਰੰਥ ਹੈ ਪਿਆਰਿਓ ਜੋ ਆਪ ਜੀ ਨੂੰ ਜੰਤ੍ਰ ਮੰਤ੍ਰ ਦੀ ਸ਼ਕਤੀ ਨਾਲ ਲੋਕਾਂ ਦੀਆਂ ਧੀਆਂ ਭੈਣਾਂ ਉਠਾ ਲਿਆਉਣ ਦੀ ਪ੍ਰੇਰਣਾ ਦੇਂਦਾ ਹੈ ਅਤੇ ਉਨ੍ਹਾਂ ਨਾਲ ਹਮ ਬਿਸਤਰ ਹੋਣ ਲਈ ਹੱਲਾ ਸ਼ੇਰੀ ਦੇਂਦਾ ਹੈ। ਕੀ ਤੁਸੀਂ ਸੋਚਦੇ ਹੋ ਕਿ ਇਹ ਗੰਦਗੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ ਹੈ ? ਬੜੇ ਬੇਸ਼ਰਮ ਤੇ ਬੇ-ਹਯਾ ਨੇ ਲੋਗ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ ਕਰ ਰਹੇ ਹਨ-ਅਕ੍ਰਿਤਘਣ-ਮਹਾਂ ਅਕ੍ਰਿਤਘਣ ਖ਼ਬਰਦਾਰ ਜਾਗਦੇ ਰਹਿਯੋ !

## ਇਲਾਕਾ : ਕੁਰਛੇਤ੍ਰ

(ਇਕ ਸੌ ਛੱਤੀਸਵੋਂ ਚਰਿਤ੍ਰ ਪੰਨਾ ੧੦੧੨-੧੦੧੩)

ਪਾਤਰ : ਰਥ ਬਚਿਤ੍ਰ (ਨ੍ਰਿਪ), ਭ੍ਰਮਰ ਮਤੀ (ਨਾਰੀ) ਤੇ ਭੱਦ੍ਰ ਭਵਾਨੀ ਸੰਨਯਾਸੀ

ਧਰਮ ਛੇਤ੍ਰ ਕੁਰਛੇਤ੍ਰ ਦੇ ਰਾਜਾ ਰਥ ਬਚਿਤ੍ਰ ਨੇ ਅਨੇਕਾਂ ਜੁੱਧ ਜਿੱਤੇ । ਉਸ ਦੀ ਔਰਤ ਭ੍ਰਮਰ ਮਤੀ ਐਨੀ ਸੋਹਣੀ ਜਿਵੇਂ ਚੰਦ ਦਾ ਟੁਕੜਾ ਹੋਏ। ਓਹਦੀ ਜਵਾਨੀ ਤੇ ਸੁੰਦਰਤਾ ਤੱਕ ਕੇ ਦੇਵਤੇ, ਮੁਨੱਖ, ਸੱਪ ਤੇ ਖੜੱਪੇ ਸੱਪ ਮੇਲ੍ਹਣ ਲੱਗ ਪੈਂਦੇ। ਰਾਣੀ ਨੇ ਇਕ ਭੱਦ੍ਰ ਭਵਾਨੀ ਨਾਂ ਦੇ ਖੂਬਸੂਰਤ ਸੰਨਿਯਾਸੀ ਨੂੰ ਤੱਕਿਆ ਤੇ ਓਹਦੀ ਦੀਵਾਨੀ ਹੋ ਗਈ। ਉਸ ਨੇ ਸਹੇਲੀ ਭੇਜ ਸੰਨਿਯਾਸੀ ਘਰ ਬੁਲਾਇਆ । ਉਹ ਭ੍ਰਮਰ ਮਤੀ ਦਾ ਰੂਪ ਦੇਖ ਕੇ ਬਾਗ ਬਾਗ ਹੋ ਗਿਆ। ਭ੍ਰਮਰ ਮਤੀ ਸੰਨਿਯਾਸੀ ਦਾ ਰੂਪ ਤੱਕ ਤੱਕ ਕਾਮ ਦੀ ਖੁਮਾਰੀ ਚ ਬੇਹਬਲ ਹੋ ਉਠੀ ਕਹਿੰਦੀ :-

*ਛੰਦ ॥ ਪ੍ਰਥਮ ਅੱਤ੍ਰ ਰਿਖਿ ਭਏ ਬਰੀ ਅਨਸੂਆ ਜਿਨਹੂੰ ॥*
*ਬਹੁਰਿ ਰਾਮਜੂ ਭਏ ਕਰੀ ਸੀਤਾ ਤ੍ਰਿਯ ਤਿਨਹੂੰ ॥*
*ਕ੍ਰਿਸ਼ਨ ਬਿਸ਼ਨ ਅਵਤਾਰ ਕਰੀ ਸੋਲਹ ਸੈ ਨਾਰੀ ॥*
*ਤ੍ਰਿਯਾ ਪੁਰਖ ਕੀ ਰੀਤਿ ਜਗਤ ਜਗਤੇਸ਼ ਬਿਥਾਰੀ ॥੯॥* (ਇਕ ਸੌ ਛੱਤੀਸਵੇਂ ਚਰਿਤ੍ਰ ਪੰਨਾ ੧੦੧੨)

ਰਾਣੀ ਦੀ ਗੱਲ ਸੁਣ ਕੇ ਸੰਨਿਯਾਸੀ ਰੀਝ ਗਿਆ । ਰਾਣੀ ਨੇ ਬੜੇ ਹਾਵ ਭਾਵ ਕੀਤੇ ਕਹਿੰਦੀ ਮੈਂ ਤਾਂ ਤੇਰਾ ਰੂਪ ਦੇਖ ਕੇ ਮਰ ਮਿਟੀ :-

*ਦੋਹਰਾ ॥ ਭ੍ਰਮਰਕਲਾ ਏ ਬਚਨ ਕਹਿ ਤਾਕੇ ਸਤਹਿ ਟਰਾਇ ॥*
*ਬਹੁਰਿ ਭੋਗਿ ਤਾਸੋਂ ਕਰਯੋ ਅਧਿਕ ਹ੍ਰਿਦੈ ਸੁਖ ਪਾਇ ॥*
*ਭਾਂਤਿ ਭਾਂਤਿ ਚੁੰਬਨ ਕਰੇ ਆਸਨ ਕਰੇ ਅਨੇਕ ॥*
*ਰਤਿ ਮਾਨੀ ਰੁਚਿ ਮਾਨਿ ਕੈ ਸ਼ੋਕਿ ਨ ਰਹਿਯੋ ਏਕ ॥੧੨॥* (ਇਕ ਸੌ ਛੱਤੀਸਵੇਂ ਚਰਿਤ੍ਰ ਪੰਨਾ ੧੦੧੩)

ਰਥ ਬਚਿਤ੍ਰ ਰਾਜਾ ਅਚਾਨਕ ਉੱਥੇ ਪੁੱਜਾ-ਰਾਣੀ ਡਰੀ-ਬਿਠਾ ਕੇ ਦੇਗ ਵਿੱਚ ਮਿਤ੍ਰ ਨੂੰ ਨਦੀ ਚ ਬਹਾ ਦਿੱਤਾ । ਰਾਜੇ ਦੀ ਆਓ ਭਗਤ ਕੀਤੀ- ਰਾਜਾ ਬਿਦਾ ਕਰ ਕੇ ਭੇਜ ਦਿੱਤਾ :-

*ਪ੍ਰਥਮ ਭੋਗ ਤਾਸੋ ਕਰਯੋ ਬਹੁਰਿ ਦੇਗ ਮੈ ਡਾਰਿ ॥*
*ਪੁਨਿ ਬਚਿਤ੍ਰਰਥ ਕੋ ਛਰਯੋ ਐਸੋ ਚਰਿਤ ਸੁਧਾਰਿ ॥੨੦॥*
*ਦੋਹਰਾ ॥ ਇਹ ਛਲ ਸੌ ਛਲਿ ਰਾਵ ਕੋ ਤਾਸੋਂ ਕੇਲ ਕਮਾਇ ॥*
*ਬਹੁਰਿ ਭਵਾਨੀ ਭੱਦ੍ਰ ਕੌ ਦੀਨੋ ਧਾਮ ਪਠਾਇ ॥੨੨॥* (ਇਕ ਸੌ ਛੱਤੀਸਵੇਂ ਚਰਿਤ੍ਰ ਪੰਨਾ ੧੦੧੩)

ਨੋਟ :- ਜੇਕਰ ਆਪ ਜੀ ਕੁਰਖੇਤ੍ਰ ਗਏ ਹੋਵੋ ਤਾਂ ਜਰੂਰ ਕਿਤੇ ਨਦੀ ਵਗਦੀ ਦੇਖੀ ਹੋਏਗੀ। ਆਪ ਜੀ ਨੂੰ ਇਹ ਭੀ ਯਾਦ ਹੋਏਗਾ ਕਿ ਆਜਾਦੀ ਤੋਂ ਬਾਦ ਅਨੇਕਾਂ ਨਹਿਰਾਂ ਕੱਚੀਆਂ ਜਾਂ ਪਕੀਆਂ ਦੀ ਖੁਦਾਈ ਕਰ ਕੇ ਜ਼ਮੀਨ ਨੂੰ ਸਿੰਚਣ ਯੋਗ ਬਣਾਇਆ ਕੁਰਖੇਤ੍ਰ ਮੈਦਾਨੀ ਇਲਾਕਾ ਹੈ ਇਹ ਭੀ ਆਪ ਜੀ ਜਾਣਦੇ ਹੋ। ਫਿਰ ਅਚਾਨਕ ਦੇਗ ਵਿੱਚ ਮਿਤ੍ਰ ਬਿਠਾ ਕੇ ਨਦੀ ਚ ਰੋੜ੍ਹ ਦੇਣ ਦੀ ਗੱਲ ਜਚੀ ਨਹੀਂ। ਉਂਝ ਕਵੀ ਮਹਾਂ ਝੂਠਾ ਅਤੇ ਸਿਖ ਧਰਮ ਦਾ ਕੱਟੜ ਵੈਰੀ ਹੈ। ਝੂਠੇ ਤਾਂ ਉਹ ਭੀ ਹਨ ਜੋ ਝੂਠੇ ਦੀ ਹਮਾਇਤ ਕਰਦੇ ਹਨ । ਅਪਣੀ ਬਈਮਾਨੀ ਅਤੇ ਝੂਠ ਨੂੰ ਛਪਾਣ ਲਈ ਝੂਠ ਦਾ ਸਹਾਰਾ ਲੈਂਦੇ ਹਨ ਕਹਿੰਦੇ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ । ਸਿਆਣੇ ਆਖਦੇ ਹਨ ਦੂਰ ਫਿਟੇ ਮੂੰਹ ਅਜਿਹੀ ਸੋਚ ਤੇ ।

ਇਲਾਕਾ : ਮਛਲੀ ਬੰਦਰ (ਇਕ ਸੌ ਸੈਂਤੀਸਵੇਂ ਚਰਿਤ੍ਰ ਪੰਨਾ ੧੦੧੩-੧੦੧੭)

ਪਾਤਰ : ਦਰੁਪਦ ਦੇਵ, ਦ੍ਰੋਪਤੀ, ਬਾਮ੍ਹਣ, ਧ੍ਰਿਸ਼ਟਦੁਮਨ, ਦ੍ਰੋਣ ਚਾਰਜ, ਮੱਛੀ, ਕਰਨ, ਭੂਰ ਤੇ ਸ੍ਰਵਾ

**ਕੌਰੋਂ ਪਾਂਡੋਂ ਦੀ ਲੜਾਈ ਅਤੇ ਦ੍ਰੋਪਤੀ :** ਦਰੁਪਦ ਦੇਵ ਮਛਲੀ ਬੰਦਰ ਰਹਿੰਦਾ। ਬੜੇ ਬੜੇ ਸੂਰਬੀਰ ਓਹਦੇ ਚਰਨੀ ਲੱਗੇ ਰਹਿੰਦੇ। ਉਸ ਨੇ ਜੱਗ ਕਰਨ ਦੀ ਵਿਉਂਤ ਬਣਾਈ-ਸਭ ਬਿੱਪ੍ਰਨ (ਬਾਮ੍ਹਣਾਂ) ਨੂੰ ਸੱਦਾ ਦਿੱਤਾ। ਖਾਣ ਪੀਣ ਨੂੰ ਬਹੁਤਾ ਕੁੱਝ ਦੇ ਕੇ ਉਨ੍ਹਾਂ ਦਾ ਮਨ ਮੋਹ ਲਿਆ-ਤਦ (ਜੱਗ ਦੀ) ਅੱਗ ਦੀ ਲਾਟ ਤੋਂ ਇਕ ਕੁੜੀ ਜੰਮੀ ਜਿਸ ਦਾ ਨਾਂ ਬ੍ਰਾਮ੍ਹਣਾ ਦ੍ਰੋਪਤੀ ਰੱਖਿਆ। ਰੱਬ ਦੀ ਕਰਨੀ ਦੇਖੋ ਧ੍ਰਿਸ਼ਟਦੁਮਨ ਦੇ ਘਰ ਇਕ ਪੁੱਤ ਜੰਮਿਆਂ ਜਿਸ ਨੇ ਦ੍ਰੋਣਾ ਚਾਰਜ ਨੂੰ ਮਾਰਨ ਲਈ ਅਨੇਕਾਂ ਜੁੱਧ ਜਿੱਤੇ। ਜਦ ਦ੍ਰੋਪਤੀ ਜਵਾਨ ਹੋਈ ਤਾਂ ਉਸ ਨੇ ਅਪਣੇ ਮਨ ਵਿਚ ਅਪਣੇ ਲਈ ਅਨੋਖਾ ਸੁਯੰਬਰ ਰਚਾਉਣ ਦੀ ਗੋਂਦ ਗੁੰਦੀ। ਉਸ ਨੇ ਮੱਛੀ ਉੱਤੇ ਬੰਨ ਕੇ ਹੇਠਾਂ ਤੇਲ ਦਾ ਭਰਿਆ ਕੜਾਹਾ ਰੱਖ ਦਿੱਤਾ। ਕਹਿੰਦੀ ਜੋ ਮੱਛੀ ਦਾ ਪਰਛਾਵਾਂ ਦੇਖ ਕੇ ਨਿਸ਼ਾਨਾ ਵਿੰਨ੍ਹੇਗਾ ਓਹੀ ਮੇਰੇ ਨਾਲ ਸੇਜ ਸਾਂਝ ਕਰੇਗਾ। ਬੜੀ ਦੂਰ ਦੂਰ ਤੋਂ ਰਾਜੇ ਆਏ। ਹਰ ਕਿਸੇ ਕੋਸ਼ਿਸ ਕੀਤੀ ਪਰ ਬੇਅਰਥ :-

*ਦੋਹਰਾ ॥ ਐਂਡੇ ਬੈਂਡੇ ਹ੍ਵੈ ਨ੍ਰਿਪਤਿ ਚੋਟ ਚਲਾਵੈਂ ਜਾਇ ॥*
*ਤਾਂਹਿ ਬਿਸਿਖ ਲਾਗੈ ਨਹੀਂ ਸੀਸ ਰਹੈ ਨਿਹੁਰਾਇ ॥੯॥*
*ਬਿਸਿਖ ਬਗਾਵੈ ਕੋਪ ਕਰਿ ਤਾਹਿ ਨ ਲਾਗੇ ਘਾਇ ॥*
*ਖਿਸਲਿ ਕਰਾਹਾ ਤੇ ਪਰੈਂ ਜਰੈਂ ਤੇਲ ਮੈ ਜਾਇ ॥੧੦॥* (ਇਕ ਸੌ ਸੈਂਤੀਸਵੇਂ ਚਰਿਤ੍ਰ ਪੰਨਾ ੧੦੧੪)

ਇਸ ਕਥਾ ਨੂੰ ਇਥੇ ਹੀ ਛੱਡ ਕੇ ਹੁਣ ਪਾਂਡਵ ਦੀ ਗੱਲ ਕਰਦੇ ਹਾਂ। ਜਦ ਪਾਂਡਵਾਂ ਦ੍ਰੋਪਤੀ ਦੇ ਸੁਯੰਬਰ ਬਾਰੇ ਸੁਣਿਆ ਉਹ ਸੁਯੰਬਰ ਦੀ ਥਾਂ ਵੱਲ ਭੱਜੇ। ਦੋਨੇ ਪੈਰ ਕੜਾਹੇ ਤੇ ਰੱਖ ਕੇ ਵਿੰਨ੍ਹ ਕੇ ਨਿਸ਼ਾਨਾ ਮਾਰਿਆ ਤੀਰ ਮੱਛੀ ਦੇ ਤੇ ਜਿੱਤੀ ਦ੍ਰੋਪਤੀ-ਇਹ ਦੇਖ ਕੇ ਜੁਆਨਾਂ ਨੂੰ ਚੜ੍ਹਿਆ ਗੁੱਸਾ ਕਹਿੰਦੇ ਦ੍ਰੋਪਤੀ ਐਵੇਂ ਨੀ ਜਾਣ ਦੇਣੀ-ਸੰਭਾਲੇ ਹਥਿਆਰ-ਸੁਰੂ ਹੋਈ ਮਾਰਧਾੜ ਕਿੰਨੇ ਹੀ ਕੱਟ ਮਾਰੇ-ਕਈਆਂ ਦਾ ਕਚੂਮਰ ਕੱਢਿਆ-ਹਰ ਪਾਸੇ ਚੀਕ ਚਿਹਾੜਾ-ਮਾਰੂ ਨਗਾਰਿਆਂ ਦੀਆਂ ਚੋਟਾਂ-ਕਈਆਂ ਦੀਆਂ ਬਾਹਵਾਂ ਕੱਟੀਆਂ-ਕਈਆਂ ਦੇ ਪੈਰ ਟੁੱਟੇ-ਕਈਆਂ ਦੇ ਪੇਟ ਪਾਟੇ-ਕਈ ਥਾਂਏ ਮਾਰੇ ਗਏ। ਦਸ ਹਜ਼ਾਰ ਹਾਥੀ-ਇਕ ਲੱਖ ਰਾਜਾ ਰਥ ਸਮੇਤ ਮਰਿਆ ਤੇ ਪੈਦਲਾਂ ਦਾ ਤਾਂ ਅੰਤ ਈ-ਕੋਈ-ਨੀ। ਕੈਰੋਂ ਕਹਿੰਦੇ:-

*ਸਵੈਯਾ ॥ ਯਾ ਦ੍ਰੁਪਦਾ ਤੁਮਤੇ ਸੁਨੁ ਰੇ ਸਠ ਜੀਤਿ ਸੁਯੰਬਰ ਮੈ ਹਮ ਲੈਹੈ ॥*
*ਸਾਂਗਨ ਸੂਲਨ ਸੈਥਿਨ ਸੌਂ ਹਨਿਕੈ ਕੋ ਤੁਹਿ ਜਮ ਧਾਮ ਪਠੈਹੈ ॥*
*ਡਾਰਿ ਰਥੋਤਮ ਮੈ ਤ੍ਰਿਯ ਕੋ ਕਤ ਭਾਜਤ ਹੈ ਜੜ ਜਾਨ ਨ ਦੈਹੈ ॥*
*ਏਕ ਨਿਦਾਨ ਕਰੈ ਰਨ ਮੈ ਕਿਧੋ ਪਾਰਥ ਹੀ ਕਿ ਦੁਜੋਧਨ ਹ੍ਵੈ ਹੈ ॥੨੮॥* (ਇਕ ਸੌ ਸੈਂਤੀਸਵੇਂ ਚਰਿਤ੍ਰ ਪੰਨਾ ੧੦੧੪)

ਪਹਿਲਾਂ ਪਾਰਥ ਦਾ ਭਾਣਜਾ ਹੱਥ ਕਰਕੇ ਲਿਆ-ਫਿਰ ਕ੍ਰਾਂਡ ਮਾਰਿਆ-ਫਿਰ ਭੀਮ ਸਾਥੀਆਂ ਸਮੇਤ ਮਾਰਿਆ ਦ੍ਰੋਣ ਦ੍ਰੋਣਜਾਨੁਜ ਨੂੰ ਮਾਰਨ ਤੋਂ ਬਾਦ ਭੂਰ ਸ੍ਰਵਾ ਬਾਣ ਨਾਲ ਫੁੰਡਿਆ-ਕ੍ਰਿਪਾਚਰਾਜ ਮੂਰਛਾ ਖਾ ਕੇ ਡਿੱਗਿਆ-ਫਿਰ ਜਿੱਦੀ ਕਰਣ ਨੇ ਗੁੱਸਾ ਖਾ ਕੇ ਹਮਲਾ ਕੀਤਾ-ਇਕ ਬਾਣ ਅਰਜਨ ਦੇ ਢਿੱਡ ਵਿੱਚ ਜੜ੍ਹ ਦਿੱਤਾ ਜਿਸ ਨਾਲ ਮੂਰਛਾ ਖਾ ਕੇ ਓਹ ਧਰਤੀ ਤੇ ਡਿੱਗਾ। ਤਦ ਦ੍ਰੋਪਤੀ ਨੇ ਧਨੁੱਖ ਸੰਭਾਲਿਆ-ਛਿਨ ਮਾਤਰ ਚ ਹੀ ਅਨੇਕਾਂ ਸੂਰਮੇ ਮਾਰ ਦਿੱਤੇ। ਇਕ ਤੀਰ ਉਸ ਨੇ ਭਾਨਜ ਦੇ ਢਿੱਡ ਚ ਮਾਰਿਆ-ਦੂਜੇ ਬਾਨ ਨਾਲ ਦੁਰਜੋਧਨ ਤੇ ਵਾਰ ਕੀਤਾ-ਭੀਖਮ ਨੇ ਭੂਰ ਸ੍ਰਵਾਹਿ, ਦ੍ਰੋਣ ਨੂੰ ਘਾਇਲ ਕੀਤਾ ਤੇ ਦੁਸਾਸਨ ਪਾਰ ਬੁਲਾਇਆ। ਕੈਰੋਂ ਹਾਰ ਕੇ ਭੱਜੇ ਤੇ ਦ੍ਰੋਪਤੀ ਦੀ ਜਿੱਤ ਹੋਈ। ਪਾਰਥ ਦ੍ਰੋਪਤੀ ਨੂੰ ਕਹਿੰਦਾ ਤੂੰ ਧੰਨ ਹੈਂ ਤੈਂ ਸਾਡੀ ਲਾਜ ਰੱਖੀ-ਅੱਜ ਤੋਂ ਮੈਂ ਤੇਰਾ ਦਾਸ-ਜੋ ਤੂੰ ਕਹੇਂਗੀ ਮੈਂ ਓਹੋ ਹੀ ਕਰਾਂਗਾ ਦ੍ਰੋਪਤੀ ਕਹਿੰਦੀ ਤੈਨੂੰ ਸ਼ਰਮ ਤਾਂ-ਨੀ-ਆਉਂਦੀ-ਮੇਰੇ ਨਾਲ ਸੇਜ ਸਾਂਝ ਕਰਨ ਜੋਗਾ ਭੀ ਨਹੀਂ ?

*ਦੋਹਰਾ ॥ ਤਰੁਨ ਬਿਧਾਤੈ ਤੂ ਕਰਯੋ ਤਰਨੀ ਕੀਨੋ ਮੋਹਿ ॥*
*ਕੇਲ ਕਰੇ ਬਿਨੁ ਜਾਤ ਲੈ ਲਾਜ ਨ ਲਾਗਤ ਤੋਹਿ ॥੩੯॥*

ਬਸ ਐਨਾ ਸੁਣਨ ਦੀ ਦੇਰ ਸੀ ਸਾਰੀ ਸੈਨਾ ਹੀ ਮੂਰਛਿਤ (ਬੇਹੋਸ਼) ਕਰ ਦਿੱਤੀ ਤਾਂ ਕਿ ਕੋਈ ਦਰੋਪਤੀ ਦੀਆਂ ਰੰਗਰਲੀਆਂ ਨਾ ਦੇਖ ਲਏ।

*ਚੌਪਈ ॥ ਬਾਨਾਵਲੀ ਧਨੰਜੈ ਧਾਰੀ ॥ ਮੂਰਛਿਤ ਸਕਲ ਸੈਨ ਕਰਿ ਡਾਰੀ ॥*
*ਦ੍ਰੋਪਤੀ ਸਾਥ ਬਿਹਾਰਯੋ ਸੋਊ ॥ ਤਾਕੋ ਦੇਖਤ ਭਯੋ ਨ ਕੋਊ ॥੪੦॥* (ਇਕ ਸੌ ਸੈਂਤੀਸਵੇਂ ਚਰਿਤ੍ਰ ਪੰਨਾ ੧੦੧੬)

ਸੈਨਾ ਮੂਰਛਿਤ ਹੁੰਦੇ ਹੀ ਦ੍ਰੋਪਤੀ ਪ੍ਰੇਮ ਲੀਲਾ ਚ ਰੰਗੀ ਗਈ :-

*ਦੋਹਰਾ ॥ ਚੁੰਬਨ ਆਸਨ ਲੈ ਘਨੇ ਰਤਿ ਮਾਨੀ ਦ੍ਰੁਪਤੀਸ ॥*
*ਤਾ ਪਰ ਕੋਊ ਨ ਪਰ ਸਕੇ ਠਟਕਿ ਰਹੇ ਅਵਨੀਸ ॥੪੧॥* (ਇਕ ਸੌ ਸੈਂਤੀਸਵੇਂ ਚਰਿਤ੍ਰ ਪੰਨਾ ੧੦੧੬)

ਦ੍ਰੋਪਤੀ ਨਾਲ ਪ੍ਰੇਮ ਸਾਂਝ ਕਰਨ ਤੋਂ ਬਾਦ ਜਿੱਤੀ ਹੋਈ ਦ੍ਰੋਪਤੀ ਨੂੰ ਲੈ ਅਪਣੇ ਘਰ ਦਾ ਰਸਤਾ ਫੜਿਆ ਪਾਰਥ ਨੇ।

ਨੋਟ :- ਕੈਰੋਂ ਪਾਂਡੋ ਦੀ ਲੜਾਈ ਜਾਂ ਦ੍ਰੋਪਤੀ ਦੇ ਸੁਯੰਬਰ ਦਾ ਸਿੱਖ ਧਰਮ ਨਾਲ ਕੀ ਸਬੰਧ ? ਕੋਈ ਗਿਆਨ ਜਾਂ ਧਿਆਨ ਦੀ ਗੱਲ ? ਕੋਈ ਗ੍ਰਹਿਸਥ ਜਾਂ ਪ੍ਰਮਾਰਥ ਲਈ ਸੇਧ ? ਜੇ ਕੁੱਝ ਭੀ ਨਹੀਂ ਤਾਂ ਫਿਰ ਅਜਿਹਾ ਲੱਚਰ ਸਹਿਤ ਸਿੱਖ ਕੌਮ ਦੀ ਥਾਲੀ ਪਰੋਸਣ ਦਾ ਕੀ ਮੰਤਵ? ਕਿਤੇ ਇਤਿਹਾਸ-ਸਭਿਆਚਾਰ ਅਥਵਾ ਆਪਸੀ ਮਿਲਵਰਤਨ ਨੂੰ ਲੀਰੋ ਲੀਰ ਕਰਨ ਲਈ ਤਾਂ ਇਹ ਦਸਮ ਗ੍ਰੰਥ ਨਹੀਂ। ਖ਼ਬਰਦਾਰ-ਬਾ-ਹੋਸਿਆਰ ! ਜਾਗਦੇ ਰਹਿਯੋ !

ਇਲਾਕਾ : ਓਡਛੇ (ਇਕ ਸੌ ਅਠੱਤੀਸਵੇਂ ਚਰਿਤ੍ਰ ਪੰਨਾ ੧੦੧੭)

ਪਾਤਰ : ਆਭਾਵਤੀ, ਮਿਤ੍ਰ ਤੇ ਪਤੀ

**ਮਿਤ੍ਰ ਨੂੰ ਭੈਣ ਬਣਾ ਕੇ ਭੋਗ ਕਰਨਾ ਸਿੱਖੋ ਅਤੇ ਬਾਲਸਫ਼ੇ ਨਾਲ ਬਾਲ (ਕੇਸ) ਦੂਰ ਕਰੋ :** ਓਡਛੇ ਦੇਸ ਦੀ ਰਾਨੀ ਅੰਤਾਂ ਦੀ ਸੋਹਣੀ ਨੇ ਇਕ ਸੋਹਣਾ ਸਨੁੱਖਾ ਨੌਜਵਾਨ ਦੇਖਿਆ ਤੇ ਅਪਣਾ ਦਿਲ ਦੇ ਬੈਠੀ । ਉਸ ਨੂੰ ਘਰ ਸੱਦਿਆ ਤੇ ਅਨੇਕਾਂ ਢੰਗਾਂ ਨਾਲ ਭੋਗ ਕੀਤਾ :-

*ਰੂਪਮਾਨ ਤਿਹ ਨੈਨ ਨਿਹਾਰਯੋ ॥ ਤਾਕੌ ਚੀਤ ਮੀਤ ਕਰਿ ਡਾਰਯੋ ॥*
*ਵਾਕੋ ਧਾਮ ਬੁਲਾਵਨ ਕੀਨੋ ॥ ਭਾਂਤਿ ਭਾਂਤਿ ਸੋ ਆਸਨ ਦੀਨੋ ॥੨॥* (ਇਕ ਸੌ ਅਠੱਤੀਸਵੇਂ ਚਰਿਤ੍ਰ ਪੰਨਾ ੧੦੧੭)

ਉਸ ਨੇ ਮਿਤ੍ਰ ਦੇ ਬਾਲ ਸਫ਼ਾ ਲਗਾ ਕੇ ਬਾਲ ਸਾਫ ਕੀਤੇ। ਮਰਦ ਤੋਂ ਔਰਤ ਬਣਾ ਕੇ ਅਪਣੀ ਧਰਮ ਦੀ ਭੈਣ ਦੱਸ ਕੇ ਪਤੀ ਨਾਲ ਉਸ ਨੂੰ ਤੀਰਥ ਤੇ ਲੈ ਗਈ :-

*ਤਾਂਹਿ ਕੇਸਅਰਿ ਬਕਤ੍ਰ ਲਗਾਯੋ ॥ ਸਭ ਕੇਸਨ ਕੌ ਦੂਰਿ ਕਰਾਯੋ ॥*
*ਪੁਰਖਹੁ ਤੇ ਇਸਤ੍ਰੀ ਕਰਿ ਡਾਰੀ ॥ ਮਿਤ੍ਰ ਪਤਿ ਲੈ ਤੀਰਥਨ ਸਿਧਾਰੀ ॥੩॥* (ਇਕ ਸੌ ਅਠੱਤੀਸਵੇਂ ਚਰਿਤ੍ਰ ਪੰਨਾ ੧੦੧੭)

ਕਹਿੰਦੀ ਖਸਮ ਨੂੰ ਮੇਰੀ ਭੈਣ ਆਈ ਹੈ ਮੈ ਓਹਦੇ ਲਈ ਤੀਰਥ ਨਾਣ੍ਹ ਜਾਣਾ ਹੈ ਤੇ ਸਾਰੇ ਪਾਪ ਦੂਰ ਕਰਨੇ ਹਨ। ਪਤੀ ਨੂੰ ਨਾਲ ਲੈ ਕੇ ਮਿਤ੍ਰ ਸੰਗ ਗੰਗਾ ਇਸ਼ਨਾਨ ਲਈ ਗਈ ਤੇ ਉਥੇ ਜਾ ਕੇ :-

*ਚੌਪਈ ॥ ਪਤਿ ਕੋ ਸੰਗ ਗੰਗ ਲੈ ਨ੍ਹਾਈ ॥ ਭਾਖਿ ਬਹਿਨਿ ਤਾਸੋ ਲਪਟਾਈ ॥*
*ਮਨ ਮਾਨਤ ਤਿਨ ਕੇਲ ਕਮਾਯੋ ॥ ਮੂਰਖ ਕੰਤ ਭੇਵ ਨਹਿ ਪਾਯੋ ॥੭॥*
*ਚਿਮਟਿ ਚਿਮਟਿ ਤਾਸੋ ਲਪਟਾਈ ॥ ਮਨ ਮਾਨਤ ਤ੍ਰਿਯ ਕੇਲ ਕਮਾਈ ॥*
*ਦਿਨ ਦੇਖਤ ਤ੍ਰਿਯ ਕੇਲ ਕਮਾਯੋ ॥ ਮੂਰਖ ਕੰਤ ਭੇਵ ਨਹਿ ਪਾਯੋ ॥੮॥* (ਇਕ ਸੌ ਅਠੱਤੀਸਵੇਂ ਚਰਿਤ੍ਰ ਪੰਨਾ ੧੦੧੭)

ਨੋਟ :- ਇਹ ਧਾਰਮਿਕ ਸਿੱਖਿਆ ਸ਼ਾਈਦ ਨੌਜੁਆਨ ਧੀਆਂ ਭੈਣਾਂ ਲਈ ਸਿੱਖ ਪੁਜਾਰੀਆਂ ਉਚੇਚੇ ਤੌਰ ਤੇ ਦਰਜ਼ ਕੀਤੀ ਹੈ ਕਿ ਕਿਵੇਂ ਪਤੀ ਨੂੰ ਧੋਖਾ ਦਈਦਾ ਹੈ। ਅਪਣੀ ਬੇਸ਼ਰਮੀ ਤੇ ਬੇ ਹਯਾਈ ਨੂੰ ਇਨ੍ਹਾਂ ਪਾਤਸ਼ਾਹੀ ੧੦ ਲਿਖ ਕੇ ਬਥੇਰਾ ਢੱਕਣ ਦੀ ਕੋਸ਼ਿਸ ਕੀਤੀ ਹੈ ਪਰ ਬੇਸ਼ਰਮ ਚੇਹਰੇ ਨਿਕਾਬ ਚਾੜ੍ਹ ਲੈਣ ਬਾਦ ਭੀ ਨੰਗੇ ਹੀ ਰਹਿੰਦੇ ਹਨ। ਧਰਮ ਦੇ ਖੋਜੀਆਂ ਨੂੰ ਅਤੇ ਉਹ ਜੋ ਅਪਣੇ ਆਪ ਨੂੰ ਰੰਚਕ ਭੀ ਸਿੱਖ ਮਹਿਸੂਸ ਕਰਦੇ ਹਨ ਇਸ ਮਹਾਂ ਗੰਦੀ ਕਿਤਾਬ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਗੁਰੂ ਘਰਾਂ ਤੋਂ ਬਾਹਰ ਸੁੱਟ ਦੇਣਾ ਚਾਹੀਦਾ ਹੈ। ਜੇਕਰ ਕੋਈ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਤਾਂ ਇਸ ਗੰਦੀ ਕਿਤਾਬ ਤੋਂ ਵੱਖ ਕਰਨੀ ਚਾਹੀਦੀ ਹੈ ਤਾਂ ਕਿ ਗੁਰਸਿੱਖ ਉਸ ਦਾ ਸਤਿਕਾਰ ਕਰ ਸਕਣ। ਕੋਕ ਸਾਸਤ੍ਰ ਚ ਕਿਸੇ ਗੁਰਬਾਣੀ ਦਾ ਕੁੱਝ ਭਾਗ ਦਰਜ਼ ਕਰਕੇ ਕੋਕ ਸਾਸਤ੍ਰ ਤੇ ਸਿੱਜਦਾ ਨਹੀਂ ਕਰਵਾਇਆ ਜਾ ਸਕਦਾ । ਜੇਕਰ ਕੋਈ ਭੇਖੀ ਜਾਂ ਅਖੌਤੀ ਧਾਰਮਿਕ ਜਥੇਬੰਦੀ ਅਜਿਹਾ ਕਰਨ ਦਾ ਕੁਕਰਮ ਤੇ ਹੌਸਲਾ ਕਰਦੀ ਹੈ ਤਾਂ ਇਹ ਸਿੱਖਾਂ ਦਾ ਹੱਕ ਰਾਖਵਾਂ ਹੈ ਕਿ ਭਰੇ ਬਜਾਰ ਅਜਿਹਿਆਂ ਨੂੰ ਨੰਗਾ ਕੀਤਾ ਜਾਏ ।

ਪਾਤਰ : ਮਾਨਣੇਸੁਰੀ (ਰਾਨੀ), ਗਰੂਰ ਸਿੰਘ (ਨ੍ਰਿਪਤਿ) ਤੇ ਬੈਰਮ ਸਿੰਘ (ਇਕ ਸੌ ਉਨਤਾਲੀਸਵੇਂ ਚਰਿਤ੍ਰ ਪੰਨਾ ੧੦੧੭-੧੮)

**ਖਸਮ ਦੇ ਸਾਮ੍ਹਣੇ ਮਿਤ੍ਰ ਨਾਲ ਭੋਗ ਕਰਨਾ ਸਿੱਖੋ :** ਗਰੂਰ ਸਿੰਘ ਰਾਜੇ ਦੇ ਦਿਲ ਦਾ ਟੁਕੜਾ ਸੋਹਣੀ ਸਨੁੱਖੀ ਉਸ ਦੀ ਰਾਣੀ ਮਾਨਣੇਸੁਰੀ ਨੇ ਜਦ ਬੈਰਮ ਸਿੰਘ ਨੂੰ ਤੱਕਿਆ ਤਾਂ ਕਾਮ ਵਾਸਨਾ ਵਿੱਚ ਸੁੱਧ ਬੁੱਧ ਖੋ ਬੈਠੀ। ਸੁਰਤ ਸੰਭਾਲੀ ਤੇ ਕਾਮ ਦੀ ਭੁੱਖ ਦੂਰ ਕੀਤੀ ।

*ਚੌਪਈ ॥ ਉਠਤ ਪ੍ਰੀਤਿ ਤ੍ਰਿਯ ਅਧਿਕ ਲਗਾਈ ॥*
*ਕਾਮ ਕੇਲ ਤਿਹ ਸਾਥ ਕਮਾਈ ॥......* (ਇਕ ਸੌ ਉਨਤਾਲੀਸਵੇਂ ਚਰਿਤ੍ਰ ਪੰਨਾ ੧੦੧੭)

ਯਾਰ ਕਹਿੰਦਾ ਸਵਾਦ ਤਾਂ ਤਾਂ ਹੈ ਜੇ ਖਸਮ ਦੇ ਸਾਮ੍ਹਣੇ ਮੇਰੇ ਨਾਲ ਭੋਗ ਕਰੇਂ । ਰਾਣੀ ਨੇ ਬਣਾਈ ਸਕੀਮ-ਘਰ ਬਣਾਇਆ ਪੀਰ ਦਾ ਥਾਂ ਢਾਹਿਆ । ਥਾਂ ਢਾਹ ਕੇ ਸੱਦਿਆ ਖਸਮ-ਕਹਿੰਦੀ ਪੀਰ ਬੜਾ ਤਕੜਾ ਹੈ ਤੈਨੂੰ ਮੰਜੇ ਤੇ ਬੰਨ੍ਹ ਕੇ ਪੁੱਠਾ ਕਰਕੇ ਸੁੱਟੂ । ਰਾਤ ਨੂੰ ਮੰਜਾ ਡਾਹ ਕੇ ਖਸਮ ਨਾਲ ਸੁੱਤੀ-ਜਦ ਪਤੀ ਸੌਂ ਗਿਆ ਉਸ ਨੂੰ ਰੱਸੀਆਂ ਨਾਲ ਚੰਗੀ ਤਰ੍ਹਾਂ ਨੂੜ ਕੇ ਪੁੱਠਾ ਕਰ ਦਿੱਤਾ ਤੇ ਆਪ ਉਤੇ ਚੜ੍ਹ ਕੇ ਯਾਰ ਨਾਲ ਰੰਗ ਰਲੀਆਂ ਮਨਾਣ ਲੱਗੀ :-

*ਅੜਿੱਲ ॥ ਭਾਂਤਿ ਭਾਂਤਿ ਤਿਹ ਤ੍ਰਿਯ ਕੌ ਜਾਰ ਬਜਾਇ ਕੈ ॥*
*ਭਾਂਤਿ ਭਾਂਤਿ ਕੇ ਆਸਨ ਲਏ ਬਨਾਇ ਕੈ ॥*
*ਚੁੰਬਨ ਅਲਿੰਗਨ ਲੀਨੇ ਰੁਚਿ ਮਾਨਿ ਕੈ ॥*
*ਹੋ ਤਰ ਡਾਰਯੋ ਜੜ੍ਹ ਰਹਿਯੋ ਮੋਨ ਮੁਖਿ ਠਾਨਿ ਕੈ ॥੧੧॥* (ਇਕ ਸੌ ਉਨਤਾਲੀਸਵੇਂ ਚਰਿਤ੍ਰ ਪੰਨਾ ੧੦੧੮)

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਧਾਰਮਿਕ ਸਿੱਖਿਆਵਾਂ ਪੜ੍ਹ ਰਹੇ ਹੋ। ਆਪ ਜੀ ਦੇ ਮਨ ਚ ਕੋਈ ਸ਼ੰਕਾ ਜਾਂ ਸਵਾਲ ਉੱਠੇ ਤਾਂ ਸਿੱਖ ਧਰਮ ਦੇ ਵੱਡੇ ਪੁਜਾਰੀਆਂ ਤੋਂ ਪੁੱਛਣਾ ਨਹੀਂ ਭੁੱਲਣਾ । ਜਿਥੋਂ ਤੱਕ ਮੇਰਾ ਸਬੰਧ ਹੈ ਉਹ ਬਿਲਕੁਲ ਸਪੱਸਟ ਕਿ ਦਸਮ ਗ੍ਰੰਥ ਦਾ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ । ਗੁਰੂ ਜੀ ਦਾ ਨਾਂ ਵਰਤਣ ਵਾਲੇ ਸੱਚਮੁੱਚ ਦੇ ਗੰਦੇ ਲੋਕ ਹਨ ।

## ਇਲਾਕਾ : ਹਿਜਲੀ ਬੰਦਰ

(ਇਕ ਸੌ ਚਾਲੀਸਵੇਂ ਚਰਿਤ੍ਰ ਪੰਨਾ ੧੦੧੯)

ਪਾਤਰ : ਬਾਨੀ ਰਾਇ (ਨਰੇਸ), ਮੇਘ ਮਤੀ (ਰਾਨੀ) ਤੇ ਮਜਲਿਸਿ ਰਾਇ (ਮਿਤ੍ਰ)

ਹਿਜਲੀ ਬੰਦਰ ਦੇ ਰਾਜੇ ਬਾਨੀ ਰਾਇ ਦੀ ਰਾਣੀ ਮੇਘਮਤੀ ਬੜੀ ਕਾਮੀ । ਉਸ ਨੇ ਮਜਲਿਸਿ ਰਾਇ ਤੱਕਿਆ ਤਾਂ ਉਸ ਦੀ ਦੀਵਾਨੀ ਹੋ ਗਈ । ਉਸ ਨੇ ਉਸ ਨਾਲ ਭੋਗ ਕੀਤਾ :-

*ਮਜਲਿਸਿ ਰਾਇ ਬਿਲੋਕਿਕੈ ਰੀਝਿ ਰਹੀ ਤ੍ਰਿਯ ਸੋਇ ॥*
*ਬੋਲਿ ਭੋਗ ਤਾਸੌਂ ਕਿਯੋ ਰਘੁਪਤਿ ਕਰੈ ਸੁ ਹੋਇ ॥੨॥* (ਇਕ ਸੌ ਚਾਲੀਸਵੇਂ ਚਰਿਤ੍ਰ ਪੰਨਾ ੧੦੧੯)

ਜਦ ਖਸਮ ਨੇ ਇਸ ਬਾਰੇ ਸੁਣਿਆ ਤਾਂ ਗੁੱਸੇ ਚ ਕਹਿੰਦਾ ਕਿ ਬਾਹਵਾਂ ਬੰਨ ਕੇ ਇਸ ਨੂੰ ਗਹਿਰੀ ਨਦੀ ਚ ਸੁੱਟਾਂਗਾ। ਰਾਣੀ ਨੇ ਜਦ ਸੁਣਿਆ ਤਾਂ ਉਸ ਨੇ ਇਕ ਗੋਹ (ਮਿੱਟੀ ਦਾ ਜਾਨਵਰ) ਮੰਗਾਈ ਉਸ ਨਾਲ ਰੱਸੀ ਬੰਨ ਕੇ ਦੀਵਾਰ ਤੇ ਚੜ੍ਹਾ ਦਿੱਤੀ, ਉਸੇ ਰੱਸੀ ਦੇ ਨਾਲ ਅਪਣਾ ਮਿਤ੍ਰ ਕੱਢ ਦਿੱਤਾ ਤੇ ਰਾਜੇ ਦਾ ਮੂੰਹ ਅੱਡਿਆ ਹੀ ਰਹਿ ਗਿਆ ।

*ਰਾਨੀ ਬਾਤ ਜਬੈ ਸੁਨ ਪਾਈ ॥ ਏਕ ਗੋਹ ਕੌ ਲਯੋ ਮੰਗਾਈ ॥*
*ਬਾਂਧਿ ਰਸਨ ਤਾਂਸੋ ਇਕ ਲਿਯੋ ॥ ਤਾਹਿ ਚਰਾਇ ਦਿਵਾਰਹਿ ਦਿਯੋ ॥੪॥*
*ਦੋਹਰਾ ॥ ਤਾਸੋ ਰਸਨ ਬਨ੍ਹਾਇਕੈ ਜਾਰਹਿ ਦਯੋ ਲੰਘਾਇ ॥*
*ਮੂੜ੍ਹ ਰਾਵ ਚੱਕ੍ਰਿਤ ਰਹਿਯੋ ਸਕਯੋ ਚਰਿੱਤ੍ਰ ਨਾ ਪਾਇ ॥੫॥* (ਇਕ ਸੌ ਚਾਲੀਸਵੇਂ ਚਰਿਤ੍ਰ ਪੰਨਾ ੧੦੧੯)

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਧਾਰਮਿਕ ਸਿੱਖਿਆਵਾਂ ਪੜ੍ਹ ਰਹੇ ਹੋ (ਮੈਂ ਇਸ ਅਸ਼ਲੀਲਤਾ ਨੂੰ ਧਾਰਮਿਕ ਸਿੱਖਿਆ ਇਸ ਲਈ ਕਹਿੰਦਾ ਹਾਂ ਕਿਉਂਕਿ ਸਾਡੇ ਪੁਜਾਰੀ ਗੁਰੂ ਘਰਾਂ ਚ ਇਸ ਗੰਦੀ ਕਿਤਾਬ ਦਾ ਪ੍ਰਕਾਸ ਕਰਦੇ ਹਨ-ਸਹਿਜ ਪਾਠ ਤੇ ਅਖੰਡ ਪਾਠ ਕਰਕੇ ਵੱਡੇ ਨੋਟ ਬਟੋਰਦੇ ਹਨ ਅਤੇ ਸਿੱਖ ਸਮਾਜ ਨੂੰ ਗੰਦਾ ਕਰਨ ਦੀ ਮੰਦੀ ਕਰਤੂਤ ਕਰਦੇ ਹਨ ਵਿਅੰਗ ਮਾਤਰ ਮੈਂ ਇਸ ਨੂੰ ਧਾਰਮਿਕ ਸਿੱਖਿਆ ਦਾ ਨਾਂ ਦਿੱਤਾ ਹੈ) ਅਪਣੀ ਜ਼ਮੀਰ ਦਬਾ ਨਹੀਂ ਦੇਣੀ ਜ਼ਮੀਰ ਦਬਾ ਦੇਣ ਨਾਲ ਇਸ ਦੇ ਮਰ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ ।

ਪਾਤਰ : ਭਸਮਾਂਗਦ, ਸਿਵ ਜੀ ਤੇ ਪਾਰਬਤੀ (ਇਕ ਸੌ ਇਕਤਾਲੀਸਵੇਂ ਚਰਿਤ੍ਰ ਪੰਨਾ ੧੦੧੯-੨੦)

**ਭਸਮਾਂਗਦ ਮਾਰਿਆ ਗਿਆ :** ਭਸਮਾਂਗਦ ਨੇ ਰੁਦ੍ਰ (ਸਿਵ) ਦੀ ਕਰ ਕੇ ਤਪੱਸਿਆ ਲਿਆ ਵਰਦਾਨ-ਮੈਂ ਜਿਸ ਦੇ ਸਿਰ ਹੱਥ ਰੱਖਾਂ ਹੋ ਜਾਏ ਭਸਮ-ਦੇਖੀ ਪਾਰਬਤੀ-ਉਸ ਦੇ ਰੂਪ ਤੇ ਮੋਹਿਤ-ਭੱਜਾ ਸਿਵ ਨੂੰ ਮਾਰਨ-ਸਿਵ ਭੱਜਿਆ ਪਹਿਲਾਂ ਦੱਖਣ ਤੇ ਪੂਰਬ ਵੱਲ-ਭਸਮਾਂਗਦ ਉਸ ਦੇ ਪਿੱਛੇ ਪਿੱਛੇ-ਫਿਰ ਖਾਧਾ ਮੋੜ ਦੋੜਿਆ ਪੱਛਮ ਨੂੰ-ਉਹ ਭੀ ਦੋੜਿਆ ਪਿੱਛੇ-ਤਿੰਨ ਦਿਨ ਇਸੇ ਤਰ੍ਹਾਂ ਦੋੜੇ ਪਰ ਥਾਂ ਨਾ ਲੱਭੀ-ਦੇਖੋ ਕਰਤਾਰ ਦੇ ਰੰਗ-ਰੁਦ੍ਰ ਫਿਰ ਉੱਤਰ ਦਿਸਾ ਨੂੰ ਭੱਜਿਆ-ਭਸਮਾਂਗਦ ਭੀ ਪਿੱਛੇ ਪਿੱਛੇ ਕਹਿੰਦਾ ਤੈਨੂੰ ਮਾਰ ਕੇ ਪਾਰਬਤੀ ਖੋ ਲਵਾਂਗਾ । ਪਾਰਬਤੀ ਤੱਕਿਆ-ਕਹਿੰਦੀ ਭਸਮਾਂਗਦ ਨੂੰ ਤੂੰ ਮੂਰਖ ਹੈਂ ਤੂੰ ਕਿਹੜਾ ਚੰਦਰਾ ਵਰ ਲਿਆ ਹੈ-ਇਹ ਸਭ ਝੂਠ ਮੂਠ ਹੈ ਭਾਵੇਂ ਪ੍ਰਤਿਆ ਕੇ ਦੇਖ ਲੈ-ਅਪਣੇ ਸਿਰ ਤੇ ਹੱਥ ਰੱਖ ਦੇਖ ਕੋਈ ਕੇਸ ਜਲਦਾ ਹੈ ਜਾਂ ਨਹੀਂ-ਫੇਰ ਸਿਵਜੂ ਦੇ ਸਿਰ ਤੇ ਹੱਥ ਰੱਖੀਂ ਤੇ ਮੈਨੂੰ ਲੈ ਜਾਈਂ-ਦੈਂਤ ਸੁਣ ਕੇ ਰੱਖਿਆ ਅਪਣਾ ਹੱਥ ਅਪਣੇ ਹੀ ਸਿਰ ਤੇ-ਤੇ ਵਿਚਾਰਾ ਮਾਰਿਆ ਗਿਆ ।

*ਦੋਹਰਾ ॥ ਪਾਰਬਤੀ ਬਾਚ ॥ ਯਾ ਬੌਰਾ ਤੇਂ ਮੂੜ ਤੈ ਕਾ ਬਰੁ ਲਿਯੋ ਬਨਾਇ ॥*
*ਸਭ ਝੂਠਾ ਸੋ ਜਾਨਿਯੈ ਲੀਨ ਅਬੈ ਪਤਿਯਾਇ ॥੮॥*
*ਯੌ ਬਚ ਦੈਤ ਸ੍ਰਵਨ ਜਬ ਕਰਯੋ ॥ ਹਾਥ ਆਪਨੇ ਸਿਰ ਪਰ ਧਰਯੋ ॥*
*ਛਿਨਕ ਬਿਖੈ ਮੂਰਖ ਜਰਿ ਗਯੋ ॥ ਸ਼ਿਵ ਕੋ ਸ਼ੋਕ ਦੂਰਿ ਕਰਿ ਦਯੋ ॥੧੦॥*
*ਦੋਹਰਾ ॥ ਅਸ ਚਰਿਤ੍ਰ ਕਰਿ ਪਾਰਬਤੀ ਦੀਨੋ ਅਸੁਰ ਜਰਾਇ ॥*
*ਫਟਕਾਚਲ ਸ਼ਿਵ ਕੇ ਸਹਿਤ ਬਹੁਰਿ ਬਿਰਾਜੀ ਜਾਇ ॥੧੧॥* (ਇਕ ਸੌ ਇਕਤਾਲੀਸਵੇਂ ਚਰਿਤ੍ਰ ਪੰਨਾ ੧੦੧੯-੨੦)

**ਨੋਟ :- ਭਸਮਾਂਗਦ ਦੀ ਕਹਾਣੀ ਦਾ ਸਿੱਖ ਧਰਮ ਨਾਲ ਕੀ ਸਬੰਧ? ਕੋਈ ਸਿੱਖਿਆ ਗਿਆਨ ਧਿਆਨ ਦੀ ਗੱਲ? ਜਾਗਦੇ ਰਹਿਓ !**

ਸ਼ਹਿਰ : ਬੇਸਹਰ (ਇਕ ਸੌ ਬਿਆਲੀਸਵੌਂ ਚਰਿਤ੍ਰ ਪੰਨਾ ੧੦੨੦-੧੦੨੫)

ਪਾਤਰ : ਬਾਣਾਸੁਰ (ਨਰੇਸ), ਜੋਗਮਤੀ (ਪਟਰਾਣੀ), ਊਖਾ (ਕੰਨਿਕਾ), ਚਿਤ੍ਰਕਲਾ (ਸਖੀ), ਲਾਂਗਲੀ, ਸਿਵ, ਪ੍ਰਦੁਮਨ, ਅਨਰੁਧ, ਜੋਰ ਅਨੀ (ਰਾਜਾ), ਬਕੀ, ਬਗੁਲਾਸੁਰ, ਸਕਟਾਸੁਰ, ਕੇਸਯਹ, ਕੰਸ, ਆਘਾਸੁਰ, ਤ੍ਰਿਣ, ਵਰਤ, ਮੁਸਟ, ਚੰਡੂਰ, ਮਧੁ ਤੇ ਦਾਵਾਨਲ ।

**ਬਾਪ ਮਾਰ ਕੇ ਯਾਰ ਦੇ ਵਸਣਾ :** ਬਾਣਾਸੂਰ ਨਰੇਸ ਸ਼ਹਿਰ ਬੇਸਹਰ ਰਹਿੰਦਾ । ਉਸ ਦੀ ਰਾਣੀ ਜੋਗਮਤੀ ਜਿੰਨੀ ਸੋਹਣੀ ਤਿੰਨਾਂ ਲੋਕਾਂ ਚ ਹੋਰ ਕੋਈ-ਨੀ-ਉਸ ਦੇ ਗਦਰਾਏ ਸਰੀਰ ਨੂੰ ਤੱਕ ਕੇ ਦੇਵਤੇ ਮਨੁੱਖ ਜੱਛ ਤੇ ਖੜੱਪੇ ਸੱਪ ਮੇਲ੍ਹਣ ਲੱਗਦੇ । ਉਸ ਨੇ ਊਖ ਨਾਂ ਦੀ ਕੁੜੀ ਜੰਮੀ । ਜਿਸ ਦਾ ਰੂਪ ਤੱਕ ਤੱਕ ਕੇ ਦੇਵਤੇ ਮਨੁੱਖ ਜੱਛ ਤੇ ਖੜੱਪੇ ਸੱਪਾਂ ਦੇ ਮਨ ਕੀਲੇ ਗਏ । ਓਹਦੀਆਂ ਹਿਰਨ ਵਰਗੀਆਂ ਅੱਖਾਂ-ਤੀਰ ਵਰਗੀ ਕਜਰੇ ਦੀ ਧਾਰ ਉਸ ਦੇ ਰੂਪ ਨੂੰ ਹੋਰ ਭੀ ਨਿਖਾਰਦੀ ਤੇ ਹਰ ਕਿਸੇ ਨੂੰ ਦੀਵਾਨਾ ਬਣਾਉਂਦੀ ।

*ਚੁੰਚਰੀਟ ਛਬਿ ਹੇਰਿ ਭਏ ਅਬ ਲਗੇ ਦਿਵਾਨੇ ॥*
*ਮ੍ਰਿਗ ਅਬ ਲੌ ਬਨ ਬਸਤ ਬਹੁਰਿ ਗ੍ਰਿਹਿ ਕੌ ਨ ਸਿਧਾਨੇ ॥*
*ਤਪਸਿਨ ਦੁਤਿ ਕੌ ਹੇਰਿ ਜਟਨ ਕੋ ਜੂਟ ਛਕਾਯੋ ॥*
*ਹੋ ਭ੍ਰਮਤ ਪੰਖੇਰੂ ਗਗਨ ਪ੍ਰਭਾ ਕੋ ਪਾਰ ਨ ਪਾਯੋ ॥੭॥* (ਇਕ ਸੌ ਬਿਆਲੀਸਵੌਂ ਚਰਿਤ੍ਰ ਪੰਨਾ ੧੦੨੦)

ਜਿਹੜਾ ਭੀ ਉਸ ਦਾ ਰੂਪ ਤੱਕਦਾ ਓਹੀ ਅਪਣੀ ਸੁਧ ਬੁੱਧ ਖੋ ਬੈਠਦਾ । ਉਸ ਦੇ ਪਿਤਾ ਸਹਸਬਾਹੂ ਵਿੱਚ ਬਹੁਤਾ ਬੀਰਜ (ਮਰਦਾਨਾ ਤਾਕਤ) ਸੀ । ਉਸ ਨੇ ਸੈਂਕੜੇ ਸਾਲ ਜੁੱਧ ਕੀਤੇ ਤੇ ਜਿੱਤੇ-ਬਾਮ੍ਹਣਾਂ ਨੂੰ ਦੱਛਣਾਂ ਵਿੱਚ ਅਨੇਕਾਂ ਗਊਆਂ ਦਾਨ ਕੀਤੀਆਂ ।

*ਦੋਹਰਾ ॥ ਸਹਸਬਾਹੁ ਤਾਕੋ ਪਿਤਾ ਜਾਕੋ ਬੀਰਜ ਅਪਾਰ ॥*
*ਬਾਹੁ ਸਹਸ ਆਯੁਧ ਧਰੇ ਜਨ ਦੂਜੋ ਕਰਤਾਰ ॥੯॥*
*ਛਿਤ ਕੇ ਜਿਤੇ ਛਿਤੇਸ ਸਭ ਬਡੇ ਛਤ੍ਰਿਯਨ ਘਾਇ ॥*
*ਬਿੱਪ੍ਰਨ ਕੋ ਦਛਿਨਾ ਦਈ ਭੁਰਿ ਗਾਂਇ ਸੈਦਾਇ ॥੧੦॥* (ਇਕ ਸੌ ਬਿਆਲੀਸਵੌਂ ਚਰਿਤ੍ਰ ਪੰਨਾ ੧੦੨੦)

ਨੋਟ :-ਸਿੱਖ ਧਰਮ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਚ ਵਿਸ਼ਵਾਸ ਰੱਖਦਾ ਹੈ । ਕਿਸੇ ਬਾਮ੍ਹਣ ਜਾਂ ਸਾਧ ਸੰਤ ਨੂੰ ਦਾਨ ਦੇਣਾ ਮੂਰਖਤਾ ਆਖਦਾ ਹੈ ਸਿੱਖ ਧਰਮ ਕਹਿੰਦਾ ਹੈ ਕਿ ਰੱਬ ਹੀ ਸਭ ਜੀਵਾਂ ਨੂੰ ਦਾਤਾਂ ਵੰਡਦਾ ਹੈ ਤੇ ਰਿਜਕ ਦੇਂਦਾ ਹੈ। ਜੇਕਰ ਕੋਈ ਮਨੁੱਖ ਰੱਬ ਵੱਲੋਂ ਮਿਲੀ ਦਾਤ ਦੂਜਿਆਂ ਨੂੰ ਦੇ ਕੇ ਦਾਨੀ ਬਣਨ ਦਾ ਢੌਂਗ ਰਚੇ ਤਾਂ ਉਹ ਇਸ ਦੁਨੀਆਂ ਦਾ ਸਭ ਤੋਂ ਮੂਰਖ ਤੇ ਗਵਾਰ ਗਿਣਿਆ ਜਾਏ। ਵਧੇਰੇ ਜਾਣਕਾਰੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਨੂੰ ਪੜ੍ਹੋ ਜੀ।

ਉਸ ਨੇ ਸਿਵ ਦੀ ਪੂਜਾ ਕਰ ਕੇ ਪਸੁਰਾਟ (ਪਸੂਆਂ ਦਾ ਰਾਜਾ ਸਿਵ) ਨੂੰ ਰਿਝਾ ਲਿਆ ਤੇ ਤੁਮਲ ਜੁੱਧ ਵਰਦਾਨ ਵੱਜੋਂ ਲਿਆ । ਸਿਵ ਕਹਿੰਦਾ :-

*ਸਿਵ ਬਾਚ ॥ ਜਬ ਤੇਰੇ ਗ੍ਰਿਹਿ ਤੇ ਧਰਨਿ ਧੁਜਾ ਪਰੈਗੀ ਆਨਿ ॥*
*ਤੁਮਲ ਜੁੱਧ ਤਬ ਹੀ ਭਯੋ ਲੀਜੋ ਸਮਝਿ ਸੁਜਾਨਿ ॥੧੨॥* (ਇਕ ਸੌ ਬਿਆਲੀਸਵੌਂ ਚਰਿਤ੍ਰ ਪੰਨਾ ੧੦੨੧)

ਉਧਰ ਕੁੜੀ ਦਾ ਕਾਮ ਜਾਗਿਆ-ਸੁਪਨਾ ਆਇਆ ਕਿ ਮੇਰਾ ਹੋਣ ਵਾਲਾ ਪਤੀ ਦ੍ਵਾਰਿਕਾ ਵਿੱਚ ਰਹਿੰਦਾ ਹੈ। ਖੁਸ਼ੀ ਦੀ ਮਾਰੀ ਪਸੀਨੇ ਨਾਲ ਭਿੱਜੀ ਤੇ ਦੰਦਰਾਲ ਪੈ ਗਈ-ਸਹੇਲੀਆਂ ਨੇ ਚੁੱਕ ਕੇ ਸੁਰਤ ਚ ਲਿਆਂਦਾ ਤੇ ਸਾਰੀ ਕਹਾਣੀ ਸਮਝੀ ਤੇ ਘੋਖੀ। ਸਹੇਲੀ ਚਿਤ੍ਰ ਕਲਾ ਨੇ ਫੁਰਤੀ ਨਾਲ ਇਕ ਮਹਲ ਬਣਾਇਆ। ਉਸ ਵਿੱਚ ਚੌਦਾਂ ਪੁਰੀਆਂ ਨੂੰ ਸਥਾਪਿਤ ਕੀਤਾ ਉਨ੍ਹਾਂ ਵਿੱਚ ਦੇਵਤੇ ਦੈਂਤ ਗੰਧ੍ਰਬ ਜੱਛ ਦੀਆਂ ਮੂਰਤੀਆਂ ਸਜਾਈਆਂ। ਫਿਰ ਉਸ ਨੂੰ ਬੁਲਾ ਕੇ ਸਭਨਾਂ ਦੇ ਚੇਹਰੇ ਦਿਖਾਏ।

*ਚੌਪਈ ॥ ਦੇਵ ਦਿਖਾਏ ਦੈਤ ਦਿਖਰਾਏ ॥ ਗੰਧ੍ਰਬ ਜੱਛ ਭੁਜੰਗਹਿ ਰਾਏ ॥*
*ਪੁਨਿ ਕੈਰਵ ਕੇ ਕੁਲਹਿ ਦਿਖਾਯੋ ॥ ਤਿਨਹਿ ਬਿਲੋਕਿਨ ਤ੍ਰਿਯ ਸੁਖ ਪਾਯੋ ॥੨੩॥*
(ਇਕ ਸੌ ਬਿਆਲੀਸਵੌਂ ਚਰਿਤ੍ਰ ਪੰਨਾ ੧੦੨੧)

ਉਸ ਨੇ ਲਾਂਗਲੀ ਨੂੰ ਦੇਖਿਆ-ਸਿਵ ਨੂੰ ਦੇਖਿਆ-ਫਿਰ ਪ੍ਰਦੁਮਨ ਨੂੰ ਤੱਕਿਆ ਫਿਰ ਉਸ ਦਾ ਪੁੱਤ ਜਿਸ ਨੂੰ ਤੱਕ ਕੇ ਬਾਗ ਬਾਗ ਹੋ ਗਈ। ਚਿਤ੍ਰ ਕਲਾ ਨੇ ਨੇੜਿਓਂ ਸਭ ਤੱਕਿਆ-ਘੋਖਿਆ-ਮਾਰੀ ਉਡਾਰੀ ਜਾ ਪਹੁੰਚੀ ਦ੍ਵਾਰਾਵਤੀ ਕਹਿੰਦੀ ਰਾਜਕੁਮਾਰ ਨੂੰ ਕਿ ਊਖਾ ਦਾ ਕਾਮ ਸਿਖਰਾਂ ਤੇ ਹੈ ਉਸ ਦੀ ਕਾਮ ਤ੍ਰਿਪਤੀ ਕਰਾਣੀ ਹੈ ਉਥੇ ਚਲੋ :-

*ਦੋਹਰਾ ॥ ਅਨਰੁਧ ਸੁਨਿ ਐਸੇ ਬਚਨ ਤਹ ਤੇ ਕਿਯੋ ਪਯਾਨ ॥*
*ਸ਼ਹਿਰ ਬੇਸ਼ਹਿਰ ਕੇ ਬਿਖੈ ਤਹਾਂ ਪਹੁੰਚਯੋ ਆਨਿ ॥੩੨॥* (ਇਕ ਸੌ ਬਿਆਲੀਸਵੌਂ ਚਰਿਤ੍ਰ ਪੰਨਾ ੧੦੨੨)

ਉਥੇ ਪਹੁੰਚਦੇ ਹੀ ਚਿੱਤ੍ਰ ਕਲਾ ਨੇ ਦੋਨਾ ਦਾ ਮੇਲ ਕਰਵਾ ਦਿੱਤਾ ।

*ਦੋਹਰਾ ॥ ਐਸੇ ਬਚਨ ਉਚਾਰਿ ਕਰਿ ਮਿਤਵਹਿ ਲਿਯੋ ਬੁਲਾਇ ॥*
*ਭਾਂਤਿ ਭਾਂਤਿ ਕੇ ਭੋਗ ਕਿਯ ਮਨ ਭਾਵਤ ਲਪਟਾਇ ॥੩੬॥*
*ਆਸਨ ਚੌਰਾਸੀਹੂੰ ਲਏ ॥ ਚੁੰਬਨ ਭਾਂਤਿ ਭਾਂਤਿ ਸੋ ਦਏ ॥*
*ਅਤਿ ਰਤਿ ਕਰਤ ਰੈਨਿ ਬੀਤਾਈ ॥ ਊਖਾ ਕਾਲ ਪਹੂੰਚਯੋ ਆਈ ॥੩੭॥*

(ਇਕ ਸੌ ਬਿਆਲੀਸਵੋਂ ਚਰਿਤ੍ਰ ਪੰਨਾ ੧੦੨੨)

ਸਾਰੀ ਰਾਤ ਰੰਗਰਲੀਆਂ ਮਨਾਉਣ ਤੋਂ ਬਾਦ ਸਵੇਰ ਹੋਈ ਪਰ ਬਾਣਾਸੁਰ ਨੂੰ ਪਤਾ ਨੀ ਚੱਲਣ ਦਿੱਤਾ-ਲਓ ਓਹੀ ਗੱਲ ਹੋਈ ਧੁਜਾ ਗਿਰ ਗਈ ਜਿਸ ਤੋਂ ਮਨ ਚ ਚਿੰਤਾ ਜਾਗੀ।ਭਾਂਤ ਭਾਂਤ ਦੇ ਸਾਸਤ੍ਰ ਲੈ ਕੇ ਸੂਰਮੇ ਪਹੁੰਚੇ ਤੇ ਸਿਵ ਦੇ ਬਚਨ ਕਹੇ ਸਿੱਧ ਹੋਣ ਲੱਗੇ । ਜੋਰ ਅਨੀ ਰਾਜਾ ਆਇਆ-ਦੋਹਾਂ ਮਿਲ ਕੇ ਭੋਗ ਕੀਤਾ-ਦੋਹਾਂ ਨੂੰ ਕਾਮ ਲੀਲਾ ਕਰਦਿਆਂ ਰਾਜੇ ਨੇ ਤੱਕਿਆ :-

*ਚੌਪਈ ॥ ਜੋਰ ਅਨੀ ਰਾਜਾ ਇਤ ਆਯੋ ॥ ਉਤ ਇਨ ਮਿਲਿ ਕੈ ਕੇਲ ਮਚਾਯੋ ॥*
*ਚੌਰਾਸਿਨ ਆਸਨ ਕਹ ਲੇਹੀਂ ॥ ਹਸਿ ਹਸਿ ਦੋਊ ਅਲਿੰਗਨ ਦੇਹੀਂ ॥੪੦॥*
*ਕੇਲ ਕਰਤ ਦੁਹਿਤਾ ਲਖਿ ਪਾਈ ॥ ਜਾਗਯੋ ਕ੍ਰੋਧ ਨ੍ਰਿਪਨ ਕੇ ਰਾਈ ॥*
*ਅਬਹੀ ਇਨ ਦੁਹੂੰਅਨ ਗਹਿ ਲੈਹੈਂ ॥ ਮਾਰਿ ਕੂਟਿ ਜਮ ਲੋਕ ਪਠੈਹੈਂ ॥੪੧॥*

(ਇਕ ਸੌ ਬਿਆਲੀਸਵੋਂ ਚਰਿਤ੍ਰ ਪੰਨਾ ੧੦੨੩)

ਊਖਾ ਅਪਣੇ ਪਿਤਾ ਨੂੰ ਦੇਖ ਕੇ ਨੀਵੀਂ ਪਾ ਲਈ ਤੇ ਸੋਚਣ ਲੱਗੀ ਕਿ ਕਿਵੇਂ ਅਪਣੇ ਪ੍ਰੇਮੀ ਨੂੰ ਬਚਾਇਆ ਜਾ ਸਕੇ। ਅਨਰੁਧ ਹੱਥ ਚ ਤੀਰ ਕਮਾਣ ਲੈ ਕੇ ਉਠਿਆ ਸੂਰਮੇ ਗਰਜੇ (ਪਤਾ ਨਹੀਂ ਪਹਿਲਾਂ ਤੋਂ ਹੀ ਤਿਆਰ ਸਨ) ਬੜਾ ਭਿਆਨਕ ਜੁੱਧ ਹੋਇਆ ਸੂਰਮੇ ਪਾਰਬਤੀ ਦਾ ਨਾਂ ਲੈ ਲੈ ਨੱਚੇ । ਕਈ ਕ੍ਰੋੜ ਸੂਰਬੀਰ ਮਾਰੇ ਗਏ (ਹੈਰਾਨ ਨਹੀਂ ਹੋਣਾ ਕਾਵਿ ਉਡਾਰੀ ਹੈ ) ਕਈ ਕ੍ਰੋੜ ਰਥ ਟੁੱਟੇ-ਕਈਆਂ ਦੇ ਛਤ੍ਰਾਂ ਚ ਮਘੋਰੇ ਹੋਏ ਤੇ ਕਈਆਂ ਦੇ ਛੱਤ੍ਰ ਟੁੱਟ ਗਏ-ਕਈ ਜਖ਼ਮੀ ਹੋਏ ਤੇ ਕਈ ਕੈਦ ਕੀਤੇ । ਜਦ ਊਖਾ ਨੇ ਸੁਣਿਆ ਉਸ ਦਾ ਪ੍ਰੇਮੀ ਕੈਦ ਕਰ ਲਿਆ ਹੈ ਉਸ ਨੇ ਕ੍ਰਿਸ਼ਨ ਤੋਂ ਮਦਦ ਲਈ ਰੇਖਾ ਹੱਥ ਚਿੱਠੀ ਦੇ ਕੇ ਭੇਜਿਆ ਕਹਿੰਦੀ :-

*ਅੜਿੱਲ ॥ ਦੀਨਾ ਨਾਥ ਹਮਾਰੀ ਰੱਛਾ ਕੀਜਿਯੈ ॥ ਯਾ ਸੰਕਟ ਕੋ ਕਾਟਿ ਆਇ ਕਰਿ ਦੀਜਿਯੈ ॥*
*ਪਰਯੋ ਬੰਦ ਤੇ ਪੌਤ੍ਰਹਿ ਅਬੈ ਛੁਰਾਇਯੈ ॥ ਹੋ ਤਬ ਆਪਨ ਕਹ ਦੀਨੁ ਧਰਨ ਕਹਾਇਯੈ ॥੫੧॥*

(ਇਕ ਸੌ ਬਿਆਲੀਸਵੋਂ ਚਰਿਤ੍ਰ ਪੰਨਾ ੧੦੨੩)

ਪਹਿਲਾਂ ਤੂੰ ਬਾਕੀ ਮਾਰਿਆ ਫਿਰ ਬਗੁਲਾਸੁਰ, ਸਕਟਾਸੁਰ, ਕੇਸਿਯਹ, ਕੰਸ, ਆਘਾਸੁਰ, ਤ੍ਰਿਣ, ਵਰਤ, ਮੁਸਟ, ਚੰਡੂਰ, ਮਧੁ ਤੇ ਦਾਵਾਨਲ ਮਾਰੇ।ਤੂੰ ਗੋਪੀਆਂ ਦੀ ਰੱਖਿਆ ਕੀਤੀ ਇੰਦਰ ਨੇ ਜਦ ਗੁੱਸਾ ਖਾ ਕੇ ਬਰਖਾ ਕੀਤੀ ਤੱਦ ਭੀ ਤੂੰ ਰੱਖਿਆ ਕੀਤੀ ਜਦ ਜਦ ਲੋਕਾਂ ਤੇ ਭੀੜ ਪਈ ਤੂੰ ਮਦਦਗਾਰ ਬਣਿਆ ਹੁਣ ਤੂੰ ਮੇਰੀ ਰੱਖਿਆ ਕਰ :-

*ਦੋਹਰਾ ॥ ਜਹ ਸਾਧਨ ਸੰਕਟ ਬਨੈ ਤਹ ਤਹ ਲਏ ਬਚਾਇ ॥*
*ਅਬ ਹਮਰੋ ਸੰਕਟ ਬਨਯੋ ਕੀਜੈ ਆਨਿ ਸਹਾਇ ॥੫੪॥* (ਇਕ ਸੌ ਬਿਆਲੀਸਵੋਂ ਚਰਿਤ੍ਰ ਪੰਨਾ ੧੦੨੪)

ਨੋਟ :-ਸਿੱਖ ਧਰਮ ਦਾ ਵਿਸ਼ਵਾਸ ਹੈ ਕਿ ਰੱਬ (ਅਕਾਲ ਪੁਰਖ) ਹੀ ਅਪਣੇ ਸੇਵਕਾਂ ਦੀ ਹਰ ਸਮੇਂ ਰੱਖਿਆ ਕਰਦਾ ਹੈ।ਸਿੱਖ ਧਰਮ ਕਹਿੰਦਾ ਹੈ ਕਿ ਰੱਬ ਦਾ ਨਾ ਕਿਸੇ ਨਾਲ ਵੈਰ ਹੈ ਤੇ ਨਾ ਹੀ ਵਿਰੋਧ-ਨਾ ਓਹ ਜੰਮਦਾ ਹੈ ਤੇ ਨਾ ਹੀ ਮਰਦਾ ਹੈ । ਸਿੱਖ ਧਰਮ ਕਿਸੇ ਦੇਵੀ ਦੇਵਤੇ ਨੂੰ ਮਾਨਤਾ ਨਹੀਂ ਦੇਂਦਾ ਤੇ ਨਾ ਹੀ ਕ੍ਰਿਸ਼ਨ ਦੀ ਪੂਜਾ ਲਈ ਕੋਈ ਥਾਂ ਹੈ । ਵਧੇਰੇ ਗਿਆਨ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੋ ਜੀ ।

ਬੇਨਤੀ ਸੁਣ ਕੇ ਕ੍ਰਿਸਨ ਗਰੁੜ ਤੇ ਚੜ੍ਹ ਕੇ ਆ ਪਹੁੰਚੇ-ਰਾਜੇ ਨੇ ਭੀ ਕੀਤੀ ਤਿਆਰੀ-ਭਖਿਆ ਜੰਗ ਦਾ ਮੈਦਾਨ-ਹੋਈ ਕਟਾ ਬਢੀ-ਕ੍ਰਿਸਨ ਨੇ ਅਪਣੇ ਜੌਹਰ ਦਿਖਾਏ ਬਾਣਾਸੁਰ ਨੇ ਅਪਣੇ-ਲਓ ਸਿਵ ਭੀ ਆ ਪਹੁੰਚਾ ਵਿੱਚ ਮੈਦਾਨ ਦੇ ਰੁਦ੍ਰ (ਸਿਵ) ਨੇ ਖਾਧਾ ਗੁੱਸਾ-ਕ੍ਰਿਸਨ ਨਟ ਭੀ ਠੰਢਾ ਸੁਭਾਓ ਥੁੱਕਿਆ । ਮਾਰਿਆ ਬਾਣਾਸੁਰ-ਅਨਰੁੱਧ ਨੂੰ ਦਿੱਤੀ ਊਖਾ-ਕ੍ਰਿਸਨ ਅਪਣੇ ਘਰੀਂ ਤੇ ਸਿਵ ਅਪਣੇ ਘਰੀਂ ਪਰਤੇ ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜੀ । ਸਾਡੇ ਮਹਾਨ ਮਹਾਨ ਪ੍ਰਚਾਰਕਾਂ-ਕਥਾ ਵਾਚਕਾਂ ਸੰਤਾਂ ਸਾਧਾਂ ਬ੍ਰਹਮ ਗਿਆਨੀਆਂ ਅਤੇ ਸਿਆਸੀ ਲੀਡਰਾਂ ਦਾ ਇਹ ਕਹਿੰਦਿਆਂ ਮੂੰਹ ਨਹੀਂ ਸੁਕਦਾ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹਨ ਕਿਸੇ ਮੂਰਖ ਨੂੰ ਭੀ ਜੇਕਰ ਇਹ ਕਾਵਿ ਰਚਨਾਵਾਂ ਪੜ੍ਹ ਕੇ ਸੁਣਾਈਆਂ ਜਾਣ ਤਾਂ ਉਹ ਭੀ ਇਹ ਮੰਨਣ ਲਈ ਤਿਆਰ ਨਹੀਂ ਹੋਏਗਾ ਕਿ ਇਹ ਲੱਚਰ ਸਹਿਤ ਗੁਰੂ ਜੀ ਦੀ ਦੇਣ ਹੈ । ਮੈਂ ਉਨ੍ਹਾਂ ਪੁਰਖਾਂ ਦਾ ਦਿਲੋਂ ਰਿਣੀ ਅਤੇ ਧੰਨਵਾਦੀ ਹਾਂ ਜੋ ਦਸਮ ਗ੍ਰੰਥ ਨੂੰ ਗੁਰੂ ਜੀ ਦੀ ਕ੍ਰਿਤ ਨਹੀਂ ਮੰਨਦੇ । ਚੰਗੀ ਸੋਚ ਹੀ ਚੰਗਾ ਸਮਾਜ ਉਸਾਰ ਸਕਦੀ ਹੈ ਤੇ ਮੰਦੀ ਸੋਚ ਸਮਾਜ ਦਾ ਮਲੀਆਮੇਟ ਕਰਦੀ ਹੈ । ਜਾਗਦੇ ਰਹਿਓ !

## ਦੇਸ : ਉੱਤਰ ਦੇਸ (ਇਕ ਸੌ ਤੈਤਾਲੀਸਵੇਂ ਚਰਿਤ੍ਰ ਪੰਨਾ ੧੦੨੫-੧੦੨੭)

ਪਾਤਰ : ਰਾਜਮਤੀ (ਰਾਨੀ), ਬਿਕ੍ਰਮ ਦੇਵ (ਨਰੇਸ) ਤੇ ਜੋਗੀ

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਮਾਰਨ ਛੱਪ ਛੜੱਪੇ :** ਬਹੁਤ ਬਲੀ ਨਰੇਸ਼ ਬਿਕ੍ਰਮ ਦੇਵ ਅਪਣੀ ਰਾਣੀ ਰਾਜਮਤੀ ਦੇ ਨਾਲ ਉੱਤਰ ਦੇਸ ਰਹਿੰਦਾ । ਦੇਸ ਚਾਰੋਂ ਪਾਸਿਓਂ ਸਮੁੰਦਰ ਨਾਲ ਲੱਗਦਾ । ਰਾਣੀ ਦੇ ਰੂਪ ਦਾ ਕੀ ਕਹਿਣਾ ਮਾਨੋ ਕਰਤਾਰ ਨੇ ਆਪ ਸਮਾਂ ਕੱਢ ਕੇ ਬਣਾਇਆ ਹੋਏ। ਰਾਣੀ ਨੇ ਇਕ ਖ਼ੂਬਸੂਰਤ ਜੋਗੀ ਦੇਖਿਆ ਤੇ ਦੀਵਾਨੀ ਹੋ ਗਈ:-

*ਚੌਪਈ ॥ ਬੋਲਿ ਲਯੋ ਰਾਨੀ ਜੋਗਿਸਬਰ ॥ ਕਾਮਕੇਲ ਤਾਸੋ ਬਹੁ ਬਿਧਿ ਕਰਿ॥*

*ਪੁਨਿ ਤਾਹੀ ਆਸਨ ਪਹੁਚਾਯੋ ॥ ਰੈਨਿ ਭਈ ਤਬ ਬਹੁਰਿ ਮੰਗਾਯੋ ॥੪॥* (ਇਕ ਸੌ ਤੈਤਾਲੀਸਵੇਂ ਚਰਿਤ੍ਰ ਪੰਨਾ ੧੦੨੬)

ਉਥੇ ਸੀ ਇਕ ਰਾਜਾ ਭੂਧਰ ਸਿੰਘ । ਬੜਾ-ਈ-ਸੁੰਦਰ । ਰਾਣੀ ਨੇ ਉਸ ਨੂੰ ਦੇਖਿਆ ਤੇ :-

*ਰਾਜ ਨਿਰਖਿ ਸੁੰਦਰ ਘਨੋ ਰਾਨੀ ਲਿਯੋ ਬੁਲਾਇ ॥*

*ਪ੍ਰਥਮ ਭੋਗ ਤਾਸੌ ਕਰਯੋ ਪੁਨਿ ਯੌ ਕਹਯੋ ਬਨਾਇ ॥੬॥* (ਇਕ ਸੌ ਤੈਤਾਲੀਸਵੇਂ ਚਰਿਤ੍ਰ ਪੰਨਾ ੧੦੨੬)

ਮੇਰਾ ਰਾਜ ਕਾਜ ਲੈ ਲੈ-ਥੋੜਾ ਧਨ ਛੱਡ ਕੇ ਸਾਰਾ ਲੈ ਲੈ-ਜਮੀਨ ਖੋਦ ਕੇ ਇਕ ਮੰਡਪ ਬਣਾਣਾ-ਬਾਹਰੋਂ ਇਹ ਖੇਤ ਲੱਗੇ ਤੇ ਹੇਠਾਂ ਸੁੰਦਰ ਮੰਡਪ (ਸਿਲਪ ਕਲਾ ਦੀ ਕਮਾਲ ਤੇ ਕਮਾਲ ਦੀ ਸੋਚ) ਰਾਜਾ ਰੋਜ ਰਾਣੀ ਨੂੰ ਬੁਲਾਉਂਦਾ :-

*ਚੌਪਈ ॥ ਰਾਜਹਿ ਰਾਨੀ ਰੋਜ ਬੁਲਾਵੈ ॥ ਭਾਂਤਿ ਭਾਂਤਿ ਕੇ ਕੇਲ ਕਮਾਵੈ ॥*

*ਅਤਿ ਸਨੇਹ ਤਾਸੌ ਉਪਜਾਯੋ ॥ ਜਨੁਕ ਸਾਤ ਫੇਰਨ ਕੋ ਪਾਯੋ ॥੯॥*

*ਕੇਲ ਕਮਾਇ ਰਾਜ ਜਬ ਜਾਵੈ ॥ ਤਬ ਰਾਨੀ ਜੋਗਿਯਹਿ ਬੁਲਾਵੈ ॥*

*ਚਿਮਟਿ ਚਿਮਟਿ ਤਾਸੌ ਰਤਿ ਮਾਨੈ ॥ ਮੂਰਖ ਰਾਵ ਭੇਦ ਨਹਿ ਜਾਨੈ ॥੧੦॥* (ਇਕ ਸੌ ਤੈਤਾਲੀਸਵੇਂ ਚਰਿਤ੍ਰ ਪੰਨਾ ੧੦੨੬)

ਇਕ ਦਿਨ ਰਾਜੇ ਨੂੰ ਕਾਮ ਨੇ ਬਹੁਤ ਸਤਾਇਆ ਤੇ ਚੁੱਪ ਚੁਪੀਤੇ ਰਾਣੀ ਪਾਸ ਆਇਆ-ਉਸ ਨੇ ਰਾਣੀ ਨੂੰ ਕਾਮ ਕ੍ਰੀੜਾ ਕਰਦਿਆਂ ਤੱਕਿਆ-ਤੱਕਦਿਆਂ ਹੀ ਚੜ੍ਹਿਆ ਗੁੱਸਾ-ਬੰਨ੍ਹ ਕੇ ਰੱਸੀ ਨਾਲ ਸਾੜੂੰਗਾ ਇਨ੍ਹਾਂ ਨੂੰ-ਸੁਣਿਆ ਰਾਣੀ ਨੇ ਬੁੜ ਬੁੜਾਉਣਾ-ਰਾਣੀ ਭੇਜਿਆ ਮਿਤ੍ਰ ਨਵੇਂ ਬਣਾਏ ਭੋਰੇ ਵਿੱਚ ਲਵਾ ਕੇ ਸਮਾਧੀ ਅੱਗੇ ਢੇਰ ਸਵਾਹ ਦਾ ਚਿਣ ਦਿੱਤਾ। ਰਾਜੇ ਨੂੰ ਕਹਿੰਦੀ ਜਮੀਨ ਖੋਦ ਕੇ ਦੇਖ ਇਥੇ ਇਕ ਮੱਠ ਹੋਏਗਾ-ਮੱਠ ਚ ਜੋਗੀ-ਜੋਗੀ ਦੀ ਸਮਾਧੀ ਤੇ ਹੋਰ ਬਥੇਰਾ ਕੁੱਝ-ਰਾਜੇ ਕੀਤਾ ਹੁਕਮ-ਪੁੱਟੀ ਧਰਤੀ-ਦੇਖਿਆ ਜੋਗੀ-ਹੋਇਆ ਪ੍ਰਸੰਨ ਚਿੱਤ ਰਾਣੀਏ ਤੂੰ ਧੰਨ ਹੈਂ। ਰਾਣੀ ਕਹਿੰਦੀ ਪਹਿਲਾਂ ਮੈਂ ਪੂਜਾ ਕਰਾਂਗੀ ਤੇ ਫਿਰ ਤੂੰ-ਗਈ ਰਾਣੀ ਮਿਲਣ ਜੋਗੀ ਨੂੰ :-

*ਯੌ ਕਹਿਕੈ ਅਬਲਾ ਤਹ ਗਈ ॥ ਤਾਸੋਂ ਕੇਲ ਕਮਾਵਤ ਭਈ ॥*

*ਤਾ ਪਾਛੇ ਨ੍ਰਿਪ ਕੋ ਤਹ ਲਯਾਈ ॥ ਜੋਗੀ ਕੀ ਝਾਂਈ ਦਿਖਰਾਈ ॥੨੦॥* (ਇਕ ਸੌ ਤੈਤਾਲੀਸਵੇਂ ਚਰਿਤ੍ਰ ਪੰਨਾ ੧੦੨੭)

ਜੋਗੀ ਦੀ ਝਾਈਂ ਦੇਖ ਕੇ ਰਾਜਾ ਬਾਗੋ ਬਾਗ-ਜੋਗੀ ਕਹਿੰਦਾ ਗੰਗਾ ਜਲ ਦਿਓ-ਰਾਜੇ ਦਿੱਤਾ-ਫਿਰ ਜੋਗੀ ਕਹਿੰਦਾ ਮੈਂ ਸਤਿਜੁਗ ਚ ਸਮਾਧੀ ਲਾਈ ਸੀ ਹੁਣ ਕਿਹੜਾ ਜੁੱਗ ਐ? ਰਾਜਾ ਕਹਿੰਦਾ ਸਤਿਜੁਗ ਬੀਤਿਆ ਤ੍ਰੇਤਾ ਆਇਆ ਫਿਰ ਦੁਆਪਰ ਤੇ ਹੁਣ ਕਲਜੁਗ-ਕਲਜੁਗ ਦਾ ਨਾਂ ਸੁਣਦਿਆਂ ਹੀ ਜੋਗੀ ਹਾ ਹਾ ਕਰਨ ਲੱਗਾ (ਦਸਮ ਗ੍ਰੰਥ ਦੀ ਹੀ ਪੜ੍ਹਾਈ ਦਾ ਕਮਾਲ ਹੈ ਕਿ ਅਨੇਕਾਂ ਸੰਤ ਸਾਧ ਇਸ ਸਬਦ ਦਾ ਚਟਕਾਰੇ ਲੈ ਲੈ ਇਸਤੇ ਮਾਲ ਕਰਦੇ ਹਨ) ਤੇ ਫਿਰ ਅੱਖਾਂ ਬੰਦ ਕਰ ਲਈਆਂ ਰਾਣੀ ਕਹਿੰਦੀ ਪਿਆਰਿਓ ਅੱਖਾਂ ਖੋਲ੍ਹੋ ਮੈਂ ਤੇਰੀ ਸੇਵਾ ਕਰਾਂਗੀ । ਰਾਜੇ ਖੁਸ਼ੀ ਖੁਸ਼ੀ ਰਾਣੀ ਨੂੰ ਸੇਵਕਣ ਬਣਾ ਦਿੱਤਾ ।

ਨੋਟ :- ਕਈ ਡੇਰਿਆਂ ਵਿੱਚ ਇਸ ਦਸਮ ਗ੍ਰੰਥ ਨੂੰ ਨੌਜੁਆਨ ਲੜਕੀਆਂ ਨੂੰ ਪੜ੍ਹਨ ਲਈ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਕਾਮ ਉਤੇਜਨਾ ਤੋਂ ਬਾਦ ਵੱਡੇ ਵੱਡੇ ਮਹਾਂ ਪੁਰਖ ਉਨ੍ਹਾਂ ਦੀ ਕਾਮ ਪੂਰਤੀ ਕਰਦੇ ਹਨ। ਹਰ ਰੋਜ ਹਜ਼ਾਰਾਂ ਧੀਆਂ ਦਾ ਸੋਸਣ ਹੁੰਦਾ ਹੈ । ਇਹ ਦੁਖਦਾਇਕ ਘਟਨਾ ਧੀਆਂ ਤੱਕ ਹੀ ਸੀਮਤ ਨਹੀਂ ਬਲਕਿ ਅੱਲੜ ਉਮਰ ਦੇ ਮੁੰਡਿਆਂ ਨੂੰ ਭੀ ਕਾਮ ਵਾਸਨਾ ਲਈ ਵਰਤਿਆ ਜਾਂਦਾ ਹੈ। ਅਨੇਕਾਂ ਹੀ ਨਾ ਮੁਰਾਦ ਬੀਮਾਰੀਆਂ ਦੇ ਸ਼ਿਕਾਰ ਹਨ ਇਹ ਬੱਚੇ। ਇਹ ਸਿੱਖ ਬਾਣੇ ਦਾ ਘੋਰ ਅਪਮਾਨ ਹੈ । ਜੋ ਪਕੜੇ ਜਾਦੇ ਹਨ ਉਹ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਆ ਜਾਂਦੇ ਹਨ ਤੇ ਜਿਹੜੇ ਨਹੀਂ ਪਕੜੇ ਜਾਂਦੇ ਉਨ੍ਹਾਂ ਦੀ ਦੁਕਾਨਦਾਰੀ ਬੇਰੋਕ-ਬੇਟੋਕ ਤੇ ਬੇਖ਼ੌਫ਼ ਚਲਦੀ ਰਹਿੰਦੀ ਹੈ। ਕੀ ਕੋਈ ਇਮਾਨਦਾਰ ਸੰਸਥਾ ਇਸ ਕੁਕਰਮ ਦਾ ਪਰਦਾ ਫਾਸ਼ ਕਰੇਗੀ ? ਖ਼ਬਰਦਾਰ-ਬਾ-ਹੋਸਿਆਰ । ਜਾਗਦੇ ਰਹਿਓ !

## ਇਲਾਕਾ : ਬੀਕਾ ਨੇਰ (ਇਕ ਸੌ ਚੌਤਾਲੀਸਵੇਂ ਚਰਿਤ੍ਰ ਪੰਨਾ ੧੦੨੮-੧੦੨੯)

ਪਾਤਰ : ਵਤੀ ਸ਼ਿੰਗਾਰ (ਰਾਨੀ), ਰਾਵ ਤੇ ਮਹਤਾਬ ਰਾਇ ਸੁਦਾਗਰ

**ਗੁੜ ਨਾਲੋਂ ਇਸ਼ਕ ਮਿੱਠਾ :** ਬੀਕਾਨੇਰ ਦੇ ਰਾਜੇ ਦੀ ਰਾਣੀ ਸ਼ਿੰਗਾਰ ਵਤੀ ਚੌਦਾਂ ਲੋਕਾਂ ਚ ਸਭ ਤੋਂ ਸੋਹਣੀ । ਉਥੇ ਇਕ ਮਹਿਤਾਬ ਰਾਇ ਸੁਦਾਗਰ ਆਇਆ-ਰਾਣੀ ਓਹਦਾ ਰੂਪ ਦੇਖ ਕੇ ਲਲਚਾ ਗਈ-ਉਸ ਨੇ ਅਪਣੀ ਸਹੇਲੀ ਭੇਜ ਕੇ ਉਸ ਨੂੰ ਘਰ ਬੁਲਾ ਕੇ ਮਨ ਭਾਉਂਦੀ ਸੇਜ ਸਾਂਝ ਕੀਤੀ । ਫਿਰ ਸਿਲਸਿਲਾ ਹਰ ਰੋਜ ਤੇ ਜਾ ਪੁੱਜਾ :-

*ਚੌਪਈ ॥ ਨਿਤ ਪ੍ਰਤਿ ਰਾਨੀ ਤਾਹਿ ਬੁਲਾਵੈ ॥ ਭਾਂਤਿ ਭਾਂਤਿ ਸੋ ਭੋਗ ਕਮਾਵੈ ॥*

*ਜਾਨਤ ਰੈਨਿ ਅੰਤ ਜਬ ਆਈ ॥ ਤਾਂਹਿ ਦੇਤ ਨਿਜੁ ਧਾਮ ਪਠਾਈ ॥੩॥*(ਇਕ ਸੌ ਚੌਤਾਲੀਸਵੋਂ ਚਰਿਤ੍ਰ ਪੰਨਾ ੧੦੨੮)

ਸੌਦਾਗਰ ਰਾਣੀ ਨੂੰ ਚੁਣ ਚੁਣ ਪਦਾਰਥ ਦੇਂਦਾ ਤੇ ਉਹ ਲੈ ਲੈ ਖੁਸ਼ ਹੁੰਦੀ। ਜਦ ਮੂਰਖ ਰਾਜੇ ਨੂੰ ਇਸ ਦਾ ਪਤਾ ਚਲਿਆ ਤਾਂ ਰਾਣੀ ਬੜੀ ਡਰੀ । ਰਾਜਾ ਕਹਿੰਦਾ ਅਜਿਹੀ ਰੰਨ ਨੂੰ ਮਾਰ ਕੇ ਹੁਣੇ ਧਰਤੀ ਚ ਗੱਡੂੰ-ਰਾਣੀ ਨੇ ਮਿਤ੍ਰ ਨੂੰ ਦੱਸਿਆ-ਬਣਾਈ ਸਕੀਮ-ਲਈ ਸਾਂਢਣੀ-ਮਾਰ ਕੇ ਪਲਾਕੀ ਸਾਂਢਣੀ ਦੀ ਪਿੱਠ ਤੇ ਦੋਨੇ ਭੱਜੇ-ਰਾਜਾ ਪਿੱਛੇ ਭੱਜਾ-ਸਿਪਾਹੀ ਭੱਜੇ-ਭਲਾਂ ਸਾਂਢਣੀ ਕਿਥੇ ਹੱਥ ਆਏ ? ਤੇ ਪੁੱਜਾ ਅਪਣੇ ਦੇਸ ਅਪਣੀ ਮਿਤ੍ਰ ਰਾਣੀ ਨੂੰ ਨਾਲ ਲੈ, ਪਰ ਕਵੀ ਅਪਣੇ ਮਨ ਦੀ ਈਰਖਾ ਤੇ ਭੜਾਸ ਔਰਤ ਪ੍ਰਤੀ ਇਉਂ ਕੱਢਦਾ ਹੈ :-

*ਛਲ ਅਬਲਾ ਛੈਲਨ ਕੋ ਕਛੂ ਨ ਜਾਨਿਯੈ ॥ ਲਹਯੋ ਨ ਜਾਕੌ ਜਾਇ ਸੁ ਕੈਸ ਬਖਾਨਿਯੈ ॥*

*ਜੁ ਕਛੁ ਛਿੱਦ੍ਰ ਇਨਕੇ ਛਲ ਕੌ ਲਖਿ ਪਾਇਯੈ ॥ ਹੋ ਸਮੁਝਿ ਚਿੱਤ ਚੁੱਪ ਰਹੋ ਨ ਕਿਸੂ ਬਤਾਇਯੈ ॥੧੭॥*

(ਇਕ ਸੌ ਚੌਤਾਲੀਸਵੋਂ ਚਰਿਤ੍ਰ ਪੰਨਾ ੧੦੨੯)

ਨੋਟ :- ਆਪ ਜੀ ਦਸਮ ਗ੍ਰੰਥ ਨਾਮੀ ਅਧਾਰਮਿਕ ਕਿਤਾਬ ਪੜ੍ਹ ਰਹੇ ਹੋ ਜਿਸ ਤੇ ਧਰਮ ਦਾ ਲੇਬਲ ਚਿਪਕਾ ਕੇ ਪਤਾਸ਼ਾਹੀ ੧੦ ਲਿਖ ਦਿੱਤਾ ਹੈ ਸ਼ਾਈਦ ਅਪਣੀ ਅਨਪੜ੍ਹਤਾ-ਕਾਇਰਤਾ-ਬੁਜਦਿਲੀ ਢੱਕਣ ਖਾਤਰ। ਇਹ ਕਿਤਾਬ ਪੜ੍ਹ ਕੇ ਗੁੱਸਾ ਜਾਂ ਸ਼ਰਮਿੰਦਗੀ ਲੱਗੇ ਤਾਂ ਵੱਡੇ ਪੁਜਾਰੀਆਂ ਤੱਕ ਅਪਣੀ ਪਹੁੰਚ ਕਰਨੀ ਨਾ ਭੁੱਲਿਓ, ਇਹ ਤੁਹਾਡਾ ਹੱਕ ਤੇ ਫ਼ਰਜ ਹੈ । ਜਾਗਦੇ ਰਹਿਓ !

ਪਾਤਰ : ਭਾਗਵਤੀ ਤੇ ਖਸਮ ਸ਼ਹਿਰ : ਸਿਪਾਹਾ (ਇਕ ਸੌ ਪੈਂਤਾਲੀਸਵੋਂ ਚਰਿਤ੍ਰ ਪੰਨਾ ੧੦੨੯-੧੦੩੦)

ਸ਼ਹਿਰ ਸਿਪਾਹਾ ਦੀ ਭਾਗਵਤੀ ਦੀ ਘੋੜੀ ਨਦੀ ਤੱਟ ਤੇ ਗਈ ਜਿੱਥੇ ਉਹ ਪ੍ਰੇਮ ਲੀਲਾ ਕਰ ਬੈਠੀ ਤੇ ਉਸ ਨੇ ਇਕ ਬਛੇਰੇ ਨੂੰ ਜਨਮ ਦਿੱਤਾ। ਇਉਂ ਲੱਗੇ ਜਿਵੇਂ ਇੰਦ੍ਰ ਨੇ ਅਵਤਾਰ ਧਾਰਿਆ ਹੈ। ਉਸ ਬਛੇਰੇ ਨੂੰ ਲੈ ਕੇ ਸ਼ਹਿਰ ਦੇ ਸ਼ਾਹ ਪਾਸ ਬੇਚਣ ਤੁਰ ਪਈ ਆਪ ਪੁਰਖ ਦਾ ਭੇਸ ਧਾਰ ਕੇ। ਸ਼ਾਹ ਨੇ ਦੀਵਾਨ ਲਗਾਇਆ-ਇਹ ਬਛੇਰੇ ਨੂੰ ਲੈ ਕੇ ਉਥੇ ਪੁੱਜੀ ਸ਼ਾਹ ਨੂੰ ਪਸੰਦ ਆਇਆ-ਦਸ ਲਖ ਟਕਾ ਕੀਮਤ ਪਈ-ਪੰਜ ਹਜ਼ਾਰ ਮੋਹਰਾਂ ਨਗਦ ਲਈਆਂ ਕਹਿੰਦੀ ਬਾਕੀ ਦੀਆਂ ਪੁੱਜਦੀਆਂ ਕਰ ਦੇਣੀਆਂ। ਉਸ ਨੇ ਮੋਹਰਾਂ ਲੈ ਘੋੜਾ ਭਜਾਇਆ-ਸ਼ਾਹ ਦੇ ਬੰਦਿਆਂ ਭੀ ਪਿੱਛਾ ਕੀਤਾ-ਡੇਢ ਸੌ ਕੋਹ ਦੋੜੇ ਪਰ ਔਰਤ ਕਾਬੂ ਨਾ ਆਈ। ਘਰ ਮੋਹਰਾਂ ਰੱਖ ਕੇ ਫਿਰ ਉਥੇ ਪਹੁੰਚੀ ਸ਼ਾਹ ਨੂੰ ਤਿੰਨ ਸਲਾਮਾਂ ਕੀਤੀਆਂ ਤੇ ਘੋੜਾ ਦਿੱਤਾ ।

ਨੋਟ :- ਇਹ ਦਸਮ ਗ੍ਰੰਥ ਹੈ ਜੀ ਇਸ ਵਿੱਚ ਅਨੰਦ ਸਾਹਿਬ ਜੀ ਵਰਗਾ ਅਨੰਦ ਜਾਂ ਭਗਤ ਕਬੀਰ ਤੇ ਬਾਬਾ ਫਰੀਦ ਦੇ ਸਲੋਕਾਂ ਵਰਗੀ ਦਿਲ ਨੂੰ ਟੁੰਬਣ ਵਾਲੀ ਹੂਕ ਨਹੀਂ ਲੱਭਣੀ । ਏਥੇ ਤਾਂ ਮਾਰਧਾੜ-ਕਤਲੋ ਗੈਰਤ-ਔਰਤ ਦਾ ਸੁਹੱਪਣ-ਕਾਮ ਲੀਲਾ ਤੇ ਰਿਸਤਿਆਂ ਦੀ ਤਬਾਹੀ ਹੀ ਮਿਲੇਗੀ। ਇਸ ਦਾ ਪ੍ਰਕਾਸ ਤਖ਼ਤਾਂ ਤੇ ਕਿਉਂ ਹੁੰਦਾ ਜਾਂ ਕਰਦੇ ਹਨ ? ਅਖੰਡ ਪਾਠ ਕਿਉਂ ਕਰਦੇ ਹਨ ? ਕੌਣ ਹਨ ਉਹ ਲੋਕ ਜੋ ਇਸ ਦੀ ਹਮਾਇਤ ਕਰਦੇ ਹਨ ? ਵੇਹਲ ਮਿਲੇ ਤਾਂ ਜਰੂਰ ਸੋਚਣਾ ਤੇ ਜਾਗਦੇ ਰਹਿਣਾ ਕਿਤੇ ਕਾਮ ਦੀ ਖੁਮਾਰੀ ਪੜਦਿਆਂ ਖੁਦ ਇਸ ਦਾ ਸ਼ਿਕਾਰ ਨਾ ਹੋ ਜਾਣਾ । ਵੱਡੇ ਵੱਡੇ ਪੁਜਾਰੀ ਇਸ ਦੀ ਮਾਰ ਤੋਂ ਬਚ ਨਹੀਂ ਸਕੇ । ਖ਼ਬਰਦਾਰ-ਬਾ-ਹੋਸਿਆਰ !

ਪਾਤਰ : ਪ੍ਰਮੁਦ ਕੁਅਰਿ (ਰਾਨੀ) ਤੇ ਬਿਜੈ ਰਾਜ (ਰਾਜਾ) (ਇਕ ਸੌ ਛਿਯਾਲੀਸਵੋਂ ਚਰਿਤ੍ਰ ਪੰਨਾ ੧੦੩੦-੧੦੩੧)

**ਇਸ਼ਕ ਦੀ ਨਵੀਓਂ ਨਵੀਂ ਬਹਾਰ :** ਬਿਜੈ ਰਾਜ ਰਾਜਾ ਨੂੰ ਦੇਖ ਕੇ ਪ੍ਰਮੁਦ ਕੁਅਰਿ ਰਾਣੀ ਨੇ ਉਸ ਨੂੰ ਅਪਣਾ ਯਾਰ ਬਣਾ ਲਿਆ । ਉਸ ਨੂੰ ਘਰ ਬੁਲਾ ਕੇ ਪ੍ਰੇਮ ਲੀਲਾ ਕੀਤੀ ।

*ਅੜਿੱਲ ॥ ਬਿਜੈ ਰਾਜ ਕੋ ਲੀਨੋ ਧਾਮ ਬੁਲਾਇਕੈ ॥ ਲਪਟਿ ਪਲਟਿ ਰਤਿ ਕਰੀ ਹਰਖ ਉਪਜਾਇਕੈ ॥*

(ਇਕ ਸੌ ਛਿਯਾਲੀਸਵੋਂ ਚਰਿਤ੍ਰ ਪੰਨਾ ੧੦੩੦)

ਕਹਿੰਦੀ ਜਦ ਮੇਰੇ ਪਿਤਾ ਮੇਰਾ ਵਿਆਹ ਕੀਤਾ ਉਦੋਂ ਮੈਂ ਤੇਰਾ ਰੂਪ ਦੇਖਿਆ ਸੀ ਤੇ ਮੈਂ ਤੇਰੀ ਦੀਵਾਨੀ ਹੋ ਗਈ। ਦੂਜਾ ਰਾਜਾ ਜੰਗ ਜਿੱਤ ਕੇ ਮੈਨੂੰ ਲੈ ਗਿਆ । ਮੇਰਾ ਕੋਈ ਜੋਰ ਨੀ ਚਲਿਆ । ਸੋਚਿਆ ਤਾਂ ਸੀ ਬਈ ਜਹਿਰ ਖਾ ਕੇ ਮਰ ਜਾਵਾਂ । ਤੈਨੂੰ ਭੁਲਾਣ ਦੀ ਬੜੀ ਕੋਸ਼ਿਸ ਕੀਤੀ ਪਰ ਇਸ਼ਕ ਦੀਆਂ ਤੰਦਾਂ ਕਦੇ ਟੁੱਟਦੀਆਂ ਨਹੀਂ । ਹੁਣ ਤੂੰ ਮੈਨੂੰ ਅਪਣੀ ਨਾਰ ਬਣਾ ਲੈ । ਚੰਗਾ ਏਦਾਂ ਕਰੀਂ ਤੂੰ ਸਿਵ ਦੇ ਮੰਦਰ ਦੇ ਪਿੱਛੇ ਕੁੱਝ ਬੰਦਿਆਂ ਨਾਲ ਆ ਜਾਵੀਂ-ਮੈਂ ਭੀ ਤਿਆਰੀ ਨਾਲ ਆਵਾਂਗਾ । ਤੇਰੇ ਬੰਦੇ ਕਤਲ ਕਰ ਕੇ ਤੇਰੀ ਮੇਰੀ ਇਕ ਜਿੰਦੜੀ ਦਾ ਲੁਤਫ਼ ਮਾਣਾਗੇ । ਬਸ ਉਵੇਂ ਹੀ ਕੀਤਾ ਜਿਵੇਂ ਸੋਚਿਆ।

*ਜੋ ਜਨ ਤ੍ਰਿਯ ਕੇ ਸੰਗ ਪ੍ਰਥਮ ਤਿਨ ਘਾਇਯੋ ॥ ਜੀਯਤ ਬਚੇ ਜੋ ਜੋਧਾ ਤਿਨੈ ਭਜਾਇਯੋ ॥*

*ਤਾ ਪਾਛੇ ਰਾਨੀ ਕੋ ਲਯੋ ਉਚਾਇਕੈ ॥ ਹੋ ਗ੍ਰਿਹਿ ਅਪਨੇ ਕੋ ਗਯੋ ਹਰਖ ਉਪਜਾਇਕੈ ॥੮॥*

*ਰਾਨੀ ਕੋ ਲੀਨੋ ਸੁਖਪਾਲ ਛੜਾਇਕੈ ॥ ਅਲਿੰਗਨ ਚੁੰਬਨ ਕੀਨੇ ਸੁਖ ਪਾਇਕੈ ॥*
*ਸੁਨਤ ਲੋਗ ਕੇ ਤ੍ਰਿਯ ਬਹੁ ਕੂਕ ਪੁਕਾਰ ਕੀ ॥ ਹੋ ਚਿਤ ਅਪਨੇ ਕੇ ਬੀਚ ਦੁਆਏ ਦੇਤ ਭੀ ॥੯॥*

(ਇਕ ਸੌ ਛਿਯਾਲੀਸਵੇਂ ਚਰਿਤ੍ਰ ਪੰਨਾ ੧੦੩੧)

ਨੋਟ :- ਇਸ ਕਿਤਾਬ ਦਾ ਟਾਈਟਲ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ । ਗੁਰਸਿੱਖਾਂ ਨੂੰ ਗੁੰਮਰਾਹ ਕਰਨ ਲਈ ਅਜਿਹਾ ਕੀਤਾ ਗਿਆ ਹੈ ਤਾਂ ਕਿ ਨੌਜੁਆਨ ਪੀੜੀ ਗਲਤੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਸਮਝ ਕੇ ਇਸ ਨੂੰ ਘਰ ਲੈ ਜਾਏ ਜਦ ਉਹ ਪੜ੍ਹਨ ਤਾਂ ਉਨ੍ਹਾਂ ਦੀ ਸ਼ਰਧਾ-ਵਿਸ਼ਵਾਸ ਗੁਰੂ ਗ੍ਰੰਥ ਸਾਹਿਬ ਤੋਂ ਟੁੱਟ ਜਾਏ । ਇਸ ਗੰਦੀ ਖੇਡ ਵਿੱਚ ਪ੍ਰਕਾਸਤ ਤੋਂ ਇਲਾਵਾ ਸੰਤ ਸਾਧ ਬ੍ਰਹਮ ਗਿਆਨੀ ਤੇ ਅਨੇਕਾਂ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਹਨ ਸਿਆਸੀ ਲੋਕ ਭੀ ਇਸ ਖੇਡ ਚ ਸ਼ਾਮਿਲ ਹਨ । ਖ਼ਬਰਦਾਰ-ਬਾ-ਹੋਸਿਆਰ !

ਪਾਤਰ : ਖੈਰੀ (ਬਲੋਚਣ), ਫਤਹਿ ਖਾਨ ਤੇ ਸੈਦ ਖਾਂ (ਇਕ ਸੌ ਸੈਂਤਾਲੀਸਵੇਂ ਚਰਿਤ੍ਰ ਪੰਨਾ ੧੦੩੧-੧੦੩੨)

**ਸੈਦ ਖਾਂ ਦੀ ਖੈਰੀ ਨਾਲ ਲਵਾਈ :** ਤਿੰਨਾਂ ਲੋਕਾਂ ਚ ਮਸ਼ਹੂਰ ਫਤਹਿ ਖਾਨ ਦੀ ਔਰਤ ਖੈਰੀ ਬਲੋਚਨਿ ਬੜੀ ਸੋਹਣੀ ਜਿਵੇਂ ਜੱਗ ਤੇ ਦੂਜੀ ਸਵਿਤ੍ਰੀ ਜੰਮੀ ਹੋਏ। ਸੈਦ ਖਾਂ ਨੇ ਗੁੱਸਾ ਖਾ ਕੇ ਫਤਹਿ ਖਾਨ ਤੇ ਚੜ੍ਹਾਈ ਕਰ ਕੇ ਕੈਦ ਕਰ ਲਿਆ ਤੇ ਮੁਲਤਾਨ ਵੱਲ ਲੈ ਤੁਰਿਆ। ਔਰਤ ਨੇ ਸੁਣਿਆ ਕਿ ਓਹਦਾ ਪਤੀ ਪਕੜਿਆ ਗਿਆ-ਵਟਾ ਕੇ ਮਰਦ ਦਾ ਭੇਸ ਕਰਕੇ ਬਲੋਚੀ ਸੈਨਾ ਇਕੱਠੀ ਜਾ ਘੇਰਿਆ ਸੈਦ ਖਾਂ ਕਹਿੰਦੀ ਜਾਂ ਤਾਂ ਮੇਰਾ ਪਤੀ ਛੱਡ ਦੇਹ ਜਾਂ ਫਿਰ ਸਾਮ੍ਹਣੇ ਹੋ ਕੇ ਜੰਗ ਕਰ। ਸੈਦ ਖਾਂ ਸੁਣ ਕੇ ਹੋਇਆ ਅੱਗ ਬਬੂਲਾ ਤੇ ਸੁਰੂ ਹੋਈ ਘਮਸਾਣ ਦੀ ਲੜਾਈ । ਹਾਥੀ ਘੋੜੇ ਤੇ ਪੈਦਲ ਬਹੁਤ ਮਰੇ । ਖੈਰੀ ਨੇ ਕਰਾਰੇ ਹੱਥ ਦਿਖਾਏ । ਕਿਸੇ ਦਾ ਤਾਜ ਡਿੱਗਾ, ਕਿਸੇ ਦਾ ਸਿਰ ਟੁੱਟਾ, ਕਿਸੇ ਦੀ ਧੜ ਤੇ ਕਿਸੇ ਦੀ ਲੱਤ ਬਾਂਹ ਸਰੀਰੋਂ ਵੱਖ ਹੋਈ । ਫੌਜ ਨੂੰ ਚੀਰ ਕੇਉਹ ਸੈਦ ਖਾਂ ਕੋਲ ਜਾ ਪੁੱਜੀ ਉਸ ਨੇ ਵਾਰ ਕੀਤਾ ਗਰਦਨ ਤਾਂ ਬਚ ਗਈ ਪਰ ਨੱਕ ਕੱਟ ਦਿੱਤਾ । ਫਿਰ ਉਸ ਨੇ ਸੈਹਥੀ ਸੰਭਾਲ ਕੇ ਸੈਦ ਖਾਂ ਦੇ ਢਿੱਡ ਚ ਮਾਰੀ ਤੇ ਫਿਰ ਬਰਛੇ ਚ ਪਰੋ ਕੇ ਸੈਦ ਖਾਂ ਨੂੰ ਲੋਕਾਂ ਚ ਦਿਖਾਇਆ । ਸੈਦ ਖਾਂ ਗੰਭੀਰ ਜਖ਼ਮੀ ਹੋਇਆ ਕਹਿੰਦਾ ਏਹਨੂੰ ਏਹਦਾ ਪਤੀ ਮਿਲਾ ਦਿਓ ।

ਨੋਟ :- ਸਿੱਖ ਧਰਮ ਤੇ ਕਾਬਿਜ ਵੱਡੇ ਪੁਜਾਰੀ ਆਖਦੇ ਹਨ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ। ਹੁਣ ਪੁਜਾਰੀ ਅਪਣੇ ਹਮ ਖਿਆਲੀ ਮਸੰਦਾਂ ਨਾਲ ਮਿਲ ਕੇ ਇਸ ਮਹਾਂ ਗੰਦੀ ਪੁਸਤਕ ਦਾ ਪ੍ਰਕਾਸ ਗੁਰੂ ਘਰਾਂ ਚ ਕਰਾਉਣ ਲਈ ਲਾਲਾਂ ਸੁੱਟ ਰਹੇ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਵਰਤ ਕੇ ਸਿੱਖ ਧਰਮ ਨੂੰ ਕਮਜੋਰ ਕਰਨ ਵਾਲੇ ਸਿੱਖ ਧਰਮ ਦੇ ਮੁਢਲੇ ਮੈਂਬਰ ਭੀ ਨਹੀਂ ਕਹੇ ਜਾ ਸਕਦੇ। ਗੁਰੂ ਗੋਬਿੰਦ ਸਿੰਘ ਜੀ ਸਿੱਖ ਅੱਗੇ ਰੱਬ ਦੀ ਅਤੇ ਰੱਬ ਦੇ ਮਿਲਾਪ ਦੀ ਗਲ ਕਰਨਗੇ ਕਿਸੇ ਸੈਦ ਖਾਂ ਫਤਹਿ ਖਾਨ ਦੀ ਨਹੀਂ। ਇਤਿਹਾਸ ਦੇ ਖੋਜੀ ਚੰਗੀ ਤਰ੍ਹਾਂ ਜਾਣਦੇ ਹੋਣਗੇ ਕਿ ਫਤਹਿ ਖਾਨ ਨੇ ਸੈਦ ਖਾਂ ਤੇ ਹਮਲਾ ਕਿਸ ਸੰਨ ਵਿੱਚ ਕੀਤਾ । ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲਿਓ ਸ਼ਰਮ ਕਰੋ ਬਈ ਸ਼ਰਮ ਕਰੋ...... ਸ਼ਰਮ ਕਰੋ ਬਈ ਸ਼ਰਮ ਕਰੋ ।

ਸ਼ਹਿਰ : ਕਨੌਜ (ਇਕ ਸੌ ਅਠਤਾਲੀਸਵੇਂ ਚਰਿਤ੍ਰ ਪੰਨਾ ੧੦੩੨-੧੦੩੩)

ਪਾਤਰ : ਕੰਚਨੀ, ਦੁਰਗ ਦੱਤ (ਰਾਜਾ), ਰਾਣੀ ਤੇ ਬਿਸ਼ਨ ਸਿੰਘ

ਦੁਰਗ ਦੱਤ ਰਾਜਾ ਸ਼ਹਿਰ ਕਨੌਜ ਦੀ ਅੰਤਾਂ ਦੀ ਸੋਹਣੀ ਕੰਚਨੀ ਦੇ ਬਸ ਹੋ ਗਿਆ । ਉਸ ਨੇ ਅਪਣੀ ਰਾਣੀ ਨੂੰ ਦਿਲੋਂ ਭੁਲਾ ਦਿੱਤਾ । ਰਾਣੀ ਸੋਚਿਆ ਰਾਜਾ ਮੇਰੇ ਹੱਥੋਂ ਨਿਕਲ ਗਿਆ ਹੈ ਕੋਈ ਜਤਨ ਕਰ ਕੇ ਬੇਸ੍ਵਾ (ਕੰਚਨੀ) ਨੂੰ ਮੁਕਾਉਣਾ ਚਾਹੀਦਾ ਹੈ। ਉਸ ਨੇ ਬਿਸ਼ਨ ਸਿੰਘ ਨੂੰ ਸੱਦਿਆ-ਉਸ ਨਾਲ ਸੇਜ ਸਾਂਝ ਕੀਤੀ ਤੇ ਅਪਣੀ ਬਣਾਈ ਸਕੀਮ ਉਸ ਨੂੰ ਸਮਝਾਈ :-

*ਅੜਿੱਲ ॥ ਬਿਸ਼ਨ ਸਿੰਘ ਕੌ ਰਾਣੀ ਲਯੋ ਬੁਲਾਇਕੈ ॥ ਕਾਮ ਕੇਲ ਤਾਸੌ ਕਿਯ ਪ੍ਰੀਤੁ ਪਜਾਇਕੈ ॥...॥੩॥*

(ਇਕ ਸੌ ਅਠਤਾਲੀਸਵੇਂ ਚਰਿਤ੍ਰ ਪੰਨਾ ੧੦੩੨)

ਬਿਸ਼ਨ ਸਿੰਘ ਨੇ ਮੁਸਕਰਾ ਕੇ ਹਾਮੀ ਭਰੀ । ਤਦ ਰਾਣੀ ਰਾਜੇ ਪਾਸ ਗਈ ਕਹਿੰਦੀ ਬੇਸ਼ਰਮਾ ਤੈਨੂੰ ਸ਼ਰਮ ਨੀ ਆਉਂਦੀ ਜਿਹਦੇ ਖ਼ਾਤਿਰ ਤੂੰ ਮੈਨੂੰ ਭੁਲਾਇਆ ਉਹ ਕਿਸੇ ਹੋਰ ਨਾਲ ਰੰਗਰਲੀਆਂ ਮਨਾਉਦੀ ਐ । ਜੇ ਇਨ੍ਹਾਂ ਦੇ ਰੱਖਿਆਂ ਪਤੀ ਮਿਲੇ ਤਾਂ ਘਰ ਔਰਤ ਵਿਆਹ ਕੇ ਕਿਉਂ ਲਿਆਈ ਜਾਏ। ਜੇ ਟੱਟੂ ਚੜ ਕੇ ਜੰਗ ਜਿੱਤੀ ਜਾ ਸਕੇ ਤਾਂ ਘੋੜੇ ਲਈ ਪੈਸਾ ਕੌਣ ਖਰਚ ਕਰੇ ।

*ਦੋਹਰਾ ॥ ਇਨ ਬੇਸ੍ਵਨਿ ਕੌ ਲਾਜ ਨਹਿ ਨਹਿ ਜਾਨਤ ਰਸ ਰੀਤਿ ॥*
*ਰਾਵ ਛੋਰਿ ਰੰਕਹਿ ਭਜਹਿ ਪੈਸਨ ਕੀ ਪਰਤੀਤ ॥੧੧॥* (ਇਕ ਸੌ ਅਠਤਾਲੀਸਵੇਂ ਚਰਿਤ੍ਰ ਪੰਨਾ ੧੦੩੩)

ਉਹ ਤੇਰੇ ਨਾਲ ਬਾਹਰੋਂ ਬਾਹਰੋਂ ਪਿਆਰ ਕਰਦੀ ਹੈ ਪਰ ਪੈਸੇ ਖਾਤਿਰ ਹੋਰਾਂ ਨਾਲ ਇਸ਼ਕ ਲੜਾਉਂਦੀ ਹੈ। ਰਾਜੇ ਨੇ ਬੰਦੇ ਭੇਜ ਕੇ ਬੇਸ੍ਵਾ ਬੁਲਾ ਲਈ ਤੇ ਬਹੁਤ ਸਾਰੇ ਲੜਕੇ ਉਸ ਨਾਲ ਸੰਭੋਗ ਕਰਨ ਲਈ ਛੱਡ ਦਿੱਤੇ। ਉਹ ਦੁਖ ਸਹਾਰਦੀ ਹੀ ਮਰ ਗਈ ।

*ਅੜਿੱਲ ॥ ਬੇਸ੍ਵਾ ਬਾਹਰ ਆਈ ਕੇਲ ਕਮਾਇਕੈ ॥ ਰਾਵ ਲਰਕਿਵਾ ਦਏ ਬਹੁਤ ਚਿਮਟਾਇਕੈ ॥*
*ਕੇਲ ਕਰਤ ਮਰਿ ਗਈ ਤਵਨ ਦੁਖ ਪਾਇਯੋ ॥ ਹੋ ਕੈਸੁ ਪੇਸਨੀ ਰਾਨੀ ਚਰਿਤ ਬਨਾਇਯੋ ॥੧੬॥*

(ਇਕ ਸੌ ਅਠਤਾਲੀਸਵੇਂ ਚਰਿਤ੍ਰ ਪੰਨਾ ੧੦੩੩)

ਨੋਟ :- ਇਹ ਦਸਮ ਗ੍ਰੰਥ ਦੀ ਧਾਰਮਿਕ ਸਿੱਖਿਆ ਹੈ ਪਤਾ ਨਹੀਂ ਸਿੱਖ ਕੌਮ ਦਾ ਕਦ ਤੱਕ ਮੌਜੂ ਲੋਕੀਂ ਉਡਾਉਂਦੇ ਰਹਿਣਗੇ । ਗੁਰਦੁਆਰਿਆਂ ਤੇ ਅਕਸਰ ਗੈਰ ਸਿੱਖਾਂ ਦਾ ਪੂਰਣ ਤੌਰ ਤੇ ਕਬਜਾ ਹੋ ਚੁੱਕਾ ਹੈ । ਹੁਣ ਗੋਲਕ ਅਤੇ ਸਟੇਜ ਉਨ੍ਹਾਂ ਦੇ ਹੱਥ ਹੈ ਤੇ ਗੁਰਸਿੱਖਾਂ ਹੱਥ ਜੋੜੇ ਤੇ ਝਾੜੂ । ਇਤਿਹਾਸ ਦੇਖੇਗਾ ਕਦੋਂ ਗੁਰੂ ਦੇ ਸਿੱਖ ਗੋਲਕ ਅਤੇ ਸਟੇਜ ਨੂੰ ਮੁੜ ਸੰਭਾਲਦੇ ਹਨ । ਜਾਗਦੇ ਰਹਿਓ !

ਪਾਤਰ : ਪਰਬਤ ਸਿੰਘ (ਪੋਸਤੀ) ਤੇ ਪੰਜ ਔਰਤਾਂ (ਇਕ ਸੌ ਉਨਵਿੰਜਵੇਂ ਚਰਿਤ੍ਰ ਪੰਨਾ ੧੦੩੩-੧੦੩੪)

**ਪੋਸਤੀ ਦੀ ਕਹਾਣੀ :** ਪੰਜ ਔਰਤਾਂ ਦਾ ਖਸਮ ਪਰਬਤ ਸਿੰਘ ਬਿਨਾਂ ਪੋਸਤ (ਡੋਡੇ) ਪੀਤੇ ਅੱਖ ਨਾ ਪੁੱਟਦਾ। ਇਕ ਦਿਨ ਓਹਦਾ ਅਮਲ ਟੁੱਟ ਗਿਆ-ਘਰ ਅਮਲ ਪਾਣੀ ਸੀ ਨਹੀਂ ਮੁੱਲ ਅਜਿਹੇ ਚੰਦਰੇ ਨੂੰ ਕੌਣ ਪਿਲਾਏ । ਪੰਜਾਂ ਨੇ ਬਣਾਈ ਸਕੀਮ ਉਸ ਦੀ ਮੰਜੀ ਮੋਢਿਆਂ ਚੁੱਕ ਕੇ ਤੁਰ ਪਈਆਂ । ਚਲਦੇ ਚਲਦੇ ਜਦ ਉਜਾੜ ਵਿੱਚ ਪੁੱਜੀਆਂ ਤਾਂ ਉਨ੍ਹਾਂ ਇਕ ਗਹਿਰਾ ਟੋਆ ਦੇਖਿਆ । ਅਮਲੀ ਦੀ ਮੰਜੀ ਟੋਏ ਕੋਲ ਰੱਖ ਕੇ ਸਾਮ੍ਹਣੇ ਤੋਂ ਆ ਰਹੇ ਸੌਦਾਗਰਾਂ ਨੂੰ ਕਹਿੰਦੀਆਂ ਬੀਰ ਬਲੋਚੀਆ ਅਸੀਂ ਇਹਨੂੰ ਦਫਨਾਣ ਆਈਆਂ ਸਾਂ ਇੱਥੇ । ਏਹਦਾ ਜਨਾਜਾ ਜਰਾ ਠੀਕ ਕਰ ਦੇਣਾ । ਉਹ ਊਠਾਂ ਤੋਂ ਉਤਰੇ ਤੇ ਨੀਤ ਖੇਰ ਕੀ ਅਤੇ ਫਾਤਯਾ ਲਈ ਸੋਚ ਕੇ ਉਨ੍ਹਾਂ ਅਮਲੀ ਨੂੰ ਰੱਸੀਆਂ ਨਾਲ ਬੰਨ੍ਹ ਕੇ ਟੋਏ ਵਿੱਚ ਰੱਖ ਦਿੱਤਾ। ਇਕ ਔਰਤ ਹਫੀਮ ਲੈਣ ਭੱਜੀ ਨਾਲ ਦੇ ਪਿੰਡ ਤੋਂ ਤੇ ਦੂਜੀ ਨੇ ਲੋਕ ਇਕੱਠੇ ਕਰ ਲਏ ਬਈ ਇਨ੍ਹਾਂ ਨੇ ਸਾਡਾ ਪਤੀ ਮਾਰਤਾ । ਕਹਿੰਦੀਆਂ ਚਾਰ ਊਂਠ ਤਾਂ ਮੋਹਰਾਂ ਦੇ ਭਰੇ ਤੇ ਅੱਠ ਰੁਪੈਯਾਂ ਦੇ ਇਨ੍ਹਾਂ ਲੁੱਟ ਲਏ । ਮਸਲਾ ਗਿਆ ਕਾਜੀ ਕੋਲ-ਕਾਜੀ ਬਾਰਾਂ ਊਂਠ ਦੁਆ ਕੇ ਮਸਲਾ ਰਫਾ ਦਫਾ ਕੀਤਾ ।

(ਜਸ) ਡੋਡੇ ਪੀਣ ਲਈ ਕੀਤਾ ਮੈਂ ਬਹਾਨਾ ਔਰਤਾਂ ਦੇ ਮੋਢੇ ਚੜ੍ਹ ਕੇ ।

ਨੋਟ :- ਇਸ ਕਾਵਿ ਰਚਨਾਂ ਰਾਹੀਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਪੋਸਤ (ਡੋਡੇ) ਛੱਕ ਲੈਣੇ ਕੋਈ ਮਾੜਾ ਕੰਮ ਨਹੀਂ। ਕੀ ਅਪਣੇ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਡੋਡੇ ਪੀ ਲੈਣ ਦੀ ਖੁੱਲ੍ਹ ਦੇ ਗਏ ਹਨ? ਜੇ ਨਹੀਂ ਤਾਂ ਕੌਣ ਹਨ ਉਹ ਲੋਕ ਜੋ ਇਕ ਖ਼ਤਰਨਾਕ ਸਾਜਿਸ ਅਧੀਨ ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰ ਰਹੇ ਹਨ। ਤੁਹਾਨੂੰ ਕੋਈ ਇਸ ਬਾਰੇ ਭੇਤ ਲੱਗੇ ਤਾਂ ਉਨ੍ਹਾਂ ਦੇ ਚੇਹਰੇ ਨੰਗੇ ਕਰਨਾ ਨਹੀਂ ਭੁੱਲਣਾ ਕਿਉਂ ਕਿ ਹਰ ਗੁਰ ਸਿੱਖ ਦਾ ਫ਼ਰਜ ਹੈ ਕਿ ਉਹ ਅਪਣੇ ਗੁਰੂ ਦਾ ਸਤਿਕਾਰ ਕਰੇ ਤੇ ਧਰਮ ਦੀ ਰੱਖਿਆ ਕਰੇ । ਖ਼ਬਰਦਾਰ-ਬਾ-ਹੋਸਿਆਰ । ਜਾਗਦੇ ਰਹਿਓ !

ਇਲਾਕਾ : ਨਗੌਰੇ (ਇਕ ਸੌ ਪੰਜਾਹ ਚਰਿਤ੍ਰ ਪੰਨਾ ੧੦੩੫)

ਪਾਤਰ : ਗਰਭਵਤੀ (ਰਾਨੀ)

ਗਰਭਵਤੀ ਨਾਂ ਦੀ ਰਾਣੀ ਨਗੌਰੇ ਰਹਿੰਦੀ। ਰਾਜੇ ਦੇ ਘਰ ਕੋਈ ਪੁੱਤ ਨਾ ਹੋਣ ਕਰਕੇ ਉਹ ਹਮੇਸ਼ਾ ਝੂਰਦੀ ਰਹਿੰਦੀ । ਉਸ ਨੇ ਕਿਸੇ ਦਾ ਪੁੱਤ ਲੈ ਕੇ ਪਾਲਿਆ। ਲੋਕਾਂ ਸੋਚਿਆ ਇਹ ਰਾਜੇ ਦਾ ਪੁੱਤ ਹੈ। ਰੱਬ ਦੀ ਕਰਨੀ ਦੇਖੋ ਰਾਣੀ ਨੇ ਦੋ ਪੁੱਤਰਾਂ ਨੂੰ ਇਕੱਠਾ ਜਨਮ ਦਿੱਤਾ ਜਿਨ੍ਹਾਂ ਨੂੰ ਨੌਕਰਾਣੀ ਨੇ ਜ਼ਹਿਰ ਦੇ ਕੇ ਮਾਰ ਦਿੱਤਾ। ਰਾਣੀ ਦੋਨੇ ਪੁੱਤਰਾਂ ਦੀ ਮੌਤ ਤੇ ਬੜਾ ਰੋਈ। ਲੋਕੀਂ ਦਿਲਾਸਾ ਦਿੱਤਾ ਕਿ ਦੋ ਮਰਿਆਂ ਦਾ ਅਫਸੋਸ ਨਾ ਕਰ ਜਿਹੜਾ ਜਿੰਦਾ ਹੈ ਉਸ ਦੀ ਸੁੱਖ ਮੰਗ।

*ਚੌਪਈ ॥ ਜੋ ਕੋਊ ਤ੍ਰਿਯ ਤਹਾਂ ਚਲਿ ਆਵੈ ॥ ਯਹੈ ਆਹਿ ਪਰਬੋਧ ਜਤਾਵੈ ॥*
*ਜਿਯੋ ਚਾਰਿ ਜੁਗ ਪੂਤ ਤਿਹਾਰੇ ॥ ਦੋਊਅਨ ਕੋ ਨਹਿ ਸ਼ੋਕ ਬਿਚਾਰੇ ॥੬॥*

(ਇਕ ਸੌ ਪੰਜਾਹ ਚਰਿਤ੍ਰ ਪੰਨਾ ੧੦੩੫)

ਨੋਟ :- ਇਹ ਦਸਮ ਗ੍ਰੰਥ ਹੈ ਜੀ। ਇਹ ਆਪ ਜੀ ਨੂੰ ਕਤਲ ਕਰਨੇ ਸਿਖਾਏਗਾ, ਔਰਤਾਂ ਨਾਲ ਸੰਭੋਗ ਕਰਨੇ, ਚੋਰੀ ਕਰਨੀ, ਡਾਕੇ ਮਾਰਨੇ, ਪੁੱਤ ਬਣਾ ਕੇ ਹਮਬਿਸਤ੍ਰ ਹੋਣ ਦੇ ਤੌਰ ਤਰੀਕੇ ਸਿਖਾਏਗਾ । ਇਸ ਲਈ ਤਾਂ ਸਿੱਖ ਧਰਮ ਦੇ ਵੱਡੇ ਵੱਡੇ ਪੁਜਾਰੀ ਇਸ ਅੱਗੇ ਸਿਜਦੇ ਕਰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ ਕਰਦੇ ਹਨ। ਜੇਕਰ ਗੁਰਸਿੱਖ ਨੇ ਰੱਬ ਨਾਲ ਜੁੜਨਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੇ ਤੇ ਜੇਕਰ ਇਸ਼ਕ ਮੁਸ਼ਕ ਪੜ੍ਹਨਾ ਹੈ ਤਾਂ ਦਸਮ ਗ੍ਰੰਥ ਤੋਂ । ਇਸ ਨੂੰ ਕਹਿੰਦੇ ਹਨ ਕੌਮ ਦੀ ਵਡਮੁੱਲੀ ਸੇਵਾ । ਜਾਗਦੇ ਰਹਿਓ !

## ਇਲਾਕਾ : ਰਜੌਰੀ

(ਇਕ ਸੌ ਇਕਯਾਵਨੋ ਚਰਿਤ੍ਰ ਪੰਨਾ ੧੦੩੫-੧੦੩੬)

ਪਾਤਰ : ਕੁਪਿਤ ਸਿੰਘ (ਰਾਜਾ) ਤੇ ਗੁਮਾਨ ਮਤੀ (ਤ੍ਰਿਯ)

ਰਜੌਰੀ ਦਾ ਰਾਜਾ ਕੁਪਿਤ ਸਿੰਘ ਠੰਢੇ ਸੁਭਾ ਦਾ। ਗੁੱਸਾ ਜਮਾਂ-ਈ-ਓਹਦੇ ਨੇੜੇ ਨਾ। ਓਹਦੀ ਔਰਤ ਗੁਮਾਨ ਮਤੀ ਐਨੀ ਸੋਹਣੀ ਬਈ ਤਿੰਨਾਂ ਲੋਕਾਂ ਚ ਮਸ਼ਹੂਰ। ਪਤੀ ਨਾਲ ਡਾਢਾ ਪਿਆਰ ਅਪਣੇ ਪ੍ਰਾਣਾਂ ਤੋਂ ਭੀ ਵੱਧ। ਜਿਥੇ ਰਾਜਾ ਜਾਂਦਾ ਉਹ ਉਸ ਦਾ ਸਾਥ ਦੇਂਦੀ। ਜੁੱਧ ਦੇ ਮੈਦਾਨ ਵਿੱਚ ਤਾਂ ਮੂਹਰੇ ਹੋ ਕੇ ਖੜਗ ਚਲਾਉਂਦੀ ਤੇ ਜੰਗ ਜਿੱਤ ਕੇ ਘਰ ਆ ਅਨੇਕਾਂ ਤਰੀਕਿਆਂ ਨਾਲ ਰਾਜੇ ਨਾਲ ਭੋਗ ਕਰਦੀ।

*ਜਬ ਨ੍ਰਿਪ ਕੋ ਰਨ ਬਨਿ ਕਹੂੰ ਆਵੈ ॥ ਤ੍ਰਿਯ ਆਗੈ ਹ੍ਵੈ ਖੜਗ ਬਜਾਵੈ ॥*

*ਬੈਰਨਿ ਜੀਤਿ ਬਹੁਰਿ ਘਰ ਆਵੈ ॥ ਭਾਂਤਿ ਭਾਂਤਿ ਕੇ ਭੋਗ ਕਮਾਵੈ ॥੪॥* (ਇਕ ਸੌ ਇਕਯਾਵਨੋ ਚਰਿਤ੍ਰ ਪੰਨਾ ੧੦੩੫)

ਇਕ ਦਿਨ ਰਾਜੇ ਨੂੰ ਲੜਾਈ ਛਿੜ ਪਈ ਉਹ ਔਰਤ ਸਮੇਤ ਹਾਥੀ ਤੇ ਚੜ੍ਹ ਕੇ ਜੰਗ ਵਿੱਚ ਕੁੱਦਿਆ। ਗਹਿਗਚ ਦੀ ਲੜਾਈ ਹੋਈ। ਰਾਣੀ ਨੇ ਖਸਮ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਜੰਗ ਲੜੀ। ਐਨੇ ਨੂੰ ਰਾਜੇ ਦੇ ਦਿਲ ਚ ਗੋਲੀ ਲੱਗੀ। ਉਸ ਨੇ ਦੋਹਾਂ ਹੱਥਾਂ ਨਾਲ ਰਾਜੇ ਨੂੰ ਚੁੱਕਿਆ-ਰਾਜੇ ਨੂੰ ਅੰਬਾਰੀ ਨਾਲ ਬੰਨ੍ਹ ਕੇ ਮੁੜ ਰਣ ਤੱਤੇ ਚ ਲੜੀ-ਵੈਰੀਆਂ ਨੂੰ ਮਾਰ ਕੇ ਜੰਗ ਜਿੱਤੀ ਤੇ ਘਰ ਆ ਕੇ ਪੁੱਤਰ ਨੂੰ ਰਾਜ ਤਿਲਕ ਦਿੱਤਾ ਤੇ ਆਪ ਪਤੀ ਨਾਲ ਸਤੀ ਹੋਣ ਚਲੀ। ਐਨੇ ਨੂੰ ਅਕਾਸ਼ਵਾਣੀ ਹੋਈ ਤੇ ਪਤੀ ਜਿੰਦਾ ਹੋ ਗਿਆ।

ਨੋਟ :- ਸਿੱਖ ਧਰਮ ਵਿੱਚ ਸਤੀ ਪ੍ਰਥਾ ਦੀ ਸਖਤ ਮਨਾਹੀ ਹੈ। ਸਤੀ ਪ੍ਰਥਾ ਦੇ ਵਿਰੁੱਧ ਦੁਨੀਆਂ ਵਿੱਚ ਸਭ ਤੋਂ ਪਹਿਲਾਂ ਨਾਨਕ ਨਿਰੰਕਾਰੀ ਨੇ ਅਵਾਜ਼ ਬੁਲੰਦ ਕੀਤੀ ਫਿਰ ਦੂਜੀ, ਤੀਜੀ ਪਾਤਸ਼ਾਹੀ ਨੇ ਉਨ੍ਹਾਂ ਇਸ ਵਿਰੁੱਧ ਵੱਡਾ ਇਨਕਲਾਬ ਪੈਦਾ ਕੀਤਾ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੀ ਕਾਵਿ ਰਚਨਾਂ ਚ ਕਿਸੇ ਉਸ ਘਟਨਾ ਦਾ ਜਿਕਰ ਕਰਨਗੇ ਜਿਸ ਵਿੱਚ ਸਤੀ ਹੋਣ ਲਈ ਉਤਸ਼ਾਹ ਮਿਲਦਾ ਹੋਏ। ਸਾਡੇ ਪੁਜਾਰੀਆਂ ਕੋਲ ਹੁਣ ਕਰਮ ਕਾਂਡ ਕਰਨ ਨੂੰ ਬਹੁਤ ਕੁੱਝ ਹੈ ਵਿਚਾਰਨ ਜੋਗਾ ਸਮਾਂ ਨਹੀਂ। ਹੁਣ ਆਪ ਜੀ ਨੇ ਹੀ ਵਿਚਾਰ ਕਰ ਕੇ ਧਰਮ ਦੀ ਰੱਖਿਆ ਕਰਨੀ ਹੈ। ਇਹ ਤੁਹਾਡਾ ਅਪਣਾ ਹੱਕ ਤੇ ਫ਼ਰਜ ਭੀ ਹੈ।

ਪਾਤਰ : ਚਿਤ੍ਰ ਸਿੰਘ ਤੇ ਮੰਤ੍ਰੀ

(ਇਕ ਸੌ ਬਾਵਨੋ ਚਰਿਤ੍ਰ ਪੰਨਾ ੧੦੩੭-੧੦੩੮)

ਚਿਤ੍ਰ ਸਿੰਘ ਕਹਿੰਦਾ ਮੰਤ੍ਰੀ ਨੂੰ ਬਈ ਬੱਲੇ ਬੱਲੇ ਜਿਹੋ ਜਿਹਾ ਜੁੱਧ ਇਸ ਔਰਤ ਨੇ ਕੀਤਾ (ਚਰਿਤ੍ਰ ਨੰਬਰ ਇਕ ਸੌ ਇਕਵੰਜਾ) ਉਹੋ ਜਿਹਾ ਨਾ ਕਦੇ ਹੋਇਆ ਤੇ ਨਾ ਹੀ ਹੋਏਗਾ।

ਨੋਟ :- ਕਵੀ ਰਾਮ ਅਪਣੇ ਪਹਿਲੇ ਪਾਤਰ ਚਿਤ੍ਰ ਸਿੰਘ (ਰਾਜਾ) ਤੇ ਮੰਤਰੀ ਦੇ ਸੰਵਾਦ ਕਰਵਾਉਂਦਾ ਆ ਰਿਹਾ ਹੈ। ਇਹ ਓਹੋ ਹੀ ਚਿਤ੍ਰ ਸਿੰਘ ਹੈ ਜਿਸ ਦਾ ਜਿਕਰ ਦੂਜੇ ਚਰਿਤ੍ਰ ਵਿੱਚ ਇਸ ਤਰ੍ਹਾਂ ਦਰਜ ਕੀਤਾ ਗਿਆ ਹੈ।

*ਦੋਹਰਾ ॥ ਚਿੱਤ੍ਰਵਤੀ ਨਗਰੀ ਬਿਖੈ ਚਿੱਤ੍ਰ ਸਿੰਘ ਨ੍ਰਿਪ ਏਕ ॥*

*ਤਾਕੇ ਗ੍ਰਿਹਿ ਸੰਪਤਿ ਘਨੀ ਰਥ ਰਾਜ ਬਾਜ ਅਨੇਕ ॥* (ਦੁਤਿਯਾ ਚਰਿਤ੍ਰ ਪੰਨਾ੮੧੩)

ਇਸ ਤੋਂ ਸਾਫ ਜ਼ਾਹਿਰ ਹੈ ਕਿ ਇਹ ਰਚਨਾਵਾਂ ਵਧੇਰੇ ਕਵੀ ਰਾਮ ਦੀਆਂ ਹਨ ਤੇ ਦੂਜੇ ਕਵੀ ਸਯਾਮ-ਕਾਲ ਤੇ ਸੂਮ ਇਸ ਦੇ ਬਰਾਬਰ ਦੇ ਭਾਈਵਾਲ ਹਨ। ਉਂਝ ਸੁੰਦਰ ਅਤੇ ਹਰੀਫ਼ ਕਵੀ ਭੀ ਦੇਖਣ ਨੂੰ ਮਿਲਦੇ ਹਨ। ਮੰਤ੍ਰੀ ਕਹਿੰਦਾ ਕਿ ਰਾਜਾ ਮੇਰੀ ਗੱਲ ਸੁਣ ਬਿਸ਼ਨ (ਵਿਸ਼ਨੂੰ) ਦੇ ਨਾਲ ਜੰਭਾਸੁਰ ਲੜਿਆ ਓਹਦੇ ਪ੍ਰਾਣ ਲੱਛਮੀ ਨੇ ਲਏ। ਫਿਰ ਇੰਦਰ ਨਾਲ ਜੁੱਧ ਹੋਇਆ ਉਦੋਂ ਪਾਰਬਤੀ ਰੱਖਿਆ ਕੀਤੀ। ਕਵੀ ਰਾਮ ਕੀ ਕਹਿਣਾ ਚਾਹੁੰਦਾ ਸੀ ਉਹ ਖੁਦ ਹੀ ਭੁੱਲ ਗਿਆ ਲੱਗਦਾ ਹੈ। ਮੇਰੀ ਤਰ੍ਹਾਂ ਚਿਤ੍ਰ ਸਿੰਘ ਦੇ ਪੱਲੇ ਭੀ ਕੱਖ ਨੀ ਪਿਆ ਹੋਣਾ। ਇਹ ਜਰੂਰ ਹੈ ਕਿ ਇਹ ਇਕ ਸੌ ਇਕਯਾਨਵੇਂ ਚਰਿਤ੍ਰ ਦਾ ਹੀ ਦੂਜਾ ਭਾਗ ਹੈ।

ਪਾਤਰ : ਨਾਜਮਤੀ ਤੇ ਬਾਹੂ ਸਿੰਘ

(ਇਕ ਸੌ ਤ੍ਰਿਪਨੋ ਚਰਿਤ੍ਰ ਪੰਨਾ ੧੦੩੮-੧੦੩੯)

ਨਾਜਮਤੀ ਬਾਹੂ ਸਿੰਘ ਰਾਜੇ ਦੀ ਜਵਾਨੀ ਅਤੇ ਖੂਬਸੂਰਤੀ ਤੇ ਦੀਵਾਨੀ ਹੋ ਗਈ। ਉਸ ਨੇ ਉਸ ਨਾਲ ਹਮ ਬਿਸਤ੍ਰ ਹੋਣ ਦੇ ਬੜੇ ਯਤਨ ਕੀਤੇ ਪਰ ਰਾਜਾ ਓਹਦੇ ਹੱਥ ਨਾ ਆਇਆ। ਬਿਰਹਾ ਦੀ ਅੱਗ ਵਿੱਚ ਸੜਦਿਆਂ ਉਸ ਨੇ ਅਪਣੀ ਸਹੇਲੀ ਬੁਲਾਈ। ਉਸ ਨੂੰ ਅਪਣੇ ਚਿੱਤ ਦੀ ਬਿਰਥਾ ਦੱਸ ਕੇ ਰਾਜੇ ਪਾਸ ਕਹਿ ਦੇਣ ਲਈ ਘੱਲਿਆ। ਰਾਜੇ ਨੇ ਸਾਰੀ ਬਿਰਥਾ ਸੁਣ ਕੇ ਚੰਗੇ ਹੁੰਘਾਰੇ ਨਾਲ ਵਾਪਸ ਨਾਜਮਤੀ ਪਾਸ ਭੇਜ ਦਿੱਤਾ। ਨਾਜਮਤੀ ਕਹਿੰਦੀ ਰਾਜੇ ਨੂੰ ਤੂੰ ਮੈਨੂੰ ਅਪਣੇ ਪਾਸ ਨੌਕਰ ਰੱਖ ਲੈ ਮੈਂ ਤੇਰੇ ਨਾਲ ਮੋਢਾ ਜੋੜ ਕੇ ਦੁਸਮਣ ਨਾਲ ਲੜਾਂਗੀ। ਰਾਜੇ ਨੇ ਬਹੁਤਾ ਧੰਨ ਦੇ ਕੇ ਅਪਣੇ ਪਾਸ ਨੌਕਰ ਰੱਖ ਲਈ। ਰਾਜੇ ਨੇ ਲੜਾਈ ਦਾ ਲੈ ਕੇ ਪੰਗਾ ਸੁਰੂ ਕਰਤੀ ਲੜਾਈ-ਨਾਜਮਤੀ ਨੇ ਰਾਜੇ ਦੇ ਦੋਨੇ ਦੁਸਮਣ ਮਾਰ ਕੇ ਰਾਜੇ ਨੂੰ ਕਿਹਾ :-

*ਚੌਪਈ ॥ ਨ੍ਰਿਪ ਮੈਂ ਤੁਮਰੇ ਕਾਜ ਸਵਾਰੇ ॥ ਦੋਨੋ ਸ਼ਤ੍ਰ ਤਿਹਾਰੇ ਮਾਰੇ ॥*

*ਅਬ ਮੋਕੋ ਤੁਮ ਧਾਮ ਬੁਲਾਵੋ ॥ ਕਾਮ ਭੋਗ ਮੁਹਿ ਸਾਥ ਕਮਾਵੋ ॥੨੨॥*

*ਦੋਹਰਾ ॥ ਤਬ ਰਾਜੈ ਤਾਕੋ ਤੁਰਤ ਲੀਨੋ ਸਦਨ ਬੁਲਾਇ ॥*

*ਕਾਮ ਭੋਗ ਤਾਸੋ ਕਿਯੋ ਹ੍ਰਿਦੈ ਹਰਖ ਉਪਜਾਇ ॥੨੩॥* (ਇਕ ਸੌ ਤ੍ਰਿਪਨੋ ਚਰਿਤ੍ਰ ਪੰਨਾ ੧੦੩੯)

(ਜਸ) ਵਿਚ ਜੰਗ ਦੇ ਪਾਵਾਂਗੀ ਨਿੱਤ ਖੌਰੂ ਪਿਆਰ ਵਾਲੀ ਪੀਂਘ ਝੂਟ ਕੇ ।

ਨੋਟ :- ਆਪ ਜੀ ਦਸਮ ਗ੍ਰੰਥ ਦੇ ਅਧਾਰਮਿਕ ਪ੍ਰਵਚਨ ਪੜ੍ਹ ਰਹੇ ਹੋ। ਧਾਰਮਿਕ ਅਖਵਾਉਂਦੀਆਂ ਅਨੇਕਾਂ ਜਥੇਬੰਦੀਆਂ ਦੇ ਅਨੇਕਾਂ ਲੋਕ ਆਖਦੇ ਹਨ ਕਿ ਇਹ ਗੰਦ ਮੰਦ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ। ਤਸੀਂ ਅਪਣੀ ਰਾਇ ਦੇਣੀ ਨਹੀਂ ਭੁੱਲਣਾ-ਮਨ ਦੀ ਉਤਮ ਸੋਚ ਦਬਾ ਲੈਣ ਨਾਲ ਬਲਵਾਨ ਆਤਮਾ ਮਰ ਜਾਇਆ ਕਰਦੀ ਹੈ। ਤੁਹਾਡੀ ਆਤਮਾ ਹੋਰ ਬਲਵਾਨ ਹੋਏ ਮੇਰੀ ਅਰਦਾਸ ਹੈ । ਰੱਬ ਤੁਹਾਨੂੰ ਸੱਚ ਬੋਲਣ ਦੀ ਤਾਕਤ ਦਏ ।

## ਇਲਾਕਾ : ਸਯਾਲਕੋਟ

(ਇਕ ਸੌ ਚੌਵਨੋ ਚਰਿਤ੍ਰ ਪੰਨਾ ੧੦੪੦-੧੦੪੨)

ਪਾਤਰ : ਦਰਪਕਲਾ ਤੇ ਦਾਨੀ ਰਾਇ

ਸਯਾਲਕੋਟ ਦੀ ਦਰਪ ਕਲਾ ਨੂੰ ਕਾਮ ਹਮੇਸਾਂ ਸਤਾਉਂਦਾ । ਉਸ ਨੇ ਸਾਹ ਦੇ ਪੁੱਤ ਦਾਨੀ ਰਾਇ ਨੂੰ ਦੇਖਿਆ ਤੇ ਉਸ ਨਾਲ ਹਮਬਿਸਤ੍ਰ ਹੋਣ ਦੀ ਸੋਚੀ :-

*ਚੌਪਈ ॥ ਬੋਲਿ ਸ਼ਾਹੁ ਦੇ ਪੁੱਤ ਮੰਗਾਯੋ ॥ ਕਾਮਕੇਲ ਤਿਹ ਸੰਗ ਕਮਾਯੋ ॥*

*ਦਿਵਸ ਭਏ ਗ੍ਰਿਹਿ ਦੇਤ ਪਠਾਈ॥ ਰੈਨਿ ਭਏ ਪੁਨਿ ਲੇਤ ਬੁਲਾਈ॥੪॥* (ਇਕ ਸੌ ਚੌਵਨੋ ਚਰਿਤ੍ਰ ਪੰਨਾ ੧੦੪੦)

ਉਨ੍ਹਾਂ ਨੇ ਲੋਕ ਲਾਜ ਛਿੱਕੇ ਟੰਗ ਕੇ ਪਤੀ ਪਤਨੀ ਦੀ ਤਰ੍ਹਾਂ ਮਿਲਣਾ ਸੁਰੂ ਕਰ ਦਿੱਤਾ । ਸਿਆਣੇ ਆਖਦੇ ਹਨ ਕਿ ਇਸ਼ਕ ਮੁਸ਼ਕ (ਖੁਸ਼ਬੂ)-ਖਾਂਸੀ-ਖੁਰਕ (ਖੁੱਜਲੀ)-ਕਿਸੇ ਦਾ ਕੀਤਾ ਖੁਨ (ਕਤਲ)-ਖ਼ੈਰ (ਭੀਖ) ਤੇ ਸ਼ਰਾਬ ਇਹ ਸੱਤੇ ਕਦੇ ਛੁਪਾਏ ਨਹੀਂ ਛੁਪਦੇ ਭਾਵੇਂ ਕਿੰਨੀ ਭੀ ਕੋਸ਼ਿਸ ਕੀਤੀ ਜਾਏ :-

*ਅੜਿੱਲ ॥ ਇਸ਼ਕ ਮੁਸ਼ਕ ਖਾਂਸੀ ਅਰੁ ਖੁਰਕ ਬਖਾਨਿਯੈ ॥*

*ਖੁਨ ਖੇਰ ਮਦਪਾਨ ਸੁ ਬਹੁਰਿ ਪ੍ਰਮਾਨਿਯੈ ॥*

*ਕਸ ਕੋਊ ਕਰਈ ਸਾਤ ਛਪਾਏ ਛਪਤ ਨਹਿ ॥*

*ਹੋ ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸ਼ਟਿ ਮਾਹਿ ॥੬॥*

ਦਰਪਕਲਾ ਨੇ ਜਦ ਸ਼ਾਹ ਦਾ ਪੁੱਤ ਬੁਲਾਇਆ ਤਾਂ ਪਿਯਾਦਨ (ਸਿਪਾਹੀਆਂ) ਨੇ ਉਨ੍ਹਾਂ ਨੂੰ ਪਕੜ ਲਿਆ। ਜਦ ਉਨ੍ਹਾਂ ਨੂੰ ਪੇਸ਼ ਕੀਤਾ ਤਾਂ ਘੜੀ ਘੜਾਈ ਸਕੀਮ ਨਾਲ ਕਹਿਣ ਲੱਗੀ ਕਿ ਇਹ ਮੈਨੂੰ ਸੋਨਾ ਬੀਜ ਕ ਦਿਖਾਉਣ ਲੱਗਾ ਸੀ ਮੈਂ ਕਿਹਾ ਦਿਖਾ ਮੈਨੂੰ। ਰਾਜੇ ਨੇ ਸੁਣ ਕੇ ਇਨ੍ਹਾਂ ਦੋਨਾਂ ਨੂੰ ਬੰਦ ਕਮਰੇ ਚ ਛੱਡ ਦਿੱਤਾ ਕਿ ਮੈਨੂੰ ਭੀ ਸੋਨਾ ਬੀਜ ਕੇ ਦਿਖਾਓ ।

*ਜਬ ਵੈ ਦੋਊ ਏਕ ਗ੍ਰਿਹਿ ਰਾਖੈ ॥ ਤਬ ਤ੍ਰਿਯ ਯੌ ਤਾਸੌ ਬਚ ਭਾਖੈ ॥*

*ਮੋਸੋ ਭੋਗ ਮੀਤ ਅਬ ਕਰਿਯੈ ॥ ਯਾ ਚਿੰਤਾ ਤੇ ਨੈਕੁ ਨ ਡਰਿਯੈ ॥੧੪॥*

*ਦੋਹਰਾ ॥ ਪਕਰਿ ਮੀਤ ਕੋ ਆਪਨੇ ਊਪਰ ਲਯੋ ਚਰਾਇ ॥*

*ਤਾਸੌ ਰਤਿ ਮਾਨਤ ਭਈ ਲਪਟਿ ਲਪਟਿ ਸੁਖ ਪਾਇ ॥੧੫॥* (ਇਕ ਸੌ ਚੌਵਨੋ ਚਰਿਤ੍ਰ ਪੰਨਾ ੧੦੪੦)

ਕਹਿੰਦੀ ਕੱਲ੍ਹ ਕਿਸ ਨੇ ਦੇਖੀ ਤੂੰ ਅੱਜ ਮੇਰੇ ਨਾਲ ਬੇਖੌਫ ਹੋ ਕੇ ਭੋਗ ਕਰ ।

*ਅੜਿੱਲ ॥ ਦਸ ਮਾਸਨ ਰਤਿ ਕਰੀ ਹਰਖ ਉਪਜਾਇਕੈ ॥*

*ਆਸਨ ਚੁੰਬਨ ਅਨਿਕ ਕਿਯੇ ਲਪਟਾਇਕੈ ॥......॥੧੭॥*

ਜਦ ਗਿਆਰਵਾਂ ਮਹੀਨਾ ਆਇਆ ਤਾਂ ਦਰਪਕਲਾ ਰਾਜੇ ਨੂੰ ਕਹਿੰਦੀ ਕਿ ਸੋਨਾ ਬੀਜਣ ਦਾ ਸਮਾਂ ਆ ਗਿਆ ਹੈ ਸਭਨਾਂ ਨੂੰ ਸੱਦ ਲਿਆਵੋ। ਪਿੰਡ ਦੇ ਲੋਕ ਤਮਾਸਾ ਦੇਖਣ ਪੁੱਜੇ । ਦਰਪਕਲਾ ਕਹਿੰਦੀ ਜਿਹਦੇ ਘਰ ਦਾ ਕੋਈ ਬੰਦਾ ਨਾ ਮਰਿਆ ਹੋਏ ਉਹ ਸੋਨਾ ਬੀਜੇ ਪਰ ਕੋਈ ਨਾ ਨਿਤਰਿਆ । ਫਿਰ ਕਹਿੰਦੀ ਜਿਸ ਨੇ ਕਦੇ ਬਿਭਚਾਰ ਨਾ ਕੀਤਾ ਹੋਏ । ਫਿਰ ਭੀ ਕੋਈ ਨਾ ਨਿਤਰਿਆ । ਏਸੇ ਤਰ੍ਹਾਂ ਦੀਆਂ ਊਟ ਪਟਾਂਗ ਮਾਰ ਕੇ ਰਾਜਾ ਨਿਹਾਲੋ ਨਿਹਾਲ ਕੀਤਾ ਤੇ ਅਪਣਾ ਮਨ ਭਾਉਂਦਾ ਮੀਤ ਲੈ ਕੇ ਬਾਗ ਬਾਗ ਹੋ ਗਈ ।

ਨੋਟ :- ਬੜੇ ਬੇਸ਼ਰਮ ਨੇ ਲੋਕ ਕਹਿੰਦੇ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਇਨ੍ਹਾਂ ਨੂੰ ਪੁੱਛੋ ਬਈ ਤੁਸੀਂ ਕਲਮ ਦਵਾਤ ਚੁੱਕੀਂ ਗੁਰੂ ਜੀ ਦੇ ਮਗਰ ਘੁੰਮਦੇ ਸੀ ? ਤੁਹਾਨੂੰ ਕਿਵੇਂ ਇਲਮ ਹੋ ਗਿਆ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ? ਬੜੇ ਬੇਗੈਰਤ ਹਨ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ ਤੇ ਬਦਨਾਮ ਕਰਨ ਵਾਲੇ ? ਨਾ ਇਨ੍ਹਾਂ ਨੂੰ ਧੀ ਦੀ ਸ਼ਰਮ ਹੈ ਤੇ ਨਾ ਭੈਣ ਦੀ ਜਦ ਦੋਨੇ ਸ਼ਰਮਾ ਮਿੱਟੀ ਵਿੱਚ ਮਿਲ ਜਾਣ ਫਿਰ ਮਾਂ ਦੀ

ਸ਼ਰਮ ਭੀ ਉੱਡ ਜਾਂਦੀ ਹੈ । ਜੇਕਰ ਕੋਈ ਦਸਮ ਗ੍ਰੰਥ ਦੀ ਕਥਾ ਛੇੜਦਾ ਹੈ ਕਹਿੰਦੇ ਹਨ ਚੁੱਪ ਕਰੋ । ਕਈ ਵਾਰ ਜਬਰਦਸਤੀ ਚੁੱਪ ਕਰਾਣ ਦੇ ਕੋਝੇ ਯਤਨ ਕਰਦੇ ਨੇ ਇਹ ਲੋਕ । ਜੇਕਰ ਗੁਰਬਾਣੀ ਹੈ ਤਾਂ ਲਾਊਡਸਪੀਕਰ ਲਾ ਕੇ ਇਸ ਦਾ ਪਾਠ ਕਿਉਂ ਨਹੀਂ ਕਰਦੇ ? ਇਹ ਜਾਣਦੇ ਹਨ ਕਿ ਗੁਰੂ ਦੀਆਂ ਲਾਡਲੀਆਂ ਧੀਆਂ ਨੇ ਸਾਗ ਵਾਲੇ ਘੋਟਣੇ ਤੇ ਚਿਮਟਿਆਂ ਨਾਲ ਭੁਗਤ ਸਵਾਰ ਦੇਣੀ ਹੈ । ਖ਼ਬਰਦਾਰ ਬਚ ਕੇ ਰਹਿਓ ।

ਪਾਤਰ : ਸ਼ਾਹਜਹਾਂ ਪ੍ਰਾਨਮਤੀ (ਨਾਰੀ) ਤੇ ਸ਼ਾਹ ਦਾ ਪੁੱਤ (ਇਕ ਸੌ ਪਚਪਨੋ ਚਰਿਤ੍ਰ ਪੰਨਾ ੧੦੪੨)

ਬਾਦਸ਼ਾਹ ਸ਼ਾਹਜਹਾਂ ਦੀ ਇਕ ਔਰਤ ਪ੍ਰਾਨਮਤੀ ਨੇ ਸ਼ਾਹ ਦਾ ਪੁੱਤ ਦੇਖਿਆ ਤੇ ਕਾਮ ਵਿੱਚ ਸੜ ਬਲੀ । ਉਸ ਨੇ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ :-

*ਅੜਿੱਲ ॥ ਪਠੈ ਸਹਚਰੀ ਤਾਕੋ ਲਿਯੋ ਬੁਲਾਇਕੈ ॥ ਲਪਟਿ ਲਪਟਿ ਰਤਿ ਕਰੀ ਹਰਖ ਉਪਜਾਇਕੈ ॥*
*ਕੇਲ ਕਰਤ ਦੁਹੂੰ ਬਚਨ ਕਹੈ ਮੁਸਕਾਇਕੈ ॥ ਹੋ ਚੌਰਾਸੀ ਆਸਨ ਲੀਨੇ ਸੁਖ ਪਾਇਕੈ॥੨॥*

(ਇਕ ਸੌ ਪਚਪਨੋ ਚਰਿਤ੍ਰ ਪੰਨਾ ੧੦੪੨)

ਬਹੁਤ ਦਿਨ ਪਿਆਰ ਦੀ ਪੀਂਘ ਝੂਟਣ ਬਾਦ ਕਹਿੰਦੀ ਜੋ ਦੇਖੇ ਇਸ ਨੂੰ ਮਾਰ ਮੁਕਾਣਾ ਚਾਹੀਦਾ ਹੈ। ਸਖੀ ਪ੍ਰਾਨਮਤੀ ਦੇ ਹੁਕਮ ਦੀ ਪਾਲਣਾ ਕਰਦੀ ਹੋਈ ਉਸ ਨੂੰ ਮਾਰਨ ਲੈ ਤੁਰੀ। ਫਿਰ ਕਹਿੰਦੀ ਇਹ ਠੀਕ ਹੈ ਤੂੰ ਮੇਰਾ ਚਿੱਤ ਚੁਰਾਇਆ ਤੇ ਮੇਰੇ ਨਾਲ ਭੋਗ ਕੀਤਾ ਹੈ । ਹੁਣ ਤੈਨੂੰ ਹੱਥ ਤੋਂ ਪਕੜ ਕੇ ਨਦੀ ਵਿੱਚ ਸੁੱਟਿਆ ਜਾਏਗਾ ਜਦ ਅੱਧਾ ਸੂਰਜ ਚੜ੍ਹ ਜਾਏਗਾ, ਉਦੋਂ ਤੂੰ ਹੱਥ ਪੈਰ ਮਾਰੀਂ ਤੇ ਡੁੱਬ ਗਿਆ, ਡੁੱਬ ਗਿਆ ਕਹਿ ਕੇ ਉੱਚੀ ਰੌਲਾ ਪਾਵੀਂ ਫਿਰ ਤੈਨੂੰ ਬਾਹਰ ਕੱਢ ਲਵਾਂਗੇ । ਉਸ ਨਾਲ ਓਹੋ ਹੀ ਕੀਤਾ ਜੋ ਸੋਚਿਆ-ਮਿਤ੍ਰ ਨੇ ਓਹੋ ਹੀ ਕੀਤਾ ਜੋ ਉਸ ਨੂੰ ਸਮਝਾਇਆ ।

ਨੋਟ :- ਦਸਮ ਗ੍ਰੰਥ ਦੀ ਰਾਹੀਂ ਆਪ ਜੀ ਕਾਮ ਰਸ ਦਾ ਅਨੰਦ ਮਾਣ ਰਹੇ ਹੋ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਨਹੀਂ ਹਨ ਜਿਵੇਂ ਸਾਡੇ ਮਹਾਂ ਮੂਰਖਾਂ ਨੇ ਪਾਤਸ਼ਾਹੀ ੧੦ ਲਿਖ ਕੇ ਜਿਤਲਾਉਣ ਦੀ ਘਿਣਾਉਣੀ ਚਾਲ ਖੇਡੀ ਹੈ। ਇਸ ਦਸਮ ਗ੍ਰੰਥ ਦੇ ਮੁਖ ਕਵੀ ਰਾਮ-ਸਯਾਮ-ਕਾਲਿ ਤੇ ਸੂਮ ਹਨ । ਸਬੂਤਾਂ ਸਮੇਤ ਆਪ ਜੀ ਦੇ ਅੱਗੇ ਉਨ੍ਹਾਂ ਨੂੰ ਪੇਸ਼ ਕੀਤਾ ਜਾਂਦਾ ਰਹੇਗਾ। ਆਪ ਜੀ ਨੇ ਇਨ੍ਹਾਂ ਰਚਨਾਵਾਂ ਨੂੰ ਪੜ੍ਹ ਕੇ ਮੁੱਖ ਰੋਲ ਨਿਭਾਉਣਾ ਹੈ ਇਕ ਜੱਜ ਦੀ ਤਰ੍ਹਾਂ । ਉਮੀਦ ਹੈ ਜਾਗ੍ਰਦੀ ਜ਼ਮੀਰ ਨਾਲ ਆਪ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਬੇਪੱਤੀ ਕਰਨ ਵਾਲਿਆਂ ਨੂੰ ਅਲਫ਼ ਨੰਗੇ ਕਰ ਕੇ ਸੰਗਤਾਂ ਵਿੱਚ ਪ੍ਰਗਟ ਕਰੋਗੇ । ਖ਼ਬਰਦਾਰ-ਬਾ-ਹੋਸਿਆਰ । ਜਾਗਦੇ ਰਹਿਓ !

## ਇਲਾਕਾ : ਮੱਦ੍ਰ ਦੇਸ (ਇਕ ਸੌ ਛਪਨੋ ਚਰਿਤ੍ਰ ਪੰਨਾ ੧੦੪੨-੧੦੪੩)

ਪਾਤਰ : ਰੋਸ਼ਨ ਸਿੰਘ ਤੇ ਕੰਦ੍ਰਪਕਲਾ (ਔਰਤ)

ਮੱਦ੍ਰ ਦੇਸ ਦੇ ਰੋਸ਼ਨ ਸਿੰਘ ਦੀ ਘਰਵਾਲੀ ਕੰਦ੍ਰਪਕਲਾ ਦਾ ਰੂਪ ਤੱਕ ਕੇ ਖਗ ਮ੍ਰਿਗ ਜੱਛ ਤੇ ਖੱੜਪੇ ਸੱਪਾਂ ਨੂੰ ਖੁਮਾਰੀ ਚੜ੍ਹ ਜਾਂਦੀ। ਓਹਦੇ ਘਰ ਧੰਨ ਪਦਾਰਥ ਬਹੁਤਾ ਤੇ ਉਹ ਆਪ ਇਸ ਦੀ ਰਖਵਾਲੀ ਕਰਦਾ। ਜਿਹੜਾ ਮੰਗਤਾ ਓਹਦੇ ਬੂਹੇ ਆਉਂਦਾ ਉਸ ਨੂੰ ਮੂੰਹੋਂ ਮੰਗਿਆ ਦੇਂਦਾ। ਇਕ ਦਿਨ ਇਕ ਮੰਗਤਾ ਆਇਆ ਜਿਸ ਦੇ ਸੁੰਦਰ ਸਰੂਪ ਜਿਹਾ ਤਿੰਨਾਂ ਕਾਲਾਂ ਚ ਨਾ ਕੋਈ ਹੈ ਤੇ ਨਾ ਹੋਏਗਾ। ਕੰਦ੍ਰਪ ਕਲਾ ਓਹਨੂੰ ਤੱਕਦੇ ਹੀ ਅਪਣੀ ਸੁੱਧ ਬੁੱਧ ਖੋ ਬੈਠੀ। ਉਸ ਨੇ ਅਪਣੀ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਅਪਣੇ ਸਰੀਰ ਦੀ ਕਾਮ ਉਤੇਜਨਾ ਨੂੰ ਠੰਢਾ ਕੀਤਾ :-

*ਪਠੈ ਸਹਚਰੀ ਤਿਹ ਗ੍ਰਿਹਿ ਲਿਯੋ ਬੁਲਾਇਕੈ ॥ ਹੋ ਭਾਂਤਿ ਭਾਂਤਿ ਰਤਿ ਕਰੀ ਹਰਖ ਉਪਜਾਇਕੈ ॥੪॥*

(ਇਕ ਸੌ ਛਪਨੋ ਚਰਿਤ੍ਰ ਪੰਨਾ ੧੦੪੩)

ਪੰਜ ਚੌਂਤਰੇ (ਦੇਹਲੀਆਂ) ਛੱਡ ਕੇ ਚੌਧਰੀ ਆ ਧਮਕਿਆ । ਚੌਧ੍ਰਨੀ ਨੇ ਉਸ ਨੂੰ ਕੋਠੀ ਵਿੱਚ ਛੁਪਾ ਦਿੱਤਾ ਤੇ ਖਸਮ ਨੂੰ ਗੁੱਸੇ ਚ ਕਹਿੰਦੀ ਕਿ ਤੇਰੇ ਸਿਰ ਵਿੱਚ ਸੌ ਕੁ ਜੁੱਤੀ ਜੜ੍ਹ ਦੇਣੀ ਚਾਹੀਦੀ ਹੈ । ਪੜੌਸ ਵਿੱਚ ਤੇਰੇ ਰਾਜੇ ਨੇ ਸੁਯੰਬਰ ਰੱਖਿਆ ਹੈ ਤੂੰ ਉਥੇ ਫੁੱਟੀ ਕੌਡੀ ਨੀ ਦਿੱਤੀ । ਨਾ ਤੂੰ ਕਦੇ ਚੰਗਾ ਭੋਗ ਕੀਤਾ ਤੇ ਨਾ ਹੀ ਕਿਸੇ ਬਾਮ੍ਹਣ ਨੂੰ ਦਾਨ ਦੱਛਣਾ । ਉਹ ਕਹਿੰਦਾ ਭਾਗਵਾਨੇ ਮੈਂ ਤੇਰੇ ਤੋਂ ਕੁੱਝ ਛੁਪਾਇਆ ਨਹੀਂ ਤੂੰ ਜਿਸ ਨੂੰ ਮਰਜੀ ਦੇਹ । ਕਹਿੰਦੀ ਜੇ ਤਾਂਬਾ ਦਾਨ ਕੀਤਾ ਜਾਏ ਤਾਂ ਦੁਗਣੀ ਚਾਂਦੀ ਮਿਲਦੀ ਹੈ, ਜੇ ਚਾਂਦੀ ਦਾਨ ਕਰੀਏ ਤਾਂ ਚਾਰ ਗੁਣਾ ਸੋਨਾ ਮਿਲਦਾ ਹੈ । ਸਾਸਤ੍ਰ ਤੇ ਅਠਾਰਾਂ ਪੁਰਾਣ ਇਹੋ ਸਿੱਖਿਆ ਦੇਂਦੇ ਹਨ । ਉਸ ਨੇ ਅੰਨ ਧੰਨ ਨਾਲ ਭਰੀ ਕੋਠੀ ਬਾਮ੍ਹਣੀ ਨੂੰ ਚੁਕਵਾ ਦਿੱਤੀ ਤੇ ਯਾਰ ਨੂੰ ਸਹੀ ਸਲਾਮਤ ਘਰ ਭੇਜ ਦਿੱਤਾ ।

ਨੋਟ :- ਹੁਣ ਤੱਕ ਦੇ ਪਾਤਰਾਂ ਦੇ ਨਾਵਾਂ ਤੋਂ ਅਸੀਂ ਭਲੀ ਭਾਂਤ ਜਾਣ ਚੁੱਕੇ ਹਾਂ ਕਿ ਦਸਮ ਗ੍ਰੰਥ ਦੇ ਲੇਖਕ ਸਿੱਖਾਂ ਦਾ ਮੌਜੂ ਉਡਾ ਰਹੇ ਹਨ। ਦਸਮ ਗ੍ਰੰਥ ਦੇ ੮੫% ਨਾਵਾਂ ਦੇ ਨਾਲ ਸਿੰਘ ਸਬਦ ਦਾ ਇਸਤੇਮਾਲ ਕੀਤਾ ਗਿਆ ਹੈ। ਚਤੁਰ ਲੇਖਕ ਨੇ ਔਰਤਾਂ ਦੇ ਨਾਮਾਂ ਨਾਲ ਕੌਰ ਨਹੀਂ ਜੜ੍ਹਿਆ ਕਿਉਂਕਿ ਲੇਖਕ ਜਾਣਦਾ ਹੈ ਕਿ ਉਸ ਦੀ ਮੰਦੀ ਕਰਤੂਤ ਜਲਦੀ ਪਹਿਚਾਣੀ ਜਾਏਗੀ। ਕਵੀਆਂ ਨੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਸਿੰਘ ਅਪਣੀਆਂ ਔਰਤਾਂ ਨਾਲ

ਸੇਜ ਸਾਂਝ ਕਰਨ ਜੋਗੇ ਭੀ ਨਹੀਂ ਉਨ੍ਹਾਂ ਦੀਆਂ ਔਰਤਾਂ ਬਾਹਰ ਖੇਹ ਖਾਂਦੀਆਂ ਹਨ। ਇਥੇ ਹੀ ਬੱਸ ਨਹੀਂ ਕਵੀ ਸਿੱਖਾਂ ਨੂੰ ਮੂਰਖ-ਉਜੱੜ ਤੇ ਮਹਾਂ ਮੂੜ ਭੀ ਕਹਿੰਦਾ ਹੈ ਸਾਡੇ ਵੱਡੇ ਪੁਜਾਰੀ, ਅਨੇਕਾਂ ਹੀ ਜਥੇਬੰਦੀਆਂ, ਧਰਮ ਕਰਮ ਦੇ ਵੱਡੇ ਠੇਕੇਦਾਰ, ਪ੍ਰਚਾਰਕ, ਕਥਾਕਾਰ, ਸੰਤ ਸਾਧ, ਬ੍ਰਹਮ ਗਿਆਨੀ, ਅਨੇਕਾਂ ਸਿਆਸੀ ਲੋਕ ਤੇ ਲੀਡਰ ਬਾਹਵਾਂ ਉਲਾਰ ਉਲਾਰ ਕੇ ਦਸਮ ਗ੍ਰੰਥ ਦੀ ਹਮਾਇਤ ਕਰਦੇ ਹਨ ਲਗਦਾ ਹੈ ਜਾਂ ਤਾਂ ਉਨ੍ਹਾਂ ਦਸਮ ਗ੍ਰੰਥ ਦੇਖਿਆ ਹੀ ਨਹੀਂ ਤੇ ਜਾਂ ਫਿਰ ਕਦੇ ਪੜ੍ਹਿਆਂ ਹੀ ਨਹੀਂ। ਉਂਝ ਹਰ ਇੱਜਤ ਵਾਲਾ ਬੰਦਾ ਇਸ ਨੂੰ ਪੜ੍ਹ ਕੇ ਅਪਣੇ ਹੀ ਮੂੰਹ ਆਖਦਾ ਹੈ ਤੇਰਾ ਬੇੜਾ ਗਰਕ । ਹਰ ਗੁਰਸਿੱਖ ਦਾ ਫ਼ਰਜ ਅਤੇ ਅਧਿਕਾਰ ਹੈ ਕਿ ਉਹ ਅਪਣੇ ਧਰਮ ਪ੍ਰਤੀ ਜਾਗਰੂਕ ਹੋਏ । ਸਿੱਖ ਧਰਮ ਅੰਦਰ ਘੁਸਪੈਠ ਕਰ ਚੁੱਕੇ ਭੇਖੀਆਂ ਦਾ ਪਰਦਾਫਾਸ ਕੀਤਾ ਜਾਏ ਅਤੇ ਉਨ੍ਹਾਂ ਪੁਸਤਕਾਂ ਦਾ ਖਾਤਮਾ ਕੀਤਾ ਜਾਏ ਜੋ ਗੁਰੂ ਨਾਨਕ ਦੇ ਧਰਮ (ਸਿੱਖ ਧਰਮ) ਨੂੰ ਕਮਜੋਰ ਕਰਦੀਆਂ ਹਨ ।

## ਦੇਸ : ਬਿੱਦ੍ਰਭ (ਬਿਦ੍ਰ)

(ਇਕ ਸੌ ਸਤਾਨਵੇਂ ਚਰਿਤ੍ਰ ਪੰਨਾ ੧੦੪੩-੧੦੪੬)

ਪਾਤਰ : ਭੀਮ ਸੈਨ, ਦਮਵੰਤੀ, ਕਾਮਦੇਵ, ਇੰਦ੍ਰ, ਚੰਦ੍ਰ, ਕਾਰਤਕੇਅ, ਮਹਾਂ ਰੁਦ੍ਰ, ਨਲ ਤੇ ਹੰਸ

**ਰਾਜਾ ਨਲ ਤੇ ਦਮਵੰਤੀ ਪੜ੍ਹੋ :** ਬਿਦ੍ਰ ਭੀਮ ਸੈਨ ਕੋਲ ਹਾਥੀ ਘੋੜੇ ਰਥ ਹਿਰਨਾਂ ਤੋਂ ਇਲਾਵਾ ਜੜ੍ਹਾਓ ਦਰਾਵਜਿਆਂ ਤੇ ਝੂਲਦੇ। ਓਹਦੀ ਧੀ ਦਮਵੰਤੀ ਦਾ ਰੂਪ ਦੇਖ ਦੇਖ ਦੇਵਤਿਆਂ ਤੇ ਦੈਂਤਾਂ ਨੂੰ ਗਸੀਆਂ ਪੈਦੀਆਂ। ਕਾਮਦੇਵ ਕਹਿੰਦਾ ਇਹ ਮੈਨੂੰ ਮਿਲੇ, ਇੰਦ੍ਰ ਤੇ ਚੰਦ੍ਰ ਕਹਿੰਦੇ ਇਹ ਅਸੀਂ ਬਿਆਹੁਣੀ ਹੈ। ਕਾਰਤਕੇਅ ਅਲੱਗ ਉਸ ਨਾਲ ਵਿਆਹ ਕਰਨ ਦੀ ਠਾਣ ਬੈਠਾ । ਵਿਚਾਰਾ ਮਹਾਂਰੁਦ੍ਰ ਤਾਂ ਜੰਗਲ ਚ ਹੀ ਵੱਸ ਗਿਆ ਹਾਲੇ ਤੱਕ ਮੁੜਿਆ ਹੀ ਨਹੀਂ । ਓਹਦੇ ਹੁਸਨ ਦੇ ਚਰਚੇ ਸਭ ਪਾਸੇ ਛਿੜੇ ਪੱਛਮ ਤੋਂ ਓਹਦੀ ਸੁੰਦ੍ਰਤਾ ਦਾ ਹਾਲ ਸੁਣ ਮਾਨ ਸਰੋਵਰ ਤੋਂ ਹੰਸ ਉਚੇਚਾ ਪੁੱਜੇ। ਦਮਵੰਤੀ ਨੇ ਸੁੰਦਰ ਹੰਸਾਂ ਨੂੰ ਤੱਕਿਆ ਅਤੇ ਸਹੇਲੀਆਂ ਨਾਲ ਮਿਲ ਕੇ ਇਕ ਹੰਸ ਪਕੜ ਲਿਆ । ਹੰਸ ਕਹਿੰਦਾ ਰਾਣੀ ਸੁਣ ਇਕ ਨਲ ਨਾਂ ਦਾ ਰਾਜਾ ਦੱਛਿਨ ਰਹਿੰਦਾ ਹੈ । ਉਹ ਹਰ ਪੱਖੋਂ ਜੋਗ ਹੈ ਤੂੰ ਉਸ ਨਾਲ ਵਿਆਹ ਕਰ ਲੈ । ਕਹਿੰਦਾ ਅਸੀਂ ਘਾਟ ਘਾਟ ਦਾ ਪਾਣੀ ਪੀਂਦੇ ਹਾਂ। ਦਮਵੰਤੀ ਨੇ ਹੰਸ ਦੀ ਗਲ ਸੁਣ ਕੇ ਓਹਦੇ ਹੱਥ ਵਿੱਚ ਚਿੱਠੀ ਲਿਖ ਕੇ ਰਾਜਾ ਨਲ ਨੂੰ ਦੇਣ ਲਈ ਦਿੱਤੀ ਤੇ ਹੰਸ ਉਡਾ ਦਿੱਤਾ। ਚਿੱਠੀ ਚ ਲਿਖਿਆ ਮੈਂ ਬਾਪ ਨੂੰ ਕਹਾਂਗੀ ਕਿ ਉਹ ਸੁਯੰਬਰ ਬਣਾਏ। ਬੜੇ ਬੜੇ ਰਾਜਿਆਂ ਨੂੰ ਸੱਦੇ । ਤੂੰ ਚਿੱਠੀ ਤੱਕਦੇ ਹੀ ਇਥੇ ਪਹੁੰਚ ਜਾਣਾ ਤੇ ਮੈਨੂੰ ਵਿਆਹ ਲੈ ਜਾਣਾ ।

*ਅੜਿੱਲ ॥ ਬੋਲਿ ਪਿਤਾ ਕੌ ਕਾਲਿ ਸੁਯੰਬ੍ਰ ਬਨਾਇਹੌਂ ॥ ਬਡੇ ਬਡੇ ਰਾਜਨ ਕੋ ਬੋਲਿ ਪਠਾਇਹੋਂ ॥*
*ਪਤਿਯਾ ਕੇ ਬਾਂਚਤ ਤੁਮ ਹਯਾਂ ਉਠਿ ਆਇਯੈ ॥ ਹੋ ਨਿਜੁ ਨਾਰੀ ਕਰਿ ਮੋਹਿ ਸੰਗ ਲੈ ਜਾਇਯੈ ॥੧੩॥*

(ਇਕ ਸੌ ਸਤਾਨਵੇਂ ਚਰਿਤ੍ਰ ਪੰਨਾ ੧੦੪੪)

ਨੋਟ :- ਇਹ ਰਚਨਾ ਕਵਿ (ਕਬਿ) ਕਾਲ ਦੁਆਰਾ ਲਿਖੀ ਗਈ ਹੈ। ਏਥੇ ਵਰਤੇ ਗਏ ਕਾਲਿ ਦਾ ਅਰਥ ਕਲਜੁੱਗ ਜਾਂ ਕੱਲ੍ਹ ਨਹੀਂ ਬਲਕਿ ਕਾਲਿ ਦਾ ਭਾਵ ਕਬਿ ਕਾਲਿ ਹੈ। ਉਸ ਦੁਆਰਾ ਹੋਰ ਭੀ ਅਨੇਕਾਂ ਕਥਾ ਕਹਾਣੀਆਂ ਲਿਖੀਆਂ ਗਈਆਂ ਹਨ । ਵੱਖਰੇ ਅਧਿਆਇ (ਦਸਮ ਗ੍ਰੰਥ ਦਾ ਲੇਖਕ ਕੌਣ) ਵਿੱਚ ਕਵੀ ਦੀਆਂ ਕੁੱਝ ਰਚਨਾਵਾਂ ਦਸਮ ਗ੍ਰੰਥ ਚੋਂ ਹੀ ਪ੍ਰਗਟ ਕੀਤੀਆਂ ਹਨ ਉਸ ਅਧਿਆਇ ਨੂੰ ਵਿਸਥਾਰ ਨਾਲ ਪੜ੍ਹੋ ।

ਹੰਸ ਦਮਵੰਤੀ ਦਾ ਸੰਦੇਸ ਲੈ ਕੇ ਰਾਜਾ ਨਲ ਪਾਸ ਪੁੱਜਾ-ਉਸ ਨੇ ਚਿੱਠੀ ਪੜ੍ਹ ਕੇ ਸੈਨਾ ਇਕੱਠੀ ਕੀਤੀ ਤੇ ਦਮਵੰਤੀ ਵਿਆਹੁਣ ਲਈ ਕੂਚ ਕੀਤਾ। ਮਾਰੋ ਮਾਰ ਕਰਦਾ ਉਹ ਠਿਕਾਣੇ ਪੁੱਜਾ । ਦਮਵੰਤੀ ਓਹਦਾ ਰੂਪ ਤੱਕ ਕੇ ਰੀਝ ਗਈ ਕਹਿੰਦੀ ਹੰਸ ਸੱਚ-ਈ-ਕਹਿੰਦਾ ਸੀ । ਉਸ ਨਾਲ ਮਿਲਾਪ ਤੇ ਫਿਰ ਵਿਛੋੜਾ-ਵਿਛੋੜੇ ਦੀ ਅੱਗ ਦੇ ਸੇਕ ਚ ਭੁੱਜਦੀ ਦਾ ਫਿਰ ਮਿਲਾਪ ਤੇ ਆਖਿਰ ਸੁਯੰਬ੍ਰ ਹੋਇਆ ਮੁਕੰਮਲ ਇਸ ਲਿਖੀ ਗਈ ਕਵਿ ਰਚਨਾ ਬਾਰੇ ਕਵਿ ਕਾਲਿ ਕਹਿੰਦਾ ਹੈ ਕਿ ਮੈਂ ਇਹ ਸੋਚ ਕੇ ਬਈ ਕਿਤੇ ਪੁਸਤਕ ਵੱਧ ਨਾ ਜਾਏ ਕਥਾ ਦਾ ਸੰਖੇਪ ਕੀਤਾ ਹੈ (ਉਂਝ ਗੱਪਾਂ ਮਾਰਦੇ ਮਾਰਦੇ ਭਾਵੇਂ ਪੂਰੀ ਕਿਤਾਬ ਹੀ ਬਣ ਜਾਏ) ਬਸ ਇਉਂ ਸਮਝ ਲੈਣਾ ਬਈ ਦੋਨਾਂ ਦਾ ਮਿਲਾਪ ਹੋ ਗਿਆ ਹਾਂ ਯਾਦ ਰੱਖਣਾ ਜਗ ਚ ਜੂਆ ਖੇਲਣਾ ਬੁਰੀ ਆਦਤ ਹੈ ।

*ਦੋਹਰਾ ॥ ਮੈਂ ਜੁ ਕਥਾ ਸੰਛੇਪਤੇ ਯਾਕੀ ਕਹੀ ਬਨਾਇ ॥*
*ਯਾਤੇ ਕਿਯ ਬਿਸਥਾਰ ਨਹਿ ਮਤਿ ਪੁਸਤਕ ਬਢ ਜਾਇ ॥੩੦॥*
*ਦਮਵੰਤੀ ਇਹ ਚਰਿਤ ਸੌਂ ਪੁਨਿ ਪਤਿ ਬਰਯੋ ਬਨਾਇ ॥*
*ਸਭ ਤੇ ਜਗ ਜੂਆ ਬੁਰੋ ਕੋਊ ਨ ਖੇਲਹੁ ਰਾਇ ॥੩੧॥* (ਇਕ ਸੌ ਸਤਾਨਵੇਂ ਚਰਿਤ੍ਰ ਪੰਨਾ ੧੦੪੪)

ਨੋਟ :- ਇਹ ਪ੍ਰਗਟ ਹੋ ਜਾਣ ਤੇ ਕਿ ਦਸਮ ਗ੍ਰੰਥ ਦਾ ਤੀਜਾ ਬੜਾ ਥੰਮ ਕਬਿ ਕਾਲਿ ਹੈ ਕਿਸ ਮੂੰਹ ਨਾਲ ਕਹਾਂਗੇ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ । ਢੀਠ ਅਤੇ ਬੇਸ਼ਰਮ ਜਦ ਇਕੱਠੇ ਹੋ ਜਾਣ ਤਾਂ ਉਹ ਅਪਣੀ ਜਿੱਦ ਤੇ ਅੜੇ ਰਹਿੰਦੇ ਹਨ । ਉਹ ਕੋਈ ਦਲੀਲ ਜਾਂ ਅਪੀਲ ਨਹੀਂ ਸੁਣਦੇ । ਆਸ ਹੈ ਆਪ ਜੀ ਜਿਹਾ ਗੁਰਸਿੱਖ ਸ਼ਾਈਦ ਹੀ ਕੋਈ ਹੋਰ ਹੋਏ । ਗੁਰੂ ਤੁਹਾਨੂੰ ਬਿਬੇਕ ਬੁੱਧੀ ਅਤੇ ਸਿਮਰਣ ਦੀ ਤਾਕਤ ਦਏ ।

ਪਾਤਰ : ਚੌੜਭਰਥ ਸੰਨਯਾਸੀ, ਬਾਲਕ ਰਾਮ ਬੈਰਾਗੀ ਤੇ ਤਾਂਬ੍ਰਕਲਾ (ਇਕ ਸੌ ਅਠਾਨਵੋਂ ਚਰਿਤ੍ਰ ਪੰਨਾ ੧੦੪੬-੧੦੪੭)

**ਚੌੜਭਰਥ ਸੰਨਯਾਸੀ ਦੀ ਬਾਲਕ ਨਾਥ ਬੈਰਾਗੀ ਨਾਲ ਜੁੱਤਮ ਜੁੱਤੀ ਤੇ ਬਾਲ ਪਟਾਈ :** ਚੌੜਭਰਥ ਸੰਨਯਾਸੀ ਨੂੰ ਸਾਰੇ ਰੰਡੀਗਰ ਕਹਿੰਦੇ। ਓਹਦਾ ਬਾਲਕ ਰਾਮ ਬੈਰਾਗੀ ਨਾਲ ਕਿਸੇ ਗੱਲੋਂ ਪੰਗਾ ਪੈ ਗਿਆ ਤੇ ਲੜ ਪਏ। ਇਕ ਦੂਜੇ ਦੇ ਬਾਲ ਪੁੱਟੇ-ਟੋਪੀਆਂ ਵਗਾਹ ਮਾਰੀਆਂ-ਜਟਾਂ ਟੁੱਟ ਟੁੱਟ ਕੇ ਢੇਰ ਹੋ ਗਈਆਂ-ਦੇ ਲੱਤ ਤੇ ਲੱਤ-ਹੂਰੇ ਤੇ ਹੂਰਾ-ਕਰਾਰੇ ਘਸੁੰਨ ਮੁੱਕੀਂ-ਜੁੱਤੀਆਂ ਦੀ ਬੌਛਾੜ-ਫੁੱਟੇ ਬਦਨ-ਟੁੱਟੀਆਂ ਕੰਠੀਆਂ-ਸੋਟੀਆਂ ਦੀ ਸਿਰਾਂ ਤੇ ਮਾਰ-ਨੌਂਹਾਂ ਨਾਲ ਸਰੀਰਾਂ ਤੇ ਝਰੀਟਾਂ-ਕਈਆਂ ਨੇ ਇਕ ਦੂਜੇ ਦੇ ਬਾਲ ਪੁੱਟ ਪੁੱਟ ਕੀਤੇ ਗੰਜੇ-ਕਈ ਦੰਦ ਪੀਹ ਪੀਹ ਵੱਟੀਆਂ ਕਚੀਚੀਆਂ-ਜੁੱਤੀਆਂ ਦੀ ਬੌਛਾੜ ਨੇ ਜਟਾਂ ਦਾ ਕੀਤਾ ਮਲੀਆ ਮੇਟ-ਲਓ ਬਾਲਕ ਰਾਮ ਨੇ ਜੁੱਤੀ ਪਕੜੀ-ਇਕ ਸਨਿਯਾਸੀ ਦੇ ਸਿਰ ਤੇ ਦੇ ਮਾਰੀ-ਦੂਜੇ ਦੇ ਮੂੰਹ ਤੇ ਭੀ ਜੜ ਦਿੱਤੀ-ਲਹੂ ਦੀ ਧਾਰ ਇਵੇਂ ਵੱਗੀ ਜਿਵੇਂ ਸਾਵਣ ਦੀ ਝੜੀ ਚ ਪਰਨਾਲਾ ਚੱਲਦਾ ਹੈ-ਲਓ ਦੂਜੇ ਪਾਸਿਓਂ ਫਿਰ ਸਨਿਯਾਸੀ ਆ ਗਏ-ਜੁੱਤੀਆਂ ਲਾਹ ਕੇ ਪਕੜੀਆਂ ਹੱਥ ਵਿੱਚ-ਭਰਥ ਰੰਡੀਗਿਰ ਚੇਲਿਆਂ ਸਮੇਤ ਆਇਆ ਭੱਜਾ-ਘੇਰਿਆ ਬਾਲਕ ਰਾਮ-ਮਾਰ ਮਾਰ ਕੇ ਜੁੱਤੀਆਂ ਦੀਵਾਨਾ ਕਰਤਾ -ਘੁੰਮਿ ਘੁੰਮਿ ਕੇ ਵਾਰ ਤੇ ਵਾਰ ਜਿਵੇਂ ਛੱਲੀਆਂ ਕੁੱਟੀਦੀਆਂ ਹਨ-ਫਿਰ ਲੱਤ ਤੇ ਲੱਤ-ਹੂਰੇ ਤੇ ਹੂਰਾ ਪੈਣ ਦੇ ਜਿੱਥੇ ਪੈਂਦੀ ਐ-ਲਓ ਫੌੜੇ ਤੇ ਲਾਠੀਆਂ ਪਕੜੀਆਂ-ਕੀਤੇ ਵਾਰ-ਬੈਰਾਗੀਆਂ ਦੇ ਅੰਗ ਸੰਨਿਯਾਸੀਆਂ ਸੁਰੂ ਕੀਤੇ ਖਾਣੇ-ਬੈਰਾਗੀਆਂ ਨੂੰ ਬੜਾ ਕੱਟਿਆ ਤੇ ਕੁੱਟਿਆ-ਕਈਆਂ ਨੂੰ ਟੰਗਾ ਤੋਂ ਪਕੜ ਕੇ ਘੜੀਸਿਆ । ਆਖਰ ਮੁੰਡੇ ਤਾਂਬ੍ਰਕਲਾ ਕੋਲ ਆਏ ਕਹਿੰਦੇ ਸਾਨੂੰ ਸੰਨਿਯਾਸੀਆਂ ਬੜਾ ਕੁੱਟਿਆ । ਰਾਣੀ ਨੇ ਨਟ ਦੱਤਾ ਤ੍ਰੈਨ ਨੂੰ ਸੱਦਿਆ (ਸੰਨਿਯਾਸੀਆਂ ਦਾ ਗੁਰੂ ਦੱਤਾ ਹੈ) ਉਧਰ ਰਾਮਾਨੰਦ ਸੱਦਿਆ (ਬੈਰਾਗੀਆਂ ਦਾ ਗੁਰੂ ਰਾਮਾਨੰਦ ਹੈ) ਕਹਿੰਦੀ ਇਕ ਦਿਨ ਮੇਰੇ ਘਰ ਸੌਂਵੋ। ਦੋਨਾਂ ਨੂੰ ਸੌਣ ਲਈ ਵੱਖ ਵੱਖ ਥਾਂ ਦੇ ਦਿੱਤੀ ਬਸ ਇਉਂ ਸਮਝੌਤਾ ਹੋ ਗਿਆ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ ਜਿਸ ਅੱਗੇ ਸਾਡੇ ਵੱਡੇ ਵੱਡੇ ਪੁਜਾਰੀ ਸਿਜਦਾ ਕਰਦੇ ਹਨ । ਭਲਾਂ ਇਨ੍ਹਾਂ ਨੂੰ ਪੁੱਛੋ ਬਈ ਇਸ ਜੁੱਤਮ ਜੁੱਤੀ ਤੇ ਹੂਰਮ ਹੂਰੀ ਦਾ ਸਿੱਖ ਧਰਮ ਨਾਲ ਕੀ ਲੈਣਾ ਦੇਣਾ ।

(ਜਸ) ਇਕ ਗਿੱਠ ਥਾਂ ਬਦਲੇ, ਪੂਜਾਰੀ ਲੜੇ ਲੈ ਹੱਥ ਚ ਜੁੱਤੀਆਂ।
ਦੰਦਾਂ ਦੀਆਂ ਕਚੀਚੀਆਂ ਵੱਟ ਕੇ, ਦੋਨੇ ਹੱਥਾਂ ਨਾਲ ਜਟਾਂ ਖਿੱਚ ਪੁੱਟੀਆਂ ।

ਪਾਤਰ : ਰਾਜ ਸਿੰਘ (ਰਾਜਾ) ਤੇ ਬੀਰਕਲਾ (ਰਾਣੀ) (ਇਕ ਸੌ ਉਨਸਠਵੋਂ ਚਰਿਤ੍ਰ ਪੰਨਾ ੧੦੪੭-੧੦੪੮)

ਰਾਜ ਸਿੰਘ ਰਾਜੇ ਦਾ ਬੀਰ ਕਲਾ ਰਾਣੀ ਨਾਲ ਪ੍ਰੇਮ ਨੂੰ ਹਰ ਕੋਈ ਜਾਣਦਾ । ਉਹ ਦੂਜੀਆਂ ਰਾਣੀ ਨੂੰ ਭੁੱਲ ਕੇ ਭੀ ਨਾ ਬੁਲਾਉਂਦਾ ਤੇ ਨਾ ਹੀ ਉਨ੍ਹਾਂ ਦੇ ਮਹਲ ਜਾਂਦਾ। ਉਨ੍ਹਾਂ ਨੇ ਬੜੇ ਜੰਤ੍ਰ ਮੰਤ੍ਰ ਤੰਤ੍ਰ ਕੀਤੇ ਪਰ ਬਿਅਰਥ। ਸਭ ਅਪਣੇ ਮਨ ਚ ਝੂਰਦੀਆਂ :-

*ਇਹ ਚਿੰਤਾ ਚਿਤ ਮਾਂਝ ਚੰਚਲਾ ਸਭ ਧਰੈਂ ॥ ਹੋ ਜੰਤ੍ਰ ਮੰਤ੍ਰ ਅਰੁ ਤੰਤ੍ਰ ਰਾਵ ਸੌ ਸਭ ਕਰੈਂ ॥੨॥*
*ਚੌਪਈ ॥ ਜੰਤ੍ਰ ਮੰਤ੍ਰ ਸਭ ਹੀ ਕਰਿ ਹਾਰੇ ॥ ਕੈਸੇਹੂੰ ਪਰੇ ਹਾਥ ਨਹਿ ਪਯਾਰੇ ॥*(ਇਕ ਸੌ ਉਨਸਠਵੋਂ ਚਰਿਤ੍ਰ ਪੰਨਾ ੧੦੪੭)

ਨੋਟ :- ਸਿੱਖ ਧਰਮ ਵਿੱਚ ਜੰਤ੍ਰ ਮੰਤ੍ਰ ਤੰਤ੍ਰ ਕਰਨ ਤੇ ਕਰਵਾਉਣ ਦੀ ਸਖ਼ਤ ਮਨਾਹੀ ਹੈ। ਦੂਜੇ ਸਬਦਾਂ ਵਿੱਚ ਅਜਿਹਾ ਕਰਮ ਕਰਨ ਵਾਲਾ ਅਤੇ ਕਰਵਾਉਣ ਵਾਲਾ ਗੁਰੂ ਨਾਨਕ ਦਾ ਸਿੱਖ ਨਹੀਂ । ਸਿੱਖ ਧਰਮ ਅਜਿਹੇ ਮੰਦ ਕਰਮੀ ਨੂੰ ਲਾਹਨਤਾ ਪਾਉਂਦਾ ਹੈ। ਵਧੇਰੇ ਜਾਣਕਾਰੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਪੜ੍ਹੋ ਤੇ ਸਮਝੋ ।

ਉਨ੍ਹਾਂ ਦੀ ਇਕ ਸਹੇਲੀ ਕਹਿੰਦੀ ਜੇ ਮੈਂ ਰਾਜੇ ਅਤੇ ਰਾਣੀ ਬੀਰ ਕਲਾ ਦਾ ਪ੍ਰੇਮ ਤੋੜ ਦੇਵਾਂ ਤਾਂ ਕੀ ਇਨਾਮ ਦਿਓਗੀ। ਪਹਿਲਾਂ ਓਹ ਰਾਜੇ ਪਾਸ ਗਈ। ਰਾਜੇ ਦੇ ਕੰਨ ਕੋਲ ਮੂੰਹ ਕਰ ਕੇ ਆ ਗਈ ਤੇ ਫਿਰ ਰਾਣੀ ਕੋਲ ਗਈ ਓਹਦੇ ਭੀ ਕੰਨ ਕੋਲ ਮੂੰਹ ਕਰ ਕੇ ਵਾਪਸ ਆ ਗਈ। ਰਾਜੇ ਨੇ ਰਾਣੀ ਨੂੰ ਪੁੱਛਿਆ ਦੱਸ ਉਸ ਨੇ ਤੈਨੂੰ ਕੀ ਕਿਹਾ? ਰਾਣੀ ਚੁੱਪ। ਫਿਰ ਰਾਣੀ ਨੇ ਰਾਜੇ ਨੂੰ ਪੁੱਛਿਆ ਤੈਨੂੰ ਕੀ ਕਿਹਾ ? ਰਾਜਾ ਚੁੱਪ । ਬਸ ਇਸੇ ਘੁੰਮਣ ਘੇਰੀ ਤੇ ਸ਼ੰਕੇ ਵਿੱਚ ਦੋਨਾਂ ਦੇ ਪਿਆਰ ਦਾ ਰਿਸਤਾ ਟੁੱਟ ਗਿਆ ।

ਨੋਟ :- ਗਿਆਨ ਧਿਆਨ ਤੇ ਰੱਬ ਦੇ ਮਿਲਾਪ ਦੀ ਕੋਈ ਸਿੱਖਿਆ ਲੈਣੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੋ ਅਤੇ ਸਮਝੋ । ਜੇਕਰ ਕਾਮ ਦਾ ਗਿਆਨ ਅਤੇ ਇਸ਼ਕ ਮੁਸ਼ਕ ਪੜ੍ਹਨਾ ਹੈ ਤਾਂ ਦਸਮ ਗ੍ਰੰਥ ਪੜ੍ਹੋ ।

ਪਾਤਰ : ਬਲਵੰਤ ਸਿੰਘ, ਸਾਠਿ ਰਾਨੀ, ਕ੍ਰਿਸ਼ਨ ਕਲਾ (ਸਹਚਰੀ) ਤੇ ਰੁਕਮਕਲਾ (ਰਾਨੀ) (ਇਕ ਸੌ ਸਾਠਵੋਂ ਚਰਿਤ੍ਰ ਪੰਨਾ ੧੦੪੮-੪੯)

ਬਲਵੰਤ ਸਿੰਘ ਰਾਜੇ ਜਿਹਾ ਸਨੁੱਖਾ ਬੰਦਾ ਦੇਖ ਕੇ ਖਗ ਮ੍ਰਿਗ ਜੱਛ ਤੇ ਖੜੱਪੇ ਸੱਪ ਕੀਲੇ ਜਾਂਦੇ। (ਕਵੀ ਅਪਣੀ ਕਾਵਿ ਰਚਨਾਂ ਚ ਇਸੇ ਕਾਵਿ ਬੰਦ ਨੂੰ ਕਈ ਵਾਰੀ ਔਰਤ ਦੀ ਸੁਹੱਪਣਤਾ ਲਈ ਵਰਤ ਚੁੱਕਿਆ ਹੈ ਤੇ ਹੁਣ ਮਰਦ ਦੀ ਸੁੰਦਰਤਾ ਲਈ ਉਸੇ ਬੰਦ ਨੂੰ ਵਰਤਿਆ ਹੈ) ਉਸ ਦੇ ਘਰ ਬੇਅੰਤ ਸੁੰਦਰ ੬੦ ਰਾਣੀਆਂ ਸਨ ਜਿਨ੍ਹਾਂ ਨਾਲ ਬਾਰੀ ਬਾਰੀ ਭੋਗ ਕਰਦਾ ।

*ਰਾਨੀ ਸਾਠਿ ਸਦਨ ਤਿਹ ਮਾਹੀ ॥ ਰੂਪਵਤੀ ਤਿਨ ਸਮ ਕਹੂੰ ਨਾਹੀ ॥*
*ਸਭਹਿਨ ਸੌ ਪਤਿ ਨੇਹ ਬਢਾਵਤ ॥ ਬਾਰੀ ਬਾਰੀ ਕੇਲ ਕਮਾਵਤ ॥੨॥* (ਇਕ ਸੌ ਸਾਠਵੇਂ ਚਰਿਤ੍ਰ ਪੰਨਾ ੧੦੪੮)

ਰੁਕਮ ਕਲਾ ਰਾਣੀ ਬਾਕੀ ਰਾਣੀਆਂ ਚੋਂ ਸਭ ਤੋਂ ਸੋਹਣੀ ਸੀ ਜਦ ਉਸ ਨੂੰ ਕਾਮ ਸਤਾਉਂਦਾ ਅਪਣੀ ਸਹੇਲੀ ਭੇਜ ਕੇ ਰਾਜੇ ਨੂੰ ਬੁਲਾਉਂਦੀ । ਇਕ ਦਿਨ ਉਹ ਸਖੀ (ਕ੍ਰਿਸ਼ਨ ਕਲਾ) ਰਾਜੇ ਨੂੰ ਬੁਲਾਉਣ ਗਈ ਤਾਂ ਰਾਜੇ ਨੂੰ ਕਹਿੰਦੀ ਮੈਂ ਤੇਰਾ ਰੂਪ ਤੱਕ ਕੇ ਦੀਵਾਨੀ ਹੋ ਗਈ ਹਾਂ ਮੇਰੇ ਨਾਲ ਸੰਭੋਗ ਕਰੋ :-

*ਦੋਹਰਾ ॥ ਸੁਧਿ ਭੂਲੀ ਮੋਰੀ ਸਭੈ ਬਿਰਹ ਬਿਕਲ ਭਯੋ ਅੰਗ ॥*
*ਕਾਮ ਕਾਲ ਮੋਸੌ ਕਰੌ ਗਹਿ ਗਹਿ ਰੇ ਸਰਬੰਗ ॥੬॥* (ਇਕ ਸੌ ਸਾਠਵੇਂ ਚਰਿਤ੍ਰ ਪੰਨਾ ੧੦੪੮)

ਜਦ ਰਾਜੇ ਨੇ ਅਜਿਹਾ ਸੁਣਿਆ ਤਾਂ ਉਹ ਭੋਗ ਕਰਨ ਲਈ ਲਲਚਾ ਗਿਆ ਤੇ ਸੁਰੂ ਹੋ ਗਿਆ ਕਾਮ ਖੇਲ :-

*ਚੌਪਈ ॥ ਜਬ ਰਾਜੈ ਐਸੇ ਸੁਨਿ ਪਾਯੋ ॥ ਤਾਕੋ ਭੋਗ ਹੇਤ ਲਲਚਾਯੋ ॥*
*ਲਪਟਿ ਲਪਟਿ ਤਾਸੌ ਰਤਿ ਕਰੀ ॥ ਚਿਮਟਿ ਚਿਮਟਿ ਆਸਨ ਤਨ ਧਰੀ ॥੭॥*
*ਚਿਮਟਿ ਚਿਮਟਿ ਤਾਸੌ ਰਤਿ ਮਾਨੀ ॥ ਕਾਮਾਤੁਰ ਹ੍ਵੈ ਤ੍ਰਿਯ ਲਪਟਾਨੀ ॥*
*ਨ੍ਰਿਪ ਬਰ ਛਿਨਕਿ ਨ ਛੋਰਯੋ ਭਾਵੈ ॥ ਗਹਿ ਗਹਿ ਤਾਹਿ ਗਰੇ ਸੌ ਲਾਵੈ ॥੮॥* (ਇਕ ਸੌ ਸਾਠਵੇਂ ਚਰਿਤ੍ਰ ਪੰਨਾ ੧੦੪੮)

ਉਨ੍ਹਾਂ ਭਾਂਤ ਭਾਂਤ ਦੇ ਆਸਣ ਕੀਤੇ ਤੇ ਚੁੰਬਨ ਲਏ ਉਨ੍ਹਾਂ ਦੇ ਇਸ ਕਰਮ ਦਾ ਕੋਈ ਲੇਖਾ ਨਹੀਂ ਲਿਖ ਸਕਦਾ।

*ਦੋਹਰਾ ॥ ਭਾਂਤਿ ਭਾਂਤਿ ਆਸਨ ਲਏ ਚੁੰਬਨ ਕਰੇ ਬਨਾਇ ॥*
*ਚਿਮਟਿ ਚਿਮਟਿ ਭੋਗਤ ਭਯੋ ਗਨਨਾ ਗਨੀ ਨਾ ਜਾਇ ॥੯॥* (ਇਕ ਸੌ ਸਾਠਵੇਂ ਚਰਿਤ੍ਰ ਪੰਨਾ ੧੦੪੮)

ਰਾਜੇ ਨੇ ਭੰਗ ਚਬਾਈ ਤੇ ਹਫੀਮ ਦਾ ਗੋਲਾ ਖਾਧਾ ਫਿਰ ਸ਼ਰਾਬ ਤੇ ਹੋਰ ਨਸ਼ੇ ਕੀਤੇ ਤੇ ਫਿਰ ਔਰਤ ਭੋਗਣ ਲੱਗਾ।

*ਸਵੈਯਾ ॥ ਖਾਇ ਬੰਧੇਜਨ ਕੀ ਬਰਿਯੈਂ ਨ੍ਰਿਪ ਭਾਂਗ ਚਬਾਇ ਹਫੀਮ ਚੜ੍ਹਾਈ ॥*
*ਪੀਤ ਸ਼ਰਾਬ ਬਿਰਾਜਤ ਸੁੰਦਰ ਕਾਮ ਕੀ ਰੀਤਿ ਸੌ ਪ੍ਰੀਤਿ ਮਚਾਈ ॥*
*ਆਸਨ ਔਰ ਅਲਿੰਗਨ ਚੁੰਬਨ ਭਾਂਤਿ ਅਨੇਕ ਲੀਏ ਸੁਖਦਾਈ ॥*
*ਯੌ ਤਿਹ ਤੋਰਿ ਕੁਚਾਨ ਮਰੋਰਿ ਸੁ ਭੋਰ ਲਗੇ ਝਕਝੋਰਿ ਬਜਾਈ ॥੧੦॥*

ਤੇ ਰਾਜਾ ਸਵੇਰ ਹੋਣ ਤੱਕ ਖੁਸ਼ੀ ਖੁਸ਼ੀ ਔਰਤ ਭੋਗਦਾ ਰਿਹਾ :-

*ਅੜਿੱਲ ॥ ਰਤਿ ਮਾਨੀ ਤਿਹ ਸੰਗ ਨ੍ਰਿਪਤਿ ਹਰਖਾਇਕੈ ॥*
*ਕਾਮਾਤੁਰ ਹ੍ਵੈ ਜਾਤ ਤ੍ਰਿਆ ਲਪਟਾਇਕੈ ॥*
*ਭਾਂਤਿ ਭਾਂਤਿ ਕੇ ਆਸਨ ਲਏ ਬਨਾਇ ਕਰਿ ॥*
*ਹੋ ਭੋਰ ਹੋਤ ਲੌ ਭਜੀ ਹਿਯੇ ਸੁਖ ਪਾਇ ਕਰਿ॥੧੧॥* (ਇਕ ਸੌ ਸਾਠਵੇਂ ਚਰਿਤ੍ਰ ਪੰਨਾ ੧੦੪੯)

ਸਵੇਰ ਹੁੰਦੇ ਹੀ ਰਾਜੇ ਨੇ ਨੌਕਰਾਣੀ ਬਿਦਾ ਕਰ ਦਿੱਤੀ । ਰੁਕਮਕਲਾ ਨੇ ਅਪਣੀ ਸਖੀ ਕ੍ਰਿਸਨ ਕਲਾ ਨੂੰ ਕੋਲ ਬੁਲਾ ਕੇ ਪੁੱਛਿਆ ਕਿ ਬੜੀ ਹੌਂਕਣੀ ਚੜੀ ਐ ਕੀ ਇਥੋਂ ਦੌੜੀ ਦੌੜੀ ਗਈ ਸੀ ? ਬਾਲ ਬੀ ਖੁੱਲੇ ਐਂ ਕਿਆ ਰਾਜੇ ਦੇ ਪੈਰੀਂ ਪਈ ਸੀ । ਬੁੱਲਾਂ ਦੀ ਲਾਲੀ ਭੀ ਉਡੀ ਹੈ ਤੇ ਹੋਰ ਬਹੁਤ ਕੁੱਝ ......।

ਨੋਟ :- ਸਾਡੇ ਵੱਡੇ ਪੁਜਾਰੀ ਇਸ ਅਤਿ ਗੰਦੀ ਤੇ ਅਸ਼ਲੀਲ ਕਿਤਾਬ ਦਾ ਪ੍ਰਕਾਸ਼ ਸਿੱਖ ਧਰਮ ਦੇ ਮਿੱਥੇ ਦੋ ਤਖ਼ਤਾਂ ਤੇ ਕਰਦੇ ਹਨ ਅਤੇ ਬਾਕੀ ਦੇ ਤਿੰਨ ਤਖ਼ਤਾਂ ਤੇ ਭੀ ਪ੍ਰਕਾਸ਼ ਕਰਨ ਲਈ ਪੂਰਾ ਤਾਣ ਲਾ ਰਹੇ ਹਨ। ਜੇਕਰ ਉਨ੍ਹਾਂ ਦੀ ਹੀ ਧੀ ਭੈਣ ਜਾਂ ਮਾਂ ਇਸ ਗੰਦੀ ਕਿਤਾਬ ਤੋਂ ਹੁਕਮਨਾਮਾ ਲੈਣ ਬੈਠ ਜਾਏ ਤਾਂ ਉਸ ਬੱਚੀ ਦੇ ਮਨ ਦੀ ਹਾਲਤ ਕੀ ਹੋਏਗੀ? ਇਸ ਕਿਤਾਬ ਦਾ ਨਿਰਾ ਵਿਰੋਧ ਹੀ ਨਹੀਂ ਕੀਤਾ ਜਾਣਾ ਚਾਹੀਦਾ ਬਲਕਿ ਇਸ ਦਾ ਨਾਮੋ ਨਿਸ਼ਾਨ ਮਿਟਾ ਦੇਣਾ ਚਾਹੀਦਾ ਹੈ। ਇਸ ਦੀ ਹੋਂਦ ਨੌਜੁਆਨ ਪੀੜ੍ਹੀ ਲਈ ਵੱਡਾ ਖ਼ਤਰਾ ਹੈ ਅਤੇ ਸਿੱਖ ਸਮਾਜ ਦੇ ਮੱਥੇ ਵੱਡਾ ਕਲੰਕ। ਅਸੀਂ ਇਹ ਪੜ੍ਹਦੇ ਆ ਰਹੇ ਹਾਂ ਕਿ ਲਿਖਾਰੀ ਮੁਖ ਪਾਤਰ **ਸਿੰਘ** ਨੂੰ ਬਣਾਉਂਦਾ ਹੈ। ਉਸ ਦੇ ਕਰੈਕਟਰ ਤੇ ਕਰਾਰੇ ਵਾਰ ਕਰਦਾ ਹੈ। ਅਪਣੀ ਗੰਦੀ ਸ਼ਕਲ ਛੁਪਾਣ ਹਿੱਤ ਇਹ ਮਸ਼ਕਰੀ ਭਰੇ ਅੰਦਾਜ ਨਾਲ ਇਸ ਗੰਦ ਤੇ ਪਾਤਸ਼ਾਹੀ ੧੦ ਲਿਖਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਗੁਰਸਿੱਖਾਂ ਨੂੰ ਅਜਿਹਾ ਗੰਦ ਪੜ੍ਹਨ ਨੂੰ ਦੇਣਗੇ ? ਬੜੇ ਬੇਸ਼ਰਮ ਅਤੇ ਢੀਠ ਹਨ ਲੋਕ। ਬਾਣਾ ਪੂਰਨ ਗੁਰਸਿੱਖਾਂ ਵਾਲਾ ਪਹਿਨਦੇ ਹਨ ਤੇ ਅਪਮਾਨ ਗੁਰੂ ਗੋਬਿੰਦ ਸਿੰਘ ਜੀ ਦਾ ਕਰਦੇ ਹਨ। ਇਨ੍ਹਾਂ ਨੂੰ ਕਿਸੇ ਭੀ ਹਾਲਤ ਵਿੱਚ ਗੁਰੂ ਨਾਨਕ ਦੇ ਸਿੱਖ ਨਹੀਂ ਕਿਹਾ ਜਾ ਸਕਦਾ ਇਹ ਮਹਾਂ ਗੰਦੇ ਲੋਕ ਹਨ। ਮਾਂ-ਭੈਣ-ਧੀ ਦੀ ਸ਼ਰਮ ਭੀ ਨਹੀਂ ਕਰਦੇ । ਜੇਕਰ ਤੁਸੀਂ ਗੁਰੂ ਨਾਨਕ ਦੇ ਸਿੱਖ ਅਪਣੇ ਆਪ ਨੂੰ ਸਮਝਦੇ ਹੋ ਤਾਂ ਪੁਜਾਰੀਆਂ ਤੋਂ ਇਸ ਮੰਦੀ ਕਰਤੂਤ ਕਰਨ ਦਾ ਕਾਰਣ ਜਰੂਰ ਪੁੱਛਣਾ। ਮੈਂ ਕੇਵਲ ਸਿੱਖ ਕੌਮ ਨੂੰ ਜਗਾਣ ਹਿੱਤ ਇਸ ਗ੍ਰੰਥ ਵਿਚਲਾ ਕੁੱਝ ਹਿੱਸਾ ਪ੍ਰਗਟ ਕਰਨ ਦੀ ਦਲੇਰੀ ਕੀਤੀ ਹੈ ਤਾਂ ਕਿ ਸਿੱਖ ਧਰਮ ਦੇ ਘੁਸਪੈਠੀਏ ਗੁਰਸਿੱਖਾਂ ਦਾ ਅਤੇ ਗੁਰੂ ਦਾ ਘੋਰ ਅਪਮਾਨ ਨਾ ਕਰ ਸਕਣ ।

ਇਲਾਕਾ : ਨਰਵਰ ਅਤੇ ਨਵਕੋਟੀ ਮਰਵਾਰ (ਇਕ ਸੌ ਇਕਸਠਵੋਂ ਚਰਿਤ੍ਰ ਪੰਨਾ ੧੦੪੯-੧੦੫੨)

ਪਾਤਰ : ਬੀਰਸੈਨ (ਰਾਜਾ), ਸੂਰਨਮਤੀ (ਰਾਣੀ), ਸੂਰਸੈਨ (ਨਾਥ) ਤੇ ਬੀਰਕਲਾ (ਨਾਰੀ)

**ਸੰਭੋਗ ਕਰਨਾ ਸਿੱਖੋ (ਢੋਲਨ ਤੇ ਸ਼ੰਮਸ ਦੀ ਕਹਾਣੀ :** ਨਰਵਰ ਦੇ ਰਾਜੇ ਬੀਰਸੈਨ ਦੀ ਔਰਤ ਸੂਰਨਮਤੀ ਐਨੀ ਸੋਹਣੀ ਮਾਨੋਂ ਸਮੁੰਦਰ ਰਿੜਕ ਕੇ ਕੱਢੀ ਹੋਏ । ਰਾਜਾ ਪ੍ਰੀਵਾਰ ਸਮੇਤ ਇਹ ਸੁਣ ਕੇ ਕਿ ਕੁਰੂਛੇਤ੍ਰ ਸੂਰਜ ਗ੍ਰਹਿਨ ਲੱਗਣਾ ਹੈ ਬਾਮ੍ਹਣਾਂ ਨੂੰ ਬਹੁਤਾ ਦਾਨ ਕਰ ਕੇ ਕੁਰੂਛੇਤ੍ਰ ਨਾਣ੍ਹ ਤੁਰ ਪਿਆ ਉਦੋਂ ਸੂਰਨਮਤੀ ਗਰਭਵਤੀ ਸੀ। ਨਵਕੋਟੀ ਮਰਵਾਰ ਦਾ ਰਾਜਾ ਸੂਰ ਸੈਨ ਅਪਣੀ ਚੰਬੇਲੀ ਵਰਗੀ ਸੋਹਣੀ ਔਰਤ ਬੀਰਕਲਾ ਨੂੰ ਜੋ ਗਰਭਵਤੀ ਸੀ ਕੁਰੂਛੇਤ੍ਰ ਪ੍ਰੀਵਾਰ ਸਮੇਤ ਨਾਣ੍ਹ ਪੁੱਜਾ। ਦੋਨੇ ਮਿਲ ਕੇ ਬੜੇ ਖੁਸ਼ ਹੋਏ। ਦਿਲ ਨਾਲ ਦਿਲ ਤੇ ਬਾਹਵਾਂ ਪਾ ਕੇ ਮਿਲੇ। ਅਪਣੇ ਦੇਸ ਦੀਆਂ ਕਹਾਣੀਆਂ ਸੁਣਾਉਂਦੇ ਤੇ ਸੁੱਖ ਸਾਂਦ ਪੁੱਛ ਕੇ ਆਖਰ ਇਹ ਧਾਰ ਬੈਠੇ ਕਿ ਜੇਕਰ ਦੋਨਾਂ ਰਾਣੀਆਂ ਦੇ ਪੁੱਤ ਜੰਮੇਂ ਤਾਂ ਅਗਲੀ ਵਾਰ ਫਿਰ ਮਿਲਾਂਗੇ ਤੇ ਜੇਕਰ ਕਿਸੇ ਇਕ ਦੇ ਕੁੜੀ ਜੰਮੀਂ ਤਾਂ ਦੋਨਾਂ ਦਾ ਵਿਆਹ ਕਰ ਦਿੱਤਾ ਜਾਏਗਾ। ਰੱਬ ਦੀ ਕਰਨੀ ਇਕ ਦੇ ਮੁੰਡਾ ਜੰਮਿਆ ਤੇ ਦੂਜੇ ਦੇ ਕੁੜੀ। ਕੁੜੀ ਦਾ ਨਾਂ ਸ਼ੰਮਸ ਰੱਖਿਆ ਤੇ ਮੁੰਡੇ ਦਾ ਢੋਲਾ। ਦੋਨਾਂ ਨੂੰ ਟੋਕਰੀ ਚ ਬਿਠਾ ਕੇ ਕੀਤੇ ਕੌਲ ਅਨੁਸਾਰ ਵਿਆਹ ਕਰ ਦਿੱਤਾ ਤੇ ਅਪਣੇ ਅਪਣੇ ਦੇਸ ਚਲੇ ਗਏ। ਕਈ ਸਾਲ ਬੀਤ ਜਾਣ ਤੋਂ ਬਾਦ ਜਦ ਉਨ੍ਹਾਂ ਅਪਣਾ ਰਾਜ ਸੰਭਾਲਿਆ ਤਾਂ ਅਪਣੇ ਵਿਆਹ ਦੀ ਯਾਦ ਆਈ ।

ਬਚਪਨ ਬੀਤਿਆ ਤੇ ਜਵਾਨੀ ਆਈ-ਅੰਗ ਅੰਗ ਮੁਸ਼ਕਾ ਗਿਆ । ਇਕ ਦਿਨ ਮਿਰਗ ਮਾਰ ਕੇ ਢੋਲਨ ਨੇ ਅਪਣੇ ਚਿੱਤ ਵਿੱਚ ਵਿਚਾਰਿਆ ਕਿ ਬਾਮ੍ਹਣ ਨੇ ਬਚਪਨ ਵਿੱਚ ਹੀ ਸਾਡਾ ਵਿਆਹ ਕਰ ਦਿੱਤਾ ਤੇ ਚੰਗੇ ਮਾੜੇ ਦੀ ਪਰਖ ਕੀਤੀ ਹੀ ਨਹੀਂ । ਉਹ ਘਰ ਆਉਣ ਦੀ ਬਿਜਾਏ ਸਿੱਧਾ ਸੌਹਰੇ ਘਰ ਨੂੰ ਹੋ ਤੁਰਿਆ ।

ਸੂਰਸੈਨ ਰਾਜੇ ਨੇ ਸੁਣਿਆ ਕਿ ਬੀਰਸੈਨ ਦਾ ਪੁੱਤ (ਜਵਾਈ) ਆਇਆ ਹੈ ਉਸ ਨੇ ਉਸ ਦਾ ਚੰਗਾ ਆਦਰ ਕੀਤਾ । ਰਾਣੀ ਅਤੇ ਉਸ ਦੀ ਧੀ ਸ਼ੰਮਸ ਨੇ ਜਦ ਸੁਣਿਆ ਕਿ ਢੋਲਾ ਸਾਡੇ ਦੇਸ ਆਇਆ ਹੈ ਤਾਂ ਸ਼ੰਮਸ ਫੁੱਲ ਗਈ ਉਸ ਨੇ ਦਿਲ ਵਿੱਚ ਬਹੁਤ ਖੁਸ਼ੀ ਮਨਾਈ। ਉਹ ਦੁਰਬਲ ਤੋਂ ਤੰਦਰੁਸਤ ਹੋ ਗਈ ਉਹ ਅਪਣੇ ਪਿਆਰੇ ਨੂੰ ਮਿਲ ਕੇ ਬਹੁਤ ਖੁਸ਼ ਹੋਈ ਤੇ ਖਿੱਚ ਖਿੱਚ ਕੇ ਉਸ ਨੂੰ ਅਪਣੇ ਗਲੇ ਲਗਾਇਆ। ਓਹਦਾ ਚਿੱਤ ਨਹੀਂ ਸੀ ਕਰਦਾ ਕਿ ਮੈਂ ਛੈਲ ਛਬੀਲੇ ਨੂੰ ਛੱਡ ਦੇਵਾਂ । ਜੇਕਰ ਖਸਮ ਪਤਲਾ ਹੋਏ ਤੇ ਔਰਤ ਭੀ ਪਤਲੀ ਓਹੋ ਹੀ ਪ੍ਰਮ ਪ੍ਰੀਤਿ ਦੀ ਸਿਖਰ ਤੱਕ ਪੁੱਜ ਸਕਦੇ ਹਨ । ਢੋਲਨ ਸ਼ੰਮਸ ਨਾਲ ਖਿਚ ਧੂਹ ਵਾਲੀ ਪ੍ਰੇਮ ਲੀਲਾ ਨਾ ਕਰਦਾ ਤੇ ਨਾ ਹੀ ਓਹਦੀ ਕਲਾਈ ਮਰੋੜਦਾ। ਸ਼ੰਮਸ ਨੂੰ ਇਸ ਦਾ ਚਿੱਤ ਚ ਝੋਰਾ ਲੱਗਾ ।

*ਦੋਹਰਾ ॥ ਤਬ ਸ਼ੰਮਸ ਐਸੇ ਕਹਯੋ ਸੁਨਿਹੋ ਢੋਲਨ ਮੀਤ ॥*
*ਰਤਿ ਕਸਿ ਕਸਿ ਮੈਸੌ ਕਰੌ ਹ੍ਵੈ ਕੈ ਹ੍ਰਿਦੈ ਨਿਚੀਤ ॥੨੨॥*
*ਨਿਡਰ ਹੋਇ ਤੁਮ ਮੁਹਿ ਭਜੋ ਸ਼ੰਕਾ ਕਰੌ ਨ ਏਕ ॥*
*ਜਯੋ ਰੇਸ਼ਮ ਟੂਟੇ ਨਹੀ ਕਸਿ ਸੈਂਕਰੋ ਅਨੇਕ ॥੨੪॥* (ਇਕ ਸੌ ਇਕਸਠਵੋਂ ਚਰਿਤ੍ਰ ਪੰਨਾ ੧੦੫੧)

ਢੋਲਨ ਦੇ ਇਹ ਸੁਣਨ ਦੀ ਦੇਰ ਸੀ ਬਸ ਫੇਰ :-

*ਅੜਿੱਲ ॥ ਸੁਨਤ ਪਿਯਰਵਾ ਬੈਨ ਤਾਹਿ ਭੋਗਤ ਭਯੋ ॥ ਚੌਰਾਸੀ ਆਸਨ ਸ਼ੰਮਸ ਕੇ ਕਸਿ ਲਯੋ ॥*
*ਚੁੰਬਨ ਲਏ ਅਨੇਕ ਅੰਗ ਲਪਟਾਇਕੈ ॥ ਹੋ ਚਿਮਟਿ ਚਿਮਟਿ ਤਿਹ ਭਜਿਯੋ ਹਰਖ ਉਪਜਾਇਕੈ॥੨੫॥*
*ਚਤੁਰੁ ਚਤੁਰਿਯਾ ਚਿਮਟਿ ਚਿਮਟਿ ਰਤ ਮਾਨਹੀ ॥ ਬਿਹਸਿ ਬਿਹਸਿ ਬਹੁ ਭਾਂਤਿਨ ਬਚਨ ਬਖਾਨਹੀ ॥*
*ਤ੍ਰਿਯ ਤਿਹਾਰੋ ਆਸਨ ਤਜਯੋ ਨ ਜਾਵਈ ॥ ਹੋ ਕਹਿ ਕਹਿ ਐਸੀ ਭਾਂਤਿ ਗਲੇ ਲਪਟਾਵਹੀ ॥੨੬॥*
*ਭਾਂਤਿ ਭਾਂਤਿ ਅਬਲਾ ਕੇ ਆਸਨ ਲੇਤ ਭਯੋ ॥ ਲਪਟਿ ਲਪਟਿ ਕਰਿ ਗਰੇ ਤਾਂਹਿ ਸੁਖ ਦੇਤ ਭਯੋ ॥*
*ਚਿਮਟਿ ਚਿਮਟਿ ਰਤ ਕਰੈ ਦੋਊ ਮੁਸਕਾਇਕੈ ॥ ਹੋ ਸਕਲ ਕੋਕ ਕੈ ਮਤ ਕੌ ਕਹੈ ਬਨਾਇਕੈ ॥੨੭॥*

(ਇਕ ਸੌ ਇਕਸਠਵੋਂ ਚਰਿਤ੍ਰ ਪੰਨਾ ੧੦੫੧)

ਢੋਲਨ ਮੁਕਲਾਵਾ ਲੈ ਕੇ ਨਰਵਰ ਗੜ੍ਹ ਲਈ ਚੱਲ ਪਿਆ। ਉਧਰ ਉਸ ਦੇ ਇਸ ਵਿਆਹ ਦੀ ਗੂੰਜ ਦੂਜੀਆਂ ਰਾਣੀਆਂ ਦੇ ਕੰਨਾਂ ਚ ਪਈ। ਉਨ੍ਹਾਂ ਦਿਲ ਚ ਬੜਾ ਗੁੱਸਾ ਖਾਧਾ। ਸੂਰਨਮਤੀ ਕਹਿੰਦੀ ਅਪਣੇ ਖਸਮ ਬੀਰ ਸੈਨ ਨੂੰ ਕਿ ਢੋਲਾ ਅਪਣੀ ਔਰਤ ਲੈਣ ਚਲੇ ਗਿਆ। ਜੇਕਰ ਤੂੰ ਉਸ ਨੂੰ ਦੇਸ ਨਿਕਾਲਾ ਨਾ ਦਿੱਤਾ ਤਾਂ ਉਹ ਤੇਰਾ ਕਤਲ ਕਰ ਦੇਵੇਗਾ । ਰਾਜਾ ਸੁਣ ਕੇ ਕਹਿੰਦਾ ਉਹ ਮੇਰੇ ਪੁੱਛੇ ਬਿਨਾ ਔਰਤ ਲੈਣ ਨਹੀਂ ਜਾ ਸਕਦਾ। ਓਹ ਕਹਿੰਦਾ ਕਿ ਪੁੱਤ ਨੂੰ ਆਖੋ ਕਿ ਬਾਰਾਂ ਸਾਲ ਜੰਗਲ ਚ ਰਹੇ ਮੈਨੂੰ ਅਪਣੀ ਸ਼ਕਲ ਨਾ ਦਿਖਾਏ । ਢੋਲਨ ਕਹਿੰਦਾ ਮੇਰਾ ਸੁਨੇਹਾ ਜਾ ਦੇਵੀਂ ਕਿ ਜੇਕਰ ਜਿੰਦਾ ਰਹੇ ਤਾਂ ਹੀ ਨਰਵਰ ਕੋਟ ਆ ਮਿਲਾਂਗੇ। ਉਹ ਬਾਰਾਂ ਸਾਲ ਦਾ ਬਨਵਾਸ ਸ਼ੰਮਸ ਨਾਲ ਕੱਟ ਕੇ ਤੇਰਵੇਂ ਸਾਲ ਘਰ ਪਰਤਿਆ ਉਦੋਂ ਓਹਦਾ ਬਾਪ ਮਰ ਚੁੱਕਾ ਸੀ। ਉਸ ਨੇ ਆ ਕੇ ਰਾਜ ਭਾਗ ਸੰਭਾਲਿਆ ਤੇ ਸੁੱਖ ਦਾ ਰਾਜ ਕੀਤਾ ।

ਨੋਟ :- ਬਾਰ ਬਾਰ ਇਹ ਲਿਖਦਿਆਂ ਸ਼ਰਮ ਆਉਂਦੀ ਹੈ ਕਿ ਸਾਡੇ ਵੱਡੇ ਪੁਜਾਰੀ, ਧਰਮ ਦੇ ਵੱਡੇ ਠੇਕੇਦਾਰ, ਸੰਤ ਸਾਧ, ਬ੍ਰਹਮਗਿਆਨੀ, ਅਨੇਕਾਂ ਹੀ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ, ਡੇਰੇ, ਸਿਆਸੀ ਲੋਕ ਬਿਨਾਂ ਪੜ੍ਹੇ ਅਤੇ ਸੋਚੇ ਆਖਦੇ ਹਨ ਕਿ ਇਹ ਕ੍ਰਿਤਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ। ਸਾਡੇ ਅਨੇਕਾਂ ਹੀ ਪ੍ਰਚਾਰਕ ਤੇ ਕਥਾਕਾਰ ਚਟਕਾਰੇ ਲੈ ਲੈ ਦਸਮ ਗ੍ਰੰਥ ਦੀਆਂ ਅਨੇਕਾਂ ਕਹਾਣੀਆਂ ਨੂੰ ਅਪਣੇ ਰੰਗ ਚ ਰੰਗ ਕੇ ਸਟੇਜਾਂ ਤੇ ਪੇਸ਼ ਕਰਦੇ ਹਨ। ਮੈਂ ਇਨ੍ਹਾਂ ਨੂੰ ਬੇ-ਸ਼ਰਮ ਲੋਕਾਂ ਦੀ ਗਿਣਤੀ ਵਿੱਚ ਦੇਖਦਾ ਹਾਂ । ਇਨ੍ਹਾਂ ਨੂੰ ਕਿਸੇ ਭੀ ਕੀਮਤ ਤੇ ਸਿੱਖ ਨਹੀਂ ਕਿਹਾ ਜਾ ਸਕਦਾ। ਇਹ ਗੰਦੇ ਲੋਕ ਹਨ, ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ ਕੀਤਾ ਹੈ। ਹਰ ਮੰਦੀ ਤੋਂ ਮੰਦੀ ਰਚਨਾਂ ਪਾਤਸ਼ਾਹੀ ੧੦ ਲਿਖ ਕੇ ਸਮੁੱਚੀ ਸਿੱਖ ਕੌਮ ਦਾ ਮਜਾਕ ਉਡਾ ਰਹੇ ਹਨ। ਇਹ ਸੋਚਦੇ ਹਨ ਕਿ ਸਿੱਖ ਕੌਮ ਅਨਪੜ੍ਹ ਹੈ ਪੰਜਾਬੀ ਦੇ ਅਰਥ ਕਰਨਾ ਭੀ ਨਹੀਂ ਜਾਣਦੀ। ਕੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਧੀਆਂ ਤੇ ਪੁੱਤਰਾਂ ਨੂੰ ਅਜਿਹੀ ਗੰਦੀ ਸਿੱਖਿਆ ਦੇਣਗੇ ? ਬੇਸ਼ਰਮੋ ਸ਼ਰਮ ਕਰੋ । ਤੁਹਾਡੇ ਹੀ ਖਾਤਰ ਗੁਰੂ ਜੀ ਸਰਬੰਸ ਵਾਰਿਆ ਤੇ ਅਸੈਹਿ ਤੇ ਅਕੈਹਿ ਕਸਟਿ ਝੱਲੇ । ਨਮਕ ਹਰਾਮੀ ਨਾ ਬਣੋ ਅਤੇ ਸਿੱਖ ਧਰਮ ਤੇ ਗੁਰੂ ਦਾ ਅਪਮਾਨ ਨਾ ਕਰੋ । ਬਾ-ਹੋਸਿਆਰ-ਖ਼ਬਰਦਾਰ, ਜਾਗਦੇ ਰਹਿਓ !

## ਦੇਸ : ਪਤੀਸਾ (ਇਕ ਸੌ ਬਾਸਠਵੇਂ ਚਰਿਤ੍ਰ ਪੰਨਾ ੧੦੫੨-੧੦੫੩)

ਪਾਤਰ : ਚਿੱਤ੍ਰਮਤੀ (ਤਸਕਰ), ਦਾਮੋਦਰ, ਔਰਤ ਤੁੰਦਕਲਾ ਤੇ ਅੱਠ ਚੋਰ ਔਰਤਾਂ

**ਚੋਰੀ ਕਰ ਕੇ ਫਾਂਸੀ ਦੇਣੀ ਸਿੱਖੋ :** ਪਤੀਸਾ ਦੇਸ ਵਿੱਚ ਅੱਠ ਔਰਤਾਂ ਰਹਿੰਦੀਆਂ । ਦੋ ਤਿੰਨ ਚੋਰ ਔਰਤਾਂ ਦੀ ਸਿਰਦਾਰ ਚਿੱਤ੍ਰਮਤੀ ਅਪਣੇ ਚੁੰਗਲ ਤੇ ਝਾਂਸੇ ਵਿੱਚ ਫਸਾ ਕੇ ਰਾਹ ਜਾਂਦੇ ਹਜਾਰਾਂ ਹੀ ਲੋਕਾਂ ਨੂੰ ਮਾਰ ਮੁਕਾਉਂਦੀ ਅਤੇ ਓਹਦਾ ਸਾਰਾ ਧੰਨ ਲੁੱਟ ਲੈਂਦੀ। ਇਕ ਦਿਨ ਇਕ ਔਰਤ ਉਨ੍ਹਾਂ ਦੇ ਧੱਕੇ ਚੜ੍ਹ ਗਈ । ਜਦ ਉਸ ਦੇ ਗਲੇ ਚ ਫਾਂਸੀ ਪਾਈ ਤਾਂ ਓਹ ਕਹਿੰਦੀ ਕਿ ਮੈਨੂੰ ਮਾਰ ਕੇ ਤੁਹਾਨੂੰ ਕੁੱਝ ਨੀ ਲੱਭਣਾ । ਮੇਰੇ ਘਰ ਬਹੁਤ ਅੰਨ ਧੰਨ ਹੈ ਤੁਸੀਂ ਮੇਰੇ ਤੋਂ ਇਹ ਸਰਖਤ (ਵਸੀਅਤ) ਲਿਖਵਾ ਲਓ । ਮੇਰੇ ਮਰਨ ਤੋਂ ਬਾਦ ਸਭ ਤੁਹਾਡਾ। ਉਸ ਨੇ ਲਿਖ ਦਿੱਤਾ ਕਿ ਮੇਰੇ ਗਲੇ ਚ ਫਾਂਸੀ ਪਾ ਕੇ ਮੇਰੇ ਤੋਂ ਇਹ ਲਿਖਵਾਇਆ ਤੇ ਮੇਰਾ ਧੰਨ ਚੁਰਾ ਲਿਆ । ਜਦ ਸਰਖਤ ਕਾਜੀ ਨੇ ਦੇਖੀ ਤਾਂ ਉਨ੍ਹਾਂ ਨੂੰ ਚਾਂਦਨੀ ਚੌਂਕ ਵਿੱਚ ਲਿਜਾ ਕੇ ਮਾਰ ਦਿੱਤਾ ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ । ਦਸਮ ਗ੍ਰੰਥ ਕਈ ਕਵੀਆਂ ਦੀ ਸਾਂਝੀ ਕ੍ਰਿਤ ਹੈ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਵਰਤ ਕੇ ਧਰਮ ਦੇ ਦੋਖੀਆਂ ਗੰਦ ਮੰਦ ਥਾਲੀ ਪਰੋਸ ਕੇ ਗੁਰਸਿੱਖਾਂ ਅੱਗੇ ਰੱਖ ਦਿੱਤਾ ਕਿ ਜਿਸ ਗੁਰੂ ਗੋਬਿੰਦ ਸਿੰਘ ਨੂੰ ਤੁਸੀਂ ਸਰਬੰਸ ਦਾਨੀ ਆਖਦੇ ਹੋ-ਜਿਸ ਨੂੰ ਅੰਮ੍ਰਿਤ ਦਾਤਾ ਤੇ ਖਾਲਸੇ ਦਾ ਪਿਤਾ ਕਹਿੰਦੇ ਹੋ ਇਹ ਉਸ ਦੀ ਹੀ ਕ੍ਰਿਤ ਹੈ । ਉਸ ਨੂੰ ਰੱਬੀ ਕਲਾਮ ਤੇ ਕੋਕ ਸਾਸਤ੍ਰ ਦੇ ਅੰਤਰ ਦਾ ਭੀ ਪਤਾ ਨਹੀਂ । ਕੀ ਇਸ ਤੋਂ ਵੱਧ ਕੋਈ ਹੋਰ ਗੁਰੂ ਦਾ ਅਪਮਾਨ ਕਰ ਸਕਦੈ ? ਬਾ-ਹੋਸਿਆਰ-ਖ਼ਬਰਦਾਰ, ਜਾਗਦੇ ਰਹਿਓ !

## ਇਲਾਕਾ : ਗੁਾਰਿਏਰ ਗੜਮੋਰ (ਇਕ ਸੌ ਤ੍ਰਿਸਠਵੇਂ ਚਰਿਤ੍ਰ ਪੰਨਾ ੧੦੫੩-੧੦੫੪)

ਪਾਤਰ : ਭੱਦ੍ਰ ਸੈਨ (ਨ੍ਰਿਪ), ਬਿਜੈ ਕੁਅਰਿ (ਨਾਰੀ) ਤੇ ਸੂਰਜ ਕਲਾ (ਦੁਹਿਤਾ)

**ਦਸਮ ਗ੍ਰੰਥ ਰਾਹੀਂ ਕਤਲ ਕਰਨਾ ਤੇ ਬਦਲਾ ਲੈਣਾ ਸਿੱਖੋ :** ਗੁਾਰਿਏਰ ਗੜਮੋਰ ਦੇ ਰਾਜੇ ਭੱਦ੍ਰਸੈਨ ਦੀ ਔਰਤ ਬਿਜੈ ਕੁਅਰਿ ਐਨੀ ਸੋਹਣੀ ਮਾਨੋਂ ਰੱਬ ਨੇ ਵੇਹਲੇ ਸਮੇਂ ਆਪ ਘੜੀ ਹੋਏ। ਇਕ ਦਿਨ ਭੱਦ੍ਰਸੈਨ ਸ਼ਿਕਾਰ ਖੇਡਣ ਗਿਆ ਤਾਂ ਵੈਰੀਆਂ ਨੇ ਉਸ ਨੂੰ ਮਾਰ ਦਿੱਤਾ । ਜਦ ਉਸ ਦੀ ਮੌਤ ਦੀ ਖਬਰ ਰਾਣੀ ਤੱਕ ਪੁੱਜੀ ਤਾਂ ਉਸ ਨੇ ਬਦਲਾ ਲੈਣ ਦੀ ਠਾਣੀ। ਉਸ ਨੇ ਇਕ ਚਿੱਠੀ ਲਿਖੀ ਕਿ ਰਾਜਾ ਅਪਣੀ ਕਰਨੀ ਭੋਗ ਕੇ ਮਰ ਗਿਆ ਹੁਣ ਤੁਸੀਂ ਮੇਰੇ ਤੇ ਕ੍ਰਿਪਾ ਕਰੋ ਮੇਰੀ ਧੀ ਵਿਆਹ ਲੈ ਜਾਓ। ਉਹ ਮੂਰਖ ਪੜ੍ਹ ਕੇ ਫੁੱਲ ਗਏ ਤੇ ਬਰਾਤ ਜੋੜ ਕੇ ਭੱਦ੍ਰ ਸਿੰਘ ਪੁਰ ਨੂੰ ਚੱਲ ਪਏ ਰਾਣੀ ਕਹਿੰਦੀ ਇਕ ਇਕ ਕਰ ਕੇ ਬਾਰੀ ਬਾਰੀ ਆਉਂਦੇ ਜਾਓ ਤੇ ਅਪਣੇ ਪੈਰ ਪੁਜਾਉਂਦੇ ਜਾਓ ਇਹ ਸਾਡੇ ਖਾਨਦਾਨ ਦੀ ਰੀਤ ਐ ਅਖੀਰ ਵਿੱਚ ਰਾਜਾ ਆਏ । ਉਹ ਇਕ ਇਕ ਕਰਕੇ ਆਉਂਦੇ ਗਏ ਇਹ ਇਕੱਲੇ ਇਕੱਲੇ ਨੂੰ ਫਾਂਸੀ ਦੇਂਦੀ ਗਈ ਤੇ ਅਖੀਰ ਵਿੱਚ ਰਾਜਾ ਭੀ ਮਾਰ ਦਿੱਤਾ । ਫਿਰ ਅਪਣੇ ਪੁੱਤ ਨੂੰ ਰਾਜ ਤਿਲਕ ਦਿੱਤਾ ।

ਨੋਟ :- ਆਪ ਜੀ ਦਸਮ ਗ੍ਰੰਥ ਨਾਮੀ ਪੁਸਤਕ ਰਾਹੀਂ ਅਧਾਰਮਿਕ ਪ੍ਰਵਚਨ ਪੜ੍ਹ ਰਹੇ ਹੋ । ਧਾਰਮਿਕ ਗਿਆਨ ਲੈਣ ਲਈ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ । ਉਸ ਨੂੰ ਪੜ੍ਹ ਕੇ ਹ੍ਰਿਦੈ ਸਾਂਤੀ ਅਤੇ ਠੰਢਕ ਮਿਲੇਗੀ ਦਸਮ ਗ੍ਰੰਥ ਰਾਹੀਂ ਕਾਮ ਉਤੇਜਨਾ ।

## ਇਲਾਕਾ : ਉਦੈਪੁਰ (ਇਕ ਸੌ ਚੌਸਠਵੇਂ ਚਰਿਤ੍ਰ ਪੰਨਾ ੧੦੫੪-੧੦੫੬)

ਪਾਤਰ : ਖੁਰਰਮ, ਜੋਬਨ ਕੁਅਰਿ (ਸਖੀ) ਤੇ ਸ਼ਾਹਿਜਹਾਨ

**ਦਸਮ ਗ੍ਰੰਥ ਰਾਹੀਂ ਸੰਭੋਗ ਕਰਨਾ ਸਿੱਖੋ :** ਉਦੈਪੁਰ ਦੇ ਖੁਰਰਮ ਨੂੰ ਅਪਣੀ ਔਰਤ ਅਪਣੇ ਪ੍ਰਾਣਾਂ ਤੋਂ ਭੀ ਪਿਆਰੀ

ਜੀ ਜੀ ਕਹਿੰਦੀ ਦਾ ਓਹਦਾ ਮੂੰਹ ਸੁੱਕਦਾ । ਇਕ ਦਿਨ ਬੇਗਮ ਸੌਲਾਂ ਸੌ ਸਖੀਆਂ ਨਾਲ ਬਾਗ ਵਿੱਚ ਗਈ ਉੱਥੇ ਉਸ ਨੇ ਇਕ ਸੁੰਦਰ ਪੁਰਖ ਦੇਖਿਆ ਤੇ ਸੁੱਧ ਬੁੱਧ ਖੋ ਬੈਠੀ । ਜੋਬਨ ਕੁਅਰਿ ਸਖੀ ਨੂੰ ਕੋਲ ਬੁਲਾ ਕੇ ਦਿਲ ਦਾ ਭੇਦ ਸਮਝਾਇਆ ਕਹਿੰਦੀ ਸ਼ਾਹਿਜਹਾਨ ਦੀ ਪਰਵਾਹ ਨਾ ਕਰੀਂ ਜਾਹ ਜਾ ਕੇ ਜੀ ਕੀ ਬਿਰਥਾ ਕਹਿ ਸੁਣਾ। ਜਦ ਉਸ ਨੇ ਇਹ ਸੁਣਿਆ ਤਾਂ ਉਦੈਪੁਰੀ ਨੂੰ ਓਹਦਾ ਮੀਤ ਮਿਲਾ ਦਿੱਤਾ :-

*ਦੋਹਰਾ ॥ ਉਦੈਪੁਰੀ ਪਿਯ ਪਾਇ ਤਿਹ ਚਰਨ ਰਹੀ ਲਪਟਾਇ ॥*
*ਤਾਕੋ ਜੋ ਦਾਰਿਦ ਹੁਤੇ ਛਿਨ ਮੈ ਦਯੋ ਮਿਟਾਇ ॥੮॥* (ਇਕ ਸੌ ਚੌਸਠਵੋਂ ਚਰਿਤ੍ਰ ਪੰਨਾ ੧੦੫੫)

ਪ੍ਰੀਤਮ ਮਿਲਦੇ ਹੀ ਉਠੀ ਕਲੇਜੇ ਪੀੜ ਦੂਰ ਹੋ ਗਈ ਤੇ ਫਿਰ :-

*ਅੜਿੱਲ ॥ ਗਹਿ ਗਹਿ ਤਾਕੋ ਬਾਲ ਗਰੇ ਚਿਮਟਤ ਭਈ ॥ ਲਪਟਿ ਲਪਟਿ ਤਾਕੇ ਆਸਨ ਕੇ ਤਰ ਗਈ ॥*
*ਚੌਰਾਸੀ ਆਸਨ ਸਭ ਲੀਯੇ ਬਨਾਇਕੈ ॥ ਹੋ ਆਠ ਜਾਮ ਰਤਿ ਕਰੀ ਹਰਖ ਉਪਜਾਇ ਕੈ ॥੯॥*
(ਇਕ ਸੌ ਚੌਸਠਵੋਂ ਚਰਿਤ੍ਰ ਪੰਨਾ ੧੦੫੫)

ਜਵਾਨ ਪੁਰਖ ਹੋਏ ਤੇ ਜਵਾਨ ਔਰਤ ਉਤੋਂ ਚੰਦ ਦੀ ਚਾਨਣੀ ਫਿਰ ਇਸ਼ਕ ਭਲਵਾਨੀ ਵਿੱਚ ਭਲਾਂ ਕੌਣ ਹਾਰੇ ?

*ਦੋਹਰਾ ॥ ਤਰੁਨ ਪੁਰਖ ਤਰੁਨੈ ਤ੍ਰਿਯਾ ਤ੍ਰਿਤਿਯ ਚੰਦ੍ਰ ਕੀ ਜੋਨਿ ॥*
*ਲਪਟਿ ਲਪਟਿ ਕਰਿ ਰਤਿ ਕਰੈਂ ਤਿਨ ਤੇ ਹਾਰੈ ਕੌਨ ॥੧੦॥* (ਇਕ ਸੌ ਚੌਸਠਵੋਂ ਚਰਿਤ੍ਰ ਪੰਨਾ ੧੦੫੫)

ਬਿਨਾਂ ਕੋਕ ਸਾਸਤ੍ਰ ਪੜ੍ਹੇ ਰੰਗੀਨ ਜਵਾਨੀ ਭੀ ਹੰਢਾਈ ਨੀ ਜਾਂਦੀ

*ਅੜਿੱਲ ॥ ਕੋਕਸਾਰ ਕੇ ਮੁਖ ਤੇ ਮਤਨ ਉਚਾਰਹੀ ॥*
*ਭਾਂਤਿ ਭਾਂਤਿ ਉਪਬਨ ਕੀ ਪ੍ਰਭਾ ਨਿਹਾਰਹੀ ॥*
*ਚੌਰਾਸੀ ਆਸਨ ਸਭ ਕਰੇ ਬਨਾਇ ਕਰਿ ॥*
*ਹੋ ਭਾਂਤਿ ਭਾਂਤਿ ਰਤਿ ਕਰੀ ਗਰੇ ਲਪਟਾਇ ਕਰਿ ॥੧੧॥* (ਇਕ ਸੌ ਚੌਸਠਵੋਂ ਚਰਿਤ੍ਰ ਪੰਨਾ ੧੦੫੫)

ਕੋਕ ਸਾਸਤ੍ਰ ਦਾ ਗਿਆਨ ਹੋਏ ਫਿਰ ਹਰ ਆਸਣ ਦਾ ਤਜਰਬਾ ਲੈਣ ਦੀ ਹਰ ਕੋਈ ਕੋਸ਼ਿਸ ਕਰਦੈ :-

*ਦੋਹਰਾ ॥ ਚੌਰਾਸੀ ਆਸਨ ਲਏ ਭਾਂਤਿ ਭਾਂਤਿ ਲਪਟਾਇ ॥*
*ਚਤੁਰ ਚਤੁਰਿਯਹਿ ਭਾਵਈ ਛਿਨਕ ਨ ਛੋਰਯੋ ਜਾਇ ॥੧੨॥* (ਇਕ ਸੌ ਚੌਸਠਵੋਂ ਚਰਿਤ੍ਰ ਪੰਨਾ ੧੦੫੫)

ਓਹਦੀ ਔਰਤ ਨੇ ਇਹ ਮੰਦ ਕਰਮ ਹੁੰਦਾ ਤੱਕ ਕੇ ਕਿਹਾ ਮੈਂ ਸ਼ਾਹਿਜਹਾਨ ਕੋਲ ਤੇਰੀ ਮੰਦੀ ਕਰਤੂਤ ਦੱਸਦੀ ਹਾਂ। ਉਹ ਉਦੈਪੁਰੀ ਨੂੰ ਨਾਲ ਲੈ ਕੇ ਸ਼ਾਹਿਜਹਾਨ ਦੇ ਰੰਗ ਮਹਿਲ ਪਹੁੰਚੀ । ਸ਼ਾਹਿਜਹਾਨ ਕਹਿੰਦਾ ਕੌਣ ਹੈ ਇਹ ਰੌਲਾ ਪਾ ਰਿਹਾ । ਉਦੈ ਪੁਰੀ ਝੱਟ ਕਹਿੰਦੀ ਕਿ ਇਹ ਔਰਤ ਸਤੀ ਹੋਣਾ ਚਾਹੁੰਦੀ ਹੈ । ਹਜਰਤ ਨੇ ਸਾੜਨ ਦਾ ਹੁਕਮ ਕਰ ਦਿੱਤਾ ਤੇ ਸਾੜ ਦਿੱਤਾ। ਸੌਕਣ ਮਾਰ ਕੇ ਹੋਈ ਸੁਖਾਲੀ।

ਨੋਟ :- ਉਹ ਲੋਕ ਜੋ ਦਸਮ ਗ੍ਰੰਥ ਨਾਮੀ ਪੁਸਤਕ ਅੱਗੇ ਡੰਡਾਉਤਾਂ ਕਰਦੇ ਹਨ, ਤੁਸੀਂ ਉਨ੍ਹਾਂ ਦੇ ਮਨਸੇ ਜਾਣ ਗਏ ਹੋਵੋਗੇ । ਗੁਰਬਾਣੀ ਕਹਿੰਦੀ ਹੈ ਕਿ ਗੰਦਗੀ ਦਾ ਕੀੜਾ ਗੰਦਗੀ ਵਿੱਚ ਹੀ ਸਮਾ ਜਾਂਦਾ ਹੈ । ਇਕ ਕਵੀ ਕਹਿੰਦਾ ਹੈ ਕਿ ਚੰਗੇ ਮਾੜੇ ਦਾ ਪਤਾ ਓਹਦੀ ਸ਼ਕਲ ਦੇਖ ਕੇ ਨਹੀਂ ਚਲਦਾ ਬਲਕਿ ਓਹਦੀ ਸੰਗਤਿ ਤੇ ਕਰਮ ਉਸ ਨੂੰ ਉਜਾਗਰ ਕਰਦਾ ਹੈ ਕਵੀ ਕਹਿੰਦਾ ਹੈ ਕਿ :-

ਭੌਰਾ ਭੂੰਡ ਸਭ ਏਕ ਹੈਂ ਦੋਨੋ ਕੀ ਏਕੈ ਗੂੰਜ ॥ ਵਾਹ ਪਏ ਤੇ ਜਾਣੀਐ ਆਹ ਭੌਰਾ ਓਹ ਭੂੰਡ ॥

ਕਿਸੇ ਦੇ ਗੁਰਸਿੱਖੀ ਵਾਲੇ ਕੱਪੜੇ ਜਾਂ ਸਰੂਪ ਧਾਰਨ ਕਰ ਲੈਣ ਨਾਲ ਉਹ ਗੁਰੂ ਨਾਨਕ ਦਾ ਸਿੱਖ ਨਹੀਂ ਬਣ ਜਾਂਦਾ। ਬਲਕਿ ਨਾਨਕ ਦੀ ਦਿੱਤੀ ਮੱਤ ਤੇ ਚੱਲਣ ਨਾਲ ਹੀ ਉਹ ਨਾਨਕ ਦਾ ਸਿੱਖ ਬਣ ਸਕਦਾ ਹੈ। ਦਸਮ ਗ੍ਰੰਥ ਦੀ ਪੂਜਾ ਕਰਨ ਵਾਲਿਆਂ ਨੂੰ ਤੁਸੀਂ ਭੌਰੇ ਆਖੋਗੇ ਜਾਂ ਭੂੰਡ ਨਿਰਨਾ ਤੁਸੀਂ ਆਪ ਕਰਨਾ ਹੈ। ਪਰ ਇਹ ਜਰੂਰ ਯਾਦ ਰੱਖਿਓ ਬਈ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ ਤੇ ਨਾ ਹੀ ਇਹ ਕੋਈ ਧਾਰਮਿਕ ਗ੍ਰੰਥ ਹੈ ।

## ਇਲਾਕਾ : ਹਿੰਗੁਲਾਜ

(ਇਕ ਸੌ ਪੈਸਠਵੋਂ ਚਰਿਤ੍ਰ ਪੰਨਾ ੧੦੫੬-੧੦੫੭)

ਪਾਤਰ : ਬਚਿਤ੍ਰ ਸਿੰਘ (ਰਾਜਾ), ਭਾਨਕਲਾ (ਤ੍ਰਿਯਾ), ਦਿਜਬਰ ਸਿੰਘ (ਦਿਜ), ਭਿਸਤਕਲਾ (ਅਬਲਾ) ਤੇ ਭਵਾਨੀ

ਹਿੰਗੁਲਾਜ ਦੇ ਧਨੀ ਬਚਿਤ੍ਰ ਸਿੰਘ ਰਾਜੇ ਦੀ ਔਰਤ ਭਾਨਕਲਾ ਜਿਹੀ ਸੁੰਦਰ ਹੋਰ ਕੋਈ ਔਰਤ ਨੀ। ਉਥੇ ਇਕ ਸੀ ਦਿਜਬਰ ਸਿੰਘ ਬਾਮ੍ਹਣ ਜਿਹਦੇ ਸੁੰਦਰ ਪੁੱਤਰ ਘਰ ਚ ਸਨ। ਉਥੇ ਇਕ ਭਵਾਨੀ ਦਾ ਮੰਦਰ ਸੀ ਜਿੱਥੇ ਦੂਰ ਦੁਰਾਡਿਓਂ ਲੋਕ ਪੂਜਾ ਲਈ ਆਉਂਦੇ। ਇਕ ਦਿਨ ਜਦ ਸੂਰਜ ਛੁਪਿਆ ਤੇ ਚੰਦ੍ਰਮਾ ਚੜ੍ਹਿਆ ਉਦੋਂ ਦਿਜਬਰ ਨੂੰ ਅਕਾਸ਼ਬਾਣੀ ਹੋਈ ਕਿ ਸਵੇਰ ਹੁੰਦੇ ਰਾਜਾ ਮਰ ਜਾਏਗਾ ਕ੍ਰੋੜਾਂ ਉਪਾਓ ਕਰਨ ਤੇ ਭੀ ਨਹੀਂ ਬਚੇਗਾ । ਜੇਕਰ ਕੋਈ ਅਪਣੇ ਸੱਤ ਪੁੱਤ ਇੱਥੇ ਮਾਰੇ ਤਾਂ ਰਾਜਾ ਜਿੰਦਾ ਹੋ ਸਕਦਾ ਹੈ। ਦਿਜਬਰ ਨੇ ਇਹ ਸੁਣ ਕੇ ਅਪਣੀ ਰਾਣੀ ਨੂੰ ਦੱਸਿਆ। ਓਹਨੇ

ਅਪਣੇ ਸੱਤੇ ਪੁੱਤਰਾਂ ਦੀ ਬਲੀ ਦੇਣ ਲਈ ਉਥੇ ਲਿਆਂਦੇ ਤੇ ਬਲੀ ਦੇ ਦਿੱਤੀ। ਜਦ ਬਾਪ ਨੇ ਸੱਤੇ ਪੁੱਤਮ ਮਰੇ ਦੇਖੇ ਤਾਂ ਕ੍ਰਿਪਾਨ ਅਪਣੀ ਗਰਦਨ ਤੇ ਮਾਰ ਕੇ ਖੁੱਦ ਮਰ ਗਿਆ। ਜਦ ਰਾਜੇ ਨੇ ਇਹ ਕੌਤਕ ਦੇਖਿਆ ਓਹ ਭੀ ਖੁਦਕਸੀ ਕਰ ਗਿਆ। ਉਦੋਂ ਫਿਰ ਭਵਾਨੀ ਨੇ ਕ੍ਰਿਪਾ ਕੀਤੀ ਕਹਿੰਦੀ ਕਿ ਇਹ ਸਭ ਮੈਂ ਜਿੰਦਾ ਕਰਦੀ ਹਾਂ ਤੂੰ ਬਹੁਤ ਬਰਸ ਰਾਜ ਕਰੀਂ। ਫਿਰ ਦੁਰਗਾ ਨੇ ਸਭ ਜਿੰਦਾ ਕਰ ਦਿੱਤੇ।

ਨੋਟ :- ਸਿੱਖ ਧਰਮ ਵਿੱਚ ਕਿਸੇ ਭੀ ਦੇਵੀ ਤੇ ਦੇਵਤੇ ਨੂੰ ਪੂਜਣ ਦੀ ਮਨਾਹੀ ਹੈ। ਗੁਰਬਾਣੀ ਤਾਂ ਕਹਿੰਦੀ ਹੈ ਕਿ ਜੋ ਮਨੁੱਖ ਦੇਵੀ ਦੀ (ਭਵਾਨੀ ਦੀ) ਪੂਜਾ ਕਰੇਗਾ ਓਹ ਆਦਮੀ ਤੋਂ ਔਰਤ ਬਣ ਜਾਏਗਾ। ਤੁਸੀਂ ਕਿ ਬਣਨਾ ਚਾਹੁੰਦੇ ਹੋ ਆਦਮੀ ਜਾਂ ਔਰਤ ? ਫੈਸਲਾ ਤੁਹਾਡੇ ਅਪਣੇ ਹੱਥ ਹੈ। ਗੁਰੂ ਨਾਨਕ ਤੋਂ ਲੈ ਕੇ ਸਮੂਹ ਭਗਤ ਜਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਬਾਰ ਬਾਰ ਮਨੁੱਖ ਨੂੰ ਸਮਝਾਉਂਦੇ ਹਨ ਕਿ ਦੇਵ ਦੇਵਤਿਆਂ ਦੇ ਪੱਲੇ ਕੱਖ ਨਹੀਂ। ਅਕਾਲ ਪੁਰਖ ਦੀ ਅਰਾਧਨਾ ਕਰੋ (ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ ਤੇ ਸਮਝੋ। ਕੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਦੇਵੀ ਦੀ ਅਰਾਧਨਾ ਕਰਨ ਲਈ ਗੁਰਸਿੱਖਾਂ ਨੂੰ ਉਤਸ਼ਾਹਤ ਕਰਨਗੇ ? ਸੋਚਦੇ ਤੇ ਜਾਗਦੇ ਰਹਿਓ !

## ਦਿਨੇ ਪੁੱਤ ਤੇ ਰਾਤ ਨੂੰ ਖਸਮ-ਪੁੱਤ ਬਣਾ ਕੇ ਹਮਬਿਸਤਰ ਹੋਣਾ ਸਿੱਖੋ (ਇਕ ਸੌ ਛਿਆਸਠਵੋਂ ਚਰਿਤ੍ਰ ਪੰਨਾ ੧੦੫੭-੧੦੫੯)

ਪਾਤਰ : ਸੁਕ੍ਰਿਤ ਸਿੰਘ, (ਨਰਪਾਲ), ਜਬਨ ਕਲਾ (ਰਾਨੀ), ਸੌਕਣ, ਲੜਕਾ ਤੇ ਭਿਰਟੀ

ਰਾਜਾ ਸੁਕ੍ਰਿਤ ਸਿੰਘ ਦੀ ਰਾਣੀ ਜੁਬਨ ਕਲਾ ਦੇ ਪੁੱਤ ਨੂੰ ਸੌਕਣ ਨੇ ਦਰਿਯਾ ਸਿੰਧ ਵਿੱਚ ਰੋੜ੍ਹ ਦਿੱਤਾ ਤੇ ਖ਼ਬਰ ਫੈਲਾ ਦਿੱਤੀ ਕਿ ਮੁੰਡੇ ਨੂੰ ਭਿਰਟੀ ਚੁੱਕ ਕੇ ਲੈ ਗਈ। ਰਾਜਾ ਧਰਤੀ ਨਾਲ ਸਿਰ ਮਾਰ ਮਾਰ ਕੇ ਰੋਇਆ। ਫਿਰ ਉਸ ਨੇ ਰਾਣੀ ਨੂੰ ਦਿਲਾਸਾ ਦਿੱਤਾ ਕਿ ਹਰ ਕਿਸੇ ਨੇ ਇਥੋਂ ਕੂਚ ਕਰਨਾ ਹੈ ਹੌਂਸਲਾ ਰੱਖ, ਰੱਬ ਤੈਨੂੰ ਹੋਰ ਪੁੱਤ ਦਏਗਾ। ਪੁੱਤ ਦੀ ਆਸ ਕਰਦਿਆਂ ਕਰਦਿਆਂ ਚੌਬੀਸ ਬਰਸ ਬੀਤ ਗਏ। ਏਨੇ ਨੂੰ ਓਹਨੇ ਇਕ ਸੁੰਦਰ ਨਰ ਦੇਖਿਆ ਤੇ ਸੁੱਧ ਬੁੱਧ ਖੋ ਬੈਠੀ।

*ਅੜਿੱਲ ॥ ਸੁੰਦਰ ਨਰ ਇਕ ਪੇਖਤ ਤਬ ਅਬਲਾ ਭਈ ॥*
*ਗ੍ਰਿਹਿ ਕੀ ਸਭ ਸੁਧਿ ਬਿਸਰਿ ਤਾਹਿ ਤਬ ਹੀ ਗਈ ॥*
*ਪਠੈ ਸਹਚਰੀ ਤਾਕੌ ਲਿਯੋ ਮੰਗਾਇਕੈ ॥*
*ਹੋ ਕਾਮਕੇਲ ਤਿਹ ਸੰਗ ਕਰਯੋ ਸੁਖ ਪਾਇਕੈ ॥੯॥* (ਇਕ ਸੌ ਛਿਆਸਠਵੋਂ ਚਰਿਤ੍ਰ ਪੰਨਾ ੧੦੫੮)

ਉਸ ਨਾਲ ਰੰਗ ਰਲੀਆਂ ਮਨਾਉਣ ਤੋਂ ਬਾਦ ਕਹਿੰਦੀ ਰਾਜੇ ਨੂੰ ਇਹ ਕਹਾਣੀ ਸੁਣਾ ਦੇਵੀਂ ਕਿ ਮੈਨੂੰ ਭਿਰਟੀ ਲੈ ਗਈ -ਮੈਨੂੰ ਜੋਗੀਆਂ ਪਾਲਿਆ ਬਗੈਰਾ ਬਗੈਰਾ ਤੇ ਹੁਣ ਉਨ੍ਹਾਂ ਮੇਰੇ ਤੇ ਤਰਸ ਖਾ ਕੇ ਛੱਡ ਦਿੱਤਾ ਇਤਿਆਦਿ।

*ਦੋਹਰਾ ॥ ਸੁਨ ਰਾਨੀ ਐਸੇ ਬਚਨ ਨੈਨਨ ਨੀਰੁ ਬਹਾਇ ॥*
*ਨ੍ਰਿਪ ਦੇਖਤ ਸੁਤ ਜਾਰ ਕਹਿ ਲਯੋ ਗਰੇ ਸੋ ਲਾਇ ॥੧੯॥* (ਇਕ ਸੌ ਛਿਆਸਠਵੋਂ ਚਰਿਤ੍ਰ ਪੰਨਾ ੧੦੫੮)

ਰੋ ਰੋ ਕੇ ਲੋਕਾ ਚਾਰੀ ਕਹਿੰਦੀ

*ਚੌਪਈ ॥ ਬਾਲਕ ਹੁਤੋ ਪੂਤ ਤਬ ਹਰਿਯੋ ॥ ਮੋਰੇ ਭਾਗ ਸੁ ਜਿਯਤ ਉਬਰਿਯੋ ॥*
*ਕੌਨਹੂੰ ਕਾਜ ਦੇਸ ਇਹ ਆਯੋ ॥ ਸੋ ਹਮ ਆਜੁ ਖੋਜਤੇ ਪਾਯੋ ॥੨੦॥*
*ਗਹਿ ਗਹਿ ਤਾਕੋ ਗਰੇ ਲਗਾਵੈ ॥ ਦੇਖਤ ਰਾਵ ਚੂੰਬਿ ਮੁਖ ਜਾਵੈ ॥*
*ਅਪਨੇ ਧਾਮ ਸੇਜ ਡਸਵਾਈ ॥ ਤਾਸੌ ਰੈਨਿ ਬਿਰਾਜਤ ਜਾਈ ॥੨੧॥*
*ਆਠੋ ਜਾਮ ਧਾਮ ਤਿਹ ਰਾਖੈ ॥ ਪੂਤ ਪੂਤ ਮੁਖ ਤੇ ਤਿਹ ਭਾਖੈ ॥*
*ਕਾਮ ਕੇਲ ਨਿਸਿ ਭਈ ਕਮਾਵੈ ॥ ਮੂਰਖ ਰਾਵ ਭੇਦਿ ਨਹਿ ਪਾਵੈ ॥੨੨॥*

(ਇਕ ਸੌ ਛਿਆਸਠਵੋਂ ਚਰਿਤ੍ਰ ਪੰਨਾ ੧੦੫੮)

ਨੋਟ :- ਇਸ ਪੁਸਤਕ ਦਾ ਨਾਂ ਦਸਮ ਗ੍ਰੰਥ ਹੈ ਕਈ ਇਸ ਨਾਲ ਸਾਹਿਬ ਜੀ ਭੀ ਲਿਖਦੇ ਹਨ। ਧਰਮ ਦੇ ਕੱਟੜ ਵੈਰੀ ਆਖਦੇ ਹਨ ਕਿ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ। ਜੇਕਰ ਉਨ੍ਹਾਂ ਤੋਂ ਕੋਈ ਸਬੂਤ ਪੁੱਛੋ ਤਾਂ ਫੁੱਟੇ ਕੁੱਜੇ ਵਰਗਾ ਮੂੰਹ ਬਣਾ ਕੇ ਭਾਈ ਮਨੀ ਸਿੰਘ ਜੀ ਤੇ ਸੁੱਟ ਦੇਂਦੇ ਹਨ ਕਿ ਉਨ੍ਹਾਂ ਆਪ ਹੀ ਇਹ ਬਾਣੀਆਂ ਇਕੱਤ੍ਰ ਕੀਤੀਆਂ ਜੇਕਰ ਉਸ ਦਾ ਭੀ ਕੋਈ ਸਬੂਤ ਪੁੱਛੋ ਤਾਂ ਅਲਫ਼ ਨੰਗੇ ਹੋ ਕੇ ਇਹ ਗਲ ਪੈ ਜਾਂਦੇ ਹਨ ਕਿ ਤੂੰ ਗੁਰੂ ਦੀ ਨਿੰਦਿਆ ਕਰ ਰਿਹਾ ਹੈਂ। ਉਂਝ ਇਹ ਨਿੰਦਿਆ ਸਬਦ ਦੇ ਅਰਥ ਭੀ ਨਹੀਂ ਜਾਣਦੇ। ਪੰਜਾਬੀ ਵਿੱਚ ਕਹਿੰਦੇ ਹਨ ਉਲਟਾ ਚੋਰ ਕੋਤਵਾਲ ਕੋ ਡਾਂਟੇ। ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਇਹ ਖੁੱਦ ਕਰਦੇ ਹਨ ਤੇ ਦੋਸ ਪੂਰਨ ਗੁਰਸਿੱਖਾਂ ਸਿਰ ਮੜ੍ਹਦੇ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਗੁਰਸਿੱਖ ਨੂੰ (ਮਰਦ ਜਾਂ ਔਰਤ) ਪੁੱਤ ਜਾਂ ਧੀ ਬਣਾ ਕੇ ਹਮਬਿਸਤ੍ਰ ਹੋਣ ਦੀ ਪ੍ਰੇਰਨਾ ਦੇਣਗੇ। ਗੁਰੂ ਗੋਬਿੰਦ ਸਿੰਘ ਜੀ ਦੇ ਪੜਬਾਬਾ ਜੀ ਗੁਰਬਾਣੀ ਵਿੱਚ ਗੁਰੂ ਦੀ ਨਿੰਦਿਆ ਕਰਨ ਵਾਲਿਆਂ ਪ੍ਰਤੀ ਇਉਂ ਲਿਖਦੇ ਹਨ।

ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥ ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥
ਸੰਤ ਕਾ ਦੋਖੀ ਉਝੜਿ ਪਾਈਐ ॥ ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥ (ਗਉੜੀ ਸੁਖਮਨੀ ਮਃ ੫ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੨੮੦)

ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਤੇ ਅਪਮਾਨ ਕਰਨ ਵਾਲਿਓ ਗੁਰੂ ਤੋਂ ਡਰੋ ਤੇ ਅਪਣੀ ਸੋਚ ਬਦਲੋ ।

ਇਲਾਕਾ : ਬਾਂਸ ਬਰੇਲੀ (ਇਕ ਸੌ ਸਤਸਠਵੇਂ ਚਰਿਤ੍ਰ ਪੰਨਾ ੧੦੫੯)

ਪਾਤਰ : ਬੀਰ (ਰਾਵ), ਸ਼ਾਹ ਪਰੀ (ਤ੍ਰਿਯ), ਰਾਜੇ ਦਾ ਭਰਾ ਤੇ ਵੇਸਵਾ

**ਅਪਣਾ ਪਤੀ ਮਾਰ ਕੇ ਦਿਓਰ ਜਾਂ ਜੇਠ ਨਾਲ ਹਮਬਿਸਤ੍ਰ ਹੋਣਾ ਸਿੱਖੋ :** ਬਾਂਸ ਬਰੇਲੀ ਦੇ ਰਾਜੇ ਬੀਰ ਦੀ ਰਾਣੀ ਸ਼ਾਹ ਪਰੀ ਸਭ ਦਾ ਆਦਰ ਕਰਦੀ । ਇਕ ਦਿਨ ਇਕ ਵੇਸਵਾ ਸੱਜ ਧੱਜ ਕੇ ਰਾਜੇ ਪਾਸ ਆਈ । ਰਾਜਾ ਓਹਦਾ ਰੂਪ ਤੱਕ ਕੇ ਮੋਹਿਤ ਹੋ ਗਿਆ ਉਸ ਨੇ ਰਾਣੀ ਦਿਲੋਂ ਭੁਲਾ ਦਿੱਤੀ, ਰਾਣੀ ਨੇ ਅਪਣੇ ਸੋਹਣੇ ਸੁਨੱਖੇ ਦਿਓਰ ਤੇ ਡੋਰੇ ਸੁੱਟ ਦਿੱਤੇ । ਉਹ ਉਸ ਨੂੰ ਹਰ ਰੋਜ ਬੁਲਾਉਂਦੀ ਤੇ ਕਾਮ ਭੋਗ ਕਰਦੀ ।

*ਦੋਹਰਾ ॥ ਏਕ ਭ੍ਰਾਤ ਨ੍ਰਿਪ ਕੋ ਹੁੱਤੋ ਜਾ ਕੋ ਰੂਪ ਅਪਾਰ ॥*
*ਸ਼ਾਹ ਪਰੀ ਤਾਸੌ ਬਿਧੀ ਰਾਜਾ ਕੋ ਡਰ ਡਾਰਿ ॥੩॥*
*ਚੌਪਈ ॥ ਨਿਤ ਪ੍ਰਤਿ ਰਾਨੀ ਤਾਹਿ ਬੁਲਾਵੈ ॥ ਕਾਮ ਭੋਗ ਤਿਹ ਸੰਗ ਕਮਾਵੈ ॥*
*ਰਾਜਾ ਕੋ ਹਿਯ ਤੇ ਬਿਸਰਾਯੋ ॥ ਤਾਕੌ ਰਾਜ ਦੇਉਂ ਠਹਰਾਯੋ ॥੪॥* (ਇਕ ਸੌ ਸਤਸਠਵੇਂ ਚਰਿਤ੍ਰ ਪੰਨਾ ੧੦੫੯)

ਕਹਿੰਦੀ ਮੈਂ ਤੈਨੂੰ ਰਾਜ ਭਾਗ ਦੇਵਾਂਗੀ ਤੂੰ ਮੈਨੂੰ ਅਪਣੀ ਰਾਣੀ ਬਣਾ ਲੈ। ਓਹਨੇ ਬੀਹ ਮਣ ਜ਼ਹਿਰ ਮੰਗਾਈ ਤੇ ਖਾਣੇ ਵਿੱਚ ਮਿਲਾ ਕੇ ਰਾਜੇ ਸਮੇਤ ਸਾਰੀ ਫੌਜ ਤੇ ਵੇਸਵਾ ਨੂੰ ਖੁਆ ਦਿੱਤੀ । ਉਹ ਸਾਰੇ ਹੀ ਝੱਟ ਪੱਟ ਮਰ ਗਏ । ਜੇਕਰ ਕੋਈ ਤੜਪਿਆ ਓਹ ਓਦੋਂ ਮਾਰ ਦਿੱਤਾ । ਇਉਂ ਤਖ਼ਤ ਮਿਤ੍ਰ ਨੂੰ ਦੇ ਕੇ ਰਾਣੀ ਬਣ ਬੈਠੀ ।

ਨੋਟ :- ਇਹ ਸਾਖੀ ਸਾਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਅਪਣਾ ਪਤੀ ਮਾਰ ਮੁਕਾਈਦਾ ਹੈ ਅਤੇ ਕਿਵੇਂ ਦਿਓਰ ਜਾਂ ਜੇਠ ਨਾਲ ਰੰਗ ਰਲੀਆਂ ਮਨਾਈਦੀਆਂ ਹਨ। ਬੜੇ ਬੜੇ ਬੇਸ਼ਰਮ ਆਖਦੇ ਹਨ ਕਿ ਇਸ ਕਾਵਿ ਰਚਨਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਹਨ । ਤੁਸੀਂ ਅਪਣੀ ਮਨ ਦੀ ਅਵਾਜ਼ ਤੋਂ ਪੁੱਛਣਾ ਬਈ ਗੁਰੂ ਜੀ ਇਸ ਗੰਦੀ ਕਿਤਾਬ ਦੇ ਲੇਖਕ ਹੋ ਸਕਦੇ ਹਨ ? ਗੁਰੂ ਦੀ ਨਿੰਦਿਆ ਕਰਨ ਵਾਲਿਆਂ ਲਈ ਪੰਜਵੇਂ ਨਾਨਕ ਆਖਦੇ ਹਨ:-

ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥
ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥ (ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੨੮੦)

**ਕਤਲ ਕਰਨਾ ਸਿੱਖੋ** ਇਲਾਕਾ : ਪੱਛਮ (ਇਕ ਸੌ ਅਠਸਠਵੇਂ ਚਰਿਤ੍ਰ ਪੰਨਾ ੧੦੬੦-੬੧)

ਪਾਤਰ : ਰਨ ਮੰਡਨ ਸਿੰਘ (ਰਾਜਾ), ਜੋਤਿ ਮਤੀ (ਔਰਤ) ਤੇ ਵੇਸਵਾ

ਪੱਛਮ ਦੇ ਰਾਜਾ ਰਨ ਮੰਡਨ ਸਿੰਘ ਦੀ ਰਾਣੀ ਜੋਤਿ ਮਤੀ ਅੰਤਾਂ ਦੀ ਸੋਹਣੀ । ਰੱਬ ਦੀ ਕਰਨੀ ਇਕ ਦਿਨ ਇਕ ਵੇਸਵਾ ਪਰੀ ਵਰਗੀ ਰਾਜੇ ਪਾਸ ਆਈ ਜਿਸ ਨੇ ਰਾਜੇ ਦਾ ਮਨ ਮੋਹਿਆ। ਰਾਜੇ ਨੇ ਉਸ ਨਾਲ ਅੱਖ ਮਟੱਕਾ ਕਰਨਾ ਸੁਰੂ ਕਰ ਦਿੱਤਾ ਤੇ ਰਾਣੀ ਦਿਲੋਂ ਭੁਲਾ ਦਿੱਤੀ। ਰਾਜੇ ਦਾ ਇਹ ਵਿਹਾਰ ਦੇਖ ਕੇ ਰਾਣੀ ਨੂੰ ਗੁੱਸਾ ਚੜ੍ਹਿਆ ਤੇ ਸਬਕ ਸਿਖਾਣ ਦੀ ਠਾਣ ਲਈ । ਉਸ ਨੇ ਸਭ ਵੇਸਵਾਵਾਂ ਨਾਲ ਹਮਦਰਦੀ ਤੇ ਪਿਆਰ ਜਿਤਲਾ ਕੇ ਦਿਲ ਜਿੱਤ ਲਿਆ। ਉਨ੍ਹਾਂ ਤੋਂ ਗਾਣੇ ਗਵਾਉਂਦੀ ਤੇ ਰਾਜੇ ਦੀ ਖੁਸ਼ੀ ਚ ਖੁਸ਼ੀ ਜਾਹਿਰ ਕਰਦੀ । ਇਕ ਦਿਨ ਕਹਿੰਦੀ ਰਾਜੇ ਨੂੰ ਕਿ ਅੱਪਾਂ ਇਕ ਬੇੜੀ ਤੇ ਸਵਾਰ ਹੋਵਾਂਗੇ ਤੇ ਵੇਸਵਾਵਾਂ ਦੂਜੀ ਬੇੜੀ ਤੇ। ਉਨ੍ਹਾਂ ਤੋਂ ਉਥੇ ਗੀਤ ਗਵਾਵਾਂਗੇ ਉਦੋਂ ਜੋ ਤੈਨੂੰ ਸਭ ਤੋਂ ਸੋਹਣੀ ਲੱਗੇ ਉਸ ਨਾਲ ਸੰਭੋਗ ਕਰੀਂ। ਇਹ ਸੁਣ ਕੇ ਰਾਜਾ ਬਹੁਤ ਖੁਸ਼ ਹੋਇਆ। ਉਸ ਨੇ ਇਕ ਚੰਗੀ ਬੇੜੀ ਅਪਣੇ ਲਈ ਤੇ ਬੁਰੀ ਵੇਸਵਾਵਾਂ ਲਈ ਲੈ ਕੇ ਦਰਿਯਾ ਵਿੱਚ ਠੱਲ ਦਿੱਤੀਆਂ। ਜਦ ਬੇੜੀ ਦਰਿਯਾ ਵਿਚਕਾਰ ਤੇਜ ਧਾਰ ਕੋਲ ਗਈ ਤਾਂ ਸਿੱਖੇ ਸਿਖਾਏ ਮਲਾਹ ਨੇ ਬੇੜੀ ਡੋਬ ਦਿੱਤੀ । ਪਾਣੀ ਦੇ ਤੇਜ ਬਹਾਅ ਵਿੱਚ ਗੋਤੇ ਖਾਂਦੀਆਂ ਰੋਂਦੀਆਂ ਕੁਰਲਾਉਂਦੀਆਂ ਸਭ ਡੁੱਬ ਗਈਆਂ ਤੇ ਇਉਂ ਸਭਨਾਂ ਨੂੰ ਮੌਤ ਦੇ ਘਾਟ ਉਤਾਰ ਕੇ ਰਾਣੀ ਖੁਸ਼ ।

ਨੋਟ :- ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਕਿਵੇਂ ਜਨ ਸੰਘਾਰ ਕਰੀਦਾ ਹੈ ਤੇ ਮੌਜਾਂ ਲੁੱਟੀ ਦੀਆਂ ਹਨ । ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਅਜਿਹੀ ਸਿੱਖਿਆ ਦੇ ਸਕਦੇ ਹਨ ਜੋ ਆਪ ਜੀ ਨੇ ਪੜ੍ਹੀ । ਅਪਣੇ ਹੀ ਗੁਰੂ ਦਾ ਅਪਮਾਨ ਕਰਨ ਵਾਲਿਆਂ ਪ੍ਰਤੀ ਗੁਰੂ ਦੀ ਆਸੀਸ ਇਉਂ ਹੈ :-

ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥
(ਗਉੜੀ ਸੁਖਮਨੀ ਮਃ ੫ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੨੮੦)

**ਸੰਭੋਗ ਕਰਨਾ ਸਿੱਖੋ** ਇਲਾਕਾ : ਬ੍ਰਿਜ (ਇਕ ਸੌ ਉੱਨਤਰਵੋਂ ਚਰਿਤ੍ਰ ਪੰਨਾ ੧੦੬੧-੬੨)

ਪਾਤਰ : ਸ਼ਾਹ ਪਰੀ (ਅਹੀਰਨਿ) ਤੇ ਰੰਗੀ ਰਾਮ (ਅਹੀਰਿਕ) : ਚੰਨ ਵਰਗੀ ਸੋਹਣੀ ਸ਼ਾਹ ਪਰੀ ਦਾ ਅੰਗ ਅੰਗ ਜੋਬਨ ਚ ਹੁਲਾਰੇ ਮਾਰਦਾ। ਓਹਦਾ ਰੰਗੀ ਰਾਮ ਅਹੀਰ ਨਾਲ ਅੱਖ ਮਟੱਕਾ ਹੋ ਗਿਆ। ਜਦ ਓਹਦਾ ਪਤੀ ਸੌ ਜਾਂਦਾ ਉਹ ਰੰਗੀ ਰਾਮ ਨਾਲ ਕਲੋਲਾਂ ਕਰਦੀ । ਇਕ ਦਿਨ ਉਹ ਆਇਆ ਪਰ ਦਾਓ ਨਾ ਲੱਗਾ ਤੇ ਅਪਣੇ ਘਰ ਮੁੜਨ ਲੱਗਾ। ਔਰਤ ਨੇ ਉਸ ਨੂੰ ਦੇਖ ਕੇ ਸੈਨਤ ਨਾਲ ਬੁਲਾ ਲਿਆ। ਮੰਜੀ ਖਿੱਚੀ ਤੇ ਪਲੰਘ ਨਾਲ ਡਾਹ ਲਈ ।

*ਜਾਗਤ ਹੁਤੀ ਤ੍ਰਿਯਾ ਲਖ ਲੀਨੋ ॥ ਨੈਨਨ ਸੈਨ ਮਿੱਤ੍ਰ ਕਹ ਦੀਨੋ ॥*
*ਖਾਰੀ ਹੁਤੀ ਸੁ ਐਂਚਿ ਮੰਗਾਈ ॥ ਨਿਜੁ ਪਲਘਾ ਕੇ ਨਿਕਟ ਬਿਛਾਈ ॥੪॥*

(ਇਕ ਸੌ ਉੱਨਤਰਵੋਂ ਚਰਿਤ੍ਰ ਪੰਨਾ ੧੦੬੨)

ਅਪਣਾ ਆਸਨ ਮੰਜੀ ਤੇ ਧਰ ਕੇ ਮਿਤ੍ਰ ਨਾਲ ਸੰਭੋਗ ਕੀਤਾ ਪਰ ਮੂਰਖ ਨੂੰ ਰਤਾ ਭੀ ਪਤਾ ਨਾ ਚੱਲਿਆ :-

*ਪਿਯ ਕੇ ਅੰਗ ਅਲਿੰਗਨ ਕਰਿਯੋ ॥ ਆਸਨ ਤਿਹ ਖਾਰੀ ਪਰ ਧਰਿਯੋ ॥*
*ਮਨ ਮਾਨਤ ਕੇ ਭੋਗ ਕਮਾਯੋ ॥ ਮੂਰਖ ਨਾਹ ਭੇਦ ਨਹਿ ਪਾਯੋ ॥੫॥* (ਇਕ ਸੌ ਉੱਨਤਰਵੋਂ ਚਰਿਤ੍ਰ ਪੰਨਾ ੧੦੬੨)

ਚਿਮਟਿ ਚਿਮਟਿ ਕੇ ਉਸ ਨੇ ਮਨ ਭਾਉਂਦਾ ਭੋਗ ਕੀਤਾ ਤੇ ਯਾਰ ਬਿਦਾ ਕੀਤਾ :-

*ਅੜਿੱਲ ॥ ਚਿਮਟਿ ਚਿਮਟਿ ਕਰਿ ਭੋਗ ਅਧਿਕ ਤਾਸੌਂ ਕਿਯੋ ॥*
*ਅਧਰਪਾਨ ਕਰਿਕੈ ਕਰਿ ਜਾਰਿ ਬਿਦਾ ਦਿਯੋ ॥*
*ਸੋਤ ਰਹਯੋ ਮੂਰਖ ਕਛੁ ਭੇਦ ਨ ਪਾਇਯੋ ॥*
*ਹੋ ਧਰ ਖਾਰੀ ਪਰ ਕਸ ਇਨ ਕਰਮ ਕਮਾਇਯੋ ॥੬॥* (ਇਕ ਸੌ ਉੱਨਤਰਵੋਂ ਚਰਿਤ੍ਰ ਪੰਨਾ ੧੦੬੨)

ਅਪਣੀ ਛਾਤੀ ਪਤੀ ਦੀ ਛਾਤੀ ਨਾਲ ਚਿਪਕਾ ਕੇ ਯਾਰ ਨਾਲ ਰੰਗਰਲੀਆਂ ਮਨਾਣ ਤੋਂ ਬਾਦ ਮੰਜੀ ਉਠਾ ਦਿੱਤੀ ਤੇ ਯਾਰ ਬਿਦਾ ਕਰ ਦਿੱਤਾ :-

*ਦੋਹਰਾ ॥ ਉਰ ਚਿਮਟਿਯੋ ਪਿਰ ਸੋ ਰਹਯੋ ਕੇਲ ਜਾਰ ਤਨ ਕੀਨ ॥*
*ਖਾਰੀ ਦਈ ਉਠਾਇ ਪੁਨਿ ਜਾਰ ਬਿਦਾ ਕਰਿ ਦੀਨ ॥੭॥* (ਇਕ ਸੌ ਉੱਨਤਰਵੋਂ ਚਰਿਤ੍ਰ ਪੰਨਾ ੧੦੬੨)

ਨੋਟ :- ਵੱਡੇ ਪੁਜਾਰੀਆਂ ਅਤੇ ਧਰਮ ਦੇ ਠੇਕੇਦਾਰਾਂ ਦੀ ਅਪਾਰ ਕ੍ਰਿਪਾ ਅਤੇ ਰਹਿਮੋ ਕਰਮ ਦੁਆਰਾ ਆਪ ਜੀ ਕਾਮ ਦੀ ਸਿੱਖਿਆ ਪ੍ਰਾਪਤ ਕਰ ਰਹੇ ਹੋ। ਇਹ ਸਿਖਿਆਵਾਂ ਸਾਡੇ ਸੰਤਾਂ ਸਾਧਾਂ ਬ੍ਰਹਮਗਿਆਨੀਆਂ ਨੇ ਜੁਬਾਨੀ ਕੰਠ ਕਰ ਰੱਖੀਆਂ ਹਨ। ਕਈ ਅਪਣੇ ਆਪ ਨੂੰ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਭੀ ਅਜਿਹੀ ਸਿੱਖਿਆ ਦੀ ਪ੍ਰੋੜਤਾ ਕਰਦੀਆਂ ਹਨ। ਪਰ ਇਹ ਸਿੱਖਿਆਵਾਂ ਦਾ ਲੇਖਕ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸਦੀਆਂ/ਦੱਸਦੇ ਹਨ। ਇਨ੍ਹਾਂ ਨੂੰ ਪੜ੍ਹ ਕੇ ਹਰ ਕੋਈ ਆਖ ਉੱਠਦਾ ਹੈ ਝੂਠੇ ਦਾ ਬੇੜਾ ਗਰਕ ਪਰ ਪੰਜਵੇਂ ਨਾਨਕ ਆਖਦੇ ਹਨ :-

ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥

(ਗਉੜੀ ਸੁਖਮਨੀ ਮਃ ੫ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੨੮੦)

ਇਲਾਕਾ : ਪਲਵਲ (ਇਕ ਸੌ ਸੱਤਰਵੋਂ ਚਰਿਤ੍ਰ ਪੰਨਾ ੧੦੬੨-੬੩)

ਪਾਤਰ : ਸਰਬ ਸਿੰਘ (ਰਾਜਾ), ਬੀਰ ਕਲਾ (ਨਾਰੀ), ਰਾਵਤ ਸਿੰਘ ਤੇ ਚੇਰੀ

**ਇਸ਼ਕ ਦੀ ਨਵੀਓਂ ਨਵੀਂ ਬਹਾਰ :** ਪਲਵਲ ਦੇ ਰਾਜਾ ਸਰਬ ਸਿੰਘ ਦੀ ਔਰਤ ਬੀਰ ਕਲਾ ਦੀ ਜਵਾਨੀ ਤੇ ਸੁੰਦਰਤਾ ਦੇਖ ਕੇ ਦੇਵਤੇ ਤੇ ਦੈਂਤ ਭੀ ਕੀਲੇ ਜਾਂਦੇ। ਉਸ ਨੇ ਰਾਵਤ ਸਿੰਘ ਨੂੰ ਦੇਖਿਆ ਤੇ ਦੀਵਾਨੀ ਹੋ ਗਈ। ਅਪਣੀ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਮਨ ਭਾਉਂਦਾ ਸੰਭੋਗ ਕੀਤਾ ।

*ਰਾਵਤ ਸਿੰਘ ਬਿਲੋਕਤ ਭਈ ॥ ਹਰਿ ਅਰਿ ਬਸਿ ਰਾਨੀ ਹ੍ਵੈ ਗਈ ॥*
*ਸਹਚਰਿ ਪਠੈ ਬੁਲਾਯੋ ਜਬੈ ॥ ਕਾਮਕੇਲ ਤਾਸੌਂ ਕਿਯ ਤਬੈ ॥੩॥* (ਇਕ ਸੌ ਸੱਤਰਵੋਂ ਚਰਿਤ੍ਰ ਪੰਨਾ ੧੦੬੨)

ਇਸੇ ਢੰਗ ਨਾਲ ਯਾਰ ਰੋਜ ਆਉਂਦਾ ਤੇ ਰਾਣੀ ਨਾਲ ਸੰਭੋਗ ਕਰਦਾ। ਉਥੇ ਇਕ ਨੌਕਰਾਣੀ ਪੁੱਜੀ ਜੋ ਯਾਰ ਦਾ ਰੂਪ ਦੇਖ ਕੇ ਮੋਹੀ ਗਈ। ਜਦ ਉਹ ਰਾਣੀ ਨਾਲ ਮੌਜ ਮੇਲਾ ਕਰਕੇ ਆਇਆ ਤਾਂ ਦਾਸੀ ਦਾ ਰੂਪ ਦੇਖ ਕੇ ਦੀਵਾਨਾ ਹੋ ਗਿਆ ।

*ਐਸੀ ਭਾਂਤਿ ਜਾਰ ਨਿਤਿ ਆਵੈ ॥ ਵਾ ਰਾਨੀ ਸੌ ਭੋਗ ਕਮਾਵੈ ॥*
*ਦਾਸੀ ਏਕ ਤਹਾਂ ਚਲਿ ਆਈ ॥ ਨਿਰਖਿ ਮੀਤ ਤਿਹ ਰਹਯੋ ਲੁਭਾਈ ॥੪॥*
*ਕੇਲ ਕਮਾਇ ਜਾਰ ਜਬ ਆਯੋ ॥ ਚੇਰੀ ਕੋ ਲਖਿ ਰੂਪ ਲੁਭਾਯੋ ॥*
*ਰਨਿਯਹਿ ਡਾਰਿ ਹ੍ਰਿਦੈ ਤੇ ਦਯੋ ॥ ਤਾਕੀ ਸੇਜ ਸੁਹਾਵਤ ਭਯੋ ॥੫॥*

(ਇਕ ਸੌ ਸੱਤਰਵੋਂ ਚਰਿਤ੍ਰ ਪੰਨਾ ੧੦੬੨)

ਸੰਭੋਗ ਤੋਂ ਬਿਨਾ ਰਾਣੀ ਤੜਫੀ। ਉਸ ਨੇ ਮਿਤ੍ਰ ਦੀ ਭਾਲ ਕੀਤੀ ਤੇ ਅਖੀਰ ਖ਼ੁਰਾ ਲੱਭ ਹੀ ਲਿਆ ਤੇ ਜਾ ਕੇ ਰਾਜੇ ਨੂੰ ਖ਼ਬਰ ਕਰ ਕੇ ਰੰਗੇ ਹੱਥੀਂ ਪਕੜਵਾ ਦਿੱਤੇ। ਰਾਜੇ ਨੇ ਦੋਨਾਂ ਨੂੰ ਖੜਗ ਨਾਲ ਮੌਤ ਦੇ ਘਾਟ ਉਤਾਰ ਦਿੱਤਾ।

ਨੋਟ :- ਆਪ ਜੀ ਦਸਮ ਗ੍ਰੰਥ ਪੜ ਰਹੇ ਹੋ। ਇਹ ਆਪ ਜੀ ਨੂੰ ਕਾਮ ਉਤੇਜਨਾ ਦੀ ਸਿੱਖਿਆ ਤੋਂ ਇਲਾਵਾ ਚੋਰੀ ਡਾਕੇ ਤੇ ਕਤਲ ਕਰਨ ਦੇ ਤੌਰ ਤਰੀਕੇ ਦੱਸੇਗਾ। ਰੱਬ ਨਾਲ ਜੁੜਨਾ ਚਾਹੁੰਦੇ ਹੋ ਜਾਂ ਮਨ ਦੀ ਸ਼ਾਤੀ ਚਾਹੁੰਦੇ ਹੋ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ ਤੇ ਸਮਝੋ। ਇਹ ਜਰੂਰ ਚੇਤੇ ਰੱਖਿਓ ਕਿ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਨਹੀਂ ਹਨ। ਖਬਰਦਾਰ-ਬਾ-ਹੋਸਿਆਰ। ਜਾਗਦੇ ਰਹਿਓ !

## ਇਲਾਕਾ : ਰੰਘਰਾਰੀ

(ਇਕ ਸੌ ਇਕਹੱਤਰਵੇਂ ਚਰਿਤ੍ਰ ਪੰਨਾ ੧੦੬੩-੬੪)

ਪਾਤਰ : ਕੰਚਨ ਸਿੰਘ, ਸਾਹਿਬ ਦੇਈ ਤੇ ਯਾਰ :- ਰੰਘਰਾਰੀ ਦੇ ਕੰਚਨ ਸਿੰਘ ਦੀ ਔਰਤ ਨੂੰ ਕਾਮ ਬਹੁਤ ਸਤਾਉਂਦਾ। ਉਸ ਨੇ ਅਪਣੀ ਘਰ ਵਾਲੀ ਨੂੰ ਕਿਹਾ ਮੈਂ ਪਰਦੇਸ ਜਾਂਦਾ ਹਾਂ ਬਹੁਤਾ ਧੰਨ ਕਮਾ ਕੇ ਲਿਆਵਾਂਗਾ। ਇਹ ਕਹਿ ਕੇ ਉਹ ਤੁਰ ਪਿਆ ਪਰ ਕੋਠੇ ਦੇ ਕੋਣੇ ਛੁਪ ਗਿਆ। ਤਦ ਸਾਹਿਬ ਦੇਈ ਨੇ ਅਪਣਾ ਯਾਰ ਬੁਲਾ ਕੇ ਕਾਮ ਭੋਗ ਕੀਤਾ। ਉਹ ਘਰ ਦੇ ਕੋਣੇ ਅਪਣੇ ਪਤੀ ਨੂੰ ਦੇਖ ਕੇ ਨਾਲੇ ਭੋਗ ਕਰੀਂ ਜਾਏ ਤੇ ਨਾਲੇ ਰੌਲਾ ਪਾਈਂ ਜਾਏ :-

*ਜਾਤ ਭਯੋ ਐਸੇ ਬਚ ਕਹਯੋ ॥ ਲਾਗਿ ਧਾਮ ਕੋਨੇ ਸੌ ਰਹਯੋ ॥*
*ਸਾਹਿਬ ਦੇ ਤਬ ਜਾਰ ਬੁਲਾਯੋ ॥ ਕਾਮ ਭੋਗ ਤਿਹ ਸਾਥ ਕਮਾਯੋ ॥੩॥*
*ਗ੍ਰਹਿ ਕੋਨਾ ਸੌ ਪਤਿਹਿ ਨਿਹਾਰਯੋ ॥ ਇਹੈ ਚੰਚਲਾ ਚਰਿਤ ਬਿਚਾਰਯੋ ॥*
*ਲਪਟਿ ਲਪਟਿ ਆਸਨ ਸੌ ਜਾਵੈ ॥ ਕੂਕਿ ਕੂਕਿ ਇਹ ਭਾਂਤਿ ਸੁਨਾਵੈ ॥੪॥*

(ਇਕ ਸੌ ਇਕਹੱਤਰਵੇਂ ਚਰਿਤ੍ਰ ਪੰਨਾ ੧੦੬੩)

ਕਹਿੰਦੀ ਜੇ ਅੱਜ ਮੇਰਾ ਖਸਮ ਘਰ ਹੁੰਦਾ ਤੇਰਾ ਸਿਰ ਭੰਨ ਦੇਂਦਾ। ਸਰੀਰਕ ਅਨੰਦ ਲੈਣ ਤੋਂ ਬਾਦ ਯਾਰ ਉਠਾਇਆ ਤੇ ਆਪ ਪਿੱਟਣਾ ਸ਼ੁਰੂ ਕਰ ਦਿੱਤਾ।

*ਦੋਹਰਾ ॥ ਅਤਿ ਰਤਿ ਤਾਸੋ ਮਾਨਿਕੈ ਦੀਨੋ ਜਾਰ ਉਠਾਇ ॥*
*ਆਪੁ ਅਧਿਕ ਪੀਟਤ ਭਈ ਹ੍ਰਿਦੈ ਸ਼ੋਕ ਉਪਜਾਇ ॥੬॥* (ਇਕ ਸੌ ਇਕਹੱਤਰਵੇਂ ਚਰਿਤ੍ਰ ਪੰਨਾ ੧੦੬੩)

ਕਹਿੰਦੀ ਏਹ ਨੇ ਮੇਰਾ ਧਰਮ ਖੋ ਦਿੱਤਾ-ਮੈਂ ਮਹਿਲ ਤੋਂ ਛਾਲ ਮਾਰ ਕੇ ਮਰਜੂੰਗੀ ਨਹੀਂ ਤਾਂ ਢਿੱਡ ਚ ਕਟਾਰੀ ਮਾਰ ਕੇ ਮਰੂੰਗੀ-ਮੈਂ ਅੱਗ ਚ ਸੜ ਮਰੂੰਗੀ। ਇਉਂ ਚੀਕ ਚਿਹਾੜਾ ਪਾਉਂਦੀ ਨੇ ਜਮਧਰ ਉਠਾਈ ਤੇ ਪਤੀ ਨੂੰ ਦਿਖਾ ਕੇਅਪਣੇ ਢਿੱਡ ਵਿੱਚ ਮਾਰਨ ਲੱਗੀ। ਖਸਮ ਨੇ ਤੱਕਦੇ ਹੀ ਭੱਜ ਕੇ ਹੱਥ ਪਕੜਿਆ ਤੇ ਜਮਧਰ ਖੋਹ ਕੇ ਕਹਿੰਦਾ ਭਾਗਵਾਨੇ ਇਸ ਵਿੱਚ ਤੇਰਾ ਕੋਈ ਦੋਸ ਨਹੀਂ ਜੋਰਾਵਰ ਅਪਣੇ ਜੋਰ ਨਾਲ ਤੈਨੂੰ ਭੋਗ ਕੇ ਭੱਜ ਗਿਆ।

**ਨੋਟ :- ਸਾਡੇ ਅਖੌਤੀ ਵਿਦਵਾਨ ਤੇ ਅਨੇਕਾਂ ਛੋਟੇ ਵੱਡੇ ਕੱਦ ਦੇ ਪ੍ਰਚਾਰਕ ਤੇ ਪੁਜਾਰੀ ਇਨ੍ਹਾਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਮੰਨਦੇ ਤੇ ਪ੍ਰਚਾਰਦੇ ਹਨ। ਕੀ ਗੁਰੂ ਜੀ ਇਹ ਅਸ਼ਲੀਲ ਕਵਿਤਾਵਾਂ ਰਚਦੇ ਰਹੇ ਹਨ ? ਅਪਣੀ ਜ਼ਮੀਰ ਦਾ ਗਲਾ ਘੁੱਟੇ ਬਿਨਾ ਨਿਰਪੱਖ ਹੋ ਕੇ ਉੱਤਰ ਦਿਓ।**

ਪਾਤਰ : ਐਂਡੇ ਰਾ (ਭਾਟ), ਗੀਤ ਕਲਾ (ਤ੍ਰਿਯਾ) ਤੇ ਬੀਰਮ ਦੇ (ਜਾਰ) (ਇਕ ਸੌ ਬਹੱਤਰਵੇਂ ਚਰਿਤ੍ਰ ਪੰਨਾ ੧੦੬੪-੬੫)

ਐਂਡੇ ਰਾ ਭਾਟ ਦੀ ਗੀਤ ਕਲਾ ਨੇ ਬੀਰਮ ਦੇਵ ਨੂੰ ਤੱਕਦੇ ਹੀ ਐਂਡੇ ਰਾ ਚਿੱਤੋਂ ਭੁਲਾ ਦਿੱਤਾ। ਯਾਰ ਕਹਿੰਦਾ ਗੀਤ ਕਲਾ ਨੂੰ ਮੈਂ ਤਾਂ ਤੈਨੂੰ ਅਪਣੀ ਪਿਆਰੀ ਸਮਝਾਂ ਜੇ ਤੂੰ ਅਪਣੇ ਖਸਮ ਨੂੰ ਮੰਜੇ ਥੱਲੇ ਬੰਨ੍ਹ ਕੇ ਮੇਰੇ ਨਾਲ ਭੋਗ ਕਰੇਂ।

*ਦੋਹਰਾ ॥ ਬਾਂਧਿ ਖਾਟੁ ਤਰ ਨਿਜੁ ਪਤਿਹਿ ਹਮ ਸੌ ਭੋਗ ਕਮਾਇ ॥*
*ਤੌ ਮੈ ਜਾਨੌ ਸਾਚੁ ਤੂੰ ਹਿਤੂ ਹਮਾਰੀ ਆਏ ॥੨॥* (ਇਕ ਸੌ ਬਹੱਤਰਵੇਂ ਚਰਿਤ੍ਰ ਪੰਨਾ ੧੦੬੪)

ਇਕ ਦਿਨ ਐਂਡੇ ਰਾਇ ਨੂੰ ਕਹਿੰਦੀ ਖਸਮਾ ਤੈਨੂੰ ਬੜਾ ਕਸੂਤਾ ਰੋਗ ਚਿੰਬੜਿਆ ਹੈ ਜਿਸ ਤੋਂ ਮੈਨੂੰ ਬੜੀ ਖਿੱਝ ਆਉਂਦੀ ਹੈ। ਇਸੇ ਕਰਕੇ ਮੈਂ ਘਰ ਇਕ ਵੈਦ ਬੁਲਾ ਰੱਖਿਆ ਹੈ ਉਸ ਤੋਂ ਇਲਾਜ ਕਰਾ। ਬੀਰਮ ਦੇਵ ਕਹਿੰਦਾ ਏਹਨੂੰ ਤੂੰ ਰੱਜਵੀਂ ਸ਼ਰਾਬ ਪੀ ਤੇ ਮੂੰਹੋਂ ਗਾਣੇ ਗਾਉਂਦਾ ਰਹੁ-ਗੀਤ ਕਲਾ ਨੂੰ ਕਹਿੰਦਾ ਏਹਨੂੰ ਮੰਜੇ ਥੱਲੇ ਬੰਨ੍ਹ ਦੇਵੀਂ। ਕਹਿੰਦਾ ਮੈਂ ਇਕ ਬੀਰ ਸੱਦਾਂਗਾ ਉਹ ਮੰਜੇ ਤੇ ਚੜ੍ਹ ਕੇ ਤੇਰੀ ਔਰਤ ਨਾਲ ਮਲ ਯੁੱਧ ਕਰੇਗਾ ਤੇ ਤੂੰ ਅਰੋਗ ਹੋ ਜਾਏਂਗਾ। ਓਹਨੇ ਸ਼ਰਾਬ ਮੰਗਾਈ ਆਪ ਪੀਤੀ ਤੇ ਯਾਰ ਸਮੇਤ ਔਰਤ ਨੂੰ ਦਿੱਤੀ। ਔਰਤ ਨੇ ਮੰਜੇ ਥੱਲੇ ਖਸਮ ਨੂੰ ਬੰਨ੍ਹ ਕੇ ਜਾਰ ਨਾਲ ਰੰਗੀ ਗਈ :-

*ਭੋਗੁ ਜਾਰ ਅਬਲਾ ਸੌ ਕਿਯੋ ॥ ਭਾਂਤਿ ਭਾਂਤਿ ਤਾਕੋ ਸੁਖ ਦਿਯੋ ॥*
*ਉਛਲ ਉਛਲ ਰਤਿ ਅਧਿਕ ਕਮਾਈ ॥ ਮੂਰਖ ਭਾਟ ਬਾਤ ਨਹਿ ਪਾਈ ॥੧੨॥*

ਸਰੀਰਕ ਨਿੱਘ ਲੈਣ ਤੋਂ ਬਾਦ ਯਾਰ ਵਿਦਾ ਕਰ ਦਿੱਤਾ। (ਇਕ ਸੌ ਬਹੱਤਰਵੇਂ ਚਰਿਤ੍ਰ ਪੰਨਾ ੧੦੬੪)

ਨੋਟ :- ਇਹ ਉਹ ਰਚਨਾਵਾਂ ਹਨ ਜਿਨ੍ਹਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦਾ ਯਤਨ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਰਚਨਾਵਾਂ ਦੇ ਲੇਖਕ ਹਨ। ਬੇਸ਼ਰਮ ਤੇ ਬੇ-ਹਯਾ ਲੋਕ ਤਾਂ ਬਥੇਰੇ ਦੇਖੇ ਹਨ ਪਰ ਇਨ੍ਹਾਂ ਵਰਗੇ ਪਹਿਲੀ ਵਾਰ ਅਨੁਭਵ ਕਰ ਰਿਹਾ ਹਾਂ। ਨਾ ਗੁਰੂ ਨਾਲ ਪਿਆਰ ਤੇ ਨਾ ਹੀ ਦਿਲ ਵਿੱਚ ਕੋਈ ਡਰ। ਕਹਿੰਦੇ ਏਹਦਾ ਪ੍ਰਕਾਸ ਗੁਰੂ ਘਰਾਂ ਚ ਕਰਨਾ ਹੈ । ਮੂਰਖੋ ਸੋਚੋ ਬਈ ਜੇ ਇਹ ਗੰਦ ਤੁਹਾਡੀ ਅਪਣੀ ਹੀ ਧੀ ਜਾਂ ਭੈਣ ਨੇ ਪੜ੍ਹ ਲਿਆ ਫਿਰ ਕੀ ਕਰੋਗੇ ? ਬਾ ਹੋਸਿਆਰ ਜਾਗਦੇ ਰਹਿਓ !

## ਸ਼ਹਿਰ : ਬਹਲੋਲਪੁਰ (ਇਕ ਸੌ ਤਿਹੱਤਰਵੇਂ ਚਰਿਤ੍ਰ ਪੰਨਾ ੧੦੬੫-੬੬)

ਪਾਤਰ : ਨਿਰੰਜਨ ਰਾਇ ਚੋਪੜਾ, ਸੰਗੀਤ ਕਲਾ (ਔਰਤ) ਬਹਲੋਲ ਖਾਨ (ਯਾਰ) ਤੇ ਬਨਿਜ ਕਲਾ (ਬਾਲਾ)

ਬਹਿਲੋਲਪੁਰ ਦੇ ਨਿਰੰਜਨ ਰਾਇ ਦੀ ਪਤਨੀ ਸੰਗੀਤ ਕਲਾ ਨੇ ਜਦ ਸੰਗੀਤ ਕਲਾ ਨੂੰ ਦੇਖਿਆ ਉਸ ਨੇ ਅਪਣੀਆਂ ਔਰਤਾਂ ਨੂੰ ਦਿਲੋਂ ਭੁਲਾ ਦਿੱਤਾ । ਉਸ ਨੇ ਬਨਿਜ ਕਲਾ ਨਾਂ ਦੀ ਕੁੜੀ ਨੂੰ ਕੋਲ ਬੁਲਾ ਕੇ ਬਹੁਤਾ ਧੰਨ ਦੇ ਕੇ ਇਕ ਚਿੱਠੀ ਸੰਗੀਤ ਕਲਾ ਦੇ ਹੱਥ ਦੇਣ ਲਈ ਦਿੱਤੀ । ਉਹ ਚਿੱਠੀ ਲੈ ਕੇ ਸੰਗੀਤ ਕਲਾ ਕੋਲ ਪਹੁੰਚੀ ਤੇ ਖਾਂਨ ਦੀ ਬੜੀ ਉਪਮਾ ਕੀਤੀ । ਉਸ ਦੀ ਉਪਮਾ ਸੁਣ ਕੇ ਓਹ ਢਲ ਗਈ । ਓਹ ਅਪਣੇ ਖਸਮ ਨੂੰ ਬਾਗ ਦੇਖਣ ਦਾ ਬਹਾਨਾ ਕਰ ਕੇ ਖਾਨ ਦੀ ਹਵੇਲੀ ਜਾ ਪਹੁੰਚੀ ।

*ਦੋਹਰਾ ॥ ਤ੍ਰਿਯ ਨਿਕਸੀ ਤਿਹ ਖਾਨ ਸੌ ਅਤਿਹੀ ਭੋਗ ਕਮਾਇ ॥*
*ਬਦਨ ਲਾਗ ਪਤਿ ਹੀ ਗਯੋ ਸੰਕਿ ਰਹੀ ਮੁਖ ਨਯਾਇ ॥੧੦॥* (ਇਕ ਸੌ ਤਿਹੱਤਠਵੇਂ ਚਰਿਤ੍ਰ ਪੰਨਾ ੧੦੬੫)

ਜਦ ਨਿਰੰਜਨ ਰਾਇ ਅਪਣੀ ਔਰਤ ਨੂੰ ਲੱਭਦਾ ਲੱਭਦਾ ਬਾਗ ਵਿੱਚ ਪੁੱਜਾ ਤਾਂ ਸੰਗੀਤ ਕਲਾ ਨੂੰ ਨਾ ਦੇਖ ਕੇ ਚਿੰਤਾ ਕੀਤੀ । ਜਦ ਉਸ ਨੇ ਅਪਣੀ ਔਰਤ ਨੂੰ ਮੰਦੇ ਹਾਲੀਂ ਤੱਕਿਆ ਤਾਂ ਉਸ ਦੀ ਬੜੀ ਨਿੰਦਿਆ ਕੀਤੀ । ਔਰਤ ਕਹਿੰਦੀ ਮੈਂ ਕੀ ਕਰਦੀ :-

*ਮੋਕੌ ਪਕਰਿ ਪਠਾਨਨ ਲੀਨੋ ॥ ਕਾਮ ਕੇਲ ਬਹੁ ਮੋਸੌ ਕੀਨੋ ॥*
*ਤਬ ਬਲ ਚਲੈ ਤੌ ਯਾਕੋ ਮਾਰੋ ॥ ਨਹਿ ਕਾਜੀ ਪੈ ਜਾਇ ਪੁਕਾਰੋ ॥੧੫॥*
(ਇਕ ਸੌ ਤਿਹੱਤਠਵੇਂ ਚਰਿਤ੍ਰ ਪੰਨਾ ੧੦੬੫)

ਖਸਮ ਕਹਿੰਦਾ ਇਸ ਵਿੱਚ ਤੇਰੀ ਕੋਈ ਗਲਤੀ ਨਹੀਂ ਤੂੰ ਘਰ ਦਾ ਰਸਤਾ ਭੁੱਲ ਗਈ ਤੇ ਤੈਨੂੰ ਪਠਾਣ ਨੇ ਪਕੜ ਕੇ ਤੇਰੇ ਨਾਲ ਭੋਗ ਕੀਤਾ। ਚੰਗਾ ਕੀਤਾ ਤੂੰ ਘਰ ਪਰਤ ਆਈ ਵਰਨਾ ਓਹਨੇ ਤੈਨੂੰ ਤੁਰਕਣੀ ਬਣਾ ਲੈਣਾ ਸੀ। ਜਿਹੜੀ ਇਕ ਬਾਰ ਇਨ੍ਹਾਂ ਦੇ ਧੱਕੇ ਚੜ੍ਹ ਜਾਂਦੀ ਮੁੜ ਨਹੀਂ ਪਰਤਦੀ ।

ਸੰਗੀਤ ਕਲਾ ਕਹਿੰਦੀ ਖਸਮਾ ਮੈਂ ਤੈਨੂੰ ਸਾਰੀ ਵਿਥਿਆ ਦੱਸਦੀ ਹਾਂ। ਜਦ ਮੈਂ ਰਸਤਾ ਭੁੱਲ ਗਈ ਤਾਂ ਮੈਨੂੰ ਤੁਰਕ ਨੇ ਪਕੜ ਲਿਆ ਕਹਿਣ ਲੱਗਾ ਕੇ ਮੇਰੀ ਨਾਰ ਬਣ ਜਾ ਨਹੀਂ ਤਾਂ ਮਾਰ ਦੇਵਾਂਗਾ । ਮੈ ਉਸ ਨੂੰ ਕਿਹਾ :-

*ਅੜਿੱਲ ॥ ਤਬ ਮੈ ਤਾਸੌ ਚਰਿਤ ਭਾਂਤਿ ਐਸੋ ਕਿਯੋ ॥ ਨਿਜੁ ਭਗ ਤੇ ਨਖ ਸਾਥਿ ਕਾਢਿ ਸ੍ਰੋਨਤ ਦਯੋ ॥*
*ਪ੍ਰਥਮ ਅਲਿੰਗਨ ਖਾਨ ਸਾਥ ਹਸ ਮੈ ਕਰਿਯੋ ॥ ਹੋ ਬਹੁਰੌ ਮੁਖ ਤੇ ਬਚਨ ਤਾਹਿ ਮੈਂ ਉਚਰਿਯੋ ॥੧੮॥*
*ਰਤਿ ਆਈ ਹੈ ਮੋਹਿ ਸੁ ਮੈਂ ਗ੍ਰਿਹਿ ਜਾਤ ਹੋ ॥ ਤੁਮੈ ਸਾਥ ਬਹਲੋਲ ਨ ਭੋਗ ਕਮਾਤ ਹੋ ॥*
*ਸੰਗ ਮਨੁਛ ਦੈ ਮੋਹਿ ਤਹਾਂ ਪਹੁਚਾਇਯੈ ॥ ਹੋ ਦਿਵਸ ਤੀਸਰੇ ਮੋਕੌ ਬਹੁਰਿ ਬੁਲਾਇਯੈ ॥੧੯॥*
(ਇਕ ਸੌ ਤਿਹੱਤਠਵੇਂ ਚਰਿਤ੍ਰ ਪੰਨਾ ੧੦੬੬)

ਨੋਟ :- ਪਤਾ ਨਹੀਂ ਕਿਸ ਮਿੱਟੀ ਦੇ ਬਣੇ ਨੇ ਲੋਕ। ਬੜੇ ਢੀਠ ਤੇ ਬੇਸ਼ਰਮ-ਬੇਹਯਾ ਕਹਿੰਦੇ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ ਬਾਣੀ ਹੈ। ਅਪਣੇ ਆਪ ਨੂੰ ਵੱਡੇ ਵਿਦਵਾਨ ਤੇ ਬੁੱਧੀ ਜੀਵੀ ਅਖਵਾਉਂਦੇ ਹਨ। ਲੱਛੇਦਾਰ ਤਕਰੀਰਾਂ ਕਰਦੇ ਹਨ ਉਂਝ ਉਹ ਜੋ ਖੁੱਦ ਬੋਲਦੇ ਹਨ ਉਸ ਬਾਰੇ ਉਹ ਖੁੱਦ ਭੀ ਅਨਪੜ੍ਹ ਹੁੰਦੇ ਹਨ । ਹਰ ਮੰਦੀ ਰਚਨਾ ਨਾਲ ਪਾਤਸ਼ਾਹੀ ੧੦ ਲਿਖ ਕੇ ਕਮੀਣਾ ਹਾਸਾ ਹੱਸਦੇ ਹਨ । ਉਸ ਗੁਰੂ ਦਾ ਜਿਸ ਨੇ ਗੁਲਾਮੀ ਦੀਆਂ ਤੰਦਾਂ ਤੋੜਨ ਲਈ ਸਰਬੰਸ ਵਾਰਿਆ-ਸਿਰ ਤੇ ਤਾਜ ਤੇ ਤਖ਼ਤ ਦਿੱਤਾ, ਅਪਮਾਨ ਕਰਦੇ ਹਨ । ਅਕ੍ਰਿਤਘਣ ਮੰਦ ਕਰਮੀ । ਇਨ੍ਹਾਂ ਨੂੰ ਪੁੱਛੋ ਬਈ ਗੁਰੂ ਗੋਬਿੰਦ ਸਿੰਘ ਜੀ ਇਹ ਅਸ਼ਲੀਲ ਰਚਨਾਵਾਂ ਰਚ ਸਕਦੇ ਹਨ? ਫਿਰ ਕੌਣ ਹਨ ਇਹ ਲੋਕ ਜੋ ਦਸਮ ਗ੍ਰੰਥ ਦਸਮ ਗ੍ਰੰਥ ਦੀ ਦੁਹਾਈ ਦੇਂਦੇ ਹਨ ? ਨਿਰਸੰਦੇਹ ਸਿੱਖ ਧਰਮ ਦੇ ਕੱਟੜ ਦੁਸਮਣ ਤੇ ਘੁਸਪੈਠੀਏ । ਜੇਕਰ ਆਪ ਜੀ ਗੁਰੂ ਨਾਨਕ ਦੇ ਸਿੱਖ ਹੋ ਤਾਂ ਇਸ ਗੰਦੀ ਸਾਜਿਸ ਨੂੰ ਪਛਾੜਨ ਲਈ ਅਪਣਾ ਫ਼ਰਜ ਪੂਰਾ ਕਰੋ ।

## ਇਲਾਕਾ : ਮੋਕਲ ਗੜ੍ਹ (ਇਕ ਸੌ ਚੌਹਤਰਵੋਂ ਚਰਿਤ੍ਰ ਪੰਨਾ ੧੦੬੩-੬੪)

ਪਾਤਰ : ਸੁਰਤਾ ਦੇ (ਸੁਤਾ), ਹਜਰਤ ਤੇ ਰਾਜਾ

ਮੋਕਲ ਗੜ੍ਹ ਦੇ ਮਸ਼ਹੂਰ ਰਾਜੇ ਦੀ ਧੀ ਸੁਰਤਾ ਦੇ ਕਹਿੰਦੀ ਮੈਂ ਉਸ ਨਾਲ ਸ਼ਾਦੀ ਕਰਾਂਗੀ ਜੋ ਲੱਕੜ ਦੇ ਘੋੜੇ ਤੇ ਚੜ੍ਹ ਕੇ ਆਏਗਾ ਅਤੇ ਬਿਨਾਂ ਹੱਥ ਲਾਇਆਂ ਲਹੂ ਦੀ ਵੱਡੀ ਲੀਕ ਖਿੱਚੇਗਾ। ਇਹ ਸੁਣ ਕੇ ਸਭ ਦੰਗ ਰਹਿ ਗਏ। ਹਜਰਤ ਨੇ ਲੱਕੜੀ ਦੀ ਕਿਸ਼ਤੀ ਬਣਵਾਈ ਅਤੇ ਨਹਿਰ ਖੁਦਾ ਕੇ ਉੱਥੇ ਜਾ ਪੁੱਜਾ। ਫਿਰ ਹੱਥ ਤੋਂ ਕਾਫੀ ਖੂਨ ਕੱਢ ਕੇ ਪਾਣੀ ਦੇ ਕੰਢੇ ਛੱਡ ਦਿੱਤਾ ਤੇ ਲੰਮੀ ਲੀਕ ਬਣ ਗਈ । ਇਉਂ ਹਜਰਤ ਇਹ ਵਰ ਜਿੱਤ ਗਿਆ ।

ਨੋਟ :- ਇਸ ਦਾ ਨਾਂ ਦਸਮ ਗ੍ਰੰਥ ਹੈ ਜੀ । ਜੇਕਰ ਆਪ ਜੀ ਨੇ ਜੀਵਨ ਮਾਰਗਿ ਦੀ ਸਹੀ ਦਿਸਾ ਪਕੜਨੀ ਹੈ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਸਮੇਤ ਪੜ੍ਹੋ । ਚੋਰੀ, ਯਾਰੀ, ਠੱਗੀ ਤੇ ਡਕੈਤੀ ਦੇ ਤੌਰ ਤਰੀਕੇ ਸਿੱਖਣੇ ਹਨ ਤਾਂ ਦਸਮ ਗ੍ਰੰਥ ਨੂੰ ਪੜ੍ਹੋ। ਹੁਣ ਤੱਕ ਜੋ ਆਪ ਜੀ ਪੜ੍ਹ ਚੁੱਕੇ ਹੋ ਆਪ ਜੀ ਨੇ ਪਰਖ ਹੀ ਲਿਆ ਹੋਏਗਾ। ਪਰ ਚੇਤੇ ਰੱਖਿਓ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ । ਖ਼ਬਰਦਾਰ ! ਜਾਗਦੇ ਰਹਿਓ !

## ਇਲਾਕਾ : ਗਜਨੀ

(ਇਕ ਸੌ ਪਚਹੱਤਰਵੇਂ ਚਰਿਤ੍ਰ ਪੰਨਾ ੧੦੬੭-੬੯)

ਪਾਤਰ : ਗਜਨਦੇਵ ਰਾਜਾ, ਚਪਲਕਲਾ, ਜੋਬਨ ਖਾਂ ਤੇ ਬਲਵੰਡ ਖਾਨ

**ਇਸ਼ਕ ਦੇ ਰੰਗ ਨਿਆਰੇ** : ਗਜਨੀ ਦੇ ਵੱਡੇ ਰਾਜੇ ਗਜਨਦੇਵ ਦੀ ਧੀ ਚਪਲਕਲਾ ਮਾਨੋ ਚੰਦ ਦਾ ਟੁਕੜਾ। ਓਹਦੇ ਗਦਰਾਏ ਸਰੀਰ ਦੇ ਅੰਗ ਤੱਕ ਕੇ ਖੱਗ ਮ੍ਰਿਗ ਜੱਛ ਤੇ ਖੜੱਪੇ ਸੱਪ ਮੇਲਣ੍ਹ ਲੱਗ ਪੈਂਦੇ। ਉਸ ਦੇ ਵੱਡੇ ਕਿਲੇ ਨੂੰ ਜਿੱਤਣ ਲਈ ਜੋਬਨ ਖਾਂ ਨੇ ਬਲਵੰਡ ਖਾਨ ਨਾਲ ਮਿਲ ਕੇ ਹਮਲਾ ਕਰ ਦਿੱਤਾ। ਉਧਰੋਂ ਕਿਲੇ ਤੋਂ ਜਵਾਬੀ ਕਾਰਵਾਈ ਹੋਈ ਤੇ ਅਨੇਕਾਂ ਮਾਰੇ ਗਏ। ਬੜੀ ਘਮਸਾਣ ਦੀ ਲੜਾਈ ਹੋਈ। ਚਪਲਕਲਾ ਨੇ ਜੋਬਨ ਖਾਂ ਦਾ ਜਦ ਰੂਪ ਦੇਖਿਆ ਤਾਂ ਸੁੱਧ ਬੁੱਧ ਖੋ ਬੈਠੀ। ਉਸ ਨੇ ਇਕ ਚਿੱਠੀ ਜੋਬਨ ਖਾਂ ਨੂੰ ਲਿਖੀ ਕਿ ਜੇਕਰ ਤੂੰ ਮੈਨੂੰ ਅਪਣੀ ਔਰਤ ਬਣਾ ਲਵੇਂ ਤਾਂ ਮੈਂ ਦੁਰਗ ਦਾ ਭੇਦ ਦੱਸ ਦੇਵਾਂਗੀ । ਜੋਬਨ ਖਾਂ ਨੇ ਉਸ ਨੂੰ ਹਾਂ ਪੱਖੀ ਹੁੰਘਾਰੇ ਨਾਲ ਮੋੜਵਾਂ ਉੱਤਰ ਦਿੱਤਾ । ਕਹਿੰਦੀ ਤੂੰ ਦਸਾਂ ਦਿਸਾਵਾਂ ਤੇ ਕਿਲੇ ਨੂੰ ਘੇਰਾ ਪਾ ਲੈ ਤੇ ਰਸਦ ਪਾਣੀ ਬੰਦ ਕਰ ਦੇ । ਜਿਹੜਾ ਬਾਹਰ ਨਿਕਲੇ ਓਹਦਾ ਕਤਲ ਕਰਦਾ ਜਾਵੀਂ ਇਉਂ ਬਾਪ ਸਮੇਤ ਸਭ ਦਾ ਕਤਲ ਕਰਵਾ ਕੇ ਉਸ ਨੇ ਕਿਲਾ ਯਾਰ ਦੇ ਹਵਾਲੇ ਕਰ ਦਿੱਤਾ ਤੇ ਆਪ ਜੋਬਨ ਖਾਂ ਨਾਲ ਪਿਆਰ ਦੇ ਹੁਲਾਰੇ ਲਏ ।

*ਲੀਨੋ ਦੁਰਗ ਛਿਨਾਇ ਗਜਨਿ ਸ਼ਹ ਘਾਇਕੈ ॥ ਲਯੋ ਕੁਅਰਿ ਕਹ ਜੀਤਿ ਪਰਮ ਸੁਖ ਪਾਇਕੈ ॥*
*ਭਾਂਤਿ ਭਾਂਤਿ ਰਤਿ ਕਰੀ ਪ੍ਰੇਮ ਉਪਜਾਇ ਕਰਿ ॥ ਹੋ ਲਪਟਿ ਲਪਟਿ ਤ੍ਰਿਯ ਗਈ ਸੁ ਕੀਨੇ ਭੋਗ ਭਰਿ ॥੨੪॥*

(ਇਕ ਸੌ ਪਚਹੱਤਰਵੇਂ ਚਰਿਤ੍ਰ ਪੰਨਾ ੧੦੬੮)

ਜੋਬਨ ਖਾਂ ਚਪਲਕਲਾ ਦੇ ਇਸ਼ਕ ਵਿੱਚ ਏਨਾ ਰੰਗਿਆ ਗਿਆ ਕਿ ਬਾਕੀ ਔਰਤਾਂ ਨੂੰ ਦਿਲੋਂ ਭੁਲਾ ਦਿੱਤਾ । ਇਕ ਔਰਤ ਕਹਿੰਦੀ ਕਿ ਸਾਡਾ ਰਾਜਾ ਬੜਾ ਮੂਰਖ ਹੈ । ਇਹ ਏਨਾਂ ਭੀ ਪਰਖ ਨਹੀਂ ਸਕਦਾ ਕਿ ਜਿਸ ਔਰਤ ਨੇ ਅਪਣਾ ਬਾਪ ਮਰਵਾ ਦਿੱਤਾ ਤੇ ਅਪਣਾ ਰਾਜ ਖੋ ਲਿਆ ਉਸੇ ਨਾਲ ਮੂਰਖ ਇਸ਼ਕ ਕਰਦੈ । ਲਗਦੈ ਰਾਜੇ ਦੀ ਮੌਤ ਨੇੜੇ ਆਈ ਐ । ਜੋਬਨ ਖਾਂ ਨੂੰ ਇਹ ਸੁਣ ਕੇ ਚੜ੍ਹਿਆ ਗੁੱਸਾ ਤੇ ਫਿਰ :-

*ਦੋਹਰਾ ॥ ਜੋਬਨ ਖਾਂ ਸੁਨਿ ਏ ਬਚਨ ਮਨ ਮੈ ਰੋਸ ਬਢਾਇ ॥*
*ਬਡੋ ਮੁਨਾਰ ਉਸਾਰਿ ਤ੍ਰਿਯ ਤਾ ਮੈ ਦਈ ਚਿਨਾਇ ॥੨੮॥* (ਇਕ ਸੌ ਪਚਹੱਤਰਵੇਂ ਚਰਿਤ੍ਰ ਪੰਨਾ ੧੦੬੯)

ਨੋਟ :- ਇਸ ਸਾਖੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਅਪਣੀ ਕਾਮ ਦੀ ਭੁੱਖ ਮਿਟਾਣ ਲਈ ਜੇਕਰ ਬਾਪ ਦਾ ਕਤਲ ਕਰਨਾ ਪਏ ਤਾਂ ਕਰੋ ਜਾਂ ਕਰਵਾ ਦਿਓ । ਜੇਕਰ ਘਰ ਬਾਰ ਤੇ ਦੇਸ ਬਰਬਾਦ ਹੁੰਦਾ ਹੈ ਤਾਂ ਉਸ ਦੀ ਪਰਵਾਹ ਨਾ ਕਰਿਓ । ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਅਜਿਹੀ ਗੰਦੀ ਸੋਚ ਦੇ ਸਕਦੇ ਹਨ ? ਫਿਰ ਕੌਣ ਹਨ ਉਹ ਲੋਕ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਵਰਤ ਕੇ ਉਨ੍ਹਾਂ ਦਾ ਅਪਮਾਨ ਕਰ ਰਹੇ ਹਨ ।

ਖ਼ਬਰਦਾਰ-ਬਾ-ਹੋਸਿਆਰ! ਜਾਗਦੇ ਰਹਿਓ !

## ਇਲਾਕਾ : ਮੱਦ੍ਰ ਦੇਸ

(ਇਕ ਸੌ ਛਿਹੱਤ੍ਰਵੇਂ ਚਰਿਤ੍ਰ ਪੰਨਾ ੧੦੬੯-੭੦)

ਪਾਤਰ : ਜਗਬੰਦਨ (ਸ਼ਾਹ), ਬੀਰ ਮਤੀ (ਤ੍ਰਿਯਾ) ਤੇ ਚੰਦ੍ਰਭਾਨ ਜਾਟੂ

ਬੀਰ ਮਤੀ ਦਾ ਧਨਾਢ ਖਸਮ ਜਗਬੰਦਨ ਵਲਾਇਤ ਗਿਆ ਮੁੜਿਆ ਨਾ-ਬੜੀਆਂ ਚਿੱਠੀਆਂ ਲਿਖੀਆਂ-ਔਸੀਆਂ ਪਾਈਆਂ-ਆਖਰ ਉਹ ਸਭ ਧੰਨ ਨਾਲ ਲੈ ਖਸਮ ਨੂੰ ਮਿਲਣ ਤੁਰੀ, ਰਾਹ ਵਿੱਚ ਚੰਦ੍ਰਭਾਨ ਜਾਟੂ ਸਭ ਕੁੱਝ ਉਸ ਤੋਂ ਲੁੱਟ ਕੇ ਅਪਣੇ ਰਾਹ ਪਿਆ। ਔਰਤ ਨੇ ਮਰਦ ਦਾ ਭੇਸ ਧਾਰਣ ਕੀਤਾ ਤੇ ਹੱਥ ਵਿੱਚ ਕ੍ਰਿਪਾਨ ਪਕੜ ਕੇ ਹੋ ਕੇ ਘੋੜੇ ਤੇ ਸਵਾਰ ਜਾ ਘੇਰਿਆ ਚੰਦ੍ਰਭਾਨ। ਓਹਨੇ ਇਕੋ ਵਾਰ ਨਾਲ ਘੋੜੀਆਂ ਮਾਰੀਆਂ। ਦੂਜੇ ਨਾਲ ਵੀਹ ਜਵਾਨ ਮਾਰੇ ਤੇ ਤੀਜੇ ਵਾਰ ਨਾਲ ਤੀਹ ਬੀਰ ਮਾਰ ਮੁਕਾਏ। ਓਹਦੇ ਇਕੋ ਬਾਣ ਨਾਲ ਵੀਹ ਤੀਹ ਬੰਦੇ ਮਰ ਜਾਂਦੇ। ਸੌ ਸੂਰਮੇ ਮਾਰਨ ਤੋਂ ਬਾਦ ਉਸ ਨੇ ਚੰਦ੍ਰਭਾਨ ਹੱਥ ਕਰ ਕੇ ਲਿਆ ਤੇ ਫਿਰ ਅਪਣੇ ਪਤੀ ਨੂੰ ਜਾ ਮਿਲੀ, ਉਸ ਨੂੰ ਅਪਣੇ ਦੇਸ ਲੈ ਕੇ ਆਂਦਾ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ । ਪਰ ਇਹ ਜਰੂਰ ਯਾਦ ਰੱਖਿਓ ਬਈ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ ।

**ਪਤੈ ਮਛਲੀ ਬੰਦਰ ਨਾਂ ਕਿਵੇਂ ਪਿਆ? ਜੇ ਨਹੀ ਪਤਾ ਤਾਂ ਦਸਮ ਗ੍ਰੰਥ ਪੜ੍ਹੋ** (ਇਕ ਸੌ ਸੱਤਹਤਰਵੋਂ ਚਰਿਤ੍ਰ ਪੰਨਾ ੧੦੭੦-੭੧)

ਪਾਤਰ : ਮੈਨਲਤਾ (ਅਬਲਾ) : ਬੜੇ ਸ਼ਾਹ ਦੀ ਧੀ ਮੈਨਲਤਾ ਬੇਦ ਪੁਰਾਨ ਤੇ ਸ਼ਾਸਤ੍ਰ ਵਿੱਦਿਆ ਵਿੱਚ ਨਿਪੁੰਨ ਨੇ ਇਕ ਜਹਾਜ ਮੰਗਵਾਇਆ। ਖਾਣ ਪੀਣ ਦਾ ਸਮਾਨ ਉਸ ਵਿੱਚ ਰੱਖ ਕੇ ਅਪਣੇ ਪੰਜਾਹ ਸਾਥੀਆਂ ਸਮੇਤ ਕਿਤੇ ਤੂੰ ਤੁਰ ਪਈ। ਸਮੁੰਦਰ ਦੇ ਵਿਚਕਾਰ ਪੁੱਜ ਕੇ ਉਸ ਨੇ ਸੱਠ ਹੱਥ ਲੰਮਾਂ ਬਾਂਸ ਮੰਗਵਾਇਆ (ਸ਼ਾਈਦ ਸਮੁੰਦਰ ਚ ਉੱਗਿਆ ਹੋਏ) ਉਸ ਨਾਲ ਬੈਰਕ ਬੰਨ ਕੇ ਹੋਰ ਵੱਡਾ ਕੀਤਾ ਅਤੇ ਕੱਪੜੇ ਨੂੰ ਅੱਗ ਲਗਾ ਦਿੱਤੀ ਐਉਂ ਲਗਦਾ ਸੀ ਮਾਨੋ ਦੂਜਾ ਸੂਰਜ ਚੜ੍ਹ ਗਿਆ ਹੋਏ। ਜਿਉਂ ਜਿਉਂ ਮਲਾਹ ਜਹਾਜ ਚਲਾਉਂਦੇ ਗਏ ਮੱਛ ਕੱਛ ਵਗੈਰਾ ਨਾਲ ਹੋ ਤੁਰੇ। ਪੰਜਾਹ ਕੋਹ ਤੱਕ ਉਨ੍ਹਾਂ ਪਿੱਛਾ ਕੀਤਾ । ਜਦ ਜੀਵ ਜੰਤੂਆਂ ਨੇ ਇਕੱਠੇ ਹੋ ਕੇ ਮਗਰ ਆਉਣਾ ਸੁਰੂ ਕੀਤਾ ਤਾਂ ਉਨ੍ਹਾਂ ਦੇ ਅਪਣੇ ਬਲ ਨਾਲ ਰਤਨ ਭੀ ਨਾਲ ਆ ਗਏ । ਮੈਨਲਤਾ ਨੇ ਅੱਗ ਬੁਝਾਈ ਤਾਂ ਮੱਛ ਕੱਛ ਨੂੰ ਬੜੀ ਨਮੋਸੀ ਹੋਈ। ਉਸ ਨੇ ਕੋਟ ਦੁਆਰ ਤੇ ਮੱਛ ਕਸ ਕੇ ਬੰਨ੍ਹ ਦਿੱਤਾ । ਉਦੋਂ ਤੋਂ ਹੀ ਇਸ ਥਾਂ ਦਾ ਨਾਉਂ ਮਛਲੀ ਬੰਦਰ ਪੈ ਗਿਆ ।

*ਦੋਹਰਾ ॥ ਕੋਟ ਦ੍ਵਾਰਿ ਕਰਿ ਮਤਸ ਦ੍ਰਿਗ ਬੰਧਯੋ ਅਪਨੋ ਗਾਂਉ ॥*
*ਤਾ ਦਿਨ ਤੇ ਤਾਕੌ ਪਰਯੋ ਮਛਲੀ ਬੰਦਰ ਨਾਉ ॥੮॥* (ਇਕ ਸੌ ਸੱਤਹਤਰਵੋਂ ਚਰਿਤ੍ਰ ਪੰਨਾ ੧੦੭੧)

ਨੋਟ :- ਦਸਮ ਗ੍ਰੰਥ ਕਹਿੰਦੇ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ । ਬੇਸ਼ਰਮ ਕਿਤੋਂ ਦੇ । ਗੁਰੂ ਜੀ ਇਸ ਤਰ੍ਹਾਂ ਦਾ ਕੂੜ ਕਬਾੜ ਲਿਖ ਸਕਦੇ ਹਨ ? ਕਹਿੰਦੇ ਅਸੀਂ ਬੁੱਧੀ ਜੀਵੀ ਆਂ ਸਾਨੂੰ ਪਤੈ ਬਈ ਇਹ ਦਸਮ ਪਾਤਸ਼ਾਹ ਦੀ ਬਾਣੀ ਹੈ । ਜਿਨ੍ਹਾਂ ਦੀ ਬੁੱਧੀ ਤਾਜ਼ੀ ਤਾਜ਼ੀ ਜਿੰਦਾ ਹੋਈ ਹੁੰਦੀ ਹੈ ਓਹੋ ਹੀ ਅਜਿਹੀਆਂ ਝੱਲ-ਮ-ਝੱਲੀਆਂ ਮਾਰਦੇ ਰਹਿੰਦੇ ਹਨ । ਇਸੇ ਲਈ ਤਾਂ ਇਹ ਹਰ ਰੋਜ ਨਵਾਂ ਚੰਦ ਚਾੜ੍ਹ ਦੇਂਦੇ ਹਨ ।

ਮੈਂ ਬੁੱਧੀ ਜੀਵੀ ਮੇਰੀ ਬੁੱਧੀ ਹੋਈ ਜਿੰਦਾ ਐਵੇਂ ਝਲਮ ਝਲੀਆਂ ਕਹੀ ਜਾਂਦੀ ॥
(ਜਸ) ਜਦ ਇਸ ਤੇ ਥੋੜਾ ਮੈਂ ਜੋਰ ਦੇਵਾਂ ਇਹ ਢਿਚਕੂੰ ਢਿਚਕੂੰ ਕਰੀ ਜਾਂਦੀ ॥

**ਅਪਣੀ ਸੌਕਣ ਮਾਰਨੀ ਸਿੱਖੋ** (ਇਕ ਸੌ ਅੱਠਤਰਵੋਂ ਚਰਿਤ੍ਰ ਪੰਨਾ ੧੦੭੧-੭੨)

ਪਾਤਰ : ਸੁਮੇਰ ਦੇਵਿ, ਜੋਤਿਮਤੀ (ਦੁਹਿਤਾ) ਤੇ ਕੋਰਿ ਕੁਅਰਿ : ਸੁਮੇਰ ਦੇਵਿ ਅਤੇ ਓਹਦੀ ਸੌਕਣ ਕੋਰਿ ਕੁਅਰਿ ਦੀ ਆਪਸੀ ਖਿਚੋਤਾਣ ਅਤੇ ਦੁਸਮਣੀ-ਰਾਣੀ ਕਈ ਵਾਰ ਉਸ ਨੂੰ ਮਾਰਨ ਦਾ ਹੀਲਾ ਕੀਤਾ ਪਰ ਕੋਈ ਦਾਅ ਨਾ ਲੱਗਾ । ਉਸ ਨੇ ਅਪਣੀ ਧੀ ਜੋਤਿ ਮਤੀ ਨੂੰ ਨੇੜੇ ਬੁਲਾ ਕੇ ਸਮਝਾਇਆ ਬਈ ਕਿਸੇ ਭੀ ਮੰਦੀ ਘਟਨਾ ਦਾ ਦੋਸ ਸੌਕਣ ਸਿਰ ਮੜ੍ਹ ਦੇਵੀਂ । ਉਹ ਗੁੱਸਾ ਖਾ ਕੇ ਉਸ ਨੂੰ ਮਾਰਨ ਦੋੜੀ-ਸੌਕਣ ਭੀ ਹੋਈ ਹੋਸ਼ਿਆਰ ਪਰ ਵਿਚਾਰੀ ਨੂੰ ਅੱਗ ਲਾ ਕੇ ਸਾੜ ਹੀ ਦਿੱਤਾ । ਸੌਕਣ ਮਾਰ ਕੇ ਆਪ ਖੁਸ਼ ।

ਨੋਟ :-ਕੀ ਗੁਰੂ ਗੋਬਿੰਦ ਸਿੰਘ ਜੀ ਕਿਸੇ ਔਰਤ ਦਾ ਕਤਲ ਕਰ ਦੇਣ ਦੀ ਇਜਾਜਤ ਜਾਂ ਸਿੱਖਿਆ ਦੇ ਗਏ ਹਨ ? ਕੀ ਮਰਦ ਤੇ ਦੋਨਾਂ ਔਰਤਾਂ ਦਾ ਬਰਾਬਰ ਦਾ ਅਧਿਕਾਰ ਨਹੀਂ ? ਫਿਰ ਸਾਡੇ ਵੱਡੇ ਪੁਜਾਰੀ ਸਿੱਖ ਸੰਗਤਿ ਨੂੰ ਕੀ ਸਿੱਖਿਆ ਦੇਣੀ ਚਾਹੁੰਦੇ ਹਨ ? ਕਤਲ ਕਰਨ ਦੀ ? ਡਾਕੇ ਮਾਰਨ ਦੀ ? ਜਾਂ ਕਾਮੀ ਹੋਣ ਦੀ ? ਆਸ ਹੈ ਦਸਮ ਗ੍ਰੰਥ ਰਾਹੀਂ ਸਵਾਲਾਂ ਦੇ ਉੱਤਰ ਲੱਭਣ ਦੀ ਦਲੇਰੀ ਕਰੋਗੇ ?

ਗੁਰੂ ਗ੍ਰੰਥ ਦੀ ਬਾਣੀ ਦਾ ਨਾਂ ਸੁਣ ਕੇ ਬੁੱਧੀ ਬੜੀ ਬੇਸੁਰਤ ਹੋ ਪਈ ਰਹਿੰਦੀ ॥
ਦਸਮ ਗ੍ਰੰਥ ਦਾ ਪੜ੍ਹੇ ਜੇ ਚਰਿਤ੍ਰ ਕੋਈ, ਨੱਚਦੀ ਟੱਪਦੀ ਇਹ ਕਾਮੀ ਹੋਈ ਰਹਿੰਦੀ ॥

**ਇਲਾਕਾ : ਪੱਛਮ** (ਇਕ ਸੌ ਉਨਾਸੀਵੋਂ ਚਰਿਤ੍ਰ ਪੰਨਾ ੧੦੭੨)

ਪਾਤਰ : ਕਾਮਵਤੀ ਤੇ ਸ਼ਾਹ : ਕਾਮਵਤੀ ਦਾ ਖਸਮ ਪਰਦੇਸ ਗਿਆ ਕਈ ਸਾਲ ਨਾ ਮੁੜਿਆ ਉਸ ਨੇ ਪਤੀ ਦਾ ਹੇਜ ਤੱਜ ਕੇ ਊਚ ਨੀਚ ਦੀ ਪਰਵਾਹ ਕੀਤੇ ਬਿਨਾਂ ਹਰ ਕਿਸੇ ਨਾਲ ਮੌਜ ਮੇਲਾ ਕਰਨਾ ਸੁਰੂ ਕਰ ਦਿੱਤਾ ।

*ਸੁਧਿ ਪਤਿ ਕੀ ਅਬਲਾ ਤਜਿ ਦੀਨੀ ॥ ਸਾਮਾਨਨਿ ਕੀ ਤਿਨ ਗਤਿ ਲੀਨੀ ॥*
*ਊਚ ਨੀਚ ਨਹਿ ਠੌਰ ਬਿਚਾਰੈ ॥ ਜੋ ਚਾਹੈ ਤਿਹ ਸਾਥ ਬਿਹਾਰੈ ॥੨॥* (ਇਕ ਸੌ ਉਨਾਸੀਵੋਂ ਚਰਿਤ੍ਰ ਪੰਨਾ ੧੦੭੨)

ਲਓ ਓਹਦਾ ਖਸਮ ਆ ਹੀ ਗਿਆ । ਓਹਨੇ ਇਕ ਦੂਤ ਨੂੰ ਬੁਲਾਇਆ ਕਿ ਜੇ ਤੂੰ ਮੈਨੂੰ ਕੋਈ ਔਰਤ ਮਿਲਾ ਦੇਵੇਂ ਤਾਂ ਮੈਂ ਤੈਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ । ਦੂਤ ਨੇ ਹੀਲਾ ਵਸੀਲਾ ਕਰਕੇ ਔਰਤ ਨਾਲ ਉਸ ਦਾ ਮੇਲ ਕਰਵਾ ਦਿੱਤਾ। ਔਰਤ ਕਹਿੰਦੀ ਪਤੀ ਦੇਵ ਬਹੁਤ ਸਾਲਾਂ ਬਾਦ ਆਇਆ ਹੈਂ ਕਿਉਂ ਨੀ ਮੇਰੇ ਚਲਦਾ। ਇਹ ਸੁਣ ਕੇ ਮੂਰਖ ਓਹਦੇ ਨਾਲ ਤੁਰ ਪਿਆ । ਅਪਣੀ ਔਰਤ ਦੇ ਮੰਦ ਕਰਮ ਨੂੰ ਪਛਾਣ ਨਾ ਸਕਿਆ ।

ਨੋਟ :- ਇਸ ਕਾਵਿ ਰਚਨਾ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਜੇ ਪਰਦੇਸ ਜਾਣਾ ਹੈ ਤਾਂ ਅਪਣੀ ਔਰਤ ਨੂੰ ਅਪਣੇ ਨਾਲ ਲੈ ਕੇ ਜਾਓ ਵਰਨਾ ਓਹਦੇ ਫਿਸਲ ਜਾਣ ਦਾ ਖ਼ਤਰਾ ਹੈ। ਦਸਮ ਗ੍ਰੰਥ ਨਾਮੀ ਇਸ ਮਹਾਂ ਅਸ਼ਲੀਲ ਪੁਸਤਕ ਵਿੱਚ ਹੋਰ ਭੀ ਅਨੇਕਾਂ ਸਿੱਖਿਆਵਾਂ ਮਿਲਣਗੀਆਂ ਕਿ ਕਿਵੇਂ ਭੈਣ ਭਾਈ-ਮਾਂ ਪੁੱਤ-ਬਾਪ ਧੀ ਆਪਸੀ ਜਿਨਸੀ ਸਬੰਧ ਜੋੜ ਸਕਦੇ ਹਨ । ਅਨੇਕਾਂ ਅਖੌਤੀ ਵਿਦਵਾਨ ਤੇ ਬੁੱਧੀ ਜੀਵੀ-ਵੱਡ ਵੱਡੇ ਪੁਜਾਰੀ ਤੇ ਅਨੇਕਾਂ ਸਿੱਖੀ ਸਰੂਪ ਵਾਲੀਆਂ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਇਨ੍ਹਾਂ ਰਚਨਾਵਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸਦੀਆਂ ਹਨ। ਤੁਸੀਂ ਅਪਣੀ ਉਤਮ ਸੋਚ ਨੂੰ ਹੋਰ ਬਲਵਾਨ ਕਰਨਾ । ਇਹ ਜਰੂਰ ਸੋਚਦੇ ਰਹਿਣਾ ਕਿ ਇਨ੍ਹਾਂ ਰਚਨਾਵਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਕਿਵੇਂ ਹੋ ਸਕਦੇ ਹਨ? ਕੀ ਤੁਸੀਂ ਗੁਰੂ ਨਿੰਦਿਆ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹੋ ਜਾਂ ਨਿੰਦਕਾਂ ਦੇ ਚੇਹਰੇ ਨੰਗੇ ਕਰ ਕੇ ਗੁਰੂ ਜਸ ਖੱਟਣਾ ਚਾਹੁੰਦੇ ਹੋ ? ਫੈਸਲਾ ਤੁਹਾਡੇ ਹੱਥ ਹੈ । ਜਾਗਦੇ ਰਹਿਓ !

ਪਾਤਰ : ਨੈਨੋਤਮਾ ਤੇ ਯਾਰ (ਇਕ ਸੌ ਅੱਸੀਵੇਂ ਚਰਿਤ੍ਰ ਪੰਨਾ ੧੦੭੨-੭੩)

ਬੇਦ ਪੁਰਾਨ ਸ਼ਾਸਤ੍ਰ ਦੀ ਵਿਦਿਆ ਵਿੱਚ ਨਿਪੁੰਨ ਨੈਨੋਤਮਾ ਦਾ ਪਤੀ ਪਰਦੇਸ ਚਲੇ ਗਿਆ । ਜਦ ਓਹਨੇ ਮਹਿਸੂਸ ਕੀਤਾ ਕਿ ਪਤੀ ਆਇਆ ਹੈ ਅਪਣੇ ਆਪ ਵਿੱਚ ਬੁੜ ਬੁੜਾਉਂਦੀ ਹੋਈ ਕਹਿੰਦੀ ਕਿ ਮੈਂ ਤੇਰੇ ਮਿਲਾਪ ਤੋਂ ਸੱਖਣੀ ਹਾਂ ਮੇਰੇ ਅੰਦਰ ਦੀ ਪੀੜ ਨੂੰ ਕੌਣ ਸਮਝੇ । ਬੱਚੇ ਸਿਸਕਦੇ ਹਨ ਮਾਂ ਬਾਪ ਦੇ ਪਿਆਰ ਲਈ ਤੇਰੇ ਬਿਨਾਂ ਘਰ ਖਾਣ ਨੂੰ ਪੈਂਦਾ ਹੈ। ਮੈਂ ਤੇਰੇ ਵਿਜੋਗ ਵਿੱਚ ਨ੍ਹਾਤੀ ਭੀ ਨਹੀਂ ਮੇਰੇ ਕੇਸ ਜਟਾਂ ਬਣ ਕੇ ਗੰਦੇ ਹੋ ਗਏ ਹਨ। ਮੈਂ ਤਨ ਦਾ ਸਿੰਗਾਰ ਭੀ ਤਿਆਗ ਦਿੱਤਾ ਹੈ । ਓਹਦਾ ਬੁੜ ਬੁੜਾਉਣਾ ਓਹਦੇ ਯਾਰ ਨੇ ਸੁਣਿਆ ਨਿ ਨੈਨੋਤਮਾ ਸ਼ਾਈਦ ਮੈਨੂੰ ਬੁਲਾ ਰਹੀ ਹੈ । ਝੱਟ ਪੱਟ ਉਹ ਉਸ ਕੋਲ ਪੁੱਜਾ ਤੇ ਫਿਰ :-

*ਚੌਪਈ ॥ ਜਬ ਇਹ ਭਾਂਤਿ ਜਾਰਿ ਸੁਨ ਪਾਯੋ ॥ ਇਹੈ ਹ੍ਰਿਦੈ ਭੀਤਰ ਠਹਰਾਯੋ ॥*
*ਮੋਹਿ ਬੁਲਾਵਤ ਹੈ ਬਡਭਾਗੀ ॥ ਯਾਕੀ ਲਗਨਿ ਮੋਹਿ ਪਰ ਲਾਗੀ ॥੬॥*
*ਤਾਕੇ ਪਾਸ ਤੁਰਤੁ ਚਲਿ ਗਯੋ ॥ ਬਹੁ ਬਿਧਿ ਭੋਗ ਕਮਾਵਤ ਭਯੋ ॥*
*ਕੇਲ ਕਮਾਇ ਪਲਟਿ ਗ੍ਰਿਹਿ ਆਯੋ ॥ ਤਾਕੋ ਭੇਦ ਨ ਕਾਹੂ ਪਾਯੋ ॥੭॥* (ਇਕ ਸੌ ਅੱਸੀਵੇਂ ਚਰਿਤ੍ਰ ਪੰਨਾ ੧੦੭੩)

ਨੋਟ :- ਇਹ ਓਹ ਪੁਸਤਕਿ ਹੈ ਜਿਸ ਅੱਗੇ ਅਨੇਕਾਂ ਮੂਰਖ ਡੰਡਾਉਤਾਂ ਕਰਦੇ ਹਨ ਅਤੇ ਕਈ ਮਹਾਂ ਮੂਰਖ ਇਸ ਦਾ ਪ੍ਰਕਾਸ ਦੋ ਤਖ਼ਤਾਂ ਤੇ ਕਰਦੇ ਹਨ। ਕਹਿੰਦੇ ਇਹ ਸਿੱਖਾਂ ਦੇ ਦਸਮੇਂ ਗੁਰੂ ਨੇ ਲਿਖਿਆ ਹੈ। ਸਿਆਣੇ ਆਖਦੇ ਹਨ ਝੂਠੇ ਦਾ ਮੂੰਹ ਕਾਲਾ ਤੇ ਬੇੜਾ ਗਰਕ । ਖ਼ਬਰਦਾਰ-ਬਾ-ਹੋਸਿਆਰ ! ਜਾਗਦੇ ਰਹਿਓ !

**ਧਰਮ ਭਰਾ ਬਣਾ ਕੇ ਸੰਭੋਗ ਕਰੋ** (ਇਕ ਸੌ ਇਕਾਸੀਵੇਂ ਚਰਿਤ੍ਰ ਪੰਨਾ ੧੦੭੩-੭੪)

ਪਾਤਰ : ਨਿਸਿਸ ਪ੍ਰਭਾ, ਸੂਰਗ ਸਿੰਘ, ਰਾਜਾ ਤੇ ਸੌਕਣ

**ਇਸ਼ਕ ਦੀ ਨਵੀਓਂ ਨਵੀ ਬਹਾਰ :** ਨਿਸਿਸ ਪ੍ਰਭਾ ਰਾਣੀ ਸੂਰਗ ਸਿੰਘ ਦਾ ਸੁੰਦਰ ਸਰੂਪ ਦੇਖ ਕੇ ਦੀਵਾਨੀ ਹੋ ਗਈ। ਓਹ ਉਸ ਦੇ ਘਰ ਜਾਂਦੀ ਤੇ ਅਨੇਕਾਂ ਤਰ੍ਹਾਂ ਦੀਆਂ ਕਲੋਲਾਂ ਕਰ ਕੇ ਘਰ ਪਰਤਦੀ ਤੇ ਕਿਸੇ ਨੂੰ ਭਿਣਕ ਤੱਕ ਨਾ ਪੈਂਦੀ।

*ਅੜਿੱਲ ॥ ਰਾਨੀ ਤਾਕੇ ਸਦਨ ਮਦਨ ਜੁਤ ਆਵਈ ॥ ਕਾਮ ਕਲੋਲ ਅਮੋਲ ਸੁ ਬੋਲ ਕਮਾਵਈ ॥*
*ਤਾਸੋ ਭੇਵ ਨ ਕੋਊ ਸਕੈ ਪਛਾਨਿਕੈ ॥ ਹੋ ਨਿਜੁ ਰਾਜਾ ਕੇ ਤੀਰ ਬਖਾਨੈ ਆਨਿਕੈ ॥੨॥*

(ਇਕ ਸੌ ਇਕਾਸੀਵੇਂ ਚਰਿਤ੍ਰ ਪੰਨਾ ੧੦੭੩)

ਇਕ ਦਿਨ ਸੌਕਣ ਨੂੰ ਇਸ ਦਾ ਭੇਦ ਚਲ ਗਿਆ। ਓਹਨੇ ਰਾਜੇ ਨੂੰ ਦੱਸ ਦਿੱਤਾ-ਰਾਜਾ ਉਸ ਨੂੰ ਮਾਰਨ ਦੌੜਿਆ। ਰਾਣੀ ਅੱਗੇ ਹੋ ਕੇ ਕਹਿੰਦੀ ਖਸਮਾ ਮੈਂ ਉਸ ਨੂੰ ਭੱਈਆ (ਭਰਾ) ਭੱਈਆ ਕਹਿ ਕੇ ਬੁਲਾਉਂਦੀ ਹਾਂ ਇਸ ਵਿੱਚ ਤੇਰੀ ਔਰਤ ਦਾ ਕੀ ਘੱਟ ਗਿਆ। ਜਿਹਨੂੰ ਔਰਤ ਅਪਣਾ ਧਰਮ ਭਰਾ ਬਣਾਉਂਦੀ ਹੈ ਉਸ ਨਾਲ ਕਦੇ ਕਲੋਲਾਂ ਨਹੀਂ ਕਰਦੀ ਤੂੰ ਐਵੇਂ ਸੌਕਣ ਤੇ ਇਤਬਾਰ ਨਾ ਕਰ। ਜੇਕਰ ਕਾਮ ਕ੍ਰੀੜਾ ਕਰਦਿਆਂ ਪਕੜਿਆ ਹੋਏ ਤਾਂ ਉਸ ਨੂੰ ਯਾਰ ਕਹੋ । ਓਦਾਂ ਈ ਬਿਨਾ ਦੇਖੇ ਇਲਜਾਮ ਨਾ ਸੁੱਟੋ । ਰਾਜੇ ਨੂੰ ਸੁਣ ਕੇ ਯਕੀਨ ਹੋ ਗਿਆ ਤੇ ਸੌਕਣ ਝੂਠੀ ਕਰ ਦਿੱਤੀ ।

ਪਾਤਰ : ਭਾਨਕਲਾ ਸੌਕਣ ਰਾਜਾ ਤੇ ਰਾਣੀ **ਸੌਕਣ ਮਾਰ ਕੇ ਬਦਲਾ ਲਓ** (ਇਕ ਸੌ ਬਿਆਸੀਵੇਂ ਚਰਿਤ੍ਰ ਪੰਨਾ ੧੦੭੫)

ਨੋਟ :- ਇਹ ਪਹਿਲੇ ਚਰਿਤ੍ਰ ਦਾ ਹੀ ਦੂਜਾ ਭਾਗ ਹੈ ਜਾਂ ਇਉਂ ਕਹੋ ਕਿ ਚਰਿਤ੍ਰ ਨੰਬਰ ੧੮੧ ਨੂੰ ਦੋ ਭਾਗਾਂ ਵਿੱਚ ਵੰਡ ਕੇ ਦੋ ਚਰਿਤ੍ਰ ੧੮੧-੧੮੨ ਬਣਾ ਦਿੱਤੇ ਗਏ ਹਨ ।

ਓਹੀ ਸੌਕਣ ਜਿਸ ਨੇ ਰਾਜੇ ਨੂੰ ਰਾਣੀ ਦਾ ਭੇਦ ਦੱਸਿਆ ਸੀ ਕਈ ਬਰਸ ਵਿਸ ਘੋਲਦੀ ਰਹੀ ਤੇ ਅਖੀਰ ਇਕ ਦਿਨ ਗੁੱਸਾ ਖਾ ਕੇ ਰਾਜੇ ਤੇ ਰਾਣੀ ਦੇ ਸੁੱਤੇ ਪਿਆਂ ਦੇ ਚਾਰ ਟੁਕੜੇ ਕਰ ਦਿੱਤੇ । ਕਹਿੰਦੀ ਮੈਂ ਇਸ ਮੂਰਖ ਨੂੰ ਭੇਦ ਦੱਸਿਆ ਤੇ ਇਸੇ ਨੇ ਮੈਨੂੰ ਝੂਠੀ ਠਹਿਰਾਇਆ। ਤਲਵਾਰ ਖੂਨ ਭਿੱਜੀ ਪੂੰਝ ਕੇ ਆਰਾਮ ਨਾਲ ਸੁੱਤੀ ਤੇ ਸਵੇਰੇ ਉਠਦੇ

ਹੀ ਲੰਮੀ ਕਿੱਲਕਾਰੀ ਮਾਰ ਕੇ ਰੋਣਾ ਸੁਰੂ ਕਰ ਦਿੱਤਾ। ਕਹਿੰਦੀ ! ਰਾਜੇ ਨੂੰ ਰਾਣੀ ਸਮੇਤ ਕਿਸੇ ਮਾਰ ਦਿੱਤਾ-ਮੇਰੇ ਸਾਰੇ ਸੁਖ ਕਿਸੇ ਖੋਹ ਲਏ-ਮੈਨੂੰ ਵੀ ਰਾਜੇ ਨਾਲ ਜਲਾ ਦਿਓ ਤੇ ਛੱਤ੍ਰ ਮੇਰੇ ਮੁੰਡੇ ਸਿਰ ਧਰ ਦਿਓ । ਮੰਤ੍ਰੀ ਕਹਿੰਦੇ ਛਤ੍ਰ ਤੇਰੇ ਮੁੰਡੇ ਸਿਰ ਧਰਾਂਗੇ ਪਰ ਤੇਰਾ ਅੱਜ ਮਰਨਾ ਠੀਕ ਨਹੀਂ-ਜੇ ਤੂੰ ਮਰਗੀ ਰਾਜ ਬੰਸ ਗਰਕ ਹੋਜੂਗਾ । ਬਸ ਇਉਂ ਰਾਜ ਭਾਗ ਪੁੱਤ ਨੂੰ ਦੁਆ ਕੇ ਆਪ ਸੁਖੀ ਵਸੀ ।

ਨੋਟ :- ਇਸ ਨੂੰ ਕਹਿੰਦੇ ਹਨ ਦਸਮ ਗ੍ਰੰਥ । ਇਸ ਵਿੱਚੋਂ ਅਜਿਹੇ ਗਿਆਨ ਦੇ ਅਨੇਕਾਂ ਭੰਡਾਰ ਮਿਲਣਗੇ ਪਰ ਰੱਬੀ ਮਿਲਾਪ ਦਾ ਰਸਤਾ ਇਥੋਂ ਨਹੀਂ ਮਿਲਣਾ । ਜੇਕਰ ਰੱਬ ਦੀ ਗੱਲ ਜਾਂ ਗਿਆਨ ਤੇ ਧਿਆਨ ਦੇ ਸਰਲ ਤੌਰ ਤਰੀਕੇ ਸਿੱਖਣੇ ਹਨ ਤਾਂ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ ਅਤੇ ਵਿਚਾਰੋ । ਦੁਨੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਹੀ ਇਕੋ ਇਕ ਧਾਰਮਿਕ ਗੁਰੂ ਗ੍ਰੰਥ ਹੈ ਜੋ ਮਨੁੱਖ ਨੂੰ ਜਵਿਨ ਜਾਂਚ ਦੀ ਸਹੀ ਸੇਧ ਦੇਂਦਾ ਹੈ । ਜੇ ਨਹੀਂ ਵਿਸ਼ਵਾਸ ਤਾਂ ਇਕ ਵਾਰੀ ਪੜ੍ਹ ਕੇ ਦੇਖੋ ।

## ਇਲਾਕਾ : ਬਟਾਲਾ

(ਇਕ ਸੌ ਤਿਰਾਸੀਵੇਂ ਚਰਿਤ੍ਰ ਪੰਨਾ ੧੦੨੫-੨੭)

ਪਾਤਰ :ਮੈਗਲ ਖਾਨ, ਰਿਤ ਰਾਜ ਪ੍ਰਭਾ ਤੇ ਕਟਨੀ

**ਦਾਰੂ ਪੀ ਕੇ ਅਪਣੀ ਹੀ ਧੀ ਨਾਲ ਸੰਭੋਗ :** ਬਟਾਲਾ ਸ਼ਹਿਰ ਦਾ ਮੈਗਲ ਖਾਂਨ ਪਠਾਣ ਦਾਰੂ ਪੀ ਕੇ ਰਾਤ ਦਿਨ ਧੁੱਤ ਰਹਿੰਦਾ । ਮਹੀਨੇ ਦੀ ਤੀਜ ਆਈ ਸਭ ਕੁੜੀਆਂ ਪੀਂਘ ਝੂਟਦੀਆਂ ਨੇ ਸੁਰੀਲੀ ਆਵਾਜ ਵਿੱਚ ਗਾਣਾ ਸੁਰੂ ਕੀਤਾ । ਏਧਰ ਕੁੜੀਆਂ ਦੇ ਮਿੱਠੇ ਗੀਤ, ਉੱਤੇ ਘਨਘੋਰ ਘਟਾ ਤੇ ਬਿਜਲੀ ਦੇ ਲਿਸ਼ਕਾਰਿਆਂ ਵਿੱਚ ਕੁੜੀਆਂ ਹੋਰ ਲਿਸ਼ਕਦੀਆਂ ਇਨ੍ਹਾਂ ਕੁੜੀਆਂ ਚ ਇਕ ਰਿਤ ਰਾਜ (ਰਾਜ ਦੁਲਾਰੀ) ਜਿਸ ਦੀ ਸੁੰਦਰਤਾ ਤੇ ਖਗ ਮ੍ਰਿਗ ਤੇ ਖੜੱਪੇ ਸੱਪ ਮੋਹੇ ਜਾਂਦੇ ਨੂੰ ਪੀਂਘ ਝੂਟਦੀ ਨੂੰ ਖਾਨ ਨੇ ਤੱਕਿਆ ਤੇ ਬੇਹੋਸ਼ ਹੋ ਕੇ ਡਿੱਗ ਪਿਆ ।

ਉਸ ਨੇ ਕਟਨੀ ਨਾਂ ਦੀ ਕੁੜੀ ਨੂੰ ਸੱਦਿਆ ਅਤੇ ਅਪਣੇ ਮਨ ਦੀ ਬਿਰਥਾ ਦੱਸੀ। ਕਟਨੀ ਕਿਸੇ ਬਹਾਨੇ ਉਸ ਨੂੰ ਖਾਨ ਕੋਲ ਲੈ ਆਈ। ਖਾਨ ਨੇ ਉਸ ਨਾਲ ਸਭੋਗ ਕਰਨਾ ਚਾਹਿਆ ਤਾਂ ਉਹ ਕਹਿੰਦੀ ਮੈਨੂੰ ਮਾਹਵਾਰੀ ਆਈ ਹੈ ਮੈਂ ਪਰਸੋਂ ਫਿਰ ਆਵਾਂਗੀ ਫਿਰ ਤੂੰ ਮੇਰੇ ਨਾਲ ਕਲੋਲਾਂ ਕਰੀ। ਤੂੰ ਰੱਜ ਕੇ ਸ਼ਰਾਬ ਪੀਵੀਂ ਮੈਂ ਅੱਧੀ ਰਾਤ ਨੂੰ ਆਵਾਂਗੀ ਤੇ ਤੇਰੀ ਲੜਕੀ ਕੋਲ ਸੌਵਾਂਗੀ। ਖਾਨ ਨੇ ਇਹ ਸੁਣ ਕੇ ਉਸ ਨੂੰ ਛੱਡ ਦਿੱਤਾ ਤੇ ਪਰਸੋਂ ਦੀ ਉਡੀਕ ਕਰਨ ਲੱਗਾ। ਰਿਤ ਰਾਜ ਪ੍ਰਭਾ ਕੀਤਾ ਕੌਲ ਨਿਭਾਉਣ ਆਈ ਤੇ ਖਾਨ ਦੀ ਧੀ ਕੋਲ ਸੌਂ ਗਈ। ਜਦ ਲੋਕ ਸੌਂ ਗਏ ਓਹ ਚੁੱਪ ਚੁਪੀਤੇ ਉਠੀ ਤੇ ਅਪਣੇ ਘਰ ਚਲੇ ਗਈ। ਖਾਨ ਉਸ ਦੀ ਭਾਲ ਵਿੱਚ ਅਪਣੀ ਧੀ ਦੇ ਕਮਰੇ ਆਇਆ ਤੇ ਫਿਰ :-

*ਰੁਤਸਿ ਪ੍ਰਭਾ ਦੁਹਿਤਾ ਲਖਿ ਧਰੀ ॥ ਦ੍ਰਿੜ ਗਹਿ ਜਾਂਘ ਦੋਊ ਰਤਿ ਕਰੀ ॥*
*ਹਾਇ ਹਾਇ ਕਰਿ ਰਹੀ ਪਠਾਨੀ ॥ ਮਦ ਪੀਏਂ ਜੜ੍ਹ ਕਛੂ ਨ ਜਾਨੀ ॥੧੬॥*
*ਦੋਹਰਾ ॥ ਲਪਟਿ ਲਪਟਿ ਤਾਸੌ ਰਮਯੋ ਰੁਤਿਸ ਪ੍ਰਭਾ ਤਿਹ ਜਾਨਿ ॥*
*ਮਦ ਉਤਰੇ ਤਿਹ ਤਜਿ ਦਿਯੋ ਅਪਣੀ ਸੁਤਾ ਪਛਾਨਿ ॥੧੭॥* (ਇਕ ਸੌ ਤਿਰਾਸੀਵੇਂ ਚਰਿਤ੍ਰ ਪੰਨਾ ੧੦੨੬)

ਨੋਟ :- ਸਿੱਖ ਧਰਮ ਦੇ ਵੱਡੇ ਪੁਜਾਰੀ-ਸੰਤ ਸਾਧ-ਬ੍ਰਹਮਗਿਆਨੀ-ਅਨੇਕਾਂ ਅਖੌਤੀ ਵਿਦਵਾਨ ਤੇ ਬੁੱਧੀ ਜੀਵੀ ਅਨੇਕਾਂ ਹੀ ਧਾਰਮਿਕ ਆਖੀਆਂ ਜਾਂਦੀਆਂ ਅਧਾਰਮਿਕ ਜਥੇਬੰਦੀਆਂ ਅਤੇ ਬੇਅੰਤ ਪ੍ਰਚਾਰਿਕ ਤੇ ਕਥਾ ਕਾਰ ਦਸਮ ਗ੍ਰੰਥ ਦੀ ਬੜੀ ਉਪਮਾ ਕਰਦੇ ਹਨ। ਇਸ ਦਾ ਪ੍ਰਕਾਸ ਸਿੱਖ ਧਰਮ ਵੱਲੋਂ ਥਾਪੇ ਗਏ ਦੋ ਤਖ਼ਤਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰਦੇ ਹਨ। ਕਈ ਅਨਪੜ੍ਹ ਤੇ ਜਿੱਦੀ ਲੋਕ ਇਸ ਵਿੱਚੋਂ ਹੁਕਮਨਾਮੇ ਭੀ ਲੈਂਦੇ ਹਨ। (ਕਾਮ ਉਤੇਜਿਤ ਕਰਨ ਲਈ) ਅਨੇਕਾਂ ਹੀ ਮਾਨਯੋਗ ਵਿਦਵਾਨਾਂ ਭਾਈ ਕਾਨ੍ਹ ਸਿੰਘ ਜੀ ਨਾਭਾ, ਕਰਮ ਸਿੰਘ ਹਿਸਟੋਰੀਅਨ, ਗਿਆਨੀ ਭਾਗ ਸਿੰਘ ਜੀ (ਭਾਗ ਮੱਲ) ਗਿਆਨੀ ਦਿੱਤ ਸਿੰਘ ਜੀ ਅਤੇ ਹੋਰ ਅਨੇਕਾਂ ਨੇ ਇਸ ਦਸਮ ਗ੍ਰੰਥ ਬਾਰੇ ਸਪੱਸਟ ਲਿਖਿਆ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ । ਫਿਰ ਵੀ ਮਹਾਂ ਮੂਰਖ ਜਿੱਦ ਕਰੀਂ ਜਾਂਦੇ ਹਨ । ਜੇਕਰ ਉਨ੍ਹਾਂ ਦੀ ਮਨਸਾ ਨੂੰ ਨੇੜਿਓਂ ਦੇਖੀਏ ਤਾਂ ਉਹ ਅਪਣੇ ਆਪ ਵਿੱਚ ਠੀਕ ਜਾਪਦੇ ਹਨ। ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਤੋਂ ਕਾਂਬਾ ਛਿੜ ਜਾਂਦਾ ਹੈ। ਉਹ ਨਹੀਂ ਚਾਹੁੰਦੇ ਕਿ ਇਸ ਦਾ ਗਿਆਨ ਫੈਲੇ। ਦੂਜੀ ਹਾਲਤ ਵਿੱਚ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ ਕਰ ਕੇ ਸਿੱਖਾਂ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਤੁਹਾਡਾ ਗੁਰੂ ਅਤ ਦਰਜੇ ਦਾ ਕਾਮੀ ਪੁਰਖ ਸੀ । ਇਸ ਘਿਣਾਉਣੀ ਸਾਜਿਸ ਦਾ ਪਰਦਾਫਾਸ ਕਰਨਾ ਸਾਡਾ ਧਰਮ ਭੀ ਹੈ ਅਤੇ ਹੱਕ ਭੀ । ਕਿਸੇ ਨੂੰ ਭੀ ਭਾਵੇਂ ਉਹ ਸਿੱਖ ਧਰਮ ਦੇ ਕਿਸੇ ਭੀ ਰੁਤਬੇ ਤੇ ਬੈਠਾ ਹੋਏ ਗੁਰੂ ਜੀ ਦਾ ਅਪਮਾਨ ਕਰਨ ਦੀ ਇਜਾਜਿਤ ਨਹੀਂ ਦਿੱਤੀ ਜਾ ਸਕਦੀ। ਬਾ ਹੋਸਿਆਰ-ਖ਼ਬਰਦਾਰ। ਜਾਗਦੇ ਰਹਿਓ !

## ਭੀਮ ਨੇ ਕ੍ਰੀਚਕ ਦੇ ਕੀਤੇ ਚਾਰ ਟੁਕੜੇ

(ਇਕ ਸੌ ਚੌਰਾਸੀਵੇਂ ਚਰਿਤ੍ਰ ਪੰਨਾ ੧੦੨੭-੨੮)

ਪਾਤਰ : ਅਰਜੁਨ, ਭੀਮ, ਯੁਧਿਸ਼ਟਰ, ਨਕੁਲ, ਸਹਦੇਵ, ਕ੍ਰੀਚਕ ਤੇ ਦ੍ਰੋਪਤੀ

ਪਾਂਡਵ ਦੇ ਪੰਜੇ ਪੁੱਤਾਂ ਅਰਜੁਨ, ਭੀਮ, ਯੁਧਿਸ਼ਟਰ, ਨਕੁਲ, ਤੇ ਸਹਦੇਵ ਨੇ ਜਦ ਬਾਰਾਂ ਸਾਲ ਦਾ ਬਨਵਾਸ ਕੱਟ ਲਿਆ ਤੇ ਤੇਰ੍ਹਵਾਂ ਸਾਲ ਚੜ੍ਹਿਆ ਤੇ ਵਾਪਸ ਘਰ ਪਰਤੇ ਕ੍ਰੀਚਕ ਦ੍ਰੋਪਤੀ ਦਾ ਰੂਪ ਦੇਖਦੇ ਹੀ ਬੇਹੋਸ਼ ਹੋ ਗਿਆ :-

*ਚੌਪਈ ॥ ਪ੍ਰਗਟ ਭਗਨਿ ਤਨੁ ਭੇਦ ਜਤਾਯੋ ॥ ਮਿਲਨ ਦ੍ਰੁਪਦ ਜਾਕੋ ਠਹਰਾਯੋ ॥*

*ਰਾਨੀ ਪਠੈ ਸਦੇਸਨ ਦਈ ॥ ਕਰ ਤੇ ਪਕਰਿ ਕਰੀਚਕ ਲਈ ॥੪॥* (ਇਕ ਸੌ ਚੌਰਾਸੀਵੇਂ ਚਰਿਤ੍ਰ ਪੰਨਾ ੧੦੭੭)

ਦ੍ਰੋਪਤੀ ਨੇ ਝਟਕਾ ਮਾਰ ਕੇ ਗੁੱਟ ਛੁਡਾਇਆ ਤੇ ਤੁਰ ਪਈ। ਇਸ ਮੰਦੀ ਕਰਤੂਤ ਨੂੰ ਪਾਂਡਵਾਂ ਤੱਕ ਲਿਆ। ਭੀਮ ਨੂੰ ਗੁੱਸਾ ਚੜ੍ਹਿਆ ਉਸ ਨੇ ਕ੍ਰੀਚਕ ਨੂੰ ਅੱਖਾਂ ਹੀ ਅੱਖਾਂ ਘੂਰਿਆ। ਉਸ ਨੇ ਦ੍ਰੋਪਤੀ ਨੂੰ ਨੇੜੇ ਸੱਦ ਕੇ ਹੋਈ ਘਟਨਾ ਬਾਰੇ ਪੁੱਛਿਆ ਤੇ ਸਿਖਾਇਆ ਬਈ ਤੂੰ ਕ੍ਰੀਚਕ ਨੂੰ ਕਹਿ ਰਾਤ ਨੂੰ ਰਸੋਈ ਚ ਆ ਜਾਵੀਂ ਅੱਪਾਂ ਉੱਥੇ ਕਲੋਲਾਂ ਕਰਾਂਗੇ।

*ਚੌਪਈ ॥ ਦ੍ਰੁਪਦੀ ਯੌ ਕ੍ਰੀਚਕ ਸੌ ਕਹੀ ॥ ਤੁਮ ਪੈਂ ਅਨਿਕ ਰੀਝਿ ਮੈ ਰਹੀ ॥*

*ਸੁੰਨਿਸਾਲ ਨਿਸਿ ਕੌ ਐਯਹੁ ॥ ਕਾਮ ਭੋਗ ਮੁਹਿ ਸਾਥ ਕਮੈਯਹੁ ॥੯॥* (ਇਕ ਸੌ ਚੌਰਾਸੀਵੇਂ ਚਰਿਤ੍ਰ ਪੰਨਾ ੧੦੭੭)

ਰਸੋਈ ਵਿੱਚ ਭੀਮ ਛੁੱਪ ਕੇ ਬੈਠ ਗਿਆ। ਅੱਧੀ ਰਾਤ ਨੂੰ ਕ੍ਰੀਚਕ ਆਇਆ ਤਾਂ ਟੰਗ ਤੋਂ ਪਕੜ ਕੇ ਉਸ ਦੇ ਕਈ ਟੁਕੜੇ ਕਰ ਦਿੱਤੇ। ਸਵੇਰੇ ਕ੍ਰੀਚਕ ਦਾ ਭਾਈਚਾਰਾ ਗੁੱਸੇ ਚ ਆਇਆ ਤੇ ਕਤਲ ਦ੍ਰੋਪਤੀ ਸਿਰ ਮੜਨ ਲੱਗੇ। ਕਹਿੰਦੇ ਇਹਨੂੰ ਭੀ ਕ੍ਰੀਚਕ ਨਾਲ ਹੀ ਅੱਗ ਵਿੱਚ ਸਾੜਾਂਗੇ । ਉਨ੍ਹਾਂ ਨੇ ਦ੍ਰੋਪਤੀ ਨੂੰ ਬਾਲਾਂ ਤੋਂ ਪਕੜ ਕੇ ਅਪਣੇ ਨਾਲ ਤੋਰ ਲਿਆ । ਭੀਮ ਨੂੰ ਚੜ੍ਹਿਆ ਗੁੱਸਾ ਤੇ ਚੁਣ ਚੁਣ ਕੇ ਕ੍ਰੀਚਕ ਮਾਰ ਮੁਕਾਏ ਤੇ ਅਪਣੀ ਔਰਤ ਦੀ ਜਾਨ ਬਚਾਈ ।

ਨੋਟ :- ਇਸ ਸਾਖੀ ਦਾ ਸਿੱਖ ਧਰਮ ਨਾਲ ਕੀ ਲੈਣਾ ਦੇਣਾ। ਕੀ ਕਦੇ ਗੁਰੂ ਜੀ ਨੇ ਕੌਂਰੋ ਪਾਂਡਵ ਦੀ ਨਿੱਜੀ ਲੜਾਈ ਨੂੰ ਵਿਸਥਾਰ ਦਿੱਤਾ ਹੈ ? ਫਿਰ ਇਸ ਸਾਖੀ ਵਿੱਚ ਤਾਂ ਜੀਵਨ ਜਾਚ ਕੋਈ ਮਿਲਦੀ ਹੀ ਨਹੀਂ। ਅਪਣੀ ਔਰਤ ਦੀ ਜਾਨ ਦੀ ਰੱਖਿਆ ਤਾਂ ਨਿਰਬਲ ਤੋਂ ਨਿਰਬਲ ਭੀ ਕਰਦਾ ਹੈ । ਬਾ ਹੋਸਿਆਰ-ਖ਼ਬਰਦਾਰ ! ਜਾਗਦੇ ਰਹਿਓ !

ਪਾਤਰ : ਬਣੀਆ, ਔਰਤ ਤੇ ਅਕਬਰ   ਇਲਾਕਾ : ਅਕਬਰਾ ਬਾਦ   (ਇਕ ਸੌ ਪਚਾਸੀਵੇਂ ਚਰਿਤ੍ਰ ਪੰਨਾ ੧੦੭੮-੭੯)

**ਅਕਬਰ ਜੁੱਤੀਆਂ ਨਾਲ ਕੁੱਟਿਆ ਗਿਆ :** ਅਕਬਰਾ ਬਾਦ ਦੇ ਬਣੀਏ ਦੀ ਔਰਤ ਉੱਤੇ ਦੇਵਤੇ ਤੇ ਦੈਂਤ ਰੀਝਦੇ। ਇਕ ਦਿਨ ਅਕਬਰ ਸ਼ਿਕਾਰ ਖੇਡਣ ਗਿਆ । ਉਹ ਏਹਦਾ ਹੁਸਨ ਤੱਕ ਕੇ ਢਲ ਗਿਆ । ਇਕ ਔਰਤ ਬਚੋਲਣ ਭੇਜੀ ਉਹ ਕਹਿੰਦੀ ਹਜਰਤਿ ਨੂੰ ਆਖ ਮੇਰੇ ਹੀ ਘਰ ਆ ਜਾਏ । ਜਦ ਅਕਬਰ ਓਹਦੇ ਘਰ ਆ ਕੇ ਔਰਤ ਨਾਲ ਪਿਆ ਤਾਂ ਕਹਿੰਦੀ ਜੇਕਰ ਕਹੇਂ ਤਾਂ ਮੈਂ ਪਿਸ਼ਾਬ ਕਰ ਆਵਾਂ ਫਿਰ ਮੈਂ ਤੇਰੇ ਨਾਲ ਆ ਕੇ ਸੌਂਦੀ ਹਾਂ ।

*ਹਜਰਤਿ ਜਬੈ ਭਵਨ ਤਿਹ ਆਯੋ ॥ ਤਾ ਅਬਲਾ ਕੀ ਸੇਜ ਸੁਹਾਯੋ ॥*

*ਤਬ ਰਾਨੀ ਤਿਨ ਬਚਨ ਉਚਾਰੇ ॥ ਸੁਨਹੁ ਸ਼ਾਹ ਪ੍ਰਾਨਨ ਤੇ ਪਯਾਰੇ ॥੪॥*

*ਕਹੌ ਤੌ ਅਬੈ ਡਾਰਿ ਲਘੁ ਆਊਂ ॥ ਬਹੁਰਿ ਤਿਹਾਰੀ ਸੇਜ ਸੁਹਾਊਂ ॥* (ਇਕ ਸੌ ਪਚਾਸੀਵੇਂ ਚਰਿਤ੍ਰ ਪੰਨਾ ੧੦੭੮)

ਆਪ ਜਾ ਕੇ ਉਸ ਨੇ ਅਪਣੇ ਪਤੀ ਨੂੰ ਇਸ ਬਾਰੇ ਜਾ ਦੱਸਿਆ । ਬਣੀਏ ਨੂੰ ਚੜ੍ਹਿਆ ਬੱਟ-ਲਾਹ ਕੇ ਜੁੱਤੀ ਹਜਰਿਤ ਦਾ ਸਿਰ ਭੰਨ ਸੁੱਟਿਆ ਵਿਚਾਰਾ ਅਕਬਰ ਸ਼ਰਮ ਦਾ ਮਾਰਿਆ ਗੂੰਗਾ ਬਣ ਬੈਠਾ ।

*ਅਤਿ ਤਬ ਕੋਪ ਬਨਿਕ ਕੋ ਭਯੋ ॥ ਛਿੱਤ੍ਰ ਉਤਾਰਿ ਹਾਥ ਮੈ ਲਯੋ ॥੬॥*

*ਹਜਰਿਤ ਕੋ ਪਨਹੀ ਸਿਰ ਝਾਰੈ ॥ ਲੱਜਤ ਸ਼ਾਹ ਨਹਿ ਬਚਨ ਉਚਾਰੈ ॥*

*ਜੂਤਨਿ ਮਾਰਿ ਭੋਹਰੇ ਦਿਯੋ ॥ ਵੈਸਹਿ ਦੈ ਦਰਵਾਯੋ ਲਿਯੋ ॥੭॥* (ਇਕ ਸੌ ਪਚਾਸੀਵੇਂ ਚਰਿਤ੍ਰ ਪੰਨਾ ੧੦੭੮)

ਤੜਕਾ ਹੁੰਦੇ ਹੀ ਕਾਜੀ ਪਾਸ ਜਾ ਪੇਸ਼ ਹੋਈ ਕਹਿੰਦੀ ਚੋਰਾਂ ਯਾਰਾਂ ਦੇ ਸਾਧ ਬੜੇ ਪਤਿਸ਼ਾਹ ਨੂੰ ਖੁੱਦ ਅੱਖ ਨਾਲ ਚੱਲ ਕੇ ਦੇਖ ਲੈ । ਉਹ ਇਉਂ ਕਹਿ ਕੇ ਭੱਜ ਗਏ । ਜਦ ਉਨ੍ਹਾਂ ਨੇ ਅਕਬਰ ਦੇਖਿਆ ਵਿਚਾਰਾ ਸਿਰ ਸੁੱਟੀਂ ਬੈਠਾ ਅੱਖ ਭੀ ਨਾ ਪੁੱਟੇ ।

ਨੋਟ :- ਸੁਣਿਆ ਹੈ ਅਕਬਰ ਬੜਾ ਬਲਵਾਨ ਤੇ ਸਿਆਣਾ ਬਾਦਸ਼ਾਹ ਸੀ । ਕੀ ਕਦੇ ਉਸ ਨੇ ਕੋਈ ਅਜਿਹਾ ਕੁਕਰਮ ਕਿਸੇ ਦੇ ਘਰ ਜਾ ਕੇ ਕੀਤਾ? ਇਤਿਹਾਸ ਦੇ ਖੋਜੀ ਜਾਣਦੇ ਹੀ ਹੋਣਗੇ ਪਰ ਇਸ ਘਟਨਾ ਦਾ ਸਿੱਖ ਧਰਮ ਨਾਲ ਕੀ ਸਬੰਧ ਪੁਜਾਰੀ ਹਰ ਮੰਦੀ ਰਚਨਾ ਨਾਲ ਪਾਤਸ਼ਾਹੀ ੧੦ ਲਿਖੀਂ ਤੇ ਲਿਖਵਾਈਂ ਜਾਂਦੇ ਹਨ ਰੱਬ ਖੈਰ ਕਰੇ।

ਇਲਾਕਾ : ਮੱਦ੍ਰ ਦੇਸ   ਪਿੰਡ : ਦਯਾਲ ਪੁਰ   (ਇਕ ਸੌ ਛਿਆਸੀਵੇਂ ਚਰਿਤ੍ਰ ਪੰਨਾ ੧੦੭੯)

ਪਾਤਰ : ਅਚਲਕਲਾ (ਖੱਤ੍ਰੀ) ਤੇ ਤਸਕਰ : ਮੱਦ੍ਰ ਦੇਸ ਦੀ ਅਚਲ ਕਲਾ ਦਯਾਲ ਪੁਰ ਪਿੰਡ ਰਹਿੰਦੀ। ਜਦ ਸੂਰਜ ਛੁੱਪ ਗਿਆ ਤੇ ਚੰਦ ਚੜ੍ਹ ਆਇਆ ਉਦੋਂ ਤਸਕਰ ਦੀਵੇ ਬਾਲ ਕੇ ਓਹਦਾ ਘਰ ਲੁੱਟਣ ਆ ਗਏ । ਕਹਿੰਦੇ ਜਾਂ ਤਾਂ ਖ਼ਜਾਨਾ ਦੱਸ ਦੇਹ ਨਹੀਂ ਤਾਂ ਤੈਨੂੰ ਜਾਨੋ ਮਾਰ ਦੇਵਾਂਗੇ। ਕਹਿੰਦੀ ਮੈਨੂੰ ਨਾ ਮਾਰੋ ਮੈਂ ਤੁਹਾਨੂੰ ਸਭ ਖ਼ਜਾਨਾ ਦਿਖਾ ਦੇਂਦੀ ਹਾਂ ਤੁਹਾਡੇ ਪੁੱਤ ਪੋਤਿਆਂ ਕੋਲੋਂ ਭੀ ਖਾਧਾ ਨਹੀਂ ਮੁੱਕਣਾ । ਤਸਕਰ ਉਸ ਨੂੰ ਨਾਲ ਲੈ ਕੇ ਤੁਰੇ । ਜਿੱਥੇ ਦਾਰੂ ਨਾਲ ਕੋਠਾ ਭਰਿਆ ਸੀ ਉਥੇ ਲਿਜਾ ਕੇ ਉਸ ਨੇ ਅਗਨ ਬਾਣ ਦਾਰੂ ਦੇ ਕੋਠੇ ਵਿੱਚ ਮਾਰਿਆ। ਚੋਰਾਂ ਕੋਲ ਪਹਿਲਾਂ

ਹੀ ਮਿਸਾਲਾਂ ਪਕੜੀਆਂ ਸਨ । ਦਾਰੂ ਦੀ ਅੱਗ ਨਾਲ ਕੋਠਾ ਬੰਬ ਦੀ ਤਰ੍ਹਾਂ ਫਟਿਆ ਤੇ ਚੋਰਾਂ ਦੇ ਚੀਥੜੇ ਦਸ ਦਸ ਕੋਹ ਤੱਕ ਬਿਖਰ ਗਏ ।

*ਇਹ ਛਲ ਸਭ ਚੋਰਨ ਕਹ ਘਾਈ ॥ ਬਹੁਰੌ ਧਾਮ ਆਪਨੇ ਆਈ ॥*
*ਇੰਦ੍ਰ ਬਿਸ਼ਨ ਬ੍ਰਹਮਾ ਸ਼ਿਵ ਹੋਈ ॥ ਤ੍ਰਿਯ ਚਰਿੱਤ੍ਰ ਤੇ ਬਚਤ ਨ ਕੋਈ ॥੧੧॥*

(ਇਕ ਸੌ ਛਿਆਸੀਵੇਂ ਚਰਿਤ੍ਰ ਪੰਨਾ ੧੦੭੯)

ਨੋਟ :- ਇਹ ਕਾਵਿ ਰਚਨਾ ਸਾਨੂੰ ਸਿੱਖਿਆ ਦੇਂਦੀ ਹੈ ਕਿ ਅਪਣੀ ਰੱਖਿਆ ਲਈ ਦਾਰੂ ਦਾ ਕੋਠਾ ਭਰ ਕੇ ਰੱਖਣਾ ਚਾਹੀਦਾ ਹੈ ਤੇ ਲੋੜ ਪੈਣ ਤੇ ਇਸ ਨੂੰ ਬੰਬ ਦੇ ਰੂਪ ਵਿੱਚ ਵਰਤਣਾ ਚਾਹੀਦਾ ਹੈ । ਕੀ ਇਹ ਸਿੱਖਿਆਵਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ? ਇਕ ਵੱਖਰੇ ਲੇਖ ਰਾਹੀਂ (ਨਸ਼ੇ ਤੇ ਦਸਮ ਗ੍ਰੰਥ) ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕਸਵੱਟੀ ਤੇ ਸਿੱਧ ਕਰ ਚੁੱਕਾ ਹਾਂ ਕਿ ਸਿੱਖ ਧ੍ਰਮ ਵਿੱਚ ਕਿਸੇ ਵੀ ਪ੍ਰਕਾਰ ਦੇ ਨਸ਼ੇ ਵਰਤਣ ਦੀ ਸਖ਼ਤ ਮਨਾਹੀ ਹੈ। ਇਹ ਹੁਣ ਸਾਡੇ ਵੱਡੇ ਪੁਜਾਰੀ ਹੀ ਦੱਸ ਸਕਦੇ ਹਨ ਕਿ ਉਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ ਜਾਂ ਦਸਮ ਗ੍ਰੰਥ ਦੀ ਸਿੱਖਿਆ ਨੂੰ । ਜਾਗਦੇ ਰਹਿਓ !

ਪਾਤਰ : ਕਾਮਕਲਾ ਤੇ ਪੁੱਤ੍ਰ **ਅਪਣੇ ਹੱਥੀਂ ਅਪਣਾ ਹੀ ਪੁੱਤ ਮਾਰਨਾ ਸਿੱਖੋ** (ਇਕ ਸੌ ਸਤਾਸੀਵੇਂ ਚਰਿਤ੍ਰ ਪੰਨਾ ੧੦੮੦)

ਬੇਦਾਂ ਸਾਸਤ੍ਰਾਂ ਦੀ ਗਿਯਾਤਾ ਕਾਮਕਲਾ ਦਾ ਅਪਣਾ ਪੁੱਤ ਓਹਦੇ ਕਹਿਣੇ ਤੋਂ ਬਾਹਰ ਜਿਸ ਤੋਂ ਉਹ ਬਹੁਤ ਦੁਖੀ । ਭੈੜੀ ਸੰਗਤ ਵਿੱਚ ਹੀ ਉਹ ਰਾਤ ਦਿਨ ਪਿਆ ਰਹਿੰਦਾ ਤੇ ਮਾਤਾ ਪਿਤਾ ਦਾ ਧੰਨ ਲੁਟਾਉਂਦਾ । ਓਹ ਮਾੜੇ ਲੋਕਾਂ ਨਾਲ ਰਹਿੰਦਾ ਤੇ ਦਾਰੂ ਪੀਦਾਂ ਤੇ ਜੂਆ ਖੇਡਦਾ । ਅਜਿਹੇ ਪੁੱਤ ਨਾਲ ਮਾਂ ਦਾ ਪਿਆਰ ਕਿਥੇ ? ਇਕ ਦਿਨ ਜਦ ਉਹ ਘਰ ਆ ਕੇ ਛੱਪਰ ਥੱਲੇ ਸੁੱਤਾ ਤਾਂ ਪੱਲੀ ਨੂੰ ਅੱਗ ਲਾ ਕੇ ਪੁੱਤ ਜਲਾ ਕੇ ਮਾਰ ਦਿੱਤਾ । ਆਪ ਲੋਕਾਚਾਰੀ ਰੋ ਰੋ ਕੇ ਅੱਗ ਬੁਝਾਣ ਲਈ ਪਾਣੀ ਨੂੰ ਦੌੜੀ :-

*ਮਾਤ ਪੂਤ ਕੌ ਪ੍ਰਥਮ ਜਰਾਯੋ ॥ ਰੋਇ ਰੋਇ ਸਭ ਜਗਤ ਸੁਨਾਯੋ ॥*
*ਆਗਿ ਲਗਾਇ ਪਾਨਿ ਕੌ ਧਾਈ ॥ ਮੂਰਖ ਬਾਤ ਨ ਕਿਨਹੂੰ ਪਾਈ ॥੫॥* (ਇਕ ਸੌ ਸਤਾਸੀਵੇਂ ਚਰਿਤ੍ਰ ਪੰਨਾ ੧੦੮੦)

ਨੋਟ :- ਇਹ ਕਾਵਿ ਰਚਨਾ ਸਾਨੂੰ ਸਿੱਖਿਆ ਦੇਂਦੀ ਹੈ ਕਿ ਜੇਕਰ ਅਪਣਾ ਪੁੱਤ ਕੁਸੰਗੀ ਹੋਏ ਤਾਂ ਜਿੰਦਾ ਜਲਾ ਦਿਓ । ਜ਼ਰਾ ਸੰਭਲ ਕੇ ਕਾਰਜ ਬੜਾ ਕਠਿਨ ਹੈ । ਉਂਝ ਅਪਣੀ ਔਲਾਦ ਬਾਰੇ ਹਰ ਕੋਈ ਜਾਣਦਾ ਹੀ ਹੈ ਪਰ ਦਸਮ ਗ੍ਰੰਥ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਪੁੱਤਰ ਦਾ ਕਤਲ ਨਾ ਕਰ ਬੈਠਿਓ । ਉਂਝ ਇਹ ਯਾਦ ਰੱਖਣਾ ਬਈ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹੈ । ਖ਼ਬਰਦਾਰ-ਬਾ-ਹੋਸਿਆਰ ! ਜਾਗਦੇ ਰਹਿਓ !

ਪਾਤਰ : ਕੰਚਨ ਪ੍ਰਭਾ (ਜੱਟੀ) (ਇਕ ਸੌ ਸਤਾਸੀਵੇਂ ਚਰਿਤ੍ਰ ਪੰਨਾ ੧੦੮੦)

**ਅੱਠ ਖਸਮਾਂ ਨਾਲ ਸ਼ਾਦੀ ਕਰ ਕੇ ਮਾਰਨ ਵਾਲੀ ਬਹਾਦਰ ਕੰਚਨ ਪ੍ਰਭਾ ਪੜ੍ਹੋ :** ਕੰਚਨ ਪ੍ਰਭਾ ਜੱਟੀ ਨੇ ਪਹਿਲਾਂ ਇਕ ਸ਼ਾਦੀ ਕੀਤੀ ਉਹ ਪਸੰਦ ਨਾ ਆਇਆ ਤਾਂ ਫਾਂਸੀ ਦੇ ਦਿੱਤੀ । ਥੋੜੇ ਸਮੇਂ ਬਾਦ ਇਕ ਹੋਰ ਸ਼ਾਦੀ ਕੀਤੀ ਉਹ ਭੀ ਪਸੰਦ ਨਾ ਬੈਠਿਆ ਕਟਾਰੀ ਮਾਰ ਕੇ ਮਾਰ ਦਿੱਤਾ । ਮਹੀਨੇ ਬਾਦ ਇਕ ਹੋਰ ਪਤੀ ਕੀਤਾ ਉਸ ਨੂੰ ਭੀ ਜ਼ਹਿਰ ਦੇ ਕੇ ਮਾਰ ਦਿੱਤਾ । ਫਿਰ ਚੌਥਾ-ਪੰਜਵਾਂ-ਛੇਵਾਂ ਤੇ ਸੱਤਵਾਂ ਪਤੀ ਮਾਰ ਮੁਕਾਇਆ । ਫਿਰ ਅੱਠਵੇਂ ਨਾਲ ਪ੍ਰੀਤ ਗੰਢੀ ਉਹ ਭੀ ਪਸੰਦ ਨਾ ਆਇਆ ਤੇ ਮਾਰ ਦਿੱਤਾ। ਲੋਕਾਂ ਨੇ ਉਸ ਨੂੰ ਫਿਟਕਾਰ ਪਾਈ ਤਾਂ ਉਹ ਬਿਨਾ ਮਾਰੇ ਹੀ ਮਰ ਗਈ। ਉਸ ਨੇ ਹੱਥ ਵਿੱਚ ਸਿਧੌਰਾ ਪਕੜਿਆ ਤੇ ਸਤੀ ਹੋਣ ਤੁਰ ਪਈ। ਲੋਕਾਂ ਦੇ ਦੇਖਦੇ ਹੀ ਦੇਖਦੇ ਸੜ ਮਰੀ।

ਨੋਟ :- ਇਹ ਦਸਮ ਗ੍ਰੰਥ ਦੀ ਅਨਮੋਲ ਰਚਨਾ ਹੈ ਜੋ ਔਰਤ ਨੂੰ ਅੱਠ ਅੱਠ ਸ਼ਾਦੀਆਂ ਕਰਨ ਦਾ ਅਧਿਕਾਰ ਦੇਂਦੀ ਹੈ। ਹਾਂ ਜੇਕਰ ਪਤੀ ਪਸੰਦ ਨਾ ਆਏ ਤਾਂ ਭਾਵੇਂ ਜ਼ਹਿਰ ਨਾਲ ਜਾਂ ਕਟਾਰ ਨਾਲ ਮਾਰ ਮੁਕਾ ਕੇ ਨਵਾਂ ਖ਼ਸਮ ਕੀਤਾ ਜਾ ਸਕਦਾ ਹੈ । ਮੈਂ ਤਾਹੀਓਂ ਸੋਚਦਾ ਹਾਂ ਕਿ ਸਿੱਖ ਧਰਮ ਦੇ ਵੱਡੇ ਪੁਜਾਰੀ ਇਸ ਗ੍ਰੰਥ ਦਾ ਪ੍ਰਕਾਸ ਦੋ ਤਖ਼ਤਾਂ ਤੇ ਕਿਉਂ ਕਰਦੇ ਹਨ ? ਸ਼ਾਈਦ ਅਜਿਹੇ ਵੱਲ ਛੱਲ ਸਿਖਣ ਲਈ ।

ਧਾਰੇ ਕਕਾਰ ਸਰੂਪ ਗੁਰਸਿੱਖੀ ਵਾਲਾ (ਜਸ) ਸੁਰਤਿ ਤ੍ਰਿਯ ਚਰਿਤ੍ਰਾਂ ਚ ਜੁੜੀ ਰਹਿੰਦੀ ॥
ਕੋਈ ਮੱਤਿ ਦੇਵੇ ਜੇ ਗੁਰਮਤਿ ਵਾਲੀ ਬੁੱਧੀ ਇਨ੍ਹਾਂ ਦੀ ਕੜ੍ਹੀ ਵਾਂਗ ਕੁੜ੍ਹੀ ਰਹਿੰਦੀ ॥

ਪਾਤਰ : ਭੂਪਕਲਾ ਤੇ ਸ਼ਾਹਜਹਾਂ **ਠੱਗੀ ਮਾਰਨੀ ਸਿੱਖੋ** (ਇਕ ਸੌ ਉਨਾਨਵੇਂ ਚਰਿਤ੍ਰ ਪੰਨਾ ੧੦੮੧)

ਸ਼ਾਹ ਦੀ ਧੀ ਭੁਪਕਲਾ ਕੋਲ ਬੇਅੰਤ ਧੰਨ ਤੇ ਅਨੇਕਾਂ ਦਾਸੀਆਂ । ਉਸ ਨੇ ਮਿਸਰੀ ਨੂੰ ਹੀਰਾ ਬਣਾਇਆ ਤੇ ਡੱਬੀ ਵਿੱਚ ਬੰਦ ਕਰ ਕੇ ਜਿਥੇ ਸ਼ਾਹਜਹਾਂ ਬੈਠਾ ਸੀ ਲਈ ਲੈ ਤੁਰੀ । ਜਦ ਉਹ ਅੱਧੇ ਬਜਾਰ ਵਿੱਚ ਗਈ ਤਾਂ ਉਸ ਨੇ ਇਕ ਸੁੰਦਰ ਪੁਰਖ ਦੇਖਿਆ । ਉਸ ਨੂੰ ਬਹੁਤਾ ਧੰਨ ਦੇ ਕੇ ਕੋਲ ਬੁਲਾਇਆ ਤੇ ਅਪਣੀ ਗੱਡੀ ਨਾਲ ਤੋਰ ਲਿਆ। ਉਸ ਦੀ ਬਾਂਹ ਪਕੜ ਕੇ ਉਤੇ ਚੜ੍ਹਾ ਕੇ ਕਾਮ ਕ੍ਰੀੜਾ ਕੀਤੀ :-

*ਚਲਿਤ ਚਲਿਤ ਰਜਨੀ ਪਰਿ ਗਈ ॥ ਸੂਰਜ ਛਪਯੋ ਚੰਦ੍ਰ ਦੁਤਿ ਭਈ ॥*
*ਬਹਲ ਬਿਖੈ ਗਹਿ ਬਾਂਹ ਚੜ੍ਹਾਯੋ ॥ ਕਾਮਕੇਲ ਤਿਹ ਸੰਗ ਉਪਜਾਯੋ ॥੪॥*
*ਜਯੋਂ ਜਯੋਂ ਬਹਲ ਹਿਲੋਰੇ ਖਾਵੈ ॥ ਉਛਰੇ ਬਿਨਾ ਕਾਜ ਹ੍ਵੈ ਜਾਵੈ ॥*
*ਲਖੈ ਲੋਗ ਗਾਡੀ ਕਰ ਮਾਰੈ ॥ ਭੇਦ ਅਭੇਦ ਨ ਕੋਊ ਬਿਚਾਰੇ ॥੫॥* (ਇਕ ਸੌ ਉਨਾਨਵੇਂ ਚਰਿਤ੍ਰ ਪੰਨਾ ੧੦੯੧)

ਸਰੀਰਕ ਅਨੰਦ ਲੈਣ ਤੋਂ ਬਾਦ ਜਿਥੇ ਸ਼ਾਹਜਹਾਂ ਬੈਠਾ ਸੀ ਉਥੇ ਪਹੁੰਚ ਗਈ । ਉਸ ਨੇ ਜੋ ਮਿਸਰੀ ਨੂੰ ਹੀਰਾ ਬਣਾਇਆ ਸੀ ਸ਼ਾਹਜਹਾਂ ਦੇ ਅੱਗੇ ਰੱਖਿਆ । ਉਸ ਨੇ ਬਿਨਾਂ ਦੇਖੇ ਤੀਹ ਹਜਾਰ ਰੁਪਏ ਦੇ ਦਿੱਤੇ । ਪੰਦਰਾਂ ਹਜਾਰ ਉਸ ਨੇ ਆਪ ਰੱਖ ਲਿਆ ਤੇ ਪੰਦਰਾਂ ਹਜਾਰ ਰੁਪਏ ਅਪਣੇ ਮਿਤ੍ਰ ਨੂੰ ਦੇ ਦਿੱਤੇ ।

ਨੋਟ :-ਮਖਾਂ ਸਾਡੇ ਪੁਜਾਰੀ ਤੇ ਧਰਮੀ ਬੰਦੇ ਦਸਮ ਗ੍ਰੰਥ ਦਾ ਪਿੱਛਾ ਕਿਉਂ ਨੀ ਛੱਡਦੇ?ਹੁਣ ਪਤਾ ਚਲਿਆ ਬਈ ਮਾਜਰਾ ਕਿਆ ਐ, ਪੱਲਾ ਛੱਡਣ ਵੀ ਕਿਉਂ?ਇਥੋਂ ਹੀ ਤਾਂ ਸਿੱਖਿਆ ਲੈ ਕੇ ਰੋਜ ਸਿੱਖ ਕੌਮ ਨਾਲ ਠੱਗੀਆਂ ਮਾਰਦੇ ਐਂ।

ਪਾਤਰ : ਸ੍ਰੀ ਨਿਸਿਰਾਜ ਪ੍ਰਭਾ (ਇਕ ਸੌ ਨਬਵੇਂ ਚਰਿਤ੍ਰ ਪੰਨਾ ੧੦੯੧-੯੨)

**ਅਪਣੀਆਂ ਝਾਂਟਾਂ ਦਸਮ ਗ੍ਰੰਥ ਦੇ ਢੰਗ ਦੁਆਰਾ ਮੁੰਨੋ ਤੇ ਮੁੰਨਵਾਣੀਆਂ ਸਿੱਖੋ** : ਸ੍ਰੀ ਨਿਸਿਰਾਜ ਪ੍ਰਭਾ ਨੇ ਇਕ ਦਿਨ ਬਾਗ ਵਿੱਚ ਹੱਸ ਹੱਸ ਕੇ ਕਿਹਾ ਕਿ ਮੈਂ ਰਾਜੇ ਤੋਂ ਪਾਣੀ ਭਰਵਾਵਾਂਗੀ ਤੇ ਉਸ ਤੋਂ ਅਪਣੀਆਂ ਝਾਂਟਾਂ ਮੁੰਨਵਾਵਾਂਗੀ। ਕਹਿੰਦੀ ਜੇ ਇਤਬਾਰ ਨਹੀਂ ਤਾਂ ਅਪਣੀਆਂ ਅੱਖਾਂ ਨਾਲ ਦੇਖ ਲੈਣਾ । ਉਸ ਨੇ ਸੁਣਿਆ ਰਾਜਾ ਬਚਿਤ੍ਰ ਸਿੰਘ ਆ ਗਿਆ ਹੈ । ਉਸ ਨੇ ਝਰੋਖੇ ਤੋਂ ਸੁੰਦਰ ਰੂਪ ਦਿਖਾਇਆ ਤਾਂ ਰਾਜਾ ਮਸਤ ਹੋ ਗਿਆ । ਕਹਿੰਦਾ ਏਹ ਨੂੰ ਪਾ ਕੇ ਸੌ ਜਨਮ ਬਲਿਹਾਰੇ ਜਾਵਾਂ ਓਹਨੇ ਅਪਣੀ ਮਿਤ੍ਰ ਬੁਲਾ ਕੇ ਅਪਣੇ ਮਨ ਦੀ ਗੱਲ ਦੱਸੀ । ਜਦ ਔਰਤ ਨੇ ਸੁਣਿਆ ਤਾਂ ਉਹ ਬੇਹੋਸੀ ਦਾ ਖੇਲ ਰਚ ਕੇ ਪਾਣੀ ਪਾਣੀ ਆਖਣ ਲੱਗੀ । ਰਾਜਾ ਉਠਿਆ ਤੇ ਪਾਣੀ ਲੈ ਕੇ ਉਸ ਨੂੰ ਪਿਲਾ ਦਿੱਤਾ ਜਿਸ ਨਾਲ ਉਸ ਨੂੰ ਹੋਸ਼ ਆ ਗਿਆ । ਤਦ ਰਾਜੇ ਨੇ ਉਸ ਦੀ ਚੁੰਮੀ ਲਈ ਤੇ ਕਾਮ ਕ੍ਰੀੜਾ ਕਰਨ ਲੱਗੇ । ਦੋਨਾਂ ਨੇ ਇਕ ਦੂਜੇ ਨੂੰ ਹਰਾਉਣ ਦਾ ਯਤਨ ਕੀਤਾ ਪਰ ਕਿਥੇ ?

*ਉਠ ਕਰਿ ਆਪੁ ਰਾਵ ਤਬ ਗਯੋ ॥ ਤਾਕਹ ਪਾਨਿ ਪਯਾਵਤ ਭਯੋ ॥*
*ਪਾਨਿ ਪਿਏ ਬਹੁਰੋ ਸੁਧਿ ਭਈ ॥ ਰਾਜੈ ਫਿਰਿ ਚੁੰਬਨ ਤਿਹ ਲਈ ॥੬॥*
*ਜਬ ਸੁਧਿ ਮੈ ਅਬਲਾ ਕਛੁ ਆਈ ॥ ਬਹੁਰਿ ਕਾਮ ਕੀ ਕੇਲ ਮਚਾਈ ॥*
*ਦੋਊ ਤਰਨ ਨ ਕੋਊ ਹਾਰੈ ॥ ਯੌ ਰਾਜਾ ਤਿਹ ਸਾਥ ਬਿਹਾਰੈ ॥੭॥* (ਇਕ ਸੌ ਨਬਵੇਂ ਚਰਿਤ੍ਰ ਪੰਨਾ ੧੦੯੨)

ਔਰਤ ਕਹਿੰਦੀ ਰਾਜਾ ਬੇਦ ਤੇ ਪੁਰਾਨ ਆਖਦੇ ਹਨ ਕਿ ਕੋਈ ਮਾਈ ਦਾ ਲਾਲ ਔਰਤ ਦੀਆਂ ਝਾਂਟਾਂ ਨਹੀਂ ਮੁੰਨ ਸਕਦਾ । ਰਾਜਾ ਕਹਿੰਦਾ ਤੇਰੀ ਗੱਲ ਜਚੀ ਨਹੀਂ ਮੈਂ ਤੇਰੀਆਂ ਝਾਂਟਾਂ ਮੁੰਨਾਂਗਾ :-

*ਬਹੁਰਿ ਬਾਲ ਇਹ ਭਾਂਤਿ ਉਚਾਰੀ ॥ ਸੁਨੋ ਰਾਵ ਤੁਮ ਬਾਤ ਹਮਾਰੀ ॥*
*ਤ੍ਰਿਯ ਕੀ ਝਾਂਟਿ ਨ ਮੂੰਡੀ ਜਾਈ ॥ ਬੇਦ ਪੁਰਾਨਨ ਮੈ ਸੁਨਿਪਾਈ ॥੮*
*ਹਸਿ ਕਰਿ ਰਾਵ ਬਚਨ ਯੌ ਠਾਨਯੋ ॥ ਮੈਂ ਅਪੁਨੇ ਜਿਯ ਸਾਚ ਨ ਜਾਨਯੋ ॥*
*ਤੈਂ ਤ੍ਰਿਯ ਹਮ ਸੋ ਝੂਠ ਉਚਾਰੀ ॥ ਹਮ ਮੂੰਡੈਂਗੇ ਝਾਂਟਿ ਤਿਹਾਰੀ ॥੯॥* (ਇਕ ਸੌ ਨਬਵੇਂ ਚਰਿਤ੍ਰ ਪੰਨਾ ੧੦੯੨)

ਰਾਜੇ ਨੇ ਇਕ ਤੇਜ ਉਸਤਰਾ ਮੰਗਵਾਇਆ ਤੇ ਅਪਣੇ ਹੱਥ ਨਾਲ ਔਰਤ ਦੀਆਂ ਸਾਰੀਆਂ ਝਾਂਟਾਂ ਮੁੰਨ ਦਿੱਤੀਆਂ। ਜਦ ਸਭ ਝਾਂਟਾਂ ਮੁੰਨ ਹੋ ਗਈਆਂ ਤਾਂ ਔਰਤ ਤਾੜੀ ਮਾਰ ਕੇ ਹੱਸੀ :-

*ਤੇਜ ਅਸਤੁਰਾ ਏਕ ਮੰਗਾਯੋ ॥ ਨਿਜ ਕਰ ਗਹਿਕੈ ਰਾਵ ਚਲਾਯੋ ॥*
*ਤਾਂ ਕੀ ਮੂੰਡਿ ਝਾਂਟ ਸਭ ਡਾਰੀ ॥ ਦੈ ਕੈ ਹਸੀ ਚੰਚਲਾ ਤਾਰੀ ॥੧੦॥* (ਇਕ ਸੌ ਨਬਵੇਂ ਚਰਿਤ੍ਰ ਪੰਨਾ ੧੦੯੨)

*ਦੋਹਰਾ ॥ ਪਾਨ ਭਰਾਯੋ ਰਾਵ ਤੇ ਨਿਜੁ ਕਰ ਝਾਂਟਿ ਮੁੰਡਾਇ ॥*
*ਹੋਡ ਜੀਤ ਲੇਤੀ ਭਈ ਤਿਨ ਅਬਲਾਨ ਦਿਖਾਇ ॥੧੧॥* (ਇਕ ਸੌ ਨਬਵੇਂ ਚਰਿਤ੍ਰ ਪੰਨਾ ੧੦੯੨)

ਨੋਟ :- ਆਪ ਜੀ ਨੇ ਝਾਂਟਾਂ ਮੁੰਨਣ ਦਾ ਵੱਲ ਸਿੱਖ ਹੀ ਲਿਆ ਹੋਏਗਾ।ਸਾਡੇ ਵੱਡੇ ਪੁਜਾਰੀ ਤੇ ਸਿੱਖ ਧਰਮ ਦੇ ਵੱਡੇ ਵੱਡੇ ਠੇਕੇਦਾਰ-ਸੰਤ ਸਾਧ ਬ੍ਰਹਮ ਗਿਆਨੀ ਅਤੇ ਅਨੇਕਾਂ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਅਤੇ ਹੋਰ ਅਨੇਕਾਂ ਹੀ ਸੁਣ ਸੁਣਾ ਕੇ ਆਖਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅੰਮ੍ਰਿਤ ਰੂਪੀ ਬਾਣੀ ਹੈ।ਕਈ ਸਵਾਲ ਦਿਮਾਗ ਵਿੱਚ ਉੱਠਦੇ ਹਨ ਕਿ ਗੁਰੂ ਜੀ ਨੇ ਖੰਡੇ ਬਾਟੇ ਦੀ ਪਹੁਲ ਦੇਣ ਸਮੇਂ ਗੁਰਸਿੱਖ ਨੂੰ ਰੋਮਾਂ (ਵਾਲਾਂ) ਦੀ ਬੇਅਦਬੀ ਨਾ ਕਰਨ ਦੀ ਤਾੜਨਾ ਕੀਤੀ ਅਤੇ ਇਸ ਨੂੰ ਬਜ਼ਰ ਕੁਰੈਹਿਤ ਦਾ ਨਾਂ ਦਿੱਤਾ । ਸਿੱਖ ਧਰਮ ਦੀ ਰੱਤਾ ਵੀ ਸੂਝ ਰੱਖਣ ਵਾਲਾ ਪ੍ਰਾਣੀ ਜਾਣਦਾ ਹੈ ਕਿ ਰੋਮਾਂ ਦੀ ਬੇਅਦਬੀ ਕਰਨ ਵਾਲਾ ਸਿੱਖ ਧਰਮ ਦਾ ਮੈਂਬਰ ਨਹੀਂ ਰਹਿੰਦਾ।ਉਸ ਨੂੰ ਸਿੱਖ ਧਰਮ ਵਿੱਚ ਮੁੜ ਦਾਖਲ ਹੋਣ ਲਈ ਰੋਮਾਂ ਦਾ ਸਤਿਕਾਰ ਕਰਨਾ ਅਤੀ ਜਰੂਰੀ ਬਣ ਜਾਂਦਾ ਹੈ । ਇਹ ਵੀ ਜਰੂਰੀ

ਹੈ ਕਿ ਉਹ ਪੰਜ ਪਿਆਰਿਆਂ ਅਤੇ ਜੁੜ ਬੈਠੀ ਸੰਗਤਿ ਸਾਮ੍ਹਣੇ ਅਪਣੀ ਭੁੱਲ ਕਬੂਲਦਿਆਂ ਮੁਆਫੀ ਮੰਗੇ। ਜਿਹੜਾ ਗੁਰੂ ਰੋਮਾਂ ਦੀ ਸੰਭਾਲ ਲਈ ਇਤਨੀ ਸਖਤ ਤਾੜਨਾ ਕਰਦਾ ਹੈ ਉਹ ਆਪ ਝਾਂਟਾਂ ਮੁੰਨਣ ਦੀ ਹੱਲਾਸ਼ੇਰੀ ਨਹੀਂ ਦੇ ਸਕਦਾ। ਫਿਰ ਸਿੱਖ ਧਰਮ ਕਿਸੇ ਗੁਰਸਿੱਖ ਨੂੰ ਪਰਾਈ ਔਰਤ ਜਾਂ ਮਰਦ ਨਾਲ ਸਰੀਰਕ ਸਬੰਧ ਜੋੜਨ ਦੀ ਇਜਾਜਤ ਨਹੀਂ ਦੇਂਦਾ। ਇਸ ਦੀ ਉਲੰਘਣਾ ਕਰਨ ਵਾਲਾ ਮਰਦ ਜਾਂ ਔਰਤ ਭੀ ਸਿੱਖ ਧਰਮ ਦਾ ਮੈਂਬਰ ਨਹੀਂ ਰਹਿੰਦਾ। ਸਿੱਖ ਧਰਮ ਇਸ ਕਰਮ ਨੂੰ ਵੀ ਬਜ਼ਰ ਕੁਰੈਹਿਤ ਵਿੱਚ ਗਿਣਦਾ ਹੈ। ਅਸੀਂ ਪੜ੍ਹਦੇ ਆ ਰਹੇ ਹਾਂ ਅਤੇ ਅਗਲੇ ਹੋਰ ਅਨੇਕਾਂ ਹੀ ਚਰਿਤ੍ਰਾਂ ਵਿੱਚ ਦੇਖਾਂਗੇ ਕਿ ਮੁੱਖ ਪਾਤਰ ਇਕ ਸਿੰਘ ਨੂੰ ਲਿਆ ਗਿਆ ਹੈ। ਉਸ ਤੋਂ ਓਹ ਕਰਮ ਕਰਾਏ ਦਿਖਾਏ ਹਨ ਜੋ ਸਿੱਖ ਧਰਮ ਦਾ ਮਲੀਆ ਮੇਟ ਕਰਦੇ ਪ੍ਰਤੀਤ ਹੁੰਦੇ ਹਨ ਜਾਂ ਫਿਰ ਓਹ ਦੀ ਔਰਤ ਨੂੰ ਅਤਿ ਦਰਜੇ ਦੀ ਕਾਮੀ ਦਰਸਾ ਕੇ ਗੈਰ ਮਰਦਾਂ ਸੰਗ ਰੰਗਰਲੀਆਂ ਕਰਦੇ ਦਿਖਾਇਆ ਹੈ । ਇਹ ਸਮੁੱਚੀ ਸਿੱਖ ਕੌਮ ਦੀ ਪੱਗ ਨੂੰ ਮਿੱਟੀ ਵਿੱਚ ਰੋਲ ਦੇਣ ਦਾ ਮੰਦਾ ਕਰਮ ਹੈ ।

ਵੱਡੇ ਰੁਤਬਿਆਂ ਤੇ ਬੈਠੇ ਸਿੱਖ ਕੌਮ ਨੂੰ ਮੂਰਖ ਵੀ ਬਣਾਉਂਦੇ ਹਨ ਅਤੇ ਧਮਕੀਆਂ ਵੀ ਦੇਂਦੇ ਹਨ। ਕਹਿੰਦੇ ਦਸਮ ਗ੍ਰੰਥ ਦੀ ਗੱਲ-ਨੀ-ਕਿਸੇ ਛੇੜਨੀ । ਜੇ ਕੋਈ ਬੋਲਿਆ ਪੰਥ ਚੋਂ ਛੇਕ ਦੇਵਾਂਗੇ । ਝੱਲੇ ਨਾ ਹੋਣ ਕਿਸੇ ਥਾਂ ਦੇ । ਜੇ ਅੱਜ ਨਹੀਂ ਤਾਂ ਕੱਲ ਆਖਰ ਚਰਚਾ ਤਾਂ ਹੋਏਗੀ ਹੀ । ਹੁਣ ਹਰ ਬੱਚਾ ਪੜ੍ਹਿਆ ਹੈ ਅਤੇ ਕੰਪਿਊਟਰ ਰਾਹੀਂ ਪੂਰੀ ਦੁਨੀਆਂ ਨਾਲ ਜੁੜਿਆ ਹੈ। ਜੇਕਰ ਕਿਸੇ ਤੁਹਾਨੂੰ ਅਜਿਹਾ ਕੋਈ ਪੁੱਠਾ ਸਵਾਲ ਕਰ ਦਿੱਤਾ ਤਾਂ ਤੁਹਾਨੂੰ ਦਮ ਸਿੱਕੜਾਂ ਪੈ ਜਾਣੀਆਂ ਹਨ ਗੱਲ ਨਹੀਂ ਜੁਬਾਨੋ ਨਿਕਲਣੀ ਸਿਆਣਪ ਇਸੇ ਵਿੱਚ ਹੈ ਇਸ ਨਿਕੰਮੀ ਕਿਤਾਬ ਨੂੰ ਵਗਾਹ ਮਾਰੋ (ਜਲਾ ਦਿਓ) ।

ਪਾਤਰ : ਪ੍ਰਬੀਨ ਰਾਇ, ਮੁਗਲ ਤੇ ਸਖੀ ਇਲਾਕਾ : ਲਹੌਰ (ਇਕ ਸੌ ਇਕਯਾਨਵੇਂ ਚਰਿਤ੍ਰ ਪੰਨਾ ੧੦੮੨-੮੩)

**ਕਤਲ ਕਰਨਾ ਸਿੱਖੋ** : ਲਹੌਰ ਦੀ ਪ੍ਰਬੀਨ ਰਾਇ ਔਰਤ ਦੀ ਸੁੰਦਰਤਾ ਦੇਖ ਕੇ ਇਕ ਮੁਗਲ ਅਪਣੀ ਸੁੱਧ ਬੁੱਧ ਖੋ ਬੈਠਾ ਉਸ ਨੇ ਇਕ ਮਿਤ੍ਰ ਔਰਤ ਨੂੰ ਧਨ ਦਾ ਲੋਭ ਦੇ ਕੇ ਉਸ ਨਾਲ ਮੁਲਾਕਾਤ ਕਰਾ ਦੇਣ ਲਈ ਤੋਰਿਆ । ਓਹ ਔਰਤ ਪ੍ਰਬੀਨ ਰਾਇ ਦੇ ਘਰ ਜਾ ਕੇ ਰਹਿਣ ਲੱਗੀ ਕਿ ਤੇਰੀ ਮਾਂ ਤੈਨੂੰ ਬੁਲਾਉਂਦੀ ਹੈ ।

ਉਸ ਨੇ ਡੋਲੀ ਵਿੱਚ ਉਸ ਨੂੰ ਬਿਠਾਇਆ। (ਪਤਾ ਨਹੀਂ ਡੋਲੀ ਉਹ ਘਰੋਂ ਇਕੱਲੀ ਲਿਆਈ ਜਾਂ ਕਹਾਰਾਂ ਨਾਲ ਤੇ ਇਹ ਭੀ ਪਤਾ ਨਹੀਂ ਕਿ ਡੋਲੀ ਨੂੰ ਚੁੱਕਿਆ ਕਿਸਨੇ ) ਡੋਲੀ ਦੇ ਪਰਦੇ ਚੰਗੀ ਤਰ੍ਹਾਂ ਖਿੱਚ ਕੇ ਬੰਦ ਕਰ ਦਿੱਤੇ ਅਤੇ ਧੋਖੇ ਨਾਲ ਉਸ ਨੂੰ ਮੁਗਲ ਦੇ ਘਰ ਲੈ ਆਈ। ਜਦ ਕੁੜੀ ਨੇ ਇਹ ਧੋਖਾ ਜਾਣਿਆ ਤਾਂ ਸੋਚਾਂ ਸੋਚ ਕੇ ਕਹਿੰਦੀ ਕਿ ਮੈਂ ਹਾਰ ਸਿੰਗਾਰ ਕਰ ਕੇ ਆਉਂਦੀ ਹਾਂ ਫਿਰ ਤੂੰ ਮੇਰੇ ਨਾਲ ਜੋ ਜੀਅ ਚਾਹੇ ਕਰੀਂ ।

*ਦੋਹਰਾ ॥ ਹਾਰ ਸ਼ਿੰਗਾਰ ਬਨਾਇਕੈ ਕੇਲ ਕਰੌ ਤਵ ਸੰਗ ॥*
*ਬਹੁਰਿ ਤਿਹਾਰੇ ਗ੍ਰਿਹਿ ਬਸੌ ਹ੍ਵੈ ਤੁਮ ਤ੍ਰਿਯ ਅਰਧੰਗ ॥* (ਇਕ ਸੌ ਇਕਯਾਨਵੇਂ ਚਰਿਤ੍ਰ ਪੰਨਾ ੧੦੮੩)

ਇਸ ਤਰ੍ਹਾਂ ਬਹਾਨਾ ਬਣਾ ਕੇ ਉਹ ਤੁਰੀ ਤੇ ਮੁਗਲ ਦੇ ਘਰ ਨੂੰ ਅੱਗ ਲਗਾ ਕੇ ਫੂਕਤਾ ।

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਧਾਰਮਿਕ ਸਿੱਖਿਆਵਾਂ ਪੜ੍ਹ ਰਹੇ ਹੋ । ਜਾਗਦੇ ਰਹਿਓ !

ਪਾਤਰ : ਤੇਜ ਸਿੰਘ (ਰਾਜਾ) ਤੇ ਗਾਨਕਲਾ (ਦਾਸੀ) (ਇਕ ਸੌ ਬਾਨਵੇਂ ਚਰਿਤ੍ਰ ਪੰਨਾ ੧੦੮੩-੮੪)

**ਗਰੀਬ ਨਾਲ ਦੋਸਤੀ ਕਰੋਗੇ ਤਾਂ ਕੁੱਤੇ ਦੀ ਮੌਤ ਮਰੋਗੇ** : ਅੰਤਾਂ ਦੀ ਸੋਹਣੀ ਗਾਨਕਲਾ ਦਾਸੀ ਨੂੰ ਤੇਜ ਸਿੰਘ ਰਾਜੇ ਨੇ ਇਸ਼ਕ ਮੁਸ਼ਕ ਕਾਰਣ ਅਪਣੀ ਰਾਣੀ ਬਣਾ ਲਿਆ । ਜਿਵੇਂ ਰਸਾਇਣ ਕ੍ਰਿਆ ਨਾਲ ਤਾਂਬਾ ਸੋਨਾ ਬਣ ਜਾਂਦਾ ਹੈ ਬਸ ਉਵੇਂ ਹੀ ਸਮਝੋ। ਇਕ ਦਿਨ ਇਹ ਨੌਕਰਾਣੀ (ਦਾਸੀ) ਕਿਸੇ ਹੋਰ ਸੁੰਦਰ ਦਾਸ ਤੇ ਮੋਹਿਤ ਹੋ ਗਈ। ਉਸ ਨੇ ਖਸਮ ਦੀ ਪ੍ਰੀਤ ਤਿਆਗ ਦਿੱਤੀ ਤੇ ਦਾਸ ਨਾਲ ਰੰਗ ਰਲੀਆਂ ਮਨਾਣ ਲੱਗੀ । ਇਕ ਦਿਨ ਨੌਕਰ (ਦਾਸ) ਕਹਿੰਦਾ ਚੱਲ ਅੱਪਾਂ ਦੋਨੇ ਇਥੋਂ ਭੱਜ ਚੱਲੀਏ ਅੱਪਾਂ ਹਰ ਰੋਜ ਹੀ ਕਾਮ ਕ੍ਰੀੜਾ ਕਰਦਿਆਂ ਜੀਆਂਗੇ। ਉਹ ਬਿਨਾਂ ਰਾਜੇ ਵੱਲ ਝਾਕਿਆਂ ਪ੍ਰੇਮੀ ਨਾਲ ਉਠ ਤੁਰੀ । ਕਵੀ ਕਹਿੰਦਾ :-

*ਜੋ ਦਾਸੀ ਸੌ ਪ੍ਰੇਮ ਪੁਰਖ ਉਪਜਾਵਈ ॥ ਹੋ ਅੰਤ ਸ੍ਵਾਨ ਕੀ ਮ੍ਰਿਤੁ ਮਰੈ ਪਛੁਤਾਵਈ ॥੬॥*
(ਇਕ ਸੌ ਬਾਨਵੇਂ ਚਰਿਤ੍ਰ ਪੰਨਾ ੧੦੮੩)

ਮਸਾਂ ਚਾਰ ਕੋਹ ਚੱਲੇ ਹੋਣਗੇ ਕਾਮ ਦੀ ਭੁੱਖ ਮਸਲੀ ਗਈ । ਚਾਰੇ ਪਾਸੇ ਭਟਕਦਿਆਂ ਨੂੰ ਮਸਾਂ ਪਿੰਡ ਆਇਆ । ਥਕਾਵਟ ਨਾਲ ਚਕਨਾਚੂਰ ਹੋਏ ਨਿਢਾਲ ਹੋ ਕੇ ਗਿਰ ਗਏ । ਜਦ ਦੋਨਾਂ ਨੂੰ ਕਰਾਰੀ ਭੁੱਖ ਲੱਗੀ ਤਾਂ ਦਾਸੀ ਨੂੰ ਦਾਸ ਕਹਿੰਦਾ :-

*ਗਾਨਕਲਾ ਤੁਮ ਪਰੋ ਸੁ ਬੁਰਿ ਅਪਨੀ ਕਰੋ ॥ ਖਰਿ ਕੋ ਟੁਕੜਾ ਹਾਥ ਹਮਾਰੇ ਪੈ ਧਰੋ ॥...॥੯॥*
(ਇਕ ਸੌ ਬਾਨਵੇਂ ਚਰਿਤ੍ਰ ਪੰਨਾ ੧੦੮੩)

ਦਾਸ ਨੂੰ ਜਦ ਖਾਣ ਨੂੰ ਕੁੱਝ ਨਾ ਲੱਭਾ ਤਾਂ ਬੜਾ ਗੁੱਸੇ ਚ ਆਇਆ ਤੇ ਦਾਸੀ ਨੂੰ ਕੁੱਟ ਕੇ ਨਦੀ ਚ ਰੋੜ੍ਹ ਦਿੱਤਾ ਤੇ ਆਪ ਜੰਗਲ ਵਿੱਚ ਫਲ ਲੱਭਣ ਲੱਗਾ। ਨਦੀ ਚ ਗੋਤੇ ਖਾਂਦੀ ਦਾਸੀ ਉਥੇ ਪਹੁੰਚ ਗਈ ਜਿਥੀ ਰਾਜੇ ਦੀ ਪਾਲਕੀ ਆ ਰਹੀ ਸੀ। ਰਾਜੇ ਨੇ ਰੁੜ੍ਹੀ ਜਾਂਦੀ ਦਾਸੀ ਕੱਢੀ ਤਾਂ ਪੁੱਛਣ ਲੱਗਾ ਕਿ ਤੂੰ ਇਥੇ ਕਿਵੇਂ ਆ ਗਈ ? ਕਹਿੰਦੀ ਜਦ ਤੂੰ ਸਿਕਾਰ ਖੇਡਣ ਗਿਆ ਕਈ ਦਿਨ ਨਾ ਮੁੜਿਆ ਤਾਂ ਮੈਂ ਤੈਨੂੰ ਲੱਭਣ ਜੰਗਲ ਵਿੱਚ ਆ ਗਈ । ਜਦ ਮੈਨੂੰ ਪਿਆਸ ਨੇ ਬਹੁਤ ਸਤਾਇਆ ਮੈਂ ਪਾਣੀ ਪੀਣ ਨਦੀ ਕੰਢੇ ਪਹੁੰਚੀ ਤੇ ਪੈਰ ਫਿਸਲ ਕੇ ਨਦੀ ਵਿੱਚ ਜਾ ਡਿੱਗੀ। ਕਵੀ ਕਹਿੰਦਾ :-

*ਦੋਹਰਾ ॥ ਨੀਚ ਸੰਗ ਕੀਜੈ ਨਹੀ ਸੁਨਹੁ ਮੀਤ ਕੁਮਾਰ ॥*
*ਭੇਡ ਪੂਛਿ ਭਾਦੋਂ ਨਦੀ ਕੋ ਗਹਿ ਉਤਰਯੋ ਪਾਰ ॥੧੪॥*

.........................................................

*ਫਲ ਭੱਛਤ ਜੱਛਨ ਗਹਯੋ ਦਾਸ ਦਾਸ ਕੋ ਕੀਨ ॥*
*ਦਾਸਨਿ ਕੈ ਸੰਗ ਦੋਸਤੀ ਮਤਿ ਕਰਿਯਹੁ ਮਤਿ ਹੀਨ ॥੧੭॥*

ਨੋਟ :- ਗੁਰੂ ਨਾਨਕ ਦਾ ਕਹਿਣਾ ਹੈ ਕਿ ਜਿੱਥੇ ਨੀਚ ਵਸਦੇ ਹਨ ਉੱਥੇ ਰੱਬ ਵੱਸਦਾ ਹੈ । ਗੁਰੂ ਜੀ ਕਹਿੰਦੇ ਹਨ ਨਿ ਨੀਚ ਜਾਤਿ ਤੋਂ ਭੀ ਨੀਚ ਜਾਤਿ ਅਖਵਾਉਂਦੇ ਬੰਦਿਆਂ ਨਾਲ ਹੀ ਮੇਰੀ ਗੂੜੀ ਮਿਤ੍ਰਤਾ ਹੈ। ਮੈਂ ਹਰ ਸਮੇਂ ਉਨ੍ਹਾਂ ਦੇ ਨਾਲ ਰਹਿੰਦਾ ਹਾਂ । ਅਮੀਰ ਜਾਂ ਊਚੀ ਕੁੱਲ ਨਾਲ ਮੇਰਾ ਕੋਈ ਲੈਣਾ ਦੇਣਾ ਨਹੀਂ ਹੈ ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥

(ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੧੫)

ਦਸਮ ਗ੍ਰੰਥ ਕਹਿੰਦਾ ਹੈ ਕਿ ਜਿਹੜਾ ਨੀਚ ਨਾਲ ਦੋਸਤੀ ਕਰੇਗਾ ਉਹ ਕੁੱਤੇ ਦੀ ਮੌਤ ਮਰੇਗਾ ਇਸ ਲਈ ਭੁੱਲ ਕੇ ਭੀ ਮੂਰਖੋ ਨੀਚ ਨਾਲ ਦੋਸਤੀ ਨਾ ਕਰਿਓ । ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਣ ਵਾਲੇ ਸ਼ਾਈਦ ਇਹ ਸਿੱਖ ਕੌਮ ਨੂੰ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਨਾਨਕ ਦੇ ਨੌਂ ਸਰੂਪਾਂ ਜਾਂ ਸਿਧਾਂਤਾਂ ਨਾਲ ਕੋਈ ਸਬੰਧ ਨਹੀਂ ਸੀ ਬਲਕਿ ਗੁਰੂ ਜੀ ਨੇ ਇਕ ਵਖਰਾ ਧਰਮ ਪੈਦਾ ਕੀਤਾ। ਉਹ ਗੁਰੂ ਜੀ ਨੂੰ ਅਤਿ ਦਰਜਾ ਦਾ ਕਾਮੀ ਪੁਰਖ ਅਤੇ ਅਨਪੜ੍ਹ ਦੱਸਣ ਲਈ ਅੱਡੀ ਚੋਟੀ ਦਾ ਜੋਰ ਲਾ ਰਹੇ ਹਨ। ਇਹ ਭੀ ਆਪ ਜੀ ਦੇਖ ਅਤੇ ਪੜ੍ਹ ਹੀ ਰਹੇ ਹੋ ਕਿ ਹਰ ਚਰਿਤ੍ਰ ਦਾ ਪਾਤਰ ਖਾਸ ਤੌਰ ਤੇ ਇਕ ਸਿੱਖ (ਸਿੰਘ) ਲਿਆ ਹੈ ਸਿੱਖ ਦੇ ਹੋ ਰਹੇ ਅਤੇ ਕੀਤੇ ਜਾ ਰਹੇ ਨਿਰਾਦਰ ਨੂੰ ਆਪ ਜੀ ਹੋਰ ਅੱਗੇ ਅੱਗੇ ਪੜ੍ਹੋਗੇ। ਕੀ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਸੋਚਣਾ ਅਤੇ ਅਪਣੀ ਰਾਇ ਦੇਣੀ । ਜਾਗ੍ਰਦੇ ਰਹਿਓ !

ਪਾਤਰ : ਤਿਰਦਸਿ ਕਲਾ, ਚੋਰ ਤੇ ਸ਼ਾਹ (ਇਕ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੦੮੪-੮੫)

**ਚੋਰੀ ਕਰਨ ਦੇ ਤੌਰ ਤਰੀਕੇ ਸਿੱਖੋ** : ਤਿਰਦਸਿ ਕਲਾ ਜਿਸ ਕੋਲ ਧੰਨ ਦੇਖਦੀ ਉਸੇ ਘਰ ਹਿੰਗ ਲਗਾ ਕੇ ਆ ਜਾਂਦੀ ਤੇ ਚੋਰ ਚੋਰੀ ਕਰ ਕੇ ਨਿਹਾਲੋ ਨਿਹਾਲ ਹੋ ਜਾਂਦੇ। ਉਥੇ ਇਕ ਵੱਡਾ ਸ਼ਾਹੂਕਾਰ ਰਹਿੰਦਾ ਸੀ। ਤ੍ਰਿਦਸਿ ਕਲਾ ਉਸ ਦੇ ਘਰ ਹਿੰਗ ਲਗਾ ਆਈ ਤੇ ਚੋਰਾਂ ਨੂੰ ਜਾ ਖ਼ਬਰ ਕੀਤੀ ਤੇ ਨਾਲ ਹੀ ਸ਼ਾਹ ਨੂੰ ਖ਼ਬਰਦਾਰ ਕਰ ਦਿੱਤਾ । ਚੋਰ ਆਏ ਅੱਧਾ ਧੰਨ ਚੋਰੀ ਕਰ ਕੇ ਲੈ ਗਏ ਤੇ ਬਚਦੇ ਅੱਧੇ ਧੰਨ ਚੋਂ ਸ਼ਾਹ ਤੋਂ ਅੱਧਾ ਧੰਨ ਅਪਣੇ ਲਈ ਵੰਟਵਾ ਲਿਆ। ਚੋਰਾਂ ਸੋਚਿਆ ਇਹ ਸਾਡੀ ਹਮਦਰਦ ਹੈ ਤੇ ਸ਼ਾਹ ਸੋਚਿਆ ਮੇਰੀ ਹਮਦਰਦ ਹੈ ।

*ਦੋਹਰਾ ॥ ਚੰਚਲਾਨ ਕੇ ਚਰਿਤ ਕੌ ਸਕਤ ਨ ਕੋਊ ਪਾਇ ॥*
*ਵਹ ਚਰਿੱਤ੍ਰ ਤਾਕੌ ਲਖੈ ਜਾ ਕੇ ਸਯਾਮ ਸਹਾਇ ॥੭॥* (ਇਕ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੦੮੫)

ਨੋਟ :- ਆਪ ਜੀ ਦਸਮ ਗ੍ਰੰਥ ਰਾਹੀਂ ਔਰਤ ਪ੍ਰਤੀ ਬੇਵਿਸਵਾਸੀ ਦਾ ਪਾਠ ਪੜ੍ਹ ਰਹੇ ਹੋ ਪਰ ਇਹ ਜਰੂਰ ਚੇਤੇ ਰੱਖਣਾ ਕਿ ਦਸਮ ਗ੍ਰੰਥ ਨਾਂ ਦੀ ਗੰਦੀ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖੀ ।

ਪਾਤਰ : ਰਾਜਾ ਤੇ ਦਿਸਾਰਿਨ ਇਲਾਕਾ : ਦੇਵਰਾਨ ਹੰਡੂਰ (ਇਕ ਸੌ ਚੁਰਾਨਵੇਂ ਚਰਿਤ੍ਰ ਪੰਨਾ ੧੦੮੫)

**ਰਾਜਾ ਕੁੱਟਿਆ ਧੌੜੀ ਦੀ ਜੁੱਤੀ ਨਾਲ** : ਦੇਵਰਾਨ ਹੰਡੂਰ ਦੇ ਰਾਜੇ ਦੀ ਦਿਸਾਰਿਨ ਨਾਲ ਬੜੀ ਦੋਸਤੀ ਇਕ ਦਿਨ ਉਹ ਰਾਜੇ ਦੇ ਘਰ ਨਾ ਪਹੁੰਚੀ ਤਾਂ ਰਾਜਾ ਖੁਦ ਚੱਲ ਕੇ ਉਸ ਦੇ ਘਰ ਚਲੇ ਗਿਆ। ਔਰਤ ਨੇ ਅਪਣੇ ਪਤੀ ਨੂੰ ਅੰਦਰਲਾ ਭੇਦ ਦੱਸ ਦਿੱਤਾ। ਉਸ ਨੇ ਰਾਜੇ ਨੂੰ ਖੱਡੇ ਵਿੱਚ ਸੁੱਟ ਕੇ ਜੁੱਤੀ ਨਾਲ ਬੜੀ ਧੁਨਾਈ ਕੀਤੀ ਤੇ ਕੰਡਿਆਂ ਦਾ ਝਾਫਾ ਉੱਤੇ ਸੁੱਟ ਕੇ ਆਪ ਭੱਜ ਗਏ। ਸਵੇਰੇ ਜਦ ਰਾਣੀਆਂ ਤੇ ਲੋਕ ਰਾਜੇ ਨੂੰ ਲੱਭਣ ਲੱਗੇ ਤਾਂ ਖੱਡ ਵਿੱਚੋਂ ਲੱਭ ਕੇ ਘਰ ਲਿਆਂਦਾ।

ਨੋਟ :- ਸਾਖੀ ਆਪ ਜੀ ਨੇ ਪੜ੍ਹ ਹੀ ਲਈ ਹੋਏਗੀ । ਇਸ ਵਿਚੋਂ ਕੋਈ ਅਕਲ ਦੀ ਗੱਲ ਲੱਭੀ ਹੋਏ ਤਾਂ ਜਰੂਰ ਲਿਖਣਾ । ਹਾਂ ਇਹ ਬੇਨਤੀ ਜਰੂਰ ਹੈ ਕਿ ਜਾਗਦੀ ਜ਼ਮੀਰ ਨੂੰ ਸੌਣ ਨਹੀਂ ਦੇਣਾ । ਜੇਕਰ ਜ਼ਮੀਰ ਸੌਂ ਜਾਏ ਤਾਂ ਇਸ ਦੇ ਮਰ ਜਾਣ ਦਾ ਖ਼ਤਰਾ ਹੈ । ਖ਼ਬਰਦਾਰ -ਜਾਗਦੇ ਰਹਿਓ !

**ਭਾਰੀ ਨਸ਼ੇ ਕਰੋ ਤੇ ਜੰਗ ਜਿੱਤੋ** ਇਲਾਕਾ : ਨੌਕੋਟੀ ਮਰਵਾਰ (ਇਕ ਸੌ ਪਚਾਨਵੇਂ ਚਰਿਤ੍ਰ ਪੰਨਾ ੧੦੮੫-੮੭)

ਪਾਤਰ : ਜਸਵੰਤ ਸਿੰਘ (ਨਰੇਸ), ਮਾਨਮਤੀ (ਨਾਰੀ), ਬਿਤਨ ਪ੍ਰਭਾ (ਰਾਣੀ), ਬਿਪਨਕਲਾ, ਦੁਰਗ ਦਾਸ, ਰਘੁਨਾਥ ਸਿੰਘ ਤੇ ਔਰੰਗਜੇਬ : ਨੌਕੋਟੀ ਮਾਰਵਾਰ ਦੇ ਨਰੇਸ ਜਸਵੰਤ ਸਿੰਘ ਦੀ ਔਰਤ ਮਾਨਮਤੀ ਜਾਣੋ ਚੰਦ ਦਾ ਟੁਕੜਾ-ਬੜੀ ਹੀ ਸੋਹਣੀ। ਓਹਦੀ ਇਕ ਹੋਰ ਰਾਣੀ ਬਿਤਨ ਪ੍ਰਭਾ ਉਸ ਤੋਂ ਭੀ ਸੋਹਣੀ। ਜਦ ਦਰ੍ਹਾ ਕਾਬਲ ਬੰਦ ਹੋ ਗਿਆ ਤਾਂ ਉਸ ਨੂੰ ਮੀਰ ਖਾਂ ਨੇ ਸੱਦ ਲਿਆ। ਉਹ ਜਹਾਨਾਬਾਦ ਛੱਡ ਕੇ ਉਥੇ ਚਲਾ ਗਿਆ ਤੇ ਰਾਹ ਵਿੱਚ ਜੋ ਮਿਲਦਾ ਗਿਆ ਉਸ ਨੂੰ ਪਾਰ ਬੁਲਾਉਂਦਾ ਗਿਆ । ਓਹਨੇ ਬੰਗਸਤਾਨ ਦੇ ਪਠਾਣ ਨੂੰ ਮਾਰਿਆ । ਆਪ ਬੀਮਾਰ ਹੋ ਕੇ ਮਰ ਗਿਆ। ਕਈ ਰਾਣੀਆਂ ਅਤੇ ਔਰਤਾਂ ਉਸ ਨਾਲ ਸਤੀ ਹੋ ਗਈਆਂ। ਜਦ ਬਿਪਨਕਲਾ ਸਤੀ ਹੋਣ ਲੱਗੀ ਤਾਂ ਦੁਰਗ ਦਾਸ ਬ੍ਰਾਮ੍ਹਣ ਕਹਿੰਦਾ ਤੂੰ ਗਰਭਵਤੀ ਹੈਂ ਸਤੀ ਨਾ ਹੋ ਤੇਰੇ ਪੇਟ ਚ ਜੋ ਬੱਚਾ ਹੈ ਉਹ ਰਾਜਾ ਬਣੇਗਾ। ਬ੍ਰਾਮ੍ਹਣ ਦੀ ਗੱਲ ਸੁਣ ਕੇ ਉਹ ਸਤੀ ਨਾ ਹੋਈ । ਉਸ ਨੇ ਪਿਸ਼ੌਰ ਛੱਡ ਕੇ ਦਿੱਲੀ ਕੂਚ ਕੀਤਾ । ਰਾਹ ਵਿੱਚ ਲਹੌਰ ਪੁੱਜ ਕੇ ਦੋ ਪੁੱਤਰਾਂ ਨੂੰ ਜਨਮ ਦਿੱਤਾ । ਆਖਰ ਦਿੱਲੀ ਪੁੱਜੀ-ਸੌਕਣਾਂ ਆਖਣ ਕਿ ਇਹ ਸਾਨੂੰ ਦੇ ਦੇ ਪਰ ਉਸ ਨੇ ਨਹੀਂ ਦਿੱਤੇ । ਬਿਨਾਂ ਮਤਲਬ ਦੀ ਜੰਗ ਦਾ ਛਿੜਨਾ-ਔਰਤ ਦਾ ਮਰਦਾਨਾ ਭੇਖ ਧਾਰਨ ਕਰ ਕੇ ਲੜਨਾ-ਬੇਅੰਤ ਬੰਦਿਆਂ ਦਾ ਮਾਰੇ ਜਾਣਾ ਕੋਈ ਅਣਹੋਣਾ ਨਹੀਂ ਲੱਗਦਾ ਪਰ ਲੜਨ ਵੇਲੇ ਵਰਤੇ ਭਾਰੀ ਨਸ਼ੇ ਅਚੰਭਾ ਜਰੂਰ ਪੈਦਾ ਕਰਦੇ ਹਨ :-

*ਅੜਿੱਲ ॥ ਖਾਇ ਟਾਂਕ ਆਫੂਐ ਰਾਜ ਸਭ ਰਿਸਿ ਭਰੇ ॥*
*ਪੋਸਤ ਭਾਂਗ ਸ਼ਰਾਬ ਪਾਨ ਕਰਿ ਅਤਿ ਲਰੇ ॥*
*ਸ਼ਾਹ ਝਰੋਖਾ ਤਰੈ ਚਰਿੱਤ੍ਰ ਦਿਖਾਇਕੈ ॥*
*ਹੋ ਰਨ ਛੋਰਾ ਸੁਰ ਲੋਕ ਗਏ ਸੁਖ ਪਾਇਕੈ ॥੧੯॥*

ਨੋਟ :- ਦਸਮ ਗ੍ਰੰਥ ਪੋਸਤ ਭੰਗ ਸ਼ਰਾਬ ਤੇ ਹੋਰ ਨਸ਼ਿਆਂ ਦੇ ਸੇਵਨ ਨੂੰ ਬੁਰਾ ਨਹੀਂ ਆਖਦਾ ਸਗੋਂ ਖੁਲ੍ਹ ਦਿਲੀ ਨਾਲ ਛੱਕ ਲੈਣ ਦੀ ਪ੍ਰੇਰਨਾ ਦੇਂਦਾ ਹੈ। ਸਾਡੇ ਬਹੁਤੇ ਪ੍ਰਚਾਰਕ ਅਖੰਡ ਪਾਠਾਂ ਅਤੇ ਹੋਰ ਅਨੇਕਾਂ ਤਰ੍ਹਾਂ ਦੇ ਸੁਰੂ ਕੀਤੇ ਪਾਠਾਂ ਨੂੰ ਕਰਨ ਵੇਲੇ ਅਫੀਮ-ਜ਼ਰਦਾ-ਭੰਗ-ਚਰਸ ਤੇ ਮੈਂਡਰਕਸ ਦੀਆਂ ਗੋਲੀਆਂ ਖਾ ਕੇ ਰੋਲਾਂ (ਪਾਠ ਦੀ ਲੜੀ) ਲਾਉਂਦੇ ਹਨ। ਇਹ ਸਭ ਇਸੇ ਦਸਮ ਗ੍ਰੰਥ ਦੀ ਸਿੱਖਿਆ ਦਾ ਅਸਰ ਹੈ । ਜੇਕਰ ਉਨ੍ਹਾਂ ਨੂੰ ਇਸ ਕੁਕਰਮ ਤੋਂ ਟੋਕੋ ਤਾਂ ਅੱਗੋਂ ਦੰਦੀਆਂ ਕੱਢ ਕੇ ਆਖਦੇ ਹਨ 'ਬਾਈ ਦਸਮ ਗ੍ਰੰਥ ਮੈਂ-ਤਾਂ-ਨੀ ਲਿਖਿਆ' ਗੁਰੂ ਗੋਬਿੰਦ ਸਿੰਘ ਜੀ ਹੀ ਲਿਖ ਗਏ ਹਨ। ਮੈਂ ਜਾਣਦਾ ਹਾਂ ਕਿ ਇਕ ਹਜ਼ਾਰ ਦੀ ਗਿਣਤੀ ਪਿੱਛੇ ਇਕ ਬੰਦੇ ਨੇ ਭੀ ਉਸ ਦੇ ਦੀਦਾਰ ਨਹੀਂ ਕੀਤੇ ਕੇਵਲ ਨਾਂ ਹੀ ਸੁਣਿਆ ਹੈ ਫਿਰ ਭੀ ਉਸ ਦੀ ਆੜ ਥੱਲੇ ਗਿਆਨ ਧਿਆਨ ਝਾੜ ਦੇਂਦੇ ਹਨ । ਇਕ ਵੱਖਰੇ ਲੇਖ ਰਾਹੀਂ ਦਸਮ ਗ੍ਰੰਥ ਅਤੇ ਨਸ਼ੇ ਵਿੱਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ ਪੜ੍ਹੋ ਜੀ ।

ਰਘੁਨਾਥ ਨੇ ਖਾਧਾ ਗੁੱਸਾ-ਭਜਾਇਆ ਘੋੜਾ-ਪੁੱਜਾ ਜੰਗੇ ਮੈਦਾਨ ਚ-ਦਿਖਾਏ ਕਰਾਰੇ ਹੱਥ-ਔਰੰਗਜੇਬ ਦੀ ਜੈ ਜੈਕਾਰ ਕੀਤੀ ਕਹਿੰਦੇ ਘੇਰ ਓਏ ਏਹਨੂੰ ਜੇਕਰ ਏਦਾਂ ਦੇ ਦੋ ਚਾਰ ਹੋਰ ਜੰਮ ਪਏ ਤਾਂ ਲੰਕਾ ਭੀ ਜਿੱਤ ਲੈਣਗੇ। ਦੋਨਾਂ ਪਾਸਿਆਂ ਤੋਂ ਮਾਰੂ ਜੰਗ-ਬੜੇ ਬੜੇ ਜੋਧਾ ਮਰੇ-ਜੰਗ ਦੇਖਣ ਲਈ ਦੇਵਤੇ ਤੇ ਦੈਂਤ ਉਚੇਚਾ ਪਹੁੰਚੇ। ਬਰਛੀਆਂ ਕ੍ਰਿਪਾਨਾਂ ਦਾ ਖੁੱਲ੍ਹ ਕੇ ਇਸਤੇਮਾਲ ਤੇ ਆਖਰ ਜੰਗ ਬਰਾਬਰ ਬਰਾਬਰ ਜਿਹੀ ਛੁੱਟ ਗਈ ਪਰ ਕਵੀ ਕਾਲ ਨੂੰ ਮੇਰੀ ਪ੍ਰਨਾਮ ਆਖਰ ਮਾਂ ਦੇ ਪੁੱਤ ਨੇ ਦੱਸ ਹੀ ਦਿੱਤਾ ਓਏ ਗੁਰਸਿੱਖੋ ਏਹਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨਾਂ ਮੰਨ ਬੈਠਿਓ। ਮੈਂ ਹਾਂ ਕਾਲ -ਕਵੀ ਕਾਲ ਸਮਝੇ :-

*ਦੋਹਰਾ ॥ ਅਤਿ ਬਰਿ ਕੈ ਭਾਰੀ ਜੁਝਯੋ ਤਨਕ ਨ ਮੋਰਯੋ ਅੰਗ ॥*
*ਸੁ ਕਬਿ ਕਾਲ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੨੯॥* (ਇਕ ਸੌ ਪਚਾਨਵੇਂ ਚਰਿਤ੍ਰ ਪੰਨਾ ੧੦੮੭)

ਨੋਟ :- ਆਪ ਜੀ ਨੇ ਦੇਖ ਹੀ ਲਿਆ ਹੈ ਕਿ ਦਸਮ ਗ੍ਰੰਥ ਦੇ ਦੋ ਵੱਡੇ ਥੰਮ ਕਵੀ ਰਾਮ ਅਤੇ ਕਵੀ ਸਯਾਮ ਦੀ ਤਰ੍ਹਾਂ ਤੀਜਾ ਕਵੀ ਕਾਲ ਹੈ ਜਿਸ ਦੀਆਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਦੱਸ ਕੇ ਸਾਡੇ ਵੱਡੇ ਪੁਜਾਰੀਆਂ ਅਤੇ ਧਰਮ ਦੇ ਠੇਕੇਦਾਰਾਂ ਅਥਵਾ ਅਨੇਕਾਂ ਹੀ ਝੋਲੀ ਚੁੱਕਾਂ ਨੇ ਸਿੱਖ ਕੌਮ ਨਾਲ ਧੋਖਾ ਅਤੇ ਗਦਾਰੀ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕੀਤਾ ਹੈ । ਖ਼ਬਰਦਾਰ ! ਜਾਗਦੇ ਰਹਿਓ !

ਪਾਤਰ : ਅਪ੍ਰਤਿਮਕਲਾ (ਰਾਨੀ) ਤੇ ਅੰਜਨ ਰਾਇ ਨਗਰੀ : ਚੰਦ੍ਰ ਪੁਰੀ (ਇਕ ਸੌ ਛਿਆਨਵੇਂ ਚਰਿਤ੍ਰ ਪੰਨਾ ੧੦੮੮-੮੭)

**ਕੋਈ ਧੀ-ਭੈਣ-ਮਾਂ ਜਾਂ ਔਰਤ ਨਾਲ ਸੰਭੋਗ ਕਰੇ ਤਾਂ ਉਸ ਦੇ ਚਰਨ ਛੂਹੋ ਤੇ ਚੁੱਪ ਰਹੋ :** ਚੰਦ੍ਰ ਪੁਰ ਦੀ ਅਪ੍ਰਤਿਮਕਲਾ ਨੇ ਜਦ ਅੰਜਨ ਰਾਇ ਨੂੰ ਦੇਖਿਆ ਤਾਂ ਉਸ ਦਾ ਕਾਮ ਜਾਗ ਪਿਆ । ਉਸ ਨੂੰ ਘਰ ਸੱਦਿਆ ਤੇ ਪਿਆਰ ਦੀ ਪੀਂਘ ਝੂਟੀ । ਯਾਰ ਕਹਿੰਦਾ ਜੇ ਖਸਮ ਨੇ ਤੈਨੂੰ ਦੇਖ ਲਿਆ ਜਾਨੋ ਮਾਰ ਦੇਵੇਗਾ :-

*ਤਾਕੌ ਧਾਮ ਬੋਲਿ ਕਰਿ ਲਿਯੋ ॥ ਕਾਮਕੇਲ ਤਾਸੌ ਦ੍ਰਿੜ ਕਿਯੋ ॥*
*ਬਹੁਰਿ ਜਾਰ ਇਹ ਭਾਂਤਿ ਉਚਾਰੋ ॥ ਜਿਨਿ ਮਤਿ ਲਖਿ ਪਤਿ ਹਨੈ ਤੁਮਾਰੋ ॥੨॥*
(ਇਕ ਸੌ ਛਿਆਨਵੇਂ ਚਰਿਤ੍ਰ ਪੰਨਾ ੧੦੮੮)

ਔਰਤ ਕਹਿੰਦੀ ਤੂੰ ਓਹਦਾ ਫਿਕਰ ਛੱਡ ਕੇ ਮੇਰੇ ਨਾਲ ਸੰਭੋਗ ਕਰ । ਮੈਂ ਪਤੀ ਦੇ ਸਾਮ੍ਹਣੇ ਤੇਰੇ ਨਾਲ ਭੋਗ ਕਰਾਂਗੀ ਤੇ ਰਾਜਾ ਸੀਸ ਝੁਕਾ ਕੇ ਤੇਰੇ ਪੈਂਰੀ ਹੱਥ ਭੀ ਲਾਏਗਾ :-

*ਤੁਮ ਚਿੱਤ ਮੈ ਨਹਿ ਤ੍ਰਾਸ ਬਢਾਵੋ ॥ ਹਮ ਸੌ ਦ੍ਰਿੜ ਕਰਿ ਕੇਲ ਕਮਾਵੋ ॥੩॥*
*ਦੋਹਰਾ ॥ ਪਤਿ ਦੇਖਤ ਤੋਸੌ ਰਮੌ ਗ੍ਰਿਹਿ ਕੋ ਦਰਬ ਲੁਟਾਇ ॥*
*ਨ੍ਰਿਪ ਕੋ ਸੀਸ ਝੁਕਾਇ ਹੌ ਪਗਨ ਤਿਹਾਰੇ ਲਾਇ ॥੪॥* (ਇਕ ਸੌ ਛਿਆਨਵੇਂ ਚਰਿਤ੍ਰ ਪੰਨਾ ੧੦੮੮)

ਐਂਦਾ ਕਰ ਤੂੰ ਜੋਗ ਦਾ ਭੇਸ ਧਾਰਣ ਕਰਲੈ ਤੇ ਅਪਣੇ ਆਪ ਨੂੰ ਗੁਰੂ ਕਹਾਣਾ ਸੁਰੂ ਕਰਦੇ । ਜਿਵੇਂ ਸਿਖਾਇਆ ਯਾਰ ਉਵੇਂ ਕੀਤਾ ਤੇ ਰਾਜੇ ਨੂੰ ਮੂਲ ਮੰਤ੍ਰ (ਮੁਕਤੀ ਦਾ) ਦਿੱਤਾ ਤੇ ਰਾਜੇ ਦਾ ਗੁਰੂ ਬਣ ਗਿਆ । ਜਦ ਰਾਜਾ ਮਹਿਲੀਂ ਪੁੱਜਾ ਤਾਂ ਰਾਣੀ ਕਹਿੰਦੀ ਕਿ ਜੇ ਗੁਰੂ ਭਰਮਾਵੈ (ਭਟਕਾਏ) ਤਾਂ ਆਪ ਨਹੀਂ ਭਟਕ ਜਾਣਾ । ਜੇ ਗੁਰੂ ਚੰਗੀ ਮਾੜੀ ਕਰੇ ਤਾਂ ਮੁਆਫ ਕਰ ਦੇਣਾ । ਭਾਵੇਂ ਉਹ ਘਰ ਚੋਰੀ ਕਰੇ ਜਾਂ ਔਰਤ ਨਾਲ ਸੰਭੋਗ ਕਰੇ ।

*ਗੁਰ ਜੁ ਭ੍ਰਮਾਵੈ ਰਾਇ ਨ ਭ੍ਰਮਿਯੈ ॥ ਭਲੀ ਬੁਰੀ ਗੁਰ ਕਰੈ ਸੁ ਛਮਿਯੈ ॥*
*ਜੋ ਗੁਰ ਗ੍ਰਿਹਿ ਕੋ ਦਰਬ ਚੁਰਾਵੈ ॥ ਸੌਕ ਤ੍ਰਿਯਾ ਤਨ ਕੇਲ ਕਮਾਵੈ ॥*
*ਜੌ ਕੁਪਿ ਕਰੈ ਖੜਗ ਕੋ ਵਾਰਾ ॥ ਜੋ ਸਿਖ ਭ੍ਰਮਤ ਲਹੈ ਸੋ ਮਾਰਾ ॥੮॥*(ਇਕ ਸੌ ਛਿਆਨਵੇਂ ਚਰਿਤ੍ਰ ਪੰਨਾ ੧੦੮੮)

ਚੰਦਰਿਆ ਜਿਹੜਾ ਕੋਈ ਮੰਤ੍ਰ ਦੇਂਦਾ ਹੈ ਉਹ ਅਪਣੇ ਸਿੱਖ ਨੂੰ ਮੁੱਲ ਖ੍ਰੀਦ ਲੈਂਦਾ ਹੈ ਜੇਕਰ ਉਹ ਭੈਣ ਜਾਂ ਮਾਂ ਨਾਲ ਸੰਭੋਗ ਕਰਦਾ ਭੀ ਦੇਖ ਲਿਆ ਜਾਏ ਤਾਂ ਭੀ ਉਸ ਅੱਗੇ ਸੀਸ ਝੁਕਾਣਾ ਚਾਹੀਦਾ ਹੈ ਤੇ ਰੋਸ ਨਹੀਂ ਕਰਨਾਚਾਹੀਦਾ।

ਨੋਟ :- ਅਸੀਂ ਹਰ ਰੋਜ ਅਖਬਾਰਾਂ ਵਿੱਚ ਵੱਡੀਆਂ ਸੁਰਖੀਆਂ ਵਿੱਚ ਪੜ੍ਹਦੇ ਅਤੇ ਦੇਖਦੇ ਹਾਂ ਕਿ ਸਿੱਖ ਸਰੂਪ ਧਾਰਕੇ ਬਣੇ ਸੰਤ ਸਾਧ ਬ੍ਰਹਮ ਗਿਆਨੀ ਕਿਵੇਂ ਖੂਬਸੂਰਤ ਔਰਤਾਂ ਤੇ ਮੁਟਿਆਰਾਂ ਲੱਭ ਲੱਭ ਕੇ ਸੰਭੋਗ ਕਰਦੇ ਹਨ । ਉਨ੍ਹਾਂ ਦੇ ਮਾਪੇ ਅੱਖੀਂ ਦੇਖ ਕੇ ਸੁਣ ਕੇ ਗੂੰਗੇ ਬੋਲੇ ਹੋ ਜਾਂਦੇ ਹਨ। ਅਪਣੀ ਇੱਜਤ ਦਾ ਖਿਆਲ ਕਰਦਿਆਂ ਘਰੀਂ ਦਰਵਾਜੇ ਭੇੜ ਕੇ ਖਾਮੋਸ਼ ਬਣੇ ਰਹਿੰਦੇ ਹਨ। ਇਹ ਅਜੋਕੇ ਸਾਧ (ਗੁਰੂ) ਨਿੱਤ ਨਵੀਆਂ ਕੁੜੀਆਂ ਤੇ ਔਰਤਾਂ ਨਾਲ ਹੋਰ ਵਧੇਰੇ ਹੌਂਸਲੇ ਨਾਲ ਜਬਰ ਜ਼ਿਨਾਹ ਕਰਦੇ ਹਨ। ਜੇਕਰ ਕੋਈ ਅਬਲਾ ਬਹਾਦਰੀ ਕਰ ਕੇ ਕਿਸੇ ਵੱਡੇ ਪੁਜਾਰੀ ਕੋਲ ਮੱਦਦ ਲਈ ਪੁਕਾਰ ਕਰੇ ਤਾਂ ਅੱਗੋਂ ਉਸ ਨੂੰ ਉਹ ਹੋਰ ਸ਼ਰਮੋਸ਼ਾਰ ਕਰਦੇ ਹਨ । ਉਸ ਨਾਲ ਹੋਈ ਵਧੀਕੀ ਦੀਆਂ ਫੋਟੋਆਂ ਮੰਗਦੇ ਹਨ ਤੇ ਗਵਾਹ ਭੀ । ਵੱਡੇ ਸਾਧ ਵੱਡੇ ਖਜਾਨੇ ਤੇ ਅਥਵਾ ਤਾਕਤ ਦੇ ਮਾਲਕ ਹਨ ਉਹ ਬੋਰੀਆਂ ਭਰ ਭਰ ਵੱਡਿਆਂ ਨੂੰ ਰਿਸ਼ਵਤਾਂ ਦੇ ਕੇ ਚੁੱਪ ਕਰਾ ਦੇਂਦੇ ਹਨ। ਕੁੱਝ ਅਜਿਹੀਆਂ ਭੀ ਧੀਆਂ ਹਨ, ਜਿਨ੍ਹਾਂ ਦੇ ਮਾਪਿਆਂ ਨੇ ਗੁਰੂ ਦੱਛਣਾ ਵਿੱਚ ਅਪਣੀ ਧੀ ਦਾ ਤਨ ਸਾਧਾਂ ਨੂੰ ਦਾਨ ਕਰ ਦਿੱਤਾ । ਇਨ੍ਹਾਂ ਧੀਆਂ ਦੀ ਇੱਛਾ ਨਾਂ ਮਾਪਿਆਂ ਜਾਣੀ ਤੇ ਨਾ ਹੀ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਨੇ

ਇਨ੍ਹਾਂ ਦੀ ਹਾਲਤ ਵੇਸਵਾਵਾਂ ਤੋਂ ਭੀ ਭੈੜੀ ਹੈ । ਉਹ ਪੁਕਾਰ ਕਰਦੀਆਂ ਹਨ ਪਰ ਕੌਮ ਦੇ ਮਰਜੀਵੜੇ ਗੂੜੀ ਨੀਂਦ ਦੇ ਝੂਟੇ ਲੈ ਰਹੇ ਹਨ। ਇਹ ਸਾਧ ਸੰਤ ਰੋਜ ਇਸੇ ਦਸਮ ਗ੍ਰੰਥ ਤੋਂ ਸਿੱਖਿਆਵਾਂ ਹਾਸਲ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੀ ਕਥਾ ਤਾਂ ਟਾਵੇਂ ਟਾਵੇਂ ਗੁਰਦੁਆਰਾ ਸਾਹਿਬ ਹੀ ਹੁੰਦੀ ਹੈ। ਕੀਰਤਨ (ਫਿਲਮੀ ਤਰਜ ਤੇ) ਕਰਨ ਤੋਂ ਬਾਦ ਬਸ ਇਸੇ ਗ੍ਰੰਥ ਦਾ ਓਟ ਆਸਰਾ ਤੱਕ ਸਿਰਹਾਣੇ ਰੱਖ ਕਾਮ ਦੇ ਸੁਪਨੇ ਲੈਂਦੇ ਹਨ। ਪਿਆਰਿਓ ਗੁੱਸਾ ਨਾ ਖਾਇਓ-ਗੁੱਸਾ ਖਾਣ ਨਾਲ ਬਲੈਡ ਪ੍ਰੈਸ਼ਰ ਵੱਧਦਾ ਹੈ ਜਿਸ ਨਾਲ ਹਾਰਟ ਅਟੈਕ ਤੇ ਹੋਰ ਜਾਨਲੇਵਾ ਬੀਮਾਰੀਆਂ ਲੱਗ ਜਾਂਦੀਆਂ ਹਨ । ਜਰਾ ਸੰਭਲ ਕੇ ਹਾਂ ।

*ਜਿਨ ਨੈ ਮੰਤ੍ਰ ਕਛੂ ਜਿਹ ਦਯੋ ॥ ਤਿਨ ਗੁਰ ਮੋਲ ਸਿੱਖ ਕੌ ਲਿਯੋ ॥*
*ਭਗਨਿ ਮਾਤ ਜੌ ਰਮਤ ਨਿਹਾਰੀਯੈ ॥ ਸੀਸ ਝੁਕਾਇ ਰੋਸ ਨਹਿ ਕਰੀਯੈ ॥੯॥*(ਇਕ ਸੌ ਛਿਆਨਵੇਂ ਚਰਿਤ੍ਰ ਪੰਨਾ ੧੦੮੮)

ਕਹਿੰਦੀ ਮੈਂ ਸੁਣਿਆ ਹੈ ਬਈ ਜਮ ਦਾ ਰਾਜਾ ਇਕ ਰਿਸ਼ੀ ਦੇ ਘਰ ਗਿਆ ਓਹਨੇ ਰਿਖੀ ਦੀ ਭੈਣ ਮਾਂ ਅਤੇ ਕੁੜੀ ਨਾਲ ਦਿਲ ਖੋਲ ਕੇ ਸੰਭੋਗ ਕੀਤਾ :-

*ਦੋਹਰਾ ॥ ਜਮ ਰਾਜਾ ਰਿਖਿ ਏਕ ਕੋ ਘਰ ਮੈ ਕਿਯੋ ਪਯਾਨ ॥*
*ਮਾਤ ਭਗਨਿ ਰਿਖਿ ਬਾਲ ਸੌ ਰਤਿ ਮਾਨੀ ਰੁਚਿ ਮਾਨ ॥੧੧॥*(ਇਕ ਸੌ ਛਿਆਨਵੇਂ ਚਰਿਤ੍ਰ ਪੰਨਾ ੧੦੮੮)

ਜਦ ਰਿਖੀ ਅਪਣੇ ਘਰ ਆਇਆ ਤਾਂ ਉਸ ਨੇ ਔਰਤ ਨਾਲ ਮਰਦ ਨੂੰ ਸੰਭੋਗ ਕਰਦੇ ਦੇਖ ਲਿਆ। ਉਸ ਨੇ ਧਰਮ ਦੀ ਵਿਚਾਰ ਅਨੁਸਾਰ ਉਸ ਨੂੰ ਕੁੱਝ ਨਾ ਕਿਹਾ ਤੇ ਉਸ ਦੇ ਪੈਰੀਂ ਪੈਣ ਲੱਗਾ। ਹੋ ਸਕਦਾ ਹੈ ਕਿ ਧਰਮ--ਰਾਜ ਤੇਰੀ ਭੀ ਪ੍ਰੀਖਿਆ ਲਏ। ਮੈਂ ਜਾਣਦੀ ਹਾਂ ਤੇਰੇ ਵਿੱਚ ਕੋਈ ਖੋਟ ਨਹੀਂ ਹੈ। ਇਉਂ ਰਾਜੇ ਨੂੰ ਸਿੱਖਿਆ ਦੇ ਕੇ ਯਾਰ ਸੱਦ ਲਿਆ ਤੇ ਉਸ ਦੇ ਸਾਮ੍ਹਣੇ ਮੰਜੀ ਡਾਹ ਕੇ ਸੰਭੋਗ ਕੀਤਾ।

*ਨ੍ਰਿਪ ਕੌ ਪ੍ਰਥਮ ਪ੍ਰਬੋਧ ਕਰਿ ਜਾਰਿਹ ਲਯੋ ਬੁਲਾਇ ॥*
*ਪ੍ਰਗਟ ਖਾਟ ਡਸਵਾਇਕੈ ਭੋਗ ਕਿਯੋ ਸੁਖ ਪਾਇ ॥੧੬॥* (ਇਕ ਸੌ ਛਿਆਨਵੋਂ ਚਰਿਤ੍ਰ ਪੰਨਾ ੧੦੮੯)

ਲਓ ਰਾਜਾ ਆ ਗਿਆ। ਉਸ ਨੇ ਔਰਤ ਨੂੰ ਮਰਦ ਨਾਲ ਸੰਭੋਗ ਕਰਦੇ ਤੱਕਿਆ ਤੇ ਸੁਣੀ ਹੋਈ ਕਥਾ ਨੂੰ ਦਿਲ ਵਿੱਚ ਵਸਾ ਕੇ ਚੁੱਪ ਕਰ ਗਿਆ। ਜਦ ਉਹ ਚਰਨ ਛੂਹਣ ਲੱਗਾ ਤਾਂ ਯਾਰ ਉੱਠ ਕੇ ਭੱਜ ਗਿਆ। ਮੂਰਖ ਸੋਚਦਾ ਰਿਹਾ ਮੈਨੂੰ ਗੁਰੂ ਨੇ ਭ੍ਰਮਾਇਆ ਹੈ।

ਨੋਟ :- ਸਿੱਖ ਧੀ ਜਾਂ ਪੁੱਤ ਜਾਂ ਕਿਸੇ ਦੂਜੇ ਸਮਾਜ ਦੀ ਕੋਈ ਹੋਣਹਾਰ ਧੀ ਭੈਣ ਸ਼ਰਧਾ ਵੱਸ ਹੋ ਕੇ ਅਗਿਆਨਤਾ ਵੱਸ ਭੁੱਲ ਭੁਲੇਖੇ ਇਹ ਚਰਿਤ੍ਰ ਪੜ੍ਹਨ ਬੈਠ ਜਾਏ ਤਾਂ ਉਸ ਦੇ ਮਨ ਦੀ ਹਾਲਤ ਕਿਸੇ ਤੋਂ ਲੁਕੀ ਛੁਪੀ ਨਹੀਂ ਹੋਏਗੀ। ਇਸ ਸਭ ਮੰਦੀ ਕਰਤੂਤ ਦੇ ਅਸੀਂ ਖੁਦ ਜੁੰਮੇਵਾਰ ਹਾਂ ਇਸੇ ਲਈ ਮੈਂ ਕਹਿੰਦਾ ਹਾਂ ਸ਼ਰਮ ਕਰੋ ਬਈ ਸ਼ਰਮ ਕਰੋ –ਡੁੱਬ ਮਰੋ ਬਈ ਸ਼ਰਮ ਕਰੋ।

ਪਾਤਰ : ਰੰਗ ਮਤੀ (ਰਾਨੀ) ਤੇ ਦੁਰਗਸ਼ਾਹਿ **ਧੋਖਾ ਕਰਨਾ ਸਿੱਖੋ** (ਇਕ ਸੌ ਸਤਾਨਵੋਂ ਚਰਿਤ੍ਰ ਪੰਨਾ ੧੦੮੯)

ਰੰਗ ਮਤੀ ਦੀ ਸੁੰਦਰਤਾ ਤੱਕ ਕੇ ਚੰਦ ਨੂੰ ਭੀ ਸ਼ਰਮ ਆਉਂਦੀ। ਉਸ ਨੇ ਇਕ ਵੱਡਾ ਕਿਲਾ ਦੇਖਿਆ ਤਾਂ ਉਸ ਨੇ ਇਸ ਨੂੰ ਹਥਿਆਣ ਦੀ ਗੋਂਦ ਗੁੰਦੀ। ਉਸ ਨੇ ਕਿਲੇ ਦੇ ਮਾਲਕ ਪਾਸ ਇਕ ਦੂਤ ਭੇਜਿਆ ਕਹਿੰਦੀ ਮੈਂ ਕਬੀਲੇ ਨੂੰ ਇਥੇ ਰੱਖਾਂਗੀ ਅਤੇ ਤੁਰਕਾਂ ਨਾਲ ਖੰਡਾ ਖੜਕਾਵਾਂਗੀ। ਗੱਲਾਂ ਕਰਦੇ ਉਹ ਭੁੱਲ ਗਏ ਕਿ ਅਸੀਂ ਡੋਰਿਆਂ ਨੂੰ ਕਿਲੇ ਵਿੱਚ ਵੜਨ ਦੇ ਦਿੱਤਾ ਹੈ। ਜਦ ਕਿਲੇ ਦੇ ਰਾਖੇ ਉਤਰੇ ਤਾਂ ਉਨ੍ਹਾਂ ਕ੍ਰਿਪਾਨਾ ਨਾਲ ਉਨ੍ਹਾਂ ਨੂੰ ਮਾਰ ਦਿੱਤਾ। ਇਸ ਤਰ੍ਹਾਂ ਧੋਖੇ ਨਾਲ ਦੁਰਗ ਤੇ ਕਬਜਾ ਕਰ ਕੇ ਖੁਦ ਰਾਜ ਕੀਤਾ।

ਨੋਟ :- ਇਹ ਸਾਖੀ ਸਾਨੂੰ ਧੋਖਾ ਫਰੇਬ ਕਰਨਾ ਸਿਖਾਉਂਦੀ ਹੈ। ਸਦਕੇ ਜਾਈਏ ਪੁਜਾਰੀਆਂ ਦੇ ਜਿਨ੍ਹਾਂ ਅਜਿਹੀ ਨਿਕੰਮੀ ਕਿਤਾਬ ਸਿੰਗਾਰ ਕੇ ਗੁਰਸਿੱਖਾਂ ਨੂੰ ਦਿੱਤੀ।

ਪਾਤਰ : ਸੰਖ ਕੁਅਰ ਤੇ ਰਾਵ (ਇਕ ਸੌ ਅਠਾਨਵੋਂ ਚਰਿਤ੍ਰ ਪੰਨਾ ੧੦੯੦)

ਸੋਹਣੇ ਚੇਹਰੇ ਵਾਲੀ ਸੰਖ ਕੁਅਰ ਇਕ ਰਾਜੇ ਨਾਲ ਰਹਿੰਦੀ। ਉਸ ਨੇ ਇਕ ਸਖੀ ਨੂੰ ਬੁਲਾਇਆ ਜਿਸ ਨੇ ਸੁੱਤੇ ਪਏ ਓਹਦੇ ਖਸਮ ਨੂੰ ਜਾ ਜਗਾਇਆ। ਉਹ ਉਠ ਕੇ ਪੁੱਛਣ ਲੱਗਾ ਕਿ ਮੈਨੂੰ ਸੁੱਤੇ ਪਏ ਨੂੰ ਕਿਉਂ ਜਗਾਇਆ ਹੈ ਕਹਿੰਦੀ ਮੇਰਾ ਖਸਮ ਜਨਾਨੇ ਗਿਆ ਹੈ ਤੈਨੂੰ ਚੌਕੀ ਸੱਦਿਆ ਹੈ ਇਸੇ ਕਰਕੇ ਮੈਂ ਤੈਨੂੰ ਲੈਣ ਆਈ ਹਾਂ ਤੇ ਬਾਂਹ ਤੋਂ ਪਕੜ ਕੇ ਰਾਜੇ ਨੂੰ ਮਿਲਾ ਦਿੱਤਾ (ਕਿਉਂ ? ਲੇਖਕ ਭੀ ਨਹੀਂ ਜਾਣਦਾ)।

ਨੋਟ :- ਆਪ ਜੀ ਦਸਮ ਗ੍ਰੰਥ ਦੇ ਅਧਾਰਮਿਕ ਪ੍ਰਵਚਨ ਪੜ੍ਹ ਰਹੇ ਹੋ ਜੀ ਹਿੰਮਤ ਨਾ ਹਾਰ ਬੈਠਣਾ ਅੱਗੇ ਅੱਗੇ ਹੋਰ ਭੀ ਮਨ ਭਾਉਂਦੇ ਉਪਦੇਸ ਪੜ੍ਹਨ ਨੂੰ ਮਿਲਣਗੇ। ਜਾਗਦੇ ਰਹਿਓ।

ਇਲਾਕਾ : ਗੜਿ ਚਿਤੌਰ (ਇਕ ਸੌ ਨਿੰਨਾਨਵੋਂ ਚਰਿਤ੍ਰ ਪੰਨਾ ੧੦੯੦-੯੨)

ਪਾਤਰ : ਰਤਨ ਸੈਨ (ਰਾਨਾ), ਜੈਨਲਾਵਾਦੀ (ਸ਼ਾਹ), ਗੌਰਾ, ਬਾਦਿਲ, ਪਦਮਨੀ, ਤੋਤਾ, ਰਾਘੋ (ਮੰਤ੍ਰੀ) ਤੇ ਚੇਤਨਿ (ਮੰਤ੍ਰੀ)

**ਚਿਤੌਰ ਗੜ ਦੇ ਰਾਜੇ ਦੀ ਜੈਨਲਾਵਾਦੀ ਨਾਲ ਮੁੱਠਭੇੜ ਪੜ੍ਹੋ :** ਸੁੰਦਰ ਸੁਨੱਖਾ ਰਤਨ ਸੈਨ ਰਾਣਾ ਚਿਤੌੜ ਗੜ ਰਹਿੰਦਾ। ਉਸ ਨੇ ਇਕ ਤੋਤੇ ਨੂੰ ਚੰਗੀ ਤਰ੍ਹਾਂ ਪੜ੍ਹਾ ਕੇ ਸਿੰਗਲਾਦੀਪ ਭੇਜਿਆ ਤੇ ਉਥੋਂ ਪਦਮਨੀ ਲੈ ਕੇ ਆਂਦੀ। ਜਦ ਉਹ ਸੁੰਦਰੀ ਪਾਨ ਚਬਾਉਂਦੀ ਤਾਂ ਪਾਨ ਦੀ ਪੀਕ ਓਹਦੇ ਕੰਠ ਚ ਉਤਰਦੀ ਦਿਖਾਈ ਦੇਂਦੀ। ਉਹਦੇ ਉੱਪਰ ਭਉਰੇ ਮੰਡਰਾਉਂਦੇ। ਓਹਦੀਆਂ ਅੱਖਾਂ ਦਾ ਕੀ ਕਹਿਣਾ ਮਾਨੋ ਦੋ ਕਟਾਰੀਆਂ ਹੋਣ।

*ਜਬ ਵਹ ਸੁੰਦਰਿ ਪਾਨ ਚਬਾਵੈ ॥ ਦੇਖੀ ਪੀਕ ਕੰਠ ਮੈ ਜਾਵੈ ॥*
*ਊਪਰ ਭਵਰ ਭ੍ਰਮਹਿ ਮਤਵਾਰੇ ॥ ਨੈਨ ਜਾਨ ਦੋਊ ਬਨੇ ਕਟਾਰੇ ॥੩॥* (ਇਕ ਸੌ ਨਿੰਨਾਨਵੋਂ ਚਰਿਤ੍ਰ ਪੰਨਾ ੧੦੯੦)

ਨੋਟ :- ਸਿੱਖ ਧਰਮ ਅੰਦਰ ਵਿਚਰਨ ਵਾਲੇ ਹਰ ਪ੍ਰਾਣੀ ਨੂੰ ਕਿਸੇ ਭੀ ਪ੍ਰਕਾਰ ਦੇ ਨਸ਼ੇ ਕਰਨ ਦੀ ਸਖ਼ਤ ਮਨਾਹੀ ਹੈ। ਪਾਨ ਖਾਣ ਵਾਲਾ ਭੀ ਗੁਰੂ ਨਾਨਕ ਦੇ ਧਰਮ ਦਾ ਮੈਂਬਰ ਨਹੀਂ ਹੋ ਸਕਦਾ। ਜਿਹੜੇ ਪਾਨ ਬੀੜੀ ਤੇ ਹੋਰ ਨਸ਼ੇ ਕਰਦੇ ਹਨ ਉਹ ਸਭ ਗੁਰੂ ਘਰ ਦੇ ਤਨਖਾਹੀਏ ਹਨ। ਉਨ੍ਹਾਂ ਨੂੰ ਭੁੱਲ ਕੇ ਭੀ ਸਿੱਖ ਨਹੀਂ ਕਿਹਾ ਜਾ ਸਕਦਾ। ਵੱਖਰੇ ਲੇਖ ਰਾਹੀਂ ਗੁਰੂ ਸਾਹਿਬ ਪਾਨ ਖਾਣ ਵਾਲਿਆਂ ਨੂੰ ਜੋ ਮੱਤ ਦਿੱਤੀ ਹੈ ਲਿਖਿਆ ਹੈ। ਵਧੇਰੇ ਜਾਣਕਾਰੀ ਲਈ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਥਾਂ ਸਮੇਤ ਪੜ੍ਹੋ ਜੀ।

ਰਾਜਾ ਓਹਦਾ ਰੂਪ ਤੱਕ ਕੇ ਮਸਤ ਹੋ ਗਿਆ । ਰਾਜ ਕਾਜ ਸਭ ਭੁੱਲ ਗਿਆ ਉਸ ਨੂੰ ਤੱਕੇ ਬਿਨਾਂ ਉਹ ਪਾਣੀ ਦਾ ਘੁੱਟ ਨਾ ਪੀਂਦਾ। ਰਾਘੋ ਅਤੇ ਚੇਤਨਿ ਦੋਨੋ ਮੰਤ੍ਰੀਆਂ ਨੇ ਸੋਚਿਆ ਬਈ ਰਾਜਾ ਪਦਮਨੀ ਦੇ ਵਸ ਹੋ ਗਿਆ ਹੈ। ਉਨ੍ਹਾਂ ਨੇ ਪਦਮਨੀ ਦੀ ਸੁੰਦਰ ਮੂਰਤੀ ਬਣਾਈ ਅਤੇ ਉਸ ਦੀ ਜਾਂਘ ਤੇ ਤਿਲ ਲਿਖ ਦਿੱਤਾ । ਜਦ ਰਾਜਾ ਨੇ ਉਸ ਮੂਰਤੀ ਨੂੰ ਦੇਖਿਆ ਅਤੇ ਤਿਲ ਦੇਖਿਆ ਤਾਂ ਦੋਨੋ ਮੰਤ੍ਰੀਆਂ ਨੂੰ ਪਕੜ ਕੇ ਮਾਰ ਦਿੱਤਾ। ਸ਼ਾਹ ਦੇ ਕੰਨਾਂ ਵਿੱਚ ਜਦ ਪਦਮਨੀ ਦੀ ਭਿਣਕ ਪਈ ਤਾਂ ਵੱਡੀ ਸੈਨਾ ਲੈ ਕੇ ਚੜ੍ਹਾਈ ਕਰ ਦਿੱਤੀ। ਜਦ ਚਿਤੌੜ ਦਾ ਕਿਲਾ ਹੱਥ ਨਾ ਆਇਆ ਤਾਂ ਉਸ ਨੇ ਦਗਾ ਕੀਤਾ। ਇਕ ਚਿੱਠੀ ਲਿਖੀ ਕਿ ਮੈਂ ਹਾਰ ਗਿਆ ਹਾਂ ਪਰ ਮੈਂ ਇਕ ਵਾਰ ਕਿਲਾ ਦੇਖਣਾ ਚਾਹੁੰਦਾ ਹਾਂ, ਜਦ ਅਜਿਹਾ ਕਰਨ ਦੀ ਇਜਾਜਤ ਦੇ ਦਿੱਤੀ ਤਾਂ ਰਾਜੇ ਪਾਸ ਪਹੁੰਚ ਕੇ ਕਹਿੰਦਾ ਕਿ ਅਪਣੀ ਪਦਮਨੀ ਮੈਨੂੰ ਦੇ ਦੇ । ਪਦਮਨੀ ਸੁਣ ਕੇ ਬਣਾਈ ਸਕੀਮ ਤੇ ਆਖਰ ਉਸੇ ਸਕੀਮ ਸਦਕਾ ਜੈਨਲਾਵਾਦੀ ਸ਼ਾਹ ਭਜਾ ਦਿੱਤਾ ।

ਨੋਟ :- ਆਪ ਜੀ ਨੂੰ ਇਤਿਹਾਸ ਮਿਥਿਹਾਸ ਦੇਖਣ ਦੀ ਉੱਕੀ ਲੋੜ ਨਹੀਂ ਕਿਉਂ ਕਿ ਇਹ ਕੰਮ ਇਤਿਹਾਸ ਦੇ ਖੋਜੀਆਂ ਦਾ ਹੈ । ਆਪ ਜੀ ਜਾਣਦੇ ਹੀ ਹੋ ਕਿ ਤੋਤਾ ਜੇਕਰ ਪਦਮਨੀ ਨੂੰ ਲੰਕਾ ਤੋਂ ਲਿਆਣ ਦੀ ਸ਼ਕਤੀ ਰੱਖਦਾ ਹੈ ਤਾਂ ਪਦਮਨੀ ਨੂੰ ਜੰਗ ਜਿੱਤਣੀ ਕੋਈ ਔਖੀ ਘਾਟੀ ਨਹੀਂ ਹੈ । ਹਰ ਕਵੀ ਚ ਅਜਿਹੇ ਗੁਣ ਪਾਏ ਜਾਂਦੇ ਹਨ । ਚੰਦ ਤਾਰੇ ਪਰੀਆਂ ਤੇ ਹੋਰ ਬਹੁਤ ਕੁੱਝ ਸੈਕਿੰਡਾਂ ਚ ਪ੍ਰਗਟ ਕਰ ਦੇਂਦੇ ਹਨ । ਜਿਹੜਾ ਵੱਧ ਤਾੜੀਆਂ ਮਰਵਾ ਦੇਵੇ ਉਹ ਵੱਡਾ ਕਵੀ ਗਿਣਿਆ ਜਾਂਦਾ ਹੈ। ਪਰ ਇਹ ਪੜ੍ਹੀਆਂ ਜਾ ਰਹੀਆਂ ਕਵਿਤਾਵਾਂ ਗੁਰਬਾਣੀ ਨਹੀਂ ਸਮਝ ਲੈਣੀਆਂ। ਧੱਕੇ ਨਾਲ ਹਰ ਮੰਦੀ ਰਚਨਾ ਤੇ ਪਾਤਸ਼ਾਹੀ ੧੦ ਲਿਖਣ ਨਾਲ ਉਹ ਗੁਰਬਾਣੀ ਨਹੀਂ ਬਣ ਜਾਂਦੀ ।

## ਦੇਸ : ਤ੍ਰਿਗਤਿ

(ਦੋਇ ਸੌ ਚਰਿਤ੍ਰ ਪੰਨਾ ੧੦੯੨-੯੪)

ਪਾਤਰ : ਦੁਰਗਤਿ ਸਿੰਘ (ਭੂਪ), ਉਡਗਿੰਦ੍ਰ ਪ੍ਰਭਾ (ਤ੍ਰਿਯਾ) ਤੇ ਬਿਸੁਨਾਥ ਪ੍ਰਭਾ (ਤ੍ਰਿਯਾ)

ਤ੍ਰਿਗਤਿ ਦੇਸ ਦਾ ਦਰੁਗਤਿ ਸਿੰਘ ਦੇਗ ਤੇਗ ਦਾ ਧਨੀ ਅਤੇ ਕਾਮ ਵਿੱਚ ਪ੍ਰਬਲ ਅਪਣੀ ਔਰਤ ਉਡਗਿੰਦ੍ਰ ਪ੍ਰਭਾ ਨਾਲ ਹਰ ਰੋਜ ਸਰੀਰਕ ਸਭੰਧ ਜੋੜ ਕੇ ਮੌਜ ਮੇਲਾ ਕਰਦਾ ਪਰ ਉਹ ਅਪਣੀ ਦੂਜੀ ਔਰਤ ਬਿਸੁ ਨਾਥ ਪ੍ਰਭਾ ਦੇ ਨੇੜੇ ਨਾ ਢੁੱਕਦਾ । ਇਸ ਉੱਤੇ ਦੁਸ਼ਮਣ ਨੇ ਹੱਲਾ ਬੋਲ ਦਿੱਤਾ-ਦੁਰਗਤਿ ਸਿੰਘ ਭੀ ਲੜਾਈ ਦੇ ਮੈਦਾਨ ਵਿੱਚ ਕੁੱਦਿਆ ਦੋਨਾਂ ਪਾਸਿਆਂ ਤੋਂ ਨਗਾਰੇ ਤੇ ਚੋਟਾਂ-ਦੇਵਤੇ ਤੇ ਦੈਂਤਾ ਦਾ ਜੁੱਧ ਦੇਖਣ ਆਉਣਾ-ਜੋਗਣਾਂ ਤੇ ਦੈਂਤਾ ਦਾ ਗੁੱਸਾ-ਗੀਧ ਸਿਵਾ ਦਾ ਹੰਕਾਰ ਚ ਘੁੰਮਣਾ-ਬੱਲੇ ਬੱਲੇ ਬਈ ਭੂਤਾਂ ਤੇ ਪ੍ਰੇਤਾਂ ਦਾ ਭੀ ਜੁੱਧ ਵਿੱਚ ਨੱਚਣਾ ਤੇ ਗਾਣਾ ਤੇ ਸਿਵ ਜੀ ਦਾ ਡੋਰੂ ਬਜਾਣਾ-ਡਾਕਣੀਆਂ ਦੁਆਰਾ ਭਰ ਭਰ ਖੱਪਰ ਲਹੂ ਦੇ ਪੀਣਾ-ਜੰਬੁਕ ਗਿੱਧਾਂ ਦਾ ਮਾਸ ਨੋਚ ਨੋਚ ਖਾਣਾ-ਕਾਵਾਂ ਦੁਆਰਾ ਖਾ ਖਾ ਮਾਸ ਕਾਂਵਾਂ ਰੌਲੀ ਪਾਉਣਾ ਤੇ ਬੇਤਾਲਾਂ ਦਾ ਸਬਦ ਸੁਣਾਨਾ ਬੜਾ ਅਜੀਬ ਜਿਹਾ ਲੱਗਦਾ ਹੈ ਪਰ ਕਵੀ ਦੀ ਨਿੱਜੀ ਉਡਾਰੀ ਤੇ ਸ਼ਾਬਾਸ਼ ।

ਲਓ ਕਈਆਂ ਨੇ ਕਿਰਪਾਨ ਲਿਸ਼ਕਾਈ ਤੇ ਕਈਆਂ ਵਾਰ ਕੀਤੇ-ਕਿਸੇ ਦੀ ਲੱਤ ਕਿਤੇ ਬਾਂਹ ਕਿਤੇ-ਕਈਆਂ ਦੀਆਂ ਖੋਪੜੀਆਂ ਲਹੀਆਂ-ਕਈਆਂ ਨੇ ਬਰਛੀਆਂ ਨਾਲ ਵਾਰ ਕਰ ਕੇ ਕਟਾ ਵਢੀ ਕੀਤੀ ਤੇ ਕਈਆਂ ਨੇ ਕਟਾਰੀ ਨਾਲ -ਦੈਂਤਾ ਅਲੱਗ ਦੰਦ ਕੱਢ ਕੱਢ ਡਰਾਇਆ-ਭੇਰਉ ਭੀ ਪੁੱਜਾ ਮਸਾਨ ਚ ਕਿਲਕਾਰੀਆਂ ਮਾਰਦਾ-ਕਈ ਮਰੇ-ਕਈ ਕਟੇ ਪਰ ਖੇਤ ਕਿਸੇ ਨਾ ਛੱਡਿਆ ਘਮਸਾਣ ਦੀ ਲੜਾਈ ਲੜਦੇ ਦੁਰਗਤ ਸਿੰਘ ਦੇ ਸੂਰਮੇ ਮੈਦਾਨ ਛੱਡ ਕੇ ਭੱਜ ਉਠੇ । ਉਸ ਦੀ ਰਾਣੀ ਬਿਸੁਨਾਥ ਪ੍ਰਭਾ ਸੁਣ ਕੇ ਹੋਈ ਹੈਰਾਨ-ਉਡਗਿੰਦ੍ਰ ਪ੍ਰਭਾ ਸਤੀ ਹੋਣ ਲਈ ਹੋਈ ਤਿਆਰ ਕਹਿੰਦੀ ਮਰੇ ਪਤੀ ਨੂੰ ਉਥੇ ਹੀ ਮਿਲਾਂਗੀ । ਦੋਨਾਂ ਚ ਹੋਈ ਕਸ਼ਮਕਸ਼ ਆਖਰ ਉਡਗਿੰਦ੍ਰ ਪ੍ਰਭਾ ਬਾਜੀ ਮਾਰ ਗਈ ਤੇ ਰਾਜੇ ਦਾ ਦਿਲ ਜਿੱਤ ਲਿਆ ।

ਨੋਟ :- ਸਿੱਖ ਧਰਮ ਸਤੀ ਪ੍ਰਥਾ ਨੂੰ ਮੂਲੋਂ ਹੀ ਨਕਾਰਦਾ ਹੈ ਅਤੇ ਅਜਿਹੀ ਕ੍ਰਿਆ ਕਰਨ ਵਾਲੇ ਨੂੰ ਲਾਹਨਤਾਂ ਭੀ ਪਾਉਂਦਾ ਹੈ । ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ ਹੈ :-

ਸਲੋਕੁ ਮਃ ੩ ॥ ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥
ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥੧॥ (ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੭੮੭)

ਇਹ ਕਦੇ ਨਹੀਂ ਹੋ ਸਕਦਾ ਕਿ ਗੁਰੂ ਗੋਬਿੰਦ ਜੀ ਸਤੀ ਪ੍ਰਥਾ ਦੀ ਕਦੇ ਹਮਾਇਤ ਕਰਦੇ । ਇਹ ਸਾਖੀ ਔਰਤ ਨੂੰ ਸੜ ਮਰਨ ਲਈ ਪ੍ਰੇਰਦੀ ਹੈ। ਇਸ ਨੂੰ ਜਿਥੇ ਔਰਤ ਦੇ ਸੋਸਣ ਲਈ ਘਟੀਆ ਹਥਿਆਰ ਕਹਾਂਗੇ ਉਥੇ ਔਰਤ ਦੀ ਅਜ਼ਾਦੀ ਤੇ ਕਰਾਰਾ ਵਾਰ ਭੀ ਹੈ । ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਵਰਤ ਕੇ ਇਸ ਤਰ੍ਹਾਂ ਦੀ ਘਟੀਆ ਹਰਕਤ ਕਰਨੀ ਅਤੀ ਨਿੰਦਣਯੋਗ ਕ੍ਰਿਆ ਹੈ । ਜੋ ਭੀ ਅਪਣੇ ਆਪ ਨੂੰ ਗੁਰੂ ਨਾਨਕ ਦਾ ਸਿੱਖ ਮਹਿਸੂਸ ਕਰਦਾ ਹੈ ਉਸ ਨੂੰ ਇਸ ਘਟੀਆ ਪੁਸਤਕ ਦਸਮ ਗ੍ਰੰਥ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ । ਇਸ ਪੁਸਤਕ ਦੀ ਹਮਾਇਤ ਕਰਨ ਵਾਲੇ ਸਿੱਖ ਨਹੀਂ ਹਨ ਇਹ ਚਿੱਤ ਚ ਵਸਾ ਲੈਣਾ । ਖ਼ਬਰਦਾਰ-ਜਾਗਦੇ ਰਹਿਓ !

ਪਾਤਰ : ਜ਼ਲੀਖਾਂ ਤੇ ਯੂਸਫ ਖਾਂ ਇਲਾਕਾ : ਰੂਮ ਸ਼ਹਿਰ (ਦੋਇ ਸੌ ਇਕ ਚਰਿਤ੍ਰ ਪੰਨਾ ੧੦੯੫-੯੬)

**ਯੂਸਫ ਤੇ ਜ਼ਲੀਖਾਂ ਦਾ ਇਸ਼ਕ ਪੜ੍ਹੋ** : ਰੂਮ ਸ਼ਹਿਰ ਦੇ ਸ਼ਾਹ ਦੀ ਧੀ ਜ਼ਲੀਖਾਂ ਦੇ ਅੰਗ ਅੰਗ ਤੋਂ ਕਾਮ ਛਲਕਦਾ। ਦਿਨ ਵੇਲੇ ਮਾਨੋ ਸੂਰਜ ਓਹਦਾ ਆਸ਼ਕ ਬਣਿਆ ਰਹਿੰਦਾ ਤੇ ਰਾਤ ਨੂੰ ਚੰਦ । ਜੇਕਰ ਹਜ਼ਾਰਾਂ ਹੀ ਮੂੰਹ ਤੇ ਭੁਜਾਵਾਂ ਓਹਦੀ ਸੋਭਾ ਕਰਨਾ ਚਾਹੁਣ ਤਾਂ ਭੀ ਨਹੀਂ ਹੋ ਸਕਦੀ ।

*ਸਹਸਾਨਨ ਸੋਭਾ ਭਨੈਂ ਲਿਖਤ ਸਹਸ ਭੁਜ ਜਾਹਿ ॥*

*ਤਦਿਪ ਜਲੀਖਾਂ ਕੀ ਪ੍ਰਭਾ ਬਰਨਿ ਨ ਆਵਤ ਤਾਹਿ ॥੩॥* (ਦੋਇ ਸੌ ਇਕ ਚਰਿਤ੍ਰ ਪੰਨਾ ੧੦੯੫)

ਮਿਸਰ ਦੇ ਸ਼ਾਹ ਦੇ ਪੁੱਤ ਯੂਸਫ ਖਾਂ ਨੂੰ ਜਿਹੜੀ ਕੁੜੀ ਤੱਕ ਲੈਂਦੀ ਉਹ ਲੋਕ ਲਾਜ ਛਿੱਕੇ ਟੰਗ ਕੇ ਕੱਪੜੇ ਪਾੜ ਲੈਂਦੀ। ਯੂਸਫ ਦੀ ਸੁੰਦਰਤਾ ਤੋਂ ਉਸ ਦੇ ਅਪਣੇ ਭਰਾਵਾਂ ਨੂੰ ਚਿੜ ਲੱਗੀ ਅਤੇ ਉਸ ਨੂੰ ਮਾਰ ਮੁਕਾਣ ਦੀ ਠਾਣ ਲਈ। ਉਸ ਨੂੰ ਉਹ ਸਿਕਾਰ ਖੇਡਣ ਲੈ ਗਏ ਤੇ ਮਿਰਗ ਮਾਰੇ । ਜਦ ਉਨ੍ਹਾਂ ਨੂੰ ਪਿਆਸ ਨੇ ਸਤਾਇਆ ਤਾਂ ਇਕ ਖੂਹ ਦੇਖਿਆ ਅਤੇ ਉਥੇ ਪਿਆਸ ਬੁਝਾਣ ਪੁੱਜੇ। ਜਦ ਯੂਸਫ ਖੁਹਤੇ ਪੁੱਜਾ ਤਾਂ ਉਸ ਨੂੰ ਉਸ ਦੇ ਭਰਾਵਾਂ ਨੇ ਖੂਹ ਵਿੱਚ ਸੁੱਟ ਦਿੱਤਾ ਤੇ ਘਰ ਆ ਕੇ ਕਹਿੰਦੇ ਕੇ ਸ਼ੇਰ ਨੇ ਯੂਸਫ ਨੂੰ ਮਾਰ ਮਕਾਇਆ ਹੈ ।

ਐਨੇ ਨੂੰ ਉੱਥੇ ਇਕ ਸੁਦਾਗਰ ਪੁੱਜਾ । ਉਸ ਨੇ ਯੂਸਫ ਨੂੰ ਖੂਹ ਵਿੱਚੋਂ ਕੱਢ ਕੇ ਅਪਣੇ ਨਾਲ ਲੈ ਗਿਆ ਤੇ ਰੂਮ ਸ਼ਹਿਰ ਉਸ ਨੂੰ ਵੇਚਣ ਲੈ ਗਿਆ। ਵੱਡੀ ਕੀਮਤ ਕੋਈ ਦੇਣ ਨੂੰ ਰਾਜੀ ਨਾ ਹੋਇਆ ਜਦ ਜ਼ਲੀਖਾਂ ਨੇ ਉਸ ਦਾ ਰੂਪ ਤੱਕਿਆ ਝੱਟ ਪੱਟ ਭਾਰੀ ਕੀਮਤ ਦੇ ਕੇ ਖ਼੍ਰੀਦ ਲਿਆ ਤੇ ਉਸ ਨੂੰ ਪਾਲਿਆ। ਉਹ ਉਸ ਨੂੰ ਚਿੱਤ੍ਰਸਾਲ (ਮੂਰਤੀ ਘਰ ਲੈ ਗਈ ਤੇ ਅਨੇਕਾਂ ਚਿੱਤ੍ਰ ਉਸ ਨੂੰ ਦਿਖਾਏ । ਉਸ ਨੂੰ ਇਨ੍ਹਾਂ ਚਿੱਤ੍ਰਾਂ ਨਾਲ ਉਤੇਜਿਤ ਕਰ ਕੇ ਕਹਿੰਦੀ :-

*ਹਮ ਤੁਮ ਆਜੁ ਕਰੈ ਰਤਿ ਦੋਊ ॥ ਹੈਂ ਨ ਇਹਾਂ ਠਾਢੋ ਜਨ ਕੋਊ ॥*

*ਕਵਨ ਲਖੈ ਕਾਸੋ ਕੋਊ ਕਹਿ ਹੈ ॥ ਹਯਾਂ ਕੋ ਆਨਿ ਰਮਤ ਹਮ ਗਹਿ ਹੈ ॥੧੫॥*

(ਦੋਇ ਸੌ ਇਕ ਚਰਿਤ੍ਰ ਪੰਨਾ ੧੦੯੫)

ਕਹਿੰਦੀ ਮੈਂ ਜਵਾਨ ਔਰਤ ਤੇ ਤੂੰ ਜਵਾਨ ਮਰਦ ਦੋਨਾਂ ਦਾ ਰੂਪ ਠਾਠਾਂ ਮਾਰੇ ਫਿਰ ਕਿਉਂ ਨਾਂ ਸੰਕਾ ਲਾਹ ਕੇ ਰੱਜ ਕੇ ਸੰਭੋਗ ਕੀਤਾ ਜਾਏ ।

*ਦੋਹਰਾ ॥ ਮੈ ਤਰੁਨੀ ਤੁਮ ਹੂੰ ਤਰੁਨ ਦੁਹੂੰਅਨ ਰੂਪ ਅਪਾਰ ॥*

*ਸੰਕ ਤਯਾਗਿ ਰਤਿ ਕੀਜਿਯੈ ਕਤ ਜਕਿ ਰਹੇ ਕੁਮਾਰ ॥੧੬॥* (ਦੋਇ ਸੌ ਇਕ ਚਰਿਤ੍ਰ ਪੰਨਾ ੧੦੯੫)

ਜਦ ਯੂਸਫ ਖਾਂ ਸੰਭੋਗ ਲਈ ਤਿਆਰ ਨਾ ਹੋਇਆ ਤਾਂ ਜ਼ਲੀਖਾਂ ਨੂੰ ਕਹਿੰਦਾ ਸੁਣ ਸਾਲਗ੍ਰਾਮ ਪਰਮੇਸਰ ਨੂੰ ਬਣਨਾ ਪਿਆ-ਇਸੇ ਗੱਲੋਂ ਹੀ ਦਸ ਸਿਰਾ ਰਾਵਣ ਮਾਰਿਆ ਗਿਆ-ਬਾਸਵ (ਬ੍ਰਹਮਾ) ਦੇ ਹਜ਼ਾਰਾਂ ਹੀ ਯੋਨੀਆਂ ਸਰੀਰ ਤੇ ਬਣ ਗਈਆਂ-ਚੰਦ੍ਰਮਾ ਦੇ ਮੱਥੇ ਕਲੰਕ ਲੱਗਿਆ-ਸੁੰਭ ਅਸੁੰਭ ਅਸੁਰਿੰਦ੍ਰ ਜਮ ਦੇ ਘਰ ਗਏ-ਕ੍ਰੀਚਕ ਭੀ ਕ੍ਰੀਚਕਾਂ ਨੇ ਮਾਰ ਮੁਕਾਇਆ - ਧਰਮਰਾਟ ਨੂੰ ਦਾਸੀ ਦਾ ਪੁੱਤ ਬਿਦੁਰ ਬਣਨਾ ਪਿਆ ਜੇਕਰ ਸ਼ਿਵ ਸਨਕਾਦਿਨ ਕ੍ਰੋੜਾਂ ਵਾਰ ਭੀ ਤੇਰੇ ਨਾਲ ਸੰਭੋਗ ਕਰਨ ਨੂੰ ਕਹਿਣ ਤਾਂ ਮੈਂ ਨਹੀਂ ਕਰਾਗਾਂ । ਇਹ ਕਹਿਕੇ ਉਹ ਭੱਜਣ ਲੱਗਾ ਤਾਂ ਜ਼ਲੀਖਾਂ ਨੇ ਉਸ ਦਾ ਪੱਲੂ ਪਕੜ ਲਿਆ । ਉਸ ਦਾ ਦਾਮਨ ਜ਼ਲੀਖਾਂ ਦੇ ਹੱਥ ਪਕੜਿਆ ਹੀ ਰਹਿ ਗਿਆ ਤੇ ਉਹ ਭੱਜ ਗਿਆ । ਕਵੀ ਕਹਿੰਦਾ ਓਦਾਂ ਤਾਂ ਜਿੰਨੀਆਂ ਮਰਜੀ ਫੜਾ ਮਾਰੀ ਜਾਓ ਪਰ ਮੈਂ ਡਰਦਾ ਹਾਂ ਬਈ ਕਿਤੇ ਕਥਾ ਲੰਮੀ ਨਾ ਹੋ ਜਾਏ । ਯੂਸਫ ਭਾਵੇਂ ਭਰ ਜਵਾਨ ਸੀ ਤੇ ਜ਼ਲੀਖਾਂ ਬੁੱਢੀ ਪਰ ਇਸ਼ਕ ਦੀ ਅੱਗ ਮੱਧਮ ਨਾ ਹੋਈ ।

*ਅੜਿੱਲ ॥ ਅਵਰ ਕਥਾ ਜੋ ਭਈ ਕਹਾ ਲੌ ਭਾਖਿਯੈ ॥ ਬਾਤ ਬਢਨ ਕੀ ਕਰਿ ਚਿਤ ਹੀ ਮੈ ਰਾਖਿਯੈ ॥*

*ਤਰੁਨ ਭਯੋ ਯੂਸਫ ਅਬਲਾ ਬ੍ਰਿਧਿਤ ਭਈ ॥ ਹੋ ਤਾਕੋ ਚਿਤ ਤੇ ਰੀਤਿ ਪ੍ਰੀਤਿ ਕੀ ਨਹਿ ਗਈ ॥*

(ਦੋਇ ਸੌ ਇਕ ਚਰਿਤ੍ਰ ਪੰਨਾ ੧੦੯੬)

ਆਖਰ ਇਕ ਦਿਨ ਯੂਸਫ ਉਸ ਦੇ ਕਾਬੂ ਆ ਹੀ ਗਿਆ ਜਿਵੇਂ ਮਾਂ ਅਪਣੇ ਪੁੱਤ ਨੂੰ ਪਾ ਕੇ ਖੁਸ ਹੁੰਦੀ ਹੈ ਉਵੇਂ ਹੀ ਜ਼ਲੀਖਾਂ ਅਪਣੇ ਮਿਤ੍ਰ ਨੂੰ ਪਾ ਕੇ ਖੁਸ਼ ਹੋ ਗਈ ਤੇ ਉਸ ਨੇ ਜੋ ਜ਼ਲੀਖਾਂ ਚਾਹੁੰਦੀ ਸੀ ਉਸ ਦੀ ਤਮੰਨਾ ਪੂਰੀ ਕੀਤੀ । ਕਵੀ ਕਹਿੰਦਾ ਕਿ ਜਿਸ ਕਿਸੇ ਦੇ ਪਿੱਛੇ ਕੋਈ ਕੁੜੀ ਪੈ ਜਾਏ ਤਾਂ ਉਸ ਨੂੰ ਬਚਣ ਨੂੰ ਕੋਈ ਥਾਂ ਨਹੀਂ ਰਹਿੰਦੀ। ਉਹ ਕੋਈ ਭੀ ਢੰਗ ਅਪਣਾ ਕੇ ਪ੍ਰਾਪਤ ਕਰ ਲਏਗੀ ਭਾਵੇਂ ਉਹ ਸਿਵ ਜਾਂ ਸੁਰਪਤਿ ਕਿਉਂ ਨਾ ਹੋਏ ।

*ਦੋਹਰਾ ॥ ਜਿਹ ਪਾਛੇ ਬਾਲਾ ਪਰੈ ਬਚਨ ਨ ਤਾ ਕੋ ਕੋਇ ॥*

*ਸਭ ਛਲ ਸੋਂ ਤਾਕੋ ਛਲੈ ਸ਼ਿਵ ਸੁਰਪਤਿ ਕੋਊ ਹੋਇ ॥੨੬॥* (ਦੋਇ ਸੌ ਇਕ ਚਰਿਤ੍ਰ ਪੰਨਾ ੧੦੯੬)

ਨੋਟ :- ਯੂਸਫ ਤੇ ਜ਼ਲੀਖਾਂ ਦੇ ਇਸ਼ਕ ਦਾ ਸਿੱਖ ਧਰਮ ਨਾਲ ਕੀ ਸਬੰਧ ? ਸ਼ਾਈਦ ਸਾਡੇ ਵੱਡੇ ਪੁਜਾਰੀ ਜਾਂ ਸੰਤ ਸਾਧ ਬ੍ਰਹਮ ਗਿਆਨੀ ਚੰਗੀ ਤਰ੍ਹਾਂ ਜਾਣਦੇ ਹੋਣ । ਜਿਥੋਂ ਤੱਕ ਆਮ ਸਿੱਖ ਦੀ ਸੋਚ ਦਾ ਸਬੰਧ ਹੈ ਹਰ ਕੋਈ ਨਾਂਹ

ਵਿੱਚ ਉੱਤਰ ਦੇਂਦਾ ਹੈ। ਸਾਡੇ ਪੁਜਾਰੀ ਤਾਂ ਬੇਸ਼ਰਮੀ ਦੇ ਸਭ ਹੱਦ ਬੰਨੇ ਭੰਨ ਕੇ ਆਖ ਰਹੇ ਹਨ ਕਿ ਇਹ ਰਚਨਾਵਾਂ ਦਾ ਕਰਤਾ ਗੁਰੂ ਗੋਬਿੰਦ ਸਿੰਘ ਜੀ ਹਨ। ਹੁਣ ਤੱਕ ਦੀ ਖੋਜ ਤੋਂ ਅਸੀਂ ਚੰਗੀ ਤਰ੍ਹਾਂ ਜਾਣ ਚੁੱਕੇ ਹਾਂ ਕਿ ਇਕ ਖਾਸ ਸਾਜਿਸ ਅਧੀਨ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕੀਤਾ ਜਾ ਰਿਹਾ ਹੈ। ਸਿੱਖ ਅਪਣੇ ਗੁਰੂ ਦਾ ਅਪਮਾਨ ਨਾ ਕਰਦਾ ਹੈ ਤੇ ਨਾ ਹੀ ਬਰਦਾਸਤ ਕਰਦਾ ਹੈ । ਗੁਰੂ ਜੀ ਦਾ ਅਪਮਾਨ ਕਰਨ ਵਾਲੇ ਸਿੱਖ ਨਹੀਂ ਹਨ । ਵੱਡੀਆਂ ਕ੍ਰਿਪਾਨਾਂ-ਚੋਲੇ ਤੇ ਕਛੈਹਿਰੇ ਪਹਿਨ ਕੇ ਦਿਖਾਣ ਨਾਲ ਸਿੱਖ ਨਹੀਂ ਬਣ ਜਾਂਦਾ । ਮਨੁੱਖ ਦੇ ਰੋਜ ਦੇ ਕਰਮ ਹੀ ਦੱਸ ਦੇਂਦੇ ਹਨ ਕਿ ਕੌਣ ਸਿੱਖ ਹੈ ਜਾਂ ਗੁਰੂ ਘਰ ਦਾ ਗਦਾਰ। ਮੈਨੂੰ ਪੂਰਨ ਭਰੋਸਾ ਹੈ ਕਿ ਆਪ ਜੀ ਤੇ ਗੁਰੂ ਜੀ ਅਪਾਰ ਬਖਸ਼ਿਸ ਹੈ ਤੇ ਪੂਰਣ ਗੁਰਸਿੱਖੀ ਜੀਵਨ ਆਪ ਜੀ ਹੰਢਾ ਰਹੇ ਹੋਵੋਗੇ । ਮੇਰਾ ਗੁਰੂ, ਗੁਰੂ ਨਾਨਕ ਰੂਪ ਗੁਰੂ ਗੋਬਿੰਦ ਸਿੰਘ ਜੀ ਆਪ ਜੀ ਨੂੰ ਬਲਵਾਨ ਆਤਮਾ ਤੇ ਜਾਗਦੀ ਸੁਰਤ ਦੇਵੇ । ਜਾਗਦੇ ਰਹਿਓ !

ਸੰਭੋਗ ਕਰਨਾ ਸਿੱਖੋ ਇਲਾਕਾ : ਕਾਸਕਾਰ (ਦੋ ਸੌ ਦੋ ਚਰਿਤ੍ਰ ਪੰਨਾ ੧੦੯੭-੯੮)

ਪਾਤਰ : ਉਗ੍ਰ ਸਿੰਘ (ਰਾਜਾ), ਚਪਲਕਲਾ (ਸੁਤਾ) ਤੇ ਐਂਠੀ ਸਿੰਘ

ਕਾਸਿਕਾਰ ਦੇ ਰਾਜਾ ਉਗ੍ਰ ਸਿੰਘ ਦੀ ਧੀ ਚਪਲਕਲਾ ਅੰਤਾਂ ਦੀ ਸੋਹਣੀ ਤੇ ਉਸ ਦੇ ਅੰਗ ਅੰਗ ਤੋਂ ਕਾਮ ਛਲਕਦਾ ਉਸ ਨੇ ਇਕ ਸੁੰਦਰ ਐਂਠੀ ਸਿੰਘ ਨੂੰ ਤੱਕ ਕੇ ਕੋਲ ਬੁਲਾਇਆ ਤੇ ਮਨ ਦੀ ਖੁਸ਼ੀ ਨਾਲ ਸੰਭੋਗ ਕੀਤਾ :-

*ਚੌਪਈ ॥ ਨਿਤ ਪ੍ਰਤਿ ਤਾਸੋ ਕੇਲ ਕਮਾਵੈ ॥ ਛੈਲਿਹਿ ਛੈਲ ਨ ਛੋਰਯੋ ਭਾਵੈ ॥*

*ਏਕੈ ਸਦਨ ਮਾਂਝ ਤਿਹ ਰਾਖਯੋ ॥ ਕਾਹੂ ਸਾਥ ਭੇਦ ਨਹਿ ਭਾਖਯੋ ॥੪॥* (ਦੋ ਸੌ ਦੋ ਚਰਿਤ੍ਰ ਪੰਨਾ ੧੦੯੭)

ਕਈ ਦਿਨਾਂ ਬਾਦ ਉਸ ਦਾ ਵਿਆਹ ਹੋ ਗਿਆ ਤੇ ਉਸ ਦਾ ਖਸਮ ਉਸ ਨੂੰ ਲੈਣ ਆਇਆ । ਉਸ ਨੇ ਉਸ ਨਾਲ ਸੰਭੋਗ ਕੀਤਾ ਤੇ ਸੌਂ ਗਿਆ ਖਸਮ ਦੇ ਸੰਭੋਗ ਕਰਨ ਨਾਲ ਉਸ ਨੂੰ ਖੁਸ਼ੀ (ਤ੍ਰਿਪਤੀ) ਨਾ ਮਿਲੀ। ਉਹ ਉਸ ਨੂੰ ਛੱਡ ਕੇ ਯਾਰ ਪਾਸ ਗਈ ਤੇ ਉਸ ਨੇ ਚਪਲਕਲਾ ਦਾ ਕਾਮ ਸਾਂਤ ਕੀਤਾ ।

*ਕੇਤਿਕ ਦਿਨਨ ਬਯਾਹਿ ਤਿਹ ਭਯੋ ॥ ਤਾਕੋ ਨਾਥ ਲੈਨ ਤਿਹ ਆਯੋ ॥*

*ਕਾਮਕੇਲ ਤਾਸੌਂ ਉਪਜਾਯੋ ॥ ਸੋਇ ਰਹਯੋ ਅਤਿਹੀ ਸੁਖ ਪਾਯੋ ॥੫॥*

*ਤ੍ਰਿਯ ਕੌ ਤ੍ਰਿਪਤਿ ਨ ਤਾਂਤੇ ਭਈ ॥ ਛੋਰਿ ਸਦੂੰਕ ਜਾਰ ਪੈਂ ਗਈ ॥*

*ਅਧਿਕ ਮਿੱਤ੍ਰ ਤਬ ਤਾਹਿ ਰਿਝਾਯੋ ॥ ਕਾਮਕੇਲ ਚਿਰ ਲਗੇ ਕਮਾਯੋ ॥੬॥* (ਦੋ ਸੌ ਦੋ ਚਰਿਤ੍ਰ ਪੰਨਾ ੧੦੯੭)

ਜਿਹੜੇ ਬੰਦੇ ਦੇਰ ਤੱਕ ਔਰਤ ਨਾਲ ਭੋਗ ਨਹੀਂ ਕਰ ਸਕਦੇ ਉਹ ਔਰਤ ਨੂੰ ਖੁਸ਼ੀ ਨਹੀਂ ਦੇ ਸਕਦੇ । ਜੋ ਮਨੁੱਖ ਔਰਤ ਨਾਲ ਬਹੁਤਾ ਸਮਾਂ ਲਗਾ ਕੇ ਭੋਗ ਕਰਦਾ ਹੈ ਉਹੀ ਔਰਤ ਨੂੰ ਰਿਝਾ ਸਕਦਾ ਹੈ। ਉਹ ਆਪ ਤਾਂ ਖੁਸ਼ ਹੁੰਦਾ ਹੀ ਹੈ ਤੇ ਔਰਤ ਨੂੰ ਭੀ ਸੁਖ ਦੇਂਦਾ ਹੈ। ਅਜਿਹਾ ਕੋਈ ਵਿਰਲਾ ਹੀ ਹੈ ਜਿਸ ਤੇ ਔਰਤ ਨਾ ਰੀਝੇ। ਜਿਹੜਾ ਔਰਤ ਨਾਲ ਚਿਮਟਿ ਕੇ ਕਲੋਲ ਕਰਦਾ ਹੈ ਓਹੀ ਔਰਤ ਦਾ ਚਿੱਤ ਚੁਰਾਂਦਾ ਹੈ ।

*ਚੌਪਈ ॥ ਸੋ ਤਰੁਨੀ ਕੋ ਪੁਰਖ ਰਿਝਾਵੈ ॥ ਬਹੁਤ ਚਿਰ ਲਗੇ ਭੋਗ ਕਮਾਵੈ ॥*

*ਤਾਂਕੋ ਐਂਚਿ ਆਪੁ ਸੁਖ ਲੇਵੈ ॥ ਅਪਨੋ ਸੁਖ ਅਬਲਾ ਕੋ ਦੇਵੈ ॥੮॥*

*ਐਸੇ ਬਲੀ ਕੈਸ ਕੋਊ ਹੋਈ ॥ ਤਾ ਪਰ ਤ੍ਰਿਯਾ ਨ ਰੀਝਤ ਕੋਈ ॥*

*ਜੋ ਚਿਰ ਚਿਮਟਿ ਕਲੋਲ ਕਮਾਵੈ ॥ ਵਹੈ ਤਰੁਨਿ ਕੋ ਚਿਤ ਚੁਰਾਵੈ ॥੯॥* (ਦੋ ਸੌ ਦੋ ਚਰਿਤ੍ਰ ਪੰਨਾ ੧੦੯੭)

ਮਿਤ੍ਰ ਨਾਲ ਚਿਮਟਿ ਚਿਮਟਿ ਕੇ ਗਲੇ ਲਗਾਉਂਦੀ ਦੇ ਪ੍ਰੇਮ ਚਟਾਕੇ ਸੁਣ ਕੇ ਖਸਮ ਦੀ ਜਾਗ ਖੁੱਲ੍ਹ ਗਈ । ਉਨ੍ਹਾਂ ਨੇ ਲਪਟਿ ਲਪਟਿ ਕੇ ਜੋ ਕਲੋਲਾਂ ਕੀਤੀਆਂ ਏਵੇਂ ਕੋਈ ਹੋਰ ਨੀ ਕਰ ਸਕਦਾ। ਪ੍ਰੇਮ ਲੀਲਾ ਕਰਨ ਬਾਦ ਉਹ ਸੌਂ ਗਏ।

*ਦੋਹਰਾ ॥ ਚਿਮਟਿ ਚਿਮਟਿ ਤਿਹ ਮੀਤ ਸੌ ਗਰੇ ਗਈ ਲਪਟਾਇ ॥*

*ਸ੍ਰਵਨ ਚਟਾਕੋ ਨਾਥ ਸੁਨਿ ਜਾਗਯੋ ਨੀਂਦ ਗਵਾਇ ॥੧੦॥*

*ਲਪਟਿ ਲਪਟਿ ਅਤਿ ਰਤਿ ਕਰੀ ਜੈਸੀ ਕਰੈ ਨ ਕੋਇ ॥*

*ਸ੍ਰਮਿਤ ਭਏ ਤਰੁਨੀ ਤਰੁਨ ਰਹੇ ਤਹਾਂ ਹੀ ਸੋਇ ॥੧੧॥* (ਦੋ ਸੌ ਦੋ ਚਰਿਤ੍ਰ ਪੰਨਾ ੧੦੯੭)

ਜਦ ਔਰਤ ਯਾਰ ਨਾਲ ਸੌਂ ਗਈ ਤਾਂ ਖਸਮ ਨੇ ਪਰੇ ਤੋਂ ਉਨ੍ਹਾਂ ਨੂੰ ਤੱਕਿਆ ਉਸ ਦੇ ਕੇਸ ਖੁੱਲ੍ਹੇ ਇਉਂ ਲੱਗਣ ਜਿਵੇਂ ਸੱਪ ਹੋਣ। ਉਸ ਨੇ ਇਕ ਅੰਗ੍ਰੇਜੀ ਚਾਕੂ (ਛੁਰੀ) ਲੈ ਕੇ ਯਾਰ ਦੀ ਗਰਦਨ ਦੇਖੀ ਤੇ ਚਾਕੂ ਗਰਦਨ ਤੇ ਰੱਖ ਕੇ ਥੋੜਾ ਦਬਾਇਆ ਜੋ ਉਸ ਦੇ ਪਾਰ ਲੰਘ ਗਿਆ ਪਰ ਅਪਣੀ ਔਰਤ ਨੂੰ ਕੁੱਝ ਨਾ ਕਿਹਾ। ਜਦ ਗਰਮ ਲਹੂ ਉਸ ਨੂੰ ਲੱਗਿਆ ਤਾਂ ਔਰਤ ਨੂੰ ਬੜਾ ਗੁੱਸਾ ਚੜ੍ਹਿਆ । ਉਸ ਨੇ ਛੁਰੀ ਪਕੜੀ ਤੇ ਖਸਮ ਦੇ ਘੰਡ ਤੇ ਵਾਰ ਕਰ ਕੇ ਮਾਰ ਦਿੱਤਾ । ਲੋਕਾਂ ਨੂੰ ਕਹਿੰਦੀ ਮੇਰਾ ਪਤੀ ਘਰ ਬਾਰ ਤਿਆਗ ਕੇ ਜੰਗਲ ਚਲੇ ਗਿਆ ਹੈ ।

ਨੋਟ :- ਸਾਡੇ ਵੱਡੇ ਪੁਜਾਰੀ-ਧਰਮ ਦੇ ਵੱਡੇ ਛੋਟੇ ਠੇਕੇਦਾਰ-ਸੰਤ ਤੇ ਸਾਧ-ਬ੍ਰਹਮ ਗਿਆਨੀ-ਡੇਰੇਦਾਰ-ਅਨੇਕਾਂ ਹੀ ਅਪਣੇ ਆਪ ਨੂੰ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਤੇ ਸਿਆਸੀ ਲੋਕ ਇਸ ਲੱਚਰ ਕਾਵਿ ਰਚਨਾਵਾਂ ਨੂੰ ਗੁਰਬਾਣੀ ਆਖਦੇ / ਆਖਦੀਆਂ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਅੱਜ ਤੱਕ ਉਨ੍ਹਾਂ ਨੂੰ ਨਾ ਤਾਂ ਕਾਮ ਸਾਸਤ੍ਰ ਅਤੇ ਗੁਰਬਾਣੀ ਦੇ ਅੰਤਰ ਦਾ ਪਤਾ ਲੱਗਿਆ ਹੈ ਤੇ ਨਾ ਹੀ ਉਨ੍ਹਾਂ ਨੂੰ ਗੁਰਬਾਣੀ ਦੀ ਸੂਝ ਹੈ। ਜਾਂ ਫਿਰ ਉਹ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਣ ਬੁੱਝ ਕੇ ਅਪਮਾਨਿਤ ਕਰ ਰਹੇ ਹਨ। ਇਹ ਦਸਮ ਗ੍ਰੰਥ ਨਾਂ ਦੀ ਪੁਸਤਕ ਦੇ ਸਾਰ ਲਿਖਣ ਦੀ ਮੈਨੂੰ ਇਸ ਲਈ ਲੋੜ ਪਈ ਕਿਉਂ ਕਿ ਇਸ ਦਾ ਪ੍ਰਕਾਸ ਸਿੱਖ ਧਰਮ ਦੇ ਮਿੱਥੇ ਦੋ ਤਖਤਾਂ ਤੇ ਸਾਡੇ ਢੀਠ ਪੁਜਾਰੀਆਂ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਹੋਰ ਭੀ ਕਈ ਗੁਰੂ ਘਰਾਂ ਵਿੱਚ ਇਸ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕੀਤਾ ਜਾਂਦਾ ਹੈ। ਇਹ ਹਰ ਗੁਰਸਿੱਖ ਦਾ ਮੁੱਢਲਾ ਹੱਕ ਹੈ ਕਿ ਉਹ ਅਪਣੇ ਗੁਰੂ ਦੇ ਉਪਦੇਸ ਨੂੰ ਸਮਝੇ । ਦਸਮ ਗ੍ਰੰਥ ਦੇ ਸਰਲ ਭਾਵ ਅਰਥ ਕਰ ਦੇਣ ਨਾਲ ਹੁਣ ਗੁਰਸਿੱਖ ਨੂੰ ਇਹ ਸਮਝ ਆ ਜਾਏਗੀ ਕਿ ਕਿਵੇਂ ਸਾਡੇ ਪੁਜਾਰੀ ਜਿੱਥੇ ਗੁਰੂ ਦਾ ਅਪਮਾਨ ਕਰਦੇ ਹਨ ਉਥੇ ਕਿਵੇਂ ਉਹ ਧੀਆਂ ਭੈਣਾਂ ਤੇ ਮਾਵਾਂ ਨੂੰ ਕਾਮ ਪ੍ਰਤੀ ਉਤੇਜਿਤ ਕਰਦੇ ਹਨ। ਇਹ ਇਕੱਲੇ

ਮੇਰਾ ਮਸਲਾ ਨਹੀਂ ਹੈ ਬਲਕਿ ਸਿੱਖ ਕੌਮ ਦਾ ਸਾਂਝਾ ਮਸਲਾ ਹੈ । ਦਸਮ ਗ੍ਰੰਥ ਨੂੰ ਜਿਤਨੀ ਜਲਦੀ ਕੂੜੇਦਾਨ ਵਿੱਚ ਸੁੱਟਿਆ ਜਾਏ ਉਤਨਾ ਚੰਗਾ ਹੈ । ਜੇਕਰ ਕੋਈ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ ਤੁਸੀਂ ਮਹਿਸੂਸ ਕਰਦੇ ਹੋ ਤਾਂ ਅਰਥਾਂ ਅਤੇ ਸਬੂਤਾਂ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਵੱਟੀ ਤੇ ਪਰਖ ਕੇ ਸਿੱਖ ਕੌਮ ਅੱਗੇ ਪੇਸ਼ ਕਰੋ । ਹਰ ਗੁਰਸਿੱਖ ਤੁਹਾਡਾ ਰਿਣੀ ਹੋਵੇਗਾ । ਬਾ ਹੋਸਿਆਰ-ਜਾਗਦੇ ਰਹਿਓ !

ਪਾਤਰ : ਨਰਕਾਸੁਰ, ਰੁਦ੍ਰ ਤੇ ਕ੍ਰਿਸ਼ਨ ਇਲਾਕਾ : ਗੁਆਹਟੀ (ਦੋ ਸੌ ਤਿੰਨ ਚਰਿਤ੍ਰ ਪੰਨਾ ੧੦੯੮-੧੧੦੦)

**ਨਰਕਾਸੁਰ ਦੀ ਕ੍ਰਿਸ਼ਨ ਨਾਲ ਮੁੱਠਭੇੜ :** ਗੁਹਾਟੀ ਦਾ ਰਾਜਾ ਨਰਕਾਸੁਰ ਦੂਜੇ ਰਾਜਿਆਂ ਨੂੰ ਜਿੱਤ ਜਿੱਤ ਕੇ ਉਨ੍ਹਾਂ ਦੀਆਂ ਧੀਆਂ ਖੋਹ ਲਿਆਉਂਦਾ। ਉਸ ਨੇ ਮੇਧ ਜੱਗ ਕਰਨ ਦੀ ਸੋਚੀ ਤੇ ਇਕ ਲੱਖ ਰਾਜਾ ਪਕੜ ਕੇ ਬੰਦ ਕਰ ਦਿੱਤਾ (ਪਤਾ ਨਹੀਂ ਲੇਖਕ ਸੱਚੀ ਮੁੱਚੀਂ ਦੇ ਰਾਜਿਆਂ ਦੀ ਗੱਲ ਕਰਦਾ ਹੈ ਜਾਂ ਨੀਵੀਂ ਜਾਤਿ ਅਖਵਾਉਂਦੇ ਲੋਕ ਨਾਈਆਂ ਦੀ) ਉਸ ਨੇ ਇਕ ਕਿਲਾ ਲੋਹੇ ਦਾ ਬਣਾਇਆ-ਦੂਜਾ ਤਾਂਬੇ ਦਾ-ਤੀਜਾ ਅੱਠ ਧਾਤਾਂ ਦਾ-ਚੌਥਾ ਸਿੱਕੇ ਦਾ-ਪੰਜਵੇਂ ਨੂੰ ਰੁੱਦ੍ਰ (ਸਿਵ) ਭੀ ਸਿਰ ਝੁਕਾਉਂਦਾ-ਛੇਵਾਂ ਚਾਂਦੀ ਦਾ ਜਿਥੋਂ ਬ੍ਰਹਮ ਪੁਰੀ ਨੂੰ ਰਸਤਾ ਜਾਂਦਾ-ਸੱਤਵਾਂ ਸੋਨੇ ਦਾ ਜਿਸ ਨੂੰ ਤੱਕ ਕੇ ਲੰਕਾਂ ਦੇ ਰਾਜੇ (ਰਾਵਣ) ਨੂੰ ਭੀ ਸ਼ਰਮ ਆਉਂਦੀ ਤੇ ਇਸ ਦੇ ਵਿਚਕਾਰ ਆਪ ਰਹਿੰਦਾ (ਇਤਿਹਾਸ ਦੇ ਖੋਜੀ ਇਹ ਜਗ੍ਹਾ ਜਰੂਰ ਜਾਣਦੇ ਹੋਣਗੇ ਜਾਂ ਪੁਰਾਸਤਵ ਵਿਭਾਗ ਵਾਲੇ ਪਰ ਜੇ ਪਤਾ ਹੋਏ ਕਿ ਇਸ ਦੇ ਖੰਡਰ ਕਿੱਥੇ ਹਨ ਆਮ ਜਨਤਾ ਨੂੰ ਜਰੂਰ ਦੱਸਣ ਦੀ ਕ੍ਰਿਪਾਲਤਾ ਕਰਨੀ ਜੀ) ਕੋਈ ਹੋਰ ਰਾਜਾ ਜੇਕਰ ਉਸ ਦੇ ਹੱਥ ਲਗਦਾ ਉਸ ਨੂੰ ਭੀ ਮਾਰ ਮੁਕਾਉਂਦਾ । ਉਸ ਨੇ ਸੋਲਾਂ ਸੌ (1600) ਰਾਣੀਆਂ ਨਾਲ ਸ਼ਾਦੀ ਕੀਤੀ ਤੇ ਨਾਰਾਮੇਧ ਹੋਣ ਦਾ ਖਿਤਾਬ ਜਿੱਤਿਆ । ਉਸ ਦੀ ਇਕ ਰਾਣੀ ਕਹਿੰਦੀ ਸ੍ਵਾਦ ਤਾਂ, ਤਾਂ ਹੈ, ਜੇ ਤੂੰ ਦ੍ਵਾਰਾਵਤਿ ਉਗ੍ਰੇਸੁਜਿਅਰਾ ਨੂੰ ਜਿੱਤ ਕੇ ਦਿਖਾਏਂ ਤਦੇ ਤੇਰਾ ਹੋਮ ਜੱਗ ਸੰਪੂਰਣ ਹੋਇਆ ਸਮਝੀਏ । ਰਾਜਿਆਂ ਨੇ (ਕੈਦੀ) ਮਿਲ ਕੇ ਇਕ ਚਿੱਠੀ ਕ੍ਰਿਸ਼ਨ ਕੋਲ ਭੇਜੀ ਕਿ ਸਾਨੂੰ ਤੇਰਾ ਹੀ ਆਸਰਾ ਹੈ ਇਸ ਰਾਜੇ ਨੂੰ ਮਾਰ ਕੇ ਸਾਡੀ ਬੰਦ ਖਲਾਸੀ ਕਰਾਓ। ਕ੍ਰਿਸ਼ਨ ਇਹ ਸੁਣਦੇ ਹੀ ਗਰੁੜ ਤੇ ਚੜ੍ਹ ਕੇ ਗਰੁਵਾਧ੍ਵਜ ਆਇਆ । ਉਸ ਨੇ ਪਹਿਲਾਂ (ਇਕੱਲੇ ਨੇ ਹੀ) ਲੋਹੇ ਦਾ ਕਿਲਾ ਤੋੜਿਆ । ਜਿਹੜਾ ਓਹਦੇ ਅੱਗੇ ਆਇਆ ਉਸ ਦਾ ਸਿਰ ਭੰਨਿਆ। ਫਿਰ ਤਾਂਬੇ ਦਾ ਕਿਲਾ ਲਿਆ ਤੇ ਫਿਰ ਅੱਠ ਧਾਤਾਂ ਦੇ ਕਿਲੇ ਤੇ ਕਬਜਾ ਕੀਤਾ ਫਿਰ ਸਿਵ ਦਾ ਕਿਲਾ ਖੋਹਿਆ ਜਦ ਉਸ ਨੇ ਚਾਂਦੀ ਦੇ ਕਿਲੇ ਤੇ ਧਾਵਾ ਬੋਲਿਆ ਤਾਂ ਰਾਜਾ ਸ਼ਸਤ੍ਰ ਲੈ ਕੇ ਜੰਗ ਵਿੱਚ ਕੁੱਦਿਆ। ਸੁਰਮਿਆਂ ਕ੍ਰਿਪਾਨਾਂ ਸੂਤੀਆਂ-ਘੋੜੇ ਹਿਣਕੇ ਤੇ ਨੱਚੇ-ਜਿਹਦੇ ਫੱਟ ਲੱਗਾ ਓਹੀ ਮਰਦਾ-ਕੋਈ ਪਾਣੀ ਮੰਗਦਾ ਕੋਈ ਮਾਰਤਾ ਮਾਰਤਾ ਕਰਕੇ ਕੂਕਦਾ-ਕਿਤੇ ਸ਼ਸਤ੍ਰ ਅਸਤ੍ਰ ਦੇ ਵਾਰ ਤੇ ਵਾਰ-ਕਿਤੇ ਬਾਣਾ ਦੀ ਬੋਛਾੜ-ਕਿਤੇ ਹਾਏ ਹਾਏ-ਕੋਈ ਪ੍ਰਾਣ ਤਿਆਗੇ-ਕਿਤੇ ਛੱਤ੍ਰੀਆਂ ਦੇ ਛੱਤ੍ਰ ਟੁੱਟੇ-ਹਾਂ ਕ੍ਰਿਸ਼ਨ ਨੇ ਮਾਰਿਆ ਕ੍ਰੋਧੀ ਤੇ ਭੱਜੇ ਜਾਂਦਿਆਂ ਨੇ ਚਾਂਦੀ ਦਾ ਗਿਰਾਇਆ ਕਿਲਾ-ਆਈ ਵਾਰੀ ਅਖੀਰਲੇ ਕਿਲੇ ਦੀ-ਲਓ ਫੇਰ ਮਚਿਆ ਜੁੱਧ-ਗੁੱਸਾ ਖਾ ਖਾ ਸੂਰਬੀਰ ਭਿੜੇ-ਕਿਤੇ ਕੈਦੀ ਬਣਾਏ-ਕਿਤੇ ਮਾਰ ਮੁਕਾਏ-ਜਿਹੜਾ ਮਰਦਾ ਉਹਨੂੰ ਪਰੀਆਂ ਵਿਆਹ ਲੈਂਦੀਆਂ। ਕ੍ਰਿਸ਼ਨ ਨੇ ਨਰਕਾਸੁਰ ਨੂੰ ਘਾਇਲ ਕਰ ਕੇ ਸਾਰੇ ਰਾਜੇ ਛੁਡਾਏ ਤੇ ਸਭ ਔਰਤਾਂ (1600) ਖੋਹ ਲਈਆਂ ।

ਕ੍ਰਿਸ਼ਨ ਨੇ ਇਨ੍ਹਾਂ 1600 ਔਰਤਾਂ ਨਾਲ ਸ਼ਾਦੀ ਕੀਤੀ ਤੇ ਭਾਂਤਿ ਭਾਂਤਿ ਨਾਲ ਸੰਭੋਗ ਕੀਤਾ । ਸੋਨੇ ਦਾ ਕਿਲਾ ਤੋੜ ਕੇ ਦ੍ਵਾਰਿਕਾ ਆ ਬਣਾਇਆ ।

*ਚੌਪਈ ॥ ਸੋਰਹ ਸਪਤ ਕ੍ਰਿਸ਼ਨ ਤਿਯ ਬਰੀ ॥ ਭਾਂਤਿ ਭਾਂਤਿ ਕੇ ਭੋਗਨ ਭਰੀ ॥*

*ਕੰਚਨ ਕੋ ਸਭ ਕੋਟ ਗਿਰਾਯੋ ॥ ਆਨਿ ਦ੍ਵਾਰਿਕਾ ਦੁਰਗ ਬਨਾਯੋ ॥੨੨॥* (ਦੋ ਸੌ ਤਿੰਨ ਚਰਿਤ੍ਰ ਪੰਨਾ ੧੦੯੯)

ਕਿਸੇ ਘਰ ਔਰਤ ਚੌਪੜ ਖੇਡਦੀ ਹੈ-ਕਿਸੇ ਘਰ ਉਹ ਹੋਲੀ ਖੇਡਦੀ ਹੈ-ਕਿਤੇ ਉਹ ਤਾੜੀ ਮਾਰ ਮਾਰ ਗਾਉਂਦੀ ਤੇ ਕਿਤੇ ਬਾਲ (ਬੱਚੇ) ਨੂੰ ਦੁਰਲਾਉਂਦੀ (ਪਿਆਰ) ਹੈ-ਕਿਤੇ ਉਹ ਵੇਸਵਾ ਦੇ ਰੂਪ ਵਿੱਚ ਵਿਚਰਦੀ ਹੈ ਤੇ ਕਿਤੇ ਉਹ ਖਿਆਲ (ਗਾਣੇ) ਸੁਣਦੀ ਹੈ-ਕਿਤੇ ਉਹ ਬੜੇ ਸੁੰਦਰ ਕੱਪੜੇ ਪਹਿਨ ਕੇ ਸੱਜ ਧੱਜਦੀ ਹੈ-ਉਸ ਨੇ ਸਭਨਾਂ ਦੇ ਚਿੱਤ ਚੁਰਾ ਰੱਖੇ ਹਨ ਕੋਈ ਉਸ ਦਾ ਭੇਦ ਨਹੀਂ ਜਾਣ ਸਕਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਕਹਿੰਦੀ ਹੈ ਕਿ ਕ੍ਰਿਸ਼ਨ ਨੇ ਨਰਕਾਸੁਰ ਰਾਜੇ ਨੂੰ ਮਾਰ ਕੇ ਉਸ ਦੀਆਂ 1600 ਔਰਤਾਂ ਖੋਹ ਕੇ ਉਨ੍ਹਾਂ ਨਾਲ ਸ਼ਾਦੀ ਕੀਤੀ ਤੇ ਭਾਂਤਿ ਭਾਂਤਿ ਦੇ ਤਰੀਕਿਆਂ ਨਾਲ ਉਨ੍ਹਾਂ ਨਾਲ ਸੰਭੋਗ ਕੀਤਾ। ਜਦ ਕਿ ਆਮ ਕਿਤਾਬਾਂ ਵਿੱਚ ਇਸ ਤੋਂ ਵਿਪਰੀਤ ਕਹਾਣੀਆਂ ਹਨ। ਕੌਣ ਸੱਚਾ ਹੈ ਜਾਂ ਕੌਣ ਝੂਠਾ ਇਸ ਦਾ ਫੈਸਲਾ ਕਰਨਾ ਸ਼ਾਈਦ ਅਖੌਤੀ ਵਿਦਵਾਨਾਂ ਦੇ ਬਸ ਦੀ ਗੱਲ ਨਹੀਂ ਲਗਦੀ । ਪਰ ਇਹ ਸਚਾਈ ਜਰੂਰ ਹੈ ਬਈ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ। ਗੁਰੂ ਜੀ ਅਜਿਹਾ ਝੂਠ ਅਤੇ ਅਸ਼ਲੀਲ ਰਚਨਾਵਾਂ ਨਹੀਂ ਲਿਖ ਸਕਦੇ। ਜਾਣ ਬੁੱਝ ਕੇ ਗੁਰੂ ਜੀ ਦਾ ਅਪਮਾਨ ਕਰਨ ਹਿੱਤ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਪੁਜਾਰੀਆਂ ਅਪਣੇ ਮੰਦਕਰਮੀ ਹੋਣ ਦਾ ਸਬੂਤ ਦਿੱਤਾ ਹੈ ।

ਹਰ ਨਾਨਕ ਨਾਮ ਲੇਵਾ ਦਾ ਇਹ ਨਿੱਜੀ ਤੇ ਮੁੱਢਲਾ ਹੱਕ ਹੈ ਕਿ ਉਹ ਗੁਰੂ ਜੀ ਦਾ ਅਪਮਾਨ ਕਰਨ ਵਾਲਿਆਂ ਨੂੰ ਨੰਗਾ ਕਰ ਕੇ ਸਰਬੱਤ ਖਾਲਸਾ ਅੱਗੇ ਪੇਸ਼ ਕਰੇ । ਬਾ ਹੋਸਿਆਰ-ਜਾਗਦੇ ਰਹਿਓ !

ਇਲਾਕਾ : ਕਮਛਯਾ (ਦੋਇ ਸੌ ਚਾਰ ਚਰਿਤ੍ਰ ਪੰਨਾ ੧੧੦੦-੧੧੦੨)

ਪਾਤਰ : ਕੈਲਾਸ਼ ਮਤੀ (ਰਾਨੀ), ਬੀਰ ਸਿੰਘ (ਖਸਮ), ਸ਼ਾਹ ਜਹਾਂ ਤੇ ਫਿਰੰਗੀ

**ਸ਼ਾਹਜਹਾਂ ਦੀ ਬੀਰ ਸਿੰਘ ਦੀ ਔਰਤ ਨਾਲ ਮੁੱਠਭੇੜ :** ਬੀਰ ਸਿੰਘ ਦੀ ਰਾਣੀ ਕੈਲਾਸ਼ ਮਤੀ ਅੰਤਾਂ ਦੀ ਸੋਹਣੀ ਜਿਸਦਾ ਰੂਪ ਤੱਕ ਕੇ ਲੋਕੀਂ ਵਾਹ ਵਾਹ ਕਰਦੇ। ਬੀਰ ਸਿੰਘ ਦੇ ਬੰਦੇ ਸ਼ਾਹ ਦੇ ਬੰਦਿਆਂ ਨੂੰ ਰੋਜ ਮਾਰ ਖਪਾਉਂਦੇ। ਇਕ ਜ਼ਹਾਜ ਭੀ ਸੁੱਕਾ ਨਾ ਜਾਣ ਦੇਂਦੇ। ਲੁੱਟੇ ਗਏ ਬੰਦੇ ਇਕੱਠੇ ਹੋ ਕੇ ਸ਼ਾਹਜਹਾਂ ਪਾਸ ਆਏ ਤੇ ਫਰਿਯਾਦ ਕੀਤੀ ਕਿ ਇਸ ਨੂੰ ਮਾਰ ਕੇ ਸਾਡੀ ਮੱਦਦ ਕਰੋ। ਸ਼ਾਹ ਜਹਾਂ ਕਹਿੰਦਾ ਪਹਿਲਾਂ ਇਹ ਦੱਸੋ ਕਿ ਕਿਸਨੇ ਅਤੇ ਕਿੱਥੇ ਕਿਸ ਨੂੰ ਲੁੱਟਿਆ ਤੇ ਮਾਰਿਆ। ਮੈਂ ਹੁਣੇ ਫੌਜ ਭੇਜ ਕੇ ਤੁਹਾਡਾ ਮਾਲ ਵਾਪਸ ਕਰਾਵਾਂਗਾ। ਉਹ ਕਹਿੰਦੇ ਕਮਛਯਾ ਦੇ ਰਾਜੇ ਨੇ ਸਾਡਾ ਮਾਲ ਖੋਹਿਆ ਹੈ। ਹਜਰਤ ਨੇ ਇਹ ਸੁਣਦੇ ਹੀ ਅਪਣੀ ਫੌਜ ਘੱਲੀ । ਓਧਰ ਬੀਰ ਸਿੰਘ ਮਰ ਗਿਆ ਤੇ ਰਾਣੀ ਨੇ ਫੂਕ ਦਿੱਤਾ ਪਰ ਕਿਸੇ ਨੂੰ ਭਾਫ਼ ਨਾ ਕੱਢੀ। ਉਸ ਨੇ ਆਪ ਖੜਗ ਹੱਥ ਲੈ ਕੇ ਜੁੱਧ ਦਾ ਬਿਗਲ ਬਜਾ ਦਿੱਤਾ। ਬੜੇ ਬੜੇ ਸੂਰਮੇ ਪੁੱਜੇ ਤੇ ਅਨੇਕਾਂ ਢੰਗਾਂ ਦੇ ਹਥਿਆਰ ਸਜਾਏ। ਦਸ ਹਜ਼ਾਰ ਬੈਲ ਮੰਗਾ ਕੇ ਉਨ੍ਹਾਂ ਦੇ ਸਿੰਗਾਂ ਤੇ ਮਿਸਾਲਾਂ ਜਲਾ ਦਿੱਤੀਆਂ। ਸੱਤ ਦਿਨ ਘਮਸਾਣ ਦੀ ਜੰਗ ਹੋਈ-ਬਾਪ ਨੇ ਪੁੱਤ ਮਾਰਿਆ ਤੇ ਪੁੱਤ ਨੇ ਬਾਪ ਦਾ ਕਤਲ ਕੀਤਾ ਅਨੇਕਾਂ ਜਖ਼ਮੀ ਹੋਏ। ਅਖੀਰਲੇ ਦਿਨ ਉਸ ਨੇ ਪਕਵਾਨਾ ਅਤੇ ਮਠਿਯਾਈ ਵਿੱਚ ਜ਼ਹਿਰ ਮਿਲਾ ਕੇ ਫੋਜਾਂ ਵਿੱਚ ਵੰਡਵਾ ਦਿੱਤੀ ਜੋ ਜੋ ਖਾਏ ਓਹੀ ਸ੍ਵਰਗ ਸਿਧਾਏ-ਕਈ ਤੜਫੜਾਏ ਓਹ ਭੀ ਮਾਰ ਮੁਕਾਏ। ਇਉਂ ਸ਼ਾਹਜਹਾਂ ਦੀ ਸਾਰੀ ਫੋਜ ਮਾਰ ਮੁਕਾ ਕੇ ਜੰਗ ਜਿੱਤ ਲਈ ।

ਨੋਟ :- ਕੀ ਕਦੇ ਸ਼ਾਹਜਹਾਂ ਦੇ ਸਮੇਂ ਕੋਈ ਬੀਰ ਸਿੰਘ ਨਾਂ ਦਾ ਰਾਜਾ ਕਮਛਯਾ ਵਿੱਚ ਹੋਇਆ ਹੈ ? ਕੀ ਸ਼ਾਹ ਜਹਾਂ ਨੇ ਉਸ ਨਾਲ ਕਦੇ ਜੰਗ ਲੜੀ ? ਇਸ ਦਾ ਜੁਵਾਬ ਇਤਿਹਾਸ ਦੇ ਖੋਜੀਆਂ ਪਾਸ ਜਰੂਰ ਹੋਏਗਾ ਪਰ ਸ਼ਾਹਜਹਾਂ ਦੀ ਬੀਰ ਸਿੰਘ ਨਾਲ ਹੋਈ ਲੜਾਈ ਦਾ ਗੁਰਸਿੱਖਾਂ ਜਾਂ ਸਿੱਖ ਧਰਮ ਨਾਲ ਕੀ ਵਾਸਤਾ? ਵੱਡੇ ਪੁਜਾਰੀਆਂ ਅਤੇ ਸੰਤਾਂ ਸਾਧਾਂ ਕੋਲ ਇਸ ਦਾ ਜਵਾਬ ਹੋਏ ਤਾਂ ਜਰੂਰ ਸਿੱਖ ਸੰਗਤਿ ਨੂੰ ਦੱਸਣ ਦੀ ਕ੍ਰਿਪਾਲਤਾ ਕਰਨ ।

ਪਾਤਰ : ਬਿਜੈ ਕੁਅਰਿ (ਤ੍ਰਿਯ) ਇਲਾਕਾ : ਬੜੀ ਗੁਜਰਾਤ (ਦੋਇ ਸੌ ਪਾਂਚ ਚਰਿਤ੍ਰ ਪੰਨਾ ੧੧੦੨-੧੧੦੩)

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ :** ਬੜੀ ਗੁਜਰਾਤ ਦੇ ਰਾਜੇ ਦੀ ਰਾਣੀ ਬਿਜੈ ਕੁਅਰਿ ਦਾ ਇਕ ਖੱਤ੍ਰੀ ਨਾਲ ਅੱਖ ਮਟੱਕਾ ਹੋ ਗਿਆ । ਰਾਤ ਹੋਈ ਤਾਂ ਉਸ ਨੂੰ ਬੁਲਾ ਕੇ ਸਰੀਰਕ ਨਿੱਘ ਮਾਣਿਆ ।

*ਅੜਿੱਲ ॥ ਰੈਨਿ ਪਰੀ ਤਾਕੋ ਤ੍ਰਿਯ ਲਯੋ ਬੁਲਾਇਕੈ ॥ ਰਤਿ ਮਾਨੀ ਚਿਰ ਲੌ ਅਤਿ ਰੁਚ ਉਪਜਾਇਕੈ ॥*
*ਲਪਟਿ ਲਪਟਿ ਉਰ ਜਾਇ ਨ ਛੋਰਯੋ ਭਾਵਈ ॥ ਹੋ ਭਾਂਤਿ ਭਾਂਤਿ ਕੇ ਆਸਨ ਕਰਤ ਸੁਹਾਵਈ ॥੨॥*

(ਦੋਇ ਸੌ ਪਾਂਚ ਚਰਿਤ੍ਰ ਪੰਨਾ ੧੧੦੨)

ਮਿਤ੍ਰ ਨਾਲ ਰੰਗ ਰਲੀਆਂ ਮਨਾਣ ਤੋਂ ਬਾਦ ਉਸ ਨੂੰ ਬਾਗ ਵਿੱਚ ਲੈ ਗਈ ਉੱਥੇ ਜਾ ਕੇ ਫਿਰ ਮਿਤ੍ਰ ਨਾਲ ਦਿਲ ਖੋਲ੍ਹ ਕੇ ਸੰਭੋਗ ਕੀਤਾ ।

*ਦੋਹਰਾ ॥ ਰਾਨੀ ਮੀਤਹਿ ਸੰਗ ਲੈ ਬਾਗਹਿ ਗਈ ਲਵਾਇ ॥*
*ਕਾਮ ਭੋਗ ਤਾ ਸੌ ਕਰਯੋ ਹ੍ਰਿਦੈ ਹਰਖ ਉਪਜਾਇ ॥੩॥* (ਦੋਇ ਸੌ ਪਾਂਚ ਚਰਿਤ੍ਰ ਪੰਨਾ ੧੧੦੨)

ਬਾਗ ਵਿੱਚ ਜਿਥੇ ਰਾਣੀ ਰੰਗਰਲੀਆਂ ਮਨਾ ਰਹੀ ਸੀ ਅਚਾਨਕ ਉੱਥੇ ਰਾਜਾ ਆ ਪੁੱਜਾ। ਉਹ ਰਾਜੇ ਨੂੰ ਦੇਖ ਕੇ ਡਰੀ ਤੇ ਮਿਤ੍ਰ ਨੂੰ ਕਹਿੰਦੀ ਜਿਵੇਂ ਮੈਂ ਤੈਨੂੰ ਕਹਾਂ ਉਵੇਂ ਹੀ ਕਰੀਂ ਰਾਜੇ ਤੋਂ ਭੋਰਾ ਨਾ ਡਰੀਂ। ਉਸ ਨੂੰ ਇਕ ਟੋਏ ਚ ਬਿਠਾ ਕੇ, ਉੱਤੇ ਤੱਖਤਾ ਰਾਖ ਕੇ, ਸ਼ੇਰ ਦੀ ਖੱਲ ਨਾਲ ਢੱਕ ਕੇ ਆਪ ਜੋਗ ਦਾ ਭੇਸ ਧਾਰਣ ਕਰ ਕੇ ਬੈਠ ਗਈ । ਰਾਜਾ ਓਸਦਾ ਰੂਪ ਦੇਖ ਕੇ ਚਕ੍ਰਿਤ ਹੋਇਆ ਤੇ ਉਸ ਦੇ ਪੈਰ ਛੂਹਣ ਲਈ ਅੱਗੇ ਵਧਿਆ । ਪਰ ਜੋਗੀ ਨੇ ਨਾ ਉਸ ਨੂੰ ਨੇੜੇ ਢੁੱਕਣ ਦਿੱਤਾ ਤੇ ਨਾ ਹੀ ਮੂੰਹ ਘੁੰਮਾਇਆ । ਆਖਰ ਰਾਜਾ ਨਮਸਕਾਰ ਕਰਨ ਚ ਸਫਲ ਹੋ ਗਿਆ । ਕੁੱਝ ਵਾਰਤਾਲਾਪ ਹੋਈ ਜਿਸ ਨਾਲ ਰਾਜੇ ਨੂੰ ਨਿਸ਼ਾ ਹੋ ਗਈ । ਉਸ ਨੇ ਸਾਰੀ ਫੌਜ ਭੇਜ ਦਿੱਤੀ। ਜਦ ਉਹ ਇਕੱਲਾ ਹੋ ਗਿਆ ਤੇ ਅੱਧੀ ਰਾਤ ਦਾ ਵਖ਼ਤ ਹੋਇਆ ਤਾਂ ਰਾਜੇ ਨੂੰ ਨੀਂਦ ਆ ਗਈ। ਤਾਂ ਮਿੱਤ੍ਰ ਨਾਲ ਫੇਰ ਭੋਗ ਕੀਤਾ।

*ਅੜਿੱਲ ॥ ਸੋਇ ਨ੍ਰਿਪਤਿ ਲਹਿ ਗਯੋ ਤ੍ਰਿਯ ਮੀਤਹਿ ਉਚਰਿਯੋ ॥*
*ਕਰ ਭੇ ਟੂੰਬਿ ਜਗਾਇ ਭੋਗ ਬਹੁ ਬਿਧਿ ਕਰਿਯੋ*
*ਜਾਤ ਤਹਾਂ ਤੇ ਭਏ ਯਹੈ ਲਿਖਿ ਖਾਤ ਪਰ ॥*
*ਹੋ ਸ੍ਵਰਗ ਦੇਖਿ ਭੂਅ ਦੇਖਿ ਸੁ ਗਏ ਪਤਾਰ ਤਰ ॥੧੪॥* (ਦੋਇ ਸੌ ਪਾਂਚ ਚਰਿਤ੍ਰ ਪੰਨਾ ੧੧੦੩)

ਰਾਜਾ ਸਵੇਰੇ ਨੀਂਦ ਤੋਂ ਜਾਗਿਆ । ਉਸ ਨੇ ਖੱਡੇ ਤੇ ਲਿਖਿਆ ਪੜ੍ਹਿਆ ਕਿ ਮੈਂ ਇਹ ਲੋਕ ਬਹੁਤ ਦੇਖ ਲਿਆ ਹੈ ਤੇ ਹੁਣ ਪਤਾਲ ਦੇਖਣ ਚਲਿਆ ਹਾਂ ।

ਨੋਟ :- ਕਈ ਅਖੌਤੀ ਵਿਦਵਾਨ ਨੁਮਾ ਬੁੱਧੀਜੀਵੀ ਬੜੇ ਮਾਣ ਅਤੇ ਵਿੱਦਵਤਾ ਦੇ ਹੰਕਾਰ ਵਿੱਚ ਆਖਦੇ ਹਨ ਕਿ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਹੈ । ਇਉਂ ਪ੍ਰਤੀਤ ਹੁੰਦਾ ਹੈ ਬਈ ਨਾ ਤਾਂ ਇਨ੍ਹਾਂ ਨੂੰ ਵਿਦਵਾਨ ਦੇ ਅਰਥਾਂ ਦਾ ਪਤਾ ਹੈ ਤੇ ਨਾ ਹੀ ਬੁੱਧੀਜੀਵੀ ਕੀ ਸ਼ੈਅ ਹੁੰਦੀ ਹੈ, ਇਹ ਲੋਕੀਂ ਜਾਣਦੇ ਹਨ । ਮੇਰੇ ਪਿੰਡ ਦੀ ਪਰਬੀ ਇਕ ਮੁੰਡੇ ਨੂੰ ਕਹਿੰਦੀ ਕਾਕਾ ਕੀ ਕੰਮ ਧੰਦਾ ਕਰਦਾ ਹੁੰਨੈ, ਉਹ ਕਹਿੰਦਾ ਅੰਮਾ ਮੈਂ ਕੰਮ-ਕੁੰਮ ਕੋਈ ਨੀ ਕਰਦਾ ਮੈਂ ਬੁੱਧੀ ਜੀਵੀ ਆਂ। ਕਹਿੰਦੀ ਓਏ ਫੋਟ ਫਿੱਟੇ ਮੂੰਹ ਅੱਜ ਤੱਕ ਬਿਨਾਂ ਬੁੱਧੀ ਦੇ ਈ ਚਲਦਾ ਫਿਰਦਾ ਰਿਹਾ ? ਕਿੱਦਣ ਤੇਰੀ ਬੁੱਧੀ ਜੀਵੀ ਕਾਕਾ ? ਕਾਕਾ ਤੌਰ ਭੌਰ ਹੋਇਆ ਕਦੇ ਅਪਣੇ ਆਪ ਵੱਲ ਦੇਖੇ ਤੇ ਕਦੇ ਅੰਮਾਂ ਦੇ ਚੇਹਰੇ ਵੱਲ ਉਸ ਨੂੰ ਕੋਈ ਗੱਲ ਨਾ ਔੜ੍ਹੇ। ਫਿਰ ਓਹ ਕਹਿੰਦੀ ਦੇਖ ਕਾਕਾ ਹੁਣ ਸੁਖ ਨਾਲ ਤੇਰੀ ਬੁੱਧੀ ਮੁੜ ਆਈ ਐ ਹੁਣ ਬੀਬਾ ਕੋਈ ਕੰਮ ਧੰਦਾ ਕਰਿਆ ਕਰ, ਰੱਬ ਨੇ ਤੇਰੇ ਮਾਂ ਬਾਪ ਦੀ ਸੁਣ ਲਈ ਐ। ਬਹੁਤੇ ਬੁੱਧੀ ਜੀਵੀਆਂ ਦਾ ਇਹੋ ਹਾਲ ਹੈ । ਜਿਨ੍ਹਾਂ ਨੂੰ ਕੋਕ ਸ਼ਾਸਤ੍ਰ, ਕਾਮ ਸਾਸਤ੍ਰ ਅਤੇ ਗੁਰਬਾਣੀ ਵਿਚਕਾਰ ਫ਼ਰਕ ਹੀ ਨਹੀਂ ਲੱਭਾ ਉਨ੍ਹਾਂ ਨੂੰ ਤੁਸੀਂ ਕੀ ਕਹੋਗੇ ? ਬੁੱਧੀ ਜੀਵੀ ? ਇਨ੍ਹਾਂ ਨਾਲੋਂ ਤਾਂ ਮੈਨੂੰ ਅਪਣੇ ਪਿੰਡ ਦੀ ਅਨਪੜ੍ਹ ਪਰਬੀ ਵਧੇਰੇ ਪੜ੍ਹੀ ਲੱਗਦੀ ਐ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਪਿਆਰੇ ਗੁਰਸਿੱਖਾਂ ਨੂੰ ਅਜਿਹੀ ਗੰਦਗੀ ਪੜ੍ਹਾਣਗੇ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ? ਉਮੀਦ ਹੈ ਬਿਨਾਂ ਜ਼ਮੀਰ ਦੀ ਹੱਤਿਆ ਕੀਤਿਆਂ ਉੱਤਰ ਲੱਭਣ ਦੀ ਕੋਸ਼ਿਸ ਕਰੋਗੇ । ਤੁਸੀਂ ਖੁਸ਼ ਰਹੋ ਇਹ ਮੇਰੀ ਅਰਦਾਸ ਹੈ ।

## ਇਲਾਕਾ : ਸੁਘਰਾਵਤੀ

(ਦੋਇ ਸੌ ਛਠਵੋਂ ਚਰਿਤ੍ਰ ਪੰਨਾ ੧੧੦੩-੧੧੦੫)

ਪਾਤਰ : ਬਿਸ਼ੇਸ੍ਰਰ ਸਿੰਘ (ਰਾਵ), ਇਸ਼ਕ ਮਤੀ (ਨਾਰੀ) ਤੇ ਨੌ ਜੋਬਨ ਰਾਇ

**ਸੰਭੋਗ ਕਰਨਾ ਸਿੱਖੋ ਤੇ ਰਿਸ਼ਵਤ ਦੇਣੀ ਸਿੱਖੋ :** ਸੁਘਰਾਵਤੀ ਨਗਰ ਦੇ ਬਿਸ਼ੇਸ੍ਰਰ ਸਿੰਘ ਰਾਵ ਦੀ ਔਰਤ ਇਸ਼ਕ ਮਤੀ ਏਨੀ ਸੋਹਣੀ ਮਾਨੋ ਚੋਦਾਂ ਲੋਕਾਂ ਚੋਂ ਚੁਣ ਕੇ ਕੱਢੀ ਹੋਏ ਓਹਦਾ ਹੁਸਨ ਦੇਖ ਕੇ ਸੁਰੀ ਆਸੁਰੀ ਤੇ ਕਿੰਨ੍ਰਭੀ ਭੀ ਸ਼ਰਮਾ ਜਾਂਦੀਆਂ ਉਸ ਨੇ ਇਕ ਨੌ ਜੋਬਨ ਰਾਇ ਨਾਂ ਦੇ ਪੁੱਤ ਨੂੰ ਦੇਖਿਆ । ਉਸ ਨੇ ਇਸ ਦੇ ਨਾਲ ਹਮ ਬਿਸਤਰ ਹੋਣ ਦੀ ਸੋਚ ਕੇ ਅਪਣੀ ਸਹੇਲੀ ਭੇਜ ਕੇ ਬੁਲਾਇਆ ਤੇ ਸੁਰੂ ਹੋਇਆ ਪ੍ਰੇਮ ਖੇਲ :-

*ਭਾਂਤਿ ਭਾਂਤਿ ਮਿਤਵਾ ਕੋ ਗਰੇ ਲਗਾਇਯੋ ॥ ਲਪਟਿ ਲਪਟਿ ਕਰਿ ਕਾਮ ਕੇਲ ਉਪਜਾਇਯੋ ॥*
*ਆਸਨ ਚੁੰਬਨ ਬਹੁ ਬਿਧਿ ਕਰੇ ਬਨਾਇਕੈ ॥ ਹੋ ਨਿਜੁ ਪ੍ਰੀਤਮ ਕੇ ਚਿਤ ਕੋ ਲਯੋ ਲੁਭਾਇਕੈ ॥੪॥*

(ਦੋਇ ਸੌ ਛਠਵੋਂ ਚਰਿਤ੍ਰ ਪੰਨਾ ੧੧੦੫)

ਅਪਣੇ ਮਿਤ੍ਰ ਨੂੰ ਬੜੇ ਹਾਵ ਭਾਵ ਦਿਖਾਏ । ਇਕ ਛਿਨ ਮਾਤਰ ਵਿੱਚ ਹੀ ਉਸ ਦਾ ਚਿੱਤ ਵਸ ਕਰ ਲਿਆ । ਪ੍ਰੀਤਮ ਨਾਲ ਲਪਟਿ ਲਪਟਿ ਕੇ ਸੀਨੇ ਨਾਲ ਸੀਨਾ ਜੋੜਿਆ ਤੇ ਨਵਜੋਬਨ ਰਾਏ ਦਾ ਮਨ ਲਲਚਾ ਦਿੱਤਾ । ਦਿਨ ਰਾਤ ਉਹ ਇਸ਼ਕ ਮਤੀ ਦੇ ਨਾਲ ਰੰਗ ਰਲੀਆਂ ਮਨਾਉਂਦਾ ਤੇ ਅਨੰਦ ਪ੍ਰਾਪਤ ਕਰਦਾ :-

*ਸਵੈਯਾ ॥ ਪੌਢਿ ਤ੍ਰਿਯਾ ਕੇ ਪ੍ਰਜੰਕ ਲਲਾ ਕੋ ਲੈ ਸੁੰਦਰਿ ਗੀਤ ਸੁਹਾਵਤ ਗਾਵੈਂ ॥*
*ਚੁੰਬਨ ਔਰ ਅਲਿੰਗਨ ਆਸਨ ਭਾਂਤਿ ਅਨੇਕ ਰਮੈ ਲਪਟਾਵੈਂ ॥*
*ਜੋ ਤ੍ਰਿਯ ਜੋਬਨਵੰਤ ਜੁਬਾ ਦੋਊ ਕਾਮ ਕੀ ਰੀਤਿ ਸੋ ਪ੍ਰੀਤੁ ਪਜਾਵੈਂ ॥*
*ਛਾਡਿਕੈ ਸ਼ੋਕ ਤ੍ਰਿਲੋਕੀ ਕੇ ਲੋਕ ਬਿਲੋਕਿ ਪ੍ਰਭਾ ਸਭਹੀ ਬਲਿ ਜਾਵੈਂ ॥੭॥*

(ਦੋਇ ਸੌ ਛਠਵੋਂ ਚਰਿਤ੍ਰ ਪੰਨਾ ੧੧੦੪)

ਜਿਹੜਾ ਬੰਦਾ ਕੋਕ ਦੀ ਰੀਤ ਅਨੁਸਾਰ ਪ੍ਰੀਤ ਕਰਦਾ ਹੈ ਓਹੋ ਹੀ ਕਾਮ ਦੇ ਕਲੋਲ ਦਾ ਅਨੰਦ ਤੇ ਸਿਖਰ ਮਾਣਦਾ ਹੈ। ਬਾਰਾਂ ਬਾਰ ਔਰਤ ਦੇ ਪਿਆਰ ਦਾ ਨਿੱਘ ਮਾਣਦਿਆਂ ਓਹਦੇ ਤਨ ਤੇ ਕੁਰਬਾਨ ਹੁੰਦਾ ਹੈ। ਉਹ ਸਿੰਗਾਰ ਕਰ ਕੇ, ਬੀੜੀ ਪੀ ਕੇ ਅੱਖਾਂ ਮਟਕਾ ਕੇ ਮੁਸਕਰਾਉਂਦੇ ਹਨ ਇਉਂ ਲਗਦਾ ਹੈ ਜਿਵੇਂ ਰਣ ਤੱਤੇ ਵਿੱਚ ਦੋ ਜੋਧੇ ਭਿੜ ਰਹੇ ਹੋਣ ਤੇ ਨਿਸ਼ਾਨਾ ਬੰਨ੍ਹ ਕੇ ਬਾਣ ਮਾਰ ਰਹੇ ਹੋਣ ।

*ਕੋਕ ਕੌ ਰੀਤਿ ਸੋ ਪ੍ਰੀਤਿ ਕਰੈ ਸੁਭ ਕਾਮ ਕਲੋਲ ਅਮੋਲ ਕਮਾਵੈਂ ॥*
*ਬਾਰਹਿ ਬਾਰ ਰਮੈਂ ਰੁਚਿ ਸੋ ਦੋਊ ਹੇਰਿ ਪ੍ਰਭਾ ਤਨ ਕੀ ਬਲਿ ਜਾਵੈਂ ॥*
*ਬੀਰੀ ਚਬਾਇ ਸ਼ਿੰਗਾਰ ਬਨਾਇ ਸੁ ਨੈਨ ਨਚਾਇ ਮਿਲੈਂ ਮੁਸਕਾਵੈਂ ॥*
*ਮਾਨਹੁ ਬੀਰ ਜੁਟੇ ਰਨ ਮੈ ਸਿਤ ਤਾਨਿ ਕਮਾਨਨ ਬਾਨ ਚਲਾਵੈਂ ॥੮॥*

(ਦੋਇ ਸੌ ਛਠਵੋਂ ਚਰਿਤ੍ਰ ਪੰਨਾ ੧੧੦੪)

ਦੋਹਾਂ ਦੀ ਏਦਾਂ ਦੀ ਪ੍ਰੀਤਿ ਉਪਜੀ ਕਿ ਉਨ੍ਹਾਂ ਲੋਕ ਲਾਜ ਭੀ ਛਿੱਕੇ ਟੰਗ ਦਿੱਤੀ । ਇਕ ਦਿਨ ਉਸ ਨੇ ਮਿਤ੍ਰ ਨੂੰ ਬੁਲਾਇਆ ਤਾਂ ਸੌਕਣਾਂ ਨੇ ਉਸ ਨਾਲ ਸੁੱਤਾ ਦੇਖ ਲਿਆ ਤੇ ਰਾਜੇ ਨੂੰ ਦੱਸ ਦਿੱਤਾ ਜਿਸ ਤੋਂ ਉਸ ਨੂੰ ਬੜਾ ਗੁੱਸਾ ਆਇਆ ਉਸ ਨੇ ਦੋਨਾਂ ਨੂੰ ਪਕੜ ਕੇ ਕਤਲ ਕਰਨ ਦਾ ਹੁਕਮ ਦੇ ਦਿੱਤਾ ।

ਸਿਪਾਹੀਆਂ ਨੂੰ ਕਹਿੰਦੀ ਕਿ ਜੇ ਕਿਸੇ ਔਰਤ ਦਾ ਮੀਤ ਮਰ ਜਾਏ ਤਾਂ ਔਰਤ ਮਰ ਜਾਂਦੀ ਹੈ ਤੇ ਔਰਤ ਦੇ ਮਰਿਆਂ ਰਾਜਾ ਤੁਹਾਡੇ ਹੱਥ ਦੱਸੋ ਕੀ ਲੱਗਾ ? ਕਹਿੰਦੀ ਜਿੰਨਾ ਧੰਨ ਚਾਹੀਦਾ ਹੈ ਲੈ ਲਓ ਤੇ ਸਾਡੀ ਜਾਨ ਬਖਸ਼ੋ। ਸਿਪਾਹੀਆਂ ਲੋਭ ਕਾਰਣ ਦੋਨੇ ਛੱਡ ਦਿੱਤੇ ।

ਨੋਟ :- ਆਪ ਜੀ ਦਸਮ ਗ੍ਰੰਥ ਤੋਂ ਆਖੀਆਂ ਜਾਂਦੀਆਂ ਧਾਰਮਿਕ (ਪਰ ਅਧਾਰਮਿਕ) ਸਿੱਖਿਆਵਾਂ ਪੜ੍ਹ ਰਹੇ ਹੋ। ਇਨ੍ਹਾਂ ਰਚਨਾਵਾਂ ਦਾ ਲੇਖਕ ਲੱਭਣਾ ਹੈ । ਮੈਂ ਰਾਮ ਸਯਾਮ ਕਾਲ ਤੇ ਸੂਮ ਕਵੀ ਲੱਭ ਚੁੱਕਾਂ ਹਾਂ ਤੇ ਹੋਰ ਖੋਜ ਜਾਰੀ ਹੈ। ਜੇਕਰ ਕੋਈ ਹੋਰ ਤੁਹਾਡੇ ਹੱਥ ਲੱਗੇ ਤਾਂ ਦੱਸਣ ਦੀ ਕ੍ਰਿਪਾਲਤਾ ਕਰਨੀ। ਸਾਡੇ ਪੁਜਾਰੀ ਤਾਂ ਹਰ ਮੰਦੀ ਰਚਨਾ ਤੇ ਪਾਤਸ਼ਾਹੀ ੧੦ ਲਿਖ ਲਿਖ ਸਿੱਖ ਕੌਮ ਨੂੰ ਮੂਰਖ ਬਣਾਈ ਜਾ ਰਹੇ ਹਨ। ਮੈਂ ਜਾਣਦਾ ਹਾਂ ਤੁਸੀਂ ਗੁਰੂ ਨਾਨਕ ਦੇ ਘਰ ਦੇ ਸਤਿਕਾਰੇ ਗੁਰਸਿੱਖ ਹੋਵੋਗੇ । ਮੈਨੂੰ ਉਮੀਦ ਹੈ ਤੁਹਾਡਾ ਪੂਰਣ ਸਹਿਯੋਗ ਮੈਂ ਹਾਸਿਲ ਕਰਦਾ ਰਹਾਂਗਾ ।

ਇਲਾਕਾ : ਕੌਚ ਬਿਹਾਰ ਪਿੰਡ : ਇੰਦ੍ਰਪੁਰ (ਦੋਇ ਸੌ ਸਾਤ ਚਰਿਤ੍ਰ ਪੰਨਾ ੧੧੦੫-੧੧੦੭)

ਪਾਤਰ : ਬੀਰਦੱਤ (ਰਾਜਾ), ਮੁਸ਼ਕਮਤੀ (ਨਾਰੀ), ਕਾਮਕਲਾ (ਦੁਹਿਤਾ) ਤੇ ਅਕਬਰ

**ਦਾਰੂ ਨਾਲ ਕਤਲ ਕਰਨੇ ਸਿੱਖੋ** : ਕੋਚ ਬਿਹਾਰ ਦਾ ਰਾਜਾ ਬੀਰ ਦੱਤ ਅਪਣੀ ਖ਼ੂਬਸੂਰਤ ਔਰਤ ਮੁਸ਼ਕਮਤੀ ਦੇ ਨਾਲ ਇੰਦ੍ਰਪੁਰ ਪਿੰਡ ਵਿੱਚ ਰਹਿੰਦਾ। ਉਸ ਦੀ ਧੀ ਕਾਮਕਲਾ ਦਾ ਰੂਪ ਦੇਖ ਦੇਖ ਦੇਵਤੇ ਤੇ ਦੈਂਤ ਭੀ ਮੋਹੇ ਜਾਂਦੇ। ਉਹ ਜਿਸ ਨੂੰ ਚਾਹੁੰਦਾ ਮਾਰ ਖਪਾਉਂਦਾ । ਅਕਬਰ ਦੀ ਪਰਵਾਹ ਨਾ ਕਰਦਾ । ਸੌਦਾਗਰਾਂ ਨੂੰ ਲੁੱਟਦਾ ਤੇ ਨਾ ਹੀ ਕਿਸੇ ਨੂੰ ਚੈਨ ਨਾਲ ਵਸਣ ਦੇਂਦਾ । ਅਕਬਰ ਨੂੰ ਇਸ ਤੇ ਗੁੱਸਾ ਚੜ੍ਹਿਆ ਤੇ ਬੀਰਦੱਤ ਤੇ ਚੜ੍ਹਾਈ ਕਰ ਦਿੱਤੀ । ਉਸ ਨੇ ਕੋਚ ਬਿਹਾਰ ਪਹੁੰਚ ਕੇ ਇਕ ਰੁੱਕਾ ਲਿਖ ਭੇਜਿਆ ਕਿ ਜਾਂ ਤਾਂ ਈਨ ਮੰਨ ਲੈ ਜਾਂ ਫਿਰ ਸਾਮ੍ਹਣੇ ਹੋ ਕੇ ਲੜਾਈ ਲੜ। ਰਾਜਾ ਸੁਣ ਕੇ ਭੱਜਣ ਲੱਗਾ ਤਾਂ ਮੁਸ਼ਕਮਤੀ ਨੇ ਉਸ ਨੂੰ ਬੰਨ੍ਹ ਕੇ ਜੰਗ ਦਾ ਬਿਗਲ ਬਜਾ ਦਿੱਤਾ। ਉਸ ਨੇ ਭਾਰੀ ਫੌਜ ਇਕੱਠੀ ਕੀਤੀ ਅਤੇ ਦਲਦਲ ਵਾਲੀ ਥਾਂ ਤੱਕ ਕੇ ਦਮਾਮੇ ਤੇ ਚੋਟ ਮਾਰ ਦਿੱਤੀ । ਜਿਹੜਾ ਭੀ ਉਥੇ ਲੜਾਈ ਲਈ ਪੁੱਜਦਾ ਦਲਦਲ ਵਿੱਚ ਧਸ ਜਾਂਦਾ ਤੇ ਰਾਣੀ ਉਸ ਨੂੰ ਮਾਰ ਖਪਾਉਂਦੀ ਅਤੇ ਬਾਜ ਤਾਜ ਖੋਹ ਲੈਂਦੀ ।

ਉਸ ਨੇ ਇਕ ਨੌਕਰ ਨੂੰ ਸਮਝਾ ਕੇ ਭੇਜਿਆ ਕਿ ਅਕਬਰ ਦੀਆਂ ਫੌਜਾਂ ਨੂੰ ਕਹਿ ਕਿ ਮੈਂ ਤੁਹਾਨੂੰ ਜੰਗਲ ਦਾ ਰਸਤਾ ਦੱਸਦਾ ਹਾਂ। ਉਹ ਭਰੇ ਪੀਤੇ ਉਸ ਨਾਲ ਹੋ ਤੁਰੇ ਤੇ ਦਲਦਲ ਵਿੱਚ ਧੱਸ ਗਏ। ਨੌਕਰ ਨੇ ਰਾਣੀ ਨੂੰ ਜਾ ਭੇਦ ਦਿੱਤਾ। ਉਸ ਨੇ ਪਰਬਤ ਦੇ ਦੁਆਰ ਬੰਦ ਕਰ ਦਿੱਤੇ (ਜੰਗਲ ਸੀ ਜਾਂ ਪਰਬਤ? ਪਰਬਤ ਸੀ ਜਾਂ ਜੰਗਲ? ਕੁੱਝ ਸਮਝ ਨਹੀਂ ਆ ਰਿਹਾ। ਪਰਬਤ ਦੇ ਦਰਵਾਜੇ ਭੀ ਓਪਰੇ ਲੱਗਦੇ ਹਨ) ਅਤੇ ਉਨ੍ਹਾਂ ਨੂੰ ਕੱਟ ਕੱਟ ਕੇ ਖਤਮ ਕਰ ਦਿੱਤਾ। ਸੈਯਦ ਮੁਗਲ ਪਠਾਣ ਤੇ ਸੇਖ ਸੂਰਮੇ ਔਰਤਾਂ ਦਾ ਭੇਖ ਧਾਰ ਕੇ ਕਹਿੰਦੇ ਸੁਣੇ ਕਿ ਅਪਣੀ ਜਾਨ ਬਚਾ ਲਓ ਰਾਣੀ ਨੇ ਸੂਰਮਿਆਂ ਨੂੰ ਕੱਟ ਕੱਟ ਕੇ ਨਦੀ ਵਿੱਚ ਵਹਾ ਦਿੱਤਾ । ਫੌਜ ਨੂੰ ਮਾਰ ਕੇ ਉਸ ਨੇ ਜੈਨ ਖਾਨ ਨੂੰ ਇਕ ਚਿੱਠੀ ਲਿਖੀ ਕਿ ਤੂੰ ਆ ਕੇ ਮੇਰੇ ਨਾਲ ਵਿਆਹ ਕਰ ਲੈ। ਹਜਰਤਿ ਦੇ ਨਾਲ ਜੰਗ ਕਰਨੀ ਮੈਨੂੰ ਚੰਗੀ ਨਹੀਂ ਲੱਗਦੀ ਮੂਰਖ ਜੈਨ ਖਾਨ ਇਹ ਸੁਣ ਕੇ ਫੁੱਲ ਗਿਆ ਤੇ ਸੂਰਬੀਰ ਲੈ ਕੇ ਉੱਥੇ ਲਈ ਚਲ ਪਿਆ ਕਹਿੰਦਾ ਮੈਂ ਹੁਣੇ ਉਸ ਦੀ ਧੀ ਵਿਆਹ ਕੇ ਆਵਾਂਗਾ । ਤਦ ਰਾਣੀ ਨੇ ਬਹੁਤ ਸਾਰੀ ਦਾਰੂ (ਸ਼ਰਾਬ) ਜ਼ਮੀਨ ਤੇ ਬਿਛਾ ਦਿੱਤੀ । ਉਤੇ ਬਰੂ (ਘਾਹ) ਬਿਛਾ ਦਿੱਤਾ । ਇਕ ਕੁੜੀ ਨੂੰ ਭੇਜ ਕੇ ਖਾਨ ਨੂੰ ਸੁਨੇਹਾ ਘੱਲ ਦਿੱਤਾ ਬਈ ਕੁੜੀ ਵਿਆਹ ਲਈ ਤਿਆਰ ਹੈ ਆ ਕੇ ਵਿਆਹ ਲਓ। ਸੈਨਾ ਸਮੇਤ ਮੂਰਖ ਉੱਥੇ ਪਹੁੰਚ ਗਿਆ ਜਿਥੇ ਦਾਰੂ ਬਿਛਾਈ ਸੀ। ਉਸ ਦਾਰੂ ਨੂੰ ਝੱਟ ਪਲੀਤਾ ਲਾ ਕੇ ਸਭ ਨੂੰ ਮਾਰ ਦਿੱਤਾ।

ਨੋਟ :- ਇਹ ਸਾਖੀ ਨੌਜਵਾਨ ਪੀੜ੍ਹੀ ਨੂੰ ਸਿੱਖਿਆ ਦੇਂਦੀ ਹੈ ਬਈ ਦਾਰੂ ਨੂੰ ਬੰਦੇ ਮਾਰਨ ਲਈ ਕਿਵੇਂ ਇਸਤੇਮਾਲ ਕਰਨਾ ਹੈ। ਜਿੱਥੇ ਇਹ ਗ੍ਰੰਥ ਧਰਮ ਲਈ ਵੱਡਾ ਖ਼ਤਰਾ ਹੈ ਉੱਥੇ ਦੇਸ ਲਈ ਭੀ ਖ਼ਤਰਾ ਹੈ। ਇਸ ਮਹਾਂ ਗੰਦੇ ਗ੍ਰੰਥ ਤੇ ਬਿਨਾਂ ਦੇਰੀ ਪਾਬੰਦੀ ਲਗਾ ਦੇਣੀ ਚਾਹੀਦੀ ਹੈ । ਇਸ ਦੇ ਪਾਬੰਦੀ ਲੱਗਣ ਨਾਲ ਸਿੱਖ ਕੌਮ ਦਾ ਕੋਈ ਨੁਕਸਾਨ ਨਹੀਂ ਸਗੋਂ ਧੋਣ ਉੱਚੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਅਜਿਹੀ ਘਟੀਆ ਸਿੱਖਿਆ ਦੇ ਨਹੀਂ ਸਕਦੇ। ਉਨ੍ਹਾਂ ਦਾ ਨਾਂ ਵਰਤਣ ਵਾਲੇ ਸੱਚ ਮੁੱਚ ਦੇ ਮਹਾਂ ਗੰਦੇ ਅਤੇ ਅਪਵਿਤ੍ਰ ਲੋਕ ਹਨ। ਇਨ੍ਹਾਂ ਨੂੰ ਸਿੱਖ ਆਖਣਾ ਅਪਣੀ ਜ਼ਮੀਰ ਦਾ ਕਤਲ ਕਰਨਾ ਹੈ । ਰੱਬ ਇਨ੍ਹਾਂ ਨੂੰ ਸੁਮੱਤ ਦਏ ਇਹ ਗੁਰੂ ਦਰ ਤੇ ਮੇਰੀ ਅਰਦਾਸ ਹੈ ।

ਪਾਤਰ : ਅਟਪਲ ਦੇਵੀ **ਭਰਾ ਬਣਾ ਕੇ ਮਿਤ੍ਰ ਨਾਲ ਭੋਗ ਕਰਨਾ ਸਿੱਖੋ** (ਦੋਇ ਸੌ ਆਠਵੋਂ ਚਰਿਤ੍ਰ ਪੰਨਾ ੧੧੦੭-੧੧੦੮)

ਇਕ ਰਾਜੇ ਦੀ ਧੀ ਅਟਪਲ ਦੇਵੀ ਇਕ ਨਰੇਸ਼ ਨੂੰ ਵਿਆਹੀ ਗਈ ਜਿਸ ਤੋਂ ਕੋਈ ਪੁੱਤ ਨਾ ਪੈਦਾ ਹੋਇਆ। ਰਾਜੇ

ਨੇ ਕੋਸ਼ਿਸ ਤਾਂ ਬਥੇਰੀ ਕੀਤੀ ਪਰ ਬਿਧਾਤੇ ਨੇ ਦਿੱਤਾ ਹੀ ਨਹੀਂ। ਜਵਾਨੀ ਝੜ ਗਈ ਤੇ ਬੁਢਾਪਾ ਆ ਗਿਆ। ਰਾਣੀ ਭਰ ਜੋਬਨ ਪਰ ਬੁਢਾਪੇ ਕਾਰਣ ਰਾਜਾ ਉਸ ਨਾਲ ਭੋਗ ਕਰਨ ਤੋਂ ਅਸਮਰਥ ਜਿਸ ਤੋਂ ਰਾਣੀ ਨੂੰ ਬੜੀ ਚਿੜ। ਉਸ ਨੇ ਇਕ ਪੁਰਖ ਨਾਲ ਦੋਸਤੀ ਕਰਕੇ ਹਰ ਰੋਜ ਬੁਲਾ ਕੇ ਕਾਮ ਭੋਗ ਕਰਨਾ ਸੁਰੂ ਕਰ ਦਿੱਤਾ :-

*ਤਬ ਤਰੁਨੀ ਰਾਨੀ ਸੋ ਭਈ ॥ ਜਬ ਜ੍ਵਾਨੀ ਰਾਜਾ ਕੀ ਗਈ ॥*
*ਤਾਸੌਂ ਭੋਗ ਰਾਵ ਨਹਿ ਕਰਈ ॥ ਯਾਤੇ ਅਤਿ ਅਬਲਾ ਜਿਯ ਜਰਈ ॥੩॥*
*ਦੋਹਰਾ ॥ ਏਕ ਪੁਰਖ ਸੌ ਦੋਸਤੀ ਰਾਨੀ ਕਰੀ ਬਨਾਇ ॥*
*ਕਾਮ ਭੋਗ ਤਾਸੌ ਕਰੈ ਨਿਤਿ ਪ੍ਰਤਿ ਧਾਮ ਬੁਲਾਇ ॥੪॥* (ਦੋਇ ਸੌ ਆਠਵੋਂ ਚਰਿਤ੍ਰ ਪੰਨਾ ੧੧੦੭)

ਉਸ ਨੇ ਸਭ ਜੱਗ ਵਿੱਚ ਇਹ ਫੈਲਾ ਦਿੱਤਾ ਕਿ ਇਹ ਮੇਰਾ ਧਰਮ ਭਰਾ ਹੈ । ਉਹ ਉਸ ਨੂੰ ਭਰਾ ਭਰਾ ਕਰਕੇ ਬੁਲਾਉਂਦੀ ਅਤੇ ਉਸੇ ਨਾਲ ਹਮਬਿਸਤ੍ਰ ਹੁੰਦੀ :-

*ਚੌਪਈ ॥ ਤਾਕੌ ਧਰਮ ਭ੍ਰਾਤ ਠਹਰਾਯੋ ॥ ਸਭ ਜਗ ਮਹਿ ਇਹ ਭਾਂਤਿ ਉਡਾਯੋ ॥*
*ਭਾਇ ਭਾਇ ਕਹਿ ਰੋਜ ਬੁਲਾਵੈ ॥ ਕਾਮ ਕੇਲ ਰੁਚਿ ਮਾਨ ਕਮਾਵੈ ॥੫॥*
(ਦੋਇ ਸੌ ਆਠਵੋਂ ਚਰਿਤ੍ਰ ਪੰਨਾ ੧੧੦੭)

ਉਹ ਅਪਣੇ ਧਰਮ ਭਰਾ ਨਾਲ ਭਾਂਤਿ ਭਾਂਤਿ ਦੇ ਭੋਗ ਭੋਗਦੀ। ਉਸ ਨੇ ਰਾਜੇ ਨੂੰ ਦਿਲੋਂ ਭੁਲਾ ਦਿੱਤਾ। ਉਹ ਅੱਖਾਂ ਨਾਲ ਅੱਖਾਂ ਮਿਲਾ ਕੇ ਉਸ ਨਾਲ ਲਪਟਿ ਲਪਟਿ ਕੇ ਕਲੋਲਾਂ ਕਰਦੀ ।

*ਅੜਿੱਲ ॥ ਭਾਂਤਿ ਭਾਂਤਿ ਕੇ ਭੋਗ ਕਰਤ ਤਾਸੋ ਭਈ ॥*
*ਨ੍ਰਿਪ ਕੀ ਬਾਤ ਬਿਸਾਰਿ ਸਭੈ ਚਿੱਤ ਤੇਂ ਦਈ ॥*
*ਲਪਟਿ ਲਪਟਿ ਗਈ ਨੈਨਨ ਨੈਨ ਮਿਲਾਇਕੈ ॥*
*ਹੋ ਫਸਤ ਹਿਰਨ ਜਯੋਂ ਹਿਰਿਨ ਬਿਲੋਕਿ ਬਨਾਇਕੈ ॥੭॥* (ਦੋਇ ਸੌ ਆਠਵੋਂ ਚਰਿਤ੍ਰ ਪੰਨਾ ੧੧੦੭)

ਇਕ ਦਿਨ ਰਾਜਾ ਮਰ ਗਿਆ। ਲੋਕਾਂ ਰਾਜ ਨਸ਼ਟ ਹੁੰਦਾ ਜਾਣਿਆ। ਰਾਣੀ ਨੇ ਝੱਟਪੱਟ ਮਿਤ੍ਰ ਨੂੰ ਬੁਲਾ ਕੇ ਛੱਤ੍ਰ ਉਸ ਦੇ ਸਿਰ ਤੇ ਰੱਖ ਦਿੱਤਾ। ਕਹਿੰਦੀ ਰਾਜਾ ਮਰ ਗਿਆ ਹੈ ਤੇ ਹੁਣ ਮੇਰਾ ਭਰਾ ਰਾਜ ਕਰੇਗਾ । ਸਭ ਸੂਰਬੀਰਾਂ ਨੇ ਉਸ ਅੱਗੇ ਸਿਰ ਝੁਕਾ ਦਿੱਤਾ :-

*ਚੌਪਈ॥ ਸੂਰਬੀਰ ਸਭ ਪਾਇ ਲਗਾਇ ॥ ਗਾਂਉ ਗਾਂਉ ਚੌਧਰੀ ਬੁਲਾਏ ॥*
*ਦੈ ਸਿਰਪਾਉ ਬਿਦਾ ਕਰਿ ਦੀਨੇ॥ ਆਪਨ ਭੋਗ ਜਾਰ ਸੌ ਕੀਨੇ॥੧੨॥*(ਦੋਇ ਸੌ ਆਠਵੋਂ ਚਰਿਤ੍ਰ ਪੰਨਾ ੧੧੦੮)

ਪ੍ਰਜਾ ਕਹਿੰਦੀ ਕਿ ਰਾਣੀ ਨੇ ਭਰਾ ਨੂੰ ਰਾਜ ਦੇ ਕੇ ਰਾਜ ਭਾਗ ਨਸ਼ਟ ਹੋਣੋ ਬਚਾ ਲਿਆ ਹੈ :-

*ਦੋਹਰਾ ॥ ਕੇਲ ਕਰਤ ਰੀਝੀ ਅਧਿਕ ਹੇਰਿ ਤਰਨਿ ਤਰੁਨੰਗ ॥*
*ਰਾਜ ਸਾਜ ਤਾਤੇ ਦਯੋ ਇਹ ਚਰਿੱਤ੍ਰ ਕੇ ਸੰਗ ॥*
*ਨਸ਼ਟ ਹੋਤ ਤ੍ਰਿਯ ਰਾਜਿ ਲਖਿ ਕਿਯੋ ਭ੍ਰਾਤ ਕੋ ਦਾਨ ॥*
*ਲੋਗ ਮੂੜ ਐਸੇ ਕਹੈਂ ਸਕੈਂ ਨ ਭੇਦ ਪਛਾਨ ॥੧੯॥* (ਦੋਇ ਸੌ ਆਠਵੋਂ ਚਰਿਤ੍ਰ ਪੰਨਾ ੧੧੦੮)

ਨੋਟ :- ਦਸਮ ਗ੍ਰੰਥ ਦੀਆਂ ਸਿੱਖਿਆਵਾਂ ਜਿੱਥੇ ਚੰਗੇ ਸਮਾਜ ਦੇ ਢਾਂਚੇ ਦੀਆਂ ਚੂਲਾਂ ਢਿੱਲੀਆਂ ਕਰਦੀਆਂ ਹਨ ਉੱਥੇ ਉਹ ਨੌਜੁਆਨ ਪੀੜ੍ਹੀ ਨੂੰ ਚੰਗਾ ਜੀਵਨ ਜੀਊਣ ਤੋਂ ਭਟਕਾਉਂਦੀਆਂ ਹਨ। ਮਾਂ ਤੇ ਪੁੱਤ ਦੇ ਪਵਿੱਤ੍ਰ ਰਿਸਤੇ ਪਿਓ-ਧੀ ਭੈਣ ਤੇ ਭਰਾ ਦੇ ਮਹਾਂ ਪਵਿਤ੍ਰ ਰਿਸਤਿਆਂ ਨੂੰ ਇਨ੍ਹਾਂ ਰਚਨਾਵਾਂ ਵਿੱਚ ਚਕਨਾਚੂਰ ਕੀਤਾ ਗਿਆ ਹੈ । ਕਵੀ ਇਹ ਦਰਸਾਣ ਦੀ ਕੋਸ਼ਿਸ ਕਰ ਰਿਹਾ ਹੈ ਕਿ ਔਰਤ ਇਕ ਔਰਤ ਹੁੰਦੀ ਹੈ ਤੇ ਮਰਦ ਇਕ ਮਰਦ। ਜਿਵੇਂ ਜਾਨਵਰਾਂ ਦੀ ਕੋਈ ਮਾਂ ਭੈਣ ਜਾਂ ਧੀ ਨਹੀਂ ਹੁੰਦੀ ਉਨ੍ਹਾਂ ਲਈ ਆਪਸੀ ਰਿਸਤਾ ਕੋਈ ਮਤਲਬ ਨਹੀਂ ਰੱਖਦਾ ਕੇਵਲ ਕਾਮ ਦੀ ਭੁੱਖ ਤੇ ਤ੍ਰਿਪਤੀ ਹੀ ਪਰਧਾਨ ਹੈ ਉਵੇਂ ਹੀ ਇਸ ਸੰਸਾਰ ਵਿੱਚ (ਕਵੀ ਦੁਆਰਾ) ਕੋਈ ਰਿਸਤਾ ਨਹੀਂ ਹੈ । ਜਿਸ ਨਾਲ ਅਤੇ ਜਦੋਂ ਭੀ ਚਾਹੋ ਸੰਭੋਗ ਕਰ ਸਕਦੇ ਹੋ ।

ਸਾਡੇ ਮਹਾਂ ਅਪਵਿਤ੍ਰ ਪੁਜਾਰੀਆਂ ਅਤੇ ਧਰਮ ਦੇ ਠੇਕੇਦਾਰਾਂ ਸੰਤਾਂ-ਸਾਧਾਂ, ਬ੍ਰਹਮਗਿਆਨੀਆਂ-ਅਨੇਕਾਂ ਅਧਾਰਮਿਕ ਜਥੇਬੰਦੀਆਂ-ਕਈ ਸਿਆਸੀ ਲੋਕਾਂ, ਅਖੌਤੀ ਵਿਦਵਾਨਾਂ ਅਤੇ ਬੁੱਧੀ ਜੀਵੀਆਂ ਨੇ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਸਿੱਖ ਧਰਮ ਵਿੱਚ ਮਾਂ ਪੁੱਤ ਨਾਲ, ਬਾਪ ਅਪਣੀ ਧੀ ਨਾਲ, ਭਰਾ ਅਪਣੀ ਭੈਣ ਨਾਲ ਸੰਭੋਗ ਕਰ ਸਕਦਾ ਹੈ। ਇਹ ਮੰਦ ਕਰਮੀ ਵਿਸਟਾ ਦੇ ਕੀੜੇ ਬੜੀ ਨੀਚਤਾਈ ਦੀ ਹੱਦ ਤੱਕ ਜਾ ਕੇ ਜਿਥੇ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰ ਰਹੇ ਹਨ ਉਥੇ ਉਹ ਗੁਰਸਿੱਖਾਂ ਨੂੰ ਸ਼ਰਮਿੰਦਾ ਕਰਨ ਦੀ ਕੋਸ਼ਿਸ ਕਰ ਰਹੇ ਹਨ। ਸਿੱਖੀ ਭੇਖ ਧਾਰ ਚੁੱਕੇ ਇਹ ਗੰਦੇ ਲੋਕ ਸਿੱਖ ਧਰਮ ਦਾ ਬੁਨਿਆਦੀ ਢਾਂਚਾ ਲੀਰੋ

ਲੀਰ ਕਰ ਕੇ ਇਸ ਦਾ ਮਲੀਆਮੇਟ ਕਰਨਾ ਚਾਹੁੰਦੇ ਹਨ। ਅਜਿਹੀ ਹਾਲਤ ਵਿੱਚ ਗੁਰਸਿੱਖ ਕੀ ਕਰੇ ? ਇਸ ਦਾ ਵਧੀਆ ਹੱਲ ਇਹੋ ਹੈ ਕਿ ਦਸਮ ਗ੍ਰੰਥ ਦੀ ਹਮਾਇਤ ਕਰਨ ਵਾਲਿਆਂ ਨੂੰ ਗੁਰੂ ਸੰਗਤਿ ਵਿੱਚ ਦਸਮ ਗ੍ਰੰਥ ਸਮੇਤ ਸ਼ਰਮਿੰਦਾ ਕੀਤਾ ਜਾਏ ਅਤੇ ਇਸ ਪੁਸਤਕ ਦੇ ਛਾਪਣ ਤੇ ਪਾਬੰਦੀ ਲਾਈ ਜਾਏ।

**ਭਰਥਰ ਰਾਜਾ ਜਾਂ ਜੋਗੀ ? ਪੜ੍ਹੋ** ਇਲਾਕਾ : ਧਾਰਾ ਨਗਰੀ (ਦੋਇ ਸੌ ਨੌਂ ਚਰਿਤ੍ਰ ਪੰਨਾ ੧੧੦੮-੧੧੧੫)

ਪਾਤਰ : ਭਰਥਰਿ (ਜੋਗੀ), ਭਾਨਮਤੀ (ਨਾਰੀ), ਪਿੰਗੁਲ ਦੇਇ (ਦੂਜੀ ਨਾਰੀ), ਦੂਤਮਤੀ (ਦਾਸੀ) ਤੇ (ਬੇਸ੍ਵਾ) ਰੂਪਮਤੀ

ਧਾਰਾ ਨਗਰੀ ਦਾ ਰਾਜਾ ਭਰਥਰ ਜੋਗੀ ਚੌਦਾਂ ਵਿੱਦਿਆ ਵਿੱਚ ਨਿਪੁੰਨ ਬੜਾ ਬਲਵਾਨ ਤੇ ਸੂਰਬੀਰ ਸੀ। ਉਸ ਦੀਆਂ ਦੋ ਰਾਣੀਆਂ ਭਾਨਮਤੀ ਅਤੇ ਪਿੰਗੁਲ ਦੇਇ ਇਕ ਦੂਜੀ ਤੋਂ ਵੱਧ ਸੋਹਣੀਆਂ ਜਿਨ੍ਹਾਂ ਨੂੰ ਦੇਖ ਕੇ ਦੇਵਤੇ ਦੀਵਾਨੇ ਰਹਿੰਦੇ ਤੇ ਦੈਂਤ ਵਿਕ ਜਾਣ ਲਈ ਉਤਾਵਲੇ । ਇਕ ਦਿਨ ਉਹ ਸ਼ਿਕਾਰ ਖੇਡਣ ਗਿਆ-ਖੂਨ ਨਾਲ ਲਿਬੜੇ ਕੱਪੜੇ ਨੌਕਰ ਹੱਥ ਭੇਜ ਦਿੱਤੇ ਕਿ ਜਾ ਕਹੀਂ ਭਰਥਰ ਨੂੰ ਸ਼ੇਰ ਨੇ ਮਾਰ ਦਿੱਤਾ ਹੈ। ਉਸ ਦੀ ਰਾਣੀ ਪਿੰਗੁਲ ਦੇਇ ਨੇ ਜਦ ਸੁਣਿਆ ਤਾਂ ਵਿਰਲਾਪ ਕਰਦਿਆਂ ਜਲ ਮਰੀ । ਕਵੀ ਅਪਣੀ ਮੱਤ ਦੇਂਦਾ ਹੋਇਆ ਕਹਿੰਦਾ ਹੈ ਕਿ :-

*ਦੋਹਰਾ ॥ ਤ੍ਰਿਯਾ ਨ ਤਵਨ ਸਰਾਹੀਯਹਿ ਕਰਤ ਅਗਨਿ ਮੈ ਪਯਾਨ ॥*
*ਧੰਨਯ ਧੰਨਯ ਅਬਲਾ ਤੇਈ ਬਧਤ ਬਿਰਹ ਕੇ ਬਾਨ ॥੭॥* (ਦੋਇ ਸੌ ਨੌ ਚਰਿਤ੍ਰ ਪੰਨਾ ੧੧੦੮)

ਜਦ ਉਹ ਸ਼ਿਕਾਰ ਖੇਡ ਕੇ ਘਰ ਆਇਆ ਤਾਂ ਪਤਾ ਚਲਿਆ ਕਿ ਵਿਰਲਾਪ ਕਰਦੀ ਪਿੰਗੁਲ ਦੇਇ ਸੜ ਮਰੀ ਹੈ ਉਸ ਨੇ ਭੀ ਕੰਧਾਂ ਨਾਲ ਸਿਰ ਮਾਰ ਮਾਰ ਕੇ ਪਿੱਟਣਾ ਸੁਰੂ ਕਰ ਦਿੱਤਾ ਕਹਿੰਦਾ ਮੈਂ ਢਿੱਡ ਚ ਕਟਾਰੀ ਮਾਰ ਕੇ ਮਰ ਜਾਵਾਂਗਾ ਜਾਂ ਫਿਰ ਜੋਗੀ ਹੋ ਜਾਵਾਂਗਾ। ਮੇਰਾ ਇਸ ਜੱਗ ਤੇ ਪਿੰਗੁਲਾ ਤੋਂ ਬਿਨਾਂ ਜੀਉਣਾ ਧ੍ਰਿਗ ਹੈ। ਉਸ ਦੀ ਹਾਲਤ ਪਾਗਲਾਂ ਜਿਹੀ ਹੋ ਗਈ ਉਸ ਨੇ ਕੀਮਤੀ ਬਸਤ੍ਰ ਤੇ ਗਹਿਣੇ ਤਿਆਗ ਦਿੱਤੇ । ਉਸ ਨੇ ਹੱਥ ਚ ਸਿੰਧੋਰਾ ਲਿਆ (ਨਾਰੀਅਲ) ਅਤੇ ਪਿੰਗੁਲ ਦੀ ਖਾਤਰ ਸੜਨ ਨੂੰ ਤਿਆਰ ਹੋ ਗਿਆ। ਕਹਿੰਦਾ ਜਦ ਤੱਕ ਇਹ ਔਰਤ ਜੀਅ ਨਹੀਂ ਪੈਂਦੀ ਉਦੋਂ ਤੱਕ ਭਰਥਰ ਪਾਣੀ ਨਹੀਂ ਪੀਏਗਾ ।

*ਚੌਪਈ ॥ ਹੋ ਹਠਿ ਹਾਥ ਸਿੰਧੌਰਾ ਧਰਿਹੌ ॥ ਪਿੰਗੁਲ ਹੇਤ ਅਗਨਿ ਮਹਿ ਜਰਿਹੌ ॥*
*ਕੋ ਇਹ ਆਜ ਚੰਚਲਾ ਜੀਯੈ ॥ ਤਬ ਭਰਥਰ ਪਾਨਿ ਕੌ ਪੀਯੈ ॥੧੪॥*(ਦੋਇ ਸੌ ਨੌ ਚਰਿਤ੍ਰ ਪੰਨਾ ੧੧੦੯)

ਤਦ ਉਥੇ ਗੋਰਖਨਾਥ ਪੁੱਜਾ ਕਹਿੰਦਾ ਲੈ ਮੈਂ ਤੇਰੀ ਰਾਣੀ ਜਿੰਦਾ ਕਰਦਾ ਹਾਂ ਉਸ ਦੇ ਕਈ ਸਰੂਪ ਹੋਣਗੇ ਤੂੰ ਇਕ ਚੁਣ ਲਵੀਂ । ਭਰਥਰ ਨੇ ਜਿਸ ਨੂੰ ਭੀ ਤੱਕਿਆ ਉਸ ਨੂੰ ਓਹੀ ਪਿੰਗੁਲਾ ਲੱਗੇ । ਇਉਂ ਕਹਿ ਕੇ ਗੋਰਖਨਾਥ ਉਥੋਂ ਚਲੇ ਗਿਆ। ਉਧਰ ਭਾਨਮਤੀ ਦੇ ਚਿੱਤ ਨੂੰ ਇਕ ਚੰਡਾਰ (ਚੰਡਾਲ) ਨੇ ਚੁਰਾ ਲਿਆ। ਉਸ ਨੇ ਉਸੇ ਦਿਨ ਤੋਂ ਭਰਥਰ ਨੂੰ ਭੁਲਾ ਦਿੱਤਾ ਤੇ ਚੰਡਾਲ ਦੀ ਦੀਵਾਨੀ ਹੋ ਗਈ। ਉਸ ਨੇ ਦੂਤ ਮਤੀ ਦਾਸੀ ਨੂੰ ਮਿਤ੍ਰ ਪਾਸ ਮਨ ਦੀ ਬਿਰਥਾ ਦੱਸ ਕੇ ਭੇਜਿਆ। ਜਦ ਉਹ ਉਸ ਨੂੰ ਮਿਲ ਕੇ ਆਈ ਤਾਂ ਪੁੱਛਿਆ ਕਿ ਕੱਦ ਮੇਰਾ ਪ੍ਰੇਮੀ ਮੇਰੇ ਮਨ ਤੇ ਤਨ ਨੂੰ ਖੁਸ਼ ਕਰੇਗਾ।

*ਅੜਿੱਲ ॥ ਕਹੁ ਨ ਸਹਚਰੀ ਸਾਚੁ ਸਜਨੁ ਕਬ ਆਇ ਹੈ ॥ ਜੋਰ ਨੈਨ ਸੌ ਨੈਨ ਕਬੈ ਮੁਸਕਾਇ ਹੈ ॥*
*ਲਪਟਿ ਲਪਟਿ ਕਰਿ ਜਾਉ ਲਲਾ ਸੌ ਤੌਨ ਛਿਨ॥ ਹੋ ਕਹੋ ਸਖੀ ਮੁਹਿ ਮੀਤ ਕਬੈ ਹੈ ਕਵਨ ਦਿਨ॥੨੦॥*
(ਦੋਇ ਸੌ ਨੌਂ ਚਰਿਤ੍ਰ ਪੰਨਾ ੧੧੦੯-੧੧੧੦)

ਜੇਕਰ ਝੱਟ ਪੱਟ ਸੱਜਣ ਆ ਕੇ ਮਿਲ ਜਾਏ ਤਾਂ ਮੇਰੇ ਮਨ ਨੂੰ ਉਸੇ ਵਕਤ ਚੁਰਾ ਸਕਦਾ ਹੈ । ਮੈਂ ਉਸ ਨਾਲ ਭਾਂਤਿ ਭਾਂਤਿ ਦੇ ਭੋਗ ਕਰਾਂਗੀ ਤੇ ਇਕ ਛਿਨ ਵਾਸਤੇ ਭੀ ਨਹੀਂ ਛੱਡਾਂਗੀ। ਜੇਕਰ ਇਉਂ ਪਿਆਰ ਦੀ ਪੀਂਘ ਝੁਟਦਿਆਂ ਪੰਜਾਹ ਮਹੀਨੇ ਭੀ ਬੀਤ ਜਾਣ ਤਾਂ ਮੈਂ ਸਮਝਾਂਗੀ ਕਿ ਹਾਲੇ ਕੇਵਲ ਇਕ ਦਿਨ ਬੀਤਿਆ ਹੈ ਕਵੀ ਜਨ ਭਾਵੇਂ ਮਚਕਿ ਮਚਕਿ ਕੇ (ਜਾਬਾਂ ਦੇ ਭੇੜ) ਗੱਲਾਂ ਬੁਣਾਉਂਦੇ ਨਹੀਂ ਥੱਕਦੇ ਕਿ ਕਿਵੇਂ ਲਚਕਿ ਲਚਕਿ ਕੇ ਦਿਲ ਨਾਲ ਜੋੜ ਕੇ ਆ ਚਿਮਟੇ । ਮੇਰਾ ਦਿਲ ਕਰਦਾ ਹੈ ਕਿ ਮੈਂ ਅਪਣੇ ਪ੍ਰੀਤਮ ਦੇ ਨਾਲ ਲਪਟਿ ਜਾਵਾਂ ਤੇ ਉਸ ਨੂੰ ਅਪਣੇ ਮਨ ਨਾਲ ਮੇਲ ਮੇਲ ਕੇ ਰੱਖਾਂ।

*ਜੌ ਐਸੇ ਝਰਿ ਮਿਲੈ ਸਜਨ ਸਖਿ ਆਇਕੈ ॥ ਮੋ ਮਨ ਕੌ ਲੈ ਤਬ ਹੀ ਜਾਇ ਚੁਰਾਇਕੈ ॥*
*ਭਾਂਤਿ ਭਾਂਤਿ ਰਤਿ ਕਰੌ ਨ ਛੋਰੋ ਏਕ ਛਿਨ ॥ ਹੋ ਬੀਤੈ ਮਾਸ ਪਚਾਸਨ ਜਾਨੌ ਏਕ ਦਿਨ ॥੨੩॥*
*ਮਚਕਿ ਮਚਕਿ ਕਬ ਕਹਿ ਹੈਂ ਬਚਨ ਬਨਾਇਕੈ ॥ ਲਚਕਿ ਲਚਕਿ ਉਰ ਸਾਥ ਚਿਮਟਿ ਹੈ ਆਇਕੈ ॥*
*ਲਪਟਿ ਲਪਟਿ ਮੈ ਜਾਉ ਪ੍ਰਿਯ ਕੇ ਅੰਗ ਤਨ ॥ ਹੋ ਮੇਲ ਮੇਲ ਕਰਿ ਰਾਖੌ ਭਤਿਰ ਤਾਹਿ ਮਨ ॥੨੪॥*
(ਦੋਇ ਸੌ ਨੌਂ ਚਰਿਤ੍ਰ ਪੰਨਾ ੧੧੧੦)

ਰਾਣੀ ਦੇ ਮਨ ਦੀ ਬਿਰਥਾ ਸੁਣ ਕੇ ਸਖੀ ਮਿਤ੍ਰ ਪਾਸ ਗਈ। ਉਸ ਨੂੰ ਬਹੁਤ ਢੰਗਾਂ ਦੀ ਸਿੱਖਿਆ ਦੇ ਕੇ ਨਵੇਂ ਬਸਤ੍ਰ ਪੁਆ ਕੇ ਰਾਣੀ ਪਾਸ ਲਿਆਂਦਾ ।

*ਮਨ ਭਾਵਤ ਜਬ ਮੀਤ ਤਰੁਨਿ ਤਿਨ ਪਾਇਯੋ ॥ ਭਾਂਤਿ ਭਾਂਤਿ ਤਾਕੌ ਗਹਿ ਗਰੇ ਲਗਾਇਯੋ ॥*
*ਆਸਨ ਚੁੰਬਨ ਕਰੇ ਹਰਖ ਉਪਜਾਇਕੈ ॥ ਹੋ ਤਵਨ ਸਖੀ ਕੋ ਦਾਰਿਦ ਸਕਲ ਮਿਟਾਇਕੈ ॥੨੭॥*
(ਦੋਇ ਸੌ ਨੌਂ ਚਰਿਤ੍ਰ ਪੰਨਾ ੧੧੧੦)

ਬਾਮ੍ਹਣ ਨੇ ਦੁਰਗਾ ਦੀ ਪੂਜਾ ਕਰ ਕੇ ਉਸ ਨੂੰ ਰਿਝਾਇਆ। ਉਸ ਦੇ ਹੱਥ ਤੋਂ ਉਸ ਨੂੰ ਅਮਰਫੱਲ ਪ੍ਰਾਪਤ ਹੋਇਆ। ਉਹ ਇਹ ਫਲ ਲੈ ਕੇ ਰਾਜਾ ਭਰਥਰ ਪਾਸ ਗਿਆ ਕਹਿੰਦਾ ਜਦ ਤੱਕ ਪ੍ਰਿਥਵੀ ਅਕਾਸ਼ ਹੈ ਤੂੰ ਜਿੰਦਾ ਰਹੇਂਗਾ। ਭਰਥਰ ਨੇ ਇਹ ਫਲ ਲੈ ਕੇ ਅਪਣੀ ਔਰਤ ਭਾਨਮਤੀ ਨੂੰ ਦੇ ਦਿੱਤਾ ਤੇ ਭਾਨਮਤੀ ਨੇ ਅਪਣੇ ਮਿਤ੍ਰ ਨੂੰ ਕਿ ਇਹ ਹਮੇਸਾਂ ਜਵਾਨ ਰਹੇਗਾ ਤੇ ਚੰਗੀ ਤਰ੍ਹਾਂ ਮੇਰੇ ਨਾਲ ਕਲੋਲਾਂ ਕਰ ਸਕੇਗਾ। ਚੰਡਾਲ ਨੇ ਇਹ ਅਪਣੀ ਮਿਤ੍ਰ ਇਕ ਬੇਸ੍ਵਾ ਨੂੰ ਦੇ ਦਿੱਤਾ।

ਬੇਸ੍ਵਾ ਭਰਥਰ ਦਾ ਹੁਸਨ ਦੇਖ ਕੇ ਰੀਝ ਗਈ ਉਸ ਨੇ ਓਹੀ ਫਲ ਰਾਜਾ ਭਰਥਰ (ਜੋਗੀ) ਨੂੰ ਦੇ ਦਿੱਤਾ। ਰਾਜਾ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਇਹ ਫੱਲ ਤਾਂ ਮੈਂ ਅਪਣੀ ਔਰਤ ਨੂੰ ਦਿੱਤਾ ਸੀ । ਉਸ ਨੇ ਬੇਸ੍ਵਾ ਨੂੰ ਨੇੜੇ ਬੁਲਾ ਕੇ ਪੁੱਛਿਆ ਬਈ ਸੱਚ ਦੱਸ ਤੈਨੂੰ ਇਹ ਫਲ ਕਿਵੇਂ ਮਿਲਿਆ । ਉਹ ਕਹਿੰਦੀ ਤੂੰ ਅਪਣੀ ਔਰਤ ਨੂੰ ਦਿੱਤਾ-ਤੇਰੀ ਔਰਤ ਨੇ ਚੰਡਾਲ ਨਾਲ ਦੋਸਤੀ ਕਰ ਕੇ ਉਸ ਨੂੰ ਦਿੱਤਾ-ਮੈਂ ਚੰਡਾਲ ਨਾਲ ਇਸ਼ਕ ਕੀਤਾ ਉਸ ਨੇ ਮੈਨੂੰ ਤੇ ਹੁਣ ਮੈਂ ਤੇਰੇ ਨਾਲ ਭੋਗ ਕਰ ਕੇ ਮਨ ਦੀ ਖੁਸ਼ੀ ਲਈ ਤੇ ਮੈਂ ਤੈਨੂੰ ਦੇ ਦਿੱਤਾ ।

*ਧੰਨਯ ਧੰਨਯ ਤਾਕੌ ਤਬ ਨ੍ਰਿਪਤਿ ਉਚਾਰਿਯੋ ॥ ਭਾਂਤਿ ਭਾਂਤਿ ਸੌ ਤਾਕੇ ਸੰਗ ਬਿਹਾਰਿਯੋ ॥*
*ਲਪਟਿ ਲਪਟਿ ਬੇਸ੍ਵਾ ਹੂੰ ਗਈ ਬਨਾਇਕੈ ॥ ਹੋ ਅਪ੍ਰਮਾਨ ਦੁਤਿ ਹੇਰਿ ਰਹੀ ਉਰਝਾਇ ਕੈ॥੩੯॥*
*ਮਨ ਭਵੰਤੋ ਮੀਤ ਜਵਨ ਦਿਨ ਪਾਈਯੈ ॥ ਤਵਨ ਘਰੀ ਕੇ ਪਲ ਪਲ ਬਲਿ ਬਲਿ ਜਾਈਯੈ ॥*
*ਲਪਟਿ ਲਪਟਿ ਕਰਿ ਤਾਸੌ ਅਧਿਕ ਬਿਹਾਰੀਯੈ॥ ਹੋ ਤਤਖਿਨ ਦ੍ਰਪ ਕੰਦ੍ਰਪ ਕੋ ਸਕਲ ਨਿਵਾਰੀਯੈ॥੪੦॥*

(ਦੋਇ ਸੌ ਨੌਂ ਚਰਿਤ੍ਰ ਪੰਨਾ ੧੧੧੧)

ਭਰਥਰ ਕਹਿੰਦਾ ਮੈਂ ਐਨਾ ਸੋਹਣਾ ਤਾਂ ਨਹੀਂ ਪਰ ਫਿਰ ਭੀ ਤੂੰ ਮੇਰੇ ਨਾਲ ਇਸ਼ਕ ਕੀਤਾ ਹੈ । ਜਿਸ ਦੀ ਜੱਗ ਜਿਆਦਾ ਚਾਹਨਾ ਕਰਦਾ ਹੈ ਉਹ ਤਮੰਨਾ ਮੈਂ ਤੇਰੀ ਚੰਗੀ ਤਰ੍ਹਾਂ ਪੂਰੀ ਨਾ ਕਰ ਸਕਿਆ । ਤੂੰ ਮੈਨੂੰ ਇਹ ਫਲ ਦੇ ਕੇ ਅਪਣਾ ਗੁਲਾਮ ਬਣਾ ਲਿਆ ਹੈ । ਭਰਥਰ ਜੋਗੀ ਕਹਿੰਦਾ ਲੱਖ ਲਾਹਨਤ ਹੈ ਮੇਰੇ ਤੇ ਮੈਂ ਇਹ ਫਲ ਅਪਣੀ ਔਰਤ ਨੂੰ ਦਿੱਤਾ ਤੇ ਉਸ ਨੇ ਤੈਨੂੰ ਦਿੱਤਾ । ਉਸ ਨੇ ਇਹ ਫਲ ਅੱਧਾ ਆਪ ਖਾਧਾ ਤੇ ਅੱਧਾ ਰੂਪਮਤੀ ਬੇਸ੍ਵਾ ਨੂੰ ਖਾਣ ਲਈ ਦਿੱਤਾ। ਔਰਤ ਨੂੰ ਯਾਰ ਸਮੇਤ ਪਕੜ ਕੇ ਹਜਾਰ ਟੁਕੜੇ ਕਰ ਕੇ ਮਾਰ ਦਿੱਤਾ । ਧੰਨ ਪਦਾਰਥ ਸਭ ਦਾ ਤਿਆਗ ਕਰਕੇ ਜੋਗੀ ਬਣ ਗਿਆ ।

*ਸਵੈਯਾ ॥ ਅਧਿਕ ਆਪੁ ਭਖਯੋ ਨ੍ਰਿਪ ਲੈ ਫਲ ਆਧਿਕ ਰੂਪਮਤੀ ਕਹ ਦੀਨੋ ॥*
*ਯਾਰ ਕੈ ਟੂਕ ਹਜਾਰ ਕਰੇ ਗਹਿ ਨਾਰਿ ਭਿਟਯਾਰ ਤਿਨੈ ਬਧਿ ਕੀਨੋ ॥*
*ਭੌਨ ਭੰਡਾਰ ਬਿਸਾਰ ਸਭੈ ਕਛੁ ਰਾਮ ਕੋ ਨਾਮੁ ਹ੍ਰਿਦੈ ਦ੍ਰਿੜ ਚੀਨੋ ॥*
*ਜਾਇ ਬਸਯੋ ਤਬ ਹੀ ਬਨ ਮੈ ਨ੍ਰਿਪ ਭੇਸ ਕੋ ਤਯਾਗ ਜੁਗੇਸ ਕੋ ਲੀਨੋ ॥੪੫॥*

(ਦੋਇ ਸੌ ਨੌਂ ਚਰਿਤ੍ਰ ਪੰਨਾ ੧੧੧੨)

ਬਨ ਵਿੱਚ ਉਹ ਗੋਰਖ ਨਾਥ ਨੂੰ ਮਿਲਿਆ ਤੇ ਉਸ ਤੋਂ ਅੰਮ੍ਰਿਤ ਪ੍ਰਾਪਤ ਕੀਤਾ। ਭਰਥਰ ਨੇ ਕਈ ਸਵਾਲ ਗੋਰਖ ਨਾਥ ਨੂੰ ਕੀਤੇ ਕਿ ਕੌਣ ਮਰਦਾ ਹੈ ਤੇ ਕੌਣ ਮਾਰਦਾ ਹੈ ? ਕੌਣ ਰੋਂਦਾ ਹੈ ਤੇ ਕੌਣ ਹੱਸਦਾ ਹੈ ਤੇ ਕੌਣ ਬੁਢਾਪੇ ਨੂੰ ਜਿੱਤਦਾ ? ਗੋਰਖ ਨਾਥ ਕਹਿੰਦਾ ਕਿ ਸੱਤਿ, ਝੂਠ ਤੇ ਹੰਕਾਰ ਨੂੰ ਮਾਰਦਾ ਹੈ ਬੋਲਣਹਾਰਾ (ਆਤਮਾ) ਕਦੇ ਨੀ ਮਰਦਾ । ਕਾਲ ਮਰਨ ਨਾਲ ਕਾਯਾਂ ਮਰ ਜਾਂਦੀ ਹੈ ਤੇ ਕਾਲ ਹੀ ਉਚਾਰਣ ਕਰਦਾ ਹੈ । ਜੀਭ ਉਸ ਦੇ ਗੁਣਾਂ ਦਾ ਵਰਨਣ ਨਹੀਂ ਕਰ ਸਕਦੀ ਕੰਨਾਂ ਦੁਆਰਾ ਉਸ ਨੂੰ ਸੁਣਦੇ ਹਾਂ। ਕਾਲ ਹੀ ਅੱਖਾਂ ਹੋ ਕੇ ਸਭ ਨੂੰ ਦੇਖਦਾ ਹੈ, ਕਾਲ ਹੀ ਮੂੰਹ ਹੋ ਕੇ ਬੋਲਦਾ ਹੈ, ਕਾਲ, ਕਾਲ ਨੂੰ ਹੀ ਮਾਰਦਾ ਹੈ ਭੁੱਲੇ ਮਨੁੱਖ ਭਰਮਾਂ ਵਿੱਚ ਫਸੇ ਹਨ । ਕਾਲ ਹੀ ਹੱਸਦਾ ਤੇ ਕਾਲ ਹੀ ਰੋਂਦਾ ਹੈ ਤੇ ਬੁਢਾਪੇ ਨੂੰ ਜਿੱਤਦਾ ਹੈ । ਕਾਲ ਦੇ ਕਾਰਣ ਹੀ ਮਨੁੱਖ ਜੰਮਦਾ ਤੇ ਮਰਦਾ ਹੈ । ਓਹੋ ਇਕ ਬੋਲਹਾਰਾ ਨਹੀਂ ਮਰਦਾ ।ਆਸਾ ਚ ਜਿਊਂਦਿਆਂ ਸਭ ਜਗ ਮਰ ਜਾਂਦਾ ਹੈ ਅਜਿਹਾ ਕੌਣ ਹੈ ਜਿਸ ਨੇ ਆਸਾ ਦਾ ਤਿਆਗ ਕੀਤਾ ਹੋਇ ? ਜੋ ਮਨੁੱਖ ਆਸਾ ਤਿਆਗਦਾ ਹੈ ਓਹੀ ਹਰਿ ਕੇ ਪਾਇਨ ਲੱਗਦਾ ਹੈ । ਗੱਲਾਂ ਤਾਂ ਹੋਰ ਭੀ ਬਥੇਰੀਆਂ ਹਨ ਪਰ ਮੈਂ ਗ੍ਰੰਥ ਵੱਡਾ ਨਾ ਹੋ ਜਾਏ ਇਸ ਦੇ ਡਰ ਕਾਰਣ ਕਥਾ ਨੂੰ ਹੋਰ ਵੱਡਾ ਨਹੀਂ ਕਰ ਰਿਹਾ । ਜੇਕਰ ਕੋਈ ਭੁੱਲ ਹੋਏ ਤਾਂ ਠੀਕ ਕਰ ਲੈਣੀ ।

*ਚੌਪਈ ॥ ਯਾਤੇ ਮੈਂ ਬਿਸਥਾਰ ਨ ਕਰੌ ॥ ਗ੍ਰੰਥ ਬਢਨ ਤੇ ਅਤਿ ਚਿਤ ਡਰੌ ॥*
*ਤਾਤੇ ਕਥਾ ਨ ਅਧਿਕ ਬਢਾਈ ॥ ਭੂਲ ਪਰੀ ਤਹ ਲੇਹੁ ਬਨਾਈ ॥੬੦॥* (ਦੋਇ ਸੌ ਨੌਂ ਚਰਿਤ੍ਰ ਪੰਨਾ ੧੧੧੩)

ਗੋਰਖ ਨਾਥ ਨਾਲ ਵਾਰਤਾਲਾਪ ਹੋਣ ਤੋਂ ਬਾਦ ਰਾਜਾ ਦੀ ਦੁਰਮਤਿ ਸਭ ਦੂਰ ਹੋ ਗਈ। ਗਿਆਨ ਲੈ ਕੇ ਉਹ ਇਸ ਤਰ੍ਹਾਂ ਹੋ ਗਿਆ ਜਿਵੇਂ ਜਲ, ਜਲ ਵਿੱਚ ਮਿਲ ਜਾਂਦਾ ਹੈ । ਬਹੁਤ ਸਾਲ ਬੀਤ ਜਾਣ ਤੋਂ ਬਾਦ ਭਰਥਰ ਅਪਣੇ

ਦੇਸ ਗਿਆ। ਉਸ ਨੂੰ ਇਕ ਇਸਤ੍ਰੀ ਨੇ ਦੇਖ ਕੇ ਰਾਣੀਆਂ ਨੂੰ ਦੱਸ ਦਿੱਤਾ । ਰਾਣੀਆਂ ਨੇ ਉਸ ਦੇ ਪੈਰੀਂ ਪੈ ਕੇ ਬੜਾ ਵਰਲਾਪ ਕੀਤਾ ਕਹਿੰਦੀਆਂ ਤੂੰ ਜੋਗ ਕਮਾ ਲਿਆ ਹੈ ਹੁਣ ਘਰ ਰਹੋ ਜਾਂ ਫਿਰ ਸਾਨੂੰ ਸਭ ਨੂੰ ਮਾਰ ਕੇ ਜੰਗਲ ਜਾਓ। ਭਰਥਰ ਕਹਿੰਦਾ ਜੋਬਨ ਦੀ ਮਾਣਮੱਤੀ ਜਿਹੜੀ ਰਾਣੀ ਹੰਕਾਰ ਕਰਦੀ ਹੈ ਉਸ ਦਾ ਹੁਸਨ ਢਲ ਜਾਣ ਬਾਦ ਹੰਕਾਰ ਖਤਮ ਹੋ ਜਾਂਦਾ ਹੈ । ਇਕ ਰਾਣੀ ਨੇ ਭਰਥਰ ਨੂੰ ਸਮਝਾਇਆ ਕਿ ਮੈਨੂੰ ਗੋਰਖ ਨਾਥ ਸੁਪਨੇ ਵਿੱਚ ਕਹਿ ਗਿਆ ਹੈ ਕਿ ਜਦ ਤੱਕ ਇਹ ਔਰਤ ਜਿੰਦਾ ਹੈ ਉਦੋਂ ਤੱਕ ਤੁਸੀਂ ਰਾਜ ਕਰੋ । ਜਦ ਇਹ ਸਭ ਮਰ ਜਾਣ ਫਿਰ ਜੰਗਲ ਦਾ ਰਾਹ ਫੜੀਂ। ਔਰਤ ਦੀ ਗੱਲ ਭਰਥਰ ਨੇ ਮੰਨ ਕੇ ਘਰ ਰਹਿਣ ਦਾ ਮਨ ਬਣਾ ਲਿਆ। ਜਦ ਦੁਬਾਰਾ ਪਿੰਗੁਲ ਦੇਇ ਮਰ ਗਈ ਫਿਰ ਜੰਗਲ ਨੂੰ ਚਲੇ ਗਿਆ।

ਨੋਟ :- ਮੈਂ ਭੀ ਡਰਦਾ ਹਾਂ ਕਿ ਗੱਲ ਲੰਮੀ ਨਾ ਹੋ ਜਾਏ। ਗੁਰੂ ਨਾਨਕ ਦੇਵ ਜੀ ਨੂੰ ਭਰਥਰ ਨਾਂ ਦਾ ਜੋਗੀ ਮਿਲਿਆ ਜੋ ਬੜਾ ਵਿਦਵਾਨ ਤੇ ਚੰਗੇ ਅਸਰ ਰਸੂਖ ਵਾਲਾ ਸੀ । ਇਤਿਹਾਸ ਕਾਰ ਇਹ ਭੀ ਲਿਖਦੇ ਹਨ ਕਿ ਭਰਥਰ ਜੋਗੀ ਗੁਰੂ ਨਾਨਕ ਦੇਵ ਜੀ ਤੋਂ ਕਈ ਸੌ ਸਾਲ ਪਹਿਲਾਂ ਹੋਇਆ ਤੇ ਇਹ ਭਰਥਰ ਉਸੇ ਦੀ ਗੱਦੀ ਦਾ ਗੱਦੀਦਾਰ ਹੈ । ਸਚਾਈ ਭਾਵੇਂ ਕੁੱਝ ਭੀ ਹੋਏ ਗੁਰੂ ਨਾਨਕ ਦੇਵ ਜੀ ਨੂੰ ਭੰਗਰ ਨਾਥ-ਚਰਪਟ-ਲੋਹਾਰੀਪਾ ਤੇ ਭਰਥਰ ਜੋਗੀ ਮਿਲੇ ਅਤੇ ਉਨ੍ਹਾਂ ਗੁਰੂ ਨਾਨਕ ਪਾਤਸ਼ਾਹ ਨਾਲ ਵੱਡੀ ਗੋਸਟਿ ਕੀਤੀ। ਗੁਰੂ ਨਾਨਕ ਪਾਤਸ਼ਾਹ ਨੇ ਭਰਥਰ ਜੋਗੀ ਨੂੰ ਨਸ਼ਿਆਂ ਦਾ ਤਿਆਗ ਕਰਨ ਦਾ ਉਪਦੇਸ ਦਿੱਤਾ ਤੇ ਅੰਮ੍ਰਿਤ ਦੀ ਅਸਲੀ ਵਿਆਖਿਆ ਸਮਝਾਈ (ਵਿਸਥਾਰ ਸਹਿਤ ਜਾਣਕਾਰੀ ਲਈ ਰਾਗ ਆਸਾ ਮ:੧ ਪੰਨਾ 360 ਤੇ ਗੁਰੂ ਨਾਨਕ ਦਾ ਸਬਦ ਗੁੜ ਕਰਿ ਗਿਆਨ ......॥ ਪੜ੍ਹੋ ਤੇ ਸਮਝੋ) ਦਸਮ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਹਿਬ ਜਰੂਰ ਪੜ੍ਹਿਆ ਤੇ ਵਿਚਾਰਿਆ ਹੋਏਗਾ। ਅਪਣੇ ਪਿਤਾ ਤੋਂ ਲੈ ਕੇ ਪੜਦਾਦਾ ਜੀ ਗੁਰੂ ਅਰਜਨ ਦੇਵ ਜੀ ਤੱਕ ਦਾ ਸਫਰ ਭੀ ਉਨ੍ਹਾਂ ਪੜ੍ਹਿਆ ਤੇ ਸੁਣਿਆ ਹੋਏਗਾ । ਗੁਰੂ ਗੋਬਿੰਦ ਸਿੰਘ ਜੀ ਕਦੇ ਭੀ ਇਤਨੀ ਮਹਾਨ ਸਖਸ਼ੀਅਤ ਦਾ ਗੰਦੀ ਭਾਸ਼ਾ ਵਿੱਚ ਅਪਮਾਨ ਨਹੀਂ ਕਰ ਸਕਦੇ । ਅਜਿਹਾ ਕਰਮ ਤਾਂ ਕੋਈ ਮਹਾਂ ਨੀਚ ਕਰ ਸਕਦਾ ਹੈ ਜਾਂ ਉਸ ਦੇ ਜੀਵਨ ਨਾਲ ਈਰਖਾ ਰੱਖਣ ਵਾਲਾ। ਸਾਫ ਜ਼ਾਹਿਰ ਹੈ ਕਿ ਮਨ ਦੀ ਘਟੀਆ ਸੋਚ ਸਦਕਾ ਲੇਖਕ ਉਸ ਦੇ ਨਿੱਜੀ ਜੀਵਨ ਤੇ ਪ੍ਰੀਵਾਰਕ ਜੀਵਨ ਨੂੰ ਪਬਲਿਕ ਸਾਮ੍ਹਣੇ ਇਕ ਘਟੀਆ ਪੱਧਰ ਦਾ ਪੇਸ਼ ਕਰ ਕੇ ਦੱਸਣਾ ਚਾਹੁੰਦਾ ਹੈ ਕਿ ਇਹ ਕੋਈ ਬਹੁਤਾ ਦਿਮਾਗਦਾਰ ਬੰਦਾ ਨਹੀਂ ਸੀ। ਸਿੱਧਾਂ ਦੁਆਰਾ ਪੁੱਛੇ ਗੁਰੂ ਨਾਨਕ ਨੂੰ ਸਵਾਲ ਅਤੇ ਗੁਰੂ ਜੀ ਦੁਆਰਾ ਦਿੱਤੇ ਜੁਵਾਬਾਂ ਨੂੰ ਇੱਥੇ ਤੋੜ ਮਰੋੜ ਕੇ ਗੋਰਖ ਨਾਥ ਅਤੇ ਭਰਥਰ ਵਿਚਕਾਰ ਹੋਈ ਵਾਰਤਾਲਾਪ ਦਰਸਾਇਆ ਹੈ । ਕਾਵਿ ਰਚਨਾਂ ਨੂੰ ਪੜ੍ਹ ਕੇ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਦਸਮ ਗ੍ਰੰਥ ਦੇ ਲੇਖਕਾਂ ਦੀ ਸੋਚ ਸਿੱਖ ਧਰਮ ਨਾਲ ਮੇਲ ਨਹੀਂ ਖਾਂਦੀ ਅਤੇ ਇਸ ਗ੍ਰੰਥ ਦੇ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ। ਸਿੱਖ ਧਰਮ ਰੱਬ ਨੂੰ ਸ੍ਰਿਸਟਿ ਦਾ ਕਰਤਾ ਮੰਨਦਾ ਹੈ । ਸਿੱਖ ਧਰਮ ਦਾ ਵਿਸ਼ਵਾਸ ਹੈ ਕਿ ਰੱਬ ਹੀ ਸਭ ਜੀਵਾਂ ਦੀ ਪ੍ਰਤਿਪਾਲਨਾ ਕਰਦਾ ਹੈ-ਓਹੀ ਸਭ ਨੂੰ ਮਾਰਦਾ ਹੈ। ਉਸ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਪਰ ਦਸਮ ਗ੍ਰੰਥ ਰੱਬ ਦੀ ਹੋਂਦ ਹੀ ਨਹੀਂ ਮੰਨਦੀ ਉਹ ਕਾਲ ਨੂੰ ਹੀ ਰੱਬ ਮੰਨਦਾ ਹੈ ਜਦ ਕਿ ਸਿੱਖ ਧਰਮ ਕਾਲ ਨੂੰ ਇਕ ਮਾਮੂਲੀ ਦੇਵਤਾ।

ਪਾਤਰ : ਸਰਸ ਸਿੰਘ (ਰਾਵ) ਤੇ ਚੰਚਲ ਕੁਅਰਿ (ਨਾਰੀ) ਦੇਸ : ਮਗਧ (ਦੋਇ ਸੌ ਦਸ ਚਰਿਤ੍ਰ ਪੰਨਾ ੧੧੧੫-੧੧੧੬)

**ਇਸ਼ਕ ਨੇ ਕੀਤੇ ਪੁੱਠੇ ਕਾਰੇ** : ਮਗਧ ਦੇਸ ਦੇ ਬਡਭਾਗੀ ਰਾਜੇ ਸਰਸ ਸਿੰਘ ਦੀ ਰਾਣੀ ਚੰਚਲ ਕੁਅਰਿ ਮਾਨੋ ਰੱਬ ਨੇ ਆਪ ਘੜੀ ਹੋਏ। ਉਸ ਨੇ ਇਕ ਸੁੰਦਰ ਨੌਕਰ ਦੇਖਿਆ ਤੇ ਉਸ ਦੀ ਦੀਵਾਨੀ ਹੋ ਗਈ। ਉਸ ਨੇ ਕ੍ਰੋੜਾਂ ਜਤਨ ਕਰ ਕੇ ਘਰ ਬੁਲਾ ਲਿਆ ।

*ਜਬੈ ਕੁਅਰਿ ਤਿਨ ਲਖਯੋ ਸਜਨ ਘਰ ਆਇਯੋ ॥*
*ਚੰਚਲ ਕੁਅਰਿ ਬਚਨ ਇਹ ਭਾਂਤਿ ਸੁਨਾਇਯੋ ॥*
*ਕਾਮ ਭੋਗ ਮੁਹਿ ਸਾਥ ਕਰੋ ਤੁਮ ਆਇ ਕਰਿ ॥*
*ਹੋ ਚਿਤ ਕੋ ਸਭ ਹੀ ਦੀਜੈ ਸ਼ੋਕ ਮਿਟਾਇ ਕਰਿ ॥੪॥* (ਦੋਇ ਸੌ ਦਸ ਚਰਿਤ੍ਰ ਪੰਨਾ ੧੧੧੫)

ਨੌਕਰ ਨੇ ਸੋਚਿਆ ਜੇਕਰ ਮੈਂ ਰਾਣੀ ਨਾਲ ਭੋਗ ਕਰਾਂਗਾ ਤਾਂ ਕੁੰਭੀ ਨਰਕ ਬੀਚ ਪਵਾਂਗਾ (ਸਿੱਖ ਧਰਮ ਸਵਰਗ ਤੇ ਨਰਕ ਦੀ ਹੋਂਦ ਨਹੀਂ ਕਬੂਲਦਾ) ਉਸ ਨੇ ਮੰਦਾ ਕਰਮ ਕਰਨ ਤੋਂ ਇਨਕਾਰ ਕਰ ਦਿੱਤਾ। ਰਾਣੀ ਨੇ ਮਿੰਨਤਾਂ ਤਰਲੇ ਕੀਤੇ ਪੈਰੀਂ ਪਈ ਪਰ ਉਹ ਨਾ ਮੰਨਿਆ ਆਖਰ ਰਾਣੀ ਖਾ ਕੇ ਗੁੱਸਾ ਉਸ ਨੂੰ ਫਾਂਸੀ ਦੇ ਕੇ ਮਾਰ ਦਿੱਤਾ ਤੇ ਖੂਹ ਵਿੱਚ ਸੁੱਟ ਦਿੱਤਾ।

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਅਨਮੋਲ ਰਚਨਾਵਾਂ ਪੜ੍ਹ ਰਹੇ ਹੋ। ਕੀ ਇਹ ਰਚਨਾਵਾਂ ਦਸਮ ਪਾਤਸ਼ਾਹ ਜੀ ਲਿਖ ਸਕਦੇ ਹਨ ? ਅਪਣਾ ਉੱਤਰ ਦੇਣ ਦੀ ਕ੍ਰਿਪਾਲਤਾ ਕਰਨੀ ਜੀ । ਧੰਨਵਾਦੀ ਹੋਵਾਂਗਾ !

**ਮੌਜ ਮੇਲਾ ਇੰਜ ਭੀ ਕਰੀਦਾ ਹੈ** ਦੇਸ : ਨੈਪਾਲੀ (ਦੋਇ ਸੌ ਗਿਆਰਹ ਚਰਿਤ੍ਰ ਪੰਨਾ ੧੧੧੬-੧੧੧੮)

ਪਾਤਰ : ਰੁੱਦ੍ਰ ਸਿੰਘ (ਰਾਜਾ), ਅਰਿਕੁਤਮ ਪ੍ਰਭਾ (ਤ੍ਰਿਯ) ਸ੍ਰੀ ਤੜਿਤਾ ਕ੍ਰਿਤ ਪ੍ਰਭ (ਦੁਹਿਤਾ) ਤੇ ਕੰਜਮਤੀ

ਨੈਪਾਲ ਦੇਸ ਦੇ ਰੁੱਦ੍ਰ ਸਿੰਘ ਦੀ ਅਤੀ ਸੁੰਦਰ ਔਰਤ ਅਰਿਕੁਤਮ ਪ੍ਰਭਾ ਨੇ ਇਕ ਖੂਬਸੂਰਤ ਕੁੜੀ ਸ੍ਰੀ ਤੜਿਤਾ ਕ੍ਰਿਤ ਪ੍ਰਭਾ ਨੂੰ ਜਨਮ ਦਿੱਤਾ । ਜਦ ਉਸ ਦਾ ਬਚਪਨ ਬੀਤਿਆ ਤਾਂ ਗਦਰਾਏ ਬਦਨ ਦਾ ਹਰ ਅੰਗ ਕਾਮੀ ਹੋ ਕੇ ਉਛਲਣ ਲੱਗਾ । ਜਦ ਉਸ ਨੂੰ ਕਾਮ ਸਤਾਉਂਦਾ ਤਾਂ ਬਿਨਾਂ ਮਿਤ੍ਰ ਤੋਂ ਉਹ ਪ੍ਰੇਸ਼ਾਨ ਹੁੰਦੀ ਪਰ ਮਿਤ੍ਰ ਨਾ ਮਿਲਦਾ। ਉਸ ਨੇ ਅਪਣੀ ਸਹੇਲੀ ਕੰਜਮਤੀ ਨੂੰ ਬੁਲਾ ਕੇ ਅਪਣੇ ਦਿਲ ਦਾ ਦਰਦ ਸਮਝਾਇਆ ਤੇ ਕਿਸੇ ਛੈਲ ਛਬੀਲੇ ਨਾਲ ਮਿਲਣ ਦੀ ਤਾਂਘ ਜਿਤਾਈ । ਸਖੀ ਨੇ ਇਕ ਛੈਲ ਛਬੀਲਾ ਉਸ ਦੇ ਹਵਾਲੇ ਕੀਤਾ ਤੇ ਉਹ ਪੂਰੇ ਜੋਸ਼ ਨਾਲ ਉਸ ਨਾਲ ਮੌਜ ਮੇਲਾ ਕੀਤਾ । ਜਿਵੇਂ ਕੰਗਾਲ ਨੌ ਨਿੱਧਾਂ ਪਾ ਕੇ ਖੁਸ਼ ਹੁੰਦਾ ਹੈ ਇਵੇਂ ਮੁਟਿਆਰ ਉਸ ਨੂੰ ਇਕ ਛਿਨ ਭੀ ਛੱਡਣਾ ਨਹੀਂ ਸੀ ਚਾਹੁੰਦੀ ।

*ਅੜਿੱਲ ॥ ਛੈਲ ਕੁਅਰ ਕੌ ਦਿਯੋ ਤੁਰਤ ਤਿਹ ਆਨਕੈ ॥ ਰਮੀ ਕੁਅਰਿ ਤਿਹ ਸਾਥ ਅਧਿਕ ਰੁਚਿ ਮਾਨਿਕੈ ॥*
*ਛੈਲ ਛੈਲਨੀ ਛਕੇ ਨ ਛੋਰਹਿ ਏਕ ਛਿਨ ॥ ਹੋ ਜਨੁਕ ਨਵੌ ਨਿਧਿ ਰਾਂਕ ਸੁ ਪਾਈ ਆਜੁ ਇਨ ॥੬॥*
*ਗਹਿ ਗਹਿ ਤਾਕੇ ਗਰੇ ਗਈ ਲਪਟਾਇਕੈ ॥ ਆਸਨ ਚੁੰਬਨ ਬਹੁ ਬਿਧਿ ਕੀਏ ਬਨਾਇਕੈ ॥*
*ਟੂਟਿ ਖਾਟ ਬਹੁ ਗਈ ਨ ਛੋਰਯੋ ਮੀਤ ਕੌ ॥ ਹੋ ਤਿਹ ਕਰ ਦਿਯੋ ਉਠਾਇ ਸੁ ਅਪਨੇ ਚੀਤ ਕੌ ॥੭॥*

(ਦੋਇ ਸੌ ਗਿਆਰਹ ਚਰਿਤ੍ਰ ਪੰਨਾ ੧੧੧੬)

ਕਾਮ ਦੇ ਹੁਲਾਰੇ ਲੈਂਦਿਆਂ ਅਨੰਦਚਿਤ ਹੋਈ ਕਹਿੰਦੀ ਮੈਂ ਇਸੇ ਨਾਲ ਸ਼ਾਦੀ ਕਰਾਂਗੀ ਨਹੀਂ ਤਾਂ ਕਟਾਰੀ ਮਾਰ ਕੇ ਮਰ ਜਾਵਾਂਗੀ।ਪ੍ਰੀਤਮ ਨਾਲ ਖੂਬ ਭੋਗ ਕਰਨ ਤੋਂ ਬਾਦ ਵਿਹੜੇ ਵਿੱਚ ਮੰਜੀ ਡਾਹ ਕੇ ਸੌਂ ਗਈ।ਜਦ ਉਸ ਨੇ ਬਾਪ ਆਇਆ ਅਨੁਭਵ ਕੀਤਾ ਤਾਂ ਰੋ ਕੇ ਮੰਜੇ ਤੋਂ ਥੱਲੇ ਡਿੱਗ ਪਈ।ਰਾਜੇ ਨੇ ਧੀ ਨੂੰ ਆ ਕੇ ਰੋਣ ਦਾ ਕਾਰਣ ਪੁੱਛਿਆ ਤਾਂ ਕਹਿੰਦੀ ਮੈਨੂੰ ਸੁਪਨਾ ਆਇਆ ਹੈ ਕਿ ਮੇਰਾ ਵਿਆਹ ਕੰਗਾਲ ਨਾਲ ਕਰ ਦਿੱਤਾ ਹੈ । ਹੁਣ ਮੈਂ ਉਸੇ ਨਾਲ ਹੀ ਵਿਆਹ ਕਰਾਂਗੀ । ਬਾਪ ਕਹਿੰਦਾ ਰੋਣਾ ਧੋਣਾ ਛੱਡ ਦੇ ਮੈਨੂੰ ਦੱਸ ਉਹ ਕੌਣ ਹੈ ਮੈਂ ਉਸੇ ਨਾਲ ਤੇਰੀ ਸ਼ਾਦੀ ਕਰਾਂਗਾ । ਉਸ ਨੇ ਨੌਜੁਆਨ ਸੱਦ ਕੇ ਧੀ ਦਾ ਵਿਆਹ ਉਸ ਨਾਲ ਕਰ ਦਿੱਤਾ ਤੇ ਬਹੁਤਾ ਧੰਨ ਦੇ ਕੇ ਗਰੀਬੀ ਦੂਰ ਕੀਤੀ ।

ਨੋਟ :- ਇਹ ਇਕ ਵੱਡਾ ਚਿੰਤਾ ਦਾ ਮਸਲਾ ਹੈ ਕਿਉਂ ਕਿ ਜਿੱਥੇ ਦਸਮ ਗ੍ਰੰਥ ਦੇ ਲਿਖਾਰੀ ਅਪਣੇ ਚੁਣੇ ਹੋਏ ਪਾਤਰਾਂ ਦੇ ਨਾਂ ਸਿੰਘ (ਸਿੱਖ) ਰੱਖ ਕੇ ਗੱਲ ਸ਼ੁਰੂ ਕਰਦੇ ਹਨ ਉਥੇ ਉਹ ਉਨ੍ਹਾਂ ਦੀਆਂ ਔਰਤਾਂ ਅਤੇ ਧੀਆਂ ਨੂੰ ਵਰਗ ਲਾਉਣ ਦੀ ਭੀ ਗੰਦੀ ਖੇਡ ਖੇਡ ਕੇ ਇਹ ਦੱਸਣ ਦੀ ਕੋਸ਼ਿਸ ਕਰਦੇ ਹਨ ਕਿ ਇਨ੍ਹਾਂ ਕੋਲੋਂ ਅਪਣੀਆਂ ਔਰਤਾਂ ਅਤੇ ਧੀਆਂ ਤਾਂ ਸੰਭਾਲੀਆਂ ਨਹੀਂ ਜਾਂਦੀਆਂ । ਇਸ ਤੋਂ ਵੱਧ ਸਿੱਖ ਕੌਮ ਦਾ ਹੋਰ ਕੀ ਅਪਮਾਨ ਕੀਤਾ ਜਾ ਸਕਦਾ ਹੈ।ਅਪਣੇ ਆਪ ਨੂੰ ਬੱਬਰ ਸ਼ੇਰ ਅਖਵਾਉਣ ਵਾਲੇ ਕੌਮ ਦੇ ਬਹਾਦਰ ਅਤੇ ਸਮੂਹ ਪੁਜਾਰੀ ਸਿੱਖ ਕੌਮ ਨੂੰ ਇਸ ਦਾ ਜੁਵਾਬ ਦੇਣਗੇ ? ਉਹ ਕਿਉਂ ਇਸ ਗ੍ਰੰਥ ਦਾ ਪ੍ਰਕਾਸ਼ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰਨਾ ਚਾਹੁੰਦੇ ਹਨ ? ਸਿੱਖ ਕੌਮ ਇਹ ਭੀ ਜਾਣਨਾ ਚਾਹੁੰਦੀ ਹੈ ਕਿ ਦਸਮ ਗ੍ਰੰਥ ਤੇ ਚਰਚਾ ਕਿਸ ਕਾਰਣ ਉਹ ਕਰਨੀ ਨਹੀਂ ਚਾਹੁੰਦੇ ? ਚਰਚਾ ਕਰਨ ਵਾਲਿਆਂ ਨੂੰ ਉਹ ਕਿਉਂ ਡਰਾਉਂਦੇ ਹਨ ? ਪਰ ਯਾਦ ਰੱਖਿਓ ਅੱਜ ਨਹੀਂ ਤਾਂ ਕੱਲ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵੱਖ ਹੋ ਹੀ ਜਾਣਾ ਹੈ ਕਿਤੇ ਤੁਹਾਡਾ ਨਾਂ ਕੌਮ ਦੇ ਗਦਾਰਾਂ ਵਿੱਚ ਨਾ ਜੁੜ ਜਾਏ ਇਸ ਗੱਲ ਦੀ ਹੋਰ ਭੀ ਚਿੰਤਾ ਹੈ । ਖ਼ਬਰਦਾਰ-ਬਾ-ਹੋਸਿਆਰ ! ਜਾਗਦੇ ਰਹਿਓ !

## ਇਲਾਕਾ : ਬੁਖਾਰਾ ਸ਼ਹਿਰ

(ਦੋਇ ਸੌ ਬਾਰਹ ਚਰਿਤ੍ਰ ਪੰਨਾ ੧੧੧੮-੧੧੧੯)

ਪਾਤਰ : ਮੁਚਕੰਦ (ਰਾਵ), ਹੁਸਨ ਜਹਾਂ (ਤ੍ਰਿਯਾ) ਸ੍ਰੀ ਸੁਕੁਮਾਰਮਤੀ (ਦੁਹਿਤਾ) ਤੇ ਸ੍ਰੀ ਸੁਭ ਕਰਨ (ਪੁੱਤਰ)

**ਦਸਮ ਗ੍ਰੰਥ ਦੀ ਸਿੱਖਿਆ ਰਾਹੀਂ ਸਕੀ ਭੈਣ ਨਾਲ ਭੋਗ ਕਰੋ** : ਬੁਖਾਰਾ ਸਹਿਰ ਦੇ ਰਾਵ ਮੁਚਕੰਦ ਦੀ ਖੂਬਸੂਰਤ ਔਰਤ ਹੁਸਨ ਜਹਾਂ ਨੇ ਇਕ ਧੀ ਸ੍ਰੀ ਸੁਕੁਮਾਰਮਤੀ ਅਤੇ ਪੁੱਤਰ ਸ੍ਰੀ ਸੁਭ ਕਰਨ ਨੂੰ ਜਨਮ ਦਿੱਤਾ।ਰਾਜ ਕਰਦਿਆਂ ਰਾਜਾ ਮਰ ਗਿਆ। ਭੈਣ ਭਰਾ ਤੇ ਮਾਂ ਨੇ ਡਾਢਾ ਦੁੱਖ ਮਨਾਇਆ। ਸੌਕਣਾ ਕਹਿੰਦੀਆਂ ਤੇਰਾ ਪੁੱਤ ਹੁਣ ਜਵਾਨ ਹੈ ਉਹ ਰਾਜ ਕਰੇਗਾ ਤੂੰ ਉਸ ਨੂੰ ਦੇਖ ਦੇਖ ਜਿੰਦਗੀ ਜਿਉ । ਕਈ ਦਿਨ ਬੀਤ ਗਏ । ਸੁੰਦਰ ਪੁੱਤ ਨੂੰ ਤੱਕ ਤੱਕ ਰਾਜੇ ਨੂੰ ਭੁਲਾ ਦਿੱਤਾ।ਉਹ ਏਨਾ ਸੋਹਣਾ ਕਿ ਸੁਰੀ ਅਸੁਰੀ ਕਿੰਨ੍ਰਨੀ ਸੋਚਦੀਆਂ ਬਈ ਜੇ ਅਜਿਹਾ ਸਨੁੱਖਾ ਮਨੁੱਖ ਮਿਲ ਜਾਏ ਤਾਂ ਜਨਮ ਸਫਲ ਸਮਝੋ । ਇਕ ਵਾਰ ਦਿਲ ਨਾਲ ਲਗਾ ਕੇ ਕਦੇ ਵੱਖ ਨਾ ਕਰੀਏ :-

*ਜਿਕੋ ਤਰੁਨਿ ਪੁਰਿ ਨਾਰਿ ਕੁਅਰਿ ਕੀ ਛਬਿ ਲਹੈ ॥*
*ਉਡ ਲਪਟੋਂ ਇਹ ਸੰਗ ਯਹੈ ਚਿੱਤ ਮੈਂ ਕਹੈ ॥*
*ਏਕ ਬਾਰ ਇਹ ਛੈਲ ਚਿਕਨਿਯਹਿ ਪਾਇਯੈ ॥*
*ਹੋ ਜਨਮ ਜਨਮ ਜੁਗ ਕ੍ਰੋਰਿ ਸੁ ਬਲਿ ਬਲਿ ਜਾਇਯੈ ॥੧੧॥* (ਦੋਇ ਸੌ ਬਾਰਹ ਚਰਿਤ੍ਰ ਪੰਨਾ ੧੧੧੮)

ਸ੍ਰੀ ਸੁਕੁਮਾਰਮਤੀ ਅਪਣੇ ਭਰਾ ਦਾ ਹੁਸਨ ਤੇ ਜਵਾਨੀ ਦੇਖ ਕੇ ਰੀਝ ਗਈ :-

*ਚੌਪਈ ॥ ਨਿਸੁ ਦਿਨ ਯੌ ਮਨ ਮਾਹਿ ਬਿਚਾਰੈ ॥ ਕਿਹ ਬਿਧਿ ਮੌਸੌਂ ਕੁਅਰ ਬਿਹਾਰੈ ॥*

*ਭ੍ਰਾਤ ਲਾਜ ਮਨ ਮਾਹਿ ਜਬ ਧਰੈ ॥ ਲੋਕ ਲਾਜ ਕੀ ਚਿੰਤਾ ਕਰੈ ॥੧੯॥* (ਦੋਇ ਸੌ ਬਾਰਹ ਚਰਿਤ੍ਰ ਪੰਨਾ ੧੧੧੮)

ਰਾਜ ਕੁਮਾਰ ਉਸ ਦੇ ਹੱਥ ਨਾ ਲੱਗਾ ਤਾਂ ਉਸ ਨੇ ਇਕ ਗੋਂਦ ਗੁੰਦੀ। ਉਸ ਨੇ ਹਾਰ ਸ਼ਿੰਗਾਰ ਕਰ ਕੇ ਬੇਸ੍ਵਾ ਦਾ ਰੂਪ ਧਾਰਣ ਕੀਤਾ ਅਤੇ ਪਾਨ ਚਬਾਉਂਦੀ ਹੋਈ ਸਭਾ ਵਿੱਚ ਜਾ ਕੇ ਸਭ ਦਾ ਮਨ ਮੋਹ ਲਿਆ । ਉਸ ਨੇ ਰਾਜ ਕੁਮਾਰ ਨੂੰ ਅਨੇਕਾਂ ਹਾਵ ਭਾਵ ਦਿਖਾ ਕੇ ਅਪਣੇ ਤੇ ਮੋਹਿਤ ਕਰ ਲਿਆ ।

*ਹੇਰਤ ਨ੍ਰਿਪਤ ਰੀਝਿ ਛਬਿ ਗਯੋ ॥ ਘਾਇਲ ਬਿਨਾ ਸਾਇਕਨ ਭਯੋ ॥*

*ਆਜੁ ਨਿਸਾ ਇਹ ਬੋਲ ਪਠੈਹੋ ॥ ਕਾਮ ਭੋਗ ਰੁਚਿ ਮਾਨਿ ਕਮੈ ਹੋ ॥੨੦॥*

(ਦੋਇ ਸੌ ਬਾਰਹ ਚਰਿਤ੍ਰ ਪੰਨਾ ੧੧੧੯)

ਜਦ ਦਿਨ ਛੁੱਪ ਗਿਆ ਤੇ ਰਾਤ ਪੈ ਗਈ ਤਾਂ ਉਸ ਨੂੰ ਰਾਜ ਕੁਮਾਰ ਨੇ ਸੱਦ ਲਿਆ। ਉਸ ਨਾਲ ਕਾਮ ਭੋਗ ਕੀਤਾ ਤੇ ਭੇਦ ਅਭੇਦ ਨਾ ਜਾਣ ਸਕਿਆ। ਲਪਟਿ ਲਪਟਿ ਕੇ ਉਸ ਨੇ ਅਪਣੀ ਭੈਣ ਨਾਲ ਸੰਭੋਗ ਕੀਤਾ ਪਰ ਇਹ ਨਾ ਜਾਣਸਕਿਆ ਕਿ ਇਹ ਮੇਰੀ ਹੀ ਸਕੀ ਭੈਣ ਹੈ। ਉਹ ਅਪਣੇ ਚਿਕਣੇ ਭਰਾ ਨਾਲ ਰੁਚਿ ਮਾਨਿ ਕੇ ਭੋਗ ਕਰ ਕੇ ਅਨੰਦਿਤ ਹੋ ਗਈ :-

*ਬੀਤਯੋ ਦਿਵਸ ਨਿਸਾ ਜਬ ਭਈ ॥ ਨਿਕਟਿ ਬੁਲਾਇ ਕੁਅਰ ਵਹੁ ਲਈ ॥*

*ਕਾਮ ਭੋਗ ਤਿਹ ਸਾਥ ਕਮਾਯੋ ॥ ਭੇਦ ਅਭੇਦ ਕਛੂ ਨਹਿ ਪਾਯੋ ॥੨੧॥*

*ਦੋਹਰਾ ॥ ਲਪਟਿ ਲਪਟਿ ਤਾਸੋ ਕੁਅਰਿ ਰਤਿ ਮਾਨੀ ਰੁਚਿ ਮਾਨਿ ॥*

*ਭ੍ਰਾਤ ਭਗਨਿ ਕੇ ਭੇਦ ਕੋ ਸਕਤ ਨ ਭਯੋ ਪਛਾਨ ॥੨੨॥*

*ਸੋਰਠਾ ॥ ਰਮਤ ਭਯੋ ਰੁਚਿ ਮਾਨਿ ਭੇਦ ਅਭੇਦ ਪਾਯੋ ਨ ਕਛੁ ॥*

*ਛੈਲੀ ਛਲਯੋ ਨਿਦਾਨ ਛੈਲ ਚਿਕਨਿਯਾ ਰਾਵ ਕੋ ॥੨੩॥* (ਦੋਇ ਸੌ ਬਾਰਹ ਚਰਿਤ੍ਰ ਪੰਨਾ ੧੧੧੯)

ਵੇਸਵਾ ਦਾ ਸ਼ਿੰਗਾਰ ਕਰ ਕੇ ਉਹ ਰਾਤ ਦਿਨ ਅਪਣੇ ਭਰਾ ਨਾਲ ਕਲੋਲਾਂ ਕਰਦੀ ।

*ਚੌਪਈ ॥ ਬੇਸ੍ਵਾ ਕੇ ਭੂਖਨ ਜਬ ਧਰੈ ॥ ਨਿਸ ਦਿਨ ਕੁਅਰ ਕਲੋਲੈ ਕਰੈ ॥*

*ਜਬ ਭਗਨੀ ਕੇ ਭੂਖਨ ਧਰਈ ਲਹੈ ਨ ਕੋ ਰਾਜਾ ਕੋ ਕਰਈ ॥੨੪॥* (ਦੋਇ ਸੌ ਬਾਰਹ ਚਰਿਤ੍ਰ ਪੰਨਾ ੧੧੧੯)

ਨੋਟ :- ਸਾਡੇ ਬੇਸ਼ਰਮ ਅਤੇ ਬੇਹਯਾ ਢੀਠ ਪੁਜਾਰੀ-ਸੰਤ-ਸਾਧ-ਬ੍ਰਹਮ ਗਿਆਨੀ-ਅਖੌਤੀ ਵਿਦਵਾਨ ਤੇ ਬੁੱਧੀ ਜੀਵੀ ਕਈ ਢੁੱਠਾਂ ਵਾਲੀਆਂ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਅਤੇ ਸਿਆਸੀ ਲੋਕ ਆਖਦੇ ਹਨ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਲਿਖੀਆਂ ਹਨ। ਝੂਠ ਦਾ ਬੇੜਾ ਗ਼ਰਕ ਤੇ ਜੁਬਾਨ ਸੜੇ। ਮੂਰਖੋ ਗੁਰੂ ਗੋਬਿੰਦ ਸਿੰਘ ਜੀ ਕਿਸੇ ਭੈਣ ਨੂੰ ਅਪਣੇ ਹੀ ਸਕੇ ਭਰਾ ਨਾਲ ਸੰਭੋਗ ਕਰਨ ਨੂੰ ਹੱਲਾ ਸ਼ੇਰੀ ਦੇ ਸਕਦੇ ਹਨ? ਇਕ ਗਹਿਰੀ ਸਾਜਿਸ ਅਧੀਨ ਮਾਂ ਪੁੱਤ-ਬਾਪ ਧੀ-ਭੈਣ ਭਰਾ ਦੇ ਪਵਿਤ੍ਰ ਰਿਸਤਿਆਂ ਦਾ ਮਲੀਆਮੇਟ ਕਰਨ ਦਾ ਕੁਕਰਮ ਕੀਤਾ ਜਾ ਰਿਹਾ ਹੈ। ਇਹ ਸਭ ਕੁੱਝ ਗੁਰੂ ਦੇ ਮੂੰਹੋਂ ਅਖਵਾ ਕੇ ਮੰਦ ਕਰਮੀ ਇਸ ਅਸ਼ਲੀਲਤਾ ਨੂੰ ਗੁਰਬਾਣੀ ਦਾ ਦਰਜਾ ਦਿਵਾਉਣ ਦੀ ਮੰਦੀ ਕਰਤੂਤ ਕਰਨ ਚ ਲੱਗੇ ਹਨ । ਹਰ ਮਾਂ-ਭੈਣ ਅਤੇ ਧੀ ਨੂੰ ਦਸਮ ਗ੍ਰੰਥ ਦੇ ਵਿਰੋਧ ਵਿੱਚ ਅਵਾਜ਼ ਬੁਲੰਦ ਕਰ ਕੇ ਇਸ ਤੇ ਪਾਬੰਦੀ ਲੁਆ ਦੇਣੀ ਚਾਹੀਦੀ ਹੈ ਇਹ ਸਮਾਜ ਦੇ ਅੰਦਰ ਇਕ ਮਹਾਂਗੰਦੀ ਕਿਤਾਬ ਹੈ। ਜੋ ਇਸ ਦਾ ਪ੍ਰਕਾਸ਼ ਗੁਰੂ ਘਰਾਂ ਵਿੱਚ ਕਰਦੇ ਅਤੇ ਹਮਾਇਤ ਕਰਦੇ ਹਨ ਉਨ੍ਹਾਂ ਨੂੰ ਸਿੱਖ ਸੰਗਤਿ ਵਿੱਚ ਨੰਗਾ ਕਰਨ ਦੀ ਲੋੜ ਹੈ । ਬਾ-ਹੋਸਿਆਰ ! ਜਾਗਦੇ ਰਹਿਓ !

## ਇਲਾਕਾ : ਬੁਦੇਲ ਖੰਡ

(ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੦-੧੧੨੧)

ਪਾਤਰ : ਰੁੱਦ੍ਰਕੇਤ (ਰਾਜਾ), ਸ੍ਰੀ ਕ੍ਰਿਤੁ ਕ੍ਰਿਤ ਮਤੀ (ਤ੍ਰਿਯਾ), ਸ੍ਰੀ ਮ੍ਰਿਗ ਨੇਤ੍ (ਦੁਹਿਤਾ) ਇੰਦ੍ਰਕੇਤੁ (ਛੱਤ੍ਰੀ) ਤੇ ਚੱਛਮਤੀ

**ਸਿਵ ਮੰਦਰ ਵਿੱਚ ਭੋਗ ਕਰਦਿਆਂ ਇਕ ਹੱਥ ਨਾਲ ਘੰਟੀ ਬਜਾਉਂਦੇ ਰਹੋ** : ਬੁਦੇਲ ਦੇ ਰਾਜਾ ਰੁੱਦ੍ਰਕੇਤ ਦੀ ਖ਼ੂਬਸੂਰਤ ਔਰਤ ਸ੍ਰੀ ਕ੍ਰਿਤੁ ਕ੍ਰਿਤਮਤੀ ਅਪਣੇ ਪਤੀ ਨਾਲ ਅੱਠੇ ਪਹਿਰ ਸਿਵ (ਰੁਦ੍ਰ) ਦੀ ਪੂਜਾ ਕਰਦੀ। ਉਨ੍ਹਾਂ ਦੇ ਘਰ ਇਕ ਸੁੰਦਰ ਧੀ ਸ੍ਰੀ ਮ੍ਰਿਗ ਨੇਤ੍ਰ ਸੀ ਜਿਸ ਨੂੰ ਪਾਣ ਲਈ ਹਰ ਕੋਈ ਉਤਾਵਲਾ ਹੁੰਦਾ । ਉਸ ਨੇ ਇਕ ਇੰਦ੍ਰਕੇਤ ਨਾਂ ਦੇ ਛੱਤ੍ਰੀ ਨੂੰ ਦੇਖਦਿਆਂ ਹੀ ਅਪਣਾ ਮਨ ਉਸ ਨੂੰ ਦੇ ਦਿੱਤਾ ।

*ਚੌਪਈ ॥ ਰੈਨ ਦਿਵਸ ਤਿਹ ਰੂਪ ਨਿਹਾਰੈ ॥ ਚਿੱਤ ਮੈ ਇਹੈ ਬਿਚਾਰੁ ਬਿਚਾਰੈ ॥*

*ਐਸੋ ਛੈਲ ਕੈਸਹੂੰ ਪੈਯੈ ॥ ਕਾਮ ਭੋਗ ਕਰ ਗਰੇ ਲਗੈਯੈ ॥੫॥* (ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੦)

ਉਸ ਨੇ ਇਕ ਸਖੀ ਭੇਜ ਕੇ ਉਸ ਨੂੰ ਬੁਲਾਇਆ ਅਤੇ ਮਨ ਪਸੰਦ ਦੇ ਕਮਰੇ ਵਿੱਚ ਰੱਖਿਆ। ਜਦ ਉਸ ਨੇ ਮਨ ਭਾਉਂਦਾ ਮੀਤ ਦੇਖਿਆ ਤਾਂ ਉਸ ਨੂੰ ਘੁੱਟ ਘੁੱਟ ਕੇ ਗਲੇ ਲਗਾਇਆ। ਉਸ ਦੇ ਹੋਠਾਂ ਦਾ ਰਸ ਪੀਣ ਬਾਦ ਬੜੇ ਆਸਣ ਕੀਤੇ ਤੇ ਜਨਮ ਜਨਮ ਦੇ ਸ਼ੋਕ ਸਭ ਵਿਸਾਰ ਦਿੱਤੇ ।

*ਅੜਿੱਲ ॥ ਮਨ ਭਾਵੰਤ ਮੀਤ ਕੁਅਰ ਜਬ ਪਾਇਯੋ ॥ ਦ੍ਰਿੜ੍ਹ ਗਹਿ ਗਹਿ ਕਰਿ ਤਾਕੌ ਗਰੇ ਲਗਾਇਯੋ ॥*
*ਅਧਰਨ ਕੋ ਕਰਿ ਪਾਨ ਸੁ ਆਸਨ ਬਹੁ ਕੀਏ ॥ ਹੋ ਜਨਮ ਜਨਮ ਕੇ ਸ਼ੋਕ ਬਿਸਾਰਿ ਸਭੈ ਦੀਏ ॥੭॥*

(ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੦)

ਉਹ ਸ਼ਿਵ ਮਹਾਂ ਰੁੱਦ੍ਰ ਦਾ ਡਰ ਦਿਲੋਂ ਨਿਕਾਲ ਕੇ ਸ਼ਿਵ ਮੰਦਰ ਵਿੱਚ ਭੋਗ ਕਰਦੇ। ਜਿਉਂ ਜਿਉਂ ਖਾਟ (ਮੰਜੀ) ਜਰਕਦੀ ਉਵੇਂ ਹੀ ਘੰਟਾ ਬਜਾਉਂਦੇ ਰਹਿੰਦੇ ।

*ਸ਼ਿਵ ਮੰਦਰਿ ਮੈਂ ਜਾਇ ਭੋਗ ਤਾਸੌ ਕਰੈ ॥ ਮਹਾਂ ਰੁੱਦ੍ਰ ਕੀ ਕਾਨਿ ਨ ਕਛੁ ਚਿਤ ਮੈ ਧਰੈ ॥*
*ਜਯੋਂ ਜਯੋਂ ਜਰਕੈ ਖਾਟ ਸੁ ਘੰਟ ਬਜਾਵਹੀਂ ॥ ਹੋ ਪੂਰਿ ਤਵਨ ਧੁਨਿ ਰਹੈ ਨ ਜੜ੍ਹ ਕਛੁ ਪਾਵਹੀ ॥੮॥*

(ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੦)

ਇਕ ਦਿਨ ਰਾਜਾ ਸਿਵ ਦੀ ਪੂਜਾ ਕਰਨ ਆਇਆ ਤਾਂ ਸਹੇਲੀ ਨੂੰ ਭੇਜ ਕੇ ਕਹਿੰਦੀ ਕਿ ਮੈਂ ਸਿਵ ਦੀ ਪੂਜਾ ਕਰ ਰਹੀ ਹਾਂ ਤੂੰ ਘੜੀ ਦੋ ਘੜੀ ਠਹਿਰ ਕੇ ਪੂਜਾ ਕਰੀਂ। ਰਾਜਾ ਸੋਚਿਆ ਧੀ ਰਾਣੀ ਸਿਵ ਦੀ ਪੂਜਾ ਕਰ ਰਹੀ ਹੈ ਘੜੀ ਦੋ ਘੜੀ ਠਹਿਰਣ ਵਿੱਚ ਕੀ ਹਰਜ। ਉਸ ਨੇ ਮਿਤ੍ਰ ਬੁਲਾਇਆ ਤੇ ਕਾਮ ਕ੍ਰੀੜਾ ਸੁਰੂ ਕਰ ਦਿੱਤੀ। ਸੇਜ ਸਾਂਝ ਕਰਦਿਆਂ ਜਿਉਂ ਜਿਉਂ ਸੇਜ ਜਰਕਦੀ ਉਹ ਇਕ ਹੱਥ ਨਾਲ ਘੰਟੀ ਬਜਾਉਂਦੀ ।

*ਚੌਪਈ ॥ ਉਤੈ ਮੀਤ ਤਿਨ ਲਿਯੋ ਬੁਲਾਈ ॥ ਕਾਮ ਰੀਤਿ ਕਰਿ ਪ੍ਰੀਤੁ ਪਜਾਈ ॥*
*ਕਰਿ ਕਰਿ ਕੁਵਤਿ ਸੇਜ ਚਰਕਾਵੈ ॥ ਏਕ ਹਾਥ ਤਨ ਘੰਟ ਬਜਾਵੈ ॥੧੧॥*

(ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੦)

ਉਸ ਨੇ ਅਨੇਕਾਂ ਹੀ ਢੰਗਾਂ ਨਾਲ ਭੋਗ ਕੀਤਾ ਤੇ ਲਪਟਿ ਲਪਟਿ ਕੇ ਆਸਣ ਦਿੱਤੇ ।

*ਤਾਸੌ ਭੋਗ ਬਹੁਤ ਬਿਧਿ ਕੀਨੋ ॥ ਲਪਟਿ ਲਪਟਿ ਆਸਨ ਕਹ ਦੀਨੋ ॥*
*ਚੁੰਬਨ ਆਲਿੰਗਨ ਕੀਨੇ ਤਿਨ ॥ ਭੇਦ ਨ ਲਹਯੋ ਮੂੜ੍ਹ ਰਾਜੈ ਇਨ ॥੧੩॥*
*ਕਾਮ ਕੇਲ ਤਾਸੌ ਬਹੁ ਕਿਯੋ ॥ ਬਹੁਰੋ ਛੋਰ ਦੂਾਰ ਕਹ ਦਿਯੋ ॥*
*ਪਠੈ ਸਹਚਰੀ ਪਿਤਾ ਬੁਲਾਇਯੋ ॥ ਮਨ ਮੈਂ ਅਧਿਕ ਜਾਰ ਦੁੱਖ ਪਾਯੋ ॥੧੪॥*

(ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੦)

ਯਾਰ ਰਾਜੇ ਨੂੰ ਦੇਖ ਕੇ ਮਨ ਵਿੱਚ ਬਹੁਤ ਡਰਿਆ ਕਿ ਰਾਜਾ ਮੇਰਾ ਅਜਾਈਂ ਕਤਲ ਕਰ ਦਏਗਾ। ਉਹ ਕਹਿੰਦੀ ਤੂੰ ਚਿੰਤਾ ਨਾ ਕਰ ਥੋਹੜਾ ਧੀਰਜ ਰੱਖ । ਉਹ ਆਪ ਬਾਪ ਨੂੰ ਕਹਿੰਦੀ ਸ਼ਿਵ ਨੇ ਕ੍ਰਿਪਾ ਕਰਕੇ ਮੈਨੂੰ ਪਤੀ ਦੇ ਦਿੱਤਾ ਹੈ । ਚੱਲ ਮੈਂ ਤੁਹਾਨੂੰ ਦਿਖਾਵਾਂ । ਬਾਂਹ ਪਕੜ ਕੇ ਉਹ ਬਾਪ ਨੂੰ ਲਿਆ ਕੇ ਯਾਰ ਦਿਖਾ ਦਿੱਤਾ ਤੇ ਰਾਜੇ ਨੇ ਉਸ ਨਾਲ ਵਿਆਹ ਕਰ ਦਿੱਤਾ ।

*ਦੋਹਰਾ ॥ ਇਹ ਚਰਿੱਤ੍ਰ ਤਹ ਚੰਚਲਾ ਬਯਾਹ ਜਾਰ ਸੋ ਕੀਨ ॥*
*ਪਿਤੁ ਹੂੰ ਲੈ ਤਾਕੋ ਦਈ ਸਕਯੋ ਨ ਛਲ ਜੜ ਚੀਨ ॥੨੨।* (ਦੋਇ ਸੌ ਤੇਰਵਾਂ ਚਰਿਤ੍ਰ ਪੰਨਾ ੧੧੨੧)

ਨੋਟ :- ਇਹ ਦਸਮ ਗ੍ਰੰਥ ਦੀ ਸਿੱਖਿਆ ਧੀ ਭੈਣ ਨੂੰ ਸਿੱਖਿਆ ਦੇਂਦੀ ਹੈ ਕਿ ਕਿਵੇਂ ਪਿਉ ਨੂੰ ਬੁੱਧੂ ਬਣਾ ਕੇ ਮੰਦਰ ਵਿੱਚ ਭੋਗ ਕਰੀਦਾ ਹੈ। ਇਹ ਸਿੱਖਿਆਵਾਂ ਧਰਮ ਲਈ ਜਿੱਥੇ ਖ਼ਤਰਾ ਹੈ ਉੱਥੇ ਬੱਚਿਆਂ ਨੂੰ ਕਾਮ ਲਈ ਪ੍ਰੇਰਦੀਆਂ ਹਨ । ਦਸਮ ਗ੍ਰੰਥ ਦੇ ਪ੍ਰਸੰਸਕ ਇਹ ਭੁੱਲ ਜਾਂਦੇ ਹਨ ਕਿ ਉਹ ਭੀ ਧੀਆਂ ਭੈਣਾਂ ਵਾਲੇ ਹਨ । ਕੀ ਉਹ ਇਸ ਦਾ ਪ੍ਰਕਾਸ ਅਪਣੇ ਘਰ ਕਰਨਗੇ? ਮੈਂ ਕਿਸੇ ਦੀ ਨਿੰਦਿਆਂ ਨਹੀਂ ਕਰ ਰਿਹਾ। ਇਹ ਕੌਮ ਦਾ ਸਾਂਝਾ ਮਸਲਾ ਹੈ। ਇਸ ਦਾ ਬਿਨਾਂ ਕਿਸੇ ਦੇਰੀ ਦੇ ਅਤੇ ਦਬਾਓ ਦੇ ਫੈਸਲਾ ਕਰਨਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਜਾਣ ਬੁੱਝ ਕੇ ਕੀਤਾ ਜਾ ਰਿਹਾ ਅਪਮਾਨ ਨਾ-ਕਾਬਿਲੇ-ਬਰਦਾਸਤ ਹੈ। ਦਸਮ ਗ੍ਰੰਥ ਗੁਰੂ ਜੀ ਨੇ ਨਹੀਂ ਲਿਖਿਆ ।

## ਇਲਾਕਾ : ਚਾਂਦਾ ਸ਼ਹਿਰ (ਦੋਇ ਸੌ ਚੌਦਸ ਚਰਿਤ੍ਰ ਪੰਨਾ ੧੧੨੧-੧੧੨੨)

ਪਾਤਰ : ਬਿਸੁਨਕੇਤ (ਰਾਜਾ), ਸ੍ਰੀ ਬੁੰਦੇਲ ਮਤੀ (ਤ੍ਰਿਯਾ), ਸ੍ਰੀ ਗੁਲਜਾਰ ਮਤੀ (ਦੁਹਿਤਾ)

**ਇਸ਼ਕ ਦੇ ਰੰਗ ਨਿਆਰੇ ਕਰਦੇ ਹਰਦਮ ਪੁੱਠੇ ਕਾਰੇ** : ਚਾਂਦਾ ਸ਼ਹਿਰ ਦੇ ਰਾਜਾ ਬਿਸੁਨਕੇਤ ਤੇ ਰਾਣੀ ਸ੍ਰੀ ਬੁੰਦੇਲ ਮਤੀ ਨੇ ਇਕ ਖੂਬਸੂਰਤ ਧੀ ਸ੍ਰੀ ਗੁਲਜਾਰ ਮਤੀ ਨੂੰ ਜਨਮ ਦਿੱਤਾ । ਜਦ ਇਹ ਕੁੜੀ ਜਵਾਨ ਹੋਈ ਤਾ ਉਸ ਨੇ ਇਕ ਨੌਜਵਾਨ ਦੇਖ ਕੇ ਘਰ ਸੱਦਿਆ ਤੇ ਰੁਚਿ ਮਾਨਿ ਕੇ ਸੰਭੋਗ ਕੀਤਾ :-

*ਦੋਹਰਾ ॥ ਤਿਨ ਇਕ ਤਰੁਨ ਬਿਲੋਕਯੋ ਅਮਿਤ ਰੂਪ ਕੀ ਖਾਨਿ ॥*
*ਲੀਨੋ ਸਦਨ ਬੁਲਾਇਕੈ ਰਮਤ ਭਈ ਰੁਚਿ ਮਾਨਿ ॥੩॥* (ਦੋਇ ਸੌ ਚੌਦਸ ਚਰਿਤ੍ਰ ਪੰਨਾ ੧੧੨੧)

ਰਾਤ ਦਿਨ ਉਹ ਉਸ ਨਾਲ ਲਪਟਿ ਲਪਟਿ ਕੇ ਸੰਭੋਗ ਕਰਦੀ ਤੇ ਘਰ ਦੀ ਖਬਰ ਭੁੱਲ ਗਈ ।

*ਚੌਪਈ ॥ ਤਾਸੌ ਲਪਟਿ ਲਪਟਿ ਕਰਤ ਰਸ ਭਈ ॥ ਗ੍ਰਿਹ ਕੀ ਸੁਧਿ ਸਭਹੂੰ ਤਜਿ ਦਈ ॥*
*ਨਿਸ ਦਿਨ ਤਾਸੌ ਭੋਗ ਕਮਾਵੈ ॥ ਲਪਟਿ ਲਪਟਿ ਤਾਕੇ ਉਰ ਜਾਵੈ ॥੪॥*
*ਦੋਹਰਾ ॥ ਤਰੁਨ ਪੁਰਖ ਤਰੁਨੀ ਤਰੁਨ ਬਾਢੀ ਪ੍ਰੀਤਿ ਅਪਾਰ ॥*
*ਲਪਟਿ ਲਪਟਿ ਆਸਨ ਕਰੈ ਹੇਰਿ ਹੇਰਿ ਮੁਖ ਯਾਰ ॥੫॥* (ਦੋਇ ਸੌ ਚੌਦਸ ਚਰਿਤ੍ਰ ਪੰਨਾ ੧੧੨੧)

ਰਾਤ ਦਿਨ ਉਹ ਕਲੋਲਾਂ ਕਰਦੀ ਤੇ ਮਨ ਵਿੱਚ ਪਿਓ ਕੋਲੋਂ ਡਰਦੀ। ਉਹ ਅਪਣੇ ਮਿਤ੍ਰ ਨੂੰ ਕਹਿੰਦੀ ਕਿ ਤੂੰ ਅਪਣੇ ਦੇਸ ਮੈਨੂੰ ਭੀ ਲੈ ਚੱਲ ਮੈਂ ਬਾਪ ਦਾ ਸਾਰਾ ਖਜਾਨਾ ਚੁਰਾ ਕੇ ਤੇਰੇ ਨਾਲ ਚੱਲਾਂਗੀ-ਦੋਨੋ ਐਸ਼ ਦੀ ਜਿੰਦਗੀ ਜਿਊਆਂਗੇ ਤੇ ਰੰਗ ਰਲੀਆਂ ਮਨਾਵਾਂਗੇ। ਉਸ ਨੇ ਖਜਾਨਾ ਚੋਰੀ ਕਰ ਕੇ ਚਾਂਦਾ ਛੱਡਿਆ ਤੇ ਮਿਤ੍ਰ ਨਾਲ ਦੱਖਣ ਦੇਸ ਚਲੇ ਗਈ। ਕਈ ਸਾਲ ਬੀਤ ਜਾਣ ਤੋਂ ਬਾਦ ਜਦ ਖ਼ਜਾਨਾ ਮੁੱਕ ਗਿਆ ਤੇ ਉਹ ਭੁੱਖੀ ਮਰਨ ਲੱਗੀ ਤਾਂ ਯਾਰ ਨੂੰ ਛੱਡ ਕੇ ਚਾਂਦਾ ਸ਼ਹਿਰ ਵਾਪਸ ਆ ਗਈ। ਮਾਤਾ ਪਿਤਾ ਦੇ ਚਰਨੀ ਲਪਟਿ ਕੇ ਕਹਿੰਦੀ ਮੈਂ ਤੀਰਥ ਨਾਣ੍ਹ ਗਈ ਸੀ ਮੈਨੂੰ ਅਸੀਸ ਦਿਓ।

*ਦੋਹਰਾ ॥ ਭੋਗ ਪ੍ਰਥਮ ਕਰਿ ਜਾਰ ਤਜਿ ਤਹੀ ਪਹੁਚੀ ਆਇ ॥*
*ਭੇਦ ਮੂੜ ਨ੍ਰਿਪ ਨਾ ਲਹਯੋ ਲਈ ਗਰੇ ਸੌ ਲਾਇ ॥੧੪॥* (ਦੋਇ ਸੌ ਚੌਦਸ ਚਰਿਤ੍ਰ ਪੰਨਾ ੧੧੨੨)

ਨੋਟ :- ਆਪ ਜੀ ਜਾਣ ਹੀ ਗਏ ਹੋਵੋਗੇ ਕਿ ਕਿਵੇਂ ਧੀਆਂ-ਭੈਣਾਂ ਨੂੰ ਵਰਗਲਾਇਆ ਜਾ ਰਿਹਾ ਹੈ। ਕੀ ਆਪ ਜੀ ਇਸ ਗ੍ਰੰਥ ਦੀ ਹਮਾਇਤ ਕਰੋਗੇ ? ਇਹ ਰਚਨਾ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖੀ ।

## ਇਲਾਕਾ : ਦੱਛਿਨ ਨਗਰ : ਸੰਭਾ ਪੁਰ (ਦੋਇ ਸੌ ਪੰਦਰਹ ਚਰਿਤ੍ਰ ਪੰਨਾ ੧੧੨੨-੧੧੨੩)

ਪਾਤਰ : ਸੰਭਾ (ਰਾਜਾ), ਔਰੰਗਸ਼ਾਹ, ਬ੍ਰਾਹਮਨੀ ਤੇ ਸੁਤਾ

ਦੱਖਣ ਵਿੱਚ ਸੰਭਾ ਪੁਰ ਨਗਰ ਦੇ ਸੰਭਾ ਰਾਜੇ ਤੋਂ ਔਰੰਗਸ਼ਾਹ ਹਮੇਸਾਂ ਰਣਨੀਤੀ ਪੁੱਛਦਾ। ਉਸ ਪਾਸ ਇਕ ਸ੍ਰੋਮਣੀ ਕਵੀ ਰਹਿੰਦਾ ਜਿਸ ਦੇ ਘਰ ਪਰੀ ਵਰਗੀ ਧੀ ਸੀ। ਜਦ ਸੰਭਾ ਨੇ ਉਸਦਾ ਰੂਪ ਤੱਕਿਆ ਤਾਂ ਕਹਿੰਦਾ ਇਸ ਬ੍ਰਾਹਮਣੀ ਨੂੰ ਮੇਰੇ ਨਾਲ ਤੋਰ ਮੈਂ ਇਸ ਨੂੰ ਲੈ ਜਾਵਾਂਗਾ । ਕੁੜੀ ਨੇ ਇਕ ਸਹੇਲੀ ਸ਼ਾਹ ਪਾਸ ਭੇਜੀ ਕਿ ਅੱਜ ਮੈਂ ਤੇਰੇ ਘਰ ਆਵਾਂਗੀ ਅਤੇ ਤੇਰੇ ਨਾਲ ਲਪਟਿ ਲਪਟਿ ਕੇ ਹਮਬਿਸਤ੍ਰ ਹੋਵਾਂਗੀ ।

*ਏਕ ਸਹਚਰੀ ਤਹਾਂ ਪਠਾਈ ॥ ਤਰੁਨਿ ਕੁਅਰਿ ਤਨ ਬਾਤ ਜਤਾਈ ॥*
*ਆਜ ਨ੍ਰਿਪਤਿ ਕੇ ਸਦਨ ਸਿਧਾਰੋ ॥ ਲਪਟਿ ਲਪਟਿ ਤਿਹ ਸੰਗ ਬਿਹਾਰੋ ॥੪॥*
(ਦੋਇ ਸੌ ਪੰਦਰਹ ਚਰਿਤ੍ਰ ਪੰਨਾ ੧੧੨੨)

ਮੁਟਿਆਰ ਕੁੜੀ ਮਨ ਚ ਸੋਚਣ ਲੱਗੀ ਕਿ ਜੇ ਮੈਂ ਇਸ ਨਾਲ ਭੋਗ ਕਰਦੀ ਹਾਂ ਤਾਂ ਮੇਰਾ ਧਰਮ ਜਾਂਦਾ ਹੈ ਤੇ ਨਾਂਹ ਕਰਦੀ ਹਾਂ ਤਾਂ ਇਹ ਬੰਨ੍ਹ ਕੇ ਘਰ ਲੈ ਜਾਏਗਾ । ਫਿਰ ਕੋਈ ਅਜਿਹਾ ਹੀਲਾ ਕਰਨਾ ਚਾਹੀਦਾ ਹੈ ਜਿਸ ਨਾਲ ਧਰਮ ਬਚ ਜਾਏ ਤੇ ਇਹ ਭੀ ਮਾਰਿਆ ਜਾਏ । ਉਸ ਨੇ ਸਹੇਲੀ ਨੂੰ ਕਿਹਾ ਕਿ ਤੂੰ ਜਾ ਕੇ ਕਹਿ ਦੇ ਕਿ ਕੱਲ ਨੂੰ ਮੈਂ ਪੂਜਾ ਕਰਨ ਜਾਵਾਂਗੀ ਉੱਥੇ ਤੇਰੇ ਨਾਲ ਕਾਮ ਭੋਗ ਕਰਾਂਗੀ ।

*ਤਬ ਤਿਨ ਕਹਿਯੋ ਬਚਨ ਸ਼ਹਚਰਿ ਸੁਨਿ ॥ ਪੂਜਨ ਕਾਲਿ ਜਾਊਂਗੀ ਮੈ ਮੁਨਿ ॥*
*ਤਹ ਹੀ ਆਪ ਨ੍ਰਿਪਤਿ ਤੁਮ ਐਯਹੁ ॥ ਕਾਮ ਭੋਗ ਮੁਹਿ ਸਾਥ ਕਮੈਯਹੁ ॥੭॥*
(ਦੋਇ ਸੌ ਪੰਦਰਹ ਚਰਿਤ੍ਰ ਪੰਨਾ ੧੧੨੩)

ਸਵੇਰ ਹੁੰਦੇ ਹੀ ਉਹ ਸ਼ਿਵ ਪੂਜਣ ਗਈ ਜਿੱਥੇ ਰਾਜੇ ਨੂੰ ਬੁਲਾਇਆ । ਉੱਤੇ ਦੁਸਮਣਾਂ ਨੂੰ ਬਿਠਾ ਦਿੱਤਾ । ਫੌਜ ਨੇ ਹਮਲਾ ਕਰ ਕੇ ਰਾਜੇ ਸਮੇਤ ਕੁੜੀ ਫੜ੍ਹ ਲਈ । ਓਹਦਾ ਰੂਪ ਦੇਖ ਕੇ ਲਲਚਾ ਗਿਆ ਤੇ ਚਿੱਤ ਵਿੱਚ ਭੋਗ ਕਰਨ ਦੀ ਸੋਚੀ । ਕੁੜੀ ਨੇ ਅਪਣੇ ਹਾਵ ਭਾਵ ਦਿਖਾ ਕੇ ਛਿਨ ਮਾਤਰ ਸਮੇਂ ਵਿੱਚ ਹੀ ਮੁਗਲ ਦਾ ਚਿੱਤ ਚੁਰਾ ਲਿਆ । ਉਸ ਅਧਿਕ ਕੈਫ (ਨਸ਼ਾ) ਪਿਲਾ ਕੇ ਕਈ ਢੰਗਾਂ ਨਾਲ ਉਸ ਦੇ ਗਲੇ ਲਿਪਟੀ । ਦੋਨੋ ਇਕ ਮੰਜੀ ਤੇ ਸੋਏ ਜਿਸ ਨਾਲ ਮੁਗਲ ਦੇ ਸਾਰੇ ਦੁਖ ਦੂਰ ਹੋ ਗਏ । ਜਦ ਉਸ ਨੇ ਦੇਖਿਆ ਮੁਗਲ ਸੌਂ ਗਿਆ ਹੈ ਤਾਂ ਤਲਵਾਰ ਕੱਢ ਕੇ ਉਸ ਦਾ ਗਲਾ ਕੱਟ ਦਿੱਤਾ ।

*ਚੰਚਲਾਨ ਕੇ ਚਰਿੱਤ੍ਰ ਕੋ ਚੀਨਿ ਸਕਤ ਨਹਿ ਕੋਇ ॥*
*ਬ੍ਰਹਮ ਬਿਸ਼ਨ ਰੁਦ੍ਰਾਦਿ ਸਭ ਸੁਰ ਸੁਰਪਤਿ ਕੋਊ ਹੋਇ ॥੩॥*

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਧਾਰਮਿਕ ਆਖੀਆਂ ਜਾਂਦੀਆਂ ਕਾਵਿ ਰਚਨਾਵਾਂ ਪੜ੍ਹ ਰਹੇ ਹੋ । ਅਧਰਮੀ ਲੋਕ ਤੇ ਭੇਖੀ ਇਸ ਨੂੰ ਗੁਰਬਾਣੀ ਆਖ ਆਖ ਕੇ ਨਮਸਕਾਰਾਂ ਕਰਦੇ ਹਨ ਅਤੇ ਭਾਰੀ ਕੀਮਤ ਲੈ ਕੇ ਅਖੰਡ ਪਾਠ ਤੇ ਸਹਿਜ ਪਾਠ । ਭਲਾਂ ਜਿਸ ਘਰ ਇਹ ਰਚਨਾਵਾਂ ਪੜ੍ਹੀਆਂ ਜਾਣਗੀਆਂ ਉਸ ਘਰ ਦਾ ਮਹੌਲ ਪਾਠ ਦੀ ਸਮਾਪਤੀ ਤੋਂ ਬਾਦ ਕਿਹੋ ਜਿਹਾ ਹੋਏਗਾ ਕਦੇ ਸੋਚਿਐ ? ਪਾਠ ਕਰਨ ਵਾਲੇ ਮਹਾਂ ਕਾਮੀ ਪੁਜਾਰੀਆਂ ਦਾ ਅਪਣਾ ਜੀਵਨ ਕਿਹੋ ਜਿਹਾ ਹੋਏਗਾ ? ਜ਼ਰਾ ਸੋਚਣ ਦਾ ਕਸ਼ਟ ਕਰਨਾ । ਤੁਹਾਡੀ ਉੱਤਮ ਸੋਚ ਅਤੇ ਚੜ੍ਹਦੀ ਕਲਾ ਲਈ ਮੈਂ ਗੁਰੂ ਦਰ ਤੇ ਜੋਦੜੀ ਕਰਦਾ ਹਾਂ ।

ਪਾਤਰ : ਚੇਟਕ ਨਾਥ (ਜੋਗੀ) ਤੇ ਕਟਾਛਿ ਕੁਅਰਿ (ਰਾਨੀ) (ਦੋਇ ਸੌ ਸੋਹਲਵਾਂ ਚਰਿਤ੍ਰ ਪੰਨਾ ੧੧੨੩-੧੧੨੪)

**ਤੇਲ ਵਿੱਚ ਭੁੰਨ ਕੇ ਮਾਰਨਾ ਸਿੱਖੋ** : ਚੇਟਕ ਨਾਥ ਨਾਂ ਦਾ ਜੋਗੀ ਸੰਘਣੇ ਜੰਗਲ ਵਿਚਕਾਰ ਰਹਿੰਦਾ। ਉਹ ਇਕ ਪੁਰਖ ਰੋਜ ਮਾਰ ਕੇ ਖਾਂਦਾ ਜਿਸ ਤੋਂ ਹਰ ਕੋਈ ਡਰਦਾ। ਉੱਥੇ ਇਕ ਕਟਾਛਿ ਕੁਅਰਿ ਰਾਣੀ ਰਹਿੰਦੀ ਸੀ ਜੋ ਬੇਦ ਸ਼ਾਸਤ੍ਰ ਅਤੇ ਸਿੰਮ੍ਰਤੀ ਦੀ ਚੰਗੀ ਗਿਆਤਾ ਸੀ। ਉਸ ਦਾ ਖਸਮ ਰੋਜ ਡਰਦਾ ਤੇ ਆਖਦਾ ਜੋਗੀ ਮੈਨੂੰ ਨਾ ਖਾ ਜਾਏ। ਰਾਣੀ ਕਹਿੰਦੀ ਕਿ ਅਜਿਹਾ ਕਰਮ ਕਰਨਾ ਚਾਹੀਦਾ ਹੈ ਜਿਸ ਤੋਂ ਜੋਗੀ ਮਰ ਜਾਏ ਤੇ ਪਰਜਾ ਸੁਖੀ ਵਸੇ । ਉਸ ਨੇ ਹਾਰ ਸਿੰਗਾਰ ਕੀਤਾ ਤੇ ਅੱਧੀ ਰਾਤ ਨੂੰ ਜੋਗੀ ਪਾਸ ਚਲੇ ਗਈ । ਉਸ ਨੇ ਜੋਗੀ ਨੂੰ ਭੱਛ ਭੋਜ ਖੁਆਇਆ ਅਤੇ ਬਹੁਤੀ ਦਾਰੂ ਪੀਣ ਨੂੰ ਦਿੱਤੀ ਤੇ ਹਸ ਕੇ ਕਹਿੰਦੀ ਮੈਂ ਤੇਰੇ ਨਾਲ ਸੇਜ ਸਾਂਝ ਕਰਨ ਆਈ ਹਾਂ। ਕਹਿੰਦੀ ਪਹਿਲਾਂ ਮੈਨੂੰ ਉਹ ਤਰੀਕਾ ਦੱਸ ਜਿਸ ਨਾਲ ਤੂੰ ਆਦਮੀ ਮਾਰ ਕੇ ਖਾ ਜਾਂਦਾ ਹੈ ਫਿਰ ਮੈਂ ਤੇਰੇ ਨਾਲ ਰੁਚਿ ਮਾਨਿ ਕੇ ਭੋਗ ਕਰਾਂਗੀ । ਜੋਗੀ ਇਹ ਸੁਣ ਕੇ ਫੁੱਲ ਗਿਆ। ਉਸ ਨੇ ਰਾਣੀ ਨੂੰ ਨਾਲ ਲਿਆ ਤੇ ਬੜੇ ਕੜਾਹੇ ਪਾਸ ਲੈ ਗਿਆ। ਰਾਣੀ ਨੇ ਜੋਗੀ ਨੂੰ ਸੱਤ ਭਵਾਟਣੀਆਂ ਦੇ ਕੇ ਕੜਾਹੇ ਵਿੱਚ ਸੁੱਟ ਕੇ ਜਲਾ ਮਾਰਿਆ ।

ਨੋਟ :- ਦਸਮ ਗ੍ਰੰਥ ਦੀ ਇਹ ਸਿੱਖਿਆ ਦੱਸਦੀ ਹੈ ਕਿ ਕਿਵੇਂ ਬੰਦੇ ਦਾ ਕਤਲ ਤੇਲ ਦੇ ਕੜਾਹੇ ਵਿੱਚ ਸੁੱਟ ਕੇ ਕਰੀਦਾ ਹੈ । ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਸਿੱਖਿਆ ਅਪਣੇ ਗੁਰਸਿੱਖਾਂ ਨੂੰ ਦੇ ਸਕਦੇ ਹਨ ? ਫਿਰ ਫੋਜ ਦੇ ਹੁੰਦਿਆਂ ਰਾਣੀ ਦਾ ਜੋਗੀ ਪਾਸ ਇਕੱਲੀ ਜਾਣਾ ਉਸ ਨੂੰ ਦਾਰੂ ਤੇ ਨਸ਼ੇ ਪਿਆਉਣੇ ਬੜੇ ਓਪਰੇ ਲੱਗਦੇ ਹਨ ।

*ਭੱਛ ਭੋਜ ਤਿਹ ਪ੍ਰਥਮ ਖਵਾਯੋ ॥ ਅਧਿਕ ਮਦਯ ਲੈ ਬਹੁਰਿ ਪਿਵਾਯੋ ॥*
*ਬਹੁਰਿ ਆਪੁ ਹਸਿ ਬਚਨ ਉਚਾਰੇ ॥ ਹੌ ਆਈ ਹਿਤ ਭਜਨ ਤਿਹਾਰੇ ॥੬॥*

(ਦੋਇ ਸੌ ਸੋਹਲਵਾਂ ਚਰਿਤ੍ਰ ਪੰਨਾ ੧੧੨੩-੧੧੨੪)

ਕੀ ਗੁਰੂ ਜੀ ਅਪਣੇ ਸਿੱਖਾਂ ਨੂੰ ਨਸ਼ੇ ਵਾਲਾ ਖਾਣਾ ਅਤੇ ਦਾਰੂ ਪੀਣ ਦੀ ਖੁਲ੍ਹ ਦੇ ਗਏ ਹਨ ? ਫਿਰ ਕੌਣ ਹਨ ਉਹ ਲੋਕ ਜੋ ਗੁਰੂ ਗੋਬਿੰਦ ਸਿੰਘ ਜੀ ਜੀ ਦਾ ਅਪਮਾਨ ਕਰ ਰਹੇ ਹਨ । ਇਕ ਸਿੱਖ ਹੋਣ ਦੇ ਨਾਤੇ ਆਪ ਜੀ ਦੀ ਭੀ ਉਨੀ ਹੀ ਜਿੰਮੇਵਾਰੀ ਬਣਦੀ ਹੈ ਜਿੰਨੀ ਤੇ ਤੁਸੀਂ ਹਮੇਸਾਂ ਮਾਣ ਕਰਦੇ ਰਹੋ । ਗੁਰੂ ਤੁਹਾਨੂੰ ਬਲ ਬੁੱਧੀ ਤੇ ਹੌਂਸਲਾ ਦਏ ਤੇ ਤੁਸੀਂ ਸੱਚ ਤੇ ਡਟੇ ਰਹੋ ।

## ਰਾਜਾ ਸਿਕੰਦਰ ਦੀ ਕਹਾਣੀ ਦਸਮ ਗ੍ਰੰਥ ਦੀ ਜਬਾਨੀ

(ਦੋਇ ਸੌ ਸੱਤਰਹ ਚਰਿਤ੍ਰ ਪੰਨਾ ੧੧੨੪-੧੧੨੮)

ਪਾਤਰ : ਫੈਲਕੂਸ ਪਤਿਸ਼ਾਹ, ਸਿਕੰਦਰ, ਜੰਗਰਿ, ਦਾਰਾ ਸ਼ਾਹ, ਚਾਂਦਿਯਨ ਤੇ ਸ੍ਰੀ ਦਿਨ ਨਾਥ ਮਤੀ

ਫੈਲਕੂਸ ਰਾਜੇ ਦਾ ਪੁੱਤ ਬਹਾਦਰ ਸਿਕੰਦਰ ਦੀ ਸੀਰਤਿ ਸੂਰਤਿ ਤੱਕ ਕੇ ਕਾਮ ਭੀ ਸ਼ਰਮਾ ਜਾਂਦਾ । ਜਦ ਉਹ ਰਾਜਾ ਬਣਿਆ ਪਹਿਲੀ ਜੰਗ ਉਸ ਨੇ ਜੰਗਿਰ ਨਾਲ ਕੀਤੀ। ਉਸ ਦਾ ਦੇਸ ਖੋਹ ਕੇ ਅਪਣਾ ਨਾਂ ਸਿਕੰਦਰ ਸ਼ਾਹ ਰੱਖਿਆ। ਫਿਰ ਉਸ ਨੇ ਦਾਰਾ ਸ਼ਾਹ ਨੂੰ ਮਾਰਿਆ ਤੇ ਹਿੰਦੋਸਤਾਨ ਵੱਲ ਕੂਚ ਕੀਤਾ। ਉਸ ਨੇ ਕਨਕ ਬਜਾ ਦੇ ਰਾਜੇ ਨੂੰ ਮਾਰਿਆ ਤੇ ਰਾਜ ਜਿੱਤਿਆ। ਉਸ ਨੇ ਪਹਿਲਾਂ ਵਿਆਹ ਰੂਮ ਦੇ ਰਾਜੇ ਦੀ ਧੀ ਨਾਲ ਕੀਤਾ ਫਿਰ ਕਨੌਜਿਸ ਰਾਜੇ ਦੀ ਧੀ ਨਾਲ ਗੱਜ ਵੱਜ ਕੇ ਸ਼ਾਦੀ ਕੀਤੀ। ਫਿਰ ਉਹ ਨੇਪਾਲ ਗਿਆ ਜਿਥੇ ਕਸਤੂਰੀ ਵਾਲੇ ਮ੍ਰਿਗਾਂ ਦਾ ਸ਼ਿਕਾਰ ਕੀਤਾ ਤੇ ਫੇਰ ਉਹ ਬੰਗਾਲ ਵੱਲ ਗਿਆ । ਉਸ ਨੂੰ ਜਿੱਤ ਕੇ ਕਰਨ ਤੇ ਧਾਵਾ ਬੋਲਿਆ ਤੇ ਜਿੱਤਿਆ । ਪੂਰਬ ਨੂੰ ਜਿੱਤ ਕੇ ਉਹ ਦੱਖਣ ਵੱਲ ਵਧਿਆ ਉਸ ਨੇ ਝਾਰ ਖੰਡ ਦੇ ਚਾਂਦਿਯਨ ਨੂੰ ਮਾਰ ਖਪਾਯਾ । ਉਸ ਨੇ ਬੁੰਧੇਲ ਖੰਡ ਤੇ ਧਾਵਾ ਬੋਲਿਆ ਫਿਰ ਮਹਾਰਾਸ਼ਟ੍ਰ ਤਿਲੰਗ ਤੇ ਦ੍ਰੋੜ ਨੂੰ ਤਿਲ ਤਿਲ ਕਰਕੇ ਲਿਆ । ਪਟਨਾ ਸਰ ਕਰਨ ਤੋਂ ਬਾਦ ਪੱਛਮ ਵੱਲ ਵਧਿਆ । ਬਰਬਰੀਨ ਨੂੰ ਜਿੱਤ ਕੇ ਬੜਾ ਨਾਸ ਕੀਤਾ। ਉਸ ਨੇ ਹੰਕਾਰੀ ਅਰਬਾਂ ਦੇ ਹੰਕਾਰ ਨੂੰ ਤੋੜਿਆ ਤੇ ਬੇਅੰਤਾਂ ਅਰਬਾਂ ਨੂੰ ਮਾਰ ਖਪਾਇਆ । ਉਸ ਨੇ ਹਿੰਗੁਲਾਜ ਹਬਸ਼ੀ ਹਰੇਵ ਨੂੰ ਮਾਰਨ ਤੋਂ ਬਾਦ ਮਗਰਬ ਨੂੰ ਜਿੱਤਿਆ ਤੇ ਜਾ ਗਜਨੀ ਦੇ ਰਾਜੇ ਦਾ ਹੰਕਾਰ ਤੋੜਿਆ। ਮਾਲਨੇਰ ਮੁਲਤਾਨ ਮਾਲਵਾ ਜਿੱਤਣ ਤੋਂ ਬਾਦ ਉੱਤਰ ਵੱਲ ਵਧਿਆ। ਛੋਟੇ ਛੋਟੇ ਰਾਜੇ ਅਪਣੀ ਅਪਣੀ ਸੈਨਾ ਜੋੜ ਕੇ ਸਿਕੰਦਰ ਨਾਲ ਲੜਨ ਆਏ । ਸਿਕੰਦਰ ਨੇ ਪਹਿਲਾਂ

ਬਲਖ ਸ਼ਹਿਰ ਤੇ ਕਬਜਾ ਕੀਤਾ ਤੇ ਫਿਰ ਬੁਖਾਰਾ ਨੂੰ ਉਜਾੜਿਆ-ਤਿੱਬਤ ਜਿੱਤ ਕੇ ਅਪਣੇ ਰਾਜ ਵਿੱਚ ਮਿਲਾਇਆ। ਉਸ ਨੇ ਕਸ਼ਮੀਰ ਜਿੱਤ ਕੇ ਕਾਬਲ ਤੇ ਧਾਵਾ ਬੋਲਿਆ। ਕੁਲੂ ਕੁਲੂਰ ਕੈਠਲ ਕਾਂਬੋਜ ਕਿਲਮਾਕ ਦੇ ਰਾਜਿਆਂ ਨੂੰ ਪਲ ਭਰ ਵਿੱਚ ਮਾਰ ਮੁਕਾਇਆ ਤੇ ਚੀਨ ਵੱਲ ਵਧਿਆ । ਚੀਨ ਦਾ ਰਾਜਾ ਅਪਣੀ ਧੀ ਲੈ ਕੇ ਸਿਕੰਦਰ ਨੂੰ ਮਿਲਿਆ । ਸਿਕੰਦਰ ਨੇ ਚੀਨ ਜਿੱਤ ਕੇ ਅਪਣੇ ਰਾਜ ਵਿੱਚ ਮਿਲਾ ਲਿਆ । ਉਸ ਨੇ ਵਲੰਦੇਜਿਯਨ ਨੂੰ ਜਿੱਤ ਕੇ ਅੰਗ੍ਰੇਜਾਂ ਨੂੰ ਮਾਰਿਆ ਤੇ ਮਛਲੀ ਬੰਦਰ ਮਾਰ ਕੇ ਹੁਗਲੀ ਨੂੰ ਉਜਾੜਿਆ । ਉਸ ਨੇ ਕੋਕ ਬੰਦਰ ਜਿੱਤ ਕੇ ਗੂਆ ਬੰਦਰ ਨੂੰ ਹੱਥ ਕਰਕੇ ਲਿਆ ਤੇ ਹਿਜਲੀ ਬੰਦਰ ਨੂੰ ਜਾ ਖੋਹਿਆ। ਉਸ ਨੇ ਸਤ ਸਮੁੰਦਰ ਜਿੱਤ ਕੇ ਸੱਤ ਸ੍ਵਰਗਾਂ ਵੱਲ ਵਧਣਾ ਸੁਰੂ ਕੀਤਾ । ਉਹ ਇੰਦ੍ਰ ਨਾਲ ਬੜੇ ਗੁੱਸੇ ਨਾਲ ਲੜਿਆ ਉਸ ਨੇ ਚੌਦਾਂ ਲੋਕਾਂ ਤੇ ਕਬਜਾ ਕੀਤਾ ਤੇ ਸਾਰੀ ਪ੍ਰਿਥਵੀ ਨੂੰ ਅਪਣੇ ਰਾਜ ਵਿੱਚ ਮਿਲਾ ਲਿਆ। ਫਿਰ ਉਹ ਰੂਸ ਵੱਲ ਵਧਿਆ ਜਿਥੇ ਦਾ ਰਾਜਾ ਬੀਰਜ ਸੈਨ ਸੀ (ਅਚੰਭਾ ਨਾ ਖਾਇਓ ਇਹ ਕਵੀ ਦੀਆਂ ਕਾਵਿ ਉਡਾਰੀਆਂ ਹਨ। ਕਵੀ ਭਾਵੇਂ ਭੂਗੋਲਿਕ ਪ੍ਰਸਿਥੀਆਂ ਤੋਂ ਅਣਭਿੱਜ ਹੈ ਅਤੇ ਇਤਿਹਾਸ ਤੋਂ ਕੋਰਾ ਪਰ ਕਾਵਿ ਰਚਨਾ ਨੂੰ ਅਸੀਂ ਉਸ ਦੀ ਚੰਗੀ ਮੇਹਨਤ ਕਹਿ ਸਕਦੇ ਹਾਂ) ਉਸ ਨੇ ਜਦ ਸੁਣਿਆ ਕਿ ਸਿਕੰਦਰ ਆਇਆ ਹੈ ਉਹ ਅੱਗੇ ਵਧ ਕੇ ਲੜਿਆ। ਉਸ ਨੇ ਇਕ ਦੈਂਤ ਨੂੰ ਬੁਲਾਇਆ। ਉਸ ਨੇ ਅਨੇਕਾਂ ਸੂਰਮੇ ਮਾਰ ਦਿੱਤੇ ਕਵੀ ਵੱਡੀ ਤੋਂ ਵੱਡੀ ਗੱਪ ਮਾਰਦਾ ਲਿਖਦਾ ਹੈ।

*ਭਾਂਤਿ ਭਾਂਤਿ ਤਿਨ ਬੀਰ ਖਪਾਏ ॥ ਮੋ ਪਹਿ ਤੇ ਨਹਿ ਜਾਤ ਗਨਾਏ ॥*

*ਜੌ ਤਿਨਕੇ ਨਾਮਨ ਹਯਾਂ ਧਰਿਰਿਯੈ॥ ਏਕ ਗ੍ਰੰਥ ਇਨਹੀ ਕੋ ਭਰਿਯੈ॥੨੬॥* (ਦੋਇ ਸੌ ਸੱਤਰਹ ਚਰਿਤ੍ਰ ਪੰਨਾ ੧੧੨੬)

ਨੋਟ :- ਕਵੀ ਭਾਵੇਂ ਪੂਰਾ ਤਾਣ ਲਾ ਕੇ ਵੱਡੀ ਤੋਂ ਵੱਡੀ ਗੱਪ ਮਾਰ ਰਿਹਾ ਹੈ ਪਰ ਫਿਰ ਭੀ ਸਾਡੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਉਹ ਇਕ ਗ੍ਰੰਥ ਦੀ ਗੱਲ ਕਰ ਰਿਹਾ ਹੈ । ਸਾਫ ਜਾਹਿਰ ਹੈ ਕਿ ਕਵੀ ਰਾਮ-ਸਯਾਮ-ਕਾਲ ਤੇ ਸੂਮ ਨੇ ਅਪਣੇ ਅਪਣੇ ਕਾਵਿ ਗ੍ਰੰਥ ਲਿਖੇ ਅਤੇ ਸਾਡੇ ਧਰਮ ਦੇ ਗਦਾਰਾਂ ਨੇ ਇਨ੍ਹਾਂ ਗ੍ਰੰਥਾਂ ਨੂੰ ਜੋੜ ਕੇ ਇਸ ਦਾ ਨਾਂ ਦਸਮ ਗੁਰੂ ਗ੍ਰੰਥ ਸਾਹਿਬ ਜੀ ਲਿਖ ਦਿੱਤਾ । ਇਹ ਕੋਈ ਅਚਨਚੇਤ ਹੋਈ ਗਲਤੀ ਨਹੀਂ ਬਲਕਿ ਜਾਣ ਬੁੱਝ ਕੇ ਕੀਤੀ ਮਕਾਰੀ ਹੈ ।

ਉਸ ਨੂੰ ਮਾਰਨ ਲਈ ਮਸਤ ਹਾਥੀ ਭੇਜਿਆ-ਉਸ ਨੇ ਇਕੋ ਗਦਾ ਮਾਰ ਕੇ ਮਾਰ ਮੁਕਾਇਆ। ਜਿਹੜਾ ਵੀ ਉਸ ਨਾਲ ਭਿੜਦਾ ਓਹੀ ਜਾਨ ਤੋਂ ਹੱਥ ਧੋ ਬੈਠਦਾ ਸਿਕੰਦਰ ਨੇ ਤਦ ਤਦਬੀਰ ਸੋਚੀ। ਚੀਨ ਦੇ ਰਾਜੇ ਨੇ ਜਿਹੜੀ ਧੀ ਸ੍ਰੀ ਦਿਨ ਨਾਥ ਮਤੀ ਸਿਕੰਦਰ ਨੂੰ ਦਿੱਤੀ ਸੀ ਉਸ ਨੇ ਬਣਾਇਆ ਪੁਰਖ ਦਾ ਭੇਸ ਤੇ ਜਾ ਪਈ ਦੈਂਤ ਦੇ ਟਾਕਰੇ ਤੇ ਦੈਂਤ ਨੇ ਉਸ ਨੂੰ ਪਕੜ ਕੇ ਰੂਸੀਆਂ ਦੇ ਹਵਾਲੇ ਕੀਤਾ ਤੇ ਆਪ ਫਿਰ ਜੰਗੇ ਮੈਦਾਨ ਕੁੱਦਾ। ਹੁਣ ਸਿਕੰਦਰ ਡਰ ਗਿਆਉਸ ਨੇ ਅਰਸਤੂ ਮੰਤ੍ਰ ਦਾ ਉਚਾਰਣ ਕੀਤਾ ਤੇ ਆਖਰ ਸਿਕੰਦਰ ਜਿੱਤ ਹੀ ਗਿਆ ਤੇ ਰਾਣੀ ਵਾਪਸ ਲਈ । ਫਿਰ ਉਹ ਉਸ ਥਾਂ ਵੱਲ ਗਿਆ ਜਿਥੇ ਉਸ ਨੇ ਅੰਮ੍ਰਿਤ ਸੁਣਿਆ ਸੀ ਜਿਥੇ ਉਹ ਆਬਹਯਾਤ ਦਾ ਚਸਮਾ ਸੀ ਉੱਥੇ ਪੁੱਜਾ ਤਾਂ ਇੰਦ੍ਰ ਨੇ ਸੋਚਿਆ ਕਿ ਆਬਹਯਾਤ ਸਿਕੰਦਰ ਪੀ ਲਏਗਾ ਤੇ ਉਹ ਅਮਰ ਹੋ ਜਾਏਗਾ ਇਸ ਲਈ ਕੋਈ ਹੀਲਾ ਕਰਨਾ ਚਾਹੀਦਾ ਹੈ। ਉਸ ਨੇ ਰੰਭਾ ਨਾਂ ਦੀ ਅਪੱਛਰਾ ਨੂੰ ਬਿਰਧ ਸਰੂਪ ਬਣਾ ਕੇ ਉੱਥੇ ਭੇਜ ਦਿੱਤਾ। ਜਦ ਸਿਕੰਦਰ ਅੰਮ੍ਰਿਤ ਪੀਣ ਲੱਗਾ ਤਾਂ ਇਕ ਪਰ ਵਾਲਾ ਪੰਛੀ ਮੁਸਕਰਾ ਕੇ ਕਹਿਣ ਲੱਗਾ ਕਿ ਸਿਕੰਦਰ ਮੇਰੀ ਹਾਲਤ ਦੇਖ ਮੈਂ ਇਸੇ ਅੰਮ੍ਰਿਤ ਨੂੰ ਪੀਤਾ ਸੀ ਤੇ ਮੇਰੀ ਇਹ ਹਾਲਤ ਹੋ ਗਈ ਹੈ ਇਹ ਸੁਣ ਕੇ ਸਿਕੰਦਰ ਡਰ ਗਿਆ ਉਹ ਆਬਹਯਾਤ ਦੇ ਕੋਲ ਪਹੁੰਚ ਕੇ ਵੀ ਨਾ ਪੀ ਸਕਿਆ, ਇਹ ਚਲ ਰਹੇ ਪ੍ਰਸੰਗ ਦਾ ਮੁਖ ਕਵੀ ਕਬਿ ਕਾਲ ਹੈ। ਨਹੀਂ ਭਰੋਸਾ ਤਾਂ ਖੁਦ ਪੜ੍ਹੋ ।

*ਦੋਹਰਾ ॥ ਅਛਲ ਛੈਲ ਛੈਲੀ ਛਲਯੋ ਇਹ ਚਰਿੱਤ੍ਰ ਕੇ ਸੰਗ ॥*

*ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ ॥੫੨॥* (ਦੋਇ ਸੌ ਸੱਤਰਹ ਚਰਿਤ੍ਰ ਪੰਨਾ ੧੧੨੮)

ਨੋਟ :- ਕਬਿ ਕਾਲ ਦਾ ਪਹਿਲਾ ਪ੍ਰਸੰਗ ਦਸਮ ਗ੍ਰੰਥ ਦੇ ਪੰਨਾ 1087 ਤੇ ਇਸ ਦੋਹਰੇ ਨਾਲ ਸਮਾਪਤ ਹੁੰਦਾ ਹੈ :-

*ਦੋਹਰਾ ॥ ਅਤਿ ਬਰਿ ਕੈ ਭਾਰੀ ਜੁਝਯੋ ਤਨਕ ਨ ਮੋਰਯੋ ਅੰਗ ॥*

*ਸੁ ਕਬਿ ਕਾਲ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੨੯॥*

ਇਸ ਪ੍ਰਸੰਗ ਦੇ ਲਗਭੱਗ ਚਾਲੀ ਕਾਵਿ ਸੰਗ੍ਰਹਿ (ਕਵਿਤਾਵਾਂ) ਹਨ ਜੋ ਪੰਨਾ 1043 ਤੋਂ ਸੁਰੂ ਹੋ ਕੇ 1087 ਤੱਕਲਿਖੀਆਂ ਗਈਆਂ ਹਨ। ਫਿਰ ਕਵੀ ਦਾ ਦੂਜਾ ਪ੍ਰਸੰਗ ਪੰਨਾ ੧੦੮੮ ਤੋਂ ਸੁਰੂ ਹੋ ਕੇ ੧੧੨੮ ਤੱਕ ਲਿਖਿਆ ਗਿਆ ਹੈ ਇਸ ਵਿਚ ਕੁੱਲ ੨੨ ਕਵਿਤਾਵਾਂ ਦਾ ਸੰਗ੍ਰਹਿ ਹੈ ਜਿਸ ਦੀ ਸਮਾਪਤੀ ਕਵੀ ਨੇ ਇਸ ਦੋਹਰੇ ਨਾਲ ਕੀਤੀ ਹੈ ।

*ਦੋਹਰਾ ॥ ਅਛਲ ਛੈਲ ਛੈਲੀ ਛਲਯੋ ਇਹ ਚਰਿੱਤ੍ਰ ਕੇ ਸੰਗ ॥*

*ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ ॥੫੨॥*

ਇਤਨਾ ਸਪੱਸਟ ਹੁੰਦਿਆਂ ਭੀ ਅਸੀਂ ਬੜੀ ਬੇਸ਼ਰਮੀ ਤੇ ਬੇ ਹਯਾਈ ਨਾਲ ਆਖ ਰਹੇ ਹਾਂ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ। ਇੱਥੇ ਹੀ ਬਸ ਨਹੀਂ ਅਸੀਂ ਕੌਮ ਦੇ ਮਹਾਨ ਵਿਦਵਾਨ ਤੇ ਜਰਨੈਲ ਭਾਈ ਮਨੀ ਸਿੰਘ ਜੀ ਦਾ ਭੀ ਅਪਮਾਨ ਕਰ ਰਹੇ ਹਾਂ ਜਦ ਅਸੀਂ ਆਖਦੇ ਹਾ ਕਿ ਇਹ ਰਚਨਾਵਾਂ ਉਨ੍ਹਾਂ ਇਕੱਠੀਆਂ ਕੀਤੀਆਂ। ਇਹ ਇਕ ਚਿੱਟਾ ਝੂਠ ਹੈ। ਹਕੀਕਤ ਤਾਂ ਇਹ ਹੈ ਕਿ ਧਰਮ ਦੇ ਦੋਖੀਆਂ ਨੇ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਦ ਕੂੜ ਕਬਾੜ ਇਕੱਠਾ ਕਰ ਕੇ ਅਫਵਾਹ ਫੈਲਾ ਦਿੱਤੀ ਕਿ ਇਹ ਰਚਨਾਵਾਂ ਭਾਈ ਮਨੀ ਸਿੰਘ ਜੀ ਆਪ ਇਕੱਠੀਆਂ ਕਰ ਗਏ ਹਨ। ਇਹ ਚਾਲ ਖੇਲ ਕੇ ਜਿਥੇ ਧਰਮ ਦੇ ਗਦਾਰਾਂ ਨੇ ਭਾਈ ਮਨੀ ਸਿੰਘ ਜੀ ਦਾ ਨਾਂ ਵਰਤ ਕੇ ਗੁਰਸਿੱਖਾਂ ਦਾ ਮੂੰਹ ਬੰਦ ਕੀਤਾ ਉਥੇ ਉਨ੍ਹਾਂ ਸਿੱਖ ਧਰਮ ਨੂੰ ਖੋਰਾ ਲਾਣ ਦੀ ਅਪਣੀ ਚਾਲ ਨੂੰ ਖੂਬਸੂਰਤੀ ਨਾਲ ਸਿਰੇਚਾੜ੍ਹਿਆ।

ਸਿੱਖ ਅਪਣੇ ਵੱਡੇ ਤੇ ਛੋਟੇ ਉਨ੍ਹਾਂ ਪੁਜਾਰੀਆਂ ਤੇ ਭਰੋਸਾ ਨਹੀਂ ਕਰ ਸਕਦੇ ਜਿਨ੍ਹਾਂ ਦੇ ਇਹ ਕਹਿੰਦਿਆਂ ਮੂੰਹ ਨਹੀਂ ਸੁੱਕਦੇ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹਨ । ਸੰਤਾਂ ਸਾਧਾਂ ਬ੍ਰਹਮਗਿਆਨੀਆਂ ਕੋਲ ਸਿਵਾਏ ਸਿੱਖ ਕੌਮ ਨੂੰ ਖੇਰੂੰ ਖੇਰੂੰ ਕਰਨ ਦੇ ਹੋਰ ਕੋਈ ਨਿਸ਼ਾਨਾ ਹੈ ਹੀ ਨਹੀਂ । ਹੁਣ ਆਸ ਅਤੇ ਡੋਰੀ ਆਮ ਗੁਰਸਿੱਖ ਦੀ ਨਿੱਜੀ ਸੋਚ ਤੇ ਹੀ ਹੈ ਕਿ ਕਤਨੀ ਜਲਦੀ ਉਹ ਇਸ ਮਹਾਂ ਗੰਦੇ ਗ੍ਰੰਥ ਤੋਂ ਛੁਟਕਾਰਾ ਹਾਸਿਲ ਕਰ ਕੇ ਚੜ੍ਹਦੀ ਕਲਾ ਦਿਖਾਉਂਦੇ ਹਨ । ਬਾ ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

**ਕਤਲ ਕਰਨਾ ਸਿੱਖੋ** ਇਲਾਕਾ : ਮਸਹਦ (ਦੋਇ ਸੌ ਅਠਾਰਹਵਾਂ ਚਰਿਤ੍ਰ ਪੰਨਾ ੧੧੨੮-੧੧੨੯)

ਪਾਤਰ : ਚੰਦ੍ਰਕੇਤ (ਰਾਜਾ), ਸਸਿ ਧੁਜ (ਪੁੱਤ), ਰਵਿਕੇਤ (ਪੁੱਤ), ਸ੍ਰੀ ਦਿਨ ਕੇ (ਧੀ)ਤੇ ਸ੍ਰੀ ਰਸਰੰਗਮਤੀ (ਇਕ ਹੋਰ ਧੀ)

ਮਸਹਦ ਦੇ ਰਾਜਾ ਚੰਦ੍ਰਕੇਤ ਦੇ ਦੋ ਪੁੱਤ ਸਸਿ ਧੁਜ ਅਤੇ ਰਵਿਕੇਤੁ ਤੋਂ ਇਲਾਵਾ ਇਕ ਧੀ ਸ੍ਰੀ ਦਿਨ ਕੇ ਪੈਦਾ ਹੋਈ ਰਾਜਾ ਅਪਣੀ ਇਕ ਹੋਰ ਧੀ ਸ੍ਰੀ ਰਸਰੰਗ ਮਤੀ ਤੇ ਦੀਵਾਨਾ ਹੋ ਗਿਆ ਤੇ ਰਾਣੀ ਨੂੰ ਭੁਲਾ ਦਿੱਤਾ ।

*ਸੀ ਰਸਰੰਗ ਮਤੀ ਹੁਤੀ ਤਾਕੀ ਔਰ ਕੁਮਾਰਿ ॥*
*ਬਸਿ ਰਾਜਾ ਤਾਕੇ ਭਯੋ ਨਿਜੁ ਤ੍ਰਿਯ ਦਈ ਬਿਸਾਰਿ ॥੪॥* (ਦੋਇ ਸੌ ਅਠਾਰਹਵਾਂ ਚਰਿਤ੍ਰ ਪੰਨਾ ੧੧੨੮)

ਰਾਣੀ ਨੂੰ ਜਦ ਪਤਾ ਚਲਿਆ ਤਾਂ ਉਹ ਸੜ ਕੇ ਕੋਇਲਾ ਹੋ ਗਈ । ਉਸ ਨੇ ਸੋਚਿਆ ਕਿ ਰਾਜੇ ਨੂੰ ਧੋਖੇ ਨਾਲ ਪਕੜ ਕੇ ਰਾਜ ਪੁੱਤ ਨੂੰ ਦੇ ਦੇਵਾਂ । ਸੁੱਤੇ ਪਏ ਰਾਜਾ ਨੂੰ ਪਕੜ ਕੇ ਇਕ ਥਾਂ ਸੁੱਟ ਦਿੱਤਾ । ਉਸ ਨੇ ਸ੍ਰੀ ਰਸਰੰਗ ਮਤੀ ਨੂੰ ਮਾਰ ਮੁਕਾਣ ਦੀ ਠਾਣੀ । ਉਸ ਨੇ ਸਵੇਰੇ ਸ਼ੋਰ ਮਚਾ ਦਿੱਤਾ ਬਈ ਰਾਜਾ ਮਰ ਗਿਆ ਹੈ। ਉਸ ਨੇ ਰਸਰੰਗ ਮਤੀ ਦਾ ਕਤਲ ਕਰ ਕੇ ਜਲਾ ਦਿੱਤਾ । ਲੋਕਾਂ ਸਮਝਿਆ ਬਈ ਰਾਜੇ ਦਾ ਕ੍ਰਿਆ ਕਰਮ ਕੀਤਾ ਹੈ ਤੇ ਰਾਜ ਅਪਣੇ ਪੁੱਤ ਚੰਦ੍ਰ ਕੇਤ ਨੂੰ ਦੇ ਦਿੱਤਾ।

ਨੋਟ :- ਇਹ ਸਾਖੀ ਸਾਨੂੰ ਸਿੱਖਿਆ ਦੇਂਦੀ ਹੈ ਕਿ ਅਪਣੀ ਧੀ ਨਾਲ ਸੰਭੋਗ ਕਰਨਾ ਕੋਈ ਬੁਰੀ ਗੱਲ ਨਹੀਂ ਤੇ ਫਿਰ ਇਹ ਭੀ ਸਿੱਖਿਆ ਦੇਂਦੀ ਹੈ ਕਿ ਕਿਵੇਂ ਖ਼ਸਮ ਨੂੰ ਕੈਦ ਅਤੇ ਧੀ ਦਾ ਕਤਲ ਕਰ ਕੇ ਜਲਾਇਆ ਜਾ ਸਕਦਾ ਹੈ । ਇਸ ਤੋਂ ਵਧੀਆ ਦਸਮ ਗ੍ਰੰਥ ਹੋਰ ਕੀ ਸਿੱਖਿਆ ਦੇ ਸਕਦਾ ਹੈ । ਗਿਆਨ ਧਿਆਨ ਦੀ ਗੱਲ ਤਾਂ ਲੱਭਣੀ ਬੜੀ ਮੁਸ਼ਕਿਲ ਹੈ । ਖ਼ੈਰ ਪੜ੍ਹਦੇ ਰਹਿਓ ਤੇ ਜਾਗਦੇ ਵੀ ।

ਇਲਾਕਾ : ਮੁਲਤਾਨ (ਖੂੰਟਾ ਗੜ੍ਹ) ਪਿੰਡ : ਬਾਦਰ (ਦੋਇ ਸੌ ਉਨੀਸਵੋਂ ਚਰਿਤ੍ਰ ਪੰਨਾ ੧੧੨੯)

ਪਾਤਰ : ਸ਼ਰਫ ਦੀਨ (ਪੀਰ), ਸ੍ਰੀ ਚਪਲਾਂਗਮਤੀ ਤੇ ਰਾਇ ਖੁਸ਼ਾਲ

**ਪਤੀ ਦੀ ਮੌਤ ਤੋਂ ਬਾਦ ਕੁਕਰਮ ਕਰਦਿਆਂ ਬੱਚਾ ਠਹਿਰ ਜਾਏ ਤਾਂ ਆਖ ਦੇਣਾ ਮੇਰਾ ਪਤੀ ਮੇਰੇ ਨਾਲ ਹਮਬਿਸਤ੍ਰ ਹੁੰਦਾ ਹੈ (*ਦਸਮ ਗ੍ਰੰਥ ਦਾ ਉਪਦੇਸ*) :** ਮੁਲਤਾਨ ਦੇ ਖੂੰਟਾ ਗੜ੍ਹ ਇਲਾਕੇ ਦੇ ਪਿੰਡ ਬਾਦਰ ਦੇ ਪੀਰ ਸ਼ਰਫ ਦੀਨ ਨੇ ਅਪਣੇ ਇਕ ਸਿੱਖ ਦੀ ਧੀ ਸ੍ਰੀ ਚਪਲਾਂਗ ਮਤੀ ਨੂੰ ਉਸ ਦਾ ਸੁੰਦਰ ਸਰੂਪ ਦੇਖ ਕੇ ਅਪਣੇ ਘਰ ਔਰਤ ਦੇ ਰੂਪ ਵਿੱਚ ਰੱਖ ਲਿਆ। ਥੋੜੇ ਸਮੇਂ ਬਾਦ ਪੀਰ ਮਰ ਗਿਆ। ਉਹ ਭਰ ਜੁਆਨ ਇਕੱਲੀ ਰਹਿ ਗਈ। ਉਸ ਨੇ ਅਪਣੇ ਸਬੰਧ ਖੁਸ਼ਾਲ ਰਾਏ ਨਾਲ ਜੋੜ ਕੇ ਮਨ ਭਾਉਂਦੇ ਭਾਂਤਿ ਭਾਂਤਿ ਦੇ ਕਲੋਲ ਕੀਤੇ । ਖੁਸ਼ਾਲ ਰਾਇ ਹਫ਼ੀਮ ਦਾ ਗੋਲਾ ਖਾ ਕੇ ਹਰ ਰੋਜ ਹੀ ਉਸ ਨੂੰ ਅਪਣੇ ਘਰ ਬੁਲਾਉਂਦਾ ਤੇ ਕਾਮ ਭੋਗ ਕਰਦਾ ।

*ਰਾਇ ਖੁਸ਼ਾਲ ਭਏ ਕਰੀ ਤਿਨ ਤ੍ਰਿਯ ਪ੍ਰੀਤਿ ਬਨਾਇ ॥ ਭਾਂਤਿ ਭਾਂਤਿ ਤਾਸੌ ਰਮੀ ਹ੍ਰਿਦੈ ਹਰਖ ਉਪਜਾਇ ॥੪॥*
*ਨਿਤਿ ਪ੍ਰਤਿ ਰਾਇ ਖੁਸ਼ਾਲ ਤਿਹ ਨਿਜੁ ਗ੍ਰਹਿ ਲੇਤ ਬੁਲਾਇ ॥ ਲਪਟਿ ਲਪਟਿ ਤਾਂਸੌ ਰਮੈਂ ਭਾਂਗ ਹਫ਼ੀਮ ਚੜ੍ਹਾਇ ॥੫॥*
(ਦੋਇ ਸੌ ਉਨੀਸਵੋਂ ਚਰਿਤ੍ਰ ਪੰਨਾ ੧੧੨੯)

ਨੋਟ :- ਕੀ ਗੁਰਸਿੱਖ ਨੂੰ ਹਫੀਮ ਜਾਂ ਹੋਰ ਨਸ਼ੇ ਖਾ ਕੇ ਔਰਤ ਕੋਲ ਜਾਣਾ ਚਾਹੀਦਾ ਹੈ ? ਕੀ ਗੁਰੂ ਜੀ ਅਜਿਹੀ ਕੋਈ ਗੱਲ ਲਿਖ ਸਕਦੇ ਹਨ ਜਿਸ ਦਾ ਉਹ ਖੁਦ ਭਾਰੀ ਵਿਰੋਧ ਕਰਦੇ ਆ ਰਹੇ ਹਨ ? ਅਪਣੇ ਹੀ ਗੁਰਸਿੱਖਾਂ ਨੂੰ

ਅਜਿਹਾ ਕਰਨ ਦੀ ਹੱਲਾਸ਼ੇਰੀ ਦੇ ਸਕਦੇ ਹਨ?ਪਤਾ ਨਹੀਂ ਕਿਉਂ ਬੇਸ਼ਰਮੀ ਦਾ ਪਰਦਾ ਹਟਾ ਕੇ ਅਸੀਂ ਅਪਣੇ ਹੀ ਗੁਰੂ ਦਾ ਅਪਮਾਨ ਕਰਨ ਲੱਗੇ ਹੋਏ ਹਾਂ ਓਹ ਵੀ ਉਸ ਗੁਰੂ ਦਾ ਜਿਸ ਨੇ ਸਿੱਖ ਲਈ ਅਪਣਾ ਸਾਰਾ ਸਰਬੰਸ ਵਾਰ ਦਿੱਤਾ। ਸਿੰਘੋ ਅਪਣਾ ਫਰਜ਼ ਪਹਿਚਾਣੋ ਅਤੇ ਅਪਣੇ ਚੌਗਿਰਦੇ ਝਾਤੀ ਮਾਰੋ ਤੁਹਾਨੂੰ ਭੇਖੀ ਹੀ ਭੇਖੀ ਮਿਲਣਗੇ। ਇਕ ਇੱਜਤਦਾਰ ਸਿੱਖ ਹੋਣ ਦੇ ਨਾਤੇ ਦਸਮ ਗ੍ਰੰਥ ਨਾਂ ਦੀ ਗੰਦੀ ਪੁਸਤਕ ਦਾ ਡੱਟ ਕੇ ਵਿਰੋਧ ਕਰੋ ਅਤੇ ਇਸ ਕਿਤਾਬ ਦੀ ਹਮਾਇਤ ਕਰਨ ਵਾਲਿਆਂ ਨੂੰ ਸਰਮੋ ਸ਼ਾਰ ਕਰੋ ।

ਇਹ ਕੁਕਰਮ ਕਰਦਿਆਂ ਉਸ ਦੇ ਪੇਟ ਵਿੱਚ ਗਰਭ ਠਹਿਰ ਗਿਆ । ਉਹ ਲੋਕਾਂ ਨੂੰ ਕਹਿੰਦੀ ਕਿ ਰਾਤ ਨੂੰ ਪੀਰ ਮੇਰੇ ਪਾਸ ਆ ਕੇ ਮੇਰੇ ਨਾਲ ਸੰਭੋਗ ਕਰਦਾ ਹੈ ਮੈਂ ਉਸ ਨੂੰ ਕਿਹਾ ਕਿ ਮੇਰੇ ਤੇ ਕ੍ਰਿਪਾ ਕਰੋ ਮੈਨੂੰ ਇਕ ਪੁੱਤ ਦਿਓ ਤੇ ਉਸ ਦੀ ਕ੍ਰਿਪਾ ਨਾਲ ਹੁਣ ਮੈਨੂੰ ਇਹ ਮੌਕਾ ਮਿਲ ਗਿਆ ਹੈ। ਕਈ ਦਿਨਾਂ ਬਾਦ ਜਣਨ ਪੀੜਾਂ ਝੱਲ ਕੇ ਉਸ ਨੇ ਪੁੱਤਰ ਨੂੰ ਜਨਮ ਦਿੱਤਾ। ਲੋਕਾਂ ਨੇ ਉਸ ਦੀ ਗੱਲ ਸੱਚ ਮੰਨ ਕੇ ਧੰਨ ਧੰਨ ਕਿਹਾ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ । ਸੋਧਕ ਕਮੇਟੀ ਅਤੇ ਵੱਡੇ ਪੁਜਾਰੀਆਂ ਦੀ ਅਪਾਰ ਬਰਾਖ਼ ਦਿਲੀ ਦੇਖੋ ਢੂੰਡ ਢੂੰਡ ਕੇ ਉਨ੍ਹਾਂ ਉੱਤਮ ਸਿੱਖਿਆਵਾਂ ਧੀਆਂ ਭੈਣਾਂ ਲਈ ਇਕੱਤ੍ਰ ਕੀਤੀਆਂ ਹਨ।ਜੇ ਉਨ੍ਹਾਂ ਦੀ ਅਪਣੀ ਧੀ ਭੈਣ ਇਸ ਤੇ ਅਮਲ ਕਰ ਬੈਠੇ ਤਾਂ ਮਨ ਦੀ ਹਾਲਤ ਕੀ ਹੋਏਗੀ ਕਿਸੇ ਤੋਂ ਛੁੱਪਿਆ ਨਹੀਂ ਇਸ ਗ੍ਰੰਥ ਨੂੰ ਸਿਜਦੇ ਕਰਨ ਵਾਲਿਆਂ ਦਾ ਰੱਬ ਹੀ ਰਾਖਾ ਹੈ ਪਰ ਇਹ ਸਿੱਖ ਧਰਮ ਦੇ ਮੁੱਢਲੇ ਮੈਂਬਰ ਵੀ ਨਹੀਂ ਕਹੇ ਜਾ ਸਕਦੇ।ਸਿੱਖ ਬਣਨ ਲਈ ਗੁਰੂ ਦੇ ਹੁਕਮ ਵਿੱਚ ਚੱਲਣਾ ਅਤੇ ਗੁਰੂ ਦਾ ਸਤਿਕਾਰ ਕਰਨਾ ਅਤੀ ਜਰੂਰੀ ਹੈ । ਇਹ ਮਨ ਵਿੱਚ ਦ੍ਰਿੜ ਕਰ ਲੈਣਾ ਕਿ ਦਸਮ ਗ੍ਰੰਥ ਦੀ ਉਸਤਤਿ ਕਰਨ ਵਾਲੇ ਕੌਮ ਦੇ ਗਦਾਰ ਅਤੇ ਤਨਖਾਹੀਏ ਹਨ।

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਲੱਭਦੇ ਰਹਿਣ ਬਹਾਨੇ** (ਦੋਇ ਸੌ ਬੀਸ ਚਰਿਤ੍ਰ ਪੰਨਾ ੧੧੨੯-੧੧੩੧)

ਪਾਤਰ : ਆਸਫ ਖਾਂ (ਉਮਰਾਵ), ੮੦੦ ਔਰਤਾਂ, ਰੋਸ਼ਨ ਜਹਾਂ (ਨਾਰੀ) ਤੇ ਮੋਤੀ ਲਾਲ (ਸ਼ਾਹ)

ਉਮਰਾਵ ਆਸਫ ਖਾਂ ਅਪਣੀਆਂ ਅੱਠ ਸੌ ਔਰਤਾਂ ਨਾਲ ਹਰ ਰੋਜ ਕਲੋਲਾਂ ਕਰਦਾ । ਉਸ ਦੀ ਇਕ ਔਰਤ ਰੋਸ਼ਨ ਜਹਾਂ ਜੋ ਅੰਤਾਂ ਦੀ ਖੂਬਸੂਰਤ ਅਪਣੇ ਖਸਮ ਨਾਲ ਪ੍ਰੀਤ ਨਾ ਕਰਦੀ ਪਰ ਖਾਨ ਉਸ ਦਾ ਦੀਵਾਨਾ ਬਣਿਆ ਰਹਿੰਦਾ ਉਸ ਨੇ ਮੋਤੀ ਲਾਲ ਸ਼ਾਹ ਦਾ ਇਕ ਸੁਨੱਖਾ ਮੁੰਡਾ ਦੇਖਿਆ। ਉਸ ਨੂੰ ਦੇਖਦੇ ਹੀ ਓਹ ਦੀ ਦੀਵਾਨੀ ਹੋ ਗਈ । ਉਸ ਨੇ ਅਪਣੀ ਸਹੇਲੀ ਨੂੰ ਸਮਝਾ ਕੇ ਉਸ ਕੋਲ ਦਿਲ ਦੀ ਗੱਲ ਆਖ ਦੇਣ ਲਈ ਭੇਜਿਆ। ਚੰਨ ਚਾਨਣੀ ਰਾਤ ਨੂੰ ਜੇ ਮਿਤ੍ਰ ਮਿਲੇ ਤਾਂ ਘੁੱਟ ਘੁੱਟ ਕੇ ਉਸ ਦੇ ਅੰਗ ਨਾਲ ਅੰਗ ਮਿਲਾ ਕੇ ਮਿਲਾਂ। ਮੈਂ ਉਸ ਤੇ ਹਰ ਪਲ ਕੁਰਬਾਨ ਹੋਵਾਂ ਤੇ ਇਕ ਛਿਨ ਵੀ ਅਲੱਗ ਨਾ ਹੋਵਾਂ । ਭਾਵੇਂ ਪੰਜਾਹ ਸਾਲ ਬੀਤ ਜਾਣ ਇਸੇ ਹਾਲਤ ਵਿੱਚ ਮੈਂ ਸੋਚਾਂਗੀ ਕਿ ਹਾਲੇ ਦਿਨ ਬੀਤਿਆ ਹੈ।

*ਅੜਿੱਲ ॥ ਚੰਦ ਚਾਨਣੀ ਰਾਤਿ ਸਜਨ ਜੌ ਪਾਇਯੈ ॥ ਗਹਿ ਗਹਿ ਤਾਕੇ ਅੰਗ ਗਰੇ ਲਪਟਾਇਯੈ ॥*
*ਪਲ ਪਲ ਬਲਿ ਬਲਿ ਜਾਂਉ ਨ ਛੋਰੋ ਏਕ ਛਿਨ ॥ ਹੋ ਬੀਤਹਿੰ ਬਰਸ ਪਚਾਸ ਨ ਜਾਨੋ ਏਕ ਦਿਨ ॥੬॥*

(ਦੋਇ ਸੌ ਬੀਸ ਚਰਿਤ੍ਰ ਪੰਨਾ ੧੧੩੦)

ਮੈਂ ਹਰ ਪਲ ਅਪਣੇ ਪ੍ਰੇਮੀ ਤੋਂ ਸਦਕੇ ਜਾਵਾਂ ਤੇ ਉਸ ਨੂੰ ਤੱਕਦੀ ਰਹਾਂ । ਮੈਂ ਓਹਦੇ ਬੁੱਲ੍ਹਾਂ ਦਾ ਰਸ ਪੀ ਕੇ ਬੁਢਾਪੇ ਤੱਕ ਅਨੰਦ ਮਾਣਾ ਤੇ ਅਪਣੇ ਚਿਤ ਦੀ ਗੱਲ ਕਿਸੇ ਨਾਲ ਨਾ ਕਰਾਂ । ਮੈਂ ਮਰ ਕੇ ਚੁੜੇਲ ਬਣ ਕੇ ਅਪਣੇ ਪ੍ਰੀਤਮ ਨੂੰ ਚਿੰਬੜੀ ਰਹਾਂ।ਭਾਵੇਂ ਪ੍ਰੀਤਮ ਦੇ ਹਜਾਰ ਟੁਕੜੇ ਹੋ ਜਾਣ ਮੈਂ ਫਿਰ ਵੀ ਉਸ ਦਾ ਸਰੀਰ ਛੱਡ ਕੇ ਨਾ ਭੱਜਾਂ। ਮੈਂ ਉਸ ਦੇ ਇਸ਼ਕ ਚ ਦੀਵਾਨੀ ਹੋਈ ਮਰਾਂ। ਕਬਰ ਵਿੱਚ ਪੈ ਕੇ ਵੀ ਮੈਂ ਪਿਯ ਪਿਯ ਦੀ ਅਵਾਜ ਦੇਂਦੀ ਰਹਾਂ। ਜਿਥੇ ਅੱਲਾ ਦੇ ਦਰ ਤੇ ਕਾਜੀ ਨਿਆਇ ਕਰਦੇ ਹਨ ਮੈਂ ਉੱਥੇ ਵੀ ਬੇਖੌਫ਼ ਹੋ ਕੇ ਆਖਾਂਗੀ ਕੇ ਮੈਂ ਤੇਰੇ ਨਾਲ ਇਸ਼ਕ ਕੀਤਾ ਹੈ । ਆਖਰ ਸਖੀ ਨੇ ਮਨ ਭਾਉਂਦਾ ਮਿਤ੍ਰ ਮਿਲਾ ਹੀ ਦਿੱਤਾ :-

*ਅੜਿੱਲ ॥ ਮਨ ਭਾਵੰਤਾ ਮੀਤ ਕੁਅਰ ਜਬ ਪਾਇਯੋ ॥ ਸਕਲ ਚਿੱਤ ਕੋ ਸੁੰਦਰਿ ਸ਼ੋਕ ਮਿਟਾਇਯੋ ॥*
*ਤਾਕੇ ਭੋਗਨ ਭਰੀ ਤਰੁਨਿ ਤਾਕੀ ਭਈ ॥ ਹੋ ਆਸਫ ਖਾਨ ਬਿਸਾਰਿ ਹ੍ਰਿਦੈ ਤੇ ਦੇਤ ਭੀ ॥੧੨॥*

(ਦੋਇ ਸੌ ਬੀਸ ਚਰਿਤ੍ਰ ਪੰਨਾ ੧੧੩੦)

ਉਸ ਨੇ ਸੋਚਿਆ ਕਿ ਆਸਫ ਖਾਂ ਤੋਂ ਕਿਵੇਂ ਛੁਟਕਾਰਾ ਹਾਸਲ ਕੀਤਾ ਜਾਏ । ਉਹ ਸੂਰ ਸੂਰ ਬੋਲਦੀ ਮੂਰਛਾ ਖਾ ਕੇ ਡਿੱਗ ਪਈ ਜਿਵੇਂ ਮਰ ਗਈ ਹੋਏ। ਖਾਨ ਨੇ ਸੰਦੂਕ ਵਿੱਚ ਸੁੱਟ ਕੇ ਜਮੀਨ ਵਿੱਚ ਗੱਡ ਦਿੱਤੀ। ਮਿਤ੍ਰ ਆਇਆ ਕਬਰ ਖੋਦੀ ਤੇ ਅਪਣੀ ਪ੍ਰੇਮਿਕਾ ਨੂੰ ਕੱਢ ਕੇ ਲੈ ਗਿਆ ।

ਨੋਟ :- ਇਸ ਤੋਂ ਪਹਿਲੀ ਕਾਵਿ ਰਚਨਾਂ ਦੀ ਤਰ੍ਹਾਂ ਇਹ ਵੀ ਅਸਰ ਦਾਇਕ ਸਿੱਖਿਆ ਬਹੁ-ਬੇਟੀਆਂ ਭੈਣਾਂ ਲਈ ਸਾਡੇ ਪੁਜਾਰੀਆਂ-ਪ੍ਰਬੰਧਕਾਂ ਅਤੇ ਸੰਪਾਦਿਕ ਜਨ ਨੇ ਬੜੀ ਖੋਜ ਖੋਜ ਕੇ ਲਿਖੀ ਹੈ।ਉਨ੍ਹਾਂ ਦਾ ਬਣਦਾ ਧੰਨਵਾਦ ਜਰੂਰ ਕਰਿਓ ਵਰਨਾ ਕੌਣ ਹੈ ਜੋ ਇਤਨੀ ਹਿੰਮਤ ਕਰ ਸਕਦਾ ਹੈ ? ਦੇਖੋ ਨਾ ਆਪ ਜੀ ਤੱਕ ਇਹ ਗਿਆਨ ਪਹੁੰਚਾਉਣ

ਲਈ ਕਿਤਨੇ ਪਾਪੜ ਵੇਲਣੇ ਪਏ । ਲੋਕਾਂ ਦੀ ਛਿੱਤਰ ਪਰੇਡ ਤੋਂ ਬਚਣ ਲਈ ਕਾਵਿ ਰਚਨਾਂ ਤੇ ਪਾਤਿਸ਼ਾਹੀ ੧੦ ਲਿਖਣਾ ਪਿਆ । ਇਸ ਤੋਂ ਵੱਡੀ ਕੁਰਬਾਨੀ ਬੰਦਾ ਹੋਰ ਕੀ ਦੇ ਸਕਦੈ ? ਇਨ੍ਹਾਂ ਦੇ ਸਵੱਛ ਸਰੂਪ ਦੇਖ ਦੇਖ ਕਈ ਬਗਲੇ ਬੇਹੋਸ਼ ਹੋ ਹੋ ਡਿੱਗ ਪੈਂਦੇ ਹਨ । ਕੌਮ ਦੇ ਵਾਰਸੋ ਸੰਭਲੋ ਅਤੇ ਜਾਗਦੇ ਰਹਿਓ !

ਪਾਤਰ : ਸੰਮਨ ਖਾਨ ਪਠਾਨ, ਸ੍ਰੀ ਮ੍ਰਿਗ ਰਾਜਮਤੀ (ਤ੍ਰਿਯ) ਤੇ ਸ਼ਾਦੀ ਖਾਨ (ਦੋਇ ਸੌ ਇਕੀਸ ਚਰਿਤ੍ਰ ਪੰਨਾ ੧੧੩੧)

**ਵਾਹ ਇਸ਼ਕੇ ਤੇਰੇ ਪੁੱਠੇ ਕਾਰੇ ਫਿਰ ਵੀ ਲੋਕੀਂ ਲੈਣ ਹੁਲਾਰੇ** : ਈਸਫ ਜੈਯਨ ਮੌਰ ਦੇ ਸੰਮਨ ਖਾਨ ਪਠਾਣ ਦੀ ਔਰਤ ਸ੍ਰੀ ਮ੍ਰਿਗ ਰਾਜਮਤੀ ਦਾ ਹੁਸਨ ਤੱਕ ਕੇ ਪਸੁਪਤਿ (ਸਿਵ) ਵੀ ਦੇਖ ਦੇਖ ਵਾਹ ਵਾਹ ਕਰਦਾ। ਉੱਥੇ ਦੇ ਇਕ ਪਠਾਣ ਦੇ ਪੁੱਤ ਸ਼ਾਦੀ ਖਾਨ ਦਾ ਰੂਪ ਦੇਖ ਕੇ ਮ੍ਰਿਗ ਰਾਜਮਤੀ ਡੁੱਲ ਗਈ । ਉਸ ਨੇ ਉਹ ਅਪਣੇ ਘਰ ਬੁਲਾਇਆ ਤੇ ਲਪਟਿ ਲਪਟਿ ਕੇ ਉਸ ਨਾਲ ਰੰਗ ਰਲੀਆਂ ਮਨਾਈਆਂ ।

*ਅੜਿੱਲ ॥ ਤਿਹ ਰਾਨੀ ਤਾਕੋ ਗ੍ਰਹਿ ਲਿਯੋ ਬੁਲਾਇਕੈ ॥*
*ਲਪਟਿ ਲਪਟਿ ਤਿਹ ਸਾਥ ਰਮੀ ਸੁਖ ਪਾਇਕੈ ॥* (ਦੋਇ ਸੌ ਇਕੀਸ ਚਰਿਤ੍ਰ ਪੰਨਾ ੧੧੩੧)

ਲੋਕਾਂ ਨੇ ਜਾ ਕੇ ਉਸ ਦੇ ਖਸਮ ਨੂੰ ਦੱਸ ਦਿੱਤਾ ਉਹ ਕਿਰਪਾਨ ਲੈ ਕੇ ਗੁੱਸੇ ਵਿੱਚ ਮਾਰਨ ਆਇਆ। ਉਸ ਨੇ ਜਦ ਦੇਖਿਆ ਕਿ ਖਸਮ ਆ ਰਿਹਾ ਹੈ ਤਾਂ ਬਹੁਤ ਡਰੀ । ਉਸ ਨੇ ਕ੍ਰਿਪਾਨ ਨਾਲ ਅਪਣੇ ਮਿਤ੍ਰ ਦੇ ਟੁਕੜੇ ਕਰ ਕੇ ਦੇਗ ਵਿੱਚ ਪਾ ਕੇ ਅੱਗ ਤੇ ਰੱਖ ਦਿੱਤਾ । ਰਾਜਾ ਨੇ ਸਾਰਾ ਘਰ ਲੱਭਿਆ ਪਰ ਹੱਥ ਪੱਲੇ ਕੁੱਝ ਨਾ ਪਿਆ ।

*ਦੋਹਰਾ ॥ ਪ੍ਰਥਮ ਭੋਗ ਕਰਿ ਭਖਿ ਗਈ ਭੇਦਦਾਇਕਹ ਘਾਇ ॥*
*ਰਾਜਾ ਤੇ ਸਾਚੀ ਰਹੀ ਇਹ ਛਲ ਛਿੱਦ੍ਰ ਬਨਾਇ ॥੭॥* (ਦੋਇ ਸੌ ਇਕੀਸ ਚਰਿਤ੍ਰ ਪੰਨਾ ੧੧੩੧)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਸਾਨੂੰ ਉਪਦੇਸ ਦੇਂਦੀ ਹੈ ਕਿ ਮਿਤ੍ਰ ਨਾਲ ਮਨ ਭਾਉਂਦੀਆਂ ਰੰਗ ਰਲੀਆਂ ਮਨਾਣ ਤੋਂ ਬਾਦ ਉਸ ਦਾ ਕਤਲ ਕਰ ਕੇ ਦੇਗ ਵਿੱਚ ਰਿੰਨ੍ਹ ਖਾਓ । ਸ਼ਾਈਦ ਇਸੇ ਲਈ ਲੋਕਾਂ ਪ੍ਰਭਾਵਿਤ ਹੋ ਕੇ ਤਦੂੰਰ ਕਾਂਡ ਜਿਹੇ ਕਾਰੇ ਕੀਤੇ ਹੋਣ । ਅਖੌਤੀ ਵਿਦਵਾਨ ਤੇ ਬੁੱਧੀ ਜੀਵੀ ਸਿੱਖ ਕੌਮ ਦੇ ਪੁਜਾਰੀਆਂ ਅਤੇ ਸੰਤਾਂ ਸਾਧਾਂ ਨਾਲ ਕਰੂਰੇ ਦੀ ਸਾਂਝ ਕਰ ਕੇ ਆਖ ਰਹੇ ਹਨ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ । ਭਲਾਂ ਕੱਦ ਤੱਕ ਅਪਣੇ ਨੰਗ ਨੂੰ ਹੱਥ ਨਾਲ ਢੱਕ ਕੇ ਰੱਖੋਗੇ । ਕਦੇ ਤਾਂ ਇਹ ਹੱਥ ਚੁੱਕੇ ਜਾਣ ਤੇ ਬੇਪਰਦਾ ਹੋ ਹੀ ਜਾਓਗੇ ਨਾ । ਖਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

**ਅਕਬਰ ਨੇ ਖਾਧੀਆਂ ੨੦ ਤੋਂ ਵੱਧ ਜੁੱਤੀਆਂ** ਇਲਾਕਾ : ਕਾਬਲ (ਦੋਇ ਸੌ ਬਾਈਸਵੋਂ ਚਰਿਤ੍ਰ ਪੰਨਾ ੧੧੩੧-੧੧੩੩)

ਪਾਤਰ : ਅਕਬਰ, ਭੋਗਮਤੀ (ਭਾਮਨੀ) ਤੇ ਗੁਲਮਿਹਰ : ਕਾਬਲ ਦਾ ਇਕ ਬਾਗ ਦੇਖ ਕੇ ਅਕਬਰ ਦੀਆਂ ਅੱਖਾਂ ਨੂੰ ਠੰਢ ਪਹੁੰਚੀ ਤੇ ਦਿਮਾਗ ਰੋਸ਼ਨ ਹੋ ਗਿਆ । ਅਕਬਰ ਦੇ ਘਰ ਇਕ ਖੂਬਸੂਰਤ ਰਾਣੀ ਭੋਗਮਤੀ ਇਕ ਸ਼ਾਹ ਦੇ ਪੁੱਤ ਗੁਲ ਮਿਹਰ ਨੂੰ ਤੱਕ ਕੇ ਦੀਵਾਨੀ ਹੋ ਗਈ । ਉਸ ਨੇ ਇਕ ਸਖੀ ਭੇਜ ਕੇ ਉਸ ਨੂੰ ਬੁਲਾਇਆ ।

*ਦੋਹਰਾ ॥ ਮਨ ਭਵੰਤਾ ਮੀਤ ਸੁਭ ਤਰੁਨਿ ਤਰੁਨ ਕੌ ਪਾਇ ॥*
*ਰਸ ਤਾਕੇ ਰਸਤੀ ਭਈ ਅਕਬਰ ਦਯੋ ਭੁਲਾਇ ॥੭॥* (ਦੋਇ ਸੌ ਬਾਈਸਵੋਂ ਚਰਿਤ੍ਰ ਪੰਨਾ ੧੧੩੨)

ਮਿਤ੍ਰ ਨਾਲ ਸਰੀਰਕ ਨਿੱਘ ਲੈਣ ਤੋਂ ਬਾਦ ਉਸ ਨੇ ਮਿਤ੍ਰ ਨਾਲ ਭੱਜ ਜਾਣ ਦੀ ਸੋਚੀ । ਜਦ ਮਿਤ੍ਰ ਨੂੰ ਇਸ ਬਾਰੇ ਪਤਾ ਚਲਿਆ ਤਾਂ ਬਹੁਤ ਡਰਿਆ ਰਾਣੀ ਕਹਿੰਦੀ ਤੂੰ ਫਿਕਰ ਨਾ ਕਰ ਮੈਂ ਉਸ ਦੇ ਸਿਰ ਜੁੱਤੀਆਂ ਮਾਰ ਕੇ ਫਿਰ ਤੈਨੂੰ ਮਿਲਾਂਗੀ ।

*ਅੜਿੱਲ ॥ ਅਕਬਰ ਬਪੁਰੋ ਕਹਾ ਛਲਹਿ ਛਲਿ ਡਾਰਿਹੋਂ ॥ ਭੇਦ ਪਾਇ ਨਿਕਸੌਗੀ ਤੁਮੈਂ ਬਿਹਾਰਿਹੋਂ ॥*
*ਯਾ ਮੂਰਖ ਕੇ ਸੀਸ ਜੁਤਿਯਨ ਝਾਰਿਕੈ ॥ ਹੋ ਮਿਲਿਹੌ ਤੁਹਿ ਪਿਯ ਆਇ ਚਰਿੱਤ੍ਰ ਦਿਖਾਰਿਕੈ ॥੧੧॥*
(ਦੋਇ ਸੌ ਬਾਈਸਵੋਂ ਚਰਿਤ੍ਰ ਪੰਨਾ ੧੧੩੨)

ਜੋ ਉਸ ਨੇ ਸੋਚਿਆ ਓਹ ਕੀਤਾ ਤੇ ਬਿਚਾਰਾ ਅਕਬਰ ਕੁੱਟਿਆ ਗਿਆ ।

*ਚੌਪਈ ॥ ਐਸੀ ਬਾਤ ਸ਼ਾਹ ਸੁਨਿ ਪਾਈ ॥ ਲੈ ਪਨਹੀ ਤਿਹ ਓਰ ਚਲਾਈ ॥*
*ਜੂਤੀ ਵਹੈ ਹਾਥ ਤਿਨ ਲਈ ॥ ਬੀਸਕ ਝਾਰਿ ਅਕਬਰਹਿ ਗਈ ॥੧੪॥*
(ਦੋਇ ਸੌ ਬਾਈਸਵੋਂ ਚਰਿਤ੍ਰ ਪੰਨਾ ੧੧੩੨)

ਅਕਬਰ ਨੇ ਗੁੱਸਾ ਖਾ ਕੇ ਇਕ ਬ੍ਰਿੱਛ ਥੱਲੇ ਗੱਡ ਦਿੱਤੀ ਤੇ ਆਪ ਦਿੱਲੀ ਨੂੰ ਚਲੇ ਗਿਆ ।
ਮਿਤ੍ਰ ਨੇ ਆ ਕੇ ਬ੍ਰਿੱਛ ਥੱਲੋਂ ਕੱਢ ਲਿਆ ਤੇ ਲੈ ਗਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਘਰੋਂ ਭੱਜਣ ਦੀ ਤਰਤੀਬ ਸਿਖਾਉਂਦੀ ਹੈ । ਆਸ ਹੈ ਆਪ ਜੀ ਇੱਜਤਦਾਰ ਪਾਠਕ ਹੋਵੋਗੇ । ਕੀ ਆਪ ਜੀ ਦਾ ਫਰਜ਼ ਨਹੀਂ ਬਣਦਾ ਕਿ ਪੁਜਾਰੀਆਂ-ਸਾਧਾਂ-ਬ੍ਰਹਮ

ਗਿਆਨੀਆਂ ਤੋਂ ਪੁੱਛਿਆ ਜਾਏ ਬਈ ਇਸ ਗੰਦਗੀ ਤੇ ਪਾਤਸ਼ਾਹੀ ੧੦ ਉਨ੍ਹਾਂ ਕਿਵੇਂ ਲਿਖਿਆ ਪ੍ਰਵਾਨ ਕੀਤਾ । ਕੀ ਇਹ ਸਿੱਖ ਧੀਆਂ ਭੈਣਾਂ ਨੂੰ ਵਰਗਲਾਉਣ ਦੀ ਮੰਦੀ ਕਰਤੂਤ ਨਹੀਂ ? ਕੀ ਇਹ ਸਿੱਖਿਆਵਾਂ ਸਿੱਖ ਆਚਰਣ ਦਾ ਮਲੀਅਮੇਟ ਨਹੀਂ ਕਰ ਦੇਣਗੀਆਂ । ਕੀ ਆਪ ਜੀ ਸੁੱਤੇ ਹੀ ਰਹੋਗੇ ਜਾਂ ਪੂਰਣ ਤੌਰ ਤੇ ਜਾਗ੍ਰ ਕੇ ਅਪਣਾ ਵਿਰਸਾ ਸੰਭਾਲੋਗੇ । ਖ਼ਬਰਦਾਰ-ਬਾ-ਹੋਸਿਆਰ-ਜਾਗਦੇ ਰਹਿਓ !

## ਇਲਾਕਾ : ਰਾਧਾਵਤੀ ਨਗਰ

(ਦੋ ਸੌ ਤੇਈਸ ਚਰਿਤ੍ਰ ਪੰਨਾ ੧੧੩੩-੩੪)

ਪਾਤਰ : ਕ੍ਰੂਰਕੇਤ (ਰਾਜਾ), ਛੱਤ੍ਰਮਤੀ (ਰਾਣੀ) ਤੇ ਹੀਰਾਮਨਿ ਸ਼ਾਹ ਦਾ ਪੁੱਤ

**ਇਸ਼ਕ ਕਰੇਂਦਾ ਪੁੱਠੇ ਕਾਰੇ ਜਿਸ ਨੂੰ ਚਾਹੇ ਉਸੇ ਨੂੰ ਮਾਰੇ :** ਰਾਧਾਵਤੀ ਨਗਰ ਦੇ ਰਾਜਾ ਕ੍ਰੂਰਕੇਤ ਦੀ ਰਾਣੀ ਛੱਤ੍ਰਮਤੀ ਜਿੰਨੀ ਸੋਹਣੀ ਤਿੰਨਾਂ ਭਵਨਾਂ ਵਿੱਚ ਕੋਈ ਨੀ ਇਸ ਦੀ ਗਵਾਹੀ ਤਾਂ ਦੇਵਤੇ ਅਤੇ ਦੈਂਤ ਵੀ ਦੇਂਦੇ ਐਂ । ਉਸ ਨੇ ਹੀਰਾਮਨਿ ਸ਼ਾਹਿ ਦਾ ਖੂਬਸੂਰਤ ਛੈਲ ਛਬੀਲਾ ਪੁੱਤ ਦੇਖਿਆ ਤੇ ਤਨ ਦਾ ਕਾਮ ਜਾਗ੍ਰ ਪਿਆ । ਉਸ ਨੇ ਅਪਣੀ ਇਕ ਸਖੀ ਨੂੰ ਭੇਜ ਕੇ ਬੁਲਾਇਆ ਤੇ ਕਹਿੰਦੀ ਮਨ ਦੀ ਸ਼ੰਕਾ ਲਾਹ ਕੇ ਮੇਰੇ ਨਾਲ ਭੋਗ ਕਰੋ ।

*ਸੋਰਠਾ ॥ ਤਾਕੋ ਲਿਯੋ ਬੁਲਾਇ ਰਾਨੀ ਸਖੀ ਪਠਾਇਕੈ ॥*
*ਕਹਯੋ ਮੀਤ ਮੁਸਕਾਇ ਸ਼ੰਕ ਤਯਾਗਿ ਮੌਕੌ ਭਜਹੁ ॥੫॥* (ਦੋ ਸੌ ਤੇਈਸ ਚਰਿਤ੍ਰ ਪੰਨਾ ੧੧੩੩)

ਰਾਣੀ ਨੇ ਬਥੇਰਾ ਸਮਝਾਇਆ ਬੜੇ ਹਾਵ ਭਾਵ ਕਰ ਕੇ ਦਿਖਾਏ ਪਰ ਉਹ ਜਵਾਨ ਨਾ ਪਿਘਲਿਆ। ਆਖਰ ਗੁੱਸਾ ਖਾ ਕੇ ਕ੍ਰਿਪਾਨ ਨਾਲ ਉਸ ਦਾ ਕਤਲ ਕਰ ਕੇ ਟੁਕੜੇ ਕੀਤੇ ਤੇ ਦੇਗ ਵਿੱਚ ਰਿੰਨ੍ਹ ਕੇ ਖਸਮ ਦੇ ਅੱਗੇ ਭੱਛ ਭੋਜ ਨਾਲ ਪਰੋਸ ਦਿੱਤਾ ।

*ਦੋਹਰਾ ॥ ਮਦਰਾ ਮਾਂਝ ਚੁਆਇ ਤਿਹ ਮਦ ਕਰਿ ਪਯਾਯੋ ਪੀਯ ॥*
*ਲਹਿ ਬਾਰੁਨਿ ਮੂਰਖਿ ਪਿਯੇ ਭੇਦ ਨ ਸਮਝਯੋ ਜੀਯ ॥* (ਦੋ ਸੌ ਤੇਈਸ ਚਰਿਤ੍ਰ ਪੰਨਾ ੧੧੩੩)

ਨੋਟ :- ਕੀ ਗੁਰੂ ਗੋਬਿੰਦ ਸਿੰਘ ਜੀ ਭੱਛ ਭੋਜ (ਉਹ ਖਾਣਾ ਜਿਸ ਵਿੱਚ ਅਨੇਕਾਂ ਨਸ਼ੇ ਮਿਲਾ ਕੇ ਤਿਆਰ ਕੀਤਾ ਗਿਆ ਹੋਵੇ) ਖਾਣ ਅਤੇ ਦਾਰੂ ਪੀਣ ਦੀ ਖੁੱਲ੍ਹ ਦੇ ਗਏ ਹਨ ? ਜੇਕਰ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਤੁਸੀਂ ਆਖਦੇ ਹੋ ਤਾਂ, ਤਾਂ ਫਿਰ ਇਹੀ ਸਿੱਧ ਹੁੰਦਾ ਹੈ ਕਿ ਗੁਰੂ ਜੀ ਕਹਿੰਦੇ ਕੁੱਝ ਹੋਰ ਸੀ ਤੇ ਕਰਦੇ ਕੁੱਝ ਹੋਰ । ਸਿੱਖੀ ਭੇਖ ਧਾਰ ਕੇ ਇਸ ਤੋਂ ਵੱਡਾ ਅਪਮਾਨ ਗੁਰੂ ਦਾ ਤੁਸੀਂ ਹੋਰ ਕੀ ਕਰ ਸਕਦੇ ਹੋ ? ਸਮੂਹ ਪੁਜਾਰੀ ਅਤੇ ਪ੍ਰਚਾਰਕ-ਕਥਾਕਾਰ ਸਿੱਖ ਕੌਮ ਨੂੰ ਦੱਸਣ ਕਿ ਸਿੱਖ ਕੀ ਕਰੇ ? ਇਥੇ ਜਿੱਥੇ ਨਸ਼ੇ ਤੇ ਦਾਰੂ ਵਰਤ ਲੈਣ ਦਾ ਉਪਦੇਸ ਹੈ ਉਥੇ ਮੀਟ ਖਾਣ ਦੀ (ਉਹ ਵੀ ਆਦਮੀ ਦਾ) ਖੁੱਲ੍ਹ ਦਿੱਤੀ ਹੋਈ ਹੈ ।

## ਇਲਾਕਾ : ਜੂਨਾਗੜ੍ਹ

(ਦੋ ਸੌ ਚੌਬੀਸ ਚਰਿਤ੍ਰ ਪੰਨਾ ੧੧੩੪-੩੫)

ਪਾਤਰ : ਬਿਸ਼ਨਕੇਤ (ਰਾਜਾ), ਸ੍ਰੀ ਤ੍ਰਿਪੁਰਾਰਿ ਕਲਾ (ਤ੍ਰਿਯ) ਤੇ ਨਵਲ ਕੁਅਰ (ਸ਼ਾਹੁ ਦਾ ਪੁੱਤ)

**ਯਾਰ ਨੂੰ ਪੁੱਤ ਬਣਾ ਕੇ ਭੋਗ ਕਰੋ :** ਜੂਨਾਗੜ੍ਹ ਦੇ ਰਾਜੇ ਬਿਸ਼ਨਕੇਤ ਦੀ ਸ੍ਰੀ ਤ੍ਰਿਪਰਾਰਿ ਕਲਾ ਰਾਣੀ ਮਾਨੋ ਕਾਮ ਦਾ ਗੋਲਾ । ਉਹ ਇਕ ਸ਼ਾਹ ਦੇ ਪੁੱਤ ਨਵਲ ਕੁਅਰ ਦਾ ਰੂਪ ਤੱਕਦਿਆਂ ਹੀ ਉਸ ਤੇ ਦੀਵਾਨੀ ਹੋ ਗਈ । ਇਕ ਸਖੀ ਭੇਜ ਕੇ ਉਸ ਨੂੰ ਘਰ ਬੁਲਾਇਆ ਤੇ ਪੂਰੇ ਜੋਸ਼ ਨਾਲ ਉਸ ਨਾਲ ਭੋਗ ਕੀਤਾ । ਦੋਨੋ (ਨੌਜੁਆਨ ਅਤੇ ਮੁਟਿਆਰ ਪੂਰੇ ਜੋਰ ਨਾਲ ਇਕ ਦੂਜੇ ਨੂੰ ਭੋਗ ਭੋਗ ਮੁਸਕਰਾਉਂਦੇ । ਉਹ ਇਕ ਦੂਜੇ ਦੇ ਬੁਲਾਂ ਦਾ ਰਸ ਪੀਂਦੇ ਤੇ ਛਾਤੀਆਂ ਮਸਲਦੇ । ਕੋਕ ਸਾਸਤ੍ਰ ਦੀ ਵਿਧੀ ਵਿਧਾਨ ਅਨੁਸਾਰ ਕਲੋਲਾਂ ਕਰ ਕਰ ਖੁਸ਼ ਹੁੰਦੇ ।

*ਅੜਿੱਲ ॥ ਨਵਲ ਕੁਅਰਹਿ ਬਿਲੋਕਿ ਹਿਯੋ ਲਲਚਾਇਯੋ ॥ ਪਠੈ ਸਹਚਰੀ ਨਿਜੁ ਗ੍ਰਿਹਿ ਬੋਲ ਪਠਾਇਯੋ ॥*
*ਅਧਿਕ ਮਾਨਿ ਰੁਚਿ ਰਮੀ ਹਰਖ ਉਪਜਾਇਕੈ ॥ ਹੋ ਕਾਮ ਰੀਤਿ ਜੁਤ ਪ੍ਰੀਤਮ ਅਧਿਕ ਮਚਾਇਕੈ ॥੪॥*
*ਛੈਲ ਛੈਲਨੀ ਛਕੈ ਅਧਿਕ ਸੁਖ ਪਾਵਹੀਂ ॥ ਜੋਰ ਜੋਰ ਚਖੁ ਚਾਰ ਦੋਊ ਮੁਸਕਾਵਹੀਂ ॥*
*ਲਪਟਿ ਲਪਟਿ ਕਰਿ ਜਾਂਹਿ ਨ ਛਿਨ ਇਕ ਛੋਰਹੀ ॥ ਹੋ ਕਰਿ ਅਧਰਨ ਕੋ ਪਾਨ ਕੁਚਾਨ (ਮੰਮੇ) ਮਰੋਰਹੀ ॥੫॥*
*ਚੌਰਾਸਿਯਨ ਆਸਨਨ ਕਰਤ ਬਨਾਇਕੈ ॥ ਕਾਮ ਕਲੋਲ ਮਚਾਇ ਅਧਿਕ ਸੁਖ ਪਾਇਕੈ ॥*
*ਕੋਕਸਾਰ ਕੇ ਭੇਦ ਉਚਰੈਂ ਬਨਾਇ ਕਰ ॥ ਹੋ ਨਿਰਖਿ ਪ੍ਰਭਾ ਬਲਿ ਜਾਹਿ ਦੋਊ ਮੁਸਕਾਇ ਕਰਿ ॥੬॥*

(ਦੋ ਸੌ ਚੌਬੀਸ ਚਰਿਤ੍ਰ ਪੰਨਾ ੧੧੩੪)

ਇਕ ਦਿਨ ਯਾਰ ਕਹਿੰਦਾ ਕਿ ਰਾਣੀ ਜੇਕਰ ਰਾਜੇ ਨੇ ਸਾਨੂੰ ਦੇਖ ਲਿਆ ਤਾਂ ਸਾਡਾ ਦੋਨਾਂ ਦਾ ਕਤਲ ਕਰ ਦੇਵੇਗਾ । ਰਾਣੀ ਕਹਿੰਦੀ ਤੂੰ ਦੇਖਦਾ ਜਾਹ ਪਹਿਲਾਂ ਮੈਂ ਰਾਜੇ ਨੂੰ ਸਾਰਾ ਭੇਦ ਜਤਾਵਾਂਗੀ ਫਿਰ ਨਗਰ ਚ ਢਿੰਡੋਰਾ ਪਿੱਟ ਕੇ ਤੈਨੂੰ ਬੁਲਾ ਕੇ ਤੇਰੇ ਨਾਲ ਭੋਗ ਕਰਾਂਗੀ। ਮਿਤ੍ਰ ਨਾਲ ਪਿਆਰ ਪੀਂਘ ਦੇ ਹੁਲਾਰੇ ਲੈਣ ਬਾਦ ਜਾ ਰਾਜੇ ਨੂੰ ਕਹਿੰਦੀ ਕਿ ਸ਼ਿਵ ਨੇ ਮੈਨੂੰ ਕਿਹਾ ਹੈ ਮੈਂ ਤੇਰੇ ਘਰ ਆਵਾਂਗਾ। ਜਦ ਉਹ ਦਿਨ ਸੁਭਾਗਾ ਆਏਗਾ ਕਿ ਮਹਾਂਦੇਵ ਮੇਰੇ

ਘਰ ਆਇਆ ਹੈ ਮੈਂ ਹੱਥਾਂ ਨਾਲ ਦੁੰਦਭੀ (ਤਾੜੀ) ਬਜਾ ਕੇ ਪੂਰੇ ਪਿੰਡ ਨੂੰ ਕੂਕ ਕੂਕ ਕੇ ਸੁਣਾਵਾਂਗੀ। ਪਰ ਇਸ ਗੱਲ ਦਾ ਭੇਦ ਕਿਸੇ ਹੋਰ ਨੂੰ ਨੀ ਦੱਸ ਦੇਣਾ ਭਾਵੇਂ ਭੋਗ ਕਰਦਿਆਂ ਤੂੰ ਦੇਖ ਲਵੇਂ । ਉਹ ਆ ਕੇ ਮੇਰੇ ਨਾਲ ਭੋਗ ਕਰੇਗਾ ਤੇ ਪਲਿਆ ਪਲਾਇਆ ਪੁੱਤ ਦੇ ਰੂਪ ਵਿੱਚ ਪ੍ਰਗਟ ਹੋ ਜਾਏਗਾ । ਇਸ ਤਰ੍ਹਾਂ ਕਹਿ ਕੇ ਰਾਜਾ ਬਿਦਾ ਕਰਤਾ ਤੇ ਸਖੀ ਭੇਜ ਕੇ ਮਿਤ੍ਰ ਸੱਦ ਲਿਆ। ਅਪਣੇ ਮਿਤ੍ਰ ਨਾਲ ਪੂਰੇ ਪਿੰਡ ਨੂੰ ਕੂਕਿ ਕੂਕਿ ਕੇ (ਸੁਣਾ ਕੇ) ਪੂਰੇ ਜੋਰ ਨਾਲ ਭੋਗ ਕੀਤਾ।

*ਦੋਹਰਾ ॥ ਤੁਰਤੁ ਆਨਿ ਮੋਕੋ ਭਜਹੁ ਸੁਨੁ ਰਾਜਾ ਸੁਖਧਾਮ ॥*
*ਪਲਯੋ ਪਰੋਸੋ ਹੋਇ ਸੁਤ ਮੋਹਨ ਰਖਿਯਹੁ ਨਾਮ ॥੧੨॥*
*ਯੌ ਕਹਿਕੈ ਨ੍ਰਿਪ ਸੋਂ ਬਚਨ ਗ੍ਰਹਿ ਤੇ ਦਿਯੋ ਉਠਾਇ ॥*
*ਪਠੈ ਸਹਚਰੀ ਜਾਰ ਕੌ ਲੀਨੋ ਨਿਕਟ ਬੁਲਾਇ ॥੧੩॥*
*ਚੌਪਈ ॥ ਕਾਮ ਭੋਗ ਪ੍ਰੀਤਮ ਸੋ ਕਿਯੋ ॥ ਦ੍ਰਿੜ ਕਰਿ ਬਹੁਤ ਦਮਾਮੋ ਦਿਯੋ ॥*
*ਕੂਕਿ ਕੂਕਿ ਪਰ ਸਕਲ ਸੁਨਾਇਸਿ ॥ ਭੋਗ ਸਮੈ ਰਾਨੀ ਕੋ ਆਇਸਿ ॥੧੪॥*

(ਦੋ ਸੌ ਚੌਬੀਸ ਚਰਿਤ੍ਰ ਪੰਨਾ ੧੧੩੫)

ਸ਼ੋਰ ਸੁਣ ਕੇ ਰਾਜਾ ਭੱਜਿਆ ਆਇਆ ਤੇ ਰਾਣੀ ਨੂੰ ਭੋਗ ਕਰਦਿਆਂ ਤੱਕਿਆ ਉਸ ਨੇ ਸੋਚਿਆ ਬਈ ਰਾਣੀ ਨੇ ਜੋ ਕਿਹਾ ਉਹ ਸੱਚ ਹੋ ਨਿਬੜਿਆ । ਜੋ ਸਿਵ ਨੇ ਬਚਨ ਕਹੇ ਓਹੀ ਹੋ ਰਹੇ ਹਨ ਹੁਣ ਪਲਿਆ ਪਲਾਇਆ ਪੁੱਤ ਮਿਲੇਗਾ । ਯਾਰ ਕਹਿੰਦਾ ਰਾਣੀ ਨੂੰ ਤੂੰ ਮੇਰੇ ਨਾਲ ਧੋਖਾ ਕੀਤਾ ਹੈ ਤੇ ਮੈਨੂੰ ਬੇਕਸੂਰ ਮਰਵਾ ਦੇਵੇਂਗੀ ਮੈਂ ਤੇਰਾ ਕੁੱਝ ਨਹੀਂ ਸੀ ਵਿਗਾੜਿਆ । ਰਾਜੇ ਨੇ ਸਿਵ ਸਮਝ ਕੇ ਅਪਣੀ ਪਿੱਠ ਫੇਰ ਲਈ ਤੇ ਘਰ ਨੂੰ ਤੁਰ ਪਿਆ ਤਾਂ ਰਾਣੀ ਨੇ ਅਪਣੇ ਮਿਤ੍ਰ ਨੂੰ ਸੱਦਿਆ । ਰਾਜੇ ਨੂੰ ਕਹਿੰਦੀ ਤੂੰ ਕਿੱਥੇ ਚੱਲਿਆ ਹੈਂ ਸਿਵ ਨੇ ਤੈਨੂੰ ਪਲਿਆ ਪਲਾਇਆ ਪੁੱਤ ਦਿੱਤਾ ਹੈ ਇਸ ਦਾ ਨਾਂ ਮੋਹਨਿ ਰੱਖਣਾ ।

*ਦੋਹਰਾ ॥ ਕਹਾ ਜਾਤ ਰਾਜਾ ਕਹਯੋ ਸ਼ਿਵ ਸੁਤ ਦੀਨੋ ਧਾਮ ॥*
*ਪਲੋ ਪਲੋਸੋ ਲੀਜਿਯੈ ਮੋਹਨਿ ਰਖਿਯੈ ਨਾਮ ॥੧੮॥* (ਦੋ ਸੌ ਚੌਬੀਸ ਚਰਿਤ੍ਰ ਪੰਨਾ ੧੧੩੫)

ਪਹਿਲਾਂ ਯਾਰ ਸੱਦਿਆ ਫਿਰ ਅਵਾਜ ਮਾਰ ਕੇ ਰਾਜਾ ਬੁਲਾਇਆ ਤੇ ਫਿਰ ਕੂਕ ਪੁਕਾਰ ਕੇ ਪਿੰਡ ਨੂੰ ਸੁਣਾਇਆ ਤੇ ਯਾਰ ਨੂੰ ਪੁੱਤ ਠਹਿਰਾ ਦਿੱਤਾ।

*ਚੌਪਈ ॥ ਪ੍ਰਥਮ ਜਾਰ ਕੋ ਬੋਲਿ ਪਠਾਯੋ ॥ ਦੈ ਦੁੰਦਭਿ ਪੁਨਿ ਰਾਵ ਬੁਲਾਯੋ ॥*
*ਬਹੁਰਿ ਕੂਕਿ ਕੈ ਪੁਰਹਿ ਸੁਨਾਇਸਿ ॥ ਮਿਤਵਾ ਕੋ ਸੁਤ ਕੈ ਠਹਰਾਇਸਿ ॥੧੯॥*

(ਦੋ ਸੌ ਚੌਬੀਸ ਚਰਿਤ੍ਰ ਪੰਨਾ ੧੧੩੫)

ਰਾਤ ਦਿਨ ਯਾਰ ਨੂੰ ਪੁੱਤ ਪੁੱਤ ਕਹਿ ਕੇ ਘਰ ਰੱਖਦੀ । ਸਿਵ ਬਚਨ ਜਾਣ ਕੇ ਰਾਜਾ ਚੁੱਪ ਰਿਹਾ ਤੇ ਔਰਤ ਨੇ ਰਾਜਾ ਛੱਲ ਲਿਆ।

*ਦੋਹਰਾ ॥ ਨਿਸੁ ਦਿਨ ਰਾਖਤ ਜਾਰ ਕੋ ਸੁਤ ਸੁਤ ਕਹਿ ਕਹਿ ਧਾਮ ॥*
*ਸ਼ਿਵ ਬਚ ਲਹਿ ਨ੍ਰਿਪ ਚੁੱਪ ਰਹਯੋ ਇਹ ਛਲ ਛਲਯੋ ਸੁ ਬਾਮ ॥੨੦॥* (ਦੋ ਸੌ ਚੌਬੀਸ ਚਰਿਤ੍ਰ ਪੰਨਾ ੧੧੩੫)

ਨੋਟ :- ਇਸ ਤੋਂ ਲੱਚਰ ਸਹਿਤ ਮਨੁੱਖ ਹੋਰ ਕੀ ਪੜ੍ਹ ਸਕਦਾ ਹੈ? ਉਹ ਭੀ ਧਰਮ ਦੇ ਬੁਰਕੇ ਹੇਠ। ਇਸ ਤੋਂ ਗੰਦੀ ਸਿੱਖਿਆ ਪਾਤਸ਼ਾਹੀ ੧੦ ਦੀ ਮੋਹਰ ਹੇਠ ਧੀਆਂ ਭੈਣਾਂ ਮਾਵਾਂ ਲਈ ਧਰਮ ਦੀ ਥਾਲੀ ਚ ਪਰੋਸ ਕੇ ਹੋਰ ਕੀ ਦਿੱਤੀ ਜਾ ਸਕਦੀ ਹੈ ? ਬੜੇ ਢੀਠ ਤੇ ਬੜੇ ਬੇਸ਼ਰਮ-ਬੇ-ਹਯਾ ਹਨ ਸਾਡੇ ਵੱਡੇ ਪੁਜਾਰੀ । ਇਨ੍ਹਾਂ ਨੂੰ ਪੁਜਾਰੀ ਆਖਣਾ ਵੀ ਮੈਂ ਗੁਰੂ ਦਾ ਅਪਮਾਨ ਸਮਝਦਾ ਹਾਂ। ਜੇਕਰ ਗੰਦਗੀ ਦੇ ਮਹਾਂ ਗੰਦੇ ਕੀੜੇ ਆਖਿਆ ਜਾਏ ਉਹ ਵੀ ਘੱਟ ਹੈ। ਹਰ ਰੋਜ ਗੁਰਬਾਣੀ ਪੜ੍ਹਨ ਦਾ ਅਡੰਬਰ ਕਰਦੇ ਹਨ ਪਰ ਦਸਮ ਗ੍ਰੰਥ ਦੀ ਪੂਜਾ ਕਰਦੇ ਨਹੀਂ ਥੱਕਦੇ । ਕਹਿੰਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਇਲਾਹੀ ਬਾਣੀ-ਧੁਰ ਕੀ ਬਾਣੀ ਹੈ । ਬੇਸ਼ਰਮ ਕਿਤੋਂ ਦੇ । ਕੀ ਗੁਰੂ ਜੀ ਅਪਣੇ ਗੁਰਸਿੱਖਾਂ ਨੂੰ ਅਜਿਹੀ ਸਿੱਖਿਆ ਦੇ ਸਕਦੇ ਹਨ? ਕੀ ਉਹ ਆਖਣਗੇ ਕਿ ਇਕ ਔਰਤ ਅਪਣੇ ਯਾਰ ਨੂੰ ਪੁੱਤ ਦੱਸ ਕੇ ਉਸ ਨਾਲ ਸੰਭੋਗ ਕਰ ਸਕਦੀ ਹੈ । ਦਸਮ ਗ੍ਰੰਥ ਦੀ ਪੂਜਾ-ਸਤਿਕਾਰ ਅਤੇ ਗੁਰਦੁਆਰੇ ਪ੍ਰਕਾਸ਼ਿਤ ਕਰਨ ਵਾਲੇ ਗੰਦਗੀ ਦੇ ਕੀੜੇ ਹਨ ਅਤੇ ਸਿੱਖ ਧਰਮ ਦੇ ਕੱਟੜ ਦੁਸ਼ਮਣ ਤੇ ਗਦਾਰ । ਮੂਰਖੋ ਗੁਰੂ ਨੂੰ ਨੀਚਤਾਈ ਦੀਆਂ ਹੱਦਾਂ ਟੱਪ ਕੇ ਗਾਲਾਂ ਕੱਢ ਕੱਢ ਫਿਰ ਵੀ ਅਪਣੇ ਆਪ ਨੂੰ ਤੁਸੀਂ ਗੁਰੂ ਦੇ ਸਿੱਖ ਅਖਵਾਉਂਦੇ ਹੋ ? ਉਸ ਗੁਰੂ ਨੂੰ ਜਿਸ ਨੇ ਤੁਹਾਡੇ ਲਈ ਪੂਰਾ ਸਰਬੰਸ ਵਾਰਿਆ, ਅੰਮ੍ਰਿਤ ਦੀ ਦਾਤ ਦਿੱਤੀ ਤੇ ਵੱਖਰਾ ਸਰੂਪ ਤੇ ਵੱਖਰੀ ਪਹਿਚਾਣ ਇਸ ਤੋਂ ਵੱਡਾ ਅਕ੍ਰਿਤਘਣ ਹੋਰ ਕੌਣ ਹੋ ਸਕਦਾ ਹੈ? ਮੈਂ ਉਨ੍ਹਾਂ ਸਭਨਾਂ ਲਈ ਗੁਰੂ ਦਰ ਤੇ ਜੋਦੜੀ ਕਰਦਾ

ਹਾਂ ਜੋ ਨਾਨਕ ਦੇ ਧਰਮ ਨੂੰ ਸਮਝ ਕੇ ਜਿੰਦਗੀ ਜਿਉ ਰਹੇ ਹਨ ਤੇ ਦਸਮ ਗ੍ਰੰਥ ਨੂੰ ਗੁਰਬਾਣੀ ਦਾ ਦਰਜਾ ਨਹੀਂ ਦੇਂਦੇ । ਇਹ ਚਿਤ ਵਿੱਚ ਵਸਾ ਲੈਣਾ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ ।

**ਟੂਣਾ ਕਰਕੇ ਸੂਰਜ ਚੜ੍ਹਨਾ ਬੰਦ ਕਰੋ** ਇਲਾਕਾ : ਬਾਰਾਨਸ (ਦੋ ਸੌ ਪੱਚੀਸਵੇਂ ਚਰਿਤ੍ਰ ਪੰਨਾ ੧੧੩੫-੩੬)

ਪਾਤਰ : ਬਿਮਲ ਸੈਨ (ਰਾਜਾ), ਸੁਨਤ ਕੁਅਰ (ਸੁਤ) ਤੇ ਸ੍ਰੀ ਚਖੁਚਾਰ ਮਤੀ (ਸੁਤਾ)

ਬਿਮਲ ਸੈਨ ਰਾਜਾ ਬਰਾਣਸ ਰਹਿੰਦਾ ਜਿਸ ਨੂੰ ਦੇਖਦਿਆਂ ਹੀ ਬੰਦੇ ਦੇ ਸਾਰੇ ਪਾਪ ਲਹਿ ਜਾਂਦੇ ਹਨ ।

ਨੋਟ :- ਸਿੱਖ ਧਰਮ ਬਨਾਰਸ ਨੂੰ ਕੋਈ ਮਾਨਤਾ ਨਹੀਂ ਦੇਂਦਾ, ਸਗੋਂ ਉਸ ਤੀਰਥ ਦੀ ਭਰਪੂਰ ਖੰਡਨਾ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ ਹੈ ਕਿ ਜੇਕਰ ਮਨੁੱਖ ਮਨ ਦਾ ਕਠੋਰ ਹੋਏ ਤੇ ਬਨਾਰਸ ਰਹਿੰਦਿਆਂ ਉੱਥੇ ਹੀ ਮਰ ਜਾਏ ਤਾਂ ਵੀ ਉਸ ਦਾ ਨਰਕਾਂ ਤੋਂ ਛੁਟਕਾਰਾ ਨਹੀਂ ਹੋਣਾ । ਇਸ ਦੇ ਉਲਟ ਉਹ ਬੰਦਾ ਜੋ ਰੱਬ ਦੀ ਪੂਜਾ ਕਰਦਿਆਂ ਹੜੰਬੇ (ਹਿੰਦੂ ਧਰਮ ਦੀ ਅਪਵਿੱਤ੍ਰ ਥਾਂ) ਵਿੱਚ ਮਰ ਜਾਏ ਤਾਂ ਉਹ ਅਪਣੇ ਸਾਥੀਆਂ ਦਾ ਬੇੜਾ ਵੀ ਪਾਰ ਕਰ ਦੇਂਦਾ ਹੈ । ਵਿਸਥਾਰ ਸਹਿਤ ਜਾਣਕਾਰੀ ਲਈ ਪੜ੍ਹੋ ਅਤੇ ਸਮਝੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਉਸ ਦਾ ਇਕ ਪੁੱਤ ਸੁਨਤ ਕੁਅਰ ਐਨਾ ਸੋਹਣਾ ਬਈ ਜਿਹੜੀ ਕੁੜੀ ਵੀ ਉਸ ਨੂੰ ਤੱਕ ਲੈਂਦੀ ਉਹ ਕਾਮੀ ਹੋ ਜਾਂਦੀ । ਇਕ ਰਾਜੇ ਦੀ ਧੀ ਚਖੁਚਾਰ ਮਤੀ ਜੋ ਕਾਮ ਵਿੱਚ ਭਰਪੂਰ ਤੇ ਭਰ ਮੁਟਿਆਰ ਨੇ ਜਦ ਇਸ ਦਾ ਰੂਪ ਦੇਖਿਆ ਤਾਂ ਸੋਚਿਆ ਕਿ ਕਿਵੇਂ ਨਾ ਕਿਵੇਂ ਇਸ ਨੂੰ ਪਾ ਲਵਾਂ । ਉਸ ਨੇ ਇਕ ਸਹੇਲੀ ਨੂੰ ਸੱਦਿਆ ਤੇ ਕਿਹਾ ਕਿ ਮੈਨੂੰ ਮੇਰਾ ਮਿਤ੍ਰ ਮਿਲਾ ਦੇ । ਸਿਆਣੀ ਸਖੀ ਨੇ ਦੋਨਾਂ ਦਾ ਮਿਲਾਪ ਕਰਵਾ ਦਿੱਤਾ । ਉਹ ਕਹਿੰਦੀ ਮੈਂ ਹੁਣ ਤੇਰੀ ਦੀਵਾਨੀ ਹੋ ਗਈ ਹਾਂ ਮੈਂ ਤੇਰੇ ਨਾਲ ਸ਼ਾਦੀ ਕਰਾਂਗੀ ਮੇਰੇ ਬਾਪ ਤੋਂ ਨਾ ਡਰ ਜਾਵੀਂ-ਤੂੰ ਅਪਣਾ ਨਾਂ ਸੂਰਜ ਰੱਖ ਲੈ । ਉਸ ਨੇ ਪਿਓ ਦੀ ਬਾਂਹ ਪਕੜ ਕੇ ਮਿਤ੍ਰ ਦਿਖਾਇਆ ਕਹਿੰਦੀ ਇਹ ਸੂਰਜ ਹੈ ਤੇਰੀ ਧੀ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ । ਇਸ ਦੀ ਪ੍ਰੀਖਿਆ (ਟੈਸਟ) ਲੈ ਕੇ ਮੇਰਾ ਇਸ ਨਾਲ ਵਿਆਹ ਕਰਦੇ । ਕਹਿੰਦੀ ਜਦ ਤੱਕ ਇਹ ਘਰ ਰਹੇਗਾ ਉਦੋਂ ਤੱਕ ਸੂਰਜ ਅਕਾਸ਼ ਨਹੀਂ ਚੜ੍ਹੇਗਾ ਤੇ ਜਦ ਚਲੇ ਜਾਇਗਾ ਤਾਂ ਪ੍ਰਕਾਸ਼ ਹੋ ਜਾਏਗਾ । ਰਾਜ ਕੁਮਾਰਿ ਨੇ ਇਕ ਮੰਤ੍ਰ ਪੜ੍ਹਿਆ ਤੇ ਦੋ ਦਿਨ ਤੱਕ ਸੂਰਜ ਨਾ ਚੜ੍ਹਿਆ।

*ਰਾਜ ਕੁਮਾਰਿ ਮੰਤ੍ਰ ਇਕ ਪੜ੍ਹਿਯੋ ॥ ਦ੍ਵੈ ਦਿਨ ਲਗੇ ਸੂਰਜ ਨਹਿ ਚੜ੍ਹਿਯੋ ॥੧੩॥*

*ਦੋਹਰਾ ॥ ਮੰਤ੍ਰਨ ਸੋ ਅਭਿ ਮੰਤ੍ਰ ਕਰਿ ਬਰਿਯਾ ਦਈ ਉਡਾਇ ॥*

*ਨਿਸੁ ਨਾਇਕ ਸੋ ਜਾਨਿਯੈ ਗਗਨ ਰਹਿਯੋ ਥਹਰਾਇ ॥੧੪॥*

ਰਾਜੇ ਨੇ ਸੱਚ ਜਾਣ ਕੇ ਅਪਣੀ ਧੀ ਸੂਰਜ ਨੂੰ ਵਿਆਹ ਦਿੱਤੀ ।

ਨੋਟ :- ਸਿੱਖ ਧਰਮ ਜੰਤ੍ਰ ਮੰਤ੍ਰ ਟੂਣੇ ਤੰਤ੍ਰ ਦੱਛਣਾ ਪੁੱਛਿਆ (ਪੁੱਛ) ਮੱਸਿਆ ਪੁੰਨਿਆਂ ਸੰਗ੍ਰਾਂਦ ਵਿੱਚ ਵਿਸ਼ਵਾਸ ਨਹੀਂ ਕਰਦਾ । ਜੋ ਮਨੁੱਖ ਇਨ੍ਹਾਂ ਵਿੱਚ ਵਿਸ਼ਵਾਸ ਜਾਂ ਕਰਮ ਕਾਂਡ ਕਰਦਾ ਹੈ ਉਹ ਸਿੱਖ ਨਹੀਂ ਜਾਂ ਇਉਂ ਕਹੋ ਕਿ ਉਹ ਗੁਰੂ ਘਰ ਦਾ ਤਨਖਾਹੀਆ ਹੈ। ਸਿੱਖ ਰੱਬ ਤੋਂ ਛੁੱਟ ਨਾ ਕਿਸੇ ਹੋਰ ਨੂੰ ਰੱਬ ਮੰਨ ਕੇ ਪੂਜਾ ਕਰਦਾ ਹੈ ਤੇ ਨਾ ਹੀ ਰੱਬ ਨੂੰ ਖੁਸ਼ ਕਰਨ ਲਈ ਕੋਈ ਮਿੱਥਿਆ ਕਰਮ ਕਾਂਡ ਕਰਦਾ ਹੈ । ਗੁਰਸਿੱਖ ਦਾ ਕਿਸੇ ਵੀ ਪ੍ਰਕਾਰ ਦੇ ਜੰਤ੍ਰ ਮੰਤ੍ਰ ਟੂਣੇ ਤੰਤ੍ਰਾਂ ਨਾਲ ਨਾ ਕਦੇ ਕੋਈ ਵਾਸਤਾ ਰਿਹਾ ਹੈ ਤੇ ਨਾ ਹੀ ਰਹੇਗਾ। ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲਿਓ ਜਾਓ ਜਾ ਕੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਅਰਥਾਂ ਸਮੇਤ ਪੜ੍ਹੋ ਅਤੇ ਗੁਰਬਾਣੀ ਤੇ ਕਾਮ ਸ਼ਾਸਤ੍ਰ ਦੇ ਫ਼ਰਕ ਨੂੰ ਪਹਿਚਾਣੋ । ਸੋਧਕ ਕਮੇਟੀ ਅਤੇ ਸੰਪਾਦਿਕ ਜਨ ਨੇ ਅਪਣੇ ਫੁੱਟ ਨੋਟ ਵਿੱਚ ਲਿਖਿਆ ਹੈ ਕਿ 'ਇਸ ਤੋਂ ਸਿੱਧ ਹੁੰਦਾ ਹੈ ਕਿ ਕੋਈ ਅਜਿਹਾ ਮੰਤ੍ਰ ਹੈ ਜੋ ਸੂਰਜ ਅੱਗ ਨੂੰ ਵਸ ਕਰ ਸਕਦਾ ਹੈ' ਮੁਬਾਰਕ ਹੋ ਸੰਪਾਦਿਕ ਜਿਓ ਤੇ ਸੋਧ ਕਮੇਟੀ ਦੇ ਮਾਲਕੋ ਤੁਹਾਨੂੰ ਵੀ ਮੁਬਾਰਕਾਂ । ਜੇ ਇਹ ਮੰਤ੍ਰ ਤੁਹਾਡੇ ਹੱਥ ਲੱਗੇ ਤਾਂ ਸਾਇੰਸਦਾਨਾਂ ਨੂੰ ਚਮਤਕਾਰ ਜਰੂਰ ਦਿਖਾ ਦੇਣਾ ਵਿਚਾਰੇ ਸੈਂਕੜੇ ਸਾਲਾਂ ਤੋਂ ਅਜਿਹੇ ਮੰਤ੍ਰ ਦੀ ਹੀ ਖੋਜ ਕਰ ਰਹੇ ਹਨ । ਪਰ ਯਾਦ ਰੱਖਿਓ ਗੁਰੂ ਅਤੇ ਸਿੱਖ ਨੂੰ ਹੁਸ਼ਿਆਰੀ ਨਹੀਂ ਦਿਖਾਣੀ ਕਿਉਂ ਕਿ ਉਹ ਤੁਹਾਡਾ ਨੰਗ ਦੇਖ ਅਤੇ ਸਮਝ ਚੁੱਕੇ ਹਨ ।

ਦੇਸ : ਮਾਲਨੇਰ ਪਿੰਡ : ਮਾਲਕੌਸ (ਦੋ ਸੌ ਛੱਬੀਸਵੇਂ ਚਰਿਤ੍ਰ ਪੰਨਾ ੧੧੩੬-੩੭)

ਪਾਤਰ : ਮਾਨ ਸ਼ਾਹ (ਚੌਧਰੀ), ਰੁਸਤਮ ਦੇਈ (ਨਾਰਿ) ਤੇ ਸ਼ਾਹ ਜਹਾਂ

**ਨਸ਼ੇ ਅਤੇ ਚੋਰੀ ਕਰਨਾ ਸਿੱਖੋ** : ਮੁਲਤਾਨ ਦੇਸ ਦੇ ਮਾਲਕੌਸ ਪਿੰਡ ਦੇ ਚੌਧਰੀ ਮਾਨ ਸ਼ਾਹ ਦੀ ਔਰਤ ਰੁਸਤਮ ਦੇਈ ਬੜੀ ਸੁੰਦਰ ਪਤੀਬ੍ਰਤਾ ਅਤੇ ਪਤੀ ਦੀ ਬੜੀ ਆਗਿਆਕਾਰੀ। ਉਸ ਦਾ ਪਤੀ ਸ਼ਾਹਜਹਾਂ ਉਮਰਾਵ ਦੀ ਨੌਕਰੀ ਕਰਦਾ। ਚੌਧਰੀ ਨੇ ਇਕ ਦਿਨ ਬੜੀ ਭੰਗ ਪੀਤੀ ਅਤੇ ਹਫੀਮ ਦਾ ਗੋਲਾ ਖਾਧਾ । ਉਹ ਅੱਠੇ ਪਹਿਰ ਘੁੰਮਦਾ ਰਿਹਾ ਤੇ ਲੋਕੀਂ ਦੇਖ ਦੇਖ ਲੋਟ ਪੋਟ ਹੋ ਗਏ ।

ਨੋਟ :- ਕੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖ ਨੂੰ ਭੰਗ ਹਫੀਮ ਜਾਂ ਹੋਰ ਨਸ਼ੇ ਕਰਨ ਦੀ ਖੁੱਲ੍ਹ ਜਾਂ ਪ੍ਰੇਰਨਾ ਦਿੱਤੀ ਹੈ ? ਜੇ ਨਹੀਂ ਤਾਂ ਪਾਤਸ਼ਾਹੀ ੧੦ ਥੱਲੇ ਲਿਖਿਆ ਗਿਆ ਇਹ ਕਾਵਿ ਪੜ੍ਹ ਕੇ ਨਿਰਣਾ ਕਰੋ :-

*ਭਾਂਗ ਪਿਯਤ ਬਹੁ ਚੌਧਰੀ ਔਰ ਅਫੀਮ ਚੜ੍ਹਾਇ ॥*
*ਆਠ ਪਹਰ ਘੁਮਤ ਰਹੈ ਲੋਗ ਹਸੈ ਬਹੁ ਆਇ ॥੪॥* (ਦੋ ਸੌ ਛੱਬੀਸਵੇਂ ਚਰਿਤ੍ਰ ਪੰਨਾ ੧੧੩੬)

ਦਸਮ ਗ੍ਰੰਥ ਮਨੁੱਖ ਨੂੰ ਭਾਰੀ ਨਸ਼ੇ ਕਰਨ ਦੀ ਪ੍ਰੇਰਨਾ ਦੇਂਦਾ ਹੈ ਜਦ ਕਿ ਗੁਰਬਾਣੀ (ਗੁਰੂ ਗ੍ਰੰਥ ਸਾਹਿਬ) ਮਨੁੱਖ ਨੂੰ ਨਸ਼ੇ ਨਾ ਕਰਨ ਦੀ ਪ੍ਰੇਰਨਾ ਦੇਂਦੀ ਹੈ। ਇਕ ਵੱਖਰੇ ਲੇਖ ਰਾਹੀਂ ਨਸ਼ਿਆਂ ਬਾਰੇ ਵਿਸਥਾਰ ਦਿੱਤਾ ਗਿਆ ਹੈ ਪੜ੍ਹੋ ਜੀ।

ਲੋਕ ਆਖਣ ਸ਼ਾਹ ਮੂਰਖ ਹੈ ਕੁੱਝ ਨਹੀਂ ਜਾਣਦਾ। ਉਸ ਨੇ ਹਜਰਤਿ ਦਾ ਖਜਾਨਾ ਚੋਰੀ ਕਰਨ ਦੀ ਸੋਚੀ । ਉਸ ਨੇ ਹਜਰਤਿ ਦਾ ਖਜਾਨਾ ਚੋਰੀ ਕੀਤਾ ਤੇ ਫਕੀਰ ਦਾ ਭੇਸ ਧਾਰਣ ਕਰ ਕੇ ਔਰਤ ਕਚੈਹਿਰੀ ਬਿਠਾ ਦਿੱਤੀ । ਮਾਨ ਸ਼ਾਹ ਬਹੁਤ ਭੰਗ ਹਫੀਮ ਚੜ੍ਹਾ ਕੇ ਘੁੰਮਦਾ ਘੁਮਾਉਂਦਾ ਉੱਥੇ ਪੁੱਜਾ ਤਦ ਅਤਿਥ (ਫਕੀਰ) ਕਹਿੰਦਾ ਇਕ ਠੀਕਰੀ ਦੇਹ ਤੇ ਚੌਧਰੀ ਮੇਰਾ ਇਕ ਕੰਮ ਕਰਦੇ । ਇਕ ਘੜਾ ਭੰਨ ਕੇ ਠੀਕਰੀ ਉਸ ਦੇ ਹੱਥ ਦਿੱਤੀ । ਠੀਕਰੀ ਦੇਖ ਕੇ ਕਚੈਹਿਰੀ ਵਿੱਚ ਸਰਾਪ ਦਿੱਤਾ ਕਿ ਸਾਰਾ ਧੰਨ ਠੀਕਰੀਆਂ ਹੋ ਜਾਣ ਜਦ ਕਾਜ਼ੀ ਕੋਟਵਾਰ ਨੇ ਦੇਖਿਆ ਤਾਂ ਜਾਣਿਆ ਬਈ ਸਰਾਪ ਸੱਚਾ ਹੋ ਗਿਆ ਹੈ । ਅਮਲੀ ਸਭ ਨੂੰ ਲੁੱਟ ਕੇ ਚਲਦਾ ਬਣਿਆ ।

ਨੋਟ :- ਇਹ ਦਸਮ ਗ੍ਰੰਥ ਦੀਆਂ ਸ਼ੁੱਭ ਸਿੱਖਿਆਵਾਂ ਹਨ ਜੋ ਨਸ਼ੇ ਅਤੇ ਚੋਰੀ ਕਰਨ ਲਈ ਪ੍ਰੇਰਦੀਆਂ ਹਨ। ਇਸ ਦਾ ਦੁਖਦਾਈ ਪਹਿਲੂ ਇਹ ਹੈ ਕਿ ਸਾਡੇ ਪੁਜਾਰੀ ਸੰਤ ਸਾਧ ਤੇ ਬ੍ਰਹਮਗਿਆਨੀ ਅਖੌਤੀ ਵਿਦਵਾਨ ਤੇ ਬੁੱਧੀ ਜੀਵੀ ਆਖ ਰਹੇ ਹਨ ਕਿ ਇਨ੍ਹਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਹਨ। ਤੁਸੀਂ ਅਪਣੇ ਮਨ ਦੀ ਆਵਾਜ ਜਰੂਰ ਸੁਣ ਕੇ ਕੋਠੇ ਚੜ੍ਹ ਅਪਣਾ ਫੈਸਲਾ ਸੁਣਾ ਦੇਣਾ ਰੱਬ ਤੁਹਾਡਾ ਭਲਾ ਕਰੇ ।

ਦੇਸ : ਮਾਲਵਾ (ਦੋਇ ਸੌ ਸਤਾਈਸਵੇਂ ਚਰਿਤ੍ਰ ਪੰਨਾ ੧੧੩੭-੩੮)

## ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਪੁੱਠੇ ਕਾਰੇ

ਪਾਤਰ : ਮਦਨ ਸੈਨ (ਰਾਇ), ਸ੍ਰੀ ਮਨਿ ਮਾਲ ਮਤੀਯ (ਔਰਤ) ਤੇ ਮਹਿਬੂਬ ਰਾਇ : ਮਾਲਵਾ ਦੇਸ ਦੇ ਮਦਨ ਸੈਨ ਰਾਇ ਦੀ ਔਰਤ ਸ੍ਰੀ ਮਨਿ ਮਾਲ ਮਤੀ ਨੇ ਮਨ ਬਾਚ ਅਤੇ ਕਰਮ ਦੁਆਰਾ ਉਸ ਨੂੰ ਬਸ ਵਿੱਚ ਕਰ ਰੱਖਿਆ ਸੀ । ਉਸ ਨੇ ਇਕ ਸੋਹਣਾ ਸਨੁੱਖਾ ਮਹਿਬੂਬ ਰਾਇ ਨਾਂ ਦੇ ਮੁੰਡੇ ਨੂੰ ਦੇਖਿਆ ਤੇ ਉਸ ਦੀ ਦੀਵਾਨੀ ਹੋ ਗਈ ।

*ਜਬ ਰਾਨੀ ਵਹ ਕੁਅਰਿ ਨਿਹਾਰਿਯੋ ॥ ਇਹੈ ਆਪਨੇ ਹ੍ਰਿਦੈ ਬਿਚਾਰਯੋ ॥*
*ਕੈ ਇਹ ਆਜੁ ਬੋਲਿ ਰਤਿ ਕਰਿਯੈ ॥ ਕੈ ਉਰ ਮਾਰਿ ਕਟਾਰੀ ਮਰਿਯੈ ॥੫॥*
(ਦੋਇ ਸੌ ਸਤਾਈਸਵੇਂ ਚਰਿਤ੍ਰ ਪੰਨਾ ੧੧੩੮)

ਉਸ ਨੇ ਅਪਣੀ ਸਹੇਲੀ ਸੱਦ ਕੇ ਅਪਣੇ ਮਨ ਦੀ ਗੱਲ ਸਮਝਾ ਕੇ ਮੁੰਡੇ ਕੋਲ ਘੱਲ ਦਿੱਤਾ । ਸਖੀ ਨੇ ਵਿਚੋਲਗੀ ਕਰ ਕੇ ਦੋਨਾ ਦਾ ਮਿਲਾਪ ਆਖਰ ਕਰਾ ਹੀ ਦਿੱਤਾ ।

*ਅੜਿੱਲ ॥ ਮਨ ਭਾਵੰਤਾ ਮੀਤੁ ਕੁਅਰਿ ਜਬ ਪਾਇਯੋ ॥ ਲਖਿ ਛਬਿ ਲੋਲ ਅਮੋਲ ਗਰੇ ਸੋਂ ਲਾਇਯੋ ॥*
*ਲਪਟਿ ਲਪਟਿ ਦੋਊ ਜਾਂਹਿ ਤਰੁਨ ਮੁਸਕਾਇਕੈ ॥ ਹੋ ਕਾਮਕੇਲ ਕੀ ਰੀਤਿ ਪ੍ਰੀਤਿ ਉਪਜਾਇਕੈ ॥੮॥*
(ਦੋਇ ਸੌ ਸਤਾਈਸਵੇਂ ਚਰਿਤ੍ਰ ਪੰਨਾ ੧੧੩੮)

ਲਓ ਤਦ ਰਾਜਾ ਰਾਣੀ ਦੇ ਘਰ ਆ ਗਿਆ । ਰਾਣੀ ਨੇ ਉਸ ਦਾ ਬੜਾ ਆਦਰ ਕਰ ਕੇ ਸ਼ਰਾਬ ਜਿਆਦਾ ਪਿਲਾ ਦਿੱਤੀ । ਉਹ ਦਾਰੂ ਦੇ ਨਸ਼ੇ ਚ ਧੁੱਤ ਹੋ ਕੇ ਮੰਜੇ ਤੇ ਡਿੱਗ ਪਿਆ ਤੇ ਉਦੋਂ ਹੀ ਰਾਣੀ ਨੇ ਯਾਰ ਸੱਦ ਲਿਆ ।

*ਤਬ ਲੌ ਰਾਜਾ ਗ੍ਰਿਹਿ ਰਾਨੀ ਕੇ ਆਇਯੋ ॥ ਆਦਰ ਅਧਿਕ ਕੁਅਰਿ ਕਰਿ ਮਦਰਾ ਪਯਾਇਯੋ॥*
*ਗਿਰਯੋ ਮਤ ਹ੍ਵੈ ਨ੍ਰਿਪਤਿ ਖਾਟ ਪਰ ਜਾਇ ਕੈ॥ ਹੋ ਤਬ ਹੀ ਤੁਰਤਹਿ ਲਿਯ ਤ੍ਰਿਯ ਜਾਰ ਬੁਲਾਇਕੈ॥੯॥*

ਉਸ ਨੇ ਰਾਜੇ ਦੀ ਛਾਤੀ ਤੇ ਅਪਣੀ ਪਿੱਠ ਧਰ ਕੇ ਮਿਤ੍ਰ ਨਾਲ ਰੱਜ ਕੇ ਦ੍ਰਿੜਤਾ ਨਾਲ ਭੋਗ ਕੀਤਾ । ਦਾਰੂ ਦੇ ਨਸ਼ੇ ਵਿੱਚ ਨਾ ਉਸ ਨੇ ਕਰਥਲ ਲਈ ਤੇ ਨਾ ਹੀ ਮੁੱਖੋਂ ਕੁੱਝ ਕਿਹਾ ।

*ਨ੍ਰਿਪ ਕੀ ਛਤਿਯਾ ਊਪਰ ਅਪਨੀ ਪੀਠਿ ਧਰਿ ॥ ਕਾਮ ਕੇਲ ਦ੍ਰਿੜ ਕਿਯ ਨਿਜੁ ਮੀਤੁ ਬੁਲਾਇ ਕਰਿ॥*
*ਮਦਰਾ ਕੇ ਮਦ ਛਕੇ ਨ ਕਛੁ ਰਾਜੈ ਲਹਯੋ ॥ ਹੋ ਲੇਤ ਪਸ੍ਾਰੇ ਭਯੋ ਨ ਕਛੁ ਮੁਖ ਤੇਂ ਕਹਯੋ ॥੧੦॥*
*ਕਾਮ ਭੋਗ ਕਰਿ ਤ੍ਰਿਯ ਪਿਯ ਦਯੋ ਉਠਾਇਕੈ ॥ ਮੂੜ ਰਾਵ ਕਛੁ ਭੇਦ ਨ ਸਕਿਯੋ ਪਾਇਕੈ ॥*
*ਇਹ ਛਲ ਛੈਲੀ ਛੈਲ ਸੁ ਛਲਿ ਪਤਿ ਕੌ ਗਈ॥ ਹੋ ਸੁ ਕਬਿ ਸਯਾਮ ਇਹ ਕਥਾ ਤਬੈ ਪੂਰਨ ਭਈ॥੧੧॥*
(ਦੋਇ ਸੌ ਸਤਾਈਸਵੇਂ ਚਰਿਤ੍ਰ ਪੰਨਾ ੧੧੩੮)

ਨੋਟ :- ਇਹ ਕਾਵਿ ਰਚਨਾ ਵਿੱਚ ਕਵੀ ਸਯਾਮ ਅਪਣੇ ਦੁਆਰਾ ਸੁਰੂ ਕੀਤੇ ਪ੍ਰਸੰਗ ਦੇ ਕਥਾ ਰੂਪ ਵਿੱਚ ਸੰਪੂਰਣ ਹੋਣ ਦੀ ਪੁਸ਼ਟੀ ਕਰਦਾ ਹੈ। ਜੇਕਰ ਅਸੀਂ ਪੰਨਾ ਨੰਬਰ ੧੧੨੮ ਤੇ ਝਾਤੀ ਮਾਰੀਏ ਤਾਂ ਕਬਿ ਕਾਲ ਅਪਣੇ ਦੁਆਰਾ ਸੁਰੂ ਕੀਤੇ ਗਏ ਪ੍ਰਸੰਗ ਦੀ ਕਥਾ ਦੀ ਪੁਸਟੀ ਤੇ ਸੰਪੂਰਣ ਹੋਣ ਦੀ ਗੱਲ ਇਨ੍ਹਾਂ ਅੱਖਰਾਂ ਵਿੱਚ ਕਰਦਾ ਹੈ ।

*ਦੋਹਰਾ ॥ ਅਛਲ ਛੈਲ ਛੈਲੀ ਛਲਯੋ ਇਹ ਚਰਿੱਤ੍ਰ ਕੇ ਸੰਗ ॥*

*ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ ॥੫੨॥* (ਦੋਇ ਸੌ ਸੱਤਰਹ ਚਰਿਤ੍ਰ ਪੰਨਾ ੧੧੨੮)

ਪੰਨਾ ਨੰ. ੧੧੨੮ ਤੋਂ ਸੁਰੂ ਹੋ ਕੇ ਪੰਨਾ ਨੰ. ੧੧੩੮ ਤੱਕ ਗਿਆਰਾਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ ਕਵੀ ਸਯਾਮ ਦੁਆਰਾ ਲਿਖੇ ਦੀ ਪੁਸਟੀ ਹੁੰਦੀ ਹੈ । ਜਦ ਉਹ ਲਿਖਦਾ ਹੈ ਕਿ :-

*ਇਹ ਛਲ ਛੈਲੀ ਛੈਲ ਸੁ ਛਲਿ ਪਤਿ ਕੌ ਗਈ ॥*

*ਹੋ ਸੁ ਕਬਿ ਸਯਾਮ ਇਹ ਕਥਾ ਤਬੈ ਪੂਰਨ ਭਈ ॥੧੧॥* (ਦੋਇ ਸੌ ਸੱਤਰਹ ਚਰਿਤ੍ਰ ਪੰਨਾ ੧੧੩੮)

ਪਿੱਛੇ ਅਸੀਂ ਪੜ੍ਹ ਚੁੱਕੇ ਹਾਂ ਕਿ ਪਹਿਲਾਂ ਕਵੀ ਰਾਮ ਦੇ ਪ੍ਰਸੰਗ ਸੋਧਕ ਕਮੇਟੀ ਅਤੇ ਸੰਪਾਦਿਕ ਨੇ ਫਿੱਟ ਕੀਤੇ ਫਿਰ ਸਯਾਮ ਦੇ ਤੇ ਫਿਰ ਕਬਿ ਕਾਲ ਦੇ। ਮੈਂ ਕਬਿ ਕਾਲ ਦੇ ਅਰੰਭ ਹੋਣ ਤੋਂ ਪਹਿਲਾਂ ਕਬਿ ਸਯਾਮ ਨੂੰ ਪ੍ਰਗਟ ਕਰਦਾ ਹਾਂ:-

*ਜੂਝਿ ਮਰੀ ਪਿਯ ਪੀਰ ਤ੍ਰਿਯ ਤਨਿਕ ਨ ਮੋਰਯੋ ਅੰਗ ॥*

*ਸੁ ਕਬਿ ਸਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੨੨॥* (ਇਕ ਸੌ ਬਾਈਸਵੇਂ ਚਰਿਤ੍ਰ ਪੰਨਾ ੯੯੯)

ਸਾਫ ਜ਼ਾਹਿਰ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ । ਇਹ ਕਈ ਕਵੀਆਂ ਦੀ ਸਾਂਝੀ ਕ੍ਰਿਤ ਹੈ । ਕਵੀਆਂ ਦੁਆਰਾ ਲਿਖੇ ਗਏ ਗੰਦ ਤੇ ਪਾਤਸ਼ਾਹੀ ੧੦ ਲਿਖ ਕੇ ਅਸੀਂ ਸਿੱਖ ਕੌਮ ਨੂੰ ਅਨਪੜ੍ਹ ਅਤੇ ਮੂਰਖ ਦਰਸਾਣ ਦਾ ਮੰਦਾ ਕਰਮ ਕਰ ਰਹੇ ਹਾਂ । ਹੋ ਸਕਦਾ ਹੈ ਕੁੱਝ ਉਹ ਲੋਕ ਜਿਨ੍ਹਾਂ ਦਾ ਸਬੰਧ ਭਾਵੇਂ ਸਿੱਖ ਧਰਮ ਨਾਲ ਨਹੀਂ ਪਰ ਮੌਖਟਾ ਉਨ੍ਹਾਂ ਸਿੱਖਾਂ ਵਾਲਾ ਪਹਿਨ ਰੱਖਿਆ ਹੈ, ਪੋਲ ਖੁਲ੍ਹ ਜਾਣ ਤੇ ਅਪਣੇ ਤੇਵਰ ਦਿਖਾਣ ਦੀ ਮੰਦੀ ਕਰਤੂਤ ਕਰਨ ਪਰ ਸੱਚ ਤੇ ਝੂਠ ਦੀਆਂ ਪਰਤਾਂ ਹਮੇਸਾਂ ਨਹੀਂ ਬਣੀਆਂ ਰਹਿੰਦੀਆਂ । ਸੱਚ ਵਿੱਚ ਇਤਨੀ ਤਾਕਤ ਹੁੰਦੀ ਹੈ ਕਿ ਉਹ ਝੂਠ ਨੂੰ ਲੀਰੋ ਲੀਰ ਕਰ ਕੇ ਪ੍ਰਗਟ ਹੋ ਜਾਂਦਾ ਹੈ । ਪੈਸੇ ਅਤੇ ਰੁਤਬੇ ਦੇ ਲੋਭ ਲਾਲਚ ਅਧੀਨ ਮੂਰਖੋ ਗੁਰੂ ਦਾ ਅਪਮਾਨ ਨਾ ਕਰੋ । ਗੁਰੂ ਦਰ ਤੇ ਅਪਣੇ ਗੁਨਾਹ ਮੁਆਫ ਕਰ ਦੇਣ ਲਈ ਬਿਨਾਂ ਦੇਰੀ ਅਰਦਾਸਾਂ ਕਰੋ ਨਹੀਂ ਤਾਂ ਸਰਬੱਤ ਖਾਲਸਾ ਤੁਹਾਨੂੰ ਸਾਰਿਆਂ ਨੂੰ ਹੀ ਅਸਿੱਖ ਆਖ ਕੇ ਤਨਖਾਹੀਆ ਘੋਸ਼ਿਤ ਕਰ ਦਏਗਾ । ਬਾ ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

## ਇਲਾਕਾ : ਉੱਤਰ ਦੇਸ

(ਦੋ ਸੌ ਅਠਾਈਸਵੇਂ ਚਰਿਤ੍ਰ ਪੰਨਾ ੧੧੩੮-੪੦)

ਪਾਤਰ : ਬੀਰਜ ਸੈਨ (ਨ੍ਰਿਪ) ਤੇ ਬੀਰਜ ਮਤੀ (ਨਾਰੀ)

**ਮੰਤ੍ਰ ਮਾਰ ਕੇ ਚੜ੍ਹਾਇਆ ਯਾਰ ਪਤੰਗ ਤੇ ਇਸ਼ਕੇ ਦੇ ਰੰਗ ਚ ਨੱਚਦਾ ਫਿਰੇ :** ਉਤਰ ਦੇਸ ਦੇ ਰਾਜਾ ਭਰਿ ਸੈਨ ਦੀ ਰਾਣੀ ਬੀਰਜ ਮਤੀ ਜਣੋ ਰਾਮ ਚੰਦ੍ਰ ਦੀ ਪਿਆਰੀ ਹੋਏ । ਰਾਜਾ ਇਤਨਾ ਸੁੰਦਰ ਕਿ ਜੋ ਵੀ ਔਰਤ ਉਸ ਨੂੰ ਤੱਕਦੀ ਓਹੀ ਲੋਕ ਲਾਜ ਤਿਆਗ ਬੈਠਦੀ । ਇਕ ਸ਼ਾਹ ਦੀ ਖੂਬਸੂਰਤ ਕੁੜੀ ਨੇ ਉਸ ਨੂੰ ਦੇਖਿਆ ਤਾਂ ਕਾਮੀ ਹੋ ਗਈ । ਇਕ ਦਿਨ ਰਾਇ ਸਿਕਾਰ ਖੇਡਣ ਗਿਆ ਤਾਂ ਉਚੇ ਕਿਲੇ ਤੋਂ ਕੁੜੀ ਨੇ ਦੇਖ ਲਿਆ । ਉਸ ਨੇ ਇਕ ਪਤੰਗ ਦੀ ਡੋਰ ਨਾਲ ਠੇਠ ਪੰਜਾਬੀ ਵਿੱਚ ਚਿੱਠੀ ਲਿਖ ਕੇ ਰਾਇ ਵੱਲ ਭੇਜੀ :-

*ਕਬਿੱਤ ॥ ਤਾਜੀ ਕੂੰ ਤੁਰਾਇ ਕੈ ਅਸਾੜੀ ਓੜਿ ਰਾਹ ਪੌਣਾ ਜਾਲਿਮ ਜਵਾਲ ਦੁਹਾਂ ਨੈਣਾਂ ਨੂੰ ਨਚਾਵਣਾ ॥*

*ਅੰਜਨ ਦਿਵਾਇ ਬਾੜ ਬਿਸਿਖ ਚੜਾਇਕੈ ਖੁਸਾਲੀ ਨੂੰ ਬੜਾਇ ਨਾਲੇ ਕੈਫਾਂ ਨੂੰ ਚੜਾਵਣਾ ॥*

*ਬਦਨ ਦਿਖਾਣਾ ਸਾਨੂੰ ਛਾਤੀ ਨਾਲਿ ਲਾਣਾ ਅਤੇ ਨੈਣਾਂ ਨਾਲਿ ਨੈਣ ਜੋੜਿ ਏਹਾ ਨੇਹੁ ਲਾਵਣਾ ॥*

*ਬਾਚੇ ਪੱਤ੍ਰ ਆਣਾ ਮੈ ਹੀ ਮਿਲੇ ਬਯਾਂ ਨ ਜਾਣਾ ਸਾਂਈ ਯਾਰੋ ਜੀ ਅਸਾਡੇ ਪਾਸ ਆਵਣਾ ਹੀ ਆਵਣਾ ॥੬॥*

ਚਿੱਠੀ ਲਿਖਣ ਦੀ ਦੇਰ ਸੀ ਝੱਟ ਨ੍ਰਿਪਤ ਕੋਲ ਪਹੁੰਚ ਗਈ। ਉਸ ਨੇ ਚਿੱਠੀ ਵਿੱਚ ਲਿਖਿਆ ਕਿ ਇਸ ਪਤੰਗ ਤੇ ਬਿਨਾਂ ਕੋਈ ਚਿੰਤਾ ਕਰੇ ਬੈਠ ਜਾਓ । ਨਾਂ ਤੂੰ ਮਰੇਂਗਾ ਤੇ ਨਾ ਹੀ ਡਰਨਾ । ਤੂੰ ਇਸ ਦੀ ਤਾਕਤ ਨਹੀਂ ਜਾਣਦਾ । ਇਹਨੂੰ ਇਕ ਪੰਘੂੜਾ ਸਮਝ ਤੇਰਾ ਬਾਲ ਵੀ ਵਿੰਗਾ ਨਹੀਂ ਹੋਏਗਾ। ਮੈਂ ਇਸ ਨੂੰ ਮੰਤ੍ਰ ਸ਼ਕਤੀ ਨਾਲ ਤਿਆਰ ਕੀਤਾ ਹੈ :-

*ਦੋਹਰਾ ॥ ਮੰਤ੍ਰ ਸਕਤਿ ਤੇ ਮੈ ਕਿਯਾ ਸਗੂਆ ਯਾਹਿ ਬਨਾਇ ॥*

*ਸ਼ੰਕ ਤਯਾਗਿ ਕਰਿ ਆਈਯੈ ਸੁਨੁ ਰਾਜਨ ਕੇ ਰਾਇ ॥੧੨॥* (ਦੋ ਸੌ ਅਠਾਈਸਵੇਂ ਚਰਿਤ੍ਰ ਪੰਨਾ ੧੧੩੯)

ਜਦ ਰਾਜੇ ਨੇ ਇਹ ਸੁਣਿਆ ਤਾਂ ਸ਼ੰਕਾ ਤਿਆਗ ਕੇ ਪਤੰਗ ਤੇ ਚੜ੍ਹ ਕੇ ਕੁੜੀ ਕੋਲ ਆ ਪੁੱਜਾ ।

*ਅੜਿੱਲ ॥ ਕੁਅਰਿ ਕੁਅਰਿ ਕੇ ਤੀਰ ਪਹੁੰਚਯੋ ਆਇਕੈ ॥ ਕਾਮ ਭੋਗ ਕੌ ਕੀਯੋ ਹਰਖ ਉਪਜਾਇਕੈ ॥*

*ਸ਼ਾਹ ਤਬ ਲਗੇ ਦੂਾਰ ਪਹੁੰਚਿਯੋ ਆਇ ਕਰਿ ॥ ਹੋ ਤਬੈ ਤਰੁਨਿ ਸੌ ਬਾਤ ਕਹੀ ਪਿਯ ਨੈਨ ਭਰਿ ॥੧੪॥*

(ਦੋ ਸੌ ਅਠਾਈਸਵੇਂ ਚਰਿਤ੍ਰ ਪੰਨਾ ੧੧੩੯)

ਉਹ ਕਹਿੰਦਾ ਤੇਰਾ ਪਿਓ ਹੁਣ ਮੈਨੂੰ ਪਕੜ ਕੇ ਕਿਲੇ ਤੋਂ ਥੱਲੇ ਸੁੱਟ ਕੇ ਮਾਰ ਮੁਕਾਏਗਾ ਤੇ ਮੇਰੀਆਂ ਸਾਰੀਆਂ ਪਸਲੀਆਂ ਚੂਰ ਚੂਰ ਹੋ ਜਾਣਗੀਆਂ । ਉਹ ਕਹਿੰਦੀ ਤੂੰ ਉਸ ਦਾ ਫਿਕਰ ਨਾ ਕਰ ਮੈਂ ਤੇਰਾ ਵਾਲ ਵੀ ਵਿੰਗਾ ਨਹੀਂ ਹੋਣ ਦੇਵਾਂਗੀ ਤੇ ਤੂੰ ਹੱਸਦਾ ਘਰ ਜਾਏਂਗਾ ।

*ਨ੍ਰਿਪ ਚਿੰਤਾ ਚਿਤ ਭੀਤਰ ਕਛੂ ਨ ਕੀਜਿਯੈ ॥ ਨਿਰਖਿ ਹਮਾਰੋ ਚਰਿੱਤ ਅਬੈ ਹੀ ਲੀਜਿਯੈ ॥*
*ਬਾਰ ਤਿਹਾਰੋ ਏਕ ਨ ਬਾਂਕਨ ਪਾਇ ਹੈ ॥ ਹੋ ਹਮ ਸੋ ਭੋਗ ਕਮਾਇ ਹਸਤ ਗ੍ਰਿਹਿ ਜਾਇ ਹੈ ॥੧੯॥*

(ਦੋ ਸੌ ਅਠਾਈਸਵੇਂ ਚਰਿਤ੍ਰ ਪੰਨਾ ੧੧੩੯)

ਉਸ ਨੇ ਮੰਤ੍ਰ ਸ਼ਕਤੀ ਨਾਲ ਰਾਇ ਨੂੰ ਭੇਡੂ ਬਣਾ ਦਿੱਤਾ ਤੇ ਕੰਨ ਤੋਂ ਪਕੜ ਕੇ ਖਸਮ ਨੂੰ ਦਿਖਾ ਦਿੱਤਾ ਤੇ ਮੇਖ ਨਾਲ ਬੰਨ ਦਿੱਤਾ। ਖਸਮ ਦੇ ਦੇਖਦਿਆਂ ਹੀ ਦੇਖਦਿਆਂ ਮੁੜ ਪਤੰਗ ਦੁਆਰਾ ਮਿਤ੍ਰ ਨੂੰ ਉਸ ਦੇ ਘਰ ਪਹੁੰਚਾ ਦਿੱਤਾ।

ਨੋਟ :- ਜਿਵੇਂ ਅਸੀਂ ਪਿੱਛੇ ਜਾਣ ਚੁੱਕੇ ਹਾਂ ਕਿ ਗੁਰ ਸਿੱਖ ਜੰਤ੍ਰ ਮੰਤ੍ਰ ਟੂਣੇ ਤੰਤ੍ਰ ਤਾਗੇ ਤਵੀਤਾਂ ਦੇ ਵਹਿਮਾਂ ਜਾਂ ਕਰਮ ਕਾਂਡਾਂ ਵਿੱਚ ਨਹੀਂ ਪੈਂਦਾ ਤੇ ਨਾ ਹੀ ਅਜਿਹਾ ਕਰਦਾ ਜਾਂ ਕਿਸੇ ਨੂੰ ਉਤਸ਼ਾਹਿਤ ਕਰਦਾ ਹੈ। ਸਿੱਖ ਦੇ ਭੇਖ ਅੰਦਰ ਜੇਕਰ ਕੋਈ ਅਜਿਹਾ ਮੰਦਾ ਕਰਮ ਕਰਦਾ ਜਾਂ ਕਰਵਾਉਂਦਾ ਹੈ ਉਹ ਗੁਰੂ ਦਾ ਸਿੱਖ ਨਹੀਂ । ਰਹਿਤ ਮਰਿਯਾਦਾ ਅਨੁਸਾਰ ਉਹ ਤਨਖਾਹੀਆ ਹੈ ।ਵਧੇਰੇ ਗਿਆਨ ਹਾਸਿਲ ਕਰਨ ਲਈ ਪੜ੍ਹੋ ਗੁਰੂ ਗ੍ਰੰਥ ਸਾਹਿਬ ਜੀ ਅਤੇ ਉਸ ਨੂੰ ਸਮਝੋ ।

ਇਹ ਛਲ ਕਰ ਕੇ ਮੀਤ ਨੂੰ ਸਦਨ ਪਹੁੰਚਾ ਦਿੱਤਾ ਤੇ ਉਸ ਦਾ ਵਾਲ ਵੀ ਵਿੰਗਾ ਨਾ ਹੋਣ ਦਿੱਤਾ। ਕਵੀ ਨੇ ਅਪਣਾ ਛੇੜਿਆ ਪ੍ਰਸੰਗ ਸੰਪੂਰਣ ਕੀਤਾ ।

*ਚੌਪਈ ॥ ਇਹ ਛਲ ਮੀਤ ਸਦਨ ਪਹੁੰਚਾਯੋ ॥ ਤਾਕੋ ਬਾਰ ਨ ਬਾਂਕਨ ਪਾਯੋ ॥*
*ਨਿਜੁ ਪਤਿ ਭੇਦ ਅਭੇਦ ਨ ਚੀਨੋ ॥ ਕਬਿ ਪ੍ਰਸੰਗ ਪੂਰਨ ਤਬ ਕੀਨੋ ॥੨੧॥*

(ਦੋ ਸੌ ਅਠਾਈਸਵੇਂ ਚਰਿਤ੍ਰ ਪੰਨਾ ੧੧੪੦)

ਨੋਟ :-ਇਹ ਪ੍ਰਸੰਗ ਵੀ ਕਵੀ ਸਯਾਮ ਦੁਆਰਾ ਲਿਖਿਆ ਗਿਆ ਹੈ ਪਰ ਇਹ ਪ੍ਰਸੰਗ ਸੋਧ ਕਮੇਟੀ ਅਤੇ ਸੰਪਾਦਿਕ ਨੇ ਲੰਗੜਾ ਕਰ ਦਿੱਤਾ ਹੈ । ਇਸ ਦੇ ਹੋਏ ਵੱਖ ਵੱਖ ਟੁਕੜਿਆਂ ਵਿੱਚੋਂ ਇਕ ਸਹਿਕਦਾ ਹਿੱਸਾ ਦਸਮ ਗ੍ਰੰਥ ਦੇ ਅਖੀਰ ਵਿੱਚ ਇਸ ਹੈਡਿੰਗ ਨਾਲ ਦਰਜ ਹੈ :-

*ਸ੍ਰੀ ਭਗਉਤੀ ਜੀ ਸਹਾਇ ॥ ਅਥ ਅਸਫੋਟਕ ਕਬਿਤ ਲਿਖ੍ਯਤੇ*

ਤੇ ਹੇਠਾਂ ਸੂਚਨਾ :- ਵਿੱਚ ਲਿਖਿਆ ਹੈ ਕਿ ਇਹ ਅਸਫੋਟਕ ਕਬਿੱਤ ਗੁਰਸਿੱਖ ਸੰਪ੍ਰਦਾਵਾਂ ਦੀ ਤੀਬਰ ਇੱਛਾ ਅਨੁਸਾਰ ਲਿਖਤੀ-ਛਾਪੇ ਦੇ ਸ੍ਵਰੂਪਾਂ ਵਿੱਚੋਂ ਉਤਾਰਾ ਕੀਤੇ ਗਏ ਹਨ । ਇਨ੍ਹਾਂ ਅਸਫੋਟਕ ਕਬਿੱਤਾਂ ਵਿੱਚ ਕਵੀ ਸਯਾਮ :- *ਬ੍ਰਿਜ ਰਾਜ ਕੇ ਭੇਟਨ ਕਾਜ ਚਲੀ ਸੁਭ ਰੋਰੀ ਕੋ ਭਾਲ ਮੈ ਟੀਕੋ ਦੀਯੋ ॥*

*ਮਨੋ ਚੰਦ ਕੇ ਮੰਡਲ ਮੈ ਕਵਿ ਸਯਾਮ ਸੁਹਾਗ ਕੇ ਭਾਗ ਪ੍ਰਕਾਸ਼ ਕੀਯੋ ॥੮॥*(ਅਸਫੋਟਕ ਕਬਿਤ ਪੰਨਾ -ਅ)

ਪ੍ਰੱਤਖ ਜ਼ਾਹਿਰ ਹੈ ਕਿ ਅਖੌਤੀ ਸੰਪ੍ਰਦਾਵਾਂ ਵਾਲੇ, ਸੰਤ ਸਾਧ ਤੇ ਬ੍ਰਹਮ ਗਿਆਨੀ ਸਿੱਖ ਧਰਮ ਦੀਆਂ ਜੜ੍ਹਾਂ ਵਿੱਚ ਤੇਲ ਦੇ ਕੇ ਸਿੱਖ ਧਰਮ ਦਾ ਖੁਰਾ ਖੋਜ ਮਿਟਾਣ ਤੇ ਤੁਲੇ ਹਨ । ਇਨ੍ਹਾਂ ਕਾਵਿ ਰਚਨਾਵਾਂ ਨੂੰ ਕਿਸੇ ਵੀ ਹਾਲਤ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਕਿਹਾ ਜਾ ਸਕਦਾ ।

ਪਾਤਰ : ਬੁੱਧਿਮਤੀ ਦੇਸ : ਪਲਵਲ (ਦੋਇ ਸੌ ਉੱਨਤੀਸ ਚਰਿਤ੍ਰ ਪੰਨਾ ੧੧੪੦-੪੧)

**ਸੇਵਾ ਨੂੰ ਲੱਗਾ ਫੱਲ ਦੋ ਸੰਦੂਕ ਜੁੱਤੀਆਂ ਦੇ** : ਪਲਵਲ ਦੇਸ ਦੀ ਬੁੱਧਿਮਤੀ ਜਦ ਬਿਰਧ ਹੋਈ ਤਾਂ ਉਸ ਨੇ ਦੋ ਸੰਦੂਕ ਜੁੱਤੀਆਂ ਦੇ ਭਰੇ (ਘਬਰਾਓ ਨਹੀਂ ਇਹ ਕਾਵਿ ਰਚਨਾ ਹੈ ਇਹ ਤਾਂ ਕੇਵਲ ਜੁੱਤੀਆਂ ਦੀ ਗੱਲ ਹੈ ਕਵੀ ਤਾਂ ਸੈਕਿੰਡਾਂ ਚ ਚੰਦ ਤਾਰੇ ਤੋੜ ਲਿਆਉਂਦੇ ਹਨ) ਤੇ ਟੱਬਰ ਨੂੰ ਆਖ ਦਿੱਤਾ ਬਈ ਇਹ ਮੋਹਰਾਂ ਦੇ ਭਰੇ ਹੋਏ ਹਨ। ਪੁੱਤ੍ਰ ਤੇ ਪੋਤੇ ਲੱਗੇ ਬੁੱਢੀ ਦੀ ਸੇਵਾ ਕਰਨ। ਜੋ ਬਿਰਧ ਕਹਿੰਦੀ ਉਸ ਦਾ ਸਾਰੇ ਕਹਿਣਾ ਮੰਨਦੇ। ਉਹ ਟੱਬਰ ਨੂੰ ਬਾਰ ਬਾਰ ਸੁਣਾਉਂਦੀ ਕਿ ਜਿਊਂਦੇ ਜੀਅ ਇਹ ਧੰਨ ਮੇਰਾ ਤੇ ਮਰਨ ਪਿੱਛੋਂ ਤੁਹਾਡਾ । ਜਦ ਉਹ ਬੀਮਾਰ ਹੋਈ ਤਾਂ ਕਾਜੀ ਕੋਲ ਜਾ ਕੇ ਕਹਿੰਦੀ ਜੋ ਮੇਰਾ ਕਰਮ ਧਰਮ ਪਹਿਲਾਂ ਕਰੇਗਾ ਓਹੀ ਖਜ਼ਾਨੇ ਦਾ ਮਾਲਕ ਹੋਏਗਾ, ਥੋਹੜੇ ਸਮੇਂ ਬਾਦ ਬੁੱਢੀ ਮਰ ਗਈ। ਪੁੱਤਰਾਂ ਨੇ ਪੂਰਾ ਜੋਰ ਲਾ ਕੇ ਕਰਮ ਧਰਮ ਕੀਤਾ ਤੇ ਜਦ ਸੰਦੂਕ ਖੋਲ੍ਹੇ ਤਾਂ ਵਿੱਚੋਂ ਜੁੱਤੀਆਂ ਨਿਕਲੀਆਂ।

ਨੋਟ :- ਆਪ ਜੀ ਦਸਮ ਗ੍ਰੰਥ ਪੜ੍ਹ ਰਹੇ ਹੋ । ਦਸਮ ਗ੍ਰੰਥ ਨਵੀਂ ਪੀੜ੍ਹੀ ਨੂੰ ਸੇਧ ਦੇਂਦਾ ਹੈ ਕਿ ਅਪਣੇ ਬਿਰਧ ਮਾਂ ਬਾਪ ਦੀ ਸੇਵਾ ਨਹੀਂ ਕਰਨੀ। ਜੇ ਕੀਤੀ ਤਾਂ ਲੱਭਣਾ ਕੱਖ ਨੀ। ਇਸ ਤੋਂ ਵੱਡੀ ਸਿੱਖਿਆ ਵਿਚਾਰਾ ਦਸਮ ਗ੍ਰੰਥ ਤੁਹਾਨੂੰ ਹੋਰ ਕੀ ਦੇ ਸਕਦਾ ਹੈ ਇਸੇ ਲਈ ਪੁਜਾਰੀ ਤੇ ਸੰਤ ਬਾਬੇ ਬਾਰ ਬਾਰ ਆਖਦੇ ਹਨ ਕਿ ਇਸ ਦਾ ਪ੍ਰਕਾਸ ਗੁਰਦੁਆਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰੋ । ਕਿਉਂ ਕਿ ਜਿਹੜੀ ਧੀ ਭੈਣ ਇਸ ਨੂੰ ਪੜ੍ਹਨ ਬੈਠੇਗੀ ਉਸ ਨੂੰ ਵਰਗਲਾਉਣ ਦਾ ਸੌਖਾ ਵਸੀਲਾ ਉਨ੍ਹਾਂ ਦੇ ਹੱਥ ਲੱਗ ਜਾਏਗਾ। ਖਬਰਦਾਰ-ਬਾ-ਹੋਸਿਆਰ। ਜਾਗਦੇ ਰਹਿਓ !

देस : मालनेर          ਪਿੰਡ : ਮਰਗਜ ਪੁਰ          (ਦੋ ਸੌ ਤੀਸਵੇਂ ਚਰਿਤ੍ਰ ਪੰਨਾ ੧੧੪੧)

ਪਾਤਰ : ਮਦਨ ਸ਼ਾਹ, ਮਦਨਮਤੀ (ਤ੍ਰਿਯ) ਤੇ ਚੇਲਾ ਰਾਮ

**ਖਾ ਕੇ ਹਫੀਮ ਇਸ਼ਕ ਨੇ ਲੰਮੀਂ ਪੀਂਘ ਚੜ੍ਹਾਈ :** ਮਾਲਨੇਰ ਦੇਸ ਦੇ ਮਰਗਜ ਪੁਰ ਪਿੰਡ ਦੇ ਮਦਨ ਸ਼ਾਹ ਦੀ ਔਰਤ ਮਦਨ ਮਤੀ ਚੇਲਾ ਰਾਮ ਸ਼ਾਹ ਦੇ ਪੁੱਤ ਦਾ ਰੂਪ ਦੇਖ ਕੇ ਡੁੱਲ੍ਹ ਗਈ । ਉਸ ਨੂੰ ਤੱਕਦਿਆਂ ਹੀ ਓਹਦਾ ਕਾਮ ਜਾਗ ਪਿਆ। ਉਸ ਨੇ ਸਹੇਲੀ ਭੇਜ ਕੇ ਚੇਲਾ ਰਾਮ ਨੂੰ ਘਰ ਬੁਲਾਇਆ ਤੇ ਅਨੇਕਾਂ ਢੰਗਾਂ ਨਾਲ ਉਸ ਨਾਲ ਕਾਮ ਭੋਗ ਕੀਤਾ।

*ਅੜਿੱਲ ॥ ਦੂਤੀ ਪਠੈ ਤਾਹਿ ਗ੍ਰਿਹਿ ਬੋਲਿ ਪਠਾਇਯੋ ॥ ਕਾਮ ਭੋਗ ਤਾਸੌ ਬਹੁ ਭਾਂਤਿ ਕਮਾਇਯੋ ॥*
*ਸੋਇ ਸ਼ਾਹ ਜਬ ਜਾਇ ਤ ਤਾਂਹਿ ਬੁਲਾਵਈ ॥ ਹੋ ਤਾਂਹਿ ਭਏ ਰਸ ਰੀਤਿ ਪ੍ਰੀਤਿ ਉਪਜਾਵਈ ॥੫॥*

(ਦੋ ਸੌ ਤੀਸਵੇਂ ਚਰਿਤ੍ਰ ਪੰਨਾ ੧੧੪੧)

ਇਕ ਦਿਨ ਜਦ ਉਹ ਉਠੀ ਸ਼ਾਹ ਦੀ ਜਾਗ੍ਹ ਖੁਲ੍ਹ ਗਈ ਕਹਿੰਦਾ ਦੱਸ ਤੂੰ ਕਿਥੇ ਚੱਲੀ ਹੈਂ ? ਕਹਿੰਦੀ ਹਫੀਮ ਮੁੱਕ ਗਈ ਮੈਨੂੰ ਉਸ ਦੀ ਤੋਟ ਲੱਗੀ ਹੈ ਤੇ ਮੈਂ ਕਰਥਲਾਂ ਲੈ ਰਹੀ ਹਾਂ ।

*ਸੁਨਹੁ ਸ਼ਾਹ ਮੈਂ ਬਚਨ ਉਚਾਰੋ ॥ ਤੁਮਰੇ ਚਿਤ ਕੇ ਭਰਮ ਉਤਾਰੋ ॥*
*ਮੋਹੂ ਟੂਟਿ ਕੈਫ ਜਬ ਗਈ ॥ ਲੇਤ ਤਬੈ ਪਸਵਾਰਨ ਭਈ ॥*     (ਦੋ ਸੌ ਤੀਸਵੇਂ ਚਰਿਤ੍ਰ ਪੰਨਾ ੧੧੪੧)

ਇਸ ਤਰ੍ਹਾਂ ਸ਼ਾਹ ਦੀ ਨਿਸਾ ਕਰਾ ਕੇ ਸਵਾ ਦਿੱਤਾ ਤੇ ਆਪ ਯਾਰ ਨਾਲ ਜਾ ਲਪਟੀ ।

*ਦੋਹਰਾ ॥ ਐਸ ਨਿਸਾ ਕਰਿ ਸ਼ਾਹ ਕੀ ਦੀਨੋ ਬਹੁਰਿ ਸਵਾਇ ॥*
*ਤੁਰਤੁ ਮੀਤ ਪੈ ਚਲਿ ਗਈ ਯਾਰ ਭਜੀ ਲਪਟਾਇ ॥੮॥*     (ਦੋ ਸੌ ਤੀਸਵੇਂ ਚਰਿਤ੍ਰ ਪੰਨਾ ੧੧੪੧)

ਨੋਟ :- ਇਹ ਦਸਮ ਗ੍ਰੰਥ ਹੈ ਪਿਆਰਿਓ ਜੋ ਆਪ ਜੀ ਨੂੰ ਕਾਮ ਸਾਸਤ੍ਰ ਦੀ ਸਿੱਖਿਆ ਦੇਂਦਾ ਹੈ । ਚੋਰੀ ਕਤਲ ਤੇ ਨਸ਼ੇ ਕਰਨ ਦੇ ਅਨੇਕਾਂ ਢੰਗ ਦੱਸਦਾ ਹੈ । ਜੇਕਰ ਧਰਮ ਕਰਮ ਜਾਂ ਰੱਬ ਦੇ ਮਿਲਾਪ ਦੀ ਗੱਲ ਸਿੱਖਣੀ ਹੈ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਨਾ ਅਤੇ ਸਮਝਣਾ ਨਹੀਂ ਭੁੱਲਣਾ । ਵਿਭਚਾਰੀ ਬਣਨਾ ਚਾਹੁੰਦੇ ਹੋ ਤਾਂ ਬੜੇ ਸ਼ੋਕ ਨਾਲ ਦਸਮ ਗ੍ਰੰਥ ਪੜ੍ਹੋ ਜੀ ਪਰ ਇਸ ਨੂੰ ਪੜ੍ਹਦਿਆਂ ਇਹ ਜਰੂਰ ਚੇਤੇ ਰੱਖਿਓ ਕਿ ਇਸ ਗ੍ਰੰਥ ਦਾ ਲੇਖਕ ਪਾਤਸ਼ਾਹੀ ੧੦ ਨਹੀਂ ਹੈ ।

ਪਾਤਰ : ਮਾਲਵ, ਮੈਨਕਲਾ ਤੇ ਫੌਜਦਾਰ          ਦੇਸ : ਬਾਵਨੀ          (ਦੋ ਸੌ ਇਕੱਤੀਸਵੇਂ ਚਰਿਤ੍ਰ ਪੰਨਾ ੧੧੪੨-੪੩)

**ਨੱਕ ਮੂੰਹ ਦੱਬ ਕੇ ਖ਼ਸਮ ਨੂੰ ਮਾਰਨਾ ਸਿੱਖੋ :** ਬਾਵਨੀ ਦੇਸ ਦੇ ਮਾਲਵ ਗਵਾਰ ਦੀ ਹੱਟੀ ਕੱਟੀ ਤੇ ਪਲੇ ਹੋਏ ਸਰੀਰ ਦੀ ਔਰਤ ਮੈਨਕਲਾ ਜਿਹੀ ਸ਼ਾਈਦ ਹੀ ਕੋਈ ਤੰਦਰੁਸਤ ਹੋਏ। ਉਸ ਦੇ ਪਿੰਡ ਇਕ ਪਿਯਾਸ ਦਾ ਮਾਰਿਆ ਫੋਜਦਾਰ ਆ ਗਿਆ। ਜੱਟੀ ਨੇ ਜਦ ਉਸ ਨੂੰ ਪੀਣ ਨੂੰ ਪਾਣੀ ਦਿੱਤਾ ਤਾਂ ਉਸ ਦਾ ਰੂਪ ਤੱਕਦੇ ਹੀ ਉਹ ਦੀਵਾਨਾ ਹੋ ਗਿਆ। ਉਸ ਨੇ ਸੋਚਿਆ ਕਿ ਇਸ ਰਿਸ਼ਟ ਪੁਸ਼ਟ ਡੀਲ ਡੋਲ ਨਾਲ ਕਾਮ ਭੋਗ ਕਰ ਕੇ ਇਕ ਪੁੱਤ ਪੈਦਾ ਕੀਤਾ ਜਾਏ । ਫੌਜਦਾਰ ਨੇ ਅਪਣੀ ਇਕ ਨੌਕਰਾਣੀ ਨੂੰ ਬਹੁਤਾ ਧੰਨ ਦੇ ਕੇ ਉਸ ਪਾਸ ਭੇਜਿਆ ਤੇ ਸਾਰਾ ਦਿਲ ਦਾ ਭੇਦ ਸਮਝਾ ਦਿੱਤਾ । ਨੌਕਰਾਣੀ ਜੱਟੀ ਕੋਲ ਗਈ ਤੇ ਅਨੇਕਾਂ ਢੰਗਾ ਨਾਲ ਉਸ ਨੂੰ ਸਮਝਾਇਆ (ਵਰਗਲਾਇਆ) । ਉਸ ਨੇ ਇਹ ਵੀ ਦੱਸਿਆ ਕਿ ਕਿਵੇਂ ਲਪਟਿ ਲਪਟਿ ਕੇ ਸੰਭੋਗ ਕਰਨਾ ਹੈ ਤੇ ਅੱਜ ਰਾਤੀਂ ਮਿਲਣ ਦੀ ਗੱਲ ਆਖੀ ।

*ਫੌਜਦਾਰ ਪਰ ਨਾਰਿ ਵਹੈ ਅਟਕਤ ਭਈ ॥ ਅਰਧ ਰਾਤ੍ਰਿ ਤਿਹ ਤੀਰ ਮਿਲਨ ਕੇ ਹਿਤ ਗਈ॥*
*ਫੂਲ ਪਾਨ ਮਦ ਪਾਨ ਸੇਜ ਸੁਭ ਕੌ ਰਚਯੋ ॥ ਹੋ ਭਜੀ ਸਿਗਰ ਨਿਸੁ ਤ੍ਰਿਯਾ ਸੁ ਰਤਿ ਐਸੀ ਮਚਯੋ ॥੭॥*

(ਦੋ ਸੌ ਇਕੱਤੀਸਵੇਂ ਚਰਿਤ੍ਰ ਪੰਨਾ ੧੧੪੨)

ਨਸ਼ਾ ਪਾਣੀ ਕਰ ਕੇ ਸਾਰੀ ਰਾਤ ਕਲੋਲਾਂ ਕਰਕੇ ਉਹ ਇਸ਼ਕ ਦੇ ਚੱਕਰ ਵਿੱਚ ਉਲਝ ਗਈ। ਕਹਿੰਦੀ ਮੈਂ ਖਸਮ ਨੂੰ ਮਾਰ ਕੇ ਤੇਰੇ ਪਾਸ ਆਉਂ ।

*ਨਿਸ ਸਿਗਰੀ ਕੋ ਕੇਲ ਤਰੁਨਿ ਦ੍ਰਿੜ ਪਾਇਕੈ ॥ ਬਿਨੁ ਦਾਮਨ ਕੇ ਦਏ ਰਹੀ ਉਰਝਾਇਕੈ ॥*
*ਕਹਯੋ ਬਿਹਸਿ ਪਿਯ ਮੈਂ ਇਕ ਚਰਿਤ ਦਿਖਾਇਹੌ ॥ ਹੋ ਨਿਜੁ ਨਾਇਕ ਕੌ ਮਾਰਿ ਤਿਹਾਰੇ ਆਇਹੌ ॥੮॥*

ਘਰ ਜਾ ਕੇ ਉਸ ਨੇ ਦੋਹੇ ਹੱਥਾਂ ਨਾਲ ਖਸਮ ਪਕੜ ਕੇ ਧਰਤੀ ਤੇ ਸੁੱਟਿਆ ਤੇ ਹੱਥਾਂ ਨਾਲ ਉਸ ਦਾ ਮੂੰਹ ਬੰਦ ਕਰ ਦਿੱਤਾ। ਜਦ ਉਹ ਹਾਇ ਕਰਨੀ ਚਾਹੁੰਦਾ ਜਾਂ ਜਾਨ ਬਚਾਣ ਲਈ ਦੁਹਾਈ ਪਾਉਣ ਦੀ ਕੋਸ਼ਿਸ ਕਰਦਾ ਤਾਂ ਉਹ ਦੋਨੇ ਹੱਥਾਂ ਨਾਲ ਘੁੱਟ ਕੇ ਸਾਹ ਬੰਦ ਕਰ ਦੇਂਦੀ । ਸਾਹ ਬੰਦ ਹੋ ਜਾਣ ਨਾਲ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਜਦ ਉਸ ਨੇ ਸੋਚਿਆ ਕਿ ਹਾਲੇ ਇਹ ਜਿੰਦਾ ਹੈ ਤਾਂ ਅਪਣੇ ਚਿੱਤੜਾਂ ਨਾਲ ਉਹ ਮਸਲ ਕੇ ਮਾਰ ਦਿੱਤਾ ।

*ਅੜਿੱਲ ॥ ਸ੍ਵਾਸਾਕੁਲ ਹ੍ਵੈ ਭੂਮਿ ਮੂਰਛਨ ਹ੍ਵੈ ਗਿਰਯੋ ॥ ਗ੍ਰਾਮ ਬਾਸਿਯਨ ਆਨਿ ਧਰਯੋ ਆਖਿਨ ਹਿਰਯੋ ॥*
*ਜਿਯਤ ਕਛੂ ਤ੍ਰਿਯ ਜਾਨਿ ਗਈ ਲਪਟਾਇਕੈ ॥ ਹੈ ਮਲ ਦਲ ਚੂਤ੍ਰਨ ਸੋਂ ਪਿਯ ਦਯੋ ਖਪਾਇਕੈ ॥੧੧॥*

(ਦੋ ਸੌ ਇਕੱਤੀਸਵੇਂ ਚਰਿਤ੍ਰ ਪੰਨਾ ੧੧੪੨)

ਸਿਖਰ ਦੁਪਹਿਰ ਖਸਮ ਨੂੰ ਮਾਰ ਕੇ ਲੋਕਾਂ ਨੂੰ ਕਹਿੰਦੀ ਬੈਦ ਨੀ ਮਿਲਿਆ-ਬਾਤ ਰੋਗ (ਵਾਈਦੀ ਬੀਮਾਰੀ) ਨਾਲ ਮਰ ਗਿਆ। ਖਸਮ ਨੂੰ ਮਾਰ ਕੇ ਘਰ ਛੱਡ ਦਿੱਤਾ ਤੇ ਯਾਰ ਦੇ ਜਾ ਵਸੀ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਅਪਣੇ ਪਤੀ ਦਾ ਸਾਹ ਬੰਦ ਕਰ ਕੇ ਕਤਲ ਕਰਨਾ ਹੈ ਤੇ ਕਿਵੇਂ ਮਿਤ੍ਰ ਦੇ ਵਸਣਾ ਹੈ । ਇਸ ਤੋਂ ਗੰਦਾ ਉਪਦੇਸ ਸਿੱਖ ਧੀਆਂ ਭੈਣਾਂ ਲਈ ਹੋਰ ਕੀ ਦੇ ਸਕਦੇ ਹਨ ਸਾਡੇ ਪੁਜਾਰੀ, ਉਹ ਵੀ ਪਾਤਸ਼ਾਹੀ ੧੦ ਦਾ ਲੈਵਲ ਚਿਪਕਾ ਕੇ । ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕੁੱਤੀ ਚੋਰਾਂ ਨਾਲ ਜਾ ਰਲੀ ਹੋਏ। ਹਰ ਗੁਰਸਿੱਖ ਦਾ ਇਹ ਸਾਂਝਾ ਫਰਜ ਹੈ ਕਿ ਪੁਜਾਰੀਆਂ ਦੇ ਕਿਸੇ ਵੀ ਫਤਵੇ ਦੀ ਪ੍ਰਵਾਹ ਕੀਤੇ ਬਿਨਾਂ ਇਕ ਜੁੱਟ ਹੋ ਕੇ ਸਿੱਖ ਧਰਮ ਦੀ ਰੱਖਿਆ ਕੀਤੀ ਜਾਏ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਹੋਣੋ ਰੋਕਿਆ ਜਾਏ।

## ਇਸ਼ਕ ਦੀ ਨਵੀਓਂ ਨਵੀਂ ਬਹਾਰ ਇਲਾਕਾ : ਮੁਲਤਾਨ (ਦੋਇ ਸੌ ਬੱਤੀਸ ਚਰਿਤ੍ਰ ਪੰਨਾ ੧੧੪੩)

ਪਾਤਰ : ਬ੍ਰਿੱਧ ਛੱਤ੍ਰ (ਰਾਜਾ), ਸ੍ਰੀ ਬਡ ਡਯਾਛਮਤੀ (ਰਾਣੀ) ਤੇ ਮਦਨ ਕੁਮਾਰ : ਮੁਲਤਾਨ ਦਾ ਰਾਜਾ ਬ੍ਰਿੱਧ ਛੱਤ੍ਰ ਬੁਢਾਪੇ ਤੱਕ ਕੋਈ ਪੁੱਤ ਨਾ ਜੰਮ ਸਕਿਆ। ਉਸ ਨੇ ਇਕ ਹੋਰ ਸੁੰਦਰ ਔਰਤ ਨਾਲ ਵਿਆਹ ਕੀਤਾ ਜਿਸ ਨੂੰ ਲੋਕੀਂ ਸ੍ਰੀ ਬਡ ਡਯਾਛਮਤੀ ਦੇ ਨਾਂ ਤੋਂ ਬੁਲਾਉਂਦੇ । ਜਦ ਉਸ ਨੇ ਸੋਹਣਾ ਸਨੁੱਖਾ ਮਦਨ ਕੁਮਾਰ ਤੱਕਿਆ ਤਾਂ ਅੰਦਰਲਾ ਕਾਮ ਜਾਗ ਪਿਆ। ਉਸ ਨੇ ਅਪਣੀ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਮਨ ਭਾਉਂਦਾ ਭੋਗ ਕੀਤਾ।

*ਪਠੈ ਸਹਚਰੀ ਤਾਂਹਿ ਬੁਲਾਯੋ ॥ ਕਾਮ ਭੋਗ ਰੁਚਿ ਮਾਨਿ ਕਮਾਯੋ ॥੪॥* (ਦੋਇ ਸੌ ਬੱਤੀਸ ਚਰਿਤ੍ਰ ਪੰਨਾ ੧੧੪੩)

ਜਦ ਕੋਈ ਮੁਟਿਆਰ ਕਿਸੇ ਨੌਜੁਆਨ ਬੰਦੇ ਨੂੰ ਪਾ ਲੈਂਦੀ ਹੈ ਤਾਂ ਉਹ ਛਿਨ ਮਾਤਰ ਸਮੇਂ ਲਈ ਵੀ ਉਸ ਤੋਂ ਵੱਖ ਹੋਣਾ ਨਹੀਂ ਚਾਹੁੰਦੀ ਤੇ ਗਲੇ ਲਿਪਟੀ ਰਹਿੰਦੀ ਹੈ ।

*ਅੜਿੱਲ ॥ ਤਰੁਨ ਪੁਰਖ ਕੌ ਤਰੁਨਿ ਜਦਿਨ ਤ੍ਰਿਯ ਪਾਵਈ ॥ ਤਨਿਕ ਨ ਛੋਰਯੋ ਚਹਤ ਗਰੇ ਲਪਟਾਵਈ ॥*
*ਨਿਰਖਿ ਮਗਨ ਹ੍ਵੈ ਰਹਤ ਸਜਨ ਕੇ ਰੂਪ ਮੈ ॥ ਹੋ ਜਨੁ ਧਨੁ ਚਲਯੋ ਹਰਾਇ ਜੁਆਰੀ ਜੂਪ ਮੈ ॥੫॥*
(ਦੋਇ ਸੌ ਬੱਤੀਸ ਚਰਿਤ੍ਰ ਪੰਨਾ ੧੧੪੩)

ਜਦ ਰਾਣੀ ਨੇ ਤੱਕਿਆ ਰਾਜਾ ਆ ਰਿਹਾ ਹੈ ਤਾਂ ਮਿਤ੍ਰ ਨੂੰ ਮੰਜੀ ਥੱਲੇ ਬੰਨ ਕੇ ਸੁੱਟ ਦਿੱਤਾ ਤੇ ਆਪ ਅੱਗੇ ਹੋ ਕੇ ਰਾਜੇ ਨੂੰ ਕਹਿਣ ਲੱਗੀ ਕਿ ਰਾਜਾ ਹੁਣ ਤੂੰ ਬਹੁਤ ਬੁੱਢਾ ਹੋ ਗਿਆ ਹੈਂ । ਨਾ ਹੁਣ ਤੂੰ ਸ਼ਿਕਾਰ ਖੇਡਦਾ ਹੈਂ ਤੇ ਨਾ ਹੀ ਕੋਈ ਹੋਰ ਕੰਮ ਕਰ ਸਕਦਾ ਹੈਂ । ਇਹ ਸੁਣ ਕੇ ਰਾਜਾ ਕਹਿੰਦਾ ਕਹੇਂ ਤਾਂ ਮੈਂ ਹੁਣੇ ਸ਼ਿਕਾਰ ਖੇਡਣ ਜਾਂਦਾ ਹਾਂ ਤੇ ਹਰ ਰੋਜ ਹੀ ਹਿਰਨ ਮਾਰ ਕੇ ਲਿਆਵਾਂਗਾ । ਇਹ ਕਹਿ ਕੇ ਰਾਜਾ ਸ਼ਿਕਾਰ ਖੇਡਣ ਚਲੇ ਗਿਆ ਤੇ ਰਾਣੀ ਨੇ ਮੰਜੀ ਥੱਲੋਂ ਅਪਣਾ ਸ਼ਿਕਾਰ ਕੱਢਿਆ-ਸਰੀਰਕ ਭੁੱਖ ਪੂਰੀ ਕਰ ਕੇ ਤੋਰ ਦਿੱਤਾ।

ਨੋਟ :- ਕੀ ਸਿੱਖ ਧੀ ਭੈਣ ਨੂੰ ਪਤੀ ਦੇ ਬੁੱਢਾ ਹੋ ਜਾਣ ਤੇ ਰੰਗਰਲੀਆਂ ਮਨਾਣੀਆਂ ਚਾਹੀਦੀਆਂ ਹਨ? ਦਸਮ ਗ੍ਰੰਥ ਦੀ ਇਹ ਸਿੱਖਿਆ ਔਰਤ ਤੇ ਅਜਿਹਾ ਹੀ ਪ੍ਰਭਾਵ ਛੱਡਦੀ ਹੈ। ਸਾਡੇ ਪੁਜਾਰੀਆਂ ਦੇ ਕੋਈ ਧੀ ਭੈਣ ਹੈ ਹੀ ਨਹੀਂ ਵਰਨਾ ਉਹ ਇਸ ਦੀ ਹਮਾਇਤ ਨਾ ਕਰਦੇ। ਆਪ ਜੀ ਜਾਣਦੇ ਹੀ ਹੋ ਕਿ ਅਨੇਕਾਂ ਹੀ ਸੰਪ੍ਰਦਾਵਾਂ ਵਾਲੇ, ਸੰਤ ਸਾਧ ਤੇ ਬ੍ਰਹਮ ਗਿਆਨੀ ਹਿੱਕ ਠੋਕ ਠੋਕ ਕੇ ਕਹਿੰਦੇ ਹਨ ਕਿ ਇਹ ਗੁਰਬਾਣੀ ਹੈ ਤੇ ਪਾਤਸ਼ਾਹੀ ੧੦ ਨੇ ਲਿਖੀ ਹੈ। ਰੱਬ ਉਨ੍ਹਾਂ ਨੂੰ ਧੀਆਂ ਭੈਣਾਂ ਦੇਵੇ ਅਤੇ ਔਰਤ ਦਾ ਸਤਿਕਾਰ ਕਰਨ ਦਾ ਬਲ ਤੇ ਬੁੱਧੀ ਤੇ ਸੱਚ ਬੋਲਣ ਦੀ ਤਾਕਤ ਦਏ।

## ਪਤੀ ਤੇ ਸੌਕਣ ਦਾ ਕਤਲ ਇੰਝ ਵੀ ਕਰੀਦੈ ਸ਼ਹਿਰ : ਬਿਚੱਛਨ ਪੁਰ (ਦੋਇ ਸੌ ਤੇਤੀਸ ਚਰਿਤ੍ਰ ਪੰਨਾ ੧੧੪੩-੪੪)

ਪਾਤਰ : ਬਿਚੱਛਨ ਸਿੰਘ (ਰਾਇ), ਮਤੀ ਬਿੱਚਛਨ (ਔਰਤ) ਤੇ ਬ੍ਰਿਖ ਭਾਨ ਕਲਾ (ਲੜਕੀ) : ਬਿੱਚਛਨ ਪੁਰ ਸ਼ਹਿਰ ਦੇ ਰਾਇ ਬਿੱਚਛਨ ਸਿੰਘ ਦੀ ਔਰਤ ਬਿੱਚਛਨ ਮਤੀ ਚੰਗੀ ਕਾਂਇਆ ਵਾਲੀ ਸੀ। ਸਰਵਰ ਰੂਪ ਦੀ ਜਿੱਥੇ ਫੁਲਵਾੜੀ ਹੈ ਉੱਥੇ ਉਸ ਨੇ ਇਸ਼ਕ ਕੀਤਾ। ਇਹ ਉੱਥੇ ਦੀ ਗੱਲ ਹੈ ਜਿੱਥੇ ਨਰਬਦਾ ਨਦੀ ਵਗਦੀ ਹੈ । ਰਾਜੇ ਨੇ ਇਕ ਕੁੜੀ ਬ੍ਰਿਖ ਭਾਨ ਕਲਾ ਦਾ ਰੂਪ ਦੇਖਿਆ ਤੇ ਬਾਂਹ ਤੋਂ ਖਿੱਚ ਕੇ ਅਪਣੇ ਦਿਲ ਦੀ ਗੱਲ ਕਹਿ ਦਿੱਤੀ । ਉਹ ਗੁੱਸੇ ਵਿੱਚ ਜਲਬਲ ਗਈ ਤੇ ਸਿਰ ਨੀਵਾਂ ਕਰ ਲਿਆ । ਜਦ ਰਾਜੇ ਨੇ ਉਸ ਨਾਲ ਵਿਆਹ ਕੀਤਾ ਤਾਂ ਭਾਂਤਿ ਭਾਂਤਿ ਦੇ ਰਸ ਉਸ ਤੋਂ ਲਏ। ਰਾਤਿ ਦਿਨ ਔਰਤ ਉਸ ਦਾ ਰਸ ਮਾਣਦੀ । ਉਹ ਹੋਰ ਰਾਣੀਆਂ ਨੂੰ ਨਾ ਤੱਕਦਾ।

*ਚੌਪਈ ॥ ਤਾਸੌ ਬਯਾਹੁ ਨ੍ਰਿਪਤਿ ਜਬ ਕੀਯੋ ॥ ਭਾਂਤਿ ਭਾਂਤਿ ਤਾਕੋ ਰਸੁ ਲੀਯੋ ॥*
*ਰੈਨਿ ਦਿਵਸ ਤ੍ਰਿਯ ਧਾਮ ਬਿਹਾਰੈ ॥ ਔਰ ਰਾਨਿਯਨ ਕੋ ਨ ਨਿਹਾਰੈ ॥੪॥*
(ਦੋਇ ਸੌ ਤੇਤੀਸ ਚਰਿਤ੍ਰ ਪੰਨਾ ੧੧੪੪)

ਤਦ ਬਿਚੱਛਨ ਮਤੀ ਰਾਣੀ ਨੂੰ ਗੁੱਸਾ ਚੜ੍ਹਿਆ-ਉਸ ਦਾ ਰੰਗ ਪੀਲਾ ਹੋ ਗਿਆ ਤੇ ਪਾਨ ਚਬਾਉਣ ਦੀ ਸੁੱਧ ਬੁੱਧ ਖੋ ਦਿੱਤੀ। ਕਹਿੰਦੀ ਇਨ੍ਹਾਂ ਦੋਨਾਂ ਨੂੰ ਮਾਰ ਕੇ ਫਿਰ ਪਾਣੀ ਦਾ ਘੁੱਟ ਪੀਆਂਗੀ। ਅਪਣੇ ਖਸਮ ਨੂੰ ਭੋਜਨ ਵਿੱਚ

ਮਕੜੀ ਖੁਆ ਕੇ ਤਰਸਾ ਤਰਸਾ ਕੇ ਮਾਰ ਦਿੱਤਾ । ਕਹਿੰਦੀ ਹੁਣ ਸੌਕਣ ਦਾ ਸਿਰ ਮੁੰਨ ਕੇ ਇਸ ਨੂੰ ਮਾਰਾਂਗੀ। ਉਸ ਦਾ ਸਿਰ ਮੁੰਨਿਆ ਤੇ ਨੱਕ ਕੱਟੀ ਫਿਰ ਹੌਲੀ ਹੌਲੀ ਮਾਰ ਦਿੱਤਾ। ਔਰਤ ਦੇ ਚਰਿੱਤ੍ਰ ਦਾ ਕੋਈ ਭੇਦ ਨਹੀਂ ਪਾ ਸਕਿਆ। ਸਾਸਤ੍ਰ ਸਿੰਮ੍ਰਿਤਅਰੁ ਬੇਦ ਤੇ ਪੁਰਾਨ ਏਹੋ ਪੁਕਾਰ ਪੁਕਾਰ ਕੇ ਆਖਦੇ ਹਨ ।

ਨੋਟ :- ਦਸਮ ਗ੍ਰੰਥ ਦੁਆਰਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦਿੱਤੀ ਗਈ ਹੈ ਕਿ ਖਸਮ ਅਤੇ ਸੌਕਣ ਨੂੰ ਕਿਵੇਂ ਤਰਸਾ ਤਰਸਾ ਕੇ ਕਤਲ ਕਰੀਦਾ ਹੈ । ਇਸ ਤੋਂ ਖੂਬਸੂਰਤ ਸਿੱਖਿਆ ਸਾਡੇ ਪੁਜਾਰੀ ਧੀਆਂ ਭੈਣਾਂ ਨੂੰ ਹੋਰ ਕੀ ਦੇ ਸਕਦੇ ਹਨ । ਉਨ੍ਹਾਂ ਦਾ ਬਣਦਾ ਧੰਨਵਾਦ ਕਰਨਾ ਨਾ ਭੁੱਲਣਾ । ਇਸ ਤੋਂ ਵੀ ਵਧੀਆ ਤੌਰ ਤਰੀਕੇ ਉਹ ਹੋਰ ਦੱਸਣਗੇ । ਜਾਗਦੇ ਅਤੇ ਪੜ੍ਹਦੇ ਰਹਿਓ !

### ਸ਼ਹਿਰ : ਟੰਕ ਟੋਡਾ

(ਦੋਇ ਸੌ ਚੌਤੀਸ ਚਰਿਤ੍ਰ ਪੰਨਾ ੧੧੪੪-੪੬)

ਪਾਤਰ : ਨ੍ਰਿਪ ਬਰ ਸੈਨ (ਨ੍ਰਿਪ), ਨ੍ਰਿਪਤਿ ਕਲਾ (ਔਰਤ) ਤੇ ਐਂਡੋਰਾਇ ਭਾਟ

**ਚਾਰ ਲੜਾ ਬਣਾ ਕੇ ਰੇਸ਼ਮੀ ਪੀੜ੍ਹਾ ਪਿਆਰ ਵਾਲੀ ਪੀਂਘ ਝੂਟਦੀ :** ਟੰਕ ਟੋਡਾ ਸ਼ਹਿਰ ਦੇ ਰਾਜਾ ਨ੍ਰਿਪਬਰ ਸੈਨ ਦੀ ਔਰਤ ਨ੍ਰਿਪਤਿ ਕਲਾ ਦਾ ਲੱਕ ਮ੍ਰਿਗ ਵਰਗਾ ਤੇ ਹਿਰਨ ਵਰਗੀਆਂ ਅੱਖਾਂ-ਬੜੀ ਹੀ ਖੂਬਸੂਰਤ। ਓਹਦੇ ਘਰ ਬਹੁਤਾ ਧੰਨ । ਓਹ ਭਾਂਤਿ ਭਾਂਤਿ ਦੇ ਭੋਗ ਭੋਗਦੇ ਜਿਸ ਨੂੰ ਤੱਕ ਕੇ ਇੰਦਰ ਨੂੰ ਵੀ ਸ਼ਰਮ ਆ ਜਾਂਦੀ । ਉੱਥੇ ਐਂਡੇਰਾਇ ਦੇ ਪੁੱਤ ਵਰਗਾ ਸਨੁੱਖਾ ਕੋਈ ਹੋਰ ਨਹੀਂ ਸੀ । ਜਦ ਰਾਣੀ ਨੇ ਉਸ ਦਾ ਰੂਪ ਤੱਕਿਆ ਤਾਂ ਸੋਚਿਆ ਬਈ ਸਹੇਲੀ ਭੇਜ ਕੇ ਇਸ ਨੂੰ ਬੁਲਾ ਕੇ ਭੋਗ ਕਰਾਂਗੀ ।

*ਜਬ ਤ੍ਰਿਯ ਤਿਨ ਤਰੁਨੀ ਨਰ ਲਹਾ ॥ ਮਨ ਕ੍ਰਮ ਬਚ ਮਨ ਮੈ ਯੌ ਕਹਾ ॥*
*ਪਠੈ ਸਹਚਰੀ ਯਾਹਿ ਬੁਲਾਊਂ ॥ ਕਾਮ ਭੋਗ ਤਿਹ ਸਾਥ ਕਮਾਉਂ ॥੪॥* (ਦੋਇ ਸੌ ਚੌਤੀਸ ਚਰਿਤ੍ਰ ਪੰਨਾ ੧੧੪੫)

ਉਹ ਰੇਸ਼ਮੀ ਝੂਲੇ ਨੂੰ ਝੂਲਦੀ ਹੋਈ ਸੋਚਦੀ ਕਿ ਇਸੇ ਝੂਲੇ ਤੇ ਮਿਤ੍ਰ ਨੂੰ ਬੁਲਾ ਕੇ ਅੱਧੀ ਰਾਤ ਨੂੰ ਭੋਗ ਭੋਗ ਕੇ ਵਿਦਾ ਕਰਾਂਗੀ। ਚਾਰ ਲੜੀ ਵਾਲੀ ਰੇਸ਼ਮੀ ਡੋਰ ਪੀੜੇ ਨੂੰ ਬੰਨ੍ਹ ਕੇ ਅੱਧੀ ਰਾਤ ਨੂੰ ਪੀੜ੍ਹੀ ਉਸ ਦੇ ਘਰ ਪਹੁੰਚਾ ਦਿੱਤੀ ਤੇ ਡੋਰ ਖਿਚ ਕੇ ਪ੍ਰੀਤਮ ਪੀੜੀ ਤੇ ਬਿਠਾ ਕੇ ਮੇਲ ਜੋਲ ਕਰਾ ਦਿੱਤਾ। ਜਦ ਕਲੋਲਾਂ ਕਰਨ ਦਾ ਸਮਾਂ ਹੁੰਦਾ ਸਹੇਲੀਆਂ ਉਥੋਂ ਖਿਸਕ ਜਾਂਦੀਆਂ। ਉਹ ਹਰ ਰੋਜ ਪ੍ਰੀਤਮ ਨੂੰ ਸੱਦਦੀ ਇਕ ਦਿਨ ਵੀ ਘਰ ਨਾ ਰਹਿਣ ਦੇਂਦੀ । ਇਕ ਦਿਨ ਰਾਜਾ ਰਾਣੀ ਦੇ ਘਰ ਆ ਕੇ ਸੌਂ ਗਿਆ। ਸਹੇਲੀਆਂ ਨੇ ਰਾਜਾ ਨਾ ਦੇਖਿਆ ਤੇ ਭਾਟ ਨੂੰ ਸੱਦ ਲਿਆ। ਰਾਣੀ ਨੂੰ ਇਸ ਦੀ ਖਬਰ ਨਾ ਦਿੱਤੀ । ਰਾਇ ਨੇ ਦੇਖਿਆ ਕਿ ਚੋਰ ਹੈ ਉਹ ਕ੍ਰਿਪਾਨ ਕੱਢ ਕੇ ਪਿੱਛੇ ਦੋੜਿਆ। ਲੋਕ ਵੀ ਜਾਗ ਕੇ ਮਗਰ ਭੱਜੇ ਤੇ ਫੜ ਕੇ ਰਾਜੇ ਪਾਸ ਪੇਸ਼ ਕੀਤਾ । ਸ਼ੋਰ ਸੁਣ ਕੇ ਔਰਤ ਵੀ ਉੱਠੀ ਪਰ ਰਾਜੇ ਦੇ ਡਰ ਕਾਰਣ ਉਸ ਨੇ ਮਿਤ੍ਰ ਦਾ ਹੇਜ ਤਿਆਗ ਦਿੱਤਾ ਕਹਿੰਦੀ ਰਾਜਾ ਇਹ ਚੋਰ ਤੈਨੂੰ ਮਾਰਨ ਆਇਆ ਸੀ ਬਿਨਾ ਦੇਰੀ ਦੇ ਇਸ ਦਾ ਕਤਲ ਕਰੋ । ਓਹ ਬਥੇਰਾ ਰੋਇਆ ਪਿਟਿਆ ਕਿ ਮੈਨੂੰ ਨਾ ਮਾਰੋ ਮੈਂ ਰਾਣੀ ਦਾ ਯਾਰ ਆਂ ਪਰ ਬਈ ਕੌਣ ਸੁਣਦੈ ਬਸ ਮਾਰਤਾ। ਕਹਿੰਦੇ ਤੀਵੀਂ ਮਾਨੀ ਤੇ ਝੂਠੀ ਤੋਹਮਤ ਲਾਉਂਦੈ ।

ਨੋਟ :- ਇਹ ਸਿੱਖਿਆ ਵੀ ਸਿੱਖ ਧੀਆਂ ਭੈਣਾਂ ਲਈ ਸਿੱਖ ਧਰਮ ਦੀਆਂ ਅਖਵਾਉਂਦੀਆਂ ਧਰਮੀ ਸੰਪ੍ਰਦਾਵਾਂ-ਸੰਤਾਂ ਸਾਧਾਂ ਤੇ ਪੁਜਾਰੀਆਂ ਨੇ ਥਾਲੀ ਪਰੋਸ ਕੇ ਦਿੱਤੀ ਹੈ। ਪਤਾ ਨਹੀਂ ਇਹ ਸਿੱਖਿਆਵਾਂ ਉਹ ਕਬੂਲ ਕਰਦੀਆਂ ਹਨ ਜਾਂ ਨਹੀਂ ਪਰ ਧਰਮ ਦੇ ਵੱਡੇ ਵੱਡੇ ਠੇਕੇਦਾਰਾਂ ਨੇ ਅਪਣੇ ਵੱਲੋਂ ਕੋਈ ਕਸਰ ਨੀ ਛੱਡੀ। ਦੇਖੋ ਨਾ ਜਿਵੇਂ ਕੁਨੈਨ ਤੇ ਖੰਡ ਲਬੇੜ ਕੇ ਮਰੀਜ਼ ਨੂੰ ਦਿੱਤੀ ਜਾਂਦੀ ਹੈ ਇਵੇਂ ਇਨ੍ਹਾਂ ਪੁਰਖਾਂ ਨੇ ਪਾਤਸ਼ਾਹੀ ੧੦ ਲਿਖ ਕੇ ਧੀਆਂ ਭੈਣਾਂ ਲਈ ਗੁਰਬਾਣੀ ਦੱਸ ਦੱਸ ਪਰੋਸ ਦਿੱਤੀ ਹੈ । ਰੱਬ ਉਨ੍ਹਾਂ ਨੂੰ ਸੱਤ ਸੱਤ ਧੀਆਂ ਭੈਣਾਂ ਦਏ ਤੇ ਫਿਰ ਉਹ ਅਪਣੀਆਂ ਇਨ੍ਹਾਂ ਬਹੂ ਬੇਟੀਆਂ ਨੂੰ ਥਾਲੀ ਪਰੋਸ ਪਰੋਸ ਦੇਣ । ਪਰ ਲੱਗਦਾ ਨਹੀਂ ਰੱਬ ਮੰਨੇਗਾ ਕਿਉਂ ਕਿ ਬਹੁਤਿਆਂ ਨੇ ਤਾਂ ਸਮਾਜੀ ਵਿਆਹ ਕੀਤੇ ਹੀ ਨਹੀਂ । ਕਈ ਤਾਂ ਅਜਿਹੇ ਵੀ ਹਨ ਕਿ ਪਤਾ ਈ ਨੀ ਚਲਦਾ ਕੱਲ ਕਿਸ ਔਰਤ ਨਾਲ ਰਾਤ ਗੁਜਾਰੀ ਤੇ ਅੱਜ ਕਿਸ ਦੀ ਵਾਰੀ ਹੈ । ਜੇ ਝੂਠ ਹੈ ਤਾਂ ਅਖਬਾਰਾਂ ਰਸਾਲਿਆਂ ਵਾਲਿਆਂ ਨੂੰ ਪੁੱਛ ਲੈਣਾ । ਇਕ ਬਹਾਦਰ ਸਿੱਖ ਬੱਚੀ ਦੀ ਹੱਡਬੀਤੀ ਤੇ ਦੁਹਾਈ ਕਈ ਦਿਨ ਮੋਟੀ ਸੁਰਖੀ ਚ ਆਉਂਦੀ ਰਹੀ । ਬਾਬੇ ੪੫-੫੦ ਤਾਂ ਆਮ ਔਰਤਾਂ ਰੱਖਦੇ ਈ ਰੱਖਦੇ ਨੇ । ਹਾਂ ਇਹ ਯਾਦ ਕਰਨਾ ਨਹੀਂ ਭੁੱਲਣਾ, ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ ਗੁਰੂ ਜੀ ਦਾ ਨਾ ਵਰਤਣ ਵਾਲੇ ਸਭ ਕੌਮ ਦੇ ਗਦਾਰ ਤੇ ਤਨਖਾਹੀਏ ਹਨ। ਬਾ ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

### ਦੇਸ : ਕਸਟਵਾਰ

(ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੬-੪੭)

ਪਾਤਰ : ਕਰਮ ਸਿੰਘ (ਰਾਜਾ), ਅਣਲ ਮਤੀ (ਤ੍ਰਿਯ) ਤੇ ਬੱਜ੍ਰਕੇਤ (ਸ਼ਾਹ ਦਾ ਪੁੱਤ)

**ਪਗੜੀ ਸੰਭਾਲ ਗੁਰਸਿੱਖਾ ਪਗੜੀ ਸੰਭਾਲ ਓਏ ॥**
**ਲੁੱਟ ਲਿਆ ਧਰਮ ਤੇਰਾ ਦਸਮ ਗ੍ਰੰਥ ਦੇ ਨਾਲ ਓਏ ॥**

ਕਸਟਵਾਰ ਦੇ ਰਾਜਾ ਕਰਮ ਸਿੰਘ ਦੀ ਔਰਤ ਅਛਲਮਤੀ ਦੇ ਕੇਸ ਉਸ ਨੂੰ ਹੋਰ ਸੁੰਦਰ ਬਣਾਉਂਦੇ । ਇਕ ਸ਼ਾਹ ਦੇ ਪੁੱਤ ਬੱਜ੍ਰਕੇਤ ਨੇ ਜੋ ਨੌ ਵਿਆਕਰਨ ਅਤੇ ਛੇ ਸ਼ਾਸਤ੍ਰ ਚੰਗੀ ਤਰ੍ਹਾਂ ਪੜ੍ਹ ਰੱਖੇ ਸਨ ਇਸ ਔਰਤ ਨੂੰ ਦੇਖਦੇ ਹੀ ਸੋਚਿਆ ਕਿ ਮੈਂ ਇਸ ਨਾਲ ਭੋਗ ਕਰਾਂ । ਇਕ ਚਲਾਕ ਔਰਤ ਅਛਲਮਤੀ ਨੂੰ ਬਾਰ ਬਾਰ ਗਲੇ ਲਗਾ ਕੇ ਮਿਲਦੀ ਹੋਈ ਕਹਿੰਦੀ ਕੁਮਾਰ ਤੇਰਾ ਦੀਵਾਨਾ ਹੈ। ਔਰਤ ਕਾਮ ਜਾਗ ਪੈਣ ਤੋਂ ਬਾਦ ਕਹਿੰਦੀ ਕਿ ਤੂੰ ਹੁਣੇ ਮੈਨੂੰ ਮੇਰਾ ਪ੍ਰੇਮੀ ਮਿਲਾ ਦੇ । ਲੰਮੀ ਚੌੜੀ ਵਾਰਤਾ-ਪ੍ਰੇਮ ਕਰਨ ਦੀ ਤੀਬਰ ਇੱਛਾ-ਮਿਤ੍ਰ ਨੂੰ ਮਿਲਣ ਦੀ ਚਾਹਨਾ-ਇਕ ਔਰਤ ਦਾ ਦੂਜੀ ਔਰਤ ਨੂੰ ਵਰਗਲਾਉਣਾ ਤੇ ਕੁਕਰਮ ਕਰਨ ਲਈ ਰਾਜੀ ਕਰਨ ਤੋਂ ਬਾਦ ਆਖਰ :-

*ਦੋਹਰਾ ॥ ਤਾਹਿ ਭੇਦ ਸਮਝਾਇਕੈ ਲੈ ਗਈ ਤਹਾਂ ਲਵਾਇ ॥*
*ਜਹਾਂ ਕੁਅਰਿ ਠਾਢੀ ਹੁਤੀ ਭੂਖਨ ਬਸਤ੍ਰ ਬਨਾਇ ॥੧੧॥* (ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੬-੪੭)

ਨੌਜੁਆਨ ਨੂੰ ਜਦ ਮੁਟਿਆਰ ਨੇ ਪਾਇਆ ਤਾਂ ਇਉਂ ਲੱਗਾ ਜਿਵੇਂ ਗਰੀਬ ਦੇ ਘਰ ਨੌ ਖਜਾਨੇ ਪਹੁੰਚ ਗਏ ਹੋਣ । ਉਸ ਨੇ ਨੌਜੁਆਨ ਨਾਲ ਭਾਂਤਿ ਭਾਂਤਿ ਦੇ ਢੰਗਾਂ ਰਾਹੀਂ ਪ੍ਰੇਮ ਲੀਲਾ ਕੀਤੀ ।

*ਅੜਿੱਲ ॥ ਛੈਲ ਕੁਅਰ ਕੌ ਜਬੈ ਕੁਅਰਿ ਪਾਵਤ ਭਈ ॥ ਜਨੁਕ ਨਵੌ ਨਿਧਿ ਮਹਾਂ ਨਿਧਨ ਕੇ ਘਰ ਗਈ ॥*
*ਨਿਰਖ ਤਰੁਨਿ ਕੋ ਰਹੀ ਤਰੁਨਿ ਉਰਝਾਇਕੈ ॥ ਹੋ ਭਾਂਤਿ ਭਾਂਤਿ ਤਿਹ ਸਾਥ ਰਮੀ ਲਪਟਾਇਕੈ॥੧੨॥*
(ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੭)

ਇਕ ਔਰਤ ਨੇ ਰਾਜੇ ਨੂੰ ਜਾ ਦੱਸਿਆ ਕਿ ਤੇਰੀ ਔਰਤ ਇਕ ਬੰਦੇ ਨਾਲ ਰੰਗਰਲੀਆਂ ਮਨਾ ਰਹੀ ਹੈ ਤਾਂ ਕਰਮ ਸਿੰਘ ਗੁੱਸਾ ਖਾ ਕੇ ਆਇਆ । ਅਛਲ ਮਤੀ ਨੂੰ ਇਸ ਦਾ ਭੇਦ ਪਹਿਲਾਂ ਹੀ ਚੱਲ ਗਿਆ । ਉਸ ਨੇ ਕਰਮ ਸਿੰਘ ਦੀ ਪੱਗ ਉਤਾਰ ਕੇ ਵਗਾਹ ਮਾਰੀ ਕਹਿੰਦੀ ਸਹੇਲੀ ਝੱਲੀ ਹੈ ਜਿਹੜੀ ਤੇਰੇ ਪਾਸ ਆਈ ।

*ਪਕਰਿ ਨ੍ਰਿਪਤਿ ਕੀ ਪਗੀਯਾ ਦਈ ਚਲਾਇਕੈ ॥ ਕਹਯੋ ਸਖੀ ਬਵਰੀ ਭਈ ਗਈ ਵਹੁ ਧਾਇਕੈ ॥*
*ਲਰਿਕਨ ਕੀ ਸੀ ਖੇਲ ਕਰਤ ਤਿਹ ਠਾਂ ਭਈ ॥ ਹੋ ਦੁਤਿਯ ਸਖੀ ਲੈ ਪਾਗ ਚਲਾਇ ਬਹੁਰੋ ਦਈ ॥੧੪॥*
(ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੭)

ਜਿਸ ਦਿਸਾ (ਪਾਸੇ) ਨ੍ਰਿਪ (ਕਰਮ ਸਿੰਘ) ਜਾਂਦਾ ਉਹ ਦੂਜੇ ਪਾਸੇ ਉਸ ਦੀ ਪੱਗ ਸੁੱਟ ਦੇਂਦੀ । ਜਿਵੇਂ ਲੜਕੇ ਗੇਂਦ ਉਛਾਲਦੇ ਹਨ ਉਵੇਂ ਕਰਮ ਸਿੰਘ ਦੀ ਪੱਗ ਉਛਾਲਦੀ ।

*ਜਬ ਵਹਿ ਦਿਸਿ ਨ੍ਰਿਪ ਜਾਇ ਤੌ ਵਹਿ ਦਿਸਿ ਡਾਰਹੀ ॥ ਲਰਿਕਨ ਕੋ ਗਿੰਦੂਆ ਜਿਮਿ ਪਾਗ ਉਛਾਰਹੀ ॥*
*ਧੂਰਿ ਆਪਨੇ ਸੀਸ ਨਾਥ ਕੇ ਡਾਰਿਕੈ ॥ ਹੋ ਲਹਿ ਹਾਇਲ ਤਿਨ ਮਿੱਤ੍ਰਹਿ ਦਯੋ ਨਿਕਾਰਿਕੈ ॥੧੫॥*
(ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੭)

ਜਦ ਰਾਜਾ ਪਗੜੀ ਲੈਣ ਚਲ ਕੇ ਆਇਆ ਤਦ ਤੱਕ ਰਾਣੀ ਨੇ ਮਿੱਤ੍ਰ ਨੂੰ ਘਰ ਪੁੱਜਦਾ ਕਰ ਦਿੱਤਾ । ਉਸ ਨੇ ਸਹੇਲੀ ਨੂੰ ਝੱਲੀ ਆਖ ਕੇ ਕੁੱਟਣਾ ਸੁਰੂ ਕਰ ਦਿੱਤਾ ।

*ਜਬ ਲਗਿ ਪਗਿਯਾ ਲੇਨ ਰਾਇ ਚਲਿ ਆਇਯੋ ॥ ਤਬ ਲਗਿ ਰਾਨੀ ਮਿੱਤ੍ਰ ਸਦਨ ਪਹੁੰਚਾਇਯੋ ॥*
*ਮਤਵਾਰੀ ਉਨ ਭਾਖਿ ਅਧਿਕ ਮਾਰਤ ਭਈ ॥ ਨ੍ਰਿਪ ਕੀ ਚਿੰਤਾ ਟਾਰਿ ਸਕਲ ਚਿਤ ਕੀ ਦਈ ॥੧੬॥*
(ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੭)

ਰਾਜਾ ਕਰਮ ਸਿੰਘ ਨੇ ਅਪਣੀ ਔਰਤ ਦਾ ਹੱਥ ਪਕੜ ਕੇ ਕਿਹਾ ਕਿ ਇਸ ਮੂਰਖ ਨੂੰ ਨਾ ਮਾਰ ਇਸ ਨੇ ਮੈਨੂੰ ਕੁੱਝ ਨਹੀਂ ਦੱਸਿਆ । ਪਹਿਲਾਂ ਰਾਜਾ ਕਰਮ ਸਿੰਘ ਦੀ ਪੱਗ ਉਤਾਰ ਕੇ ਉਛਾਲ ਕੇ ਪਰਾਂ ਸੁੱਟੀ ਤੇ ਫਿਰ ਯਾਰ ਨੂੰ ਬਚਾ ਕੇ ਕੱਢਿਆ ਤੇ ਦਾਸੀ ਬਚਾਈ ।

*ਦੋਹਰਾ ॥ ਨ੍ਰਿਪ ਕੀ ਪਾਗ ਉਤਾਰਿ ਕੈ ਦੀਨੀ ਪ੍ਰਥਮ ਚਲਾਇ ॥*
*ਜਾਰ ਉਬਾਰਯੋ ਜੜ ਛਲਯੋ ਚੇਰੀ ਲਈ ਬਚਾਇ ॥੧੮॥* (ਦੋਇ ਸੌ ਪੈਂਤੀਸ ਚਰਿਤ੍ਰ ਪੰਨਾ ੧੧੪੭)

ਨੋਟ :- ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਅਪ੍ਰੈਲ ਮਹੀਨੇ ਦੀ ਵਿਸਾਖੀ ਨੂੰ ਖੰਡੇ ਬਾਟੇ ਦੀ ਪਾਹੁਲ ਦੇ ਕੇ ਸਿੰਘ ਸਜਾਇਆ । ਗੁਰੂ ਜੀ 1708 ਈਸਵੀ ਨੂੰ ਜੋਤੀ ਜੋਤਿ ਸਮਾਇ । ਫਿਰ ਬੰਦਾ ਸਿੰਘ ਬਹਾਦਰ ਆਇਆ ਤੇ ੧੮ ਵੀਂ ਸਦੀ ਤੱਕ ਜੱਸਾ ਸਿੰਘ ਰਾਮਗੜੀਆ, ਜੱਸਾ ਸਿੰਘ ਆਹਲੂਵਾਲੀਆ, ਨਵਾਬ ਕਪੂਰ ਸਿੰਘ, ਮਹਾਂ ਸਿੰਘ, ਬਾਬਾ ਆਲਾ ਸਿੰਘ ਅਤੇ ਹੋਰ ਮਹਾਨ ਜੋਧੇ ਦਨ ਦਨਾਉਂਦੇ ਰਹੇ ਤੇ ਫਿਰ ਮਹਾਰਾਜਾ ਰਣਜੀਤ ਸਿੰਘ 1839 ਈਸਵੀ ਤੱਕ ਛਾਇਆ ਰਿਹਾ। ਕੀ ਇਹ ਸੰਭਵ ਹੈ ਕਿ ਗੁਰੂ ਜੀ ਕਿਸੇ ਅਜਿਹੇ ਪਾਤਰ ਨੂੰ ਪ੍ਰਗਟ ਕਰਕੇ ਜਿਸ ਦੇ ਨਾਂ ਨਾਲ ਸਿੰਘ ਸਬਦ ਜੁੜਿਆ ਹੈ ? ਉਸ ਦਾ ਘੋਰ ਅਪਮਾਨ ਕਰਦੇ ?

ਅਸੀਂ ਇਹ ਪੜ੍ਹ ਚੁੱਕੇ ਹਾਂ ਕਿ ਕਿਵੇਂ ਗੁਰੂ ਜੀ ਨੂੰ ਪਾਉਂਟੇ ਵਿਖੇ ਮੂਤ ਕਰਨ ਆਏ ਬੰਦਿਆਂ ਦੀਆਂ ਪਗੜੀਆਂ ਉਤਾਰ ਕੇ ਅਪਣੇ ਸਿੱਖਾਂ ਨੂੰ ਵੰਡਦੇ ਦਿਖਾਇਆ ਹੈ ਤੇ ਬਚਦੀਆਂ ਦੁਕਾਨਾਂ ਤੇ ਵੇਚਦੇ ਵੀ । ਇਥੇ ਸਿੱਖ ਰਾਜੇ ਕਰਮ ਸਿੰਘ ਦੀ ਪਗੜੀ ਉਤਾਰ ਕੇ ਫਿਰ ਉਛਾਲ ਕੇ ਪਰੇ ਵਗਾਹ ਮਾਰਨ ਦੀ ਗੱਲ ਕਹੀ ਗਈ ਹੈ। ਇਸ ਤੋਂ ਵੱਡਾ ਕੁਫਰ ਅਤੇ ਸਿੱਖ ਦਾ ਅਪਮਾਨ (ਸਾਡੇ ਸੰਪ੍ਰਦਾਵਾਂ ਵਾਲੇ-ਸੰਤ ਸਾਧ ਬ੍ਰਹਮ ਗਿਆਨੀ-ਅਖੌਤੀ ਵਿਦਵਾਨ ਤੇ ਬੁੱਧੀ ਜੀਵੀ-ਸਿਆਸਤਦਾਨ ਤੇ ਧਾਰਮਿਕ ਅਖਵਾਉਂਦੀਆਂ ਅਧਾਰਮਿਕ ਜਥੇਬੰਦੀਆਂ-ਸਾਡੇ ਵੱਡੇ ਤੇ ਮਹਾਨ ਪੁਜਾਰੀ ਤੇ ਧਰਮ ਦੇ ਠੇਕੇਦਾਰ) ਹੋਰ ਕੀ ਕਰ ਸਕਦੇ ਹਨ। ਕੀ ਆਪ ਜੀ ਇਨ੍ਹਾਂ ਨੂੰ ਸਿੱਖ ਆਖੋਗੇ? ਜਾਂ ਸਿੱਖ ਧਰਮ ਅੰਦਰ ਘੁਸਪੈਠ ਕਰ ਚੁੱਕੇ ਸਿੱਖੀ ਭੇਖ ਅੰਦਰ ਅਸਿੱਖ ? ਇਨ੍ਹਾਂ ਲੋਕਾਂ ਦੀ ਪਹਿਚਾਣ ਕਰਨੀ ਕੋਈ ਔਖਾ ਕੰਮ ਨਹੀਂ ਹੈ। ਜੋ ਅਪਣੀ ਸ਼ਰਧਾ ਦਸਮ ਗ੍ਰੰਥ ਤੇ ਲਿਆਉਂਦਾ ਹੈ ਅਤੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਇਲਾਹੀ ਬਾਣੀ ਮੰਨਦਾ ਤੇ ਸਿੱਜਦਾ ਕਰਦਾ ਹੈ । ਗੁਰੂ ਦੁਆਰਿਆਂ ਵਿੱਚ ਦਸਮ ਗ੍ਰੰਥ ਦਾ ਪ੍ਰਕਾਸ ਕਰਨ ਦੀ ਹਮਾਇਤ ਕਰਦਾ / ਕਰਦੀ ਹੈ ਉਹ ਸਿੱਖ ਧਰਮ ਦਾ ਦੁਸ਼ਮਣ ਅਤੇ ਗਦਾਰ ਹੈ। ਉਸ ਨੂੰ ਅਸੀਂ ਗੁਰੂ ਘਰ ਦਾ ਸਰਾਪਿਆ ਤਨਖਾਹੀਆ ਆਖ ਸਕਦੇ ਹਾਂ । ਇਹ ਜਰੂਰ ਯਾਦ ਰੱਖਿਓ ਕਿ ਨਾ ਤਾਂ ਇਤਿਹਾਸ ਵਿਗਾੜਿਆਂ ਉਹ ਵਿਗੜਨਾ ਹੈ ਤੇ ਨਾਂ ਹੀ ਗੁਰੂ ਦਾ ਅਪਮਾਨ ਕੀਤਿਆਂ ਜਿੰਦਗੀ ਜਿਉਣ ਦਾ ਸਹੀ ਮਾਰਗ ਲੱਭਣਾ ਹੈ। ਮੈਂ ਜਾਣਦਾ ਹਾਂ ਕਿ ਆਪ ਜੀ ਦਸਮ ਗ੍ਰੰਥ ਨਾਮੀ ਮਹਾਂ ਗੰਦੀ ਪੁਸਤਕ ਪੜ੍ਹ ਕੇ ਮੇਰੇ ਤੋਂ ਵੀ ਵੱਧ ਦੁਖੀ ਹੋ ਰਹੇ ਹੋਵੋਗੇ । ਸਿੱਖ ਧਰਮ ਦਾ ਰੂਪ ਨਿਖਾਰਨ ਲਈ ਤੁਹਾਡਾ ਵੀ ਯੋਗਦਾਨ ਜਰੂਰੀ ਹੈ। ਅਪਣਾ ਫਰਜ਼ ਪਹਿਚਾਣਦਿਆਂ ਤਨਦੇਹੀ ਨਾਲ ਅੱਗੇ ਆ ਕੇ ਭੇਖੀਆਂ ਨੂੰ ਨੰਗੇ ਕਰ ਕੇ ਮੁੜ ਗੁਰੂ ਘਰਾਂ ਦਾ ਪ੍ਰਬੰਧ ਅਪਣੇ ਹੱਥ ਲਓ ਤੇ ਇਨ੍ਹਾਂ ਭੇਖੀਆਂ ਨੂੰ ਬਾਹਰ ਸੁੱਟੋ ।

**ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ** ਇਲਾਕਾ : ਤਿੱਬਤ (ਦੋ ਸੌ ਛੱਤੀਸ ਚਰਿਤ੍ਰ ਪੰਨਾ ੧੧੪੭-੪੮)

ਪਾਤਰ : ਸੁਲੱਛਨ ਰਾਇ, ਸ੍ਰੀ ਨ੍ਰਿਪਰਾਜ ਕਲਾ ਤੇ ਬਿਚੱਛਨ ਮਤੀ (ਵੇਸਵਾ) : ਤਿਬੱਤ ਦਾ ਰਾਜਾ ਰਾਇ ਸੁਲੱਛਨ ਕਬਿੱਤ ਤੇ ਕਾਬਿ ਰਚਨਾ ਕਰਨ ਵਿੱਚ ਬੜਾ-ਈ-ਨਿਪੁੰਨ ਦੀ ਰਾਣੀ ਸ੍ਰੀ ਨ੍ਰਿਪਰਾਜ ਕਲਾ ਤੇ ਵਿਸਨੂੰ ਵੀ ਡੁੱਲ੍ਹ ਡੁੱਲ੍ਹ ਪੈਂਦਾ । ਉਸ ਸ਼ਹਿਰ ਦੇ ਅੰਦਰ ਇਕ ਮਤੀ ਬਿਚੱਛਨ ਨਾਂ ਦੀ ਵੇਸਵਾ ਰਹਿੰਦੀ ਸੀ । ਓਹਦੇ ਰੂਪ ਦਾ ਕੀ ਕਹਿਣਾ ਜਿਹੜਾ ਵੀ ਮੁਜਰਾ ਦੇਖਣ ਆਉਂਦਾ ਓਹਦਾ ਹੁਸਨ ਦੇਖ ਦੇਖ ਹਰ ਕੋਈ ਕਾਮੀ ਹੁੰਦਾ । ਪਰ ਮੁਜਰੇ ਦੌਰਾਨ ਉਹ ਰਾਜੇ ਦਾ ਰੂਪ ਦੇਖ ਕੇ ਅਪਣੇ ਤਨ ਦੀ ਸੁੱਧ ਬੁੱਧ ਭੁਲਾ ਕੇ ਬੜੇ ਹਾਵ ਭਾਵ ਨਾਲ ਮੁਜਰਾ ਕਰਦੀ । ਓਹ ਸੋਚਾਂ ਸੋਚਦੀ ਕਿ ਕਿਹੜੇ ਦਿਨ ਮੈਂ ਰਾਜੇ ਨਾਲ ਭੋਗ ਕਰਾਂ ।

*ਚਿਤ ਮੈ ਚਿੰਤ ਰੈਨਿ ਦਿਨ ਕਰੈ ॥ ਨ੍ਰਿਪ ਕੀ ਆਸ ਸਦਾ ਮਨ ਧਰੈ ॥*
*ਕਿਹ ਬਿਧਿ ਮੋ ਸੰਗ ਭੋਗ ਕਮਾਵੈ ॥ ਸੋ ਦਿਨ ਮੋਹਿ ਕਹੋ ਕਬ ਆਵੈ ॥੪॥* (ਦੋ ਸੌ ਛੱਤੀਸ ਚਰਿਤ੍ਰ ਪੰਨਾ ੧੧੪੮)

ਉਹ ਸੋਚਦੀ ਰਾਜਾ ਮੈਨੂੰ ਤੱਕਦਾ ਈ ਨੀ ਮੈਂ ਓਹਨੂੰ ਪਾਣ ਲਈ ਲਲਚਾਈ ਹਾਂ। ਮੈਂ ਕਿਹੜਾ ਢੰਗ ਤਰੀਕਾ ਅਪਣਾਵਾਂ ਕਿ ਉਹ ਮੇਰੇ ਨਾਲ ਭੋਗ ਕਰੇ । ਬੜੇ ਹਾਵ ਭਾਵ ਹੀਲੇ ਵਸੀਲੇ ਕਰਨ ਤੋਂ ਬਾਦ ਹਾਰ ਹੰਭ ਕੇ ਉਸ ਨੇ ਗਰਮ ਲੋਹੇ ਨਾਲ ਸੱਤ ਥਾਵਾਂ ਤੇ ਅਪਣੇ ਸਰੀਰ ਨੂੰ ਸਾੜ ਲਿਆ । ਸੜੇ ਮਾਸ ਦੀ ਦੁਰਗੰਧ ਜਦ ਰਾਜੇ ਨੂੰ ਪੁੱਜੀ ਤਾਂ ਝੱਟ ਉਸ ਨੇ ਅਪਣੇ ਗਲੇ ਲਗਾ ਲਿਆ ਤੇ ਫਿਰ ਸੁਰੂ ਹੋਇਆ :-

*ਦੋਹਰਾ ॥ ਜੁ ਤੁਮ ਕਹੌ ਸੋ ਮੈਂ ਕਰੋਂ ਨਿਜੁ ਤਨ ਗੁਲਨ ਨ ਖਾਹੁ ॥*
*ਭਾਂਤਿ ਭਾਂਤਿ ਕੇ ਭਾਮਿਨੀ ਮੋਸੌ ਭੋਗ ਕਮਾਹੁ ॥੧੧॥*
*ਚੌਪਈ ॥ ਗੁਲ ਖਾਏ ਰਾਜਾ ਫੁਰਿ ਆਯੋ ॥ ਭਾਂਤਿ ਭਾਂਤਿ ਤਿਹ ਤ੍ਰਿਯਹਿ ਬਜਾਯੋ ॥*
*ਲਪਟਿ ਲਪਟਿ ਤਾਸੋ ਰਤਿ ਕੀਨੀ ॥ ਬੇਸ੍ਵਾ ਕੀ ਸੁਧਿ ਬੁਧਿ ਹਰਿ ਲੀਨੀ ॥੧੨॥*
*ਬੇਸ੍ਵਾ ਹੂੰ ਰਾਜਾ ਬਸਿ ਕੀਨੋ ॥ ਭਾਂਤਿ ਭਾਂਤਿ ਕੇ ਆਸਨ ਦੀਨੋ ॥*
*ਰਾਇ ਸਕਲ ਰਾਨਿਯੈ ਬਿਸਾਰੀ ॥ ਤਾਹੀ ਕੋ ਰਾਖਯੋ ਕਰਿ ਨਾਰੀ ॥੧੩॥*

ਨੋਟ :- ਇਸ ਲੱਚਰ ਕਾਵਿ ਰਚਨਾਂ ਨੂੰ ਮੂਰਖ ਲੋਕੀਂ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀ ਹੈ ਪਰ ਮਹਾਂ ਮੂਰਖ ਇਹ ਦੱਸਣ ਤੋਂ ਅਸਮਰਥ ਹਨ ਕਿ ਦਸਵੇਂ ਗੁਰੂ ਨੇ ਮਹਲਾ ੧੦ ਜਾਂ ਦਸਵਾਂ ਕਾਵਿ ਰਚਨਾਵਾਂ ਨਾਲ ਕਿਉਂ ਨਹੀਂ ਲਿਖਿਆ ਆਪ ਜੀ ਨੂੰ ਪਤਾ ਹੋਏ ਤਾਂ ਸਿੱਖ ਸੰਗਤ ਨੂੰ ਹਨੇਰੇ ਵਿੱਚੋਂ ਕੱਢਣ ਦੀ ਕ੍ਰਿਪਾਲਤਾ ਕਰਨੀ ।

ਇਲਾਕਾ : ਪ੍ਰਗਟ ਕਮਾਊਂ ਅਤੇ ਸ੍ਰੀ ਨਗਰ (ਦੋ ਸੌ ਸੈਂਤੀਸ ਚਰਿਤ੍ਰ ਪੰਨਾ ੧੧੪੮-੪੯)

ਪਾਤਰ : ਰਾਜ ਬਹਾਦੁਰ (ਰਾਇ) ਤੇ ਭੋਗਮਤੀ (ਨਾਚੀ)

**ਰਾਜਾ ਮੇਦਨੀ ਨੂੰ ਇਸ਼ਕ ਮਹਿੰਗਾ ਪਿਆ :** ਪ੍ਰਗਟ ਕਮਾਊਂ ਦਾ ਰਾਜਾ ਰਾਜ ਬਹਾਦੁਰ ਸੂਰਮਿਆਂ ਦੀ ਸੇਵਾ ਕਰਦਾ

ਤੇ ਵੈਰੀਆਂ ਨੂੰ ਮਾਰ ਮੁਕਾਉਂਦਾ। ਉਸ ਨੇ ਗੋਂਦ ਗੁੰਦੀ ਕਿ ਕਿਵੇਂ ਸ੍ਰੀ ਨਗਰ ਮਾਰਿਆ (ਜਿੱਤਿਆ) ਜਾਏ। ਉਥੇ ਇਕ ਭੋਗਮਤੀ ਨਾਂ ਦੀ ਵੇਸਵਾ ਨੱਚਦੀ ਹੁੰਦੀ ਸੀ ਪਹਿਲਾਂ ਉਸ ਨੇ ਰਾਜੇ ਨਾਲ ਸੰਭੋਗ ਕੀਤਾ ਤੇ ਫਿਰ ਕਿਹਾ:-

*ਦੋਹਰਾ ॥ ਪਾਤ੍ਰ ਤਹਾਂ ਨਾਚਤ ਹੁਤੀ ਭੋਗਮਤੀ ਛਬਿ ਮਾਨ ॥*

*ਪ੍ਰਥਮ ਰਾਇ ਸੌ ਰਤਿ ਕਰੀ ਬਹੁਰਿ ਕਹੀ ਯੌ ਆਨਿ ॥੩॥* (ਦੋ ਸੌ ਸੈਂਤੀਸ ਚਰਿਤ੍ਰ ਪੰਨਾ ੧੧੪੮-੪੯)

ਜੇਕਰ ਤੂੰ ਕਹੇਂ ਕਿ ਜਾਹ ਜਾ ਕੇ ਉਸ ਨੂੰ ਬਿਰਮਾ ਤੇ ਸ੍ਰੀ ਨਗਰ ਤੋਂ ਖਿੱਚ ਕੇ ਉਸ ਨੂੰ ਲਿਆ ਮੈਂ ਜਾਵਾਂਗੀ ਤੂੰ ਸੈਨਾ ਜੋੜ ਕੇ ਸ੍ਰੀ ਨਗਰ ਲੁੱਟ ਪੁੱਟ ਲਵੀਂ :-

*ਯੌ ਕਹਿ ਬੇਸ੍ਵਾ ਬਚਨ ਨ੍ਰਿਪਹਿ ਤਹ ਕੋ ਗਈ ॥ ਸਿਰੀ ਨਗਰ ਕੇ ਸ਼ਹਿਰ ਬਿਖੈ ਆਵਤ ਭਈ ॥*

*ਹਾਵ ਭਾਵ ਬਹੁ ਭਾਂਤਿ ਦਿਖਾਏ ਆਨਿਕੈ ॥ ਹੋ ਭਜਯੋ ਮੇਦਨੀ ਸ਼ਾਹ ਅਧਿਕ ਰਚਿ ਮਾਨਿਕੈ ॥੫॥*

(ਦੋ ਸੌ ਸੈਂਤੀਸ ਚਰਿਤ੍ਰ ਪੰਨਾ ੧੧੪੯)

ਮੇਦਨੀ ਸ਼ਾਹ ਨੂੰ ਅਪਣੇ ਵਸ ਕਰ ਕੇ ਉਸ ਨੂੰ ਅਪਣੇ ਨਾਲ ਲੈ ਕੇ ਦੂਨ ਦਾ ਰਸਤਾ ਪਕੜਿਆ। ਰਾਜ ਬਹਾਦੁਰ ਨੇ ਫੌਜ ਇਕੱਠੀ ਕਰਕੇ ਕਸ਼ਮੀਰ ਤੇ ਧਾਵਾ ਬੋਲ ਦਿੱਤਾ ਤੇ ਲੁੱਟ ਪੁੱਟ ਲਿਆ। ਮੇਦਨੀ ਸ਼ਾਹ ਦੰਦ ਪੀਂਹਦਾ ਹੀ ਰਹਿ ਗਿਆ।

ਨੋਟ :- ਇਸ ਦਾ ਫੈਸਲਾ ਤਾਂ ਇਮਾਨਦਾਰ ਇਤਿਹਾਸਕਾਰ ਹੀ ਕਰ ਸਕਦੇ ਹਨ ਕਿ ਮੇਦਨੀ ਸ਼ਾਹ ਕਸ਼ਮੀਰ ਦਾ ਰਾਜਾ ਸੀ ਜਾਂ ਦੂਨ ਦਾ ਪਰ ਇਨ੍ਹਾਂ ਕਥਾ ਕਹਾਣੀਆਂ ਦਾ ਸਿੱਖ ਧਰਮ ਨਾਲ ਕੀ ਵਾਸਤਾ। ਨਾ ਕੋਈ ਧਰਮ ਕਰਮ ਦੀ ਗੱਲ ਤੇ ਨਾ ਹੀ ਕੋਈ ਗੁਰ ਗਿਆਨ ਦੀ । ਸਿਵਾਏ ਕਾਮ ਉਤੇਜਿਤ ਕਰਨ ਦੇ ਇਸ ਵਿੱਚੋਂ ਕੱਖ ਨੀ ਜੇ ਲੱਭਣਾ। ਸਿੱਖ ਧਰਮ ਨੂੰ ਸਮਝਣ ਅਤੇ ਹੰਢਾਣ ਲਈ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ-ਚੋਰੀ ਡਾਕੇ ਕਤਲ ਤੇ ਇਸ਼ਕ ਦੇ ਦਾਅਪੇਚਾਂ ਲਈ ਦਸਮ ਗ੍ਰੰਥ । ਬਾ ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

ਪਾਤਰ : ਬੀਰਜਕੇਤ (ਰਾਜਾ) ਤੇ ਸ੍ਰੀ ਛਟ ਛੈਲ ਕੁਅਰਿ (ਤ੍ਰਿਯ) (ਦੋਇ ਸੌ ਅੱਠਤੀਸ ਚਰਿਤ੍ਰ ਪੰਨਾ ੧੧੪੯-੫੦)

**ਇਸ਼ਕ ਦੀ ਨਵੀਓਂ ਨਵੀਂ ਬਹਾਰ :** ਬੀਰਜਕੇਤ ਰਾਜੇ ਨੂੰ ਉਸ ਦੀ ਔਰਤ ਸ੍ਰੀ ਛਟ ਛੈਲ ਕੁਅਰਿ ਨੇ ਮਨ ਬਚ ਅਤੇ ਕਰਮ ਦੁਆਰਾ ਵਸ ਕਰ ਰੱਖਿਆ। ਇਕ ਦਿਨ ਉਹ ਸ਼ਿਕਾਰ ਖੇਡਣ ਗਿਆ ਅਪਣੇ ਨਾਲ ਬਹੁਤ ਸਾਰੀਆਂ ਸਖੀਆਂ ਲੈ ਗਿਆ। ਜਦ ਉਹ ਬਨ ਦੇ ਵਿਚਕਾਰ ਪੁੱਜਾ ਤਾਂ ਕੁੱਤਿਆਂ ਤੋਂ ਬਹੁਤ ਮਿਰਗਾਂ ਨੂੰ ਮਰਵਾਇਆ। ਰਾਣੀ ਦੇ ਅੱਗਿਓਂ ਇਕ ਹਿਰਨ ਲੰਘਿਆ ਤਾਂ ਘੋੜਾ ਦੁੜਾ ਕੇ ਉਸ ਨੇ ਉਸ ਦਾ ਪਿੱਛਾ ਕੀਤਾ । ਉਹ ਭੱਜਿਆ ਜਾਂਦਾ ਕਈ ਕੋਹ ਲੰਘ ਗਿਆ । ਉਸ ਨੂੰ ਇਕ ਰਾਜੇ ਦੀ ਧੀ ਨੇ ਤੱਕਿਆ ਤੇ ਕਾਮ ਜਾਗ੍ਰ ਪਿਆ । ਉਹ ਚੱਲ ਕੇ ਉਸ ਪਾਸ ਗਈ । ਉਹ ਘੋੜੇ ਤੋਂ ਉਤਰਿਆ ਤੇ ਦੋਨਾਂ ਨੇ ਪਿਆਰ ਦੇ ਹੁਲਾਰੇ ਲਏ। ਲਓ ਐਨੇ ਨੂੰ ਇਕ ਸ਼ੇਰ ਆ ਗਿਆ ਜਿਸ ਨੂੰ ਦੇਖ ਕੇ ਉਹ ਬਹੁਤ ਡਰੀ ਤੇ ਮਿਤ੍ਰ ਦੇ ਗਲੇ ਲਿਪਟਿ ਗਈ । ਢੀਠ ਨੌਜੁਆਨ ਨੇ ਧਨੁੱਖ ਨੂੰ ਤਾਣਿਆ ਪਰ ਓਹਨੇ ਕਾਮ ਆਸਣ ਨਾ ਛੱਡਿਆ । ਉਸ ਨੇ ਫਿਰ ਵੀ ਤੀਰ ਨਾਲ ਸ਼ੇਰ ਮਾਰ ਗਿਰਾਇਆ ।

*ਨਿਰਖਿ ਸਿੰਘ ਕੌ ਰੂਪ ਤਰੁਨਿ ਤ੍ਰਾਸਿਤ ਭਈ ॥ ਲਪਟਿ ਲਲਾ ਕੇ ਕੰਠ ਭਏਂ ਅਬਲਾ ਗਈ ॥*

*ਢੀਠ ਕੁਅਰ ਧਨੁ ਤਨਯੋ ਨ ਤਨਿਕ ਆਸਨ ਡਿਗਯੋ ॥ ਹੋ ਹਨਯੋ ਸਿੰਘ ਤਿਹ ਠੌਰ ਬਿਸਿਖ ਬਾਂਕੋ ਲਗਯੋ ॥੭॥*

(ਦੋਇ ਸੌ ਅੱਠਤੀਸ ਚਰਿਤ੍ਰ ਪੰਨਾ ੧੧੫੦)

ਸ਼ੇਰ ਨੂੰ ਮਾਰ ਕੇ ਔਰਤ ਨੇ ਮਨ ਭਾਉਂਦੇ ਆਸਣ ਲਪਟਿ ਲਪਟਿ ਦਿੱਤੇ ਤੇ ਚੁੰਬਨ ਲਏ। ਅਨੇਕਾਂ ਤਰ੍ਹਾਂ ਨਾਲ ਕਲੋਲਾਂ ਕਰਦਿਆਂ ਉਨ੍ਹਾਂ ਸੁੱਖ ਪ੍ਰਾਪਤ ਕੀਤਾ ।

*ਮਾਰਿ ਸਿੰਘ ਰਾਖਯੋ ਤਿਹ ਭਜਯੋ ਬਨਾਇਕੈ ॥ ਆਸਨ ਚੁੰਬਨ ਕਰੇ ਤ੍ਰਿਯਹਿ ਲਪਟਾਇਕੈ ॥*

*ਭਾਂਤਿ ਭਾਂਤਿ ਤਿਹ ਰਮਯੋ ਤੁਰਨਿ ਸੁਖ ਪਾਇ ਕਰ ॥ ਹੋ ਬਿਨੁ ਦਾਮਨ ਅਬਲਾਹੂੰ ਰਹੀ ਬਿਕਾਇ ਕਰਿ ॥੮॥*

(ਦੋਇ ਸੌ ਅੱਠਤੀਸ ਚਰਿਤ੍ਰ ਪੰਨਾ ੧੧੫੦)

ਔਰਤ ਨੇ ਸੋਚਿਆ ਕਿ ਮੈਂ ਹੁਣ ਇਸੇ ਦੇ ਵਸੂੰ ਤੇ ਖਸਮ ਕੋਲ ਮੁੜ ਨਾ ਜਾਊਂ। ਇਕ ਸਹੇਲੀ ਨੂੰ ਦਿਲ ਦਾ ਭੇਦ ਸਮਝਾ ਕੇ ਰਾਜੇ ਨੂੰ ਖਬਰ ਕਰ ਦਿੱਤੀ ਬਈ ਰਾਣੀ ਨਦੀ ਚ ਡੁੱਬਗੀ। ਰਾਜਾ ਖਬਰ ਸੁਣ ਕੇ ਸਿਰ ਸੁੱਟ ਕੇ ਬੈਠ ਗਿਆ। ਔਰਤ ਦੇ ਚਰਿੱਤ੍ਰ ਕੋਈ ਆਦਮੀ ਨਹੀਂ ਪਛਾਣ ਸਕਿਆ । ਸਭ ਸਾਸਤ੍ਰ ਸਿੰਮ੍ਰਤੀਆਂ ਅਤੇ ਬੇਦ ਇਹੋ ਭੇਦ ਦੱਸਦੇ ਹਨ ।

*ਚੰਚਲਾਨ ਕੋ ਚਰਿਤ ਨ ਕਰ ਕੋਊ ਲਹੈ ॥ ਹੋ ਸਾਸਤ੍ਰ ਸਿੰਮ੍ਰਿਤਿ ਅਰੁ ਬੇਦ ਭੇਦ ਐਸੇ ਕਹੈ ॥੧੧॥*

(ਦੋਇ ਸੌ ਅੱਠਤੀਸ ਚਰਿਤ੍ਰ ਪੰਨਾ ੧੧੫੦)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਸਾਨੂੰ ਉਪਦੇਸ ਦੇਂਦੀ ਹੈ ਕਿ ਔਰਤ ਹਮੇਸਾਂ ਚਰਿਤ੍ਰ ਕਰਦੀ ਹੈ (ਭਾਵੇਂ ਉਹ ਸੱਚੀ ਹੀ ਹੋਏ ਉਸ ਤੇ ਭੁੱਲ ਕੇ ਵੀ ਇਤਬਾਰ ਨਹੀਂ ਕਰਨਾ) ਅਤੇ ਔਰਤ ਤੇ ਮਰਦ ਨੂੰ ਇਹ ਵੀ ਉਪਦੇਸ ਦੇਂਦੀ ਹੈ ਕਿ ਪਤੀ ਬਰਤਾ ਜਾਂ ਪਤਨੀ ਬਰਤਾ ਹੋਣ ਦੀ ਲੋੜ ਨਹੀਂ ਜਦੋਂ ਤੇ ਜਿਥੇ ਚਾਹੋ ਕੱਪੜੇ ਉਤਾਰੋ ਤੇ ਰੰਗਰਲੀਆਂ ਮਨਾਓ। ਇਹ ਸਿੱਖਿਆਵਾਂ ਚੰਗੇ ਸਮਾਜ ਵਿੱਚ ਕੀ ਗੁੱਲ ਖਿਲਾਉਂਦੀਆਂ ਹਨ ਇਸ ਦਾ ਪਤਾ ਹੋਰ ੫ - ੧੦ ਸਾਲਾਂ

ਬਾਦ ਚੱਲ ਜਾਏਗਾ ਜੇਕਰ ਬਿਨਾ ਕਿਸੇ ਦੇਰੀ ਦੇ ਇਸ ਦਸਮ ਗ੍ਰੰਥ ਨਾਂ ਦੀ ਗੰਦੀ ਪੁਸਤਕ ਛਾਪਣੀ ਬੰਦ ਨਾ ਕੀਤੀ ਅਤੇ ਗੁਰਦੁਆਰਿਆਂ ਵਿੱਚ ਇਸ ਦਾ ਪ੍ਰਕਾਸ ਬੰਦ ਨਾ ਕੀਤਾ । ਹਰ ਮਾਂ ਭੈਣ-ਧੀ ਅਪਣੀ ਜੁੰਮੇਵਾਰੀ ਅਤੇ ਹੱਕ ਸਮਝ ਕੇ ਪੁਜਾਰੀਆਂ ਨੂੰ ਇਸ ਕੀਤੀ ਜਾ ਰਹੀ ਮੰਦੀ ਕਰਤੂਤ ਬਦਲੇ ਸਬਕ ਸਿਖਾਏ । ਬਾ ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

## ਸ਼ਹਿਰ : ਸਿਰੋਜ

(ਦੋਇ ਸੌ ਉਨਤਾਲੀਸ ਚਰਿਤ੍ਰ ਪੰਨਾ ੧੧੫੦-੫੧)

ਪਾਤਰ : ਨਰ ਸਿੰਘ (ਰਾਜਾ), ਬੀਰ ਮਤੀ (ਰਾਨੀ) ਤੇ ਬਯਾਘ੍ਰ ਕੇਤ

**ਸੌਕਣ ਦੇ ਪੁੱਤ ਮਾਰ ਕੇ ਰਾਜ ਭਾਗ ਤੇ ਕਬਜਾ ਕਰੋ :** ਸ਼ਹਿਰ ਸਿਰੋਜ ਦੇ ਰਾਜਾ ਨਰ ਸਿੰਘ ਦੇ ਚਾਰ ਪੁੱਤ ਪੈਦਾ ਹੋਏ ਉਸ ਨੇ ਇਕ ਹੋਰ ਵਿਆਹ ਬੀਰਮਤੀ ਨਾਲ ਕੀਤਾ ਜੋ ਪਹਿਲੇ ਤੋਂ ਹੀ ਗਰਭਵਤੀ ਸੀ (ਇਕ ਰਾਜੇ ਨੇ ਪਹਿਲਾਂ ਤੋਂ ਹੀ ਗਰਭਵਤੀ ਹੋਈ ਰਾਣੀ ਨਾਲ ਕਿਉਂ ਵਿਆਹ ਕੀਤਾ ? ਸਮਝ ਤੋਂ ਪਰੇ ਅਤੇ ਸ਼ੱਕੀ ਹੈ) ਉਸ ਤੋਂ ਇਕ ਪੁੱਤ ਬਯਾਘ੍ਰ ਕੇਤ ਜੰਮਿਆ । ਰਾਜਾ ਨਰ ਸਿੰਘ ਦੇ ਰਾਜ ਦੇ ਪਹਿਲਾਂ ਹੀ ਚਾਰ ਉਤਰਾ ਅਧਿਕਾਰੀ ਹਨ ਤੇ ਪੰਜਵੇਂ ਨੂੰ ਕਿਵੇਂ ਰਾਜ ਮਿਲੇ ਉਹ ਸੋਚਾਂ ਸਚਿਦੀ ਉਸ ਨੇ ਚਾਰੇ ਪੁੱਤਾਂ ਨੂੰ ਕਤਲ ਕਰਕੇ ਰਾਜ ਅਪਣੇ ਪੁੱਤ ਨੂੰ ਦੇਣ ਦੀ ਠਾਣ ਲਈ ਉਸ ਨੇ ਪਹਿਲਾਂ ਜੇਠੇ ਪੁੱਤ ਨੂੰ ਬੁਲਾਇਆ ਕਿ ਤੈਨੂੰ ਰਾਜੇ ਨੇ ਬੁਲਾਇਆ ਹੈ, ਉਹ ਖੜਗ ਨਾਲ ਮਾਰ ਮੁਕਾਇਆ । ਫਿਰ ਦੋ ਹੋਰ ਸੱਦੇ ਤੇ ਉਹ ਵੀ ਮਾਰ ਦਿੱਤੇ । ਚਾਰੇ ਪੁੱਤਾਂ ਨੂੰ ਮਾਰ ਕੇ ਰਾਜਾ ਸੱਦਿਆ ਤੇ ਰੋਂਦੀ ਹੋਈ ਕਹਿੰਦੀ ਕਿ ਦੋ ਤਾਂ ਰਾਜ ਖੋਹਣ ਦੇ ਚੱਕਰ ਵਿੱਚ ਲੜ ਮਰੇ ਤੇ ਦੋ ਉਨ੍ਹਾਂ ਨੂੰ ਦੇਖ ਕੇ ਕੱਪੜੇ ਫਾੜ ਕੇ ਫਕੀਰ ਹੋ ਗਏ । ਰਾਜਾ ਪੁੱਤਾਂ ਨੂੰ ਦੇਖ ਦੇਖ ਧਾਹਾਂ ਮਾਰ ਮਾਰ ਰੋਇਆ ।

ਨੋਟ :- ਜਿਵੇਂ ਅਸੀਂ ਪਿੱਛੇ ਘੋਖ ਚੁੱਕੇ ਹਾਂ ਕਿ 1708 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਦ ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜ ਸਥਾਪਿਤ ਕਰਨ ਦਾ ਉੱਦਮ ਕੀਤਾ । ਗੁਰੂ ਜੀ ਨੇ ਅਪਣੇ ਸਿੱਖਾਂ ਦੇ ਨਾਵਾਂ ਨਾਲ ਸਿੰਘ ਸ਼ਬਦ ਜੋੜਿਆ 1699 ਈਸਵੀ ਦੀ ਵਿਸਾਖੀ ਨੂੰ, ਸਵਾਲ ਪੈਦਾ ਹੁੰਦਾ ਹੈ ਕਿ 1699 ਈਸਵੀ ਤੋਂ ਲੈ ਕੇ 1708 ਈਸਵੀ ਤੱਕ ਕੀ ਕੋਈ ਸਿੱਖ ਰਾਜੇ ਦਾ ਰਾਜ ਸੀ ? ਦਸਮ ਗ੍ਰੰਥ ਦੇ ਪਾਤਰ ਵਧੇਰੇ ਸਿੱਖ ਰਾਜਿਆਂ ਨੂੰ ਦਰਸਾ ਕੇ ਬੇਪੱਤ ਕੀਤਾ ਗਿਆ ਹੈ । ਕੀ ਕੋਈ ਇਤਿਹਾਸਕਾਰ ਕੋਈ ਖੋਜੀ ਸੱਜਣ- ਕੋਈ ਧਰਮ ਦਾ ਠੇਕੇਦਾਰ ਜਾਂ ਪੁਜਾਰੀ ਸਿੱਖ ਸੰਗਤ ਨੂੰ ਇਸ ਦਾ ਜੁਵਾਬ ਦਏਗਾ । ਹਰ ਮੰਦਾ ਕਰਮ ਕਰਨ ਤੋਂ ਬਾਦ ਪਾਤਸ਼ਾਹੀ 10 ਲਿਖ ਕੇ ਨੰਗ ਨਹੀਂ ਢੱਕਿਆ ਜਾਣਾ । ਦਸਮ ਗ੍ਰੰਥ ਦਾ ਕਰਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸਣ ਵਾਲੇ ਗੁਰੂ ਘਰ ਦੇ ਮਹਾਂ ਨਿੰਦਕ ਅਤੇ ਗਦਾਰ ਹਨ । ਇਨ੍ਹਾਂ ਕਥਾ ਕਹਾਣੀਆਂ ਦਾ ਸਿੱਖ ਧਰਮ ਨਾਲ ਕੋਈ ਵਾਸਤਾ ਨਹੀਂ ਹੈ ।

## ਦੇਸ : ਕਲਿੰਜਰ

(ਦੋਇ ਸੌ ਚਾਲੀਸ ਚਰਿਤ੍ਰ ਪੰਨਾ ੧੧੫੧-੫੨)

ਪਾਤਰ : ਬਿਚੱਛਨ (ਰਾਇ) ਤੇ ਸ੍ਰੀ ਰੁਚਿ ਰਾਜ (ਔਰਤ)

ਦੇਸ ਕਲਿੰਜਰ ਦੇ ਨੇੜੇ ਦੇ ਰਾਜਾ ਬਿਚੱਛਨ ਰਾਇ ਦੀ ਰਾਣੀ ਸ੍ਰੀ ਰੁਚਿ ਰਾਜ ਕੁਅਰਿ ਬੜੀ ਸੁੰਦਰ ਹੋਣ ਤੇ ਵੀ ਉਸ ਨੇ ਸੱਤ ਹੋਰ ਰਾਣੀਆਂ ਨਾਲ ਵਿਆਹ ਕੀਤਾ । ਉਹ ਬਾਰੀ ਬਾਰੀ ਰਾਣੀਆਂ ਨੂੰ ਬੁਲਾਉਂਦਾ ਤੇ ਲਪਟਿ ਲਪਟਿ ਕੇ ਭੋਗ ਕਮਾਉਂਦਾ । ਸ੍ਰੀ ਰੁਚਿ ਰਾਜ ਕੁਅਰਿ ਰਾਣੀ ਨੇ ਮਨ ਵਿੱਚ ਗੁੱਸਾ ਖਾ ਕੇ ਇਨ੍ਹਾਂ ਨੂੰ ਮਾਰ ਮੁਕਾਉਣ ਦੀ ਗੋਂਦ ਗੁੰਦੀ । ਪਹਿਲਾਂ ਉਸ ਨੇ ਸੱਤਾਂ ਨਾਲ ਬੜੀ ਨੇੜਤਾ ਬਣਾਈ ਸਭਨਾਂ ਨੇ ਓਹਦੇ ਵਿਓਹਾਰ ਦਾ ਗੁਣ ਗਾਇਨ ਕੀਤਾ । ਉਸ ਨੇ ਸੌਕਣਾਂ ਨੂੰ ਕਿਹਾ ਕਿ ਅੱਪਾਂ ਨਦੀ ਕੰਢੇ ਜਾਵਾਂਗੇ ਅਤੇ ਮਨ ਭਾਉਂਦੇ ਭੋਗ ਕਰਾਂਗੇ । ਉਸ ਨੇ ਸਖੀ ਭੇਜ ਕੇ ਰਾਜਾ ਵੀ ਸੱਦ ਲਿਆ ਕਿ ਮਨ ਭਾਉਂਦਾ ਭੋਗ ਕਰੀਂ । ਉਹ ਸਭ ਸੌਕਣਾਂ ਨੂੰ ਲੈ ਕੇ ਪਹੁੰਚੀ ਅਤੇ ਦਰਵਾਜੇ ਨੂੰ ਅੱਗ ਲਾ ਕੇ ਆਪ ਖਿਸਕ ਗਈ ਤੇ ਸਭ ਰਾਣੀਆਂ ਨੂੰ ਜਿੰਦਾ ਜਲਾ ਦਿੱਤਾ । ਉਹ ਦੌੜੀ ਦੌੜੀ ਰਾਜੇ ਪਾਸ ਪੁੱਜੀ ਤੇ ਰੋਂਦੀ ਹੋਈ ਕਹਿੰਦੀ ਤੂੰ ਏਥੇ ਬੈਠਾ ਕੀ ਕਰਦਾ ਹੈਂ ਤੇਰੇ ਸਾਰੇ ਹਰਮ ਸੜ ਗਏ ਹਨ । ਤੂੰ ਚਲ ਕੇ ਸੜ ਰਹੀਆਂ ਰਾਣੀਆਂ ਨੂੰ ਬਚਾ ਲੈ । ਰਾਜਾ ਉੱਠਿਆ ਨੱਠਿਆ ਪਰ ਬੇਅਰਥ ਸੌਕਣਾ ਮਾਰ ਕੇ ਅਪਣਾ ਰਾਹ ਸਾਫ ਕੀਤਾ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਔਰਤ ਜਾਂ ਧੀ ਭੈਣ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਅਪਣੀਆਂ ਸੌਕਣਾਂ ਨੂੰ ਕਿਵੇਂ ਮਾਰ ਖਪਾਉਣਾ ਹੈ । ਇਹ ਅਨਮੋਲ ਸਿੱਖਿਆ ਸਾਡੇ ਵੱਡੇ ਪੁਜਾਰੀਆਂ ਅਤੇ ਧਰਮ ਦੇ ਠੇਕੇਦਾਰਾਂ ਨੇ ਬੜੇ ਅਹਿਸਾਨ ਕਰ ਕੇ ਔਰਤ ਜਾਤਿ ਲਈ ਲਿਖੀ ਹੈ । ਧੀਆਂ ਭੈਣਾਂ ਉਨ੍ਹਾਂ ਦਾ ਧੰਨਵਾਦ ਕਰਨਾ ਨਾ ਭੁੱਲਣ । ਪਰ ਇਹ ਜਰੂਰ ਯਾਦ ਰੱਖਿਓ ਕਿ ਕੌਣ ਕਿਸ ਦੀ ਸੌਕਣ ਹੈ ਤੇ ਕਿਸ ਨੂੰ ਮਾਰਨਾ ਹੈ । ਕਿਉਂ ਕਿ ਹਰ ਔਰਤ ਕਿਸੇ ਨਾਂ ਕਿਸੇ ਦੀ ਧੀ ਜਾਂ ਭੈਣ ਹੈ । ਸਿੱਖ ਧਰਮ ਦੇ ਇਨ੍ਹਾਂ ਅਖੌਤੀ ਸ਼ੁਭ ਚਿੰਤਕਾਂ ਨੇ ਜਿਵੇਂ ਹਲਵਾਈ ਜਲੇਬੀ ਤੇ ਵਰਕ ਲਗਾ ਕੇ ਗਾਹਕ ਨੂੰ ਲੁਭਾਉਂਦਾ ਹੈ ਉਵੇਂ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਸਿੱਖਾਂ ਨੂੰ ਭਰਮਾਉਣ ਦਾ ਯਤਨ ਕੀਤਾ ਹੈ । ਦੇਖਣਾ ਹੈ ਕਿ ਗੁਰਸਿੱਖ ਇਸ ਦਾ ਕੀ ਉੱਤਰ ਦੇਂਦੇ ਹਨ । ਖ਼ਬਰਦਾਰ-ਜਾਗਦੇ ਰਹਿਓ !

**ਇਸ਼ਕ ਕਰੇਂਦਾ ਪੁੱਠੇ ਕਾਰੇ ਫਿਰ ਵੀ ਲੋਕੀਂ ਲੈਣ ਹੁਲਾਰੇ** (ਦੋਇ ਸੌ ਇਕਤਾਲੀਸ ਚਰਿਤ੍ਰ ਪੰਨਾ ੧੧੫੨-੫੪)

ਪਾਤਰ :ਕਿਲਮਾਖਨ (ਨ੍ਰਿਪਤਿ), ਬਿਰਹ ਮੰਜਰੀ (ਨਾਰਿ), ਸੁਭਟਕੇਤ ਤੇ ਇਸ਼ਕ ਮੰਜਰੀ : ਕਿਲਮਾਖਨ ਰਾਜੇ ਦੀ ਰਾਣੀ ਬਿਰਹ ਮੰਜਰੀ ਦਾ ਰੂਪ ਦੇਖ ਦੇਖ ਸੁਰੀ ਆਸੁਰਿਨ ਨੂੰ ਵੀ ਲੱਜਾ ਆ ਜਾਂਦੀ । ਉਸ ਨੇ ਇਕ ਸੁਭਟਕੇਤ ਨੌਜੁਆਨ ਦੇਖਿਆ ਉਸ ਨੂੰ ਦੇਖਦੇ ਹੀ ਅੰਦਰਲਾ ਕਾਮ ਜਾਗ ਪਿਆ । ਉਸ ਨੇ ਸੈਨਤ ਨਾਲ ਅਪਣੀ ਸਹੇਲੀ ਬੁਲਾਈ (ਅਸੀਂ ਦੇਖਦੇ ਆ ਰਹੇ ਹਾਂ ਤੇ ਪੜ੍ਹਦੇ ਵੀ ਕਿ ਇਸ਼ਕ ਮੁਸ਼ਕ ਬਿਨਾ ਸਹੇਲੀ ਦੀ ਵਿਚੋਲਗੀ ਦੇ ਸਿਰੇ ਨਹੀਂ ਚੜ੍ਹਦੇ ਇਹ ਵਿਚਾਰ ਦਸਮ ਗ੍ਰੰਥ ਦੀਆਂ ਕਥਾਵਾਂ ਦੇ ਪੜਚੋਲ ਵਜੋਂ ਕਹੇ ਹਨ) ਉਸ ਨੂੰ ਅਪਣੇ ਮਨ ਦੀ ਗੱਲ ਦੱਸ ਕੇ ਤੇ ਸਮਝਾ ਕੇ ਇਸ਼ਕ ਮੰਜਰੀ ਨੂੰ ਮਿਤ੍ਰ ਕੋਲ ਭੇਜ ਦਿੱਤਾ । ਉਹ ਜਾ ਕੇ ਕਹਿੰਦੀ ਕਿ ਤੂੰ ਮਨ ਲੁੱਟ ਕੇ ਇੱਥੇ ਕੀ ਕਰਦਾ ਹੈਂ ਉਥੇ ਕਾਮ ਤਪ ਰਿਹਾ ਹੈ ਚਲ ਜਾ ਕੇ ਠੰਢਾ ਕਰ :-

*ਬੈਠਯੋ ਕਹਾ ਕੁਅਰ ਸੁ ਅਬੈ ਪਗੁ ਧਾਰਿਯੈ ॥ ਲੂਟਿ ਤਰੁਨਿ ਮਨ ਲੀਨੋ ਕਹਾ ਨਿਹਾਰਿਯੈ ॥*
*ਕਾਮ ਤਪਤ ਤਾਕੀ ਚਲਿ ਸਕਲ ਮਿਟਾਇਯੈ ॥ ਹੋ ਕਹਿਯੋ ਮਾਨਿ ਜਿਨਿ ਜੋਬਨ ਬ੍ਰਿਥਾ ਬਿਤਾਇਯੈ ॥੬॥*
*ਬੇਗਿ ਚਲੋ ਉਠਿ ਤਹਾਂ ਨ ਰਹੋ ਲਜਾਇਕੈ ॥ ਬਿਰਹ ਤਪਤ ਤਾਕੀ ਕਹ ਦੇਹੁ ਬੁਝਾਇਕੈ ॥*
*ਰੂਪ ਭਯੋ ਤੌ ਕਹਾ ਐਂਠ ਨ ਪ੍ਰਮਾਨਿਯੈ ॥ ਹੋ ਧਨ ਜੋਬਨ ਦਿਨ ਚਾਰਿ ਪਾਹੁਨੋ ਜਾਨਯੈ ॥੭॥*

(ਦੋਇ ਸੌ ਇਕਤਾਲੀਸ ਚਰਿਤ੍ਰ ਪੰਨਾ ੧੧੫੨)

ਇਸ ਤਰ੍ਹਾਂ ਦੀਆਂ ਬੇਅੰਤ ਕਾਮ ਭੜਕਾਊ ਸਿੱਖਿਆਵਾਂ ਦੇਣ ਤੋਂ ਬਾਦ ਆਖਰ ਉਸ ਨੂੰ ਰਾਜੀ ਕਰ ਹੀ ਲਿਆ ਤੇ ਉਹ ਰਾਣੀ ਨਾਲ ਸੰਭੋਗ ਕਰਨ ਪਹੁੰਚ ਗਿਆ :-

*ਲਏ ਗੁਰਜ ਕਹ ਹਾਥ ਕੁਅਰਿ ਆਵਤ ਭਯੋ ॥ ਭਾਂਤਿ ਭਾਂਤਿ ਰਾਨੀ ਸੌ ਭੋਗ ਕਮਾਤ ਭਯੋ ॥*
*ਚੌਰਾਸੀ ਆਸਨ ਦ੍ਰਿੜ ਕਰੇ ਬਨਾਇ ਕਰਿ ॥ ਹੋ ਕਾਮ ਕਲਾ ਕੀ ਰੀਤ ਸੁ ਪ੍ਰੀਤ ਰਚਾਇ ਕਰ ॥੨੩॥*

ਐਨੇ ਨੂੰ ਲਓ ਰਾਜਾ ਆ ਗਿਆ। ਉਸ ਨੇ ਗੁਰਜ ਦਾ ਵਾਰ ਕਰ ਕੇ ਰਾਜਾ ਮਾਰ ਦਿੱਤਾ। ਰਾਣੀ ਲੋਕਾਂ ਨੂੰ ਕਹਿੰਦੀ ਮਹਿਲ ਤੋਂ ਡਿੱਗ ਕੇ ਮਰ ਗਿਆ ਵਿਚਾਰਾ ਤੇ ਸਿਰ ਚਕਨਾਚੂਰ ਹੋ ਗਿਆ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਹਰ ਧੀ ਭੈਣ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਖਸਮ ਦੀ ਪਰਵਾਹ ਕੀਤੇ ਬਿਨਾ ਪਰਾਏ ਮਰਦ ਨਾਲ ਹਮ ਬਿਸਤ੍ਰ ਹੋਵੋ । ਜੇਕਰ ਖਸਮ ਰਾਹ ਦਾ ਰੋੜਾ ਬਣਦਾ ਨਜ਼ਰ ਆਏ ਤਾਂ ਉਸ ਨੂੰ ਮਾਰ ਮੁਕਾਓ । ਪੁਜਾਰੀ ਇਸ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ ਗੁਰਦੁਆਰਿਆਂ ਵਿੱਚ ਕਰਨਾ ਚਾਹੁੰਦੇ ਹਨ । ਕੀ ਤੁਸੀਂ ਚਾਹੋਗੇ ਕਿ ਕੋਈ ਧੀ ਭੈਣ ਜਾਂ ਮਾਂ ਇਸ ਗੰਦ ਮੰਦ ਨੂੰ ਪੜ੍ਹੇ ? ਜੇਕਰ ਤੁਹਾਡਾ ਜੁਵਾਬ ਨਾਂਹ ਵਿੱਚ ਹੈ ਤਾਂ ਅੱਜ ਹੀ ਪੁਜਾਰੀਆਂ ਤੋਂ ਇਸ ਦਾ ਸਪੱਸਟੀ ਕਰਨ ਪੁੱਛੋ ।

ਨਗਰ : ਸੁਭਟਾਵਤੀ (ਦੋਇ ਸੌ ਬਯਾਲੀਸ ਚਰਿਤ੍ਰ ਪੰਨਾ ੧੧੫੪-੫੬)

ਪਾਤਰ : ਛਤ੍ਰਕੇਤ (ਨ੍ਰਿਪ), ਰੂਪ ਮੰਜਰੀ (ਰਾਨੀ) ਤੇ ਛਬਿ ਮਾਨ ਮੰਜਰੀ (ਦੁਹਿਤਾ)

**ਖਸਮ ਮਾਰ ਕੇ ਯਾਰ ਦੇ ਵਸਣਾ ਧੀਆਂ ਭੈਣਾਂ ਲਈ ਇਕ ਹੋਰ ਸਿੱਖਿਆ :** ਦੱਖਣ ਦੇ ਸੁਭਟਾਵਤੀ ਨਗਰ ਦੇ ਰਾਜਾ ਛਤ੍ਰਕੇਤ ਦੀ ਰਾਣੀ ਰੂਪ ਮੰਜਰੀ ਦੇ ਰੂਪ ਦੇ ਗੁਣ ਸਭ ਭਵਨਾਂ ਚ ਗਾਏ ਜਾਂਦੇ। ਰਾਜੇ ਦਾ ਰੂਪ ਤੇ ਜੁਆਨੀ ਇੰਦ੍ਰ ਚੰਦ੍ਰ ਤੇ ਸੂਰਜ ਨੂੰ ਕਾਮੀ ਕਰਦੀ। ਜਿਹੜੀ ਔਰਤ ਉਸ ਨੂੰ ਤੱਕ ਲੈਂਦੀ ਉਹ ਲੋਕ ਲਾਜ ਭੁੱਲ ਕੇ ਉਸ ਨਾਲ ਕਲੋਲਾਂ ਕਰਦੀ ਇਕ ਛਬਿ ਮਾਨ ਮੰਜਰੀ ਸ਼ਾਹ ਦੀ ਕੁੜੀ ਨੇ ਜਦ ਛਤ੍ਰਕੇਤ ਰਾਜੇ ਨੂੰ ਦੇਖਿਆ ਤਾਂ ਉਹ ਕਾਮੀ ਹੋ ਗਈ। ਉਹ ਸੋਚਾਂ ਸੋਚਦੀ ਕਿ ਕਿਵੇਂ ਨਾ ਕਿਵੇਂ ਰਾਜਾ ਮੇਰੇ ਨਾਲ ਸੰਭੋਗ ਕਰੇ। ਰਾਜੇ ਨੇ ਵੀ ਮਹਿਸੂਸ ਕੀਤਾ ਕਿ ਔਰਤ ਮੇਰੀ ਦੀਵਾਨੀ ਹੈ। ਉਸ ਦੀ ਜੋ ਇੱਛਾ ਹੈ ਉਹ ਪੂਰੀ ਕਰਨੀ ਚਾਹੀਦੀ ਹ। ਔਰਤ ਨੇ ਇਕ ਸਹੇਲੀ ਭੇਜ ਕੇ ਰਾਜੇ ਨੂੰ ਕਿਹਾ :-

*ਹਮ ਬੇਧੇ ਤਵ ਬਿਰਹ ਨ੍ਰਿਪਤਿ ਬਰ ॥ ਮੋਰਿ ਬਿਨਤ ਸੁਨਿ ਲੇਹੁ ਸ੍ਰਵਨਿ ਧਰਿ ॥*
*ਲਪਟਿ ਲਪਟਿ ਮੋਸੌ ਰਤਿ ਕਰਿਯੈ ॥ ਕਾਮ ਤਪਤਿ ਪਿਯ ਮੋਰ ਨਿਵਰਿਯੈ ॥੮॥*

(ਦੋਇ ਸੌ ਬਯਾਲੀਸ ਚਰਿਤ੍ਰ ਪੰਨਾ ੧੧੫੫)

ਰਾਜੇ ਨੇ ਚਿੱਠੀ ਪੜ੍ਹੀ ਤੇ ਇਕ ਚਿੱਠੀ ਲਿਖ ਕੇ ਔਰਤ ਲਈ ਵਾਪਸ ਭੇਜ ਦਿੱਤੀ (ਅਕਸਰ ਪ੍ਰੇਮ ਸੰਬਧਾਂ ਵਿੱਚ ਚਿੱਠੀ ਇਕ ਖਾਸ ਥਾਂ ਰੱਖਦੀ ਹੈ ਅਜਿਹਾ ਲੋਕ ਆਖਦੇ ਹਨ) ਕਹਿੰਦਾ ਜੇਕਰ ਤੂੰ ਪਹਿਲਾਂ ਅਪਣੇ ਖਸਮ ਦਾ ਕਤਲ ਕਰ ਦੇਂਵੇ ਤਾਂ ਫਿਰ ਆ ਕੇ ਤੂੰ ਮੇਰੇ ਨਾਲ ਰੰਗਰਲੀਆਂ ਮਨਾ ਸਕਦੀ ਹੈਂ । ਜਦ ਇਹ ਗੱਲ ਔਰਤ ਨੇ ਪੜ੍ਹੀ ਤਾਂ ਉਸ ਨੇ ਖਸਮ ਮਾਰਨ ਦਾ ਨਿਸਚਾ ਕਰ ਲਿਆ।

*ਵਾ ਰਾਜਾ ਕੌ ਧਾਮ ਬੁਲਾਇਸਿ ॥ ਅਧਿਕ ਮਾਨਿ ਹਿਤ ਭੋਗ ਕਮਾਇਸਿ ॥*
*ਗਹਿ ਦ੍ਰਿੜ ਦੁਹੂੰ ਜਾਂਘ ਮਹਿ ਧਰੈ ॥ ਲਪਟਿ ਲਪਟਿ ਤਾਸੌ ਰਤਿ ਕਰੈ ॥੧੩॥*

(ਦੋਇ ਸੌ ਬਯਾਲੀਸ ਚਰਿਤ੍ਰ ਪੰਨਾ ੧੧੫੫)

ਰਾਜੇ ਨੂੰ ਅਪਣੀ ਔਰਤ ਨਾਲ ਕਲੋਲਾਂ ਕਰਦੇ ਦੇਖ ਕੇ ਸ਼ਾਹ ਨੂੰ ਬੜਾ ਗੁੱਸਾ ਆਇਆ ਉਹ ਕ੍ਰਿਪਾਨ ਲੈ ਕੇ ਮਾਰਨ ਦੋੜਿਆ । ਔਰਤ ਨੇ ਗੁੱਸਾ ਖਾ ਕੇ ਬਾਂਹ ਤੋਂ ਪਕੜ ਕੇ ਨਦੀ ਵਿੱਚ ਸੁੱਟ ਦਿੱਤਾ । ਲੋਕਾਂ ਨੂੰ ਪਿੱਟ ਪਿੱਟ ਕੇ ਆਖੇ ਕਿ ਪੈਰ ਫਿਸਲ ਕੇ ਨਦੀ ਵਿੱਚ ਡੁੱਬ ਕੇ ਪਤੀ ਮਰ ਗਿਆ। ਲੋਕਾਂ ਦੇ ਅੱਖੀਂ ਘੱਟਾ ਪਾ ਕੇ ਮਿਤ੍ਰ ਦੇ ਜਾ ਵਸੀ ।
ਨੋਟ :- ਇਹ ਦਸਮ ਗ੍ਰੰਥ ਹੈ ਜੀ ਜੋ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦਾ ਹੈ ਕਿ ਬੱਕਰੇ ਤੇ ਬੰਦੇ ਵਿੱਚ ਕੋਈ ਅੰਤਰ ਨਹੀਂ ਜਦ ਚਾਹੋ ਕਤਲ ਕਰ ਸਕਦੀਆਂ ਹਨ ਤੇ ਹੋਰ ਨਵਾਂ ਨਕੋਰ ਮਿਲ ਜਾਏਗਾ। ਬਜੁਰਗ ਔਰਤਾਂ ਅਜਿਹੀ ਸੋਚ ਵਾਲਿਆਂ ਨੂੰ ਆਖਦੀਆਂ ਹਨ 'ਦੁਰ ਫਿਟੇ ਮੂੰਹ ਤੇਰੇ ਤੇ ਤੇਰੀ ਜੰਮਣ ਵਾਲੀ ਦੇ' ਕਹਿੰਦੇ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਹੈ। ਬੇਸ਼ਰਮ ਕਿਤੋਂ ਦੇ-ਵੱਡੇ ਅਕ੍ਰਿਤਘਣ-ਮਹਾਂ ਪਾਪੀ। ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰ ਕਰ ਮਸ਼ਕਰੀਆਂ ਹਾਸੇ ਹੱਸਦੇ ਹਨ। ਕੀ ਗੁਰੂ ਦੇ ਸਿੱਖ ਖੋਤੇ ਤੋਂ ਸ਼ੇਰ ਦੀ ਖੱਲ ਲਾਹ ਕੇ ਅਸਲੀਅਤ ਨੂੰ ਪਰਖਣ ਦਾ ਹੌਸਲਾ ਕਰਨਗੇ। ਆਸ ਹੈ ਬਿਨਾਂ ਜ਼ਮੀਰ ਦਾ ਕਤਲ ਕੀਤਿਆਂ ਸੱਚ ਬੋਲਣ ਦੀ ਦਲੇਰੀ ਅਤੇ ਝੂਠ ਦਾ ਮਲੀਆਮੇਟ ਕਰੋਗੇ।

## ਨਗਰ : ਸੁਘਰਾਵਤੀ (ਦੋਇ ਸੌ ਤੇਤਾਲੀਸ ਚਰਿਤ੍ਰ ਪੰਨਾ ੧੧੫੬-੫੭)

ਪਾਤਰ : ਸੁਘਰ ਸੈਨ (ਰਾਜਾ), ਚਿੱਤ੍ਰ ਮੰਜਰੀ (ਰਾਨੀ) ਤੇ ਇੰਦ੍ਰਕੇਤ (ਤਨੁਜ) : ਸੁਘਰਾਵਤੀ ਦੇ ਨਗਰ ਰਾਜਾ ਸੁਘਰ ਸੈਨ ਦੀ ਰਾਣੀ ਚਿੱਤ੍ਰ ਮੰਜਰੀ ਜਣੋਂ ਸਮੁੰਦਰ ਰਿੜਕ ਕੇ ਕੱਢੀ ਹੋਏ । ਉਸ ਦੀਆਂ ਚਾਰ ਹੋਰ ਸੌਕਣਾਂ ਪਰ ਉਸ ਦੇ ਕੋਈ ਔਲਾਦ ਨਾ ਹੋਈ । ਸੌਕਣ ਦੇ ਪੇਟ ਤੋਂ ਇਕ ਪੁੱਤ ਇੰਦ੍ਰਕੇਤ ਜੰਮਿਆ । ਔਲਾਦ ਤੋਂ ਬਿਨਾਂ ਚਿੱਤ੍ਰ ਮੰਜਰੀ ਬੜੀ ਉਦਾਸ ਹੋਈ । ਉਸ ਨੇ ਰਾਜੇ ਦੇ ਪੁੱਤ ਨੂੰ ਮਾਰਨ ਦੀ ਠਾਣ ਲਈ । ਜਦ ਉਹ ਰਾਜ ਕੁਮਾਰ ਘਰ ਆਇਆ ਤਾਂ ਭੋਜਨ ਵਿੱਚ ਜ਼ਹਿਰ ਮਿਲਾ ਕੇ ਉਹ ਮਾਰ ਦਿੱਤਾ । ਆਪ ਉਹ ਭੱਜੀ ਭੱਜੀ ਰਾਜੇ ਪਾਸ ਆਈ ਕਿ ਤੇਰੇ ਪੁੱਤ ਨੂੰ ਓਹਦੀ ਮਾਂ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਹੈ । ਬਚਾ ਸਕਦਾ ਹੈਂ ਤਾਂ ਬਚਾ ਲੈ (ਜਦ ਰਾਜੇ ਨੇ ਪੁੱਤ ਮਰਿਆ ਦੇਖਿਆ ਤਾਂ ਬੜਾ ਰੋਇਆ । ਕਵੀ ਸੂਮ ਲਿਖਦਾ ਹੈ :-

*ਦੋਹਰਾ ॥ ਸੂਰਨ ਥੋ ਕੈਫੀਨ ਥੋ ਜਿਯਤ ਰਹੈਂ ਐਂਠਾਇ ॥*
*ਭਖਤ ਸੂਮ ਸੋਫੀ ਮਰਯੋ ਬਿਖਹਿ ਨ ਸਕਯੋ ਪਚਾਇ ॥੧੨॥* (ਦੋਇ ਸੌ ਤੇਤਾਲੀਸ ਚਰਿਤ੍ਰ ਪੰਨਾ ੧੧੫੭)

ਤਦ ਰਾਜੇ ਨੇ ਕੇਸਾਂ ਤੋਂ ਪਕੜ ਕੇ ਰਾਣੀ ਬੁਲਾ ਲਈ ਤੇ ਬਿਨਾ ਸੱਚ ਝੂਠ ਜਾਨਿਆ ਰਾਣੀ ਮਾਰ ਦਿੱਤੀ । ਕਵੀ ਸੂਮ ਆਖਦਾ ਹੈ :-

*ਸੁਤ ਮਾਰਯੋ ਸਵਤਿਹ ਸਹਿਤ ਨ੍ਰਿਪ ਸੌ ਕਿਯਾ ਪਯਾਰ ॥*
*ਬ੍ਰਹਮ ਬਿਸ਼ਨ ਲਹਿ ਨ ਸਕੈ ਤ੍ਰਿਯਾ ਚਰਿੱਤ੍ਰ ਅਪਾਰ ॥੧੪॥* (ਦੋਇ ਸੌ ਤੇਤਾਲੀਸ ਚਰਿਤ੍ਰ ਪੰਨਾ ੧੧੫੭)

ਨੋਟ :- ਦਸਮ ਗ੍ਰੰਥ ਦਾ ਪਹਿਲਾ ਲਿਖਾਰੀ ਰਾਮ ਫਿਰ ਸਯਾਮ ਉਸ ਤੋਂ ਬਾਦ ਕਬਿ ਕਾਲ ਦੀਆਂ ਰਚਨਾਵਾਂ ਨੂੰ ਰਲ ਗੱਡ ਕਰ ਕੇ ਚੌਥਾ ਕਵੀ ਸੂਮ ਪ੍ਰਗਟ ਕੀਤਾ ਹੈ । ਸਿਆਣੇ ਆਖਦੇ ਹਨ 'ਚੋਰ ਦੀ ਦਾੜ੍ਹੀ ਵਿੱਚ ਤਿਣਕਾ' ਸਾਡੇ ਮਹਾਨ ਮਹਾਨ ਅਖਵਾਉਂਦੇ ਪੁਜਾਰੀਆਂ ਅਤੇ ਸੋਧਕ ਕਮੇਟੀ ਨੇ ਭਾਵੇਂ ਲੱਖ ਕੋਸ਼ਿਸ਼ਾਂ ਕੀਤੀਆਂ ਹਨ ਕਿ ਉਨ੍ਹਾਂ ਦੀ ਚੋਰੀ ਨਾ ਪਕੜੀ ਜਾਏ ਇਸੇ ਲਈ ਹਰ ਸੰਭਵ ਕੋਸ਼ਿਸ ਨਾਲ ਉਨ੍ਹਾਂ ਕਵੀਆਂ ਦੀਆਂ ਕਾਵਿਤਾਵਾਂ ਨੂੰ ਰਲ ਗੱਡ ਕੀਤਾ ਹੈ । ਉਨ੍ਹਾਂ ਦੁਆਰਾ ਇਸ ਗੰਦਗੀ ਨਾਲ ਪਾਤਸ਼ਾਹੀ ੧੦ ਲਿਖ ਦੇਣ ਤੇ ਗੰਦ ਨਹੀਂ ਧੋਤਾ ਜਾਣਾ । ਜੇਕਰ ਆਪ ਜਿਹੇ ਸਿਆਣੇ ਕੁੱਝ ਪਾਠਕ ਮੈਦਾਨ ਚ ਉਤਰ ਆਉਣ ਤਾਂ ਉਹ ਦਿਨ ਦੂਰ ਨਹੀਂ ਜਦ ਅਸੀਂ ਇੱਕ ਇੱਕ ਅੱਖਰ ਦਾ ਦੋ ਟੁੱਕ ਫੈਸਲਾ ਕਰਨ ਦੇ ਸਮਰੱਥ ਹੋ ਜਾਵਾਂਗੇ । ਕਿ ਕਿਹੜੀ ਕਿਹੜੀ ਰਚਨਾ ਕਿਸ ਕਵੀ ਦੀ ਹੈ । ਪਰ ਇਨ੍ਹਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ ।

## ਨਗਰ : ਬ੍ਰਿਖਧੁਜ

(ਦੋ ਸੌ ਦੋ ਚੌਆਲੀਸ ਪੰਨਾ ੧੧੫੭-੫੯)

ਪਾਤਰ : ਪਦਮ ਸਿੰਘ (ਰਾਜਾ), ਬਿਕ੍ਰਮ ਕੁਅਰਿ (ਨਾਰੀ), ਸੁੰਭ ਕਰਨ (ਸੁਤ), ਨਾਗਰਿ ਕੁਅਰਿ ਤੇ ਨਾਗਰਿ ਮਤੀ

**ਮਾਂ ਬਾਪ ਨੂੰ ਚੜ੍ਹਾ ਕੇ ਸਵਰਗ ਵਾਲੀ ਗੱਡੀ ਯਾਰ ਨੂੰ ਪਲੇਥਣ ਲਾਵਣਾ :** ਪਦਮ ਸਿੰਘ ਰਾਜੇ ਦੀ ਰਾਣੀ ਬਿਕ੍ਰਮ ਕੁਅਰਿ ਐਨੀ ਸੋਹਣੀ ਜਣੋ ਸੁਨਿਆਰ ਨੇ ਸਾਂਚੇ ਢਾਲ ਕੇ ਬਣਾਈ ਹੋਏ । ਉਸ ਦੀ ਕੁੱਖੋਂ ਸੁੰਭ ਕਰਨ ਨਾਂ ਦਾ ਪੁੱਤ ਜੰਮਿਆ ਜਿਸ ਨੇ ਅਨੇਕਾਂ ਜੰਗਾਂ ਜਿੱਤੀਆਂ ਉਹ ਅੰਤਾਂ ਦਾ ਸੋਹਣਾ ਜਿਸ ਨੂੰ ਦੇਖ ਦੇਖ ਔਰਤਾਂ ਕੁਰਬਾਨ ਹੁੰਦੀਆਂ ਉਹ ਜਿੱਥੇ ਵੀ ਜਾਂਦਾ ਬਹਾਰ ਆ ਜਾਂਦੀ ਤੇ ਦੂਜੇ ਪਾਸੇ ਪੱਤਝੜ ਨਜ਼ਰ ਆਉਂਦੀ । ਉਹ ਜਿਸ ਰਸਤੇ ਤੇ ਜਾਂਦਾ ਉਸ ਨੂੰ ਤੱਕ ਤੱਕ ਸਭ ਦੇ ਨੈਣ ਰੰਗੀਲੇ ਹੁੰਦੇ ਤੇ ਧਰਤੀ ਤੇ ਜੋਬਨ ਖਿੜਦਾ ।

ਬ੍ਰਿਖਧੁਜ ਨਗਰ ਦੇ ਇਕ ਸ਼ਾਹ ਦੀ ਔਰਤ ਨਾਗਰਿ ਕੁਅਰਿ ਨੇ ਇਕ ਧੀ ਨਾਗਰਿ ਮਤੀ ਜੰਮੀ। ਉਹ ਪੂਰੇ ਨਗਰ ਦੇ ਨਾਗਰਿਕਾਂ ਦਾ ਮਨ ਮੋਹਦੀ। ਨਾਗਰਿ ਮਤੀ (ਸ਼ਾਹ ਦੀ ਧੀ) ਨੇ ਸੁੰਭ ਕਰਨ (ਰਾਜੇ ਦਾ ਪੁੱਤ) ਨੂੰ ਦੇਖਿਆ ਤੇ ਦੀਵਾਨੀ ਹੋ ਗਈ ਤੇ ਮਾਤਾ ਪਿਤਾ ਦੀ ਲਾਜ ਭੁੱਲ ਗਈ। ਜਿਹੜੇ ਰਸਤੇ ਰਾਜ ਕੁਮਾਰ ਜਾਂਦਾ ਉਸੇ ਰਾਹ ਉਹ ਸਖੀਆਂ ਨਾਲ ਮਿਲ ਕੇ ਗਾਣੇ ਗਾਉਂਦੀ। ਉਹ ਅੱਖਾਂ ਦੇ ਇਸ਼ਾਰੇ ਕਰਦੀ ਤੇ ਇਸ਼ਾਰੇ ਕਰ ਕਰ ਕੇ ਖਿੜਖਿੜਾ ਕੇ ਹੱਸਦੀ।

*ਜਵਨ ਮਾਰਗ ਨ੍ਰਿਪ ਸੁਤ ਚਲਿ ਆਵੈ ॥ ਤਹੀ ਕੁਅਰਿ ਸਖਿਯਨ ਜੁਤ ਗਾਵੈ ॥*
*ਚਾਰੁ ਚਾਰੁ ਕਰਿ ਨੈਨ ਨਿਹਾਰੈ ॥ ਨੈਨ ਸੈਨ ਦੈ ਹਸੈ ਹਕਾਰੈ ॥੮॥* (ਦੋ ਸੌ ਦੋ ਚੌਆਲੀਸ ਪੰਨਾ ੧੧੫੮)

ਇਸ਼ਕ ਮੁਸ਼ਕ (ਖੁਸ਼ਬੂ) ਖਾਂਸੀ (ਖੰਘ) ਖੁਰਕ (ਖਾਜ ਜਾਂ ਖੁਜਲੀ) ਕਦੇ ਛੁਪਾਇਆਂ ਨਹੀਂ ਛੁਪਦੇ । ਆਖਰ ਜੱਗ ਜਾਹਿਰ ਹੋ ਹੀ ਜਾਦੇ ਹਨ ।

ਨੋਟ :- ਇਸ ਦੋਹਰੇ ਨੂੰ ਪੰਨਾ ੧੦੪੦ ਇਕ ਸੌ ਚੌਵਨੋਂ ਚਰਿਤ੍ਰ ਤੇ ਅਸੀਂ ਪੜ੍ਹ ਚੁੱਕੇ ਹਾਂ ਨਮੂਨੇ ਮਾਤਰ ਹੇਠਾਂ ਦਰਜ ਕੀਤਾ ਜਾ ਰਿਹਾ ਹੈ :-

*ਅੜਿੱਲ ॥ ਇਸ਼ਕ ਮੁਸ਼ਕ ਖਾਂਸੀ ਅਰੁ ਖੁਰਕ ਬਖਾਨਿਯੈ ॥ ਖੂਨ ਖੇਰ ਮਦਪਾਨ ਸੁ ਬਹੁਰਿ ਪ੍ਰਮਾਨਿਯੈ ॥*
*ਕਸ ਕੋਊ ਕਰਈ ਸਾਤ ਛਪਾਏ ਨਹਿ ॥ ਹੋ ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸ਼ਟਿ ਮਾਹਿ ॥੬॥*
(ਇਕ ਸੌ ਦੋ ਚੌਵਨੋਂ ਪੰਨਾ ੧੦੪੦)

ਇਥੇ ਦੋਇ ਸੌ ਚੌਆਲੀਸ ਚਰਿੱਤ੍ਰ ਵਿੱਚ ਇਹ ਦੋਹਰੇ ਦੇ ਰੂਪ ਵਿੱਚ ਇਉਂ ਲਿਖਿਆ ਹੈ :-

*ਦੋਹਰਾ ॥ ਇਸ਼ਕ ਮੁਸ਼ਕ ਖਾਸੀ ਖੁਰਕ ਛਿਪਤ ਛਪਾਏ ਨਾਹਿ ॥*
*ਅੰਤ ਪ੍ਰਗਟ ਹ੍ਵੈ ਜੱਗ ਰਹਹਿ ਸ਼੍ਰਿਸਟਿ ਸਕਲ ਕੇ ਮਾਹਿ ॥੯॥* (ਦੋ ਸੌ ਦੋ ਚੌਆਲੀਸ ਪੰਨਾ ੧੧੫੮)

ਸਾਫ ਜਾਹਿਰ ਹੈ ਕਿ ਇਹ ਦੋਨੋਂ ਚਰਿੱਤ੍ਰ ਇਕੋ ਹੀ ਲਿਖਾਰੀ ਵੱਲੋਂ ਲਿਖੇ ਗਏ ਹਨ ਤੇ ਉਸ ਲਿਖਾਰੀ ਦਾ ਨਾਂ ਹੈ ਕਬਿ ਰਾਮ।

ਇਸ ਇਸ਼ਕ ਮੁਸ਼ਕ ਬਾਰੇ ਮੂੰਹ ਮਾਰੀ ਹੁੰਦੀ ਹੁੰਦੀ ਆਖਰ ਗੱਲ ਪਿੰਡ ਤੱਕ ਜਾ ਪੁੱਜੀ ਤੇ ਆਖਰ ਘਰ ਤੱਕ ਚਰਚੇ ਹੋ ਗਏ । ਮਾਤਾ ਪਿਤਾ ਨੇ ਕੌੜੇ ਬਚਨਾਂ ਨਾਲ ਉਸ ਨੂੰ ਡਾਂਟਿਆ । ਉਸ ਦਾ ਘੁੰਮਣਾ ਫਿਰਨਾ ਬੰਦ ਕਰ ਦਿੱਤਾ ਤੇ ਅਨੇਕਾਂ ਢੰਗਾਂ ਨਾਲ ਉਸ ਦੀ ਨਿਗਰਾਨੀ ਕੀਤੀ । ਜਿਸ ਨਾਲ ਕੁੜੀ ਬੜੀ ਦੁਖੀ ਹੋਈ । ਉਹ ਰਾਤ ਦਿਨ ਰੋ ਰੋ ਕੇ ਸਮਾਂ ਬਿਤਾਉਂਦੀ । ਉਸ ਨੇ ਇਕ ਪ੍ਰੇਮ ਪੱਤ੍ਰ ਅਪਣੇ ਪ੍ਰੀਤਮ ਲਈ ਲਿਖਿਆ ਤੇ ਅਪਣੇ ਮਨ ਅਤੇ ਪ੍ਰੇਮ ਦੇ ਵੇਗ ਨੂੰ ਜਿਤਾਇਆ । ਕਹਿੰਦੀ ਬਿਨਾਂ ਦੇਰੀ ਦੇ ਮੈਨੂੰ ਇਥੋਂ ਕੱਢ ਕੇ ਲੈ ਜਾਓ ਤੇ ਮੇਰੇ ਪ੍ਰਾਣ ਬਚਾਓ । ਹਾਰ ਸਿੰਗਾਰ ਕਰ ਕੇ ਸੁੰਦਰ ਕੱਪੜੇ ਪਹਿਨ ਬੀੜੀ ਪੀਓ :-

ਨੋਟ :- ਸਿੱਖ ਧਰਮ ਕਿਸੇ ਵੀ ਧਰਮੀ ਮਨੁੱਖ ਨੂੰ ਨਸ਼ਾ ਪਾਣੀ ਕਰਨ ਦੀ ਇਜਾਜਿਤ ਨਹੀਂ ਦੇਂਦਾ । ਇਥੇ ਬੀੜੀ ਪੀਣ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਖੁਦ ਸਿੱਖਾਂ ਨੂੰ ਬੀੜੀ ਪੀਣ ਲਈ ਹੱਲਾਸ਼ੇਰੀ ਦੇ ਗਏ ਹਨ । ਕੀ ਗੁਰੂ ਦੇ ਸਿੱਖ ਪੁਜਾਰੀਆਂ ਨੂੰ ਹਲੂਣਾ ਦੇ ਕੇ ਇਸ ਮੰਦੀ ਕਰਤੂਤ ਪ੍ਰਤੀ ਜਗਾਣਗੇ ? ਨਸ਼ਿਆਂ ਬਾਰੇ ਸਿੱਖ ਧਰਮ ਦਾ ਸਪੱਸਟ ਤੇ ਪ੍ਰਤੱਖ ਨਿਸ਼ਾਨਾ ਵੱਖਰੇ ਲੇਖ ਵਿੱਚ ਦਿੱਤਾ ਹੈ ਪੜ੍ਹੋ ਜੀ ।

ਰਾਜਕੁਮਾਰ ਨੇ ਕੁੜੀ ਦੀ ਇਕ ਨਾ ਸੁਣੀ ਤੇ ਨਾ ਹੀ ਮੂਰਖ ਨੇ ਭਲੇ ਬੁਰੇ ਦੀ ਕੋਈ ਪਛਾਣ ਕੀਤੀ। ਉਹ ਕੁੜੀ ਦੀ ਫਰਿਆਦ ਤੇ ਨਾ ਹੀ ਉਸ ਦੇ ਘਰ ਗਿਆ ਤੇ ਨਾ ਹੀ ਉਸ ਨੂੰ ਭੋਗਿਆ । ਕਾਮ ਵਾਸ਼ਨਾ ਜਾਗ੍ਰ ਪੈਣ ਤੇ ਜੇਕਰ ਕੋਈ ਔਰਤ ਕਿਸੇ ਪੁਰਖ ਪਾਸ ਆਵੇ ਤੇ ਮਨੁੱਖ ਉਸ ਨਾਲ ਭੋਗ ਨਾ ਕਰੇ ਤਾਂ ਅਜਿਹੇ ਮਨੁੱਖ ਨੂੰ ਘੋਰ ਨਰਕ ਵਿੱਚ ਸੁੱਟਣਾ ਚਾਹੀਦਾ ਹੈ ।

*ਅੜਿੱਲ ॥ ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ ॥ ਘੋਰ ਨਰਕ ਮਹਿ ਪਰੈ ਜੁ ਤਾਂਹਿ ਨ ਰਾਵਈ ॥*
*ਜੋ ਪਰ ਤ੍ਰਿਯ ਪਰ ਸੇਜ ਭਜਤ ਹੈ ਜਾਇ ਕਰ ॥ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰਿ ॥੨੦॥*
(ਦੋ ਸੌ ਦੋ ਚੌਆਲੀਸ ਪੰਨਾ ੧੧੫੮)

ਨੋਟ :- ਖੜਸਮੋਂ ਚਰਿੱਤ੍ਰ ਪੰਨਾ ੮੩੧ ਤੇ ਦੋਹਰੇ ਦੇ ਰੂਪ ਵਿੱਚ ਇਸੇ ਅੜਿੱਲ ਨੂੰ ਇਉਂ ਲਿਖਿਆ ਹੈ :-

*ਦੋਹਰਾ ॥ ਕਾਮਾਤੁਰ ਹ੍ਵੈ ਜੁ ਤਰੁਨਿ ਆਵਤ ਪਿਯ ਕੇ ਪਾਸ ॥*
*ਮਹਾਂ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ ॥੨੩॥*
*ਤਨ ਅਨੰਗ ਜਾਕੇ ਜਗੈ ਤਾਹਿ ਨ ਦੈ ਰਤਿ ਦਾਨ ॥*
*ਤਵਨ ਪੁਰਖ ਕੋ ਡਾਰਿਯਤ ਜਹਾਂ ਨਰਕ ਕੀ ਖਾਨਿ ॥੨੪॥* (ਖੜਸਮੋਂ ਚਰਿੱਤ੍ਰ ਪੰਨਾ ੮੩੧)

ਸਾਫ ਜ਼ਾਹਿਰ ਹੈ ਕਿ ਇਹ ਦੋਵੇਂ ਰਚਨਾਵਾਂ ਇਕੋ ਲੇਖਕ ਦੀਆਂ ਲਿਖੀਆਂ ਹਨ ਜਾਂ ਇਉਂ ਕਿਹਾ ਜਾਏ ਤਾਂ ਵਧੇਰੇ ਚੰਗਾ ਹੈ ਕਿ ਖੜਸਵੇਂ ਚਰਿੱਤ੍ਰ, ਇਕ ਸੌ ਚੌਵਨੋਂ ਚਰਿੱਤ੍ਰ, ਦੋਇ ਸੌ ਚੌਆਲੀਸ ਚਰਿੱਤ੍ਰ ਇਕੋ ਕਵੀ ਦੇ ਲਿਖੇ ਹੋਏ ਪ੍ਰਤੀਤ ਹੁੰਦੇ ਹਨ ।

ਉਹ ਨਾਂਹ ਨੁਕਰ ਕਰਦਾ ਕੁੜੀ ਦੇ ਘਰ ਆ ਗਿਆ । ਕੁੜੀ ਨੇ ਖਾ ਕੇ ਗੁੱਸਾ ਮਾਂ ਬਾਪ ਦੇ ਨਾਲ ਮਿਤ੍ਰ ਨੂੰ ਮਾਰਨ ਦੀ ਠਾਣ ਲਈ :-

*ਕਬਿਯੋ ਬਾਚ ॥ ਦੋਹਰਾ ॥ ਕਾਮਾਤੁਰ ਹ੍ਵੈ ਜੋ ਤਰੁਨਿ ਮੁਹਿ ਭਜਿ ਕਹੈ ਬਨਾਇ ॥*
*ਤਾਹਿ ਭਜੈ ਜੋ ਨਾਹਿ ਜਨ ਨਰਕ ਪਰੈ ਪੁਨਿ ਜਾਇ ॥੨੨॥* (ਦੋਇ ਸੌ ਦੋ ਚੌਆਲੀਸ ਪੰਨਾ ੧੧੫੯)

ਕੁੜੀ ਨੇ ਹੱਥ ਚ ਕਟਾਰ ਲੈ ਕੇ ਪਹਿਲਾਂ ਬਾਪ ਦੇ ਢਿੱਡ ਵਿੱਚ ਮਾਰੀ ਤੇ ਫਿਰ ਮਾਂ ਦੇ। ਮਾਂ ਬਾਪ ਦੇ ਟੁਕੜੇ ਕਰ ਕੇ ਮਿਤ੍ਰ ਦੇ ਕਟਾਰੀ ਮਾਰ ਕੇ, ਮਾਰ ਦਿੱਤਾ ਤੇ ਜਾ ਕੇ ਰਾਜੇ ਨੂੰ ਕਹਿੰਦੀ ਤੇਰੇ ਪੁੱਤ ਨੇ ਮੇਰੇ ਤੇ ਡੋਰੇ ਸੁੱਟੇ। ਮੇਰੇ ਮਾਂ ਬਾਪ ਨੇ ਮਾਰ ਕੇ ਉਹ ਧਰਤੀ ਵਿੱਚ ਗੱਡ ਦਿੱਤਾ। ਜਾ ਕੇ ਦੇਖ ਲੈ, ਤੇ ਖੁਦ ਵੀ ਕਟਾਰੀ ਮਾਰ ਕੇ ਮਰ ਗਏ ।

*ਅੜਿੱਲ ॥ ਪ੍ਰਥਮ ਮਾਤ ਪਿਤੁ ਮਾਰਿ ਬਹੁਰਿ ਨਿਜੁ ਮੀਤ ਸੰਘਾਰਯੋ ॥*
*ਛਲਯੋ ਮੂੜ੍ਹ ਮਤਿ ਰਾਇ ਜਵਨ ਨਹਿ ਨਯਾਇ ਬਿਚਾਰਯੋ ॥*
*ਸੁਨੀ ਨ ਐਸੀ ਕਾਨ ਕਹੂੰ ਆਗੇ ਨਹਿ ਹੋਈ ॥*
*ਹੋ ਤ੍ਰਿਯ ਚਰਿਤ੍ਰ ਕੀ ਬਾਤ ਜਗਤ ਜਾਨਤ ਨਹਿ ਕੋਈ ॥੨੯॥* (ਦੋਇ ਸੌ ਦੋ ਚੌਆਲੀਸ ਪੰਨਾ ੧੧੫੯)

ਨੋਟ :- ਇਹ ਸਿੱਖਿਆ ਧੀ ਭੈਣ ਨੂੰ ਅਪਣੇ ਪ੍ਰੇਮ ਸਬੰਧਾਂ ਵਿੱਚ ਬਣੇ ਰੋੜੇ ਰੂਪੀ ਮਾਂ ਬਾਪ ਦਾ ਕਤਲ ਕਰਨ ਲਈ ਪ੍ਰੇਰਦੀ ਹੈ । ਮਿੱਤ੍ਰ ਦੇ ਨਾਂਹ ਨੁਕਰ ਕਰਨ ਤੇ ਉਸ ਦਾ ਕਤਲ ਕਰਨ ਲਈ ਉਤਸ਼ਾਹਤ ਕਰਦੀ ਹੈ । ਅਜਿਹੀਆਂ ਸਿੱਖਿਆਵਾਂ ਚੰਗੇ ਸਮਾਜ ਦੇ ਮੱਥੇ ਕਲੰਕ ਹਨ । ਇਕ ਗਹਿਰੀ ਸਾਜਿਸ ਨਾਲ ਸਿੱਖ ਧਰਮ ਦਾ ਮਲੀਆਮੇਟ ਕਰਨ ਲਈ ਇਹ ਰਚਨਾਵਾਂ ਰਚ ਕੇ ਉੱਤੇ ਪਾਤਸ਼ਾਹੀ ੧੦ ਲਿਖ ਕੇ ਸਿੱਖਾਂ ਨੂੰ ਖੰਡ ਲਪੇਟ ਕੇ ਜ਼ਹਿਰ ਦਿੱਤੀ ਗਈ ਹੈ । ਅਪਣੀ ਮੰਦੀ ਕਰਤੂਤ ਨੂੰ ਛੁਪਾਣ ਲਈ ਭਾਈ ਮਨੀ ਸਿੰਘ ਜੀ ਦਾ ਨਾਂ ਵਰਤਿਆ ਗਿਆ ਹੈ ਜੋ ਇਕ ਹੋਰ ਕੋਰਾ ਤੇ ਵੱਡਾ ਝੂਠ ਹੈ । ਭਾਈ ਮਨੀ ਸਿੰਘ ਜੀ ਨੇ ਕੋਈ ਰਚਨਾ ਇਕੱਠੀ ਕੀਤੀ ਹੀ ਨਹੀਂ । ਜਿਹੜੇ ਅਖੌਤੀ ਵਿਦਵਾਨ ਸਿੱਖਾਂ ਨੂੰ ਇਸ ਬਾਰੇ ਭੁਲੇਖਾ ਦੇਣ ਦੀ ਕੋਸ਼ਿਸ ਕਰਦੇ ਆਏ ਹਨ ਤੇ ਕਰ ਰਹੇ ਹਨ ਉਹ ਸਿੱਖ ਧਰਮ ਦੇ ਕੱਟੜ ਦੁਸ਼ਮਣ ਅਤੇ ਗਦਾਰ ਹਨ । ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰਨ ਵਾਲਿਓ ਰੱਬ ਅਤੇ ਗੁਰੂ ਤੋਂ ਡਰੋ ਉਸ ਦੀ ਲਾਠੀ ਦੀ ਆਵਾਜ਼ ਨਹੀਂ ਹੈ । ਖ਼ਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

ਇਲਾਕਾ : ਪੂਰਬ ਨਗਰ : ਖੰਭਾਵਿਤ (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੫੯-੬੩)

ਪਾਤਰ : ਰੂਪ ਸੈਨ (ਰਾਜਾ), ਮਦਨ ਮੰਜਰੀ (ਨਾਰਿ) ਤੇ ਸ੍ਰੀ ਰਸ ਤਿਲਕ ਮੰਜਰੀ (ਤ੍ਰਿਯ)

**ਭਾਰੀ ਨਸ਼ੇ ਕਰਕੇ ਔਰਤਾਂ ਭੋਗੋ ਨਸ਼ੇ ਨਹੀਂ ਕਰੋਗੇ ਤਾਂ ਕੁੱਤੇ ਦੀ ਮੌਤ ਮਰੋਗੇ** : ਪੂਰਬ ਦੇ ਇਕ ਨਗਰ ਖੰਭਾਵਿਤ ਦੇ ਰਾਜਾ ਰੂਪ ਸੈਨ ਦੀ ਰਾਣੀ ਮਦਨ ਮੰਜਰੀ ਮਾਨੋ ਚੰਦ ਦਾ ਟੁਕੜਾ । ਓਹਦੇ ਬੋਲਾਂ ਵਿੱਚ ਕੋਇਲ ਵਰਗੀ ਮਿਠਾਸ ਅੱਖਾਂ ਦਾ ਕੀ ਕਹਿਣਾ ਜਣੋ ਹਿਰਨ ਦੀਆਂ ਚੋਰੀ ਕੀਤੀਆਂ ਹੋਣ । ਰਾਜਾ ਵੱਡਾ ਨਸ਼ਈ, ਉਹ ਭਾਂਤਿ ਭਾਂਤਿ ਦੀਆਂ ਔਰਤਾਂ ਭੋਗਦਾ, ਉਹ ਪੋਸਤ ਭੰਗ ਅਫੀਮ ਦੇ ਇਕਵੰਜਾ ਪਿਆਲੇ ਚਾੜ੍ਹ ਜਾਂਦਾ :-

*ਰਾਜਾ ਪਿਯਤ ਅਮਲ ਸਭ ਭਾਰੀ ॥ ਭਾਂਤਿ ਭਾਂਤਿ ਸੌ ਭੋਗਤ ਨਾਰੀ ॥*
*ਪੋਸਤ ਭਾਂਗ ਅਫੀਮ ਚੜ੍ਹਾਵੈ ॥ ਪਯਾਲੇ ਪੀ ਪਚਾਸਇਕ ਜਾਵੈ ॥*(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੫੯)

ਉਹ ਵੱਖ ਵੱਖ ਢੰਗਾਂ ਨਾਲ ਰਾਣੀਆਂ ਨੂੰ ਭੋਗਦਾ। ਉਸ ਦੁਆਰਾ ਵਰਤੇ ਆਸਣਾ ਦੀ ਅਤੇ ਲਏ ਚੁੰਬਨਾ ਦੀ ਗਿਣਤੀ ਨਹੀਂ ਹੋ ਸਕਦੀ। ਉਹ ਚਾਰ ਪਹਿਰ ਤੱਕ ਭੋਗ ਕਰ ਕੇ ਅਨੰਦ ਮਾਣਦਾ। ਜਿਹੜੀ ਰਾਣੀ ਉਸ ਨਾਲ ਕਲੋਲ ਕਰਦੀ ਓਹੀ ਉਲਝ ਕੇ ਰਹਿ ਜਾਂਦੀ ।

*ਅੜਿੱਲ ॥ ਭਾਂਤਿ ਭਾਂਤਿ ਰਾਨਯਿਨ ਸੌ ਭੋਗ ਕਮਾਵਈ ॥ ਆਸਨ ਚੁੰਬਨ ਕਰਤ ਨ ਗਨਨਾ ਆਵਈ ॥*
*ਚਾਰਿ ਪਹਿਰ ਰਤਿ ਕਰੈ ਅਧਿਕ ਸੁਖ ਪਾਇਕੈ ॥ ਹੋ ਜੋ ਰਾਨੀ ਤਿਹ ਰਮੈ ਰਹੈ ਉਰਝਾਇਕੈ ॥੪॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਇਕ ਸ਼ਾਹ ਦੀ ਔਰਤ ਸ੍ਰੀ ਰਸ ਤਿਲਕ ਮੰਜਰੀ ਇਕ ਧਨਾਢ ਔਰਤ ਦਾ ਪਤੀ ਸ਼ਾਹ ਹਰ ਰੋਜ ਜਾਵਿੱਤ੍ਰੀ (ਜੈਫਲ ਦੇ ਫੁੱਲ) ਜਾਇਫਰਾਨ (ਕੇਸਰ) ਖਾਂਦਾ ਤੇ ਕਦੇ ਭੁੱਲ ਕੇ ਵੀ ਭੰਗ ਨਾ ਖਾਂਦਾ :-

*ਸ੍ਰੀ ਰਸ ਤਿਲਕ ਮੰਜਰੀ ਤ੍ਰਿਯਿਕ ਬਖਾਨਿਯੈ ॥ ਅਧਿਕ ਜਗਤ ਕੇ ਮਾਂਝ ਧਨਵਤੀ ਜਾਨਿਯੈ ॥*
*ਜਾਵਿੱਤ੍ਰੀ ਜਾਇਫਰਨ ਸ਼ਾਹੁ ਚਬਾਵਈ ॥ ਹੋ ਸੋਫੀ ਸੂਮ ਨ ਭੁਲ ਭਾਂਗ ਕੌ ਖਾਵਈ ॥੫॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਸ਼ਾਹੁ ਅਪਣੇ ਆਪ ਵਿੱਚ ਬੜਾ ਸਿਆਣਾ ਅਖਵਾਉਂਦਾ ਉਹ ਭੁੱਲ ਕੇ ਸੁਪਨੇ ਵਿੱਚ ਵੀ ਭੰਗ ਨਾ ਘੋਟ ਪੀਂਦਾ। ਜੇ ਰਾਣੀ ਭੰਗ ਪੀ ਲਏ ਉਸ ਨਾਲ ਬੜਾ ਲੜਦਾ :-

*ਸ਼ਾਹੁ ਆਪੁ ਕੌ ਸਯਾਨੋ ਅਧਿਕ ਕਹਾਵਈ ॥ ਭੂਲਿ ਭਾਂਗ ਸੁਪਨੇ ਹੂੰ ਨ ਘੋਟਿ ਚੜ੍ਹਾਵਈ ॥*
*ਪਿਯੈ ਜੁ ਰਾਨੀ ਭਾਂਗ ਅਧਿਕ ਤਾਸੌ ਲਰੈ ॥ ਹੋ ਕੌਡੀ ਕਰ ਤੇ ਦਾਨ ਨ ਸ਼ੋਕਾਤਰ ਕਰੈ ॥੬॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਜੇਕਰ ਕਿਸੇ ਨੂੰ ਭੰਗ ਪੀਤੀ ਦੇਖ ਲਏ ਤਾਂ ਉਸ ਦੇ ਨੇੜੇ ਨਾ ਢੁਕਦਾ । ਉਹ ਕਹਿੰਦਾ ਜੋ ਨਸ਼ਾ ਕਰਦਾ ਹੈ ਉਸ ਦਾ ਘਰ ਉੱਜੜ ਜਾਂਦਾ ਹੈ ਤੇ ਦਰਵਾਜੇ ਤੇ ਕੁੰਡਾ ਲੱਗਾ ਰਹਿੰਦਾ ਹੈ । ਜਿਹੜੇ ਬੰਦੇ ਭੰਗ ਅਫੀਮ ਖਾਂਦੇ ਹਨ ਉਨ੍ਹਾਂ ਦੇ ਘਰਾਂ ਚ ਉਜਾੜ ਹੋ ਜਾਂਦੀ ਹੈ। ਸੋਫੀ ਬੰਦਾ ਸੁਰਤ ਚ ਰਹਿੰਦਾ ਹੈ ਪਰ ਅਮਲੀ ਇਸ ਤੋਂ ਖਾਲੀ । ਇਹ ਉਪਦੇਸ ਰਸ ਤਿਲਕ ਮੰਜਰੀ ਨੇ ਸੁਣਿਆ ਤੇ ਹੱਸ ਕੇ ਗਰਦਨ ਥੱਲੇ ਕਰ ਕੇ ਕਹਿੰਦੀ ਮੰਦ ਮਤਿ (ਮੂਰਖ) ਕੀ ਬਕਦਾ ਹੈ ਸੋਫੀ ਮਨੁੱਖ ਸੀਤਲਾ ਦੇਵੀ ਦੀ ਸਵਾਰੀ (ਗਧੇ) ਨਿਯਾਈਂ ਹੁੰਦਾ ਹੈ। ਉਹ ਕਹਿੰਦੀ ਰਾਜਾ ਅਮਲ ਕਰ ਕੇ ਅਧਿਕ ਔਰਤਾਂ ਨਾਲ ਸੇਜ ਸਾਂਝ ਕਰ ਸਕਦਾ ਹੈ। ਜੇ ਸੂਰਮਾ ਅਮਲ ਪੀਏ ਤਾਂ ਦੁਸ਼ਮਣ ਤੇ ਕਰਾਰਾ ਵਾਰ ਕਰ ਸਕਦਾ ਹੈ। ਜੋਗੀ ਅਮਲ ਪੀ ਕੇ ਗਿਆਨ (ਧਯਾਨ) ਵਿੱਚ ਜੁੜਦੇ ਹਨ ਤੇ ਸ਼ਿਵ ਦੀ ਪੂਜਾ ਕਰਦੇ ਹਨ। ਇਸ ਦਾ ਸਵਾਦ ਚੱਖ ਕੇ ਹੇ ਕਵੀ ਸੂਮ ਦੱਸ ਸੋਫੀ ਕੀ ਕਰ ਸਕਦਾ ਹੈ ।

*ਛੰਦ ॥ ਅਮਲ ਪਿਯਹਿ ਨ੍ਰਿਪਰਾਜ ਅਧਿਕ ਇਸਤ੍ਰੀਯਨ ਬਿਹਾਰੈ ॥*
*ਅਮਲ ਸੂਰਮਾ ਪਿਯਹਿ ਦੁਜਨ ਸਿਰ ਖੜਗ ਪ੍ਰਹਾਰੈ ॥*
*ਅਮਲ ਭਖਹਿ ਜੋਗੀਸ ਧਯਾਨ ਜਦੁਪਤਿ ਕੋ ਧਰਹੀ ॥*
*ਚਾਖਿ ਤਵਨ ਕੋ ਸ੍ਵਾਦ ਸੂਮ ਸੋਫੀ ਕਯਾ ਕਰਹੀ ॥੧੦॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਸ਼ਾਹ ਕਹਿੰਦਾ ਜਿਹੜੇ ਮਨੁੱਖ ਅਮਲ ਪੀਂਦੇ ਹਨ ਰਾਤ ਦਿਨ ਉਂਘਦੇ ਰਹਿੰਦੇ ਹਨ ਜੇਕਰ ਇਕ ਘੜੀ ਅਮਲ ਨਾ ਮਿਲੇ ਤਾਂ ਤਾਪ ਚੜ੍ਹ ਜਾਂਦਾ ਹੈ। ਅਮਲ ਪੀਣ ਵਾਲੇ ਬੰਦੇ ਕਿਸੇ ਕੰਮ ਦੇ ਨਹੀਂ। ਅਮਲ ਪੀ ਕੇ ਉਹ ਮੁਰਦੇ ਦੀ ਤਰ੍ਹਾ ਘਰ ਘੁਰਾੜੇ ਮਾਰਦੇ ਰਹਿੰਦੇ ਹਨ। ਔਰਤ ਕਹਿੰਦੀ ਸਿਆਣੇ ਆਖਦੇ ਹਨ ਕਿ ਰਾਜ ਅਮਲੀ ਕਰਦੇ ਹਨ। ਕੰਜੂਸ ਧੰਨ ਇਕੱਠਾ ਕਰਦੇ ਹਨ ਅਤੇ ਸੂਰਮੇ ਇਕ ਦਿਨ ਵਿੱਚ ਧੰਨ ਲੁਟਾ ਦੇਂਦੇ ਹਨ। ਅਮਲ ਪੀਣ ਨਾਲ ਜੱਸ ਹੁੰਦਾ ਹੈ ਦਾਨ ਦਿੱਤਿਆਂ ਹੀਣਾ ਨਹੀਂ ਹੁੰਦਾ। ਸੂਮ ਕਵੀ ਕਹਿੰਦਾ ਹੈ ਕਿ ਸੋਫੀ ਮਨੁੱਖ ਨੂੰ ਗੁੱਦਾ ਦੇ ਰਸਤੇ ਧੱਕਣਾ ਚਾਹੀਦਾ ਹੈ :-

*ਤ੍ਰਿਯੋ ਬਾਚ ॥ ਸਯਾਨੇ ਸੋਚਿਤ ਰਹੈ ਰਾਜ ਕੈਫਿਯੈ ਕਮਾਵੈ ॥ ਸੂਮ ਸੰਚਿ ਧਨ ਰਹੈ ਸੂਰ ਦਿਨ ਏਕ ਲੁਟਾਵੈ ॥*
*ਅਮਲ ਪੀਏ ਜਸੁ ਹੋਇ ਦਾਨ ਖਾਂਡ ਨਹਿ ਹੀਨੋ ॥ ਅੰਤ ਗੁਦਾ ਕੇ ਪੈਂਡ ਸੂਮ ਸੋਫੀ ਜਿਯ ਦੀਨੋ ॥੧੨॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਕਹਿੰਦੀ ਭੰਗ ਓਹ ਪੁਰਖ ਪੀਂਦੇ ਹਨ ਜੋ ਰੱਬ ਦੀ ਭਗਤੀ ਕਰਦੇ ਹਨ । ਭੰਗ ਉਹ ਪੁਰਖ ਛੱਕਦੇ ਹਨ ਜੋ ਕਿਸੇ ਦੇ ਮੌਥਾਜੀ ਨਹੀਂ ਹੁੰਦੇ। ਅਮਲ ਓਹ ਸੂਰਮੇ ਪੀਂਦੇ ਹਨ ਜਿਨ੍ਹਾਂ ਦੇ ਧੁਰੋਂ ਲੇਖ ਲਿਖੇ ਹਨ। ਉਨ੍ਹਾਂ ਨੇ ਕਿਆ ਭੰਗ ਸਵਾਹ ਪੀਣੀ ਹੈ ਜਿਨ੍ਹਾਂ ਦੇ ਹੱਥ ਹਮੇਸਾਂ ਤੱਕੜੀ ਤੇ ਰਹਿੰਦੇ ਹਨ :-

*ਭਾਂਗ ਪੁਰਖ ਵੈ ਪਿਯਹਿ ਭਗਤ ਹਰਿ ਕੀ ਜੇ ਕਰਹੀ ॥*
*ਭਾਂਗ ਭਖਤ ਵੈ ਪੁਰਖ ਕਿਸੂ ਕੀ ਆਸ ਨ ਧਰਹੀ ॥*
*ਅਮਲ ਪਿਯਤ ਤੇ ਬੀਰ ਬਰਤ ਜਿਨ ਤ੍ਰਿਨ ਮਸਤਕ ਪਰ ॥*
*ਤੇ ਕਯਾ ਪੀਵਹਿ ਭਾਂਗ ਰਹੈ ਜਿਨਕੇ ਤਕਰੀ ਕਰ ॥੧੩॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਜਿਨ੍ਹਾਂ ਦੇ ਹੱਥ ਹਮੇਸਾਂ ਤਲਵਾਰ ਤੇ ਹਨ ਉਹ ਸਿਰ ਤੇ ਕ੍ਰਿਪਾਨ ਦੇ ਫੱਟ ਲੱਗਣ ਤੇ ਵੀ ਬਚ ਜਾਂਦੇ ਹਨ । ਉਨ੍ਹਾਂ ਨੇ ਮੁੱਛਾਂ ਇਉਂ ਕੱਟੀਆਂ ਹਨ ਭਾਵੇਂ ਨਿੰਬੂ ਟਿਕਾ ਲਓ ਅਜਿਹੇ ਬੰਦੇ ਹੀ ਭੰਗ ਪੀਂਦੇ ਹਨ ਡੰਗਰ ਥੋੜੇ ਭੰਗ ਪੀਣਗੇ ।

*ਅੜਿੱਲ ॥ ਸਦਾ ਸਰੋਹੀ ਊਪਰ ਕਰ ਜਿਨਕੋ ਰਹੈ ॥ ਸਿਰ ਮੋ ਖਾਇ ਕ੍ਰਿਪਾਨ ਜੁ ਤਿਹ ਕਟੁ ਬਚ ਕਹੈ ॥*
*ਨਿੰਬੂਆ ਟਿਕ ਕਹਿ ਰਹੈ ਮੂੰਛਿ ਐਸੇ ਕੀਏ ॥ ਹੋ ਤੇ ਨਰ ਪੀਵਹਿ ਭਾਂਗ ਕਹਾਂ ਪਸੂ ਤੌਂ ਪੀਏ ॥੧੪॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੦)

ਅਜਿਹੇ ਮਨੁੱਖ ਹੀ ਨਸ਼ਾ ਕਰਦੇ ਹਨ ਅਣਜਾਣਿਆ ਨੇ ਕਿਆ ਸਵਾਹ ਨਸ਼ਾ ਕਰਨਾ ਹੈ ਹਮੇਸਾਂ ਤੱਕੜੀ ਤੇ ਹੱਥ ਹਨ ਕਦੇ ਲੱਕ ਨਾਲ ਤਲਵਾਰ ਤਾਂ ਬੰਨ੍ਹੀ ਨਹੀਂ ।

*ਦੋਹਰਾ ॥ ਤੇ ਨਰ ਕੈਫਨ ਕੋ ਪਿਯਤ ਤੈਂ ਕਯਾ ਪਿਯਹਿ ਅਜਾਨ ॥*
*ਕਰ ਤਕਰੀ ਪਕਰਤ ਰਹਯੋ ਕਸੀ ਨ ਕਮਰ ਕ੍ਰਿਪਾਨ ॥੧੬॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੧)

ਅਜਿਹਾ ਸੁਣ ਕੇ ਸ਼ਾਹ ਨੂੰ ਚੜ੍ਹਿਆ ਗੁੱਸਾ ਤੇ ਓਹਦੀ (ਘਰਵਾਲੀ ਦੀ) ਗੱਲ ਵਿਚਕਾਰ ਟੋਕ ਕੇ ਲੱਤਾਂ ਮੁੱਕਿਆਂ ਨਾਲ ਕੁੱਟਣਾ ਸੁਰੂ ਕਰ ਦਿੱਤਾ, ਕਹਿੰਦਾ ਤੂੰ ਇਹ ਕਿਉਂ ਕਿਹਾ :-

*ਚੌਪਈ ॥ ਯੌ ਸੁਨਿ ਬੈਨ ਸ਼ਾਹੁ ਰਿਸਿ ਭਰਿਯੋ ॥ ਨਿਜੁ ਤ੍ਰਿਯ ਕਹ ਕਟੁ ਬਚਨ ਉਚਰਿਯੋ ॥*
*ਲਾਤ ਮੁਸਟ ਭੇ ਕੀਏ ਪ੍ਰਹਾਰਾ ॥ ਤੈਂ ਕਯੋਂ ਐਸੀ ਭਾਂਤਿ ਉਚਾਰਾ ॥੧੭॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੧)

ਔਰਤ ਕਹਿੰਦੀ ਖਸਮਾ ਮੈਂ ਸੱਚ ਦੱਸਾਂ ਬਈ ਮੈਂ ਤੇਰੇ ਤੋਂ ਬੜੀ ਡਰਦੀ ਆਂ ਜਿਹੜੀ ਰੀਤਿ ਕੁੱਲ ਤੋਂ ਚਲੀ ਆ ਰਹੀ ਹੈ ਉਹ ਮੈਂ ਕਹਿ ਦਿੱਤੀ ਹੈ (ਬਈ ਨਸ਼ਾ ਪਾਣੀ ਛੱਕਦੇ ਰਹੋ) ਕਹਿੰਦੀ ਜੇ ਅਮਲ ਈ-ਨੀ-ਛੱਕਣਾ ਤਾਂ ਇਸ ਦੁਨੀਆਂ ਵਿੱਚ ਕਿਉਂ ਜੰਮਿਆਂ । ਦੇਵਤੇ ਦੈਂਤ ਜੱਛ ਗੰਧ੍ਰਬ ਸਾਰੇ ਹੱਸ ਹੱਸ ਕੇ ਟਿੱਚਰਾਂ ਕਰਦੇ ਹਨ (ਇਸ ਤੋਂ ਪ੍ਰਗਟ ਹੈ ਕਿ ਦੇਵਤੇ ਤੇ ਹੋਰ ਸਭ ਨਸ਼ਈ ਸਨ) ।

*ਅਮਲ ਨ ਪੀ ਏਤੀ ਕਰੈਂ ਕਯੋਂ ਆਯੋ ਮਹਿ ਲੋਕ ਮਹਿ ॥*
*ਸੁਰ ਅਸੁਰ ਜੱਛ ਗੰਧ੍ਰਬ ਸਭੈ ਤਿਹ ਨਰ ਕੌ ਹਸਿ ਹਸਿ ਕਹਹਿ ॥੧੯॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੧)

ਜਿਹੜੇ ਬੰਦੇ ਭੰਗ ਨਹੀਂ ਪੀਂਦੇ ਤੇ ਹਮੇਸਾਂ ਕੌਡੀ (ਧੰਨ) ਵਿੱਚ ਚਿੱਤ ਜੁੜਿਆ ਹੈ। ਜਿਹੜੇ ਨਰ ਅਮਲ ਨਹੀਂ ਪੀਂਦੇ ਤੇ ਨਾ ਦਾਨ ਪੁੰਨ ਕਰਦੇ ਹਨ ਅਜਿਹੇ ਮਨੁੱਖ ਅਪਣੇ ਆਪ ਵਿੱਚ ਬੜੇ ਸਿਆਣੇ ਬਣਦੇ ਹਨ ਪਰ ਕਾਂ ਵਰਗੀ ਵਡਿਆਈ ਪਾਉਂਦੇ ਹਨ। ਆਖਰ ਉਹ ਕੁੱਤੇ ਦੀ ਮੌਤ ਮਰ ਕੇ ਦੀਨ ਅਤੇ ਦੁਨੀਆਂ ਤੋਂ ਪਛਤਾਵਾ ਪੱਲੇ ਬੰਨ੍ਹ ਕੇ ਤੁਰ ਪੈਂਦੇ ਹਨ ।

*ਛੰਦ ॥ ਸੋ ਨਰ ਪਿਯਤ ਨ ਭਾਂਗ ਰਹੈ ਕੌਡੀ ਮਹਿ ਜਿਹ ਚਿਤ ॥*
*ਸੋ ਨਰ ਅਮਲ ਨ ਪਿਯੈ ਦਾਨ ਭੇ ਨਹਿ ਜਾਕੋ ਹਿਤ ॥*
*ਸਯਾਨੋ ਅਧਿਕ ਕਹਾਇ ਕਾਕ ਕੀ ਉਪਮਾ ਪਾਵਹਿ ॥*
*ਅੰਤ ਸ੍ਵਾਨ ਜਯੋਂ ਮਰੈ ਦੀਨ ਦੁਨਿਯਾ ਪਛੁਤਾਵਹਿ ॥੨੦॥*

*ਦੋਹਰਾ ॥ ਅੰਤ ਕਾਕ ਕੀ ਮ੍ਰਿਤੁ ਮਰੈਂ ਮਨ ਭਤਿਰ ਪਛੁਤਾਂਹਿ ॥*
*ਖੰਡਾ ਗਹਯੋ ਨ ਜਸ ਲਿਯੋ ਕਛੂ ਜਗਤ ਕੇ ਮਾਂਹਿ ॥੨੧॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੧)

ਜੇ ਸੋਚੇਂ ਕਿ ਅਮਲੀ ਕਦੇ ਧੋਖਾ ਖਾ ਜਾਣਗੇ ਉਹ ਕਦੇ ਨਹੀਂ ਖਾਂਦੇ । ਉਹ ਦੂਜਿਆਂ ਨੂੰ ਤਾਂ ਮੁੰਨ ਲੈਣਗੇ ਪਰ ਆਪ ਨਹੀਂ ਮੁੰਨੇ ਜਾਣਗੇ । ਉਹ ਕੁੜੀਆਂ ਦੇ ਚਿੱਤ ਇਕ ਛਿਨ ਮਾਤਰ ਵਿੱਚ ਚੁਰਾ ਲੈਂਦੇ ਹਨ । ਔਰਤਾਂ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਮਨ ਭਾਉਂਦੇ ਭੋਗ ਦੇਂਦੀਆਂ ਹਨ ।

*ਤ੍ਰਿਯੋ ਬਾਚ ॥ ਛੰਦ ॥ ਜੇ ਅਮਲਨ ਕਹ ਖਾਇ ਖਤਾ ਕਬਹੂੰ ਨਹਿ ਖਾਵੈਂ ॥*
*ਮੂੰਡਿ ਅਵਰਨਹਿ ਜਾਹਿ ਆਪੁ ਕਬਹੂੰ ਨ ਮੁੰਡਾਵੈਂ ॥*
*ਚੰਚਲਾਨ ਕੋ ਚਿੱਤ ਚੋਰ ਛਿਨ ਇਕ ਮਹਿ ਲੇਂਹੀ ॥*
*ਭਾਂਤਿ ਭਾਂਤਿ ਭਾਮਿਨਨਿ ਭੋਗ ਭਾਵਤ ਮਨ ਦੇਂਹੀ ॥੨੩॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੧)

ਅਮਲੀ ਨਸ਼ਾ ਕਰ ਕੇ ਦੇਰ ਤੱਕ ਔਰਤ ਨੂੰ ਭੋਗਦੇ ਹਨ ਜਿਵੇਂ ਹਿਰਣ ਉਛਲਦੇ ਹਨ ਐਵੇਂ ਔਰਤ ਨੂੰ ਖੁਸ਼ ਕਰਦੇ ਹਨ। ਸੋਫੀ ਮਨੁੱਖ ਔਰਤ ਤੇ ਚੜ੍ਹਦੇ ਹੀ ਧਰਤੀ ਤੇ ਕੰਬਦਾ ਹੋਇਆ ਡਿੱਗ ਪੈਂਦਾ ਹੈ ਉਨ੍ਹਾਂ ਦਾ ਬੀਰਜ ਵੀ ਬਰਾਬਰ ਨਹੀਂ ਨਿਕਲਦਾ। ਇਹ ਮੂਰਖ ਔਰਤ ਨੂੰ ਕੀ ਭੋਗਣਗੇ ।

*ਅੜਿੱਲ ॥ ਭਜਹਿ ਬਾਮ ਕੈਫਿਯੈ ਕੇਲ ਜੁਗ ਜਾਮ ਮਚਾਵਹਿ ॥*
*ਹਰਿਣਾ ਜਿਮਿ ਉਛਲਹਿ ਨਾਰਿ ਨਾਗਰਿਨ ਰਿਝਾਵਹਿ ॥*
*ਸੋਫੀ ਚੜਤਹਿ ਕਾਂਪਿ ਧਰਨਿ ਊਪਰ ਪਰੈਂ ॥*
*ਹੋ ਬੀਰਜ ਖਲਤ ਹ੍ਵੈ ਜਾਹਿ ਕਹਾਂ ਜੜ੍ਹ ਰਤਿ ਕਰੈਂ ॥੨੪॥*
*ਬੀਰਜ ਭੂਮਿ ਗਿਰਿ ਪਰੈ ਤਕੈ ਮੁਖ ਬਾਇਕੈ ॥*
*ਨਿਰਖਿ ਨਾਰ ਕੀ ਓਰ ਰਹੈ ਸਿਰੁ ਨਯਾਇਕੈ ॥*

*ਸ਼ਰਮਨਾਕ ਹ੍ਵੈ ਹ੍ਰਿਦੈ ਬਚਨ ਹਸਿ ਹਸਿ ਕਹੈ ॥*
*ਹੋ ਕਾਮਕੇਲ ਕੀ ਸਮੈਂ ਨ ਪਸੁ ਕੌਡੀ ਲਹੈ ॥੨੫॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਜਿਤਨੇ ਵੀ ਸਿਆਣੇ ਤੇ ਨੇਕ ਪੁਰਖ ਨੇਕ ਕਮਾਈ ਵਾਲੇ ਇਸ ਜਗਤ ਵਿੱਚ ਜੰਮੇ ਤੇ ਰਣ ਤੱਤੇ ਵਿੱਚ ਜਿੱਤ ਪ੍ਰਾਪਤ ਕੀਤੀ ਉਨ੍ਹਾਂ ਸਾਰਿਆਂ ਨੇ ਅਮਲ ਪੀ ਕੇ ਧਨੁੱਖ ਨੂੰ ਸਿਰ ਤੇ ਚੁੱਕਿਆ । ਅਜਿਹੇ ਮਨੁੱਖ (ਅਮਲ ਕਰਨ ਵਾਲੇ) ਜੀਵਨ ਮੁਕਤ ਹੁੰਦੇ ਹਨ :-

*ਸੁਕ੍ਰਿਤ ਸੁਘਰ ਜਿਨ ਆਇ ਜਗਤ ਮੈ ਜਸ ਕੋ ਪਾਯੋ ॥*
*ਬਹੁਰਿ ਖਲਨ ਕਹ ਖੰਡਿ ਖੇਤ ਜੈ ਸ਼ਬਦ ਕਹਾਯੋ ॥*
*ਅਮਲ ਪਾਨ ਸੁਭ ਅੰਗ ਧਨਖ ਸਰ ਜਿਨ ਲਯੋ ॥*
*ਹੋ ਸੋ ਨਰ ਜੀਵਨ ਮੁਕਤਿ ਜਗਤ ਭੀਤਰ ਭਯੋ ॥੨੭॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਜਿਨ੍ਹਾਂ ਨੇ ਕਦੇ ਪਾਨ ਨੀ ਖਾਧਾ, ਕਦੇ ਅਮਲ ਨੀ ਪੀਤਾ, ਕਦੇ ਘੋੜੇ ਚੜ ਸ਼ਿਕਾਰ ਨੀ ਖੇਡਿਆ, ਨਾ ਮਨ ਭਾਉਂਦਾ ਰਾਗ ਛੇੜਿਆ ਤੇ ਨਾ ਔਰਤਾਂ ਨੂੰ ਭੋਗਿਆ ਪਤਾ ਨੀ ਅਜਿਹੇ ਬੰਦੇ ਜਗਤ ਚ ਕਿਸ ਲਈ ਆਏ ਐਂ :-

*ਕਬਹੂੰ ਨ ਖਾਏ ਪਾਨ ਅਮਲ ਕਬਹੂੰ ਨਹਿ ਪੀਯੋ ॥*
*ਕਬਹੂੰ ਨ ਖੇਲ ਅਖੇਟਨ ਸੁਖ ਸੁਰਧਨ ਕਹ ਦਿਯੋ ॥*
*ਕਬਹੂੰ ਨ ਸੌਂਧਾ ਲਾਇ ਰਾਗ ਮਨ ਭਾਇਯੋ ॥*
*ਹੋ ਕਰਯੋ ਨ ਭਾਮਿਨ ਭੋਗ ਜਗਤ ਕਿਯੋਂ ਆਇਯੋ ॥੨੮॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਜਿਨ੍ਹਾਂ ਨੇ ਰਾਗ-ਖੁਸ਼ਬੂ (ਗੰਧ) ਤੇ ਔਰਤਾਂ ਦਾ ਰਸ ਮਾਣਿਆ-ਅਮਲ ਪੀ ਕੇ ਘੋੜੇ ਚੜ ਦੁਸ਼ਮਣ ਨੂੰ ਦੁਖੀ ਕੀਤਾ ਉਨ੍ਹਾਂ ਨੇ ਸਾਧਾਂ ਦੀ ਸੇਵਾ ਕਰਕੇ ਹਰੀ ਦੀ ਭਗਤੀ ਕੀਤੀ ਤੇ ਜਸ ਖੱਟ ਕੇ ਜਗਤ ਤੋਂ ਚਲੇ ਗਏ ।

ਚਤੁਰ ਔਰਤ ਨੇ ਅਨੇਕਾਂ ਢੰਗਾਂ ਨਾਲ ਮੂਰਖ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਉਸ ਦੇ ਖਾਨੇ ਕੋਈ ਗੱਲ ਨਾ ਪਈ ਸਗੋਂ ਗੁੱਸਾ ਖਾ ਕੇ ਉੱਠ ਖਲੋਤਾ । ਔਰਤ ਨੇ ਬਾਂਹ ਫੜ ਕੇ ਪਿਆਰ ਦਾ ਹੁਲਾਰਾ ਦਿੱਤਾ ਤੇ ਪੈਂਤੜਾ ਬਦਲਿਆ । ਉਹ ਛੱਤ ਤੇ ਬੇਹੋਸ਼ ਹੋ ਕੇ ਡਿੱਗ ਪਈ । ਸ਼ਾਹ ਨੇ ਤੁਰੰਤ ਉਸ ਨੂੰ ਚੁੱਕ ਕੇ ਸੀਨੇ ਲਾਇਆ ਕਹਿੰਦਾ ਤੂੰ ਭਾਗਵਾਨੇ ਜੋ ਕਹੇਂਗੀ ਮੈਂ ਓਹੀ ਕਰਾਂਗਾ । ਮੈਂ ਤੈਨੂੰ ਮਰਨ ਨੀ ਦੇਣਾ । ਕਹਿੰਦੀ ਅੱਛਾ ਐਉਂ ਕਰ ਬਈ ਰਾਜਾ ਸਮੇਤ ਸਭ ਨੂੰ ਭੋਜਨ ਖੁਆ । ਸ਼ਾਹ ਨੇ ਸਭ ਲਈ ਅਨੇਕਾਂ ਪ੍ਰਕਾਰ ਦਾ ਭੋਜਨ ਬਣਾਇਆ । ਏਧਰ ਉਸ ਨੇ ਰਾਜੇ ਨਾਲ ਪਿਆਰ ਭਰੀ ਤੱਕਣੀ ਨਾਲ ਉਸ ਨੂੰ ਉਲਝਾ ਲਿਆ ਉਸ ਨੇ ਭੋਜਨ ਵਿੱਚ ਭੰਗ ਸੁੱਟ ਕੇ ਰਾਜਾ ਅਤੇ ਖਸਮ ਨੂੰ ਖੁਆ ਦਿੱਤਾ ।

*ਦੋਹਰਾ ॥ ਭੋਜਨ ਤਿਨੈ ਖਵਾਇਯੋ ਭਾਂਗ ਭੋਜ ਮੈ ਪਾਇ ॥*
*ਰਾਜਾ ਕੋ ਪਤਿ ਕੇ ਸਹਿਤ ਛਲ ਸੌ ਗਈ ਸੁਵਾਇ ॥੩੪॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਭੰਗ ਖਾ ਕੇ ਰਾਜੇ ਨੂੰ ਸੁਰਤ ਆ ਗਈ ਪਰ ਸੋਫੀ ਬੇ-ਸੁਰਤ (ਅਚੇਤ) ਹੋ ਗਿਆ। ਰਾਜਾ ਔਰਤ ਦਾ ਮਿਤ੍ਰ ਬਣ ਗਿਆ। ਲੋਕ ਕਹਿੰਦੇ ਕਿ ਸਾਰਾ ਦਿਨ ਰਾਜਾ ਅਸੀਂ ਰੱਖਾਂਗੇ ਸਾਂਝ (ਸੰਝ) ਪੈਣ ਤੇ ਘਰ ਆਏਗਾ ਤੇ ਤੈਨੂੰ ਬੁਲਾਏਗਾ। ਮੇਰਾ ਪਿਆਰਾ ਮੈਨੂੰ ਮਿਲੇ ਮੇਰੀਆਂ ਅੱਖਾਂ ਉਸ ਨਾਲ ਲੜੀਆਂ ਹਨ । ਰਾਜੇ ਨੇ ਮੇਰਾ ਮਨ ਮੋਹ ਲਿਆ ਹੈ ਜਿਵੇਂ ਮ੍ਰਿਗੀ ਅਪਣੇ ਰਾਜੇ ਦਾ ਮਨ ਮੋਹ ਲੈਂਦੀ ਹੈ ਉਸੇ ਭਾਵਨਾ ਨਾਲ ਉਹ ਮੇਰੇ ਨਾਲ ਭੋਗ ਕਰੇ। ਸ਼ਾਹ ਮੁਰਦੇ ਦੀ ਤਰ੍ਹਾਂ ਪਿਆ ਰਿਹਾ ਤੇ ਇੱਧਰ ਰਾਜਾ ਸ਼ਾਹ ਦੀ ਨਾਰ ਭੋਗਦਾ ਰਿਹਾ । ਉਸ ਨੇ ਸ਼ਾਹ ਨੂੰ ਪਾਲਕੀ ਥੱਲੇ ਬੰਨ ਦਿੱਤਾ ਜਿਹੜਾ ਘਰ ਧੰਨ ਸੀ ਉਹ ਵੀ ਪਾਲਕੀ ਚ ਸੁੱਟਿਆ। ਆਪ ਦੌੜ ਕੇ ਪਾਲਕੀ ਤੇ ਜਾ ਚੜੀ ਤੇ ਰਾਜੇ ਨਾਲ ਪੂਰੇ ਸੁੱਖ ਨਾਲ ਭੋਗ ਕੀਤਾ। ਰਾਜੇ ਔਰਤ ਨੂੰ ਲੈ ਕੇ ਅਪਣੇ ਘਰ ਚਲਾ ਗਿਆ ਕਵੀ ਸੂਮ ਕਹਿੰਦਾ ਹੈ ਕਿ ਸੋਫੀ ਪਾਲਕੀ ਥੱਲੇ ਬੰਨਿਆ ਪਿਆ ਰਿਹਾ ।

*ਅੜਿੱਲ ॥ ਆਪੁ ਦੌਰਿ ਤਾਂਹੀ ਪਰ ਚੜ੍ਹੀ ਬਨਾਇਕੈ ॥ ਰਮੀ ਨ੍ਰਿਪਤਿ ਕੇ ਸਾਥ ਅਧਿਕ ਸੁਖ ਪਾਇਕੈ ॥*
*ਲੈ ਨਾਰੀ ਕਹ ਰਾਇ ਆਪਨੇ ਘਰ ਗਯੋ ॥ ਹੋ ਸੂਮ ਸੋਫਿਯਹਿ ਬਾਂਧਿ ਪਾਲਕੀ ਤਰ ਲਯੋ ॥੪੦॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਜਦ ਉਹ ਦੋਨੇ ਸਹੀ ਸਲਾਮਤ ਘਰ ਪੁੱਜ ਗਏ ਤਾਂ ਪਾਲਕੀ ਸ਼ਾਹ ਦੇ ਘਰ ਭੇਜ ਦਿੱਤੀ। ਸ਼ਾਹ ਪਾਲਕੀ ਥੱਲੇ ਬੰਨਿਆ ਰਿਹਾ ਤੇ ਰਾਜਾ ਉਸ ਦਾ ਧੰਨ ਚੁਰਾ ਕੇ ਔਰਤ ਸਮੇਤ ਲੈ ਗਿਆ । ਰਾਤ ਬੀਤੀ ਸਵੇਰ ਹੋਈ ਤਦ ਸ਼ਾਹ ਨੂੰ ਸੁਰਤ ਆਈ ਕਹਿੰਦਾ ਮੈਨੂੰ ਪਾਲਕੀ ਥੱਲੇ ਕਿਸ ਨੇ ਬੰਨਿਆ ਐ । ਮੈਂ ਜੋ ਕੁਬੋਲ ਔਰਤ ਨੂੰ ਕਹੇ ਇਹ ਉਸੇ ਦਾ ਸਿੱਟਾ ਲੱਗਦਾ ਐ ਆਖਰ ਓਹੀ ਹੁੰਦਾ ਹੈ ਜੋ ਬਿਧਨਾ ਨੇ ਮੱਥੇ ਦੇ ਭਾਗ ਲਿਖੇ ਹਨ ।

*ਕਬਿਯੋ ਬਾਚ ॥ ਦੋਹਰਾ ॥ ਫਲਤ ਭਾਗ ਹੀ ਸਰਬ ਦਾ ਕਰੋ ਕੈਸਿਯੈ ਕੋਇ ॥*

*ਜੋ ਬਿਧਨਾ ਮਸਤਕ ਲਿਖਾ ਅੰਤ ਤੈਸਿਯੈ ਹੋਇ ॥੪੪॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਨੋਟ :- ਆਪ ਜੀ ਨੇ ਦਸਮ ਗ੍ਰੰਥ ਦੀ ਪਵਿਤ੍ਰ (ਅਪਿਵੱਤ੍ਰ) ਬਾਣੀ ਨੂੰ ਅਰਥਾਂ ਸਮੇਤ ਪੜ੍ਹਿਆ ਅਤੇ ਘੋਖਿਆ ਤੁਹਾਡਾ ਧੰਨਵਾਦ। ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਇਹ ਗੰਦ ਮੰਦ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਲਿਖਿਆ ਤੇ ਭਾਈ ਮਨੀ ਸਿੰਘ ਜੀ ਨੇ ਖੁਦ ਇਸ ਗੰਦ ਨੂੰ ਗੁਰੂ ਦੀ ਬਾਣੀ ਸਮਝ ਕੇ ਇਕੱਠਾ ਕਰਕੇ ਖੁਦ ਪੋਥੀ ਦਾ ਰੂਪ ਦਿੱਤਾ। ਇਸ ਚਰਿਤ੍ਰ ਰੂਪੀ ਕਾਵਿ ਰਚਨਾ ਵਿੱਚ ਬੰਦ ਨੰਬਰ ੫-੧੦-੧੨-੪੦ ਤੇ ਕਵੀ ਸੂਮ ਨੇ ਡੰਕੇ ਦੀ ਚੋਟ ਤੇ ਹਿੱਕ ਠੋਕ ਕੇ ਕਿਹਾ ਹੈ ਕਿ ਇਨ੍ਹਾਂ ਰਚਨਾਵਾਂ ਦਾ ਲੇਖਕ ਮੈਂ ਕਵੀ ਸੂਮ ਹਾਂ । ਜਦ ਮਨੁੱਖ ਹਯਾ ਦੇ ਅੰਨ੍ਹੇ ਹੋ ਜਾਣ ਤਾਂ ਅਪਣਾ ਨੰਗ ਵੀ ਢੱਕਿਆ ਹੋਇਆ ਮਹਿਸੂਸ ਕਰਦੇ ਹਨ । ਕਵੀ ਸੂਮ ਨੇ ਦਿਲ ਖੋਲ੍ਹ ਕੇ ਨਸ਼ੇ ਕਰਨ ਦੀ ਹਮਾਇਤ ਕੀਤੀ ਹੈ ਤੇ ਨਸ਼ਾ ਕਰ ਕੇ ਔਰਤ ਨੂੰ ਭੋਗਣ ਦੀ ਵਕਾਲਤ। ਨਸ਼ਾ ਨਾ ਕਰਨ ਵਾਲੇ ਕੁੱਤੇ ਦੀ ਮੌਤ ਮਰ ਜਾਂਦੇ ਹਨ ਤੇ ਉਨ੍ਹਾਂ ਨੂੰ ਦੀਨ ਦੁਨੀਆਂ ਤੇ ਪਛੁਤਾਉਣਾ ਪੈਂਦਾ ਹੈ ਅਜਿਹਾ ਕਵੀ ਸੂਮ ਦਾ ਦ੍ਰਿੜ ਨਿਸਚਾ ਹੈ ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਗੁਰਸਿੱਖਾਂ ਨੂੰ ਅਜਿਹੀ ਸਿੱਖਿਆ ਜਾਂ ਹੱਲਾਸ਼ੇਰੀ ਦੇ ਸਕਦੇ ਹਨ ? ਜੇਕਰ ਉੱਤਰ ਹਾਂ ਵਿੱਚ ਹੇ ਤਾਂ ਫਿਰ ਰਹਿਤ ਮਰਿਯਾਦਾ ਜਿਸ ਦਾ ਅਸੀਂ ਢਿੰਡੋਰਾ ਪਿੱਟਦੇ ਨਹੀਂ ਥੱਕਦੇ ਕੀ ਬਣਿਆ ? ਕੀ ਸਿੱਖ ਦਸਮ ਗ੍ਰੰਥ ਦੀ ਸਿੱਖਿਆ ਅਨੁਸਾਰ ਅਪਣੀ ਔਰਤ ਨਾਲ ਭੋਗ ਕਰਨ ਸਮੇਂ ਪਹਿਲਾਂ ਨੱਚਿਆ ਟੱਪਿਆ ਕਰੇ ਤੇ ਫਿਰ ਔਰਤ ਤੇ ਸਵਾਰ ਹੋਵੇ । ਸਿਆਣੇ ਅਜਿਹੀ ਸੋਚ ਵਾਲਿਆਂ ਨੂੰ ਹੀ ਆਖਦੇ ਹਨ 'ਦੂਰ ਫਿਟੇ ਮੂੰਹ ਤੇਰਾ ਮੂੰਹ ਕਾਲਾ'। ਗੁਰ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਤੋੜ ਕੇ ਦਸਮ ਗ੍ਰੰਥ ਨਾਮੀ ਕਾਮ ਸਾਸਤ੍ਰ ਤੇ ਨਸ਼ਾ ਸਾਸਤ੍ਰ ਦੇ ਲੜ ਲਾਉਣ ਵਾਲੇ ਸਿੱਖ ਨਹੀਂ ਹਨ ਭਾਵੇਂ ਉਨ੍ਹਾਂ ਨੇ ਵੱਡੀਆਂ ਕ੍ਰਿਪਾਨਾ ਜਾਂ ਵੱਡੇ ਕਛੈਹਿਰੇ ਖੁੱਲ੍ਹੇ ਦਾੜਿਆਂ ਦੇ ਸੁੰਦਰ ਸਰੂਪਾਂ ਨਾਲ ਪਹਿਨ ਰੱਖੇ ਹਨ । ਉਹ ਨਾਨਕ ਦੇ ਘਰ ਦੇ ਦੋਖੀ-ਸਿੱਖ ਧਰਮ ਦੇ ਗਦਾਰ ਅਤੇ ਭੇਖੀ ਹਨ । ਦਸਮ ਗ੍ਰੰਥ ਦੀ ਹਮਾਇਤ ਕਰਨੀ ਅਪਣੀ ਕੁੱਲ ਨੂੰ ਦਾਗ਼ੀ ਕਰਨ ਸਮਾਨ ਹੈ । ਬਾ ਖ਼ਬਰਦਾਰ ਹੋਸਿਆਰ-ਜਾਗਦੇ ਰਹਿਓ !

ਇਲਾਕਾ : ਛੇਮ ਕਰਨ (ਖੇਮ ਕਰਨ)     ਦਿਸ਼ਾ : ਪੂਰਬ     (ਦੋਇ ਸੌ ਛਯਾਲੀਸ ਚਰਿਤ੍ਰ ਪੰਨਾ ੧੧੬੩-੬੪)

ਪਾਤਰ : ਤਿਲਕ (ਨ੍ਰਿਪ), ਭਾਨ ਮੰਜਰੀ (ਨਾਰਿ), ਚਿੱਤ੍ਰ ਬਰਨ (ਸੁਤ), ਸੁਕੁਮਾਰਿ (ਸੁਤਾ), ਸ੍ਰਰਨਿ ਮੰਜਰੀ, ਰੁਕਮ ਮੰਜਰੀ (ਸਹਚਰਿ) ਤੇ ਸ਼ੇਰ ਸ਼ਾਹ ਸੂਰੀ (ਰਾਜਾ)

**ਸ਼ੇਰ ਸ਼ਾਹਿ (ਸੂਰੀ) ਦੇ ਘੋੜੇ ਚੋਰੀ** : ਪੂਰਬ ਦਿਸ਼ਾ ਦੇ ਰਾਜਾ ਤਿਲਕ ਦੀ ਰਾਣੀ ਭਾਨ ਮੰਜਰੀ ਨੇ ਇੱਕ ਖੂਬਸੂਰਤ ਪੁੱਤ ਚਿੱਤ੍ਰ ਜੰਮਿਆ ਜਿਸ ਦੇ ਰੂਪ ਵਰਗਾ ਇੰਦ੍ਰ ਚੰਦ੍ਰ ਵੀ ਨਹੀਂ । ਜਿਹੜੀ ਔਰਤ ਉਸ ਨੂੰ ਤੱਕ ਲੈਂਦੀ ਉਹ ਤਨ ਮਨ ਧਨ ਉਸ ਤੇ ਕੁਰਬਾਨ ਕਰ ਦੇਂਦੀ । ਛੇਮ (ਖੇਮ) ਕਰਨ ਦੇ ਸ਼ਾਹ ਦੀ ਧੀ ਸੁਕੁਮਾਰਿ ਓਹ ਦਾ ਰੁਪ ਦੇਖ ਕੇ ਦੀਵਾਨੀ ਹੋ ਗਈ । ਸ੍ਰਰਨਿ ਮੰਜਰੀ ਓਹਦਾ ਰੂਪ ਤੱਕ ਕੇ ਮਰ ਮਿਟੀ । ਉਸ ਨੇ ਰੁਕਮ ਮੰਜਰੀ ਸਹੇਲੀ ਨੂੰ ਬੁਲਾਇਆ ਤੇ ਅਪਣੇ ਮਨ ਦਾ ਭੇਦ ਸਮਝਾ ਕੇ ਰਾਜੇ ਦੇ ਪੁੱਤ ਚਿੱਤ੍ਰ ਬਰ ਪਾਸ ਭੇਜ ਦਿੱਤਾ । ਉਹ ਕਹਿੰਦੀ ਮੈਨੂੰ ਅਪਣੀ ਔਰਤ ਬਣਾ ਲੈ ਤੇ ਭਾਂਤਿ ਭਾਂਤਿ ਨਾਲ ਜਿਵੇਂ ਚਾਹੇ ਮੈਨੂੰ ਭੋਗਣਾ । ਰਾਜੇ ਤਿਲਕ ਦਾ ਡਰ ਬਿਲਕੁੱਲ ਨਹੀਂ ਕਰਨਾ । ਮੇਰੇ ਚਿੱਤ ਦੀ ਇੱਛਾ ਜਰੂਰ ਪੂਰੀ ਕਰਨੀ ।

ਰਾਜ ਕੁਮਾਰ ਕਹਿੰਦਾ ਮੈਂ ਸੁਣਿਆ ਹੈ ਕਿ ਸ਼ੇਰ ਸ਼ਾਹਿ (ਸੂਰੀ) ਨੇ ਦੋ ਸੁੰਦਰ ਘੋੜੇ ਲਏ ਹਨ ਇਕ ਦਾ ਨਾਂ ਰਾਹੁ ਐ ਤੇ ਦੂਏ ਦਾ ਸੁਰਾਹੁ । ਜੇ ਤੂੰ ਉਹ ਚੋਰੀ ਕਰ ਕੇ ਮੈਨੂੰ ਦੇ ਦੇਵੇਂ ਤਾਂ ਤੂੰ ਮੇਰੀ ਔਰਤ ਹੋਈ।

ਮੈਂ ਬਿਨਾ ਸੰਕਾ ਤੋਂ ਤੇਰੇ ਬਾਪ ਦੀ ਪਰਵਾਹ ਕੀਤੇ ਬਿਨਾ ਤੇਰੇ ਨਾਲ ਵਿਆਹ ਕਰਾਂਗਾ । ਔਰਤ ਨੇ ਇਹ ਸੁਣਦੇ ਹੀ ਚੰਡਾਰਿਨਿ (ਚੰਡਾਰਨ) ਦਾ ਭੇਸ ਬਣਾਇਆ ਤੇ ਸ਼ੇਰ ਸ਼ਾਹਿ ਦੇ ਮਹਿਲ ਪਹੁੰਚ ਗਈ । ਜਿਥੇ ਕੀੜੀ ਵੀ ਨਹੀਂ ਪਹੁੰਚ ਸਕਦੀ । ਏਨੇ ਸਖਤ ਪਹਿਰੇ ਤੇ ਜਿਥੇ ਘੋੜਿਆਂ ਦੀ ਰਾਖੀ ਬੰਦੇ ਪਹਿਰਾ ਦੇਂਦੇ ਅੱਧੀ ਰਾਤ ਨੂੰ ਇਸੇ ਭੇਖ ਵਿੱਚ ਜਾ ਪਹੁੰਚੀ ਤੇ ਉਸ ਨੇ ਘੋੜੇ ਤੇ ਸਵਾਰ ਹੋ ਕੇ ਮਾਰੀ ਚਾਬਕ ਤੇ ਘੋੜਾ ਝਰੋਖੇ ਦੀ ਥਾਣੀ ਭਜਾ ਲੈ ਗਈ।

*ਚੌਪਈ ॥ ਛੋਰਿ ਅਗਾਰਿ ਪਛਾਰਿ ਉਤਾਰੀ ॥ ਆਨਨ ਬਿਖੈ ਲਗਾਮੀ ਡਾਰੀ ॥*

*ਹ੍ਵੈ ਅਸਵਾਰ ਚਾਬੁਕਿਕ ਮਾਰਿਸਿ ॥ ਸ਼ਾਹੁ ਝਰੋਖਾ ਭਏ ਨਿਕਾਰਿਸਿ ॥੧੧॥*

*ਦੋਹਰਾ ॥ ਸ਼ਾਹ ਝਰੋਖਾ ਕੇ ਭਏ ਪਰੀ ਤੁਰੰਗ ਕੁਦਾਇ ॥*

*ਸ਼ੰਕਾ ਕਰੀ ਨ ਜਾਨ ਕੀ ਪਰੀ ਨਦੀ ਮੋ ਜਾਇ ॥੧੨॥*

*ਚੌਪਈ ॥ ਝਰਨਾ ਮਹਿ ਤੇ ਬਾਜ ਨਿਕਾਰਿਸਿ ॥ ਗਹਿਰੀ ਨਦੀ ਬਿਖੈ ਲੈ ਡਾਰਿਸਿ ॥*

*ਜਿਯ ਅਪਨੇ ਕਾ ਲੋਭ ਨ ਕਰਾ ॥ ਇਹ ਛਲ ਰਾਹੁ ਅਸ੍ਵ ਕਹ ਹਰਾ ॥੧੩॥* (ਦੋਇ ਸੌ ਛਯਾਲੀਸ ਚਰਿਤ੍ਰ ਪੰਨਾ ੧੧੬੪)

ਜਦ ਸ਼ੇਰ ਸ਼ਾਹ ਦਾ ਘੋੜਾ ਚੋਰੀ ਹੋ ਗਿਆ ਤਾਂ ਉਹ ਕਹਿੰਦਾ ਜੇਕਰ ਚੋਰ ਮੈਨੂੰ ਅਪਣੀ ਸ਼ਕਲ ਦਿਖਾ ਦੇਵੇ ੨੦ ਹਜ਼ਾਰ ਅਸ਼ਰਫੀ ਮੈਂ ਉਸ ਨੂੰ ਦੇਵਾਂ। ਉਸ ਨੇ ਕੁਰਾਨ ਦੀ ਸੌਂਹ ਖਾਧੀ। ਤਦ ਔਰਤ ਨੇ ਬਣਾ ਕੇ ਪੁਰਖ ਦਾ ਭੇਖ ਜਾ ਦਿੱਤਾ ਸ਼ੇਰ ਸ਼ਾਹ ਨੂੰ ਸਿਜਦਾ ਕਹਿੰਦੀ ਮੈਂ ਤੇਰਾ ਘੋੜਾ ਚੋਰੀ ਕੀਤਾ ਐ । ਜਦ ਸ਼ੇਰ ਸ਼ਾਹ ਨੇ ਉਸ ਨੂੰ ਤੱਕਿਆ ਤਾਂ ਸਾਰਾ ਗੁੱਸਾ ਮਿਟ ਗਿਆ । ਉਸ ਨੇ ੨੦ ਹਜ਼ਾਰ ਅਸ਼ਰਫੀ ਉਸ ਨੂੰ ਦੇ ਦਿੱਤੀ । ਉਹ ਕਹਿੰਦਾ ਕਿ ਹੁਣ ਤੂੰ ਮੈਨੂੰ ਦੱਸ ਬਈ ਘੋੜਾ ਕਿਵੇਂ ਚੋਰੀ ਕੀਤਾ ।

*ਦੋਹਰਾ ॥ ਹਸਿ ਹਜਰਤਿ ਐਸੇ ਕਹਾ ਸੁਨੁ ਤਸਕਰ ਸੁੰਦ੍ਰੰਗ ॥*

*ਸੋ ਬਿਧਿ ਕਹੋ ਬਨਾਇ ਮੁਹਿ ਕਿਹ ਬਿਧਿ ਹਰਾ ਤੁਰੰਗ ॥੧੯॥*(ਦੋਇ ਸੌ ਛਯਾਲੀਸ ਚਰਿਤ੍ਰ ਪੰਨਾ ੧੧੯੫)

ਜਦ ਔਰਤ ਨੇ ਇਹ ਸੁਣਿਆ ਤਾਂ ਕਹਿੰਦੀ ਮੈਂ ਮੋਹਰਾਂ ਰੱਖ ਕੇ ਮੇਖਾਂ ਲੈ ਆਵਾਂ । ਉਹ ਨਦੀ ਤੈਰ ਕੇ ਪਾਰ ਗਈ ਤੇ ਸ਼ਾਹਿ ਝਰੋਖੇ ਦੇ ਹੇਠਾਂ ਪਹੁੰਚ ਗਈ । ਜਦ ਘੜਿਆਲੀ ਘੰਟੀ ਵਜਾਉਂਦਾ ਉਹ ਮੇਖ ਠੋਕ ਦੇਂਦੀ । ਦਿਨ ਬੀਤਿਆ ਰਾਤ ਆਈ ਤੇ ਔਰਤ ਉਥੇ ਪਹੁੰਚ ਗਈ । ਦੂਜਾ ਘੋੜਾ ਵੀ ਲੈ ਕੇ ਨਦੀ ਵਿੱਚ ਜਾ ਕੁੱਦੀ ਤੇ ਸ਼ੇਰ ਸ਼ਾਹ ਨੂੰ ਕਹਿੰਦੀ ਮੈਂ ਇਵੇਂ ਪਹਿਲਾ ਘੋੜਾ ਚੋਰੀ ਕੀਤਾ ਹੈ ਤੇ ਅਪਣੇ ਮਿੱਤ੍ਰ ਨਾਲ ਸ਼ਾਦੀ ਕੀਤੀ ।

ਨੋਟ :- ਆਪ ਜੀ ਨੇ ਬਿਧੀ ਚੰਦ ਦੁਆਰਾ ਘੋੜੇ ਚੋਰੀ ਕਰਨ ਦੀ ਕਹਾਣੀ ਜਰੂਰ ਪੜ੍ਹੀ ਹੋਏਗੀ ਕਿਵੇਂ ਉਹ ਘਾਹੀ ਤੇ ਜੋਤਸ਼ੀ ਬਣਿਆ ਤੇ ਘੋੜੇ ਚੋਰੀ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਿੱਤੇ । ਇੱਥੇ ਇਕ ਔਰਤ ਨੇ ਘੋੜੇ ਚੋਰੀ ਕੀਤੇ ਉਹ ਵੀ ਸ਼ੇਰ ਸ਼ਾਹ ਸੂਰੀ ਦੇ । ਜੇਕਰ ਦੋਨੇ ਕਹਾਣੀਆਂ ਨੂੰ ਗਹੁ ਨਾਲ ਪੜ੍ਹੀਏ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਦਸਮ ਗ੍ਰੰਥ ਨਾਮੀ ਪੁਸਤਕ ਦੇ ਚੌਥੇ ਕਵੀ ਸ੍ਯਮ ਦੀ ਕਾਵਿ ਰਚਨਾ ਤੋਂ ਪ੍ਰਭਾਵਿਤ ਹੋ ਕੇ ਇਸ ਸਾਖੀ ਨੂੰ ਬਿਧੀ ਚੰਦ ਨਾਲ ਜੜ ਦਿੱਤਾ । ਗੁਰੂ ਦਾ ਸਿੱਖ ਕਦੇ ਚੋਰੀ ਨਹੀਂ ਕਰਦਾ ।ਪਰ ਇਕ ਖਾਸ ਮਨਸੂਬੇ ਨਾਲ ਸਾਖੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਨੱਥੀ ਕਰ ਕੇ ਇਹ ਦਰਸਾਣ ਦਾ ਕੋਝਾ ਯਤਨ ਕੀਤਾ ਗਿਆ ਹੈ ਕਿ ਸਿੱਖ ਤਾਂ ਚੋਰ ਉਚੱਕੇ ਸਨ । ਜੇ ਝੂਠ ਲੱਗੇ ਤਾਂ ਤੁਸੀਂ ਦਸਮ ਗ੍ਰੰਥ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਚੋਰਾਂ ਲੁਟੇਰਿਆਂ ਦਾ ਸਰਦਾਰ ਪੜ੍ਹ ਚੁੱਕੇ ਹੋ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਗੜੀਆਂ ਉਤਰਵਾ ਕੇ ਵੇਚਣ ਤੇ ਵੰਡਣ ਦੀ ਸਾਖੀ ਵੀ ਪੜ੍ਹੀ ਹੈ । ਪਾਉਂਟਾ ਸਾਹਿਬ ਦੀ ਪਰ ਸਾਡੇ ਵੱਡੇ ਪੁਜਾਰੀ-ਧਰਮ ਦੇ ਠੇਕੇਦਾਰ ਅਨੇਕਾਂ ਰਾਗੀ ਢਾਡੀ ਕਥਾ ਵਾਚਕ ਸੰਤ ਸਾਧ ਬ੍ਰਹਮ ਗਿਆਨੀ ਅਨੇਕਾਂ ਸਿੱਖ ਅਖਵਾਉਂਦੇ/ ਅਖਵਾਉਦੀਆਂ ਅਧਾਰਮਿਕ (ਧਾਰਮਿਕ) ਜਥੇਬੰਦੀਆਂ ਤੇ ਡੇਰੇ ਅਥਵਾ ਡੇਰੇਦਾਰ ਹਰ ਰੋਜ ਹੀ ਕਿੱਲ ਕਿੱਲ ਕੇ ਗੁਰੂ ਦਾ ਅਤੇ ਗੁਰਸਿੱਖਾਂ ਦਾ ਘੋਰ ਅਪਮਾਨ ਕਰੀਂ ਜਾ ਰਹੇ ਹਨ । ਪਰ ਅਸੀਂ ਝੂਠ ਸੁਣ ਸੁਣ ਕੇ ਤੇ ਬੇਇੱਜਤੀ ਕਰਵਾ ਕੇ ਅਪਣੇ ਖੀਸੇ ਤੋਂ ਅਪਣੇ ਬੱਚਿਆਂ ਦਾ ਪੇਟ ਚੀਰ ਚੀਰ ਧੰਨ ਤੇ ਪਦਾਰਥ ਦੇ ਕੇ ਉਨ੍ਹਾਂ ਨੂੰ ਹੋਰ ਵੱਡੇ ਤੋਂ ਵੱਡਾ ਝੂਠ ਬੋਲਣ ਦੀ ਹੱਲਾ ਸ਼ੇਰੀ ਦੇਈਂ ਜਾ ਰਹੇ ਹਾਂ । ਗੁਰੂ ਅਪਣੇ ਸਿੱਖਾਂ ਨੂੰ ਬਲ ਤੇ ਬੁੱਧੀ ਦਏ ਅਤੇ ਝੂਠ ਤੋਂ ਪਰਦਾ ਲਾਹੁਣ ਦੀ ਦਲੇਰੀ । ਬਾ ਹੋਸਿਆਰ-ਜਾਗਦੇ ਰਹਿਓ !

**ਬਾਪੂ ਨੇ ਵਿਆਹੀ ਸੀ ਮੈਂ ਨਾਲ ਤੇਰੇ ਰਾਹ ਵਿੱਚ ਮੈਨੂੰ ਪਸੰਦ ਹੋਰ ਆ ਗਿਆ** (ਦੋਇ ਸੌ ਸੈਂਤਾਲੀਸ ਪੰਨਾ ੧੧੯੫-੯੭)

ਪਾਤਰ : ਬੀਰ ਤਿਲਕ (ਨ੍ਰਿਪ), ਪੁਹਪ ਮੰਜਰੀ (ਨਾਰਿ), ਪੁਹਪ ਮੰਜਰੀ (ਨਾਰਿ) ਸ੍ਰੀ ਸੁਰਤਾਨ ਸਿੰਘ (ਪੁੱਤ) ਤੇ ਤਿਲਕ ਮੰਜਰੀ : ਰਾਜਾ ਤਿਲਕ ਦੀ ਰਾਣੀ ਮਾਨੋ ਪ੍ਰਤੱਖ ਕਾਮ ਦੀ ਦੇਵੀ (ਰਾਜੇ ਦੇ ਦੇਸ ਦਾ ਕਵੀ ਨੇ ਜ਼ਿਕਰ ਨਹੀਂ ਕੀਤਾ ਹੋ ਸਕਦਾ ਹੈ ਕਿ ਪਿਛਲੇ ਪੜ੍ਹੇ ਜਾ ਚੁੱਕੇ ਚਰਿੱਤ੍ਰ ੨੪੭ ਵਾਲਾ ਹੀ ਹੋਏ ਪਰ ਔਰਤ ਦਾ ਨਾਂ ਭਾਨ ਮੰਜਰੀ ਤੋਂ ਪੁਹਪ ਮੰਜਰੀ ਹੋ ਗਿਆ ਹੈ ਸ਼ਾਇਦ ਉਸ ਦੀ ਦੂਜੀ ਔਰਤ ਦਾ ਨਾਂ ਹੋਏ) ਨੇ ਇਕ ਪੁੱਤ ਸ੍ਰੀ ਸੁਰਤਾਨ ਸਿੰਘ ਜੰਮਿਆ ਬਿਲਕੁਲ ਇੰਦਰ ਦੇਵਤੇ ਵਰਗਾ ਸੋਹਣਾ । ਜਦ ਓਹ ਵੱਡਾ ਹੋਇਆ ਤਾਂ ਪਿਤਾ ਨੇ ਉਸ ਦਾ ਵਿਆਹ ਕਸ਼ਮੀਰ ਦੇ ਰਾਜੇ ਦੀ ਧੀ ਨਾਲ ਕਰਨ ਲਈ ਬਾਮ੍ਹਣ ਸੱਦ ਕੇ ਮੰਗਣੀ ਕਰ ਦਿੱਤੀ । ਵਿਆਹ ਵਾਲੇ ਦਿਨ ਬੜਾ ਧੰਨ ਬਸਤ੍ਰ ਤੇ ਭਾਂਡੇ ਦਿੱਤੇ । ਕੁੜੀਆਂ ਚਿੜੀਆਂ ਰਲ ਕੇ ਸੁਹਾਗ ਦੇ ਗੀਤ ਗਾਏ । ਬਾਮ੍ਹਣਾ ਨੂੰ ਬੜਾ ਦਾਨ ਕੀਤਾ । ਨੌਜੁਆਨਾ ਨੇ ਨੱਚ ਨੱਚ ਅਪਣੇ ਸ਼ੋਕ ਪੂਰੇ ਕੀਤੇ । ਕੁੜੀਆਂ ਚਿੜੀਆਂ ਨੇ ਸੁੰਦਰ ਬਸਤ੍ਰ ਪਹਿਨੇ-ਰਾਹਾਂ ਚ ਅਗਰ ਤੇ ਚੰਦਨ ਦਾ ਛਿੜਕਾਓ ਕੀਤਾ-ਘਰ ਦੇ ਦਰਵਾਜਿਆਂ ਨੂੰ ਸਜਾਇਆ-ਔਰਤਾਂ ਸੁਹਾਗ ਦੇ ਗੀਤ ਗਾਉਂਦੀਆਂ ਹੋਰ ਵੀ ਸੁੰਦਰ ਲਗਦੀਆਂ।ਘਰਦਿਆਂ ਨੇ ਅੱਗੇ ਹੋ ਕੇ ਬਰਾਤੀਆਂ ਦਾ ਸਵਾਗਤ ਕੀਤਾ ਤੇ ਅਨੇਕਾਂ ਢੰਗਾਂ ਨਾਲ ਵਡਿਆਈ ਕੀਤੀ। ਕਸ਼ਮੀਰ ਦੇ ਰਾਜੇ ਨੇ ਅਪਣੀ ਧੀ ਤਿਲਕ ਮੰਜਰੀ ਸੱਦੀ ਤੇ ਲਾੜੇ ਦੇ ਲੜ ਲਾ ਦਿੱਤੀ । ਬੜਾ ਦਾਜ ਦਿੱਤਾ । ਉਹ ਬਿਰਜਵਤੀ ਨਗਰ ਪੁੱਜੇ-ਉਥੋਂ ਦੇ ਸ਼ਾਹ ਦੇ ਘਰ ਉਤਰੇ-ਦੁਹਲਨ ਨੇ ਸ਼ਾਹ ਦੇ ਪੁੱਤ ਦਾ ਰੂਪ ਤੱਕਿਆ ਤਾਂ ਉਸ ਦੀ ਜਵਾਨੀ ਤੱਕ ਮਰ ਮਿਟੀ-ਉਸ ਦੇ ਤਨ ਦਾ ਹਰ ਅੰਗ ਕਾਮ ਵਿੱਚ ਜਾਗ ਪਿਆ । ਉਸ ਨੇ ਸ਼ਾਹ ਦਾ ਪੁੱਤ ਅਪਣੇ ਘਰ ਸੱਦਿਆ ਤੇ ਹੱਸ ਹੱਸ ਕੇ ਉਸ ਨਾਲ ਭੋਗ ਕੀਤਾ- ਕਈ ਪ੍ਰਕਾਰ ਦੇ ਚੁੰਬਨ ਤੇ ਆਸਣ ਦਿੱਤੇ ।

*ਚੌਪਈ ॥ ਬੋਲਿ ਲਿਯਾ ਤਾਕੋ ਅਪੁਨੇ ਘਰ ॥ ਰਤਿ ਮਾਨੀ ਤਾਸੌ ਹਸਿ ਹਸਿ ਕਰਿ ॥*
*ਅਲਿੰਗਨ ਚੁੰਬਨ ਬਹੁ ਲਏ ॥ ਬਿਬਿਧ ਬਿਧਨ ਸੌ ਆਸਨ ਦਏ ॥੧੪॥*

(ਦੋਇ ਸੌ ਸੈਂਤਾਲੀਸ ਪੰਨਾ ੧੧੯੬)

ਦੋਨੋ ਬਹਿਸ ਬਹਿਸ ਕੇ ਕਲੋਲਾਂ ਕਰਦੇ ਤੇ ਅਨੇਕਾਂ ਢੰਗਾਂ ਨਾਲ ਕੋਕ ਦੀ ਸਿੱਖਿਆ ਵਿਚਾਰਦਿਆਂ ਅਨੇਕਾਂ ਤਰ੍ਹਾਂ ਦੇ ਆਸਣ ਬਣਾਉਂਦੇ ਤੇ ਲਪਟਿ ਲਪਟਿ ਕੇ ਦੋਨੋ ਪਰਮ ਸੁੱਖ ਪ੍ਰਾਪਤ ਕਰਦੇ ਭੋਗ ਕਰਕੇ ਸੌਂ ਜਾਂਦੇ ਤੇ ਫਿਰ ਉਠ ਕੇ ਭੋਗ ਕਰਨ ਲਗ ਜਾਂਦੇ । ਅਨੇਕਾਂ ਪ੍ਰਕਾਰ ਦੀਆਂ ਗੱਲਾਂ ਕਰਦੇ । ਜਦ ਮੁਟਿਆਰ ਤੇ ਨੌਜੁਆਨ ਮਿਲ ਕੇ ਭੋਗ ਕਰਦੇ ਹਨ ਤਾਂ ਕੋਈ ਨਹੀਂ ਹਾਰਦਾ ਬੇਦ ਸਾਸਤ੍ਰ ਸਿੰਮ੍ਰਿਤ ਵੀ ਏਹੋ ਕਹਿੰਦੇ ਹਨ ।

*ਅੜਿੱਲ ॥ ਬਿਹਸਿ ਬਿਹਸਿ ਦੋਊ ਕੁਅਰ ਕਲੋਲਨ ਕੌ ਕਰੈ ॥ ਬਿਬਿਧ ਬਿਧਨ ਕੋਕਨ ਕੇ ਮਤ ਕੌ ਉਚਰੈ ॥*
*ਭਾਂਤਿ ਭਾਂਤਿ ਕੇ ਆਸਨ ਕਰਹਿ ਬਨਾਇਕੈ ॥ ਹੋ ਲਪਟਿ ਲਪਟਿ ਦੋਊ ਜਾਂਹਿ ਪਰਮ ਸੁਖ ਪਾਇਕੈ ॥੧੫॥*
*ਕੇਲ ਕਰਤ ਸ੍ਵੈ ਜਾਂਹਿ ਬਹੁਰਿ ਉਠਿ ਰਤਿ ਕਰੈ ॥ ਭਾਂਤਿ ਭਾਂਤਿ ਚਾਤੁਰਤਾ ਮੁਖ ਤੇ ਉਚਰੈ ॥*
*ਤਰੁਨ ਤਰੁਨਿ ਜਬ ਮਿਲੈ ਨ ਕੋਊ ਹਾਰਹੀ ॥ ਹੋ ਬੇਦ ਸ਼ਾਸਤ੍ਰ ਸਿੰਮ੍ਰਿਤਿ ਇਹ ਭਾਂਤਿ ਉਚਾਰਹੀ ॥੧੬॥*

(ਦੋਇ ਸੌ ਸੈਂਤਾਲੀਸ ਪੰਨਾ ੧੧੯੬-੯੭)

ਔਰਤ ਕਹਿੰਦੀ ਮੈ-ਨੀ-ਖਸਮ ਦੇ ਨਾਲ ਜਾਣਾ ਉਸ ਨੇ ਇਕ ਕੁੜੀ ਨੂੰ ਫੜ ਕੇ ਪਾਲਕੀ ਵਿੱਚ ਧੱਕ ਦਿਤਾ। ਸੂਰਜ ਛੁੱਪਿਆ-ਸਵੇਰ ਹੋਈ-ਰਾਜੇ ਦੇ ਪੁੱਤ ਨੂੰ ਇਸ ਗੱਲ ਦਾ ਭੇਦ ਨਾ ਲੱਗਾ ਕਿ ਉਹ ਅਪਣੀ ਔਰਤ ਨੂੰ ਛੱਡ ਕੇ ਕਿਸੇ ਹੋਰ ਕੁੜੀ ਨੂੰ ਲੈ ਕੇ ਜਾ ਰਿਹਾ ਹੈ ।

*ਦੋਹਰਾ ॥ ਰਾਜ ਕੁਅਰਿ ਸੁਤ ਸ਼ਾਹ ਕੇ ਸਦਨ ਰਹੀ ਸੁਖ ਪਾਇ ॥*
*ਘਾਲ ਪਾਲਕੀ ਧਾਇ ਕੀ ਦੁਹਿਤਾ ਦਈ ਪਠਾਇ ॥੨੦॥* (ਦੋਇ ਸੌ ਸੈਂਤਾਲੀਸ ਪੰਨਾ ੧੧੯੭)

ਨੋਟ :- ਦਸਮ ਗ੍ਰੰਥ ਦੀ ਇਹ ਅਨਮੋਲ ਸਿੱਖਿਆ ਸਿੱਖ ਧਰਮ ਦੇ ਮਹਾਨ ਮਹਾਨ ਪੁਜਾਰੀਆਂ ਦੀ ਅਪਾਰ ਕ੍ਰਿਪਾ ਨਾਲ ਧੀਆਂ ਭੈਣਾਂ ਲਈ ਉਨ੍ਹਾਂ ਥਾਲੀ ਪਰੋਸ ਕੇ ਦਿੱਤੀ ਹੈ। ਇਹ ਸਿੱਖਿਆ ਧੀਆਂ ਭੈਣਾਂ ਨੂੰ ਦੱਸਦੀ ਹੈ ਕਿ ਜੇਕਰ ਸੌਹਰੇ ਘਰ ਪੁੱਜਣ ਤੋਂ ਪਹਿਲਾਂ ਤੁਹਾਨੂੰ ਕੋਈ ਹੋਰ ਮੁੰਡਾ ਮਿਲ ਜਾਏ ਤਾਂ ਖਸਮ ਛੱਡ ਕੇ ਉਸ ਦੇ ਵੱਸ ਜਾਓ ਤੇ ਅਪਣੀ ਥਾਂ ਕਿਸੇ ਹੋਰ ਕੁੜੀ ਨੂੰ ਫੜ ਕੇ ਲਾੜੇ ਨਾਲ ਤੋਰ ਦਿਓ । ਸਾਡੇ ਪੁਜਾਰੀ ਇਸ ਤੋਂ ਵੱਧ ਹੋਰ ਕੀ ਸੁਗਾਤ ਦੇ ਸਕਦੇ ਹਨ ? ਕੰਨਿਆ ਦਾਨ ਦੇ ਦਸ ਪੈਸੇ ਤਾਂ ਦੇਣੋ ਰਹੇ। ਹਾਂ ਅਜਿਹੀਆਂ ਲੱਚਰ ਕਵਿਤਾਵਾਂ ਤੇ ਉਨ੍ਹਾਂ ਪਾਤਸ਼ਾਹੀ ੧੦ ਲਿਖ ਕੇ ਸਿੱਖ ਕੌਮ ਤੇ ਇਕ ਹੋਰ ਵੱਡਾ ਉਪਕਾਰ ਕੀਤਾ ਹੈ। ਜੇਕਰ ਪਾਤਸ਼ਾਹੀ ੧੦ ਨਾ ਲਿਖਦੇ ਤਾਂ ਉਨ੍ਹਾਂ ਦੀ ਦੁਕਾਨਦਾਰੀ ਨਹੀਂ ਸੀ ਚੱਲਣੀ । ਹੁਣ ਦਸੇਂ ਉਗਲਾਂ ਘੀ-ਚ-ਹਨ ਨਾਲੇ ਪੁੰਨ ਤੇ ਨਾਲੇ ਫਲੀਆਂ । ਅਖੰਡ ਪਾਠ ਤੇ ਸਹਿਜ ਪਾਠ ਕਰ ਕੇ ਉਹ ਵੱਡੀਆਂ ਰਕਮਾਂ ਤਾਂ ਬਟੋਰਦੇ ਹੀ ਹਨ ਨਾਲ ਹੀ ਸੋਹਣੀਆਂ ਕੁੜੀਆਂ ਨੂੰ ਉਹ ਤ੍ਰਿਯਾ ਚਰਿੱਤ੍ਰ ਦੀ ਮਹਾਂ ਪਵਿਤ੍ਰ (ਅਪਵਿਤ੍ਰ) ਬਾਣੀ ਪੜ੍ਹ ਕੇ ਸੁਣਾਉਂਦਿਆਂ ਅਪਣਾ ਕਾਮ ਦਾ ਝੱਸ ਵੀ ਪੂਰਾ ਕਰਦੇ ਹਨ । ਜੇ ਝੂਠ ਲੱਗੇ ਤਾਂ ਦਸਮ ਗ੍ਰੰਥ ਦੇ ਪਾਠੀ ਦਾ ਪਾਠ ਕਰਨ ਤੋਂ ਹਟਣ ਤੋਂ ਬਾਦ ਤੇੜ ਪਹਿਨਿਆ ਕਛੈਹਿਰਾ ਚੈਕ ਕਰ ਲੈਣਾ । ਗੁੱਸਾ ਨਾ ਖਾਇਓ, ਸੱਚ ਕੌੜਾ, ਤੁੰਬੇ ਵਰਗਾ ਕੌੜਾ ਹੁੰਦਾ ਹੈ ਪਰ ਜਿਹੜਾ ਇਸ ਨੂੰ ਹਜ਼ਮ ਕਰਦਾ ਹੈ ਉਸ ਦੇ ਅਨੇਕਾਂ ਰੋਗ ਸਣੇ ਕਿਟਾਣੂਆਂ ਦੇ ਮਾਰੇ ਜਾਂਦੇ ਹਨ । ਹਾਂ ਖ਼ਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

## ਇਲਾਕਾ : ਨਰਬਦਾ

(ਦੋਇ ਸੌ ਅਠਤਾਲੀਸ ਚਰਿਤ੍ਰ ਪੰਨਾ ੧੧੯੭-੯੮)

ਪਾਤਰ : ਚਿਤ੍ਰਰਥ (ਨ੍ਰਿਪਤ), ਚਿੱਤ੍ਰ ਮੰਜਰੀ (ਤ੍ਰਿਯਾ), ਚਿੱਤ੍ਰ ਕੇਤ (ਪੁੱਤ), ਬਚਿੱਤ੍ਰ ਧੁਜ (ਪੁੱਤ), ਸਸਿ ਧੁਜ (ਪੁੱਤ), ਰਵਿ ਧੁਜ (ਪੁੱਤ), ਨਵਲ ਸ਼ਾਹ ਤੇ ਸਸਿ ਆਭਾ ਵਤਿ (ਦੁਹਿਤਾ)

**ਚਾਰ ਕਤਲ ਕਰੋ ਤੇ ਚਾਰ ਸੰਦੂਕ ਅਸ਼ਰਫੀ ਘਰ ਲੈ ਜਾਓ :** ਨਰਬਦਾ ਨਦੀ ਦੇ ਰਾਜੇ ਚਿਤ੍ਰਰਥ ਦੀ ਖ਼ੂਬਸੂਰਤ ਰਾਣੀ ਚਿੱਤ੍ਰ ਮੰਜਰੀ ਨੇ ਚਾਰ ਸੁੰਦਰ ਪੁੱਤ ਚਿੱਤ੍ਰ ਕੇਤ, ਬਚਿੱਤ੍ਰ ਧੁਜ, ਸਸਿ ਧੁਜ ਤੇ ਰਵਿ ਧੁਜ ਜੰਮੇਂ । ਨਗਰ ਦੇ ਸ਼ਾਹ ਦੀ ਧੀ ਸਸਿ ਆਭਾ ਵਤਿ ਦਾ ਰੂਪ ਦੇਖ ਦੇਖ ਦੇਵਤੇ ਤੇ ਦੈਂਤ ਵੀ ਮੋਹੇ ਜਾਂਦੇ । ਰਾਜੇ ਦੇ ਚਾਰੋਂ ਪੁੱਤ ਵੀ ਓਹਦਾ ਹੁਸਨ ਦੇਖ ਦੇਖ ਰੀਝਦੇ ਰਹਿੰਦੇ । ਰਾਜੇ ਦੇ ਇਕ ਪੁੱਤ ਨੇ ਉਸ ਔਰਤ ਨਾਲ ਭੋਗ ਕੀਤਾ ਤੇ ਇਹ ਚਾਰੋਂ ਵੀ ਉਸ ਔਰਤ ਦੇ ਘਰ ਉਸ ਨੂੰ ਭੋਗਣ ਜਾ ਪੁੱਜੇ । ਉਸ ਔਰਤ ਨੇ ਚਾਰਾਂ ਨੂੰ ਵੱਖ ਵੱਖ ਚਿੱਠੀਆਂ ਲਿਖ ਕੇ ਬੁਲਾਇਆ ਤੇ ਕਿਸੇ ਨੂੰ ਭੇਦ ਨਾ ਜਿਤਾਇਆ । ਉਸ ਨੇ ਅਪਣੀ ਮਿਤ੍ਰ ਨੂੰ ਕਿਹਾ ਕਿ ਜਿਵੇਂ ਜਿਵੇਂ ਉਹ ਆਉਣ ਤਾਂ ਪੈਰ ਦੇ ਖੜਾਕ ਨਾਲ ਮੈਨੂੰ ਇਸ਼ਾਰਾ ਕਰ ਦੇਵੀਂ । ਉਹ ਆਇਆ ਤਾਂ ਚਾਰ ਸੰਦੂਕਾਂ ਵਿੱਚੋਂ ਇਕ ਵਿੱਚ ਬੰਦ ਕਰ ਦਿੱਤਾ-ਫਿਰ ਦੂਜਾ, ਤੀਜਾ ਤੇ ਚੌਥਾ । ਚਾਰੋਂ ਸੰਦੂਕ ਚੱਕ ਕੇ ਉਹ ਰਾਜੇ ਪਾਸ ਪੁੱਜੀ (ਪਤਾ ਨੀ ਚਾਰ ਸੰਦੂਕ ਇਕੱਲੀ ਨੇ ਚੁੱਕੇ ਜਾਂ ੨੦-੨੫ ਬੰਦਿਆਂ ਨੇ) ਉਸ ਨੇ ਚਾਰੋਂ ਸੰਦੂਕ ਰਾਜੇ ਤੇ ਵਾਰ ਕੇ ਨਦੀ ਵਿੱਚ ਸੁੱਟ ਦਿੱਤੇ (ਤੁਹਾਡੇ ਮਨ ਗਲ ਜਚੀ ਹੋਏ ਤਾਂ ਪਤਾ

ਨੀ ਪਰ ਮੈਨੂੰ ਬਿਲਕੁਲ ਨਹੀਂ ਜਚੀ ਐਂਵੇ ਗਪੌੜ ਲੱਗਦੀ ਐ) ਰਾਜਾ ਕਹਿੰਦਾ ਕਿ ਉਸ ਨੇ ਮੇਰੇ ਤੇ ਵਾਰ ਕੇ ਜਿਤਨਾ ਧੰਨ ਨਦੀ ਵਿੱਚ ਸੁੱਟਿਆ ਉਹ ਉਸ ਨੂੰ ਦੇ ਦਿਓ । ਉਸ ਨੂੰ ਚਾਰ ਸੰਦੂਕ ਅਸ਼ਰਫੀ ਦੇ ਦਿੱਤੀ । ਉਹ ਰਾਜੇ ਦੇ ਚਾਰੋਂ ਪੁੱਤਾਂ ਨੂੰ ਡੁਬੋ ਕੇ ਚਾਰ ਅਸ਼ਰਫੀ ਲੈ ਕੇ ਘਰ ਪਰਤੀ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਨੌਜਵਾਨ ਧੀ ਭੈਣ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਈ ਕਤਲ ਕਰਨ ਬਦਲੇ ਫਾਂਸੀ ਨਹੀਂ ਬਲਕਿ ਚਾਰ ਸੰਦੂਕ ਅਸ਼ਰਫੀ ਦੇ ਮਿਲਦੇ ਹਨ । ਕਹਿੰਦੇ ਬਈ ਪਾਤਸ਼ਾਹੀ ੧੦ ਨੇ ਇਹ ਸਿੱਖਿਆ ਆਪ ਲਿਖੀ ਹੈ । ਇਸ ਨੂੰ ਉਹ ਗੁਰਬਾਣੀ ਕਹਿੰਦੇ ਹਨ । ਲੱਗਦੈ ਉਨ੍ਹਾਂ ਗੁਰਬਾਣੀ ਦੇ ਕਦੇ ਦਰਸ਼ਨ ਕੀਤੇ ਈ-ਨੀ ਇਸੇ ਗੰਦ ਮੰਦ ਨੂੰ ਪੜ੍ਹਦਿਆਂ ਉਮਰ ਵਿਹਾ ਦਿੱਤੀ ਤੇ ਵਿਹਾ ਰਹੇ ਹਨ । ਰੱਬ ਖ਼ੈਰ ਕਰੇ ਤੇ ਸੁਮੱਤ ਦਏ । ਆਪ ਜੀ ਨੇ ਪੂਰੇ ਸਿਰੜ ਨਾਲ ਮਨ ਤੇ ਪੱਥਰ ਰੱਖ ਕੇ ਦਸਮ ਗ੍ਰੰਥ ਦਾ ਹੁਣ ਤੱਕ ਦਾ ਅਧਿਐਨ ਕੀਤਾ ਹੈ । ਆਪ ਜੀ ਦਾ ਧੰਨਵਾਦ । ਬਾ ਹੋਸਿਆਰ-ਜਾਗਦੇ ਰਹਿਓ !

ਨਗਰ : ਬਤਿਸੁ ਲੱਛਨ (ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੬੮-੭੦)

## ਤੇਰਾ ਰੂਪ ਤੱਕ ਕੇ ਮੈਂ ਸ਼ਰਾਬਣ ਹੋਈ

ਪਾਤਰ : ਸੈਨ ਸੁਲੱਛਨ (ਨ੍ਰਿਪ), ਮੰਜ੍ਰਿ ਬਿਚੱਛਨਿ (ਨਾਰਿ) ਤੇ ਬਿਤਨ ਕੇਤ (ਸੁਤ)

ਅਮਰਾਵਤੀ ਤੱਟ ਦੇ ਨਗਰ ਬਤਿਸੁ ਲੱਛਨ ਦੇ ਰਾਜਾ ਸੈਨ ਸੁਲੱਛਨ ਦੀ ਔਰਤ ਮੰਜ੍ਰਿ ਬਿਚੱਛਨਿ ਨੇ ਵਿਆਕਰਨ ਸਾਸਤ੍ਰ ਅਤੇ ਕੋਕ ਸਾਸਤ੍ਰ ਚੰਗੀ ਤਰ੍ਹਾਂ ਪੜ੍ਹੇ । ਵਿਆਕਰਨ ਦੁਆਰਾ ਕੋਕ ਸਾਸਤ੍ਰ ਪੜ੍ਹਨ ਕਰਕੇ ਉਸ ਦੀ ਬੜੀ-ਈ-ਸੋਭਾ । ਦੇਵਤੇ ਮਨੁੱਖ ਖੜੱਪੇ ਸੱਪ ਤੇ ਦੈਂਤਾਂ ਦਾ ਉਹ ਮਨ ਮੋਂਹਦੀ । ਉਥੇ ਇਕ ਸ਼ਾਹ ਦਾ ਪੁੱਤ ਬਿਤਨਕੇਤ ਬੜਾ-ਈ-ਸਨੁੱਖਾ ਜਣੋ ਉਸ ਨੇ ਕਾਮ ਦੇਵਤੇ ਦਾ ਅਵਤਾਰ ਧਾਰਿਆ ਹੋਏ । ਅੱਖਾਂ ਓਹਦੀਆਂ ਮਾਨੋ ਹਿਰਨ ਦੀਆਂ ਚੁਰਾਈਆਂ ਹੋਣ ਤੇ ਅਵਾਜ਼ ਕੋਇਲ ਵਰਗੀ ਮਿੱਠੀ । ਓਹਨੂੰ ਤੱਕ ਔਰਤ ਅਪਣੀ ਸੁੱਧ ਬੁੱਧ ਖੋ ਬੈਠੀ ਤੇ ਲੋਕ ਲਾਜ ਤੇ ਕੁੱਲ ਦੀ ਸ਼ਰਮ ਵੀ ਖੋ ਬੈਠੀ । ਔਰਤ ਨੇ ਉਸ ਨੂੰ ਬੁਲਾਇਆ ਤੇ ਅਨੇਕਾਂ ਤਰ੍ਹਾਂ ਦੇ ਖਾਣੇ ਖਾਣ ਨੂੰ ਦਿੱਤੇ । ਉਸ ਦਾ ਭੋਗ ਕਰਨ ਨੂੰ ਚਿੱਤ ਕਰਿਆ ਤਾਂ ਸ਼ਰਮ ਕੀਲੇ ਟੰਗ ਕੇ ਸਾਫ ਕਹਿ ਦਿੱਤਾ :-

*ਚੌਪਈ ॥ ਭੇਦਿ ਪਾਇ ਤ੍ਰਿਯ ਤਾਹਿ ਬੁਲਾਇਸਿ ॥ ਭਾਂਤਿ ਭਾਂਤਿ ਭੋਜਨਹਿ ਖਵਾਇਸਿ ॥*

*ਕੇਲ ਕਰਨ ਤਾਸੌ ਚਿਤ ਚਹਾ ॥ ਲਾਜਿ ਬਿਸਾਰਿ ਪ੍ਰਗਟ ਤਿਹ ਕਹਾ ॥੬॥* (ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੬੯)

ਬਿਤਨਕੇਤ ਨੇ ਜਦ ਇਹ ਸੁਣਿਆ ਤਾਂ ਉਸ ਨੇ ਅਪਣਾ ਨੱਕ ਚੜ੍ਹਾਉਂਦੇ ਹੋਏ ਸਾਫ ਮਨਾ ਕਰ ਦਿੱਤਾ । ਕਹਿੰਦਾ ਮੈਂ ਅਪਣੀ ਨਾਰਿ ਛੱਡ ਕੇ ਤੇਰੇ ਨਾਲ-ਨੀ-ਭੋਗ ਕਰਨਾ। ਤੂੰ ਜਿੰਨੇ ਮਰਜੀ ਲੱਛਣ ਕਰ ਤੇ ਹੋਰ ਉਪਾਅ ਮੈਂ ਨੀ ਅਪਣਾ ਧਰਮ ਛੱਡਣਾ। ਜਦ ਉਹ ਨਾ ਮੰਨਿਆ ਤਾਂ ਉਸ ਨੂੰ ਪਕੜ ਕੇ ਭੋਰੇ ਸੁੱਟ ਦਿੱਤਾ ਤੇ ਲੋਕਾਂ ਨੂੰ ਆਖ ਦਿੱਤਾ ਕਿ ਸ਼ਾਹ ਦਾ ਪੁੱਤ ਮਰ ਗਿਆ ਹੈ । ਉਸ ਨੇ ਹਾਰ ਸਿੰਗਾਰ ਕਰ ਕੇ ਮੁੜ ਮਿੰਨਤ ਤਰਲੇ ਕੀਤੇ, ਪੈਰੀਂ ਪਈ-ਹਾੜੇ ਕੱਢੇ ਪਰ ਕੰਬਖਤ ਟੱਸ ਤੋਂ ਮੱਸ ਨਾ ਹੋਇਆ ਸਗੋਂ ਔਰਤ ਦੀ ਬੇਇੱਜਤੀ ਕਰ ਦਿੱਤੀ :-

*ਅਧਿਕ ਜਤਨ ਰਾਨੀ ਕਰਿ ਹਾਰੀ ॥ ਪਾਇ ਪਰੀ ਲਾਤਨ ਜੜ ਮਾਰੀ ॥*

*ਚਲੁ ਕੂਕਰੀ ਨਿਲੱਜ ਮੂੜ ਮਤਿ ॥ ਕਾਮ ਭੋਗ ਚਾਹਤ ਮੋਸੋ ਕਤ ॥੧੪॥* (ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੬੯)

ਮੰਦੇ ਬੋਲ ਸੁਣਦਿਆਂ ਹੀ ਰਾਣੀ ਨੂੰ ਚੜ੍ਹਿਆ ਗੁੱਸਾ-ਭੇਜ ਕੇ ਸਖੀ ਬੁਲਾਇਆ ਖ਼ਸਮ ਕਹਿੰਦੀ ਜਿਹੜਾ ਅਪਣੇ ਸ਼ਾਹ ਦਾ ਪੁੱਤ ਮਰ ਗਿਆ ਤਾ-ਨਾ ਉਹ ਭੂਤ ਬਣ ਕੇ ਅਪਣੇ ਘਰ ਆ ਗਿਆ ਐ ਚੱਲ ਮੈਂ ਤੈਨੂੰ ਦਿਖਾਵਾਂ। ਖਸਮ ਕਹਿੰਦਾ ਬਿਨਾ ਦੇਰੀ ਏਹ ਨੂੰ ਜਲਾ ਕੇ ਧਰਤੀ ਚ ਗੱਡ ਦਿਓ ਬਸ ਹੁਕਮ ਦੀ ਦੇਰ ਸੀ, ਗੱਡਤਾ ਧਰਤੀ ਚ। ਕਵੀ ਕਹਿੰਦਾ ਕਦੇ ਔਰਤ ਨੂੰ ਦਿਲ ਨਾ ਦੇ ਦਿਓ ਪਰ ਔਰਤ ਦਾ ਚਿੱਤ ਹਮੇਸਾਂ ਚੋਰੀ ਕਰ ਕੇ ਰੱਖੋ । ਹਾਂ ਔਰਤ ਦਾ ਕਦੇ ਵਿਸ਼ਵਾਸ ਨਹੀਂ ਕਰਨਾ ਤੇ ਮਨ ਚ ਹਮੇਸਾਂ ਔਰਤ ਤੋਂ ਡਰ ਕੇ ਰਹਿਣਾ ।

*ਤਰੁਨਿਨ ਕਰ ਹਿਯਰੋ ਨਹਿ ਦੀਜੈ ॥ ਤਿਨ ਕੋ ਚੋਰਿ ਸਦਾ ਚਿਤ ਲੀਜੈ ॥*

*ਤ੍ਰਿਯ ਕੋ ਕਛੁ ਬਿਸ੍ਵਾਸ ਨ ਕਰਿਯੈ ॥ ਤ੍ਰਿਯ ਚਰਿੱਤ੍ਰ ਤੇ ਜਿਯ ਅਤਿ ਡਰਿਯੈ ॥੨੦॥*

(ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੭੦)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਮਨੁੱਖ ਨੂੰ ਉਪਦੇਸ ਦਿੰਦੀ ਹੈ ਕਿ ਔਰਤ ਦਾ ਭੁੱਲ ਕੇ ਵੀ ਭਰੋਸਾ ਨੀ ਖਾਣਾ । ਔਰਤ ਨੂੰ ਕਦੇ ਵੀ ਅਪਣਾ ਦਿਲ ਨੀ ਦੇਣਾ ਪਰ ਔਰਤ ਦਾ ਚਿੱਤ ਹਮੇਸਾਂ ਚੋਰੀ ਕਰਕੇ ਰੱਖਣਾ ਅਤੇ ਔਰਤ ਤੋਂ ਡਰ ਕੇ ਰਹਿਣਾ । ਔਰਤ ਨੂੰ ਉਪਦੇਸ ਦੇਂਦੀ ਹੈ ਕਿ ਜੇਕਰ ਪਸੰਦ ਆਇਆ ਬੰਦਾ ਭੋਗ ਕਰਨ ਨੂੰ ਰਾਜੀ ਨਾ ਹੋਏ ਤਾਂ ਜਿੰਦਾ ਜਲਾ ਦੇਣਾ ਤੇ ਲੋਕਾਂ ਨੂੰ ਆਖ ਦੇਣਾ ਭੂਤ ਜਲਾਇਆ ਐ । ਹੈ ਨਾ ਕਮਾਲ ਦੀ ਸਿੱਖਿਆ । ਵੱਡੇ ਪੁਜਾਰੀ ਦਾ ਧੰਨਵਾਦ ਜਰੂਰ ਕਰਿਓ ਕਿਉਂਕਿ ਬੜੀ ਮੇਹਨਤ ਨਾਲ ਉਨ੍ਹਾਂ ਇਹ ਲੱਭ ਕੇ ਇਸ ਕਿਤਾਬ ਵਿੱਚ ਫਿੱਟ

ਕੀਤੀ ਐ। ਹੁਣ ਪਤੀ ਤੇ ਪਤਨੀ ਦੇ ਪ੍ਰਸਪਰ ਪ੍ਰੇਮ ਸਬੰਧ ਜਾਂ ਦਿਲੀ ਪਿਆਰ ਦੇ ਰਿਸਤੇ ਖੇਰੂੰ ਖੇਰੂੰ ਹੋ ਜਾਣਗੇ। ਪੁਜਾਰੀਆਂ ਦੀ ਕਪਾਹ ਖਿੜੀ ਹੀ ਖਿੜੀ। ਪਤੈ ਕਿਉਂ? ਜਦ ਘਰ ਹਰ ਰੋਜ ਛਿੱਤਰ ਖੜਕੂ ਤਾਂ ਦੋਨੋ ਮੀਆਂ ਬੀਬੀ ਅਪਣੇ ਅਪਣੇ ਮਨ ਭਾਉਂਦੇ ਬਾਬੇ ਕੋਲ ਜਾਣਗੇ-ਉਹ ਕਈ ਟੋਟਕੜੇ ਦੱਸਣਗੇ-ਖੀਸੇ ਦੀ ਮਾਇਆ ਲੈਣਗੇ-ਆਪ ਮਰਸਡੀਜ਼ ਤੇ ਝੰਡੀ ਲਗਾ ਕੇ ਝੂਟੇ ਲੈਣਗੇ ਤੇ ਮਾਲਕ ਤੀਵੀਂ ਟੁੱਟੇ ਸਾਈਕਲ ਤੇ । ਬਾਬੇ ਵਾਸਨਾ ਛੱਡਦੇ ਪਕਵਾਨ ਖਾਣਗੇ ਜਦ ਕਿ ਇਨ੍ਹਾਂ ਦੇ ਬੱਚੇ ਤੇ ਖੁਦ ਆਪ ਲੱਸੀ ਦੇ ਘੁੱਟ ਲਈ ਵਿਲਕਣਗੇ । ਇਸ ਤੋਂ ਵੱਧ ਪੁਜਾਰੀ ਸਿੱਖ ਕੌਮ ਦਾ ਹੋਰ ਕੀ ਸਵਾਰ ਸਕਦੇ ਹਨ ? ਉਹ ਵੀ ਪਾਤਸ਼ਾਹੀ ੧੦ ਲਿਖ ਕੇ । ਹਰ ਰਚਨਾ ਤੇ ਪਾਤਸ਼ਾਹੀ ੧੦ ਲਿਖ ਦੇਣਾ ਕੋਈ ਖਾਲਾ ਜੀ ਦਾ ਬਾੜਾ ਐ । ਕੋਈ ਜਿਗਰੇ ਵਾਲਾ ਈ ਕਰ ਸਕਦੈ । ਪੁਜਾਰੀਆਂ ਤੋਂ ਵੱਡਾ ਜਿਗਰਾ ਹੋਰ ਕਿਸ ਦਾ ਹੋ ਸਕਦੈ ਪਾਥੀ ਜਿੱਡਾ ।ਬਾ ਹੋਸਿਆਰ-ਜਾਗਦੇ ਰਹਿਓ !

## ਨਗਰ : ਅਜਿਤਾਵਤੀ

(ਦੋਇ ਸੌ ਪਚਾਸ ਚਰਿਤ੍ਰ ਪੰਨਾ ੧੧੭੦-੭੧)

ਪਾਤਰ : ਅਜਿਤ ਸਿੰਘ (ਰਾਜਾ), ਅਜਿਤ ਮੰਜਰੀ (ਤ੍ਰਿਯਾ), ਭੁਜੰਗ ਮਤੀ (ਦੁਹਿਤਾ) ਤੇ ਬ੍ਰਿਖਭ ਧੁਜਿ (ਪੁੱਤ),

**ਉਠ ਓਏ ਸਿੰਘਾ ਨੀਂਦ ਤੋਂ ਜਾਗੁ ਓਏ ਲੁਟ ਲਿਆ ਵਿਰਸਾ ਤੇਰਾ ਲੁਟ ਲਿਆ ਇਤਿਹਾਸ ਓਏ** : ਅਮਰਾਵਤੀ ਨਗਰ ਦੇ ਰਾਜਾ ਅਜਿਤ ਸਿੰਘ ਦੀ ਰਾਣੀ ਅਜਿਤ ਮੰਜਰੀ ਨੇ ਮਨ ਕ੍ਰਮ ਤੇ ਬਚਨਾਂ ਨਾਲ ਓਹ ਵਸਿ ਕਰ ਰੱਖਿਆ ਸੀ । ਉਸ ਦੀ ਧੀ ਭੁਜੰਗ ਮਤੀ ਅੰਤਾਂ ਦੀ ਸੋਹਣੀ ਨੇ ਕੋਕ ਸ਼ਾਸਤ੍ਰ-ਵਿਆਕਰਨ ਤੇ ਸ਼ਾਸਤ੍ਰਾਂ ਨੂੰ ਚੰਗੀ ਤਰ੍ਹਾਂ ਪੜ੍ਹ ਰੱਖਿਆ ਸੀ । ਉੱਥੇ ਇਕ ਸ਼ਾਹ ਦੇ ਸੋਹਣੇ ਸੁਨੱਖੇ ਪੁੱਤ ਬ੍ਰਿਖਭ ਧੁਜਿ ਨੂੰ ਦੇਖ ਕੇ ਉਹ ਦੀਵਾਨੀ ਹੋ ਗਈ । ਉਸ ਨੇ ਅਪਣੀ ਇਕ ਸਹੇਲੀ ਨੂੰ ਬੁਲਾ ਕੇ ਦਿਲ ਦਾ ਭੇਦ ਸਮਝਾ ਕੇ ਉਸ ਪਾਸ ਭੇਜਿਆ । ਸਹੇਲੀ ਹਵਾ ਦੀ ਤਰ੍ਹਾਂ ਗਈ ਤੇ ਸਾਰੀ ਰਮਜ਼ ਸਮਝਾ ਕੇ ਦੋਨਾਂ ਦਾ ਮੇਲ ਜੋਲ ਕਰਾ ਦਿੱਤਾ ਤੇ ਫਿਰ :-

*ਉਠਿ ਸੁ ਕੁਅਰਿ ਤਿਨ ਲੀਨ ਗਰੇ ਸੌ ਲਾਇ ਕਰਿ ॥*
*ਅਲਿੰਗਨ ਕਰਿ ਚੁੰਬਨ ਹਰਖ ਉਪਜਾਇ ਕਰਿ ॥*
*ਭਾਂਤਿ ਭਾਂਤਿ ਤਿਹ ਭਜਾ ਪਰਮ ਰੁਚਿ ਮਾਨਿਕੈ ॥*
*ਹੋ ਪ੍ਰਾਨਨ ਤੇ ਪਯਾਰੋ ਸਜਨ ਪਹਿਚਾਨਕੈ ॥੭॥* (ਦੋਇ ਸੌ ਪਚਾਸ ਚਰਿਤ੍ਰ ਪੰਨਾ ੧੧੭੧)

ਕਲੋਲਾਂ ਕਰਦਿਆਂ ਤੇ ਉਸ ਦਾ ਪਿਓ ਆ ਗਿਆ । ਉਸ ਨੇ ਪਿਤਾ ਨੂੰ ਦੇਖ ਕੇ ਮੂੰਹ ਤੇ ਪਰਦਾ ਕਰਕੇ ਰੋਣਾ ਸੁਰੂ ਕਰ ਦਿੱਤਾ ਕਹਿੰਦੀ ਬੜੇ ਦਿਨਾਂ ਬਾਦ ਮਿਲੀ ਆਂ ਇਸੇ ਲਈ ਰੋਣਾਂ ਆ ਗਿਆ। ਜਦ ਤੋਂ ਸਸੁਰਾਲ (ਸੌਹਰੇ) ਗਈ ਆਂ ਓਦਣ ਤੋਂ ਹੁਣ ਆਈ ਆਂ । ਏਨੇ ਚਿਰ ਬਾਦ ਦੇਖ ਕੇ ਤੈਨੂੰ ਬਾਪੂ ਮੋਹ ਜਾਗ ਪਿਆ । ਅਜਿਤ ਸਿੰਘ ਨੇ ਜਦ ਇਹ ਸੁਣਿਆ ਤਾਂ ਰੋਂਦੀ ਧੀ ਨੂੰ ਗਲੇ ਲਗਾ ਕੇ ਚੁੱਪ ਕਰਾਇਆ । ਏਸੇ ਬਹਾਨੇ ਉਸ ਨੇ ਮਿਤ੍ਰ ਟ੍ਰਕਾ ਦਿੱਤਾ ।

ਨੋਟ :- ਜਿਵੇਂ ਆਪ ਜੀ ਪਿਛੇ ਵੀ ਪੜ੍ਹ ਚੁੱਕੇ ਹੋ ਕਿ ਕਿਵੇਂ ਇਕ ਖਾਸ ਸਾਜਿਸ ਨਾਲ ਸਿੱਖਾਂ (ਸਿੰਘਾਂ) ਨੂੰ ਜਲੀਲ ਕੀਤਾ ਗਿਆ ਹੈ ਤੇ ਅੱਗੇ ਹੋਰ ਵੀ ਸ਼ਰਮਨਾਕ ਕਥਾ ਕਹਾਣੀਆਂ ਘੜ੍ਹ ਕੇ ਉਨ੍ਹਾਂ ਨੂੰ ਕੱਖੋਂ ਹੌਲੇ ਕਰਨ ਦੀ ਕੋਸ਼ਿਸ ਕੀਤੀ ਗਈ ਹੈ । ਜਿਹੜੀਆਂ ਜਥੇਬੰਦੀਆਂ-ਸਿਆਸੀ ਲੋਕ ਸੰਤ ਸਾਧ ਜਾਂ ਬ੍ਰਹਮ ਗਿਆਨੀ ਤੇ ਪੁਜਾਰੀ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ/ਮੰਨਦੀਆਂ ਹਨ ਉਨ੍ਹਾਂ ਨੂੰ ਸ਼ਰਮੋਸ਼ਾਰ ਹੋਣਾ ਚਾਹੀਦਾ ਹੈ । ਪਤਾ ਨਹੀਂ ਉਨ੍ਹਾਂ ਦੇ ਪੱਲੇ ਅਣਖ ਨਾਂ ਦਾ ਸਬਦ ਹੈ ਜਾਂ ਨਹੀਂ ਵਰਨਾ ਇਤਨੀ ਬੇਇੱਜਤੀ ਜੇ ਗਲੀ ਦੇ ਕੁੱਤੇ ਦੀ ਹੋ ਜਾਏ ਓਹ ਵੀ ਮੁੜ ਮੁਹੱਲੇ ਨਹੀਂ ਬੜਦਾ । ਇਸ ਤੋਂ ਵੱਧ ਹੋਰ ਅਪਮਾਨ ਅਪਣਾ ਤੇ ਅਪਣੀ ਕੌਮ ਦਾ ਓਹ ਹੋਰ ਕੀ ਕਰਵਾ ਸਕਦੇ ਹਨ । ਕਹਿੰਦੇ ਕਿ ਇਸ ਦਾ ਪ੍ਰਕਾਸ਼ ਗੁਰਦੁਆਰਿਆਂ ਚ ਕਰੋ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਈ ਥਾਈ ਤਾਂ ਬੇਸ਼ਰਮਾਂ ਨੇ ਇਸ ਦਾ ਪ੍ਰਕਾਸ਼ ਕਰਨਾ ਵੀ ਸੁਰੂ ਕਰ ਦਿੱਤਾ ਹੈ । ਰੱਬ ਖ਼ੈਰ ਕਰੇ ਸਿੱਖ ਜੁਝਾਰੂ ਨੀਂਦ ਤੋਂ ਜਾਗ ਕੇ ਵਿਰਸਾ ਸੰਭਾਲਣ । ਜਾਗਦੇ ਰਹਿਓ !

## ਮਿਤ੍ਰ ਚੁੱਕ ਕੇ ਭੋਰੇ ਸੁੱਟੋ ਤੇ ਸਾਲ ਭਰ ਓਹਦੇ ਨਾਲ ਭੋਗ ਕਰੋ

(ਦੋਇ ਸੌ ਇਕਯਾਵਨ ਚਰਿਤ੍ਰ ਪੰਨਾ ੧੧੭੧-੭੨)

ਪਾਤਰ : ਬਿਕਟ ਕਰਨ (ਨ੍ਰਿਪ), ਸ੍ਰੀ ਮਕਰਾਛ ਕੁਅਰਿ (ਬਨਿਤਾ), ਸ੍ਰੀ ਜਲ ਜਾਛ (ਸੁਤਾ) ਤੇ ਕਲਪ ਬ੍ਰਿਛ ਧੁਜ (ਨ੍ਰਿਪ)

ਬਿਕਟ ਕਰਨ ਰਾਜੇ ਦੀ ਰਾਣੀ ਸ੍ਰੀ ਮਕਰਾਛ ਕੁਅਰਿ ਜਣੋ ਚੰਦ ਦਾ ਟੁਕੜਾ ਨੇ ਕੁੜੀ ਜੰਮੀ ਸ੍ਰੀ ਜਲ ਜਾਛ ਐਨੀ ਸੋਹਣੀ ਐਨੀ ਸੋਹਣੀ ਬਈ ਅਜਿਹੀ ਕੁੜੀ ਕੋਈ ਹੋਰ ਨਾ ਘੜ ਸਕਿਆ। ਉਸ ਨੇ ਕਲਪ ਬ੍ਰਿਛ ਨਾਂ ਦੇ ਰਾਜੇ ਨੂੰ ਦੇਖਿਆ ਤੇ ਦੀਵਾਨੀ ਹੋ ਗਈ। ਉਸ ਨੇ ਇਕ ਪ੍ਰੇਮ ਦੀ ਚਿੱਠੀ ਲਿਖੀ ਤੇ ਮਨ ਦੀ ਬ੍ਰਿਥਾ ਦੱਸੀ। ਮਿਤ੍ਰ ਨੂੰ ਡੋਰਾ (ਭੋਰਾ) ਚ ਸੁੱਟ ਦਿੱਤਾ ਤੇ ਕਿਸੇ ਨੂੰ ਭਿਣਕ ਨਾ ਪੈਣ ਦਿੱਤੀ। ਉਸ ਦੇ ਬਾਪ ਨੂੰ ਕਹਿੰਦੀ ਇਕ ਪਰੀ ਉਸ ਨੂੰ ਚੁੱਕ ਕੇ ਲੈ ਗਈ ਐ। ਬਾਪ ਰੋਇਆ ਪਿਟਿਆ। ਓਹ ਦੀ ਬਹੂ ਨੇ ਧਾਹਾਂ ਮਾਰੀਆਂ-ਪਿੰਡ ਨਦੀ ਨਾਲੇ ਸਭ ਲੱਭੇ ਪਰ ਬਿਅਰਥ।

ਉਸ ਨੇ ਇਕ ਸਾਲ ਅਪਣੇ ਕੋਲ ਰੱਖਿਆ ਤੇ ਅਨੇਕਾਂ ਢੰਗਾਂ ਨਾਲ ਭੋਗ ਕੀਤਾ । ਉਸ ਨੇ ਨਟ ਆਸਣ ਤੇ ਲਲਿਤਾ--ਸਨ ਬਣਾਏ ਤੇ ਮਿਤ੍ਰ ਨੇ ਔਰਤ ਨੂੰ ਆਸਣਾ ਨਾਲ ਭੋਗਿਆ। ਰਾਤ ਦਿਨ ਇਨ੍ਹਾਂ ਆਸਣਾ ਨਾਲ ਉਹ ਵਧੇਰੇ ਅਨੰਦ ਮਾਣਦੇ :-

*ਏਕ ਬਰਖ ਰਾਖਾ ਤਾਕੌ ਘਰ ॥ ਦੁਤਿਯ ਕਾਨ ਕਿਨਹੂੰ ਨ ਸੁਨਾ ਨਰ ॥*
*ਭਾਂਤਿ ਭਾਂਤਿ ਕੇ ਭੋਗਨ ਭਰੀ ॥ ਬਿਬਿਧ ਬਿਧਨ ਤਨ ਕ੍ਰੀੜਾ ਕਰੀ ॥੧੦॥*
*ਅੜਿੱਲ ॥ ਨਟ ਆਸਨ ਕਰਿ ਪ੍ਰਥਮ ਬਹੁਰਿ ਲਲਿਤਾਸਨ ਲੇਈ ॥*
*ਬਹੁਰਿ ਰੀਤਿ ਬਿਪਰੀਤਿ ਕਰੈ ਬਹੁ ਬਿਧਿ ਸੁਖ ਦੇਈ ॥*
*ਲਲਿਤਾਸਨ ਕੌ ਕਰਤ ਮਦਨ ਕੋ ਮਦ ਹਰਹਿ ॥*
*ਹੋ ਰਮਯੋ ਕਰਤ ਦਿਨ ਰੈਨਿ ਤ੍ਰਾਸ ਨ ਰੰਚ ਕਰਹਿ ॥੧੧*
*ਦੋਹਰਾ ॥ ਭਾਂਤਿ ਅਨਿਕ ਭਾਮਾ ਭਜਤ ਪਾਯੋ ਅਧਿਕ ਅਰਾਮੁ ॥*
*ਛਿਨ ਛਿਨ ਛਤਿਯਾ ਸੌ ਲਗੈ ਤਜਤ ਨ ਆਠੋ ਜਾਮ ॥੧੨॥* (ਦੋਇ ਸੌ ਇਕਯਾਵਨ ਚਰਿਤ੍ਰ ਪੰਨਾ ੧੧੭੨)

ਬਿਕਟ ਕਰਨ ਇਕ ਦਿਨ ਉਥੇ ਆਇਆ ਤਾਂ ਕਹਿੰਦੀ ਕਿ ਪਰੀ ਏਹਨੂੰ ਮੇਰੇ ਘਰ ਸੁੱਟ ਗਈ ਹੈ। ਉਸ ਨੂੰ ਆਦਮੀਆਂ ਨਾਲ ਉਸ ਦੇ ਘਰ ਪਹੁੰਚਾ ਦਿੱਤਾ ।

ਨੋਟ :- ਅਕਸਰ ਸਾਡੇ ਸਾਧਾਂ ਸੰਤਾਂ ਨੇ ਅਪਣੇ ਅਪਣੇ ਡੇਰਿਆਂ ਚ ਭੌਰੇ ਬਣਾ ਰੱਖੇ ਹਨ । ਉਹ ਰੱਬ ਦੀ ਭਗਤੀ ਲਈ ਨਹੀਂ ਬਲਕਿ ਸੁੰਦਰ ਔਰਤਾਂ ਭੋਗਣ ਲਈ ਹਨ । ਜਦ ਕੋਈ ਬਾਬਾ ਭੋਲੇ ਭਾਲੇ ਗੁਰਸਿੱਖਾਂ ਨੂੰ ਅਪਣੀ ਸੂਰਤ ਦਿਖਾਣ ਤੋਂ ਬਾਦ ਭੌਰੇ ਬੜਨ ਦਾ ਨਾਟਕ ਕਰਦਾ ਹੈ ਤਾਂ ਸਮਝੋ ਕਿ ਭੌਰੇ ਵਿੱਚ ਕੋਈ ਅਬਲਾ ਅਪਣੀ ਪੱਤ ਲੁਟਾ ਰਹੀ ਹੈ। ਜੇਕਰ ਝੂਠ ਲੱਗੇ ਤਾਂ ਚਾਰ ਦਿਨ ਭੌਰੇ ਦੀ ਨਿਗਰਾਨੀ ਕਰ ਕੇ ਜਾਂ ਪਹਿਰੇਦਾਰ ਤੇ ਸਖ਼ਤੀ ਕਰ ਕੇ ਸਹੀ ਜਾਣਕਾਰੀ ਮਿਲ ਜਾਂਦੀ ਹੈ । ਉਂਝ ਸਿੱਖ ਧਰਮ ਵਿੱਚ ਭੌਰੇ ਬੜ ਕੇ ਤਪੱਸਿਆ ਕਰਨੀ ਵਿਵਰਜਿਤ ਹੈ । ਜੇਕਰ ਕੋਈ ਅਜਿਹਾ ਨਾਟਕ ਕਰਦਾ ਹੈ ਤਾਂ ਉਹ ਗੁਰੂ ਦਾ ਕੱਚਾ ਪਿਲਾ ਸਿੱਖ ਵੀ ਨਹੀਂ ਹੈ । ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ (ਨਰ/ਨਾਰੀ) ਨੂੰ ਅਜਿਹਾ ਗੰਦਾ ਉਪਦੇਸ ਨਹੀਂ ਦੇ ਸਕਦੇ ਕਿ ਜੋ ਮਨੁੱਖ ਜਾਂ ਔਰਤ ਪਸੰਦ ਆਈ ਉਸ ਨੂੰ ਚੁੱਕ ਕੇ ਭੋਹਰੇ ਡੱਕ ਦਿਓ ਤੇ ਕੁਕਰਮ ਕਰੋ । ਜਿਹੜੇ ਇਸ ਦਸਮ ਗ੍ਰੰਥ ਦੀ ਹਮਾਇਤ ਕਰਦੇ ਹਨ ਉਹ ਅਸਲ ਵਿੱਚ ਕਾਮੀ ਪੁਰਖ ਹਨ ਜੋ ਧੀਆਂ ਭੈਣਾਂ ਦੀ ਇੱਜਤ ਨਾਲ ਖਿਲਵਾੜ ਕਰਦੇ ਹਨ। ਅਸੀਂ ਸਾਰੇ ਹੀ ਧੀਆਂ ਭੈਣਾਂ ਵਾਲੇ ਹਾਂ । ਇਸ ਵਿੱਚ ਧਰਮ ਦਾ ਸਵਾਲ ਨਹੀਂ । ਸਾਡਾ ਸਾਰਿਆਂ ਦਾ ਹੀ ਫ਼ਰਜ ਤੇ ਹੱਕ ਹੈ ਕਿ ਅਜਿਹੇ ਹੋ ਰਹੇ ਕੁਕਰਮਾਂ ਨੂੰ ਨੰਗਾ ਕਰ ਕੇ ਸੁਥਰੇ ਸਮਾਜ ਦੀ ਸਿਰਜਣਾ ਕੀਤੀ ਜਾਏ ਤਾਂ ਕਿ ਹਰ ਧੀ ਭੈਣ ਸਵੱਛ ਹਵਾ ਦਾ ਅਨੰਦ ਮਾਣ ਸਕੇ। ਅਪਣੀ ਕਾਮ ਪੂਰਤੀ ਲਈ ਪਾਤਸ਼ਾਹੀ ੧੦ ਲਿਖ ਕੇ ਪਬਲਿਕ ਨੂੰ ਅੰਨ੍ਹਾ ਨਹੀਂ ਬਣਾਇਆ ਜਾ ਸਕਦਾ ਤੇ ਨਾ ਹੀ ਮੂਰਖ। ਖ਼ਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

## ਤੇਰੇ ਇਸ਼ਕ ਚੜ੍ਹਾਇਆ ਪੀੜ੍ਹੀ ਮਿਲ ਕੇ ਕਲੋਲਾਂ ਕੀਤੀਆਂ (ਦੋਇ ਸੌ ਬਾਵਨੋ ਚਰਿਤ੍ਰ ਪੰਨਾ ੧੧੭੨-੭੪)

ਪਾਤਰ : ਹੰਸ ਧੁਜਾ (ਰਾਜਾ), ਸੁਖਦਮਤੀ (ਰਾਨੀ), ਸੁਖਮਤੀ (ਸੁਤਾ) ਤੇ ਨਾਗਰ ਕੁਅਰ (ਰਾਜਾ) : ਹੰਸ ਧੁਜ ਰਾਜੇ ਦੀ ਖ਼ੂਬਸੂਰਤ ਰਾਣੀ ਸੁਖਦਮਤੀ ਨੇ ਚੰਦ ਵਰਗੀ ਸੋਹਣੀ ਧੀ ਜੰਮੀ । ਜਦ ਓਹ ਜਵਾਨ ਹੋਈ ਉਸ ਦੇ ਘਰ ਨਗਰ ਦਾ ਰਾਜਾ ਨਾਗਰ ਕੁਅਰ ਸ਼ਿਕਾਰ ਖੇਡ ਕੇ ਵਾਪਸ ਪਰਤਣ ਤੇ ਘੋੜੇ ਸਮੇਤ ਆ ਪੁੱਜਾ। ਜਦ ਰਾਜ ਕੁਮਾਰੀ ਨੇ ਉਸ ਨੂੰ ਤੱਕਿਆ ਤਾਂ ਪਾਨ ਦੀ ਪੀਕ ਦੀ ਪਿਚਕਾਰੀ ਉਸ ਤੇ ਸੁੱਟ ਕੇ ਕਹਿੰਦੀ ਮੇਰੇ ਨਾਲ ਯਾਰੀ ਕਰੇਂਗਾ। ਨਾਗਰ ਕੁਅਰ ਨੇ ਪਲਟਿ ਕੇ ਦੇਖਿਆ ਤਾਂ ਓਹਦੇ ਰੂਪ ਵਿੱਚ ਉਲਝ ਗਿਆ। ਦੋਨਾਂ ਨੇ ਅੱਖਾਂ ਨਾਲ ਅੱਖਾਂ ਮਿਲਾਈਆਂ ਤੇ ਸਾਰੇ ਸ਼ੋਕ ਸੰਤਾਪ ਦੂਰ ਕੀਤੇ :-

*ਰਾਜ ਕੁਅਰਿ ਨਿਰਖਤਿ ਤਾਕੀ ਛਬਿ ॥ ਮਦ ਕਰਿ ਮੱਤ ਰਹੀ ਛਬਿ ਤਰ ਦਬਿ ॥*
*ਪਾਨ ਪੀਕ ਤਾਕੇ ਪਰ ਡਾਰੀ ॥ ਮੌਸੌ ਕਰੈ ਕੈਸਹੂੰ ਯਾਰੀ ॥੪॥*
*ਨਾਗਰ ਕੁਅਰ ਪਲਟਿ ਤਿਹ ਲਹਾ ॥ ਤਾਂਹਿ ਬਿਲੋਕ ਉਰਝਿ ਕਰਿ ਰਹਾ ॥*
*ਨੈਨਨ ਨੈਨ ਮਿਲੇ ਦੁਹੂੰਅਨ ਕੇ ॥ ਸ਼ੋਕ ਸੰਤਾਪ ਮਿਟੇ ਸਭ ਮਨ ਕੇ ॥੫॥*

(ਦੋਇ ਸੌ ਬਾਵਨੋ ਚਰਿਤ੍ਰ ਪੰਨਾ ੧੧੭੨-੭੩)

ਉਸ ਨੇ ਰੇਸ਼ਮ ਦੀ ਡੋਰਨਾਲ ਪੀੜ੍ਹੀ ਬੰਨ੍ਹ ਕੇ ਹੇਠਾਂ ਸੁੱਟੀ ਤੇ ਮਿਤ੍ਰ ਨੂੰ ਪੀੜ੍ਹੀ ਤੇ ਚੜ੍ਹਾ ਕੇ ਅਪਣੇ ਕੋਲ ਖਿੱਚ ਲਿਆ। ਜਦ ਉਸ ਨੂੰ ਅਪਣੇ ਧਾਮ ਚੜ੍ਹਾ ਲਿਆ ਤਾਂ ਮਨ ਭਾਉਂਦਾ ਭੋਗ ਕੀਤਾ। ਉਹ ਅਨੇਕਾਂ ਢੰਗਾਂ ਨਾਲ ਉਸ ਨੂੰ ਭੋਗਦੀ ਤੇ ਬਾਰ ਬਾਰ ਕਾਮ ਦੀ ਤ੍ਰਿਪਤੀ ਕਰਦੀ। ਉਸ ਨੇ ਮਦਨੋਦਿਤ ਆਸਣ ਬਣਾਇਆ ਤੇ ਮਿਤ੍ਰ ਨੇ ਭੋਗ ਕੀਤਾ ਫਿਰ ਉਸ ਨੇ ਲਲਿਤਾਸਨ ਬਣਾਇਆ ਤੇ ਅਨੇਕਾਂ ਬਾਰ ਮਿਤ੍ਰ ਨੇ ਭੋਗ ਕੀਤਾ । ਦੋਨਾਂ ਨੇ ਕੋਕ ਦੀ ਰੀਤਿ ਅਨੁਸਾਰ

ਪ੍ਰੀਤ ਕੀਤੀ। ਭਾਂਤਿ ਭਾਂਤਿ ਦੇ ਆਸਣ ਅਤੇ ਅਨੇਕਾਂ ਤਰ੍ਹਾਂ ਦੇ ਚੁੰਬਨ ਲਏ। ਨੌਜੁਆਨ ਤੇ ਮੁਟਿਆਰ ਇਸ ਰਸ ਦੇ ਅਨੰਦ ਵਿੱਚ ਭਿੱਜ ਗਏ।

*ਤੋਟਕ ਛੰਦ ॥ ਪਿਯ ਧਾਮ ਚੜ੍ਹਾਇ ਲਯੋ ਜਬਹੀ ॥ ਮਨ ਭਾਵਤ ਭੋਗ ਕਿਯਾ ਤਬ ਹੀ ॥*
*ਦੁਤਿ ਰੀਝਿ ਰਹੀ ਅਵਲੋਕਤਿ ਯੋ ॥ ਤ੍ਰਿਯ ਜੋਰਿ ਰਹੀ ਠੱਗ ਕੀ ਠੱਗ ਜਯੋਂ ॥੭॥*
*ਪੁਨਿ ਪੌਢਿ ਰਹੈਂ ਉਠਿ ਕੇਲ ਕਰੈਂ ॥ ਬਹੁ ਭਾਂਤਿ ਅਨੰਗ ਕੋ ਤਾਪ ਹਰੈਂ ॥*
*ਉਰ ਲਾਇ ਰਹੀ ਪਿਯ ਕੌ ਤ੍ਰਿਯ ਯੌ ॥ ਜਨੁ ਹਾਥ ਲਗੇ ਨਿਧਨ ਧਨ ਜਯੋਂ ॥੮॥*
*ਮਦਨੋਦਿਤ ਆਸਨ ਕੌ ਕਰਿਕੈ ॥ ਸਭ ਤਾਪ ਅਨੰਗਹਿ ਕੋ ਹਰਿਕੈ ॥*
*ਲਲਿਤਾਸਨ ਬਾਰ ਅਨੇਕ ਧਰੈਂ ॥ ਦੋਊ ਕੋਕ ਕੀ ਰੀਤਿ ਸੌ ਪ੍ਰੀਤਿ ਕਰੈਂ ॥੯॥*
*ਦੋਹਰਾ ॥ ਭਾਂਤਿ ਭਾਂਤਿ ਆਸਨ ਕਰੈਂ ਚੁੰਬਨ ਕਰਤ ਅਪਾਰ ॥*
*ਛੈਲ ਛੈਲਨੀ ਰਸ ਪਗੇ ਰਹੀ ਨ ਕਛੂ ਸੰਭਾਰ ॥੧੦॥*
*ਚੌਪਈ ॥ ਹਸਿ ਹਸਿ ਕੇਲ ਦੋਊ ਮਿਲਿ ਕਰੈਂ ॥ ਪਲਟਿ ਪਲਟਿ ਪ੍ਰਿਯ ਕੌ ਤ੍ਰਿਯ ਧਰੈਂ ॥*
*ਹੇਰਿ ਰੂਪ ਤਾਕੋ ਬਲਿ ਜਾਈ ॥ ਛੈਲਨਿ ਛੈਲ ਨ ਤਜਯੋ ਸੁਹਾਈ ॥*

(ਦੋਇ ਸੌ ਬਾਵਨੋ ਚਰਿਤ੍ਰ ਪੰਨਾ ੧੧੭੩)

ਤਦ ਓਹਦਾ ਪਿਓ ਆ ਗਿਆ ਤੇ ਓਹਨੂੰ ਦੇਖ ਕੇ ਬਹੁਤ ਦੁਖੀ ਹੋਈ। ਸੋਚਣ ਲੱਗੀ ਕਿ ਕਿਵੇਂ ਮੈਂ ਪਿਓ ਤੋਂ ਮਿਤ੍ਰ ਦਾ ਹੱਥ ਮੰਗ ਲਵਾਂ। ਉਹ ਪਿਤਾ ਨੂੰ ਕਹਿੰਦੀ ਕਿ ਇਕ ਰਾਜੇ ਨੇ ਬਿਜਿਯਾ (ਭੰਗ) ਖਾ ਲਈ ਤੇ ਸੁਰਤ ਖੋ ਬੈਠਾ ਤੇ ਅਪਣਾ ਘਰ ਜਾਣ ਕੇ ਸਾਡੇ ਘਰ ਆ ਘੁਸਿਆ। ਮੈਂ ਉਸ ਨੂੰ ਦੇਖ ਕੇ ਪਕੜ ਕੇ ਥੋਹੜਾ ਖਾਣਾ ਖਾਣ ਨੂੰ ਦਿੱਤਾ। ਹੁਣ ਤੁਸੀਂ ਉਸ ਨੂੰ ਰੱਖੋ ਜਾਂ ਮਾਰ ਦਿਓ। ਕਹਿੰਦਾ ਤੂੰ ਇਹਨੂੰ ਅਪਣਾ ਧਰਮ ਭਰਾ ਸਮਝ ਤੇ ਜੋ ਉਹ ਕਹਿੰਦਾ ਹੈ ਓਹੀ ਕਰ ਓਹਦਾ ਬੁਰਾ ਨਾ ਸੋਚ। ਰਾਜੇ ਨੇ ਉਸ ਨੂੰ ਅਪਣੇ ਪਾਸ ਸੱਦਿਆ ਤੇ ਅਪਣੀ ਧੀ ਉਸ ਨੂੰ ਦੇ ਦਿੱਤੀ। ਉਹ ਔਰਤ ਲੈ ਕੇ ਘਰ ਦੇ ਰਾਹ ਪਿਆ :-

ਨੋਟ :- ਇਹ ਪਿਛਲੇ ਚਰਿਤ੍ਰ ਵਾਲਾ ਹੀ ਕਵੀ ਹੈ ਜਿਸ ਨੇ ਔਰਤ ਨੂੰ ਭੋਗਣ ਲਈ ਨਟ ਆਸਣ ਅਤੇਲਲਿਤਾਸਨ ਕਰਨ ਦੀ ਪ੍ਰੇਰਨੀ ਦਿੱਤੀ ਸੀ ਤੇ ਹੁਣ ਨਵੇਂ ਆਸਣ ਮਦਨੋਦਿਤ ਨੂੰ ਲਲਿਤਾਸਨ ਨਾਲ ਮਿਲਾ ਕੇ ਭੋਗਣ ਦੀ ਪ੍ਰੇਰਣਾ ਦੇ ਰਿਹਾ ਹੈ। ਭਾਂਵੇ ਉਹ ਕਿਸੇ ਵੀ ਧਰਮ ਦਾ ਹੋਏ ਹਰ ਕਿਸੇ ਦੇ ਧੀ ਭੈਣ ਹੈ ਤੇ ਹਰ ਅਬਲਾ ਇਕ ਸਾਊ ਤੇ ਇੱਜਤਦਾਰ ਪਤੀ ਲੋੜਦੀ ਹੈ। ਜੇਕਰ ਪਤੀ ਅਪਣੀ ਔਰਤ ਨੂੰ ਇਕ ਖਿਡਾਉਣਾ ਬਣਾ ਕੇ ਭੋਗੇ ਤਾਂ ਇਸ ਤੋਂ ਸਖ਼ਤ ਸਜਾ ਕੋਈ ਪਤੀ ਅਪਣੀ ਪਤਨੀ ਨੂੰ ਨਹੀਂ ਦੇ ਸਕਦਾ ਫਿਰ ਇਹ ਆਸਣ ਤਾਂ ਬਿਨਾ ਅਭਿਆਸ ਦੇ ਤੇ ਭੋਗ ਦੇ ਅੱਧਾ ਮਿੰਟ ਵੀ ਔਰਤ ਲਈ ਕਰਨਾ ਮੁਸ਼ਕਿਲ ਹੈ ਤੇ ਜੇਕਰ ਪਤੀ ਇਸ ਹਾਲਤ ਚ ਉਸ ਔਰਤ ਤੇ ਸਵਾਰ ਹੋ ਜਾਏ ਤਾਂ ਔਰਤ ਦੁਆਰਾ ਹੰਢਾਈ ਜਾ ਰਹੀ ਤਕਲੀਫ ਨੂੰ ਰੱਬ ਅਤੇ ਔਰਤ ਹੀ ਜਾਣਦੀ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਗੁਰਸਿੱਖਾਂ ਨੂੰ ਸੰਭੋਗ ਕਰਨ ਦੇ ਤੌਰ ਤਰੀਕੇ ਦੱਸ ਗਏ ਹਨ ? ਗੁਰੂਆਂ ਅਤੇ ਭਗਤ ਜਨਾ ਨੇ ਤਾਂ ਕਾਮ ਤੇ ਕਾਬੂ ਪਾ ਕੇ ਰੱਬ ਨਾਲ ਚਿੱਤ ਜੋੜਨ ਦੀ ਗੱਲ ਆਖੀ ਹੈ। ਇਥੇ ਸਾਡੇ ਮਹਾਂ ਗੰਦੇ ਪੁਜਾਰੀ ਗੁਰੂ ਨੂੰ ਜਿਸ ਨੇ ਉਨ੍ਹਾਂ ਲਈ ਸਰਬੰਸ ਵਾਰਿਆ ਇਕ ਅਤਿ ਦਰਜੇ ਦਾ ਕਾਮੀ ਪੁਰਖ ਦਰਸਾ ਰਹੇ ਹਨ। ਕੀ ਧਰਮ ਦੇ ਠੇਕੇਦਾਰ ਇਸ ਗ੍ਰੰਥ ਨੂੰ ਅਪਣੀ ਰਹਿਤ ਮਰਿਯਾਦਾ ਨਲ ਮੇਲ ਕੇ ਸੰਗਤਾਂ ਨੂੰ ਸਪੱਸਟੀ ਕਰਣ ਦੇਣਗੇ ? ਕੀ ਉਹ ਭੋਗ ਕਰਦਿਆਂ ਇਨ੍ਹਾਂ ਆਸਣਾਂ ਦਾ ਇਸਤੇਮਾਲ ਕਰਦੇ ਹਨ ? ਇਹ ਹਰ ਔਰਤ ਦਾ ਹੱਕ ਰਾਖਵਾਂ ਹੈ ਕਿ ਧੌਂੜੀ ਦੀ ਜੁੱਤੀ ਦੀ ਨੋਕ ਤੇ ਦਸਮ ਗ੍ਰੰਥ ਦੇ ਪੁਜਾਰੀਆਂ ਤੋਂ ਉੱਤਰ ਲਏ ਅਤੇ ਸ਼ਰਮੋਸ਼ਾਰ ਕਰੇ। ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲਿਓ ਥੋਹੜੀ ਸ਼ਰਮ ਕਰੋ ਬਈ ਸ਼ਰਮ ਕਰੋ-ਸ਼ਰਮ ਕਰੋ ਬਈ ਸ਼ਰਮ ਕਰੋ।

ਪਾਤਰ :ਜੀਯੋ (ਛੱਤ੍ਰਾਨੀ) ਤੇ ਮਾਨਕ ਚੰਦ (ਖ਼ਸਮ) (ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੪-੭੬)

**ਮੂਤ ਨਾਲ ਦੀਵਾ ਜਗਾਣਾ ਸਿੱਖੋ** : ਜੀਯੋ ਨਾਮ ਦੀ ਛੱਤ੍ਰਾਨੀ ਦਾ ਖਸਮ ਮਾਨਿਕ ਚੰਦ ਇਕ ਜੱਟੀ ਨਾਲ ਰੰਗ ਰਲੀਆਂ ਮਨਾਉਂਦਾ। ਓਹਦਾ ਬੜਾ ਢਿੱਡ ਨਿਰਾ ਖੋਤਾ। ਉਹ ਲੋਕਾਂ ਤੋਂ ਸ਼ਰਮਾਉਂਦਾ ਮਾਰਿਆ ਉਹਨੂੰ ਕਦੇ ਘਰ ਨਾ ਲਿਆਉਂਦਾ ਇਸੇ ਲਈ ਉਸ ਨੂੰ ਕਿਸੇ ਹੋਰ ਪਿੰਡ ਰੱਖਿਆ। ਇਹ ਕੋਈ ਝੂਠ ਨਹੀਂ ਬਲਕਿ ਚੰਦ ਤੇ ਸੂਰਜ ਗਵਾਹ ਹਨ। ਬਿਨਾਂ ਕਿਸੇ ਸ਼ਰਮ ਦੇ ਘੋੜੇ ਦੀ ਤਰ੍ਹਾਂ ਉਹ ਉਸ ਪਾਸ ਜਾਂਦਾ। ਓਹਦੀ ਔਰਤ ਜੀਯੋ ਅਪਣੇ ਚਿੱਤ ਚ ਬੜੀ ਸੜਦੀ। ਉਸ ਨੇ ਇਕ ਤਰਖਾਣ ਨਾਲ ਯਾਰੀ ਗੰਢੀ ਤੇ ਪਿਆਰ ਦੇ ਹੁਲਾਰੇ ਲੈਣ ਲੱਗੀ। ਜਦ ਓਹਦਾ ਖਸਮ ਅਪਣੀ ਮਿਤ੍ਰ ਨੂੰ ਮਿਲਣ ਜਾਂਦਾ ਤਾਂ ਉਹ ਤਰਖਾਣ ਨੂੰ ਘਰ ਸੱਦ ਲੈਂਦੀ। ਇਕ ਦਿਨ ਉਸ ਨੇ ਸ਼ਰਤ ਨਨਦ ਨਾਲ ਹੱਸ ਕੇ ਲਾ ਲਈ ਕਿ ਖਸਮ ਦੇਖਦੇ ਮੈਂ ਭੋਗ ਕਰਾਂਗੀ ਤੇ ਉਸ ਤੋਂ ਬ੍ਰਹਮ ਭੋਜ ਕਰਵਾਵਾਂਗੀ। ਜੇ ਇਹ ਮੈਂ ਕਰ

ਕੇ ਦਿਖਾ ਦਿੱਤਾ ਤਾਂ ਤੂੰ ਜਾਣੀ ਬਈ ਮੈਂ ਜਿਯੋਮਤੀ ਹਾਂ । ਜਦ ਪਤੀ ਕਿਤੇ ਹੋਰ ਚਲੇ ਗਿਆ ਤਾਂ ਉਸ ਨੇ ਤਰਖਾਣ ਸੱਦਿਆ ਤੇ ਉਸ ਨਾਲ ਕਾਮ ਭੋਗ ਕੀਤਾ ।

*ਯੌ ਕਹਿ ਬਚਨਨ ਬਹੁਰਿ ਉਚਾਰਾ ॥ ਪਤਿ ਗਯੋ ਜਬਹੀ ਅਨਤ ਨਿਹਾਰਾ ॥*
*ਤਬ ਬਾਢੀ ਤਿਹ ਬੋਲਿ ਪਠਾਯੋ ॥ ਕਾਮ ਭੋਗ ਤਿਹ ਸੰਗ ਕਮਾਯੋ ॥੮॥*

(ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੪)

ਜਦ ਉਹ ਜੱਟੀ ਨੂੰ ਭੋਗ ਕੇ ਘਰ ਆਇਆ ਤਾਂ ਅਪਣੀ ਔਰਤ ਨੂੰ ਕਿਸੇ ਹੋਰ ਮਰਦ ਨਾਲ ਭੋਗ ਕਰਦਿਆਂ ਤੱਕ ਕੇ ਬੜਾ ਗੁੱਸਾ ਖਾਧਾ ਤੇ ਕ੍ਰਿਪਾਨ ਕੱਢ ਕੇ ਵਾਰ ਕਰਨ ਲੱਗਾ ਤਾਂ ਸਹੇਲੀ ਨੇ ਉਸ ਦਾ ਹੱਥ ਪਕੜ ਲਿਆ । ਯਾਰ ਨੇ ਉੱਠ ਕੇ ਉਸ ਦੇ ਇਕ ਲੱਤ ਮਾਰੀ ਜਿਸ ਨਾਲ ਉਹ ਫੁੜਕ ਕੇ ਧਰਤੀ ਤੇ ਜਾ ਡਿੱਗਾ। ਉਹ ਕੁੱਝ ਦੇਰ ਨਾ ਉੱਠਿਆ ਤੇ ਮਿਤ੍ਰ ਭੱਜ ਗਿਆ ਜਦ ਮੂਰਖ ਉਠਿਆ ਤਾਂ ਔਰਤ ਪੈਰੀਂ ਪੈ ਗਈ ਕਹਿੰਦੀ ਜੇ ਮੈਂ ਕਸੂਰਵਾਰ ਹਾਂ ਤਾਂ ਕ੍ਰਿਪਾਨ ਨਾਲ ਮੇਰਾ ਕਤਲ ਕਰ ਦਿਓ ਮੈਂ ਬੇਕਸੂਰ ਹਾਂ । ਜਿਸ ਨੇ ਨਿਡਰ ਹੋ ਕੇ ਤੈਨੂੰ ਲੱਤ ਮਾਰੀ ਤੇ ਤੂੰ ਲੋਟਣੀਆਂ ਖਾ ਕੇ ਧਰਤੀ ਤੇ ਜਾ ਡਿੱਗਾ ਉਸ ਅੱਗੇ ਮੇਰਾ ਕੀ ਜੋਰ।

*ਦੋਹਰਾ ॥ ਜੋ ਨਰ ਤੁਮ ਤੇ ਨਾ ਡਰਾ ਲਾਤਨ ਕਿਯਾ ਪ੍ਰਹਾਰ ॥*
*ਤਾਕੇ ਆਗੇ ਹੇਰੁ ਮੈਂ ਕਹਾ ਬਿਚਾਰੀ ਨਾਰਿ ॥੧੩॥* (ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੫)

ਜਦ ਉਸ ਨੇ ਮੇਰਾ ਰੂਪ ਦੇਖਿਆ ਓਹ ਕਾਮੀ ਹੋ ਗਿਆ ਤੇ ਜਬਰਦਸਤੀ ਪਕੜ ਕੇ ਜੋਰ ਨਾਲ ਮੈਨੂੰ ਅਪਣੇ ਪੱਟਾਂ ਥੱਲੇ ਲੈ ਲਿਆ। ਮੇਰਾ ਧਰਮ ਤੂੰ ਬਚਾ ਲਿਆ ਹੈ ਤੂੰ ਮੌਕੇ ਤੇ ਪੁੱਜ ਗਿਆ ਵਰਨਾ ਉਹ ਮੈਨੂੰ ਭੋਗ ਕੇ ਭੱਜ ਜਾਂਦਾ। ਹੁਣ ਤੂੰ ਮੇਰੀ ਪ੍ਰੀਖਿਆ ਲੈ ਕੇ ਅਪਣਾ ਭਰਮ ਦੂਰ ਕਰ ਸਕਦਾ ਹੈਂ । ਜੇ ਤੂੰ ਮੂਤ ਦਾ ਦੀਵਾ ਜਲਦਾ ਦੇਖ ਲਏਂ ਤਾਂ ਤੂੰ ਹੱਸਿ ਹੱਸਿ ਕੇ ਮੇਰੇ ਨਾਲ ਭੋਗ ਕਰ ਸਕਦਾ ਹੈਂ। ਇਕ ਭਾਂਡੇ ਵਿੱਚ ਤੇਲ ਰੱਖ ਕੇ ਆਈ ਤਾਂ ਖਸਮ ਨੇ ਉਸ ਵਿੱਚ ਮੂਤ ਕਰ ਦਿੱਤਾ। ਉਹ ਬਹੁਤਾ ਪਿਆਬ ਕਰਨ ਤੇ ਚਿਤ ਚ ਬੜਾ ਡਰਿਆ। ਮੂਤ ਨਾਲ ਸਾਰਾ ਭਾਂਡਾ ਭਰ ਕੇ ਉਛਲ ਗਿਆ ਤੇ ਜ਼ਮੀਨ ਤੇ ਡਿੱਗ ਗਿਆ। ਔਰਤ ਨੇ ਉਸੇ ਭਾਂਡੇ ਵਿੱਚ ਪਏ ਤੇਲ ਨਾਲ ਦੀਵਾ ਜਗਾ ਦਿੱਤਾ ਜਿਸ ਨੂੰ ਉਸ ਦੇ ਪਤੀ ਨੇ ਪਿਸ਼ਾਬ ਸਮਝਿਆ ਸੀ। ਉਹ ਭੇਦ ਅਭੇਦ ਨਾ ਜਾਣ ਸਕਿਆ ਅਪਣੀ ਔਰਤ ਨੂੰ ਪਤੀ ਬਰਤਾ ਜਾਣ ਲਿਆ। ਕਹਿੰਦਾ ਤੂੰ ਮੂਤ ਦਾ ਦੀਵਾ ਜਗਾ ਕੇ ਚਮਤਕਾਰ ਦਿਖਾ ਦਿੱਤਾ ਹੈ। ਉਹ ਗਲ ਚ ਪੱਲੂ ਪਾ ਕੇ ਚਾਰ ਘੜੀ ਔਰਤ ਅੱਗੇ ਨੱਕ ਰਗੜਦਾ ਰਿਹਾ। ਇਕ ਬੰਦੇ ਨੇ ਇਹ ਚਰਿੱਤ੍ਰ ਖੁਦ ਅੱਖੀਂ ਦੇਖਿਆ ਜਿਸ ਨੂੰ ਅੱਜ ਅਸੀਂ ਸੱਚ ਸੱਚ ਕਹਿ ਦਿੱਤਾ ਹੈ ।

*ਦੋਹਰਾ ॥ ਏਕ ਰਿਸਾਲੂ ਨਿਰਖਯੋ ਆਂਖਿਨ ਐਸ ਚਰਿੱਤ੍ਰ ॥*
*ਕੈ ਹਮ ਆਜੁ ਬਿਲੋਕਯੋ ਸਾਚ ਕਹਤ ਤ੍ਰਿਯ ਮਿੱਤ੍ਰ ॥੨੨॥* (ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੫)

ਔਰਤ ਕਹਿੰਦੀ ਚੰਗਾ ਹੁਣ ਤੂੰ ਬਾਮ੍ਹਣ ਨੂੰ ਬ੍ਰਹਮ ਭੋਜ ਖੁਆ ਤੇ ਫਿਰ ਮੇਰੀ ਸੇਜ ਤੇ ਆਉਣਾ । ਜਿਵੇਂ ਔਰਤ ਕਿਹਾ ਉਹ ਉਵੇਂ ਹੀ ਕੀਤਾ। ਇਉਂ ਔਰਤ ਨੇ ਨਨਦ ਤੋਂ ਸ਼ਰਤ ਜਿੱਤ ਲਈ।

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਪਵਿਤ੍ਰ (ਅਪਵਿਤ੍ਰ) ਸਿੱਖਿਆਵਾਂ ਪੜ੍ਹ ਰਹੇ ਹੋ। ਇਹ ਸਿੱਖਿਆ ਵੀ ਧੀ ਭੈਣ ਲਈ ਖਾਸ ਤੌਰ ਤੇ ਸੁਗਾਤ ਵੱਜੋਂ ਲਿਖੀ ਗਈ ਹੈ ਕਿ ਕਿਵੇਂ ਮੂਤ ਦਾ ਦੀਵਾ ਜਲਾ ਕੇ ਖਸਮ ਨੂੰ ਭਰਮਾਇਆ ਜਾ ਸਕਦਾ ਹੈ। ਪੁਜਾਰੀਆਂ ਅਤੇ ਸੰਤਾਂ ਸਾਧਾਂ ਬ੍ਰਹਮ ਗਿਆਨੀਆਂ ਦਾ ਧੰਨਵਾਦ ਕਰਨਾ ਨਾ ਭੁੱਲਿਓ ਦੇਖੋ ਨਾ ਕਿੰਨੇ ਸੁੰਦਰ ਪ੍ਰਵਚਨ ਉਨ੍ਹਾਂ ਇਕੱਤ੍ਰ ਕਰ ਕੇ ਸੰਪਾਦਨ ਕੀਤੇ ਹਨ ਓਹ ਵੀ ਸਿੱਖ ਕੌਮ ਲਈ। ਕਹਿੰਦੇ ਦਸਮ ਗ੍ਰੰਥ ਦੀ ਗੱਲ ਨਾ ਕਰਿਓ ਪੰਥ ਚੋਂ ਛੇਦ ਦੇਵਾਂਗੇ । ਬੜੇ ਉਜੱਡ ਤੇ ਬੇਸ਼ਰਮ । ਜਿਹੜੇ ਆਪ ਹੀ ਸਿੱਖ ਪੰਥ ਚੋਂ ਛੇਕੇ ਹੋਏ ਹਨ-ਜਿਹੜੇ ਆਪ ਹੀ ਗੁਰੂ ਦਾ ਸਤਿਕਾਰ ਨਹੀਂ ਕਰਦੇ-ਜਿਹੜੇ ਅਪਣੇ ਹੀ ਗੁਰੂ ਨੂੰ ਚੋਰ ਲੁਟੇਰਾ ਤੇ ਵੇਸਵਾਗਾਮੀ ਆਖਦੇ ਹਨ ਉਹ ਪੂਰਣ ਗੁਰਸਿੱਖਾਂ ਨੂੰ ਛੇਕਣਗੇ ? ਉਲਟਾ ਚੋਰ ਕੋਤਵਾਲ ਕੋ ਡਾਂਟੇ ਕੌਣ ਤਨਖਾਹੀਆ ਹੈ ਤੇ ਕਿਸ ਨੂੰ ਪੰਥ ਚੋਂ ਛੇਕਣਾ ਹੈ ਦਾ ਫੈਸਲਾ ਪੁਜਾਰੀਆਂ ਨੇ ਨਹੀਂ ਗੁਰੂ ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨੇ ਕਰਨਾ ਹੈ । ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਹੀ ਨਹੀਂ ਮੰਨਦੇ ਉਹ ਕਿਸੇ ਨੂੰ ਛੇਕਣ ਦਾ ਹੱਕ ਨਹੀਂ ਰੱਖਦੇ। ਬਾ ਹੋਸਿਆਰ ਖ਼ਬਰਦਾਰ -ਜਾਗਦੇ ਰਹਿਓ !

ਪਾਤਰ : ਪਤ੍ਰ ਕਲਾ (ਬੇਸ੍ਵਾ), ਬਿਸ਼ਨਕੇਤ (ਰਾਇ) ਤੇ ਬਿਸਨ ਮਤੀ (ਦੋਇ ਸੌ ਚੌਅਨ ਚਰਿਤ੍ਰ ਪੰਨਾ ੧੧੭੬-੭੭)

**ਖਸਮ ਦਾ ਕਤਲ ਕਰਨਾ ਸਿੱਖੋ** : ਬਿਸਨਕੇਤ ਰਾਜਾ ਅੰਤਾਂ ਦੀ ਸੋਹਣੀ ਬੇਸ੍ਵਾ ਪਾਤ੍ਰਕਲਾ ਨੂੰ ਰੰਭਾ ਦੇ ਹੁਸਨ ਤੋਂ ਵੀ ਵੱਧ ਸਮਝਦਾ ਤੇ ਉਸ ਨਾਲ ਭੋਗ ਕਰਦਾ ਪਰ ਅਪਣੀ ਰਾਣੀ ਬਿਸਨਮਤੀ ਦੇ ਕੋਲ ਭੁੱਲ ਕੇ ਵੀ ਨਾ ਜਾਂਦਾ । ਰਾਣੀ ਨੇ ਬਹੁਤਾ ਧੰਨ ਦੇ ਕੇ ਸਹੇਲੀ ਨੂੰ ਬੇਸ੍ਵਾ ਦੇ ਕੋਲ ਭੇਜਿਆ ਕਿ ਤੂੰ ਬਿਸਨਕੇਤ ਰਾਜੇ ਦਾ ਕਤਲ ਕਰਦੇ। ਓਹਦੀ ਗੱਲ ਸੁਣ ਕੇ ਬੇਸ੍ਵਾ ਚੁੱਪ ਕਰ ਗਈ। ਧੰਨ ਸਰਾਫ ਦੇ ਘਰ ਰੱਖ ਦਿੱਤਾ ਕਿ ਕੰਮ ਹੋ ਜਾਣ ਤੋਂ ਬਾਦ ਮੈਨੂੰ ਦੇਣਾ। ਦਿਨ ਬੀਤਿਆ

ਰਾਤ ਆਈ-ਰਾਜੇ ਨੇ ਬੇਸ੍ਵਾ ਨੂੰ ਅਪਣੇ ਪਾਸ ਸੱਦਿਆ। ਉਸ ਨੇ ਸੁੰਦਰ ਕੱਪੜੇ ਪਹਿਨੇ ਤੇ ਅਨੇਕਾਂ ਢੰਗਾਂ ਨਾਲ ਰਾਜੇ ਨੂੰ ਰਿਝਾਇਆ । ਉਸ ਨੇ ਅਨੇਕਾਂ ਢੰਗਾਂ ਨਾਲ ਰਾਜੇ ਨਾਲ ਕਲੋਲਾਂ ਕੀਤੀਆਂ ਤੇ ਜਦ ਰਾਜਾ ਸੌਂ ਗਿਆ ਤਾਂ ਅੱਧੀ ਰਾਤ ਨੂੰ ਉੱਠ ਕੇ ਕਟਾਰ ਨਾਲ ਰਾਜੇ ਦਾ ਕਤਲ ਕਰ ਦਿੱਤਾ । ਕਹਿੰਦੀ ਕੋਈ ਚੋਰ ਰਾਜੇ ਨੂੰ ਕਤਲ ਕਰ ਗਿਆ । ਲੋਕਾਂ ਨੇ ਮਰਿਆ ਰਾਜਾ ਦੇਖਿਆ । ਰਾਣੀ ਆਈ ਤੇ ਉਸੇ ਕਟਾਰੀ ਨਾਲ ਬੇਸ੍ਵਾ ਦਾ ਢਿੱਡ ਫਾੜ ਦਿੱਤਾ । ਜਦ ਉਹ ਅਪਣੇ ਆਪ ਨੂੰ ਮਾਰਨ ਲੱਗੀ ਤਾਂ ਸਹੇਲੀ ਨੇ ਹੱਥ ਪਕੜ ਲਿਆ ।

*ਚੌਪਈ ॥ ਪ੍ਰਥਮ ਮਾਰਿ ਪਤਿ ਪੁਨਿ ਤਿਹ ਮਾਰਾ ॥ ਭੇਦ ਅਭੇਦ ਕਿਨੂੰ ਨ ਬਿਚਾਰਾ ॥*
*ਰਾਜ ਪੁਤ੍ਰ ਅਪਨੇ ਕੋ ਦੀਨਾ ॥ ਐਸੋ ਚਰਿਤ ਚੰਚਲਾ ਕੀਨਾ ॥੧੨॥* (ਦੋ ਸੌ ਚੌਅਨ ਚਰਿਤ੍ਰ ਪੰਨਾ ੧੧੭੭)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਹਰ ਧੀ ਭੈਣ ਨੂੰ ਅਪਣੇ ਖਸਮ ਦਾ ਕਤਲ ਕਰਨ ਵੱਲ ਪ੍ਰੇਰਦੀ ਹੈ ਅਤੇ ਸਮਾਜ ਦੇ ਪਵਿਤ੍ਰ ਰਿਸਤੇ ਪਤੀ ਪਤਨੀ ਦੇ ਗੂੜ੍ਹੇ ਪਿਆਰ ਨੂੰ ਸ਼ੱਕੀ ਤੇ ਚਕਨਾ ਚੂਰ ਕਰਦੀ ਹੈ । ਦਸਮ ਗ੍ਰੰਥ ਵਿਚੋਂ ਗਿਆਨ ਧਿਆਨ ਤਾਂ ਕੋਈ ਨੀ ਲੱਭਣਾ ਬਸ ਇਸੇ ਤਰ੍ਹਾਂ ਦਾ ਕੂੜ ਕਬਾੜ ਹੀ ਪੱਲੇ ਪਏਗਾ । ਹਰ ਕੋਈ ਅਪਣਾ ਵੱਖਰਾ ਰਾਹ ਚੁਣਦਾ ਹੈ । ਕੋਈ ਨਾਮ ਦੇ ਪੁਜਾਰੀ ਤੇ ਕੋਈ ਕਾਮ ਦੇ ਪੁਜਾਰੀ । ਸ਼ਕਲ ਸੂਰਤ ਭਾਵੇਂ ਦੋਨਾਂ ਦੀ ਇਕੋ ਜਿਹੀ ਹੈ ਪਰ ਉਸ ਦੀ ਕਰਤੂਤ ਉਸ ਦਾ ਹੁਲੀਆ ਦੱਸ ਦੇਂਦੀ ਹੈ ।

ਭੌਰਾ ਭੂੰਡ ਸਭ ਏਕ ਹੈਂ ਦੋਨੋ ਕੀ ਏਕੈ ਗੂੰਜ ॥ ਵਾਹ ਪਏ ਤੇ ਜਾਣੀਐ ਆਹ ਭੌਰਾ ਓਹ ਭੂੰਡ ॥ ਜਾਗਦੇ ਰਹਿਓ !

## ਇਲਾਕਾ : ਦੌਲਾ ਕੀ ਗੁਰਾਤ

(ਦੋਇ ਸੌ ਪਚਪਨ ਚਰਿਤ੍ਰ ਪੰਨਾ ੧੧੭੭)

### ਪਾਤਰ : ਲਹੌਰ ਮਤੀ ਤੇ ਮਲਕ

**ਭਾਵੇਂ ਪਿਆਰ ਮੈਂ ਹੋਰ ਕਿਸੇ ਨਾਲ ਕੀਤਾ ਪਰ ਕਾਕਿਆਂ ਤੇ ਤੇਰਾ ਨਾ ਖ਼ਸਮਾ ॥** ਦੌਲਾ ਕੀ ਗੁਜਰਾਤ ਵਿੱਚ ਚਾਰੋਂ ਵਰਣਾ ਦੇ ਲੋਕ ਇਕੋ ਥਾਂ ਸੁਖੀ ਵਸਦੇ । ਉਥੇ ਇਕ ਛੱਤ੍ਰਾਨੀ ਲਹੌਰ ਮਤੀ ਨੂੰ ਇਕ ਬੰਦਾ ਰੋਜ ਬਰਤਦਾ ਤੇ ਅਨੇਕਾਂ ਢੰਗਾਂ ਨਾਲ ਭੋਗ ਕਰਦਾ । ਉਹ ਉਸ ਨੂੰ ਛੱਡ ਕੇ ਪਿਤਾ ਦੇ ਘਰ ਆ ਗਿਆ ਤੇ ਆਪ ਕਿਤੇ ਹੋਰ ਥਾਂ । ਇਕ ਮਲਕ ਨਾਂ ਦਾ ਬੰਦਾ ਉਸ ਦੇ ਘਰ ਠਹਿਰਿਆ । ਔਰਤ ਨੇ ਉਸ ਨਾਲ ਭੋਗ ਕਰਨ ਦੀ ਸੋਚੀ ।

*ਅੜਿੱਲ ॥ ਭਾਂਤਿ ਭਾਂਤਿ ਤਾਸੌ ਤ੍ਰਿਯ ਭੋਗੁ ਕਮਾਇਯੋ ॥ ਲਪਟਿ ਲਪਟਿ ਤਿਹ ਸਾਥ ਅਧਿਕ ਸੁਖ ਪਾਇਯੋ ॥*
*ਜਬ ਤਿਹ ਰਹਾ ਅਧਾਨ ਤਬੈ ਤ੍ਰਿਯ ਯੌ ਕਿਯੋ ॥ ਹੋ ਜਹਾਂ ਰੁਤੋ ਤਿਹ ਨਾਥ ਤਹੀ ਕੋ ਮਗੁ ਲਿਯੋ ॥੪॥*
(ਦੋਇ ਸੌ ਪਚਪਨ ਚਰਿਤ੍ਰ ਪੰਨਾ ੧੧੭੭)

ਪਰਾਏ ਮਰਦ ਨਾਲ ਸੰਭੋਗ ਕਰਦਿਆਂ ਪੇਟ ਵਿੱਚ ਬੱਚਾ ਠਹਿਰ ਜਾਣ ਤੇ ਉਹ ਖਸਮ ਪਾਸ ਜਿੱਥੇ ਉਹ ਰਹਿੰਦਾ ਸੀ ਪੁੱਜੀ ਕਹਿੰਦੀ ਮੈਂ ਤੇਰੇ ਬਿਨਾ ਬੜਾ ਦੁੱਖ ਕਟਿਆ। ਮੈਂ ਹੁਣ ਇਕੱਲੀ ਨੀ ਰਹਿ ਸਕਦੀ ਤੇ ਬਿਨਾ ਪੁੱਛੇ ਚਲੀ ਆਈ । ਔਰਤ ਆ ਜਾਣ ਤੇ ਪਤੀ ਨੇ ਸੁੱਖ ਮਾਣਿਆ ਤੇ ਅਨੇਕਾਂ ਢੰਗਾਂ ਨਾਲ ਪਿਆਰ ਕੀਤਾ । ਔਰਤ ਕਹਿੰਦੀ ਤੇਰੇ ਤੋਂ ਹੀ ਮੈਨੂੰ ਗਰਭ ਠਹਿਰ ਗਿਆ ਹੈ । ਕਹਿੰਦੀ ਮੈਂ ਤੇਰੇ ਇਸ਼ਕ ਚ ਰੰਗੀ ਰਹੀ ਮੇਰੇ ਤੋਂ ਰਿਹਾ ਨਾ ਗਿਆ ਮੈਂ ਤੈਨੂੰ ਮਿਲਣ ਆ ਗਈ । ਹੁਣ ਜੋ ਜੀ ਚਾਹੇ ਉਹ ਮੇਰੇ ਨਾਲ ਕਰੋ ਭਾਵੇਂ ਕ੍ਰਿਪਾਨ ਕੱਢ ਕੇ ਮਾਰ ਹੀ ਦਿਓ ਪਰ ਅਪਣੇ ਤੇ ਜੁਦਾ ਨਾ ਕਰੋ । ਇਹ ਸੁਣ ਕੇ ਮੂਰਖ ਫੁੱਲ ਗਿਆ ਤੇ ਭੇਦ ਅਭੇਦ ਨਾ ਜਾਣ ਸਕਿਆ ।

*ਦੋਹਰਾ ॥ ਨਵ ਮਾਸਨ ਬੀਤੇ ਸੁਤਾ ਜਨਤ ਭਈ ਤ੍ਰਿਯ ਸੋਇ ॥*
*ਜੜ ਅਪਨੀ ਦੁਹਿਤਾ ਲਖੀ ਭੇਦ ਨ ਪਾਯੋ ਸੋਇ ॥੧੦॥* (ਦੋਇ ਸੌ ਪਚਪਨ ਚਰਿਤ੍ਰ ਪੰਨਾ ੧੧੭੭)

ਨੋਟ :- ਕਈ ਮਹਾਂ ਮੂਰਖ ਇਸ ਨੂੰ ਗੁਰਬਾਣੀ ਆਖਦੇ ਹਨ ਤੇ ਮੱਥੇ ਟੇਕਦੇ ਹਨ । ਜਦ ਉਨ੍ਹਾਂ ਨੂੰ ਅਕਲ ਦੇਣ ਦੀ ਕੋਸ਼ਿਸ ਕਰੋ ਤਾਂ ਉਖੜੀ ਕੁਹਾੜੀ ਦੀ ਤਰ੍ਹਾਂ ਪੈਂਦੇ ਹਨ ਤੇ ਇਥੋਂ ਤੱਕ ਆਖ ਦੇਂਦੇ ਹਨ ਕਿ ਤੂੰ ਨਾਸਤਕ ਹੈਂ-ਗੁਰੂ ਦੀ ਨਿੰਦਿਆ ਕਰਦਾ ਹੈਂ-ਤੈਨੂੰ ਕੁਟਾਂਗੇ-ਤੈਨੂੰ ਦੇਖਾਂਗੇ-ਤੇਰੇ ਕੀੜੇ ਪੈਣਗੇ-ਤੂੰ ਪੰਥ ਦਾ ਦੁਸਮਣ ਹੈਂ ਤੇ ਵਿਸਾਹ ਘਾਤੀ ਹੈਂ ਇਸ ਦਾ ਫੈਸਲਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲੇ ਮਰਜੀਵੜਿਆਂ ਕਰਨਾ ਹੈ ਕਿ ਕੌਣ ਨਾਸਤਕ ਹੈ ਜਾਂ ਆਸਤਿਕ ਜਾਂ ਫਿਰ ਰੱਬ ਦੇ ਦਰ ਤੇ ਫੈਸਲਾ ਹੋਏਗਾ ਭਲਾਂ ਧਮਕੀਆਂ ਜਾਂ ਕਤਲ ਕਰਨ ਨਾਲ ਸੱਚ ਦਾ ਕਤਲ ਹੋਇਆ ਹੈ ? ਸੱਚ ਦਬਾਇਆਂ ਨਹੀਂ ਦਬਣਾ । ਇਹ ਧਰਤੀ ਦਾ ਸੀਨਾ ਚੀਰ ਕੇ ਪਰਗਟ ਹੋ ਕੇ ਰਹੇਗਾ । ਪਰ ਇਹ ਸੱਚ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ ਜੇਕਰ ਦੋ ਚਾਰ ਪੰਨੇ ਗੁਰੂ ਜੀ ਦੇ ਲਿਖੇ ਗਏ ਹਨ ਤਾਂ ਉਹ ਪ੍ਰਗਟ ਕਰਨ ਦੀ ਲੋੜ ਹੈ ।

### ਪਾਤਰ : ਅਘਟ ਸਿੰਘ ਤੇ ਚਿੱਤ੍ਰ ਮੰਜਰੀ

(ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੮-੮੦)

ਅਘਟ ਸਿੰਘ ਰਾਜੇ ਦੀ ਰਾਣੀ ਚਿੱਤ੍ਰ ਮੰਜਰੀ ਜਿਹੀ ਸੋਹਣੀ ਨਾ ਕਦੇ ਕਿਸੇ ਦੇਖੀ ਤੇ ਨਾ ਕੰਨੀਂ ਸੁਣੀ । ਰਾਜੇ ਦੇ ਰੂਪ ਤੇ ਜਵਾਨੀ ਦਾ ਕੀ ਕਹਿਣਾ ਉਸ ਦੀ ਜਵਾਨੀ ਤੱਕ ਕੇ ਸੁਰੀ ਤੇ ਅਸੁਰੀ ਮਸਤ ਹੋ ਜਾਂਦੀਆਂ। ਔਰਤਾਂ ਨਾਗਣੀਆਂ ਤੇ

ਕਿੰਨ੍ਹਨੀਆਂ ਉਸ ਦੇ ਰੂਪ ਤੇ ਡੁੱਲ੍ਹ ਡੁੱਲ੍ਹ ਪੈਂਦੀਆਂ । ਉਹ ਸ਼ਿਕਾਰ ਖੇਡਣ ਗਿਆ ਤੇ ਇਕ ਹਿਰਨ ਪਿੱਛੇ ਘੋੜਾ ਦੁੜਾ ਕੇ ਕਈ ਕਈ ਜੋਜਨ ਗਹਿਰੇ ਬਨ ਵਿੱਚ ਜਾ ਪੁੱਜਾ । ਉਥੇ ਸਾਲ, ਤਮਾਲ, ਨੀਂਬੂ, ਨਾਰੰਜੀ, ਮੀਠਾ ਪਿੱਪਲ, ਖਜੂਰਾਂ, ਸੇਬ, ਸਿਰਾਰੀ, ਜਾਮਣ, ਨਾਰਿਅਰ, ਨਰਗਿਸ ਤੇ ਗੁਲਾਬ ਦੇ ਵੱਡੇ ਬ੍ਰਿਛਾਂ ਤੇ ਪੌਦਿਆਂ ਦਾ ਬੜਾ ਸੁੰਦਰ ਬਾਗ ਸੀ । ਉਥੇ ਸਰਿਤਾ (ਨਦੀ) ਨਦੀ ਵਗਦੀ ਤੇ ਝਰਨੇ ਮਨ ਨੂੰ ਸੁਖ ਦੇਂਦੇ । ਦੇਵਤਿਆਂ ਤੇ ਦੈਂਤਾਂ ਦੀਆਂ ਧੀਆਂ ਹਰ ਰੋਜ ਉਸ ਬਾਗ ਨੂੰ ਦੇਖਦੀਆਂ ਜੱਛ ਗੰਧ੍ਰਬੀ ਅਤੇ ਉਨਮਾਦਾ, ਨਾਰੀਆਂ ਤੇ ਸੱਪਣੀਆਂ ਇਸ ਬਨ ਤੇ ਚਿੱਤ ਡੋਲਦੀਆਂ ਕਵੀ ਸਯਾਮ ਦੀ ਕਲਮ ਤੋਂ :-

*ਦੋਹਰਾ ॥ ਤਿਨਕੀ ਦੁਤਿ ਤਿਨਹੀ ਬਨੀ ਕੋ ਕਬਿ ਸਕਤ ਬਤਾਇ ॥*
*ਲਖੇ ਲਗਨ ਲਾਗੀ ਰਹੈਂ ਪਲਕ ਨ ਜੋਰੀ ਜਾਇ ॥੧੩॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੮)

ਰਾਜੇ ਦਾ ਰੂਪ ਦੇਖ ਕੇ ਕੁੜੀਆਂ ਉਸ ਤੇ ਮਰ ਮਿਟੀਆਂ । ਕਿਸੇ ਨੇ ਗਹਿਣੇ ਕਿਸੇ ਨੇ ਤਨ ਦੇ ਕੱਪੜੇ ਵਾਰੇ ਤੇ ਕਿਸੇ ਨੇ ਫੁਲਪਾਨ ਲੈ ਆਂਦਾ । ਉਨ੍ਹਾਂ ਨੇ ਕਈ ਤਰ੍ਹਾਂ ਦੇ ਗੀਤ ਗੁਣ ਗੁਣਾਏ ਦੈਂਤਾ ਦੀਆਂ ਕੁੜੀਆਂ ਕਹਿੰਦੀਆਂ ਇਸ ਨਾਲ ਅਸੀਂ ਸ਼ਾਦੀ ਕਰਾਂਗੀਆਂ ਤੇ ਦੇਵਤਿਆਂ ਦੀਆਂ ਧੀਆਂ ਕਹਿੰਦੀਆਂ ਅਸੀਂ ਕਰਾਂਗੀਆਂ :-

*ਦੋਹਰਾ ॥ ਜੱਛ ਗੰਧ੍ਰਬੀ ਕਿੰਨ੍ਰਨੀ ਲਖਿ ਛਬਿ ਗਈ ਬਿਕਾਇ ॥*
*ਸੁਰੀ ਅਸੁਰੀ ਨਾਗਨੀ ਨੈਨਨ ਰਹੀ ਲਗਾਇ ॥੨੩॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੯)

ਇਕ ਕੁੜੀ ਨੇ ਬਿਸ਼ਨ (ਵਿਸ਼ਨੂੰ) ਦਾ ਰੂਪ ਧਾਰਿਆ-ਇਕ ਨੇ ਬ੍ਰਹਮਾ ਦਾ-ਇਕ ਨੇ ਰੁਦ੍ਰ ਦਾ-ਇਕ ਨੇ ਧਰਮ ਦਾ (ਧਰਮਰਾਜ)-ਇਕ ਨੇ ਇੰਦ੍ਰ ਦਾ-ਇਕ ਨੇ ਸੂਰਜ ਦਾ ਤੇ ਇਕ ਨੇ ਚੰਦ੍ਰ ਦਾ ਭੇਸ ਧਾਰਿਆ :-

*ਅੜਿੱਲ ॥ ਸਾਤ ਕੁਮਾਰੀ ਚਲੀ ਭੇਸ ਇਹ ਧਾਰਕੈ ॥ ਵਾ ਰਾਜਾ ਕਹ ਦਰਸ਼ਨ ਦੀਯਾ ਸੁਧਾਰਿਕੈ ॥*
*ਸਾਤ ਸੁਤਾ ਰਾਜਾ ਹਮਰੀ ਏ ਬਰੁ ਅਬੈ ॥ ਹੋ ਰਾਜ ਪਾਟ ਪੁਨਿ ਕਰਹੁ ਜੀਤਿ ਖਲ ਦਲ ਸਭੈ ॥੨੬॥*
(ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੯)

ਜਦ ਰਾਜੇ ਨੇ ਸੱਤ ਦੇਵਤਾ ਦੇਖੇ ਤਾਂ ਝੱਟ ਪੱਟ ਪੈਰੀਂ ਗਿਰ ਪਿਆ ਕਹਿੰਦਾ ਮੇਰੇ ਧੰਨਭਾਗ ਮੈਂ ਦੇਵਤਿਆਂ ਦੇ ਦਰਸ਼ਨ ਕੀਤੇ ਹਨ।

ਨੋਟ :- ਸਿੱਖ ਧਰਮ ਕਿਸੇ ਵੀ ਦੇਵਤੇ ਜਾਂ ਦੇਵੀ ਦੀ ਹੋਂਦ ਨੂੰ ਮੂਲੋਂ ਹੀ ਨਿਕਾਰਦਾ ਹੈ ਅਤੇ ਇਨ੍ਹਾਂ ਨੂੰ ਮਾਇਆ ਦਾ ਮੂਲ ਮੰਨਦਾ ਹੈ । ਜੇਕਰ ਕੋਈ ਸਿੱਖ ਭੇਖ ਅੰਦਰ ਕਿਸੇ ਦੇਵੀ ਜਾਂ ਦੇਵਤੇ ਨੂੰ ਮੰਨਦਾ, ਸ਼ਰਧਾ ਲਿਆਉਂਦਾ ਅਤੇ ਡੰਡਾਉਤ ਕਰਦਾ ਹੈ ਉਹ ਸਿੱਖ ਧਰਮ ਦਾ ਮੁੱਢਲਾ ਮੈਂਬਰ ਵੀ ਨਹੀਂ ਜਾਂ ਦੂਜੇ ਸਬਦਾਂ ਵਿੱਚ ਉਹ ਕੌਮ ਦਾ ਭਟਕਿਆ ਅਤੇ ਤਨਖਾਹੀਆ ਮਨੁੱਖ ਹੈ । ਗੁਰੂ ਗੋਬਿੰਦ ਸਿੰਘ ਜੀ ਕਿਸੇ ਵੀ ਦੇਵੀ ਜਾਂ ਦੇਵਤੇ ਦੇ ਪੈਰੀਂ ਪੈਣ ਦੀ ਵਕਾਲਤ ਨਹੀਂ ਕਰ ਸਕਦੇ । ਸਿੱਖ ਧਰਮ ਦੇ ਕੱਟੜ ਦੁਸਮਣ ਸਾਡੇ ਪੁਜਾਰੀਆਂ ਨੇ ਕਵੀ ਦੀ ਇਹ ਰਚਨਾ ਇਸ ਮਹਾਂ ਗੰਦੀ ਪੁਸਤਕ ਵਿੱਚ ਜੜ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇਵਤਿਆਂ ਦੇ ਪੁਜਾਰੀ ਸਨ ਜੋ ਨਿੰਦਣਯੋਗ ਹੈ। ਨਾ ਤਾਂ ਗੁਰੂ ਜੀ ਨੇ ਦਸਮ ਗ੍ਰੰਥ ਲਿਖਿਆ ਤੇ ਨਾ ਹੀ ਕਿਸੇ ਦੇਵੀ ਜਾਂ ਦੇਵਤੇ ਅੱਗੇ ਗਿੜ ਗੜਾਏ।

ਉਹ ਕਹਿੰਦਾ ਤੁਸੀਂ ਜੋ ਕਹੋਗੇ ਮੈਂ ਓਹੀ ਕਰਾਂਗਾ ਤੇ ਹਮੇਸਾਂ ਤੁਹਾਡੇ ਚਰਨਾਂ ਚ ਧਿਆਨ ਧਰਾਂਗਾ । ਉਹ ਇਹ ਬਚਨ ਸੁਣ ਕੇ ਅਲੋਪ ਹੋ ਗਈਆਂ । ਫਿਰ ਸੱਤਾਂ ਨੇ ਕੁੜੀਆਂ ਦਾ ਰੂਪ ਧਾਰ ਕੇ ਰਾਜੇ ਨੂੰ ਦਰਸ਼ਨ ਦਿੱਤੇ ਕਹਿੰਦੀਆਂ ਹੁਣੇ ਸਾਡੇ ਨਾਲ ਸ਼ਾਦੀ ਕਰੋ ।ਤੇ ਹੋ ਗਈ ਸ਼ਾਦੀ ਤੇ ਫਿਰ :-

*ਚੌਪਈ ॥ ਤਬ ਤਿਹ ਠੌਰ ਬਧਾਈ ਬਾਜੀ ॥ ਸੁਰੀ ਅਸੁਰੀ ਜਹਾਂ ਬਿਰਾਜੀ ॥*
*ਜੱਛ ਕਿੰਨ੍ਰਜਾ ਜਹਾਂ ਸੁਹਾਵੈਂ ॥ ਉਰਗਿ ਗੰਧ੍ਰਬੀ ਗੀਤਨ ਗਾਵੈਂ ॥੩੩॥*(ਦੋਇ ਸੌ ਛਪਨ ਚਰਿਤ੍ਰ ਪੰਨਾ ੧੧੮੦)

ਇਸ ਛਲ ਦੇ ਨਾਲ ਸੱਤਾਂ ਨੇ ਰਾਜੇ ਨੂੰ ਛਲਿਆ। ਇਹ ਪ੍ਰਸੰਗ ਪੂਰਨ ਹੋਇਆ ਤੇ ਅਗਲਾ ਪ੍ਰਸੰਗ ਸੁਰੂ ਕਰਦਾ ਹਾਂ। ਅਨੇਕਾਂ ਢੰਗਾਂ ਨਾਲ ਇਨ੍ਹਾਂ ਕੁੜੀਆਂ ਨੇ ਕੋਕ ਸਾਸਤ੍ਰ ਦੀ ਵਿਧੀ ਵਿਧਾਨ ਨਾਲ ਰਾਜੇ ਨੂੰ ਭੋਗਿਆ :-

*ਦੋਹਰਾ ॥ ਇਹ ਛਲ ਸੌ ਰਾਜਾ ਛਲਾ ਸਪਤ ਕੁਅਰਿ ਤਿਹ ਠੌਰ ॥*
*ਯਹ ਪ੍ਰਸੰਗ ਪੂਰਨ ਭਯੋ ਚਲੀ ਕਥਾ ਤਬ ਔਰ ॥੩੪॥*
*ਭਾਂਤਿ ਭਾਂਤਿ ਤਿਹ ਸੁੰਦਰੀ ਨ੍ਰਿਪ ਕਹ ਭਜਯੋ ਸੁਧਾਰ ॥*
*ਭਾਂਤਿ ਭਾਂਤਿ ਕ੍ਰੀੜਤਾ ਭਈ ਕੋਕ ਬਿਚਾਰ ਬਿਚਾਰ ॥੩੫॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੮੦)

ਨੋਟ :- ਇਤਨਾ ਪ੍ਰਤੱਖ ਤੇ ਸਪੱਸਟ ਹੋਣ ਤੇ ਵੀ ਅਸੀਂ ਬੜੀ ਢੀਠਤਾਈ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਅਪਮਾਨਿਤ ਕਰ ਰਹੇ ਹਾਂ। ਕੀ ਇਸੇ ਦਾ ਨਾਂ ਵਿਦਵਤਾ ਜਾਂ ਬੁੱਧੀ ਜੀਵੀ ਹੋਣਾ ਹੈ?ਕੀ ਹਰ ਕੋਈ ਕਿਸੇ ਵੀ ਗੁਰੂ ਨੂੰ ਅਪਮਾਨਿਤ ਕਰ ਸਕਦਾ ਹੈ ? ਕਿਸੇ ਸਿਧਾਂਤ ਤੇ ਅਲੋਚਨਾ ਬਾ ਦਲੀਲ ਕਰਨੀ ਜਾਇਜ ਹੋ ਸਕਦੀ ਹੈ ਪਰ ਕੇਵਲ ਈਰਖਾ ਵੱਸ ਅਪਮਾਨ ਕਰਨਾ ਬੁੱਜਦਿਲੀ ਹੁੰਦਾ ਹੈ ।ਤੁਹਾਡੀ ਸੋਚ ਬਲਵਾਨ ਹੋਏ ਇਹ ਮੇਰੀ ਅਰਦਾਸ ਹੈ ।

## ਤੇਰੇ ਇਸ਼ਕ ਚ ਜੋਗਣ ਹੋਈ ਸੱਜਣਾ

ਪਾਤਰ : ਨੀਲਕੇਤ (ਰਾਜਾ), ਮੰਜਿ਼ ਬਚਿੱਤ੍ਰ (ਦਾਰਾ), ਸ੍ਰੀ ਅਲਿਗੁੰਜ ਮਤੀ (ਦੁਹਿਤਾ) ਤੇ ਸ੍ਰੀ ਮਨਿ ਤਿਲਕੁ ਕੁਅਰਿ (ਰਾਜਾ)

ਪੁਹਪਵਤੀ ਨਗਰ ਦੇ ਰਾਜਾ ਨੀਲ ਕੇਤ ਦੀ ਔਰਤ ਮੰਜਿ਼ ਬਚਿਤ੍ਰ ਮਾਨੋ ਕਾਮ ਦੀ ਦੇਵੀ ਨੇ ਇਕ ਬਹੁਤ ਸੋਹਣੀ ਕੁੜੀ ਸ੍ਰੀ ਅਲਿਗੁੰਜ ਜੰਮੀ ਜਣੋ ਜਗਦੀਸ ਨੇ ਆਪ ਹੱਥੀਂ ਬਣਾਈ ਹੋਏ । ਉਥੇ ਸੀ ਇਕ ਰਾਜਾ ਨਾਂ ਸੀ ਓਹਦਾ ਸ੍ਰੀ ਮਨਿ ਤਿਲਕੁ ਕੁਅਰਿ ਬੜਾ ਛੈਲ ਛਬੀਲਾ। ਸ੍ਰੀ ਅਲਿਗੁੰਜ ਮਤੀ ਨੇ ਟਹਲਦਿਆਂ ਓਹਦਾ ਰੂਪ ਦੇਖ ਕੇ ਸੁੱਧ ਬੁੱਧ ਖੋ ਦਿੱਤੀ। ਉਸ ਨੇ ਮਨ ਚ ਕਈ ਗੋਂਦਾ ਗੁੰਦੀਆਂ ਭਾਵੇਂ ਉਹ ਇਸੇ ਤਾਣੇ ਬਾਣੇ ਵਿੱਚ ਘਰ ਆ ਗਈ ਪਰ ਚਿੱਤ ਉੱਥੇ ਹੀ ਰਿਹਾ। ਉਸ ਨੇ ਇਕ ਸਖੀ ਨੂੰ ਸੈਨਤ ਨਾਲ ਬੁਲਾਇਆ ਤੇ ਬਹੁਤਾ ਧੰਨ ਦੇ ਕੇ ਅਪਣੇ ਚਿੱਤ ਦੀ ਗੱਲ ਸਮਝਾ ਕੇ ਕਿਹਾ ਕਿ ਕਿਵੇਂ ਨਾ ਕਿਵੇਂ ਮੈਨੂੰ ਮੇਰਾ ਮਿਤ੍ਰ ਮਿਲਾ ਦੇ। ਕਹਿੰਦੀ ਮੈਂ ਓਹਦੇ ਲਈ ਜੋਗਣ ਬਣ ਕੇ ਜੰਗਲ ਚ ਵਸਾਂ-ਗਹਿਣੇ ਉਤਾਰ ਕੇ ਬਿਭੂਤ ਮਲਾਂ ਤੇ ਭਗਵੇਂ ਕੱਪੜੇ ਪਹਿਨਾਂ-ਹੱਥ ਚ ਗੜਬੀ ਲਵਾਂ-ਭਾਵੇਂ ਮੇਰੀ ਦੇਹਿ ਛੁਟ ਜਾਏ ਜਾਂ ਉਮਰ ਘਟ ਜਾਏ ਪਰ ਮੈਂ ਮਿਤ੍ਰ ਜਾਣ ਨੀ ਦੇਣਾ । ਸਖੀ ਨੇ ਉਸ ਦੇ ਮਨ ਦੀ ਗੱਲ ਸੁਣ ਕੇ ਮਿਤ੍ਰ ਪਾਸ ਜਾ ਸੁਨੇਹਾ ਦਿੱਤਾ । ਜਦ ਰਾਜੇ ਨੇ ਉਸ ਨੂੰ ਤੱਕਿਆ ਤਾਂ ਉਹ ਚਕ੍ਰਿਤ ਹੋ ਗਿਆ। ਸਾਰੀ ਵਿਥਿਆ ਸੁਣ ਕੇ ਉਸ ਨੇ ਸਖੀ ਨੂੰ ਰੱਥ ਤੇ ਚੜਾਇਆ ਤੇ ਮਿਤ੍ਰ ਨੂੰ ਮਿਲਣ ਤੁਰ ਪਿਆ । ਉਸ ਨੇ ਰਾਜ ਭਾਗ ਤਿਆਗ ਕੇ ਫਕੀਰ ਦਾ ਭੇਖ ਧਾਰਣ ਕੀਤਾ ਤੇ ਧੂਣੀ ਧੁਖਾ ਕੇ ਝਰੋਖੇ ਥੱਲੇ ਬੈਠ ਗਿਆ । ਰਾਜ ਕੁਮਾਰੀ ਭਿੱਛਾ ਲੈ ਕੇ ਆਪ ਉਸ ਪਾਸ ਆਉਂਦੀ ਤੇ ਹੱਥੀਂ ਖੁਆਉਂਦੀ । ਜਦ ਰਾਤ ਨੂੰ ਲੋਕ ਸੌਂ ਜਾਂਦੇ ਤਾਂ ਉਹ ਦੋਨੋ ਲਪਟਿ ਲਪਟਿ ਕੇ ਭੋਗ ਕਮਾਉਂਦੇ ।

*ਚੌਪਈ ॥ ਰਾਜ ਸੁਤਾ ਭਿੱਛਾ ਲੈ ਆਵੈ ॥ ਤਾਕਹ ਅਪਨੇ ਹਾਥ ਜਿਵਾਵੈ ॥*
*ਨਿਸਿ ਕਹ ਲੋਗ ਜਬੈ ਸ੍ਵੈ ਜਾਂਹੀ ॥ ਲਪਟਿ ਲਪਟਿ ਦੋਊ ਭੋਗ ਕਮਾਂਹੀ ॥੨੩॥*

ਇਸ ਢੰਗ ਨਾਲ ਰਾਜ ਕੁਮਾਰੀ ਨੇ ਬੜੇ ਸੁੱਖ ਹੰਢਾਏ । ਸਭ ਉਸ ਨੂੰ ਫਕੀਰ ਸਮਝਦੇ ਪਰ ਇਹ ਕੋਈ ਨਾ ਜਾਣਦਾ ਕਿ ਰੰਗਰਲੀਆਂ ਮਨਾਣ ਵਾਲਾ ਰਾਜਾ ਹੈ । ਕੁੜੀ ਨੇ ਮੰਦੇ ਵਚਨ ਬਾਪ ਨੂੰ ਬੋਲੇ-ਬਾਪ ਨੇ ਦੇਸ ਨਿਕਾਲਾ ਦਿੱਤਾ ਤੇ ਜੰਗਲ ਚ ਛੱਡ ਦਿੱਤੀ । ਤੇ ਫਿਰ :-

*ਲੈ ਸੇਵਕ ਤਿਤ ਸੰਗ ਸਿਧਾਏ ॥ ਤਾਂਕੋ ਬਨ ਭੀਤਰ ਤਜ ਆਏ ॥*
*ਵਹ ਰਾਜਾ ਆਵਤ ਤਹ ਭਯੋ ॥ ਤਹੀ ਤਵਨਿ ਤੇਂ ਆਸਨ ਲਯੋ ॥੨੮॥*
*ਦ੍ਰਿੜ੍ਹ ਰਤਿ ਪ੍ਰਥਮ ਤਵਨ ਸੌ ਕਰੀ ॥ ਭਾਂਤਿ ਭਾਂਤਿ ਕੈ ਭੋਗਨ ਭਰੀ ॥*
*ਹੈ ਆਰੂੜਤ ਪੁਨਿ ਤਿਹ ਕੀਨਾ ॥ ਨਗਰ ਅਪਨ ਕੋ ਮਾਰਗ ਲੀਨਾ ॥੨੯॥*

(ਦੋਇ ਸੌ ਸਤਾਵਨ ਚਰਿਤ੍ਰ ਪੰਨਾ ੧੧੮੨)

ਨੋਟ :- ਆਪ ਜੀ ਨੇ ਇਕ ਹੋਰ ਨਿਕੰਮੀ ਸਿੱਖਿਆ ਦਸਮ ਗ੍ਰੰਥ ਰਾਹੀਂ ਪੜ੍ਹੀ। ਇਹ ਉਹ ਸਿੱਖਿਆਵਾਂ ਹਨ ਜੋ ਹਰ ਧੀ ਭੈਣ ਦੇ ਜੀਵਨ ਨੂੰ ਰਾਖ ਦੀ ਢੇਰੀ ਚ ਬਦਲ ਸਕਦੀਆਂ ਹਨ। ਸਮੁੱਚੀ ਔਰਤ ਜਾਤਿ ਨੂੰ ਤਕੜਿਆਂ ਹੋ ਕੇ ਇਸ ਲੱਚਰ ਕਾਵਿ ਰਚਨਾਵਾਂ ਦੇ ਗੁਰਦੁਆਰਿਆਂ ਅੰਦਰ ਕੀਤੇ ਜਾ ਰਹੇ ਪ੍ਰਕਾਸਾਂ ਨੂੰ ਬੰਦ ਕਰਾਣਾ ਚਾਹੀਦਾ ਹੈ। ਜੇਕਰ ਕੋਈ ਪੁਜਾਰੀ ਇਸ ਦਾ ਅਖੰਡ ਪਾਠ ਜਾਂ ਸਹਿਜ ਪਾਠ ਕਰਦਾ/ਕਰਾਉਂਦਾ ਹੈ ਉਸ ਨੂੰ ਉਸੇ ਦੀ ਧੀ ਭੈਣ ਸਾਮ੍ਹਣੇ ਸ਼ਰਮੋਸ਼ਾਰ ਕਰਨ ਦੀ ਲੋੜ ਹੈ। ਤੁਹਾਡੇ ਵੱਲੋਂ ਵਰਤੀ ਚੁੱਪ ਸਾਊ ਪਰਿਵਾਰਾਂ ਦਾ ਜੀਣਾ ਹਰਾਮ ਕਰ ਸਕਦੀ ਹੈ। ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਚੌਗਿਰਦਾ ਗੰਧਲਾ ਹੋਏ? ਕੀ ਤੁਸੀਂ ਚਾਹੁੰਦੇ ਹੋ ਕੀ ਧੀਆਂ ਭੈਣਾਂ ਗਲਤ ਸਮਾਜ ਸਿਰਜਣ? ਜੇ ਨਹੀਂ ਤਾਂ ਅਪਣੀ ਜਾਗਦੀ ਜ਼ਮੀਰ ਨਾਲ ਅੱਗੇ ਆਓ ਅਤੇ ਅਪਣੇ ਧਰਮ ਅਤੇ ਸੁਥਰੇ ਸਮਾਜ ਦੀ ਰੱਖਿਆ ਕਰੋ ।

## ਕਤਲ ਕਰਨੇ ਸਿੱਖੋ

(ਦੋਇ ਸੌ ਅਠਾਵਨ ਚਰਿਤ੍ਰ ਪੰਨਾ ੧੧੮੨-੮੫)

ਪਾਤਰ : ਹੰਸਾਧੁਜ (ਰਾਜਾ), ਕੇਸੋਤਮਾ (ਨਾਰੀ), ਹੰਸਮਤੀ (ਦੁਹਿਤਾ) ਤੇ ਰੂਪ ਕੁਅਰਿ (ਕੁਮਾਰ)

ਹੰਸਾਧੁਜ ਰਾਜੇ ਦੀ ਸੁੰਦਰ ਔਰਤ ਕੇਸੋਤਮਾ ਨੇ ਇਕ ਖੂਬਸੂਰਤ ਕੁੜੀ ਹੰਸਮਤੀ ਜੰਮੀ । ਉਸ ਨੇ ਵਿਆਕਰਨ, ਕੋਕ ਸਾਸਤ੍ਰ ਦੀ ਚੰਗੀ ਸਿੱਖਿਆ ਲਈ । ਓਹਦੇ ਗਦਰਾਏ ਸਰੀਰ ਨੂੰ ਦੇਖ ਕੇ ਚੰਦ ਤੇ ਸੂਰਜ ਵੀ ਸ਼ਰਮਾ ਜਾਂਦੇ । ਓਹਨੇ ਰੂਪ ਕੁਅਰਿ ਨਾਂ ਦੇ ਸੋਹਣੇ ਸਨੁੱਖੇ ਰਾਜਕੁਮਾਰ ਨੂੰ ਤੱਕਿਆ ਤੇ ਓਹਦੀ ਦੀਵਾਨੀ ਹੋ ਗਈ। ਓਹਨੇ ਅਪਣੀ ਇਕ ਸਹੇਲੀ ਭੇਜ ਕੇ ਉਸ ਨੂੰ ਘਰ ਬੁਲਾਇਆ ਤੇ ਭੋਗ ਕਰਨ ਦੀ ਅਪਣੀ ਇੱਛਾ ਜ਼ਾਹਿਰ ਕੀਤੀ :-

*ਤਾਕੌ ਕਹੀ ਆਨਿ ਮੋਕੌ ਭਜੁ ॥ ਲਾਜ ਸਾਜ ਸਭ ਹੀ ਅਬ ਹੀ ਤਜੁ ॥*
*ਮਥਨ ਭੇਦ ਜਬ ਮੀਤ ਪਛਾਨਾ ॥ ਧਰਮ ਛੁਟਨ ਤੇ ਅਧਿਕ ਡਰਾਨਾ ॥੮॥*

(ਦੋਇ ਸੌ ਅਠਾਵਨ ਚਰਿਤ੍ਰ ਪੰਨਾ ੧੧੮੩)

ਕੁੜੀ ਨੇ ਬਥੇਰੇ ਤਰਲੇ ਲਏ ਮਿੰਨਤਾਂ ਕੀਤੀਆਂ ਪੈਰੀਂ ਪਈ ਪਰ ਢੀਠ ਇਕ ਨਾ ਸੁਣੀ-ਉਸ ਨੂੰ ਮੰਦਾ ਬੋਲਿਆ-ਕੁੱਤੀ ਕਿਹਾ ਲੱਤ ਦਾ ਵਾਰ ਕੀਤਾ ਕਹਿੰਦਾ ਬਾਮ੍ਹਣ ਨੇ ਕਿਹਾ ਐ ਬਈ ਪਰਾਈ ਜਨਾਨੀ ਦੇ ਨੇੜੇ ਨੀ ਜਾਣਾ ਕੁੜੀ ਨੂੰ ਚੜਿਆ ਗੁੱਸਾ ਕਹਿੰਦੀ ਮੈਂ ਤੈਨੂੰ ਵੀ ਮਾਰੂੰ ਤੇ ਤੇਰੇ ਬਾਮ੍ਹਣ ਗੁਰੂ ਨੂੰ ਵੀ। ਅਵਾ ਤਵਾ ਬੋਲ ਕੇ ਓਹ ਘਰ ਨੂੰ ਤੁਰਿਆ ਤਾਂ ਮਾਰ ਕੇ ਕਟਾਰੀ ਸੁੱਟ ਲਿਆ ਤੇ ਆਪ ਲੋਥ ਤੇ ਬੈਠ ਕੇ ਮਾਲਾ ਫੜ ਮੰਤ੍ਰ ਪੜ੍ਹਨ ਲੱਗੀ। ਬਾਪ ਰਾਜੇ ਨੂੰ ਸੱਦਿਆ-ਓਹ ਦੇਖ ਕੇ ਕਹਿੰਦਾ ਇਹ ਤੂੰ ਕੀ ਕੀਤਾ ਨਿਰਦੋਸ ਮਾਰਤਾ, ਕਹਿੰਦੀ ਬਾਪੂ ਬਾਮ੍ਹਣ ਨੇ ਮੈਨੂੰ ਮੰਤ੍ਰ ਸਿਖਾਇਆ ਤਾਂ ਮੈਂ ਓਹੀ ਕਰ ਰਹੀ ਹਾਂ। ਰਾਜੇ ਨੇ ਪਕੜ ਸੱਦਿਆ ਬਾਮ੍ਹਣ-ਬਾਮ੍ਹਣ ਕਹੇ ਮੇਰੀ ਤੋਬਾ-ਮੇਰੇ ਬਾਪ ਦੀ ਤੋਬਾ ਮੈਂ ਨੀ ਕੁਛ ਕਿਹਾ- ਮੈਂ ਨੀ ਮੰਤ੍ਰ ਮੁੰਤ੍ਰ ਦਿੱਤਾ-ਕੁੜੀ ਕਹਿੰਦੀ ਹੁਣ ਬਾਪੂ ਸਾਹਮਣੇ ਝੂਠ ਬੋਲਦੈਂ-ਤੈਂਹੀ ਮੈਨੂੰ ਇਹ ਸਭ ਸਿਖਾਇਆ ਤਾ ਨਾ? ਰਾਜੇ ਚੜਿਆ ਗੁੱਸਾ ਤੇ ਬਾਮ੍ਹਣ ਟੰਗਤਾ :-

*ਜਿਹ ਨ ਭਜੀ ਤਿਹ ਘੈ ਹਨਾ ਇਹ ਛਲ ਮਿੱਸ੍ਰਹਿ ਮਾਰਿ ॥*

*ਇਹ ਬਿਧਿ ਨ੍ਰਿਪ ਕ੍ਰੋਧਿਤ ਕਿਯਾ ਹੰਸਮਤੀ ਬਰ ਨਾਰਿ ॥੩੨॥* (ਦੋਇ ਸੌ ਅਠਾਵਨ ਚਰਿਤ੍ਰ ਪੰਨਾ ੧੧੯੫)

ਨੋਟ :- ਦਸਮ ਗ੍ਰੰਥ ਦੀ ਇਹ ਅਨਮੋਲ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਨਿਰਦੋਸਾਂ ਦੇ ਕਤਲ ਕਰੀਦੇ ਹਨ । ਜਰਾ ਬਚ ਕੇ ਰਹਿਓ ਹਾਲੇ ਦਸਮ ਗ੍ਰੰਥ ਤੱਕ ਪਹੁੰਚ ਕੁੜੀਆਂ ਦੀ ਨਹੀਂ ਹੋਈ ਜਦ ਉਨ੍ਹਾਂ ਇਸ ਤੇ ਗੌਰ ਕਰਨੀ ਸੁਰੂ ਕਰ ਦਿੱਤੀ ਉਦਣ ਦੋੜਦਿਆਂ ਨੂੰ ਵਾੜ ਵੀ ਨਹੀਂ ਦਿਖਣੀ ਜਰਾ ਸੰਭਲ ਕੇ ਹਾਂ । ਖ਼ਬਰਦਾਰ -ਜਾਗਦੇ ਰਹਿਓ !

## ਦੇਸ : ਰਾਸ਼ਟ੍ਰ

(ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੫-੯੭)

### ਸਕੀ ਮਾਂ ਨਾਲ ਸੰਭੋਗ ਅਤੇ ਸ਼ਾਦੀ ਕਰੋ

ਪਾਤਰ : ਰੁੱਦ੍ਰ ਕੇਤ (ਰਾਜਾ), ਸ੍ਰੀ ਮ੍ਰਿਗਰਾਜ ਕਲਾ (ਤ੍ਰਿਯ), ਬ੍ਰਿਖਭਕੇਤ (ਪੁੱਤ) ਤੇ ਬਯਾਘ੍ਰਕੇਤ (ਪੁੱਤ)

ਰਾਸ਼ਟ੍ਰ ਦੇਸ ਦੇ ਰਾਜਾ ਰੱਦ੍ਰਕੇਤ ਦੀ ਔਰਤ ਸ੍ਰੀ ਮ੍ਰਿਗਰਾਜ ਕਲਾ ਜਣੋ ਵਿਧਾਤਾ ਨੇ ਹੱਥੀਂ ਘੜੀ ਹੋਏ। ਉਸ ਨੇ ਦੋ ਪੁੱਤ ਜੰਮੇ ਇਕ ਸੀ ਬ੍ਰਿਖਭਕੇਤ ਤੇ ਦੂਜਾ ਬਯਾਘ੍ਰਕੇਤ। ਛੋਟਾ ਸ੍ਰੀ ਬ੍ਰਿਖਭਕੇਤ ਜਣੋ ਘੱਟ ਸੋਹਣਾ ਤੇ ਬਯਾਘ੍ਰਕੇਤ ਸੋਨੇ ਦੀ ਡਲੀ ਸਮਾਨ ਸੋਹਣਾ ਸਨੁੱਖਾ ਉਂਝ ਦੋਨੋ ਹੀ ਬਲਵਾਨ ਤੇ ਹੱਟੇ ਕੱਟੇ। ਜਦ ਉਨ੍ਹਾਂ ਦਾ ਬਚਪਨ ਬੀਤਿਆ ਤੇ ਜਵਾਨੀ ਆਈ ਤਾਂ ਉਨ੍ਹਾਂ ਬੜੀਆਂ ਮੱਲਾਂ ਮਾਰੀਆਂ। ਬੜੇ ਅਤੇ ਲੋਹੜੇ ਦੇ ਸੁੰਦਰ ਪੁੱਤ ਦੀ ਜਵਾਨੀ ਅਤੇ ਡੀਲ ਡੌਲ ਨੂੰ ਦੇਖ ਕੇ ਸਕੀ ਮਾਂ ਦਾ ਕਾਮ ਭੜਕ ਗਿਆ । ਉਸ ਨੇ ਅਪਣੇ ਹੀ ਪੁੱਤ ਨਾਲ ਭੋਗ ਕਰਨ ਦੀ ਠਾਣੀ । ਉਸ ਨੇ ਅਪਣੇ ਖਸਮ ਅਤੇ ਛੋਟੇ ਪੁੱਤ ਨੂੰ ਮਾਰਨ ਦੀ ਗੋਂਦ ਗੁੰਦੀ । ਰਾਜ ਭਾਗ ਸਨੁੱਖੇ ਪੁੱਤ ਨੂੰ ਦੇਣ ਦਾ ਮਨ ਬਣਾਇਆ । ਉਸ ਨੇ ਖਸਮ ਤੇ ਪੁੱਤ ਨੂੰ ਰੱਜਵੀਂ ਦਾਰੂ ਪਿਲਾ ਦਿੱਤੀ। ਜਦ ਉਹ ਦੋਨੋ ਸੌਂ ਗਏ ਤਾਂ ਅਪਣੇ ਹੱਥੀਂ ਖੜਗ ਨਾਲ ਦੋਨਾਂ ਦਾ ਕਤਲ ਕਰ ਦਿੱਤਾ :-

*ਦੋਹਰਾ ॥ ਪਤਿ ਸੁਤ ਪ੍ਰਥਮ ਸੁਵਾਇ ਕਰਿ ਕਾਢਿ ਲਿਯਾ ਅਸਿ ਹਾਥ ॥*

*ਪੂਤ ਹੇਤ ਮਾਰਾ ਤਿਨੈ ਹਾਥ ਆਪਨੇ ਸਾਥ ॥੧੨॥* (ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੬)

ਖਸਮ ਤੇ ਪੁੱਤ ਨੂੰ ਮਾਰ ਕੇ ਰੋਣਾ ਪਿੱਟਣਾ ਸੁਰੂ ਕੀਤਾ ਕਹਿੰਦੀ ਦੋਵੇਂ ਦਾਰੂ ਪੀ ਕੇ ਬਾਪ ਪੁੱਤ ਲੜ ਪਏ । ਬਾਪ ਨੇ ਪੁੱਤ ਦੇ ਸਿਰ ਕ੍ਰਿਪਾਨ ਕੱਢ ਮਾਰੀ ਤੇ ਪੁੱਤ ਨੇ ਬਾਪ ਦੇ । ਦੋਨੋ ਲੜ ਕੇ ਮਰ ਗਏ ਮੈਂ ਅਪਣੇ ਅੱਖੀਂ ਦੇਖਿਆ । ਕਹਿੰਦੀ ਇਨ੍ਹਾਂ ਨੂੰ ਦਾਓ ਬਚਾਣਾ ਨਾ ਆਇਆ ਹਾਏ ਓਏ ਮੇਰੇ ਨੈਣ ਕਿਉਂ ਨਾ ਫੁੱਟ ਗਏ-ਹੁਣ ਮੈਂ ਕੀ ਕਰਾਂ-ਮੈਂ ਢਿੱਡ ਚ ਕਟਾਰੀ ਮਾਰ ਕੇ ਮਰ ਜਾਵਾਂ । ਮੈਂ ਹੁਣ ਪੁੱਤ ਦੇ ਸਿਰ ਛੱਤ੍ਰ ਧਰ ਕੇ ਬਨ ਚ ਚਲੇ ਜਾਉਂਗੀ। ਉਸ ਨੇ ਰਾਜ ਗੱਦੀ ਅਪਣੇ ਪੁੱਤ ਨੂੰ ਦਿੱਤੀ-ਫਕੀਰ ਦਾ ਭੇਖ ਧਾਰਿਆ ਤੇ ਉੱਤਰ ਦਿਸਾ ਵੱਲ ਚਲੇ ਗਈ । ਉਸ ਨੇ ਬਨ ਚ ਜਾ ਕੇ ਸਿਵ ਦੀ ਕਈ ਪ੍ਰਕਾਰ ਦੀ ਸਾਧਨਾ ਸਾਧੀ ਤੇ ਉਸ ਨੂੰ ਰਿਝਾ ਲਿਆ :-

*ਦੋਹਰਾ ॥ ਤਹਾਂ ਜਾਇ ਤਪਸਾ ਕਰੀ ਸ਼ਿਵ ਕੀ ਬਿਬਿਧ ਪ੍ਰਕਾਰ ॥*

*ਭੂਤ ਰਾਟ ਰੀਝਤ ਭਏ ਨਿਰਖਿ ਠਿਠੁਰਤਾ ਨਾਰਿ ॥੧੮॥* (ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੬)

ਉਹ ਕਹਿੰਦੀ ਕਿ ਜੇ ਤੂੰ ਤਰੁੱਠਾ ਹੈਂ ਤਾਂ ਮੈਨੂੰ ਬੁੱਢੀ ਤੋਂ ਜਵਾਨ ਕੁੜੀ ਬਣਾ ਦੇਹ । ਸਿਵ ਨੇ ਉਸ ਨੂੰ ਬਰ ਦਿੱਤਾ ਉਹ ਬਿਰਧ ਤੋਂ ਖੂਬਸੂਰਤ ਕੁੜੀ ਬਣ ਗਈ ।

ਨੋਟ :- ਜਿਨ੍ਹਾਂ ਨੇ ਕਦੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਿਆਨ ਨਾਲ ਪੜ੍ਹਿਆ ਹੋਏਗਾ ਓਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਮੂਹ ਗੁਰ ਵਿਅਕਤੀ ਅਤੇ ਸਮੂਹ ਭਗਤ ਜਨ ਸਿਵ ਨੂੰ ਕੋਈ ਮਾਨਤਾ ਨਹੀਂ ਦੇਂਦੇ । ਭਗਤ ਨਾਮ ਦੇਵ ਜੀ ਨੇ ਤਾਂ ਰਾਗ ਗੋਂਡ ਵਿੱਚ ਸਪੱਸਟ ਲਿਖਿਆ ਹੈ ਕਿ 'ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥' ਹੋਰ ਵੀ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ ਪਰ ਕਿਉਂ ਕਿ ਆਪ ਜੀ ਦਾ ਨਿਸਚਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ

ਹੈ ਤੇ ਉਮੀਦ ਹੈ ਕਿ ਆਪ ਜੀ ਹਰ ਰੋਜ ਗੁਰਬਾਣੀ ਪੜ੍ਹਦੇ ਹੀ ਹੋਵੋਗੇ ਸਿਆਣੇ ਆਖਦੇ ਹਨ ਕਿ ਹੱਥ ਕੰਗਣ ਨੂੰ ਆਰਸੀ ਦੀ ਲੋੜ ਨਹੀਂ ਹੁੰਦੀ । ਸਿੱਖ ਕਿਸੇ ਸਿਵ ਦਾ ਨਾ ਪੁਜਾਰੀ ਹੈ ਨਾ ਹੀ ਉਸ ਦੀ ਭਗਤੀ ਜਾਂ ਅਰਾਧਨਾ ਕਰਦਾ ਹੈ । ਸਿੱਖ ਦਾ ਨਿਸਚਾ ਇਕ ਅਕਾਲ ਪੁਰਖ ਵਿੱਚ ਹੈ । ਸਿੱਖ ਅਕਾਲ ਪੁਰਖ ਦੀ ਅਰਾਧਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲੇ ਗਿਆਨ ਅਨੁਸਾਰ ਕਰਦਾ ਹੈ । ਸਿੱਖ ਕਿਸੇ ਵੀ ਕਿਸਮ ਦੇ ਵਰ ਦੇ ਲਾਲਚ ਜਾਂ ਸਰਾਪ ਦੇ ਡਰ ਚ ਜਿੰਦਗੀ ਨਹੀਂ ਜਿਉਂਦਾ ਜਾਂ ਇਉਂ ਕਿਹਾ ਜਾਏ ਕਿ ਸਿੱਖ ਦਾ ਜੀਵਨ ਵਰ ਤੇ ਸਰਾਪ ਤੋਂ ਬੜਾ ਉਚਾ ਹੈ ਵਧੇਰੇ ਚੰਗਾ ਹੈ। ਜਿਹੜੇ ਲੋਕ ਸਿਵ ਦੀ ਸਿੱਖੀ ਭੇਖ ਅੰਦਰ ਅਰਾਧਨਾ ਕਰਦੇ ਹਨ ਉਹ ਸਭ ਸਿੱਖ ਧਰਮ ਦੇ ਮੈਂਬਰ ਨਹੀਂ ਹਨ ਉਨ੍ਹਾਂ ਨੂੰ ਅਸੀਂ ਭੇਖੀ ਅਤੇ ਤਨਖਾਹੀਏ ਕਹਿ ਸਕਦੇ ਹਾਂ ਜਾਂ ਗੁਰੂ ਘਰ ਦੇ ਮਹਾਂ ਨਿੰਦਕ ਤੇ ਚੋਰ। ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਦੇਣ ਨਾਲ ਕਾਵਿ ਰਚਾਇਤਾ ਗੁਰੂ ਗੋਬਿੰਦ ਸਿੰਘ ਜੀ ਨਹੀਂ ਬਣ ਜਾਣਾ ਕਿਉਂਕਿ ਚੋਰ ਦੀ ਦਾੜੀ ਵਿੱਚ ਫਸਿਆ ਤਿਣਕਾ ਅਸਲੀ ਚੋਰ ਨੂੰ ਪਰਗਟ ਕਰ ਹੀ ਦੇਂਦਾ ਹੈ । ਇਹ ਚੇਤੇ ਰੱਖਿਓ ਕਿ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ ।

ਜਦ ਉਹ ਬਿਰਧ ਤੋਂ ਮੁਟਿਆਰ ਬਣ ਗਈ ਤਾਂ ਉਹ ਉਸੇ ਨਗਰ ਜਾਂ ਪਹੁੰਚੀ ਓਹਦਾ ਪੁੱਤ ਰੋਜ ਸ਼ਿਕਾਰ ਖੇਡਦਾ । ਉਸ ਨੇ ਇਕ ਮ੍ਰਿਗੀ ਦਾ ਭੇਸ ਧਾਰਣ ਕੀਤਾ ਤੇ ਤਨ ਦੇ ਸਾਰੇ ਕੱਪੜੇ ਲਾਹ ਦਿੱਤੇ । ਜਿੱਥੇ ਓਹਦਾ ਪੁੱਤ ਸ਼ਿਕਾਰ ਖੇਡ ਰਿਹਾ ਸੀ ਉੱਥੇ ਹਿਰਨੀ ਬਣ ਕੇ ਨਿਕਲੀ :-

*ਏਕ ਮ੍ਰਿਗੀ ਕਾ ਭੇਸ ਧਾਰ ਤਬ ॥ ਤਨ ਕੇ ਬਸਤ੍ਰ ਛੋਡਿ ਸੁੰਦਰ ਸਬ ॥*

ਖੇਲਤ ਹੁਤੋ ਅਖਿਟ ਸੁਤ ਜਹਾਂ ॥ ਹਰਨੀ ਹ੍ਵੈ ਨਿਕਸਤ ਭੀ ਤਹਾਂ ॥੨੨॥ (ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੮੬)

ਪੁੱਤ ਨੇ ਬਿਨਾ ਕਿਸੇ ਵੱਲ ਤੱਕਿਆ ਓਹਦਾ ਪਿੱਛਾ ਕੀਤਾ। ਜਦ ਪਿੱਛਾ ਕਰਦਿਆਂ ਘੋਰ ਜੰਗਲ ਵਿੱਚ ਪੁੱਜਾ ਜਿੱਥੇ ਸਾਲ ਤਮਾਲ ਦੇ ਭਾਰੇ ਬ੍ਰਿਛ ਸਨ, ਨਿੰਬੂ, ਕਦਪ, ਬਟ, ਜਟਿਯਾਰੇ, ਸੀਬਰ ਤੇ ਖਜੂਰਾਂ ਦੀ ਭਰਮਾਰ ਸੀ (ਆਪ ਜੀ ਨੇ ਇਸੇ ਪ੍ਰਕਾਰ ਦਾ ਜੰਗਲ ਦੋ ਸੌ ਛਪਨ ਚਰਿੱਤ੍ਰ ਪੰਨਾ ੧੧੭੮ ਤੇ ਪੜ੍ਹਿਆ ਹੈ ਇਹ ਦ੍ਰਿੜ ਨਿਸਚਾ ਹੈ ਕਿ ਇਹ ਇਕੋ ਹੀ ਕਵੀ ਦੀਆਂ ਰਚਨਾਵਾਂ ਹਨ) ਉਥੇ ਪਹੁੰਚ ਕੇ ਮ੍ਰਿਗੀ ਨੇ ਅਪਣਾ ਰੂਪ ਬਦਲਿਆ ਤੇ ਸੁੰਦਰ ਕੁੜੀ ਬਣ ਕੇ ਰਾਜ ਕੁਮਾਰ ਦਾ ਮਨ ਮੋਹ ਲਿਆ। ਰਾਜ ਕੁਮਾਰ ਓਹਦਾ ਰੂਪ ਤੱਕ ਕੇ ਲੁਭਾਇਆ ਗਿਆ ਤੇ ਕਹਿੰਦਾ ਤੂੰ ਮੇਰੇ ਘਰ ਹੁਣੇ ਚੱਲ ਤੇ ਮੇਰੇ ਨਾਲ ਰਹਿ । ਇਕ ਅੱਧ ਬਾਰ ਓਹਨੇ ਨਾਂਹਿ ਨਾਂਹਿ ਕਿਹਾ ਤੇ ਆਖਰ ਜੋ ਰਾਜ ਕੁਮਾਰ ਕਿਹਾ ਓਹੀ ਮੰਨ ਲਿਆ ।

*ਅੜਿੱਲ ॥ ਏਕ ਆਧ ਬਿਰ ਨਾਂਹਿ ਨਾਂਹਿ ਤਿਨ ਭਾਖਿਯੋ ॥ ਲਗੀ ਨਿਗੌਂਡੀ ਲਗਨ ਜਾਤ ਨਹਿ ਆਖਿਯੋ ॥*
*ਅੰਤ ਕੁਅਰ ਜੋ ਕਹਾ ਮਾਨਿ ਸੋਈ ਲਿਯੋ ॥ ਹੋ ਪਤਿ ਸੁਤ ਪ੍ਰਥਮ ਸੰਘਾਰਿ ਲਹੁ ਸੁਤ ਛਲਿ ਪਿਯ ਕਿਯੋ ॥੨੯॥*

(ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੮੭)

ਨੋਟ :- ਪਤਾ ਨਹੀਂ ਸਿੱਖ ਧਰਮ ਦੇ ਵੱਡੇ ਪੁਜਾਰੀ ਕਿਸ ਮਿੱਟੀ ਦੇ ਬਣੇ ਹਨ ਜਿਨ੍ਹਾਂ ਨੂੰ ਭੋਰਾ ਸ਼ਰਮ ਨਹੀਂ ਹੈ ਸੰਤਾਂ ਸਾਧਾਂ ਬ੍ਰਹਮਗਿਆਨੀਆਂ ਦਾ ਤਾਂ ਆਵਾ ਈ ਊਤਿਆ ਪਿਆ ਐ । ਇਸ ਤੋਂ ਗੰਦੀ ਸਿੱਖਿਆ ਉਹ ਸਿੱਖ ਸਮਾਜ ਨੂੰ ਕੀ ਦੇ ਸਕਦੇ ਹਨ ? ਇਕ ਸਕੀ ਮਾਂ ਅਪਣੇ ਹੀ ਪੁੱਤ ਦੀ ਔਰਤ ਬਣੇ ਜਾਂ ਸਕਾ ਪੁੱਤ ਅਪਣੀ ਹੀ ਮਾਂ ਨਾਲ ਸੰਭੋਗ ਕਰੇ ਕੀ ਅਜਿਹਾ ਕਦੇ ਹੋ ਸਕਦਾ ਹੈ ? ਫਿਰ ਇਹ ਮੰਦੀ ਕਰਤੂਤ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਮੜ੍ਹ ਕੇ ਓਹ ਅਪਣੀ ਬੁਜਦਿਲੀ ਕਾਇਰਤਾ ਤੇ ਬੇਸ਼ਰਮੀ ਨੂੰ ਢੱਕਣ ਦੀ ਨਾਕਾਮ ਕੋਸ਼ਿਸ ਕਰ ਰਹੇ ਹਨ । ਇਸ ਤੋਂ ਵੱਡੀ ਗਾਲ ਓਹ ਗੁਰੂ ਗੋਬਿੰਦ ਸਿੰਘ ਜੀ ਨੂੰ ਹੋਰ ਕੀ ਕੱਢ ਸਕਦੇ ਹਨ ? ਇੱਥੇ ਉਹ ਸਿੱਧ ਕਰਨ ਦੀ ਕੋਸ਼ਿਸ ਕਰ ਰਹੇ ਹਨ ਕਿ ਡੰਗਰ ਅਤੇ ਗੁਰੂ ਦੇ ਸਿੱਖ ਚ ਕੋਈ ਫਰਕ ਨਹੀਂ । ਜਿਵੇਂ ਡੰਗਰ ਦੀ ਕੋਈ ਮਾਂ-ਭੈਣ ਜਾਂ ਧੀ ਨਹੀਂ ਹੁੰਦੀ ਉਹ ਰਿਸਤਿਆਂ ਤੋਂ ਪਰੇ ਹਨ ਉਵੇਂ ਹੀ ਗੁਰੂ ਦੇ ਸਿੱਖ ਹਨ । ਇੱਥੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਸਿੱਖ ਮਾਂ ਅਪਣੇ ਪੁੱਤ ਨੂੰ ਪਤੀ ਬਣਾ ਸਕਦੀ ਹੈ ਤੇ ਪੁੱਤ ਮਾਂ ਨਾਲ ਸੰਭੋਗ ਕਰ ਸਕਦਾ ਹੈ । ਸਿਆਣੇ ਆਖਦੇ ਹਨ 'ਦੁਰ ਫਿਟੇ ਮੂੰਹ ਤੁਹਾਡੀ ਜੰਮਣ ਵਾਲੀ ਤੇ' ਅਪਣੇ ਗੁਰੂ ਨੂੰ ਵੀ ਨਹੀਂ ਬਖਸ਼ਿਆ ਇਸੇ ਨੂੰ ਕਹਿੰਦੇ ਹਨ ਅਕ੍ਰਿਤਘਣ ਤੇ ਨਮਕ ਹਰਾਮੀ । ਬਾ ਹੋਸ਼ਿਆਰ ਖ਼ਬਰਦਾਰ -ਜਾਗਦੇ ਰਹਿਓ !

ਉਠ ਓਏ ਸਿੱਖਾ ਨੀਂਦ ਤੋਂ ਜਾਗੁ ਓਏ ॥ ਲੁਟ ਲਿਆ ਧਰਮ ਤੇਰਾ ਲੁੱਟ ਲਿਆ ਸਮਾਜ ਓਏ ॥

ਪਾਤਰ : ਮਸਤਕਰਨ (ਨ੍ਰਿਪ) ਤੇ ਸ੍ਰੀ ਕਜਰਾਛਮਤੀ (ਦਾਰਾ) (ਦੋਇ ਸੌ ਸਾਠ ਚਰਿਤ੍ਰ ਪੰਨਾ ੧੧੮੭-੮੮)

**ਇਸ਼ਕ ਕਰੇਂਦਾ ਪੁੱਠੇ ਕਾਰੇ :** ਮਸਤਕਰਨ ਰਾਜੇ ਦੀ ਰਾਣੀ ਸ੍ਰੀ ਕਜਰਾਛਮਤੀ ਪਾਰਬਤੀ ਵਰਗੀ ਸੋਹਣੀ। ਮਸਤਕਰਨ ਰਾਜਾ ਰੋਜ ਸਿਵ ਦੀ ਪੂਜਾ ਕਰਦਾ । ਉਸ ਨੂੰ ਗੁਰੂ ਜਾਣ ਕੇ ਅਨੇਕਾਂ ਢੰਗਾਂ ਨਾਲ ਉਸ ਦਾ ਧਿਆਨ ਧਰਦਾ ਤੇ ਰਾਤ ਦਿਨ ਓਸੇ ਦੀ ਤਪੱਸਿਆ ਕਰਦਾ ਰਹਿੰਦਾ। ਉਹ ਭੁੱਲ ਕੇ ਵੀ ਰਾਣੀ ਦੇ ਘਰ ਨਾ ਆਉਂਦਾ। ਰਾਣੀ ਇਕ ਪੁਰਖ ਨਾਲ ਬੜੇ ਪ੍ਰੇਮ ਨਾਲ ਸੰਭੋਗ ਕਰਨ ਲੱਗੀ ਤੇ ਜਦ ਓਹ ਸੌਂ ਗਈ ਤਾਂ ਸੁਪਨੇ ਵਿੱਚ ਉਸ ਨੂੰ ਸ਼ਿਵ ਨੇ ਦਰਸ਼ਨ ਦਿੱਤੇ :-

*ਰਾਨੀ ਏਕ ਪੁਰਖ ਸੌ ਅਤਿ ਹਿਤ ਠਾਨਿਕੈ ॥ ਰਮਤ ਭਈ ਤਿਹ ਸੰਗ ਅਧਿਕ ਰੁਚਿ ਮਾਨਿਕੈ ॥*
*ਸੋਤ ਹੁਤੀ ਸੁਪਨਾ ਮਹਿ ਸ਼ਿਵ ਦਰਸ਼ਨ ਦਿਯੋ ॥ ਹੋ ਬਚਨ ਆਪਨੇ ਮੁਖ ਤੇ ਹਸਿ ਮੁਹਿ ਯੌ ਕਿਯੋ ॥੩॥*

ਸ਼ਿਵ ਕਹਿੰਦਾ ਗਹਿਰੇ ਬਨ ਵਿੱਚ ਤੂੰ ਇਕੱਲੀ ਆਵੀਂ ਤੇ ਮੇਰੀ ਪੂਜਾ ਕਰ ਕੇ ਮੈਨੂੰ ਰਿਝਾਉਣਾ ਤੂੰ ਅਪਣੀ ਜੋਤਿ ਮੇਰੀ ਜੋਤਿ ਨਾਲ ਮਿਲਾਈਂ ਤੇ ਜੀਵਨ ਮੁਕਤੀ ਪਾਈਂ । ਤਾਂਤੇ ਮੈਂ ਪਤੀ ਤੋਂ ਆਗਿਆ ਕੈ ਕੇ ਉਥੇ ਜਾ ਕੇ ਸ਼ਿਵ ਨੂੰ ਪੂਜਣ ਚਲੀ ਜਿਸ ਨਾਲ ਸੱਤ ਕੁਲਾਂ ਤਰ ਜਾਣਗੀਆਂ । ਸ਼ਿਵ ਦ ਨਾਂ ਲੈ ਕੇ ਖਸਮ ਤੋਂ ਲਈ ਆਗਿਆ ਤੇ ਪ੍ਰਾਪਤ ਕੀਤੀ ਜੀਵਨ ਮੁਕਤੀ-ਜਾ ਵਸੀ ਯਾਰ ਦੇ ਸੰਗ ।

ਨੋਟ :- ਪਿਛਲੇ ਚਰਿੱਤ੍ਰ ਵਿੱਚ ਅਸੀਂ ਪੜ੍ਹ ਚੁੱਕੇ ਹਾਂ ਕਿ ਕਿਵੇਂ ਸ਼ਿਵ ਦੀ ਅਰਾਧਨਾ ਕਰ ਕੇ ਬਰ ਪ੍ਰਾਪਤ ਕਰਨ ਦੀ ਗੱਲ ਕਹੀ ਗਈ ਸੀ ਤੇ ਇੱਥੇ ਵੀ ਸ਼ਿਵ ਦੀ ਅਰਾਧਨਾ ਲਈ ਜੋਰ ਦੇ ਕੇ ਉਕਸਾਇਆ ਗਿਆ ਹੈ। ਦਸਮ ਗ੍ਰੰਥ ਦੇ ਅਨਪੜ੍ਹ ਸੰਪਾਦਿਕ ਅਤੇ ਮਹਾਂ ਮੂਰਖ ਸੋਧ ਕਮੇਟੀ ਸਿੱਖ ਧਰਮ ਦੇ ਮੂਲ ਮੰਤ੍ਰ ਦੇ ਅਰਥਾਂ ਤੋਂ ਵੀ ਅਣਭਿੱਜ ਹੈ। ਜੇਕਰ ਰੱਤੀ ਭਰ ਵੀ ਸੂਝ ਹੁੰਦੀ ਤਾਂ ਪਾਤਸ਼ਾਹੀ ੧੦ ਲਿਖ ਕੇ ਗੁਰੂ ਦੇ ਮੁਖਾਰਬਿੰਦ ਤੋਂ ਸ਼ਿਵ ਦੀ ਅਰਾਧਨਾ ਨਾ ਦਿਖਾਉਂਦੇ। ਇਉਂ ਕਰਕੇ ਉਨ੍ਹਾਂ ਗੁਰੂ ਜੀ ਦਾ ਘੋਰ ਅਪਮਾਨ ਕੀਤਾ ਹੈ। ਸੂਝ ਕਿਸੇ ਬਾਣੀਏ ਦੀ ਹੱਟੀ ਤੇ ਨਹੀਂ ਵਿੱਕਦੀ। ਇਹ ਇਕ ਰੱਬੀ ਦਾਤ ਹੈ ਜੋ ਕਿਸੇ ਕਿਸੇ ਨੂੰ ਨਸੀਬ ਹੁੰਦੀ ਹੈ। ਜੇਕਰ ਪਿਛਲੇ ਪੜ੍ਹੇ ਗਏ ਚਰਿੱਤ੍ਰ ਨਾਲ ਮੇਲ ਕੇ ਇਸ ਨੂੰ ਘੋਖੀਏ ਤਾਂ ਇਹ ਇਕੋ ਹੀ ਲਿਖਾਰੀ ਦੇ ਲਿਖੇ ਪ੍ਰਤੀਤ ਹੁੰਦੇ ਹਨ ਪਰ ਡੰਕੇ ਦੀ ਚਟਿ ਨਾਲ ਆਖਿਆ ਜਾ ਸਕਦ ਹੈ ਕਿ ਦਸਮ ਗ੍ਰੰਥ ਦੇ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ। ਬਾ ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਅਹਿਧੁਜ ਤੇ ਸ੍ਰੀ ਮਾਸੂਕਮਤੀ (ਦੋਇ ਸੌ ਇਕਸਠਿ ਚਰਿਤ੍ਰ ਪੰਨਾ ੧੧੯੮-੯੯)

**ਸੰਭੋਗ ਕਰ ਕੇ ਮਿਤ੍ਰ ਦਾ ਕਤਲ ਕਰੋ :** ਅਹਿਧੁਜ ਰਾਜੇ ਦੀ ਰਾਣੀ ਸ੍ਰੀ ਮਾਸੂਕਮਤੀ ਜਣੋ ਸੂਰਜ ਚੰਦ, ਨਹੀਂ ਨਹੀਂ ਇੰਦ੍ਰਾਨੀ ਜਿਹੀ ਸੋਹਣੀ । ਓਹਦੇ ਕੋਈ ਪੁੱਤ ਨਾ ਹੋਣ ਕਰਕੇ ਬੜੀ ਚਿੰਤਾ ਕਰੇ । ਉਹ ਰਾਜੇ ਤੋਂ ਡਰਦੀ ਹੋਈ ਵੀ ਅਨੇਕਾਂ ਪੁਰਖਾਂ ਨਾਲ ਕਲੋਲਾਂ ਕਰੇ ।

*ਤਾਕੇ ਪੁਤ੍ਰ ਹੋਤ ਗ੍ਰਿਹ ਨਾਹੀ ॥ ਇਹ ਚਿੰਤਾ ਤ੍ਰਿਯ ਕੇ ਜਿਯ ਮਾਹੀ ॥*
*ਰਾਜਾ ਤੇ ਜਿਯ ਮਹਿ ਡਰਪਾਵੈ ॥ ਬਹੁ ਪੁਰਖਨ ਸੰਗ ਕੇਲ ਕਮਾਵੈ ॥੨॥*

(ਦੋਇ ਸੌ ਇਕਸਠਿ ਚਰਿਤ੍ਰ ਪੰਨਾ ੧੧੯੮)

ਇਕ ਦਿਨ ਉਸ ਨੇ ਝਰੋਖੇ ਬੈਠ ਕੇ ਮੱਝਾਂ ਚਾਰਨ ਵਾਲਾ (ਪਾਲੀ) ਆਉਂਦੇ ਤੱਕਿਆ । ਓਹ ਸੋਹਣੀ ਮਹੀਵਾਲ ਨੂੰ ਗਾਉਂਦਾ ਆ ਰਿਹਾ ਸੀ ਜਿਸ ਨਾਲ ਅਨੇਕਾਂ ਔਰਤਾਂ ਦੇ ਚਿੱਤ ਚੁਰਾਏ ਜਾਂਦੇ। ਰਾਣੀ ਨੇ ਓਸ ਦੇ ਸੁੰਦਰ ਬੋਲ ਸੁਣ ਕੇ ਇਸ ਨਾਲ ਭੋਗ ਕਰਨ ਦੀ ਠਾਣੀ । ਜਿੱਥੇ ਉਹ ਮੱਝਾਂ ਚਰਾਉਂਦਾ ਸੀ ਉੱਥੇ ਰਾਤ ਨੂੰ ਰਾਣੀ ਜਾ ਪਹੁੰਚੀ । ਦੋ ਘੜੀ ਪਿੱਛੋਂ ਰਾਜੇ ਦੀ ਜਾਗੂ ਖੁੱਲੀ ਓਹ ਕ੍ਰਿਪਾਨ ਹੱਥ ਲੈ ਕੇ ਮਗਰੇ ਭੱਜਾ। ਇਕ ਸਿਆਣੀ ਸਖੀ ਨੇ ਭਾਂਪ ਕੇ ਭੱਜ ਕੇ ਰਾਣੀ ਨੂੰ ਖ਼ਬਰਦਾਰ ਕਰ ਦਿੱਤਾ। ਉਸ ਨੇ ਆਜੜੀ ਦਾ ਉਸ ਦੀ ਪਗੜੀ ਨਾਲ ਗਲਾ ਘੁੱਟ ਕੇ ਮਾਰ ਦਿੱਤਾ ਤੇ ਦਰੱਖਤ ਤੇ ਲਟਕਾ ਦਿੱਤਾ। ਆਪ ਨਦੀ ਚ ਕੱਪੜੇ ਉਤਾਰ ਕੇ ਨਾਹ੍ਣ ਬੜ ਗਈ । ਐਨੇ ਨੂੰ ਰਾਜਾ ਪੁੱਜਾ ਤੇ ਓਹਨੂੰ ਨਹਾਉਂਦੀ ਨੂੰ ਤੱਕ ਕੇ ਓਹ ਸੜ ਬਲ ਗਿਆ । ਕਹਿੰਦਾ ਸੱਚ ਸੱਚ ਦੱਸ ਤੂੰ ਘਰ ਛੱਡ ਕੇ ਇੱਥੇ ਕੀ ਕਰਨ ਆਈ ਐਂ । ਕਹਿੰਦੀ ਖਸਮਾ ਮੇਰੀ ਗੱਲ ਸੁਣ ਕਿ ਮੈਂ ਹਰ ਰੋਜ ਈ ਪੂਜਾ ਕਰਦੀ ਮੰਗ ਮੰਗਦੀ ਕਿ ਸਾਡੇ ਘਰ ਕੋਈ ਪੁੱਤ ਦੇਹ ਮੈਂ ਪਲ ਪਲ ਤੇਰੇ ਤੋਂ ਬਲਿਹਾਰੇ ਜਾਵਾਂ। ਕਹਿੰਦੀ ਪੁੱਤ ਖਾਤਰ ਹੀ ਮੈਂ ਇਥੇ ਆਈ ਤੇ ਨਾਹ੍ਣ ਕੀਤਾ। ਕਹਿੰਦੀ ਮੈਂ ਸੱਚ ਸੱਚ ਕਿਹਾ ਭਾਵੇਂ ਹੁਣ ਤੂੰ ਮੇਰੀ ਜਾਨ ਕੱਢ ਲੈ। ਰਾਜਾ ਸੁਣ ਕੇ ਪ੍ਰਸੰਨ ਹੋ ਗਿਆ ਕਿ ਪੁੱਤਰ ਖਾਤਰ ਇਸ ਨੇ ਨਾਹ੍ਣ ਕੀਤਾ ਪਰ ਇਹ ਨਾ ਜਾਣ ਸਕਿਆ ਕਿ ਕਾਮ ਦੀ ਭੁੱਖ ਮਿਟਾਣ ਬਾਦ ਉਸ ਨੇ ਮਿਤ੍ਰ ਕਤਲ ਕਰ ਦਿੱਤਾ।

*ਅੜਿੱਲ ॥ ਤਾਂਹਿ ਭੋਗਿ ਫਾਸੀ ਸੌ ਬਹੁਰਿ ਸੰਘਾਰਿਯੋ ॥ ਕਰਿਕੈ ਨ੍ਰਿਪਹਿ ਚਰਿੱਤ੍ਰ ਇਹ ਭਾਂਤਿ ਦਿਖਾਰਿਯੋ ॥*
*ਮੂੜ੍ਹ ਪ੍ਰਫੁਲਿਤ ਭਯੋ ਨ ਕਛੁ ਤਾਕੌ ਕਹਾ ॥ ਹੋ ਧੰਨਿ ਧੰਨਿ ਕਹਿ ਨਾਰਿ ਮਗਨ ਹ੍ਵੈ ਮਨ ਰਹਾ ॥੧੨॥*

(ਦੋਇ ਸੌ ਇਕਸਠਿ ਚਰਿਤ੍ਰ ਪੰਨਾ ੧੧੯੮)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਕਾਮ ਦੀ ਭੁੱਖ ਪੂਰੀ ਕਰਨ ਤੋਂ ਬਾਦ ਮਿਤ੍ਰ ਦਾ ਕਤਲ ਕਰਨਾ ਹੈ । ਇਹ ਓਹ ਰਚਨਾਵਾਂ ਹਨ ਜਿਨ੍ਹਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਅੰਮ੍ਰਿਤ ਰੂਪੀ ਬਾਣੀ (ਗੁਰਬਾਣੀ) ਹੈ । ਇਸ ਬਾਰੇ ਤੁਹਾਡੀ ਕੀ ਰਾਇ ਹੈ ਬਿਨਾ ਮਨ ਦੀ ਸਹੀ ਅਵਾਜ ਦਬਾਇਆਂ ਪ੍ਰਗਟ ਕਰਨੀ । ਆਵਾਜ਼ ਦਬਾਣ ਨਾਲ ਆਤਮਾ ਤੇ ਜ਼ਮੀਰ ਮਰ ਜਾਇਆ ਕਰਦੀਆਂ ਹਨ। ਤੁਹਾਡੀ ਆਤਮਾ ਬਲਵਾਨ ਰਹੇ ਇਹ ਅਰਦਾਸ ਹੈ ।

## ਦੇਸ : ਕਿਲਮਾਕਨ (ਦੋਇ ਸੌ ਬਾਸਠ ਚਰਿਤ੍ਰ ਪੰਨਾ ੧੧੮੯-੯੦)

### ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਇੰਦ੍ਰਧੁਜ (ਨ੍ਰਿਪਤਿ), ਸ੍ਰੀ ਕਿਲਮਾਕ ਮਤੀ (ਰਾਨੀ) ਤੇ ਮਾਸ਼ੂਕਮਤੀ (ਦੁਹਿਤਾ) : ਕਿਲਮਾਕਨ ਦੇਸ ਦੇ ਰਾਜਾ ਇੰਦ੍ਰਧੁਜ ਦੀਰਾਣੀ ਸ੍ਰੀ ਕਿਲਮਾਕ ਮਤੀ ਨੇ ਚੰਦ ਵਰਗੀ ਸੋਹਣੀ ਕੁੜੀ ਮਾਸ਼ੂਕਮਤੀ ਜੰਮੀ। ਉੱਥੇ ਇਕ ਸੌਦਾਗਰ ਸੂਰਜ ਵਰਗਾ ਸੋਹਣਾ ਤੇ ਕਾਮੀ ਸੌਦਾ ਕਰਨ ਆ ਗਿਆ । ਇਕ ਦਿਨ ਰਾਜੇ ਦੀ ਧੀ ਨੇ ਝਰੋਖੇ ਬੈਠ ਕੇ ਇਸ ਸਾਹੂਕਾਰ ਦੇ ਪੁੱਤ ਨੂੰ ਦੇਖਿਆ ਤੇ ਉਸ ਦਾ ਰੂਪ ਦੇਖ ਕੇ ਦੀਵਾਨੀ ਹੋ ਗਈ। ਉਸ ਨੇ ਸਹੇਲੀ ਨੂੰ ਬਹੁਤ ਧੰਨ ਦੇ ਕੇ ਸੌਦਾਗਰ ਨੂੰ ਕਿਵੇਂ ਨਾ ਕਿਵੇਂ ਉਸ ਕੋਲ ਲਿਆਉਣ ਲਈ ਭੇਜਿਆ। ਉਸ ਨੇ ਹੀਲਾ ਵਸੀਲਾ ਕਰ ਕੇ ਦੋਨਾਂ ਦਾ ਮਿਲਾਪ ਕਰਾ ਦਿੱਤਾ :-

*ਸੁਨਤ ਕੁਅਰਿ ਕੋ ਬਚਨ ਸਖੀ ਤਹ ਜਾਇਕੈ ॥ ਮਨ ਭਾਵਤ ਪਿਯ ਯਾਕਹ ਦਿਯਾ ਮਿਲਾਇਕੈ॥*
*ਚੌਰਾਸੀ ਆਸਨ ਸੁ ਬਿਬਿਧ ਬਿਧਿ ਕੈ ਲੀਏ॥ ਹੋ ਚਿਤ ਕੇ ਸ਼ੋਕ ਸੰਤਾਪ ਬਿਦਾ ਸਭ ਕਰ ਦੀਏ॥੫॥*
*ਛੈਲ ਛੈਲਨੀ ਛਕੇ ਨ ਛੋਰਤ ਏਕ ਛਿਨ ॥ ਜਨੁਕ ਨਵੌ ਨਿਧਿ ਰਾਂਕ ਸੁ ਪਾਈ ਆਜੁ ਤਿਨ ॥*
*ਚਿੰਤਾਤੁਰ ਚਿਤ ਭਈ ਬਿਚਾਰ ਬਿਚਾਰਿਕੈ ॥ ਹੋ ਸਦਾ ਬਸੌ ਸੁਖ ਸਾਥ ਪਿਯਰਵਾ ਯਾਰਿਕੈ ॥੬॥*

(ਦੋਇ ਸੌ ਬਾਸਠ ਚਰਿਤ੍ਰ ਪੰਨਾ ੧੧੮੯)

ਉਸ ਨੇ ਸਹੇਲੀ ਨੂੰ ਪੁਰਖ ਦਾ ਭੇਖ ਧਾਰ ਕੇ ਬਾਪ ਪਾਸ ਭੇਜਿਆ ਕਿ ਤੇਰਾ ਪੁੱਤ ਡੁੱਬ ਕੇ ਮਰ ਗਿਆ ਮੈਂ ਅੱਖੀਂ ਦੇਖਿਆ ਹੈ । ਸ਼ਾਹ ਸੁਣ ਕੇ ਬੜਾ ਦੁਖੀ ਹੋਇਆ, ਉਸ ਨੇ ਧਰਤੀ ਨਾਲ ਪਟਕ ਪਟਕ ਕੇ ਅਪਣੇ ਆਪ ਨੂੰ ਬਥੇਰੇ ਵੈਣ ਪਾਏ ਤੇ ਆਖੀਰ ਸਾਰਾ ਧੰਨ ਲੁਟਾ ਕੇ ਫਕੀਰ ਹੋ ਗਿਆ । ਕੁੜੀ (ਸਹੇਲੀ) ਨੇ ਆ ਕੇ ਸਾਰਾ ਭੇਦ ਦੱਸ ਦਿੱਤਾ ਕਿ ਤੇਰਾ ਪਿਓ ਮਾਲ ਧੰਨ ਲੁਟਾ ਕੇ ਫਕੀਰ ਹੋ ਗਿਆ ਹੈ ਉਸ ਨੇ ਪਿਓ ਨੂੰ ਨਿਰਾਸ ਤੱਕ ਕੇ ਅਪਣੀ ਪ੍ਰੇਮਿਕਾ ਨਾਲ ਰਹਿਣਾ ਸੁਰੂ ਕਰ ਦਿੱਤਾ । ਪ੍ਰੇਮਿਕਾ ਨੇ ਸਾਹੁ ਦੇ ਪੁੱਤ ਤੋਂ ਵਧੇਰੇ ਸਰੀਰਕ ਰਸ ਮਾਣਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਜੇਕਰ ਤੁਰਿਆ ਜਾਂਦਾ ਕੋਈ ਪਸੰਦ ਆ ਗਿਆ ਤਾਂ ਉਸ ਨੂੰ ਵਿਚੋਲੀ ਲੱਭ ਕੇ ਪਟਾ ਲਓ ਤੇ ਮਨ ਭਾਉਂਦਾ ਮੌਜ ਮੇਲਾ ਕਰੋ । ਉਂਝ ਇਸ ਤੇ ਪਾਤਸ਼ਾਹੀ ੧੦ ਲਿਖ ਕੇ ਅਪਣਾ ਨੰਗ ਢੱਕਣ ਦੀ ਨਾਕਾਮ ਕੋਸ਼ਿਸ ਕੀਤੀ ਹੈ । ਪੁਜਾਰੀਆਂ ਨੂੰ ਚੰਗੀ ਤਰ੍ਹਾਂ ਪਤਾ ਹੋਣ ਤੇ ਵੀ ਕਿ ਅਸੀਂ ਗੁਰੂ ਦਾ ਅਪਮਾਨ ਕਰ ਰਹੇ ਹਾਂ ਅਤੇ ਰੱਜ ਕੇ ਝੂਠੇ ਹਾਂ ਫਿਰ ਵੀ ਕਿਤਾਬ ਚ ਇਸ ਨੂੰ ਜੜ੍ਹ ਦਿੱਤਾ । ਖ਼ਬਰਦਾਰ-ਜਾਗਦੇ ਰਹਿਓ !

## ਦੇਸ : ਕਿਲਮਾਕਨ (ਦੋਇ ਸੌ ਬਾਸਠ ਚਰਿਤ੍ਰ ਪੰਨਾ ੧੧੮੯-੯੦)

ਪਾਤਰ : ਅਜੈ ਚੰਦ (ਨ੍ਰਿਪ), ਨਾਗਰਮਤੀ (ਨਾਰੀ) ਤੇ ਜੁੱਧ ਕਰਨ (ਰਾਜੇ ਦਾ ਭਰਾ)

**ਦੇਵਰ ਤੇ ਡੋਰੇ ਸੁੱਟੇ :** ਪੂਰਬ ਦੇ ਰਾਜਾ ਅਜੈ ਚੰਦ ਦੀ ਔਰਤ ਨਾਗਰਮਤੀ ਅੰਤਾਂ ਦੀ ਸੋਹਣੀ । ਰਾਜੇ ਦਾ ਭਰਾ ਜੁੱਧ ਕਰਨ ਬੜਾ ਖੂਬਸੂਰਤ ਜਿਸ ਦਾ ਰੂਪ ਤੱਕ ਕੇ ਰਾਣੀ ਉਸ ਤੇ ਮਰ ਮਿਟੀ :-

*ਦੋਹਰਾ ॥ ਅਬਲਾ ਤਾਂਕੋ ਰੂਪ ਲਖਿ ਅਟਿਕ ਰਹੀ ਮਨ ਮਾਂਹਿ ॥*
*ਪਤਿ ਕਰਿ ਦਿਯਾ ਬਿਸਾਰਿ ਕਰਿ ਕਛੂ ਰਹੀ ਸੁਧਿ ਨਾਹਿ ॥੩॥* (ਦੋਇ ਸੌ ਤਿਰਸਠਿ ਚਰਿਤ੍ਰ ਪੰਨਾ ੧੧੯੦)

ਇਕ ਸਿਆਣੀ ਸਖੀ ਨੇ ਰਾਣੀ ਦੇ ਦਿਲ ਦੀ ਰਮਜ਼ ਪਹਿਚਾਣ ਕੇ ਜੁੱਧ ਕਰਨ ਨੂੰ ਜਾ ਦੱਸੀ ਪਰ ਉਹ ਨਾ ਮੰਨਿਆ ਤਾਂ ਰਾਣੀ ਨੂੰ ਬੜਾ ਗੁੱਸਾ ਚੜ੍ਹਿਆ ਕਹਿੰਦੀ ਜਿਸ ਮੂਰਖ ਨੂੰ ਮੈਂ ਅਪਣਾ ਚਿੱਤ ਦਿੱਤਾ ਉਸ ਨੇ ਮੇਰੇ ਤੇ ਭੋਰਾ ਗੌਰ ਨੀ ਕੀਤੀ । ਜੇਕਰ ਇਸ ਨੇ ਰਾਜੇ ਨੂੰ ਦੱਸ ਦਿੱਤਾ ਓਹ ਨਰਾਜ਼ ਹੋਏਗਾ । ਰਾਜਾ ਹੋਰ ਹੋਰ ਔਰਤ ਤਾਂ ਭੋਗਦਾ ਹੈ ਪਰ ਮੇਰੇ ਪਾਸ ਨਹੀਂ ਆਉਂਦਾ ਤਾਂ ਤੇ ਕੋਈ ਹੀਲਾ ਕਰ ਕੇ ਇਨ੍ਹਾਂ ਨੂੰ ਮਾਰ ਮੁਕਾਣਾ ਚਾਹੀਦਾ ਹੈ । ਉਸ ਨੇ ਇਕ ਸਹੇਲੀ ਨੂੰ ਸਮਝਾਇਆ ਕਿ ਜਦ ਰਾਜੇ ਨੂੰ ਆਉਂਦੇ ਨੂੰ ਤੱਕੇਂ ਤਾਂ ਦਾਰੂ ਪੀ ਕੇ ਉਸ ਨੂੰ ਗਾਲਾਂ ਕੱਢਣੀਆਂ ਸੁਰੂ ਕਰ ਦਈਂ । ਉਸ ਨੇ ਉਵੇਂ ਹੀ ਕੀਤਾ ਤੇ ਰਾਜੇ ਨੂੰ ਗਾਲਾਂ ਸੁਣ ਕੇ ਗੁੱਸਾ ਆ ਗਿਆ । ਉਹ ਭੱਜ ਕੇ ਜੁੱਧ ਕਰਨ ਦੇ ਘਰ ਬੜ ਗਈ । ਹੁਣ ਰਾਣੀ ਨੂੰ ਗੁੱਸਾ ਚੜ੍ਹਿਆ ਤੇ ਸੈਨਾ ਨੂੰ ਹੁਕਮ ਕੀਤਾ ਕਿ ਜਿਸ ਰਾਜੇ ਨੇ ਚੋਰ ਨੂੰ ਘਰ ਰੱਖਿਆ ਹੈ ਉਸ ਨੂੰ ਪਕੜ ਕੇ ਹੁਣੇ ਕਤਲ ਕਰੋ । ਤੋਪਖਾਨੇ ਨੂੰ ਇਸ਼ਾਰਾ ਕੀਤਾ ਕਿ ਇਸ ਘਰ ਨੂੰ ਨਿਸ਼ਾਨਾ ਬਣਾਓ। ਰਾਜੇ ਦੇ ਨੌਕਰਾਂ ਨੇ ਬਿਨਾਂ ਚਰਿੱਤ੍ਰ ਨੂੰ ਬੁੱਝਿਆਂ ਰਾਜੇ ਦਾ ਭਰਾ ਮਾਰਤਾ । ਕਵੀ ਕਹਿੰਦਾ :-

*ਤ੍ਰਿਯਾ ਚਰਿੱਤ੍ਰ ਕਿਨਹੂੰ ਨਹਿ ਜਾਨਾ ॥ ਬਿਧਨਾ ਸਿਰਜਿ ਬਹੁਰਿ ਪਛੁਤਾਨਾ ॥*
*ਸ਼ਿਵ ਘਰ ਤਜਿ ਕਾਨਨਹਿ ਸਿਧਾਯੋ ॥ ਤਊ ਤਰੁਨਿ ਕੋ ਅੰਤੁ ਨ ਪਾਯੋ ॥੧੬॥*

(ਦੋਇ ਸੌ ਤਿਰਸਠਿ ਚਰਿਤ੍ਰ ਪੰਨਾ ੧੧੯੧)

ਨੋਟ :- ਦਸਮ ਗ੍ਰੰਥ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦਾ ਹੈ ਕਿ ਦਿਓਰ ਤੇ ਡੋਰੇ ਸੁੱਟੋ ਜੇਕਰ ਉਹ ਭਰਜਾਈ ਦੀ ਕਾਮ ਭੁੱਖ ਪੂਰੀ ਨਾ ਕਰ ਸਕੇ ਤਾਂ ਕਤਲ ਕਰ ਦਿਓ । ਹੈ ਨਾ ਕਮਾਲ ਦੀ ਸਿੱਖਿਆ ਪਰ ਬਚ ਕੇ ਰਹਿਓ ਜੀ ਹਰ ਕੋਈ ਕਿਸੇ ਨਾ ਕਿਸੇ ਦਾ ਦਿਓਰ ਹੈ ਇਸ ਸੰਸਾਰ ਵਿੱਚ । ਜੇਕਰ ਇਸ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਕੁੜੀਆਂ ਕਾਰੇ ਕਰਨੇ ਸੁਰੂ ਕਰ ਦਿੱਤੇ ਤਾਂ ਭੱਜਣ ਨੂੰ ਥਾਂ ਨਹੀਂ ਲੱਭਣੀ । ਖ਼ਬਰਦਾਰ-ਜਾਗਦੇ ਰਹਿਓ !

ਇਲਾਕਾ: ਦੱਖਣ (ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੧-੯੮)

## ਧੀਆਂ ਲਈ ਸਿੱਖਿਆ ਮਿਤ੍ਰ ਨਾਲ ਭੱਜਣਾ ਸਿਖੋ

ਪਾਤਰ : ਬਿਚੱਛਨ ਸੈਨ (ਨ੍ਰਿਪਤਿ), ਸੁੱਲਛਨਿ ਮਤੀ (ਨਾਰਿ), ਬਿਰਹ ਕੁਅਰਿ (ਦੁਹਿਤਾ) ਤੇ ਦਿਲੀਪ ਸਿੰਘ (ਰਾਜਕੁਮਾਰ)

ਬਿਚੱਛਨ ਸੈਨ ਰਾਜੇ ਦੀ ਰਾਣੀ ਸੁਲੱਛਨਿ ਮਤੀ ਨੇ ਬਿਰਹ ਕੁਅਰਿ ਨਾਂ ਦੀ ਧੀ ਜੰਮ ਕੇ ਉਸ ਨੂੰ ਕੋਕ ਸਾਸਤ੍ਰ ਅਤੇ ਵਿਆਕਰਨ ਦੀ ਅਨੇਕਾਂ ਤਰ੍ਹਾਂ ਦੀ ਸਿੱਖਿਆ ਦਿੱਤੀ । ਕੋਕ ਸਾਸਤ੍ਰ ਦੀ ਵਿੱਦਿਆ ਵਿੱਚ ਨਿਪੁੰਨ ਕੁੜੀ ਦੀ ਬੜੇ ਬੜੇ ਪੰਡਿਤਾਂ ਨੇ ਉਸਤਤਿ ਕੀਤੀ :-

*ਚੌਪਈ ॥ ਬਿਰਹ ਕੁਅਰਿ ਤਾਕੇ ਦੁਹਿਤਾ ਇਕ ॥ ਪੜ੍ਹੀ ਬਯਾਕਰਨ ਕੋਕ ਸ਼ਾਸਤ੍ਰਨਿਕ॥*
*ਨਾਨਾ ਬਿਧਿ ਕੀ ਬਿਦਯਾ ਧਰੈ ॥ ਬਹੁ ਪੰਡਿਤ ਉਸਤਤਿ ਜਿਹ ਕਰੈ ॥੨॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੧)

ਨੋਟ :- ਅਸੀਂ ਪਿੱਛੇ ਅਨੇਕਾਂ ਹੀ ਕਾਵਿ ਰਚਨਾਵਾਂ ਚ ਪੜ੍ਹ ਚੁੱਕੇ ਹਾਂ ਕਿ ਲਿਖਾਰੀ ਕੁੜੀਆਂ ਨੂੰ ਕੋਕ ਸ਼ਾਸਤ੍ਰ ਪੜ੍ਹਨ ਦੀ ਪ੍ਰੇਰਨਾ ਦੇਂਦਾ ਹੈ । ਪੂਰੇ ਹਿੰਦੋਸਤਾਨ ਵਿੱਚ ਕੌਣ ਹੈ ਜੋ ਅਪਣੀ ਕੁਆਰੀ ਧੀ ਨੂੰ ਇਸ ਦੀ ਸਿੱਖਿਆ ਦੇਂਦਾ ਹੈ ? ਕੀ ਗੁਰੂ ਕਿਸੇ ਧੀ ਨੂੰ ਕੋਕ ਸ਼ਾਸਤ੍ਰ ਪੜ੍ਹਨ ਦੀ ਹੱਲਾਸ਼ੇਰੀ ਦੇਣਗੇ ? ਫਿਰ ਕੌਣ ਹਨ ਉਹ ਲੋਕ ਜੋ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ ਹਨ ? ਕਿਤੇ ਸਿੱਖ ਸਰੂਪ ਵਿੱਚ ਕੌਮ ਦੇ ਦੁਸ਼ਮਣ ਤਾਂ ਨਹੀਂ ? ਇਕ ਸਿੱਖ ਹੋਣ ਦੇ ਨਾਤੇ ਅਪਣਾ ਫਰਜ਼ ਪਹਿਚਾਣੋ ਤੇ ਸੱਚ ਬੋਲਣ ਦੀ ਦਲੇਰੀ ਕਰੋ ।

ਉਸ ਕੁੜੀ ਦੇ ਹੁਸਨ ਨੂੰ ਜਣੋ ਬ੍ਰਹਮਾ ਆਪ ਘੜਿਆ ਹੋਏ । ਉਸ ਵਰਗੀ ਨਾ ਤਾਂ ਕੋਈ ਪਰੀ ਪਦਮਨੀ ਜਾਂ ਪੰਨਗੀ ਤੇ ਨਾ ਹੀ ਕੋਈ ਮੁਟਿਆਰ ਨ੍ਰਿਤਕਾਰੀ ਜਾਂ ਨਟੀ-ਜੇਕਰ ਧਰਮਾਂ ਚ ਖੋਜ ਕੀਤੀ ਜਾਏ ਤਾਂ ਉਸ ਵਰਗੀ ਨਾ ਤਾਂ ਹਿੰਦੂ ਧਰਮ ਦੀ ਕੋਈ ਕੁੜੀ ਸੋਹਣੀ ਤੇ ਨਾ ਹੀ ਤੁਰਕਾਂ ਦੇ ਘਰ ਜੰਮੀ ਕੋਈ ਧੀ-ਸੁਰੀ ਅਸੁਰੀ ਵੀ ਉਸ ਵਰਗੀ ਨਾ ਹੋ ਸਕੀ । ਇਕ ਅਪੱਛਰਾ ਨੇ ਉਸ ਦਾ ਹੁਸਨ ਤੱਕ ਕੇ ਕਿਹਾ ਕਿ ਜਿਤਨੀ ਇਹ ਸੋਹਣੀ ਹੈ ਉਤਨਾ ਹੀ ਸੋਹਣਾ ਕੋਈ ਮੁੰਡਾ ਲੱਭ ਕੇ ਇਸ ਨੂੰ ਰਿਝਾਉਣਾ ਚਾਹੀਦਾ ਹੈ ਭਾਵੇਂ ਕਰੋੜਾਂ ਹੀ ਯਤਨ ਕਿਉਂ ਨਾ ਕਰਨੇ ਪੈਣ । ਉਨ੍ਹਾਂ ਨੇ ਬੜੀ ਖੋਜ ਕੀਤੀ ਪਰ ਸਫਲਤਾ ਨਾ ਮਿਲੀ ਆਖਰ ਉਨ੍ਹਾਂ ਬਨ ਵਿੱਚ ਇਕ ਰਿਖੀ ਨੂੰ ਤਪੱਸਿਆ ਕਰਦਿਆਂ ਤੱਕਿਆ ਤੇ ਉਸ ਅੱਗੇ ਬੇਨਤੀ ਕੀਤੀ । ਰਿਖੀ ਕਹਿੰਦਾ ਪਹਿਲਾਂ ਸੱਚ ਸੱਚ ਦੱਸ ਤੂੰ ਕੌਣ ਹੈ ਨਹੀਂ ਤਾਂ ਮੈਂ ਤੈਨੂੰ ਸਰਾਪ ਦੇ ਦੇਵਾਂਗਾ (ਸਿੱਖ ਧਰਮ ਨਾ ਤਾਂ ਵਰ ਅਤੇ ਨਾ ਹੀ ਸਰਾਪ ਦੇ ਦੇਣ ਲੈਣ ਵਿੱਚ ਕੋਈ ਵਿਸ਼ਵਾਸ ਰੱਖਦਾ ਹੈ । ਸਿੱਖ ਧਰਮ ਕਹਿੰਦਾ ਹੈ ਕਿ ਰੱਬ ਦੀ ਬੰਦਗੀ ਕਰਨ ਵਾਲੇ ਜੀਵ ਇਨ੍ਹਾਂ ਦੋਨਾਂ ਤੋਂ ਮੁਕਤ ਹੁੰਦੇ ਹਨ ਨਾ ਓਹ ਵਰ ਦੀ ਆਸ ਰੱਖਦੇ ਹਨ ਤੇ ਨਾ ਹੀ ਸਰਾਪ ਦੇ ਡਰ ਵਿੱਚ ਜਿੰਦਗੀ ਜਿਊਂਦੇ ਹਨ । ਜੇਕਰ ਸਿੱਖ ਭੇਖ ਅੰਦਰ ਕੋਈ ਇਸ ਦੇ ਲੇਖੇ ਜੋਖੇ ਪੈਂਦਾ ਹੈ ਤਾਂ ਉਹ ਨਾਨਕ ਦਾ ਸਿੱਖ ਨਹੀਂ ਹੈ) ਪਰੀ ਕਹਿੰਦੀ ਅਸੀਂ ਤਾਂ ਦੋ ਹੁਸਨਾ ਦਾ ਮੇਲ ਕਰਾਣ ਲਈ ਦੇਸ ਦਾ ਰਟਨ ਲਾ ਕੇ ਉਦਾਸ ਹੋ ਗਈਆਂ ਹਾਂ ਸਾਨੂੰ ਕੋਈ-ਨੀ-ਲੱਭਾ ਹੁਣ ਤੂੰ ਈ ਕ੍ਰਿਪਾ ਕਰ ।

*ਦੋਹਰਾ ॥ ਖੋਜਿ ਦੇਸ ਬਯਾਕੁਲ ਭਈ ਆਈ ਤੁਮਰੇ ਪਾਸ ॥*
*ਦੀਜੈ ਸੁਘਰ ਬਤਾਇ ਕਹੁੰ ਕਾਰਜ ਆਵਹਿ ਰਾਸ ॥੧੬॥* (ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੧)

ਰਿਖੀ ਕਹਿੰਦਾ ਕਿ ਬ੍ਰਹਮਾ ਨੇ ਇਕ ਬੰਦਾ ਸਾਤ ਸਮੁੰਦਰ ਪਾਰ ਰਾਜੇ ਦੇ ਘਰ ਬਣਾਇਆ ਹੈ ਜੇ ਹਿੰਮਤ ਹੈ ਤਾਂ ਉਸ ਨੂੰ ਲੈ ਆਵੋ । ਇਹ ਸੁਣਦਿਆਂ ਹੀ ਉਹ ਛਿਨ ਮਾਤਰ ਚ ਉੱਥੇ ਜਾ ਪੁੱਜੀਆਂ ਜਿੱਥੇ ਸੁੰਦਰ ਦਿਲੀਪ ਸਿੰਘ ਆਰਾਮ ਕਰ ਰਿਹਾ ਸੀ । ਉਹ ਨੂੰ ਤੱਕ ਕੇ ਓਹ ਬਾਗ ਬਾਗ ਹੋ ਗਈਆਂ । ਇਕ ਪਰੀ ਨੇ ਚਿੱਤ੍ਰ ਬਣਾ ਕੇ ਆਲੇ ਚ ਰੱਖ ਦਿੱਤਾ ਜਿਸ ਨੂੰ ਤੱਕ ਕੇ ਰਾਜਕੁਮਾਰ ਨੇ ਰਾਜ ਭਾਗ ਤਿਆਗ ਦਿੱਤਾ । ਓਹ ਉਸ ਮੂਰਤੀ ਅੱਗੇ ਹੀ ਬੈਠਾ ਰੋਈ ਜਾਏ ਤੇ ਸਮਝ ਨਾ ਲੱਗੇ ਕਿ ਕੀ ਕਰਾਂ (ਦਿਲੀਪ ਸਿੰਘ ਦਾ ਕਿਸੇ ਮੂਰਤੀ ਅੱਗੇ ਰੋਣਾ ਦਿਖਾਣਾ ਇਕ ਬੜੀ ਹੀ ਕਮੀਣੀ ਸਾਜਿਸ ਹੈ । ਸਿੱਖ ਨਾ ਤਾਂ ਮੂਰਤੀ ਬਣਾਉਂਦਾ ਹੈ ਤੇ ਨਾ ਹੀ ਉਸ ਦੀ ਪੂਜਾ ਜਾਂ ਅਰਾਧਨਾ ਕਰਦਾ ਹੈ । ਮੂਰਤੀਆਂ ਅੱਗੇ ਗਿੜ ਗੜਾਉਣ ਵਾਲੇ ਗੁਰੂ ਦੇ ਸਿੱਖ ਨਹੀਂ ਹਨ । ਸਿੱਖ ਧਰਮ ਮੂਰਤੀ ਪੂਜਾ ਦਾ ਹਰ ਸਾਹ ਖੰਡਨ ਕਰਦਾ ਹੈ । ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ)

ਓਧਰ ਰਾਜਕੁਮਾਰੀ ਮਤਵਾਰੇ (ਨਸ਼ਈ) ਦੀ ਤਰ੍ਹਾਂ ਝੱਲੀ ਹੋ ਗਈ । ਉਸ ਨੇ ਖਾਨ ਪਾਨ ਦੀ ਸੁੱਧ ਭੁਲਾ ਦਿੱਤੀ-ਕਦੇ ਉਹ ਠਹਾਕੇ ਮਾਰ ਕੇ ਹੱਸਦੀ ਤੇ ਕਦੇ ਗੁਣ ਗੁਣਾਉਣ ਲੱਗਦੀ-ਕਦੇ ਰਾਤ ਦਿਨ ਰੋ ਰੋ ਕੇ ਬਿਤਾਉਂਦੀ-ਪ੍ਰੀਤਮ ਦੇ ਮਿਲਾਪ ਲਈ ਉਪਜੀ ਸੀਨੇ ਪੀੜ ਕਾਰਣ ਓਹ ਪੀਲੀ ਹੋ ਗਈ-ਓਹ ਸੋਚਦੀ ਕਿ ਓਹਦਾ ਪ੍ਰੇਮੀ ਸੱਤ ਸਮੁੰਦਰ ਪਾਰ ਵੱਸਦਾ ਹੈ । ਓਧਰ ਰਾਜ ਕੁਮਾਰ ਦਾ ਹਾਲ ਇਸ ਤੋਂ ਵੀ ਭੈੜਾ-ਓਹ ਫੋਟੋ ਚੁੱਕ ਚੁੱਕ ਛਾਤੀ ਨਾਲ ਲਾਉਂਦਾ ਤੇ ਰਾਤ ਦਿਨ ਡੁਸਕਦਾ ਰਹਿੰਦਾ । ਪਰੀ ਨੇ ਆ ਕੇ ਸਾਰੀ ਗੱਲ ਰਾਜਕੁਮਾਰੀ ਨੂੰ ਦੱਸੀ ਕਿ ਤੂੰ ਓਹਨੂੰ ਮਿਲਣਾ ਚਾਹੁੰਦੀ ਹੈਂ ਤੇ ਓਹ ਤੈਨੂੰ ਪਰ ਸੱਚ ਜਾਣੀ ਕਿ ਤਿੰਨਾਂ ਭਵਨਾਂ ਚ ਉਸ ਵਰਗਾ ਸੋਹਣਾ ਹੋਰ ਕੋਈ ਨੀ ਜਦ ਸਰਦਾਰ ਪਰੀ ਓਹਨੂੰ ਲਿਆ ਕੇ ਤੈਨੂੰ ਮਿਲਾਏਗੀ ਤਾਂ ਓਹਨੂੰ ਪਾ ਕੇ ਤੂੰ ਮੇਰਾ ਜਸ ਗਾਏਂਗੀ । ਪਰੀ ਉਥੋਂ ਉਡ ਕੇ ਸਰਦਾਰ ਪਰੀ ਪਾਸ ਗਈ ਤੇ ਜਾ ਕੇ ਸਾਰੀ ਬਿਰਥਾ ਜਾ ਦੱਸੀ । ਸਭ ਪਰੀਆਂ ਉਡ ਕੇ ਸਤ ਸਮੁੰਦਰ ਪਾਰ ਗਈਆਂ ਤੇ ਦਿਲੀਪ ਸਿੰਘ ਨੂੰ ਤੱਕ ਕੇ ਸਭਨਾਂ ਦੇ ਚੇਹਰੇ ਖਿੜ ਗਏ । ਇਕ ਪਰੀ ਓਹਦਾ ਰੂਪ ਤੱਕ ਕੇ ਸੋਚਣ ਲੱਗੀ ਕਿ ਇਸ ਨਾਲ ਮੈਂ ਸ਼ਾਦੀ ਕਰੂੰਗੀ-ਓਹ ਹਾਇ ਹਾਇ ਕਰਦੀ ਅਪਣਾ ਸਿਰ ਧਰਤੀ ਨਾਲ ਮਾਰੀ ਜਾਏ ਕਿ ਜਿਸ ਵਾਸਤੇ ਮੈਂ ਐਨੀ ਮਿਹਨਤ ਕੀਤੀ ਉਸ ਨੂੰ ਮੈਨੂੰ ਮਿਲਣ ਨਾ ਦਿੱਤਾ ਓਧਰ ਸਰਦਾਰ ਪਰੀ ਆਪ ਉਸ ਨਾਲ ਸ਼ਾਦੀ ਕਰਨ ਲਈ ਲਲਚਾ ਗਈ-ਦੋਨਾਂ ਚ ਕਸ਼ਮਕਸ :-

*ਛੁਟਤ ਛੁਟਾਏ ਨਾਹਿ ਨਿਗੋਡੇ ਜਹ ਲਗੇ ॥ ਪਲਕ ਨ ਇਤਉਤ ਹੋਇ ਪ੍ਰੇਮ ਪਿਯ ਕੇ ਪਗੇ ॥*
*ਜਹਾਂ ਲਗੇ ਏ ਨੈਨ ਤਹੀ ਕੈ ਹ੍ਵੈ ਰਹੇ ॥ ਹੋ ਫਿਰਿ ਆਵਨ ਕੇ ਨਾਹਿ ਕਬਿ ਨ ਐਸੇ ਕਹੇ ॥੫੦॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੫)

ਨੋਟ :- ਅੜਿੱਲ ਦੇ ਇਸ ਬੰਦ ਵਿੱਚ ਕਵੀ (ਕਬਿ) ਅਪਣੇ ਖਿਆਲ ਜ਼ਾਹਿਰ ਕਰ ਰਿਹਾ ਹੈ । ਇਥੇ ਕਵਿ ਦੇ ਰੂਪ ਵਿੱਚ ਪਾਤਸ਼ਾਹੀ ੧੦ ਨਹੀਂ ਲਿਖਿਆ । ਸਾਫ ਜ਼ਾਹਿਰ ਹੈ ਕਿ ਇਹ ਰਚਨਾ ਕਿਸੇ ਕਵੀ ਦੀ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਨਹੀਂ, ਫਿਰ ਊਲ-ਜਲੂਲ ਬਿਨਾ ਸਿਰ ਪੈਰ ਅਤੇ ਰੱਬੀ ਬੰਦਗੀ ਦੇ ਭਲਾਂ ਗੁਰੂ ਜੀ ਅਜਿਹਾ ਲਿਖ ਸਕਦੇ ਹਨ ? ਜੇਕਰ ਕਿਸੇ ਆਜੜੀ ਨੂੰ ਇਹ ਰਚਨਾਵਾਂ ਸੁਣਾਓ ਤਾਂ ਓਹ ਵੀ ਡੰਗਰ ਦੇ ਸਿਰ ਨਾਲ ਅਪਣਾ ਮੱਥਾ ਮਾਰ ਮਾਰ ਪਿੱਟ ਕੇ ਆਖੇਗਾ ਬੇਸ਼ਰਮੋ ਸ਼ਰਮ ਕਰੋ ਇਹ ਗੁਰਬਾਣੀ ਹੈ ਜਾਂ ਕੋਕ ਸਾਸਤ੍ਰ ? ਰੱਬ ਦਸਮ ਗ੍ਰੰਥ ਦੇ ਪੁਜਾਰੀਆਂ ਨੂੰ ਸਿੱਖ ਬਣਨ ਦੀ ਤਾਕਤ ਦਏ ।

ਇਸੇ ਖਿਚੋਤਾਣ ਚ ਪਰੀਆਂ ਕਹਿੰਦੀਆਂ ਤੈਨੂੰ ਜਿਹੜੀ ਪਸੰਦ ਐ ਓਹਦੇ ਨਾਲ ਸ਼ਾਦੀ ਕਰ ਲੈ ਕਾਫੀ ਨੋਕ ਝੋਂਕ ਤੋਂ ਬਾਦ

*ਚੌਪਈ ॥ ਕਹਾ ਪਰੀ ਇਕ ਮੋਰ ਕਹਾ ਕਰੁ ॥ ਰਾਜ ਕੁਅਰ ਤੈਂ ਰਾਜ ਪਰੀ ਬਰੁ ॥*
*ਰਾਜ ਕੁਅਰਿ ਕਹੁ ਬਰਿ ਕਸ ਕਰਿ ਹੈ ॥ ਪਦਮਿਨਿ ਛਾਡਿ ਹਸਤਿਨੀ ਬਰਿ ਹੈ ॥੫੯॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੬)

ਨੋਟ :- ਕੋਕ ਸਾਸਤ੍ਰ ਨੇ ਔਰਤ ਦੇ ਰੂਪ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਉਨ੍ਹਾਂ ਦੀ ਕਾਮ ਰੁਚੀ ਨੂੰ ਪ੍ਰਗਟ ਕੀਤਾ ਹੈ । ਬਹੁਤ ਮੋਟੀ ਔਰਤ ਨੂੰ ਹਥਣੀ (ਹਸਤਨੀ) ਤੇ ਸਭ ਤੋਂ ਉਤਮ ਔਰਤ ਨੂੰ ਪਦਮਨੀ । ਹਥਣੀ ਕਦੇ ਵੀ ਕਾਮ ਤੋਂ ਨਹੀਂ ਰੱਜਦੀ ਅਜਿਹਾ ਪੰਡਿਤ ਕੋਕਾ ਕਹਿੰਦਾ ਹੈ।ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਅਜਿਹੀ ਕੋਈ ਗੰਦੀ ਸਿੱਖਿਆ ਦੇ ਸਕਦੇ ਹਨ ਜਿਸ ਨਾਲ ਸਿੱਖ ਦੇ ਮਨ ਚ ਅਪਣੀ ਹੀ ਔਰਤ ਪ੍ਰਤੀ ਘ੍ਰਿਣਾ ਤੇ ਬੇਵਿਸ਼ਵਾਸੀ ਪ੍ਰਗਟ ਹੁੰਦੀ ਹੋਏ ? ਸਾਡੇ ਪੁਜਾਰੀਆਂ ਕੋਲ ਅਜਿਹਾ ਸੋਚਣ ਦਾ ਸਮਾਂ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਅਨੇਕਾਂ ਹੀ ਹਰ ਰੋਜ ਕਰਮ ਕਾਂਡ ਕਰ ਕੇ ਗੈਰ ਸਿੱਖਾਂ ਨੂੰ ਖੁਸ਼ ਕਰਨਾ ਪੈਂਦਾ ਹੈ। ਸਿੱਖ ਧਰਮ ਨੂੰ ਦੁਨੀਆਂ ਚ ਪ੍ਰਗਟ ਕਰਨ ਦੀ ਜੁੰਮੇਵਾਰੀ ਹੁਣ ਆਪ ਜਿਹੇ ਸੁੱਘੜ ਸਿੱਖਾਂ ਦੇ ਮੋਢਿਆਂ ਤੇ ਹੈ। ਪੁਜਾਰੀਆਂ ਤੋਂ ਆਸ ਛੱਡ ਕੇ ਅਪਣਾ ਬਣਦਾ ਯੋਗਦਾਨ ਪਾਣਾ ਨਹੀਂ ਭੁੱਲਣਾ ਜੀ ।

ਰਾਜ ਕੁਮਾਰ ਕਹਿੰਦਾ ਕਿ ਮੈਂ ਜਿਸ ਨਾਲ ਚਿੱਤ ਜੋੜਿਆ ਓਸੇ ਨਾਲ ਸ਼ਾਦੀ ਕਰਾਂਗਾ ਭਾਵੇਂ ਹਜਾਰਾਂ ਹੀ ਸੁਰੀ ਅਸੁਰੀ ਜਾਂ ਪਦਮਿਨੀਆਂ ਕਿਉਂ ਨਾ ਹੋਣ । ਉਨ੍ਹਾਂ ਬੜੇ ਪਾਪੜ ਬੇਲੇ ਪਰ ਰਾਜ ਕੁਮਾਰ ਨਾ ਮੰਨਿਆ ਤੇ ਅਖੀਰ ਕਹਿੰਦੀਆਂ ਕਿ ਇਹ ਜੋ ਕਹਿੰਦਾ ਹੈ ਓਹੀ ਕਰੋ ਤੇ ਛਲ ਨਾਲ ਇਸ ਨੂੰ ਬਰੋ । ਇਕ ਦਿਨ ਪਰੀ ਨੇ ਅਪਣਾ ਜੋਰ ਲਾ ਕੇ ਉਸ ਨਾਲ ਹਮਬਿਸਤ੍ਰ ਹੋਣ ਦੇ ਹਾਵ ਭਾਵ ਕੀਤੇ ਪਰ ਓਹ ਇਕੋ ਗਲ ਤੇ ਅੜਿਆ ਰਿਹਾ ਬਈ ਪਹਿਲਾਂ ਮੇਰੀ ਯਾਰ ਮਿਲਾ ਦਿਓ ਤੇ ਫੇਰ ਮੇਰੇ ਨਾਲ ਭੋਗ ਕਰੋ ।

*ਅੜਿੱਲ ॥ ਕਰਿ ਹਾਰੀ ਬਹੁ ਯਤਨ ਨ ਤਿਹ ਰਤਿ ਵਹਿ ਦਈ ॥ ਜੁ ਕਛੁ ਬਖਾਨੀ ਕੁਅਰ ਵਹੈ ਮਾਨਤ ਭਈ ॥*
*ਪੱਛਨ ਪਰ ਬੈਠਾਇ ਤਾਹਿ ਲੈਗੀ ਤਹਾਂ ॥ ਹੋ ਪਿਯ ਪਿਯ ਰਟਤ ਬਿਹੰਗ ਜਯੋਂ ਕੁਅਰਿ ਪਰੀ ਜਹਾਂ ॥੭੨॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੭)

ਜਦ ਔਰਤ ਦਾ ਉਸ ਨੇ ਦਰਸ਼ਨ ਕੀਤਾ ਤਾਂ ਖਾਨ ਪਾਨ ਉਸ ਅੱਗੇ ਰੱਖਿਆ ਗਿਆ । ਅਨੇਕਾਂ ਤਰ੍ਹਾਂ ਦੇ ਅਮਲ ਮੰਗਾਏ ਤੇ ਰਾਜ ਕੁਮਾਰੀ ਦੇ ਕੋਲ ਬੈਠ ਕੇ ਪੀਤੇ । ਉਸ ਨੂੰ ਦਾਰੂ ਪੀਣ ਨੂੰ ਦਿੱਤੀ ਤੇ ਫਿਰ ਔਰਤ ਨੂੰ ਅਪਣੇ ਗਲੇ ਲਗਾਇਆ । ਅਨੇਕਾਂ ਤਰ੍ਹਾਂ ਦੇ ਆਸਣ ਬਣਾ ਕੇ ਅਤੇ ਚੁੰਬਨ ਲੈ ਲੈਕੇ ਸਾਰੇ ਰੋਗ ਦੂਰ ਕੀਤੇ ।

*ਚੌਪਈ ॥ ਜਬ ਦਰਸ਼ਨ ਤ੍ਰਿਯ ਕਾ ਪਿਯ ਕਰਾ ॥ ਖਾਨ ਪਾਨ ਆਗੇ ਲੈ ਧਰਾ ॥*
*ਬਿਬਿਧ ਬਿਧਨ ਕੇ ਅਮਲ ਮੰਗਾਏ ॥ ਬੈਠਿ ਕੁਅਰਿ ਕੇ ਤੀਰ ਚੜਾਏ ॥੭੪॥*
*ਤਾਹੂ ਕੋ ਬਹੁ ਕੈਫ ਪਿਵਾਈ ॥ ਬਹੁਰੋ ਲਯੋ ਗਰੇ ਸੋ ਲਾਈ ॥*
*ਆਸਨ ਚੁੰਬਨ ਬਹੁ ਬਿਧਿ ਕੀਏ ॥ ਚਿੱਤ ਕੇ ਤਾਪ ਬਿਦਾ ਕਰਿ ਦੀਏ ॥੭੫॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੭)

ਨੋਟ :- ਦਸਮ ਗ੍ਰੰਥ ਨੌਜੁਆਨ ਪੀੜ੍ਹੀ ਨੂੰ ਭਾਰੀ ਨਸ਼ੇ ਕਰ ਕੇ ਔਰਤ ਭੋਗਣ ਲਈ ਪ੍ਰੇਰਨਾ ਦੇਂਦਾ ਹੈ ਸਮੂਹ ਡਾਕਟਰ ਅਤੇ ਹਕੀਮ ਮੰਨਦੇ ਹਨ ਕਿ ਜੇਕਰ ਦੋ ਨਸ਼ੇ ਮਿਲਾ ਕੇ ਪੀਤੇ ਜਾਣ ਤਾਂ ਚੰਗਾ ਭਲਾ ਨਸ਼ਈ ਮੌਤ ਦੇ ਮੂੰਹ ਚਲੇ ਜਾਂਦਾ ਹੈ ਹੋਰ ਤਾਂ ਹੋਰ ਜੇਕਰ ਢੇਰ ਮਾਰਕਾ ਦਾਰੂ ਦੇ ਨਾਲ ਕਿਸੇ ਹੋਰ ਦਾਰੂ ਨੂੰ ਮਿਲਾ ਕੇ ਪੀਤਾ ਜਾਏ ਤਾਂ ਬੰਦਾ ਮਰ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਪਾਤਸ਼ਾਹੀ ੧੦ ਹੇਠਾਂ ਸਿੱਖ ਕੌਮ ਦੇ ਗਦਾਰ (ਬੱਚੇ ਤੇ ਬੱਚੀਆਂ ਨੂੰ) ਸਿੱਖਿਆ ਦੇ ਰਹੇ ਹਨ ਕਿ ਅਨੇਕਾਂ ਤਰ੍ਹਾਂ ਦੇ ਨਸ਼ੇ ਪਾ ਕੇ ਭੋਜਨ ਤਿਆਰ ਕਰੋ ਤੇ ਛਕੋ ਫਿਰ ਦਾਰੂ ਪੀਓ ਤੇ ਔਰਤ ਭੋਗੋ। ਕੀ ਦਸਮ ਗ੍ਰੰਥ ਦੇ ਹਮਾਇਤੀ ਅਜਿਹਾ ਕਰ ਕੇ ਸਿੱਖ ਸੰਗਤਿ ਨੂੰ ਅਪਣੇ ਮੁਖੜੇ ਦਿਖਾਣਗੇ ? ਔਰਤ ਤੇ ਮਰਦ ਦੇ ਪਵਿੱਤ੍ਰ ਰਿਸ਼ਤੇ ਧੁਰ ਦਰਗਾਹੋਂ ਹੀ ਕਬੂਲ ਹਨ ਬਿਨਾਂ ਸੰਭੋਗ ਦੇ ਸ੍ਰਿਸਟੀ ਨਹੀਂ ਚੱਲਦੀ ਤੇ ਨਸਲਾਂ ਤਬਾਹ ਹੋ ਜਾਂਦੀਆਂ ਹਨ ਪਰ ਗੈਰ ਕੁਦਰਤੀ ਢੰਗਾਂ ਨਾਲ ਔਰਤ ਨੂੰ ਭੋਗਣ ਦੀ ਵਕਾਲਤ ਕਰਨੀ ਬੜੀ ਹੀ ਘਟੀਆ ਤੇ ਨਿਕੰਮੀ ਸੋਚ ਹੈ। ਕੀ ਗੁਰੂ ਜੀ ਸਿੱਖ ਨੂੰ ਅਪਣੀ ਔਰਤ ਦੇ ਪਿਆਰ ਲਈ ਅਜਿਹੀ ਸਿੱਖਿਆ ਦੇਣਗੇ ? ਉਸ ਰਹਿਤ ਮਰਿਯਾਦਾ ਦਾ ਕੀ ਬਣਿਆ ਜਿਸ ਵਿੱਚ ਨਸ਼ੇ ਨਾ ਕਰਨ ਦੀ ਗੱਲ ਆਖੀ ਹੈ ? ਕੀ ਸਿੱਖ ਨਸ਼ਾ ਪਾਣੀ ਛੱਕ ਸਕਦੇ ਹਨ ? ਧਰਮ ਦੇ ਠੇਕੇਦਾਰਾਂ ਪਾਸ ਤਾਂ ਗੈਰਾਂ ਦੇ ਜੋੜੇ ਝਾੜਨ ਤੋਂ ਹੀ ਫੁਰਸਤ ਨਹੀਂ ਮਿਲਦੀ ਗੁਰ ਸਿੱਖਿਆ ਉਨ੍ਹਾਂ ਕਦੋਂ ਵਿਚਾਰਨੀ ਹੈ । ਅਪਣਾ ਫ਼ਰਜ ਪਹਿਚਾਨਣਾ ਨਾ ਭੁੱਲਣਾ । ਗੁਰੂ ਨੂੰ ਮਾਇਆ ਦੀ ਲੋੜ ਨਹੀਂ ਤੁਹਾਡੀ ਖ਼ਰੀ ਸੋਚ ਅਤੇ ਸੱਚ ਤੇ ਮਰ ਮਿਟਣ ਦੀ, ਦਲੇਰੀ ਦੀ ਲੋੜ ਹੈ ।

ਰਾਜ ਕੁਮਾਰੀ ਅਪਣੇ ਸਜਨ ਨਾਲ ਰੰਗਰਲੀਆਂ ਮਨਾ ਕੇ ਮਨ ਚ ਬੜੀ ਖੁਸ਼ ਹੋਈ। ਉਸ ਨੇ ਉਸ ਦਿਨ ਰੁਦ੍ਰ (ਸਿਵ) ਦੀ ਪੂਜਾ ਨਾ ਕੀਤੀ। ਮੁਟਿਆਰ ਨੌਜੁਆਨ ਨਾਲ ਭੱਜ ਗਈ ਤੇ ਇਕ ਦੁਰਬਲ ਔਰਤ ਨੂੰ ਨਿਕਟ ਬੁਲਾ ਕੇ ਸਿਖਾਇਆ ਕਿ ਤੂੰ ਮੇਰੀ ਥਾਂ ਬੈਠ ਜਾਹ ਕਹਿੰਦੀ ਕਹੀਂ ਕਿ ਮੈਂ ਸਿਵ ਦੀ ਪੂਜਾ ਨਾ ਕੀਤੀ ਤਾਂ ਤੇ ਸਿਵ ਨੇ ਮੈਨੂੰ ਸਰਾਪ ਦੇ ਦਿੱਤਾ । ਮੇਰੀ ਇਹ ਹਾਲਤ ਹੋ ਗਈ ਕਿ ਮੈਂ ਗੋਰੀ ਤੋਂ ਕਾਲੀ ਬਣ ਗਈ। ਸਭ ਸਹੇਲੀਆਂ ਨੇ ਸੁਣ ਕੇ ਰਾਜੇ ਨੂੰ ਦੱਸ ਦਿੱਤਾ ਤੇ ਉਹ ਦੇਖਣ ਆਇਆ। ਜਦ ਓਹਨੇ ਤੱਕਿਆ ਕਿ ਇਹ ਤਾਂ ਚੰਗੀ ਭਲੀ ਗੋਰੀ ਸੀ ਹੁਣ ਕਾਲੀ ਹੋ ਗਈ ਐ ਤੇ ਮੂਰਖ ਰਾਜਾ ਨਾ ਜਾਣ ਸਕਿਆ ਕਿ ਓਹਦੀ ਧੀ ਤਾਂ ਯਾਰ ਨਾਲ ਭੱਜ ਗਈ ਐ ਤੇ ਉਸ ਨਾਲ ਰੰਗਰਲੀਆਂ ਮਨਾ ਰਹੀ ਐ।

*ਚੌਪਈ ॥ ਮੂਰਖ ਰਾਜ ਬਾਤ ਨਹਿ ਜਾਨੀ ॥ ਔਰ ਨਾਰਿ ਦੁਹਿਤਾ ਪਹਿਚਾਨੀ ॥*
*ਬਿਰਹਮਤੀ ਮਿਤਵਾ ਸੰਗ ਗਈ ॥ ਬਹੁ ਬਿਧਿ ਭੋਗ ਕਮਾਵਤ ਭਈ ॥੮੩॥*
*ਅੜਿੱਲ ॥ ਇਕ ਦਿਨ ਧਾਮ ਪਰੀ ਕੇ ਦੇਤ ਪਠਾਇਕੈ ॥ ਇਕ ਦਿਨ ਆਪੁ ਕਲੋਲ ਕਰਤ ਸੁਖ ਪਾਇਕੈ ॥*
*ਅਰਧਾ ਅਰਧ ਬਜਾਵੈ ਤਾਸੌ ਰੈਨਿ ਦਿਨ ॥ ਹੋ ਮੂਰਖ ਬਾਤ ਨ ਪਾਈ ਰਾਜੈ ਕਛੂ ਇਨ ॥੮੪॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੭-੯੮)

(ਜਸ) ਮਿਤ੍ਰ ਨੂੰ ਮਿਲਣ ਦੇ ਲਈ ਨੀ ਮੈਂ ਸੌ ਸੌ ਪਾਪੜ ਵੇਲੇ ॥

ਦਿਸ਼ਾ : ਪੂਰਬ ਸ਼ਹਿਰ : ਢਾਕਾ (ਦੋਇ ਸੌ ਪੈਂਸਠ ਚਰਿਤ੍ਰ ਪੰਨਾ ੧੧੯੮-੯੯)

ਪਾਤਰ : ਰਥ ਚਿਤ੍ਰ (ਰਾਜਾ), ਪ੍ਰਕ੍ਰਿਤ ਮਤੀ (ਪਟਰਾਨੀ) ਤੇ ਚਿੱਤ੍ਰ ਕੌਚ (ਨ੍ਰਿਪ)

**ਖ਼ਸਮ ਪਸੰਦ ਨਹੀਂ ਤਾਂ ਹੋਰ ਕਰ ਲਓ** : ਪੂਰਬ ਵੱਲ ਦੇ ਇਕ ਰਾਜਾ ਰਥ ਚਿਤ੍ਰ ਦੀ ਗੋੜ੍ਹੇ (ਰੂੰ) ਵਰਗੀ ਔਰਤ ਪ੍ਰਕ੍ਰਿਤ ਮਤੀ ਅਪਣੇ ਪਤੀ ਦੇ ਨਾਲ ਢਾਕਾ ਸ਼ਹਿਰ ਦੀ ਯਾਤਰਾ ਤੇ ਗਈ। ਉਸ ਨੇ ਇਕ ਝਰੋਖੇ ਤੋਂ ਉਥੋਂ ਦੇ ਰਾਜਾ ਚਿੱਤ੍ਰ ਕੌਚ ਨੂੰ ਤੱਕਿਆ । ਓਹਦੀ ਜਵਾਨੀ ਤੇ ਰੂਪ ਦੇਖ ਕੇ ਉਹ ਅਪਣੀ ਸੁੱਧ ਬੁੱਧ ਖੋ ਬੈਠੀ । ਰਾਜ ਕੁਮਾਰ ਨੇ ਵੀ ਇਸ ਵੱਲ ਤੱਕਿਆ। ਦੋਨਾਂ ਦੀ ਤੱਕਣੀ ਟਕਰਾਈ ਤੇ ਇਕ ਦੂਜੇ ਨੂੰ ਤੱਕਦੇ ਹੀ ਰਹਿ ਗਏ। ਅੱਖਾਂ ਨਾਲ ਅੱਖਾਂ ਮਿਲਦੇ ਹੀ ਦੋਹਾਂ ਚ ਪਿਆਰ ਜਾਗਿਆ-ਸੂਰਜ ਛੁਪਿਆ-ਰਾਤ ਆਈ-ਰਾਜੇ ਨੇ ਅਪਣੀ ਦੂਤ ਨੂੰ ਉਸ ਕੋਲ ਭੇਜ ਕੇ ਅਪਣਾ ਪਿਆਰ

ਜਿਤਾਇਆ । ਰਾਣੀ ਨੂੰ ਓਹਦਾ ਪਤੀ ਬੜਾ ਪਿਆਰ ਕਰਦਾ । ਓਹ ਥੋੜੇ ਸਮੇਂ ਲਈ ਵੀ ਰਾਣੀ ਨੂੰ ਅਪਣੇ ਤੋਂ ਵੱਖ ਨਾ ਕਰਦਾ ਤੇ ਹਮੇਸਾਂ ਰਾਤ ਨੂੰ ਅਪਣੇ ਗਲੇ ਲਗਾ ਕੇ ਰੱਖਦਾ । ਰਾਣੀ ਨੂੰ ਕੋਈ ਦਾਅ ਨਾ ਮਿਲਦਾ ਜਿਸ ਨਾਲ ਓਹ ਪਰਾਏ ਮਰਦ ਨਾਲ ਭੋਗ ਕਰ ਸਕੇ। ਜਦ ਰਾਜਾ ਸੌਂ ਗਿਆ ਤਾਂ ਘਾਤ ਲਾ ਕੇ ਉਸ ਨੇ ਮਿਤ੍ਰ ਨੂੰ ਬੁਲਾ ਲਿਆ। ਰਾਣੀ ਕਹਿੰਦੀ ਕਿ ਤੂੰ ਮੈਨੂੰ ਇਉਂ ਭੋਗਣਾ ਕਿ ਕੋਈ ਜਾਗੂ ਨਾ ਜਾਵੇ । ਫਿਰ ਸੁਰੂ ਹੋਇਆ ਕਾਮ ਚੱਕਰ :-

*ਚਿੱਤ੍ਰ ਕੇਚ ਤਿਹ ਠਾਂ ਤਬ ਆਯੋ ॥ ਰਾਜਾ ਰਾਨੀ ਜਾਨਿ ਨ ਪਾਯੋ ॥*

*ਰਾਜਾ ਕੀ ਜਾਂਘੈ ਗਹਿ ਲੀਨੀ ॥ ਬਲ ਸੌ ਐਂਚਿ ਆਪੁ ਤਰ ਲੀਨੀ ॥੧੪॥* (ਦੋਇ ਸੌ ਪੈਂਸਠ ਚਰਿਤ੍ਰ ਪੰਨਾ ੧੧੯੯)

ਰਾਜਾ ਗੁੱਸਾ ਖਾ ਕੇ ਉਠਿਆ ਤੇ ਚੋਰ ਚੋਰ ਕਹਿ ਕੇ ਕ੍ਰਿਪਾਨ ਸੰਭਾਲੀ । ਰਾਣੀ ਨੇ ਜਾਗੂ ਕੇ ਉਸ ਦਾ ਹੱਥ ਪਕੜਿਆ ਤੇ ਕਹਿੰਦੀ ਇਹ ਢਾਕੇ ਦਾ ਰਾਜਾ ਤੀਰਥ ਯਾਤਰਾ ਲਈ ਆਇਆ ਸੀ ਪਹਿਲਾਂ ਰਾਜਾ ਤੂੰ ਇਹਦੇ (ਖਸਮ ਦੇ) ਚਰਨੀ ਲਗ ਤੇ ਫਿਰ ਇਸ਼ਨਾਨ ਲਈ ਜਾਣਾ :-

*ਦੋਹਰਾ ॥ ਬਿਦਾ ਕਿਯਾ ਨ੍ਰਿਪ ਦਰਬ ਦੈ ਤਾਂਕੋ ਚਰਨ ਲਗਾਇ ॥*

*ਇਹ ਛਲ ਸੌ ਮੂਰਖ ਛਲਾ ਸਕਾ ਨਾ ਛਲ ਕੋ ਪਾਇ ॥੧੮॥* (ਦੋਇ ਸੌ ਪੈਂਸਠ ਚਰਿਤ੍ਰ ਪੰਨਾ ੧੧੯੯)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਭਾਵੇਂ ਕਿਸੇ ਤੀਰਥ ਦੀ ਯਾਤਰਾ ਤੇ ਜਾਓ ਜੇਕਰ ਕੋਈ ਮੁੰਡਾ ਪਸੰਦ ਆ ਗਿਆ ਤਾਂ ਦਾਅ ਲਗਾਣਾ ਨਹੀਂ ਭੁੱਲਣਾ। ਸ਼ਾਇਦ ਸਾਧ ਸੰਤ ਤਾਹੀਂ ਸੜਕਾਂ ਤੇ ਬੂਥੀਆਂ ਅੱਡੀਂ ਬੌਰਿਆਂ ਦੀ ਤਰ੍ਹਾਂ ਝਾਕਦੇ ਰਹਿੰਦੇ ਐਂ ਕਿ ਪਤਾ-ਨੀ-ਕਿਹੜੀ ਕੁੜੀ ਨੂੰ ਬੂਥੀ ਪਸੰਦ ਆ ਜਾਏ ਤੇ ਪੌ ਬਾਰਾਂ ਹੋ ਜਾਣ । ਜਰਾ ਸਾਵਧਾਨ ਤੇ ਬਚ ਕੇ ਰਹਿਓ । ਹਾਂ ਮੇਲਾ, ਮੇਲਾ ਰਹੇ ਤਾਂ ਚੰਗਾ ਹੈ ਇਸ਼ਕ ਦਾ ਅਖਾੜਾ ਨਹੀਂ । ਜਾਗਦੇ ਰਹਿਓ !

## ਰਾਜੇ ਦੀ ਧੀ ਨੇ ਬ੍ਰਾਮ੍ਹਣ ਨੂੰ ਦਿੱਤਾ ੮੦੦ ਗੋਤਾ

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੧੯੯-੧੨੧੦)

ਪਾਤਰ : ਸੁਮਤਿ ਸੈਨ (ਨ੍ਰਿਪਤ), ਸਮਰਮਤੀ (ਰਾਨੀ), ਸ੍ਰੀ ਰਨ ਖੰਭ ਕਲਾ (ਦੁਹਿਤਾ), ਸਰਦੂਲ ਧੁਜ (ਸੁਤ), ਨਾਹਰ ਧੁਜ (ਸੁਤ), ਸਿੰਘ ਕੇਤ (ਸੁਤ) ਤੇ ਹਰਿ ਕੇਤ (ਸੁਤ)

ਸੁਮਤਿ ਸੈਨ ਰਾਜੇ ਦੀ ਰਾਣੀ ਸਮਰਮਤੀ ਅੰਤਾਂ ਦੀ ਸੋਹਣੀ ਨੇ ਸ੍ਰੀ ਰਨ ਖੰਭ ਕਲਾ ਨਾਂ ਦੀ ਧੀ ਨੂੰ ਜਨਮ ਦਿੱਤਾ ਜੋ ਬੜੀ ਹੀ ਖ਼ੂਬਸੂਰਤ ਤੇ ਬੁੱਧੀਮਤੀ ਅਤੇ ਚਾਰ ਪੁੱਤਰ ਸਰਦੂਲ ਧੁਜ (ਸੁਤ), ਨਾਹਰ ਧੁਜ (ਸੁਤ), ਸਿੰਘ ਕੇਤ (ਸੁਤ) ਤੇ ਹਰਿ ਕੇਤ (ਸੁਤ) ਪੈਦਾ ਕੀਤੇ । ਜੋ ਬੜੇ ਹੀ ਤੇਜਸਵੀ ਤੇ ਬਲਵਾਨ ਸਨ । ਜਦ ਕੁੜੀ ਦਾ ਬਚਪਨ ਬੀਤਿਆ ਤੇ ਜਵਾਨੀ ਆਈ ਤਾਂ ਉਸ ਦੇ ਹਰ ਅੰਗ ਨੇ ਕਾਮ ਨੂੰ ਸੱਦਾ ਦਿੱਤਾ । ਰਾਜੇ ਨੇ ਅਪਣੇ ਚਾਰੋਂ ਪੁੱਤਰਾਂ ਨੂੰ ਬ੍ਰਾਮ੍ਹਣ ਪਾਸ ਪੜ੍ਹਨ ਪਾ ਦਿੱਤਾ । ਬ੍ਰਾਮ੍ਹਣ ਨੇ ਉਨ੍ਹਾਂ ਨੂੰ ਵਿਆਕਰਨ ਦੀਆਂ ਬਰੀਕੀਆਂ ਤੇ ਪੁਰਾਣਾਂ ਨੂੰ ਘੋਖਣ ਦੇ ਤਰੀਕੇ ਸਮਝਾਏ । ਰਾਜੇ ਨੇ ਬ੍ਰਾਮ੍ਹਣ ਨੂੰ ਬੜਾ ਧੰਨ ਤੇ ਆਦਰ ਦਿੱਤਾ । ਉੱਥੇ ਹੀ ਕੁੜੀ ਨੂੰ ਵੀ ਪੜ੍ਹਨੇ ਪਾ ਦਿੱਤਾ । ਓਹ ਜੋ ਵੀ ਸਿੱਖਿਆ ਦੇਂਦਾ ਚਾਰੋਂ ਭਰਾ ਤੇ ਭੈਣ ਬ੍ਰਾਮ੍ਹਣ ਅੱਗੇ ਸੀਸ ਝੁਕਾ ਕੇ ਲੈ ਲੈਂਦੇ ਤੇ ਬ੍ਰਾਮ੍ਹਣ ਬਹੁਤਾ ਧੰਨ ਹੋਰ ਮੰਗ ਲੈਂਦਾ । ਇਕ ਦਿਨ ਕੁੜੀ ਰਤਾ ਪਹਿਲਾਂ ਪਹੁੰਚ ਗਈ। ਬ੍ਰਾਮ੍ਹਣ ਨੇ ਸੀਸ ਝੁਕਾਇਆ-ਬ੍ਰਾਮ੍ਹਣ ਸਾਲਗ੍ਰਾਮ ਦੀ ਪੂਜਾ ਕਰਦਿਆਂ ਅਦਬ ਨਾਲ ਅਨੇਕਾਂ ਤਰ੍ਹਾਂ ਨਾਲ ਉਸ ਅੱਗੇ ਸੀਸ ਝੁਕਾਉਂਦਾ। ਓਹਨੂੰ ਦੇਖ ਕੇ ਕੁੜੀ ਖਿੜ ਖਿੜਾ ਕੇ ਹਸੀ ਤੇ ਕਹਿਣ ਲੱਗੀ ਕਿ ਤੂੰ ਪੱਥਰ ਨੂੰ ਰੱਬ ਕਰ ਕੇ ਹੱਥ ਜੋੜ ਜੋੜ ਪੂਜਾ ਕਰ ਰਿਹਾ ਹੈਂ । ਬ੍ਰਾਮ੍ਹਣ ਕਹਿੰਦਾ ਕਿ ਹੇ ਕੁੜੀ ਇਹ ਸਾਲਗ੍ਰਾਮ ਹੈ ਜਿਸ ਨੂੰ ਠਾਕੁਰ ਕਹਿੰਦੇ ਹਨ। ਇਸ ਦੀ ਪੂਜਾ ਬੜੇ ਬੜੇ ਰਾਜੇ ਕਰਦੇ ਐਂ ਤੈਨੂੰ ਅਗਿਆਨ ਨੂੰ ਏਹਦੀ ਸੋਝੀ ਨੀ ਤੂੰ ਪਰਮੇਸ੍ਵਰ ਨੂੰ ਪੱਥਰ ਕਹਿ ਰਹੀ ਹੈਂ। ਰਾਜੇ ਦੀ ਸੁਤਾ ਕਹਿੰਦੀ ਕਿ ਮਹਾਂ ਮੂਰਖ ਓਸ ਦੀ ਪਛਾਣ ਨੀ ਕਰਦੇ ਜਿਸਦਾ ਪਰਤਾਪ ਤਿੰਨਾਂ ਲੋਕਾਂ ਚ ਹੈ । ਮੂਰਖ ਓਹਦੀ ਪੂਜਾ ਕਰਦੇ ਹਨ ਜਿਸ ਦੀ ਪੂਜਾ ਕੀਤਿਆਂ ਮੌਤ ਮਿਲਦੀ ਹੈ। ਪਰਮਾਰਥ ਦੇ ਰਾਹ ਪੈ ਕੇ ਲੋਕੀਂ ਪਾਪ ਕਰਦੇ ਹਨਤੇ ਉਨ੍ਹਾਂ ਦੁਆਰਾ ਕੀਤੇ ਪਾਪਾਂ ਤੋਂ ਪਾਪ ਖ਼ੁਦ ਹੀ ਡਰ ਜਾਂਦਾ ਹੈ। ਹੇ ਮੂਰਖ ਪੱਥਰ ਚ ਕੁੱਝ ਨਹੀਂ ਪਰਮੇਸਰ ਦੇ ਚਰਨੀ ਲੱਗੋ। ਜੀਵਨ ਵਿੱਚ-ਜਲ ਵਿੱਚ-ਥਲ ਵਿੱਚ-ਸਭ ਰੂਪਾਂ ਤੇ ਭੁਪਾਂ ਦੇ ਅੰਦਰ ਓਹੋ ਹੀ ਹੈ। ਓਹ ਸੂਰਜ ਤੇ ਚੰਦ੍ਰਮਾ ਅਥਵਾ ਨਭ ਵਿੱਚ ਜਿੱਥੇ ਤੱਕੋ ਉੱਥੇ ਹੀ ਓਹ ਹੈ। ਅੱਗ ਚ-ਹਵਾ ਚ ਤੇ ਪ੍ਰਿਥਵੀ ਤਲ ਤੇ ਸਭ ਥਾਂ ਉਸੇ ਦਾ ਰੂਪ ਹੈ । ਹੇ ਮੂਰਖ ਪੱਥਰ ਚ ਰੱਬ ਨਹੀਂ ਹੈ । ਜੇਕਰ ਸਾਰੇ ਕਾਗਜ ਦੇ ਦੀਵੇ ਜਲਾਏ ਜਾਣ ਤੇ ਸੱਤਾਂ ਸਮੁੰਦਰਾਂ ਦੀ ਸਿਆਹੀ ਬਣਾਈ ਜਾਏ ਤੇ ਸਾਰੀ ਬਨਸਪਤੀ ਦੀ ਕਲਮ ਬਣਾਈ ਜਾਏ ਤੇ ਸਾਰਸ੍ਵਤੀ ਨੂੰ ਬੋਲਣ ਵਾਲੀ ਬਣਾ ਕੇ ਸੱਠ ਯੁੱਗ ਲਿਖਦੇ ਰਹੀਏ ਹੇ ਮੂਰਖ ਓਹਨੂੰ ਪਾਣ ਦੀ ਥਾਂ ਪੱਥਰ ਚ ਰੱਬ ਠਹਿਰਾ ਦਿੱਤਾ ਜੀਵ ਓਹਦਾ ਭੇਦ ਤਾਂ-ਨੀ-ਪਾਉਂਦਾ ਉਲਟਾ ਪੱਥਰ ਚ ਰੱਬ ਦੱਸਦਾ ਐ । ਆਨੇ ਬਹਾਨੇ ਇਹ (ਪੰਡਿਤ) ਲੋਕਾਂ ਨੂੰ ਭਰਮਾ ਕੇ ਘਰ ਦਾ ਸਾਰਾ ਧੰਨ ਲੁੱਟ ਲੈ ਜਾਂਦੇ ਹਨ। ਜੱਗ ਚ ਅਪਣੇ ਆਪ ਨੂੰ ਇਹ ਪੰਡਿਤ ਅਖਵਾਉਂਦੇ ਹਨ ਤੇ ਆਖਦੇ ਹਨ ਕਿ ਅਸੀਂ ਸੁਚੇਤ ਹਾਂ ਪਰ ਪੱਥਰ ਦੀ ਪੂਜਾ ਕਰਨ ਕਰਕੇ ਲੱਗਦੈ ਕਿ ਹਾਲੇ ਤੱਕ ਇਹ ਲੋਕ ਅਚੇਤ ਹਨ । ਚਿੱਤ ਚ ਇਹ ਧੰਨ

ਦੀ ਆਸ ਕਰਦੇ ਹਨ ਤੇ ਮੂੰਹੋਂ ਸਿਵ ਸਿਵ ਆਖਦੇ ਹਨ। ਅਨੇਕਾਂ ਤਰ੍ਹਾਂ ਦੇ ਪਖੰਡ ਕਰ ਕਰ ਕੇ ਲੋਕਾਂ ਨੂੰ ਦਿਖਾਉਂਦੇ ਹਨ ਤੇ ਦਰ ਦਰ ਤੇ ਮੰਗਣ ਜਾਂਦੇ ਹਨ । ਚਾਰ ਘੜੀ ਨੱਕ ਮੁੰਦ ਕੇ ਖੜੇ ਰਹਿੰਦੇ ਹਨ ਤੇ ਇਕ ਟੰਗ ਦੇ ਭਾਰ ਖੜ ਕੇ ਸਿਵ ਸਿਵ ਸਿਵ ਕਰਦੇ ਰਹਿੰਦੇ ਹਨ। ਜੇਕਰ ਕੋਈ ਇਨ੍ਹਾਂ ਨੂੰ ਇਕ ਪੈਸਾ ਆ ਕੇ ਦੇ ਦੇਂਦਾ ਹੈ ਤਾਂ ਸਿਵ ਨੂੰ ਵਿਸਾਰ ਕੇ ਉਸ ਨੂੰ ਸਾਂਭਣ ਦੀ ਕਰਦੇ ਹਨ । ਲੋਕਾਂ ਨੂੰ ਤਾਂ ਇਹ ਉਪਦੇਸ ਕਰਦੇ ਹਨ ਪਰ ਖੁਦ ਧਿਆਨ ਨਹੀਂ ਧਰਦੇ-ਲੋਕਾਂ ਨੂੰ ਤਯਾਗ ਦੀ ਸਿੱਖਿਆ ਦੇਂਦੇ ਹਨ ਪਰ ਖੁਦ ਧਨ ਪਿੱਛੇ ਦੌੜਦੇ ਹਨ। ਉਸੇ ਧੰਨ ਦੇ ਲਾਲਚ ਚ ਇਹ ਲੋਕ ਊਚ ਨੀਚ ਦਾ ਖਿਆਲ ਵੀ ਭੁੱਲ ਜਾਂਦੇ ਹਨ ਤੇ ਉਨ੍ਹਾਂ ਦੇ ਦਰ ਦਰ ਤੇ ਜਾ ਤਰਲੇ ਕਰਦੇ ਹਨ । ਅਪਣੇ ਆਪ ਨੂੰ ਮਹਾਂ ਪਵਿੱਤ੍ਰ ਆਖਦੇ ਹਨ, ਪਰ ਹਕੀਕਤ ਚ ਇਹ ਮਹਾਂ ਅਪਵਿੱਤ੍ਰ ਹੁੰਦੇ ਹਨ ਤੇ ਮਲੇਛਾਂ ਦੀ ਜਾ ਕੇ ਚਾਕਰੀ ਕਰਦੇ ਹਨ ਤੇ ਓਹ ਜੋ ਟੂਕ (ਰੋਟੀ) ਦੇਂਦੇ ਹਨ ਓਹੀ ਖਾਂਦੇ ਹਨ। ਅਪਣੇ ਆਪ ਨੂੰ ਇਹ ਸੰਤੋਖੀ ਅਖਵਾਉਂਦੇ ਹਨ ਪਰ ਅਸਲ ਵਿਚ ਇਹ ਮਹਾਂ ਅਸੰਤੋਖੀ ਹੁੰਦੇ ਹਨ-ਇਹ ਇਕ ਦਹਿਲੀਜ਼ ਛੱਡ ਫਿਰ ਦੂਜੀ ਤੇ ਜਾ ਮੰਗਦੇ ਹਨ। ਮਿੱਟੀ ਦੇ ਸਿਵ ਬਣਾ ਕੇ ਫਿਰ ਉਨ੍ਹਾਂ ਨੂੰ ਨਦੀ ਚ ਬਹਾ ਦੇਂਦੇ ਹਨ ਤੇ ਫਿਰ ਆ ਕੇ ਮਿੱਟੀ ਦੇ ਦੁਬਾਰਾ ਬਣਾ ਦੇਂਦੇ ਹਨ । ਫਿਰ ਉਨ੍ਹਾਂ ਦੇ ਪੈਰੀਂ ਪੈ ਕੇ ਘੜੀ ਦੋ ਘੜੀ ਮੱਥਾ ਰਗੜਦੇ ਹਨ। ਪੰਡਿਤ ਲਿੰਗ ਦੀ ਪੂਜਾ ਕਰਦੇ ਹਨ ਤੇ ਸਿਵ ਜਾਣ ਕੇ ਪੈਰੀਂ ਪੈਂਦੇ ਹਨ ਤੇ ਅਖੀਰ ਚ ਓਹ ਓਹੀ ਲਿੰਗ ਇਨ੍ਹਾਂ ਦੇ ਹੱਥ ਚ ਪਕੜਿਆ ਰਹਿ ਜਾਂਦਾ ਹੈ। ਕੀ ਇਹ ਲਿੰਗ ਤੂੰ ਅਪਣੀ ਕੁੜੀ ਨੂੰ ਦੇਂਦਾ ਹੈਂ ਜਾ ਫੜ ਕੇ ਆਪ ਚਬਾਉਂਦਾ ਹੈਂ ਯਾਦ ਰੱਖੀਂ ਇਹੋ ਲਿੰਗ ਦੀ ਤੈਨੂੰ ਮਾਰ ਪੈਣੀ ਹੈ । ਪੱਥਰ ਨੂੰ ਤੂੰ ਜਿਹੜਾ ਸਿਵ ਕਹਿੰਦਾ ਹੈਂ ਮੂਰਖ ਉਸ ਨਾਲ ਤੇਰੇ ਪੱਲੇ ਕੱਖ ਨੀ ਪੈਣਾ। ਜਿਹੜਾ ਖੁਦ ਤ੍ਰੈਯਕ ਜੋਨਿ ਆਪ ਪਿਆ ਓਹ ਤੈਨੂੰ ਹੱਸ ਕੇ ਦੱਸ ਕੀ ਬਰ ਦਏਗਾ । ਓਹ ਤੈਨੂੰ ਅਪਣੇ ਵਰਗਾ ਬਣਾਏਗਾ ਤੇ ਸਿਵਲਿੰਗ ਦੀ ਤਰ੍ਹਾਂ ਤੂੰ ਪੱਥਰ ਦੀ ਹੀ ਪਦਵੀ ਪਾਏਂਗਾ । ਹੇ ਮਹਾਂ ਮੂਰਖ ਕੁਛ ਜਾਣਨ ਦੀ ਕੋਸ਼ਿਸ ਕਰ । ਤੇਰੀ ਬਚਪਨ ਦੀ ਉਮਰ ਬੀਤੀ, ਜਵਾਨੀ ਚ ਤੂੰ ਰੱਬ ਦਾ ਨਾਮ ਨਾ ਧਿਆਇਆ । ਲੋਕਾਂ ਤੋਂ ਤੂੰ ਦਾਨ ਕਰਾਉਂਦਾ ਰਿਹਾ ਪਰ ਹੱਥ ਉਠਾ ਕੇ ਤੂੰ ਭੋਰਾ ਦਾਨ ਨਾ ਕੀਤਾ । ਹਮੇਸਾਂ ਪੱਥਰ ਅੱਗੇ ਹੀ ਸਿਰ ਝੁਕਾਉਂਦਾ ਰਿਹਾ ਤੇ ਕਦੇ ਪਰਮੇਸਰ ਅੱਗੇ ਸਿਰ ਨਾ ਝੁਕਾਇਆ । ਘਰ ਦੇ ਕੰਮਾਂ ਚ ਮੂਰਖ ਫਸਿਆ ਰਿਹਾ ਜਿਸ ਨਾਲ ਮੌਤ ਵੱਲ ਧੱਕਿਆ ਜਾਂਦਾ ਰਿਹਾ। ਦੋ ਕੁ ਪੁਰਾਨ ਪੜ੍ਹ ਕੇ ਹੇ ਪੰਡਿਤ ਤੂੰ ਫੁੱਲ ਗਿਆ ਅਪਣੇ ਹੀ ਮਨ ਵਿੱਚ, ਪਰ ਤੂੰ ਓਹ ਪੁਰਾਨ ਨਾ ਪੜ੍ਹਿਆ ਜਿਸ ਦੇ ਪੜ੍ਹਿਆਂ ਸਾਰੇ ਪਾਪ ਲਹਿ ਜਾਂਦੇ ਹਨ। ਪਖੰਡ ਕਰ ਕੇ ਤੂੰ ਰਾਤ ਦਿਨ ਤਪੱਸਿਆ ਕਰਨ ਦਾ ਢੌਂਗ ਰਚਦਾ ਹੈਂ ਪਰ ਰਾਤ ਦਿਨ ਤੇਰੀ ਸੁਰਤ ਧੰਨ ਚ ਟਿਕੀ ਰਹਿੰਦੀ ਹੈ । ਭਾਵੇਂ ਲੋਕ ਤੇਰੇ ਪਖੰਡ ਜਾਲ ਚ ਫਸਦੇ ਹਨ ਪਰ ਅਸੀਂ ਇਨ੍ਹਾਂ ਬਾਤਾਂ ਚ ਨਹੀਂ ਆਉਂਦੇ । ਤੂੰ ਏਨਾ ਵੱਡਾ ਅਡੰਬਰ ਕਿਉਂ ਕਰਦਾ ਹੈਂ ਤੇ ਕਾਹਦੇ ਵਾਸਤੇ ਪੱਥਰ ਨੂੰ ਪੁਜਾਉਂਦਾ ਹੈਂ। ਕਿਉਂ ਜੱਗ ਚ ਪਾਖੰਡ ਕਰਦਾ ਹੈਂ। ਇਸ ਨਾਲ ਤੇਰਾ ਇਹ ਲੋਕ ਪਰਲੋਕ ਚਲਾ ਜਾਏਗਾ। ਐਵੇਂ ਝੂਠ ਮੂਠ ਦੇ ਮੰਤ੍ਰ ਦੇ ਦੇ ਉਪਦੇਸ ਨਾ ਕਰੋ ਜਦੋਂ ਧੰਨ ਦੀ ਲੋੜ ਹੁੰਦੀ ਹੈ ਓਹ ਲੈ ਕੇ ਤੁਸੀਂ ਬੜੇ ਖੁਸ਼ ਹੁੰਦੇ ਹੋ । ਰਾਜ ਕੁਮਾਰਾਂ ਨੂੰ ਜੋ ਤੁਸੀਂ ਮੰਤ੍ਰ ਦੇਂਦੇ ਹੋ ਓਹ ਸਾਨੂੰ-ਨੀ-ਸਿਖਾਉਂਦੇ ।

ਬ੍ਰਾਮ੍ਹਣ ਕਹਿੰਦਾ ਕਿ ਹੇ ਰਾਜ ਦੁਲਾਰੀ-ਤੂੰ ਸਿਵ ਦੀ ਮਹਿਮਾ ਕੀ ਜਾਣੇ-ਬ੍ਰਹਮਾ ਬਿਸ਼ਨ ਰੁਦ੍ਰ ਜਿਹੜੇ ਦੇਵਤੇ ਹਨ ਇਨ੍ਹਾਂ ਦੀ ਹਮੇਸਾਂ ਸੇਵਾ ਕਰਨੀ ਚਾਹੀਦੀ ਐ-ਤੂੰ ਇਨ੍ਹਾਂ ਦੇ ਤੌਰ (ਗੁੱਸਾ) ਨਹੀਂ ਜਾਣਦੀ-ਮਹਾਂ ਮੂਰਖ ਹੀ ਅਜਿਹੀਆਂ ਗੱਲਾਂ ਕਰਦੇ ਹਨ-ਇਨ੍ਹਾਂ ਨੂੰ ਪਰਮ ਪੁਰਾਤਨ (ਪੁਰਾਣੇ) ਜਾਣੋ ਤੇ ਪਰਮ ਪੁਰਖ ਕਰ ਕੇ ਪਹਿਚਾਣੋ। ਅਸੀਂ ਬਰਤ ਧਾਰੀ ਬਿਪਰ ਹਾਂ ਤੇ ਊਚ ਨੀਚ ਦੀ ਰੱਖਿਆ ਕਰਦੇ ਹਾਂ-ਜਿਸ ਨੂੰ ਅਸੀਂ ਮੰਤ੍ਰ ਸਿਖਾਉਂਦੇ ਹਾਂ ਉਨ੍ਹਾਂ ਤੋਂ ਕ੍ਰਿਪਾ ਸਹਿਤ ਦਾਨ ਕਰਾਉਂਦੇ ਹਾਂ।

ਕੁੜੀ ਕਹਿੰਦੀ ਕਿ ਤੁਸੀਂ ਅਪਣੇ ਲਾਲਚ ਖਾਤਰ ਮੰਤ੍ਰ ਸਿਖਾਉਂਦੇ ਹੋ ਤੇ ਉਸ ਤੋਂ ਭੇਟਾ ਲੈਂਦੇ ਹੋ ਪਰ ਸੱਚੀ ਗੱਲ ਤਾਂ ਤੁਸੀਂ ਦੱਸਦੇ-ਈ-ਨੀ। ਇਸੇ ਕਰਕੇ ਤੁਸੀਂ ਲੋਕ ਤੇ ਪਰਲੋਕ ਗਵਾ ਬੈਠਦੇ ਹੋ। ਹੇ ਪੰਡਿਤ ਸੁਣ ਤੁਸੀਂ ਜਿਸ ਨੂੰ ਮੰਤ੍ਰ ਦੇਂਦੇ ਹੋ ਉਸ ਦੇ ਘਰ ਨੂੰ ਚੰਗੀ ਤਰ੍ਹਾਂ ਲੁੱਟ ਲੈਂਦੇ ਹੋ-ਓਹਨੂੰ ਕੋਈ ਗਿਆਨ ਤਾਂ ਮਿਲਦਾ ਨੀ ਪਰ ਮੂਰਖ ਅਪਣਾ ਸਿਰ ਮੁੰਨਵਾ ਬੈਠਦਾ ਹੈ। ਦੱਸ ਕਦੇ ਕੋਈ ਮੰਤ੍ਰ ਸਿੱਧ ਹੋਇਆ ਐ-ਕਦੇ ਤੈਨੂੰ ਸਿਵ ਨੇ ਬਰ ਦਿੱਤਾ ਜਦ ਮੰਤ੍ਰ ਕਦੇ ਸਿੱਧ ਹੁੰਦਾ-ਈ-ਨੀ । ਫਿਰ ਤੁਸੀਂ ਆਖਣਾ ਸੁਰੂ ਕਰ ਦੇਂਦੇ ਹੋ ਕਿ ਤੇਰੇ ਤੋਂ ਕੋਈ ਮਾੜਾ ਕੰਮ ਹੋਇਆ ਐ-ਇਸੇ ਕਰਕੇ ਸਿਵ ਨੇ ਦਰਸ਼ਨ ਨੀ ਦਿੱਤਾ । ਹੁਣ ਤੂੰ ਬ੍ਰਾਮ੍ਹਣ ਨੂੰ ਕੋਈ ਪੁੰਨ ਦਾਨ ਕਰ ਤੇ ਫਿਰ ਸਿਵ ਦੇ ਮੰਤ੍ਰ ਦਾ ਉਚਾਰਣ ਕਰਾ। ਉਲਟਾ ਡੰਡ ਤੂੰ ਉਸੇ ਨੂੰ ਦੇਂਦਾ ਹੈ ਤੇ ਦੁਬਾਰਾ ਰੁਦ੍ਰ ਦਾ ਮੰਤ੍ਰ ਵੀ-ਅਨੇਕਾਂ ਤਰੀਕਿਆਂ ਨਾਲ ਤੂੰ ਉਸ ਨੂੰ ਭਟਕਾਉਂਦਾ ਹੈਂ ਤੇ ਅਖੀਰ ਆਖ ਦੇਂਦਾ ਹੈਂ ਕਿ ਤੇਰੇ ਤੋਂ ਕੋਈ ਅੱਖਰ ਰਹਿ ਗਿਆ ਜਾਂ ਕ੍ਰਿਯਾ ਭੰਗ ਹੋ ਗਈ ਹੋਏਗੀ ਇਸੇ ਕਰਕੇ ਤੈਨੂੰ ਸਿਵ ਨੇ ਬਰ-ਨੀ-ਦਿੱਤਾ । ਹੁਣ ਦੁਬਾਰਾ ਪੁੰਨ ਦਾਨ ਕਰ-ਇਸ ਢੰਗ ਨਾਲ ਤੁਸੀਂ ਮੰਤ੍ਰ ਸਿਖਾਉਂਦੇ ਹੋ । ਅਸਲੀ ਮਨੋਰਥ ਤਾਂ ਉਸ ਦੇ ਘਰ ਨੂੰ ਲੁੱਟਣ ਦਾ ਹੁੰਦਾ ਹੈ । ਜਦ ਉਹ ਗਰੀਬ ਹੋ ਜਾਂਦਾ ਹੈ ਤਾਂ ਤੁਸੀਂ ਕੋਈ ਹੋਰ ਘਰ ਲੱਭ ਲੈਂਦੇ ਹੋ। ਜੇਕਰ ਜੰਤ੍ਰ ਮੰਤ੍ਰ ਤੇ ਤੰਤ੍ਰ ਕਰਨ ਨਾਲ ਕੋਈ ਸਿਧਿ ਪ੍ਰਾਪਤ ਹੁੰਦੀ ਹੋਏ ਤਾਂ ਖੁਦ

ਬਾਦਸ਼ਾਹ ਬਣ ਕੇ ਰਾਜ ਕਰੇ ਤੇ ਦਰ ਦਰ ਦਾ ਭਿਖਾਰੀ ਨਾ ਬਣੇ । ਇਹ ਸੁਣ ਕੇ ਬ੍ਰਾਮ੍ਹਣ ਨੂੰ ਬੱਟ ਚੜ੍ਹਿਆ-ਧੱਕ ਧੱਕ ਕਰਦਾ ਬੋਲਣ ਲੱਗਾ ਕਿ ਤੂੰ ਭੰਗ (ਭਾਂਗ) ਖਾ ਕੇ ਬੋਲਦੀ ਹੈਂ ਤੂੰ ਸਾਡੀ ਗੱਲ ਕੀ ਜਾਣੇ ।

*ਦਿਜ ਬਾਚ ਚੌਪਈ ॥ ਸੁਨਿ ਏ ਬਚਨ ਮਿਸਰ ਰਿਸਿ ਭਰਾ ॥ ਧਿਕ ਧਿਕ ਤਾਕਹਿ ਬਚਨ ਉਚਰਾ ॥*
*ਤੈਂ ਹਮਰੀ ਬਾਤਨ ਕਹ ਜਾਨੈ ॥ ਭਾਂਗ ਖਾਇ ਕੈ ਬੈਨ ਪ੍ਰਮਾਨੈ ॥੩੬॥*

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੨)

ਕੁੜੀ ਕਹਿੰਦੀ ਮਿਸਰ ਸੁਣ ਤੈਨੂੰ ਕੱਖ ਪਤਾ ਨੀ-ਤੂੰ ਹੰਕਾਰ ਚ ਗੱਲਾਂ ਕਰਦਾ ਹੈਂ-ਭੰਗ ਪੀਣ ਨਾਲ ਬੁੱਧ ਖਤਮ ਨੀ ਹੋ ਜਾਂਦੀ -ਬਿਨਾ ਪੀਤੇ ਦੱਸ ਇਹ ਕਦੋਂ ਹਰੀ (ਪ੍ਰਗਟ) ਹੁੰਦੀ ਹੈ-ਤੂੰ ਅਪਣੇ ਆਪ ਨੂੰ ਸਿਆਣਾ ਅਖਵਾਉਂਦਾ ਹੈਂ ਕਦੇ ਭੁੱਲ ਕੇ ਵੀ ਭੰਗ ਨਹੀਂ ਪੀਂਦਾ-ਜਦ ਕਦੇ ਤੂੰ ਮੰਗਣ ਤੁਰਦਾ ਹੈਂ ਤਾਂ ਲੋਕਾਂ ਦੇ ਘਰ ਜਾ ਕੇ ਖ੍ਵਾਰ ਕਰਦਾ ਹੈਂ । ਜਿਸ ਧਨ ਨੂੰ ਤੂੰ ਤਯਾਗ ਦੱਸਦਾ ਹੈਂ ਫਿਰ ਮੰਗਣ ਕਾਹਦੇ ਲਈ ਜਾਂਦਾ ਹੈਂ ।

*ਕੁਅਰਿ ਬਾਚ ॥ ਸੁਨੋ ਮਿਸਰ ਤੁਮ ਬਾਤ ਨ ਜਾਨਤ ॥ ਅਹੰਕਾਰ ਕੈ ਬਚਨ ਪ੍ਰਮਾਨਤ ॥*
*ਭਾਂਗ ਪੀਏ ਬੁਧਿ ਜਾਤ ਨ ਹਰੀ ॥ ਬਿਨੁ ਪੀਏ ਤਵ ਬੁਧਿ ਕਹ ਪਰੀ ॥੩੭॥*
*ਤੁਮ ਆਪਨ ਸਯਾਨੇ ਕਹਲਾਵਤ ॥ ਕਬ ਹੀਂ ਭੂਲਿ ਨ ਭਾਂਗ ਚੜ੍ਹਾਵਤ ॥*
*ਜਬ ਪੁਨ ਜਾਹੁ ਕਾਜ ਭਿੱਛਾ ਕੇ ॥ ਕਰਹੋ ਖ੍ਵਾਰ ਰਹਤ ਗ੍ਰਿਹਿ ਜਾਕੇ ॥੩੮॥*

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੨)

ਤੂੰ ਅਪਣੇ ਆਪ ਨੂੰ ਤਯਾਗੀ ਅਖਵਾਉਂਦਾ ਹੈਂ ਤੇ ਲੋਕਾਂ ਨੂੰ ਵੀ ਤਯਾਗ ਦ੍ਰਿੜ ਕਰਾਉਂਦਾ ਹੈਂ ਜਿਸ ਨੇ ਇਸ ਨੂੰ ਮਨ ਬਚ ਤੇ ਕ੍ਰਮ ਕਰਕੇ ਤਯਾਗ ਦਿੱਤਾ ਫਿਰ ਹੱਥ ਉਠਾ ਕੇ ਉਸ ਤੋਂ ਕਿਉਂ ਮੰਗਦਾ ਹੈਂ। ਕਿਸੇ ਨੂੰ ਧਨ ਦੇ ਤਯਾਗ ਦੀ ਗੱਲ ਦ੍ਰਿੜ ਕਰਾਉਂਦਾ ਹੈਂ ਤੇ ਕਿਸੇ ਦੇ ਘਰੋਂ ਲਿਆਉਂਦਾ ਹੈਂ । ਤੇਰੇ ਮਨ ਚ ਧਨ ਠੱਗਣ ਦੀ ਲਾਲਸਾ ਹੈ ਤੇ ਦਰ ਦਰ ਤੇ ਇਸ ਦੀ ਪਿਆਸ ਬੁਝਾਣ ਲਈ ਭਟਕ ਰਿਹਾ ਹੈਂ । ਬੇਦ ਵਿਆਕਰਨ ਸ਼ਾਸਤ੍ਰ ਸਿੰਮ੍ਰਿਤ ਇਸ ਤਰ੍ਹਾਂ ਆਖਦੇ ਹਨ ਕਿ ਕਿਸੇ ਨਾ ਕਿਸੇ ਬਹਾਨੇ ਕੋਈ ਟਕਾ ਜਜਮਾਨ ਤੋਂ ਝਾੜ ਲਈਏ। ਜੇਕਰ ਕੋਈ ਇਨ੍ਹਾਂ (ਦਿਜਬਰ) ਨੂੰ ਦੇ ਦੇਂਦਾ ਹੈ ਓਹਦੀ ਉਸਤਤਿ ਕਰਦੇ ਹਨ ਤੇ ਜਿਹੜਾ ਨਹੀਂ ਦੇਂਦਾ ਓਹਦੀ ਨਿੰਦਾ। ਅਸਲ ਚ ਨਿੰਦਾ ਤੇ ਉਸਤਤਿ ਦੋਨੋ ਹੀ ਜਗ ਚ ਹਨ ਤੇ ਜਦ ਜਿੰਦ ਰੂਪ ਮਿੱਟੀ, ਮਿੱਟੀ ਚ ਰਲ ਜਾਂਦੀ ਹੈ ਨਾ ਉਸਤਤਿ ਰਹਿੰਦੀ ਹੈ ਤੇ ਨਾ ਹੀ ਨਿੰਦਾ । ਜਿਹੜਾ ਨਿੰਦਾ ਤੇ ਉਸਤਤਿ ਨੂੰ ਪਛਾਣ ਕੇ ਇਕ ਕਰ ਕੇ ਜਾਣਦਾ ਹੈ ਉਸੇ ਨੂੰ ਮੈਂ ਸਮਝਦੀ ਹਾਂ ਕਿ ਉਸ ਨੇ ਬ੍ਰਹਮ ਦੀ ਪਛਾਣ ਕੀਤੀ ਹੈ ਤੇ ਮੈਂ ਉਸ ਨੂੰ ਬ੍ਰਾਮ੍ਹਣ ਮੰਨਦੀ ਹਾਂ। ਇਹ ਦਿਜ (ਬ੍ਰਾਮ੍ਹਣ) ਕਿਸੇ ਨਾ ਕਿਸੇ ਬਹਾਨੇ ਧਨ ਲੈ ਲੈਂਦੇ ਹਨ ਤੇ ਉਸ ਮਨੁੱਖ ਦੀ ਵਡਿਆਈ ਕਰਦੇ ਹਨ । ਇਹ ਇਸ ਝੂਠੀ ਵਡਿਆਈ ਮੂੰਹੋਂ ਕਰ ਕਰ ਕੇ ਉਸ ਨੂੰ ਪ੍ਰਸੰਨ ਕਰਦੇ ਹਨ । ਇਸੇ ਝੂਠੇ ਕਰਮ ਨਾਲ ਦੋਨੋ ਹੀ ਘੋਰ ਨਰਕ ਚ ਜਾ ਪੈਂਦੇ ਹਨ । ਇਹ ਧਨ ਲਈ ਹੀ ਸਭ ਅਡੰਬਰ ਕਰਦੇ ਹਨ ਭਾਵੇਂ ਕੋਈ ਊਚ ਹੋਏ ਜਾਂ ਨੀਚ ਜਾਂ ਰਾਜਾ । ਮੌਤ ਦਾ ਖਿਆਲ ਕਿਸੇ ਨੂੰ ਨਹੀਂ ਜਿਸ ਨੇ ਇਹ ਚੌਦਾਂ ਲੋਕ ਬਣਾਏ ਹਨ । ਏਸੇ ਦੇ ਲੋਭ ਦੇ ਕਾਰਨ ਲੋਕੀਂ ਬੇਦ ਤੇ ਵਿਆਕਰਨ ਪੜ੍ਹਦੇ ਹਨ। ਇਸੇ ਹੀ ਧਨ ਖਾਤਰ ਓਹ ਜੰਤ੍ਰ ਮੰਤ੍ਰ ਕਰਦੇ ਹਨ-ਏਸੇ ਦੇ ਕਾਰਨ ਹੀ ਲੋਕ ਪਰਦੇਸ ਜਾਂਦੇ ਹਨ । ਹੋਰ ਦੂਰ ਕੀ ਜਾਣਾ ਇਸੇ ਦੇ ਕਾਰਨ ਹੀ ਲੋਕੀਂ ਅਪਣੇ ਹੀ ਦੇਸ ਭਟਕ ਰਹੇ ਹਨ ।

ਇਸੇ ਧਨ ਦੇ ਲੋਭ ਕਾਰਨ ਵਿਆਕਰਨ ਪੜ੍ਹੇ ਤੇ ਹੱਥ ਚ ਪੁਰਾਣ ਪਕੜੇ ਹੋਏ ਹਨ-ਇਸੇ ਖਾਤਰ ਹੀ ਪਰਦੇਸਾਂ ਚ ਵਾਸਾ ਕੀਤਾ ਜਿਸ ਨਾਲ ਮਾਂ ਬਾਪ ਦੇ ਦਰਸ ਵੀ ਨਾ ਹੋ ਸਕੇ ਬਣਾਂ ਵਿੱਚ ਵਾਸਾ ਕਰਕੇ ਅਪਣੇ ਆਪ ਨੂੰ ਤਿਆਗੀ ਅਖਵਾਉਂਦੇ ਹਨ-ਕਦੇ ਓਹ ਕਾਂਸੀ ਜਾਂਦੇ ਹਨ ਤੇ ਕਦੇ ਕਮਾਉਂ (ਗੜ੍ਹਵਾਲ) ਜਾ ਕੇ ਮਰ ਜਾਂਦੇ ਹਨ-ਧਨ ਖਾਤਰ ਹੀ ਇਨ੍ਹਾਂ ਸਿਰ ਤੇ ਜਟਾਂ ਧਾਰਨ ਕਰ ਕੇ ਜਟਾ ਜੂਟ ਹੋਏ-ਗਲੇ ਚ ਲੱਕੜ (ਕਾਠ) ਦੀ ਮਾਲਾ ਧਾਰਨ ਕੀਤੀ-ਕਿਸੇ ਕੰਨ ਚ ਮੁੰਦਰਾਂ ਪਾਈਆਂ ਤੇ ਕੋਈ ਖਾਲੀ ਹੀ-ਕਿਸੇ ਮੋਚਨਾ ਫੜ ਕੇ ਸਾਰੇ ਹੀ ਸਿਰ ਦੇ ਵਾਲ ਚੁਗ ਦਿੱਤੇ। ਅਜਿਹਾ ਕਰਕੇ ਉਨ੍ਹਾਂ ਪਖੰਡ ਹੀ ਕੀਤਾ ਤੇ ਅਪਣਾ ਇਹ ਲੋਕ ਤੇ ਪਰਲੋਕ ਗਵਾ ਲਿਆ। ਮਿੱਟੀ ਦੇ ਲਿੰਗ ਬਣਾ ਕੇ ਪੂਜਾ ਕਰਨ ਨਾਲ ਦੱਸੋ ਕੀ ਖੱਟਿਆ-ਜਿਸ ਨੂੰ ਨਿਰਜੋਤਿ ਆਖਦੇ ਹਨ ਉਸੇ ਦੇ ਅੱਗੇ ਇਨ੍ਹਾਂ ਜੋਤਿ ਜਗਾ ਦਿੱਤੀ। ਉਸੇ ਨੂੰ ਪਰਮੇਸ੍ਵਰ ਜਾਣ ਕੇ ਪੈਂਰੀ ਪਏ ਉਸੇ ਲਈ ਹੀ ਤਾਂ ਇਹ ਅਗਿਆਨੀ ਹਨ । ਅਨੇਕਾਂ ਸਾਲ ਕਾਂਸੀ ਚ ਪੜ੍ਹਦੇ ਹਨ-ਜਦ ਓਹ ਬੁੱਢੇ ਹੋ ਜਾਂਦੇ ਹਨ ਅਤੇ ਉਥੇ ਮਰ ਜਾਂਦੇ ਹਨ । ਨਾ ਮਾਂ ਬਾਪ ਰਹਿੰਦੇ ਹਨ ਅਤੇ ਨਾ ਹੀ ਔਰਤ ਤੇ ਪੁੱਤ ਧੀ-ਥੋੜੀ ਜਿਹੀ ਸਿੱਖਿਆ ਕਾਰਣ ਦੇਸ ਵਿਦੇਸ ਭਟਕਦੇ ਰਹਿੰਦੇ ਹਨ-ਕਿਸੇ ਮਨੁੱਖ ਨੇ ਲੋਭ ਨੀ ਤਿਆਗਿਆ ਸਭ ਲੋਭ ਦੀ ਘੁੰਮਣ ਘੇਰੀ ਚ ਫਸੇ ਹਨ । ਇਕਨਾਂ ਦੇ ਸਿਰ ਮੁੰਨ ਕੇ-ਇਕਨਾਂ ਤੋਂ ਡੰਡੇ ਦੇ ਜੋਰ ਨਾਲ-ਇਕਨਾਂ ਤੋਂ ਮਾਲਾ ਜਾਂ ਮੁੰਦਰਾਂ ਪਾ ਕੇ-ਇਕਨਾਂ ਨੂੰ ਮੰਤ੍ਰ ਸਿਖਾ ਕੇ-ਇਕਨਾਂ ਨੂੰ ਜੰਤ੍ਰ ਲਿਖਾ ਕੇ ਤੇ ਇਕਨਾਂ ਨੂੰ ਤੰਤ੍ਰ ਦਾ ਗਿਆਨ ਦੇਂਦਾ ਹੈਂ-ਇਕਨਾਂ ਦੀ ਬਿਦਿਆ ਨੂੰ ਬਿਵਾਦਨ ਆਖਦਾ ਹੈਂ ਤੇ ਲੋਕਾਂ ਨੂੰ ਪਖੰਡ ਕਰ ਕੇ ਜਿਵੇਂ ਕਿਵੇਂ ਠੱਗਦਾ ਹੈਂ ਤੂੰ ਭਵਾਨੀ ਨੂੰ ਨਹੀਂ ਮੰਨਦਾ

ਤੇ ਨਾ ਹੀ ਮਹਾਂਕਾਲ ਦੀ ਪੂਜਾ ਕਰਦਾ ਹੈਂ ਮੂਰਖ ਮਿੱਟੀ ਨੂੰ ਮਨਾਉਂਦਾ ਹੀ ਮਰ ਜਾਂਦਾ ਹ। ਮੂਰਖ ਮਿੱਟੀ ਅੱਗੇ ਸੀਸ ਝੁਕਾਉਂਦਾ ਹੈ ਦੱਸ ਉਸ ਤੋਂ ਤੈਨੂੰ ਕੀ ਪ੍ਰਾਪਤੀ ਹੋਏਗੀ-ਜਿਸ ਨੇ ਜਗ ਨੂੰ ਰਿਝਾਇਆ ਓਹ ਤੇਰੇ ਚੌਲਾਂ ਤੇ ਨਹੀਂ ਰੀਝਣ ਲੱਗਿਆ-ਤੂੰ ਧੂਫ ਜਗਾ ਕੇ ਸੰਖ ਵਜਾਉਂਦਾ ਹੈਂ ਤੇ ਫੁੱਲਾਂ ਦੀ ਬਰਖਾ ਕਰਦਾ ਹੈਂ ਤੇ ਅਖੀਰ ਇਹੋ ਉਪਾਅ ਕਰਦਾ ਮਰ ਜਾਂਦਾ ਹੈਂ ਪਰ ਯਾਦ ਰੱਖੀਂ ਪੱਥਰ ਚ ਰੱਬ ਨਹੀਂ ਹੈ । ਇਕਨਾਂ ਨੂੰ ਤੂੰ ਜੰਤ੍ਰ ਸਿਖਾਉਂਦਾ ਹੈਂ ਤੇ ਕਿਸੇ ਨੂੰ ਤੂੰ ਮੰਤ੍ਰ ਦੇ ਪ੍ਰਯੋਗ ਕਰਨੇ ਦੱਸਦਾ ਹੈਂ ਜਿਹੜਾ ਇਨ੍ਹਾਂ ਚ ਨਹੀਂ ਭਿੱਜਦਾ ਉਨ੍ਹਾਂ ਨੂੰ ਗੀਤ ਕਬਿੱਤ ਜਾਂ ਸਲੋਕ ਗਾ ਕੇ ਸੁਣਾਉਂਦਾ ਹੈਂ । ਬ੍ਰਾਮ੍ਹਣ ਲੋਕਾਂ ਦਾ ਧਨ ਠੱਗਦੇ ਹਨ ਜਿਸ ਨੂੰ ਚੋਰ ਉਚੱਕੇ ਵੀ ਦੇਖ ਕੇ ਸ਼ਰਮਾ ਜਾਂਦੇ ਹਨ । ਇਹ ਲੋਕ ਕਾਜੀ ਕੁਟਵਾਰ ਦੀ ਵੀ ਪ੍ਰਵਾਹ ਨਹੀਂ ਕਰਦੇ ਤੇ ਮੁਰੀਦਾਂ ਦੇ ਸਿਰ ਮੁੰਨੀ ਜਾ ਰਹੇ ਹਨ । ਇਹ ਪੱਥਰ ਦੀ ਪੂਜਾ ਕਰਦੇ ਹਨ ਜਿਹੜੇ ਖੁਦ ਅਚੇਤ ਹਨ-ਪਰ ਇਹ ਕਦੇ ਵੀ ਭਾਂਗ ਭੰਗ ਨਹੀਂ ਛੱਕਦੇ ਓਦਾਂ ਅਪਣੇ ਆਪ ਨੂੰ ਸੁਚੇਤ ਆਖਦੇ ਹਨ।

*ਦੋਹਰਾ ॥ ਪਾਹਨ ਕੀ ਪੂਜਾ ਕਰੈ ਜੋ ਹੈ ਅਧਿਕ ਅਚੇਤ ॥*
*ਭਾਂਗ ਨ ਏਤੇ ਪਰ ਭਖੈ ਜਾਨਤ ਆਪ ਸੁਚੇਤ ॥੫੮॥* (ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੫)

ਮਾਂ ਬਾਪ ਤੇ ਬਾਲ ਬੱਚੇ ਨੂੰ ਛੱਡ ਕੇ ਧਨ ਦੇ ਲੋਭ ਕਾਰਣ ਕਿਤੇ ਹੋਰ ਥਾਂ ਜਾਂਦੇ ਹਨ ਤੇ ਅਨੇਕਾਂ ਸਾਲ ਉੱਥੇ ਵਾਸਾ ਕਰ ਕੇ ਮਰ ਜਾਂਦੇ ਹਨ ਫਿਰ ਕਦੇ ਵੀ ਘਰ ਦੇ ਰਾਹ ਨਹੀਂ ਪੈਂਦੇ । ਧਨੀ ਲੋਕ ਫੁੱਲ ਸਮਾਨ ਹਨ ਇਹ ਭੌਰੇ ਬਣ ਕੇ ਉੱਥੇ ਅਪਣੀ ਗੁੰਜਾਰ ਪੈਦਾ ਕਰਦੇ ਹਨ ਤੇ ਉਨ੍ਹਾਂ ਉੱਤੇ ਹੀ ਧਨ ਧਾਮ ਬਿਸਾਰ ਕੇ ਗੂੰਜਦੇ ਰਹਿੰਦੇ ਹਨ। ਹਰ ਕੋਈ ਕਾਲ ਦੇ ਵੱਸ ਪਿਆ-ਧਨ ਦੀ ਆਸ ਨੇ ਉਸ ਨੂੰ ਭੁਲਾ ਦਿੱਤਾ ਤੇ ਆਸਾ ਕਰਦਾ ਹੀ ਸੰਸਾਰ ਤੋਂ ਚਲੇ ਗਿਆ-ਇਸ ਆਸਾ ਦਾ ਕੋਈ ਬੰਨਾ ਨਹੀਂ ਹੈ-ਰੱਬ ਹੀ ਇਕ ਇਸ ਤੋਂ ਨਿਰਾਸ (ਬਚਿਆ) ਹੈ ਜਿਸ ਨੇ ਇਹ ਸਾਰਾ ਪਸਾਰਾ ਕੀਤਾ ਹੈ-ਹੇ ਦਿਜਬਰ ਇਹ ਤੂੰ ਮਨ ਚ ਵਸਾ ਲੈ ਕਿ ਆਸਾ ਰਹਿਤ ਉਸ ਕਾਲ ਤੋਂ ਬਿਨਾ ਹੋਰ ਕੋਈ ਨੀ-ਲੋਭ ਦੇ ਕਾਰਣ ਇਹ ਦਿਜਬਰ ਘਰ ਘਰ ਮੰਗਦੇ ਫਿਰਦੇ ਹਨ ਜਾਂ ਫਿਰ ਜੱਗ ਚ ਪਖੰਡ ਕਰ ਕੇ ਦਿਖਾਉਂਦੇ ਹਨ ਤੇ ਠੱਗ ਠੱਗ ਕੇ ਸਭ ਦਾ ਧਨ ਖਾਂਦੇ ਹਨ। ਆਸਾ ਦੀ ਆਸਾ ਚ ਲੱਗਿਆਂ ਸਭ ਦੁਨੀਆਂ ਤੁਰ ਗਈ ਤੇ ਜਗ ਵਿੱਚ ਆਸਾ ਹੀ ਜਿੰਦਾ ਬਚੀ ਇਸ ਨੂੰ ਸਮਝਦਾਰ ਬੰਦੇ ਸਮਝ ਲਵੀਂ। ਆਸਾ ਕਰਦਾ ਹੀ ਜਗ ਚ ਜੰਮਿਆ ਤੇ ਆਸਾ ਕਰਦਿਆਂ ਹੀ ਬਚਪਨ ਤੋਂ ਜਵਾਨੀ ਚ ਗਿਆ ਤੇ ਫਿਰ ਬੁੱਢਾ ਹੋ ਗਿਆ ਤੇ ਅਖੀਰ ਆਸਾ ਚ ਹੀ ਮਰ ਗਿਆ। ਸਭ ਪੇਟ ਦੀ ਖਾਤਰ ਇਹ ਪ੍ਰਪੰਚ ਕਰਦੇ ਹਨ ਭਾਵੇਂ ਕੋਈ ਊਚ ਹੈ ਜਾਂ ਨੀਚ। ਕਿਸੇ ਨੂੰ ਬ੍ਰਾਮ੍ਹਣ ਤੀਰਥਾਂ ਤੇ ਭੇਜਦਾ ਹੈ ਤੇ ਘਰ ਦਾ ਸਾਰਾ ਧਨ ਮੰਗ ਲੈਂਦਾ ਹੈ-ਜਿਸ ਨੂੰ ਓਹ ਧਨਵਾਨ ਦੇਖਦਾ ਹੈ ਉਸੇ ਨੂੰ ਹੀ ਸਿਲਾ (ਮੂਰਤੀ) ਵਿੱਚ ਫਸਾ ਦੇਂਦਾ ਹੈ। ਕਈ ਤਰ੍ਹਾਂ ਦੇ ਉਸ ਲਈ ਡੰਡ ਲਾ ਕੇ ਫਿਰ ਉਨ੍ਹਾਂ ਨੂੰ ਕੱਢ ਦੇਂਦਾ ਹੈ-ਇਨ੍ਹਾਂ ਲੋਕਾਂ ਨੂੰ ਧਨ ਦੀ ਹੀ ਆਸ ਹੈ ਰੱਬ ਦੀ ਚਾਹਨਾ ਨਹੀਂ-ਪਖੰਡ ਕਰ ਕੇ ਜਿਵੇਂ ਕਿਵੇਂ ਧਨ ਲੁੱਟ ਲੈਂਦਾ ਹੈ।

ਬ੍ਰਾਮ੍ਹਣ ਕਹਿੰਦਾ ਪੁੱਤਰ ਸੁਣ ਤੈਨੂੰ ਗਿਆਨ ਨਹੀਂ ਤੂੰ ਸਿਵ ਨੂੰ ਪੱਥਰ ਕਰ ਕੇ ਪਹਿਚਾਣਿਆ ਹੈ । ਸਾਰੇ ਬ੍ਰਾਮ੍ਹਣ ਇਸ ਅੱਗੇ ਸਿਰ ਨਿਵਾਉਂਦੇ ਹਨ ਤੇ ਚਰਨਾਂ ਦੀ ਧੂੜ ਮੱਥੇ ਲਾਉਂਦੇ ਹਨ। ਸਾਰਾ ਜਗ ਇਸ ਦੀ ਪੂਜਾ ਕਰਦਾ ਹੈ ਤੂੰ ਮੂਰਖ ਇਸ ਦੀ ਨਿੰਦਾ ਕਰਦੀ ਹੈਂ-ਇਹ ਸਭ ਤੋਂ ਪੁਰਾਣੇ ਬ੍ਰਾਮ੍ਹਣ ਹਨ ਇਨ੍ਹਾਂ ਨੂੰ ਤਾਂ ਰਾਜੇ ਵੀ ਸਲਾਹੁੰਦੇ ਹਨ। ਕੁੜੀ ਕਹਿੰਦੀ ਹੇ ਮੂਰਖ ਬ੍ਰਾਮ੍ਹਣ ਸੁਣ ਤੂੰ ਪਰਮ ਜੋਤਿ ਨੂੰ ਪੱਥਰ ਕਰ ਕੇ ਪਹਿਚਾਣਿਆ ਇਨ੍ਹਾਂ ਚ ਤੂੰ ਪਰਮ ਪੁਰਖ ਕਰ ਕੇ ਪਹਿਚਾਣ ਕੀਤੀ ਤੇ ਸਿਆਣਪ ਛੱਡ ਕੇ ਇਆਣਾ ਬਣ ਗਿਆ-ਕਦੇ ਕਹਿੰਦਾ ਹੈਂ ਕਿ ਪੱਥਰ ਚ ਬ੍ਰਹਮ ਹੈ ਤੇ ਕਿਸੇ ਤੀਰਥ ਤੇ ਉਸ ਨੂੰ ਗੋਤੇ ਦੇਣ ਲਈ ਜਾਂਦਾ ਹੈਂ । ਜਿਵੇਂ ਤਿਵੇਂ ਕਰ ਕੇ ਤੂੰ ਲੁੱਟਣ ਦੀ ਕਰਦਾ ਹੈਂ । ਜਦ ਤੇਰੇ ਅੜਿੱਕੇ ਕੋਈ ਧਨੀ ਪੁਰਖ ਆ ਜਾਏ ਤਾਂ ਉਸ ਤੋਂ ਤੂੰ ਹੋਮ ਜੱਗ ਕਰਾਉਂਦਾ ਹੈਂ । ਉਸ ਦਾ ਧਨ ਲੁੱਟ ਕੇ ਤੂੰ ਉਸ ਨੂੰ ਕੰਗਾਲ ਕਰ ਦੇਂਦਾ ਹੈਂ ਤੇ ਫਿਰ ਉਸ ਨੂੰ ਸ਼ਕਲ ਨੀ ਦਿਖਾਉਂਦਾ । ਕਿਸੇ ਨੂੰ ਪਕੜ ਕੇ ਤੀਰਥ ਤੇ ਲੈ ਜਾਂਦਾ ਹੈਂ-ਕਿਸੇ ਨੂੰ ਅਮਲ ਦੇ ਢੰਗ ਦੱਸਦਾ ਹੈਂ-ਜਿਵੇਂ ਦੋ ਕੁੱਤੇ ਇਕ ਹੱਡੀ ਤੇ ਝਪਟਦੇ ਹਨ ਉਵੇਂ ਹੀ ਤੂੰ ਕਰਦਾ ਹੈਂ। ਬਾਹਰ ਬੇਦਾਂ ਦੀ ਚਰਚਾ ਕਰਦਾ ਹੈਂ ਪਰ ਤੇਰਾ ਮਨ, ਤਨ ਤੇ ਧਨ ਦੇ ਪਿੱਛੇ ਗਿਆ ਹੈ । ਇਹ ਤਾਂ ਓਹੋ ਹੀ ਗੱਲ ਹੋਈ ਕਿ ਨਾ ਧਨ ਮਿਲਿਆ ਤੇ ਨਾ ਹੀ ਹਰਿ ਸਾਰੀ ਕੀਤੀ ਸੇਵਾ ਬ੍ਰਿਥਾ ਗਈ ।

*ਅੜਿੱਲ ॥ ਏ ਬਿੱਦਯਾ ਬਲ ਕਰਹਿ ਜੋਗ ਕੀ ਬਾਤ ਨ ਜਾਨੈ ॥ ਏ ਸੁਚੇਤ ਕਰਿ ਰਹਹਿ ਹਮਨਿ ਆਚੇਤ ਪ੍ਰਮਾਨੈ ॥*
*ਕਹਾ ਭਯੋ ਜੌ ਭਾਂਗ ਭੂਲਿ ਭੌਦੂ ਨਹਿ ਖਾਈ ॥ ਹੋ ਨਿਜੁ ਤਨ ਤੇ ਬਿਸੰਭਾਰ ਰਹਤ ਸਭ ਲਖਤ ਲੁਕਾਈ ॥੮੦॥*
*ਭਾਂਗ ਖਾਇ ਭਟ ਭਿੜਹਿ ਗਜਨ ਕੇ ਦਾਂਤ ਉਪਾਰਹਿ ॥ ਸਿਮਟਿ ਸਾਂਗ ਸੰਗ੍ਰਹਹਿ ਸਾਰ ਸਨਮੁਖ ਹ੍ਵੈ ਝਾਰਹਿ ॥*
*ਤੈਂ ਮੂਜੀ ਪੀ ਭਾਂਗ ਕਹੋ ਕਾ ਕਾਜ ਸਵਰਿਹੈ ॥ ਹੋ ਹ੍ਵੈ ਕੈ ਮ੍ਰਿਤਕ ਸਮਾਨ ਜਾਇ ਔਧੇ ਮੁਖ ਪਰਿ ਹੈ ॥੮੧॥*
(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੬)

ਹੇ ਮਿਸਰ ਸੁਣ ਤੂੰ ਅਪਣੀ ਸਿੱਖਿਆ ਇਨ੍ਹਾਂ ਲੋਕਾਂ ਨੂੰ ਦੇਂਦਾ ਰਹੁ ਪਰ ਮੈਨੂੰ ਅਪਣੇ ਝੂਠ ਤੋਂ ਦੂਰ ਰੱਖ-ਤੂੰ ਅਪਣੀਆਂ ਚੰਮ ਦੀਆਂ ਚਲਾ ਕੇ ਇਸ ਝੂਠ ਨੂੰ ਚੰਗਾ ਆਖ ਰਿਹਾ ਹੈਂ-ਤੂੰ ਘੋਰ ਨਰਕਾਂ ਚ ਜਾਏਂਗਾ ਜਾਂ ਫਿਰ ਕਿਸੇ

ਚੰਢਾਲ ਦੀ ਜੂਨ ਪਏਂਗਾ-ਯਾਦ ਰੱਖਣਾ ਮ੍ਰਿਤਸ਼ਾਲਾ ਚ ਤੈਨੂੰ ਟੰਗ ਕੇ ਮਾਰਿਆ ਜਾਏਗਾ ਸਣੇ ਤੇਰੀ ਤੀਵੀਂ ਤੇ ਪੁੱਤਰਾਂ ਧੀਆਂ ਸਮੇਤ ਹੇ ਮਿਸਰ ਦੱਸ ਅੱਗੇ ਕੀ ਜਵਾਬ ਦਏਂਗਾ ਜਦ ਕਾਲ ਦੇ ਜਾਲ ਵਿੱਚ ਫਸਿਆ ਹੋਏਂਗਾ । ਉੱਥੇ ਤੂੰ ਕਿਹੜਾ ਪਾਠ ਪੜ੍ਹੇਂਗਾ ਜਾਂ ਕਿਹੜੇ ਲਿੰਗ ਦੀ ਪੂਜਾ ਕਰੇਂਗਾ-ਉੱਥੇ ਦੱਸ ਸਿਵ ਆਏਗਾ ਜਾਂ ਸ੍ਰੀ ਕ੍ਰਿਸ਼ਨ ਜਿਥੇ ਤੈਨੂੰ ਕਾਲ ਬੰਨ੍ਹ ਕੇ ਲੈ ਜਾਏਗਾ । ਫਿਰ ਉੱਥੇ ਰਾਮ ਤੇਰਾ ਸਹਾਈ ਹੋਏਗਾ ਜਿੱਥੇ ਮਾਂ ਬਾਪ ਪੁੱਤ ਧੀ ਕਿਸੇ ਦਾ ਆਸਰਾ ਨਹੀਂ-ਹਮੇਸਾਂ ਮਹਾਂ ਕਾਲ ਅੱਗੇ ਹੀ ਸੀਸ ਨੂੰ ਝੁਕਾਓ ਜਿਸਦਾ ਪ੍ਰਭਾਵ ਚੌਦਾਂ ਪੁਰੀਆਂ ਚ ਹੈ-ਸਾਰੇ ਲੋਕ ਉਸ ਦੀ ਤਾਕਤ ਮੰਨਦੇ ਹਨ ਤੇ ਸਭ ਉਸ ਨੂੰ ਖਯਾਤਾ ਤੇ ਵਿਧਾਤਾ ਮੰਨਦੇ ਹਨ। ਓਹਦੀ ਰੂਪ ਰੇਖਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ-ਓਹਦਾ ਨਾ ਕੋਈ ਮਾਂ, ਬਾਪ, ਭਾਈ, ਪੁੱਤਰ, ਮਿਤ੍ਰ ਜਾਂ ਸਬੰਧੀ ਹੈ। ਓਹਦੇ ਨਾਲ ਕੋਈ ਸੈਨਾ ਵੀ ਨਹੀਂ ਕੋਈ ਉਸ ਨੂੰ ਸੱਤਿ ਕਰ ਕੇ ਜਾਣਦਾ ਹੈ । ਕਈਆਂ ਨੂੰ ਉਹ ਖਪਾਉਂਦਾ ਤੇ ਕਈਆਂ ਨੂੰ ਬਣਾਉਂਦਾ ਹੈ। ਉਹ ਉਸਾਰ ਕੇ ਫਿਰ ਮਿੱਟੀ ਚ ਮਿਲਾ ਦੇਂਦਾ ਹੈ । ਮੈਂ ਉਸੇ ਮਹਾਂਕਾਲ ਨੂੰ ਅਪਣਾ ਗੁਰੂ ਮੰਨਦੀ ਹਾਂ-ਮੈਂ ਉਸੇ ਦੀ ਮੁਰੀਦ ਹਾਂ ਤੇ ਓਹੀ ਮੇਰਾ ਪੀਰ ਹੈ ।

*ਘਨੀ ਬਾਰ ਲੌ ਪੰਥ ਚਾਰੋ ਭ੍ਰਮਾਨਾ ॥ ਮਹਾਕਾਲ ਹੀ ਕੋ ਗੁਰੂ ਕੈ ਪਛਾਨਾ ॥੮੯॥*
*ਮੁਰੀਦ ਹੈ ਉਸੀ ਕਾ ਵਹੈ ਪੀਰ ਮੇਰੋ ॥ ਉਸੀ ਕਾ ਕਿਯਾ ਆਪਨਾ ਜੀਵ ਚੇਰੋ ॥*
*ਤਿਸੀ ਕਾ ਕੀਆ ਬਾਲਕਾ ਮੈਂ ਕਹਾਵੌਂ ॥ ਉਹੀ ਮੋਹਿ ਰਾਖਾ ਉਸੀ ਕੋ ਧਿਆਵੌਂ ॥੯੦॥*

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੭)

ਹੇ ਬਾਮ੍ਹਣ ਅਸੀਂ ਮਹਾਂ ਕਾਲ ਦੀ ਪੂਜਾ ਕਰਦੇ ਹਾਂ ਪੱਥਰ ਚ ਅਪਣਾ ਮਨ ਨੀ ਜੋੜਦੇ-ਅਸੀਂ ਪੱਥਰ ਨੂੰ ਪੱਥਰ ਕਰਕੇ ਜਾਣਦੇ ਹਾਂ ਇਸੇ ਲਈ ਲੋਕਾਂ ਨੂੰ ਬੁਰਾ ਲਗਦਾ ਹੈ-ਅਸੀਂ ਝੂਠੇ ਨੂੰ ਝੂਠਾ ਕਹਿੰਦੇ ਹਾਂ-ਅਸੀਂ ਕਿਸੇ ਦੀ ਕਾਨਿ ਨਹੀਂ ਰੱਖਦੇ ਸਗੋਂ ਸੱਚੀ ਗੱਲ ਮੂੰਹ ਤੇ ਕਹਿੰਦੇ ਹਾਂ । ਹੇ ਪੰਡਿਤ ਸੁਣ ਤੁਸੀਂ ਧਨ ਦੇ ਪਿੱਛੇ ਲੱਗੇ ਹੋ ਤੇ ਮੰਗਣ ਲਈ ਸਭ ਤੋਂ ਮੂਹਰੇ ਅਪਣੇ ਮਨ ਅੰਦਰ ਤੁਸੀਂ ਸ਼ਰਮਾਉਂਦੇ ਵੀ ਨਹੀਂ ਤੇ ਟਿਕ ਕੇ ਕਦੇ ਧਿਆਨ ਵੀ-ਨੀ-ਲਾਉਂਦੇ। ਬਾਮ੍ਹਣ ਕਹਿੰਦਾ ਕਿ ਤੂੰ ਸੰਭੂ ਨੂੰ ਪਾਹਨ ਕਹਿੰਦੀ ਹੈਂ ਤੇ ਇਨ੍ਹਾਂ ਨੂੰ ਕੋਈ ਹੋਰ-ਉਸ ਨੂੰ ਬ੍ਰਹਮ ਪਾਪੀ ਕਹਿੰਦਾ ਹੈ ਜੋ ਇਨ੍ਹਾਂ ਨੂੰ ਕੱਟ ਕੇ ਕੋਈ ਬਚਨ ਉਚਾਰਦਾ ਹੈ ਤੇ ਮਹਾਂ ਨਰਕ ਚ ਸੁੱਟਦਾ ਹੈ । ਫਿਰ ਤਾਂ ਹਮੇਸਾਂ ਇਨ੍ਹਾਂ ਦੀ ਸੇਵਾ ਕਰੋ ਕਿਉਂ ਕਿ ਇਹ ਸਭ ਤੋਂ ਪੁਰਾਣੇ ਦੇਵਤੇ ਹਨ । ਕੁੜੀ ਕਹਿੰਦੀ :-

*ਕੁਅਰਿ ਬਾਚ ॥ ਏਕੈ ਮਹਾਂ ਕਾਲ ਹਮ ਮਾਨੈ ॥ ਮਹਾਂ ਰੁੱਦ੍ਰ ਕਹ ਕਛੂ ਨ ਜਾਨੈ ॥*
*ਬ੍ਰਹਮ ਬਿਸ਼ਨ ਕੀ ਸੇਵ ਨ ਕਰਹੀ ॥ ਤਿਨ ਤੇ ਹਮ ਕਬਹੂੰ ਨਹਿ ਡਰਹੀ ॥੯੬॥*
*ਬ੍ਰਹਮ ਬਿਸਨ ਜਿਨ ਪੁਰਖ ਉਚਾਰਯੋ ॥ ਤਾਕੌ ਮ੍ਰਿਤੁ ਜਾਨਿਯੈ ਮਾਰਯੋ ॥*
*ਜਿਨ ਨਰ ਕਾਲ ਪੁਰਖ ਕੋ ਧਯਾਯੋ ॥ ਤਾ ਕੇ ਨਿਕਟ ਕਾਲ ਨਹਿ ਆਯੋ ॥੯੭॥*

ਜਿਹੜਾ ਨਰ ਕਾਲ ਦੀ ਪੂਜਾ ਕਰਦਾ ਹੈ ਉਸ ਨੂੰ ਕਾਲ ਨਹੀਂ ਸਤਾਉਂਦਾ-ਓਹਦੇ ਘਰ ਸਾਰੀਆਂ ਰਿਧੀਆਂ ਸਿੱਧੀਆਂ ਆ ਜਾਂਦੀਆਂ ਹਨ ਤੇ ਅਨੇਕਾਂ ਤਰ੍ਹਾਂ ਦੇ ਹੁਨਰ-ਓਹਦੇ ਭਾਂਤਿ ਭਾਂਤਿ ਦੇ ਭੰਡਾਰ ਭਰ ਜਾਂਦੇ ਹਨ ਜਿਸ ਦਾ ਕਦੇ ਤੋਟ ਨਹੀਂ ਹੁੰਦਾ-ਓਹ ਜਗ ਚ ਬੜਾ ਸੁਖ ਪਾਉਂਦਾ ਹੈ-ਓਹ ਰੱਜ ਕੇ ਔਰਤਾਂ ਭੋਗਦਾ ਹੈ ਤੇ ਵੈਰੀਆਂ ਨੂੰ ਮਾਰਦਾ ਹੈ ।ਜਦ ਤੈਨੂੰ ਕਾਲ ਸਤਾਉਂਦਾ ਹੈ ਤਾਂ ਤੂੰ ਪੁਸਤਕ ਹੱਥ ਚ ਲੈ ਕੇ ਕਦੇ ਭਾਗਵਤ ਪੜ੍ਹਦਾ ਹੈਂ ਤੇ ਕਦੇ ਗੀਤਾ-ਕਦੇ ਤੂੰ ਰਾਮ ਨੂੰ ਪਕੜਦਾ ਹੈਂ ਤੇ ਕਦੇ ਸਿਵ ਨੂੰ ਜਿਨ੍ਹਾਂ ਨੂੰ ਤੂੰ ਪਰਮ ਪੁਰਖ ਕਹਿੰਦਾ ਹੈਂ ਓਹ ਸਾਰੇ ਹੀ ਕਾਲ ਦੇ ਡੰਡੇ ਨੇ ਖਾ ਲਏ-ਕਾਲ ਦੇ ਡੰਡੇ ਤੋਂ ਕੋਈ ਨੀ ਬਚਿਆ ਭਾਵੇਂ ਓਹ ਸਿਵ ਹੈ ਜਾਂ ਬ੍ਰਹਮਾ ਜਾਂ ਬਿਸ਼ਨਿੰਦ੍ਰ ਹੈ। ਜਿਵੇਂ ਦੈਂਤਾ ਦੀ ਇਕ ਜੂਨ ਹੈ ਉਵੇਂ ਹੀ ਦੇਵਤਿਆਂ ਦੀ ਇਕ ਜੂਨ ਹੈ-ਭਾਵੇਂ ਕੋਈ ਹਿੰਦੂ ਹੈ ਜਾਂ ਤੁਰਕ ਸਭ ਨੂੰ ਕਾਲ ਹੀ ਮਾਰਦਾ ਹੈ-ਕਦੇ ਦੈਂਤ ਦੇਵਤਿਆਂ ਨੂੰ ਮਾਰਦੇ ਹਨ ਤੇ ਕਦੇ ਦੇਵਤੇ ਦੈਂਤਾਂ ਨੂੰ-ਜਿਸ ਨੇ ਦੇਵਤੇ ਤੇ ਦੈਂਤਾਂ ਦੋਨਾਂ ਨੂੰ ਮਾਰ ਮੁਕਾਇਆ ਓਹੋ ਹੀ ਸਾਡੀ ਪ੍ਰਤਿਪਾਲਨਾ ਕਰਦਾ ਹੈ। ਉਸ ਨੇ ਇੰਦ੍ਰ ਉਪਿੰਦ੍ਰ ਦਿਨਿੰਦ੍ਰਹਿ ਨੂੰ ਮਾਰ ਮੁਕਾਇਆ, ਚੰਦ੍ਰ, ਕੁਬੇਰ, ਜਲਿੰਦ੍ਰ, ਅਹਿੰਦ੍ਰਹਿ ਨੂੰ ਮਾਰਿਆ-ਮੈਂ ਚੌਦਾਂ ਲੋਕਾਂ ਨੂੰ ਸੁਣਾ ਸੁਣਾ ਕੇ ਆਖਦੀ ਹਾਂ ਕਿ ਉਸੇ ਨੂੰ ਮੇਰੀ ਨਮਸਕਾਰ ਹੈ ਤੇ ਓਹੀ ਮੇਰਾ ਗੁਰ। ਬਾਮ੍ਹਣ ਕਹਿੰਦਾ ਕਿ ਜਿਹੜੇ ਪਾਹਨ ਦੀ ਪੂਜਾ ਕਰਦੇ ਹਨ ਸਿਵ ਉਨ੍ਹਾਂ ਦੇ ਸਾਰੇ ਪਾਪ ਖਤਮ ਕਰ ਦੇਂਦਾ ਹੈ-ਜਿਹੜੇ ਸਾਲਗ੍ਰਾਮ (ਸਿਵਲਿੰਗ) ਨੂੰ ਧਿਆਉਂਦੇ ਹਨ ਉਨ੍ਹਾਂ ਦੇ ਸਾਰੇ ਪਾਪ ਖਤਮ ਹੋ ਜਾਂਦੇ ਹਨ-ਜਿਹੜੇ ਇਨ੍ਹਾਂ ਨੂੰ ਛੱਡ ਕੇ ਕਿਸੇ ਹੋਰ ਨੂੰ ਧਿਆਉਂਦੇ ਹਨ ਉਹ ਮਹਾਂ ਨਰਕਾਂ ਚ ਪੈਂਦੇ ਹਨ। ਜਿਹੜਾ ਬੰਦਾ ਕੁਝ ਅਪਣਾ ਧਨ ਬਾਮ੍ਹਣ ਨੂੰ ਦਾਨ ਕਰਦਾ ਹੈ ਉਹ ਅੱਗੇ ਦਸ ਗੁਣਾ ਲੈ ਲੈਂਦਾ ਹੈ। ਜਿਹੜਾ ਬਾਮ੍ਹਣ ਨੂੰ ਛੱਡ ਕੇ ਕਿਸੇ ਹੋਰ ਨੂੰ ਦਾਨ ਦੇਂਦਾ ਹੈ ਉਹ ਅੱਗੇ ਨਹੀਂ ਫਲਦਾ।

ਤਦ ਕੁੜੀ ਨੇ ਸਿਵ ਦੀ ਮੂਰਤੀ ਅਪਣੇ ਹੱਥ ਚ ਲੈ ਕੇ ਹੱਸ ਹੱਸ ਕੇ ਬਾਮ੍ਹਣ (ਦਿਜ) ਦੇ ਮੂੰਹ ਤੇ ਜੜ ਦਿੱਤੀ। ਸਾਲਗ੍ਰਾਮ ਨੇ ਬਾਮ੍ਹਣ ਦੇ ਸਾਰੇ ਦੰਦ ਭੰਨ ਦਿੱਤੇ ਤੇ ਖਿਚ ਧੂਹ ਕਰ ਕਰ ਕੇ ਸਾਰੇ ਕਪੜੇ ਪਾੜ੍ਹ ਦਿੱਤੇ । ਕਹਿੰਦੀ ਦੱਸ ਮਿਸਰ ਤੇਰਾ ਰੁਦ੍ਰ ਹੁਣ ਕਿੱਥੇ ਗਿਆ-ਜਿਹਦੀ ਤੂੰ ਸੇਵਾ ਕਰਦਾ ਹੈਂ ਉਸ ਨੇ ਤੇਰੇ ਦੰਦ ਭੰਨ ਦਿੱਤੇ-ਜਿਹੜੇ ਲਿੰਗ ਦੀ ਪੂਜਾ ਕਰਕੇ ਤੂੰ ਸਮਾਂ ਖਰਾਬ ਕੀਤਾ ਓਹੋ ਹੀ ਆਖਰ ਤੇਰੇ ਮੂੰਹ ਤੇ ਆ ਪਿਆ। ਉਸ ਨੂੰ ਦਿੱਤਾ ਸਾਰਾ ਦਾਨ ਦਾ ਧਨ ਖੋਹ ਲਿਆ ਕਹਿੰਦੀ ਅੱਗੇ ਤੈਨੂੰ ਦਸ ਗੁਣਾ ਮਿਲ ਜਾਏਗਾ। ਹੋਰਾਂ ਨੂੰ ਤੁਸੀਂ ਕਹਿੰਦੇ ਹੋ ਕੇ ਧਨ ਲੁਟਾ ਦਿਓ ਪਰ ਉਸੇ ਧਨ ਨੂੰ ਆਪ ਖਾਂਦੇ ਹੋ-ਬੜੇ ਪ੍ਰਪੰਚੀ ਹੋ ਤੇ ਉਸੇ ਦੇ ਕਾਰਨ ਲੋਕਾਂ ਨੂੰ ਸ਼ਰੇਆਮ ਬਜਾਰ ਲੁੱਟਦੇ ਹੋ-ਅਪਣੇ ਹੱਥੋਂ ਕੋਡੀ ਨੀ ਦੇਂਦੇ ਪਰ ਦੂਜਿਆਂ ਤੋਂ ਕੌਡੀ ਕੌਡੀ ਮੰਗ ਲੈਂਦੇ ਹੋ-ਜਿਸ ਨੂੰ ਅਪਣੀ ਪੁੱਤ੍ਰੀ ਕਹਿੰਦੇ ਹੋ ਉਸੇ ਨਾਲ ਵਿਭਚਾਰ ਕਰਦੇ ਹੋ -ਲਗਦਾ ਹੈ ਕਿ ਤੁਸੀਂ ਲੋਭ ਦੇ ਜੰਮੇ ਹੋ ਤੇ ਮਮਤਾ ਚ ਫਸੇ ਹੋ ਤੇ ਬੜੇ ਦਰਿਦ੍ਰੀ ਹੋ-ਜੇਕਰ ਤੁਹਾਡੇ ਇਨ੍ਹਾਂ ਜੰਤ੍ਰਾਂ ਮੰਤ੍ਰਾਂ ਨਾਲ ਕੋਈ ਸਿਧਿ ਮਿਲਦੀ ਹੋਏ ਤਾਂ ਲੋਕੀਂ ਦਰ ਦਰ ਦੀ ਭੀਖ ਨਾ ਮੰਗਣ । ਮੂੰਹ ਤੋਂ ਉਚਾਰਦਿਆਂ ਹੀ ਧਨ ਨਾਲ ਕੋਠੀਆਂ ਭਰ ਲੈਣ । ਜਿਨ੍ਹਾਂ ਨੂੰ ਇਹ ਰਾਮ ਕ੍ਰਿਸ਼ਨ ਕਹਿੰਦੇ ਹਨ ਉਹ ਸ਼ਿਵ ਤੇ ਬ੍ਰਹਮਾ ਨੂੰ ਨਹੀਂ ਮੰਨਦੇ-ਇਨ੍ਹਾਂ ਸਭਨਾਂ ਨੂੰ ਕਾਲ ਹੀ ਮਾਰਦਾ ਹੈ। ਕਿੰਨੇ ਹੀ ਰਾਮ ਚੰਦ੍ਰ ਤੇ ਕ੍ਰਿਸ਼ਨ ਹੋਏ, ਕਿੰਨੇ ਹੀ ਚਤੁਰਾਨਨ ਸ਼ਿਵ ਤੇ ਬਿਸ਼ਨੂੰ -ਚੰਦ ਸੂਰਜ ਦੀ ਵਿਚਾਰ ਕਿਨ੍ਹ ਕੀਤੀ ਉਹ ਵੀ ਕਾਲ ਦਾ ਪਾਣੀ ਭਰਦੇ ਹਨ। ਸਭ ਨੂੰ ਕਾਲ ਨੇ ਵਸ ਕੀਤਾ ਤੇ ਉਸੇ ਚ ਲੀਨ ਹੋ ਗਏ-ਕਿੰਨੇ ਹੀ ਅਵਤਾਰਾਂ ਨੂੰ ਕਾਲ ਨੇ ਖਾਧਾ ਤੇ ਤੂੰ ਆਖਦਾ ਹੈਂ ਕਿ ਰਾਛਸੀ ਨੂੰ ਸਰਾਪ ਦੇ ਕਾਰਣ ਹੀ ਪਾਹਨ (ਪੱਥਰ) ਬਣਨਾ ਪਿਆ ਫਿਰ ਵੀ ਤੂੰ ਓਹਨੂੰ ਪਰਮੇਸ੍ਰਰ ਆਖਦਾ ਹੈਂ ਤੈਨੂੰ ਸ਼ਰਮ ਨੀ ਆਉਂਦੀ । ਬਾਮ੍ਹਣ ਨੂੰ ਚੜ੍ਹਿਆ ਵਟ ਕਹਿੰਦਾ ਮੈਂ ਹੁਣ ਰਾਜੇ ਪਾਸ ਚਲਿਆ ਤੇ ਤੈਨੂੰ ਬੰਨ੍ਹਵਾ ਕੇ ਉਥੇ ਸੱਦਾਂਗਾ। ਕੁੜੀ ਕਹਿੰਦੀ ਜਰਾ ਠਹਿਰ! ਓਸ ਨੇ ਬਾਮ੍ਹਣ ਨੂੰ ਪਕੜ ਕੇ ਨਦੀ ਚ ਅੱਠ ਸੌ ਗੋਤਾ ਦਿੱਤਾ ਤੇ ਪਵਿਤ੍ਰ ਕਰਤਾ-ਕਹਿੰਦੀ ਬਾਪ ਪਾਸ ਮੈਂ ਜਾਵਾਂਗੀ ਤੇ ਕਹਾਂਗੀ ਕਿ ਬਾਮ੍ਹਣ ਨੇ ਮੈਨੂੰ ਹੱਥ ਪਾਇਆ । ਤੇਰੇ ਦੋਨੋ ਹੱਥ ਕਟਾਵਾਂਗੀ ਤਾਂ ਜਾਣੀ ਮੈਂ ਰਾਜੇ ਦੀ ਧੀ ਹਾਂ ।

*ਕੁਅਰਿ ਬਾਚ ॥ ਤਬ ਤਿਨ ਕੁਅਰਿ ਦਿਜਹਿ ਗਹਿ ਲਿਆ ॥ ਡਾਰ ਨਦੀ ਕੇ ਭੀਤਰ ਦਿਯਾ ॥*
*ਗੋਤਾ ਪਕਰਿ ਆਠ ਸੈ ਦੀਨਾ ॥ ਤਾਂਹਿ ਪਵਿੱਤ੍ਰ ਭਲੀ ਬਿਧਿ ਕੀਨਾ ॥੧੨੦॥*
*ਕਹੀ ਕੁਅਰਿ ਪਿਤੁ ਪਹਿ ਮੈਂ ਜੈ ਹੌ ॥ ਤੈਂ ਮੋਹਿ ਡਾਰਾ ਹਾਥ ਬਤੈ ਹੌ ॥*
*ਤੇਰੇ ਦੋਨੋ ਹਾਥ ਕਟਾਊਂ॥ ਤੌ ਰਾਜਾ ਕੀ ਸੁਤਾ ਕਹਾਊਂ॥੧੨੧॥* **(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੧੦)**

ਮਿਸਰ ਇਹ ਸੁਣ ਕੇ ਡਰ ਗਿਆ ਤੇ ਕੁੜੀ ਦੇ ਪੈਰੀਂ ਪੈ ਗਿਆ ਕਹਿੰਦਾ ਮੈਂ ਓਹੀ ਕਰਾਂਗਾ ਜੋ ਤੂੰ ਕਹੇਂਗੀ। ਤੂੰ ਅਪਣਾ ਗੁੱਸਾ ਥੁੱਕ ਦੇ । ਕੁੜੀ ਕਹਿੰਦੀ ਤੂੰ ਕਹਿ ਮੈਂ ਪਹਿਲਾਂ ਇਸ਼ਨਾਨ ਕਰਾਂਗਾ । ਮੈਂ ਅਪਣਾ ਧਨ ਲੁਟਾ ਦਿਆਂਗਾ-ਮੈਂ ਪੱਥਰ ਦੀ ਪੂਜਾ ਨਹੀਂ ਕਰਾਂਗਾ ਤੇ ਮਹਾਂਕਾਲ ਦੇ ਪੈਰੀਂ ਪਵਾਂਗਾ । ਕਵੀ ਕਹਿੰਦਾ ਹਾਂ ਫਿਰ ਬਾਮ੍ਹਣ ਨੇ ਮਹਾਂ ਕਾਲ ਨੂੰ ਧਿਆਇਆ-ਨਦੀ ਚ ਪਾਹਨ ਰੋੜ੍ਹੇ ਤੇ ਕਿਸੇ ਦੇ ਕੰਨੀ ਭਿਣਕ ਨਾ ਪਈ ਇਸ ਤਰ੍ਹਾਂ ਕਰ ਕੇ ਬਾਮ੍ਹਣ ਨੂੰ ਮਹਾਂ ਕਾਲ ਦਾ ਸਿੱਖ ਬਣਾਇਆ ਅਤੇ ਦਾਰੂ ਅਤੇ ਭੰਗ ਪਿਲਾਈ ।

*ਕਬਿਯੋ ਬਾਚ ॥ ਤਬ ਦਿਜ ਮਹਾਂ ਕਾਲ ਕੋ ਧ੍ਯਾਯੋ ॥ ਸਰਿਤਾ ਮਹਿ ਪਾਹਨਨ ਬਹਾਯੋ ॥*
*ਦੂਜੇ ਕਾਨ ਨ ਕਿਨਹੂੰ ਜਾਨਾ ॥ ਕਹਾ ਮਿੱਸ੍ਰ ਪਰ ਹਾਲ ਬਿਹਾਨਾ ॥੧੨੪॥*
*ਦੋਹਰਾ ॥ ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਇ ॥*
*ਮਹਾਂਕਾਲ ਕੋ ਸਿੱਖ੍ਯ ਕਰ ਮਦਰਾ ਭਾਂਗ ਪਿਵਾਇ ॥੧੨੫॥* **(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੧੦)**

ਨੋਟ :- ਇਸ ਕਾਵਿ ਰਚਨਾਂ ਚ ਦਿਜ (ਬ੍ਰਾਹਮਣ) ਅਤੇ ਰਾਜੇ ਦੀ ਧੀ ਦੇ ਪ੍ਰਸਪਰ ਵਿਚਾਰਾਂ ਦੇ ਟਕਰਾਓ ਨੂੰ ਕਵੀ ਨੇ ਬੜੀ ਖੁਬੀ ਨਾਲ ਪ੍ਰਗਟ ਕੀਤਾ ਹੈ । ਰਾਜੇ ਦੀ ਧੀ ਮਹਾਂਕਾਲ ਦੀ ਪੂਜਾਰਨ ਹੈ ਜਦਕਿ ਦਿਜ ਸਿਵਲਿੰਗ ਦਾ । ਜਦ ਬ੍ਰਾਹਮਣ ਦਲੀਲ ਨਾਲ ਨਾ ਮੰਨਿਆਂ ਤਾਂ ਕੁੜੀ ਨੇ ਉਸ ਦਾ ਸ਼ਿਵਲਿੰਗ ਖੋਹ ਕੇ ਉਸ ਦੇ ਮੂੰਹ ਤੇ ਦੇ ਮਾਰਿਆ ਤੇ ਦੰਦ ਭੰਨ ਦਿੱਤੇ ਇਸ ਕਾਵਿ ਰਚਨਾ ਚ ਸੱਤ ਬਾਰ ਬ੍ਰਾਹਮਣ ਨੇ ਅਪਣੇ ਇਸ਼ਟ ਪ੍ਰਤੀ ਅਪਣੀ ਸ਼ਰਧਾ ਜਿਤਲਾਈ ਅਤੇ ਸੱਤ ਬਾਰ ਹੀ ਕੁੜੀ ਨੇ ਉਸ ਨੂੰ ਠੋਕਵੇਂ ਜਵਾਬ ਦੇ ਕੇ ਸ਼ਰਮੋਸ਼ਾਰ ਕੀਤਾ। ਫਿਰ ਅਖੀਰ ਚ ਕਵੀ ਨੇ ਅਪਣੇ ਵਿਚਾਰ ਪ੍ਰਗਟ ਕੀਤੇ। ਓਪਰੀ ਨਜ਼ਰੇ ਪੜ੍ਹਿਆਂ ਇਹ ਭੁਲੇਖਾ ਉਨ੍ਹਾਂ ਪੁਰਖਾਂ ਨੂੰ ਲੱਗ ਜਾਂਦਾ ਹੈ ਕਿ ਇਹ ਸ਼ਾਇਦ ਗੁਰੂ ਜੀ ਦੇ ਵਿਚਾਰ ਹਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਨਾ ਕਦੇ ਪੜ੍ਹਿਆ ਤੇ ਨਾ ਹੀ ਘੋਖਿਆ ਹੈ। ਸੋਧਕ ਕਮੇਟੀ ਨੇ ਗੁਰ ਸਿੱਖਾਂ ਦਾ ਮੌਜੂ ਬਣਾਣ ਹਿੱਤ ਮਹਾਂਕਾਲ ਦੇ ਅਰਥ ਪ੍ਰਮਾਤਮਾ ਕੀਤੇ ਹਨ ਜੋ ਹਰ ਪੱਖੋਂ ਹੀ ਨਿੰਦਣਯੋਗ ਹੈ। ਜਿਵੇਂ ਬਾਕੀ ਦੇਵਤੇ ਤੇ ਦੈਂਤ ਹਨ ਉਵੇਂ ਹੀ ਉਨ੍ਹਾਂ ਚ ਇਕ ਮਹਾਂਕਾਲ ਹੈ । ਮਹਾਂਕਾਲ ਦੇ ਪੁਜਾਰੀ (ਜਿਵੇਂ ਇਸ ਕਾਵਿ ਰਚਨਾਂ ਤੋਂ ਵੀ ਪ੍ਰਗਟ ਹੁੰਦਾ ਹੈ) ਭਾਰੀ ਨਸ਼ੇ ਕਰਦੇ ਹਨ-ਉਹ ਸ਼ਰਾਬ ਭਾਂਗ ਦਾ ਖੂਬ ਇਸਤੇਮਾਲ ਕਰਦੇ ਹਨ । ਉਹ ਮੂਰਤੀ ਦੀ ਪੂਜਾ ਨਹੀਂ ਕਰਦੇ ਜਿਵੇਂ ਇਸ ਕਾਵਿ ਰਚਨਾਂ ਚ ਆਪ ਜੀ ਪੜ੍ਹ ਚੁੱਕੇ ਹੋ। ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਜਿਤਲਾਉਣ ਦੀ ਕਮੀਣੀ ਹਰਕਤ ਕੀਤੀ ਗਈ ਹੈ ਕਿ ਗੁਰੂ ਜੀ ਹੀ ਇਸ ਦੇ ਲੇਖਕ ਹਨ । ਜੇਕਰ

ਗੁਰੂ ਜੀ ਇਸ ਦੇ ਲੇਖਕ ਹੁੰਦੇ ਤਾਂ ਉਨ੍ਹਾਂ ਨੇ ਕੁੜੀ ਅਤੇ ਬ੍ਰਾਹਮਣ ਚ ਵਾਰਤਾਲਾਪ ਨਹੀਂ ਸੀ ਕਰਵਾਉਣੀ । ਉਨ੍ਹਾਂ ਨੇ ਬਾਰਾਂ ਪੰਨਿਆ ਦੀ ਲੰਮੀ ਚੌੜੀ ਬਹਿਸ ਚ ਨਹੀਂ ਸੀ ਪੈਣਾ-ਗੁਰੂ ਜੀ ਨੇ ਬਾਕੀ ਗੁਰੂਆਂ ਦੀ ਤਰ੍ਹਾਂ ਸਪੱਸ਼ਟ ਆਖ ਦੇਣਾ ਸੀ ਕਿ ਪੱਥਰ ਪੂਜਾ ਸਾਡਾ ਮੱਤ ਨਹੀਂ ਅਸੀਂ ਤਾਂ ਰੱਬ ਦੇ ਪੁਜਾਰੀ ਹਾਂ। ਇਥੇ ਰੱਬ ਦੀ ਤਾਂ ਗੱਲ ਈ ਕੋਈ ਨੀ ਕੀਤੀ।ਅਪਣੇ ਅਪਣੇ ਇਸ਼ਟ ਦੀ ਪੂਜਾ ਲਈ ਇਕ ਦੂਜੇ ਨੂੰ ਮਨਵਾਉਣ ਦੀ ਕੋਸ਼ਿਸ ਕੀਤੀ ਹੈ ਤੇ ਜ਼ੋਰ ਜਬਰਦਸਤੀ ਵੀ । ਜੇਕਰ ਦਸਮ ਗ੍ਰੰਥ ਦਾ ਥੋੜੇ ਠਰੰਮੇ ਨਾਲ ਅਧਿਐਨ ਕਰੀਏ ਤਾਂ ਇਸ ਕਾਵਿ ਰਚਨਾ ਦਾ ਓਹੋ ਹੀ ਲਿਖਾਰੀ ਹੈ ਜਿਸ ਨੇ ਕਬਿਯੋ ਬਾਚ ॥ ਬੇਨਤੀ ਚੌਪਈ ॥ ਲਿਖੀ ਹੈ । ਮੈਂ ਇਸ ਕਾਵਿ ਰਚਨਾਂ ਦੇ ਪੂਰੇ ਦੇ ਪੂਰੇ ਅਤੇ ਪੂਰੀ ਇਮਾਨਦਾਰੀ ਨਾਲ ਬਿਨਾਂ ਸ਼ਬਦਾਂ ਦੇ ਹੇਰਫੇਰ ਦੇ ਸਪੱਸ਼ਟ ਅਰਥ ਕਰਨ ਦੀ ਕੋਸ਼ਿਸ ਕੀਤੀ ਹੈ । ਮੈਂ ਨਾ ਤਾਂ ਵਿਦਵਾਨ ਹਾਂ ਤੇ ਨਾ ਹੀ ਬੁੱਧੀਜੀਵੀ-ਪੜ੍ਹਿਆ ਵੀ ਮੈਂ ਪਿੰਡ ਦੇ ਸਕੂਲ ਚ ਹਾਂ ਹੋ ਸਕਦਾ ਹੈ ਮੇਰੇ ਦੁਆਰਾ ਵਰਤੀ ਵਧੇਰੇ ਪੇਂਡੂ ਬੋਲੀ ਕਿਸੇ ਦੇ ਮਨ ਨੂੰ ਪੀੜ ਦੇਵੇ । ਬਸ ਇਕ ਪੇਂਡੂ ਵੀਰ ਜਾਣ ਕੇ ਮੇਰੀ ਖ਼ਰਵੀ ਬੋਲੀ ਤੇ ਮੈਨੂੰ ਮੁਆਫ਼ ਕਰ ਦੇਣਾ ਪਰ ਇਹ ਮਨ ਚ ਦ੍ਰਿੜ ਕਰ ਲੈਣਾ ਕੇ ਗੁਰੂ ਜੀ ਨੇ ਦਸਮ ਗ੍ਰੰਥ ਨਹੀਂ ਲਿਖਿਆ ।

ਪਾਤਰ : ਰੂਪ ਸੈਨ (ਨ੍ਰਿਪਤਿ), ਸਕਲ ਮਤੀ (ਦਾਰਾ) ਤੇ ਤੁਰਕਨੀ (ਦੋਇ ਸੌ ਸਤਸਠਿ ਚਰਿਤ੍ਰ ਪੰਨਾ ੧੨੧੦-੧੨੧੨)

**ਪਤੀ ਦਾ ਕਤਲ ਕਰਨਾ ਸਿਖੋ :** ਬੜੇ ਤੇਜਮਾਨ ਅਤੇ ਬਲਵਾਨ ਨ੍ਰਿਪਤਿ ਰੂਪ ਸੈਨ ਦੀ ਔਰਤ ਸਕਲ ਮਤੀ ਬੜੀ ਸੋਹਣੀ ਸੀ । ਉਥੇ ਇਕ ਬੜੀ ਹੀ ਖੂਬਸੂਰਤ ਤੁਰਕਣੀ ਰਹਿੰਦੀ ਮਾਨੋ ਕਾਮ ਦੀ ਦੇਵੀ ਹੋਏ । ਜਦ ਓਹਨੇ ਰਾਜੇ ਨੂੰ ਤੱਕਿਆ ਤਾਂ ਦੀਵਾਨੀ ਹੋ ਗਈ। ਉਸ ਨੇ ਸਹੇਲੀ ਭੇਜ ਕੇ ਅਪਣੇ ਮਨ ਦੀ ਪੀੜ੍ਹ ਰਾਜੇ ਨੂੰ ਦੱਸੀ ਤੇ ਰਾਜੇ ਨੇ ਮੋੜਵਾਂ ਜੁਵਾਬ ਦਿੱਤਾ ਕਿ ਜੇਕਰ ਤੂੰ ਅਪਣੇ ਕਾਜੀ ਪਤੀ ਨੂੰ ਮਾਰ ਦੇਵੇਂ ਤਾਂ ਮੈਂ ਤੇਰੇ ਨਾਲ ਹਮਬਿਸਤ੍ਰ ਹੋ ਸਕਦਾ ਹਾਂ । ਜਦ ਰਾਤ ਨੂੰ ਕਾਜੀ ਆਇਆ ਤਾਂ ਕ੍ਰਿਪਾਨ ਕੱਢ ਕੇ ਉਸ ਨੂੰ ਮਾਰਤਾ-ਓਹਦਾ ਸਿਰ ਕੱਟ ਕੇ ਰਾਜੇ ਅੱਗੇ ਜਦ ਹਾਜਿਰ ਕੀਤਾ ਤਾਂ ਕਹਿੰਦੀ ਹੁਣ ਤੂੰ ਅਪਣਾ ਕੌਲ ਪੂਰਾ ਕਰ । ਰਾਜਾ ਡਰਿਆ ਕਿ ਜਿਸ ਨੇ ਭੋਗ ਦੀ ਖਾਤਰ ਅਪਣਾ ਪਤੀ ਮਾਰਤਾ ਓਹੋ ਜਿਹੀ ਨਿਕੰਮੀ ਔਰਤ ਨੀ ਦੇਖਣੀ-ਉਸ ਨੇ ਔਰਤ ਨੂੰ ਫਿਟਕਾਰ ਪਾਈ-ਓਹ ਗੁੱਸਾ ਖਾ ਕੇ ਘਰ ਗਈ ਤੇ ਰੌਲਾ ਪੌਣ ਲੱਗੀ ਕਿ ਮੇਰਾ ਪਤੀ ਕਿਸੇ ਮਾਰਤਾ । ਲੋਕ ਇਕੱਠੇ ਹੋਏ ਤੇ ਖੁਰਾ ਖੋਜਣ ਲੱਗੇ । ਖੁਨ ਦੀ ਧਾਰ ਦੇ ਮਗਰ ਚਲਦੇ ਰਾਜੇ ਦੇ ਬੂਹੇ ਤੱਕ ਜਾ ਪਹੁੰਚੇ ਤੇ ਲੋਕਾਂ ਸੋਚਿਆ ਕਿ ਕਾਜੀ ਦਾ ਕਤਲ ਇਸੇ ਨੇ ਕੀਤਾ ਹੈ । ਉਨ੍ਹਾਂ ਰਾਜੇ ਨੂੰ ਬੰਨ੍ਹ ਕੇ ਜਹਾਂਗੀਰ ਦੇ ਅੱਗੇ ਪੇਸ਼ ਕੀਤਾ ਤੇ ਸਭ ਬ੍ਰਿਤਾਂਤ ਦੱਸਿਆ । ਜਦ ਓਹਨੂੰ ਮਾਰਨ ਲਈ ਲੈ ਚੱਲੇ ਤਾਂ ਕਹਿੰਦੀ ਮੈਂ ਇਹਨੂੰ ਮੁਆਫ ਕੀਤਾ-ਏਹਦਾ ਖੂਨ ਮੁਆਫ ਕੀਤਾ ਜਾਏ ਮਿਤ੍ਰ ਨੂੰ ਛੁਡਾ ਕੇ ਕਹਿੰਦੀ ਮੈਂ ਹੁਣ ਮੱਕੇ ਦੀ ਸੈਰ ਕਰਨ ਚਲੀ ਜੇ ਮਰ ਗਈ ਤਾਂ ਗਈ ਸਮਝਣਾ ਜੇ ਬਚ ਗਈ ਤਾਂ ਫੇਰ ਮਿਲੂੰ ਇਹ ਕਹਿ ਕੇ ਮਿਤ੍ਰ ਦੇ ਘਰ ਦਾ ਰਾਹ ਲ਼ਿਆ ਰਾਜਾ ਓਹਨੂੰ ਦੇਖ ਕੇ ਡਰਿਆ ਤੇ ਉਸ ਨਾਲ ਭੋਗ ਕੀਤਾ। ਕਵੀ ਕਹਿੰਦਾ :-

*ਇਹ ਛਲ ਸਾਥ ਕਾਜਿਯਹਿ ਮਾਰਾ ॥ ਬਹੁਰਿ ਮਿੱਤ੍ਰ ਕਹ ਚਰਿਤ ਦਿਖਾਰਾ ॥*
*ਇਨ ਕੀ ਅਗਮ ਅਗਾਧਿ ਕਹਾਨੀ ॥ ਦਾਨਵ ਦੇਵ ਨ ਕਿਨਹੂੰ ਜਾਨੀ ॥੨੨॥*

(ਦੋਇ ਸੌ ਸਤਸਠਿ ਚਰਿਤ੍ਰ ਪੰਨਾ ੧੨੧੨)

ਨੋਟ :- ਇਹ ਕਾਵਿ ਰਚਨਾਂ ਹਰ ਧੀ ਭੈਣ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਾਮ ਦੀ ਤ੍ਰਿਪਤੀ ਲਈ ਅਪਣੇ ਪਤੀ ਦਾ ਕਤਲ ਕਰ ਕੇ ਪਰਾਏ ਮਰਦ ਨਾਲ ਸੇਜ ਸਾਂਝ ਕਰੋ । ਕੀ ਮੇਰੀਆਂ ਧੀਆਂ ਭੈਣਾਂ ਪੁਜਾਰੀਆਂ ਤੋਂ ਅਜਿਹੇ ਗੰਦ ਮੰਦ ਲਿਖੇ ਜਾਣ ਦਾ ਸਪੱਸਟੀਕਰਣ ਲੈਣਗੀਆਂ । ਇਸ ਗੰਦੇ ਗ੍ਰੰਥ ਦੇ ਵੱਡੀਆਂ ਰਕਮਾ ਲੈ ਕੇ ਅਖੰਡ ਪਾਠ ਤੇ ਸਹਿਜ ਪਾਠ ਕੀਤੇ ਜਾਂਦੇ ਹਨ । ਪਾਠ ਕਰਨ ਤੋਂ ਬਾਦ ਪੁਜਾਰੀਆਂ ਦੇ ਬਸਤ੍ਰਾਂ ਦੀ ਹਾਲਤ ਦੇਖਣ ਯੋਗ ਹੁੰਦੀ ਹੈ ਤੇ ਚਾਦਰ ਗਿੱਲੀ । ਖ਼ਬਰਦਾਰ-ਜਾਗਦੇ ਰਹਿਓ !

ਨਗਰ : ਚੰਪਾਵਤੀ (ਦੋਇ ਸੌ ਅਠਸਠ ਚਰਿਤ੍ਰ ਪੰਨਾ ੧੨੧੨-੧੨੧੩)

## ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ

ਪਾਤਰ : ਚੰਪਤ ਰਾਇ (ਨ੍ਰਿਪਤਿ), ਚੰਪਾਵਤੀ (ਦਾਰਾ) ਤੇ ਚੰਪਕਲਾ (ਦੁਹਿਤਾ) : ਚੰਪਾਵਤੀ ਨਗਰ ਦੇ ਨ੍ਰਿਪ ਚੰਪਤ ਰਾਇ ਦੀ ਔਰਤ ਚੰਪਾਵਤੀ ਨੇ ਇਕ ਖੂਬਸੂਰਤ ਕੁੜੀ ਨੂੰ ਜਨਮ ਦਿੱਤਾ। ਬਾਲਪਨ ਬੀਤਿਆ-ਜਵਾਨੀ ਆਈ-ਓਹਦੇ ਤਨ ਦਾ ਹਰ ਅੰਗ ਕਾਮ ਲਈ ਪੁਕਾਰਦਾ ਉਹ ਅਪਣੀਆਂ ਸਹੇਲੀਆਂ ਨਾਲ ਇਕ ਸੁੰਦਰ ਬਾਗ ਚ ਗਈ ਜਿੱਥੇ ਉਸ ਨੇ ਇਕ ਸ਼ਾਹ ਨੂੰ ਦੇਖਿਆ ਤੇ ਅਪਣੀ ਸੁੱਧ ਬੁੱਧ ਖੋ ਬੈਠੀ ਤੇ ਇਕ ਸਹੇਲੀ ਨੇ ਰਮਜ ਪਹਿਚਾਣ ਕੇ ਰੋ ਰੋ ਕੇ ਤੇ ਧਰਤੀ ਨਾਲ ਸਿਰ ਮਾਰ ਮਾਰ ਕੇ ਕਹਿਣਾ ਸੁਰੂ ਕੀਤਾ ਕਿ ਰਾਜ ਕੁਅਰਿ ਚੰਪਕਲਾ ਨੂੰ ਰਾਛਸ ਚੁੱਕ ਕੇ ਲੈ ਗਿਆ ਹੈ। ਕਹਿੰਦੀ ਓਹਨੂੰ ਲੈ ਕੇ ਓਹ ਅਕਾਸ ਨੂੰ ਉੱਡ ਗਿਆ ਹੈ, ਕਈ ਦਿਨਾਂ ਬਾਦ ਜਦ ਪੈਸਾ ਧੇਲਾ ਖਤਮ ਹੋ ਗਿਆ ਅਨੇਕਾਂ ਥਾਈਂ ਭਟਕਣ ਬਾਦ ਮਿਤ੍ਰ ਨੂੰ ਤਿਆਗ ਦਿੱਤਾ ਤੇ ਅੱਧੀ ਰਾਤ ਨੂੰ ਘਰ ਪਰਤ ਆਈ ਤੇ ਕਹਿੰਦੀ ਮੈਨੂੰ ਦੈਂਤ ਤੋਂ ਦੇਵਤਿਆਂ ਨੇ ਛੁਡਾਇਆ ਹੈ।

ਨੋਟ :- ਇਹ ਉਤਮ ਸਿੱਖਿਆ ਦਸਮ ਗ੍ਰੰਥ ਦੀ ਧੀਆਂ ਭੈਣਾਂ ਲਈ ਉਚੇਚੇ ਤੌਰ ਤੇ ਸਾਡੇ ਪੁਜਾਰੀਆਂ-ਧਰਮ ਦੇ ਠੇਕੇਦਾਰਾਂ-ਸਾਧਾਂ ਸੰਤਾਂ ਨੇ ਬੜੀ ਖੋਜ ਤੋਂ ਬਾਦ ਇਸ ਪੁਸਤਕ ਚ ਦਰਜ ਕੀਤੀ ਹੈ । ਉਨ੍ਹਾਂ ਦਾ ਧੰਨਵਾਦ ਕਰਨਾ ਨਾ ਭੁੱਲਿਓ ਕਿਉਂਕਿ ਸਿੱਖੀ ਭੇਖ ਧਾਰਣ ਕੀਤੇ ਪੁਜਾਰੀ ਧੀਆਂ ਭੈਣਾਂ ਨੂੰ ਅਜਿਹੀਆਂ ਸਿੱਖਿਆਵਾਂ ਰਾਹੀਂ ਵਰਗਲਾ ਕੇ ਅਪਣੀ ਕਾਮ ਦੀ ਖੁਮਾਰੀ ਨੂੰ ਹੋਰ ਗੂੜ੍ਹਾ, ਕਰਨਾ ਚਾਹੁੰਦੇ ਹਨ । ਅਸੀਂ ਬੇਸ਼ਰਮ ਤੇ ਢੀਠ ਹੋ ਕੇ ਉਨ੍ਹਾਂ ਦਾ ਸਾਥ ਦੇ ਰਹੇ ਹਾਂ । ਹੁਣ ਜਾਗਣ ਦਾ ਸਮਾਂ ਹੈ ਸੌਣ ਦਾ ਨਹੀਂ । ਬਿਨਾਂ ਕਿਸੇ ਦੇਰੀ ਦੇ ਅਪਣੇ ਫਰਜ਼ ਦੀ ਪਹਿਚਾਣ ਕਰੋ ਅਤੇ ਇਸ ਗੰਦੇ ਗ੍ਰੰਥ ਨੂੰ ਗੁਰਦੁਆਰਿਆਂ ਤੋਂ ਬਾਹਰ ਵਗਾਹ ਮਾਰੋ । ਇਹ ਸਿੱਖ ਧਰਮ ਲਈ ਪੱਤਣ ਦਾ ਕਾਰਣ ਬਣੇਗਾ ਅਤੇ ਉਸ ਲਈ ਅਸੀਂ ਜੁੰਮੇਵਾਰ ਹੋਵਾਂਗੇ। ਕੀ ਤੁਸੀਂ ਸਿੱਖੀ ਦਾ ਖਾਤਮਾ ਅਪਣੀਆਂ ਹੀ ਅੱਖਾਂ ਸਾਮ੍ਹਣੇ ਹੁੰਦਾ ਵੇਖਣਾ ਚਾਹੁੰਦੇ ਹੋ? ਜੇ ਨਹੀਂ ਤਾਂ ਫਿਰ ਆਓ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਮੋਢੇ ਨਾਲ ਮੋਢਾ ਜੋੜ ਕੇ ਡੱਟ ਜਾਈਏ। ਬਾ ਹੋਸਿਯਾਰ-ਖ਼ਬਰਦਾਰ । ਜਾਗਦੇ ਰਹਿਓ !

ਇਲਾਕਾ : ਗੂਆ ਬੰਦਰ (ਦੋਇ ਸੌ ਉਨਹਤਰਿ ਚਰਿਤ੍ਰ ਪੰਨਾ ੧੨੧੩-੧੪)

## ਘਰੋਂ ਪੈਸੇ ਚੋਰੀ ਕਰ ਕੇ ਮਿਤ੍ਰ ਨਾਲ ਭੱਜ ਜਾਓ

ਪਾਤਰ : ਮੀਨਕੇਤ (ਰਾਜਾ), ਮਿੱਤ੍ਰਮਤੀ (ਅਰਧੰਗਾ), ਤੇ ਸ੍ਰੀ ਝਕਕੇਤ ਮਤੀ (ਦੁਹਿਤਾ) : ਗੂਆ ਬੰਦਰ ਦੇ ਰਾਜਾ ਮੀਨ ਦੀ ਖੂਬਸੂਰਤ ਔਰਤ ਮਿੱਤ੍ਰਮਤੀ ਨੇ ਅੰਤਾਂ ਦੀ ਸੋਹਣੀ ਕੁੜੀ ਨੂੰ ਜਨਮ ਦਿੱਤਾ । ਇਕ ਦਿਨ ਸਵੇਰ ਵੇਲੇ ਰਾਜੇ ਨੇ ਊਚ ਨੀਚ ਸਭਨਾਂ ਦੀ ਇਕ ਸਭਾ ਬੁਲਾਈ ਜਿਸ ਵਿੱਚ ਇਕ ਸ਼ਾਹ ਦਾ ਪੁੱਤ ਵੀ ਆਇਆ । ਰਾਜ ਕੁਅਰਿ ਓਹਨੂੰ ਦੇਖ ਕੇ ਚੱਕ੍ਰਿਤ ਹੋ ਗਈ। ਅਪਣੀ ਸਹੇਲੀ ਭੇਜ ਕੇ ਬੁਲਾਇਆ-ਓਹਨੂੰ ਪਾ ਕੇ ਬਹੁਤ ਖੁਸ਼ ਹੋਈ ਤੇ ਤਨ ਦੇ ਮਿਲਾਪ ਨੇ ਸਾਰੇ ਦੁੱਖ ਦੂਰ ਕਰ ਦਿੱਤੇ ।

*ਦੋਹਰਾ ॥ ਅਤਿ ਪ੍ਰਸੰਨਯ ਚਿਤ ਮਹਿ ਭਈ ਮਨ ਭਾਵਨ ਕਹ ਪਾਇ ॥*
*ਸਹਚਰਿ ਕੋ ਜੁ ਦਰਿਦ੍ਰ ਥੋ ਤਤ ਛਿਨ ਦਿਯਾ ਮਿਟਾਇ ॥੬॥* (ਦੋਇ ਸੌ ਉਨਹਤਰਿ ਚਰਿਤ੍ਰ ਪੰਨਾ ੧੨੧੩)

ਜਦ ਮੁਟਿਆਰ ਜੁਆਨ ਨੂੰ ਮਿਲੀ ਤਾਂ ਉਸ ਨੇ ਭਾਂਤਿ ਭਾਂਤਿ ਨਾਲ ਅਪਣੇ ਗਲੇ ਲਗਾਇਆ ਅਤੇ ਸਾਰੀ ਰਾਤ ਭੋਗ ਕਰਦੇ ਰਹੇ ਓਹ ਚਾਰ ਪਹਿਰ ਰਾਤ ਨੂੰ ਚਾਰ ਪਲ ਹੀ ਬੀਤੇ ਸਮਝਣ ਲੱਗੇ । ਪਿਛਲੇ ਪਹਿਰ ਰਾਤ ਦੇ ਰਾਜ ਕੁਮਾਰੀ ਕਹਿੰਦੀ ਕਿ ਆ ਅੱਪਾਂ ਦੋਨੋਂ ਭੱਜ ਚੱਲੀਏ ਤੇ ਕਿਸੇ ਹੋਰ ਦੇਸ ਵਸ ਜਾਈਏ :-

*ਚੌਪਈ ॥ ਜਬ ਹੀ ਤਰੁਨਿ ਤਰੁਨ ਕੋ ਪਾਯੋ ॥ ਭਾਂਤਿ ਭਾਂਤਿ ਤਿਨ ਗਰੇ ਲਗਾਯੋ ॥*
*ਰੈਨਿ ਸਗਰਿ ਰਤਿ ਕਰਤ ਬਿਹਾਨੀ ॥ ਚਾਰਿ ਪਹਰ ਪਲ ਚਾਰ ਪਛਾਨੀ ॥੭॥*
*ਪਿਛਲੀ ਪਹਰ ਰਾਤ੍ਰਿ ਜਬ ਰਹੀ ॥ ਰਾਜ ਕੁਅਰਿ ਐਸੇ ਤਿਹ ਕਹੀ ॥*
*ਹਮ ਤੁਮ ਆਵ ਨਿਕਸਿ ਦੋਊ ਜਾਵੈਂ ॥ ਔਰ ਦੇਸ ਦੋਊ ਕਹੂੰ ਸੁਹਾਵੈਂ ॥੮॥*
(ਦੋਇ ਸੌ ਉਨਹਤਰਿ ਚਰਿਤ੍ਰ ਪੰਨਾ ੧੨੧੩)

ਅੱਪਾਂ ਨੂੰ ਧਨ ਦੀ ਕੋਈ ਕਮੀ ਨੀ ਮੈਂ ਤੇਰੀ ਸੁਖ ਮੰਗਦੀ ਹਾਂ । ਦੋਨਾਂ ਨੇ ਬਹੁਤਾ ਧਨ ਚੁਰਾਇਆ ਤੇ ਦੂਜੇ ਦੇਸ ਭੱਜ ਗਏ। ਇਕ ਸਹੇਲੀ ਨੇ ਘਰ ਨੂੰ ਅੱਗ ਲਗਾ ਕੇ ਰੋਣਾ ਪਿੱਟਣਾ ਸੁਰੂ ਕਰਤਾ ਬਈ ਰਾਜ ਕੁਮਾਰੀ ਅੱਗ ਚ ਸੜ ਮਰੀ।

ਨੋਟ :- ਇਕ ਹੋਰ ਅਸਰਦਾਇਕ ਸਿੱਖਿਆ ਧੀਆਂ ਭੈਣਾਂ ਲਈ ਕਿ ਮਿਤ੍ਰ ਨਾਲ ਰੰਗ ਰਲੀਆਂ ਮਨਾਓ ਤੇ ਘਰੋਂ ਪੈਸੇ ਚੋਰੀ ਕਰਕੇ ਮਿੱਤ੍ਰ ਨਾਲ ਭੱਜ ਜਾਓ । ਇਸ ਤੋਂ ਵੱਧ ਸਾਡੇ ਪੁਜਾਰੀ ਸਿੱਖ ਸਮਾਜ ਨੂੰ ਹੋਰ ਕੀ ਦੇ ਸਕਦੇ ਹਨ । ਉਹ ਜਾਣਦੇ ਹਨ ਕਿ ਜੇਕਰ ਧੀ ਭੈਣ ਘਰੋਂ ਖਾਲੀ ਤੁਰੇਗੀ ਤਾਂ ਭੁੱਖੀ ਮਰੇਗੀ ਇਸੇ ਲਈ ਉਨ੍ਹਾਂ ਘਰੋਂ ਚੋਰੀ ਕਰਨ ਦੀ ਨੇਕ ਸਲਾਹ ਦਿੱਤੀ ਹੈ । ਪੁਜਾਰੀ ਤੇ ਸੰਤ ਸਾਧ ਕਹਿੰਦੇ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹਨ । ਇਸ ਦਾ ਫੇਸਲਾ ਤਾਂ ਆਪ ਜਿਹੇ ਸੁਘੜ ਪਾਠਕਾਂ ਤੇ ਗੁਰਸਿੱਖਾਂ ਨੇ ਕਰਨਾ ਹੈ । ਪੁਜਾਰੀ ਤੇ ਸਾਧ ਸੰਤ ਹਰ ਜੁਗ ਚ ਝੂਠ ਹੀ ਬੋਲਦੇ ਆਏ ਹਨ । ਭਗਤ ਜਨ ਵੀ ਕੂਕ ਕੂਕ ਕੇ ਆਖਦੇ ਹਨ ਕਿ ਹੇ ਪੁਜਾਰੀ ਸੱਚ ਕਹੁ ਝੂਠ ਨਾ ਬੋਲ । ਓਹ ਸੱਚ ਤਦੇ ਬੋਲਣਗੇ ਜੇਕਰ ਆਪ ਜੀ ਜਾਗਦੇ ਰਹੋਗੇ ।

ਇਲਾਕਾ : ਮੋਰੰਗ (ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੪-੧੫)

ਪਾਤਰ : ਪੂਰਬ ਸੈਨ (ਨ੍ਰਿਪਤਿ) ਤੇ ਪੂਰਬ ਦੇ (ਨਾਰਿ)

## ਮਿਤ੍ਰ ਨੂੰ ਨਿਪੁੰਸਕ ਦੱਸ ਕੇ ਭੋਗ ਕਰੋ :

ਪੂਰਬ ਸੈਨ ਮੋਰੰਗ ਦੇ ਰਾਜੇ ਦੀ ਨਾਰਿ ਪੂਰਬ ਦੇ ਇਕ ਸੋਹਣੇ ਸਨੁੱਖੇ ਸ਼ਾਹ ਦੇ ਪੁੱਤ ਨੂੰ ਦੇਖ ਕੇ ਦੀਵਾਨੀ ਹੋ ਗਈ । ਇਕ ਦਿਨ ਉਸ ਨੂੰ ਸੱਦ ਕੇ ਉਸ ਨਾਲ ਭੋਗ ਕੀਤਾ :-

*ਏਕ ਦਿਵਸ ਤਿਹ ਬੋਲਿ ਪਠਾਯੋ ॥ ਕਾਮ ਕੇਲ ਰੁਚਿ ਮਾਨਿ ਕਮਾਯੋ ॥*

*ਦੁਹੂੰਅਨ ਐਸੋ ਬਧਾ ਸਨੇਹਾ ॥ ਜਿਨਕੋ ਭਾਖਿ ਨ ਆਵਤ ਨੇਹਾ ॥੫॥* (ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੪)

ਸ਼ਾਹ ਦੇ ਪੁੱਤ ਨੇ ਅਪਣਾ ਆਪ ਭੁਲਾ ਕੇ ਔਰਤ ਨਾਲ ਰਹਿਣਾ ਸੁਰੂ ਕਰ ਦਿੱਤਾ ਅਤੇ ਪਿਓ ਨਾਲ ਝਗੜਾ ਕਰਕੇ ਘੋੜੇ ਤੇ ਸਵਾਰ ਹੋ ਪ੍ਰਦੇਸ ਲਈ ਚਲੇ ਗਿਆ। ਬਾਪ ਨੇ ਸੋਚਿਆ ਪੁੱਤ ਘਰ ਗਿਆ ਹੋਣੈ ਪਰ ਉਹ ਅੱਧੀ ਰਾਤ ਨੂੰ ਮੁੜ ਔਰਤ ਪਾਸ ਆ ਗਿਆ। ਜਦ ਔਰਤ ਦਾ ਖਸਮ ਉਠਿਆ ਤਾਂ ਕਹਿੰਦੀ ਕਿ ਮੈਂ ਇਕ ਸਨੁੱਖੇ ਨਿਪੁੰਸਕ ਨੂੰ ਲਿਆਂਦਾ ਹੈ :-

*ਚੌਪਈ ॥ ਤਹ ਤੇ ਸ਼ਾਹ ਜਬੈ ਉਠਿ ਗਯੋ ॥ ਤਬ ਰਾਨੀ ਅਸ ਚਰਿਤ ਬਨਯੋ ॥*

*ਤਾਹਿ ਨਿਪੁੰਸਕ ਕਰਿ ਠਹਰਾਯੋ ॥ ਰਾਜਾ ਸੌ ਇਸ ਭਾਂਤਿ ਜਤਾਯੋ ॥੮॥*

*ਮੈਂ ਇਕ ਮੋਲ ਨਿਪੁੰਸਕ ਆਨਾ ॥ ਜਾਕੋ ਰੂਪ ਨ ਜਾਤ ਬਖਾਨਾ ॥*

*ਤਾਂਤੇ ਅਪਨੇ ਕਾਜ ਕਰੈ ਹੌ ॥ ਮਨ ਭਾਵਤ ਕੇ ਭੋਗ ਕਮੈ ਹੌ ॥੯॥* (ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੪)

ਰਾਜਾ ਭੇਦ ਨਾ ਜਾਣ ਸਕਿਆ ਤੇ ਆਖਰ :-

*ਰਮਯੋ ਕਰਤ ਰਾਨੀ ਭਏ ਤਵਨ ਪੁਰਖ ਦਿਨ ਰੈਨਿ ॥*

*ਨ੍ਰਿਪਤਿ ਨਿਪੁੰਸਕ ਤਿਹ ਲਖੈ ਕਛੂ ਨ ਭਾਖੈ ਬੈਨ ॥੧੧॥* (ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੫)

ਨੋਟ :- ਧੀਆਂ ਭੈਣਾਂ ਲਈ ਇਕ ਹੋਰ ਅਸਰਦਾਇਕ ਸਿੱਖਿਆ ਕਿ ਅਪਣੇ ਮਿਤ੍ਰ ਨੂੰ ਨਿਪੁੰਸਕ ਦੱਸ ਕੇ ਅਪਣੇ ਪਾਸ ਨੌਕਰ ਰੱਖੋ ਤੇ ਭੋਗ ਕਰੋ ਇਸ ਨੂੰ ਕਹਿੰਦੇ ਹਨ ਧਾਰਮਿਕ ਸਿੱਖਿਆ । ਇਹ ਸਿੱਖਿਆਵਾਂ ਸਾਡੇ ਧਰਮ ਦੀ ਸ੍ਵੈ ਬਣੀ ਸੋਧਕ ਕਮੇਟੀ ਨੇ ਛਾਪੇਖਾਨੇ ਦੀ ਮਿਲੀ ਭੁਗਤ ਅਤੇ ਪੁਜਾਰੀਆਂ ਅਥਵਾ ਸੰਤਾਂ ਸਾਧਾਂ ਦੀ ਅਪਾਰ ਕ੍ਰਿਪਾ-ਅਸ਼ੀਰਵਾਦ ਅਤੇ ਸਹਿਯੋਗ ਨਾਲ ਲਿਖੀਆਂ ਹਨ । ਸ਼ਾਈਦ ਸਿੱਖ ਧਰਮ ਦੇ ਸੱਚੇ ਸੁੱਚੇ ਆਚਰਣ ਨੂੰ ਨੀਵਾਂ ਦਿਖਾਣ ਲਈ । ਪੁਜਾਰੀਆਂ ਦਾ ਧੰਨਵਾਦ । ਪਰ ਆਪ ਜੀ ਜਾਗਦੇ ਰਹਿਓ !

## ਦੇਸ : ਤੇਲੰਗਾ

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫-੧੬)

### ਸੰਨਯਾਸੀ ਨੇ ਕੱਟਿਆ ਲਿੰਗ ਰਾਣੀ ਦੇ ਮੂੰਹ ਤੇ ਮਾਰਤਾ

ਪਾਤਰ : ਸਮਰ ਸੈਨ (ਸਰਦਾਰ), ਬਿਲਾਸ ਦੇਇ (ਰਾਨੀ) ਤੇ ਸੰਨਯਾਸੀ : ਤੇਲੰਗਾ ਦੇਸ ਦੇ ਸਰਦਾਰ ਸਮਰਸੈਨ ਦੀ ਔਰਤ ਬਿਲਾਸ ਦੇਇ ਮੱਦ੍ਰ ਦੇਸ ਦੇ ਸੁਨੱਖੇ ਸੰਨਯਾਸੀ ਨੂੰ ਦੇਖ ਕੇ ਡੁੱਲ੍ਹ ਗਈ ਤੇ ਫਿਰ :-

*ਰਾਨੀ ਕੀ ਤਾਹੂ ਸੌ ਲਾਗੀ ॥ ਛੂਟੈ ਕਹਾ ਅਨੋਖੀ ਜਾਗੀ ॥*

*ਇਕ ਦਿਨ ਤਿਹ ਸੌ ਭੋਗ ਕਮਾਯੋ ॥ ਭੋਗ ਕਿਯਾ ਤਿਮ ਦ੍ਰਿੜ ਤ੍ਰਿਯ ਭਾਯੋ ॥੩॥*

*ਬਹੁ ਦਿਨ ਭੋਗ ਤਵਨ ਸੰਗਿ ਕਿਯਾ ॥ ਐਸੁਪਦੇਸ਼ ਤਵਨ ਕਹ ਦਿਯਾ ॥*

*ਜੌ ਮੈਂ ਕਹੌ ਮਿਤ੍ਰ ਸੋ ਕੀਜਹੁ ॥ ਮੇਰੋ ਕਹਿਯੋ ਮਾਨਿ ਕਰਿ ਲੀਜਹੁ ॥੪॥* (ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਕਹਿੰਦੀ ਜੇ ਤੂੰ ਕਿਸੇ ਮਰਦ ਮੁਰਦੇ ਤੂੰ ਤੱਕੇਂ ਤਾਂ ਉਸ ਦਾ ਲਿੰਗ ਕੱਟ ਲਿਆਵੀਂ ਤੇ ਅਪਣੀ ਲੰਗੋਟੀ (ਲੰਗੋਟਾ) ਚ ਸਾਂਭ ਕੇ ਰੱਖਣਾ ਕਿਸੇ ਨੂੰ ਇਸ ਦਾ ਭੇਦ ਨਾ ਲੱਗੇ :-

*ਕਹੂੰ ਜੁ ਮ੍ਰਿਤਕ ਪਰਯੋ ਲਖਿ ਪੈਯੋ ॥ ਤਾਕੋ ਕਾਟਿ ਲਿੰਗ ਲੈ ਐਯੌ ॥*

*ਤਾਹਿ ਕੁਪੀਨ ਬਿਖੈ ਦ੍ਰਿੜ ਰਖਿਯਹੁ ॥ ਭੇਦ ਦੂਸਰੇ ਨਰਹਿ ਨ ਭਖਿਯਹੁ ॥੫॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਜਦ ਮੈਂ ਤੈਨੂੰ ਉਲਾਂਭੇ ਦੇਵਾਂ ਤਾਂ ਤੂੰ ਮੇਰੇ ਤੇ ਗੁੱਸਾ ਖਾ ਕੇ ਉਠਣਾ ਤੇ ਅਪਣੀ ਕੁਪੀਨ ਤੋਂ ਲਿੰਗ ਕੱਢ ਕੇ ਮੇਰੇ ਮਾਰਨਾ ਜਿਸ ਨੂੰ ਉਚ ਨੀਚ ਤੇ ਰਾਜਾ ਤੱਕੇ :-

*ਅੜਿੱਲ ॥ ਜਬ ਮੈਂ ਦੈਹੋ ਤੁਮੈਂ ਉਰਾਂਭੇ ਲਾਇ ਕੈ ॥ ਤਬ ਤੁਮ ਹਮ ਪਰ ਉਠਿਯਹੁ ਅਧਿਕ ਰਿਸਾਇਕੈ ॥*

*ਕਾਢਿ ਕੁਪੀਨ ਤੇ ਹਮ ਪਰ ਲਿੰਗ ਚਲਾਇਯੋ ॥ ਹੋ ਉਚ ਨੀਚ ਰਾਜਾ ਕਹ ਚਰਿਤ ਦਿਖਾਇਯੋ ॥੬॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਜੋ ਔਰਤ ਨੇ ਕਿਹਾ ਮਿਤ੍ਰ ਓਹੀ ਕੀਤਾ । ਰਾਣੀ ਨੇ ਸਹੇਲੀ ਭੇਜ ਕੇ ਸੰਨਯਾਸੀ ਬੁਲਾਇਆ ਤੇ ਸਖੀ ਨੂੰ ਉਸ ਨਾਲ ਚਮੇੜ ਕੇ ਰਾਜੇ ਨੂੰ ਬੁਲਾ ਕੇ ਦਿਖਾ ਦਿੱਤਾ ਕਿ ਇਹ ਨੌਕਰਾਣੀ ਨਾਲ ਭੋਗ ਕਰਦਾ ਸੀ। ਇਹ ਸੁਣਦੇ ਹੀ ਸੰਨਯਾਸੀ ਨੇ (ਘੜੀ ਘੜਾਈ ਸਕੀਮ ਨਾਲ) ਹੱਥ ਚ ਛੁਰਾ ਪਕੜ ਕੇ ਕੱਪੜੇ ਚ ਲੁਕੋਇਆ ਲਿੰਗ ਰਾਣੀ ਦੇ ਮੂੰਹ ਤੇ ਦੇ ਮਾਰਿਆ :-

*ਯੌ ਸੁਨਿ ਬਚਨ ਤੇਜ ਮਨ ਤਯੋ ॥ ਕਰ ਮਹਿ ਕਾਢਿ ਛੁਰਾ ਕਹ ਲਯੋ ॥*

*ਕਟਯੋ ਲਿੰਗ ਬਸਤ੍ਰ ਤੇ ਨਿਕਾਰਾ ॥ ਰਾਜ ਤਰੁਨਿ ਕੇ ਮੁਖ ਪਰ ਮਾਰਾ ॥੯॥* (ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਰਾਣੀ ਹਾਏ ਹਾਏ ਕਰਦੀ ਭੱਜੀ ਤੇ ਸੰਨਿਯਾਸੀ ਦੇ ਚਰਨੀ ਲੱਗ ਗਈ । ਤਦ ਰਾਜੇ ਕਹਿੰਦਾ ਕਿ ਰਾਣੀ ਨੇ ਓਦਾਂ ਈ ਕਹਿ ਦਿੱਤਾ ਜਿਸ ਤੋਂ ਸੰਨਯਾਸੀ ਨੇ ਅਪਣੀ ਇੰਦ੍ਰੀ ਕੱਟ ਦਿੱਤੀ । ਰਾਣੀ ਨੇ ਬੜਾ ਜ਼ੁਲਮ ਕੀਤਾ ਵਿਚਾਰੇ ਨਾਲ :-

*ਤਬ ਰਾਜੈ ਇਹ ਭਾਂਤਿ ਬਿਚਾਰੀ ॥ ਇੰਦ੍ਰੀ ਕਾਟਿ ਸੰਨਯਾਸੀ ਡਾਰੀ ॥*
*ਧ੍ਰਿਗ ਧ੍ਰਿਗ ਕ੍ਰਿਪਿ ਰਾਨਿਯਹਿ ਉਚਾਰਾ ॥ ਤੈਂ ਤ੍ਰਿਯਾ ਕਿਯਾ ਦੋਖ ਯਹ ਭਾਰਾ ॥੧੧॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਰਾਜਾ ਕਹਿੰਦਾ ਹੁਣ ਤੂੰ ਇਹ ਨੂੰ ਅਪਣੇ ਘਰ ਰੱਖ ਤੇ ਸਭ ਔਰਤਾਂ ਮਿਲ ਕੇ ਇਹ ਦੀ ਸੇਵਾ ਕਰੋ। ਇਸ ਨੂੰ ਕਿਤੇ ਨੀ ਜਾਣ ਦੇਣਾ-ਜਦ ਤੱਕ ਜਿੰਦਾ ਹੈ ਇਸ ਜਤੀ ਦੀ ਪੂਜਾ ਕਰੋ । ਰਾਣੀ ਨੇ ਰਾਜੇ ਦੇ ਬਚਨ ਮੰਨੇ ਤੇ ਫਿਰ :-

*ਰਾਨੀ ਬਚਨ ਨ੍ਰਿਪਤਿ ਕੋ ਮਾਨਾ ॥ ਬਹੁ ਬਿਧਿ ਸਾਥ ਤਾਹਿ ਗ੍ਰਿਹਿ ਆਨਾ ॥*
*ਭੋਗ ਕਰੈ ਬਹੁ ਹਰਖ ਬਢਾਈ ॥ ਮੂਰਖ ਬਾਤ ਨ ਰਾਜੈ ਪਾਈ ॥੧੩॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੬)

ਨੋਟ :- ਦਸਮ ਗ੍ਰੰਥ ਦੀ ਪੂਜਾ ਕਰਨ ਵਾਲੇ ਸਾਡੇ ਵੱਡੇ ਬੇਸ਼ਰਮ ਤੇ ਬੇਹਯਾ ਪੁਜਾਰੀ-ਧਰਮ ਦੇ ਵੱਡੇ ਵੱਡੇ ਠੇਕੇਦਾਰ ਸੰਤ ਸਾਧ-ਬ੍ਰਹਮ ਗਿਆਨੀ-ਡੇਰਿਆਂ ਦੇ ਡੇਰੇਦਾਰ-ਅਨੇਕਾਂ ਹੀ ਅਪਣੇ ਆਪ ਨੂੰ ਧਰਮੀ ਅਖਵਾਉਂਦੀਆਂ ਧਾਰਮਿਕ ਜਥੇਬੰਦੀਆਂ-ਕਥਾ ਵਾਚਕ-ਕੀਰਤਨੀਏ-ਸਿਆਸੀ ਲੋਕ ਇਸ ਗੰਦਗੀ ਭਰੇ ਗੰਦੇ ਕਾਵਿ ਸੰਗ੍ਰਹਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ/ਮੰਨਦੀਆਂ ਹਨ। ਅਜਿਹਾ ਕਰ ਕੇ ਓਹ ਸਿੱਧ ਕਰਨਾ ਚਾਹੁੰਦੇ ਹਨ ਕਿ ਗੁਰੂ ਜੀ ਅਤ ਦਰਜੇ ਦਾ ਕਾਮੀ-ਵਿਭਚਾਰੀ ਅਤੇ ਨੀਵੀਂ ਪੱਧਰ ਦਾ ਲਿਖਾਰੀ ਸੀ। ਭਾਵੇਂ ਸੱਚ ਛੁਪਾਇਆ ਕਦੇ ਨਹੀਂ ਛੁਪਦਾ ਪਰ ਇਕ ਗਹਿਰੀ ਸਾਜਿਸ਼ ਅਤੇ ਵਿਉਂਤ ਬੰਦੀ ਕਰਕੇ ਗੁਰੂ ਦੀ ਗੋਲਕ ਅਤੇ ਗੁਰਦੁਆਰਿਆਂ ਦੀ ਸਟੇਜ ਤੇ ਮੁਕੰਮਲ ਕਬਜਾ ਕਰ ਲੈਣ ਬਾਦ ਇਨ੍ਹਾਂ ਨੇ ਗੁਰ ਸਿੱਖੀ ਦਾ ਖੁਰਾ ਖੋਜ ਮਿਟਾਣ ਖ਼ਾਤਿਰ ਹੁਣ ਨਵੇਂ ਪੈਂਤਰੇ ਖੇਡ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਪਰਦੇ ਪਿੱਛੇ ਕਰਨ ਦਾ ਬੀੜਾ ਚੁੱਕਿਆ ਹੈ। ਜੇਕਰ ਗੁਰੂ ਨਾਨਕ ਦੇ ਸਿੱਖ ਹਾਲੇ ਵੀ ਨਾ ਜਾਗੇ ਤਾਂ ਦਿਨ ਦੂਰ ਨਹੀਂ ਜਦ ਬੁੱਧ ਧਰਮ ਤੇ ਜੈਨ ਧਰਮ ਦੀ ਤਰ੍ਹਾਂ ਸਿੱਖ ਧਰਮ ਅਲੋਪ ਹੋ ਜਾਏਗਾ । ਉਸ ਲਈ ਅਸੀਂ ਖੁਦ ਜੁੰਮੇਵਾਰ ਹੋਵਾਂਗੇ । ਕਿਸੇ ਵੀ ਪੁਜਾਰੀ ਜਾਂ ਜਥੇਬੰਦੀ ਦੇ ਦਿੱਤੇ ਡਰਾਵੇ ਕਿ ਅਸੀਂ ਪੰਥ ਚੋਂ ਛੇਕ ਦੇਵਾਂਗੇ ਕੋਈ ਅਸਰ ਨਹੀਂ ਰੱਖਦੇ। ਕਿਉਂਕਿ ਗੁਰੂ ਜਾਣਦਾ ਹੈ ਕਿ ਤੁਸੀਂ ਨੇਕ ਨੀਤੀ ਨਾਲ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਜੂਝ ਰਹੇ ਹੋ। ਫਿਰ ਜਿਹੜੇ ਲੋਕ ਖ਼ੁਦ ਸਿੱਖ ਹੈ-ਈ-ਨੀ ਓਹ ਸਿੱਖ ਨੂੰ ਛੇਕਣ ਦਾ ਅਧਿਕਾਰ ਰੱਖ-ਈ-ਨੀ ਸਕਦੇ। ਹਾਂ ਆਪ ਜੀ ਕਹਿ ਸਕਦੇ ਹੋ ਕਿ ਦਸਮ ਗ੍ਰੰਥ ਦੀ ਪੂਜਾ ਕਰਨ ਵਾਲੇ ਤਨਖਾਹੀਏ ਹਨ ਅਤੇ ਕੌਮ ਦੇ ਘਾਤਿਕ ਗਦਾਰ। ਆਪ ਜੀ ਜਾਗਦੇ ਰਹੋ ਅਤੇ ਚੜ੍ਹਦੀ ਕਲਾ ਚ ਰਹੋ ਇਹ ਮੇਰੀ ਗੁਰੂ ਨਾਨਕ ਦੇ ਦਰ ਤੇ ਅਰਦਾਸ ਹੈ ਜੀ ।

ਇਲਾਕਾ : ਗੰਧਾਗਿਰ ਪਰਬਤ (ਦੋਇ ਸੌ ਬਹੱਤਰਿ ਚਰਿਤ੍ਰ ਪੰਨਾ ੧੨੧੬-੧੭)

## ਅਪਣੀ ਔਰਤ ਬਾਮ੍ਹਣ ਨੂੰ ਦਾਨ ਕਰੋ

ਪਾਤਰ : ਸੁਗੰਧ ਸੈਨ (ਨ੍ਰਿਪ), ਸੁਗੰਧ ਮਤੀ (ਚੰਚਲਾ) ਤੇ ਬੀਰ ਕਰਨ (ਸ਼ਾਹੁ)

ਗੰਧਾਗਿਰ ਪਰਬਤ ਦੇ ਸੁਗੰਧ ਸੈਨ ਰਾਜੇ ਦੀ ਰਾਣੀ ਸੁਗੰਧ ਮਤੀ ਨੇ ਇਕ ਖੂਬਸੂਰਤ ਬੀਰਕਰਨ ਸ਼ਾਹ ਦੇਖਿਆ ਤੇ ਦੀਵਾਨੀ ਹੋ ਗਈ । ਹੀਲੇ ਵਸੀਲੇ ਕਰ ਕੇ ਉਸ ਨੂੰ ਘਰ ਬੁਲਾਇਆ :-

*ਚੌਪਈ ॥ ਰਾਨੀ ਬਹੁ ਉਪਚਾਰ ਬਨਾਏ ॥ ਬਹੁਤ ਮਨੁੱਖ ਤਿਹ ਠੌਰ ਪਠਾਏ ॥*
*ਬਹੁ ਕਰਿ ਜਤਨ ਏਕ ਦਿਨ ਆਨਾ ॥ ਕਾਮ ਭੋਗ ਤਿਹ ਸੰਗ ਕਮਾਨਾ ॥੫॥*

(ਦੋਇ ਸੌ ਬਹੱਤਰਿ ਚਰਿਤ੍ਰ ਪੰਨਾ ੧੨੧੬)

ਉਸ ਨੂੰ ਬਹੁਤਾ ਧਨ ਦੇ ਕੇ ਉਸ ਦਾ ਮਨ ਮੋਹ ਲਿਆ ਅਤੇ ਉਸ ਨੂੰ ਸਿਖਾ ਕੇ ਬਾਮ੍ਹਣ ਦਾ ਭੇਖ ਧਾਰਣ ਕਰਵਾ ਦਿੱਤਾ ਤੇ ਆਪ ਖਸਮ ਨੂੰ ਉਪਦੇਸ ਕਰਨ ਲੱਗੀ ਕਹਿੰਦੀ ਜਿਹੋ ਜਿਹਾ ਬੰਦਾ ਇਥੇ ਦਾਨ ਕਰਦਾ ਹੈ ਉਸੇ ਤਰ੍ਹਾਂ ਹੀ ਅੱਗੇ ਪ੍ਰਾਪਤ ਕਰਦਾ ਹੈ । ਮੈਂ ਤੈਨੂੰ ਬਹੁਤੀ ਵਾਰ ਦਾਨ ਕੀਤਾ ਤਾਂ ਹੀਂ ਮੈਂ ਤੈਨੂੰ ਪ੍ਰਾਪਤ ਕੀਤਾ । ਤੂੰ ਵੀ ਬੜਾ ਦਾਨ ਕੀਤਾ ਤਾਂ ਹੀ ਮੈਂ ਸੁੰਦਰ ਨਾਰ ਤੈਨੂੰ ਮਿਲੀ ਹਾਂ ।

*ਜੈਸੋ ਪੁਰਖ ਦਾਨ ਜਗ ਦਯਾਵੈ ॥ ਤੈਸੋ ਹੀ ਆਗੇ ਬਰੁ ਪਾਵੈ ॥੭॥*
*ਮੈਂ ਤੁਹਿ ਬਾਰ ਦਾਨ ਬਹੁ ਕੀਨਾ ॥ ਤਾਤੇਂ ਪਤਿ ਤੋਸੋ ਨ੍ਰਿਪ ਲੀਨਾ ॥*
*ਤੁਮ ਹੋ ਪੁੰਨਿ ਬਾਰ ਬਹੁ ਕੀਨੀ ॥ ਤਬ ਮੋ ਸੀ ਸੁੰਦਰ ਤਿਯ ਲੀਨੀ ॥੮॥*

(ਦੋਇ ਸੌ ਬਹੱਤਰਿ ਚਰਿਤ੍ਰ ਪੰਨਾ ੧੨੧੬)

**ਨੋਟ :-** ਗੁਰੂ ਨਾਨਕ ਦਾ ਧਰਮ ਆਖਦਾ ਹੈ ਕਿ ਜਿਹੜਾ ਮਨੁੱਖ ਅਪਣੇ ਆਪ ਨੂੰ ਦਾਨੀ ਹੋਣ ਦਾ ਢੌਂਗ ਰਚਦਾ ਹੈ ਓਹ ਇਸ ਦੁਨੀਆਂ ਦਾ ਸਭ ਤੋਂ ਵੱਡਾ ਮੂਰਖ ਹੈ ਕਿਉਂਕਿ ਦਾਨੀ ਤਾਂ ਓਹ ਰੱਬ ਹੈ ਜਿਸ ਦੇ ਦਰ ਤੋਂ ਹਰ ਮਨੁੱਖ ਭਿਖਾਰੀ

ਬਣ ਕੇ ਦਾਤਾਂ ਮੰਗੀ ਜਾਂਦਾ ਹੈ ਅਤੇ ਓਹ (ਰੱਬ) ਬਿਨਾਂ ਕਿਸੇ ਵਿਤਕਰੇ ਦੇ ਦਈ ਜਾਂਦਾ ਹੈ। ਸਿੱਖ ਧਰਮ ਕਹਿੰਦਾ ਹੈ ਕਿ ਜੇਕਰ ਸੋਨੇ ਨਾਲ ਲੱਦੀ ਜਨਾਨੀ ਵੀ ਬਾਮ੍ਹਣ ਨੂੰ ਦਾਨ ਕਰ ਦਿਓ ਤਾਂ ਵੀ ਤੁਹਾਡਾ ਪਾਰ ਉਤਾਰਾ ਨਹੀਂ ਹੋਣਾ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਸਮੂਹ ਭਗਤ ਜਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਦਾਨ ਫਿਲਾਸਫੀ ਦਾ ਭਰਪੂਰ ਖੰਡਨ ਕੀਤਾ ਹੈ ਤੇ ਦਾਨੀਆਂ ਨੂੰ ਮੂਰਖਾਂ ਦੀ ਸ੍ਰੇਣੀ ਚ ਰੱਖਿਆ ਹੈ । ਰੱਬ ਕੋਲੋਂ ਭਿੱਖਿਆ ਲੈ ਕੇ ਮਿਲੀ ਭੀਖ ਨੂੰ ਕਿਸੇ ਹੋਰ ਨੂੰ ਦੇਣ ਨਾਲ ਓਹ ਦਾਤਾ ਨਹੀਂ ਬਣ ਜਾਂਦਾ ਵਧੇਰੇ ਤੇ ਵਿਸਥਾਰ ਸਹਿਤ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ ਤੇ ਸਮਝੋ । ਗੁਰੂ ਗੋਬਿੰਦ ਸਿੰਘ ਜੀ ਕਿਸੇ ਵੀ ਪ੍ਰਕਾਰ ਦੇ ਦਾਨ ਲਈ ਸਿੱਖ ਨੂੰ ਹੱਲਾ ਸ਼ੇਰੀ ਨਹੀਂ ਦੇ ਸਕਦੇ ।

ਹੁਣ ਤੂੰ ਜੋ ਪੁੰਨ ਕਰੇਂਗਾ ਓਹਦਾ ਫਲ ਤੈਨੂੰ ਅੱਗੇ ਮਿਲੇਗਾ ਤੇ ਮੇਰੇ ਵਰਗੀ ਸੁੰਦਰ ਔਰਤ ਤੈਨੂੰ ਅੱਗੇ ਮਿਲੇਗੀ। ਹੁਣ ਤੂੰ ਢਿੱਲ ਨਾ ਲਾ ਮੈਨੂੰ ਬਾਮ੍ਹਣ ਲਈ ਦਾਨ ਕਰ ਦੇ । ਇਹ ਸੁਣ ਕੇ ਰਾਜੇ ਦੇ ਮਨ ਚ ਰਾਣੀ ਬਾਮ੍ਹਣ ਨੂੰ ਦਾਨ ਕਰਨ ਦੀ ਲਾਲਸਾ ਜਾਗੀ । ਜੋ ਰਾਣੀ ਚਾਹੁੰਦੀ ਸੀ ਬਾਮ੍ਹਣ ਨੇ ਓਹੀ ਰਾਜੇ ਤੋਂ ਦਾਨ ਵੱਜੋਂ ਮੰਗ ਲਈ ।

ਪਾਤਰ : ਸੁਕ੍ਰਿਤ ਸੈਨ (ਨਰੇਸ), ਸੁਕ੍ਰਿਤ ਮੰਜਰੀ (ਦਾਰਾ) ਤੇ ਅਤਿਭੁਤ ਸੈਨ (ਸ਼ਾ ਸੁਤ) **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

**ਕਤਲ ਕਰਨਾ ਸਿੱਖੋ :** ਸੁਕ੍ਰਿਤ ਸੈਨ ਨਰੇਸ ਦੀ ਔਰਤ ਸੁਕ੍ਰਿਤ ਮੰਜਰੀ ਇਕ ਸ਼ਾਹ ਦੇ ਖੂਬਸੂਰਤ ਪੁੱਤ ਅਤਿਭੁਤ ਸੈਨ ਦੀ ਖੂਬਸੂਰਤੀ ਤੇ ਮਰ ਮਿਟੀ ਤੇ ਆਪ ਚਲ ਕੇ ਉਸ ਦੇ ਘਰ ਗਈ ਤੇ ਫਿਰ :-

*ਬਹੁ ਬਿਧਿ ਤਿਨ ਸੰਗ ਭੋਗ ਕਮਾਨਾ ॥ ਕੇਲ ਕਰਤ ਬਹੁ ਕਾਲ ਬਿਹਾਨਾ ॥*

*ਸੁੰਦਰ ਔਰ ਤਹਾਂ ਇਕ ਆਯੋ ॥ ਵਹੈ ਪੁਰਖ ਰਾਨੀ ਕਹ ਲਾਯੋ ॥੪॥* **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

ਦੂਜੇ ਪੁਰਖ ਨਾਲ ਰੰਗਰਲੀਆਂ ਮਨਾਉਂਦੀ ਦੇ ਉੱਤੇ ਪਹਿਲਾ ਮਿਤ੍ਰ ਆ ਗਿਆ :-

*ਵਹੈ ਪੁਰਖ ਰਾਨੀ ਕਹ ਭਾਇਸਿ ॥ ਕਾਮ ਕੇਲ ਗ੍ਰਹਿ ਬੋਲਿ ਕਮਾਇਸਿ ॥*

*ਪ੍ਰਥਮ ਮਿੱਤ੍ਰ ਤਿਹ ਠਾਂ ਤਬ ਆਯੋ ॥ ਰਮਤ ਨਿਰਖਿ ਰਾਨੀ ਕੁਰਾਰਯੋ ॥੫॥* **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

ਗੁੱਸੇ ਚ ਕ੍ਰਿਪਾਨ ਕੱਢ ਕੇ ਉਸ ਨੇ ਰਾਣੀ ਨੂੰ ਬਚਾ ਕੇ ਮਿਤ੍ਰ ਮਾਰਤਾ ਤੇ ਆਪ ਭੱਜ ਗਿਆ। ਰਾਣੀ ਨੂੰ ਗੁੱਸਾ ਚੜ੍ਹਿਆ- ਉਸ ਨੇ ਇਕ ਚਿੱਠੀ ਲਿਖੀ ਕਿ ਮੈਂ ਤੈਨੂੰ ਛੱਡ ਨਹੀਂ ਸਕਦੀ। ਮੇਰੀ ਗਲਤੀ ਮੁਆਫ ਕਰ ਦੇ-ਮੈਂ ਤੇਰੀ ਗੁਲਾਮ ਹਾਂ- ਜੇਕਰ ਫਿਰ ਕਦੇ ਤੂੰ ਅਜਿਹਾ ਤੱਕੇਂ ਤਾਂ ਮੈਨੂੰ ਵੀ ਮਿਤ੍ਰ ਸੰਗ ਮਾਰ ਮੁਕਾਉਣਾ । ਤੂੰ ਬੜਾ ਚੰਗਾ ਕੰਮ ਕੀਤਾ ਕਿ ਤੂੰ ਉਸ ਨੂੰ ਮਾਰਤਾ ਹੁਣ ਰਾਹ ਮੋਕਲਾ ਹੋ ਗਿਆ ਹੈ । ਚਿੱਠੀ ਪੜ੍ਹ ਕੇ ਮੂਰਖ ਫੁੱਲ ਗਿਆ ਤੇ ਬਿਨਾ ਭੇਦ ਪਛਾਣੇ ਉਹ ਉੱਥੇ ਗਿਆ । ਰਾਣੀ ਨੇ ਉਸ ਨੂੰ ਬੰਨ੍ਹ ਕੇ ਜਿੰਦਾ ਜਲਾ ਦਿੱਤਾ । ਕਵੀ ਕਹਿੰਦਾ :-

*ਇਨ ਅਬਲਨ ਕੀ ਰੀਤਿ ਅਪਾਰਾ ॥ ਜਿਨ ਕੋ ਆਵਤ ਵਾਰ ਨ ਪਾਰਾ ॥੧੧॥* **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

ਨੋਟ :- ਜਿਥੇ ਇਹ ਰਚਨਾ ਕਾਮ ਵਾਸਨਾ ਨੂੰ ਭੜਕਾਉਣ ਲਈ ਧੀਆਂ ਭੈਣਾਂ ਨੂੰ ਉਤਸ਼ਾਹਿਤ ਕਰਦੀ ਹੈ ਉਥੇ ਯੋਜਨਾ ਬੱਧ ਕਤਲ ਕਰਨੇ ਵੀ ਸਿਖਾਉਂਦੀ ਹੈ । ਕੀ ਇਹ ਰਚਨਾਵਾਂ ਕਿਸੇ ਚੰਗੇ ਸਮਾਜ ਦੀ ਨਿਸ਼ਾਨੀ ਹਨ ਜਾਂ ਪੱਤਣ ਦਾ ਕਾਰਣ? ਸਾਡੇ ਗ੍ਰੰਥੀ ਸਿੰਘਾਂ ਜਾਂ ਪੁਜਾਰੀਆਂ ਪਾਸ ਸਿਵਾਏ ਠੇਕੇ ਦੇ ਪਾਠ ਕਰਨ ਦੇ ਹੋਰ ਸੋਚਣ ਲਈ ਕੁੱਝ ਪੱਲੇ ਨਹੀਂ ਹੈ। ਹੁਣ ਇਹ ਆਸ ਆਪ ਜੀ ਜਿਹੇ ਸਿਆਣੇ ਪਾਠਕਾਂ ਤੋਂ ਹੀ ਹੈ ਕਿ ਉਹ ਦੁੱਧ ਤੇ ਪਾਣੀ ਨਿਖੇੜ ਕੇ ਪੁਜਾਰੀਆਂ ਨੂੰ ਹਰ ਥਾਂ ਸ਼ਰਮਿੰਦਾ ਕਰੇ । ਮੈਂ ਦਸਮ ਗ੍ਰੰਥ ਦੀਆਂ ਇਨ੍ਹਾਂ ਰਚਨਾਵਾਂ ਦੇ ਸਾਰ ਇਸ ਲਈ ਲਿਖੇ ਹਨ ਤਾਂ ਕਿ ਪੁਜਾਰੀ ਰੂਪ ਵਿੱਚ ਛੁਪਿਆ ਮਾਫੀਆ ਸਿੱਖ ਧਰਮ ਦਾ ਹੋਰ ਨੁਕਸਾਨ ਨਾ ਕਰੇ ਅਤੇ ਅਸੀਂ ਧਰਮ ਪ੍ਰਤੀ ਜਾਗ੍ਰ ਜਾਈਏ। ਰੱਬ ਤੁਹਾਨੂੰ ਚੜ੍ਹਦੀ ਕਲਾ ਅਤੇ ਸੱਚ ਤੇ ਡੱਟਣ ਦੀ ਸ਼ਕਤੀ ਦਏ ਇਹ ਮੇਰੀ ਗੁਰੂ ਨਾਨਕ ਦੇ ਦਰ ਤੇ ਅਰਦਾਸ ਹੈ ਜੀ ।

ਪਾਤਰ : ਸੁਇਕ ਰਾਜਾ, ਪਦੁਮਿਨਿ ਦੇ (ਰਾਣੀ) ਤੇ ਨਾਮਾਫਿਕ ਸੰਖਯ (ਦਾਸ) **(ਦੋਇ ਸੌ ਚੌਹਤਰ ਚਰਿਤ੍ਰ ਪੰਨਾ ੧੨੧੮)**

**ਬੰਦਾ ਮਾਰ ਕੇ ਮਿਮਿਯਾਈ ਕੱਢਣੀ ਸਿੱਖੋ :** ਇਕ ਰਾਜੇ ਦੀ ਰਾਣੀ ਪਦੁਮਿਨਿ ਦੇ ਦਾਸ ਨਾਮਾਫਿਕ ਸੰਖਯਾ ਕਾਲੇ ਕਲੂਟੇ ਨੇ ਇਕ ਨੌਕਰਾਣੀ ਨੂੰ ਬੁਲਾ ਕੇ ਭੋਗ ਕੀਤਾ :-

*ਚੇਰੀ ਏਕ ਹੁਤੀ ਤਾਸੌਂ ਰਤਿ ॥ ਜਾਕੇ ਹੁਤੀ ਨ ਕਛੁ ਘਟ ਮਹਿ ਮਤਿ ॥*

*ਨਾਮਾਫਿਕ ਤਿਨ ਨਾਰਿ ਬੁਲਾਯੋ ॥ ਕਾਮ ਭੋਗ ਮਨ ਖੇਲਿ ਮਚਾਯੋ ॥੩॥* **(ਦੋਇ ਸੌ ਚੌਹਤਰ ਚਰਿਤ੍ਰ ਪੰਨਾ ੧੨੧੮)**

ਜਿਥੇ ਨੌਕਰਾਣੀ ਦਾਸ ਨਾਲ ਭੋਗ ਕਰ ਰਹੀ ਸੀ ਉਥੇ ਰਾਜਾ ਆ ਗਿਆ । ਦਾਸੀ ਨੇ ਫੁਰਤੀ ਨਾਲ ਦਾਸ ਦਾ ਕਤਲ ਕਰ ਕੇ ਉਲਟਾ ਟੰਗ ਦਿੱਤਾ ਤੇ ਹੇਠਾਂ ਅੱਗ ਜਲਾ ਦਿੱਤੀ ਜਦ ਰਾਜੇ ਨੇ ਦਾਸ ਨੂੰ ਮੁਰਦਾ ਦੇਖਿਆ ਤੇ ਹੈਰਾਨ ਹੋ ਗਿਆ। ਰਾਜਾ ਕਹਿੰਦਾ ਕਿ ਤੂੰ ਇਸ ਨੂੰ ਉਲਟਾ ਟੰਗ ਕੇ ਹੱਠਾਂ ਅੱਗ ਕਿਉਂ ਜਲਾਈ ਹੈ । ਦਾਸੀ ਕਹਿੰਦੀ ਮੈਨੂੰ ਇਕ ਬੈਦ ਮਿਲਿਆ ਸੀ ਕਹਿੰਦਾ ਸੀ ਕਿ ਰਾਜ ਚ ਖਈ ਰੋਗ ਫੇਲਿਆ ਹੈ ਜੇ ਤੂੰ ਦਾਸ ਮਾਰ ਕੇ ਓਹਦੀ ਮਿਮਿਯਾਈਰਾਜੇ ਨੂੰ

ਖੁਆਵੇਂ ਤਾਂ ਉਸ ਦਾ ਰੋਗ ਦੂਰ ਹੋ ਸਕਦਾ ਹੈ । ਜਦ ਰਾਜੇ ਇਹ ਸੁਣਿਆ ਤਾਂ ਕਹਿੰਦਾ ਤੂੰ ਤਾਂ ਬੈਦਣੀ ਐਂ-ਅਸੀਂ ਤੇਰਾ ਗੁਣ ਨਾ ਪਛਾਣ ਸਕੇ-ਪੱਛਮ ਚ ਤਾਂ ਸੁਣਿਆ ਸੀ ਕਿ ਐਦਾਂ ਬਣਾਉਂਦੇ ਹਨ ਪਰ ਅਪਣੇ ਦੇਸ ਪਹਿਲੀ ਵਾਰ ਦੇਖਿਆ ਹੈ-ਤਾਂ ਕੀ ਹੋਇਆ ਇਕ ਦਾਸ ਮਾਰਤਾ ਪਰ ਸਾਡਾ ਵੱਡਾ ਰੋਗ ਟਲ ਗਿਆ ।

ਨੋਟ :- ਧੰਨ ਹੋ ਦਸਮ ਗ੍ਰੰਥ ਦੇ ਪੁਜਾਰੀਓ ਤੁਸੀਂ ਧੰਨ ਹੋ-ਧੰਨ ਹੈ ਓਹ ਮਾਂ ਜਿਸ ਨੇ ਅਜਿਹੇ ਸਿਰੜੀਆਂ ਨੂੰ ਜਨਮ ਦਿੱਤਾ । ਭਲਾਂ ਜੇਕਰ ਹਰ ਕੋਈ ਇਕ ਦੂਜੇ ਨੂੰ ਮਾਰ ਕੇ ਮਿਮਿਯਾਈ ਕੱਢਣ ਲੱਗ ਗਿਆ ਤਾਂ ਸਭ ਤੋਂ ਵੱਧ ਸਾਧਾਂ ਸੰਤਾਂ ਤੇ ਪੁਜਾਰੀਆਂ ਦੇ ਸਰੀਰੋਂ ਨਿਕਲੇਗੀ ਕਿਉਂਕਿ ਬਿਨ੍ਹਾਂ ਮਿਹਨਤ ਕੀਤਿਆਂ ਗਰਧਭ ਵਾਂਗੂੰ ਵਧਾਇਆ ਪੇਟ, ਤੇ ਪੇਟ ਨਾਲ ਸੁੱਖੀ ਸਾਂਦੀ ਹੱਡ ਮਾਸ ਵੀ ਮੋਟਾ ਕੀਤਾ ਐ ਨਾ । ਪਰ ਡਰ ਹੈ ਕਿ ਏਦਾਂ ਕਰਨ ਨਾਲ ਨਸਲ ਕੁਸੀ ਹੋ ਜਾਏਗੀ ਰੱਬ ਖ਼ੈਰ ਕਰੇ ਦਸਮ ਗ੍ਰੰਥ ਰੱਦੀ ਦੀ ਟੋਕਰੀ ਦਾ ਸਿੰਗਾਰ ਬਣੇ ਵਰਨਾ ਖ਼ਤਰੇ ਹੀ ਖ਼ਤਰੇ ਹਨ । ਇਹ ਜਰੂਰ ਯਾਦ ਰੱਖਿਓ ਕਿ ਪਾਤਸ਼ਾਹੀ ੧੦ ਲਿਖ ਦੇਣ ਨਾਲ ਬੇਸ਼ਰਮੀ ਤੇ ਬੇਹਯਾਈ ਨਹੀਂ ਢੱਕੀ ਜਾਣੀ । ਅੱਜ ਨਹੀਂ ਤਾਂ ਕੱਲ ਦਸਮ ਗ੍ਰੰਥ ਦੇ ਪੁਜਾਰੀ ਨੰਗ ਧੜੰਗੇ ਦਿਸਣਗੇ । ਜਰਾ ਸੰਭਲ ਕੇ ਧਮਕੀਆਂ-ਡਰਾਵੇ ਅਤੇ ਪੰਥ ਚੋਂ ਛੇਕਣ ਦੀਆਂ ਮੰਦੀਆਂ ਕਰਤੂਤਾਂ ਵੀ ਤੁਹਾਡਾ ਕੱਖ ਨਹੀਂ ਸਵਾਰ ਸਕਦੀਆਂ ਕਿਉਂ ਕਿ ਸਿੱਖਾਂ ਨੇ ਹੁਣ ਜਾਗ੍ਰਣਾ ਸੁਰੂ ਕਰ ਦਿੱਤਾ ਹੈ । ਖ਼ਬਰਦਾਰ ਬਾ ਹੋਸਿਯਾਰ-ਜਾਗਦੇ ਰਹਿਓ !

ਇਲਾਕਾ : ਬੰਦਰ ਬਸ (ਦੋਇ ਸੌ ਪਚੱਤਰਹਿ ਚਰਿਤ੍ਰ ਪੰਨਾ ੧੨੧੮-੧੯)

## ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਹਬਸੀ ਰਾਇ (ਨਰਾਧਿਪ), ਹਬਸ ਮਤੀ (ਰਾਨੀ) ਤੇ ਹਾਸ਼ਿਮ ਖਾਨ (ਪਠਾਨ)

ਬੰਦਰ ਬਸ ਦੇ ਰਾਜਾ ਹਬਸੀ ਰਾਇ ਦੀ ਰਾਣੀ ਹਬਸ ਮਤੀ ਹਾਸ਼ਿਮ ਖਾਨ ਦੀ ਡੀਲ ਡੋਲ ਅਤੇ ਸੁੰਦਰਤਾ ਦੇਖ ਕੇ ਦੀਵਾਨੀ ਹੋ ਗਈ । ਉਸ ਨੇ ਹੀਲੇ ਵਸੀਲੇ ਕਰ ਕੇ ਉਸ ਨੂੰ ਘਰ ਸੱਦਿਆ ਤੇ ਫਿਰ :-

*ਰਾਨੀ ਜਤਨ ਅਨੇਕ ਬਨਾਏ ॥ ਛਲ ਬਲ ਸੌ ਗ੍ਰਿਹ ਮਿੱਤ੍ਰ ਬੁਲਾਏ ॥*
*ਕਾਮ ਭੋਗ ਤਿਹ ਸੰਗ ਕਮਾਨਾ ॥ ਆਸਨ ਚੁੰਬਨ ਕੀਏ ਪ੍ਰਮਾਨਾ ॥੩॥*
*ਦੋਹਰਾ ॥ ਅਨਿਕ ਭਾਂਤਿ ਭਜਿ ਮਿੱਤ੍ਰ ਕਹ ਗਰੇ ਰਹੀ ਲਪਟਾਇ ॥*
*ਜਾਨੁ ਨਿਰਧਨੀ ਪਾਇ ਧਨ ਰਹਯੋ ਹੀਯ ਸੌ ਲਾਇ ॥੪॥* (ਦੋਇ ਸੌ ਪਚੱਤਰਹਿ ਚਰਿਤ੍ਰ ਪੰਨਾ ੧੨੧੮)

ਤਦ ਰਾਜਾ ਉਥੇ ਪਹੁੰਚ ਗਿਆ । ਉਸ ਨੇ ਕਾਮ ਕ੍ਰੀੜਾ ਕਰਦਿਆਂ ਅਪਣੀ ਔਰਤ ਨਾਲ ਪਰਾਏ ਮਰਦ ਨੂੰ ਦੇਖਿਆ ਤੇ ਗੁੱਸਾ ਖਾ ਕੇ ਕ੍ਰਿਪਾਨ ਕੱਢ ਕੇ ਮਾਰਨ ਲੱਗਾ ਤਾਂ ਰਾਣੀ ਹੱਸ ਕੇ ਕਹਿੰਦੀ ਖਸਮਾ ਬਿਨਾ ਜਾਣਿਆ ਹੀ ਗੁੱਸਾ ਖਾ ਗਿਆ ਪਹਿਲਾਂ ਉਸ ਬਾਰੇ ਜਾਣ ਤਾਂ ਸਹੀ ਕਿ ਓਹ ਕੌਣ ਹੈ । ਇਹ ਮੱਛਿੰਦਰ ਰਾਜਾ ਹੈ । ਤਪੱਸਿਆ ਕਰਨ ਆਇਆ ਹੈ-ਸਭ ਤਪੱਸਵੀਆਂ ਦਾ ਸਰਦਾਰ ਹੈ । ਇਸ ਨਾਲ ਯਾਰੀ ਗੰਢ ਕੇ ਸੇਵਾ ਪਾਣੀ ਕਰ-ਤੈਨੂੰ ਚੰਗੇ ਢੰਗ ਨਾਲ ਕ੍ਰਿਯਾ ਸਿਖਾਏਗਾ ਜਿਸ ਨਾਲ ਰਾਜ ਜੋਗ ਘਰ ਬੈਠਿਆਂ ਹੀ ਪ੍ਰਾਪਤ ਹੋ ਜਾਏਗਾ । ਰਾਜਾ ਇਹ ਸੁਣ ਕੇ ਉਸ ਦੇ ਪੈਰੀਂ ਪੈ ਗਿਆ ਤੇ ਦੋਸਤੀ ਗੰਢ ਲਈ ਇਸੇ ਦੋਸਤੀ ਦੀ ਆੜ ਹੇਠ :-

*ਤਾਹਿ ਮਛਿੰਦਰ ਕਰਿ ਠਹਰਾਯੋ ॥ ਤ੍ਰਿਯ ਕਹ ਸੌਂਪਿ ਤਾਹਿ ਉਠਿ ਆਯੋ ॥*
*ਵਹ ਤਾਸੌ ਨਿਤਿ ਭੋਗ ਕਮਾਵੈ ॥ ਮੂਰਖ ਬਾਤ ਨ ਰਾਜਾ ਪਾਵੈ ॥੧੧॥*

(ਦੋਇ ਸੌ ਪਚੱਤਰਹਿ ਚਰਿਤ੍ਰ ਪੰਨਾ ੧੨੧੮)

ਨੋਟ :- ਆਪ ਜੀ ਦਸਮ ਗ੍ਰੰਥ ਨਾਮੀ ਪੁਸਤਕ ਦਾ ਅਧਿਐਨ ਕਰ ਰਹੇ ਹੋ। ਗੁਰੂ ਤੁਹਾਨੂੰ ਸੱਚ ਅਤੇ ਝੂਠ ਪਹਿਚਾਨਣ ਦੀ ਤਾਕਤ ਅਤੇ ਬੁੱਧੀ ਦਏ। ਸਿੱਖ ਧਰਮ ਦੇ ਮਿਥੇ ਗਏ ਦੋ ਵੱਡੇ ਤਖਤਾਂ ਤੇ ਇਸ ਮਹਾਂ ਗੰਦੀ ਅਤੇ ਅਸ਼ਲੀਲ ਪੁਸਤਕ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਤਖਤਾਂ ਦੇ ਵੱਡੇ ਪੁਜਾਰੀ ਬੇਸ਼ਰਮੀ ਦੇ ਹੱਦ ਬੰਨ੍ਹੇ ਲੰਘ ਕੇ ਕਰ ਰਹੇ ਹਨ। ਓਹ ਇਸ ਨੂੰ ਗੁਰਬਾਣੀ ਕਹਿੰਦੇ ਹਨ। ਗੰਦਗੀ ਦਾ ਕੀੜਾ ਸਵੱਛ ਵਾਤਾਵਰਣ ਵਿੱਚ ਨਹੀਂ ਰਹਿ ਸਕਦਾ। ਓਹ ਮੁੜ ਮੁੜ ਗੰਦਗੀ ਖਾਣ ਲਈ ਭੱਜਦਾ ਹੈ। ਕੀ ਆਪ ਜੀ ਅਪਣੇ ਹਿਰਦੇ ਤੋਂ ਉੱਠੀ ਸੱਚ ਦੀ ਆਵਾਜ਼ ਨੂੰ ਦਬਾਓਗੇ ? ਜੇ ਨਹੀਂ ਤਾਂ ਇਕ ਚੰਗੇ ਪਾਠਕ ਦੀ ਤਰ੍ਹਾਂ ਝੂਠ ਨੂੰ ਨੰਗਾ ਕਰਨ ਲਈ ਅੱਗੇ ਵਧੋ ਅਤੇ ਪੁਜਾਰੀਆਂ ਵੱਲੋਂ ਕੀਤੇ ਜਾ ਰਹੇ ਪਾਪ ਨੂੰ ਬੰਦ ਕਰਵਾਉਣ ਲਈ ਅਪਣਾ ਯੋਗਦਾਨ ਪਾਓ ।

ਨਗਰ : ਸ਼ੰਕ੍ਰਾਵਤੀ (ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦-੨੧)

## ਬਾਲ ਸਫ਼ੇ ਨਾਲ ਬਾਲ ਸਾਫ ਕਰੋ ਅਤੇ ਭੰਗ ਪੀਓ

ਪਾਤਰ : ਸ਼ੰਕਰਸੈਨ (ਰਾਜਾ), ਸ਼ੰਕਰ ਦੇ (ਰਾਨੀ), ਰੁਦ੍ਰ ਮਤੀ (ਦੁਹਿਤਾ) ਤੇ ਛਬੀਲ ਦਾਸ (ਛੱਤ੍ਰੀ)

ਸ਼ੰਕ੍ਰਾਵਤੀ ਨਗਰ ਦੇ ਰਾਜਾ ਸ਼ੰਕਰਸੈਨ ਦੀ ਖ਼ੂਬਸੂਰਤ ਰਾਣੀ ਸ਼ੰਕਰ ਦੇ ਦੀ ਧੀ ਰੁਦ੍ਰਮਤੀ ਦਾ ਰੂਪ ਦੇਖ ਦੇਖ ਦੇਵਤੇ ਦੈਂਤ ਮਨੁੱਖ ਤੇ ਖੜੱਪੇ ਸੱਪ ਮੈਲ੍ਹਣ ਲਗ ਜਾਂਦੇ। ਉੱਥੇ ਇਕ ਖ਼ੂਬਸੂਰਤ ਛਬੀਲ ਦਾਸ ਨੂੰ ਦੇਖ ਕੇ ਰਾਜਕੁਮਾਰੀ ਅਪਣੀ ਸੁੱਧ ਬੁੱਧ ਖੋ ਬੈਠੀ। ਉਸ ਨੇ ਅਪਣੀ ਸਹੇਲੀ ਨੂੰ ਮਨ ਦੀ ਗੱਲ ਦੱਸ ਕੇ ਉਸ ਲੜਕੇ ਪਾਸ ਭੇਜਿਆ ਉਹ ਆਇਆ ਤੇ ਫਿਰ :-

*ਅੜਿੱਲ ॥ ਤਬੈ ਛਬੀਲੋ ਛੈਲ ਤਹਾਂ ਚਲਿ ਆਇਯੋ ॥ ਰਮਯੋ ਤਰੁਨ ਬਹੁ ਭਾਂਤਿ ਕੁਅਰਿ ਸੁਖ ਪਾਇਯੋ ॥*
*ਲਪਟਿ ਲਪਟਿ ਤਰ ਜਾਇ ਪਿਯਰਵਹਿ ਭੁਜਨ ਭਰਿ ॥ ਹੋ ਦ੍ਰਿੜ ਆਸਨ ਦੈ ਰਹਯੋ ਨ ਇਤ ਉਤ ਜਾਤਿ ਟਰਿ ॥੬॥*
(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦)

ਸਿਆਣਪ ਹੋਏ ਫਿਰ ਜਵਾਨੀ ਅਤੇ ਸੁੰਦਰ ਯਾਰ ਹੋਏ ਅਜਿਹਾ ਮਿਤ੍ਰ ਰਾਤ ਦਿਨ ਹਿਰਦੇ ਵਸਿਆ ਰਹਿੰਦਾ ਹੈ। ਇਕ ਦਿਨ ਮਿਤ੍ਰ ਕਹਿੰਦਾ ਕਿ ਮੈਂ ਤੇਰੇ ਬਾਪ ਤੋਂ ਡਰਦਾ ਹਾਂ। ਜੇਕਰ ਉਸ ਨੇ ਦੇਖ ਲਿਆ ਤਾਂ ਜਿੰਦਾ ਮਾਰ ਦਏਗਾ। ਕੁੜੀ ਕਹਿੰਦੀ ਤੂੰ ਕੀ ਜਾਣੇ ਸਾਡੇ ਚਰਿਤ੍ਰਾਂ ਨੂੰ ਮੈਂ ਬਾਪ ਸਾਮ੍ਹਣੇ ਹੀ ਤੇਰੇ ਨਾਲ ਭੋਗ ਕਰਾਂਗੀ। ਉਸ ਨੇ ਬਾਲਸਫਾ ਮੰਗਾਇਆ ਤੇ ਮਿਤ੍ਰ ਦੇ ਲਗਾ ਕੇ ਸਾਰੇ ਬਾਲ ਸਾਫ ਕਰ ਦਿੱਤੇ। ਹੱਥ ਚ ਤੰਬੂਰਾ ਦੇ ਕੇ ਗਾਉਣ ਵਾਲੀ ਦਾ ਭੇਖ ਧਾਰਣ ਕਰਾ ਦਿੱਤਾ :-

*ਰੋਮਨਾਸਨੀ ਤਾਹਿ ਲਗਾਈ ॥ ਸਕਲ ਸਮਸ ਤਿਹ ਦੂਰਿ ਕਰਾਈ ॥*
*ਕਰ ਮਹਿ ਤਾਂਹਿ ਤੰਬੂਰਾ ਦੀਯਾ ॥ ਗਾਇਨ ਭੇਸ ਸਜਨ ਕੋ ਕੀਯਾ ॥੧੦॥*(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦)

ਨੋਟ :- ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਦੇਣ ਸਮੇਂ ਇਹ ਸਖਤੀ ਨਾਲ ਹਦਾਇਤ ਕੀਤੀ ਜਾਂਦੀ ਹੈ ਕਿ ਸਰੀਰ ਦੇ ਕਿਸੇ ਵੀ ਹਿੱਸੇ ਤੋਂ ਰੋਮ ਕੱਟਣੇ ਜਾਂ ਪੁੱਟਣੇ ਨਹੀਂ (ਰੋਮਾਂ ਦੀ ਬੇਅਦਬੀ ਨਹੀਂ ਕਰਨੀ) ਇੱਥੇ ਇਹ ਸਿੱਖਿਆ ਦਿੱਤੀ ਗਈ ਹੈ ਕਿ ਬਾਲਸਫਾ ਲਗਾ ਕੇ ਬਾਲ (ਕੇਸ) ਸਾਫ ਕਰ ਲੈਣੇ ਚਾਹੀਦੇ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਕੁੱਝ ਹੋਰ ਸੀ ਤੇ ਕਰਦੇ ਕੁੱਝ ਹੋਰ ? ਜੇ ਨਹੀਂ ਤਾਂ ਫਿਰ ਇਸ ਲੱਚਰ ਸਹਿਤ ਨੂੰ ਲਿਖਣ ਤੇ ਲਿਖਵਾਉਣ ਵਾਲਿਆਂ ਨੂੰ ਨੰਗਾ ਕੌਣ ਕਰੇਗਾ ? ਅਕਾਲ ਤਖ਼ਤ ਤੋਂ ਜਾਰੀ ਕੀਤੀ ਰਹਿਤ ਮਰਿਯਾਦਾ ਦਾ ਕੀ ਬਣੇਗਾ ? ਕੀ ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਅਸੀਂ ਗੁਰੂ ਜੀ ਦਾ ਅਪਮਾਨ ਨਹੀਂ ਕਰ ਰਹੇ ? ਸਿੱਖ ਧੀਆਂ ਸਿੱਖਾਂ ਨਾਲ ਸ਼ਾਦੀ ਕਰਨ ਤੋਂ ਬਾਗੀ ਕਿਉਂ ਹੋ ਰਹੀਆਂ ਹਨ ? ਕਿਤੇ ਇਸ ਪਿੱਛੇ ਅਜਿਹੇ ਹੀ ਲਿਟਰੇਚਰ ਦਾ ਪ੍ਰਚਾਰ ਹੋਣਾ ਤਾਂ ਨਹੀਂ ? ਜੇਕਰ ਕੱਲ ਨੂੰ ਪੁਜਾਰੀਆਂ ਦੇ ਬਸਤ੍ਰ ਲੁਹਾ ਕੇ ਨੌਜੁਆਨ ਪੀੜ੍ਹੀ ਨੇ ਰੋਮਾਂ ਦੀ ਛਾਣਬੀਣ ਸੁਰੂ ਕਰਤੀ ਤਾਂ ਸ਼ਰਮਿੰਦੇ ਨਹੀਂ ਹੋਣਾ। ਪਰ ਸੱਚ ਸ਼ਰਮ ਤਾਂ ਪੱਲੇ ਹੈ ਈ ਨੀ ਇਸੇ ਲਈ ਤਾਂ ਦਸਮ ਗ੍ਰੰਥ ਦੇ ਅੱਗੇ ਘੀਸੀਆਂ ਕਰਦੇ ਹਨ ਤੇ ਗੰਦੀ ਕਾਵਿ ਰਚਨਾ ਨੂੰ ਗੁਰਬਾਣੀ ਦੱਸਦੇ ਹਨ।

ਜਦ ਬਾਪ ਬੈਠਿਆ ਤਾਂ ਮਿਤ੍ਰ ਨੂੰ ਬੁਲਾ ਕੇ ਚੰਗੇ ਚੰਗੇ ਗਾਣੇ ਗਵਾਏ। ਰਾਜਾ ਖੁਸ਼ ਹੋ ਗਿਆ ਕਹਿੰਦਾ ਇਹ ਬੜੀ ਚੰਗੀ ਗਾਣ ਵਾਲੀ ਹੈ। ਕੁੜੀ ਕਹਿੰਦੀ ਕਿ ਤੂੰ ਪੁਰਖ ਦਾ ਭੇਖ ਧਾਰ ਕੇ ਹਰ ਰੋਜ ਇਥੇ ਆ ਕੇ ਗੀਤ ਗਾਉਣੇ। ਇਹ ਸੁਣ ਕੇ ਉਸ ਨੇ ਮੁੜ ਪੁਰਖ ਦਾ ਭੇਖ ਧਾਰਣ ਕੀਤਾ। ਪੂਰਬ ਦਿਸ਼ਾ ਚ ਚੰਨ ਚੜ੍ਹਿਆ। ਲੋਕ ਆਖਣ ਇਹ ਓਹੀ ਗਾਉਣ ਵਾਲੀ ਹੈ ਜਿਸ ਨੇ ਪੁਰਖ ਦਾ ਭੇਖ ਧਾਰਣ ਕੀਤਾ ਹੈ। ਓਹ ਹਰ ਰੋਜ ਆਉਂਦਾ ਤੇ ਕਲੋਲਾਂ ਕਰਦਾ :-

*ਅੜਿੱਲ ॥ ਮਿੱਤ੍ਰ ਪੁਰਖ ਕੌ ਭੇਸ ਧਰੇ ਨਿਤ ਆਵਈ ॥ ਆਨ ਕੁਅਰਿ ਸੌ ਕਾਮ ਕਲੋਲ ਕਮਾਵਈ ॥*
*ਕੋਊ ਨ ਤਾਕਹ ਰੋਕਤ ਗਾਇਨ ਜਾਨਿਕੈ ॥ ਹੋ ਤ੍ਰਿਯ ਚਰਿੱਤ੍ਰ ਕਹ ਮੂੜ੍ਹ ਨ ਸਕਹਿ ਪਛਾਨਿਕੈ ॥੧੪॥*
(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦-੨੧)

ਸ਼ੰਕਰ ਦੇਵ ਸੋਚਦਾ ਕਿ ਇਹ ਉਸ ਦੀ ਧੀ ਲਈ ਗਾਉਣ ਵਾਲੀ ਹੈ। ਓਹ ਬੜੀ ਸਿਆਣਪ ਨਾਲ ਨਸ਼ਾ ਖਾਂਦੀ। ਕਿੱਥੇ ਗਏ ਓਹ ਜੋ ਅਪਣੇ ਆਪ ਨੂੰ ਚਤੁਰ ਕਹਾਉਂਦੇ ਸਨ ਮੂਰਖ ਕਦੇ ਭੁਲ ਕੇ ਵੀ ਭਾਂਗ (ਭੰਗ) ਨਾ ਖਾਂਦੇ। ਜੇਕਰ ਅਮਲੀ ਹੁੰਦੇ ਤਾਂ ਖਤਾ ਨਾ ਖਾਂਦੇ ਤੇ ਦੂਜਿਆ ਨੂੰ ਲੁੱਟ ਕੇ ਖਾ ਜਾਂਦੇ :-

*ਚੌਪਈ ॥ ਸ਼ੰਕਰ ਦੇਵ ਨ ਤਾਹਿ ਪਛਾਨੈ ॥ ਦੁਹਿਤਾ ਕੀ ਗਾਇਨ ਤਿਹ ਮਾਨੈ ॥*
*ਅਤਿ ਸਯਾਨਪ ਤੇ ਕੈਫਨ ਖਾਵੈ ॥ ਮਹਾਂ ਮੂੜ ਨਿਤਿ ਮੂੰਡ ਮੁੰਡਾਵੈ ॥੧੬॥*
*ਕਹਾ ਭਯੋ ਜੋ ਚਤੁਰ ਕਹਾਇਸਿ ॥ ਭੂਲਿ ਭਾਂਗ ਭੋਦੂ ਨ ਚੜ੍ਹਾਇਸਿ ॥*
*ਅਮਲੀ ਭਲੋ ਖਤਾ ਜੁ ਨ ਖਾਵੈ ॥ ਮੂੰਡ ਮੂੰਡ ਸੋਫਿਨ ਕੋ ਜਾਵੈ ॥੧੭॥* (ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੧)

ਨੋਟ :- ਰੋਮਾਂ ਦੀ ਬੇਅਦਬੀ ਤੋਂ ਬਾਦ ਨਸ਼ਾ ਕਰਨਾ ਦੂਜੀ ਵੱਡੀ ਕੁਰੈਹਿਤ ਹੈ। ਧਰਮ ਦੇ ਦੋਖੀਆਂ ਨੇ ਸਿੱਖ ਫਲਸਫਾ ਦੇ ਇਨ੍ਹਾਂ ਦੋਨੋ ਹੀ ਵੱਡੇ ਸਿਧਾਂਤਾਂ ਨੂੰ ਮਿੱਟੀ ਚ ਰੋਲਣ ਦੀ ਦਲੇਰੀ ਕੀਤੀ ਹੈ। ਪਹਿਲਾਂ ਉਸ ਨੇ ਬਾਲ ਸਾਫ ਕਰਾਏ ਤੇ ਫਿਰ ਨਸ਼ਾ। ਸਿੱਖ ਧਰਮ ਨੂੰ ਮੰਨਣ ਵਾਲਾ ਨਾ ਤਾਂ ਰੋਮਾਂ ਦੀ ਬੇਅਦਬੀ ਕਰਦਾ ਹੈ ਤੇ ਨਾ ਹੀ ਨਸ਼ਾ। ਕਾਵਿ ਰਚਨਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਬਾਲਸਫੇ ਨਾਲ ਬਾਲ ਸਾਫ ਕਰ ਕੇ ਫਿਰ

ਭਾਰੀ ਨਸ਼ੇ ਕਰੋ ਤੇ ਔਰਤਾਂ ਭੋਗੋ । ਅੰਮ੍ਰਿਤ ਦੀ ਦਾਤ ਸਮੇਂ ਸਿਖਾਏ ਚੰਗੇ ਗੁਣ ਕਿ ਪਰਾਈ ਇਸਤ੍ਰੀ ਦਾ ਸੰਗ ਨਹੀਂ ਕਰਨਾ ਰੋਮਾਂ ਦੀ ਬੇਅਦਬੀ ਨਹੀਂ ਕਰਨੀ ਅਤੇ ਨਸ਼ਾ ਨਹੀਂ ਖਾਣਾ। ਸਭ ਤੇ ਪਾਣੀ ਫੇਰ ਦਿੱਤਾ ਹੈ। ਇਸ ਦੇ ਜੁੰਮੇਵਾਰ ਓਹ ਨਹੀਂ ਜਿਸ ਨੇ ਇਹ ਕਾਵਿ ਰਚਨਾਵਾਂ ਲਿਖੀਆਂ ਹਨ ਇਸ ਦੇ ਜੁੰਮੇਵਾਰ ਤੇ ਦੋਸ਼ੀ ਅਸੀਂ ਸਭ ਹਾਂ ਜਿਨ੍ਹਾਂ ਨੇ ਇਸ ਗੰਦੀ ਕਿਤਾਬ ਨੂੰ ਧਾਰਮਿਕ ਗ੍ਰੰਥ ਦਾ ਰੁਤਬਾ ਦਿੱਤਾ-ਪੂਜਾ ਕੀਤੀ-ਸਿਜਦੇ ਕੀਤੇ-ਪਾਤਸ਼ਾਹੀ ੧੦ ਲਿਖਿਆ ਤੇ ਫਿਰ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਇਹ ਲੋਕ ਸਿੱਖ ਨਹੀਂ ਹਨ ਇਨ੍ਹਾਂ ਨੂੰ ਬੇਸ਼ਰਮ ਤੇ ਬੇਹਯਾ ਆਖ ਸਕਦੇ ਹਾਂ । ਇਹ ਲੋਕ ਜਿਸ ਥਾਲੀ ਚ ਖਾ ਰਹੇ ਹਨ ਉਸੇ ਚ ਹੀ ਮਘੋਰੇ ਕਰੀਂ ਜਾਂਦੇ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਕੇ ਵੀ ਮਹਾਂ ਪਵਿਤ੍ਰ ਤੇ ਉਜਲੇ ਪੁਰਖ ਬਣੀ ਫਿਰਦੇ ਹਨ ।

## ਨਗਰ : ਬ੍ਰਿਖਧੁਜ

(ਦੋ ਸੌ ਦੋ ਚੌਆਲੀਸ ਪੰਨਾ ੧੧੫੭-੫੯)

ਪਾਤਰ : ਪਦਮ ਸਿੰਘ (ਰਾਜਾ), ਬਿਕ੍ਰਮ ਕੁਅਰਿ (ਨਾਰੀ), ਸੁੰਭ ਕਰਨ (ਸੁਤ), ਨਾਗਰਿ ਕੁਅਰਿ ਤੇ ਨਾਗਰਿ ਮਤੀ

**ਮਾਂ ਬਾਪ ਨੂੰ ਚੜ੍ਹਾ ਕੇ ਸਵਰਗ ਵਾਲੀ ਗੱਡੀ ਯਾਰ ਨੂੰ ਪਲੇਥਣ ਲਾਵਣਾ :** ਪਦਮ ਸਿੰਘ ਰਾਜੇ ਦੀ ਰਾਣੀ ਬਿਕ੍ਰਮ ਕੁਅਰਿ ਐਨੀ ਸੋਹਣੀ ਜਣੋ ਸੁਨਿਆਰ ਨੇ ਸਾਂਚੇ ਢਾਲ ਕੇ ਬਣਾਈ ਹੋਏ । ਉਸ ਦੀ ਕੁੱਖੋਂ ਸੁੰਭ ਕਰਨ ਨਾਂ ਦਾ ਪੁੱਤ ਜੰਮਿਆ ਜਿਸ ਨੇ ਅਨੇਕਾਂ ਜੰਗਾਂ ਜਿੱਤੀਆਂ ਉਹ ਅੰਤਾਂ ਦਾ ਸੋਹਣਾ ਜਿਸ ਨੂੰ ਦੇਖ ਦੇਖ ਔਰਤਾਂ ਕੁਰਬਾਨ ਹੁੰਦੀਆਂ ਉਹ ਜਿੱਥੇ ਵੀ ਜਾਂਦਾ ਬਹਾਰ ਆ ਜਾਂਦੀ ਤੇ ਦੂਜੇ ਪਾਸੇ ਪੱਤਝੜ ਨਜ਼ਰ ਆਉਂਦੀ । ਉਹ ਜਿਸ ਰਸਤੇ ਤੇ ਜਾਂਦਾ ਉਸ ਨੂੰ ਤੱਕ ਤੱਕ ਸਭ ਦੇ ਨੈਣ ਰੰਗੀਲੇ ਹੁੰਦੇ ਤੇ ਧਰਤੀ ਤੇ ਜੋਬਨ ਖਿੜਦਾ ।

ਬ੍ਰਿਖਧੁਜ ਨਗਰ ਦੇ ਇਕ ਸ਼ਾਹ ਦੀ ਔਰਤ ਨਾਗਰਿ ਕੁਅਰਿ ਨੇ ਇਕ ਧੀ ਨਾਗਰਿ ਮਤੀ ਜੰਮੀ। ਉਹ ਪੂਰੇ ਨਗਰ ਦੇ ਨਾਗਰਿਕਾਂ ਦਾ ਮਨ ਮੋਹਦੀ। ਨਾਗਰਿ ਮਤੀ (ਸ਼ਾਹ ਦੀ ਧੀ) ਨੇ ਸੁੰਭ ਕਰਨ (ਰਾਜੇ ਦਾ ਪੁੱਤ) ਨੂੰ ਦੇਖਿਆ ਤੇ ਦੀਵਾਨੀ ਹੋ ਗਈ ਤੇ ਮਾਤਾ ਪਿਤਾ ਦੀ ਲਾਜ ਭੁੱਲ ਗਈ। ਜਿਹੜੇ ਰਸਤੇ ਰਾਜ ਕੁਮਾਰ ਜਾਂਦਾ ਉਸੇ ਰਾਹ ਉਹ ਸਖੀਆਂ ਨਾਲ ਮਿਲ ਕੇ ਗਾਣੇ ਗਾਉਂਦੀ। ਉਹ ਅੱਖਾਂ ਦੇ ਇਸ਼ਾਰੇ ਕਰਦੀ ਤੇ ਇਸ਼ਾਰੇ ਕਰ ਕਰ ਕੇ ਖਿੜਖਿੜਾ ਕੇ ਹੱਸਦੀ।

*ਜਵਨ ਮਾਰਗ ਨ੍ਰਿਪ ਸੁਤ ਚਲਿ ਆਵੈ ॥ ਤਹੀ ਕੁਅਰਿ ਸਖਿਯਨ ਜੁਤ ਗਾਵੈ ॥*

*ਚਾਰੁ ਚਾਰੁ ਕਰਿ ਨੈਨ ਨਿਹਾਰੈ ॥ ਨੈਨ ਸੈਨ ਦੈ ਹਸੈ ਹਕਾਰੈ ॥੮॥* (ਦੋ ਸੌ ਦੋ ਚੌਆਲੀਸ ਪੰਨਾ ੧੧੫੮)

ਇਸ਼ਕ ਮੁਸ਼ਕ (ਖੁਸ਼ਬੂ) ਖਾਂਸੀ (ਖੰਘ) ਖੁਰਕ (ਖਾਜ ਜਾਂ ਖੁਜਲੀ) ਕਦੇ ਛੁਪਾਇਆਂ ਨਹੀਂ ਛੁਪਦੇ । ਆਖਰ ਜੱਗ ਜਾਹਿਰ ਹੋ ਹੀ ਜਾਦੇ ਹਨ ।

ਨੋਟ :- ਇਸ ਦੋਹਰੇ ਨੂੰ ਪੰਨਾ ੧੦੪੦ ਇਕ ਸੌ ਚੌਵਨੋਂ ਚਰਿਤ੍ਰ ਤੇ ਅਸੀਂ ਪੜ੍ਹ ਚੁੱਕੇ ਹਾਂ ਨਮੂਨੇ ਮਾਤਰ ਹੇਠਾਂ ਦਰਜ ਕੀਤਾ ਜਾ ਰਿਹਾ ਹੈ :-

*ਅੜਿੱਲ ॥ ਇਸ਼ਕ ਮੁਸ਼ਕ ਖਾਂਸੀ ਅਰੁ ਖੁਰਕ ਬਖਾਨਿਯੈ ॥ ਖੂਨ ਖੇਰ ਮਦਪਾਨ ਸੁ ਬਹੁਰਿ ਪ੍ਰਮਾਨਿਯੈ ॥*

*ਕਸ ਕੋਊ ਕਰਈ ਸਾਤ ਛਪਾਏ ਨਹਿ ॥ ਹੋ ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸ਼ਟਿ ਮਾਹਿ ॥੬॥*

(ਇਕ ਸੌ ਦੋ ਚੌਵਨੋਂ ਪੰਨਾ ੧੦੪੦)

ਇਥੇ ਦੋਇ ਸੌ ਚੌਆਲੀਸ ਚਰਿੱਤ੍ਰ ਵਿੱਚ ਇਹ ਦੋਹਰੇ ਦੇ ਰੂਪ ਵਿੱਚ ਇਉਂ ਲਿਖਿਆ ਹੈ :-

*ਦੋਹਰਾ ॥ ਇਸ਼ਕ ਮੁਸ਼ਕ ਖਾਸੀ ਖੁਰਕ ਛਿਪਤ ਛਪਾਏ ਨਾਹਿ ॥*

*ਅੰਤ ਪ੍ਰਗਟ ਹ੍ਵੈ ਜੱਗ ਰਹਹਿ ਸ਼੍ਰਿਸਟਿ ਸਕਲ ਕੇ ਮਾਹਿ ॥੯॥* (ਦੋ ਸੌ ਦੋ ਚੌਆਲੀਸ ਪੰਨਾ ੧੧੫੮)

ਸਾਫ ਜਾਹਿਰ ਹੈ ਕਿ ਇਹ ਦੋਨੋਂ ਚਰਿੱਤ੍ਰ ਇਕੋ ਹੀ ਲਿਖਾਰੀ ਵੱਲੋਂ ਲਿਖੇ ਗਏ ਹਨ ਤੇ ਉਸ ਲਿਖਾਰੀ ਦਾ ਨਾਂ ਹੈ ਕਬਿ ਰਾਮ।

ਇਸ ਇਸ਼ਕ ਮੁਸ਼ਕ ਬਾਰੇ ਮੂੰਹ ਮਾਰੀ ਹੁੰਦੀ ਹੁੰਦੀ ਆਖਰ ਗੱਲ ਪਿੰਡ ਤੱਕ ਜਾ ਪੁੱਜੀ ਤੇ ਆਖਰ ਘਰ ਤੱਕ ਚਰਚੇ ਹੋ ਗਏ । ਮਾਤਾ ਪਿਤਾ ਨੇ ਕੌੜੇ ਬਚਨਾਂ ਨਾਲ ਉਸ ਨੂੰ ਡਾਂਟਿਆ । ਉਸ ਦਾ ਘੁੰਮਣਾ ਫਿਰਨਾ ਬੰਦ ਕਰ ਦਿੱਤਾ ਤੇ ਅਨੇਕਾਂ ਢੰਗਾਂ ਨਾਲ ਉਸ ਦੀ ਨਿਗਰਾਨੀ ਕੀਤੀ । ਜਿਸ ਨਾਲ ਕੁੜੀ ਬੜੀ ਦੁਖੀ ਹੋਈ । ਉਹ ਰਾਤ ਦਿਨ ਰੋ ਰੋ ਕੇ ਸਮਾਂ ਬਿਤਾਉਂਦੀ । ਉਸ ਨੇ ਇਕ ਪ੍ਰੇਮ ਪੱਤ੍ਰ ਅਪਣੇ ਪ੍ਰੀਤਮ ਲਈ ਲਿਖਿਆ ਤੇ ਅਪਣੇ ਮਨ ਅਤੇ ਪ੍ਰੇਮ ਦੇ ਵੇਗ ਨੂੰ ਜਿਤਾਇਆ । ਕਹਿੰਦੀ ਬਿਨਾਂ ਦੇਰੀ ਦੇ ਮੈਨੂੰ ਇਥੋਂ ਕੱਢ ਕੇ ਲੈ ਜਾਓ ਤੇ ਮੇਰੇ ਪ੍ਰਾਣ ਬਚਾਓ । ਹਾਰ ਸਿੰਗਾਰ ਕਰ ਕੇ ਸੁੰਦਰ ਕੱਪੜੇ ਪਹਿਨ ਬੀੜੀ ਪੀਓ :-

ਨੋਟ :- ਸਿੱਖ ਧਰਮ ਕਿਸੇ ਵੀ ਧਰਮੀ ਮਨੁੱਖ ਨੂੰ ਨਸ਼ਾ ਪਾਣੀ ਕਰਨ ਦੀ ਇਜਾਜਿਤ ਨਹੀਂ ਦੇਂਦਾ । ਇਥੇ ਬੀੜੀ ਪੀਣ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਖੁਦ ਸਿੱਖਾਂ ਨੂੰ ਬੀੜੀ ਪੀਣ ਲਈ ਹੱਲਾਸ਼ੇਰੀ ਦੇ ਗਏ ਹਨ । ਕੀ ਗੁਰੂ ਦੇ ਸਿੱਖ ਪੁਜਾਰੀਆਂ ਨੂੰ ਹਲੂਣਾ ਦੇ ਕੇ ਇਸ ਮੰਦੀ ਕਰਤੂਤ ਪ੍ਰਤੀ ਜਗਾਣਗੇ ? ਨਸ਼ਿਆਂ ਬਾਰੇ ਸਿੱਖ ਧਰਮ ਦਾ ਸਪੱਸਟ ਤੇ ਪ੍ਰਤੱਖ ਨਿਸ਼ਾਨਾ ਵੱਖਰੇ ਲੇਖ ਵਿੱਚ ਦਿੱਤਾ ਹੈ ਪੜ੍ਹੋ ਜੀ ।

ਰਾਜਕੁਮਾਰ ਨੇ ਕੁੜੀ ਦੀ ਇਕ ਨਾ ਸੁਣੀ ਤੇ ਨਾ ਹੀ ਮੂਰਖ ਨੇ ਭਲੇ ਬੁਰੇ ਦੀ ਕੋਈ ਪਛਾਣ ਕੀਤੀ। ਉਹ ਕੁੜੀ ਦੀ ਫਰਿਆਦ ਤੇ ਨਾ ਹੀ ਉਸ ਦੇ ਘਰ ਗਿਆ ਤੇ ਨਾ ਹੀ ਉਸ ਨੂੰ ਭੋਗਿਆ । ਕਾਮ ਵਾਸ਼ਨਾ ਜਾਗ੍ਰ ਪੈਣ ਤੇ ਜੇਕਰ ਕੋਈ ਔਰਤ ਕਿਸੇ ਪੁਰਖ ਪਾਸ ਆਵੇ ਤੇ ਮਨੁੱਖ ਉਸ ਨਾਲ ਭੋਗ ਨਾ ਕਰੇ ਤਾਂ ਅਜਿਹੇ ਮਨੁੱਖ ਨੂੰ ਘੋਰ ਨਰਕ ਵਿੱਚ ਸੁੱਟਣਾ ਚਾਹੀਦਾ ਹੈ ।

*ਅੜਿੱਲ ॥ ਕਾਮਾਤੁਰ ਹ੍ਵੈ ਜੁ ਤ੍ਰਿਯ ਪੁਰਖ ਪ੍ਰਤਿ ਆਵਈ ॥ ਘੋਰ ਨਰਕ ਮਹਿ ਪਰੈ ਜੁ ਤਾਂਹਿ ਨ ਰਾਵਈ ॥*
*ਜੋ ਪਰ ਤ੍ਰਿਯ ਪਰ ਸੇਜ ਭਜਤ ਹੈ ਜਾਇ ਕਰ ॥ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰਿ ॥੨੦॥*
(ਦੋ ਸੌ ਦੋ ਚੌਆਲੀਸ ਪੰਨਾ ੧੧੫੮)

ਨੋਟ :- ਖੜਸਮੋਂ ਚਰਿੱਤ੍ਰ ਪੰਨਾ ੮੩੧ ਤੇ ਦੋਹਰੇ ਦੇ ਰੂਪ ਵਿੱਚ ਇਸੇ ਅੜਿੱਲ ਨੂੰ ਇਉਂ ਲਿਖਿਆ ਹੈ :-

*ਦੋਹਰਾ ॥ ਕਾਮਾਤੁਰ ਹ੍ਵੈ ਜੁ ਤਰੁਨਿ ਆਵਤ ਪਿਯ ਕੇ ਪਾਸ ॥*
*ਮਹਾਂ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ ॥੨੩॥*
*ਤਨ ਅਨੰਗ ਜਾਕੇ ਜਗੈ ਤਾਹਿ ਨ ਦੈ ਰਤਿ ਦਾਨ ॥*
*ਤਵਨ ਪੁਰਖ ਕੋ ਡਾਰਿਯਤ ਜਹਾਂ ਨਰਕ ਕੀ ਖਾਨਿ ॥੨੪॥* (ਖੜਸਮੋਂ ਚਰਿੱਤ੍ਰ ਪੰਨਾ ੮੩੧)

ਸਾਫ ਜ਼ਾਹਿਰ ਹੈ ਕਿ ਇਹ ਦੋਵੇਂ ਰਚਨਾਵਾਂ ਇਕੋ ਲੇਖਕ ਦੀਆਂ ਲਿਖੀਆਂ ਹਨ ਜਾਂ ਇਉਂ ਕਿਹਾ ਜਾਏ ਤਾਂ ਵਧੇਰੇ ਚੰਗਾ ਹੈ ਕਿ ਖੜਸਵੇਂ ਚਰਿੱਤ੍ਰ, ਇਕ ਸੌ ਚੌਵਨੋਂ ਚਰਿੱਤ੍ਰ, ਦੋਇ ਸੌ ਚੌਆਲੀਸ ਚਰਿੱਤ੍ਰ ਇਕੋ ਕਵੀ ਦੇ ਲਿਖੇ ਹੋਏ ਪ੍ਰਤੀਤ ਹੁੰਦੇ ਹਨ ।

ਉਹ ਨਾਂਹ ਨੁਕਰ ਕਰਦਾ ਕੁੜੀ ਦੇ ਘਰ ਆ ਗਿਆ । ਕੁੜੀ ਨੇ ਖਾ ਕੇ ਗੁੱਸਾ ਮਾਂ ਬਾਪ ਦੇ ਨਾਲ ਮਿਤ੍ਰ ਨੂੰ ਮਾਰਨ ਦੀ ਠਾਣ ਲਈ :-

*ਕਬਿਯੋ ਬਾਚ ॥ ਦੋਹਰਾ ॥ ਕਾਮਾਤੁਰ ਹ੍ਵੈ ਜੋ ਤਰੁਨਿ ਮੁਹਿ ਭਜਿ ਕਹੈ ਬਨਾਇ ॥*
*ਤਾਹਿ ਭਜੈ ਜੋ ਨਾਹਿ ਜਨ ਨਰਕ ਪਰੈ ਪੁਨਿ ਜਾਇ ॥੨੨॥* (ਦੋਇ ਸੌ ਦੋ ਚੌਆਲੀਸ ਪੰਨਾ ੧੧੫੯)

ਕੁੜੀ ਨੇ ਹੱਥ ਚ ਕਟਾਰ ਲੈ ਕੇ ਪਹਿਲਾਂ ਬਾਪ ਦੇ ਢਿੱਡ ਵਿੱਚ ਮਾਰੀ ਤੇ ਫਿਰ ਮਾਂ ਦੇ। ਮਾਂ ਬਾਪ ਦੇ ਟੁਕੜੇ ਕਰ ਕੇ ਮਿਤ੍ਰ ਦੇ ਕਟਾਰੀ ਮਾਰ ਕੇ, ਮਾਰ ਦਿੱਤਾ ਤੇ ਜਾ ਕੇ ਰਾਜੇ ਨੂੰ ਕਹਿੰਦੀ ਤੇਰੇ ਪੁੱਤ ਨੇ ਮੇਰੇ ਤੇ ਡੋਰੇ ਸੁੱਟੇ। ਮੇਰੇ ਮਾਂ ਬਾਪ ਨੇ ਮਾਰ ਕੇ ਉਹ ਧਰਤੀ ਵਿੱਚ ਗੱਡ ਦਿੱਤਾ। ਜਾ ਕੇ ਦੇਖ ਲੈ, ਤੇ ਖੁਦ ਵੀ ਕਟਾਰੀ ਮਾਰ ਕੇ ਮਰ ਗਏ ।

*ਅੜਿੱਲ ॥ ਪ੍ਰਥਮ ਮਾਤ ਪਿਤੁ ਮਾਰਿ ਬਹੁਰਿ ਨਿਜੁ ਮੀਤ ਸੰਘਾਰਯੋ ॥*
*ਛਲਯੋ ਮੂੜ੍ਹ ਮਤਿ ਰਾਇ ਜਵਨ ਨਹਿ ਨਯਾਇ ਬਿਚਾਰਯੋ ॥*
*ਸੁਨੀ ਨ ਐਸੀ ਕਾਨ ਕਹੂੰ ਆਗੇ ਨਹਿ ਹੋਈ ॥*
*ਹੋ ਤ੍ਰਿਯ ਚਰਿਤ੍ਰ ਕੀ ਬਾਤ ਜਗਤ ਜਾਨਤ ਨਹਿ ਕੋਈ ॥੨੯॥* (ਦੋਇ ਸੌ ਦੋ ਚੌਆਲੀਸ ਪੰਨਾ ੧੧੫੯)

ਨੋਟ :- ਇਹ ਸਿੱਖਿਆ ਧੀ ਭੈਣ ਨੂੰ ਅਪਣੇ ਪ੍ਰੇਮ ਸਬੰਧਾਂ ਵਿੱਚ ਬਣੇ ਰੋੜੇ ਰੂਪੀ ਮਾਂ ਬਾਪ ਦਾ ਕਤਲ ਕਰਨ ਲਈ ਪ੍ਰੇਰਦੀ ਹੈ । ਮਿੱਤ੍ਰ ਦੇ ਨਾਂਹ ਨੁਕਰ ਕਰਨ ਤੇ ਉਸ ਦਾ ਕਤਲ ਕਰਨ ਲਈ ਉਤਸ਼ਾਹਤ ਕਰਦੀ ਹੈ । ਅਜਿਹੀਆਂ ਸਿੱਖਿਆਵਾਂ ਚੰਗੇ ਸਮਾਜ ਦੇ ਮੱਥੇ ਕਲੰਕ ਹਨ । ਇਕ ਗਹਿਰੀ ਸਾਜਿਸ ਨਾਲ ਸਿੱਖ ਧਰਮ ਦਾ ਮਲੀਆਮੇਟ ਕਰਨ ਲਈ ਇਹ ਰਚਨਾਵਾਂ ਰਚ ਕੇ ਉੱਤੇ ਪਾਤਸ਼ਾਹੀ ੧੦ ਲਿਖ ਕੇ ਸਿੱਖਾਂ ਨੂੰ ਖੰਡ ਲਪੇਟ ਕੇ ਜ਼ਹਿਰ ਦਿੱਤੀ ਗਈ ਹੈ । ਅਪਣੀ ਮੰਦੀ ਕਰਤੂਤ ਨੂੰ ਛੁਪਾਣ ਲਈ ਭਾਈ ਮਨੀ ਸਿੰਘ ਜੀ ਦਾ ਨਾਂ ਵਰਤਿਆ ਗਿਆ ਹੈ ਜੋ ਇਕ ਹੋਰ ਕੋਰਾ ਤੇ ਵੱਡਾ ਝੂਠ ਹੈ । ਭਾਈ ਮਨੀ ਸਿੰਘ ਜੀ ਨੇ ਕੋਈ ਰਚਨਾ ਇਕੱਠੀ ਕੀਤੀ ਹੀ ਨਹੀਂ । ਜਿਹੜੇ ਅਖੌਤੀ ਵਿਦਵਾਨ ਸਿੱਖਾਂ ਨੂੰ ਇਸ ਬਾਰੇ ਭੁਲੇਖਾ ਦੇਣ ਦੀ ਕੋਸ਼ਿਸ ਕਰਦੇ ਆਏ ਹਨ ਤੇ ਕਰ ਰਹੇ ਹਨ ਉਹ ਸਿੱਖ ਧਰਮ ਦੇ ਕੱਟੜ ਦੁਸ਼ਮਣ ਅਤੇ ਗਦਾਰ ਹਨ । ਗੁਰੂ ਗੋਬਿੰਦ ਸਿੰਘ ਜੀ ਨੂੰ ਬਦਨਾਮ ਕਰਨ ਵਾਲਿਓ ਰੱਬ ਅਤੇ ਗੁਰੂ ਤੋਂ ਡਰੋ ਉਸ ਦੀ ਲਾਠੀ ਦੀ ਆਵਾਜ਼ ਨਹੀਂ ਹੈ । ਖ਼ਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

ਇਲਾਕਾ : ਪੂਰਬ ਨਗਰ : ਖੰਭਾਵਿਤ (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੫੯-੬੩)

ਪਾਤਰ : ਰੂਪ ਸੈਨ (ਰਾਜਾ), ਮਦਨ ਮੰਜਰੀ (ਨਾਰਿ) ਤੇ ਸ੍ਰੀ ਰਸ ਤਿਲਕ ਮੰਜਰੀ (ਤ੍ਰਿਯ)

**ਭਾਰੀ ਨਸ਼ੇ ਕਰਕੇ ਔਰਤਾਂ ਭੋਗੋ ਨਸ਼ੇ ਨਹੀਂ ਕਰੋਗੇ ਤਾਂ ਕੁੱਤੇ ਦੀ ਮੌਤ ਮਰੋਗੇ :** ਪੂਰਬ ਦੇ ਇਕ ਨਗਰ ਖੰਭਾਵਿਤ ਦੇ ਰਾਜਾ ਰੂਪ ਸੈਨ ਦੀ ਰਾਣੀ ਮਦਨ ਮੰਜਰੀ ਮਾਨੋ ਚੰਦ ਦਾ ਟੁਕੜਾ । ਉਹਦੇ ਬੋਲਾਂ ਵਿੱਚ ਕੋਇਲ ਵਰਗੀ ਮਿਠਾਸ ਅੱਖਾਂ ਦਾ ਕੀ ਕਹਿਣਾ ਜਣੋ ਹਿਰਨ ਦੀਆਂ ਚੋਰੀ ਕੀਤੀਆਂ ਹੋਣ। ਰਾਜਾ ਵੱਡਾ ਨਸ਼ਈ, ਉਹ ਭਾਂਤਿ ਭਾਂਤਿ ਦੀਆਂ ਔਰਤਾਂ ਭੋਗਦਾ, ਉਹ ਪੋਸਤ ਭੰਗ ਅਫੀਮ ਦੇ ਇਕਵੰਜਾ ਪਿਆਲੇ ਚਾੜ੍ਹ ਜਾਂਦਾ :-

*ਰਾਜਾ ਪਿਯਤ ਅਮਲ ਸਭ ਭਾਰੀ ॥ ਭਾਂਤਿ ਭਾਂਤਿ ਸੌ ਭੋਗਤ ਨਾਰੀ ॥*
*ਪੋਸਤ ਭਾਂਗ ਅਫੀਮ ਚੜ੍ਹਾਵੈ ॥ ਪਯਾਲੇ ਪੀ ਪਚਾਸਇਕ ਜਾਵੈ ॥*(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੫੯)

ਉਹ ਵੱਖ ਵੱਖ ਢੰਗਾਂ ਨਾਲ ਰਾਣੀਆਂ ਨੂੰ ਭੋਗਦਾ। ਉਸ ਦੁਆਰਾ ਵਰਤੇ ਆਸਣਾ ਦੀ ਅਤੇ ਲਏ ਚੁੰਬਨਾ ਦੀ ਗਿਣਤੀ ਨਹੀਂ ਹੋ ਸਕਦੀ। ਉਹ ਚਾਰ ਪਹਿਰ ਤੱਕ ਭੋਗ ਕਰ ਕੇ ਅਨੰਦ ਮਾਣਦਾ। ਜਿਹੜੀ ਰਾਣੀ ਉਸ ਨਾਲ ਕਲੋਲ ਕਰਦੀ ਓਹੀ ਉਲਝ ਕੇ ਰਹਿ ਜਾਂਦੀ ।

*ਅੜਿੱਲ ॥ ਭਾਂਤਿ ਭਾਂਤਿ ਰਾਨਯਿਨ ਸੌ ਭੋਗ ਕਮਾਵਈ ॥ ਆਸਨ ਚੁੰਬਨ ਕਰਤ ਨ ਗਨਨਾ ਆਵਈ ॥*
*ਚਾਰਿ ਪਹਿਰ ਰਤਿ ਕਰੈ ਅਧਿਕ ਸੁਖ ਪਾਇਕੈ ॥ ਹੋ ਜੋ ਰਾਨੀ ਤਿਹ ਰਮੈ ਰਹੈ ਉਰਝਾਇਕੈ ॥੪॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਇਕ ਸ਼ਾਹ ਦੀ ਔਰਤ ਸ੍ਰੀ ਰਸ ਤਿਲਕ ਮੰਜਰੀ ਇਕ ਧਨਾਢ ਔਰਤ ਦਾ ਪਤੀ ਸ਼ਾਹ ਹਰ ਰੋਜ ਜਾਵਿੱਤ੍ਰੀ (ਜੈਫਲ ਦੇ ਫੁੱਲ) ਜਾਇਫਰਾਨ (ਕੇਸਰ) ਖਾਂਦਾ ਤੇ ਕਦੇ ਭੁੱਲ ਕੇ ਵੀ ਭੰਗ ਨਾ ਖਾਂਦਾ :-

*ਸ੍ਰੀ ਰਸ ਤਿਲਕ ਮੰਜਰੀ ਤ੍ਰਿਯਿਕ ਬਖਾਨਿਯੈ ॥ ਅਧਿਕ ਜਗਤ ਕੇ ਮਾਂਝ ਧਨਵਤੀ ਜਾਨਿਯੈ ॥*
*ਜਾਵਿੱਤ੍ਰੀ ਜਾਇਫਰਨ ਸ਼ਾਹੁ ਚਬਾਵਈ ॥ ਹੋ ਸੋਫੀ ਸੂਮ ਨ ਭੁਲ ਭਾਂਗ ਕੌ ਖਾਵਈ ॥੫॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਸ਼ਾਹੁ ਅਪਣੇ ਆਪ ਵਿੱਚ ਬੜਾ ਸਿਆਣਾ ਅਖਵਾਉਂਦਾ ਉਹ ਭੁੱਲ ਕੇ ਸੁਪਨੇ ਵਿੱਚ ਵੀ ਭੰਗ ਨਾ ਘੋਟ ਪੀਂਦਾ। ਜੇ ਰਾਣੀ ਭੰਗ ਪੀ ਲਏ ਉਸ ਨਾਲ ਬੜਾ ਲੜਦਾ :-

*ਸ਼ਾਹੁ ਆਪੁ ਕੌ ਸਯਾਨੋ ਅਧਿਕ ਕਹਾਵਈ ॥ ਭੂਲਿ ਭਾਂਗ ਸੁਪਨੇ ਹੂੰ ਨ ਘੋਟਿ ਚੜ੍ਹਾਵਈ ॥*
*ਪਿਯੈ ਜੁ ਰਾਨੀ ਭਾਂਗ ਅਧਿਕ ਤਾਸੌਂ ਲਰੈ ॥ ਹੋ ਕੌਡੀ ਕਰ ਤੇ ਦਾਨ ਨ ਸ਼ੋਕਾਤਰ ਕਰੈ ॥੬॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਜੇਕਰ ਕਿਸੇ ਨੂੰ ਭੰਗ ਪੀਤੀ ਦੇਖ ਲਏ ਤਾਂ ਉਸ ਦੇ ਨੇੜੇ ਨਾ ਢੁਕਦਾ । ਉਹ ਕਹਿੰਦਾ ਜੋ ਨਸ਼ਾ ਕਰਦਾ ਹੈ ਉਸ ਦਾ ਘਰ ਉੱਜੜ ਜਾਂਦਾ ਹੈ ਤੇ ਦਰਵਾਜੇ ਤੇ ਕੁੰਡਾ ਲੱਗਾ ਰਹਿੰਦਾ ਹੈ । ਜਿਹੜੇ ਬੰਦੇ ਭੰਗ ਅਫੀਮ ਖਾਂਦੇ ਹਨ ਉਨ੍ਹਾਂ ਦੇ ਘਰਾਂ ਚ ਉਜਾੜ ਹੋ ਜਾਂਦੀ ਹੈ। ਸੋਫੀ ਬੰਦਾ ਸੁਰਤ ਚ ਰਹਿੰਦਾ ਹੈ ਪਰ ਅਮਲੀ ਇਸ ਤੋਂ ਖਾਲੀ । ਇਹ ਉਪਦੇਸ ਰਸ ਤਿਲਕ ਮੰਜਰੀ ਨੇ ਸੁਣਿਆ ਤੇ ਹੱਸ ਕੇ ਗਰਦਨ ਥੱਲੇ ਕਰ ਕੇ ਕਹਿੰਦੀ ਮੰਦ ਮਤਿ (ਮੂਰਖ) ਕੀ ਬਕਦਾ ਹੈ ਸੋਫੀ ਮਨੁੱਖ ਸੀਤਲਾ ਦੇਵੀ ਦੀ ਸਵਾਰੀ (ਗਧੇ) ਨਿਯਾਈਂ ਹੁੰਦਾ ਹੈ। ਉਹ ਕਹਿੰਦੀ ਰਾਜਾ ਅਮਲ ਕਰ ਕੇ ਅਧਿਕ ਔਰਤਾਂ ਨਾਲ ਸੇਜ ਸਾਂਝ ਕਰ ਸਕਦਾ ਹੈ। ਜੇ ਸੂਰਮਾ ਅਮਲ ਪੀਏ ਤਾਂ ਦੁਸ਼ਮਣ ਤੇ ਕਰਾਰਾ ਵਾਰ ਕਰ ਸਕਦਾ ਹੈ। ਜੋਗੀ ਅਮਲ ਪੀ ਕੇ ਗਿਆਨ (ਧਯਾਨ) ਵਿੱਚ ਜੁੜਦੇ ਹਨ ਤੇ ਸ਼ਿਵ ਦੀ ਪੂਜਾ ਕਰਦੇ ਹਨ। ਇਸ ਦਾ ਸਵਾਦ ਚੱਖ ਕੇ ਹੇ ਕਵੀ ਸੂਮ ਦੱਸ ਸੋਫੀ ਕੀ ਕਰ ਸਕਦਾ ਹੈ ।

*ਛੰਦ ॥ ਅਮਲ ਪਿਯਹਿ ਨ੍ਰਿਪਰਾਜ ਅਧਿਕ ਇਸਤ੍ਰੀਯਨ ਬਿਹਾਰੈ ॥*
*ਅਮਲ ਸੂਰਮਾ ਪਿਯਹਿ ਦੁਜਨ ਸਿਰ ਖੜਗ ਪ੍ਰਹਾਰੈ ॥*
*ਅਮਲ ਭਖਹਿ ਜੋਗੀਸ ਧਯਾਨ ਜਦੁਪਤਿ ਕੋ ਧਰਹੀ ॥*
*ਚਾਖਿ ਤਵਨ ਕੋ ਸ੍ਵਾਦ ਸੂਮ ਸੋਫੀ ਕਯਾ ਕਰਹੀ ॥੧੦॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਸ਼ਾਹ ਕਹਿੰਦਾ ਜਿਹੜੇ ਮਨੁੱਖ ਅਮਲ ਪੀਂਦੇ ਹਨ ਰਾਤ ਦਿਨ ਉਂਘਦੇ ਰਹਿੰਦੇ ਹਨ ਜੇਕਰ ਇਕ ਘੜੀ ਅਮਲ ਨਾ ਮਿਲੇ ਤਾਂ ਤਾਪ ਚੜ੍ਹ ਜਾਂਦਾ ਹੈ। ਅਮਲ ਪੀਣ ਵਾਲੇ ਬੰਦੇ ਕਿਸੇ ਕੰਮ ਦੇ ਨਹੀਂ। ਅਮਲ ਪੀ ਕੇ ਉਹ ਮੁਰਦੇ ਦੀ ਤਰ੍ਹਾ ਘਰ ਘੁਰਾੜੇ ਮਾਰਦੇ ਰਹਿੰਦੇ ਹਨ। ਔਰਤ ਕਹਿੰਦੀ ਸਿਆਣੇ ਆਖਦੇ ਹਨ ਕਿ ਰਾਜ ਅਮਲੀ ਕਰਦੇ ਹਨ। ਕੰਜੂਸ ਧੰਨ ਇਕੱਠਾ ਕਰਦੇ ਹਨ ਅਤੇ ਸੂਰਮੇ ਇਕ ਦਿਨ ਵਿੱਚ ਧੰਨ ਲੁਟਾ ਦੇਂਦੇ ਹਨ। ਅਮਲ ਪੀਣ ਨਾਲ ਜੱਸ ਹੁੰਦਾ ਹੈ ਦਾਨ ਦਿੱਤਿਆਂ ਹੀਣਾ ਨਹੀਂ ਹੁੰਦਾ। ਸੂਮ ਕਵੀ ਕਹਿੰਦਾ ਹੈ ਕਿ ਸੋਫੀ ਮਨੁੱਖ ਨੂੰ ਗੁੱਦਾ ਦੇ ਰਸਤੇ ਧੱਕਣਾ ਚਾਹੀਦਾ ਹੈ :-

*ਤ੍ਰਿਯੋ ਬਾਚ ॥ ਸਯਾਨੇ ਸੋਚਿਤ ਰਹੈ ਰਾਜ ਕੈਫਿਯੈ ਕਮਾਵੈ ॥ ਸੂਮ ਸੰਚਿ ਧਨ ਰਹੈ ਸੂਰ ਦਿਨ ਏਕ ਲੁਟਾਵੈ ॥*
*ਅਮਲ ਪੀਏ ਜਸੁ ਹੋਇ ਦਾਨ ਖਾਂਡ ਨਹਿ ਹੀਨੋ ॥ ਅੰਤ ਗੁਦਾ ਕੇ ਪੈਂਡ ਸੂਮ ਸੋਫੀ ਜਿਯ ਦੀਨੋ ॥੧੨॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਕਹਿੰਦੀ ਭੰਗ ਓਹ ਪੁਰਖ ਪੀਂਦੇ ਹਨ ਜੋ ਰੱਬ ਦੀ ਭਗਤੀ ਕਰਦੇ ਹਨ । ਭੰਗ ਉਹ ਪੁਰਖ ਛੱਕਦੇ ਹਨ ਜੋ ਕਿਸੇ ਦੇ ਮੌਥਾਜੀ ਨਹੀਂ ਹੁੰਦੇ। ਅਮਲ ਓਹ ਸੂਰਮੇ ਪੀਂਦੇ ਹਨ ਜਿਨ੍ਹਾਂ ਦੇ ਧੁਰੋਂ ਲੇਖ ਲਿਖੇ ਹਨ। ਉਨ੍ਹਾਂ ਨੇ ਕਿਆ ਭੰਗ ਸਵਾਹ ਪੀਣੀ ਹੈ ਜਿਨ੍ਹਾਂ ਦੇ ਹੱਥ ਹਮੇਸਾਂ ਤੱਕੜੀ ਤੇ ਰਹਿੰਦੇ ਹਨ :-

*ਭਾਂਗ ਪੁਰਖ ਵੈ ਪਿਯਹਿ ਭਗਤ ਹਰਿ ਕੀ ਜੇ ਕਰਹੀ ॥*
*ਭਾਂਗ ਭਖਤ ਵੈ ਪੁਰਖ ਕਿਸੂ ਕੀ ਆਸ ਨ ਧਰਹੀ ॥*
*ਅਮਲ ਪਿਯਤ ਤੇ ਬੀਰ ਬਰਤ ਜਿਨ ਤ੍ਰਿਨ ਮਸਤਕ ਪਰ ॥*
*ਤੇ ਕਯਾ ਪੀਵਹਿ ਭਾਂਗ ਰਹੈ ਜਿਨਕੇ ਤਕਰੀ ਕਰ ॥੧੩॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਜਿਨ੍ਹਾਂ ਦੇ ਹੱਥ ਹਮੇਸਾਂ ਤਲਵਾਰ ਤੇ ਹਨ ਉਹ ਸਿਰ ਤੇ ਕ੍ਰਿਪਾਨ ਦੇ ਫੱਟ ਲੱਗਣ ਤੇ ਵੀ ਬਚ ਜਾਂਦੇ ਹਨ । ਉਨ੍ਹਾਂ ਨੇ ਮੁੱਛਾਂ ਇਉਂ ਕੱਟੀਆਂ ਹਨ ਭਾਵੇਂ ਨਿੰਬੂ ਟਿਕਾ ਲਓ ਅਜਿਹੇ ਬੰਦੇ ਹੀ ਭੰਗ ਪੀਂਦੇ ਹਨ ਡੰਗਰ ਥੋੜੇ ਭੰਗ ਪੀਣਗੇ।

*ਅੜਿੱਲ ॥ ਸਦਾ ਸਰੋਹੀ ਊਪਰ ਕਰ ਜਿਨਕੋ ਰਹੈ ॥ ਸਿਰ ਮੋ ਖਾਇ ਕ੍ਰਿਪਾਨ ਜੁ ਤਿਹ ਕਟੁ ਬਚ ਕਹੈ ॥*
*ਨਿੰਬੂਆ ਟਿਕ ਕਹਿ ਰਹੈ ਮੂੰਛਿ ਐਸੇ ਕੀਏ ॥ ਹੋ ਤੇ ਨਰ ਪੀਵਹਿ ਭਾਂਗ ਕਹਾਂ ਪਸੂ ਤੋਂ ਪੀਏ ॥੧੪॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੦)

ਅਜਿਹੇ ਮਨੁੱਖ ਹੀ ਨਸ਼ਾ ਕਰਦੇ ਹਨ ਅਣਜਾਣਿਆ ਨੇ ਕਿਆ ਸਵਾਹ ਨਸ਼ਾ ਕਰਨਾ ਹੈ ਹਮੇਸਾਂ ਤੱਕੜੀ ਤੇ ਹੱਥ ਹਨ ਕਦੇ ਲੱਕ ਨਾਲ ਤਲਵਾਰ ਤਾਂ ਬੰਨ੍ਹੀ ਨਹੀਂ ।

*ਦੋਹਰਾ ॥ ਤੇ ਨਰ ਕੈਫਨ ਕੋ ਪਿਯਤ ਤੈਂ ਕਯਾ ਪਿਯਹਿ ਅਜਾਨ ॥*
*ਕਰ ਤਕਰੀ ਪਕਰਤ ਰਹਯੋ ਕਸੀ ਨ ਕਮਰ ਕ੍ਰਿਪਾਨ ॥੧੬॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਅਜਿਹਾ ਸੁਣ ਕੇ ਸ਼ਾਹ ਨੂੰ ਚੜ੍ਹਿਆ ਗੁੱਸਾ ਤੇ ਓਹਦੀ (ਘਰਵਾਲੀ ਦੀ) ਗੱਲ ਵਿਚਕਾਰ ਟੋਕ ਕੇ ਲੱਤਾਂ ਮੁੱਕਿਆਂ ਨਾਲ ਕੁੱਟਣਾ ਸੁਰੂ ਕਰ ਦਿੱਤਾ, ਕਹਿੰਦਾ ਤੂੰ ਇਹ ਕਿਉਂ ਕਿਹਾ :-

*ਚੌਪਈ ॥ ਯੌ ਸੁਨਿ ਬੈਨ ਸ਼ਾਹੁ ਰਿਸਿ ਭਰਿਯੋ ॥ ਨਿਜੁ ਤ੍ਰਿਯ ਕਹ ਕਟੁ ਬਚਨ ਉਚਰਿਯੋ ॥*
*ਲਾਤ ਮੁਸਟ ਭੇਂ ਕੀਏ ਪ੍ਰਹਾਰਾ ॥ ਤੈਂ ਕਯੋਂ ਐਸੀ ਭਾਂਤਿ ਉਚਾਰਾ ॥੧੭॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਔਰਤ ਕਹਿੰਦੀ ਖਸਮਾ ਮੈਂ ਸੱਚ ਦੱਸਾਂ ਬਈ ਮੈਂ ਤੇਰੇ ਤੋਂ ਬੜੀ ਡਰਦੀ ਆਂ ਜਿਹੜੀ ਰੀਤਿ ਕੁੱਲ ਤੋਂ ਚਲੀ ਆ ਰਹੀ ਹੈ ਉਹ ਮੈਂ ਕਹਿ ਦਿੱਤੀ ਹੈ (ਬਈ ਨਸ਼ਾ ਪਾਣੀ ਛੱਕਦੇ ਰਹੋ) ਕਹਿੰਦੀ ਜੇ ਅਮਲ ਈ-ਨੀ-ਛੱਕਣਾ ਤਾਂ ਇਸ ਦੁਨੀਆਂ ਵਿੱਚ ਕਿਉਂ ਜੰਮਿਆਂ । ਦੇਵਤੇ ਦੈਂਤ ਜੱਛ ਗੰਧ੍ਰਬ ਸਾਰੇ ਹੱਸ ਹੱਸ ਕੇ ਟਿੱਚਰਾਂ ਕਰਦੇ ਹਨ (ਇਸ ਤੋਂ ਪ੍ਰਗਟ ਹੈ ਕਿ ਦੇਵਤੇ ਤੇ ਹੋਰ ਸਭ ਨਸ਼ਈ ਸਨ) ।

*ਅਮਲ ਨ ਪੀ ਏਤੀ ਕਰੈਂ ਕਯੋਂ ਆਯੋ ਮਹਿ ਲੋਕ ਮਹਿ ॥*
*ਸੁਰ ਅਸੁਰ ਜੱਛ ਗੰਧ੍ਰਬ ਸਭੈ ਤਿਹ ਨਰ ਕੌ ਹਸਿ ਹਸਿ ਕਹਹਿ ॥੧੯॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਜਿਹੜੇ ਬੰਦੇ ਭੰਗ ਨਹੀਂ ਪੀਂਦੇ ਤੇ ਹਮੇਸਾਂ ਕੌਡੀ (ਧੰਨ) ਵਿੱਚ ਚਿੱਤ ਜੁੜਿਆ ਹੈ। ਜਿਹੜੇ ਨਰ ਅਮਲ ਨਹੀਂ ਪੀਂਦੇ ਤੇ ਨਾ ਦਾਨ ਪੁੰਨ ਕਰਦੇ ਹਨ ਅਜਿਹੇ ਮਨੁੱਖ ਅਪਣੇ ਆਪ ਵਿੱਚ ਬੜੇ ਸਿਆਣੇ ਬਣਦੇ ਹਨ ਪਰ ਕਾਂ ਵਰਗੀ ਵਡਿਆਈ ਪਾਉਂਦੇ ਹਨ। ਆਖਰ ਉਹ ਕੁੱਤੇ ਦੀ ਮੌਤ ਮਰ ਕੇ ਦੀਨ ਅਤੇ ਦੁਨੀਆਂ ਤੋਂ ਪਛਤਾਵਾ ਪੱਲੇ ਬੰਨ੍ਹ ਕੇ ਤੁਰ ਪੈਂਦੇ ਹਨ ।

*ਛੰਦ ॥ ਸੋ ਨਰ ਪਿਯਤ ਨ ਭਾਂਗ ਰਹੈ ਕੌਡੀ ਮਹਿ ਜਿਹ ਚਿਤ ॥*
*ਸੋ ਨਰ ਅਮਲ ਨ ਪਿਯੈ ਦਾਨ ਭੇਂ ਨਹਿ ਜਾਕੋ ਹਿਤ ॥*
*ਸਯਾਨੋ ਅਧਿਕ ਕਹਾਇ ਕਾਕ ਕੀ ਉਪਮਾ ਪਾਵਹਿ ॥*
*ਅੰਤ ਸ੍ਵਾਨ ਜਯੋਂ ਮਰੈ ਦੀਨ ਦੁਨਿਯਾ ਪਛੁਤਾਵਹਿ ॥੨੦॥*

*ਦੋਹਰਾ ॥ ਅੰਤ ਕਾਕ ਕੀ ਮ੍ਰਿਤੁ ਮਰੈਂ ਮਨ ਭਤਿਰ ਪਛੁਤਾਂਹਿ ॥*
*ਖੰਡਾ ਗਹਯੋ ਨ ਜਸ ਲਿਯੋ ਕਛੂ ਜਗਤ ਕੇ ਮਾਂਹਿ ॥੨੧॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਜੇ ਸੋਚੇਂ ਕਿ ਅਮਲੀ ਕਦੇ ਧੋਖਾ ਖਾ ਜਾਣਗੇ ਉਹ ਕਦੇ ਨਹੀਂ ਖਾਂਦੇ । ਉਹ ਦੂਜਿਆਂ ਨੂੰ ਤਾਂ ਮੁੰਨ ਲੈਣਗੇ ਪਰ ਆਪ ਨਹੀਂ ਮੁੰਨੇ ਜਾਣਗੇ । ਉਹ ਕੁੜੀਆਂ ਦੇ ਚਿੱਤ ਇਕ ਛਿਨ ਮਾਤਰ ਵਿੱਚ ਚੁਰਾ ਲੈਂਦੇ ਹਨ । ਔਰਤਾਂ ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਦੇ ਮਨ ਭਾਉਂਦੇ ਭੋਗ ਦੇਂਦੀਆਂ ਹਨ ।

*ਤ੍ਰਿਯੋ ਬਾਚ ॥ ਛੰਦ ॥ ਜੇ ਅਮਲਨ ਕਹ ਖਾਇ ਖਤਾ ਕਬਹੂੰ ਨਹਿ ਖਾਵੈਂ ॥*
*ਮੂੰਡਿ ਅਵਰਨਹਿ ਜਾਹਿ ਆਪੁ ਕਬਹੂੰ ਨ ਮੁੰਡਾਵੈਂ ॥*
*ਚੰਚਲਾਨ ਕੋ ਚਿੱਤ ਚੋਰ ਛਿਨ ਇਕ ਮਹਿ ਲੇਂਹੀ ॥*
*ਭਾਂਤਿ ਭਾਂਤਿ ਭਾਮਿਨਨਿ ਭੋਗ ਭਾਵਤ ਮਨ ਦੇਂਹੀ ॥੨੩॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਅਮਲੀ ਨਸ਼ਾ ਕਰ ਕੇ ਦੇਰ ਤੱਕ ਔਰਤ ਨੂੰ ਭੋਗਦੇ ਹਨ ਜਿਵੇਂ ਹਿਰਣ ਉਛਲਦੇ ਹਨ ਐਵੇਂ ਔਰਤ ਨੂੰ ਖੁਸ਼ ਕਰਦੇ ਹਨ। ਸੋਫੀ ਮਨੁੱਖ ਔਰਤ ਤੇ ਚੜ੍ਹਦੇ ਹੀ ਧਰਤੀ ਤੇ ਕੰਬਦਾ ਹੋਇਆ ਡਿੱਗ ਪੈਂਦਾ ਹੈ ਉਨ੍ਹਾਂ ਦਾ ਬੀਰਜ ਵੀ ਬਰਾਬਰ ਨਹੀਂ ਨਿਕਲਦਾ । ਇਹ ਮੂਰਖ ਔਰਤ ਨੂੰ ਕੀ ਭੋਗਣਗੇ ।

*ਅੜਿੱਲ ॥ ਭਜਹਿ ਬਾਮ ਕੈਫਿਯੈ ਕੇਲ ਜੁਗ ਜਾਮ ਮਚਾਵਹਿ ॥*
*ਹਰਿਣਾ ਜਿਮਿ ਉਛਲਹਿ ਨਾਰਿ ਨਾਗਰਿਨ ਰਿਝਾਵਹਿ ॥*
*ਸੌਫੀ ਚੜਤਹਿ ਕਾਂਪਿ ਧਰਨਿ ਊਪਰ ਪਰੈਂ ॥*
*ਹੋ ਬੀਰਜ ਖਲਤ ਹ੍ਵੈ ਜਾਹਿ ਕਹਾਂ ਜੜ੍ਹ ਰਤਿ ਕਰੈਂ ॥੨੪॥*
*ਬੀਰਜ ਭੂਮਿ ਗਿਰਿ ਪਰੈ ਤਕੈ ਮੁਖ ਬਾਇਕੈ ॥*
*ਨਿਰਖਿ ਨਾਰ ਕੀ ਓਰ ਰਹੈ ਸਿਰੁ ਨਯਾਇਕੈ ॥*

*ਸ਼ਰਮਨਾਕ ਹ੍ਵੈ ਹ੍ਰਿਦੈ ਬਚਨ ਹਸਿ ਹਸਿ ਕਹੈ ॥*
*ਹੋ ਕਾਮਕੇਲ ਕੀ ਸਮੈਂ ਨ ਪਸੁ ਕੌਡੀ ਲਹੈ ॥੨੫॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੧)

ਜਿਤਨੇ ਵੀ ਸਿਆਣੇ ਤੇ ਨੇਕ ਪੁਰਖ ਨੇਕ ਕਮਾਈ ਵਾਲੇ ਇਸ ਜਗਤ ਵਿੱਚ ਜੰਮੇ ਤੇ ਰਣ ਤੱਤੇ ਵਿੱਚ ਜਿੱਤ ਪ੍ਰਾਪਤ ਕੀਤੀ ਉਨ੍ਹਾਂ ਸਾਰਿਆਂ ਨੇ ਅਮਲ ਪੀ ਕੇ ਧਨੁੱਖ ਨੂੰ ਸਿਰ ਤੇ ਚੁੱਕਿਆ । ਅਜਿਹੇ ਮਨੁੱਖ (ਅਮਲ ਕਰਨ ਵਾਲੇ) ਜੀਵਨ ਮੁਕਤ ਹੁੰਦੇ ਹਨ :-

*ਸੁਕ੍ਰਿਤ ਸੁਘਰ ਜਿਨ ਆਇ ਜਗਤ ਮੈ ਜਸ ਕੋ ਪਾਯੋ ॥*
*ਬਹੁਰਿ ਖਲਨ ਕਹ ਖੰਡਿ ਖੇਤ ਜੈ ਸ਼ਬਦ ਕਹਾਯੋ ॥*
*ਅਮਲ ਪਾਨ ਸੁਭ ਅੰਗ ਧਨਖ ਸਰ ਜਿਨ ਲਯੋ ॥*
*ਹੋ ਸੋ ਨਰ ਜੀਵਨ ਮੁਕਤਿ ਜਗਤ ਭੀਤਰ ਭਯੋ ॥੨੭॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਜਿਨ੍ਹਾਂ ਨੇ ਕਦੇ ਪਾਨ ਨੀ ਖਾਧਾ, ਕਦੇ ਅਮਲ ਨੀ ਪੀਤਾ, ਕਦੇ ਘੋੜੇ ਚੜ ਸ਼ਿਕਾਰ ਨੀ ਖੇਡਿਆ, ਨਾ ਮਨ ਭਾਉਂਦਾ ਰਾਗ ਛੇੜਿਆ ਤੇ ਨਾ ਔਰਤਾਂ ਨੂੰ ਭੋਗਿਆ ਪਤਾ ਨੀ ਅਜਿਹੇ ਬੰਦੇ ਜਗਤ ਚ ਕਿਸ ਲਈ ਆਏ ਐਂ :-

*ਕਬਹੂੰ ਨ ਖਾਏ ਪਾਨ ਅਮਲ ਕਬਹੂੰ ਨਹਿ ਪੀਯੋ ॥*
*ਕਬਹੂੰ ਨ ਖੇਲ ਅਖੇਟਨ ਸੁਖ ਸੁਰਧਨ ਕਹ ਦਿਯੋ ॥*
*ਕਬਹੂੰ ਨ ਸੌਂਧਾ ਲਾਇ ਰਾਗ ਮਨ ਭਾਇਯੋ ॥*
*ਹੋ ਕਰਯੋ ਨ ਭਾਮਿਨ ਭੋਗ ਜਗਤ ਕਿਯੋਂ ਆਇਯੋ ॥੨੮॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਜਿਨ੍ਹਾਂ ਨੇ ਰਾਗ-ਖੁਸ਼ਬੂ (ਗੰਧ) ਤੇ ਔਰਤਾਂ ਦਾ ਰਸ ਮਾਣਿਆ-ਅਮਲ ਪੀ ਕੇ ਘੋੜੇ ਚੜ ਦੁਸ਼ਮਣ ਨੂੰ ਦੁਖੀ ਕੀਤਾ ਉਨ੍ਹਾਂ ਨੇ ਸਾਧਾਂ ਦੀ ਸੇਵਾ ਕਰਕੇ ਹਰੀ ਦੀ ਭਗਤੀ ਕੀਤੀ ਤੇ ਜਸ ਖੱਟ ਕੇ ਜਗਤ ਤੋਂ ਚਲੇ ਗਏ ।

ਚਤੁਰ ਔਰਤ ਨੇ ਅਨੇਕਾਂ ਢੰਗਾਂ ਨਾਲ ਮੂਰਖ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਉਸ ਦੇ ਖਾਨੇ ਕੋਈ ਗੱਲ ਨਾ ਪਈ ਸਗੋਂ ਗੁੱਸਾ ਖਾ ਕੇ ਉੱਠ ਖਲੋਤਾ । ਔਰਤ ਨੇ ਬਾਂਹ ਫੜ ਕੇ ਪਿਆਰ ਦਾ ਹੁਲਾਰਾ ਦਿੱਤਾ ਤੇ ਪੈਂਤੜਾ ਬਦਲਿਆ । ਉਹ ਛੱਤ ਤੇ ਬੇਹੋਸ਼ ਹੋ ਕੇ ਡਿੱਗ ਪਈ । ਸ਼ਾਹ ਨੇ ਤੁਰੰਤ ਉਸ ਨੂੰ ਚੁੱਕ ਕੇ ਸੀਨੇ ਲਾਇਆ ਕਹਿੰਦਾ ਤੂੰ ਭਾਗਵਾਨੇ ਜੋ ਕਹੇਂਗੀ ਮੈਂ ਓਹੀ ਕਰਾਂਗਾ । ਮੈਂ ਤੈਨੂੰ ਮਰਨ ਨੀ ਦੇਣਾ । ਕਹਿੰਦੀ ਅੱਛਾ ਐਉਂ ਕਰ ਬਈ ਰਾਜਾ ਸਮੇਤ ਸਭ ਨੂੰ ਭੋਜਨ ਖੁਆ । ਸ਼ਾਹ ਨੇ ਸਭ ਲਈ ਅਨੇਕਾਂ ਪ੍ਰਕਾਰ ਦਾ ਭੋਜਨ ਬਣਾਇਆ । ਏਧਰ ਉਸ ਨੇ ਰਾਜੇ ਨਾਲ ਪਿਆਰ ਭਰੀ ਤੱਕਣੀ ਨਾਲ ਉਸ ਨੂੰ ਉਲਝਾ ਲਿਆ ਉਸ ਨੇ ਭੋਜਨ ਵਿੱਚ ਭੰਗ ਸੁੱਟ ਕੇ ਰਾਜਾ ਅਤੇ ਖਸਮ ਨੂੰ ਖੁਆ ਦਿੱਤਾ ।

*ਦੋਹਰਾ ॥ ਭੋਜਨ ਤਿਨੈ ਖਵਾਇਯੋ ਭਾਂਗ ਭੋਜ ਮੈ ਪਾਇ ॥*
*ਰਾਜਾ ਕੋ ਪਤਿ ਕੇ ਸਹਿਤ ਛਲ ਸੌ ਗਈ ਸੁਵਾਇ ॥੩੪॥* (ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਭੰਗ ਖਾ ਕੇ ਰਾਜੇ ਨੂੰ ਸੁਰਤ ਆ ਗਈ ਪਰ ਸੋਫੀ ਬੇ-ਸੁਰਤ (ਅਚੇਤ) ਹੋ ਗਿਆ। ਰਾਜਾ ਔਰਤ ਦਾ ਮਿਤ੍ਰ ਬਣ ਗਿਆ। ਲੋਕ ਕਹਿੰਦੇ ਕਿ ਸਾਰਾ ਦਿਨ ਰਾਜਾ ਅਸੀਂ ਰੱਖਾਂਗੇ ਸਾਂਝ (ਸੰਝ) ਪੈਣ ਤੇ ਘਰ ਆਏਗਾ ਤੇ ਤੈਨੂੰ ਬੁਲਾਏਗਾ। ਮੇਰਾ ਪਿਆਰਾ ਮੈਨੂੰ ਮਿਲੇ ਮੇਰੀਆਂ ਅੱਖਾਂ ਉਸ ਨਾਲ ਲੜੀਆਂ ਹਨ । ਰਾਜੇ ਨੇ ਮੇਰਾ ਮਨ ਮੋਹ ਲਿਆ ਹੈ ਜਿਵੇਂ ਮ੍ਰਿਗੀ ਅਪਣੇ ਰਾਜੇ ਦਾ ਮਨ ਮੋਹ ਲੈਂਦੀ ਹੈ ਉਸੇ ਭਾਵਨਾ ਨਾਲ ਉਹ ਮੇਰੇ ਨਾਲ ਭੋਗ ਕਰੇ। ਸ਼ਾਹ ਮੁਰਦੇ ਦੀ ਤਰ੍ਹਾਂ ਪਿਆ ਰਿਹਾ ਤੇ ਇੱਧਰ ਰਾਜਾ ਸ਼ਾਹ ਦੀ ਨਾਰ ਭੋਗਦਾ ਰਿਹਾ । ਉਸ ਨੇ ਸ਼ਾਹ ਨੂੰ ਪਾਲਕੀ ਥੱਲੇ ਬੰਨ ਦਿੱਤਾ ਜਿਹੜਾ ਘਰ ਧੰਨ ਸੀ ਉਹ ਵੀ ਪਾਲਕੀ ਚ ਸੁੱਟਿਆ। ਆਪ ਦੌੜ ਕੇ ਪਾਲਕੀ ਤੇ ਜਾ ਚੜੀ ਤੇ ਰਾਜੇ ਨਾਲ ਪੂਰੇ ਸੁੱਖ ਨਾਲ ਭੋਗ ਕੀਤਾ। ਰਾਜੇ ਔਰਤ ਨੂੰ ਲੈ ਕੇ ਅਪਣੇ ਘਰ ਚਲਾ ਗਿਆ ਕਵੀ ਸੂਮ ਕਹਿੰਦਾ ਹੈ ਕਿ ਸੋਫੀ ਪਾਲਕੀ ਥੱਲੇ ਬੰਨਿਆ ਪਿਆ ਰਿਹਾ।

*ਅੜਿੱਲ ॥ ਆਪੁ ਦੌਰਿ ਤਾਂਹੀ ਪਰ ਚੜ੍ਹੀ ਬਨਾਇਕੈ ॥ ਰਮੀ ਨ੍ਰਿਪਤਿ ਕੇ ਸਾਥ ਅਧਿਕ ਸੁਖ ਪਾਇਕੈ ॥*
*ਲੈ ਨਾਰੀ ਕਹ ਰਾਇ ਆਪਨੇ ਘਰ ਗਯੋ ॥ ਹੋ ਸੂਮ ਸੋਫਿਯਹਿ ਬਾਂਧਿ ਪਾਲਕੀ ਤਰ ਲਯੋ ॥੪੦॥*
(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੬੨)

ਜਦ ਉਹ ਦੋਨੇ ਸਹੀ ਸਲਾਮਤ ਘਰ ਪੁੱਜ ਗਏ ਤਾਂ ਪਾਲਕੀ ਸ਼ਾਹ ਦੇ ਘਰ ਭੇਜ ਦਿੱਤੀ। ਸ਼ਾਹ ਪਾਲਕੀ ਥੱਲੇ ਬੰਨਿਆ ਰਿਹਾ ਤੇ ਰਾਜਾ ਉਸ ਦਾ ਧੰਨ ਚੁਰਾ ਕੇ ਔਰਤ ਸਮੇਤ ਲੈ ਗਿਆ । ਰਾਤ ਬੀਤੀ ਸਵੇਰ ਹੋਈ ਤਦ ਸ਼ਾਹ ਨੂੰ ਸੁਰਤ ਆਈ ਕਹਿੰਦਾ ਮੈਨੂੰ ਪਾਲਕੀ ਥੱਲੇ ਕਿਸ ਨੇ ਬੰਨਿਆ ਐ । ਮੈਂ ਜੋ ਕੁਬੋਲ ਔਰਤ ਨੂੰ ਕਹੇ ਇਹ ਉਸੇ ਦਾ ਸਿੱਟਾ ਲੱਗਦਾ ਐ ਆਖਰ ਓਹੀ ਹੁੰਦਾ ਹੈ ਜੋ ਬਿਧਨਾ ਨੇ ਮੱਥੇ ਦੇ ਭਾਗ ਲਿਖੇ ਹਨ ।

*ਕਬਿਯੋ ਬਾਚ ॥ ਦੋਹਰਾ ॥ ਫਲਤ ਭਾਗ ਹੀ ਸਰਬ ਦਾ ਕਰੋ ਕੈਸਿਯੈ ਕੋਇ ॥*

*ਜੋ ਬਿਧਨਾ ਮਸਤਕ ਲਿਖਾ ਅੰਤ ਤੈਸਿਯੈ ਹੋਇ ॥੪੪॥*(ਦੋਇ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੧੯੨)

ਨੋਟ :- ਆਪ ਜੀ ਨੇ ਦਸਮ ਗ੍ਰੰਥ ਦੀ ਪਵਿਤ੍ਰ (ਅਪਿਵੱਤ੍ਰ) ਬਾਣੀ ਨੂੰ ਅਰਥਾਂ ਸਮੇਤ ਪੜ੍ਹਿਆ ਅਤੇ ਘੋਖਿਆ ਤੁਹਾਡਾ ਧੰਨਵਾਦ। ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਇਹ ਗੰਦ ਮੰਦ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਲਿਖਿਆ ਤੇ ਭਾਈ ਮਨੀ ਸਿੰਘ ਜੀ ਨੇ ਖੁਦ ਇਸ ਗੰਦ ਨੂੰ ਗੁਰੂ ਦੀ ਬਾਣੀ ਸਮਝ ਕੇ ਇਕੱਠਾ ਕਰਕੇ ਖੁਦ ਪੋਥੀ ਦਾ ਰੂਪ ਦਿੱਤਾ। ਇਸ ਚਰਿਤ੍ਰ ਰੂਪੀ ਕਾਵਿ ਰਚਨਾ ਵਿੱਚ ਬੰਦ ਨੰਬਰ ੫-੧੦ -੧੨-੪੦ ਤੇ ਕਵੀ ਸੂਮ ਨੇ ਡੰਕੇ ਦੀ ਚੋਟ ਤੇ ਹਿੱਕ ਠੋਕ ਕੇ ਕਿਹਾ ਹੈ ਕਿ ਇਨ੍ਹਾਂ ਰਚਨਾਵਾਂ ਦਾ ਲੇਖਕ ਮੈਂ ਕਵੀ ਸੂਮ ਹਾਂ । ਜਦ ਮਨੁੱਖ ਹਯਾ ਦੇ ਅੰਨ੍ਹੇ ਹੋ ਜਾਣ ਤਾਂ ਅਪਣਾ ਨੰਗ ਵੀ ਢੱਕਿਆ ਹੋਇਆ ਮਹਿਸੂਸ ਕਰਦੇ ਹਨ । ਕਵੀ ਸੂਮ ਨੇ ਦਿਲ ਖੋਲ੍ਹ ਕੇ ਨਸ਼ੇ ਕਰਨ ਦੀ ਹਮਾਇਤ ਕੀਤੀ ਹੈ ਤੇ ਨਸ਼ਾ ਕਰ ਕੇ ਔਰਤ ਨੂੰ ਭੋਗਣ ਦੀ ਵਕਾਲਤ। ਨਸ਼ਾ ਨਾ ਕਰਨ ਵਾਲੇ ਕੁੱਤੇ ਦੀ ਮੌਤ ਮਰ ਜਾਂਦੇ ਹਨ ਤੇ ਉਨ੍ਹਾਂ ਨੂੰ ਦੀਨ ਦੁਨੀਆਂ ਤੇ ਪਛੁਤਾਉਣਾ ਪੈਂਦਾ ਹੈ ਅਜਿਹਾ ਕਵੀ ਸੂਮ ਦਾ ਦ੍ਰਿੜ ਨਿਸਚਾ ਹੈ ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਗੁਰਸਿੱਖਾਂ ਨੂੰ ਅਜਿਹੀ ਸਿੱਖਿਆ ਜਾਂ ਹੱਲਾਸ਼ੇਰੀ ਦੇ ਸਕਦੇ ਹਨ ? ਜੇਕਰ ਉੱਤਰ ਹਾਂ ਵਿੱਚ ਹੇ ਤਾਂ ਫਿਰ ਰਹਿਤ ਮਰਿਯਾਦਾ ਜਿਸ ਦਾ ਅਸੀਂ ਢਿੰਡੋਰਾ ਪਿੱਟਦੇ ਨਹੀਂ ਥੱਕਦੇ ਕੀ ਬਣਿਆ ? ਕੀ ਸਿੱਖ ਦਸਮ ਗ੍ਰੰਥ ਦੀ ਸਿੱਖਿਆ ਅਨੁਸਾਰ ਅਪਣੀ ਔਰਤ ਨਾਲ ਭੋਗ ਕਰਨ ਸਮੇਂ ਪਹਿਲਾਂ ਨੱਚਿਆ ਟੱਪਿਆ ਕਰੇ ਤੇ ਫਿਰ ਔਰਤ ਤੇ ਸਵਾਰ ਹੋਵੇ । ਸਿਆਣੇ ਅਜਿਹੀ ਸੋਚ ਵਾਲਿਆਂ ਨੂੰ ਹੀ ਆਖਦੇ ਹਨ 'ਦੂਰ ਫਿਟੇ ਮੂੰਹ ਤੇਰਾ ਮੂੰਹ ਕਾਲਾ'। ਗੁਰ ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਤੋੜ ਕੇ ਦਸਮ ਗ੍ਰੰਥ ਨਾਮੀ ਕਾਮ ਸਾਸਤ੍ਰ ਤੇ ਨਸ਼ਾ ਸਾਸਤ੍ਰ ਦੇ ਲੜ ਲਾਉਣ ਵਾਲੇ ਸਿੱਖ ਨਹੀਂ ਹਨ ਭਾਵੇਂ ਉਨ੍ਹਾਂ ਨੇ ਵੱਡੀਆਂ ਕ੍ਰਿਪਾਨਾ ਜਾਂ ਵੱਡੇ ਕਛੈਹਿਰੇ ਖੁੱਲ੍ਹੇ ਦਾੜ੍ਹਿਆਂ ਦੇ ਸੁੰਦਰ ਸਰੂਪਾਂ ਨਾਲ ਪਹਿਨ ਰੱਖੇ ਹਨ । ਉਹ ਨਾਨਕ ਦੇ ਘਰ ਦੇ ਦੋਖੀ-ਸਿੱਖ ਧਰਮ ਦੇ ਗਦਾਰ ਅਤੇ ਭੇਖੀ ਹਨ । ਦਸਮ ਗ੍ਰੰਥ ਦੀ ਹਮਾਇਤ ਕਰਨੀ ਅਪਣੀ ਕੁੱਲ ਨੂੰ ਦਾਗ਼ੀ ਕਰਨ ਸਮਾਨ ਹੈ । ਬਾ ਖ਼ਬਰਦਾਰ ਹੋਸਿਆਰ-ਜਾਗਦੇ ਰਹਿਓ !

ਇਲਾਕਾ : ਛੇਮ ਕਰਨ (ਖੇਮ ਕਰਨ) ਦਿਸ਼ਾ : ਪੂਰਬ (ਦੋਇ ਸੌ ਛਯਾਲੀਸ ਚਰਿਤ੍ਰ ਪੰਨਾ ੧੧੯੩-੯੪)

ਪਾਤਰ : ਤਿਲਕ (ਨ੍ਰਿਪ), ਭਾਨ ਮੰਜਰੀ (ਨਾਰਿ), ਚਿੱਤ੍ਰ ਬਰਨ (ਸੁਤ), ਸੁਕੁਮਾਰਿ (ਸੁਤਾ), ਸ੍ਰਰਨਿ ਮੰਜਰੀ, ਰੁਕਮ ਮੰਜਰੀ (ਸਹਚਰਿ) ਤੇ ਸ਼ੇਰ ਸ਼ਾਹ ਸੂਰੀ (ਰਾਜਾ)

**ਸ਼ੇਰ ਸ਼ਾਹਿ (ਸੂਰੀ) ਦੇ ਘੋੜੇ ਚੋਰੀ** : ਪੂਰਬ ਦਿਸ਼ਾ ਦੇ ਰਾਜਾ ਤਿਲਕ ਦੀ ਰਾਣੀ ਭਾਨ ਮੰਜਰੀ ਨੇ ਇੱਕ ਖੂਬਸੂਰਤ ਪੁੱਤ ਚਿੱਤ੍ਰ ਜੰਮਿਆ ਜਿਸ ਦੇ ਰੂਪ ਵਰਗਾ ਇੰਦ੍ਰ ਚੰਦ੍ਰ ਵੀ ਨਹੀਂ । ਜਿਹੜੀ ਔਰਤ ਉਸ ਨੂੰ ਤੱਕ ਲੈਂਦੀ ਉਹ ਤਨ ਮਨ ਧਨ ਉਸ ਤੇ ਕੁਰਬਾਨ ਕਰ ਦੇਂਦੀ । ਛੇਮ (ਖੇਮ) ਕਰਨ ਦੇ ਸ਼ਾਹ ਦੀ ਧੀ ਸੁਕੁਮਾਰਿ ਓਹ ਦਾ ਰੁਪ ਦੇਖ ਕੇ ਦੀਵਾਨੀ ਹੋ ਗਈ । ਸ੍ਰਰਨਿ ਮੰਜਰੀ ਓਹਦਾ ਰੂਪ ਤੱਕ ਕੇ ਮਰ ਮਿਟੀ । ਉਸ ਨੇ ਰੁਕਮ ਮੰਜਰੀ ਸਹੇਲੀ ਨੂੰ ਬੁਲਾਇਆ ਤੇ ਅਪਣੇ ਮਨ ਦਾ ਭੇਦ ਸਮਝਾ ਕੇ ਰਾਜੇ ਦੇ ਪੁੱਤ ਚਿੱਤ੍ਰ ਬਰ ਪਾਸ ਭੇਜ ਦਿੱਤਾ । ਉਹ ਕਹਿੰਦੀ ਮੈਨੂੰ ਅਪਣੀ ਔਰਤ ਬਣਾ ਲੈ ਤੇ ਭਾਂਤਿ ਭਾਂਤਿ ਨਾਲ ਜਿਵੇਂ ਚਾਹੇ ਮੈਨੂੰ ਭੋਗਣਾ । ਰਾਜੇ ਤਿਲਕ ਦਾ ਡਰ ਬਿਲਕੁੱਲ ਨਹੀਂ ਕਰਨਾ । ਮੇਰੇ ਚਿੱਤ ਦੀ ਇੱਛਾ ਜਰੂਰ ਪੂਰੀ ਕਰਨੀ ।

ਰਾਜ ਕੁਮਾਰ ਕਹਿੰਦਾ ਮੈਂ ਸੁਣਿਆ ਹੈ ਕਿ ਸ਼ੇਰ ਸ਼ਾਹਿ (ਸੂਰੀ) ਨੇ ਦੋ ਸੁੰਦਰ ਘੋੜੇ ਲਏ ਹਨ ਇਕ ਦਾ ਨਾਂ ਰਾਹੁ ਐ ਤੇ ਦੂਏ ਦਾ ਸੁਰਾਹੁ । ਜੇ ਤੂੰ ਉਹ ਚੋਰੀ ਕਰ ਕੇ ਮੈਨੂੰ ਦੇ ਦੇਵੇਂ ਤਾਂ ਤੂੰ ਮੇਰੀ ਔਰਤ ਹੋਈ।

ਮੈਂ ਬਿਨਾ ਸੰਕਾ ਤੋਂ ਤੇਰੇ ਬਾਪ ਦੀ ਪਰਵਾਹ ਕੀਤੇ ਬਿਨਾ ਤੇਰੇ ਨਾਲ ਵਿਆਹ ਕਰਾਂਗਾ । ਔਰਤ ਨੇ ਇਹ ਸੁਣਦੇ ਹੀ ਚੰਡਾਰਿਨਿ (ਚੰਡਾਰਨ) ਦਾ ਭੇਸ ਬਣਾਇਆ ਤੇ ਸ਼ੇਰ ਸ਼ਾਹਿ ਦੇ ਮਹਿਲ ਪਹੁੰਚ ਗਈ । ਜਿਥੇ ਕੀੜੀ ਵੀ ਨਹੀਂ ਪਹੁੰਚ ਸਕਦੀ । ਏਨੇ ਸਖਤ ਪਹਿਰੇ ਤੇ ਜਿਥੇ ਘੋੜਿਆਂ ਦੀ ਰਾਖੀ ਬੰਦੇ ਪਹਿਰਾ ਦੇਂਦੇ ਅੱਧੀ ਰਾਤ ਨੂੰ ਇਸੇ ਭੇਖ ਵਿੱਚ ਜਾ ਪਹੁੰਚੀ ਤੇ ਉਸ ਨੇ ਘੋੜੇ ਤੇ ਸਵਾਰ ਹੋ ਕੇ ਮਾਰੀ ਚਾਬਕ ਤੇ ਘੋੜਾ ਝਰੋਖੇ ਦੀ ਥਾਣੀ ਭਜਾ ਲੈ ਗਈ।

*ਚੌਪਈ ॥ ਛੋਰਿ ਅਗਾਰਿ ਪਛਾਰਿ ਉਤਾਰੀ ॥ ਆਨਨ ਬਿਖੈ ਲਗਾਮੀ ਡਾਰੀ ॥*

*ਹ੍ਵੈ ਅਸਵਾਰ ਚਾਬੁਕਿਕ ਮਾਰਿਸਿ ॥ ਸ਼ਾਹੁ ਝਰੋਖਾ ਭਏ ਨਿਕਾਰਿਸਿ ॥੧੧॥*

*ਦੋਹਰਾ ॥ ਸ਼ਾਹ ਝਰੋਖਾ ਕੇ ਭਏ ਪਰੀ ਤੁਰੰਗ ਕੁਦਾਇ ॥*

*ਸ਼ੰਕਾ ਕਰੀ ਨ ਜਾਨ ਕੀ ਪਰੀ ਨਦੀ ਮੋ ਜਾਇ ॥੧੨॥*

*ਚੌਪਈ ॥ ਝਰਨਾ ਮਹਿ ਤੇ ਬਾਜ ਨਿਕਾਰਿਸਿ ॥ ਗਹਿਰੀ ਨਦੀ ਬਿਖੈ ਲੈ ਡਾਰਿਸਿ ॥*

*ਜਿਯ ਅਪਨੇ ਕਾ ਲੋਭ ਨ ਕਰਾ ॥ ਇਹ ਛਲ ਰਾਹੁ ਅਸ੍ਵ ਕਹ ਹਰਾ ॥੧੩॥*(ਦੋਇ ਸੌ ਛਯਾਲੀਸ ਚਰਿਤ੍ਰ ਪੰਨਾ ੧੧੯੪)

ਜਦ ਸ਼ੇਰ ਸ਼ਾਹ ਦਾ ਘੋੜਾ ਚੋਰੀ ਹੋ ਗਿਆ ਤਾਂ ਉਹ ਕਹਿੰਦਾ ਜੇਕਰ ਚੋਰ ਮੈਨੂੰ ਅਪਣੀ ਸ਼ਕਲ ਦਿਖਾ ਦੇਵੇ ੨੦ ਹਜ਼ਾਰ ਅਸ਼ਰਫੀ ਮੈਂ ਉਸ ਨੂੰ ਦੇਵਾਂ। ਉਸ ਨੇ ਕੁਰਾਨ ਦੀ ਸੌਂਹ ਖਾਧੀ। ਤਦ ਔਰਤ ਨੇ ਬਣਾ ਕੇ ਪੁਰਖ ਦਾ ਭੇਖ ਜਾ ਦਿੱਤਾ ਸ਼ੇਰ ਸ਼ਾਹ ਨੂੰ ਸਿਜਦਾ ਕਹਿੰਦੀ ਮੈਂ ਤੇਰਾ ਘੋੜਾ ਚੋਰੀ ਕੀਤਾ ਐ । ਜਦ ਸ਼ੇਰ ਸ਼ਾਹ ਨੇ ਉਸ ਨੂੰ ਤੱਕਿਆ ਤਾਂ ਸਾਰਾ ਗੁੱਸਾ ਮਿਟ ਗਿਆ । ਉਸ ਨੇ ੨੦ ਹਜ਼ਾਰ ਅਸ਼ਰਫੀ ਉਸ ਨੂੰ ਦੇ ਦਿੱਤੀ । ਉਹ ਕਹਿੰਦਾ ਕਿ ਹੁਣ ਤੂੰ ਮੈਨੂੰ ਦੱਸ ਬਈ ਘੋੜਾ ਕਿਵੇਂ ਚੋਰੀ ਕੀਤਾ ।

*ਦੋਹਰਾ ॥ ਹਸਿ ਹਜਰਤਿ ਐਸੇ ਕਹਾ ਸੁਨੁ ਤਸਕਰ ਸੁੰਦ੍ਰੰਗ ॥*

*ਸੋ ਬਿਧਿ ਕਹੋ ਬਨਾਇ ਮੁਹਿ ਕਿਹ ਬਿਧਿ ਹਰਾ ਤੁਰੰਗ ॥੧੯॥* (ਦੋਇ ਸੌ ਛਯਾਲੀਸ ਚਰਿਤ੍ਰ ਪੰਨਾ ੧੧੬੫)

ਜਦ ਔਰਤ ਨੇ ਇਹ ਸੁਣਿਆ ਤਾਂ ਕਹਿੰਦੀ ਮੈਂ ਮੋਹਰਾਂ ਰੱਖ ਕੇ ਮੇਖਾਂ ਲੈ ਆਵਾਂ । ਉਹ ਨਦੀ ਤੈਰ ਕੇ ਪਾਰ ਗਈ ਤੇ ਸ਼ਾਹਿ ਝਰੋਖੇ ਦੇ ਹੇਠਾਂ ਪਹੁੰਚ ਗਈ । ਜਦ ਘੜਿਆਲੀ ਘੰਟੀ ਵਜਾਉਂਦਾ ਉਹ ਮੇਖ ਠੋਕ ਦੇਂਦੀ । ਦਿਨ ਬੀਤਿਆ ਰਾਤ ਆਈ ਤੇ ਔਰਤ ਉਥੇ ਪਹੁੰਚ ਗਈ । ਦੂਜਾ ਘੋੜਾ ਵੀ ਲੈ ਕੇ ਨਦੀ ਵਿੱਚ ਜਾ ਕੁੱਦੀ ਤੇ ਸ਼ੇਰ ਸ਼ਾਹ ਨੂੰ ਕਹਿੰਦੀ ਮੈਂ ਇਵੇਂ ਪਹਿਲਾ ਘੋੜਾ ਚੋਰੀ ਕੀਤਾ ਹੈ ਤੇ ਅਪਣੇ ਮਿੱਤ੍ਰ ਨਾਲ ਸ਼ਾਦੀ ਕੀਤੀ ।

ਨੋਟ :- ਆਪ ਜੀ ਨੇ ਬਿਧੀ ਚੰਦ ਦੁਆਰਾ ਘੋੜੇ ਚੋਰੀ ਕਰਨ ਦੀ ਕਹਾਣੀ ਜਰੂਰ ਪੜ੍ਹੀ ਹੋਏਗੀ ਕਿਵੇਂ ਉਹ ਘਾਹੀ ਤੇ ਜੋਤਸ਼ੀ ਬਣਿਆ ਤੇ ਘੋੜੇ ਚੋਰੀ ਕਰ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦਿੱਤੇ । ਇੱਥੇ ਇਕ ਔਰਤ ਨੇ ਘੋੜੇ ਚੋਰੀ ਕੀਤੇ ਉਹ ਵੀ ਸ਼ੇਰ ਸ਼ਾਹ ਸੂਰੀ ਦੇ । ਜੇਕਰ ਦੋਨੇ ਕਹਾਣੀਆਂ ਨੂੰ ਗਹੁ ਨਾਲ ਪੜ੍ਹੀਏ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਦਸਮ ਗ੍ਰੰਥ ਨਾਮੀ ਪੁਸਤਕ ਦੇ ਚੌਥੇ ਕਵੀ ਸੂਮ ਦੀ ਕਾਵਿ ਰਚਨਾ ਤੋਂ ਪ੍ਰਭਾਵਿਤ ਹੋ ਕੇ ਇਸ ਸਾਖੀ ਨੂੰ ਬਿਧੀ ਚੰਦ ਨਾਲ ਜੜ ਦਿੱਤਾ । ਗੁਰੂ ਦਾ ਸਿੱਖ ਕਦੇ ਚੋਰੀ ਨਹੀਂ ਕਰਦਾ ।ਪਰ ਇਕ ਖਾਸ ਮਨਸੂਬੇ ਨਾਲ ਸਾਖੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਨੱਥੀ ਕਰ ਕੇ ਇਹ ਦਰਸਾਣ ਦਾ ਕੋਝਾ ਯਤਨ ਕੀਤਾ ਗਿਆ ਹੈ ਕਿ ਸਿੱਖ ਤਾਂ ਚੋਰ ਉਚੱਕੇ ਸਨ । ਜੇ ਝੂਠ ਲੱਗੇ ਤਾਂ ਤੁਸੀਂ ਦਸਮ ਗ੍ਰੰਥ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਚੋਰਾਂ ਲੁਟੇਰਿਆਂ ਦਾ ਸਰਦਾਰ ਪੜ੍ਹ ਚੁੱਕੇ ਹੋ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪਗੜੀਆਂ ਉਤਰਵਾ ਕੇ ਵੇਚਣ ਤੇ ਵੰਡਣ ਦੀ ਸਾਖੀ ਵੀ ਪੜ੍ਹੀ ਹੈ । ਪਾਉਂਟਾ ਸਾਹਿਬ ਦੀ ਪਰ ਸਾਡੇ ਵੱਡੇ ਪੁਜਾਰੀ-ਧਰਮ ਦੇ ਠੇਕੇਦਾਰ ਅਨੇਕਾਂ ਰਾਗੀ ਢਾਡੀ ਕਥਾ ਵਾਚਕ ਸੰਤ ਸਾਧ ਬ੍ਰਹਮ ਗਿਆਨੀ ਅਨੇਕਾਂ ਸਿੱਖ ਅਖਵਾਉਂਦੇ/ ਅਖਵਾਉਦੀਆਂ ਅਧਾਰਮਿਕ (ਧਾਰਮਿਕ) ਜਥੇਬੰਦੀਆਂ ਤੇ ਡੇਰੇ ਅਥਵਾ ਡੇਰੇਦਾਰ ਹਰ ਰੋਜ ਹੀ ਕਿੱਲ ਕਿੱਲ ਕੇ ਗੁਰੂ ਦਾ ਅਤੇ ਗੁਰਸਿੱਖਾਂ ਦਾ ਘੋਰ ਅਪਮਾਨ ਕਰੀਂ ਜਾ ਰਹੇ ਹਨ । ਪਰ ਅਸੀਂ ਝੂਠ ਸੁਣ ਸੁਣ ਕੇ ਤੇ ਬੇਇੱਜਤੀ ਕਰਵਾ ਕੇ ਅਪਣੇ ਖੀਸੇ ਤੋਂ ਅਪਣੇ ਬੱਚਿਆਂ ਦਾ ਪੇਟ ਚੀਰ ਚੀਰ ਧੰਨ ਤੇ ਪਦਾਰਥ ਦੇ ਕੇ ਉਨ੍ਹਾਂ ਨੂੰ ਹੋਰ ਵੱਡੇ ਤੋਂ ਵੱਡਾ ਝੂਠ ਬੋਲਣ ਦੀ ਹੱਲਾ ਸ਼ੇਰੀ ਦੇਈਂ ਜਾ ਰਹੇ ਹਾਂ । ਗੁਰੂ ਅਪਣੇ ਸਿੱਖਾਂ ਨੂੰ ਬਲ ਤੇ ਬੁੱਧੀ ਦਏ ਅਤੇ ਝੂਠ ਤੋਂ ਪਰਦਾ ਲਾਹੁਣ ਦੀ ਦਲੇਰੀ । ਬਾ ਹੋਸਿਆਰ-ਜਾਗਦੇ ਰਹਿਓ !

**ਬਾਪੂ ਨੇ ਵਿਆਹੀ ਸੀ ਮੈਂ ਨਾਲ ਤੇਰੇ ਰਾਹ ਵਿੱਚ ਮੈਨੂੰ ਪਸੰਦ ਹੋਰ ਆ ਗਿਆ** (ਦੋਇ ਸੌ ਸੈਂਤਾਲੀਸ ਪੰਨਾ ੧੧੬੫-੬੭)

ਪਾਤਰ : ਬੀਰ ਤਿਲਕ (ਨ੍ਰਿਪ), ਪੁਹਪ ਮੰਜਰੀ (ਨਾਰਿ), ਪੁਹਪ ਮੰਜਰੀ (ਨਾਰਿ) ਸ੍ਰੀ ਸੁਰਤਾਨ ਸਿੰਘ (ਪੁੱਤ) ਤੇ ਤਿਲਕ ਮੰਜਰੀ : ਰਾਜਾ ਤਿਲਕ ਦੀ ਰਾਣੀ ਮਾਨੋ ਪ੍ਰਤੱਖ ਕਾਮ ਦੀ ਦੇਵੀ (ਰਾਜੇ ਦੇ ਦੇਸ ਦਾ ਕਵੀ ਨੇ ਜ਼ਿਕਰ ਨਹੀਂ ਕੀਤਾ ਹੋ ਸਕਦਾ ਹੈ ਕਿ ਪਿਛਲੇ ਪੜ੍ਹੇ ਜਾ ਚੁੱਕੇ ਚਰਿੱਤ੍ਰ ੨੪੭ ਵਾਲਾ ਹੀ ਹੋਏ ਪਰ ਔਰਤ ਦਾ ਨਾਂ ਭਾਨ ਮੰਜਰੀ ਤੋਂ ਪੁਹਪ ਮੰਜਰੀ ਹੋ ਗਿਆ ਹੈ ਸ਼ਾਇਦ ਉਸ ਦੀ ਦੂਜੀ ਔਰਤ ਦਾ ਨਾਂ ਹੋਏ) ਨੇ ਇਕ ਪੁੱਤ ਸ੍ਰੀ ਸੁਰਤਾਨ ਸਿੰਘ ਜੰਮਿਆ ਬਿਲਕੁਲ ਇੰਦਰ ਦੇਵਤੇ ਵਰਗਾ ਸੋਹਣਾ । ਜਦ ਓਹ ਵੱਡਾ ਹੋਇਆ ਤਾਂ ਪਿਤਾ ਨੇ ਉਸ ਦਾ ਵਿਆਹ ਕਸ਼ਮੀਰ ਦੇ ਰਾਜੇ ਦੀ ਧੀ ਨਾਲ ਕਰਨ ਲਈ ਬਾਮ੍ਹਣ ਸੱਦ ਕੇ ਮੰਗਣੀ ਕਰ ਦਿੱਤੀ । ਵਿਆਹ ਵਾਲੇ ਦਿਨ ਬੜਾ ਧੰਨ ਬਸਤ੍ਰ ਤੇ ਭਾਂਡੇ ਦਿੱਤੇ । ਕੁੜੀਆਂ ਚਿੜੀਆਂ ਰਲ ਕੇ ਸੁਹਾਗ ਦੇ ਗੀਤ ਗਾਏ । ਬਾਮ੍ਹਣਾ ਨੂੰ ਬੜਾ ਦਾਨ ਕੀਤਾ । ਨੌਜੁਆਨਾ ਨੇ ਨੱਚ ਨੱਚ ਅਪਣੇ ਸ਼ੋਕ ਪੂਰੇ ਕੀਤੇ । ਕੁੜੀਆਂ ਚਿੜੀਆਂ ਨੇ ਸੁੰਦਰ ਬਸਤ੍ਰ ਪਹਿਨੇ-ਰਾਹਾਂ ਚ ਅਗਰ ਤੇ ਚੰਦਨ ਦਾ ਛਿੜਕਾਓ ਕੀਤਾ-ਘਰ ਦੇ ਦਰਵਾਜਿਆਂ ਨੂੰ ਸਜਾਇਆ-ਔਰਤਾਂ ਸੁਹਾਗ ਦੇ ਗੀਤ ਗਾਉਂਦੀਆਂ ਹੋਰ ਵੀ ਸੁੰਦਰ ਲਗਦੀਆਂ।ਘਰਦਿਆਂ ਨੇ ਅੱਗੇ ਹੋ ਕੇ ਬਰਾਤੀਆਂ ਦਾ ਸਵਾਗਤ ਕੀਤਾ ਤੇ ਅਨੇਕਾਂ ਢੰਗਾਂ ਨਾਲ ਵਡਿਆਈ ਕੀਤੀ। ਕਸ਼ਮੀਰ ਦੇ ਰਾਜੇ ਨੇ ਅਪਣੀ ਧੀ ਤਿਲਕ ਮੰਜਰੀ ਸੱਦੀ ਤੇ ਲਾੜੇ ਦੇ ਲੜ ਲਾ ਦਿੱਤੀ । ਬੜਾ ਦਾਜ ਦਿੱਤਾ । ਉਹ ਬਿਰਜਵਤੀ ਨਗਰ ਪੁੱਜੇ-ਉਥੋਂ ਦੇ ਸ਼ਾਹ ਦੇ ਘਰ ਉਤਰੇ-ਦੁਹਲਨ ਨੇ ਸ਼ਾਹ ਦੇ ਪੁੱਤ ਦਾ ਰੂਪ ਤੱਕਿਆ ਤਾਂ ਉਸ ਦੀ ਜਵਾਨੀ ਤੱਕ ਮਰ ਮਿਟੀ-ਉਸ ਦੇ ਤਨ ਦਾ ਹਰ ਅੰਗ ਕਾਮ ਵਿੱਚ ਜਾਗ ਪਿਆ । ਉਸ ਨੇ ਸ਼ਾਹ ਦਾ ਪੁੱਤ ਅਪਣੇ ਘਰ ਸੱਦਿਆ ਤੇ ਹੱਸ ਹੱਸ ਕੇ ਉਸ ਨਾਲ ਭੋਗ ਕੀਤਾ- ਕਈ ਪ੍ਰਕਾਰ ਦੇ ਚੁੰਬਨ ਤੇ ਆਸਣ ਦਿੱਤੇ ।

*ਚੌਪਈ ॥ ਬੋਲਿ ਲਿਯਾ ਤਾਕੋ ਅਪੁਨੇ ਘਰ ॥ ਰਤਿ ਮਾਨੀ ਤਾਸੌ ਹਸਿ ਹਸਿ ਕਰਿ ॥*
*ਅਲਿੰਗਨ ਚੁੰਬਨ ਬਹੁ ਲਏ ॥ ਬਿਬਿਧ ਬਿਧਨ ਸੌ ਆਸਨ ਦਏ ॥੧੪॥*

(ਦੋਇ ਸੌ ਸੈਂਤਾਲੀਸ ਪੰਨਾ ੧੧੯੬)

ਦੋਨੋ ਬਹਿਸ ਬਹਿਸ ਕੇ ਕਲੋਲਾਂ ਕਰਦੇ ਤੇ ਅਨੇਕਾਂ ਢੰਗਾਂ ਨਾਲ ਕੋਕ ਦੀ ਸਿੱਖਿਆ ਵਿਚਾਰਦਿਆਂ ਅਨੇਕਾਂ ਤਰ੍ਹਾਂ ਦੇ ਆਸਣ ਬਣਾਉਂਦੇ ਤੇ ਲਪਟਿ ਲਪਟਿ ਕੇ ਦੋਨੋ ਪਰਮ ਸੁੱਖ ਪ੍ਰਾਪਤ ਕਰਦੇ ਭੋਗ ਕਰਕੇ ਸੌਂ ਜਾਂਦੇ ਤੇ ਫਿਰ ਉਠ ਕੇ ਭੋਗ ਕਰਨ ਲਗ ਜਾਂਦੇ । ਅਨੇਕਾਂ ਪ੍ਰਕਾਰ ਦੀਆਂ ਗੱਲਾਂ ਕਰਦੇ । ਜਦ ਮੁਟਿਆਰ ਤੇ ਨੌਜੁਆਨ ਮਿਲ ਕੇ ਭੋਗ ਕਰਦੇ ਹਨ ਤਾਂ ਕੋਈ ਨਹੀਂ ਹਾਰਦਾ ਬੇਦ ਸਾਸਤ੍ਰ ਸਿੰਮ੍ਰਿਤ ਵੀ ਏਹੋ ਕਹਿੰਦੇ ਹਨ ।

*ਅੜਿੱਲ ॥ ਬਿਹਸਿ ਬਿਹਸਿ ਦੋਊ ਕੁਅਰ ਕਲੋਲਨ ਕੌ ਕਰੈ ॥ ਬਿਬਿਧ ਬਿਧਨ ਕੋਕਨ ਕੇ ਮਤ ਕੌ ਉਚਰੈ ॥*
*ਭਾਂਤਿ ਭਾਂਤਿ ਕੇ ਆਸਨ ਕਰਹਿ ਬਨਾਇਕੈ ॥ ਹੋ ਲਪਟਿ ਲਪਟਿ ਦੋਊ ਜਾਂਹਿ ਪਰਮ ਸੁਖ ਪਾਇਕੈ ॥੧੫॥*
*ਕੇਲ ਕਰਤ ਸ੍ਵੈ ਜਾਂਹਿ ਬਹੁਰਿ ਉਠਿ ਰਤਿ ਕਰੈ ॥ ਭਾਂਤਿ ਭਾਂਤਿ ਚਾਤੁਰਤਾ ਮੁਖ ਤੇ ਉਚਰੈ ॥*
*ਤਰੁਨ ਤਰੁਨਿ ਜਬ ਮਿਲੈ ਨ ਕੋਊ ਹਾਰਹੀ ॥ ਹੋ ਬੇਦ ਸ਼ਾਸਤ੍ਰ ਸਿੰਮ੍ਰਿਤਿ ਇਹ ਭਾਂਤਿ ਉਚਾਰਹੀ ॥੧੬॥*

(ਦੋਇ ਸੌ ਸੈਂਤਾਲੀਸ ਪੰਨਾ ੧੧੯੬-੯੭)

ਔਰਤ ਕਹਿੰਦੀ ਮੈ-ਨੀ-ਖਸਮ ਦੇ ਨਾਲ ਜਾਣਾ ਉਸ ਨੇ ਇਕ ਕੁੜੀ ਨੂੰ ਫੜ ਕੇ ਪਾਲਕੀ ਵਿੱਚ ਧੱਕ ਦਿਤਾ। ਸੂਰਜ ਛੁੱਪਿਆ-ਸਵੇਰ ਹੋਈ-ਰਾਜੇ ਦੇ ਪੁੱਤ ਨੂੰ ਇਸ ਗੱਲ ਦਾ ਭੇਦ ਨਾ ਲੱਗਾ ਕਿ ਉਹ ਅਪਣੀ ਔਰਤ ਨੂੰ ਛੱਡ ਕੇ ਕਿਸੇ ਹੋਰ ਕੁੜੀ ਨੂੰ ਲੈ ਕੇ ਜਾ ਰਿਹਾ ਹੈ।

*ਦੋਹਰਾ ॥ ਰਾਜ ਕੁਅਰਿ ਸੁਤ ਸ਼ਾਹ ਕੇ ਸਦਨ ਰਹੀ ਸੁਖ ਪਾਇ ॥*
*ਘਾਲ ਪਾਲਕੀ ਧਾਇ ਕੀ ਦੁਹਿਤਾ ਦਈ ਪਠਾਇ ॥੨੦॥* (ਦੋਇ ਸੌ ਸੈਂਤਾਲੀਸ ਪੰਨਾ ੧੧੯੭)

ਨੋਟ :- ਦਸਮ ਗ੍ਰੰਥ ਦੀ ਇਹ ਅਨਮੋਲ ਸਿੱਖਿਆ ਸਿੱਖ ਧਰਮ ਦੇ ਮਹਾਨ ਮਹਾਨ ਪੁਜਾਰੀਆਂ ਦੀ ਅਪਾਰ ਕ੍ਰਿਪਾ ਨਾਲ ਧੀਆਂ ਭੈਣਾਂ ਲਈ ਉਨ੍ਹਾਂ ਥਾਲੀ ਪਰੋਸ ਕੇ ਦਿੱਤੀ ਹੈ। ਇਹ ਸਿੱਖਿਆ ਧੀਆਂ ਭੈਣਾਂ ਨੂੰ ਦੱਸਦੀ ਹੈ ਕਿ ਜੇਕਰ ਸੌਹਰੇ ਘਰ ਪੁੱਜਣ ਤੋਂ ਪਹਿਲਾਂ ਤੁਹਾਨੂੰ ਕੋਈ ਹੋਰ ਮੁੰਡਾ ਮਿਲ ਜਾਏ ਤਾਂ ਖਸਮ ਛੱਡ ਕੇ ਉਸ ਦੇ ਵੱਸ ਜਾਓ ਤੇ ਅਪਣੀ ਥਾਂ ਕਿਸੇ ਹੋਰ ਕੁੜੀ ਨੂੰ ਫੜ ਕੇ ਲਾੜੇ ਨਾਲ ਤੋਰ ਦਿਓ। ਸਾਡੇ ਪੁਜਾਰੀ ਇਸ ਤੋਂ ਵੱਧ ਹੋਰ ਕੀ ਸੁਗਾਤ ਦੇ ਸਕਦੇ ਹਨ ? ਕੰਨਿਆ ਦਾਨ ਦੇ ਦਸ ਪੈਸੇ ਤਾਂ ਦੇਣੋ ਰਹੇ। ਹਾਂ ਅਜਿਹੀਆਂ ਲੱਚਰ ਕਵਿਤਾਵਾਂ ਤੇ ਉਨ੍ਹਾਂ ਪਾਤਸ਼ਾਹੀ ੧੦ ਲਿਖ ਕੇ ਸਿੱਖ ਕੌਮ ਤੇ ਇਕ ਹੋਰ ਵੱਡਾ ਉਪਕਾਰ ਕੀਤਾ ਹੈ। ਜੇਕਰ ਪਾਤਸ਼ਾਹੀ ੧੦ ਨਾ ਲਿਖਦੇ ਤਾਂ ਉਨ੍ਹਾਂ ਦੀ ਦੁਕਾਨਦਾਰੀ ਨਹੀਂ ਸੀ ਚੱਲਣੀ । ਹੁਣ ਦਸੇਂ ਉਗਲਾਂ ਘੀ-ਚ-ਹਨ ਨਾਲੇ ਪੁੰਨ ਤੇ ਨਾਲੇ ਫਲੀਆਂ । ਅਖੰਡ ਪਾਠ ਤੇ ਸਹਿਜ ਪਾਠ ਕਰ ਕੇ ਉਹ ਵੱਡੀਆਂ ਰਕਮਾਂ ਤਾਂ ਬਟੋਰਦੇ ਹੀ ਹਨ ਨਾਲ ਹੀ ਸੋਹਣੀਆਂ ਕੁੜੀਆਂ ਨੂੰ ਉਹ ਤ੍ਰਿਯਾ ਚਰਿੱਤ੍ਰ ਦੀ ਮਹਾਂ ਪਵਿਤ੍ਰ (ਅਪਵਿਤ੍ਰ) ਬਾਣੀ ਪੜ੍ਹ ਕੇ ਸੁਣਾਉਂਦਿਆਂ ਅਪਣਾ ਕਾਮ ਦਾ ਝੱਸ ਵੀ ਪੂਰਾ ਕਰਦੇ ਹਨ । ਜੇ ਝੂਠ ਲੱਗੇ ਤਾਂ ਦਸਮ ਗ੍ਰੰਥ ਦੇ ਪਾਠੀ ਦਾ ਪਾਠ ਕਰਨ ਤੋਂ ਹਟਣ ਤੋਂ ਬਾਦ ਤੇੜ ਪਹਿਨਿਆ ਕਛੈਹਿਰਾ ਚੈਕ ਕਰ ਲੈਣਾ । ਗੁੱਸਾ ਨਾ ਖਾਇਓ, ਸੱਚ ਕੌੜਾ, ਤੁੰਬੇ ਵਰਗਾ ਕੌੜਾ ਹੁੰਦਾ ਹੈ ਪਰ ਜਿਹੜਾ ਇਸ ਨੂੰ ਹਜ਼ਮ ਕਰਦਾ ਹੈ ਉਸ ਦੇ ਅਨੇਕਾਂ ਰੋਗ ਸਣੇ ਕਿਟਾਣੂਆਂ ਦੇ ਮਾਰੇ ਜਾਂਦੇ ਹਨ। ਹਾਂ ਖ਼ਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

## ਇਲਾਕਾ : ਨਰਬਦਾ

(ਦੋਇ ਸੌ ਅਠਤਾਲੀਸ ਚਰਿਤ੍ਰ ਪੰਨਾ ੧੧੯੭-੯੮)

ਪਾਤਰ : ਚਿਤ੍ਰਰਥ (ਨ੍ਰਿਪਤ), ਚਿੱਤ੍ਰ ਮੰਜਰੀ (ਤ੍ਰਿਯਾ), ਚਿੱਤ੍ਰ ਕੇਤ (ਪੁੱਤ), ਬਚਿੱਤ੍ਰ ਧੁਜ (ਪੁੱਤ), ਸਸਿ ਧੁਜ (ਪੁੱਤ), ਰਵਿ ਧੁਜ (ਪੁੱਤ), ਨਵਲ ਸ਼ਾਹ ਤੇ ਸਸਿ ਆਭਾ ਵਤਿ (ਦੁਹਿਤਾ)

**ਚਾਰ ਕਤਲ ਕਰੋ ਤੇ ਚਾਰ ਸੰਦੂਕ ਅਸ਼ਰਫੀ ਘਰ ਲੈ ਜਾਓ :** ਨਰਬਦਾ ਨਦੀ ਦੇ ਰਾਜੇ ਚਿਤ੍ਰਰਥ ਦੀ ਖ਼ੂਬਸੂਰਤ ਰਾਣੀ ਚਿੱਤ੍ਰ ਮੰਜਰੀ ਨੇ ਚਾਰ ਸੁੰਦਰ ਪੁੱਤ ਚਿੱਤ੍ਰ ਕੇਤ, ਬਚਿੱਤ੍ਰ ਧੁਜ, ਸਸਿ ਧੁਜ ਤੇ ਰਵਿ ਧੁਜ ਜੰਮੇਂ । ਨਗਰ ਦੇ ਸ਼ਾਹ ਦੀ ਧੀ ਸਸਿ ਆਭਾ ਵਤਿ ਦਾ ਰੂਪ ਦੇਖ ਦੇਖ ਦੇਵਤੇ ਤੇ ਦੈਂਤ ਵੀ ਮੋਹੇ ਜਾਂਦੇ । ਰਾਜੇ ਦੇ ਚਾਰੋਂ ਪੁੱਤ ਵੀ ਓਹਦਾ ਹੁਸਨ ਦੇਖ ਦੇਖ ਰੀਝਦੇ ਰਹਿੰਦੇ । ਰਾਜੇ ਦੇ ਇਕ ਪੁੱਤ ਨੇ ਉਸ ਔਰਤ ਨਾਲ ਭੋਗ ਕੀਤਾ ਤੇ ਇਹ ਚਾਰੋਂ ਵੀ ਉਸ ਔਰਤ ਦੇ ਘਰ ਉਸ ਨੂੰ ਭੋਗਣ ਜਾ ਪੁੱਜੇ । ਉਸ ਔਰਤ ਨੇ ਚਾਰਾਂ ਨੂੰ ਵੱਖ ਵੱਖ ਚਿੱਠੀਆਂ ਲਿਖ ਕੇ ਬੁਲਾਇਆ ਤੇ ਕਿਸੇ ਨੂੰ ਭੇਦ ਨਾ ਜਿਤਾਇਆ । ਉਸ ਨੇ ਅਪਣੀ ਮਿਤ੍ਰ ਨੂੰ ਕਿਹਾ ਕਿ ਜਿਵੇਂ ਜਿਵੇਂ ਉਹ ਆਉਣ ਤਾਂ ਪੈਰ ਦੇ ਖੜਾਕ ਨਾਲ ਮੈਨੂੰ ਇਸ਼ਾਰਾ ਕਰ ਦੇਵੀਂ । ਉਹ ਆਇਆ ਤਾਂ ਚਾਰ ਸੰਦੂਕਾਂ ਵਿੱਚੋਂ ਇਕ ਵਿੱਚ ਬੰਦ ਕਰ ਦਿੱਤਾ-ਫਿਰ ਦੂਜਾ, ਤੀਜਾ ਤੇ ਚੌਥਾ । ਚਾਰੋਂ ਸੰਦੂਕ ਚੱਕ ਕੇ ਉਹ ਰਾਜੇ ਪਾਸ ਪੁੱਜੀ (ਪਤਾ ਨੀ ਚਾਰ ਸੰਦੂਕ ਇਕੱਲੀ ਨੇ ਚੁੱਕੇ ਜਾਂ ੨੦-੨੫ ਬੰਦਿਆਂ ਨੇ) ਉਸ ਨੇ ਚਾਰੋਂ ਸੰਦੂਕ ਰਾਜੇ ਤੇ ਵਾਰ ਕੇ ਨਦੀ ਵਿੱਚ ਸੁੱਟ ਦਿੱਤੇ (ਤੁਹਾਡੇ ਮਨ ਗਲ ਜਚੀ ਹੋਏ ਤਾਂ ਪਤਾ

ਨੀ ਪਰ ਮੈਨੂੰ ਬਿਲਕੁਲ ਨਹੀਂ ਜਚੀ ਐਂਵੇ ਗਪੌੜ ਲੱਗਦੀ ਐ) ਰਾਜਾ ਕਹਿੰਦਾ ਕਿ ਉਸ ਨੇ ਮੇਰੇ ਤੇ ਵਾਰ ਕੇ ਜਿਤਨਾ ਧੰਨ ਨਦੀ ਵਿੱਚ ਸੁੱਟਿਆ ਉਹ ਉਸ ਨੂੰ ਦੇ ਦਿਓ । ਉਸ ਨੂੰ ਚਾਰ ਸੰਦੂਕ ਅਸ਼ਰਫੀ ਦੇ ਦਿੱਤੀ । ਉਹ ਰਾਜੇ ਦੇ ਚਾਰੋਂ ਪੁੱਤਾਂ ਨੂੰ ਡੁਬੋ ਕੇ ਚਾਰ ਅਸ਼ਰਫੀ ਲੈ ਕੇ ਘਰ ਪਰਤੀ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਨੌਜਵਾਨ ਧੀ ਭੈਣ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਈ ਕਤਲ ਕਰਨ ਬਦਲੇ ਫਾਂਸੀ ਨਹੀਂ ਬਲਕਿ ਚਾਰ ਸੰਦੂਕ ਅਸ਼ਰਫੀ ਦੇ ਮਿਲਦੇ ਹਨ । ਕਹਿੰਦੇ ਬਈ ਪਾਤਸ਼ਾਹੀ ੧੦ ਨੇ ਇਹ ਸਿੱਖਿਆ ਆਪ ਲਿਖੀ ਹੈ । ਇਸ ਨੂੰ ਉਹ ਗੁਰਬਾਣੀ ਕਹਿੰਦੇ ਹਨ । ਲੱਗਦੈ ਉਨ੍ਹਾਂ ਗੁਰਬਾਣੀ ਦੇ ਕਦੇ ਦਰਸ਼ਨ ਕੀਤੇ ਈ-ਨੀ ਇਸੇ ਗੰਦ ਮੰਦ ਨੂੰ ਪੜ੍ਹਦਿਆਂ ਉਮਰ ਵਿਹਾ ਦਿੱਤੀ ਤੇ ਵਿਹਾ ਰਹੇ ਹਨ । ਰੱਬ ਖ਼ੈਰ ਕਰੇ ਤੇ ਸੁਮੱਤ ਦਏ । ਆਪ ਜੀ ਨੇ ਪੂਰੇ ਸਿਰੜ ਨਾਲ ਮਨ ਤੇ ਪੱਥਰ ਰੱਖ ਕੇ ਦਸਮ ਗ੍ਰੰਥ ਦਾ ਹੁਣ ਤੱਕ ਦਾ ਅਧਿਐਨ ਕੀਤਾ ਹੈ । ਆਪ ਜੀ ਦਾ ਧੰਨਵਾਦ । ਬਾ ਹੋਸਿਆਰ-ਜਾਗਦੇ ਰਹਿਓ !

ਨਗਰ : ਬਤਿਸੁ ਲੱਛਨ (ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੬੮-੭੦)

## ਤੇਰਾ ਰੂਪ ਤੱਕ ਕੇ ਮੈਂ ਸ਼ਰਾਬਣ ਹੋਈ

ਪਾਤਰ : ਸੈਨ ਸੁਲੱਛਨ (ਨ੍ਰਿਪ), ਮੰਜਿ੍ ਬਿਚੱਛਨਿ (ਨਾਰਿ) ਤੇ ਬਿਤਨ ਕੇਤ (ਸੁਤ)

ਅਮਰਾਵਤੀ ਤੱਟ ਦੇ ਨਗਰ ਬਤਿਸੁ ਲੱਛਨ ਦੇ ਰਾਜਾ ਸੈਨ ਸੁਲੱਛਨ ਦੀ ਔਰਤ ਮੰਜਿ੍ ਬਿਚੱਛਨਿ ਨੇ ਵਿਆਕਰਨ ਸਾਸਤ੍ਰ ਅਤੇ ਕੋਕ ਸਾਸਤ੍ਰ ਚੰਗੀ ਤਰ੍ਹਾਂ ਪੜ੍ਹੇ । ਵਿਆਕਰਨ ਦੁਆਰਾ ਕੋਕ ਸਾਸਤ੍ਰ ਪੜ੍ਹਨ ਕਰਕੇ ਉਸ ਦੀ ਬੜੀ-ਈ-ਸੋਭਾ । ਦੇਵਤੇ ਮਨੁੱਖ ਖੜੱਪੇ ਸੱਪ ਤੇ ਦੈਂਤਾਂ ਦਾ ਉਹ ਮਨ ਮੋਂਹਦੀ । ਉਥੇ ਇਕ ਸ਼ਾਹ ਦਾ ਪੁੱਤ ਬਿਤਨਕੇਤ ਬੜਾ-ਈ-ਸਨੁੱਖਾ ਜਣੋ ਉਸ ਨੇ ਕਾਮ ਦੇਵਤੇ ਦਾ ਅਵਤਾਰ ਧਾਰਿਆ ਹੋਏ । ਅੱਖਾਂ ਓਹਦੀਆਂ ਮਾਨੋ ਹਿਰਨ ਦੀਆਂ ਚੁਰਾਈਆਂ ਹੋਣ ਤੇ ਅਵਾਜ਼ ਕੋਇਲ ਵਰਗੀ ਮਿੱਠੀ । ਓਹਨੂੰ ਤੱਕ ਔਰਤ ਅਪਣੀ ਸੁੱਧ ਬੁੱਧ ਖੋ ਬੈਠੀ ਤੇ ਲੋਕ ਲਾਜ ਤੇ ਕੁੱਲ ਦੀ ਸ਼ਰਮ ਵੀ ਖੋ ਬੈਠੀ । ਔਰਤ ਨੇ ਉਸ ਨੂੰ ਬੁਲਾਇਆ ਤੇ ਅਨੇਕਾਂ ਤਰ੍ਹਾਂ ਦੇ ਖਾਣੇ ਖਾਣ ਨੂੰ ਦਿੱਤੇ । ਉਸ ਦਾ ਭੋਗ ਕਰਨ ਨੂੰ ਚਿੱਤ ਕਰਿਆ ਤਾਂ ਸ਼ਰਮ ਕੀਲੇ ਟੰਗ ਕੇ ਸਾਫ ਕਹਿ ਦਿੱਤਾ :-

*ਚੌਪਈ ॥ ਭੇਦਿ ਪਾਇ ਤ੍ਰਿਯ ਤਾਹਿ ਬੁਲਾਇਸਿ ॥ ਭਾਂਤਿ ਭਾਂਤਿ ਭੋਜਨਹਿ ਖਵਾਇਸਿ ॥*

*ਕੇਲ ਕਰਨ ਤਾਸੋਂ ਚਿਤ ਚਹਾ ॥ ਲਾਜਿ ਬਿਸਾਰਿ ਪ੍ਰਗਟ ਤਿਹ ਕਹਾ ॥੬॥* (ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੬੯)

ਬਿਤਨਕੇਤ ਨੇ ਜਦ ਇਹ ਸੁਣਿਆ ਤਾਂ ਉਸ ਨੇ ਅਪਣਾ ਨੱਕ ਚੜ੍ਹਾਉਂਦੇ ਹੋਏ ਸਾਫ ਮਨਾ ਕਰ ਦਿੱਤਾ । ਕਹਿੰਦਾ ਮੈਂ ਅਪਣੀ ਨਾਰਿ ਛੱਡ ਕੇ ਤੇਰੇ ਨਾਲ-ਨੀ-ਭੋਗ ਕਰਨਾ। ਤੂੰ ਜਿੰਨੇ ਮਰਜੀ ਲੱਛਣ ਕਰ ਤੇ ਹੋਰ ਉਪਾਅ ਮੈਂ ਨੀ ਅਪਣਾ ਧਰਮ ਛੱਡਣਾ। ਜਦ ਉਹ ਨਾ ਮੰਨਿਆ ਤਾਂ ਉਸ ਨੂੰ ਪਕੜ ਕੇ ਭੋਰੇ ਸੁੱਟ ਦਿੱਤਾ ਤੇ ਲੋਕਾਂ ਨੂੰ ਆਖ ਦਿੱਤਾ ਕਿ ਸ਼ਾਹ ਦਾ ਪੁੱਤ ਮਰ ਗਿਆ ਹੈ । ਉਸ ਨੇ ਹਾਰ ਸਿੰਗਾਰ ਕਰ ਕੇ ਮੁੜ ਮਿੰਨਤ ਤਰਲੇ ਕੀਤੇ, ਪੈਰੀਂ ਪਈ-ਹਾੜੇ ਕੱਢੇ ਪਰ ਕੰਬਖਤ ਟੱਸ ਤੋਂ ਮੱਸ ਨਾ ਹੋਇਆ ਸਗੋਂ ਔਰਤ ਦੀ ਬੇਇੱਜਤੀ ਕਰ ਦਿੱਤੀ :-

*ਅਧਿਕ ਜਤਨ ਰਾਨੀ ਕਰਿ ਹਾਰੀ ॥ ਪਾਇ ਪਰੀ ਲਾਤਨ ਜੜ ਮਾਰੀ ॥*

*ਚਲੁ ਕੂਕਰੀ ਨਿਲੱਜ ਮੂੜ ਮਤਿ ॥ ਕਾਮ ਭੋਗ ਚਾਹਤ ਮੋਸੋ ਕਤ ॥੧੪॥* (ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੬੯)

ਮੰਦੇ ਬੋਲ ਸੁਣਦਿਆਂ ਹੀ ਰਾਣੀ ਨੂੰ ਚੜ੍ਹਿਆ ਗੁੱਸਾ-ਭੇਜ ਕੇ ਸਖੀ ਬੁਲਾਇਆ ਖ਼ਸਮ ਕਹਿੰਦੀ ਜਿਹੜਾ ਅਪਣੇ ਸ਼ਾਹ ਦਾ ਪੁੱਤ ਮਰ ਗਿਆ ਤਾ-ਨਾ ਉਹ ਭੂਤ ਬਣ ਕੇ ਅਪਣੇ ਘਰ ਆ ਗਿਆ ਐ ਚੱਲ ਮੈਂ ਤੈਨੂੰ ਦਿਖਾਵਾਂ। ਖਸਮ ਕਹਿੰਦਾ ਬਿਨਾ ਦੇਰੀ ਏਹ ਨੂੰ ਜਲਾ ਕੇ ਧਰਤੀ ਚ ਗੱਡ ਦਿਓ ਬਸ ਹੁਕਮ ਦੀ ਦੇਰ ਸੀ, ਗੱਡਤਾ ਧਰਤੀ ਚ। ਕਵੀ ਕਹਿੰਦਾ ਕਦੇ ਔਰਤ ਨੂੰ ਦਿਲ ਨਾ ਦੇ ਦਿਓ ਪਰ ਔਰਤ ਦਾ ਚਿੱਤ ਹਮੇਸਾਂ ਚੋਰੀ ਕਰ ਕੇ ਰੱਖੋ । ਹਾਂ ਔਰਤ ਦਾ ਕਦੇ ਵਿਸ਼ਵਾਸ ਨਹੀਂ ਕਰਨਾ ਤੇ ਮਨ ਚ ਹਮੇਸਾਂ ਔਰਤ ਤੋਂ ਡਰ ਕੇ ਰਹਿਣਾ ।

*ਤਰੁਨਿਨ ਕਰ ਹਿਯਰੋ ਨਹਿ ਦੀਜੈ ॥ ਤਿਨ ਕੋ ਚੋਰਿ ਸਦਾ ਚਿਤ ਲੀਜੈ ॥*

*ਤ੍ਰਿਯ ਕੋ ਕਛੁ ਬਿਸ੍ਵਾਸ ਨ ਕਰਿਯੈ ॥ ਤ੍ਰਿਯ ਚਰਿੱਤ੍ਰ ਤੇ ਜਿਯ ਅਤਿ ਡਰਿਯੈ ॥੨੦॥*

(ਦੋਇ ਸੌ ਉਨਚਾਸ ਚਰਿਤ੍ਰ ਪੰਨਾ ੧੧੭੦)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਮਨੁੱਖ ਨੂੰ ਉਪਦੇਸ ਦਿੰਦੀ ਹੈ ਕਿ ਔਰਤ ਦਾ ਭੁੱਲ ਕੇ ਵੀ ਭਰੋਸਾ ਨੀ ਖਾਣਾ । ਔਰਤ ਨੂੰ ਕਦੇ ਵੀ ਅਪਣਾ ਦਿਲ ਨੀ ਦੇਣਾ ਪਰ ਔਰਤ ਦਾ ਚਿੱਤ ਹਮੇਸਾਂ ਚੋਰੀ ਕਰਕੇ ਰੱਖਣਾ ਅਤੇ ਔਰਤ ਤੋਂ ਡਰ ਕੇ ਰਹਿਣਾ । ਔਰਤ ਨੂੰ ਉਪਦੇਸ ਦੇਂਦੀ ਹੈ ਕਿ ਜੇਕਰ ਪਸੰਦ ਆਇਆ ਬੰਦਾ ਭੋਗ ਕਰਨ ਨੂੰ ਰਾਜੀ ਨਾ ਹੋਏ ਤਾਂ ਜਿੰਦਾ ਜਲਾ ਦੇਣਾ ਤੇ ਲੋਕਾਂ ਨੂੰ ਆਖ ਦੇਣਾ ਭੂਤ ਜਲਾਇਆ ਐ । ਹੈ ਨਾ ਕਮਾਲ ਦੀ ਸਿੱਖਿਆ । ਵੱਡੇ ਪੁਜਾਰੀ ਦਾ ਧੰਨਵਾਦ ਜਰੂਰ ਕਰਿਓ ਕਿਉਂਕਿ ਬੜੀ ਮੇਹਨਤ ਨਾਲ ਉਨ੍ਹਾਂ ਇਹ ਲੱਭ ਕੇ ਇਸ ਕਿਤਾਬ ਵਿੱਚ ਫਿੱਟ

ਕੀਤੀ ਐ। ਹੁਣ ਪਤੀ ਤੇ ਪਤਨੀ ਦੇ ਪ੍ਰਸਪਰ ਪ੍ਰੇਮ ਸਬੰਧ ਜਾਂ ਦਿਲੀ ਪਿਆਰ ਦੇ ਰਿਸਤੇ ਖੇਰੂੰ ਖੇਰੂੰ ਹੋ ਜਾਣਗੇ। ਪੁਜਾਰੀਆਂ ਦੀ ਕਪਾਹ ਖਿੜੀ ਹੀ ਖਿੜੀ। ਪਤੈ ਕਿਉਂ ? ਜਦ ਘਰ ਹਰ ਰੋਜ ਛਿੱਤਰ ਖੜਕੂ ਤਾਂ ਦੋਨੋ ਮੀਆਂ ਬੀਬੀ ਅਪਣੇ ਅਪਣੇ ਮਨ ਭਾਉਂਦੇ ਬਾਬੇ ਕੋਲ ਜਾਣਗੇ-ਉਹ ਕਈ ਟੋਟਕੜੇ ਦੱਸਣਗੇ-ਖੀਸੇ ਦੀ ਮਾਇਆ ਲੈਣਗੇ-ਆਪ ਮਰਸਡੀਜ਼ ਤੇ ਝੰਡੀ ਲਗਾ ਕੇ ਝੂਟੇ ਲੈਣਗੇ ਤੇ ਮਾਲਕ ਤੀਵੀਂ ਟੁੱਟੇ ਸਾਈਕਲ ਤੇ । ਬਾਬੇ ਵਾਸਨਾ ਛੱਡਦੇ ਪਕਵਾਨ ਖਾਣਗੇ ਜਦ ਕਿ ਇਨ੍ਹਾਂ ਦੇ ਬੱਚੇ ਤੇ ਖੁਦ ਆਪ ਲੱਸੀ ਦੇ ਘੁੱਟ ਲਈ ਵਿਲਕਣਗੇ । ਇਸ ਤੋਂ ਵੱਧ ਪੁਜਾਰੀ ਸਿੱਖ ਕੌਮ ਦਾ ਹੋਰ ਕੀ ਸਵਾਰ ਸਕਦੇ ਹਨ ? ਉਹ ਵੀ ਪਾਤਸ਼ਾਹੀ ੧੦ ਲਿਖ ਕੇ । ਹਰ ਰਚਨਾ ਤੇ ਪਾਤਸ਼ਾਹੀ ੧੦ ਲਿਖ ਦੇਣਾ ਕੋਈ ਖਾਲਾ ਜੀ ਦਾ ਬਾੜਾ ਐ । ਕੋਈ ਜਿਗਰੇ ਵਾਲਾ ਈ ਕਰ ਸਕਦੈ । ਪੁਜਾਰੀਆਂ ਤੋਂ ਵੱਡਾ ਜਿਗਰਾ ਹੋਰ ਕਿਸ ਦਾ ਹੋ ਸਕਦੈ ਪਾਥੀ ਜਿੱਡਾ ।ਬਾ ਹੋਸਿਆਰ-ਜਾਗਦੇ ਰਹਿਓ !

## ਨਗਰ : ਅਜਿਤਾਵਤੀ

(ਦੋਇ ਸੌ ਪਚਾਸ ਚਰਿਤ੍ਰ ਪੰਨਾ ੧੧੭੦-੭੧)

ਪਾਤਰ : ਅਜਿਤ ਸਿੰਘ (ਰਾਜਾ), ਅਜਿਤ ਮੰਜਰੀ (ਤ੍ਰਿਯਾ), ਭੁਜੰਗ ਮਤੀ (ਦੁਹਿਤਾ) ਤੇ ਬ੍ਰਿਖਭ ਧੁਜਿ (ਪੁੱਤ),

**ਉਠ ਓਏ ਸਿੰਘਾ ਨੀਂਦ ਤੋਂ ਜਾਗੁ ਓਏ ਲੁਟ ਲਿਆ ਵਿਰਸਾ ਤੇਰਾ ਲੁਟ ਲਿਆ ਇਤਿਹਾਸ ਓਏ** : ਅਮਰਾਵਤੀ ਨਗਰ ਦੇ ਰਾਜਾ ਅਜਿਤ ਸਿੰਘ ਦੀ ਰਾਣੀ ਅਜਿਤ ਮੰਜਰੀ ਨੇ ਮਨ ਕ੍ਰਮ ਤੇ ਬਚਨਾਂ ਨਾਲ ਓਹ ਵਸਿ ਕਰ ਰੱਖਿਆ ਸੀ । ਉਸ ਦੀ ਧੀ ਭੁਜੰਗ ਮਤੀ ਅੰਤਾਂ ਦੀ ਸੋਹਣੀ ਨੇ ਕੋਕ ਸ਼ਾਸਤ੍ਰ-ਵਿਆਕਰਨ ਤੇ ਸ਼ਾਸਤ੍ਰਾਂ ਨੂੰ ਚੰਗੀ ਤਰ੍ਹਾਂ ਪੜ੍ਹ ਰੱਖਿਆ ਸੀ । ਉੱਥੇ ਇਕ ਸ਼ਾਹ ਦੇ ਸੋਹਣੇ ਸੁਨੱਖੇ ਪੁੱਤ ਬ੍ਰਿਖਭ ਧੁਜਿ ਨੂੰ ਦੇਖ ਕੇ ਉਹ ਦੀਵਾਨੀ ਹੋ ਗਈ । ਉਸ ਨੇ ਅਪਣੀ ਇਕ ਸਹੇਲੀ ਨੂੰ ਬੁਲਾ ਕੇ ਦਿਲ ਦਾ ਭੇਦ ਸਮਝਾ ਕੇ ਉਸ ਪਾਸ ਭੇਜਿਆ । ਸਹੇਲੀ ਹਵਾ ਦੀ ਤਰ੍ਹਾਂ ਗਈ ਤੇ ਸਾਰੀ ਰਮਜ਼ ਸਮਝਾ ਕੇ ਦੋਨਾਂ ਦਾ ਮੇਲ ਜੋਲ ਕਰਾ ਦਿੱਤਾ ਤੇ ਫਿਰ :-

*ਉਠਿ ਸੁ ਕੁਅਰਿ ਤਿਨ ਲੀਨ ਗਰੇ ਸੌ ਲਾਇ ਕਰਿ ॥*
*ਅਲਿੰਗਨ ਕਰਿ ਚੁੰਬਨ ਹਰਖ ਉਪਜਾਇ ਕਰਿ ॥*
*ਭਾਂਤਿ ਭਾਂਤਿ ਤਿਹ ਭਜਾ ਪਰਮ ਰੁਚਿ ਮਾਨਿਕੈ ॥*
*ਹੋ ਪ੍ਰਾਨਨ ਤੇ ਪਯਾਰੋ ਸਜਨ ਪਹਿਚਾਨਿਕੈ ॥੭॥* (ਦੋਇ ਸੌ ਪਚਾਸ ਚਰਿਤ੍ਰ ਪੰਨਾ ੧੧੭੧)

ਕਲੋਲਾਂ ਕਰਦਿਆਂ ਤੇ ਉਸ ਦਾ ਪਿਓ ਆ ਗਿਆ । ਉਸ ਨੇ ਪਿਤਾ ਨੂੰ ਦੇਖ ਕੇ ਮੂੰਹ ਤੇ ਪਰਦਾ ਕਰਕੇ ਰੋਣਾ ਸੁਰੂ ਕਰ ਦਿੱਤਾ ਕਹਿੰਦੀ ਬੜੇ ਦਿਨਾਂ ਬਾਦ ਮਿਲੀ ਆਂ ਇਸੇ ਲਈ ਰੋਣਾਂ ਆ ਗਿਆ। ਜਦ ਤੋਂ ਸਸੁਰਾਲ (ਸੌਹਰੇ) ਗਈ ਆਂ ਓਦਣ ਤੋਂ ਹੁਣ ਆਈ ਆਂ । ਏਨੇ ਚਿਰ ਬਾਦ ਦੇਖ ਕੇ ਤੈਨੂੰ ਬਾਪੂ ਮੋਹ ਜਾਗ ਪਿਆ । ਅਜਿਤ ਸਿੰਘ ਨੇ ਜਦ ਇਹ ਸੁਣਿਆ ਤਾਂ ਰੋਂਦੀ ਧੀ ਨੂੰ ਗਲੇ ਲਗਾ ਕੇ ਚੁੱਪ ਕਰਾਇਆ । ਏਸੇ ਬਹਾਨੇ ਉਸ ਨੇ ਮਿਤ੍ਰ ਟ੍ਰਕਾ ਦਿੱਤਾ ।

ਨੋਟ :- ਜਿਵੇਂ ਆਪ ਜੀ ਪਿਛੇ ਵੀ ਪੜ੍ਹ ਚੁੱਕੇ ਹੋ ਕਿ ਕਿਵੇਂ ਇਕ ਖਾਸ ਸਾਜਿਸ ਨਾਲ ਸਿੱਖਾਂ (ਸਿੰਘਾਂ) ਨੂੰ ਜਲੀਲ ਕੀਤਾ ਗਿਆ ਹੈ ਤੇ ਅੱਗੇ ਹੋਰ ਵੀ ਸ਼ਰਮਨਾਕ ਕਥਾ ਕਹਾਣੀਆਂ ਘੜ੍ਹ ਕੇ ਉਨ੍ਹਾਂ ਨੂੰ ਕੱਖੋਂ ਹੌਲੇ ਕਰਨ ਦੀ ਕੋਸ਼ਿਸ ਕੀਤੀ ਗਈ ਹੈ । ਜਿਹੜੀਆਂ ਜਥੇਬੰਦੀਆਂ-ਸਿਆਸੀ ਲੋਕ ਸੰਤ ਸਾਧ ਜਾਂ ਬ੍ਰਹਮ ਗਿਆਨੀ ਤੇ ਪੁਜਾਰੀ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ/ਮੰਨਦੀਆਂ ਹਨ ਉਨ੍ਹਾਂ ਨੂੰ ਸ਼ਰਮੋਸ਼ਾਰ ਹੋਣਾ ਚਾਹੀਦਾ ਹੈ । ਪਤਾ ਨਹੀਂ ਉਨ੍ਹਾਂ ਦੇ ਪੱਲੇ ਅਣਖ ਨਾਂ ਦਾ ਸਬਦ ਹੈ ਜਾਂ ਨਹੀਂ ਵਰਨਾ ਇਤਨੀ ਬੇਇੱਜਤੀ ਜੇ ਗਲੀ ਦੇ ਕੁੱਤੇ ਦੀ ਹੋ ਜਾਏ ਓਹ ਵੀ ਮੁੜ ਮੁਹੱਲੇ ਨਹੀਂ ਬੜਦਾ । ਇਸ ਤੋਂ ਵੱਧ ਹੋਰ ਅਪਮਾਨ ਅਪਣਾ ਤੇ ਅਪਣੀ ਕੌਮ ਦਾ ਓਹ ਹੋਰ ਕੀ ਕਰਵਾ ਸਕਦੇ ਹਨ । ਕਹਿੰਦੇ ਕਿ ਇਸ ਦਾ ਪ੍ਰਕਾਸ਼ ਗੁਰਦੁਆਰਿਆਂ ਚ ਕਰੋ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਈ ਥਾਈ ਤਾਂ ਬੇਸ਼ਰਮਾਂ ਨੇ ਇਸ ਦਾ ਪ੍ਰਕਾਸ਼ ਕਰਨਾ ਵੀ ਸੁਰੂ ਕਰ ਦਿੱਤਾ ਹੈ । ਰੱਬ ਖ਼ੈਰ ਕਰੇ ਸਿੱਖ ਜੁਝਾਰੂ ਨੀਂਦ ਤੋਂ ਜਾਗ ਕੇ ਵਿਰਸਾ ਸੰਭਾਲਣ । ਜਾਗਦੇ ਰਹਿਓ !

## ਮਿਤ੍ਰ ਚੁੱਕ ਕੇ ਭੋਰੇ ਸੁੱਟੋ ਤੇ ਸਾਲ ਭਰ ਓਹਦੇ ਨਾਲ ਭੋਗ ਕਰੋ

(ਦੋਇ ਸੌ ਇਕਯਾਵਨ ਚਰਿਤ੍ਰ ਪੰਨਾ ੧੧੭੧-੭੨)

ਪਾਤਰ : ਬਿਕਟ ਕਰਨ (ਨ੍ਰਿਪ), ਸ੍ਰੀ ਮਕਰਾਛ ਕੁਅਰਿ (ਬਨਿਤਾ), ਸ੍ਰੀ ਜਲ ਜਾਛ (ਸੁਤਾ) ਤੇ ਕਲਪ ਬ੍ਰਿਛ ਧੁਜ (ਨ੍ਰਿਪ)

ਬਿਕਟ ਕਰਨ ਰਾਜੇ ਦੀ ਰਾਣੀ ਸ੍ਰੀ ਮਕਰਾਛ ਕੁਅਰਿ ਜਣੋ ਚੰਦ ਦਾ ਟੁਕੜਾ ਨੇ ਕੁੜੀ ਜੰਮੀ ਸ੍ਰੀ ਜਲ ਜਾਛ ਐਨੀ ਸੋਹਣੀ ਐਨੀ ਸੋਹਣੀ ਬਈ ਅਜਿਹੀ ਕੁੜੀ ਕੋਈ ਹੋਰ ਨਾ ਘੜ ਸਕਿਆ। ਉਸ ਨੇ ਕਲਪ ਬ੍ਰਿਛ ਨਾਂ ਦੇ ਰਾਜੇ ਨੂੰ ਦੇਖਿਆ ਤੇ ਦੀਵਾਨੀ ਹੋ ਗਈ। ਉਸ ਨੇ ਇਕ ਪ੍ਰੇਮ ਦੀ ਚਿੱਠੀ ਲਿਖੀ ਤੇ ਮਨ ਦੀ ਬ੍ਰਿਥਾ ਦੱਸੀ। ਮਿਤ੍ਰ ਨੂੰ ਡੋਰਾ (ਭੋਰਾ) ਚ ਸੁੱਟ ਦਿੱਤਾ ਤੇ ਕਿਸੇ ਨੂੰ ਭਿਣਕ ਨਾ ਪੈਣ ਦਿੱਤੀ। ਉਸ ਦੇ ਬਾਪ ਨੂੰ ਕਹਿੰਦੀ ਇਕ ਪਰੀ ਉਸ ਨੂੰ ਚੁੱਕ ਕੇ ਲੈ ਗਈ ਐ। ਬਾਪ ਰੋਇਆ ਪਿਟਿਆ। ਓਹ ਦੀ ਬਹੂ ਨੇ ਧਾਹਾਂ ਮਾਰੀਆਂ-ਪਿੰਡ ਨਦੀ ਨਾਲੇ ਸਭ ਲੱਭੇ ਪਰ ਬਿਅਰਥ।

ਉਸ ਨੇ ਇਕ ਸਾਲ ਅਪਣੇ ਕੋਲ ਰੱਖਿਆ ਤੇ ਅਨੇਕਾਂ ਢੰਗਾਂ ਨਾਲ ਭੋਗ ਕੀਤਾ । ਉਸ ਨੇ ਨਟ ਆਸਣ ਤੇ ਲਲਿਤਾ-ਸਨ ਬਣਾਏ ਤੇ ਮਿਤ੍ਰ ਨੇ ਔਰਤ ਨੂੰ ਆਸਣਾ ਨਾਲ ਭੋਗਿਆ। ਰਾਤ ਦਿਨ ਇਨ੍ਹਾਂ ਆਸਣਾ ਨਾਲ ਉਹ ਵਧੇਰੇ ਅਨੰਦ ਮਾਣਦੇ :-

*ਏਕ ਬਰਖ ਰਾਖਾ ਤਾਕੌ ਘਰ ॥ ਦੁਤਿਯ ਕਾਨ ਕਿਨਹੂੰ ਨ ਸੁਨਾ ਨਰ ॥*
*ਭਾਂਤਿ ਭਾਂਤਿ ਕੇ ਭੋਗਨ ਭਰੀ ॥ ਬਿਬਿਧ ਬਿਧਨ ਤਨ ਕ੍ਰੀੜਾ ਕਰੀ ॥੧੦॥*
*ਅੜਿੱਲ ॥ ਨਟ ਆਸਨ ਕਰਿ ਪ੍ਰਥਮ ਬਹੁਰਿ ਲਲਿਤਾਸਨ ਲੇਈ ॥*
*ਬਹੁਰਿ ਰੀਤਿ ਬਿਪਰੀਤਿ ਕਰੈ ਬਹੁ ਬਿਧਿ ਸੁਖ ਦੇਈ ॥*
*ਲਲਿਤਾਸਨ ਕੌ ਕਰਤ ਮਦਨ ਕੋ ਮਦ ਹਰਹਿ ॥*
*ਹੋ ਰਮਯੋ ਕਰਤ ਦਿਨ ਰੈਨਿ ਤ੍ਰਾਸ ਨ ਰੰਚ ਕਰਹਿ ॥੧੧*
*ਦੋਹਰਾ ॥ ਭਾਂਤਿ ਅਨਿਕ ਭਾਮਾ ਭਜਤ ਪਾਯੋ ਅਧਿਕ ਅਰਾਮੁ ॥*
*ਛਿਨ ਛਿਨ ਛਤਿਯਾ ਸੌ ਲਗੈ ਤਜਤ ਨ ਆਠੋ ਜਾਮ ॥੧੨॥* (ਦੋਇ ਸੌ ਇਕਯਾਵਨ ਚਰਿਤ੍ਰ ਪੰਨਾ ੧੧੭੨)

ਬਿਕਟ ਕਰਨ ਇਕ ਦਿਨ ਉਥੇ ਆਇਆ ਤਾਂ ਕਹਿੰਦੀ ਕਿ ਪਰੀ ਏਹਨੂੰ ਮੇਰੇ ਘਰ ਸੁੱਟ ਗਈ ਹੈ। ਉਸ ਨੂੰ ਆਦਮੀਆਂ ਨਾਲ ਉਸ ਦੇ ਘਰ ਪਹੁੰਚਾ ਦਿੱਤਾ ।

ਨੋਟ :- ਅਕਸਰ ਸਾਡੇ ਸਾਧਾਂ ਸੰਤਾਂ ਨੇ ਅਪਣੇ ਅਪਣੇ ਡੇਰਿਆਂ ਚ ਭੋਰੇ ਬਣਾ ਰੱਖੇ ਹਨ । ਉਹ ਰੱਬ ਦੀ ਭਗਤੀ ਲਈ ਨਹੀਂ ਬਲਕਿ ਸੁੰਦਰ ਔਰਤਾਂ ਭੋਗਣ ਲਈ ਹਨ । ਜਦ ਕੋਈ ਬਾਬਾ ਭੋਲੇ ਭਾਲੇ ਗੁਰਸਿੱਖਾਂ ਨੂੰ ਅਪਣੀ ਸੂਰਤ ਦਿਖਾਣ ਤੋਂ ਬਾਦ ਭੌਰੇ ਬੜਨ ਦਾ ਨਾਟਕ ਕਰਦਾ ਹੈ ਤਾਂ ਸਮਝੋ ਕਿ ਭੌਰੇ ਵਿੱਚ ਕੋਈ ਅਬਲਾ ਅਪਣੀ ਪੱਤ ਲੁਟਾ ਰਹੀ ਹੈ। ਜੇਕਰ ਝੂਠ ਲੱਗੇ ਤਾਂ ਚਾਰ ਦਿਨ ਭੌਰੇ ਦੀ ਨਿਗਰਾਨੀ ਕਰ ਕੇ ਜਾਂ ਪਹਿਰੇਦਾਰ ਤੇ ਸਖ਼ਤੀ ਕਰ ਕੇ ਸਹੀ ਜਾਣਕਾਰੀ ਮਿਲ ਜਾਂਦੀ ਹੈ । ਉਂਝ ਸਿੱਖ ਧਰਮ ਵਿੱਚ ਭੌਰੇ ਬੜ ਕੇ ਤਪੱਸਿਆ ਕਰਨੀ ਵਿਵਰਜਿਤ ਹੈ । ਜੇਕਰ ਕੋਈ ਅਜਿਹਾ ਨਾਟਕ ਕਰਦਾ ਹੈ ਤਾਂ ਉਹ ਗੁਰੂ ਦਾ ਕੱਚਾ ਪਿਲਾ ਸਿੱਖ ਵੀ ਨਹੀਂ ਹੈ । ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ (ਨਰ/ਨਾਰੀ) ਨੂੰ ਅਜਿਹਾ ਗੰਦਾ ਉਪਦੇਸ ਨਹੀਂ ਦੇ ਸਕਦੇ ਕਿ ਜੋ ਮਨੁੱਖ ਜਾਂ ਔਰਤ ਪਸੰਦ ਆਈ ਉਸ ਨੂੰ ਚੁੱਕ ਕੇ ਭੋਹਰੇ ਡੱਕ ਦਿਓ ਤੇ ਕੁਕਰਮ ਕਰੋ । ਜਿਹੜੇ ਇਸ ਦਸਮ ਗ੍ਰੰਥ ਦੀ ਹਮਾਇਤ ਕਰਦੇ ਹਨ ਉਹ ਅਸਲ ਵਿੱਚ ਕਾਮੀ ਪੁਰਖ ਹਨ ਜੋ ਧੀਆਂ ਭੈਣਾਂ ਦੀ ਇੱਜਤ ਨਾਲ ਖਿਲਵਾੜ ਕਰਦੇ ਹਨ। ਅਸੀਂ ਸਾਰੇ ਹੀ ਧੀਆਂ ਭੈਣਾਂ ਵਾਲੇ ਹਾਂ । ਇਸ ਵਿੱਚ ਧਰਮ ਦਾ ਸਵਾਲ ਨਹੀਂ । ਸਾਡਾ ਸਾਰਿਆਂ ਦਾ ਹੀ ਫ਼ਰਜ ਤੇ ਹੱਕ ਹੈ ਕਿ ਅਜਿਹੇ ਹੋ ਰਹੇ ਕੁਕਰਮਾਂ ਨੂੰ ਨੰਗਾ ਕਰ ਕੇ ਸੁਥਰੇ ਸਮਾਜ ਦੀ ਸਿਰਜਣਾ ਕੀਤੀ ਜਾਏ ਤਾਂ ਕਿ ਹਰ ਧੀ ਭੈਣ ਸਵੱਛ ਹਵਾ ਦਾ ਅਨੰਦ ਮਾਣ ਸਕੇ। ਅਪਣੀ ਕਾਮ ਪੂਰਤੀ ਲਈ ਪਾਤਸ਼ਾਹੀ ੧੦ ਲਿਖ ਕੇ ਪਬਲਿਕ ਨੂੰ ਅੰਨ੍ਹਾ ਨਹੀਂ ਬਣਾਇਆ ਜਾ ਸਕਦਾ ਤੇ ਨਾ ਹੀ ਮੂਰਖ । ਖ਼ਬਰਦਾਰ ਬਾ ਹੋਸਿਆਰ-ਜਾਗਦੇ ਰਹਿਓ !

## ਤੇਰੇ ਇਸ਼ਕ ਚੜ੍ਹਾਇਆ ਪੀੜ੍ਹੀ ਮਿਲ ਕੇ ਕਲੋਲਾਂ ਕੀਤੀਆਂ (ਦੋਇ ਸੌ ਬਾਵਨੋ ਚਰਿਤ੍ਰ ਪੰਨਾ ੧੧੭੨-੭੪)

ਪਾਤਰ : ਹੰਸ ਧੁਜਾ (ਰਾਜਾ), ਸੁਖਦਮਤੀ (ਰਾਨੀ), ਸੁਖਮਤੀ (ਸੁਤਾ) ਤੇ ਨਾਗਰ ਕੁਅਰ (ਰਾਜਾ) : ਹੰਸ ਧੁਜ ਰਾਜੇ ਦੀ ਖ਼ੂਬਸੂਰਤ ਰਾਣੀ ਸੁਖਦਮਤੀ ਨੇ ਚੰਦ ਵਰਗੀ ਸੋਹਣੀ ਧੀ ਜੰਮੀ । ਜਦ ਓਹ ਜਵਾਨ ਹੋਈ ਉਸ ਦੇ ਘਰ ਨਗਰ ਦਾ ਰਾਜਾ ਨਾਗਰ ਕੁਅਰ ਸ਼ਿਕਾਰ ਖੇਡ ਕੇ ਵਾਪਸ ਪਰਤਣ ਤੇ ਘੋੜੇ ਸਮੇਤ ਆ ਪੁੱਜਾ। ਜਦ ਰਾਜ ਕੁਮਾਰੀ ਨੇ ਉਸ ਨੂੰ ਤੱਕਿਆ ਤਾਂ ਪਾਨ ਦੀ ਪੀਕ ਦੀ ਪਿਚਕਾਰੀ ਉਸ ਤੇ ਸੁੱਟ ਕੇ ਕਹਿੰਦੀ ਮੇਰੇ ਨਾਲ ਯਾਰੀ ਕਰੇਂਗਾ। ਨਾਗਰ ਕੁਅਰ ਨੇ ਪਲਟਿ ਕੇ ਦੇਖਿਆ ਤਾਂ ਓਹਦੇ ਰੂਪ ਵਿੱਚ ਉਲਝ ਗਿਆ। ਦੋਨਾਂ ਨੇ ਅੱਖਾਂ ਨਾਲ ਅੱਖਾਂ ਮਿਲਾਈਆਂ ਤੇ ਸਾਰੇ ਸ਼ੋਕ ਸੰਤਾਪ ਦੂਰ ਕੀਤੇ :-

*ਰਾਜ ਕੁਅਰਿ ਨਿਰਖਤਿ ਤਾਕੀ ਛਬਿ ॥ ਮਦ ਕਰਿ ਮੱਤ ਰਹੀ ਛਬਿ ਤਰ ਦਬਿ ॥*
*ਪਾਨ ਪੀਕ ਤਾਕੇ ਪਰ ਡਾਰੀ ॥ ਮੋਸੌ ਕਰੈ ਕੈਸਹੂੰ ਯਾਰੀ ॥੪॥*
*ਨਾਗਰ ਕੁਅਰ ਪਲਟਿ ਤਿਹ ਲਹਾ ॥ ਤਾਂਹਿ ਬਿਲੋਕ ਉਰਝਿ ਕਰਿ ਰਹਾ ॥*
*ਨੈਨਨ ਨੈਨ ਮਿਲੇ ਦੁਹੂੰਅਨ ਕੇ ॥ ਸ਼ੋਕ ਸੰਤਾਪ ਮਿਟੇ ਸਭ ਮਨ ਕੇ ॥੫॥*

(ਦੋਇ ਸੌ ਬਾਵਨੋ ਚਰਿਤ੍ਰ ਪੰਨਾ ੧੧੭੨-੭੩)

ਉਸ ਨੇ ਰੇਸ਼ਮ ਦੀ ਡੋਰਨਾਲ ਪੀੜ੍ਹੀ ਬੰਨ੍ਹ ਕੇ ਹੇਠਾਂ ਸੁੱਟੀ ਤੇ ਮਿਤ੍ਰ ਨੂੰ ਪੀੜ੍ਹੀ ਤੇ ਚੜ੍ਹਾ ਕੇ ਅਪਣੇ ਕੋਲ ਖਿੱਚ ਲਿਆ। ਜਦ ਉਸ ਨੂੰ ਅਪਣੇ ਧਾਮ ਚੜ੍ਹਾ ਲਿਆ ਤਾਂ ਮਨ ਭਾਉਂਦਾ ਭੋਗ ਕੀਤਾ। ਉਹ ਅਨੇਕਾਂ ਢੰਗਾਂ ਨਾਲ ਉਸ ਨੂੰ ਭੋਗਦੀ ਤੇ ਬਾਰ ਬਾਰ ਕਾਮ ਦੀ ਤ੍ਰਿਪਤੀ ਕਰਦੀ। ਉਸ ਨੇ ਮਦਨੋਦਿਤ ਆਸਣ ਬਣਾਇਆ ਤੇ ਮਿਤ੍ਰ ਨੇ ਭੋਗ ਕੀਤਾ ਫਿਰ ਉਸ ਨੇ ਲਲਿਤਾਸਨ ਬਣਾਇਆ ਤੇ ਅਨੇਕਾਂ ਬਾਰ ਮਿਤ੍ਰ ਨੇ ਭੋਗ ਕੀਤਾ । ਦੋਨਾਂ ਨੇ ਕੋਕ ਦੀ ਰੀਤਿ ਅਨੁਸਾਰ

ਪ੍ਰੀਤ ਕੀਤੀ। ਭਾਂਤਿ ਭਾਂਤਿ ਦੇ ਆਸਣ ਅਤੇ ਅਨੇਕਾਂ ਤਰ੍ਹਾਂ ਦੇ ਚੁੰਬਨ ਲਏ। ਨੌਜੁਆਨ ਤੇ ਮੁਟਿਆਰ ਇਸ ਰਸ ਦੇ ਅਨੰਦ ਵਿੱਚ ਭਿੱਜ ਗਏ।

*ਤੋਟਕ ਛੰਦ ॥ ਪਿਯ ਧਾਮ ਚੜ੍ਹਾਇ ਲਯੋ ਜਬਹੀ ॥ ਮਨ ਭਾਵਤ ਭੋਗ ਕਿਯਾ ਤਬ ਹੀ ॥*
*ਦੁਤਿ ਰੀਝਿ ਰਹੀ ਅਵਲੋਕਤਿ ਯੋ ॥ ਤ੍ਰਿਯ ਜੋਰਿ ਰਹੀ ਠੱਗ ਕੀ ਠੱਗ ਜਯੋਂ ॥੭॥*
*ਪੁਨਿ ਪੌਢਿ ਰਹੈਂ ਉਠਿ ਕੇਲ ਕਰੈਂ ॥ ਬਹੁ ਭਾਂਤਿ ਅਨੰਗ ਕੋ ਤਾਪ ਹਰੈਂ ॥*
*ਉਰ ਲਾਇ ਰਹੀ ਪਿਯ ਕੌ ਤ੍ਰਿਯ ਯੌ ॥ ਜਨੁ ਹਾਥ ਲਗੇ ਨਿਧਨ ਧਨ ਜਯੋਂ ॥੮॥*
*ਮਦਨੋਦਿਤ ਆਸਨ ਕੌ ਕਰਿਕੈ ॥ ਸਭ ਤਾਪ ਅਨੰਗਹਿ ਕੋ ਹਰਿਕੈ ॥*
*ਲਲਿਤਾਸਨ ਬਾਰ ਅਨੇਕ ਧਰੈਂ ॥ ਦੋਊ ਕੋਕ ਕੀ ਰੀਤਿ ਸੌ ਪ੍ਰੀਤਿ ਕਰੈਂ ॥੯॥*
*ਦੋਹਰਾ ॥ ਭਾਂਤਿ ਭਾਂਤਿ ਆਸਨ ਕਰੈਂ ਚੁੰਬਨ ਕਰਤ ਅਪਾਰ ॥*
*ਛੈਲ ਛੈਲਨੀ ਰਸ ਪਗੇ ਰਹੀ ਨ ਕਛੂ ਸੰਬਾਰ ॥੧੦॥*
*ਚੌਪਈ ॥ ਹਸਿ ਹਸਿ ਕੇਲ ਦੋਊ ਮਿਲਿ ਕਰੈਂ ॥ ਪਲਟਿ ਪਲਟਿ ਪ੍ਰਿਯ ਕੌ ਤ੍ਰਿਯ ਧਰੈਂ ॥*
*ਹੇਰਿ ਰੂਪ ਤਾਕੋ ਬਲਿ ਜਾਈ ॥ ਛੈਲਨਿ ਛੈਲ ਨ ਤਜਯੋ ਸੁਹਾਈ ॥*

(ਦੋਇ ਸੌ ਬਾਵਨੋ ਚਰਿਤ੍ਰ ਪੰਨਾ ੧੧੭੩)

ਤਦ ਓਹਦਾ ਪਿਓ ਆ ਗਿਆ ਤੇ ਓਹਨੂੰ ਦੇਖ ਕੇ ਬਹੁਤ ਦੁਖੀ ਹੋਈ। ਸੋਚਣ ਲੱਗੀ ਕਿ ਕਿਵੇਂ ਮੈਂ ਪਿਓ ਤੋਂ ਮਿਤ੍ਰ ਦਾ ਹੱਥ ਮੰਗ ਲਵਾਂ। ਉਹ ਪਿਤਾ ਨੂੰ ਕਹਿੰਦੀ ਕਿ ਇਕ ਰਾਜੇ ਨੇ ਬਿਜਿਯਾ (ਭੰਗ) ਖਾ ਲਈ ਤੇ ਸੁਰਤ ਖੋ ਬੈਠਾ ਤੇ ਅਪਣਾ ਘਰ ਜਾਣ ਕੇ ਸਾਡੇ ਘਰ ਆ ਘੁਸਿਆ। ਮੈਂ ਉਸ ਨੂੰ ਦੇਖ ਕੇ ਪਕੜ ਕੇ ਥੋਹੜਾ ਖਾਣਾ ਖਾਣ ਨੂੰ ਦਿੱਤਾ। ਹੁਣ ਤੁਸੀਂ ਉਸ ਨੂੰ ਰੱਖੋ ਜਾਂ ਮਾਰ ਦਿਓ। ਕਹਿੰਦਾ ਤੂੰ ਇਹਨੂੰ ਅਪਣਾ ਧਰਮ ਭਰਾ ਸਮਝ ਤੇ ਜੋ ਉਹ ਕਹਿੰਦਾ ਹੈ ਓਹੀ ਕਰ ਓਹਦਾ ਬੁਰਾ ਨਾ ਸੋਚ। ਰਾਜੇ ਨੇ ਉਸ ਨੂੰ ਅਪਣੇ ਪਾਸ ਸੱਦਿਆ ਤੇ ਅਪਣੀ ਧੀ ਉਸ ਨੂੰ ਦੇ ਦਿੱਤੀ। ਉਹ ਔਰਤ ਲੈ ਕੇ ਘਰ ਦੇ ਰਾਹ ਪਿਆ :-

ਨੋਟ :- ਇਹ ਪਿਛਲੇ ਚਰਿਤ੍ਰ ਵਾਲਾ ਹੀ ਕਵੀ ਹੈ ਜਿਸ ਨੇ ਔਰਤ ਨੂੰ ਭੋਗਣ ਲਈ ਨਟ ਆਸਣ ਅਤੇਲਲਿਤਾਸਨ ਕਰਨ ਦੀ ਪ੍ਰੇਰਨੀ ਦਿੱਤੀ ਸੀ ਤੇ ਹੁਣ ਨਵੇਂ ਆਸਣ ਮਦਨੋਦਿਤ ਨੂੰ ਲਲਿਤਾਸਨ ਨਾਲ ਮਿਲਾ ਕੇ ਭੋਗਣ ਦੀ ਪ੍ਰੇਰਣਾ ਦੇ ਰਿਹਾ ਹੈ। ਭਾਂਵੇ ਉਹ ਕਿਸੇ ਵੀ ਧਰਮ ਦਾ ਹੋਏ ਹਰ ਕਿਸੇ ਦੇ ਧੀ ਭੈਣ ਹੈ ਤੇ ਹਰ ਅਬਲਾ ਇਕ ਸਾਊ ਤੇ ਇੱਜਤਦਾਰ ਪਤੀ ਲੋੜਦੀ ਹੈ। ਜੇਕਰ ਪਤੀ ਅਪਣੀ ਔਰਤ ਨੂੰ ਇਕ ਖਿਡਾਉਣਾ ਬਣਾ ਕੇ ਭੋਗੇ ਤਾਂ ਇਸ ਤੋਂ ਸਖ਼ਤ ਸਜਾ ਕੋਈ ਪਤੀ ਅਪਣੀ ਪਤਨੀ ਨੂੰ ਨਹੀਂ ਦੇ ਸਕਦਾ ਫਿਰ ਇਹ ਆਸਣ ਤਾਂ ਬਿਨਾ ਅਭਿਆਸ ਦੇ ਤੇ ਭੋਗ ਦੇ ਅੱਧਾ ਮਿੰਟ ਵੀ ਔਰਤ ਲਈ ਕਰਨਾ ਮੁਸ਼ਕਿਲ ਹੈ ਤੇ ਜੇਕਰ ਪਤੀ ਇਸ ਹਾਲਤ ਚ ਉਸ ਔਰਤ ਤੇ ਸਵਾਰ ਹੋ ਜਾਏ ਤਾਂ ਔਰਤ ਦੁਆਰਾ ਹੰਢਾਈ ਜਾ ਰਹੀ ਤਕਲੀਫ ਨੂੰ ਰੱਬ ਅਤੇ ਔਰਤ ਹੀ ਜਾਣਦੀ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਗੁਰਸਿੱਖਾਂ ਨੂੰ ਸੰਭੋਗ ਕਰਨ ਦੇ ਤੌਰ ਤਰੀਕੇ ਦੱਸ ਗਏ ਹਨ ? ਗੁਰੂਆਂ ਅਤੇ ਭਗਤ ਜਨਾ ਨੇ ਤਾਂ ਕਾਮ ਤੇ ਕਾਬੂ ਪਾ ਕੇ ਰੱਬ ਨਾਲ ਚਿੱਤ ਜੋੜਨ ਦੀ ਗੱਲ ਆਖੀ ਹੈ। ਇਥੇ ਸਾਡੇ ਮਹਾਂ ਗੰਦੇ ਪੁਜਾਰੀ ਗੁਰੂ ਨੂੰ ਜਿਸ ਨੇ ਉਨ੍ਹਾਂ ਲਈ ਸਰਬੰਸ ਵਾਰਿਆ ਇਕ ਅਤਿ ਦਰਜੇ ਦਾ ਕਾਮੀ ਪੁਰਖ ਦਰਸਾ ਰਹੇ ਹਨ। ਕੀ ਧਰਮ ਦੇ ਠੇਕੇਦਾਰ ਇਸ ਗ੍ਰੰਥ ਨੂੰ ਅਪਣੀ ਰਹਿਤ ਮਰਿਯਾਦਾ ਨਲ ਮੇਲ ਕੇ ਸੰਗਤਾਂ ਨੂੰ ਸਪੱਸਟੀ ਕਰਣ ਦੇਣਗੇ ? ਕੀ ਉਹ ਭੋਗ ਕਰਦਿਆਂ ਇਨ੍ਹਾਂ ਆਸਣਾਂ ਦਾ ਇਸਤੇਮਾਲ ਕਰਦੇ ਹਨ ? ਇਹ ਹਰ ਔਰਤ ਦਾ ਹੱਕ ਰਾਖਵਾਂ ਹੈ ਕਿ ਧੌੜੀ ਦੀ ਜੁੱਤੀ ਦੀ ਨੋਕ ਤੇ ਦਸਮ ਗ੍ਰੰਥ ਦੇ ਪੁਜਾਰੀਆਂ ਤੋਂ ਉੱਤਰ ਲਏ ਅਤੇ ਸ਼ਰਮੋਸ਼ਾਰ ਕਰੇ। ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲਿਓ ਥੋਹੜੀ ਸ਼ਰਮ ਕਰੋ ਬਈ ਸ਼ਰਮ ਕਰੋ-ਸ਼ਰਮ ਕਰੋ ਬਈ ਸ਼ਰਮ ਕਰੋ।

ਪਾਤਰ :ਜੀਯੋ (ਛੱਤ੍ਰਾਨੀ) ਤੇ ਮਾਨਕ ਚੰਦ (ਖ਼ਸਮ) (ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੪-੭੬)

**ਮੂਤ ਨਾਲ ਦੀਵਾ ਜਗਾਣਾ ਸਿੱਖੋ** : ਜੀਯੋ ਨਾਮ ਦੀ ਛੱਤ੍ਰਾਨੀ ਦਾ ਖਸਮ ਮਾਨਿਕ ਚੰਦ ਇਕ ਜੱਟੀ ਨਾਲ ਰੰਗ ਰਲੀਆਂ ਮਨਾਉਂਦਾ। ਓਹਦਾ ਬੜਾ ਢਿੱਡ ਨਿਰਾ ਖੋਤਾ। ਉਹ ਲੋਕਾਂ ਤੋਂ ਸ਼ਰਮਾਉਂਦਾ ਮਾਰਿਆ ਉਹਨੂੰ ਕਦੇ ਘਰ ਨਾ ਲਿਆਉਂਦਾ ਇਸੇ ਲਈ ਉਸ ਨੂੰ ਕਿਸੇ ਹੋਰ ਪਿੰਡ ਰੱਖਿਆ। ਇਹ ਕੋਈ ਝੂਠ ਨਹੀਂ ਬਲਕਿ ਚੰਦ ਤੇ ਸੂਰਜ ਗਵਾਹ ਹਨ। ਬਿਨਾਂ ਕਿਸੇ ਸ਼ਰਮ ਦੇ ਘੋੜੇ ਦੀ ਤਰ੍ਹਾਂ ਉਹ ਉਸ ਪਾਸ ਜਾਂਦਾ। ਓਹਦੀ ਔਰਤ ਜੀਯੋ ਅਪਣੇ ਚਿੱਤ ਚ ਬੜੀ ਸੜਦੀ। ਉਸ ਨੇ ਇਕ ਤਰਖਾਣ ਨਾਲ ਯਾਰੀ ਗੰਢੀ ਤੇ ਪਿਆਰ ਦੇ ਹੁਲਾਰੇ ਲੈਣ ਲੱਗੀ। ਜਦ ਓਹਦਾ ਖਸਮ ਅਪਣੀ ਮਿਤ੍ਰ ਨੂੰ ਮਿਲਣ ਜਾਂਦਾ ਤਾਂ ਉਹ ਤਰਖਾਣ ਨੂੰ ਘਰ ਸੱਦ ਲੈਂਦੀ। ਇਕ ਦਿਨ ਉਸ ਨੇ ਸ਼ਰਤ ਨਨਦ ਨਾਲ ਹੱਸ ਕੇ ਲਾ ਲਈ ਕਿ ਖਸਮ ਦੇਖਦੇ ਮੈਂ ਭੋਗ ਕਰਾਂਗੀ ਤੇ ਉਸ ਤੋਂ ਬ੍ਰਹਮ ਭੋਜ ਕਰਵਾਵਾਂਗੀ। ਜੇ ਇਹ ਮੈਂ ਕਰ

ਕੇ ਦਿਖਾ ਦਿੱਤਾ ਤਾਂ ਤੂੰ ਜਾਣੀ ਬਈ ਮੈਂ ਜਿਯੋਮਤੀ ਹਾਂ । ਜਦ ਪਤੀ ਕਿਤੇ ਹੋਰ ਚਲੇ ਗਿਆ ਤਾਂ ਉਸ ਨੇ ਤਰਖਾਣ ਸੱਦਿਆ ਤੇ ਉਸ ਨਾਲ ਕਾਮ ਭੋਗ ਕੀਤਾ ।

*ਯੌ ਕਹਿ ਬਚਨਨ ਬਹੁਰਿ ਉਚਾਰਾ ॥ ਪਤਿ ਗਯੋ ਜਬਹੀ ਅਨਤ ਨਿਹਾਰਾ ॥*
*ਤਬ ਬਾਢੀ ਤਿਹ ਬੋਲਿ ਪਠਾਯੋ ॥ ਕਾਮ ਭੋਗ ਤਿਹ ਸੰਗ ਕਮਾਯੋ ॥੮॥*

(ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੪)

ਜਦ ਉਹ ਜੱਟੀ ਨੂੰ ਭੋਗ ਕੇ ਘਰ ਆਇਆ ਤਾਂ ਅਪਣੀ ਔਰਤ ਨੂੰ ਕਿਸੇ ਹੋਰ ਮਰਦ ਨਾਲ ਭੋਗ ਕਰਦਿਆਂ ਤੱਕ ਕੇ ਬੜਾ ਗੁੱਸਾ ਖਾਧਾ ਤੇ ਕ੍ਰਿਪਾਨ ਕੱਢ ਕੇ ਵਾਰ ਕਰਨ ਲੱਗਾ ਤਾਂ ਸਹੇਲੀ ਨੇ ਉਸ ਦਾ ਹੱਥ ਪਕੜ ਲਿਆ । ਯਾਰ ਨੇ ਉੱਠ ਕੇ ਉਸ ਦੇ ਇਕ ਲੱਤ ਮਾਰੀ ਜਿਸ ਨਾਲ ਉਹ ਫੁੜਕ ਕੇ ਧਰਤੀ ਤੇ ਜਾ ਡਿੱਗਾ। ਉਹ ਕੁੱਝ ਦੇਰ ਨਾ ਉੱਠਿਆ ਤੇ ਮਿਤ੍ਰ ਭੱਜ ਗਿਆ ਜਦ ਮੂਰਖ ਉਠਿਆ ਤਾਂ ਔਰਤ ਪੈਰੀਂ ਪੈ ਗਈ ਕਹਿੰਦੀ ਜੇ ਮੈਂ ਕਸੂਰਵਾਰ ਹਾਂ ਤਾਂ ਕ੍ਰਿਪਾਨ ਨਾਲ ਮੇਰਾ ਕਤਲ ਕਰ ਦਿਓ ਮੈਂ ਬੇਕਸੂਰ ਹਾਂ । ਜਿਸ ਨੇ ਨਿਡਰ ਹੋ ਕੇ ਤੈਨੂੰ ਲੱਤ ਮਾਰੀ ਤੇ ਤੂੰ ਲੋਟਣੀਆਂ ਖਾ ਕੇ ਧਰਤੀ ਤੇ ਜਾ ਡਿੱਗਾ ਉਸ ਅੱਗੇ ਮੇਰਾ ਕੀ ਜੋਰ।

*ਦੋਹਰਾ ॥ ਜੋ ਨਰ ਤੁਮ ਤੇ ਨਾ ਡਰਾ ਲਾਤਨ ਕਿਯਾ ਪ੍ਰਹਾਰ ॥*
*ਤਾਕੇ ਆਗੇ ਹੇਰੁ ਮੈਂ ਕਹਾ ਬਿਚਾਰੀ ਨਾਰਿ ॥੧੩॥* (ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੫)

ਜਦ ਉਸ ਨੇ ਮੇਰਾ ਰੂਪ ਦੇਖਿਆ ਓਹ ਕਾਮੀ ਹੋ ਗਿਆ ਤੇ ਜਬਰਦਸਤੀ ਪਕੜ ਕੇ ਜੋਰ ਨਾਲ ਮੈਨੂੰ ਅਪਣੇ ਪੱਟਾਂ ਥੱਲੇ ਲੈ ਲਿਆ। ਮੇਰਾ ਧਰਮ ਤੂੰ ਬਚਾ ਲਿਆ ਹੈ ਤੂੰ ਮੌਕੇ ਤੇ ਪੁੱਜ ਗਿਆ ਵਰਨਾ ਉਹ ਮੈਨੂੰ ਭੋਗ ਕੇ ਭੱਜ ਜਾਂਦਾ। ਹੁਣ ਤੂੰ ਮੇਰੀ ਪ੍ਰੀਖਿਆ ਲੈ ਕੇ ਅਪਣਾ ਭਰਮ ਦੂਰ ਕਰ ਸਕਦਾ ਹੈਂ । ਜੇ ਤੂੰ ਮੂਤ ਦਾ ਦੀਵਾ ਜਲਦਾ ਦੇਖ ਲਏਂ ਤਾਂ ਤੂੰ ਹੱਸਿ ਹੱਸਿ ਕੇ ਮੇਰੇ ਨਾਲ ਭੋਗ ਕਰ ਸਕਦਾ ਹੈਂ। ਇਕ ਭਾਂਡੇ ਵਿੱਚ ਤੇਲ ਰੱਖ ਕੇ ਆਈ ਤਾਂ ਖਸਮ ਨੇ ਉਸ ਵਿੱਚ ਮੂਤ ਕਰ ਦਿੱਤਾ। ਉਹ ਬਹੁਤਾ ਪਿਆਬ ਕਰਨ ਤੇ ਚਿਤ ਚ ਬੜਾ ਡਰਿਆ। ਮੂਤ ਨਾਲ ਸਾਰਾ ਭਾਂਡਾ ਭਰ ਕੇ ਉਛਲ ਗਿਆ ਤੇ ਜ਼ਮੀਨ ਤੇ ਡਿੱਗ ਗਿਆ। ਔਰਤ ਨੇ ਉਸੇ ਭਾਂਡੇ ਵਿੱਚ ਪਏ ਤੇਲ ਨਾਲ ਦੀਵਾ ਜਗਾ ਦਿੱਤਾ ਜਿਸ ਨੂੰ ਉਸ ਦੇ ਪਤੀ ਨੇ ਪਿਸ਼ਾਬ ਸਮਝਿਆ ਸੀ। ਉਹ ਭੇਦ ਅਭੇਦ ਨਾ ਜਾਣ ਸਕਿਆ ਅਪਣੀ ਔਰਤ ਨੂੰ ਪਤੀ ਬਰਤਾ ਜਾਣ ਲਿਆ। ਕਹਿੰਦਾ ਤੂੰ ਮੂਤ ਦਾ ਦੀਵਾ ਜਗਾ ਕੇ ਚਮਤਕਾਰ ਦਿਖਾ ਦਿੱਤਾ ਹੈ। ਉਹ ਗਲ ਚ ਪੱਲੂ ਪਾ ਕੇ ਚਾਰ ਘੜੀ ਔਰਤ ਅੱਗੇ ਨੱਕ ਰਗੜਦਾ ਰਿਹਾ। ਇਕ ਬੰਦੇ ਨੇ ਇਹ ਚਰਿੱਤ੍ਰ ਖੁਦ ਅੱਖੀਂ ਦੇਖਿਆ ਜਿਸ ਨੂੰ ਅੱਜ ਅਸੀਂ ਸੱਚ ਸੱਚ ਕਹਿ ਦਿੱਤਾ ਹੈ ।

*ਦੋਹਰਾ ॥ ਏਕ ਰਿਸਾਲੂ ਨਿਰਖਯੋ ਆਂਖਿਨ ਐਸ ਚਰਿੱਤ੍ਰ ॥*
*ਕੈ ਹਮ ਆਜੁ ਬਿਲੋਕਯੋ ਸਾਚ ਕਹਤ ਤ੍ਰਿਯ ਮਿੱਤ੍ਰ ॥੨੨॥* (ਦੋਇ ਸੌ ਤਿਰਪਨ ਚਰਿਤ੍ਰ ਪੰਨਾ ੧੧੭੫)

ਔਰਤ ਕਹਿੰਦੀ ਚੰਗਾ ਹੁਣ ਤੂੰ ਬਾਮ੍ਹਣ ਨੂੰ ਬ੍ਰਹਮ ਭੋਜ ਖੁਆ ਤੇ ਫਿਰ ਮੇਰੀ ਸੇਜ ਤੇ ਆਉਣਾ । ਜਿਵੇਂ ਔਰਤ ਕਿਹਾ ਉਹ ਉਵੇਂ ਹੀ ਕੀਤਾ। ਇਉਂ ਔਰਤ ਨੇ ਨਨਦ ਤੋਂ ਸ਼ਰਤ ਜਿੱਤ ਲਈ।

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਪਵਿਤ੍ਰ (ਅਪਵਿਤ੍ਰ) ਸਿੱਖਿਆਵਾਂ ਪੜ੍ਹ ਰਹੇ ਹੋ। ਇਹ ਸਿੱਖਿਆ ਵੀ ਧੀ ਭੈਣ ਲਈ ਖਾਸ ਤੌਰ ਤੇ ਸੁਗਾਤ ਵੱਜੋਂ ਲਿਖੀ ਗਈ ਹੈ ਕਿ ਕਿਵੇਂ ਮੂਤ ਦਾ ਦੀਵਾ ਜਲਾ ਕੇ ਖਸਮ ਨੂੰ ਭਰਮਾਇਆ ਜਾ ਸਕਦਾ ਹੈ। ਪੁਜਾਰੀਆਂ ਅਤੇ ਸੰਤਾਂ ਸਾਧਾਂ ਬ੍ਰਹਮ ਗਿਆਨੀਆਂ ਦਾ ਧੰਨਵਾਦ ਕਰਨਾ ਨਾ ਭੁੱਲਿਓ ਦੇਖੋ ਨਾ ਕਿੰਨੇ ਸੁੰਦਰ ਪ੍ਰਵਚਨ ਉਨ੍ਹਾਂ ਇਕੱਤ੍ਰ ਕਰ ਕੇ ਸੰਪਾਦਨ ਕੀਤੇ ਹਨ ਓਹ ਵੀ ਸਿੱਖ ਕੌਮ ਲਈ। ਕਹਿੰਦੇ ਦਸਮ ਗ੍ਰੰਥ ਦੀ ਗੱਲ ਨਾ ਕਰਿਓ ਪੰਥ ਚੋਂ ਛੇਕ ਦੇਵਾਂਗੇ । ਬੜੇ ਉਜੱਡ ਤੇ ਬੇਸ਼ਰਮ । ਜਿਹੜੇ ਆਪ ਹੀ ਸਿੱਖ ਪੰਥ ਚੋਂ ਛੇਕੇ ਹੋਏ ਹਨ-ਜਿਹੜੇ ਆਪ ਹੀ ਗੁਰੂ ਦਾ ਸਤਿਕਾਰ ਨਹੀਂ ਕਰਦੇ-ਜਿਹੜੇ ਅਪਣੇ ਹੀ ਗੁਰੂ ਨੂੰ ਚੋਰ ਲੁਟੇਰਾ ਤੇ ਵੇਸਵਾਗਾਮੀ ਆਖਦੇ ਹਨ ਉਹ ਪੂਰਣ ਗੁਰਸਿੱਖਾਂ ਨੂੰ ਛੇਕਣਗੇ ? ਉਲਟਾ ਚੋਰ ਕੋਤਵਾਲ ਕੋ ਡਾਂਟੇ ਕੌਣ ਤਨਖਾਹੀਆ ਹੈ ਤੇ ਕਿਸ ਨੂੰ ਪੰਥ ਚੋਂ ਛੇਕਣਾ ਹੈ ਦਾ ਫੈਸਲਾ ਪੁਜਾਰੀਆਂ ਨੇ ਨਹੀਂ ਗੁਰੂ ਨਾਨਕ ਦੇ ਧਰਮ ਨੂੰ ਮੰਨਣ ਵਾਲਿਆਂ ਨੇ ਕਰਨਾ ਹੈ । ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਹੀ ਨਹੀਂ ਮੰਨਦੇ ਉਹ ਕਿਸੇ ਨੂੰ ਛੇਕਣ ਦਾ ਹੱਕ ਨਹੀਂ ਰੱਖਦੇ। ਬਾ ਹੋਸਿਆਰ ਖ਼ਬਰਦਾਰ -ਜਾਗਦੇ ਰਹਿਓ !

ਪਾਤਰ : ਪਤ੍ਰ ਕਲਾ (ਬੇਸ੍ਵਾ), ਬਿਸ਼ਨਕੇਤ (ਰਾਇ) ਤੇ ਬਿਸਨ ਮਤੀ (ਦੋਇ ਸੌ ਚੌਅਨ ਚਰਿਤ੍ਰ ਪੰਨਾ ੧੧੭੬-੭੭)

**ਖਸਮ ਦਾ ਕਤਲ ਕਰਨਾ ਸਿੱਖੋ** : ਬਿਸਨਕੇਤ ਰਾਜਾ ਅੰਤਾਂ ਦੀ ਸੋਹਣੀ ਬੇਸ੍ਵਾ ਪਾਤ੍ਰਕਲਾ ਨੂੰ ਰੰਭਾ ਦੇ ਹੁਸਨ ਤੋਂ ਵੀ ਵੱਧ ਸਮਝਦਾ ਤੇ ਉਸ ਨਾਲ ਭੋਗ ਕਰਦਾ ਪਰ ਅਪਣੀ ਰਾਣੀ ਬਿਸਨਮਤੀ ਦੇ ਕੋਲ ਭੁੱਲ ਕੇ ਵੀ ਨਾ ਜਾਂਦਾ । ਰਾਣੀ ਨੇ ਬਹੁਤਾ ਧੰਨ ਦੇ ਕੇ ਸਹੇਲੀ ਨੂੰ ਬੇਸ੍ਵਾ ਦੇ ਕੋਲ ਭੇਜਿਆ ਕਿ ਤੂੰ ਬਿਸਨਕੇਤ ਰਾਜੇ ਦਾ ਕਤਲ ਕਰਦੇ। ਓਹਦੀ ਗੱਲ ਸੁਣ ਕੇ ਬੇਸ੍ਵਾ ਚੁੱਪ ਕਰ ਗਈ। ਧੰਨ ਸਰਾਫ ਦੇ ਘਰ ਰੱਖ ਦਿੱਤਾ ਕਿ ਕੰਮ ਹੋ ਜਾਣ ਤੋਂ ਬਾਦ ਮੈਨੂੰ ਦੇਣਾ। ਦਿਨ ਬੀਤਿਆ

ਰਾਤ ਆਈ-ਰਾਜੇ ਨੇ ਬੇਸ੍ਵਾ ਨੂੰ ਅਪਣੇ ਪਾਸ ਸੱਦਿਆ। ਉਸ ਨੇ ਸੁੰਦਰ ਕੱਪੜੇ ਪਹਿਨੇ ਤੇ ਅਨੇਕਾਂ ਢੰਗਾਂ ਨਾਲ ਰਾਜੇ ਨੂੰ ਰਿਝਾਇਆ । ਉਸ ਨੇ ਅਨੇਕਾਂ ਢੰਗਾਂ ਨਾਲ ਰਾਜੇ ਨਾਲ ਕਲੋਲਾਂ ਕੀਤੀਆਂ ਤੇ ਜਦ ਰਾਜਾ ਸੌਂ ਗਿਆ ਤਾਂ ਅੱਧੀ ਰਾਤ ਨੂੰ ਉੱਠ ਕੇ ਕਟਾਰ ਨਾਲ ਰਾਜੇ ਦਾ ਕਤਲ ਕਰ ਦਿੱਤਾ । ਕਹਿੰਦੀ ਕੋਈ ਚੋਰ ਰਾਜੇ ਨੂੰ ਕਤਲ ਕਰ ਗਿਆ । ਲੋਕਾਂ ਨੇ ਮਰਿਆ ਰਾਜਾ ਦੇਖਿਆ । ਰਾਣੀ ਆਈ ਤੇ ਉਸੇ ਕਟਾਰੀ ਨਾਲ ਬੇਸ੍ਵਾ ਦਾ ਢਿੱਡ ਫਾੜ ਦਿੱਤਾ । ਜਦ ਉਹ ਅਪਣੇ ਆਪ ਨੂੰ ਮਾਰਨ ਲੱਗੀ ਤਾਂ ਸਹੇਲੀ ਨੇ ਹੱਥ ਪਕੜ ਲਿਆ ।

*ਚੌਪਈ ॥ ਪ੍ਰਥਮ ਮਾਰਿ ਪਤਿ ਪੁਨਿ ਤਿਹ ਮਾਰਾ ॥ ਭੇਦ ਅਭੇਦ ਕਿਨੂੰ ਨ ਬਿਚਾਰਾ ॥*
*ਰਾਜ ਪੁਤ੍ਰ ਅਪਨੇ ਕੋ ਦੀਨਾ ॥ ਐਸੋ ਚਰਿਤ ਚੰਚਲਾ ਕੀਨਾ ॥੧੨॥* (ਦੋ ਸੌ ਚੌਅਨ ਚਰਿਤ੍ਰ ਪੰਨਾ ੧੧੭੭)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਹਰ ਧੀ ਭੈਣ ਨੂੰ ਅਪਣੇ ਖਸਮ ਦਾ ਕਤਲ ਕਰਨ ਵੱਲ ਪ੍ਰੇਰਦੀ ਹੈ ਅਤੇ ਸਮਾਜ ਦੇ ਪਵਿਤ੍ਰ ਰਿਸਤੇ ਪਤੀ ਪਤਨੀ ਦੇ ਗੂੜ੍ਹੇ ਪਿਆਰ ਨੂੰ ਸ਼ੱਕੀ ਤੇ ਚਕਨਾ ਚੂਰ ਕਰਦੀ ਹੈ । ਦਸਮ ਗ੍ਰੰਥ ਵਿਚੋਂ ਗਿਆਨ ਧਿਆਨ ਤਾਂ ਕੋਈ ਨੀ ਲੱਭਣਾ ਬਸ ਇਸੇ ਤਰ੍ਹਾਂ ਦਾ ਕੂੜ ਕਬਾੜ ਹੀ ਪੱਲੇ ਪਏਗਾ । ਹਰ ਕੋਈ ਅਪਣਾ ਵੱਖਰਾ ਰਾਹ ਚੁਣਦਾ ਹੈ । ਕੋਈ ਨਾਮ ਦੇ ਪੁਜਾਰੀ ਤੇ ਕੋਈ ਕਾਮ ਦੇ ਪੁਜਾਰੀ । ਸ਼ਕਲ ਸੂਰਤ ਭਾਵੇਂ ਦੋਨਾਂ ਦੀ ਇਕੋ ਜਿਹੀ ਹੈ ਪਰ ਉਸ ਦੀ ਕਰਤੂਤ ਉਸ ਦਾ ਹੁਲੀਆ ਦੱਸ ਦੇਂਦੀ ਹੈ ।

ਭੌਰਾ ਭੂੰਡ ਸਭ ਏਕ ਹੈਂ ਦੋਨੋ ਕੀ ਏਕੈ ਗੂੰਜ ॥ ਵਾਹ ਪਏ ਤੇ ਜਾਣੀਐ ਆਹ ਭੌਰਾ ਓਹ ਭੂੰਡ ॥ ਜਾਗਦੇ ਰਹਿਓ !

## ਇਲਾਕਾ : ਦੌਲਾ ਕੀ ਗੁਰਾਤ

(ਦੋਇ ਸੌ ਪਚਪਨ ਚਰਿਤ੍ਰ ਪੰਨਾ ੧੧੭੭)

### ਪਾਤਰ : ਲਹੌਰ ਮਤੀ ਤੇ ਮਲਕ

**ਭਾਵੇਂ ਪਿਆਰ ਮੈਂ ਹੋਰ ਕਿਸੇ ਨਾਲ ਕੀਤਾ ਪਰ ਕਾਕਿਆਂ ਤੇ ਤੇਰਾ ਨਾ ਖ਼ਸਮਾ ॥** ਦੌਲਾ ਕੀ ਗੁਜਰਾਤ ਵਿੱਚ ਚਾਰੋਂ ਵਰਣਾ ਦੇ ਲੋਕ ਇਕੋ ਥਾਂ ਸੁਖੀ ਵਸਦੇ । ਉਥੇ ਇਕ ਛੱਤ੍ਰਾਨੀ ਲਹੌਰ ਮਤੀ ਨੂੰ ਇਕ ਬੰਦਾ ਰੋਜ ਬਰਤਦਾ ਤੇ ਅਨੇਕਾਂ ਢੰਗਾਂ ਨਾਲ ਭੋਗ ਕਰਦਾ । ਉਹ ਉਸ ਨੂੰ ਛੱਡ ਕੇ ਪਿਤਾ ਦੇ ਘਰ ਆ ਗਿਆ ਤੇ ਆਪ ਕਿਤੇ ਹੋਰ ਥਾਂ । ਇਕ ਮਲਕ ਨਾਂ ਦਾ ਬੰਦਾ ਉਸ ਦੇ ਘਰ ਠਹਿਰਿਆ । ਔਰਤ ਨੇ ਉਸ ਨਾਲ ਭੋਗ ਕਰਨ ਦੀ ਸੋਚੀ ।

*ਅੜਿੱਲ ॥ ਭਾਂਤਿ ਭਾਂਤਿ ਤਾਸੌ ਤ੍ਰਿਯ ਭੋਗੁ ਕਮਾਇਯੋ ॥ ਲਪਟਿ ਲਪਟਿ ਤਿਹ ਸਾਥ ਅਧਿਕ ਸੁਖ ਪਾਇਯੋ ॥*
*ਜਬ ਤਿਹ ਰਹਾ ਅਧਾਨ ਤਬੈ ਤ੍ਰਿਯ ਯੌ ਕਿਯੋ ॥ ਹੋ ਜਹਾਂ ਰੁਤੋ ਤਿਹ ਨਾਥ ਤਹੀ ਕੋ ਮਗੁ ਲਿਯੋ ॥੪॥*
(ਦੋਇ ਸੌ ਪਚਪਨ ਚਰਿਤ੍ਰ ਪੰਨਾ ੧੧੭੭)

ਪਰਾਏ ਮਰਦ ਨਾਲ ਸੰਭੋਗ ਕਰਦਿਆਂ ਪੇਟ ਵਿੱਚ ਬੱਚਾ ਠਹਿਰ ਜਾਣ ਤੇ ਉਹ ਖਸਮ ਪਾਸ ਜਿੱਥੇ ਉਹ ਰਹਿੰਦਾ ਸੀ ਪੁੱਜੀ ਕਹਿੰਦੀ ਮੈਂ ਤੇਰੇ ਬਿਨਾ ਬੜਾ ਦੁੱਖ ਕਟਿਆ। ਮੈਂ ਹੁਣ ਇਕੱਲੀ ਨੀ ਰਹਿ ਸਕਦੀ ਤੇ ਬਿਨਾ ਪੁੱਛੇ ਚਲੀ ਆਈ । ਔਰਤ ਆ ਜਾਣ ਤੇ ਪਤੀ ਨੇ ਸੁੱਖ ਮਾਣਿਆ ਤੇ ਅਨੇਕਾਂ ਢੰਗਾਂ ਨਾਲ ਪਿਆਰ ਕੀਤਾ । ਔਰਤ ਕਹਿੰਦੀ ਤੇਰੇ ਤੋਂ ਹੀ ਮੈਨੂੰ ਗਰਭ ਠਹਿਰ ਗਿਆ ਹੈ । ਕਹਿੰਦੀ ਮੈਂ ਤੇਰੇ ਇਸ਼ਕ ਚ ਰੰਗੀ ਰਹੀ ਮੇਰੇ ਤੋਂ ਰਿਹਾ ਨਾ ਗਿਆ ਮੈਂ ਤੈਨੂੰ ਮਿਲਣ ਆ ਗਈ । ਹੁਣ ਜੋ ਜੀ ਚਾਹੇ ਉਹ ਮੇਰੇ ਨਾਲ ਕਰੋ ਭਾਵੇਂ ਕ੍ਰਿਪਾਨ ਕੱਢ ਕੇ ਮਾਰ ਹੀ ਦਿਓ ਪਰ ਅਪਣੇ ਤੇ ਜੁਦਾ ਨਾ ਕਰੋ । ਇਹ ਸੁਣ ਕੇ ਮੂਰਖ ਫੁੱਲ ਗਿਆ ਤੇ ਭੇਦ ਅਭੇਦ ਨਾ ਜਾਣ ਸਕਿਆ ।

*ਦੋਹਰਾ ॥ ਨਵ ਮਾਸਨ ਬੀਤੇ ਸੁਤਾ ਜਨਤ ਭਈ ਤ੍ਰਿਯ ਸੋਇ ॥*
*ਜੜ ਅਪਨੀ ਦੁਹਿਤਾ ਲਖੀ ਭੇਦ ਨ ਪਾਯੋ ਸੋਇ ॥੧੦॥* (ਦੋਇ ਸੌ ਪਚਪਨ ਚਰਿਤ੍ਰ ਪੰਨਾ ੧੧੭੭)

ਨੋਟ :- ਕਈ ਮਹਾਂ ਮੂਰਖ ਇਸ ਨੂੰ ਗੁਰਬਾਣੀ ਆਖਦੇ ਹਨ ਤੇ ਮੱਥੇ ਟੇਕਦੇ ਹਨ । ਜਦ ਉਨ੍ਹਾਂ ਨੂੰ ਅਕਲ ਦੇਣ ਦੀ ਕੋਸ਼ਿਸ ਕਰੋ ਤਾਂ ਉਖੜੀ ਕੁਹਾੜੀ ਦੀ ਤਰ੍ਹਾਂ ਪੈਂਦੇ ਹਨ ਤੇ ਇਥੋਂ ਤੱਕ ਆਖ ਦੇਂਦੇ ਹਨ ਕਿ ਤੂੰ ਨਾਸਤਕ ਹੈਂ-ਗੁਰੂ ਦੀ ਨਿੰਦਿਆ ਕਰਦਾ ਹੈਂ-ਤੈਨੂੰ ਕੁਟਾਂਗੇ-ਤੈਨੂੰ ਦੇਖਾਂਗੇ-ਤੇਰੇ ਕੀੜੇ ਪੈਣਗੇ-ਤੂੰ ਪੰਥ ਦਾ ਦੁਸਮਣ ਹੈਂ ਤੇ ਵਿਸਾਹ ਘਾਤੀ ਹੈਂ ਇਸ ਦਾ ਫੈਸਲਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਵਾਲੇ ਮਰਜੀਵੜਿਆਂ ਕਰਨਾ ਹੈ ਕਿ ਕੌਣ ਨਾਸਤਕ ਹੈ ਜਾਂ ਆਸਤਿਕ ਜਾਂ ਫਿਰ ਰੱਬ ਦੇ ਦਰ ਤੇ ਫੈਸਲਾ ਹੋਏਗਾ ਭਲਾਂ ਧਮਕੀਆਂ ਜਾਂ ਕਤਲ ਕਰਨ ਨਾਲ ਸੱਚ ਦਾ ਕਤਲ ਹੋਇਆ ਹੈ ? ਸੱਚ ਦਬਾਇਆਂ ਨਹੀਂ ਦਬਣਾ । ਇਹ ਧਰਤੀ ਦਾ ਸੀਨਾ ਚੀਰ ਕੇ ਪਰਗਟ ਹੋ ਕੇ ਰਹੇਗਾ । ਪਰ ਇਹ ਸੱਚ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ ਜੇਕਰ ਦੋ ਚਾਰ ਪੰਨੇ ਗੁਰੂ ਜੀ ਦੇ ਲਿਖੇ ਗਏ ਹਨ ਤਾਂ ਉਹ ਪ੍ਰਗਟ ਕਰਨ ਦੀ ਲੋੜ ਹੈ ।

### ਪਾਤਰ : ਅਘਟ ਸਿੰਘ ਤੇ ਚਿੱਤ੍ਰ ਮੰਜਰੀ

(ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੮-੮੦)

ਅਘਟ ਸਿੰਘ ਰਾਜੇ ਦੀ ਰਾਣੀ ਚਿੱਤ੍ਰ ਮੰਜਰੀ ਜਿਹੀ ਸੋਹਣੀ ਨਾ ਕਦੇ ਕਿਸੇ ਦੇਖੀ ਤੇ ਨਾ ਕੰਨੀਂ ਸੁਣੀ । ਰਾਜੇ ਦੇ ਰੂਪ ਤੇ ਜਵਾਨੀ ਦਾ ਕੀ ਕਹਿਣਾ ਉਸ ਦੀ ਜਵਾਨੀ ਤੱਕ ਕੇ ਸੁਰੀ ਤੇ ਅਸੁਰੀ ਮਸਤ ਹੋ ਜਾਂਦੀਆਂ। ਔਰਤਾਂ ਨਾਗਣੀਆਂ ਤੇ

ਕਿੰਨ੍ਰਨੀਆਂ ਉਸ ਦੇ ਰੂਪ ਤੇ ਡੁੱਲ੍ਹ ਡੁੱਲ੍ਹ ਪੈਂਦੀਆਂ । ਉਹ ਸ਼ਿਕਾਰ ਖੇਡਣ ਗਿਆ ਤੇ ਇਕ ਹਿਰਨ ਪਿੱਛੇ ਘੋੜਾ ਦੁੜਾ ਕੇ ਕਈ ਕਈ ਜੋਜਨ ਗਹਿਰੇ ਬਨ ਵਿੱਚ ਜਾ ਪੁੱਜਾ । ਉਥੇ ਸਾਲ, ਤਮਾਲ, ਨੀਂਬੂ, ਨਾਰੰਜੀ, ਮੀਠਾ ਪਿੱਪਲ, ਖਜੂਰਾਂ, ਸੇਬ, ਸਿਰਾਰੀ, ਜਾਮਣ, ਨਾਰਿਅਰ, ਨਰਗਿਸ ਤੇ ਗੁਲਾਬ ਦੇ ਵੱਡੇ ਬ੍ਰਿਛਾਂ ਤੇ ਪੌਦਿਆਂ ਦਾ ਬੜਾ ਸੁੰਦਰ ਬਾਗ ਸੀ । ਉਥੇ ਸਰਿਤਾ (ਨਦੀ) ਨਦੀ ਵਗਦੀ ਤੇ ਝਰਨੇ ਮਨ ਨੂੰ ਸੁਖ ਦੇਂਦੇ । ਦੇਵਤਿਆਂ ਤੇ ਦੈਂਤਾਂ ਦੀਆਂ ਧੀਆਂ ਹਰ ਰੋਜ ਉਸ ਬਾਗ ਨੂੰ ਦੇਖਦੀਆਂ ਜੱਛ ਗੰਧ੍ਰਬੀ ਅਤੇ ਉਨਮਾਦਾ, ਨਾਰੀਆਂ ਤੇ ਸੱਪਣੀਆਂ ਇਸ ਬਨ ਤੇ ਚਿੱਤ ਡੋਲਦੀਆਂ ਕਵੀ ਸਯਾਮ ਦੀ ਕਲਮ ਤੋਂ :-

*ਦੋਹਰਾ ॥ ਤਿਨਕੀ ਦੁਤਿ ਤਿਨਹੀ ਬਨੀ ਕੋ ਕਬਿ ਸਕਤ ਬਤਾਇ ॥*
*ਲਖੇ ਲਗਨ ਲਾਗੀ ਰਹੈਂ ਪਲਕ ਨ ਜੋਰੀ ਜਾਇ ॥੧੩॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੮)

ਰਾਜੇ ਦਾ ਰੂਪ ਦੇਖ ਕੇ ਕੁੜੀਆਂ ਉਸ ਤੇ ਮਰ ਮਿਟੀਆਂ । ਕਿਸੇ ਨੇ ਗਹਿਣੇ ਕਿਸੇ ਨੇ ਤਨ ਦੇ ਕੱਪੜੇ ਵਾਰੇ ਤੇ ਕਿਸੇ ਨੇ ਫੁਲਪਾਨ ਲੈ ਆਂਦਾ । ਉਨ੍ਹਾਂ ਨੇ ਕਈ ਤਰ੍ਹਾਂ ਦੇ ਗੀਤ ਗੁਣ ਗੁਣਾਏ ਦੈਂਤਾ ਦੀਆਂ ਕੁੜੀਆਂ ਕਹਿੰਦੀਆਂ ਇਸ ਨਾਲ ਅਸੀਂ ਸ਼ਾਦੀ ਕਰਾਂਗੀਆਂ ਤੇ ਦੇਵਤਿਆਂ ਦੀਆਂ ਧੀਆਂ ਕਹਿੰਦੀਆਂ ਅਸੀਂ ਕਰਾਂਗੀਆਂ :-

*ਦੋਹਰਾ ॥ ਜੱਛ ਗੰਧ੍ਰਬੀ ਕਿੰਨ੍ਰਨੀ ਲਖਿ ਛਬਿ ਗਈ ਬਿਕਾਇ ॥*
*ਸੁਰੀ ਅਸੁਰੀ ਨਾਗਨੀ ਨੈਨਨ ਰਹੀ ਲਗਾਇ ॥੨੩॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੯)

ਇਕ ਕੁੜੀ ਨੇ ਬਿਸ਼ਨ (ਵਿਸ਼ਨੂੰ) ਦਾ ਰੂਪ ਧਾਰਿਆ-ਇਕ ਨੇ ਬ੍ਰਹਮਾ ਦਾ-ਇਕ ਨੇ ਰੁਦ੍ਰ ਦਾ-ਇਕ ਨੇ ਧਰਮ ਦਾ (ਧਰਮਰਾਜ)-ਇਕ ਨੇ ਇੰਦ੍ਰ ਦਾ-ਇਕ ਨੇ ਸੂਰਜ ਦਾ ਤੇ ਇਕ ਨੇ ਚੰਦ੍ਰ ਦਾ ਭੇਸ ਧਾਰਿਆ :-

*ਅੜਿੱਲ ॥ ਸਾਤ ਕੁਮਾਰੀ ਚਲੀ ਭੇਸ ਇਹ ਧਾਰਕੈ ॥ ਵਾ ਰਾਜਾ ਕਹ ਦਰਸ਼ਨ ਦੀਯਾ ਸੁਧਾਰਿਕੈ ॥*
*ਸਾਤ ਸੁਤਾ ਰਾਜਾ ਹਮਰੀ ਏ ਬਰੁ ਅਬੈ ॥ ਹੋ ਰਾਜ ਪਾਟ ਪੁਨਿ ਕਰਹੁ ਜੀਤਿ ਖਲ ਦਲ ਸਭੈ ॥੨੬॥*
(ਦੋਇ ਸੌ ਛਪਨ ਚਰਿਤ੍ਰ ਪੰਨਾ ੧੧੭੯)

ਜਦ ਰਾਜੇ ਨੇ ਸੱਤ ਦੇਵਤਾ ਦੇਖੇ ਤਾਂ ਝੱਟ ਪੱਟ ਪੈਰੀਂ ਗਿਰ ਪਿਆ ਕਹਿੰਦਾ ਮੇਰੇ ਧੰਨਭਾਗ ਮੈਂ ਦੇਵਤਿਆਂ ਦੇ ਦਰਸ਼ਨ ਕੀਤੇ ਹਨ।

ਨੋਟ :- ਸਿੱਖ ਧਰਮ ਕਿਸੇ ਵੀ ਦੇਵਤੇ ਜਾਂ ਦੇਵੀ ਦੀ ਹੋਂਦ ਨੂੰ ਮੂਲੋਂ ਹੀ ਨਿਕਾਰਦਾ ਹੈ ਅਤੇ ਇਨ੍ਹਾਂ ਨੂੰ ਮਾਇਆ ਦਾ ਮੂਲ ਮੰਨਦਾ ਹੈ । ਜੇਕਰ ਕੋਈ ਸਿੱਖ ਭੇਖ ਅੰਦਰ ਕਿਸੇ ਦੇਵੀ ਜਾਂ ਦੇਵਤੇ ਨੂੰ ਮੰਨਦਾ, ਸ਼ਰਧਾ ਲਿਆਉਂਦਾ ਅਤੇ ਡੰਡਾਉਤ ਕਰਦਾ ਹੈ ਉਹ ਸਿੱਖ ਧਰਮ ਦਾ ਮੁੱਢਲਾ ਮੈਂਬਰ ਵੀ ਨਹੀਂ ਜਾਂ ਦੂਜੇ ਸਬਦਾਂ ਵਿੱਚ ਉਹ ਕੌਮ ਦਾ ਭਟਕਿਆ ਅਤੇ ਤਨਖਾਹੀਆ ਮਨੁੱਖ ਹੈ । ਗੁਰੂ ਗੋਬਿੰਦ ਸਿੰਘ ਜੀ ਕਿਸੇ ਵੀ ਦੇਵੀ ਜਾਂ ਦੇਵਤੇ ਦੇ ਪੈਰੀਂ ਪੈਣ ਦੀ ਵਕਾਲਤ ਨਹੀਂ ਕਰ ਸਕਦੇ । ਸਿੱਖ ਧਰਮ ਦੇ ਕੱਟੜ ਦੁਸਮਣ ਸਾਡੇ ਪੁਜਾਰੀਆਂ ਨੇ ਕਵੀ ਦੀ ਇਹ ਰਚਨਾ ਇਸ ਮਹਾਂ ਗੰਦੀ ਪੁਸਤਕ ਵਿੱਚ ਜੜ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇਵਤਿਆਂ ਦੇ ਪੁਜਾਰੀ ਸਨ ਜੋ ਨਿੰਦਣਯੋਗ ਹੈ। ਨਾ ਤਾਂ ਗੁਰੂ ਜੀ ਨੇ ਦਸਮ ਗ੍ਰੰਥ ਲਿਖਿਆ ਤੇ ਨਾ ਹੀ ਕਿਸੇ ਦੇਵੀ ਜਾਂ ਦੇਵਤੇ ਅੱਗੇ ਗਿੜ ਗੜਾਏ।

ਉਹ ਕਹਿੰਦਾ ਤੁਸੀਂ ਜੋ ਕਹੋਗੇ ਮੈਂ ਓਹੀ ਕਰਾਂਗਾ ਤੇ ਹਮੇਸਾਂ ਤੁਹਾਡੇ ਚਰਨਾਂ ਚ ਧਿਆਨ ਧਰਾਂਗਾ । ਉਹ ਇਹ ਬਚਨ ਸੁਣ ਕੇ ਅਲੋਪ ਹੋ ਗਈਆਂ । ਫਿਰ ਸੱਤਾਂ ਨੇ ਕੁੜੀਆਂ ਦਾ ਰੂਪ ਧਾਰ ਕੇ ਰਾਜੇ ਨੂੰ ਦਰਸ਼ਨ ਦਿੱਤੇ ਕਹਿੰਦੀਆਂ ਹੁਣੇ ਸਾਡੇ ਨਾਲ ਸ਼ਾਦੀ ਕਰੋ ।ਤੇ ਹੋ ਗਈ ਸ਼ਾਦੀ ਤੇ ਫਿਰ :-

*ਚੌਪਈ ॥ ਤਬ ਤਿਹ ਠੌਰ ਬਧਾਈ ਬਾਜੀ ॥ ਸੁਰੀ ਅਸੁਰੀ ਜਹਾਂ ਬਿਰਾਜੀ ॥*
*ਜੱਛ ਕਿੰਨ੍ਰਜਾ ਜਹਾਂ ਸੁਹਾਵੈਂ ॥ ਉਰਗਿ ਗੰਧ੍ਰਬੀ ਗੀਤਨ ਗਾਵੈਂ ॥੩੩॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੮੦)

ਇਸ ਛਲ ਦੇ ਨਾਲ ਸੱਤਾਂ ਨੇ ਰਾਜੇ ਨੂੰ ਛਲਿਆ। ਇਹ ਪ੍ਰਸੰਗ ਪੂਰਨ ਹੋਇਆ ਤੇ ਅਗਲਾ ਪ੍ਰਸੰਗ ਸੁਰੂ ਕਰਦਾ ਹਾਂ। ਅਨੇਕਾਂ ਢੰਗਾਂ ਨਾਲ ਇਨ੍ਹਾਂ ਕੁੜੀਆਂ ਨੇ ਕੋਕ ਸਾਸਤ੍ਰ ਦੀ ਵਿਧੀ ਵਿਧਾਨ ਨਾਲ ਰਾਜੇ ਨੂੰ ਭੋਗਿਆ :-

*ਦੋਹਰਾ ॥ ਇਹ ਛਲ ਸੌ ਰਾਜਾ ਛਲਾ ਸਪਤ ਕੁਅਰਿ ਤਿਹ ਠੌਰ ॥*
*ਯਹ ਪ੍ਰਸੰਗ ਪੂਰਨ ਭਯੋ ਚਲੀ ਕਥਾ ਤਬ ਔਰ ॥੩੪॥*
*ਭਾਂਤਿ ਭਾਂਤਿ ਤਿਹ ਸੁੰਦਰੀ ਨ੍ਰਿਪ ਕਹ ਭਜਯੋ ਸੁਧਾਰ ॥*
*ਭਾਂਤਿ ਭਾਂਤਿ ਕ੍ਰੀੜਤਾ ਭਈ ਕੋਕ ਬਿਚਾਰ ਬਿਚਾਰ ॥੩੫॥* (ਦੋਇ ਸੌ ਛਪਨ ਚਰਿਤ੍ਰ ਪੰਨਾ ੧੧੮੦)

ਨੋਟ :- ਇਤਨਾ ਪ੍ਰਤੱਖ ਤੇ ਸਪੱਸਟ ਹੋਣ ਤੇ ਵੀ ਅਸੀਂ ਬੜੀ ਢੀਠਤਾਈ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਅਪਮਾਨਿਤ ਕਰ ਰਹੇ ਹਾਂ। ਕੀ ਇਸੇ ਦਾ ਨਾਂ ਵਿਦਵਤਾ ਜਾਂ ਬੁੱਧੀ ਜੀਵੀ ਹੋਣਾ ਹੈ?ਕੀ ਹਰ ਕੋਈ ਕਿਸੇ ਵੀ ਗੁਰੂ ਨੂੰ ਅਪਮਾਨਿਤ ਕਰ ਸਕਦਾ ਹੈ ? ਕਿਸੇ ਸਿਧਾਂਤ ਤੇ ਅਲੋਚਨਾ ਬਾ ਦਲੀਲ ਕਰਨੀ ਜਾਇਜ ਹੋ ਸਕਦੀ ਹੈ ਪਰ ਕੇਵਲ ਈਰਖਾ ਵੱਸ ਅਪਮਾਨ ਕਰਨਾ ਬੁੱਜਦਿਲੀ ਹੁੰਦਾ ਹੈ ।ਤੁਹਾਡੀ ਸੋਚ ਬਲਵਾਨ ਹੋਏ ਇਹ ਮੇਰੀ ਅਰਦਾਸ ਹੈ ।

 (ਦੋਇ ਸੌ ਸਤਾਵਨ ਚਰਿਤ੍ਰ ਪੰਨਾ ੧੧੯੦-੯੨)

## ਤੇਰੇ ਇਸ਼ਕ ਚ ਜੋਗਣ ਹੋਈ ਸੱਜਣਾ

ਪਾਤਰ : ਨੀਲਕੇਤ (ਰਾਜਾ), ਮੰਜਿ ਬਚਿੱਤ੍ਰ (ਦਾਰਾ), ਸ੍ਰੀ ਅਲਿਗੁੰਜ ਮਤੀ (ਦੁਹਿਤਾ) ਤੇ ਸ੍ਰੀ ਮਨਿ ਤਿਲਕ੍ਰ ਕੁਅਰਿ (ਰਾਜਾ)

ਪੁਹਪਵਤੀ ਨਗਰ ਦੇ ਰਾਜਾ ਨੀਲ ਕੇਤ ਦੀ ਔਰਤ ਮੰਜਿ੍ਰ ਬਚਿਤ੍ਰ ਮਾਨੋ ਕਾਮ ਦੀ ਦੇਵੀ ਨੇ ਇਕ ਬਹੁਤ ਸੋਹਣੀ ਕੁੜੀ ਸ੍ਰੀ ਅਲਿਗੁੰਜ ਜੰਮੀ ਜਣੋ ਜਗਦੀਸ ਨੇ ਆਪ ਹੱਥੀਂ ਬਣਾਈ ਹੋਏ । ਉਥੇ ਸੀ ਇਕ ਰਾਜਾ ਨਾਂ ਸੀ ਓਹਦਾ ਸ੍ਰੀ ਮਨਿ ਤਿਲਕ੍ਰ ਕੁਅਰਿ ਬੜਾ ਛੈਲ ਛਬੀਲਾ। ਸ੍ਰੀ ਅਲਿਗੁੰਜ ਮਤੀ ਨੇ ਟਹਲਦਿਆਂ ਓਹਦਾ ਰੂਪ ਦੇਖ ਕੇ ਸੁੱਧ ਬੁੱਧ ਖੋ ਦਿੱਤੀ। ਉਸ ਨੇ ਮਨ ਚ ਕਈ ਗੋਂਦਾ ਗੁੰਦੀਆਂ ਭਾਵੇਂ ਉਹ ਇਸੇ ਤਾਣੇ ਬਾਣੇ ਵਿੱਚ ਘਰ ਆ ਗਈ ਪਰ ਚਿੱਤ ਉੱਥੇ ਹੀ ਰਿਹਾ। ਉਸ ਨੇ ਇਕ ਸਖੀ ਨੂੰ ਸੈਨਤ ਨਾਲ ਬੁਲਾਇਆ ਤੇ ਬਹੁਤਾ ਧੰਨ ਦੇ ਕੇ ਅਪਣੇ ਚਿੱਤ ਦੀ ਗੱਲ ਸਮਝਾ ਕੇ ਕਿਹਾ ਕਿ ਕਿਵੇਂ ਨਾ ਕਿਵੇਂ ਮੈਨੂੰ ਮੇਰਾ ਮਿਤ੍ਰ ਮਿਲਾ ਦੇ। ਕਹਿੰਦੀ ਮੈਂ ਓਹਦੇ ਲਈ ਜੋਗਣ ਬਣ ਕੇ ਜੰਗਲ ਚ ਵਸਾਂ-ਗਹਿਣੇ ਉਤਾਰ ਕੇ ਬਿਭੂਤ ਮਲਾਂ ਤੇ ਭਗਵੇਂ ਕੱਪੜੇ ਪਹਿਨਾਂ-ਹੱਥ ਚ ਗੜਬੀ ਲਵਾਂ-ਭਾਵੇਂ ਮੇਰੀ ਦੇਹਿ ਛੁਟ ਜਾਏ ਜਾਂ ਉਮਰ ਘਟ ਜਾਏ ਪਰ ਮੈਂ ਮਿਤ੍ਰ ਜਾਣ ਨੀ ਦੇਣਾ । ਸਖੀ ਨੇ ਉਸ ਦੇ ਮਨ ਦੀ ਗੱਲ ਸੁਣ ਕੇ ਮਿਤ੍ਰ ਪਾਸ ਜਾ ਸੁਨੇਹਾ ਦਿੱਤਾ । ਜਦ ਰਾਜੇ ਨੇ ਉਸ ਨੂੰ ਤੱਕਿਆ ਤਾਂ ਉਹ ਚਕ੍ਰਿਤ ਹੋ ਗਿਆ। ਸਾਰੀ ਵਿਥਿਆ ਸੁਣ ਕੇ ਉਸ ਨੇ ਸਖੀ ਨੂੰ ਰੱਥ ਤੇ ਚੜਾਇਆ ਤੇ ਮਿਤ੍ਰ ਨੂੰ ਮਿਲਣ ਤੁਰ ਪਿਆ । ਉਸ ਨੇ ਰਾਜ ਭਾਗ ਤਿਆਗ ਕੇ ਫਕੀਰ ਦਾ ਭੇਖ ਧਾਰਣ ਕੀਤਾ ਤੇ ਧੂਣੀ ਧੁਖਾ ਕੇ ਝਰੋਖੇ ਥੱਲੇ ਬੈਠ ਗਿਆ । ਰਾਜ ਕੁਮਾਰੀ ਭਿੱਛਾ ਲੈ ਕੇ ਆਪ ਉਸ ਪਾਸ ਆਉਂਦੀ ਤੇ ਹੱਥੀਂ ਖੁਆਉਂਦੀ । ਜਦ ਰਾਤ ਨੂੰ ਲੋਕ ਸੌਂ ਜਾਂਦੇ ਤਾਂ ਉਹ ਦੋਨੋ ਲਪਟਿ ਲਪਟਿ ਕੇ ਭੋਗ ਕਮਾਉਂਦੇ ।

*ਚੌਪਈ ॥ ਰਾਜ ਸੁਤਾ ਭਿੱਛਾ ਲੈ ਆਵੈ ॥ ਤਾਕਹ ਅਪਨੇ ਹਾਥ ਜਿਵਾਵੈ ॥*
*ਨਿਸਿ ਕਹ ਲੋਗ ਜਬੈ ਸ੍ਵੈ ਜਾਂਹੀ ॥ ਲਪਟਿ ਲਪਟਿ ਦੋਊ ਭੋਗ ਕਮਾਂਹੀ ॥੨੩॥*

ਇਸ ਢੰਗ ਨਾਲ ਰਾਜ ਕੁਮਾਰੀ ਨੇ ਬੜੇ ਸੁੱਖ ਹੰਢਾਏ । ਸਭ ਉਸ ਨੂੰ ਫਕੀਰ ਸਮਝਦੇ ਪਰ ਇਹ ਕੋਈ ਨਾ ਜਾਣਦਾ ਕਿ ਰੰਗਰਲੀਆਂ ਮਨਾਣ ਵਾਲਾ ਰਾਜਾ ਹੈ । ਕੁੜੀ ਨੇ ਮੰਦੇ ਵਚਨ ਬਾਪ ਨੂੰ ਬੋਲੇ-ਬਾਪ ਨੇ ਦੇਸ ਨਿਕਾਲਾ ਦਿੱਤਾ ਤੇ ਜੰਗਲ ਚ ਛੱਡ ਦਿੱਤੀ । ਤੇ ਫਿਰ :-

*ਲੈ ਸੇਵਕ ਤਿਤ ਸੰਗ ਸਿਧਾਏ ॥ ਤਾਂਕੋ ਬਨ ਭੀਤਰ ਤਜ ਆਏ ॥*
*ਵਹ ਰਾਜਾ ਆਵਤ ਤਹ ਭਯੋ ॥ ਤਹੀ ਤਵਨਿ ਤੇਂ ਆਸਨ ਲਯੋ ॥੨੮॥*
*ਦ੍ਰਿੜ੍ਹ ਰਤਿ ਪ੍ਰਥਮ ਤਵਨ ਸੌ ਕਰੀ ॥ ਭਾਂਤਿ ਭਾਂਤਿ ਕੈ ਭੋਗਨ ਭਰੀ ॥*
*ਹੈ ਆਰੂੜਤ ਪੁਨਿ ਤਿਹ ਕੀਨਾ ॥ ਨਗਰ ਅਪਨ ਕੋ ਮਾਰਗ ਲੀਨਾ ॥੨੯॥*

(ਦੋਇ ਸੌ ਸਤਾਵਨ ਚਰਿਤ੍ਰ ਪੰਨਾ ੧੧੯੨)

ਨੋਟ :- ਆਪ ਜੀ ਨੇ ਇਕ ਹੋਰ ਨਿਕੰਮੀ ਸਿੱਖਿਆ ਦਸਮ ਗ੍ਰੰਥ ਰਾਹੀਂ ਪੜ੍ਹੀ। ਇਹ ਉਹ ਸਿੱਖਿਆਵਾਂ ਹਨ ਜੋ ਹਰ ਧੀ ਭੈਣ ਦੇ ਜੀਵਨ ਨੂੰ ਰਾਖ ਦੀ ਢੇਰੀ ਚ ਬਦਲ ਸਕਦੀਆਂ ਹਨ। ਸਮੁੱਚੀ ਔਰਤ ਜਾਤਿ ਨੂੰ ਤਕੜਿਆਂ ਹੋ ਕੇ ਇਸ ਲੱਚਰ ਕਾਵਿ ਰਚਨਾਵਾਂ ਦੇ ਗੁਰਦੁਆਰਿਆਂ ਅੰਦਰ ਕੀਤੇ ਜਾ ਰਹੇ ਪ੍ਰਕਾਸਾਂ ਨੂੰ ਬੰਦ ਕਰਾਣਾ ਚਾਹੀਦਾ ਹੈ। ਜੇਕਰ ਕੋਈ ਪੁਜਾਰੀ ਇਸ ਦਾ ਅਖੰਡ ਪਾਠ ਜਾਂ ਸਹਿਜ ਪਾਠ ਕਰਦਾ/ਕਰਾਉਂਦਾ ਹੈ ਉਸ ਨੂੰ ਉਸੇ ਦੀ ਧੀ ਭੈਣ ਸਾਮ੍ਹਣੇ ਸ਼ਰਮੋਸ਼ਾਰ ਕਰਨ ਦੀ ਲੋੜ ਹੈ। ਤੁਹਾਡੇ ਵੱਲੋਂ ਵਰਤੀ ਚੁੱਪ ਸਾਊ ਪਰਿਵਾਰਾਂ ਦਾ ਜੀਣਾ ਹਰਾਮ ਕਰ ਸਕਦੀ ਹੈ। ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਚੌਗਿਰਦਾ ਗੰਧਲਾ ਹੋਏ ? ਕੀ ਤੁਸੀਂ ਚਾਹੁੰਦੇ ਹੋ ਕੀ ਧੀਆਂ ਭੈਣਾਂ ਗਲਤ ਸਮਾਜ ਸਿਰਜਣ ? ਜੇ ਨਹੀਂ ਤਾਂ ਅਪਣੀ ਜਾਗਦੀ ਜ਼ਮੀਰ ਨਾਲ ਅੱਗੇ ਆਓ ਅਤੇ ਅਪਣੇ ਧਰਮ ਅਤੇ ਸੁਥਰੇ ਸਮਾਜ ਦੀ ਰੱਖਿਆ ਕਰੋ ।

## ਕਤਲ ਕਰਨੇ ਸਿੱਖੋ

(ਦੋਇ ਸੌ ਅਠਾਵਨ ਚਰਿਤ੍ਰ ਪੰਨਾ ੧੧੯੨-੯੫)

ਪਾਤਰ : ਹੰਸਾਧੁਜ (ਰਾਜਾ), ਕੇਸੋਤਮਾ (ਨਾਰੀ), ਹੰਸਮਤੀ (ਦੁਹਿਤਾ) ਤੇ ਰੂਪ ਕੁਅਰਿ (ਕੁਮਾਰ)

ਹੰਸਾਧੁਜ ਰਾਜੇ ਦੀ ਸੁੰਦਰ ਔਰਤ ਕੇਸੋਤਮਾ ਨੇ ਇਕ ਖੂਬਸੂਰਤ ਕੁੜੀ ਹੰਸਮਤੀ ਜੰਮੀ । ਉਸ ਨੇ ਵਿਆਕਰਨ, ਕੋਕ ਸਾਸਤ੍ਰ ਦੀ ਚੰਗੀ ਸਿੱਖਿਆ ਲਈ । ਓਹਦੇ ਗਦਰਾਏ ਸਰੀਰ ਨੂੰ ਦੇਖ ਕੇ ਚੰਦ ਤੇ ਸੂਰਜ ਵੀ ਸ਼ਰਮਾ ਜਾਂਦੇ । ਓਹਨੇ ਰੂਪ ਕੁਅਰਿ ਨਾਂ ਦੇ ਸੋਹਣੇ ਸਨੁੱਖੇ ਰਾਜਕੁਮਾਰ ਨੂੰ ਤੱਕਿਆ ਤੇ ਓਹਦੀ ਦੀਵਾਨੀ ਹੋ ਗਈ। ਓਹਨੇ ਅਪਣੀ ਇਕ ਸਹੇਲੀ ਭੇਜ ਕੇ ਉਸ ਨੂੰ ਘਰ ਬੁਲਾਇਆ ਤੇ ਭੋਗ ਕਰਨ ਦੀ ਅਪਣੀ ਇੱਛਾ ਜ਼ਾਹਿਰ ਕੀਤੀ :-

*ਤਾਕੌ ਕਹੀ ਆਨਿ ਮੋਕੌ ਭਜੁ ॥ ਲਾਜ ਸਾਜ ਸਭ ਹੀ ਅਬ ਹੀ ਤਜੁ ॥*
*ਮਥਨ ਭੇਦ ਜਬ ਮੀਤ ਪਛਾਨਾ ॥ ਧਰਮ ਛੁਟਨ ਤੇ ਅਧਿਕ ਡਰਾਨਾ ॥੮॥*

(ਦੋਇ ਸੌ ਅਠਾਵਨ ਚਰਿਤ੍ਰ ਪੰਨਾ ੧੧੯੩)

ਕੁੜੀ ਨੇ ਬਥੇਰੇ ਤਰਲੇ ਲਏ ਮਿੰਨਤਾਂ ਕੀਤੀਆਂ ਪੈਰੀਂ ਪਈ ਪਰ ਢੀਠ ਇਕ ਨਾ ਸੁਣੀ-ਉਸ ਨੂੰ ਮੰਦਾ ਬੋਲਿਆ-ਕੁੱਤੀ ਕਿਹਾ ਲੱਤ ਦਾ ਵਾਰ ਕੀਤਾ ਕਹਿੰਦਾ ਬਾਮ੍ਹਣ ਨੇ ਕਿਹਾ ਐ ਬਈ ਪਰਾਈ ਜਨਾਨੀ ਦੇ ਨੇੜੇ ਨੀ ਜਾਣਾ ਕੁੜੀ ਨੂੰ ਚੜਿਆ ਗੁੱਸਾ ਕਹਿੰਦੀ ਮੈਂ ਤੈਨੂੰ ਵੀ ਮਾਰੂੰ ਤੇ ਤੇਰੇ ਬਾਮ੍ਹਣ ਗੁਰੂ ਨੂੰ ਵੀ। ਅਵਾ ਤਵਾ ਬੋਲ ਕੇ ਓਹ ਘਰ ਨੂੰ ਤੁਰਿਆ ਤਾਂ ਮਾਰ ਕੇ ਕਟਾਰੀ ਸੁੱਟ ਲਿਆ ਤੇ ਆਪ ਲੋਥ ਤੇ ਬੈਠ ਕੇ ਮਾਲਾ ਫੜ ਮੰਤ੍ਰ ਪੜ੍ਹਨ ਲੱਗੀ। ਬਾਪ ਰਾਜੇ ਨੂੰ ਸੱਦਿਆ-ਓਹ ਦੇਖ ਕੇ ਕਹਿੰਦਾ ਇਹ ਤੂੰ ਕੀ ਕੀਤਾ ਨਿਰਦੋਸ ਮਾਰਤਾ, ਕਹਿੰਦੀ ਬਾਪੂ ਬਾਮ੍ਹਣ ਨੇ ਮੈਨੂੰ ਮੰਤ੍ਰ ਸਿਖਾਇਆ ਤਾਂ ਮੈਂ ਓਹੀ ਕਰ ਰਹੀ ਹਾਂ। ਰਾਜੇ ਨੇ ਪਕੜ ਸੱਦਿਆ ਬਾਮ੍ਹਣ-ਬਾਮ੍ਹਣ ਕਹੇ ਮੇਰੀ ਤੋਬਾ-ਮੇਰੇ ਬਾਪ ਦੀ ਤੋਬਾ ਮੈਂ ਨੀ ਕੁਛ ਕਿਹਾ- ਮੈਂ ਨੀ ਮੰਤ੍ਰ ਮੁੰਤ੍ਰ ਦਿੱਤਾ-ਕੁੜੀ ਕਹਿੰਦੀ ਹੁਣ ਬਾਪੂ ਸਾਹਮਣੇ ਝੂਠ ਬੋਲਦੈਂ-ਤੈਂਹੀ ਮੈਨੂੰ ਇਹ ਸਭ ਸਿਖਾਇਆ ਤਾ ਨਾ? ਰਾਜੇ ਚੜਿਆ ਗੁੱਸਾ ਤੇ ਬਾਮ੍ਹਣ ਟੰਗਤਾ :-

*ਜਿਹ ਨ ਭਜੀ ਤਿਹ ਘੈ ਹਨਾ ਇਹ ਛਲ ਮਿੱਸ੍ਰਹਿ ਮਾਰਿ ॥*

*ਇਹ ਬਿਧਿ ਨ੍ਰਿਪ ਕ੍ਰੋਧਿਤ ਕਿਯਾ ਹੰਸਮਤੀ ਬਰ ਨਾਰਿ ॥੩੨॥* (ਦੋਇ ਸੌ ਅਠਾਵਨ ਚਰਿਤ੍ਰ ਪੰਨਾ ੧੧੯੫)

ਨੋਟ :- ਦਸਮ ਗ੍ਰੰਥ ਦੀ ਇਹ ਅਨਮੋਲ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਨਿਰਦੋਸਾਂ ਦੇ ਕਤਲ ਕਰੀਦੇ ਹਨ । ਜਰਾ ਬਚ ਕੇ ਰਹਿਓ ਹਾਲੇ ਦਸਮ ਗ੍ਰੰਥ ਤੱਕ ਪਹੁੰਚ ਕੁੜੀਆਂ ਦੀ ਨਹੀਂ ਹੋਈ ਜਦ ਉਨ੍ਹਾਂ ਇਸ ਤੇ ਗੌਰ ਕਰਨੀ ਸੁਰੂ ਕਰ ਦਿੱਤੀ ਉਦਣ ਦੋੜਦਿਆਂ ਨੂੰ ਵਾੜ ਵੀ ਨਹੀਂ ਦਿਖਣੀ ਜਰਾ ਸੰਭਲ ਕੇ ਹਾਂ । ਖ਼ਬਰਦਾਰ -ਜਾਗਦੇ ਰਹਿਓ !

## ਦੇਸ : ਰਾਸ਼ਟ੍ਰ

(ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੫-੯੭)

### ਸਕੀ ਮਾਂ ਨਾਲ ਸੰਭੋਗ ਅਤੇ ਸ਼ਾਦੀ ਕਰੋ

ਪਾਤਰ : ਰੁੱਦ੍ਰ ਕੇਤ (ਰਾਜਾ), ਸ੍ਰੀ ਮ੍ਰਿਗਰਾਜ ਕਲਾ (ਤ੍ਰਿਯ), ਬ੍ਰਿਖਭਕੇਤ (ਪੁੱਤ) ਤੇ ਬਯਾਘ੍ਰਕੇਤ (ਪੁੱਤ)

ਰਾਸ਼ਟ੍ਰ ਦੇਸ ਦੇ ਰਾਜਾ ਰੱਦ੍ਰਕੇਤ ਦੀ ਔਰਤ ਸ੍ਰੀ ਮ੍ਰਿਗਰਾਜ ਕਲਾ ਜਣੋ ਵਿਧਾਤਾ ਨੇ ਹੱਥੀਂ ਘੜੀ ਹੋਏ। ਉਸ ਨੇ ਦੋ ਪੁੱਤ ਜੰਮੇ ਇਕ ਸੀ ਬ੍ਰਿਖਭਕੇਤ ਤੇ ਦੂਜਾ ਬਯਾਘ੍ਰਕੇਤ। ਛੋਟਾ ਸ੍ਰੀ ਬ੍ਰਿਖਭਕੇਤ ਜਣੋ ਘੱਟ ਸੋਹਣਾ ਤੇ ਬਯਾਘ੍ਰਕੇਤ ਸੋਨੇ ਦੀ ਡਲੀ ਸਮਾਨ ਸੋਹਣਾ ਸਨੁੱਖਾ ਉਂਝ ਦੋਨੋ ਹੀ ਬਲਵਾਨ ਤੇ ਹੱਟੇ ਕੱਟੇ। ਜਦ ਉਨ੍ਹਾਂ ਦਾ ਬਚਪਨ ਬੀਤਿਆ ਤੇ ਜਵਾਨੀ ਆਈ ਤਾਂ ਉਨ੍ਹਾਂ ਬੜੀਆਂ ਮੱਲਾਂ ਮਾਰੀਆਂ। ਬੜੇ ਅਤੇ ਲੋਹੜੇ ਦੇ ਸੁੰਦਰ ਪੁੱਤ ਦੀ ਜਵਾਨੀ ਅਤੇ ਡੀਲ ਡੌਲ ਨੂੰ ਦੇਖ ਕੇ ਸਕੀ ਮਾਂ ਦਾ ਕਾਮ ਭੜਕ ਗਿਆ । ਉਸ ਨੇ ਅਪਣੇ ਹੀ ਪੁੱਤ ਨਾਲ ਭੋਗ ਕਰਨ ਦੀ ਠਾਣੀ । ਉਸ ਨੇ ਅਪਣੇ ਖਸਮ ਅਤੇ ਛੋਟੇ ਪੁੱਤ ਨੂੰ ਮਾਰਨ ਦੀ ਗੋਂਦ ਗੁੰਦੀ । ਰਾਜ ਭਾਗ ਸਨੁੱਖੇ ਪੁੱਤ ਨੂੰ ਦੇਣ ਦਾ ਮਨ ਬਣਾਇਆ । ਉਸ ਨੇ ਖਸਮ ਤੇ ਪੁੱਤ ਨੂੰ ਰੱਜਵੀਂ ਦਾਰੂ ਪਿਲਾ ਦਿੱਤੀ। ਜਦ ਉਹ ਦੋਨੋ ਸੌਂ ਗਏ ਤਾਂ ਅਪਣੇ ਹੱਥੀਂ ਖੜਗ ਨਾਲ ਦੋਨਾਂ ਦਾ ਕਤਲ ਕਰ ਦਿੱਤਾ :-

*ਦੋਹਰਾ ॥ ਪਤਿ ਸੁਤ ਪ੍ਰਥਮ ਸੁਵਾਇ ਕਰਿ ਕਾਢਿ ਲਿਯਾ ਅਸਿ ਹਾਥ ॥*

*ਪੂਤ ਹੇਤ ਮਾਰਾ ਤਿਨੈ ਹਾਥ ਆਪਨੇ ਸਾਥ ॥੧੨॥* (ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੬)

ਖਸਮ ਤੇ ਪੁੱਤ ਨੂੰ ਮਾਰ ਕੇ ਰੋਣਾ ਪਿੱਟਣਾ ਸੁਰੂ ਕੀਤਾ ਕਹਿੰਦੀ ਦੋਵੇਂ ਦਾਰੂ ਪੀ ਕੇ ਬਾਪ ਪੁੱਤ ਲੜ ਪਏ । ਬਾਪ ਨੇ ਪੁੱਤ ਦੇ ਸਿਰ ਕ੍ਰਿਪਾਨ ਕੱਢ ਮਾਰੀ ਤੇ ਪੁੱਤ ਨੇ ਬਾਪ ਦੇ । ਦੋਨੋ ਲੜ ਕੇ ਮਰ ਗਏ ਮੈਂ ਅਪਣੇ ਅੱਖੀਂ ਦੇਖਿਆ । ਕਹਿੰਦੀ ਇਨ੍ਹਾਂ ਨੂੰ ਦਾਓ ਬਚਾਣਾ ਨਾ ਆਇਆ ਹਾਏ ਓਏ ਮੇਰੇ ਨੈਣ ਕਿਉਂ ਨਾ ਫੁੱਟ ਗਏ-ਹੁਣ ਮੈਂ ਕੀ ਕਰਾਂ-ਮੈਂ ਢਿੱਡ ਚ ਕਟਾਰੀ ਮਾਰ ਕੇ ਮਰ ਜਾਵਾਂ । ਮੈਂ ਹੁਣ ਪੁੱਤ ਦੇ ਸਿਰ ਛੱਤ੍ਰ ਧਰ ਕੇ ਬਨ ਚ ਚਲੇ ਜਾਉਂਗੀ। ਉਸ ਨੇ ਰਾਜ ਗੱਦੀ ਅਪਣੇ ਪੁੱਤ ਨੂੰ ਦਿੱਤੀ-ਫਕੀਰ ਦਾ ਭੇਖ ਧਾਰਿਆ ਤੇ ਉੱਤਰ ਦਿਸਾ ਵੱਲ ਚਲੇ ਗਈ । ਉਸ ਨੇ ਬਨ ਚ ਜਾ ਕੇ ਸਿਵ ਦੀ ਕਈ ਪ੍ਰਕਾਰ ਦੀ ਸਾਧਨਾ ਸਾਧੀ ਤੇ ਉਸ ਨੂੰ ਰਿਝਾ ਲਿਆ :-

*ਦੋਹਰਾ ॥ ਤਹਾਂ ਜਾਇ ਤਪਸਾ ਕਰੀ ਸ਼ਿਵ ਕੀ ਬਿਬਿਧ ਪ੍ਰਕਾਰ ॥*

*ਭੂਤ ਰਾਟ ਰੀਝਤ ਭਏ ਨਿਰਖਿ ਠਿਠੁਰਤਾ ਨਾਰਿ ॥੧੮॥* (ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੬)

ਉਹ ਕਹਿੰਦੀ ਕਿ ਜੇ ਤੂੰ ਤਰੁੱਠਾ ਹੈਂ ਤਾਂ ਮੈਨੂੰ ਬੁੱਢੀ ਤੋਂ ਜਵਾਨ ਕੁੜੀ ਬਣਾ ਦੇਹ । ਸਿਵ ਨੇ ਉਸ ਨੂੰ ਬਰ ਦਿੱਤਾ ਉਹ ਬਿਰਧ ਤੋਂ ਖੂਬਸੂਰਤ ਕੁੜੀ ਬਣ ਗਈ ।

ਨੋਟ :- ਜਿਨ੍ਹਾਂ ਨੇ ਕਦੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਧਿਆਨ ਨਾਲ ਪੜ੍ਹਿਆ ਹੋਏਗਾ ਓਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਮੂਹ ਗੁਰ ਵਿਅਕਤੀ ਅਤੇ ਸਮੂਹ ਭਗਤ ਜਨ ਸਿਵ ਨੂੰ ਕੋਈ ਮਾਨਤਾ ਨਹੀਂ ਦੇਂਦੇ । ਭਗਤ ਨਾਮ ਦੇਵ ਜੀ ਨੇ ਤਾਂ ਰਾਗ ਗੋਂਡ ਵਿੱਚ ਸਪੱਸਟ ਲਿਖਿਆ ਹੈ ਕਿ 'ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥' ਹੋਰ ਵੀ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ ਪਰ ਕਿਉਂ ਕਿ ਆਪ ਜੀ ਦਾ ਨਿਸਚਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ

ਹੈ ਤੇ ਉਮੀਦ ਹੈ ਕਿ ਆਪ ਜੀ ਹਰ ਰੋਜ ਗੁਰਬਾਣੀ ਪੜ੍ਹਦੇ ਹੀ ਹੋਵੋਗੇ ਸਿਆਣੇ ਆਖਦੇ ਹਨ ਕਿ ਹੱਥ ਕੰਗਣ ਨੂੰ ਆਰਸੀ ਦੀ ਲੋੜ ਨਹੀਂ ਹੁੰਦੀ । ਸਿੱਖ ਕਿਸੇ ਸਿਵ ਦਾ ਨਾ ਪੁਜਾਰੀ ਹੈ ਨਾ ਹੀ ਉਸ ਦੀ ਭਗਤੀ ਜਾਂ ਅਰਾਧਨਾ ਕਰਦਾ ਹੈ । ਸਿੱਖ ਦਾ ਨਿਸਚਾ ਇਕ ਅਕਾਲ ਪੁਰਖ ਵਿੱਚ ਹੈ । ਸਿੱਖ ਅਕਾਲ ਪੁਰਖ ਦੀ ਅਰਾਧਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲੇ ਗਿਆਨ ਅਨੁਸਾਰ ਕਰਦਾ ਹੈ । ਸਿੱਖ ਕਿਸੇ ਵੀ ਕਿਸਮ ਦੇ ਵਰ ਦੇ ਲਾਲਚ ਜਾਂ ਸਰਾਪ ਦੇ ਡਰ ਚ ਜਿੰਦਗੀ ਨਹੀਂ ਜਿਉਂਦਾ ਜਾਂ ਇਉਂ ਕਿਹਾ ਜਾਏ ਕਿ ਸਿੱਖ ਦਾ ਜੀਵਨ ਵਰ ਤੇ ਸਰਾਪ ਤੋਂ ਬੜਾ ਉਚਾ ਹੈ ਵਧੇਰੇ ਚੰਗਾ ਹੈ। ਜਿਹੜੇ ਲੋਕ ਸਿਵ ਦੀ ਸਿੱਖੀ ਭੇਖ ਅੰਦਰ ਅਰਾਧਨਾ ਕਰਦੇ ਹਨ ਉਹ ਸਭ ਸਿੱਖ ਧਰਮ ਦੇ ਮੈਂਬਰ ਨਹੀਂ ਹਨ ਉਨ੍ਹਾਂ ਨੂੰ ਅਸੀਂ ਭੇਖੀ ਅਤੇ ਤਨਖਾਹੀਏ ਕਹਿ ਸਕਦੇ ਹਾਂ ਜਾਂ ਗੁਰੂ ਘਰ ਦੇ ਮਹਾਂ ਨਿੰਦਕ ਤੇ ਚੋਰ। ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਦੇਣ ਨਾਲ ਕਾਵਿ ਰਚਾਇਤਾ ਗੁਰੂ ਗੋਬਿੰਦ ਸਿੰਘ ਜੀ ਨਹੀਂ ਬਣ ਜਾਣਾ ਕਿਉਂਕਿ ਚੋਰ ਦੀ ਦਾੜੀ ਵਿੱਚ ਫਸਿਆ ਤਿਣਕਾ ਅਸਲੀ ਚੋਰ ਨੂੰ ਪਰਗਟ ਕਰ ਹੀ ਦੇਂਦਾ ਹੈ । ਇਹ ਚੇਤੇ ਰੱਖਿਓ ਕਿ ਦਸਮ ਗ੍ਰੰਥ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ ।

ਜਦ ਉਹ ਬਿਰਧ ਤੋਂ ਮੁਟਿਆਰ ਬਣ ਗਈ ਤਾਂ ਉਹ ਉਸੇ ਨਗਰ ਜਾਂ ਪਹੁੰਚੀ ਓਹਦਾ ਪੁੱਤ ਰੋਜ ਸ਼ਿਕਾਰ ਖੇਡਦਾ । ਉਸ ਨੇ ਇਕ ਮ੍ਰਿਗੀ ਦਾ ਭੇਸ ਧਾਰਣ ਕੀਤਾ ਤੇ ਤਨ ਦੇ ਸਾਰੇ ਕੱਪੜੇ ਲਾਹ ਦਿੱਤੇ । ਜਿੱਥੇ ਓਹਦਾ ਪੁੱਤ ਸ਼ਿਕਾਰ ਖੇਡ ਰਿਹਾ ਸੀ ਉੱਥੇ ਹਿਰਨੀ ਬਣ ਕੇ ਨਿਕਲੀ :-

*ਏਕ ਮ੍ਰਿਗੀ ਕਾ ਭੇਸ ਧਾਰ ਤਬ ॥ ਤਨ ਕੇ ਬਸਤ੍ਰ ਛੋਡਿ ਸੁੰਦਰ ਸਬ ॥*

ਖੇਲਤ ਹੁਤੋ ਅਖਿਟ ਸੁਤ ਜਹਾਂ ॥ ਹਰਨੀ ਹ੍ਵੈ ਨਿਕਸਤ ਭੀ ਤਹਾਂ ॥੨੨॥ (ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੬)

ਪੁੱਤ ਨੇ ਬਿਨਾ ਕਿਸੇ ਵੱਲ ਤੱਕਿਆ ਓਹਦਾ ਪਿੱਛਾ ਕੀਤਾ। ਜਦ ਪਿੱਛਾ ਕਰਦਿਆਂ ਘੋਰ ਜੰਗਲ ਵਿੱਚ ਪੁੱਜਾ ਜਿੱਥੇ ਸਾਲ ਤਮਾਲ ਦੇ ਭਾਰੇ ਬ੍ਰਿਛ ਸਨ, ਨਿੰਬੂ, ਕਦਪ, ਬਟ, ਜਟਿਯਾਰੇ, ਸੀਬਰ ਤੇ ਖਜੂਰਾਂ ਦੀ ਭਰਮਾਰ ਸੀ (ਆਪ ਜੀ ਨੇ ਇਸੇ ਪ੍ਰਕਾਰ ਦਾ ਜੰਗਲ ਦੋ ਸੌ ਛਪਨ ਚਰਿੱਤ੍ਰ ਪੰਨਾ ੧੧੭੮ ਤੇ ਪੜ੍ਹਿਆ ਹੈ ਇਹ ਦ੍ਰਿੜ ਨਿਸਚਾ ਹੈ ਕਿ ਇਹ ਇਕੋ ਹੀ ਕਵੀ ਦੀਆਂ ਰਚਨਾਵਾਂ ਹਨ) ਉਥੇ ਪਹੁੰਚ ਕੇ ਮ੍ਰਿਗੀ ਨੇ ਅਪਣਾ ਰੂਪ ਬਦਲਿਆ ਤੇ ਸੁੰਦਰ ਕੁੜੀ ਬਣ ਕੇ ਰਾਜ ਕੁਮਾਰ ਦਾ ਮਨ ਮੋਹ ਲਿਆ। ਰਾਜ ਕੁਮਾਰ ਓਹਦਾ ਰੂਪ ਤੱਕ ਕੇ ਲੁਭਾਇਆ ਗਿਆ ਤੇ ਕਹਿੰਦਾ ਤੂੰ ਮੇਰੇ ਘਰ ਹੁਣੇ ਚੱਲ ਤੇ ਮੇਰੇ ਨਾਲ ਰਹਿ । ਇਕ ਅੱਧ ਬਾਰ ਓਹਨੇ ਨਾਂਹਿ ਨਾਂਹਿ ਕਿਹਾ ਤੇ ਆਖਰ ਜੋ ਰਾਜ ਕੁਮਾਰ ਕਿਹਾ ਓਹੀ ਮੰਨ ਲਿਆ ।

*ਅੜਿੱਲ ॥ ਏਕ ਆਧ ਬਿਰ ਨਾਂਹਿ ਨਾਂਹਿ ਤਿਨ ਭਾਖਿਯੋ ॥ ਲਗੀ ਨਿਗੋਂਡੀ ਲਗਨ ਜਾਤ ਨਹਿ ਆਖਿਯੋ ॥*
*ਅੰਤ ਕੁਅਰ ਜੋ ਕਹਾ ਮਾਨਿ ਸੋਈ ਲਿਯੋ ॥ ਹੋ ਪਤਿ ਸੁਤ ਪ੍ਰਥਮ ਸੰਘਾਰਿ ਲਹੁ ਸੁਤ ਛਲਿ ਪਿਯ ਕਿਯੋ ॥੨੯॥*

(ਦੋਇ ਸੌ ਉਨਾਸਠਿ ਚਰਿਤ੍ਰ ਪੰਨਾ ੧੧੯੭)

ਨੋਟ :- ਪਤਾ ਨਹੀਂ ਸਿੱਖ ਧਰਮ ਦੇ ਵੱਡੇ ਪੁਜਾਰੀ ਕਿਸ ਮਿੱਟੀ ਦੇ ਬਣੇ ਹਨ ਜਿਨ੍ਹਾਂ ਨੂੰ ਭੋਰਾ ਸ਼ਰਮ ਨਹੀਂ ਹੈ ਸੰਤਾਂ ਸਾਧਾਂ ਬ੍ਰਹਮਗਿਆਨੀਆਂ ਦਾ ਤਾਂ ਆਵਾ ਈ ਊਤਿਆ ਪਿਆ ਐ । ਇਸ ਤੋਂ ਗੰਦੀ ਸਿੱਖਿਆ ਉਹ ਸਿੱਖ ਸਮਾਜ ਨੂੰ ਕੀ ਦੇ ਸਕਦੇ ਹਨ ? ਇਕ ਸਕੀ ਮਾਂ ਅਪਣੇ ਹੀ ਪੁੱਤ ਦੀ ਔਰਤ ਬਣੇ ਜਾਂ ਸਕਾ ਪੁੱਤ ਅਪਣੀ ਹੀ ਮਾਂ ਨਾਲ ਸੰਭੋਗ ਕਰੇ ਕੀ ਅਜਿਹਾ ਕਦੇ ਹੋ ਸਕਦਾ ਹੈ ? ਫਿਰ ਇਹ ਮੰਦੀ ਕਰਤੂਤ ਦਾ ਸਿਹਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਮੜ੍ਹ ਕੇ ਓਹ ਅਪਣੀ ਬੁਜਦਿਲੀ ਕਾਇਰਤਾ ਤੇ ਬੇਸ਼ਰਮੀ ਨੂੰ ਢੱਕਣ ਦੀ ਨਾਕਾਮ ਕੋਸ਼ਿਸ ਕਰ ਰਹੇ ਹਨ । ਇਸ ਤੋਂ ਵੱਡੀ ਗਾਲ ਓਹ ਗੁਰੂ ਗੋਬਿੰਦ ਸਿੰਘ ਜੀ ਨੂੰ ਹੋਰ ਕੀ ਕੱਢ ਸਕਦੇ ਹਨ ? ਇੱਥੇ ਉਹ ਸਿੱਧ ਕਰਨ ਦੀ ਕੋਸ਼ਿਸ ਕਰ ਰਹੇ ਹਨ ਕਿ ਡੰਗਰ ਅਤੇ ਗੁਰੂ ਦੇ ਸਿੱਖ ਚ ਕੋਈ ਫਰਕ ਨਹੀਂ । ਜਿਵੇਂ ਡੰਗਰ ਦੀ ਕੋਈ ਮਾਂ-ਭੈਣ ਜਾਂ ਧੀ ਨਹੀਂ ਹੁੰਦੀ ਉਹ ਰਿਸਤਿਆਂ ਤੋਂ ਪਰੇ ਹਨ ਉਵੇਂ ਹੀ ਗੁਰੂ ਦੇ ਸਿੱਖ ਹਨ । ਇੱਥੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਸਿੱਖ ਮਾਂ ਅਪਣੇ ਪੁੱਤ ਨੂੰ ਪਤੀ ਬਣਾ ਸਕਦੀ ਹੈ ਤੇ ਪੁੱਤ ਮਾਂ ਨਾਲ ਸੰਭੋਗ ਕਰ ਸਕਦਾ ਹੈ । ਸਿਆਣੇ ਆਖਦੇ ਹਨ 'ਦੁਰ ਫਿਟੇ ਮੂੰਹ ਤੁਹਾਡੀ ਜੰਮਣ ਵਾਲੀ ਤੇ' ਅਪਣੇ ਗੁਰੂ ਨੂੰ ਵੀ ਨਹੀਂ ਬਖਸ਼ਿਆ ਇਸੇ ਨੂੰ ਕਹਿੰਦੇ ਹਨ ਅਕ੍ਰਿਤਘਣ ਤੇ ਨਮਕ ਹਰਾਮੀ । ਬਾ ਹੋਸ਼ਿਆਰ ਖ਼ਬਰਦਾਰ -ਜਾਗਦੇ ਰਹਿਓ !

ਉਠ ਓਏ ਸਿੱਖਾ ਨੀਂਦ ਤੋਂ ਜਾਗੁ ਓਏ ॥ ਲੁਟ ਲਿਆ ਧਰਮ ਤੇਰਾ ਲੁੱਟ ਲਿਆ ਸਮਾਜ ਓਏ ॥

ਪਾਤਰ : ਮਸਤਕਰਨ (ਨ੍ਰਿਪ) ਤੇ ਸ੍ਰੀ ਕਜਰਾਛਮਤੀ (ਦਾਰਾ) (ਦੋਇ ਸੌ ਸਾਠ ਚਰਿਤ੍ਰ ਪੰਨਾ ੧੧੯੭-੯੮)

**ਇਸ਼ਕ ਕਰੇਂਦਾ ਪੁੱਠੇ ਕਾਰੇ :** ਮਸਤਕਰਨ ਰਾਜੇ ਦੀ ਰਾਣੀ ਸ੍ਰੀ ਕਜਰਾਛਮਤੀ ਪਾਰਬਤੀ ਵਰਗੀ ਸੋਹਣੀ। ਮਸਤਕਰਨ ਰਾਜਾ ਰੋਜ ਸਿਵ ਦੀ ਪੂਜਾ ਕਰਦਾ । ਉਸ ਨੂੰ ਗੁਰੂ ਜਾਣ ਕੇ ਅਨੇਕਾਂ ਢੰਗਾਂ ਨਾਲ ਉਸ ਦਾ ਧਿਆਨ ਧਰਦਾ ਤੇ ਰਾਤ ਦਿਨ ਓਸੇ ਦੀ ਤਪੱਸਿਆ ਕਰਦਾ ਰਹਿੰਦਾ। ਉਹ ਭੁੱਲ ਕੇ ਵੀ ਰਾਣੀ ਦੇ ਘਰ ਨਾ ਆਉਂਦਾ। ਰਾਣੀ ਇਕ ਪੁਰਖ ਨਾਲ ਬੜੇ ਪ੍ਰੇਮ ਨਾਲ ਸੰਭੋਗ ਕਰਨ ਲੱਗੀ ਤੇ ਜਦ ਓਹ ਸੌਂ ਗਈ ਤਾਂ ਸੁਪਨੇ ਵਿੱਚ ਉਸ ਨੂੰ ਸ਼ਿਵ ਨੇ ਦਰਸ਼ਨ ਦਿੱਤੇ :-

*ਰਾਨੀ ਏਕ ਪੁਰਖ ਸੌ ਅਤਿ ਹਿਤ ਠਾਨਿਕੈ ॥ ਰਮਤ ਭਈ ਤਿਹ ਸੰਗ ਅਧਿਕ ਰੁਚਿ ਮਾਨਿਕੈ ॥*
*ਸੋਤ ਹੁਤੀ ਸੁਪਨਾ ਮਹਿ ਸ਼ਿਵ ਦਰਸ਼ਨ ਦਿਯੋ ॥ ਹੋ ਬਚਨ ਆਪਨੇ ਮੁਖ ਤੇ ਹਸਿ ਮੁਹਿ ਯੌ ਕਿਯੋ ॥੩॥*

ਸ਼ਿਵ ਕਹਿੰਦਾ ਗਹਿਰੇ ਬਨ ਵਿੱਚ ਤੂੰ ਇਕੱਲੀ ਆਵੀਂ ਤੇ ਮੇਰੀ ਪੂਜਾ ਕਰ ਕੇ ਮੈਨੂੰ ਰਿਝਾਉਣਾ ਤੂੰ ਅਪਣੀ ਜੋਤਿ ਮੇਰੀ ਜੋਤਿ ਨਾਲ ਮਿਲਾਈਂ ਤੇ ਜੀਵਨ ਮੁਕਤੀ ਪਾਈਂ । ਤਾਂਤੇ ਮੈਂ ਪਤੀ ਤੋਂ ਆਗਿਆ ਕੈ ਕੇ ਉਥੇ ਜਾ ਕੇ ਸ਼ਿਵ ਨੂੰ ਪੂਜਣ ਚਲੀ ਜਿਸ ਨਾਲ ਸੱਤ ਕੁਲਾਂ ਤਰ ਜਾਣਗੀਆਂ । ਸ਼ਿਵ ਦ ਨਾਂ ਲੈ ਕੇ ਖਸਮ ਤੋਂ ਲਈ ਆਗਿਆ ਤੇ ਪ੍ਰਾਪਤ ਕੀਤੀ ਜੀਵਨ ਮੁਕਤੀ-ਜਾ ਵਸੀ ਯਾਰ ਦੇ ਸੰਗ ।

ਨੋਟ :- ਪਿਛਲੇ ਚਰਿੱਤ੍ਰ ਵਿੱਚ ਅਸੀਂ ਪੜ੍ਹ ਚੁੱਕੇ ਹਾਂ ਕਿ ਕਿਵੇਂ ਸ਼ਿਵ ਦੀ ਅਰਾਧਨਾ ਕਰ ਕੇ ਬਰ ਪ੍ਰਾਪਤ ਕਰਨ ਦੀ ਗੱਲ ਕਹੀ ਗਈ ਸੀ ਤੇ ਇੱਥੇ ਵੀ ਸ਼ਿਵ ਦੀ ਅਰਾਧਨਾ ਲਈ ਜੋਰ ਦੇ ਕੇ ਉਕਸਾਇਆ ਗਿਆ ਹੈ। ਦਸਮ ਗ੍ਰੰਥ ਦੇ ਅਨਪੜ੍ਹ ਸੰਪਾਦਿਕ ਅਤੇ ਮਹਾਂ ਮੂਰਖ ਸੋਧ ਕਮੇਟੀ ਸਿੱਖ ਧਰਮ ਦੇ ਮੂਲ ਮੰਤ੍ਰ ਦੇ ਅਰਥਾਂ ਤੋਂ ਵੀ ਅਣਭਿੱਜ ਹੈ। ਜੇਕਰ ਰੱਤੀ ਭਰ ਵੀ ਸੂਝ ਹੁੰਦੀ ਤਾਂ ਪਾਤਸ਼ਾਹੀ ੧੦ ਲਿਖ ਕੇ ਗੁਰੂ ਦੇ ਮੁਖਾਰਬਿੰਦ ਤੋਂ ਸ਼ਿਵ ਦੀ ਅਰਾਧਨਾ ਨਾ ਦਿਖਾਉਂਦੇ। ਇਉਂ ਕਰਕੇ ਉਨ੍ਹਾਂ ਗੁਰੂ ਜੀ ਦਾ ਘੋਰ ਅਪਮਾਨ ਕੀਤਾ ਹੈ। ਸੂਝ ਕਿਸੇ ਬਾਣੀਏ ਦੀ ਹੱਟੀ ਤੇ ਨਹੀਂ ਵਿੱਕਦੀ। ਇਹ ਇਕ ਰੱਬੀ ਦਾਤ ਹੈ ਜੋ ਕਿਸੇ ਕਿਸੇ ਨੂੰ ਨਸੀਬ ਹੁੰਦੀ ਹੈ। ਜੇਕਰ ਪਿਛਲੇ ਪੜ੍ਹੇ ਗਏ ਚਰਿੱਤ੍ਰ ਨਾਲ ਮੇਲ ਕੇ ਇਸ ਨੂੰ ਘੋਖੀਏ ਤਾਂ ਇਹ ਇਕੋ ਹੀ ਲਿਖਾਰੀ ਦੇ ਲਿਖੇ ਪ੍ਰਤੀਤ ਹੁੰਦੇ ਹਨ ਪਰ ਡੰਕੇ ਦੀ ਚਟਿ ਨਾਲ ਆਖਿਆ ਜਾ ਸਕਦ ਹੈ ਕਿ ਦਸਮ ਗ੍ਰੰਥ ਦੇ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ। ਬਾ ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਅਹਿਧੁਜ ਤੇ ਸ੍ਰੀ ਮਾਸੂਕਮਤੀ (ਦੋਇ ਸੌ ਇਕਸਠਿ ਚਰਿਤ੍ਰ ਪੰਨਾ ੧੧੯੮-੯੯)

**ਸੰਭੋਗ ਕਰ ਕੇ ਮਿਤ੍ਰ ਦਾ ਕਤਲ ਕਰੋ :** ਅਹਿਧੁਜ ਰਾਜੇ ਦੀ ਰਾਣੀ ਸ੍ਰੀ ਮਾਸੂਕਮਤੀ ਜਣੋ ਸੂਰਜ ਚੰਦ, ਨਹੀਂ ਨਹੀਂ ਇੰਦ੍ਰਾਨੀ ਜਿਹੀ ਸੋਹਣੀ । ਓਹਦੇ ਕੋਈ ਪੁੱਤ ਨਾ ਹੋਣ ਕਰਕੇ ਬੜੀ ਚਿੰਤਾ ਕਰੇ । ਉਹ ਰਾਜੇ ਤੋਂ ਡਰਦੀ ਹੋਈ ਵੀ ਅਨੇਕਾਂ ਪੁਰਖਾਂ ਨਾਲ ਕਲੋਲਾਂ ਕਰੇ ।

*ਤਾਕੇ ਪੁਤ੍ਰ ਹੋਤ ਗ੍ਰਿਹ ਨਾਹੀ ॥ ਇਹ ਚਿੰਤਾ ਤ੍ਰਿਯ ਕੇ ਜਿਯ ਮਾਹੀ ॥*
*ਰਾਜਾ ਤੇ ਜਿਯ ਮਹਿ ਡਰਪਾਵੈ ॥ ਬਹੁ ਪੁਰਖਨ ਸੰਗ ਕੇਲ ਕਮਾਵੈ ॥੨॥*

(ਦੋਇ ਸੌ ਇਕਸਠਿ ਚਰਿਤ੍ਰ ਪੰਨਾ ੧੧੯੮)

ਇਕ ਦਿਨ ਉਸ ਨੇ ਝਰੋਖੇ ਬੈਠ ਕੇ ਮੱਝਾਂ ਚਾਰਨ ਵਾਲਾ (ਪਾਲੀ) ਆਉਂਦੇ ਤੱਕਿਆ । ਓਹ ਸੋਹਣੀ ਮਹੀਵਾਲ ਨੂੰ ਗਾਉਂਦਾ ਆ ਰਿਹਾ ਸੀ ਜਿਸ ਨਾਲ ਅਨੇਕਾਂ ਔਰਤਾਂ ਦੇ ਚਿੱਤ ਚੁਰਾਏ ਜਾਂਦੇ। ਰਾਣੀ ਨੇ ਓਸ ਦੇ ਸੁੰਦਰ ਬੋਲ ਸੁਣ ਕੇ ਇਸ ਨਾਲ ਭੋਗ ਕਰਨ ਦੀ ਠਾਣੀ । ਜਿੱਥੇ ਉਹ ਮੱਝਾਂ ਚਰਾਉਂਦਾ ਸੀ ਉੱਥੇ ਰਾਤ ਨੂੰ ਰਾਣੀ ਜਾ ਪਹੁੰਚੀ । ਦੋ ਘੜੀ ਪਿੱਛੋਂ ਰਾਜੇ ਦੀ ਜਾਗ੍ਹ ਖੁੱਲੀ ਓਹ ਕ੍ਰਿਪਾਨ ਹੱਥ ਲੈ ਕੇ ਮਗਰੇ ਭੱਜਾ। ਇਕ ਸਿਆਣੀ ਸਖੀ ਨੇ ਭਾਂਪ ਕੇ ਭੱਜ ਕੇ ਰਾਣੀ ਨੂੰ ਖ਼ਬਰਦਾਰ ਕਰ ਦਿੱਤਾ। ਉਸ ਨੇ ਆਜੜੀ ਦਾ ਉਸ ਦੀ ਪਗੜੀ ਨਾਲ ਗਲਾ ਘੁੱਟ ਕੇ ਮਾਰ ਦਿੱਤਾ ਤੇ ਦਰੱਖਤ ਤੇ ਲਟਕਾ ਦਿੱਤਾ। ਆਪ ਨਦੀ ਚ ਕੱਪੜੇ ਉਤਾਰ ਕੇ ਨਾਣ੍ਹ ਬੜ ਗਈ । ਐਨੇ ਨੂੰ ਰਾਜਾ ਪੁੱਜਾ ਤੇ ਓਹਨੂੰ ਨਹਾਉਂਦੀ ਨੂੰ ਤੱਕ ਕੇ ਓਹ ਸੜ ਬਲ ਗਿਆ । ਕਹਿੰਦਾ ਸੱਚ ਸੱਚ ਦੱਸ ਤੂੰ ਘਰ ਛੱਡ ਕੇ ਇੱਥੇ ਕੀ ਕਰਨ ਆਈ ਐਂ । ਕਹਿੰਦੀ ਖਸਮਾ ਮੇਰੀ ਗੱਲ ਸੁਣ ਕਿ ਮੈਂ ਹਰ ਰੋਜ ਈ ਪੂਜਾ ਕਰਦੀ ਮੰਗ ਮੰਗਦੀ ਕਿ ਸਾਡੇ ਘਰ ਕੋਈ ਪੁੱਤ ਦੇਹ ਮੈਂ ਪਲ ਪਲ ਤੇਰੇ ਤੋਂ ਬਲਿਹਾਰੇ ਜਾਵਾਂ। ਕਹਿੰਦੀ ਪੁੱਤ ਖਾਤਰ ਹੀ ਮੈਂ ਇਥੇ ਆਈ ਤੇ ਨਾਣ੍ਹ ਕੀਤਾ। ਕਹਿੰਦੀ ਮੈਂ ਸੱਚ ਸੱਚ ਕਿਹਾ ਭਾਵੇਂ ਹੁਣ ਤੂੰ ਮੇਰੀ ਜਾਨ ਕੱਢ ਲੈ। ਰਾਜਾ ਸੁਣ ਕੇ ਪ੍ਰਸੰਨ ਹੋ ਗਿਆ ਕਿ ਪੁੱਤਰ ਖਾਤਰ ਇਸ ਨੇ ਨਾਣ੍ਹ ਕੀਤਾ ਪਰ ਇਹ ਨਾ ਜਾਣ ਸਕਿਆ ਕਿ ਕਾਮ ਦੀ ਭੁੱਖ ਮਿਟਾਣ ਬਾਦ ਉਸ ਨੇ ਮਿਤ੍ਰ ਕਤਲ ਕਰ ਦਿੱਤਾ।

*ਅੜਿੱਲ ॥ ਤਾਂਹਿ ਭੋਗਿ ਫਾਸੀ ਸੌ ਬਹੁਰਿ ਸੰਘਾਰਿਯੋ ॥ ਕਰਿਕੈ ਨ੍ਰਿਪਹਿ ਚਰਿੱਤ੍ਰ ਇਹ ਭਾਂਤਿ ਦਿਖਾਰਿਯੋ ॥*
*ਮੂੜ੍ਹ ਪ੍ਰਫੁਲਿਤ ਭਯੋ ਨ ਕਛੁ ਤਾਕੌ ਕਹਾ ॥ ਹੋ ਧੰਨਿ ਧੰਨਿ ਕਹਿ ਨਾਰਿ ਮਗਨ ਹ੍ਵੈ ਮਨ ਰਹਾ ॥੧੨॥*

(ਦੋਇ ਸੌ ਇਕਸਠਿ ਚਰਿਤ੍ਰ ਪੰਨਾ ੧੧੯੮)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਕਾਮ ਦੀ ਭੁੱਖ ਪੂਰੀ ਕਰਨ ਤੋਂ ਬਾਦ ਮਿਤ੍ਰ ਦਾ ਕਤਲ ਕਰਨਾ ਹੈ । ਇਹ ਓਹ ਰਚਨਾਵਾਂ ਹਨ ਜਿਨ੍ਹਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਅੰਮ੍ਰਿਤ ਰੂਪੀ ਬਾਣੀ (ਗੁਰਬਾਣੀ) ਹੈ । ਇਸ ਬਾਰੇ ਤੁਹਾਡੀ ਕੀ ਰਾਇ ਹੈ ਬਿਨਾ ਮਨ ਦੀ ਸਹੀ ਅਵਾਜ ਦਬਾਇਆਂ ਪ੍ਰਗਟ ਕਰਨੀ । ਆਵਾਜ਼ ਦਬਾਣ ਨਾਲ ਆਤਮਾ ਤੇ ਜ਼ਮੀਰ ਮਰ ਜਾਇਆ ਕਰਦੀਆਂ ਹਨ। ਤੁਹਾਡੀ ਆਤਮਾ ਬਲਵਾਨ ਰਹੇ ਇਹ ਅਰਦਾਸ ਹੈ ।

## ਦੇਸ : ਕਿਲਮਾਕਨ (ਦੋਇ ਸੌ ਬਾਸਠ ਚਰਿਤ੍ਰ ਪੰਨਾ ੧੧੮੯-੯੦)

### ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਇੰਦ੍ਰਧੁਜ (ਨ੍ਰਿਪਤਿ), ਸ੍ਰੀ ਕਿਲਮਾਕ ਮਤੀ (ਰਾਨੀ) ਤੇ ਮਾਸ਼ੂਕਮਤੀ (ਦੁਹਿਤਾ) : ਕਿਲਮਾਕਨ ਦੇਸ ਦੇ ਰਾਜਾ ਇੰਦ੍ਰਧੁਜ ਦੀਰਾਣੀ ਸ੍ਰੀ ਕਿਲਮਾਕ ਮਤੀ ਨੇ ਚੰਦ ਵਰਗੀ ਸੋਹਣੀ ਕੁੜੀ ਮਾਸ਼ੂਕਮਤੀ ਜੰਮੀ। ਉੱਥੇ ਇਕ ਸੌਦਾਗਰ ਸੂਰਜ ਵਰਗਾ ਸੋਹਣਾ ਤੇ ਕਾਮੀ ਸੌਦਾ ਕਰਨ ਆ ਗਿਆ । ਇਕ ਦਿਨ ਰਾਜੇ ਦੀ ਧੀ ਨੇ ਝਰੋਖੇ ਬੈਠ ਕੇ ਇਸ ਸਾਹੂਕਾਰ ਦੇ ਪੁੱਤ ਨੂੰ ਦੇਖਿਆ ਤੇ ਉਸ ਦਾ ਰੂਪ ਦੇਖ ਕੇ ਦੀਵਾਨੀ ਹੋ ਗਈ। ਉਸ ਨੇ ਸਹੇਲੀ ਨੂੰ ਬਹੁਤ ਧੰਨ ਦੇ ਕੇ ਸੌਦਾਗਰ ਨੂੰ ਕਿਵੇਂ ਨਾ ਕਿਵੇਂ ਉਸ ਕੋਲ ਲਿਆਉਣ ਲਈ ਭੇਜਿਆ। ਉਸ ਨੇ ਹੀਲਾ ਵਸੀਲਾ ਕਰ ਕੇ ਦੋਨਾਂ ਦਾ ਮਿਲਾਪ ਕਰਾ ਦਿੱਤਾ :-

*ਸੁਨਤ ਕੁਅਰਿ ਕੋ ਬਚਨ ਸਖੀ ਤਹ ਜਾਇਕੈ ॥ ਮਨ ਭਾਵਤ ਪਿਯ ਯਾਕਹ ਦਿਯਾ ਮਿਲਾਇਕੈ॥*
*ਚੌਰਾਸੀ ਆਸਨ ਸੁ ਬਿਬਿਧ ਬਿਧਿ ਕੈ ਲੀਏ॥ ਹੋ ਚਿਤ ਕੇ ਸ਼ੋਕ ਸੰਤਾਪ ਬਿਦਾ ਸਭ ਕਰ ਦੀਏ॥੫॥*
*ਛੈਲ ਛੈਲਨੀ ਛਕੇ ਨ ਛੋਰਤ ਏਕ ਛਿਨ ॥ ਜਨੁਕ ਨਵੌ ਨਿਧਿ ਰਾਂਕ ਸੁ ਪਾਈ ਆਜੁ ਤਿਨ ॥*
*ਚਿੰਤਾਤੁਰ ਚਿਤ ਭਈ ਬਿਚਾਰ ਬਿਚਾਰਿਕੈ ॥ ਹੋ ਸਦਾ ਬਸੌ ਸੁਖ ਸਾਥ ਪਿਯਰਵਾ ਯਾਰਿਕੈ ॥੬॥*

(ਦੋਇ ਸੌ ਬਾਸਠ ਚਰਿਤ੍ਰ ਪੰਨਾ ੧੧੮੯)

ਉਸ ਨੇ ਸਹੇਲੀ ਨੂੰ ਪੁਰਖ ਦਾ ਭੇਖ ਧਾਰ ਕੇ ਬਾਪ ਪਾਸ ਭੇਜਿਆ ਕਿ ਤੇਰਾ ਪੁੱਤ ਡੁੱਬ ਕੇ ਮਰ ਗਿਆ ਮੈਂ ਅੱਖੀਂ ਦੇਖਿਆ ਹੈ । ਸ਼ਾਹ ਸੁਣ ਕੇ ਬੜਾ ਦੁਖੀ ਹੋਇਆ, ਉਸ ਨੇ ਧਰਤੀ ਨਾਲ ਪਟਕ ਪਟਕ ਕੇ ਅਪਣੇ ਆਪ ਨੂੰ ਬਥੇਰੇ ਵੈਣ ਪਾਏ ਤੇ ਆਖੀਰ ਸਾਰਾ ਧੰਨ ਲੁਟਾ ਕੇ ਫਕੀਰ ਹੋ ਗਿਆ । ਕੁੜੀ (ਸਹੇਲੀ) ਨੇ ਆ ਕੇ ਸਾਰਾ ਭੇਦ ਦੱਸ ਦਿੱਤਾ ਕਿ ਤੇਰਾ ਪਿਓ ਮਾਲ ਧੰਨ ਲੁਟਾ ਕੇ ਫਕੀਰ ਹੋ ਗਿਆ ਹੈ ਉਸ ਨੇ ਪਿਓ ਨੂੰ ਨਿਰਾਸ ਤੱਕ ਕੇ ਅਪਣੀ ਪ੍ਰੇਮਿਕਾ ਨਾਲ ਰਹਿਣਾ ਸੁਰੂ ਕਰ ਦਿੱਤਾ । ਪ੍ਰੇਮਿਕਾ ਨੇ ਸਾਹੁ ਦੇ ਪੁੱਤ ਤੋਂ ਵਧੇਰੇ ਸਰੀਰਕ ਰਸ ਮਾਣਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਜੇਕਰ ਤੁਰਿਆ ਜਾਂਦਾ ਕੋਈ ਪਸੰਦ ਆ ਗਿਆ ਤਾਂ ਉਸ ਨੂੰ ਵਿਚੋਲੀ ਲੱਭ ਕੇ ਪਟਾ ਲਓ ਤੇ ਮਨ ਭਾਉਂਦਾ ਮੌਜ ਮੇਲਾ ਕਰੋ । ਉਂਞ ਇਸ ਤੇ ਪਾਤਸ਼ਾਹੀ ੧੦ ਲਿਖ ਕੇ ਅਪਣਾ ਨੰਗ ਢੱਕਣ ਦੀ ਨਾਕਾਮ ਕੋਸ਼ਿਸ ਕੀਤੀ ਹੈ । ਪੁਜਾਰੀਆਂ ਨੂੰ ਚੰਗੀ ਤਰ੍ਹਾਂ ਪਤਾ ਹੋਣ ਤੇ ਵੀ ਕਿ ਅਸੀਂ ਗੁਰੂ ਦਾ ਅਪਮਾਨ ਕਰ ਰਹੇ ਹਾਂ ਅਤੇ ਰੱਜ ਕੇ ਝੂਠੇ ਹਾਂ ਫਿਰ ਵੀ ਕਿਤਾਬ ਚ ਇਸ ਨੂੰ ਜੜ੍ਹ ਦਿੱਤਾ । ਖ਼ਬਰਦਾਰ-ਜਾਗਦੇ ਰਹਿਓ !

## ਦੇਸ : ਕਿਲਮਾਕਨ (ਦੋਇ ਸੌ ਬਾਸਠ ਚਰਿਤ੍ਰ ਪੰਨਾ ੧੧੮੯-੯੦)

ਪਾਤਰ : ਅਜੈ ਚੰਦ (ਨ੍ਰਿਪ), ਨਾਗਰਮਤੀ (ਨਾਰੀ) ਤੇ ਜੁੱਧ ਕਰਨ (ਰਾਜੇ ਦਾ ਭਰਾ)

**ਦੇਵਰ ਤੇ ਡੋਰੇ ਸੁੱਟੇ :** ਪੂਰਬ ਦੇ ਰਾਜਾ ਅਜੈ ਚੰਦ ਦੀ ਔਰਤ ਨਾਗਰਮਤੀ ਅੰਤਾਂ ਦੀ ਸੋਹਣੀ । ਰਾਜੇ ਦਾ ਭਰਾ ਜੁੱਧ ਕਰਨ ਬੜਾ ਖ਼ੂਬਸੂਰਤ ਜਿਸ ਦਾ ਰੂਪ ਤੱਕ ਕੇ ਰਾਣੀ ਉਸ ਤੇ ਮਰ ਮਿਟੀ :-

*ਦੋਹਰਾ ॥ ਅਬਲਾ ਤਾਂਕੋ ਰੂਪ ਲਖਿ ਅਟਿਕ ਰਹੀ ਮਨ ਮਾਂਹਿ ॥*
*ਪਤਿ ਕਰਿ ਦਿਯਾ ਬਿਸਾਰਿ ਕਰਿ ਕਛੂ ਰਹੀ ਸੁਧਿ ਨਾਹਿ ॥੩॥* (ਦੋਇ ਸੌ ਤਿਰਸਾਠਿ ਚਰਿਤ੍ਰ ਪੰਨਾ ੧੧੯੦)

ਇਕ ਸਿਆਣੀ ਸਖੀ ਨੇ ਰਾਣੀ ਦੇ ਦਿਲ ਦੀ ਰਮਜ਼ ਪਹਿਚਾਣ ਕੇ ਜੁੱਧ ਕਰਨ ਨੂੰ ਜਾ ਦੱਸੀ ਪਰ ਉਹ ਨਾ ਮੰਨਿਆ ਤਾਂ ਰਾਣੀ ਨੂੰ ਬੜਾ ਗੁੱਸਾ ਚੜ੍ਹਿਆ ਕਹਿੰਦੀ ਜਿਸ ਮੂਰਖ ਨੂੰ ਮੈਂ ਅਪਣਾ ਚਿੱਤ ਦਿੱਤਾ ਉਸ ਨੇ ਮੇਰੇ ਤੇ ਭੋਰਾ ਗੌਰ ਨੀ ਕੀਤੀ । ਜੇਕਰ ਇਸ ਨੇ ਰਾਜੇ ਨੂੰ ਦੱਸ ਦਿੱਤਾ ਓਹ ਨਰਾਜ਼ ਹੋਏਗਾ । ਰਾਜਾ ਹੋਰ ਹੋਰ ਔਰਤ ਤਾਂ ਭੋਗਦਾ ਹੈ ਪਰ ਮੇਰੇ ਪਾਸ ਨਹੀਂ ਆਉਂਦਾ ਤਾਂ ਤੇ ਕੋਈ ਹੀਲਾ ਕਰ ਕੇ ਇਨ੍ਹਾਂ ਨੂੰ ਮਾਰ ਮੁਕਾਣਾ ਚਾਹੀਦਾ ਹੈ । ਉਸ ਨੇ ਇਕ ਸਹੇਲੀ ਨੂੰ ਸਮਝਾਇਆ ਕਿ ਜਦ ਰਾਜੇ ਨੂੰ ਆਉਂਦੇ ਨੂੰ ਤੱਕੇਂ ਤਾਂ ਦਾਰੂ ਪੀ ਕੇ ਉਸ ਨੂੰ ਗਾਲਾਂ ਕੱਢਣੀਆਂ ਸੁਰੂ ਕਰ ਦਈਂ । ਉਸ ਨੇ ਉਵੇਂ ਹੀ ਕੀਤਾ ਤੇ ਰਾਜੇ ਨੂੰ ਗਾਲਾਂ ਸੁਣ ਕੇ ਗੁੱਸਾ ਆ ਗਿਆ । ਉਹ ਭੱਜ ਕੇ ਜੁੱਧ ਕਰਨ ਦੇ ਘਰ ਬੜ ਗਈ । ਹੁਣ ਰਾਣੀ ਨੂੰ ਗੁੱਸਾ ਚੜ੍ਹਿਆ ਤੇ ਸੈਨਾ ਨੂੰ ਹੁਕਮ ਕੀਤਾ ਕਿ ਜਿਸ ਰਾਜੇ ਨੇ ਚੋਰ ਨੂੰ ਘਰ ਰੱਖਿਆ ਹੈ ਉਸ ਨੂੰ ਪਕੜ ਕੇ ਹੁਣੇ ਕਤਲ ਕਰੋ । ਤੋਪਖਾਨੇ ਨੂੰ ਇਸ਼ਾਰਾ ਕੀਤਾ ਕਿ ਇਸ ਘਰ ਨੂੰ ਨਿਸ਼ਾਨਾ ਬਣਾਓ। ਰਾਜੇ ਦੇ ਨੌਕਰਾਂ ਨੇ ਬਿਨਾਂ ਚਰਿੱਤ੍ਰ ਨੂੰ ਬੁੱਝਿਆਂ ਰਾਜੇ ਦਾ ਭਰਾ ਮਾਰਤਾ । ਕਵੀ ਕਹਿੰਦਾ :-

*ਤ੍ਰਿਯਾ ਚਰਿੱਤ੍ਰ ਕਿਨਹੂੰ ਨਹਿ ਜਾਨਾ ॥ ਬਿਧਨਾ ਸਿਰਜਿ ਬਹੁਰਿ ਪਛੁਤਾਨਾ ॥*
*ਸ਼ਿਵ ਘਰ ਤਜਿ ਕਾਨਨਹਿ ਸਿਧਾਯੋ ॥ ਤਊ ਤਰੁਨਿ ਕੋ ਅੰਤੁ ਨ ਪਾਯੋ ॥੧੬॥*

(ਦੋਇ ਸੌ ਤਿਰਸਾਠਿ ਚਰਿਤ੍ਰ ਪੰਨਾ ੧੧੯੧)

ਨੋਟ :- ਦਸਮ ਗ੍ਰੰਥ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦਾ ਹੈ ਕਿ ਦਿਓਰ ਤੇ ਡੋਰੇ ਸੁੱਟੋ ਜੇਕਰ ਉਹ ਭਰਜਾਈ ਦੀ ਕਾਮ ਭੁੱਖ ਪੂਰੀ ਨਾ ਕਰ ਸਕੇ ਤਾਂ ਕਤਲ ਕਰ ਦਿਓ । ਹੈ ਨਾ ਕਮਾਲ ਦੀ ਸਿੱਖਿਆ ਪਰ ਬਚ ਕੇ ਰਹਿਓ ਜੀ ਹਰ ਕੋਈ ਕਿਸੇ ਨਾ ਕਿਸੇ ਦਾ ਦਿਓਰ ਹੈ ਇਸ ਸੰਸਾਰ ਵਿੱਚ । ਜੇਕਰ ਇਸ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਕੁੜੀਆਂ ਕਾਰੇ ਕਰਨੇ ਸੁਰੂ ਕਰ ਦਿੱਤੇ ਤਾਂ ਭੱਜਣ ਨੂੰ ਥਾਂ ਨਹੀਂ ਲੱਭਣੀ । ਖ਼ਬਰਦਾਰ-ਜਾਗਦੇ ਰਹਿਓ !

ਇਲਾਕਾ: ਦੱਖਣ (ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੧-੯੮)

## ਧੀਆਂ ਲਈ ਸਿੱਖਿਆ ਮਿਤ੍ਰ ਨਾਲ ਭੱਜਣਾ ਸਿਖੋ

ਪਾਤਰ : ਬਿਚੱਛਨ ਸੈਨ (ਨ੍ਰਿਪਤਿ), ਸੁੱਲਛਨਿ ਮਤੀ (ਨਾਰਿ), ਬਿਰਹ ਕੁਅਰਿ (ਦੁਹਿਤਾ) ਤੇ ਦਿਲੀਪ ਸਿੰਘ (ਰਾਜਕੁਮਾਰ)

ਬਿਚੱਛਨ ਸੈਨ ਰਾਜੇ ਦੀ ਰਾਣੀ ਸੁਲੱਛਨਿ ਮਤੀ ਨੇ ਬਿਰਹ ਕੁਅਰਿ ਨਾਂ ਦੀ ਧੀ ਜੰਮ ਕੇ ਉਸ ਨੂੰ ਕੋਕ ਸਾਸਤ੍ਰ ਅਤੇ ਵਿਆਕਰਨ ਦੀ ਅਨੇਕਾਂ ਤਰ੍ਹਾਂ ਦੀ ਸਿੱਖਿਆ ਦਿੱਤੀ । ਕੋਕ ਸਾਸਤ੍ਰ ਦੀ ਵਿੱਦਿਆ ਵਿੱਚ ਨਿਪੁੰਨ ਕੁੜੀ ਦੀ ਬੜੇ ਬੜੇ ਪੰਡਿਤਾਂ ਨੇ ਉਸਤਤਿ ਕੀਤੀ :-

*ਚੌਪਈ ॥ ਬਿਰਹ ਕੁਅਰਿ ਤਾਕੇ ਦੁਹਿਤਾ ਇਕ ॥ ਪੜ੍ਹੀ ਬਯਾਕਰਨ ਕੋਕ ਸ਼ਾਸਤ੍ਰਨਿਕ॥*
*ਨਾਨਾ ਬਿਧਿ ਕੀ ਬਿਦਯਾ ਧਰੈ ॥ ਬਹੁ ਪੰਡਿਤ ਉਸਤਤਿ ਜਿਹ ਕਰੈ ॥੨॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੧)

ਨੋਟ :- ਅਸੀਂ ਪਿੱਛੇ ਅਨੇਕਾਂ ਹੀ ਕਾਵਿ ਰਚਨਾਵਾਂ ਚ ਪੜ੍ਹ ਚੁੱਕੇ ਹਾਂ ਕਿ ਲਿਖਾਰੀ ਕੁੜੀਆਂ ਨੂੰ ਕੋਕ ਸ਼ਾਸਤ੍ਰ ਪੜ੍ਹਨ ਦੀ ਪ੍ਰੇਰਨਾ ਦੇਂਦਾ ਹੈ । ਪੂਰੇ ਹਿੰਦੋਸਤਾਨ ਵਿੱਚ ਕੌਣ ਹੈ ਜੋ ਅਪਣੀ ਕੁਆਰੀ ਧੀ ਨੂੰ ਇਸ ਦੀ ਸਿੱਖਿਆ ਦੇਂਦਾ ਹੈ ? ਕੀ ਗੁਰੂ ਕਿਸੇ ਧੀ ਨੂੰ ਕੋਕ ਸ਼ਾਸਤ੍ਰ ਪੜ੍ਹਨ ਦੀ ਹੱਲਾਸ਼ੇਰੀ ਦੇਣਗੇ ? ਫਿਰ ਕੌਣ ਹਨ ਉਹ ਲੋਕ ਜੋ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ ਹਨ ? ਕਿਤੇ ਸਿੱਖ ਸਰੂਪ ਵਿੱਚ ਕੌਮ ਦੇ ਦੁਸ਼ਮਣ ਤਾਂ ਨਹੀਂ ? ਇਕ ਸਿੱਖ ਹੋਣ ਦੇ ਨਾਤੇ ਅਪਣਾ ਫਰਜ਼ ਪਹਿਚਾਣੋ ਤੇ ਸੱਚ ਬੋਲਣ ਦੀ ਦਲੇਰੀ ਕਰੋ ।

ਉਸ ਕੁੜੀ ਦੇ ਹੁਸਨ ਨੂੰ ਜਣੋ ਬ੍ਰਹਮਾ ਆਪ ਘੜਿਆ ਹੋਏ । ਉਸ ਵਰਗੀ ਨਾ ਤਾਂ ਕੋਈ ਪਰੀ ਪਦਮਨੀ ਜਾਂ ਪੰਨਗੀ ਤੇ ਨਾ ਹੀ ਕੋਈ ਮੁਟਿਆਰ ਨ੍ਰਿਤਕਾਰੀ ਜਾਂ ਨਟੀ-ਜੇਕਰ ਧਰਮਾਂ ਚ ਖੋਜ ਕੀਤੀ ਜਾਏ ਤਾਂ ਉਸ ਵਰਗੀ ਨਾ ਤਾਂ ਹਿੰਦੂ ਧਰਮ ਦੀ ਕੋਈ ਕੁੜੀ ਸੋਹਣੀ ਤੇ ਨਾ ਹੀ ਤੁਰਕਾਂ ਦੇ ਘਰ ਜੰਮੀ ਕੋਈ ਧੀ-ਸੁਰੀ ਅਸੁਰੀ ਵੀ ਉਸ ਵਰਗੀ ਨਾ ਹੋ ਸਕੀ । ਇਕ ਅਪੱਛਰਾ ਨੇ ਉਸ ਦਾ ਹੁਸਨ ਤੱਕ ਕੇ ਕਿਹਾ ਕਿ ਜਿਤਨੀ ਇਹ ਸੋਹਣੀ ਹੈ ਉਤਨਾ ਹੀ ਸੋਹਣਾ ਕੋਈ ਮੁੰਡਾ ਲੱਭ ਕੇ ਇਸ ਨੂੰ ਰਿਝਾਉਣਾ ਚਾਹੀਦਾ ਹੈ ਭਾਵੇਂ ਕਰੋੜਾਂ ਹੀ ਯਤਨ ਕਿਉਂ ਨਾ ਕਰਨੇ ਪੈਣ । ਉਨ੍ਹਾਂ ਨੇ ਬੜੀ ਖੋਜ ਕੀਤੀ ਪਰ ਸਫਲਤਾ ਨਾ ਮਿਲੀ ਆਖਰ ਉਨ੍ਹਾਂ ਬਨ ਵਿੱਚ ਇਕ ਰਿਖੀ ਨੂੰ ਤਪੱਸਿਆ ਕਰਦਿਆਂ ਤੱਕਿਆ ਤੇ ਉਸ ਅੱਗੇ ਬੇਨਤੀ ਕੀਤੀ । ਰਿਖੀ ਕਹਿੰਦਾ ਪਹਿਲਾਂ ਸੱਚ ਸੱਚ ਦੱਸ ਤੂੰ ਕੌਣ ਹੈ ਨਹੀਂ ਤਾਂ ਮੈਂ ਤੈਨੂੰ ਸਰਾਪ ਦੇ ਦੇਵਾਂਗਾ (ਸਿੱਖ ਧਰਮ ਨਾ ਤਾਂ ਵਰ ਅਤੇ ਨਾ ਹੀ ਸਰਾਪ ਦੇ ਦੇਣ ਲੈਣ ਵਿੱਚ ਕੋਈ ਵਿਸ਼ਵਾਸ ਰੱਖਦਾ ਹੈ । ਸਿੱਖ ਧਰਮ ਕਹਿੰਦਾ ਹੈ ਕਿ ਰੱਬ ਦੀ ਬੰਦਗੀ ਕਰਨ ਵਾਲੇ ਜੀਵ ਇਨ੍ਹਾਂ ਦੋਨਾਂ ਤੋਂ ਮੁਕਤ ਹੁੰਦੇ ਹਨ ਨਾ ਓਹ ਵਰ ਦੀ ਆਸ ਰੱਖਦੇ ਹਨ ਤੇ ਨਾ ਹੀ ਸਰਾਪ ਦੇ ਡਰ ਵਿੱਚ ਜਿੰਦਗੀ ਜਿਊਂਦੇ ਹਨ । ਜੇਕਰ ਸਿੱਖ ਭੇਖ ਅੰਦਰ ਕੋਈ ਇਸ ਦੇ ਲੇਖੇ ਜੋਖੇ ਪੈਂਦਾ ਹੈ ਤਾਂ ਉਹ ਨਾਨਕ ਦਾ ਸਿੱਖ ਨਹੀਂ ਹੈ) ਪਰੀ ਕਹਿੰਦੀ ਅਸੀਂ ਤਾਂ ਦੋ ਹੁਸਨਾ ਦਾ ਮੇਲ ਕਰਾਣ ਲਈ ਦੇਸ ਦਾ ਰਟਨ ਲਾ ਕੇ ਉਦਾਸ ਹੋ ਗਈਆਂ ਹਾਂ ਸਾਨੂੰ ਕੋਈ-ਨੀ-ਲੱਭਾ ਹੁਣ ਤੂੰ ਈ ਕ੍ਰਿਪਾ ਕਰ ।

*ਦੋਹਰਾ ॥ ਖੋਜਿ ਦੇਸ ਬਯਾਕੁਲ ਭਈ ਆਈ ਤੁਮਰੇ ਪਾਸ ॥*
*ਦੀਜੈ ਸੁਘਰ ਬਤਾਇ ਕਹੁੰ ਕਾਰਜ ਆਵਹਿ ਰਾਸ ॥੧੬॥* (ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੧)

ਰਿਖੀ ਕਹਿੰਦਾ ਕਿ ਬ੍ਰਹਮਾ ਨੇ ਇਕ ਬੰਦਾ ਸਾਤ ਸਮੁੰਦਰ ਪਾਰ ਰਾਜੇ ਦੇ ਘਰ ਬਣਾਇਆ ਹੈ ਜੇ ਹਿੰਮਤ ਹੈ ਤਾਂ ਉਸ ਨੂੰ ਲੈ ਆਵੋ । ਇਹ ਸੁਣਦਿਆਂ ਹੀ ਉਹ ਛਿਨ ਮਾਤਰ ਚ ਉੱਥੇ ਜਾ ਪੁੱਜੀਆਂ ਜਿੱਥੇ ਸੁੰਦਰ ਦਿਲੀਪ ਸਿੰਘ ਆਰਾਮ ਕਰ ਰਿਹਾ ਸੀ । ਉਹ ਨੂੰ ਤੱਕ ਕੇ ਓਹ ਬਾਗ ਬਾਗ ਹੋ ਗਈਆਂ । ਇਕ ਪਰੀ ਨੇ ਚਿੱਤ੍ਰ ਬਣਾ ਕੇ ਆਲੇ ਚ ਰੱਖ ਦਿੱਤਾ ਜਿਸ ਨੂੰ ਤੱਕ ਕੇ ਰਾਜਕੁਮਾਰ ਨੇ ਰਾਜ ਭਾਗ ਤਿਆਗ ਦਿੱਤਾ । ਓਹ ਉਸ ਮੂਰਤੀ ਅੱਗੇ ਹੀ ਬੈਠਾ ਰੋਈ ਜਾਏ ਤੇ ਸਮਝ ਨਾ ਲੱਗੇ ਕਿ ਕੀ ਕਰਾਂ (ਦਿਲੀਪ ਸਿੰਘ ਦਾ ਕਿਸੇ ਮੂਰਤੀ ਅੱਗੇ ਰੋਣਾ ਦਿਖਾਣਾ ਇਕ ਬੜੀ ਹੀ ਕਮੀਣੀ ਸਾਜਿਸ ਹੈ । ਸਿੱਖ ਨਾ ਤਾਂ ਮੂਰਤੀ ਬਣਾਉਂਦਾ ਹੈ ਤੇ ਨਾ ਹੀ ਉਸ ਦੀ ਪੂਜਾ ਜਾਂ ਅਰਾਧਨਾ ਕਰਦਾ ਹੈ । ਮੂਰਤੀਆਂ ਅੱਗੇ ਗਿੜ ਗੜਾਉਣ ਵਾਲੇ ਗੁਰੂ ਦੇ ਸਿੱਖ ਨਹੀਂ ਹਨ । ਸਿੱਖ ਧਰਮ ਮੂਰਤੀ ਪੂਜਾ ਦਾ ਹਰ ਸਾਹ ਖੰਡਨ ਕਰਦਾ ਹੈ । ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ)

ਓਧਰ ਰਾਜਕੁਮਾਰੀ ਮਤਵਾਰੇ (ਨਸ਼ਈ) ਦੀ ਤਰ੍ਹਾਂ ਝੱਲੀ ਹੋ ਗਈ । ਉਸ ਨੇ ਖਾਨ ਪਾਨ ਦੀ ਸੁੱਧ ਭੁਲਾ ਦਿੱਤੀ-ਕਦੇ ਉਹ ਠਹਾਕੇ ਮਾਰ ਕੇ ਹੱਸਦੀ ਤੇ ਕਦੇ ਗੁਣ ਗੁਣਾਉਣ ਲੱਗਦੀ-ਕਦੇ ਰਾਤ ਦਿਨ ਰੋ ਰੋ ਕੇ ਬਿਤਾਉਂਦੀ-ਪ੍ਰੀਤਮ ਦੇ ਮਿਲਾਪ ਲਈ ਉਪਜੀ ਸੀਨੇ ਪੀੜ ਕਾਰਣ ਓਹ ਪੀਲੀ ਹੋ ਗਈ-ਓਹ ਸੋਚਦੀ ਕਿ ਓਹਦਾ ਪ੍ਰੇਮੀ ਸੱਤ ਸਮੁੰਦਰ ਪਾਰ ਵੱਸਦਾ ਹੈ । ਓਧਰ ਰਾਜ ਕੁਮਾਰ ਦਾ ਹਾਲ ਇਸ ਤੋਂ ਵੀ ਭੈੜਾ-ਓਹ ਫੋਟੋ ਚੁੱਕ ਚੁੱਕ ਛਾਤੀ ਨਾਲ ਲਾਉਂਦਾ ਤੇ ਰਾਤ ਦਿਨ ਡੁਸਕਦਾ ਰਹਿੰਦਾ । ਪਰੀ ਨੇ ਆ ਕੇ ਸਾਰੀ ਗੱਲ ਰਾਜਕੁਮਾਰੀ ਨੂੰ ਦੱਸੀ ਕਿ ਤੂੰ ਓਹਨੂੰ ਮਿਲਣਾ ਚਾਹੁੰਦੀ ਹੈਂ ਤੇ ਓਹ ਤੈਨੂੰ ਪਰ ਸੱਚ ਜਾਣੀ ਕਿ ਤਿੰਨਾਂ ਭਵਨਾਂ ਚ ਉਸ ਵਰਗਾ ਸੋਹਣਾ ਹੋਰ ਕੋਈ ਨੀ ਜਦ ਸਰਦਾਰ ਪਰੀ ਓਹਨੂੰ ਲਿਆ ਕੇ ਤੈਨੂੰ ਮਿਲਾਏਗੀ ਤਾਂ ਓਹਨੂੰ ਪਾ ਕੇ ਤੂੰ ਮੇਰਾ ਜਸ ਗਾਏਂਗੀ । ਪਰੀ ਉਥੋਂ ਉਡ ਕੇ ਸਰਦਾਰ ਪਰੀ ਪਾਸ ਗਈ ਤੇ ਜਾ ਕੇ ਸਾਰੀ ਬਿਰਥਾ ਜਾ ਦੱਸੀ । ਸਭ ਪਰੀਆਂ ਉਡ ਕੇ ਸਤ ਸਮੁੰਦਰ ਪਾਰ ਗਈਆਂ ਤੇ ਦਿਲੀਪ ਸਿੰਘ ਨੂੰ ਤੱਕ ਕੇ ਸਭਨਾਂ ਦੇ ਚੇਹਰੇ ਖਿੜ ਗਏ । ਇਕ ਪਰੀ ਓਹਦਾ ਰੂਪ ਤੱਕ ਕੇ ਸੋਚਣ ਲੱਗੀ ਕਿ ਇਸ ਨਾਲ ਮੈਂ ਸ਼ਾਦੀ ਕਰੂੰਗੀ-ਓਹ ਹਾਇ ਹਾਇ ਕਰਦੀ ਅਪਣਾ ਸਿਰ ਧਰਤੀ ਨਾਲ ਮਾਰੀ ਜਾਏ ਕਿ ਜਿਸ ਵਾਸਤੇ ਮੈਂ ਐਨੀ ਮਿਹਨਤ ਕੀਤੀ ਉਸ ਨੂੰ ਮੈਨੂੰ ਮਿਲਣ ਨਾ ਦਿੱਤਾ ਓਧਰ ਸਰਦਾਰ ਪਰੀ ਆਪ ਉਸ ਨਾਲ ਸ਼ਾਦੀ ਕਰਨ ਲਈ ਲਲਚਾ ਗਈ-ਦੋਨਾਂ ਚ ਕਸ਼ਮਕਸ :-

*ਛੁਟਤ ਛੁਟਾਏ ਨਾਹਿ ਨਿਗੋਡੇ ਜਹ ਲਗੇ ॥ ਪਲਕ ਨ ਇਤਉਤ ਹੋਇ ਪ੍ਰੇਮ ਪਿਯ ਕੇ ਪਗੇ ॥*
*ਜਹਾਂ ਲਗੇ ਏ ਨੈਨ ਤਂਹੀ ਕੈ ਹ੍ਵੈ ਰਹੇ ॥ ਹੋ ਫਿਰਿ ਆਵਨ ਕੇ ਨਾਹਿ ਕਬਿ ਨ ਐਸੇ ਕਹੇ ॥੫੦॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੫)

ਨੋਟ :- ਅੜਿੱਲ ਦੇ ਇਸ ਬੰਦ ਵਿੱਚ ਕਵੀ (ਕਬਿ) ਅਪਣੇ ਖਿਆਲ ਜ਼ਾਹਿਰ ਕਰ ਰਿਹਾ ਹੈ । ਇਥੇ ਕਵਿ ਦੇ ਰੂਪ ਵਿੱਚ ਪਾਤਸ਼ਾਹੀ ੧੦ ਨਹੀਂ ਲਿਖਿਆ । ਸਾਫ ਜ਼ਾਹਿਰ ਹੈ ਕਿ ਇਹ ਰਚਨਾ ਕਿਸੇ ਕਵੀ ਦੀ ਹੈ ਗੁਰੂ ਗੋਬਿੰਦ ਸਿੰਘ ਜੀ ਦੀ ਲਿਖੀ ਨਹੀਂ, ਫਿਰ ਊਲ-ਜਲੂਲ ਬਿਨਾ ਸਿਰ ਪੈਰ ਅਤੇ ਰੱਬੀ ਬੰਦਗੀ ਦੇ ਭਲਾਂ ਗੁਰੂ ਜੀ ਅਜਿਹਾ ਲਿਖ ਸਕਦੇ ਹਨ ? ਜੇਕਰ ਕਿਸੇ ਆਜੜੀ ਨੂੰ ਇਹ ਰਚਨਾਵਾਂ ਸੁਣਾਓ ਤਾਂ ਓਹ ਵੀ ਡੰਗਰ ਦੇ ਸਿਰ ਨਾਲ ਅਪਣਾ ਮੱਥਾ ਮਾਰ ਮਾਰ ਪਿੱਟ ਕੇ ਆਖੇਗਾ ਬੇਸ਼ਰਮੋ ਸ਼ਰਮ ਕਰੋ ਇਹ ਗੁਰਬਾਣੀ ਹੈ ਜਾਂ ਕੋਕ ਸਾਸਤ੍ਰ ? ਰੱਬ ਦਸਮ ਗ੍ਰੰਥ ਦੇ ਪੁਜਾਰੀਆਂ ਨੂੰ ਸਿੱਖ ਬਣਨ ਦੀ ਤਾਕਤ ਦਏ ।

ਇਸੇ ਖਿਚੋਤਾਣ ਚ ਪਰੀਆਂ ਕਹਿੰਦੀਆਂ ਤੈਨੂੰ ਜਿਹੜੀ ਪਸੰਦ ਐ ਓਹਦੇ ਨਾਲ ਸ਼ਾਦੀ ਕਰ ਲੈ ਕਾਫੀ ਨੋਕ ਝੋਂਕ ਤੋਂ ਬਾਦ

*ਚੌਪਈ ॥ ਕਹਾ ਪਰੀ ਇਕ ਮੋਰ ਕਹਾ ਕਰੁ ॥ ਰਾਜ ਕੁਅਰ ਤੈਂ ਰਾਜ ਪਰੀ ਬਰੁ ॥*
*ਰਾਜ ਕੁਅਰਿ ਕਹੁ ਬਰਿ ਕਸ ਕਰਿ ਹੈ ॥ ਪਦਮਿਨਿ ਛਾਡਿ ਹਸਤਿਨੀ ਬਰਿ ਹੈ ॥੫੯॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੬)

ਨੋਟ :- ਕੋਕ ਸਾਸਤ੍ਰ ਨੇ ਔਰਤ ਦੇ ਰੂਪ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਉਨ੍ਹਾਂ ਦੀ ਕਾਮ ਰੁਚੀ ਨੂੰ ਪ੍ਰਗਟ ਕੀਤਾ ਹੈ । ਬਹੁਤ ਮੋਟੀ ਔਰਤ ਨੂੰ ਹਥਣੀ (ਹਸਤਨੀ) ਤੇ ਸਭ ਤੋਂ ਉਤਮ ਔਰਤ ਨੂੰ ਪਦਮਨੀ । ਹਥਣੀ ਕਦੇ ਵੀ ਕਾਮ ਤੋਂ ਨਹੀਂ ਰੱਜਦੀ ਅਜਿਹਾ ਪੰਡਿਤ ਕੋਕਾ ਕਹਿੰਦਾ ਹੈ।ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਅਜਿਹੀ ਕੋਈ ਗੰਦੀ ਸਿੱਖਿਆ ਦੇ ਸਕਦੇ ਹਨ ਜਿਸ ਨਾਲ ਸਿੱਖ ਦੇ ਮਨ ਚ ਅਪਣੀ ਹੀ ਔਰਤ ਪ੍ਰਤੀ ਘ੍ਰਿਣਾ ਤੇ ਬੇਵਿਸ਼ਵਾਸੀ ਪ੍ਰਗਟ ਹੁੰਦੀ ਹੋਏ ? ਸਾਡੇ ਪੁਜਾਰੀਆਂ ਕੋਲ ਅਜਿਹਾ ਸੋਚਣ ਦਾ ਸਮਾਂ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਅਨੇਕਾਂ ਹੀ ਹਰ ਰੋਜ ਕਰਮ ਕਾਂਡ ਕਰ ਕੇ ਗੈਰ ਸਿੱਖਾਂ ਨੂੰ ਖੁਸ਼ ਕਰਨਾ ਪੈਂਦਾ ਹੈ। ਸਿੱਖ ਧਰਮ ਨੂੰ ਦੁਨੀਆਂ ਚ ਪ੍ਰਗਟ ਕਰਨ ਦੀ ਜੁੰਮੇਵਾਰੀ ਹੁਣ ਆਪ ਜਿਹੇ ਸੁੱਘੜ ਸਿੱਖਾਂ ਦੇ ਮੋਢਿਆਂ ਤੇ ਹੈ। ਪੁਜਾਰੀਆਂ ਤੋਂ ਆਸ ਛੱਡ ਕੇ ਅਪਣਾ ਬਣਦਾ ਯੋਗਦਾਨ ਪਾਣਾ ਨਹੀਂ ਭੁੱਲਣਾ ਜੀ ।

ਰਾਜ ਕੁਮਾਰ ਕਹਿੰਦਾ ਕਿ ਮੈਂ ਜਿਸ ਨਾਲ ਚਿੱਤ ਜੋੜਿਆ ਓਸੇ ਨਾਲ ਸ਼ਾਦੀ ਕਰਾਂਗਾ ਭਾਵੇਂ ਹਜਾਰਾਂ ਹੀ ਸੁਰੀ ਅਸੁਰੀ ਜਾਂ ਪਦਮਿਨੀਆਂ ਕਿਉਂ ਨਾ ਹੋਣ । ਉਨ੍ਹਾਂ ਬੜੇ ਪਾਪੜ ਬੇਲੇ ਪਰ ਰਾਜ ਕੁਮਾਰ ਨਾ ਮੰਨਿਆ ਤੇ ਅਖੀਰ ਕਹਿੰਦੀਆਂ ਕਿ ਇਹ ਜੋ ਕਹਿੰਦਾ ਹੈ ਓਹੀ ਕਰੋ ਤੇ ਛਲ ਨਾਲ ਇਸ ਨੂੰ ਬਰੋ । ਇਕ ਦਿਨ ਪਰੀ ਨੇ ਅਪਣਾ ਜੋਰ ਲਾ ਕੇ ਉਸ ਨਾਲ ਹਮਬਿਸਤ੍ਰ ਹੋਣ ਦੇ ਹਾਵ ਭਾਵ ਕੀਤੇ ਪਰ ਓਹ ਇਕੋ ਗਲ ਤੇ ਅੜਿਆ ਰਿਹਾ ਬਈ ਪਹਿਲਾਂ ਮੇਰੀ ਯਾਰ ਮਿਲਾ ਦਿਓ ਤੇ ਫੇਰ ਮੇਰੇ ਨਾਲ ਭੋਗ ਕਰੋ ।

*ਅੜਿੱਲ ॥ ਕਰਿ ਹਾਰੀ ਬਹੁ ਯਤਨ ਨ ਤਿਹ ਰਤਿ ਵਹਿ ਦਈ ॥ ਜੁ ਕਛੁ ਬਖਾਨੀ ਕੁਅਰ ਵਹੈ ਮਾਨਤ ਭਈ ॥*
*ਪੱਛਨ ਪਰ ਬੈਠਾਇ ਤਾਹਿ ਲੈਗੀ ਤਹਾਂ ॥ ਹੋ ਪਿਯ ਪਿਯ ਰਟਤ ਬਿਹੰਗ ਜਯੋਂ ਕੁਅਰਿ ਪਰੀ ਜਹਾਂ ॥੭੨॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੭)

ਜਦ ਔਰਤ ਦਾ ਉਸ ਨੇ ਦਰਸ਼ਨ ਕੀਤਾ ਤਾਂ ਖਾਨ ਪਾਨ ਉਸ ਅੱਗੇ ਰੱਖਿਆ ਗਿਆ । ਅਨੇਕਾਂ ਤਰ੍ਹਾਂ ਦੇ ਅਮਲ ਮੰਗਾਏ ਤੇ ਰਾਜ ਕੁਮਾਰੀ ਦੇ ਕੋਲ ਬੈਠ ਕੇ ਪੀਤੇ । ਉਸ ਨੂੰ ਦਾਰੂ ਪੀਣ ਨੂੰ ਦਿੱਤੀ ਤੇ ਫਿਰ ਔਰਤ ਨੂੰ ਅਪਣੇ ਗਲੇ ਲਗਾਇਆ । ਅਨੇਕਾਂ ਤਰ੍ਹਾਂ ਦੇ ਆਸਣ ਬਣਾ ਕੇ ਅਤੇ ਚੁੰਬਨ ਲੈ ਲੈਕੇ ਸਾਰੇ ਰੋਗ ਦੂਰ ਕੀਤੇ ।

*ਚੌਪਈ ॥ ਜਬ ਦਰਸ਼ਨ ਤ੍ਰਿਯ ਕਾ ਪਿਯ ਕਰਾ ॥ ਖਾਨ ਪਾਨ ਆਗੇ ਲੈ ਧਰਾ ॥*
*ਬਿਬਿਧ ਬਿਧਨ ਕੇ ਅਮਲ ਮੰਗਾਏ ॥ ਬੈਠਿ ਕੁਅਰਿ ਕੇ ਤੀਰ ਚੜਾਏ ॥੭੪॥*
*ਤਾਹੂ ਕੋ ਬਹੁ ਕੈਫ ਪਿਵਾਈ ॥ ਬਹੁਰੋ ਲਯੋ ਗਰੇ ਸੋ ਲਾਈ ॥*
*ਆਸਨ ਚੁੰਬਨ ਬਹੁ ਬਿਧਿ ਕੀਏ ॥ ਚਿੱਤ ਕੇ ਤਾਪ ਬਿਦਾ ਕਰਿ ਦੀਏ ॥੭੫॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੭)

ਨੋਟ :- ਦਸਮ ਗ੍ਰੰਥ ਨੌਜੁਆਨ ਪੀੜ੍ਹੀ ਨੂੰ ਭਾਰੀ ਨਸ਼ੇ ਕਰ ਕੇ ਔਰਤ ਭੋਗਣ ਲਈ ਪ੍ਰੇਰਨਾ ਦੇਂਦਾ ਹੈ ਸਮੂਹ ਡਾਕਟਰ ਅਤੇ ਹਕੀਮ ਮੰਨਦੇ ਹਨ ਕਿ ਜੇਕਰ ਦੋ ਨਸ਼ੇ ਮਿਲਾ ਕੇ ਪੀਤੇ ਜਾਣ ਤਾਂ ਚੰਗਾ ਭਲਾ ਨਸ਼ਈ ਮੌਤ ਦੇ ਮੂੰਹ ਚਲੇ ਜਾਂਦਾ ਹੈ ਹੋਰ ਤਾਂ ਹੋਰ ਜੇਕਰ ਢੇਰ ਮਾਰਕਾ ਦਾਰੂ ਦੇ ਨਾਲ ਕਿਸੇ ਹੋਰ ਦਾਰੂ ਨੂੰ ਮਿਲਾ ਕੇ ਪੀਤਾ ਜਾਏ ਤਾਂ ਬੰਦਾ ਮਰ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਪਾਤਸ਼ਾਹੀ ੧੦ ਹੇਠਾਂ ਸਿੱਖ ਕੌਮ ਦੇ ਗਦਾਰ (ਬੱਚੇ ਤੇ ਬੱਚੀਆਂ ਨੂੰ) ਸਿੱਖਿਆ ਦੇ ਰਹੇ ਹਨ ਕਿ ਅਨੇਕਾਂ ਤਰ੍ਹਾਂ ਦੇ ਨਸ਼ੇ ਪਾ ਕੇ ਭੋਜਨ ਤਿਆਰ ਕਰੋ ਤੇ ਛਕੋ ਫਿਰ ਦਾਰੂ ਪੀਓ ਤੇ ਔਰਤ ਭੋਗੋ। ਕੀ ਦਸਮ ਗ੍ਰੰਥ ਦੇ ਹਮਾਇਤੀ ਅਜਿਹਾ ਕਰ ਕੇ ਸਿੱਖ ਸੰਗਤਿ ਨੂੰ ਅਪਣੇ ਮੁਖੜੇ ਦਿਖਾਣਗੇ? ਔਰਤ ਤੇ ਮਰਦ ਦੇ ਪਵਿੱਤ੍ਰ ਰਿਸ਼ਤੇ ਧੁਰ ਦਰਗਾਹੋਂ ਹੀ ਕਬੂਲ ਹਨ ਬਿਨਾਂ ਸੰਭੋਗ ਦੇ ਸ੍ਰਿਸਟੀ ਨਹੀਂ ਚੱਲਦੀ ਤੇ ਨਸਲਾਂ ਤਬਾਹ ਹੋ ਜਾਂਦੀਆਂ ਹਨ ਪਰ ਗੈਰ ਕੁਦਰਤੀ ਢੰਗਾਂ ਨਾਲ ਔਰਤ ਨੂੰ ਭੋਗਣ ਦੀ ਵਕਾਲਤ ਕਰਨੀ ਬੜੀ ਹੀ ਘਟੀਆ ਤੇ ਨਿਕੰਮੀ ਸੋਚ ਹੈ। ਕੀ ਗੁਰੂ ਜੀ ਸਿੱਖ ਨੂੰ ਅਪਣੀ ਔਰਤ ਦੇ ਪਿਆਰ ਲਈ ਅਜਿਹੀ ਸਿੱਖਿਆ ਦੇਣਗੇ ? ਉਸ ਰਹਿਤ ਮਰਿਯਾਦਾ ਦਾ ਕੀ ਬਣਿਆ ਜਿਸ ਵਿੱਚ ਨਸ਼ੇ ਨਾ ਕਰਨ ਦੀ ਗੱਲ ਆਖੀ ਹੈ ? ਕੀ ਸਿੱਖ ਨਸ਼ਾ ਪਾਣੀ ਛੱਕ ਸਕਦੇ ਹਨ ? ਧਰਮ ਦੇ ਠੇਕੇਦਾਰਾਂ ਪਾਸ ਤਾਂ ਗੈਰਾਂ ਦੇ ਜੋੜੇ ਝਾੜਨ ਤੋਂ ਹੀ ਫੁਰਸਤ ਨਹੀਂ ਮਿਲਦੀ ਗੁਰ ਸਿੱਖਿਆ ਉਨ੍ਹਾਂ ਕਦੋਂ ਵਿਚਾਰਨੀ ਹੈ । ਅਪਣਾ ਫ਼ਰਜ ਪਹਿਚਾਨਣਾ ਨਾ ਭੁੱਲਣਾ । ਗੁਰੂ ਨੂੰ ਮਾਇਆ ਦੀ ਲੋੜ ਨਹੀਂ ਤੁਹਾਡੀ ਖ਼ਰੀ ਸੋਚ ਅਤੇ ਸੱਚ ਤੇ ਮਰ ਮਿਟਣ ਦੀ, ਦਲੇਰੀ ਦੀ ਲੋੜ ਹੈ ।

ਰਾਜ ਕੁਮਾਰੀ ਅਪਣੇ ਸਜਨ ਨਾਲ ਰੰਗਰਲੀਆਂ ਮਨਾ ਕੇ ਮਨ ਚ ਬੜੀ ਖੁਸ਼ ਹੋਈ। ਉਸ ਨੇ ਉਸ ਦਿਨ ਰੁਦ੍ਰ (ਸਿਵ) ਦੀ ਪੂਜਾ ਨਾ ਕੀਤੀ। ਮੁਟਿਆਰ ਨੌਜੁਆਨ ਨਾਲ ਭੱਜ ਗਈ ਤੇ ਇਕ ਦੁਰਬਲ ਔਰਤ ਨੂੰ ਨਿਕਟ ਬੁਲਾ ਕੇ ਸਿਖਾਇਆ ਕਿ ਤੂੰ ਮੇਰੀ ਥਾਂ ਬੈਠ ਜਾਹ ਕਹਿੰਦੀ ਕਹੀਂ ਕਿ ਮੈਂ ਸਿਵ ਦੀ ਪੂਜਾ ਨਾ ਕੀਤੀ ਤਾਂ ਤੇ ਸਿਵ ਨੇ ਮੈਨੂੰ ਸਰਾਪ ਦੇ ਦਿੱਤਾ । ਮੇਰੀ ਇਹ ਹਾਲਤ ਹੋ ਗਈ ਕਿ ਮੈਂ ਗੋਰੀ ਤੋਂ ਕਾਲੀ ਬਣ ਗਈ। ਸਭ ਸਹੇਲੀਆਂ ਨੇ ਸੁਣ ਕੇ ਰਾਜੇ ਨੂੰ ਦੱਸ ਦਿੱਤਾ ਤੇ ਉਹ ਦੇਖਣ ਆਇਆ। ਜਦ ਓਹਨੇ ਤੱਕਿਆ ਕਿ ਇਹ ਤਾਂ ਚੰਗੀ ਭਲੀ ਗੋਰੀ ਸੀ ਹੁਣ ਕਾਲੀ ਹੋ ਗਈ ਐ ਤੇ ਮੂਰਖ ਰਾਜਾ ਨਾ ਜਾਣ ਸਕਿਆ ਕਿ ਓਹਦੀ ਧੀ ਤਾਂ ਯਾਰ ਨਾਲ ਭੱਜ ਗਈ ਐ ਤੇ ਉਸ ਨਾਲ ਰੰਗਰਲੀਆਂ ਮਨਾ ਰਹੀ ਐ।

*ਚੌਪਈ ॥ ਮੂਰਖ ਰਾਜ ਬਾਤ ਨਹਿ ਜਾਨੀ ॥ ਔਰ ਨਾਰਿ ਦੁਹਿਤਾ ਪਹਿਚਾਨੀ ॥*
*ਬਿਰਹਮਤੀ ਮਿਤਵਾ ਸੰਗ ਗਈ ॥ ਬਹੁ ਬਿਧਿ ਭੋਗ ਕਮਾਵਤ ਭਈ ॥੮੩॥*
*ਅੜਿੱਲ ॥ ਇਕ ਦਿਨ ਧਾਮ ਪਰੀ ਕੇ ਦੇਤ ਪਠਾਇਕੈ ॥ ਇਕ ਦਿਨ ਆਪੁ ਕਲੋਲ ਕਰਤ ਸੁਖ ਪਾਇਕੈ ॥*
*ਅਰਧਾ ਅਰਧ ਬਜਾਵੈ ਤਾਸੋਂ ਰੈਨਿ ਦਿਨ ॥ ਹੋ ਮੂਰਖ ਬਾਤ ਨ ਪਾਈ ਰਾਜੈ ਕਛੂ ਇਨ ॥੮੪॥*

(ਦੋਇ ਸੌ ਚੌਸਠਿ ਚਰਿਤ੍ਰ ਪੰਨਾ ੧੧੯੭-੯੮)

(ਜਸ) ਮਿਤ੍ਰ ਨੂੰ ਮਿਲਣ ਦੇ ਲਈ ਨੀ ਮੈਂ ਸੌ ਸੌ ਪਾਪੜ ਵੇਲੇ ॥

ਦਿਸ਼ਾ : ਪੂਰਬ ਸ਼ਹਿਰ : ਢਾਕਾ (ਦੋਇ ਸੌ ਪੈਂਸਠ ਚਰਿਤ੍ਰ ਪੰਨਾ ੧੧੯੮-੯੯)

ਪਾਤਰ : ਰਥ ਚਿਤ੍ਰ (ਰਾਜਾ), ਪ੍ਰਕ੍ਰਿਤ ਮਤੀ (ਪਟਰਾਨੀ) ਤੇ ਚਿੱਤ੍ਰ ਕੌਚ (ਨ੍ਰਿਪ)

**ਖ਼ਸਮ ਪਸੰਦ ਨਹੀਂ ਤਾਂ ਹੋਰ ਕਰ ਲਓ** : ਪੂਰਬ ਵੱਲ ਦੇ ਇਕ ਰਾਜਾ ਰਥ ਚਿਤ੍ਰ ਦੀ ਗੋੜ੍ਹੇ (ਰੂੰ) ਵਰਗੀ ਔਰਤ ਪ੍ਰਕ੍ਰਿਤ ਮਤੀ ਅਪਣੇ ਪਤੀ ਦੇ ਨਾਲ ਢਾਕਾ ਸ਼ਹਿਰ ਦੀ ਯਾਤਰਾ ਤੇ ਗਈ। ਉਸ ਨੇ ਇਕ ਝਰੋਖੇ ਤੋਂ ਉਥੋਂ ਦੇ ਰਾਜਾ ਚਿੱਤ੍ਰ ਕੌਚ ਨੂੰ ਤੱਕਿਆ । ਓਹਦੀ ਜਵਾਨੀ ਤੇ ਰੂਪ ਦੇਖ ਕੇ ਉਹ ਅਪਣੀ ਸੁੱਧ ਬੁੱਧ ਖੋ ਬੈਠੀ । ਰਾਜ ਕੁਮਾਰ ਨੇ ਵੀ ਇਸ ਵੱਲ ਤੱਕਿਆ। ਦੋਨਾਂ ਦੀ ਤੱਕਣੀ ਟਕਰਾਈ ਤੇ ਇਕ ਦੂਜੇ ਨੂੰ ਤੱਕਦੇ ਹੀ ਰਹਿ ਗਏ। ਅੱਖਾਂ ਨਾਲ ਅੱਖਾਂ ਮਿਲਦੇ ਹੀ ਦੋਹਾਂ ਚ ਪਿਆਰ ਜਾਗਿਆ-ਸੂਰਜ ਛੁਪਿਆ-ਰਾਤ ਆਈ-ਰਾਜੇ ਨੇ ਅਪਣੀ ਦੂਤ ਨੂੰ ਉਸ ਕੋਲ ਭੇਜ ਕੇ ਅਪਣਾ ਪਿਆਰ

ਜਿਤਾਇਆ। ਰਾਣੀ ਨੂੰ ਓਹਦਾ ਪਤੀ ਬੜਾ ਪਿਆਰ ਕਰਦਾ। ਓਹ ਥੋੜੇ ਸਮੇਂ ਲਈ ਵੀ ਰਾਣੀ ਨੂੰ ਅਪਣੇ ਤੋਂ ਵੱਖ ਨਾ ਕਰਦਾ ਤੇ ਹਮੇਸਾਂ ਰਾਤ ਨੂੰ ਅਪਣੇ ਗਲੇ ਲਗਾ ਕੇ ਰੱਖਦਾ। ਰਾਣੀ ਨੂੰ ਕੋਈ ਦਾਅ ਨਾ ਮਿਲਦਾ ਜਿਸ ਨਾਲ ਓਹ ਪਰਾਏ ਮਰਦ ਨਾਲ ਭੋਗ ਕਰ ਸਕੇ। ਜਦ ਰਾਜਾ ਸੌਂ ਗਿਆ ਤਾਂ ਘਾਤ ਲਾ ਕੇ ਉਸ ਨੇ ਮਿਤ੍ਰ ਨੂੰ ਬੁਲਾ ਲਿਆ। ਰਾਣੀ ਕਹਿੰਦੀ ਕਿ ਤੂੰ ਮੈਨੂੰ ਇਉਂ ਭੋਗਣਾ ਕਿ ਕੋਈ ਜਾਗ੍ਹ ਨਾ ਜਾਵੇ। ਫਿਰ ਸੁਰੂ ਹੋਇਆ ਕਾਮ ਚੱਕਰ :-

*ਚਿੱਤ੍ਰ ਕੇਚ ਤਿਹ ਠਾਂ ਤਬ ਆਯੋ ॥ ਰਾਜਾ ਰਾਨੀ ਜਾਨਿ ਨ ਪਾਯੋ ॥*

*ਰਾਜਾ ਕੀ ਜਾਂਘੈ ਗਹਿ ਲੀਨੀ ॥ ਬਲ ਸੌ ਐਂਚਿ ਆਪੁ ਤਰ ਲੀਨੀ ॥੧੪॥* (ਦੋਇ ਸੌ ਪੈਂਸਠ ਚਰਿਤ੍ਰ ਪੰਨਾ ੧੧੯੯)

ਰਾਜਾ ਗੁੱਸਾ ਖਾ ਕੇ ਉਠਿਆ ਤੇ ਚੋਰ ਚੋਰ ਕਹਿ ਕੇ ਕ੍ਰਿਪਾਨ ਸੰਭਾਲੀ। ਰਾਣੀ ਨੇ ਜਾਗ੍ਹ ਕੇ ਉਸ ਦਾ ਹੱਥ ਪਕੜਿਆ ਤੇ ਕਹਿੰਦੀ ਇਹ ਢਾਕੇ ਦਾ ਰਾਜਾ ਤੀਰਥ ਯਾਤਰਾ ਲਈ ਆਇਆ ਸੀ ਪਹਿਲਾਂ ਰਾਜਾ ਤੂੰ ਇਹਦੇ (ਖਸਮ ਦੇ) ਚਰਨੀ ਲਗ ਤੇ ਫਿਰ ਇਸ਼ਨਾਨ ਲਈ ਜਾਣਾ :-

*ਦੋਹਰਾ ॥ ਬਿਦਾ ਕਿਯਾ ਨ੍ਰਿਪ ਦਰਬ ਦੈ ਤਾਂਕੋ ਚਰਨ ਲਗਾਇ ॥*

*ਇਹ ਛਲ ਸੌ ਮੂਰਖ ਛਲਾ ਸਕਾ ਨਾ ਛਲ ਕੋ ਪਾਇ ॥੧੮॥* (ਦੋਇ ਸੌ ਪੈਂਸਠ ਚਰਿਤ੍ਰ ਪੰਨਾ ੧੧੯੯)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਭਾਵੇਂ ਕਿਸੇ ਤੀਰਥ ਦੀ ਯਾਤਰਾ ਤੇ ਜਾਓ ਜੇਕਰ ਕੋਈ ਮੁੰਡਾ ਪਸੰਦ ਆ ਗਿਆ ਤਾਂ ਦਾਅ ਲਗਾਣਾ ਨਹੀਂ ਭੁੱਲਣਾ। ਸ਼ਾਇਦ ਸਾਧ ਸੰਤ ਤਾਹੀਂ ਸੜਕਾਂ ਤੇ ਬੂਥੀਆਂ ਅੱਡੀਂ ਬੌਰਿਆਂ ਦੀ ਤਰ੍ਹਾਂ ਝਾਕਦੇ ਰਹਿੰਦੇ ਐਂ ਕਿ ਪਤਾ-ਨੀ-ਕਿਹੜੀ ਕੁੜੀ ਨੂੰ ਬੂਥੀ ਪਸੰਦ ਆ ਜਾਏ ਤੇ ਪੌ ਬਾਰਾਂ ਹੋ ਜਾਣ। ਜਰਾ ਸਾਵਧਾਨ ਤੇ ਬਚ ਕੇ ਰਹਿਓ। ਹਾਂ ਮੇਲਾ, ਮੇਲਾ ਰਹੇ ਤਾਂ ਚੰਗਾ ਹੈ ਇਸ਼ਕ ਦਾ ਅਖਾੜਾ ਨਹੀਂ। ਜਾਗਦੇ ਰਹਿਓ !

### ਰਾਜੇ ਦੀ ਧੀ ਨੇ ਬ੍ਰਾਮ੍ਹਣ ਨੂੰ ਦਿੱਤਾ ੮੦੦ ਗੋਤਾ

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੧੯੯-੧੨੧੦)

ਪਾਤਰ : ਸੁਮਤਿ ਸੈਨ (ਨ੍ਰਿਪਤ), ਸਮਰਮਤੀ (ਰਾਨੀ), ਸ੍ਰੀ ਰਨ ਖੰਭ ਕਲਾ (ਦੁਹਿਤਾ), ਸਰਦੂਲ ਧੁਜ (ਸੁਤ), ਨਾਹਰ ਧੁਜ (ਸੁਤ), ਸਿੰਘ ਕੇਤ (ਸੁਤ) ਤੇ ਹਰਿ ਕੇਤ (ਸੁਤ)

ਸੁਮਤਿ ਸੈਨ ਰਾਜੇ ਦੀ ਰਾਣੀ ਸਮਰਮਤੀ ਅੰਤਾਂ ਦੀ ਸੋਹਣੀ ਨੇ ਸ੍ਰੀ ਰਨ ਖੰਭ ਕਲਾ ਨਾਂ ਦੀ ਧੀ ਨੂੰ ਜਨਮ ਦਿੱਤਾ ਜੋ ਬੜੀ ਹੀ ਖ਼ੂਬਸੂਰਤ ਤੇ ਬੁੱਧੀਮਤੀ ਅਤੇ ਚਾਰ ਪੁੱਤਰ ਸਰਦੂਲ ਧੁਜ (ਸੁਤ), ਨਾਹਰ ਧੁਜ (ਸੁਤ), ਸਿੰਘ ਕੇਤ (ਸੁਤ) ਤੇ ਹਰਿ ਕੇਤ (ਸੁਤ) ਪੈਦਾ ਕੀਤੇ। ਜੋ ਬੜੇ ਹੀ ਤੇਜਸਵੀ ਤੇ ਬਲਵਾਨ ਸਨ। ਜਦ ਕੁੜੀ ਦਾ ਬਚਪਨ ਬੀਤਿਆ ਤੇ ਜਵਾਨੀ ਆਈ ਤਾਂ ਉਸ ਦੇ ਹਰ ਅੰਗ ਨੇ ਕਾਮ ਨੂੰ ਸੱਦਾ ਦਿੱਤਾ। ਰਾਜੇ ਨੇ ਅਪਣੇ ਚਾਰੋਂ ਪੁੱਤਰਾਂ ਨੂੰ ਬ੍ਰਾਮ੍ਹਣ ਪਾਸ ਪੜ੍ਹਨ ਪਾ ਦਿੱਤਾ। ਬ੍ਰਾਮ੍ਹਣ ਨੇ ਉਨ੍ਹਾਂ ਨੂੰ ਵਿਆਕਰਨ ਦੀਆਂ ਬਰੀਕੀਆਂ ਤੇ ਪੁਰਾਣਾਂ ਨੂੰ ਘੋਖਣ ਦੇ ਤਰੀਕੇ ਸਮਝਾਏ। ਰਾਜੇ ਨੇ ਬ੍ਰਾਮ੍ਹਣ ਨੂੰ ਬੜਾ ਧੰਨ ਤੇ ਆਦਰ ਦਿੱਤਾ। ਉੱਥੇ ਹੀ ਕੁੜੀ ਨੂੰ ਵੀ ਪੜ੍ਹਨੇ ਪਾ ਦਿੱਤਾ। ਓਹ ਜੋ ਵੀ ਸਿੱਖਿਆ ਦੇਂਦਾ ਚਾਰੋਂ ਭਰਾ ਤੇ ਭੈਣ ਬ੍ਰਾਮ੍ਹਣ ਅੱਗੇ ਸੀਸ ਝੁਕਾ ਕੇ ਲੈ ਲੈਂਦੇ ਤੇ ਬ੍ਰਾਮ੍ਹਣ ਬਹੁਤਾ ਧੰਨ ਹੋਰ ਮੰਗ ਲੈਂਦਾ। ਇਕ ਦਿਨ ਕੁੜੀ ਰਤਾ ਪਹਿਲਾਂ ਪਹੁੰਚ ਗਈ। ਬ੍ਰਾਮ੍ਹਣ ਨੇ ਸੀਸ ਝੁਕਾਇਆ-ਬ੍ਰਾਮ੍ਹਣ ਸਾਲਗ੍ਰਾਮ ਦੀ ਪੂਜਾ ਕਰਦਿਆਂ ਅਦਬ ਨਾਲ ਅਨੇਕਾਂ ਤਰ੍ਹਾਂ ਨਾਲ ਉਸ ਅੱਗੇ ਸੀਸ ਝੁਕਾਉਂਦਾ। ਓਹਨੂੰ ਦੇਖ ਕੇ ਕੁੜੀ ਖਿੜ ਖਿੜਾ ਕੇ ਹਸੀ ਤੇ ਕਹਿਣ ਲੱਗੀ ਕਿ ਤੂੰ ਪੱਥਰ ਨੂੰ ਰੱਬ ਕਰ ਕੇ ਹੱਥ ਜੋੜ ਜੋੜ ਪੂਜਾ ਕਰ ਰਿਹਾ ਹੈਂ। ਬ੍ਰਾਮ੍ਹਣ ਕਹਿੰਦਾ ਕਿ ਹੇ ਕੁੜੀ ਇਹ ਸਾਲਗ੍ਰਾਮ ਹੈ ਜਿਸ ਨੂੰ ਠਾਕੁਰ ਕਹਿੰਦੇ ਹਨ। ਇਸ ਦੀ ਪੂਜਾ ਬੜੇ ਬੜੇ ਰਾਜੇ ਕਰਦੇ ਐਂ ਤੈਨੂੰ ਅਗਿਆਨ ਨੂੰ ਏਹਦੀ ਸੋਝੀ ਨੀ ਤੂੰ ਪਰਮੇਸੂਰ ਨੂੰ ਪੱਥਰ ਕਹਿ ਰਹੀ ਹੈਂ। ਰਾਜੇ ਦੀ ਸੁਤਾ ਕਹਿੰਦੀ ਕਿ ਮਹਾਂ ਮੂਰਖ ਓਸ ਦੀ ਪਛਾਣ ਨੀ ਕਰਦੇ ਜਿਸਦਾ ਪਰਤਾਪ ਤਿੰਨਾਂ ਲੋਕਾਂ ਚ ਹੈ। ਮੂਰਖ ਓਹਦੀ ਪੂਜਾ ਕਰਦੇ ਹਨ ਜਿਸ ਦੀ ਪੂਜਾ ਕੀਤਿਆਂ ਮੌਤ ਮਿਲਦੀ ਹੈ। ਪਰਮਾਰਥ ਦੇ ਰਾਹ ਪੈ ਕੇ ਲੋਕੀਂ ਪਾਪ ਕਰਦੇ ਹਨਤੇ ਉਨ੍ਹਾਂ ਦੁਆਰਾ ਕੀਤੇ ਪਾਪਾਂ ਤੋਂ ਪਾਪ ਖ਼ੁਦ ਹੀ ਡਰ ਜਾਂਦਾ ਹੈ। ਹੇ ਮੂਰਖ ਪੱਥਰ ਚ ਕੁੱਝ ਨਹੀਂ ਪਰਮੇਸਰ ਦੇ ਚਰਨੀ ਲੱਗੋ। ਜੀਵਨ ਵਿੱਚ-ਜਲ ਵਿੱਚ-ਥਲ ਵਿੱਚ-ਸਭ ਰੂਪਾਂ ਤੇ ਭੁਪਾਂ ਦੇ ਅੰਦਰ ਓਹੋ ਹੀ ਹੈ। ਓਹ ਸੂਰਜ ਤੇ ਚੰਦ੍ਰਮਾ ਅਥਵਾ ਨਭ ਵਿੱਚ ਜਿੱਥੇ ਤੱਕੋ ਉੱਥੇ ਹੀ ਓਹ ਹੈ। ਅੱਗ ਚ-ਹਵਾ ਚ ਤੇ ਪ੍ਰਿਥਵੀ ਤਲ ਤੇ ਸਭ ਥਾਂ ਉਸੇ ਦਾ ਰੂਪ ਹੈ। ਹੇ ਮੂਰਖ ਪੱਥਰ ਚ ਰੱਬ ਨਹੀਂ ਹੈ। ਜੇਕਰ ਸਾਰੇ ਕਾਗਜ ਦੇ ਦੀਵੇ ਜਲਾਏ ਜਾਣ ਤੇ ਸੱਤਾਂ ਸਮੁੰਦਰਾਂ ਦੀ ਸਿਆਹੀ ਬਣਾਈ ਜਾਏ ਤੇ ਸਾਰੀ ਬਨਸਪਤੀ ਦੀ ਕਲਮ ਬਣਾਈ ਜਾਏ ਤੇ ਸਾਰਸ੍ਵਤੀ ਨੂੰ ਬੋਲਣ ਵਾਲੀ ਬਣਾ ਕੇ ਸੱਠ ਯੁੱਗ ਲਿਖਦੇ ਰਹੀਏ ਹੇ ਮੂਰਖ ਓਹਨੂੰ ਪਾਣ ਦੀ ਥਾਂ ਪੱਥਰ ਚ ਰੱਬ ਠਹਿਰਾ ਦਿੱਤਾ ਜੀਵ ਓਹਦਾ ਭੇਦ ਤਾਂ-ਨੀ-ਪਾਉਂਦਾ ਉਲਟਾ ਪੱਥਰ ਚ ਰੱਬ ਦੱਸਦਾ ਐ। ਆਨੇ ਬਹਾਨੇ ਇਹ (ਪੰਡਿਤ) ਲੋਕਾਂ ਨੂੰ ਭਰਮਾ ਕੇ ਘਰ ਦਾ ਸਾਰਾ ਧੰਨ ਲੁੱਟ ਲੈ ਜਾਂਦੇ ਹਨ। ਜੱਗ ਚ ਅਪਣੇ ਆਪ ਨੂੰ ਇਹ ਪੰਡਿਤ ਅਖਵਾਉਂਦੇ ਹਨ ਤੇ ਆਖਦੇ ਹਨ ਕਿ ਅਸੀਂ ਸੁਚੇਤ ਹਾਂ ਪਰ ਪੱਥਰ ਦੀ ਪੂਜਾ ਕਰਨ ਕਰਕੇ ਲੱਗਦੈ ਕਿ ਹਾਲੇ ਤੱਕ ਇਹ ਲੋਕ ਅਚੇਤ ਹਨ। ਚਿੱਤ ਚ ਇਹ ਧੰਨ

ਦੀ ਆਸ ਕਰਦੇ ਹਨ ਤੇ ਮੂੰਹੋਂ ਸਿਵ ਸਿਵ ਆਖਦੇ ਹਨ। ਅਨੇਕਾਂ ਤਰ੍ਹਾਂ ਦੇ ਪਖੰਡ ਕਰ ਕਰ ਕੇ ਲੋਕਾਂ ਨੂੰ ਦਿਖਾਉਂਦੇ ਹਨ ਤੇ ਦਰ ਦਰ ਤੇ ਮੰਗਣ ਜਾਂਦੇ ਹਨ । ਚਾਰ ਘੜੀ ਨੱਕ ਮੁੰਦ ਕੇ ਖੜੇ ਰਹਿੰਦੇ ਹਨ ਤੇ ਇਕ ਟੰਗ ਦੇ ਭਾਰ ਖੜ ਕੇ ਸਿਵ ਸਿਵ ਸਿਵ ਕਰਦੇ ਰਹਿੰਦੇ ਹਨ। ਜੇਕਰ ਕੋਈ ਇਨ੍ਹਾਂ ਨੂੰ ਇਕ ਪੈਸਾ ਆ ਕੇ ਦੇ ਦੇਂਦਾ ਹੈ ਤਾਂ ਸਿਵ ਨੂੰ ਵਿਸਾਰ ਕੇ ਉਸ ਨੂੰ ਸਾਂਭਣ ਦੀ ਕਰਦੇ ਹਨ । ਲੋਕਾਂ ਨੂੰ ਤਾਂ ਇਹ ਉਪਦੇਸ ਕਰਦੇ ਹਨ ਪਰ ਖੁਦ ਧਿਆਨ ਨਹੀਂ ਧਰਦੇ-ਲੋਕਾਂ ਨੂੰ ਤਯਾਗ ਦੀ ਸਿੱਖਿਆ ਦੇਂਦੇ ਹਨ ਪਰ ਖੁਦ ਧਨ ਪਿੱਛੇ ਦੌੜਦੇ ਹਨ। ਉਸੇ ਧੰਨ ਦੇ ਲਾਲਚ ਚ ਇਹ ਲੋਕ ਊਚ ਨੀਚ ਦਾ ਖਿਆਲ ਵੀ ਭੁੱਲ ਜਾਂਦੇ ਹਨ ਤੇ ਉਨ੍ਹਾਂ ਦੇ ਦਰ ਦਰ ਤੇ ਜਾ ਤਰਲੇ ਕਰਦੇ ਹਨ । ਅਪਣੇ ਆਪ ਨੂੰ ਮਹਾਂ ਪਵਿੱਤ੍ਰ ਆਖਦੇ ਹਨ, ਪਰ ਹਕੀਕਤ ਚ ਇਹ ਮਹਾਂ ਅਪਵਿੱਤ੍ਰ ਹੁੰਦੇ ਹਨ ਤੇ ਮਲੇਛਾਂ ਦੀ ਜਾ ਕੇ ਚਾਕਰੀ ਕਰਦੇ ਹਨ ਤੇ ਓਹ ਜੋ ਟੂਕ (ਰੋਟੀ) ਦੇਂਦੇ ਹਨ ਓਹੀ ਖਾਂਦੇ ਹਨ। ਅਪਣੇ ਆਪ ਨੂੰ ਇਹ ਸੰਤੋਖੀ ਅਖਵਾਉਂਦੇ ਹਨ ਪਰ ਅਸਲ ਵਿਚ ਇਹ ਮਹਾਂ ਅਸੰਤੋਖੀ ਹੁੰਦੇ ਹਨ-ਇਹ ਇਕ ਦਹਿਲੀਜ਼ ਛੱਡ ਫਿਰ ਦੂਜੀ ਤੇ ਜਾ ਮੰਗਦੇ ਹਨ। ਮਿੱਟੀ ਦੇ ਸਿਵ ਬਣਾ ਕੇ ਫਿਰ ਉਨ੍ਹਾਂ ਨੂੰ ਨਦੀ ਚ ਬਹਾ ਦੇਂਦੇ ਹਨ ਤੇ ਫਿਰ ਆ ਕੇ ਮਿੱਟੀ ਦੇ ਦੁਬਾਰਾ ਬਣਾ ਦੇਂਦੇ ਹਨ । ਫਿਰ ਉਨ੍ਹਾਂ ਦੇ ਪੈਰੀਂ ਪੈ ਕੇ ਘੜੀ ਦੋ ਘੜੀ ਮੱਥਾ ਰਗੜਦੇ ਹਨ। ਪੰਡਿਤ ਲਿੰਗ ਦੀ ਪੂਜਾ ਕਰਦੇ ਹਨ ਤੇ ਸਿਵ ਜਾਣ ਕੇ ਪੈਰੀਂ ਪੈਂਦੇ ਹਨ ਤੇ ਅਖੀਰ ਚ ਓਹ ਓਹੀ ਲਿੰਗ ਇਨ੍ਹਾਂ ਦੇ ਹੱਥ ਚ ਪਕੜਿਆ ਰਹਿ ਜਾਂਦਾ ਹੈ। ਕੀ ਇਹ ਲਿੰਗ ਤੂੰ ਅਪਣੀ ਕੁੜੀ ਨੂੰ ਦੇਂਦਾ ਹੈਂ ਜਾ ਫੜ ਕੇ ਆਪ ਚਬਾਉਂਦਾ ਹੈਂ ਯਾਦ ਰੱਖੀਂ ਇਹੋ ਲਿੰਗ ਦੀ ਤੈਨੂੰ ਮਾਰ ਪੈਣੀ ਹੈ । ਪੱਥਰ ਨੂੰ ਤੂੰ ਜਿਹੜਾ ਸਿਵ ਕਹਿੰਦਾ ਹੈਂ ਮੂਰਖ ਉਸ ਨਾਲ ਤੇਰੇ ਪੱਲੇ ਕੱਖ ਨੀ ਪੈਣਾ। ਜਿਹੜਾ ਖੁਦ ਤ੍ਰੈਯਕ ਜੋਨਿ ਆਪ ਪਿਆ ਓਹ ਤੈਨੂੰ ਹੱਸ ਕੇ ਦੱਸ ਕੀ ਬਰ ਦਏਗਾ । ਓਹ ਤੈਨੂੰ ਅਪਣੇ ਵਰਗਾ ਬਣਾਏਗਾ ਤੇ ਸਿਵਲਿੰਗ ਦੀ ਤਰ੍ਹਾਂ ਤੂੰ ਪੱਥਰ ਦੀ ਹੀ ਪਦਵੀ ਪਾਏਂਗਾ । ਹੇ ਮਹਾਂ ਮੂਰਖ ਕੁਛ ਜਾਣਨ ਦੀ ਕੋਸ਼ਿਸ ਕਰ । ਤੇਰੀ ਬਚਪਨ ਦੀ ਉਮਰ ਬੀਤੀ, ਜਵਾਨੀ ਚ ਤੂੰ ਰੱਬ ਦਾ ਨਾਮ ਨਾ ਧਿਆਇਆ । ਲੋਕਾਂ ਤੋਂ ਤੂੰ ਦਾਨ ਕਰਾਉਂਦਾ ਰਿਹਾ ਪਰ ਹੱਥ ਉਠਾ ਕੇ ਤੂੰ ਭੋਰਾ ਦਾਨ ਨਾ ਕੀਤਾ । ਹਮੇਸਾਂ ਪੱਥਰ ਅੱਗੇ ਹੀ ਸਿਰ ਝੁਕਾਉਂਦਾ ਰਿਹਾ ਤੇ ਕਦੇ ਪਰਮੇਸਰ ਅੱਗੇ ਸਿਰ ਨਾ ਝੁਕਾਇਆ। ਘਰ ਦੇ ਕੰਮਾਂ ਚ ਮੂਰਖ ਫਸਿਆ ਰਿਹਾ ਜਿਸ ਨਾਲ ਮੌਤ ਵੱਲ ਧੱਕਿਆ ਜਾਂਦਾ ਰਿਹਾ। ਦੋ ਕੁ ਪੁਰਾਨ ਪੜ੍ਹ ਕੇ ਹੇ ਪੰਡਿਤ ਤੂੰ ਫੁੱਲ ਗਿਆ ਅਪਣੇ ਹੀ ਮਨ ਵਿੱਚ, ਪਰ ਤੂੰ ਓਹ ਪੁਰਾਨ ਨਾ ਪੜ੍ਹਿਆ ਜਿਸ ਦੇ ਪੜ੍ਹਿਆਂ ਸਾਰੇ ਪਾਪ ਲਹਿ ਜਾਂਦੇ ਹਨ। ਪਖੰਡ ਕਰ ਕੇ ਤੂੰ ਰਾਤ ਦਿਨ ਤਪੱਸਿਆ ਕਰਨ ਦਾ ਢੌਂਗ ਰਚਦਾ ਹੈਂ ਪਰ ਰਾਤ ਦਿਨ ਤੇਰੀ ਸੁਰਤ ਧੰਨ ਚ ਟਿਕੀ ਰਹਿੰਦੀ ਹੈ । ਭਾਵੇਂ ਲੋਕ ਤੇਰੇ ਪਖੰਡ ਜਾਲ ਚ ਫਸਦੇ ਹਨ ਪਰ ਅਸੀਂ ਇਨ੍ਹਾਂ ਬਾਤਾਂ ਚ ਨਹੀਂ ਆਉਂਦੇ । ਤੂੰ ਏਨਾ ਵੱਡਾ ਅਡੰਬਰ ਕਿਉਂ ਕਰਦਾ ਹੈਂ ਤੇ ਕਾਹਦੇ ਵਾਸਤੇ ਪੱਥਰ ਨੂੰ ਪੁਜਾਉਂਦਾ ਹੈਂ। ਕਿਉਂ ਜੱਗ ਚ ਪਾਖੰਡ ਕਰਦਾ ਹੈਂ। ਇਸ ਨਾਲ ਤੇਰਾ ਇਹ ਲੋਕ ਪਰਲੋਕ ਚਲਾ ਜਾਏਗਾ। ਐਵੇਂ ਝੂਠ ਮੂਠ ਦੇ ਮੰਤ੍ਰ ਦੇ ਦੇ ਉਪਦੇਸ ਨਾ ਕਰੋ ਜਦੋਂ ਧੰਨ ਦੀ ਲੋੜ ਹੁੰਦੀ ਹੈ ਓਹ ਲੈ ਕੇ ਤੁਸੀਂ ਬੜੇ ਖੁਸ਼ ਹੁੰਦੇ ਹੋ । ਰਾਜ ਕੁਮਾਰਾਂ ਨੂੰ ਜੋ ਤੁਸੀਂ ਮੰਤ੍ਰ ਦੇਂਦੇ ਹੋ ਓਹ ਸਾਨੂੰ-ਨੀ-ਸਿਖਾਉਂਦੇ ।

ਬ੍ਰਾਮ੍ਹਣ ਕਹਿੰਦਾ ਕਿ ਹੇ ਰਾਜ ਦੁਲਾਰੀ-ਤੂੰ ਸਿਵ ਦੀ ਮਹਿਮਾ ਕੀ ਜਾਣੇ-ਬ੍ਰਹਮਾ ਬਿਸ਼ਨ ਰੁਦ੍ਰ ਜਿਹੜੇ ਦੇਵਤੇ ਹਨ ਇਨ੍ਹਾਂ ਦੀ ਹਮੇਸਾਂ ਸੇਵਾ ਕਰਨੀ ਚਾਹੀਦੀ ਐ-ਤੂੰ ਇਨ੍ਹਾਂ ਦੇ ਤੌਰ (ਗੁੱਸਾ) ਨਹੀਂ ਜਾਣਦੀ-ਮਹਾਂ ਮੂਰਖ ਹੀ ਅਜਿਹੀਆਂ ਗੱਲਾਂ ਕਰਦੇ ਹਨ-ਇਨ੍ਹਾਂ ਨੂੰ ਪਰਮ ਪੁਰਾਤਨ (ਪੁਰਾਣੇ) ਜਾਣੋ ਤੇ ਪਰਮ ਪੁਰਖ ਕਰ ਕੇ ਪਹਿਚਾਣੋ। ਅਸੀਂ ਬਰਤ ਧਾਰੀ ਬਿਪਰ ਹਾਂ ਤੇ ਊਚ ਨੀਚ ਦੀ ਰੱਖਿਆ ਕਰਦੇ ਹਾਂ-ਜਿਸ ਨੂੰ ਅਸੀਂ ਮੰਤ੍ਰ ਸਿਖਾਉਂਦੇ ਹਾਂ ਉਨ੍ਹਾਂ ਤੋਂ ਕ੍ਰਿਪਾ ਸਹਿਤ ਦਾਨ ਕਰਾਉਂਦੇ ਹਾਂ।

ਕੁੜੀ ਕਹਿੰਦੀ ਕਿ ਤੁਸੀਂ ਅਪਣੇ ਲਾਲਚ ਖਾਤਰ ਮੰਤ੍ਰ ਸਿਖਾਉਂਦੇ ਹੋ ਤੇ ਉਸ ਤੋਂ ਭੇਟਾ ਲੈਂਦੇ ਹੋ ਪਰ ਸੱਚੀ ਗੱਲ ਤਾਂ ਤੁਸੀਂ ਦੱਸਦੇ-ਈ-ਨੀ। ਇਸੇ ਕਰਕੇ ਤੁਸੀਂ ਲੋਕ ਤੇ ਪਰਲੋਕ ਗਵਾ ਬੈਠਦੇ ਹੋ। ਹੇ ਪੰਡਿਤ ਸੁਣ ਤੁਸੀਂ ਜਿਸ ਨੂੰ ਮੰਤ੍ਰ ਦੇਂਦੇ ਹੋ ਉਸ ਦੇ ਘਰ ਨੂੰ ਚੰਗੀ ਤਰ੍ਹਾਂ ਲੁੱਟ ਲੈਂਦੇ ਹੋ-ਓਹਨੂੰ ਕੋਈ ਗਿਆਨ ਤਾਂ ਮਿਲਦਾ ਨੀ ਪਰ ਮੂਰਖ ਅਪਣਾ ਸਿਰ ਮੁੰਨਵਾ ਬੈਠਦਾ ਹੈ। ਦੱਸ ਕਦੇ ਕੋਈ ਮੰਤ੍ਰ ਸਿੱਧ ਹੋਇਆ ਐ-ਕਦੇ ਤੈਨੂੰ ਸਿਵ ਨੇ ਬਰ ਦਿੱਤਾ ਜਦ ਮੰਤ੍ਰ ਕਦੇ ਸਿੱਧ ਹੁੰਦਾ-ਈ-ਨੀ । ਫਿਰ ਤੁਸੀਂ ਆਖਣਾ ਸੁਰੂ ਕਰ ਦੇਂਦੇ ਹੋ ਕਿ ਤੇਰੇ ਤੋਂ ਕੋਈ ਮਾੜਾ ਕੰਮ ਹੋਇਆ ਐ-ਇਸੇ ਕਰਕੇ ਸਿਵ ਨੇ ਦਰਸ਼ਨ ਨੀ ਦਿੱਤਾ । ਹੁਣ ਤੂੰ ਬ੍ਰਾਮ੍ਹਣ ਨੂੰ ਕੋਈ ਪੁੰਨ ਦਾਨ ਕਰ ਤੇ ਫਿਰ ਸਿਵ ਦੇ ਮੰਤ੍ਰ ਦਾ ਉਚਾਰਣ ਕਰਾ। ਉਲਟਾ ਡੰਡ ਤੂੰ ਉਸੇ ਨੂੰ ਦੇਂਦਾ ਹੈ ਤੇ ਦੁਬਾਰਾ ਰੁਦ੍ਰ ਦਾ ਮੰਤ੍ਰ ਵੀ-ਅਨੇਕਾਂ ਤਰੀਕਿਆਂ ਨਾਲ ਤੂੰ ਉਸ ਨੂੰ ਭਟਕਾਉਂਦਾ ਹੈਂ ਤੇ ਅਖੀਰ ਆਖ ਦੇਂਦਾ ਹੈਂ ਕਿ ਤੇਰੇ ਤੋਂ ਕੋਈ ਅੱਖਰ ਰਹਿ ਗਿਆ ਜਾਂ ਕ੍ਰਿਯਾ ਭੰਗ ਹੋ ਗਈ ਹੋਏਗੀ ਇਸੇ ਕਰਕੇ ਤੈਨੂੰ ਸਿਵ ਨੇ ਬਰ-ਨੀ-ਦਿੱਤਾ । ਹੁਣ ਦੁਬਾਰਾ ਪੁੰਨ ਦਾਨ ਕਰ-ਇਸ ਢੰਗ ਨਾਲ ਤੁਸੀਂ ਮੰਤ੍ਰ ਸਿਖਾਉਂਦੇ ਹੋ । ਅਸਲੀ ਮਨੋਰਥ ਤਾਂ ਉਸ ਦੇ ਘਰ ਨੂੰ ਲੁੱਟਣ ਦਾ ਹੁੰਦਾ ਹੈ । ਜਦ ਉਹ ਗਰੀਬ ਹੋ ਜਾਂਦਾ ਹੈ ਤਾਂ ਤੁਸੀਂ ਕੋਈ ਹੋਰ ਘਰ ਲੱਭ ਲੈਂਦੇ ਹੋ। ਜੇਕਰ ਜੰਤ੍ਰ ਮੰਤ੍ਰ ਤੇ ਤੰਤ੍ਰ ਕਰਨ ਨਾਲ ਕੋਈ ਸਿਧਿ ਪ੍ਰਾਪਤ ਹੁੰਦੀ ਹੋਏ ਤਾਂ ਖੁਦ

ਬਾਦਸ਼ਾਹ ਬਣ ਕੇ ਰਾਜ ਕਰੇ ਤੇ ਦਰ ਦਰ ਦਾ ਭਿਖਾਰੀ ਨਾ ਬਣੇ । ਇਹ ਸੁਣ ਕੇ ਬ੍ਰਾਮ੍ਹਣ ਨੂੰ ਬੱਟ ਚੜ੍ਹਿਆ-ਧੱਕ ਧੱਕ ਕਰਦਾ ਬੋਲਣ ਲੱਗਾ ਕਿ ਤੂੰ ਭੰਗ (ਭਾਂਗ) ਖਾ ਕੇ ਬੋਲਦੀ ਹੈਂ ਤੂੰ ਸਾਡੀ ਗੱਲ ਕੀ ਜਾਣੇ ।

*ਦਿਜ ਬਾਚ ਚੌਪਈ ॥ ਸੁਨਿ ਏ ਬਚਨ ਮਿਸਰ ਰਿਸਿ ਭਰਾ ॥ ਧਿਕ ਧਿਕ ਤਾਕਹਿ ਬਚਨ ਉਚਰਾ ॥*
*ਤੈਂ ਹਮਰੀ ਬਾਤਨ ਕਹ ਜਾਨੈ ॥ ਭਾਂਗ ਖਾਇ ਕੈ ਬੈਨ ਪ੍ਰਮਾਨੈ ॥੩੬॥*

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੨)

ਕੁੜੀ ਕਹਿੰਦੀ ਮਿਸਰ ਸੁਣ ਤੈਨੂੰ ਕੱਖ ਪਤਾ ਨੀ-ਤੂੰ ਹੰਕਾਰ ਚ ਗੱਲਾਂ ਕਰਦਾ ਹੈਂ-ਭੰਗ ਪੀਣ ਨਾਲ ਬੁੱਧ ਖਤਮ ਨੀ ਹੋ ਜਾਂਦੀ -ਬਿਨਾ ਪੀਤੇ ਦੱਸ ਇਹ ਕਦੋਂ ਹਰੀ (ਪ੍ਰਗਟ) ਹੁੰਦੀ ਹੈ-ਤੂੰ ਅਪਣੇ ਆਪ ਨੂੰ ਸਿਆਣਾ ਅਖਵਾਉਂਦਾ ਹੈਂ ਕਦੇ ਭੁੱਲ ਕੇ ਵੀ ਭੰਗ ਨਹੀਂ ਪੀਂਦਾ-ਜਦ ਕਦੇ ਤੂੰ ਮੰਗਣ ਤੁਰਦਾ ਹੈਂ ਤਾਂ ਲੋਕਾਂ ਦੇ ਘਰ ਜਾ ਕੇ ਖ੍ਵਾਰ ਕਰਦਾ ਹੈਂ । ਜਿਸ ਧਨ ਨੂੰ ਤੂੰ ਤਯਾਗ ਦੱਸਦਾ ਹੈਂ ਫਿਰ ਮੰਗਣ ਕਾਹਦੇ ਲਈ ਜਾਂਦਾ ਹੈਂ ।

*ਕੁਅਰਿ ਬਾਚ ॥ ਸੁਨੋ ਮਿਸਰ ਤੁਮ ਬਾਤ ਨ ਜਾਨਤ ॥ ਅਹੰਕਾਰ ਕੈ ਬਚਨ ਪ੍ਰਮਾਨਤ ॥*
*ਭਾਂਗ ਪੀਏ ਬੁਧਿ ਜਾਤ ਨ ਹਰੀ ॥ ਬਿਨੁ ਪੀਏ ਤਵ ਬੁਧਿ ਕਹ ਪਰੀ ॥੩੭॥*
*ਤੁਮ ਆਪਨ ਸਯਾਨੇ ਕਹਲਾਵਤ ॥ ਕਬ ਹੀਂ ਭੂਲਿ ਨ ਭਾਂਗ ਚੜ੍ਹਾਵਤ ॥*
*ਜਬ ਪੁਨ ਜਾਹੁ ਕਾਜ ਭਿੱਛਾ ਕੇ ॥ ਕਰਹੋ ਖ੍ਵਾਰ ਰਹਤ ਗ੍ਰਹਿ ਜਾਕੇ ॥੩੮॥*

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੨)

ਤੂੰ ਅਪਣੇ ਆਪ ਨੂੰ ਤਯਾਗੀ ਅਖਵਾਉਂਦਾ ਹੈਂ ਤੇ ਲੋਕਾਂ ਨੂੰ ਵੀ ਤਯਾਗ ਦ੍ਰਿੜ ਕਰਾਉਂਦਾ ਹੈਂ ਜਿਸ ਨੇ ਇਸ ਨੂੰ ਮਨ ਬਚ ਤੇ ਕ੍ਰਮ ਕਰਕੇ ਤਯਾਗ ਦਿੱਤਾ ਫਿਰ ਹੱਥ ਉਠਾ ਕੇ ਉਸ ਤੋਂ ਕਿਉਂ ਮੰਗਦਾ ਹੈਂ। ਕਿਸੇ ਨੂੰ ਧਨ ਦੇ ਤਯਾਗ ਦੀ ਗੱਲ ਦ੍ਰਿੜ ਕਰਾਉਂਦਾ ਹੈਂ ਤੇ ਕਿਸੇ ਦੇ ਘਰੋਂ ਲਿਆਉਂਦਾ ਹੈਂ । ਤੇਰੇ ਮਨ ਚ ਧਨ ਠੱਗਣ ਦੀ ਲਾਲਸਾ ਹੈ ਤੇ ਦਰ ਦਰ ਤੇ ਇਸ ਦੀ ਪਿਆਸ ਬੁਝਾਣ ਲਈ ਭਟਕ ਰਿਹਾ ਹੈਂ । ਬੇਦ ਵਿਆਕਰਨ ਸ਼ਾਸਤ੍ਰ ਸਿੰਮ੍ਰਿਤ ਇਸ ਤਰ੍ਹਾਂ ਆਖਦੇ ਹਨ ਕਿ ਕਿਸੇ ਨਾ ਕਿਸੇ ਬਹਾਨੇ ਕੋਈ ਟਕਾ ਜਜਮਾਨ ਤੋਂ ਝਾੜ ਲਈਏ। ਜੇਕਰ ਕੋਈ ਇਨ੍ਹਾਂ (ਦਿਜਬਰ) ਨੂੰ ਦੇ ਦੇਂਦਾ ਹੈ ਓਹਦੀ ਉਸਤਤਿ ਕਰਦੇ ਹਨ ਤੇ ਜਿਹੜਾ ਨਹੀਂ ਦੇਂਦਾ ਓਹਦੀ ਨਿੰਦਾ। ਅਸਲ ਚ ਨਿੰਦਾ ਤੇ ਉਸਤਤਿ ਦੋਨੋ ਹੀ ਜਗ ਚ ਹਨ ਤੇ ਜਦ ਜਿੰਦ ਰੂਪ ਮਿੱਟੀ, ਮਿੱਟੀ ਚ ਰਲ ਜਾਂਦੀ ਹੈ ਨਾ ਉਸਤਤਿ ਰਹਿੰਦੀ ਹੈ ਤੇ ਨਾ ਹੀ ਨਿੰਦਾ । ਜਿਹੜਾ ਨਿੰਦਾ ਤੇ ਉਸਤਤਿ ਨੂੰ ਪਛਾਣ ਕੇ ਇਕ ਕਰ ਕੇ ਜਾਣਦਾ ਹੈ ਉਸੇ ਨੂੰ ਮੈਂ ਸਮਝਦੀ ਹਾਂ ਕਿ ਉਸ ਨੇ ਬ੍ਰਹਮ ਦੀ ਪਛਾਣ ਕੀਤੀ ਹੈ ਤੇ ਮੈਂ ਉਸ ਨੂੰ ਬ੍ਰਾਮ੍ਹਣ ਮੰਨਦੀ ਹਾਂ। ਇਹ ਦਿਜ (ਬ੍ਰਾਮ੍ਹਣ) ਕਿਸੇ ਨਾ ਕਿਸੇ ਬਹਾਨੇ ਧਨ ਲੈ ਲੈਂਦੇ ਹਨ ਤੇ ਉਸ ਮਨੁੱਖ ਦੀ ਵਡਿਆਈ ਕਰਦੇ ਹਨ । ਇਹ ਇਸ ਝੂਠੀ ਵਡਿਆਈ ਮੂੰਹੋਂ ਕਰ ਕਰ ਕੇ ਉਸ ਨੂੰ ਪ੍ਰਸੰਨ ਕਰਦੇ ਹਨ । ਇਸੇ ਝੂਠੇ ਕਰਮ ਨਾਲ ਦੋਨੋ ਹੀ ਘੋਰ ਨਰਕ ਚ ਜਾ ਪੈਂਦੇ ਹਨ । ਇਹ ਧਨ ਲਈ ਹੀ ਸਭ ਅਡੰਬਰ ਕਰਦੇ ਹਨ ਭਾਵੇਂ ਕੋਈ ਊਚ ਹੋਏ ਜਾਂ ਨੀਚ ਜਾਂ ਰਾਜਾ । ਮੌਤ ਦਾ ਖਿਆਲ ਕਿਸੇ ਨੂੰ ਨਹੀਂ ਜਿਸ ਨੇ ਇਹ ਚੌਦਾਂ ਲੋਕ ਬਣਾਏ ਹਨ । ਏਸੇ ਦੇ ਲੋਭ ਦੇ ਕਾਰਨ ਲੋਕੀਂ ਬੇਦ ਤੇ ਵਿਆਕਰਨ ਪੜ੍ਹਦੇ ਹਨ। ਇਸੇ ਹੀ ਧਨ ਖਾਤਰ ਓਹ ਜੰਤ੍ਰ ਮੰਤ੍ਰ ਕਰਦੇ ਹਨ-ਏਸੇ ਦੇ ਕਾਰਨ ਹੀ ਲੋਕ ਪਰਦੇਸ ਜਾਂਦੇ ਹਨ । ਹੋਰ ਦੂਰ ਕੀ ਜਾਣਾ ਇਸੇ ਦੇ ਕਾਰਨ ਹੀ ਲੋਕੀਂ ਅਪਣੇ ਹੀ ਦੇਸ ਭਟਕ ਰਹੇ ਹਨ ।

ਇਸੇ ਧਨ ਦੇ ਲੋਭ ਕਾਰਨ ਵਿਆਕਰਨ ਪੜ੍ਹੇ ਤੇ ਹੱਥ ਚ ਪੁਰਾਣ ਪਕੜੇ ਹੋਏ ਹਨ-ਇਸੇ ਖਾਤਰ ਹੀ ਪਰਦੇਸਾਂ ਚ ਵਾਸਾ ਕੀਤਾ ਜਿਸ ਨਾਲ ਮਾਂ ਬਾਪ ਦੇ ਦਰਸ ਵੀ ਨਾ ਹੋ ਸਕੇ ਬਣਾਂ ਵਿੱਚ ਵਾਸਾ ਕਰਕੇ ਅਪਣੇ ਆਪ ਨੂੰ ਤਿਆਗੀ ਅਖਵਾਉਂਦੇ ਹਨ-ਕਦੇ ਓਹ ਕਾਂਸੀ ਜਾਂਦੇ ਹਨ ਤੇ ਕਦੇ ਕਮਾਉਂ (ਗੜ੍ਹਵਾਲ) ਜਾ ਕੇ ਮਰ ਜਾਂਦੇ ਹਨ-ਧਨ ਖਾਤਰ ਹੀ ਇਨ੍ਹਾਂ ਸਿਰ ਤੇ ਜਟਾਂ ਧਾਰਨ ਕਰ ਕੇ ਜਟਾ ਜੂਟ ਹੋਏ-ਗਲੇ ਚ ਲੱਕੜ (ਕਾਠ) ਦੀ ਮਾਲਾ ਧਾਰਨ ਕੀਤੀ-ਕਿਸੇ ਕੰਨ ਚ ਮੁੰਦਰਾਂ ਪਾਈਆਂ ਤੇ ਕੋਈ ਖਾਲੀ ਹੀ-ਕਿਸੇ ਮੋਚਨਾ ਫੜ ਕੇ ਸਾਰੇ ਹੀ ਸਿਰ ਦੇ ਵਾਲ ਚੁਗ ਦਿੱਤੇ। ਅਜਿਹਾ ਕਰਕੇ ਉਨ੍ਹਾਂ ਪਖੰਡ ਹੀ ਕੀਤਾ ਤੇ ਅਪਣਾ ਇਹ ਲੋਕ ਤੇ ਪਰਲੋਕ ਗਵਾ ਲਿਆ। ਮਿੱਟੀ ਦੇ ਲਿੰਗ ਬਣਾ ਕੇ ਪੂਜਾ ਕਰਨ ਨਾਲ ਦੱਸੋ ਕੀ ਖੱਟਿਆ-ਜਿਸ ਨੂੰ ਨਿਰਜੋਤਿ ਆਖਦੇ ਹਨ ਉਸੇ ਦੇ ਅੱਗੇ ਇਨ੍ਹਾਂ ਜੋਤਿ ਜਗਾ ਦਿੱਤੀ। ਉਸੇ ਨੂੰ ਪਰਮੇਸ੍ਵਰ ਜਾਣ ਕੇ ਪੈਂਰੀ ਪਏ ਉਸੇ ਲਈ ਹੀ ਤਾਂ ਇਹ ਅਗਿਆਨੀ ਹਨ । ਅਨੇਕਾਂ ਸਾਲ ਕਾਂਸੀ ਚ ਪੜ੍ਹਦੇ ਹਨ-ਜਦ ਓਹ ਬੁੱਢੇ ਹੋ ਜਾਂਦੇ ਹਨ ਅਤੇ ਉਥੇ ਮਰ ਜਾਂਦੇ ਹਨ । ਨਾ ਮਾਂ ਬਾਪ ਰਹਿੰਦੇ ਹਨ ਅਤੇ ਨਾ ਹੀ ਔਰਤ ਤੇ ਪੁੱਤ ਧੀ-ਥੋੜੀ ਜਿਹੀ ਸਿੱਖਿਆ ਕਾਰਣ ਦੇਸ ਵਿਦੇਸ ਭਟਕਦੇ ਰਹਿੰਦੇ ਹਨ-ਕਿਸੇ ਮਨੁੱਖ ਨੇ ਲੋਭ ਨੀ ਤਿਆਗਿਆ ਸਭ ਲੋਭ ਦੀ ਘੁੰਮਣ ਘੇਰੀ ਚ ਫਸੇ ਹਨ । ਇਕਨਾਂ ਦੇ ਸਿਰ ਮੁੰਨ ਕੇ-ਇਕਨਾਂ ਤੋਂ ਡੰਡੇ ਦੇ ਜੋਰ ਨਾਲ-ਇਕਨਾਂ ਤੋਂ ਮਾਲਾ ਜਾਂ ਮੁੰਦਰਾਂ ਪਾ ਕੇ-ਇਕਨਾਂ ਨੂੰ ਮੰਤ੍ਰ ਸਿਖਾ ਕੇ-ਇਕਨਾਂ ਨੂੰ ਜੰਤ੍ਰ ਲਿਖਾ ਕੇ ਤੇ ਇਕਨਾਂ ਨੂੰ ਤੰਤ੍ਰ ਦਾ ਗਿਆਨ ਦੇਂਦਾ ਹੈਂ-ਇਕਨਾਂ ਦੀ ਬਿਦਿਆ ਨੂੰ ਬਿਵਾਦਨ ਆਖਦਾ ਹੈਂ ਤੇ ਲੋਕਾਂ ਨੂੰ ਪਖੰਡ ਕਰ ਕੇ ਜਿਵੇਂ ਕਿਵੇਂ ਠੱਗਦਾ ਹੈਂ ਤੂੰ ਭਵਾਨੀ ਨੂੰ ਨਹੀਂ ਮੰਨਦਾ

ਤੇ ਨਾ ਹੀ ਮਹਾਂਕਾਲ ਦੀ ਪੂਜਾ ਕਰਦਾ ਹੈਂ ਮੂਰਖ ਮਿੱਟੀ ਨੂੰ ਮਨਾਉਂਦਾ ਹੀ ਮਰ ਜਾਂਦਾ ਹ। ਮੂਰਖ ਮਿੱਟੀ ਅੱਗੇ ਸੀਸ ਝੁਕਾਉਂਦਾ ਹੈ ਦੱਸ ਉਸ ਤੋਂ ਤੈਨੂੰ ਕੀ ਪ੍ਰਾਪਤੀ ਹੋਏਗੀ-ਜਿਸ ਨੇ ਜਗ ਨੂੰ ਰਿਝਾਇਆ ਓਹ ਤੇਰੇ ਚੌਲਾਂ ਤੇ ਨਹੀਂ ਰੀਝਣ ਲੱਗਿਆ-ਤੂੰ ਧੂਫ ਜਗਾ ਕੇ ਸੰਖ ਵਜਾਉਂਦਾ ਹੈਂ ਤੇ ਫੁੱਲਾਂ ਦੀ ਬਰਖਾ ਕਰਦਾ ਹੈਂ ਤੇ ਅਖੀਰ ਇਹੋ ਉਪਾਅ ਕਰਦਾ ਮਰ ਜਾਂਦਾ ਹੈਂ ਪਰ ਯਾਦ ਰੱਖੀਂ ਪੱਥਰ ਚ ਰੱਬ ਨਹੀਂ ਹੈ । ਇਕਨਾਂ ਨੂੰ ਤੂੰ ਜੰਤ੍ਰ ਸਿਖਾਉਂਦਾ ਹੈਂ ਤੇ ਕਿਸੇ ਨੂੰ ਤੂੰ ਮੰਤ੍ਰ ਦੇ ਪ੍ਰਯੋਗ ਕਰਨੇ ਦੱਸਦਾ ਹੈਂ ਜਿਹੜਾ ਇਨ੍ਹਾਂ ਚ ਨਹੀਂ ਭਿੱਜਦਾ ਉਨ੍ਹਾਂ ਨੂੰ ਗੀਤ ਕਬਿੱਤ ਜਾਂ ਸਲੋਕ ਗਾ ਕੇ ਸੁਣਾਉਂਦਾ ਹੈਂ । ਬ੍ਰਾਮ੍ਹਣ ਲੋਕਾਂ ਦਾ ਧਨ ਠੱਗਦੇ ਹਨ ਜਿਸ ਨੂੰ ਚੋਰ ਉਚੱਕੇ ਵੀ ਦੇਖ ਕੇ ਸ਼ਰਮਾ ਜਾਂਦੇ ਹਨ । ਇਹ ਲੋਕ ਕਾਜੀ ਕੁਟਵਾਰ ਦੀ ਵੀ ਪ੍ਰਵਾਹ ਨਹੀਂ ਕਰਦੇ ਤੇ ਮੁਰੀਦਾਂ ਦੇ ਸਿਰ ਮੁੰਨੀ ਜਾ ਰਹੇ ਹਨ । ਇਹ ਪੱਥਰ ਦੀ ਪੂਜਾ ਕਰਦੇ ਹਨ ਜਿਹੜੇ ਖੁਦ ਅਚੇਤ ਹਨ-ਪਰ ਇਹ ਕਦੇ ਵੀ ਭਾਂਗ ਭੰਗ ਨਹੀਂ ਛੱਕਦੇ ਓਦਾਂ ਅਪਣੇ ਆਪ ਨੂੰ ਸੁਚੇਤ ਆਖਦੇ ਹਨ।

*ਦੋਹਰਾ ॥ ਪਾਹਨ ਕੀ ਪੂਜਾ ਕਰੈ ਜੋ ਹੈ ਅਧਿਕ ਅਚੇਤ ॥*
*ਭਾਂਗ ਨ ਏਤੇ ਪਰ ਭਖੈ ਜਾਨਤ ਆਪ ਸੁਚੇਤ ॥੫੮॥* (ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੫)

ਮਾਂ ਬਾਪ ਤੇ ਬਾਲ ਬੱਚੇ ਨੂੰ ਛੱਡ ਕੇ ਧਨ ਦੇ ਲੋਭ ਕਾਰਣ ਕਿਤੇ ਹੋਰ ਥਾਂ ਜਾਂਦੇ ਹਨ ਤੇ ਅਨੇਕਾਂ ਸਾਲ ਉੱਥੇ ਵਾਸਾ ਕਰ ਕੇ ਮਰ ਜਾਂਦੇ ਹਨ ਫਿਰ ਕਦੇ ਵੀ ਘਰ ਦੇ ਰਾਹ ਨਹੀਂ ਪੈਂਦੇ । ਧਨੀ ਲੋਕ ਫੁੱਲ ਸਮਾਨ ਹਨ ਇਹ ਭੌਰੇ ਬਣ ਕੇ ਉੱਥੇ ਅਪਣੀ ਗੁੰਜਾਰ ਪੈਦਾ ਕਰਦੇ ਹਨ ਤੇ ਉਨ੍ਹਾਂ ਉੱਤੇ ਹੀ ਧਨ ਧਾਮ ਬਿਸਾਰ ਕੇ ਗੂੰਜਦੇ ਰਹਿੰਦੇ ਹਨ। ਹਰ ਕੋਈ ਕਾਲ ਦੇ ਵੱਸ ਪਿਆ-ਧਨ ਦੀ ਆਸ ਨੇ ਉਸ ਨੂੰ ਭੁਲਾ ਦਿੱਤਾ ਤੇ ਆਸਾ ਕਰਦਾ ਹੀ ਸੰਸਾਰ ਤੋਂ ਚਲੇ ਗਿਆ-ਇਸ ਆਸਾ ਦਾ ਕੋਈ ਬੰਨਾ ਨਹੀਂ ਹੈ-ਰੱਬ ਹੀ ਇਕ ਇਸ ਤੋਂ ਨਿਰਾਸ (ਬਚਿਆ) ਹੈ ਜਿਸ ਨੇ ਇਹ ਸਾਰਾ ਪਸਾਰਾ ਕੀਤਾ ਹੈ-ਹੇ ਦਿਜਬਰ ਇਹ ਤੂੰ ਮਨ ਚ ਵਸਾ ਲੈ ਕਿ ਆਸਾ ਰਹਿਤ ਉਸ ਕਾਲ ਤੋਂ ਬਿਨਾ ਹੋਰ ਕੋਈ ਨੀ-ਲੋਭ ਦੇ ਕਾਰਣ ਇਹ ਦਿਜਬਰ ਘਰ ਘਰ ਮੰਗਦੇ ਫਿਰਦੇ ਹਨ ਜਾਂ ਫਿਰ ਜੱਗ ਚ ਪਖੰਡ ਕਰ ਕੇ ਦਿਖਾਉਂਦੇ ਹਨ ਤੇ ਠੱਗ ਠੱਗ ਕੇ ਸਭ ਦਾ ਧਨ ਖਾਂਦੇ ਹਨ। ਆਸਾ ਦੀ ਆਸਾ ਚ ਲੱਗਿਆਂ ਸਭ ਦੁਨੀਆਂ ਤੁਰ ਗਈ ਤੇ ਜਗ ਵਿੱਚ ਆਸਾ ਹੀ ਜਿੰਦਾ ਬਚੀ ਇਸ ਨੂੰ ਸਮਝਦਾਰ ਬੰਦੇ ਸਮਝ ਲਵੀਂ। ਆਸਾ ਕਰਦਾ ਹੀ ਜਗ ਚ ਜੰਮਿਆ ਤੇ ਆਸਾ ਕਰਦਿਆਂ ਹੀ ਬਚਪਨ ਤੋਂ ਜਵਾਨੀ ਚ ਗਿਆ ਤੇ ਫਿਰ ਬੁੱਢਾ ਹੋ ਗਿਆ ਤੇ ਅਖੀਰ ਆਸਾ ਚ ਹੀ ਮਰ ਗਿਆ। ਸਭ ਪੇਟ ਦੀ ਖਾਤਰ ਇਹ ਪ੍ਰਪੰਚ ਕਰਦੇ ਹਨ ਭਾਵੇਂ ਕੋਈ ਊਚ ਹੈ ਜਾਂ ਨੀਚ। ਕਿਸੇ ਨੂੰ ਬ੍ਰਾਮ੍ਹਣ ਤੀਰਥਾਂ ਤੇ ਭੇਜਦਾ ਹੈ ਤੇ ਘਰ ਦਾ ਸਾਰਾ ਧਨ ਮੰਗ ਲੈਂਦਾ ਹੈ-ਜਿਸ ਨੂੰ ਓਹ ਧਨਵਾਨ ਦੇਖਦਾ ਹੈ ਉਸੇ ਨੂੰ ਹੀ ਸਿਲਾ (ਮੂਰਤੀ) ਵਿੱਚ ਫਸਾ ਦੇਂਦਾ ਹੈ। ਕਈ ਤਰ੍ਹਾਂ ਦੇ ਉਸ ਲਈ ਡੰਡ ਲਾ ਕੇ ਫਿਰ ਉਨ੍ਹਾਂ ਨੂੰ ਕੱਢ ਦੇਂਦਾ ਹੈ-ਇਨ੍ਹਾਂ ਲੋਕਾਂ ਨੂੰ ਧਨ ਦੀ ਹੀ ਆਸ ਹੈ ਰੱਬ ਦੀ ਚਾਹਨਾ ਨਹੀਂ-ਪਖੰਡ ਕਰ ਕੇ ਜਿਵੇਂ ਕਿਵੇਂ ਧਨ ਲੁੱਟ ਲੈਂਦਾ ਹੈ।

ਬ੍ਰਾਮ੍ਹਣ ਕਹਿੰਦਾ ਪੁੱਤਰ ਸੁਣ ਤੈਨੂੰ ਗਿਆਨ ਨਹੀਂ ਤੂੰ ਸਿਵ ਨੂੰ ਪੱਥਰ ਕਰ ਕੇ ਪਹਿਚਾਣਿਆ ਹੈ । ਸਾਰੇ ਬ੍ਰਾਮ੍ਹਣ ਇਸ ਅੱਗੇ ਸਿਰ ਨਿਵਾਉਂਦੇ ਹਨ ਤੇ ਚਰਨਾਂ ਦੀ ਧੂੜ ਮੱਥੇ ਲਾਉਂਦੇ ਹਨ। ਸਾਰਾ ਜਗ ਇਸ ਦੀ ਪੂਜਾ ਕਰਦਾ ਹੈ ਤੂੰ ਮੂਰਖ ਇਸ ਦੀ ਨਿੰਦਾ ਕਰਦੀ ਹੈਂ-ਇਹ ਸਭ ਤੋਂ ਪੁਰਾਣੇ ਬ੍ਰਾਮ੍ਹਣ ਹਨ ਇਨ੍ਹਾਂ ਨੂੰ ਤਾਂ ਰਾਜੇ ਵੀ ਸਲਾਹੁੰਦੇ ਹਨ। ਕੁੜੀ ਕਹਿੰਦੀ ਹੇ ਮੂਰਖ ਬ੍ਰਾਮ੍ਹਣ ਸੁਣ ਤੂੰ ਪਰਮ ਜੋਤਿ ਨੂੰ ਪੱਥਰ ਕਰ ਕੇ ਪਹਿਚਾਣਿਆ ਇਨ੍ਹਾਂ ਚ ਤੂੰ ਪਰਮ ਪੁਰਖ ਕਰ ਕੇ ਪਹਿਚਾਣ ਕੀਤੀ ਤੇ ਸਿਆਣਪ ਛੱਡ ਕੇ ਇਆਣਾ ਬਣ ਗਿਆ-ਕਦੇ ਕਹਿੰਦਾ ਹੈਂ ਕਿ ਪੱਥਰ ਚ ਬ੍ਰਹਮ ਹੈ ਤੇ ਕਿਸੇ ਤੀਰਥ ਤੇ ਉਸ ਨੂੰ ਗੋਤੇ ਦੇਣ ਲਈ ਜਾਂਦਾ ਹੈਂ । ਜਿਵੇਂ ਤਿਵੇਂ ਕਰ ਕੇ ਤੂੰ ਲੁੱਟਣ ਦੀ ਕਰਦਾ ਹੈਂ । ਜਦ ਤੇਰੇ ਅੜਿੱਕੇ ਕੋਈ ਧਨੀ ਪੁਰਖ ਆ ਜਾਏ ਤਾਂ ਉਸ ਤੋਂ ਤੂੰ ਹੋਮ ਜੱਗ ਕਰਾਉਂਦਾ ਹੈਂ । ਉਸ ਦਾ ਧਨ ਲੁੱਟ ਕੇ ਤੂੰ ਉਸ ਨੂੰ ਕੰਗਾਲ ਕਰ ਦੇਂਦਾ ਹੈਂ ਤੇ ਫਿਰ ਉਸ ਨੂੰ ਸ਼ਕਲ ਨੀ ਦਿਖਾਉਂਦਾ । ਕਿਸੇ ਨੂੰ ਪਕੜ ਕੇ ਤੀਰਥ ਤੇ ਲੈ ਜਾਂਦਾ ਹੈਂ-ਕਿਸੇ ਨੂੰ ਅਮਲ ਦੇ ਢੰਗ ਦੱਸਦਾ ਹੈਂ-ਜਿਵੇਂ ਦੋ ਕੁੱਤੇ ਇਕ ਹੱਡੀ ਤੇ ਝਪਟਦੇ ਹਨ ਉਵੇਂ ਹੀ ਤੂੰ ਕਰਦਾ ਹੈਂ। ਬਾਹਰ ਬੇਦਾਂ ਦੀ ਚਰਚਾ ਕਰਦਾ ਹੈਂ ਪਰ ਤੇਰਾ ਮਨ, ਤਨ ਤੇ ਧਨ ਦੇ ਪਿੱਛੇ ਗਿਆ ਹੈ । ਇਹ ਤਾਂ ਓਹੋ ਹੀ ਗੱਲ ਹੋਈ ਕਿ ਨਾ ਧਨ ਮਿਲਿਆ ਤੇ ਨਾ ਹੀ ਹਰਿ ਸਾਰੀ ਕੀਤੀ ਸੇਵਾ ਬ੍ਰਿਥਾ ਗਈ ।

*ਅੜਿੱਲ ॥ ਏ ਬਿੱਦਯਾ ਬਲ ਕਰਹਿ ਜੋਗ ਕੀ ਬਾਤ ਨ ਜਾਨੈ ॥ ਏ ਸੁਚੇਤ ਕਰਿ ਰਹਹਿ ਹਮਨਿ ਆਚੇਤ ਪ੍ਰਮਾਨੈ ॥*
*ਕਹਾ ਭਯੋ ਜੌ ਭਾਂਗ ਭੂਲਿ ਭੌਦੂ ਨਹਿ ਖਾਈ ॥ ਹੋ ਨਿਜੁ ਤਨ ਤੇ ਬਿਸੰਭਾਰ ਰਹਤ ਸਭ ਲਖਤ ਲੁਕਾਈ ॥੮੦॥*
*ਭਾਂਗ ਖਾਇ ਭਟ ਭਿੜਹਿ ਗਜਨ ਕੇ ਦਾਂਤ ਉਪਾਰਹਿ ॥ ਸਿਮਟਿ ਸਾਂਗ ਸੰਗ੍ਰਹਹਿ ਸਾਰ ਸਨਮੁਖ ਹ੍ਵੈ ਝਾਰਹਿ ॥*
*ਤੈਂ ਮੂਜੀ ਪੀ ਭਾਂਗ ਕਹੋ ਕਾ ਕਾਜ ਸਵਰਿਹੈ ॥ ਹੋ ਹ੍ਵੈ ਕੈ ਮ੍ਰਿਤਕ ਸਮਾਨ ਜਾਇ ਔਧੇ ਮੁਖ ਪਰਿ ਹੈ ॥੮੧॥*
(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੬)

ਹੇ ਮਿਸਰ ਸੁਣ ਤੂੰ ਅਪਣੀ ਸਿੱਖਿਆ ਇਨ੍ਹਾਂ ਲੋਕਾਂ ਨੂੰ ਦੇਂਦਾ ਰਹੁ ਪਰ ਮੈਨੂੰ ਅਪਣੇ ਝੂਠ ਤੋਂ ਦੂਰ ਰੱਖ-ਤੂੰ ਅਪਣੀਆਂ ਚੰਮ ਦੀਆਂ ਚਲਾ ਕੇ ਇਸ ਝੂਠ ਨੂੰ ਚੰਗਾ ਆਖ ਰਿਹਾ ਹੈਂ-ਤੂੰ ਘੋਰ ਨਰਕਾਂ ਚ ਜਾਏਂਗਾ ਜਾਂ ਫਿਰ ਕਿਸੇ

ਚੰਢਾਲ ਦੀ ਜੂਨ ਪਏਂਗਾ-ਯਾਦ ਰੱਖਣਾ ਮ੍ਰਿਤਸ਼ਾਲਾ ਚ ਤੈਨੂੰ ਟੰਗ ਕੇ ਮਾਰਿਆ ਜਾਏਗਾ ਸਣੇ ਤੇਰੀ ਤੀਵੀਂ ਤੇ ਪੁੱਤਰਾਂ ਧੀਆਂ ਸਮੇਤ ਹੇ ਮਿਸਰ ਦੱਸ ਅੱਗੇ ਕੀ ਜਵਾਬ ਦਏਂਗਾ ਜਦ ਕਾਲ ਦੇ ਜਾਲ ਵਿੱਚ ਫਸਿਆ ਹੋਏਂਗਾ । ਉੱਥੇ ਤੂੰ ਕਿਹੜਾ ਪਾਠ ਪੜ੍ਹੇਂਗਾ ਜਾਂ ਕਿਹੜੇ ਲਿੰਗ ਦੀ ਪੂਜਾ ਕਰੇਂਗਾ-ਉੱਥੇ ਦੱਸ ਸਿਵ ਆਏਗਾ ਜਾਂ ਸ੍ਰੀ ਕ੍ਰਿਸ਼ਨ ਜਿਥੇ ਤੈਨੂੰ ਕਾਲ ਬੰਨ੍ਹ ਕੇ ਲੈ ਜਾਏਗਾ । ਫਿਰ ਉੱਥੇ ਰਾਮ ਤੇਰਾ ਸਹਾਈ ਹੋਏਗਾ ਜਿੱਥੇ ਮਾਂ ਬਾਪ ਪੁੱਤ ਧੀ ਕਿਸੇ ਦਾ ਆਸਰਾ ਨਹੀਂ-ਹਮੇਸਾਂ ਮਹਾਂ ਕਾਲ ਅੱਗੇ ਹੀ ਸੀਸ ਨੂੰ ਝੁਕਾਓ ਜਿਸਦਾ ਪ੍ਰਭਾਵ ਚੌਦਾਂ ਪੁਰੀਆਂ ਚ ਹੈ-ਸਾਰੇ ਲੋਕ ਉਸ ਦੀ ਤਾਕਤ ਮੰਨਦੇ ਹਨ ਤੇ ਸਭ ਉਸ ਨੂੰ ਖਯਾਤਾ ਤੇ ਵਿਧਾਤਾ ਮੰਨਦੇ ਹਨ। ਓਹਦੀ ਰੂਪ ਰੇਖਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ-ਓਹਦਾ ਨਾ ਕੋਈ ਮਾਂ, ਬਾਪ, ਭਾਈ, ਪੁੱਤਰ, ਮਿਤ੍ਰ ਜਾਂ ਸਬੰਧੀ ਹੈ। ਓਹਦੇ ਨਾਲ ਕੋਈ ਸੈਨਾ ਵੀ ਨਹੀਂ ਕੋਈ ਉਸ ਨੂੰ ਸੱਤਿ ਕਰ ਕੇ ਜਾਣਦਾ ਹੈ । ਕਈਆਂ ਨੂੰ ਉਹ ਖਪਾਉਂਦਾ ਤੇ ਕਈਆਂ ਨੂੰ ਬਣਾਉਂਦਾ ਹੈ। ਉਹ ਉਸਾਰ ਕੇ ਫਿਰ ਮਿੱਟੀ ਚ ਮਿਲਾ ਦੇਂਦਾ ਹੈ । ਮੈਂ ਉਸੇ ਮਹਾਂਕਾਲ ਨੂੰ ਅਪਣਾ ਗੁਰੂ ਮੰਨਦੀ ਹਾਂ-ਮੈਂ ਉਸੇ ਦੀ ਮੁਰੀਦ ਹਾਂ ਤੇ ਓਹੀ ਮੇਰਾ ਪੀਰ ਹੈ ।

*ਘਨੀ ਬਾਰ ਲੌ ਪੰਥ ਚਾਰੋ ਭ੍ਰਮਾਨਾ ॥ ਮਹਾਕਾਲ ਹੀ ਕੋ ਗੁਰੂ ਕੋ ਪਛਾਨਾ ॥੮੯॥*
*ਮੁਰੀਦ ਹੈ ਉਸੀ ਕਾ ਵਹੈ ਪੀਰ ਮੇਰੋ ॥ ਉਸੀ ਕਾ ਕਿਯਾ ਆਪਨਾ ਜੀਵ ਚੇਰੋ ॥*
*ਤਿਸੀ ਕਾ ਕੀਆ ਬਾਲਕਾ ਮੈਂ ਕਹਾਵੌਂ ॥ ਉਹੀ ਮੋਹਿ ਰਾਖਾ ਉਸੀ ਕੋ ਧਿਆਵੌਂ ॥੯੦॥*

(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੦੭)

ਹੇ ਬਾਮ੍ਹਣ ਅਸੀਂ ਮਹਾਂ ਕਾਲ ਦੀ ਪੂਜਾ ਕਰਦੇ ਹਾਂ ਪੱਥਰ ਚ ਅਪਣਾ ਮਨ ਨੀ ਜੋੜਦੇ-ਅਸੀਂ ਪੱਥਰ ਨੂੰ ਪੱਥਰ ਕਰਕੇ ਜਾਣਦੇ ਹਾਂ ਇਸੇ ਲਈ ਲੋਕਾਂ ਨੂੰ ਬੁਰਾ ਲਗਦਾ ਹੈ-ਅਸੀਂ ਝੂਠੇ ਨੂੰ ਝੂਠਾ ਕਹਿੰਦੇ ਹਾਂ-ਅਸੀਂ ਕਿਸੇ ਦੀ ਕਾਨਿ ਨਹੀਂ ਰੱਖਦੇ ਸਗੋਂ ਸੱਚੀ ਗੱਲ ਮੂੰਹ ਤੇ ਕਹਿੰਦੇ ਹਾਂ । ਹੇ ਪੰਡਿਤ ਸੁਣ ਤੁਸੀਂ ਧਨ ਦੇ ਪਿੱਛੇ ਲੱਗੇ ਹੋ ਤੇ ਮੰਗਣ ਲਈ ਸਭ ਤੋਂ ਮੂਹਰੇ ਅਪਣੇ ਮਨ ਅੰਦਰ ਤੁਸੀਂ ਸ਼ਰਮਾਉਂਦੇ ਵੀ ਨਹੀਂ ਤੇ ਟਿਕ ਕੇ ਕਦੇ ਧਿਆਨ ਵੀ-ਨੀ-ਲਾਉਂਦੇ। ਬਾਮ੍ਹਣ ਕਹਿੰਦਾ ਕਿ ਤੂੰ ਸੰਭੂ ਨੂੰ ਪਾਹਨ ਕਹਿੰਦੀ ਹੈਂ ਤੇ ਇਨ੍ਹਾਂ ਨੂੰ ਕੋਈ ਹੋਰ-ਉਸ ਨੂੰ ਬ੍ਰਹਮ ਪਾਪੀ ਕਹਿੰਦਾ ਹੈ ਜੋ ਇਨ੍ਹਾਂ ਨੂੰ ਕੱਟ ਕੇ ਕੋਈ ਬਚਨ ਉਚਾਰਦਾ ਹੈ ਤੇ ਮਹਾਂ ਨਰਕ ਚ ਸੁੱਟਦਾ ਹੈ । ਫਿਰ ਤਾਂ ਹਮੇਸਾਂ ਇਨ੍ਹਾਂ ਦੀ ਸੇਵਾ ਕਰੋ ਕਿਉਂ ਕਿ ਇਹ ਸਭ ਤੋਂ ਪੁਰਾਣੇ ਦੇਵਤੇ ਹਨ। ਕੁੜੀ ਕਹਿੰਦੀ :-

*ਕੁਅਰਿ ਬਾਚ ॥ ਏਕੈ ਮਹਾਂ ਕਾਲ ਹਮ ਮਾਨੈ ॥ ਮਹਾਂ ਰੁੱਦ੍ਰ ਕਹ ਕਛੂ ਨ ਜਾਨੈ ॥*
*ਬ੍ਰਹਮ ਬਿਸ਼ਨ ਕੀ ਸੇਵ ਨ ਕਰਹੀ ॥ ਤਿਨ ਤੇ ਹਮ ਕਬਹੂੰ ਨਹਿ ਡਰਹੀ ॥੯੬॥*
*ਬ੍ਰਹਮ ਬਿਸਨ ਜਿਨ ਪੁਰਖ ਉਚਾਰਯੋ ॥ ਤਾਕੌ ਮ੍ਰਿਤੁ ਜਾਨਿਯੈ ਮਾਰਯੋ ॥*
*ਜਿਨ ਨਰ ਕਾਲ ਪੁਰਖ ਕੋ ਧਯਾਯੋ ॥ ਤਾ ਕੇ ਨਿਕਟ ਕਾਲ ਨਹਿ ਆਯੋ ॥੯੭॥*

ਜਿਹੜਾ ਨਰ ਕਾਲ ਦੀ ਪੂਜਾ ਕਰਦਾ ਹੈ ਉਸ ਨੂੰ ਕਾਲ ਨਹੀਂ ਸਤਾਉਂਦਾ-ਓਹਦੇ ਘਰ ਸਾਰੀਆਂ ਰਿਧੀਆਂ ਸਿੱਧੀਆਂ ਆ ਜਾਂਦੀਆਂ ਹਨ ਤੇ ਅਨੇਕਾਂ ਤਰ੍ਹਾਂ ਦੇ ਹੁਨਰ-ਓਹਦੇ ਭਾਂਤਿ ਭਾਂਤਿ ਦੇ ਭੰਡਾਰ ਭਰ ਜਾਂਦੇ ਹਨ ਜਿਸ ਦਾ ਕਦੇ ਤੋਟ ਨਹੀਂ ਹੁੰਦਾ-ਓਹ ਜਗ ਚ ਬੜਾ ਸੁਖ ਪਾਉਂਦਾ ਹੈ-ਓਹ ਰੱਜ ਕੇ ਔਰਤਾਂ ਭੋਗਦਾ ਹੈ ਤੇ ਵੈਰੀਆਂ ਨੂੰ ਮਾਰਦਾ ਹੈ ।ਜਦ ਤੈਨੂੰ ਕਾਲ ਸਤਾਉਂਦਾ ਹੈ ਤਾਂ ਤੂੰ ਪੁਸਤਕ ਹੱਥ ਚ ਲੈ ਕੇ ਕਦੇ ਭਾਗਵਤ ਪੜ੍ਹਦਾ ਹੈਂ ਤੇ ਕਦੇ ਗੀਤਾ-ਕਦੇ ਤੂੰ ਰਾਮ ਨੂੰ ਪਕੜਦਾ ਹੈਂ ਤੇ ਕਦੇ ਸਿਵ ਨੂੰ ਜਿਨ੍ਹਾਂ ਨੂੰ ਤੂੰ ਪਰਮ ਪੁਰਖ ਕਹਿੰਦਾ ਹੈਂ ਓਹ ਸਾਰੇ ਹੀ ਕਾਲ ਦੇ ਡੰਡੇ ਨੇ ਖਾ ਲਏ-ਕਾਲ ਦੇ ਡੰਡੇ ਤੋਂ ਕੋਈ ਨੀ ਬਚਿਆ ਭਾਵੇਂ ਓਹ ਸਿਵ ਹੈ ਜਾਂ ਬ੍ਰਹਮਾ ਜਾਂ ਬਿਸ਼ਨਿੰਦ੍ਰ ਹੈ। ਜਿਵੇਂ ਦੈਂਤਾ ਦੀ ਇਕ ਜੂਨ ਹੈ ਉਵੇਂ ਹੀ ਦੇਵਤਿਆਂ ਦੀ ਇਕ ਜੂਨ ਹੈ-ਭਾਵੇਂ ਕੋਈ ਹਿੰਦੂ ਹੈ ਜਾਂ ਤੁਰਕ ਸਭ ਨੂੰ ਕਾਲ ਹੀ ਮਾਰਦਾ ਹੈ-ਕਦੇ ਦੈਂਤ ਦੇਵਤਿਆਂ ਨੂੰ ਮਾਰਦੇ ਹਨ ਤੇ ਕਦੇ ਦੇਵਤੇ ਦੈਂਤਾਂ ਨੂੰ-ਜਿਸ ਨੇ ਦੇਵਤੇ ਤੇ ਦੈਂਤਾਂ ਦੋਨਾਂ ਨੂੰ ਮਾਰ ਮੁਕਾਇਆ ਓਹੋ ਹੀ ਸਾਡੀ ਪ੍ਰਤਿਪਾਲਨਾ ਕਰਦਾ ਹੈ। ਉਸ ਨੇ ਇੰਦ੍ਰ ਉਪਿੰਦ੍ਰ ਦਿਨਿੰਦ੍ਰਹਿ ਨੂੰ ਮਾਰ ਮੁਕਾਇਆ, ਚੰਦ੍ਰ, ਕੁਬੇਰ, ਜਲਿੰਦ੍ਰ, ਅਹਿੰਦ੍ਰਹਿ ਨੂੰ ਮਾਰਿਆ-ਮੈਂ ਚੌਦਾਂ ਲੋਕਾਂ ਨੂੰ ਸੁਣਾ ਸੁਣਾ ਕੇ ਆਖਦੀ ਹਾਂ ਕਿ ਉਸੇ ਨੂੰ ਮੇਰੀ ਨਮਸਕਾਰ ਹੈ ਤੇ ਓਹੀ ਮੇਰਾ ਗੁਰ। ਬਾਮ੍ਹਣ ਕਹਿੰਦਾ ਕਿ ਜਿਹੜੇ ਪਾਹਨ ਦੀ ਪੂਜਾ ਕਰਦੇ ਹਨ ਸਿਵ ਉਨ੍ਹਾਂ ਦੇ ਸਾਰੇ ਪਾਪ ਖਤਮ ਕਰ ਦੇਂਦਾ ਹੈ-ਜਿਹੜੇ ਸਾਲਗ੍ਰਾਮ (ਸਿਵਲਿੰਗ) ਨੂੰ ਧਿਆਉਂਦੇ ਹਨ ਉਨ੍ਹਾਂ ਦੇ ਸਾਰੇ ਪਾਪ ਖਤਮ ਹੋ ਜਾਂਦੇ ਹਨ-ਜਿਹੜੇ ਇਨ੍ਹਾਂ ਨੂੰ ਛੱਡ ਕੇ ਕਿਸੇ ਹੋਰ ਨੂੰ ਧਿਆਉਂਦੇ ਹਨ ਉਹ ਮਹਾਂ ਨਰਕਾਂ ਚ ਪੈਂਦੇ ਹਨ। ਜਿਹੜਾ ਬੰਦਾ ਕੁਝ ਅਪਣਾ ਧਨ ਬਾਮ੍ਹਣ ਨੂੰ ਦਾਨ ਕਰਦਾ ਹੈ ਉਹ ਅੱਗੇ ਦਸ ਗੁਣਾ ਲੈ ਲੈਂਦਾ ਹੈ। ਜਿਹੜਾ ਬਾਮ੍ਹਣ ਨੂੰ ਛੱਡ ਕੇ ਕਿਸੇ ਹੋਰ ਨੂੰ ਦਾਨ ਦੇਂਦਾ ਹੈ ਉਹ ਅੱਗੇ ਨਹੀਂ ਫਲਦਾ।

ਤਦ ਕੁੜੀ ਨੇ ਸਿਵ ਦੀ ਮੂਰਤੀ ਅਪਣੇ ਹੱਥ ਚ ਲੈ ਕੇ ਹੱਸ ਹੱਸ ਕੇ ਬਾਮ੍ਹਣ (ਦਿਜ) ਦੇ ਮੂੰਹ ਤੇ ਜੜ ਦਿੱਤੀ। ਸਾਲਗ੍ਰਾਮ ਨੇ ਬਾਮ੍ਹਣ ਦੇ ਸਾਰੇ ਦੰਦ ਭੰਨ ਦਿੱਤੇ ਤੇ ਖਿਚ ਧੂਹ ਕਰ ਕਰ ਕੇ ਸਾਰੇ ਕਪੜੇ ਪਾੜ੍ਹ ਦਿੱਤੇ । ਕਹਿੰਦੀ ਦੱਸ ਮਿਸਰ ਤੇਰਾ ਰੁਦ੍ਰ ਹੁਣ ਕਿੱਥੇ ਗਿਆ-ਜਿਹਦੀ ਤੂੰ ਸੇਵਾ ਕਰਦਾ ਹੈਂ ਉਸ ਨੇ ਤੇਰੇ ਦੰਦ ਭੰਨ ਦਿੱਤੇ-ਜਿਹੜੇ ਲਿੰਗ ਦੀ ਪੂਜਾ ਕਰਕੇ ਤੂੰ ਸਮਾਂ ਖਰਾਬ ਕੀਤਾ ਓਹੋ ਹੀ ਆਖਰ ਤੇਰੇ ਮੂੰਹ ਤੇ ਆ ਪਿਆ। ਉਸ ਨੂੰ ਦਿੱਤਾ ਸਾਰਾ ਦਾਨ ਦਾ ਧਨ ਖੋਹ ਲਿਆ ਕਹਿੰਦੀ ਅੱਗੇ ਤੈਨੂੰ ਦਸ ਗੁਣਾ ਮਿਲ ਜਾਏਗਾ। ਹੋਰਾਂ ਨੂੰ ਤੁਸੀਂ ਕਹਿੰਦੇ ਹੋ ਕੇ ਧਨ ਲੁਟਾ ਦਿਓ ਪਰ ਉਸੇ ਧਨ ਨੂੰ ਆਪ ਖਾਂਦੇ ਹੋ-ਬੜੇ ਪ੍ਰਪੰਚੀ ਹੋ ਤੇ ਉਸੇ ਦੇ ਕਾਰਨ ਲੋਕਾਂ ਨੂੰ ਸ਼ਰੇਆਮ ਬਜਾਰ ਲੁੱਟਦੇ ਹੋ-ਅਪਣੇ ਹੱਥੋਂ ਕੌਡੀ ਨੀ ਦੇਂਦੇ ਪਰ ਦੂਜਿਆਂ ਤੋਂ ਕੌਡੀ ਕੌਡੀ ਮੰਗ ਲੈਂਦੇ ਹੋ-ਜਿਸ ਨੂੰ ਅਪਣੀ ਪੁੱਤ੍ਰੀ ਕਹਿੰਦੇ ਹੋ ਉਸੇ ਨਾਲ ਵਿਭਚਾਰ ਕਰਦੇ ਹੋ -ਲਗਦਾ ਹੈ ਕਿ ਤੁਸੀਂ ਲੋਭ ਦੇ ਜੰਮੇ ਹੋ ਤੇ ਮਮਤਾ ਚ ਫਸੇ ਹੋ ਤੇ ਬੜੇ ਦਰਿਦ੍ਰੀ ਹੋ-ਜੇਕਰ ਤੁਹਾਡੇ ਇਨ੍ਹਾਂ ਜੰਤ੍ਰਾਂ ਮੰਤ੍ਰਾਂ ਨਾਲ ਕੋਈ ਸਿਧਿ ਮਿਲਦੀ ਹੋਏ ਤਾਂ ਲੋਕੀਂ ਦਰ ਦਰ ਦੀ ਭੀਖ ਨਾ ਮੰਗਣ । ਮੂੰਹ ਤੋਂ ਉਚਾਰਦਿਆਂ ਹੀ ਧਨ ਨਾਲ ਕੋਠੀਆਂ ਭਰ ਲੈਣ । ਜਿਨ੍ਹਾਂ ਨੂੰ ਇਹ ਰਾਮ ਕ੍ਰਿਸ਼ਨ ਕਹਿੰਦੇ ਹਨ ਉਹ ਸ਼ਿਵ ਤੇ ਬ੍ਰਹਮਾ ਨੂੰ ਨਹੀਂ ਮੰਨਦੇ- ਇਨ੍ਹਾਂ ਸਭਨਾਂ ਨੂੰ ਕਾਲ ਹੀ ਮਾਰਦਾ ਹੈ। ਕਿੰਨੇ ਹੀ ਰਾਮ ਚੰਦ੍ਰ ਤੇ ਕ੍ਰਿਸ਼ਨ ਹੋਏ, ਕਿੰਨੇ ਹੀ ਚਤੁਰਾਨਨ ਸ਼ਿਵ ਤੇ ਬਿਸ਼ਨੂੰ -ਚੰਦ ਸੂਰਜ ਦੀ ਵਿਚਾਰ ਕਿਨ੍ਹ ਕੀਤੀ ਉਹ ਵੀ ਕਾਲ ਦਾ ਪਾਣੀ ਭਰਦੇ ਹਨ। ਸਭ ਨੂੰ ਕਾਲ ਨੇ ਵਸ ਕੀਤਾ ਤੇ ਉਸੇ ਚ ਲੀਨ ਹੋ ਗਏ-ਕਿੰਨੇ ਹੀ ਅਵਤਾਰਾਂ ਨੂੰ ਕਾਲ ਨੇ ਖਾਧਾ ਤੇ ਤੂੰ ਆਖਦਾ ਹੈਂ ਕਿ ਰਾਛਸੀ ਨੂੰ ਸਰਾਪ ਦੇ ਕਾਰਣ ਹੀ ਪਾਹਨ (ਪੱਥਰ) ਬਣਨਾ ਪਿਆ ਫਿਰ ਵੀ ਤੂੰ ਓਹਨੂੰ ਪਰਮੇਸ੍ਰਰ ਆਖਦਾ ਹੈਂ ਤੈਨੂੰ ਸ਼ਰਮ ਨੀ ਆਉਂਦੀ । ਬਾਮ੍ਹਣ ਨੂੰ ਚੜ੍ਹਿਆ ਵਟ ਕਹਿੰਦਾ ਮੈਂ ਹੁਣ ਰਾਜੇ ਪਾਸ ਚਲਿਆ ਤੇ ਤੈਨੂੰ ਬੰਨ੍ਹਵਾ ਕੇ ਉਥੇ ਸੱਦਾਂਗਾ। ਕੁੜੀ ਕਹਿੰਦੀ ਜਰਾ ਠਹਿਰ! ਓਸ ਨੇ ਬਾਮ੍ਹਣ ਨੂੰ ਪਕੜ ਕੇ ਨਦੀ ਚ ਅੱਠ ਸੌ ਗੋਤਾ ਦਿੱਤਾ ਤੇ ਪਵਿਤ੍ਰ ਕਰਤਾ-ਕਹਿੰਦੀ ਬਾਪ ਪਾਸ ਮੈਂ ਜਾਵਾਂਗੀ ਤੇ ਕਹਾਂਗੀ ਕਿ ਬਾਮ੍ਹਣ ਨੇ ਮੈਨੂੰ ਹੱਥ ਪਾਇਆ । ਤੇਰੇ ਦੋਨੋ ਹੱਥ ਕਟਾਵਾਂਗੀ ਤਾਂ ਜਾਣੀ ਮੈਂ ਰਾਜੇ ਦੀ ਧੀ ਹਾਂ ।

*ਕੁਅਰਿ ਬਾਚ ॥ ਤਬ ਤਿਨ ਕੁਅਰਿ ਦਿਜਹਿ ਗਹਿ ਲਿਆ ॥ ਡਾਰ ਨਦੀ ਕੇ ਭੀਤਰ ਦਿਯਾ ॥*
*ਗੋਤਾ ਪਕਰਿ ਆਠ ਸੈ ਦੀਨਾ ॥ ਤਾਂਹਿ ਪਵਿੱਤ੍ਰ ਭਲੀ ਬਿਧਿ ਕੀਨਾ ॥੧੨੦॥*
*ਕਹੀ ਕੁਅਰਿ ਪਿਤੁ ਪਹਿ ਮੈਂ ਜੈ ਹੌ ॥ ਤੈਂ ਮੋਹਿ ਡਾਰਾ ਹਾਥ ਬਤੈ ਹੌ ॥*
*ਤੇਰੇ ਦੋਨੋ ਹਾਥ ਕਟਾਉਂ॥ ਤੌ ਰਾਜਾ ਕੀ ਸੁਤਾ ਕਹਾਉਂ॥੧੨੧॥* **(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੧੦)**

ਮਿਸਰ ਇਹ ਸੁਣ ਕੇ ਡਰ ਗਿਆ ਤੇ ਕੁੜੀ ਦੇ ਪੈਰੀਂ ਪੈ ਗਿਆ ਕਹਿੰਦਾ ਮੈਂ ਓਹੀ ਕਰਾਂਗਾ ਜੋ ਤੂੰ ਕਹੇਂਗੀ। ਤੂੰ ਅਪਣਾ ਗੁੱਸਾ ਥੁੱਕ ਦੇ । ਕੁੜੀ ਕਹਿੰਦੀ ਤੂੰ ਕਹਿ ਮੈਂ ਪਹਿਲਾਂ ਇਸ਼ਨਾਨ ਕਰਾਂਗਾ । ਮੈਂ ਅਪਣਾ ਧਨ ਲੁਟਾ ਦਿਆਂਗਾ-ਮੈਂ ਪੱਥਰ ਦੀ ਪੂਜਾ ਨਹੀਂ ਕਰਾਂਗਾ ਤੇ ਮਹਾਂਕਾਲ ਦੇ ਪੈਰੀਂ ਪਵਾਂਗਾ । ਕਵੀ ਕਹਿੰਦਾ ਹਾਂ ਫਿਰ ਬਾਮ੍ਹਣ ਨੇ ਮਹਾਂ ਕਾਲ ਨੂੰ ਧਿਆਇਆ-ਨਦੀ ਚ ਪਾਹਨ ਰੋੜ੍ਹੇ ਤੇ ਕਿਸੇ ਦੇ ਕੰਨੀ ਭਿਣਕ ਨਾ ਪਈ ਇਸ ਤਰ੍ਹਾਂ ਕਰ ਕੇ ਬਾਮ੍ਹਣ ਨੂੰ ਮਹਾਂ ਕਾਲ ਦਾ ਸਿੱਖ ਬਣਾਇਆ ਅਤੇ ਦਾਰੂ ਅਤੇ ਭੰਗ ਪਿਲਾਈ ।

*ਕਬਿਯੋ ਬਾਚ ॥ ਤਬ ਦਿਜ ਮਹਾਂ ਕਾਲ ਕੋ ਧ੍ਯਾਯੋ ॥ ਸਰਿਤਾ ਮਹਿ ਪਾਹਨਨ ਬਹਾਯੋ ॥*
*ਦੂਜੇ ਕਾਨ ਨ ਕਿਨਹੂੰ ਜਾਨਾ ॥ ਕਹਾ ਮਿੱਸ੍ਰ ਪਰ ਹਾਲ ਬਿਹਾਨਾ ॥੧੨੪॥*
*ਦੋਹਰਾ ॥ ਇਹ ਛਲ ਸੌ ਮਿਸਰਹਿ ਛਲਾ ਪਾਹਨ ਦਏ ਬਹਾਇ ॥*
*ਮਹਾਂਕਾਲ ਕੋ ਸਿੱਖ੍ਯ ਕਰ ਮਦਰਾ ਭਾਂਗ ਪਿਵਾਇ ॥੧੨੫॥* **(ਦੋਇ ਸੌ ਛਿਆਸਠਿ ਚਰਿਤ੍ਰ ਪੰਨਾ ੧੨੧੦)**

ਨੋਟ :- ਇਸ ਕਾਵਿ ਰਚਨਾਂ ਚ ਦਿਜ (ਬ੍ਰਾਹਮਣ) ਅਤੇ ਰਾਜੇ ਦੀ ਧੀ ਦੇ ਪ੍ਰਸਪਰ ਵਿਚਾਰਾਂ ਦੇ ਟਕਰਾਓ ਨੂੰ ਕਵੀ ਨੇ ਬੜੀ ਖੂਬੀ ਨਾਲ ਪ੍ਰਗਟ ਕੀਤਾ ਹੈ । ਰਾਜੇ ਦੀ ਧੀ ਮਹਾਂਕਾਲ ਦੀ ਪੂਜਾਰਨ ਹੈ ਜਦਕਿ ਦਿਜ ਸਿਵਲਿੰਗ ਦਾ । ਜਦ ਬ੍ਰਾਹਮਣ ਦਲੀਲ ਨਾਲ ਨਾ ਮੰਨਿਆਂ ਤਾਂ ਕੁੜੀ ਨੇ ਉਸ ਦਾ ਸ਼ਿਵਲਿੰਗ ਖੋਹ ਕੇ ਉਸ ਦੇ ਮੂੰਹ ਤੇ ਦੇ ਮਾਰਿਆ ਤੇ ਦੰਦ ਭੰਨ ਦਿੱਤੇ ਇਸ ਕਾਵਿ ਰਚਨਾ ਚ ਸੱਤ ਬਾਰ ਬ੍ਰਾਹਮਣ ਨੇ ਅਪਣੇ ਇਸ਼ਟ ਪ੍ਰਤੀ ਅਪਣੀ ਸ਼ਰਧਾ ਜਿਤਲਾਈ ਅਤੇ ਸੱਤ ਬਾਰ ਹੀ ਕੁੜੀ ਨੇ ਉਸ ਨੂੰ ਠੋਕਵੇਂ ਜਵਾਬ ਦੇ ਕੇ ਸ਼ਰਮੋਸ਼ਾਰ ਕੀਤਾ। ਫਿਰ ਅਖੀਰ ਚ ਕਵੀ ਨੇ ਅਪਣੇ ਵਿਚਾਰ ਪ੍ਰਗਟ ਕੀਤੇ। ਓਪਰੀ ਨਜ਼ਰੇ ਪੜ੍ਹਿਆਂ ਇਹ ਭੁਲੇਖਾ ਉਨ੍ਹਾਂ ਪੁਰਖਾਂ ਨੂੰ ਲੱਗ ਜਾਂਦਾ ਹੈ ਕਿ ਇਹ ਸ਼ਾਇਦ ਗੁਰੂ ਜੀ ਦੇ ਵਿਚਾਰ ਹਨ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਨਾ ਕਦੇ ਪੜ੍ਹਿਆ ਤੇ ਨਾ ਹੀ ਘੋਖਿਆ ਹੈ। ਸੋਧਕ ਕਮੇਟੀ ਨੇ ਗੁਰ ਸਿੱਖਾਂ ਦਾ ਮੌਜੂ ਬਣਾਣ ਹਿੱਤ ਮਹਾਂਕਾਲ ਦੇ ਅਰਥ ਪ੍ਰਮਾਤਮਾ ਕੀਤੇ ਹਨ ਜੋ ਹਰ ਪੱਖੋਂ ਹੀ ਨਿੰਦਣਯੋਗ ਹੈ। ਜਿਵੇਂ ਬਾਕੀ ਦੇਵਤੇ ਤੇ ਦੈਂਤ ਹਨ ਉਵੇਂ ਹੀ ਉਨ੍ਹਾਂ ਚ ਇਕ ਮਹਾਂਕਾਲ ਹੈ । ਮਹਾਂਕਾਲ ਦੇ ਪੁਜਾਰੀ (ਜਿਵੇਂ ਇਸ ਕਾਵਿ ਰਚਨਾਂ ਤੋਂ ਵੀ ਪ੍ਰਗਟ ਹੁੰਦਾ ਹੈ) ਭਾਰੀ ਨਸ਼ੇ ਕਰਦੇ ਹਨ-ਉਹ ਸ਼ਰਾਬ ਭਾਂਗ ਦਾ ਖੂਬ ਇਸਤੇਮਾਲ ਕਰਦੇ ਹਨ । ਉਹ ਮੂਰਤੀ ਦੀ ਪੂਜਾ ਨਹੀਂ ਕਰਦੇ ਜਿਵੇਂ ਇਸ ਕਾਵਿ ਰਚਨਾਂ ਚ ਆਪ ਜੀ ਪੜ੍ਹ ਚੁੱਕੇ ਹੋ। ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਜਿਤਲਾਉਣ ਦੀ ਕਮੀਣੀ ਹਰਕਤ ਕੀਤੀ ਗਈ ਹੈ ਕਿ ਗੁਰੂ ਜੀ ਹੀ ਇਸ ਦੇ ਲੇਖਕ ਹਨ । ਜੇਕਰ

ਗੁਰੂ ਜੀ ਇਸ ਦੇ ਲੇਖਕ ਹੁੰਦੇ ਤਾਂ ਉਨ੍ਹਾਂ ਨੇ ਕੁੜੀ ਅਤੇ ਬ੍ਰਾਹਮਣ ਚ ਵਾਰਤਾਲਾਪ ਨਹੀਂ ਸੀ ਕਰਵਾਉਣੀ । ਉਨ੍ਹਾਂ ਨੇ ਬਾਰਾਂ ਪੰਨਿਆ ਦੀ ਲੰਮੀ ਚੌੜੀ ਬਹਿਸ ਚ ਨਹੀਂ ਸੀ ਪੈਣਾ-ਗੁਰੂ ਜੀ ਨੇ ਬਾਕੀ ਗੁਰੂਆਂ ਦੀ ਤਰ੍ਹਾਂ ਸਪੱਸ਼ਟ ਆਖ ਦੇਣਾ ਸੀ ਕਿ ਪੱਥਰ ਪੂਜਾ ਸਾਡਾ ਮੱਤ ਨਹੀਂ ਅਸੀਂ ਤਾਂ ਰੱਬ ਦੇ ਪੁਜਾਰੀ ਹਾਂ। ਇਥੇ ਰੱਬ ਦੀ ਤਾਂ ਗੱਲ ਈ ਕੋਈ ਨੀ ਕੀਤੀ।ਅਪਣੇ ਅਪਣੇ ਇਸ਼ਟ ਦੀ ਪੂਜਾ ਲਈ ਇਕ ਦੂਜੇ ਨੂੰ ਮਨਵਾਉਣ ਦੀ ਕੋਸ਼ਿਸ ਕੀਤੀ ਹੈ ਤੇ ਜ਼ੋਰ ਜਬਰਦਸਤੀ ਵੀ । ਜੇਕਰ ਦਸਮ ਗ੍ਰੰਥ ਦਾ ਥੋੜੇ ਠਰੰਮੇ ਨਾਲ ਅਧਿਐਨ ਕਰੀਏ ਤਾਂ ਇਸ ਕਾਵਿ ਰਚਨਾ ਦਾ ਓਹੋ ਹੀ ਲਿਖਾਰੀ ਹੈ ਜਿਸ ਨੇ ਕਬਿਯੋ ਬਾਚ ॥ ਬੇਨਤੀ ਚੌਪਈ ॥ ਲਿਖੀ ਹੈ । ਮੈਂ ਇਸ ਕਾਵਿ ਰਚਨਾਂ ਦੇ ਪੂਰੇ ਦੇ ਪੂਰੇ ਅਤੇ ਪੂਰੀ ਇਮਾਨਦਾਰੀ ਨਾਲ ਬਿਨਾਂ ਸ਼ਬਦਾਂ ਦੇ ਹੇਰਫੇਰ ਦੇ ਸਪੱਸ਼ਟ ਅਰਥ ਕਰਨ ਦੀ ਕੋਸ਼ਿਸ ਕੀਤੀ ਹੈ । ਮੈਂ ਨਾ ਤਾਂ ਵਿਦਵਾਨ ਹਾਂ ਤੇ ਨਾ ਹੀ ਬੁੱਧੀਜੀਵੀ-ਪੜ੍ਹਿਆ ਵੀ ਮੈਂ ਪਿੰਡ ਦੇ ਸਕੂਲ ਚ ਹਾਂ ਹੋ ਸਕਦਾ ਹੈ ਮੇਰੇ ਦੁਆਰਾ ਵਰਤੀ ਵਧੇਰੇ ਪੇਂਡੂ ਬੋਲੀ ਕਿਸੇ ਦੇ ਮਨ ਨੂੰ ਪੀੜ ਦੇਵੇ । ਬਸ ਇਕ ਪੇਂਡੂ ਵੀਰ ਜਾਣ ਕੇ ਮੇਰੀ ਖ਼ਰਵੀ ਬੋਲੀ ਤੇ ਮੈਨੂੰ ਮੁਆਫ਼ ਕਰ ਦੇਣਾ ਪਰ ਇਹ ਮਨ ਚ ਦ੍ਰਿੜ ਕਰ ਲੈਣਾ ਕੇ ਗੁਰੂ ਜੀ ਨੇ ਦਸਮ ਗ੍ਰੰਥ ਨਹੀਂ ਲਿਖਿਆ ।

ਪਾਤਰ : ਰੂਪ ਸੈਨ (ਨ੍ਰਿਪਤਿ), ਸਕਲ ਮਤੀ (ਦਾਰਾ) ਤੇ ਤੁਰਕਨੀ (ਦੋਇ ਸੌ ਸਤਸਠਿ ਚਰਿਤ੍ਰ ਪੰਨਾ ੧੨੧੦-੧੨੧੨)

**ਪਤੀ ਦਾ ਕਤਲ ਕਰਨਾ ਸਿਖੋ** : ਬੜੇ ਤੇਜਮਾਨ ਅਤੇ ਬਲਵਾਨ ਨ੍ਰਿਪਤਿ ਰੂਪ ਸੈਨ ਦੀ ਔਰਤ ਸਕਲ ਮਤੀ ਬੜੀ ਸੋਹਣੀ ਸੀ । ਉਥੇ ਇਕ ਬੜੀ ਹੀ ਖੂਬਸੂਰਤ ਤੁਰਕਣੀ ਰਹਿੰਦੀ ਮਾਨੋ ਕਾਮ ਦੀ ਦੇਵੀ ਹੋਏ । ਜਦ ਓਹਨੇ ਰਾਜੇ ਨੂੰ ਤੱਕਿਆ ਤਾਂ ਦੀਵਾਨੀ ਹੋ ਗਈ । ਉਸ ਨੇ ਸਹੇਲੀ ਭੇਜ ਕੇ ਅਪਣੇ ਮਨ ਦੀ ਪੀੜ੍ਹ ਰਾਜੇ ਨੂੰ ਦੱਸੀ ਤੇ ਰਾਜੇ ਨੇ ਮੋੜਵਾਂ ਜੁਵਾਬ ਦਿੱਤਾ ਕਿ ਜੇਕਰ ਤੂੰ ਅਪਣੇ ਕਾਜੀ ਪਤੀ ਨੂੰ ਮਾਰ ਦੇਵੇਂ ਤਾਂ ਮੈਂ ਤੇਰੇ ਨਾਲ ਹਮਬਿਸਤ੍ਰ ਹੋ ਸਕਦਾ ਹਾਂ । ਜਦ ਰਾਤ ਨੂੰ ਕਾਜੀ ਆਇਆ ਤਾਂ ਕ੍ਰਿਪਾਨ ਕੱਢ ਕੇ ਉਸ ਨੂੰ ਮਾਰਤਾ-ਓਹਦਾ ਸਿਰ ਕੱਟ ਕੇ ਰਾਜੇ ਅੱਗੇ ਜਦ ਹਾਜਿਰ ਕੀਤਾ ਤਾਂ ਕਹਿੰਦੀ ਹੁਣ ਤੂੰ ਅਪਣਾ ਕੌਲ ਪੂਰਾ ਕਰ । ਰਾਜਾ ਡਰਿਆ ਕਿ ਜਿਸ ਨੇ ਭੋਗ ਦੀ ਖਾਤਰ ਅਪਣਾ ਪਤੀ ਮਾਰਤਾ ਓਹੋ ਜਿਹੀ ਨਿਕੰਮੀ ਔਰਤ ਨੀ ਦੇਖਣੀ-ਉਸ ਨੇ ਔਰਤ ਨੂੰ ਫਿਟਕਾਰ ਪਾਈ-ਓਹ ਗੁੱਸਾ ਖਾ ਕੇ ਘਰ ਗਈ ਤੇ ਰੌਲਾ ਪੌਣ ਲੱਗੀ ਕਿ ਮੇਰਾ ਪਤੀ ਕਿਸੇ ਮਾਰਤਾ । ਲੋਕ ਇਕੱਠੇ ਹੋਏ ਤੇ ਖੁਰਾ ਖੋਜਣ ਲੱਗੇ । ਖੂਨ ਦੀ ਧਾਰ ਦੇ ਮਗਰ ਚਲਦੇ ਰਾਜੇ ਦੇ ਬੂਹੇ ਤੱਕ ਜਾ ਪਹੁੰਚੇ ਤੇ ਲੋਕਾਂ ਸੋਚਿਆ ਕਿ ਕਾਜੀ ਦਾ ਕਤਲ ਇਸੇ ਨੇ ਕੀਤਾ ਹੈ । ਉਨ੍ਹਾਂ ਰਾਜੇ ਨੂੰ ਬੰਨ੍ਹ ਕੇ ਜਹਾਂਗੀਰ ਦੇ ਅੱਗੇ ਪੇਸ਼ ਕੀਤਾ ਤੇ ਸਭ ਬ੍ਰਿਤਾਂਤ ਦੱਸਿਆ । ਜਦ ਓਹਨੂੰ ਮਾਰਨ ਲਈ ਲੈ ਚੱਲੇ ਤਾਂ ਕਹਿੰਦੀ ਮੈਂ ਇਹਨੂੰ ਮੁਆਫ ਕੀਤਾ-ਏਹਦਾ ਖੂਨ ਮੁਆਫ ਕੀਤਾ ਜਾਏ ਮਿਤ੍ਰ ਨੂੰ ਛੁਡਾ ਕੇ ਕਹਿੰਦੀ ਮੈਂ ਹੁਣ ਮੱਕੇ ਦੀ ਸੈਰ ਕਰਨ ਚਲੀ ਜੇ ਮਰ ਗਈ ਤਾਂ ਗਈ ਸਮਝਣਾ ਜੇ ਬਚ ਗਈ ਤਾਂ ਫੇਰ ਮਿਲੂੰ ਇਹ ਕਹਿ ਕੇ ਮਿਤ੍ਰ ਦੇ ਘਰ ਦਾ ਰਾਹ ਲਿਆ ਰਾਜਾ ਓਹਨੂੰ ਦੇਖ ਕੇ ਡਰਿਆ ਤੇ ਉਸ ਨਾਲ ਭੋਗ ਕੀਤਾ । ਕਵੀ ਕਹਿੰਦਾ :-

*ਇਹ ਛਲ ਸਾਥ ਕਾਜਿਯਹਿ ਮਾਰਾ ॥ ਬਹੁਰਿ ਮਿੱਤ੍ਰ ਕਹ ਚਰਿਤ ਦਿਖਾਰਾ ॥*
*ਇਨ ਕੀ ਅਗਮ ਅਗਾਧਿ ਕਹਾਨੀ ॥ ਦਾਨਵ ਦੇਵ ਨ ਕਿਨਹੂੰ ਜਾਨੀ ॥੨੨॥*

(ਦੋਇ ਸੌ ਸਤਸਠਿ ਚਰਿਤ੍ਰ ਪੰਨਾ ੧੨੧੨)

ਨੋਟ :- ਇਹ ਕਾਵਿ ਰਚਨਾਂ ਹਰ ਧੀ ਭੈਣ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਾਮ ਦੀ ਤ੍ਰਿਪਤੀ ਲਈ ਅਪਣੇ ਪਤੀ ਦਾ ਕਤਲ ਕਰ ਕੇ ਪਰਾਏ ਮਰਦ ਨਾਲ ਸੇਜ ਸਾਂਝ ਕਰੋ । ਕੀ ਮੇਰੀਆਂ ਧੀਆਂ ਭੈਣਾਂ ਪੁਜਾਰੀਆਂ ਤੋਂ ਅਜਿਹੇ ਗੰਦ ਮੰਦ ਲਿਖੇ ਜਾਣ ਦਾ ਸਪੱਸਟੀਕਰਣ ਲੈਣਗੀਆਂ । ਇਸ ਗੰਦੇ ਗ੍ਰੰਥ ਦੇ ਵੱਡੀਆਂ ਰਕਮਾ ਲੈ ਕੇ ਅਖੰਡ ਪਾਠ ਤੇ ਸਹਿਜ ਪਾਠ ਕੀਤੇ ਜਾਂਦੇ ਹਨ । ਪਾਠ ਕਰਨ ਤੋਂ ਬਾਦ ਪੁਜਾਰੀਆਂ ਦੇ ਬਸਤ੍ਰਾਂ ਦੀ ਹਾਲਤ ਦੇਖਣ ਯੋਗ ਹੁੰਦੀ ਹੈ ਤੇ ਚਾਦਰ ਗਿੱਲੀ । ਖ਼ਬਰਦਾਰ-ਜਾਗਦੇ ਰਹਿਓ !

ਨਗਰ : ਚੰਪਾਵਤੀ (ਦੋਇ ਸੌ ਅਠਸਠ ਚਰਿਤ੍ਰ ਪੰਨਾ ੧੨੧੨-੧੨੧੩)

## ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ

ਪਾਤਰ : ਚੰਪਤ ਰਾਇ (ਨ੍ਰਿਪਤਿ), ਚੰਪਾਵਤੀ (ਦਾਰਾ) ਤੇ ਚੰਪਕਲਾ (ਦੁਹਿਤਾ) : ਚੰਪਾਵਤੀ ਨਗਰ ਦੇ ਨ੍ਰਿਪ ਚੰਪਤ ਰਾਇ ਦੀ ਔਰਤ ਚੰਪਾਵਤੀ ਨੇ ਇਕ ਖੂਬਸੂਰਤ ਕੁੜੀ ਨੂੰ ਜਨਮ ਦਿੱਤਾ। ਬਾਲਪਨ ਬੀਤਿਆ-ਜਵਾਨੀ ਆਈ-ਓਹਦੇ ਤਨ ਦਾ ਹਰ ਅੰਗ ਕਾਮ ਲਈ ਪੁਕਾਰਦਾ ਉਹ ਅਪਣੀਆਂ ਸਹੇਲੀਆਂ ਨਾਲ ਇਕ ਸੁੰਦਰ ਬਾਗ ਚ ਗਈ ਜਿੱਥੇ ਉਸ ਨੇ ਇਕ ਸ਼ਾਹ ਨੂੰ ਦੇਖਿਆ ਤੇ ਅਪਣੀ ਸੁੱਧ ਬੁੱਧ ਖੋ ਬੈਠੀ ਤੇ ਇਕ ਸਹੇਲੀ ਨੇ ਰਮਜ ਪਹਿਚਾਣ ਕੇ ਰੋ ਰੋ ਕੇ ਤੇ ਧਰਤੀ ਨਾਲ ਸਿਰ ਮਾਰ ਮਾਰ ਕੇ ਕਹਿਣਾ ਸੁਰੂ ਕੀਤਾ ਕਿ ਰਾਜ ਕੁਅਰਿ ਚੰਪਕਲਾ ਨੂੰ ਰਾਛਸ ਚੁੱਕ ਕੇ ਲੈ ਗਿਆ ਹੈ। ਕਹਿੰਦੀ ਓਹਨੂੰ ਲੈ ਕੇ ਓਹ ਅਕਾਸ ਨੂੰ ਉੱਡ ਗਿਆ ਹੈ, ਕਈ ਦਿਨਾਂ ਬਾਦ ਜਦ ਪੈਸਾ ਧੇਲਾ ਖਤਮ ਹੋ ਗਿਆ ਅਨੇਕਾਂ ਥਾਈਂ ਭਟਕਣ ਬਾਦ ਮਿਤ੍ਰ ਨੂੰ ਤਿਆਗ ਦਿੱਤਾ ਤੇ ਅੱਧੀ ਰਾਤ ਨੂੰ ਘਰ ਪਰਤ ਆਈ ਤੇ ਕਹਿੰਦੀ ਮੈਨੂੰ ਦੈਂਤ ਤੋਂ ਦੇਵਤਿਆਂ ਨੇ ਛੁਡਾਇਆ ਹੈ।

ਨੋਟ :- ਇਹ ਉਤਮ ਸਿੱਖਿਆ ਦਸਮ ਗ੍ਰੰਥ ਦੀ ਧੀਆਂ ਭੈਣਾਂ ਲਈ ਉਚੇਚੇ ਤੌਰ ਤੇ ਸਾਡੇ ਪੁਜਾਰੀਆਂ-ਧਰਮ ਦੇ ਠੇਕੇਦਾਰਾਂ-ਸਾਧਾਂ ਸੰਤਾਂ ਨੇ ਬੜੀ ਖੋਜ ਤੋਂ ਬਾਦ ਇਸ ਪੁਸਤਕ ਚ ਦਰਜ ਕੀਤੀ ਹੈ । ਉਨ੍ਹਾਂ ਦਾ ਧੰਨਵਾਦ ਕਰਨਾ ਨਾ ਭੁੱਲਿਓ ਕਿਉਂਕਿ ਸਿੱਖੀ ਭੇਖ ਧਾਰਣ ਕੀਤੇ ਪੁਜਾਰੀ ਧੀਆਂ ਭੈਣਾਂ ਨੂੰ ਅਜਿਹੀਆਂ ਸਿੱਖਿਆਵਾਂ ਰਾਹੀਂ ਵਰਗਲਾ ਕੇ ਅਪਣੀ ਕਾਮ ਦੀ ਖੁਮਾਰੀ ਨੂੰ ਹੋਰ ਗੂੜ੍ਹਾ, ਕਰਨਾ ਚਾਹੁੰਦੇ ਹਨ । ਅਸੀਂ ਬੇਸ਼ਰਮ ਤੇ ਢੀਠ ਹੋ ਕੇ ਉਨ੍ਹਾਂ ਦਾ ਸਾਥ ਦੇ ਰਹੇ ਹਾਂ । ਹੁਣ ਜਾਗਣ ਦਾ ਸਮਾਂ ਹੈ ਸੌਣ ਦਾ ਨਹੀਂ । ਬਿਨਾਂ ਕਿਸੇ ਦੇਰੀ ਦੇ ਅਪਣੇ ਫਰਜ਼ ਦੀ ਪਹਿਚਾਣ ਕਰੋ ਅਤੇ ਇਸ ਗੰਦੇ ਗ੍ਰੰਥ ਨੂੰ ਗੁਰਦੁਆਰਿਆਂ ਤੋਂ ਬਾਹਰ ਵਗਾਹ ਮਾਰੋ । ਇਹ ਸਿੱਖ ਧਰਮ ਲਈ ਪੱਤਣ ਦਾ ਕਾਰਣ ਬਣੇਗਾ ਅਤੇ ਉਸ ਲਈ ਅਸੀਂ ਜੁੰਮੇਵਾਰ ਹੋਵਾਂਗੇ।ਕੀ ਤੁਸੀਂ ਸਿੱਖੀ ਦਾ ਖਾਤਮਾ ਅਪਣੀਆਂ ਹੀ ਅੱਖਾਂ ਸਾਮ੍ਹਣੇ ਹੁੰਦਾ ਵੇਖਣਾ ਚਾਹੁੰਦੇ ਹੋ?ਜੇ ਨਹੀਂ ਤਾਂ ਫਿਰ ਆਓ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਮੋਢੇ ਨਾਲ ਮੋਢਾ ਜੋੜ ਕੇ ਡੱਟ ਜਾਈਏ। ਬਾ ਹੋਸਿਯਾਰ-ਖ਼ਬਰਦਾਰ । ਜਾਗਦੇ ਰਹਿਓ !

ਇਲਾਕਾ : ਗੂਆ ਬੰਦਰ (ਦੋਇ ਸੌ ਉਨਹਤਰਿ ਚਰਿਤ੍ਰ ਪੰਨਾ ੧੨੧੩-੧੪)

## ਘਰੋਂ ਪੈਸੇ ਚੋਰੀ ਕਰ ਕੇ ਮਿਤ੍ਰ ਨਾਲ ਭੱਜ ਜਾਓ

ਪਾਤਰ : ਮੀਨਕੇਤ (ਰਾਜਾ), ਮਿੱਤ੍ਰਮਤੀ (ਅਰਧੰਗਾ), ਤੇ ਸ੍ਰੀ ਝਕਕੇਤ ਮਤੀ (ਦੁਹਿਤਾ) : ਗੂਆ ਬੰਦਰ ਦੇ ਰਾਜਾ ਮੀਨ ਦੀ ਖੂਬਸੂਰਤ ਔਰਤ ਮਿੱਤ੍ਰਮਤੀ ਨੇ ਅੰਤਾਂ ਦੀ ਸੋਹਣੀ ਕੁੜੀ ਨੂੰ ਜਨਮ ਦਿੱਤਾ । ਇਕ ਦਿਨ ਸਵੇਰ ਵੇਲੇ ਰਾਜੇ ਨੇ ਊਚ ਨੀਚ ਸਭਨਾਂ ਦੀ ਇਕ ਸਭਾ ਬੁਲਾਈ ਜਿਸ ਵਿੱਚ ਇਕ ਸ਼ਾਹ ਦਾ ਪੁੱਤ ਵੀ ਆਇਆ । ਰਾਜ ਕੁਅਰਿ ਓਹਨੂੰ ਦੇਖ ਕੇ ਚੱਕ੍ਰਿਤ ਹੋ ਗਈ।ਅਪਣੀ ਸਹੇਲੀ ਭੇਜ ਕੇ ਬੁਲਾਇਆ-ਓਹਨੂੰ ਪਾ ਕੇ ਬਹੁਤ ਖੁਸ਼ ਹੋਈ ਤੇ ਤਨ ਦੇ ਮਿਲਾਪ ਨੇ ਸਾਰੇ ਦੁੱਖ ਦੂਰ ਕਰ ਦਿੱਤੇ ।

*ਦੋਹਰਾ ॥ ਅਤਿ ਪ੍ਰਸੰਨਯ ਚਿਤ ਮਹਿ ਭਈ ਮਨ ਭਾਵਨ ਕਹ ਪਾਇ ॥*
*ਸਹਚਰਿ ਕੋ ਜੁ ਦਰਿਦ੍ਰ ਥੋ ਤਤ ਛਿਨ ਦਿਯਾ ਮਿਟਾਇ ॥੬॥* (ਦੋਇ ਸੌ ਉਨਹਤਰਿ ਚਰਿਤ੍ਰ ਪੰਨਾ ੧੨੧੩)

ਜਦ ਮੁਟਿਆਰ ਜੁਆਨ ਨੂੰ ਮਿਲੀ ਤਾਂ ਉਸ ਨੇ ਭਾਂਤਿ ਭਾਂਤਿ ਨਾਲ ਅਪਣੇ ਗਲੇ ਲਗਾਇਆ ਅਤੇ ਸਾਰੀ ਰਾਤ ਭੋਗ ਕਰਦੇ ਰਹੇ ਓਹ ਚਾਰ ਪਹਿਰ ਰਾਤ ਨੂੰ ਚਾਰ ਪਲ ਹੀ ਬੀਤੇ ਸਮਝਣ ਲੱਗੇ । ਪਿਛਲੇ ਪਹਿਰ ਰਾਤ ਦੇ ਰਾਜ ਕੁਮਾਰੀ ਕਹਿੰਦੀ ਕਿ ਆ ਅੱਪਾਂ ਦੋਨੋਂ ਭੱਜ ਚੱਲੀਏ ਤੇ ਕਿਸੇ ਹੋਰ ਦੇਸ ਵਸ ਜਾਈਏ :-

*ਚੌਪਈ ॥ ਜਬ ਹੀ ਤਰੁਨਿ ਤਰੁਨ ਕੋ ਪਾਯੋ ॥ ਭਾਂਤਿ ਭਾਂਤਿ ਤਿਨ ਗਰੇ ਲਗਾਯੋ ॥*
*ਰੈਨਿ ਸਗਰਿ ਰਤਿ ਕਰਤ ਬਿਹਾਨੀ ॥ ਚਾਰਿ ਪਹਰ ਪਲ ਚਾਰ ਪਛਾਨੀ ॥੭॥*
*ਪਿਛਲੀ ਪਹਰ ਰਾਤ੍ਰਿ ਜਬ ਰਹੀ ॥ ਰਾਜ ਕੁਅਰਿ ਐਸੇ ਤਿਹ ਕਹੀ ॥*
*ਹਮ ਤੁਮ ਆਵ ਨਿਕਸਿ ਦੋਊ ਜਾਵੈਂ ॥ ਔਰ ਦੇਸ ਦੋਊ ਕਹੂੰ ਸੁਹਾਵੈਂ ॥੮॥*

(ਦੋਇ ਸੌ ਉਨਹਤਰਿ ਚਰਿਤ੍ਰ ਪੰਨਾ ੧੨੧੩)

ਅੱਪਾਂ ਨੂੰ ਧਨ ਦੀ ਕੋਈ ਕਮੀ ਨੀ ਮੈਂ ਤੇਰੀ ਸੁਖ ਮੰਗਦੀ ਹਾਂ । ਦੋਨਾਂ ਨੇ ਬਹੁਤਾ ਧਨ ਚੁਰਾਇਆ ਤੇ ਦੂਜੇ ਦੇਸ ਭੱਜ ਗਏ।ਇਕ ਸਹੇਲੀ ਨੇ ਘਰ ਨੂੰ ਅੱਗ ਲਗਾ ਕੇ ਰੋਣਾ ਪਿੱਟਣਾ ਸੁਰੂ ਕਰਤਾ ਬਈ ਰਾਜ ਕੁਮਾਰੀ ਅੱਗ ਚ ਸੜ ਮਰੀ।

ਨੋਟ :- ਇਕ ਹੋਰ ਅਸਰਦਾਇਕ ਸਿੱਖਿਆ ਧੀਆਂ ਭੈਣਾਂ ਲਈ ਕਿ ਮਿਤ੍ਰ ਨਾਲ ਰੰਗ ਰਲੀਆਂ ਮਨਾਓ ਤੇ ਘਰੋਂ ਪੈਸੇ ਚੋਰੀ ਕਰਕੇ ਮਿੱਤ੍ਰ ਨਾਲ ਭੱਜ ਜਾਓ । ਇਸ ਤੋਂ ਵੱਧ ਸਾਡੇ ਪੁਜਾਰੀ ਸਿੱਖ ਸਮਾਜ ਨੂੰ ਹੋਰ ਕੀ ਦੇ ਸਕਦੇ ਹਨ । ਉਹ ਜਾਣਦੇ ਹਨ ਕਿ ਜੇਕਰ ਧੀ ਭੈਣ ਘਰੋਂ ਖਾਲੀ ਤੁਰੇਗੀ ਤਾਂ ਭੁੱਖੀ ਮਰੇਗੀ ਇਸੇ ਲਈ ਉਨ੍ਹਾਂ ਘਰੋਂ ਚੋਰੀ ਕਰਨ ਦੀ ਨੇਕ ਸਲਾਹ ਦਿੱਤੀ ਹੈ । ਪੁਜਾਰੀ ਤੇ ਸੰਤ ਸਾਧ ਕਹਿੰਦੇ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹਨ । ਇਸ ਦਾ ਫੇਸਲਾ ਤਾਂ ਆਪ ਜਿਹੇ ਸੁਘੜ ਪਾਠਕਾਂ ਤੇ ਗੁਰਸਿੱਖਾਂ ਨੇ ਕਰਨਾ ਹੈ । ਪੁਜਾਰੀ ਤੇ ਸਾਧ ਸੰਤ ਹਰ ਜੁਗ ਚ ਝੂਠ ਹੀ ਬੋਲਦੇ ਆਏ ਹਨ । ਭਗਤ ਜਨ ਵੀ ਕੂਕ ਕੂਕ ਕੇ ਆਖਦੇ ਹਨ ਕਿ ਹੇ ਪੁਜਾਰੀ ਸੱਚ ਕਹੁ ਝੂਠ ਨਾ ਬੋਲ । ਓਹ ਸੱਚ ਤਦੇ ਬੋਲਣਗੇ ਜੇਕਰ ਆਪ ਜੀ ਜਾਗਦੇ ਰਹੋਗੇ ।

ਇਲਾਕਾ : ਮੋਰੰਗ (ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੪-੧੫)

ਪਾਤਰ : ਪੂਰਬ ਸੈਨ (ਨ੍ਰਿਪਤਿ) ਤੇ ਪੂਰਬ ਦੇ (ਨਾਰਿ)

## ਮਿਤ੍ਰ ਨੂੰ ਨਿਪੁੰਸਕ ਦੱਸ ਕੇ ਭੋਗ ਕਰੋ :

ਪੂਰਬ ਸੈਨ ਮੋਰੰਗ ਦੇ ਰਾਜੇ ਦੀ ਨਾਰਿ ਪੂਰਬ ਦੇ ਇਕ ਸੋਹਣੇ ਸਨੁੱਖੇ ਸ਼ਾਹ ਦੇ ਪੁੱਤ ਨੂੰ ਦੇਖ ਕੇ ਦੀਵਾਨੀ ਹੋ ਗਈ । ਇਕ ਦਿਨ ਉਸ ਨੂੰ ਸੱਦ ਕੇ ਉਸ ਨਾਲ ਭੋਗ ਕੀਤਾ :-

*ਏਕ ਦਿਵਸ ਤਿਹ ਬੋਲਿ ਪਠਾਯੋ ॥ ਕਾਮ ਕੇਲ ਰੁਚਿ ਮਾਨਿ ਕਮਾਯੋ ॥*

*ਦੁਹੂੰਅਨ ਐਸੋ ਬਧਾ ਸਨੇਹਾ ॥ ਜਿਨਕੋ ਭਾਖਿ ਨ ਆਵਤ ਨੇਹਾ ॥੫॥*(ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੪)

ਸ਼ਾਹ ਦੇ ਪੁੱਤ ਨੇ ਅਪਣਾ ਆਪ ਭੁਲਾ ਕੇ ਔਰਤ ਨਾਲ ਰਹਿਣਾ ਸੁਰੂ ਕਰ ਦਿੱਤਾ ਅਤੇ ਪਿਓ ਨਾਲ ਝਗੜਾ ਕਰਕੇ ਘੋੜੇ ਤੇ ਸਵਾਰ ਹੋ ਪ੍ਰਦੇਸ ਲਈ ਚਲੇ ਗਿਆ। ਬਾਪ ਨੇ ਸੋਚਿਆ ਪੁੱਤ ਘਰ ਗਿਆ ਹੋਣੈ ਪਰ ਉਹ ਅੱਧੀ ਰਾਤ ਨੂੰ ਮੁੜ ਔਰਤ ਪਾਸ ਆ ਗਿਆ। ਜਦ ਔਰਤ ਦਾ ਖਸਮ ਉਠਿਆ ਤਾਂ ਕਹਿੰਦੀ ਕਿ ਮੈਂ ਇਕ ਸਨੁੱਖੇ ਨਿਪੁੰਸਕ ਨੂੰ ਲਿਆਂਦਾ ਹੈ :-

*ਚੌਪਈ ॥ ਤਹ ਤੇ ਸ਼ਾਹ ਜਬੈ ਉਠਿ ਗਯੋ ॥ ਤਬ ਰਾਨੀ ਅਸ ਚਰਿਤ ਬਨਯੋ ॥*

*ਤਾਹਿ ਨਿਪੁੰਸਕ ਕਰਿ ਠਹਰਾਯੋ ॥ ਰਾਜਾ ਸੌ ਇਸ ਭਾਂਤਿ ਜਤਾਯੋ ॥੮॥*

*ਮੈਂ ਇਕ ਮੋਲ ਨਿਪੁੰਸਕ ਆਨਾ ॥ ਜਾਕੋ ਰੂਪ ਨ ਜਾਤ ਬਖਾਨਾ ॥*

*ਤਾਂਤੇ ਅਪਨੇ ਕਾਜ ਕਰੈ ਹੌ ॥ ਮਨ ਭਾਵਤ ਕੇ ਭੋਗ ਕਮੈ ਹੌ ॥੯॥*(ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੪)

ਰਾਜਾ ਭੇਦ ਨਾ ਜਾਣ ਸਕਿਆ ਤੇ ਆਖਰ :-

*ਰਮਯੋ ਕਰਤ ਰਾਨੀ ਭਏ ਤਵਨ ਪੁਰਖ ਦਿਨ ਰੈਨਿ ॥*

*ਨ੍ਰਿਪਤਿ ਨਿਪੁੰਸਕ ਤਿਹ ਲਖੈ ਕਛੂ ਨ ਭਾਖੈ ਬੈਨ ॥੧੧॥* (ਦੋਇ ਸੌ ਸਤਰ ਚਰਿਤ੍ਰ ਪੰਨਾ ੧੨੧੫)

ਨੋਟ :- ਧੀਆਂ ਭੈਣਾਂ ਲਈ ਇਕ ਹੋਰ ਅਸਰਦਾਇਕ ਸਿੱਖਿਆ ਕਿ ਅਪਣੇ ਮਿਤ੍ਰ ਨੂੰ ਨਿਪੁੰਸਕ ਦੱਸ ਕੇ ਅਪਣੇ ਪਾਸ ਨੌਕਰ ਰੱਖੋ ਤੇ ਭੋਗ ਕਰੋ ਇਸ ਨੂੰ ਕਹਿੰਦੇ ਹਨ ਧਾਰਮਿਕ ਸਿੱਖਿਆ । ਇਹ ਸਿੱਖਿਆਵਾਂ ਸਾਡੇ ਧਰਮ ਦੀ ਸ੍ਵੈ ਬਣੀ ਸੋਧਕ ਕਮੇਟੀ ਨੇ ਛਾਪੇਖਾਨੇ ਦੀ ਮਿਲੀ ਭੁਗਤ ਅਤੇ ਪੁਜਾਰੀਆਂ ਅਥਵਾ ਸੰਤਾਂ ਸਾਧਾਂ ਦੀ ਅਪਾਰ ਕ੍ਰਿਪਾ-ਅਸ਼ੀਰਵਾਦ ਅਤੇ ਸਹਿਯੋਗ ਨਾਲ ਲਿਖੀਆਂ ਹਨ । ਸ਼ਾਈਦ ਸਿੱਖ ਧਰਮ ਦੇ ਸੱਚੇ ਸੁੱਚੇ ਆਚਰਣ ਨੂੰ ਨੀਵਾਂ ਦਿਖਾਣ ਲਈ । ਪੁਜਾਰੀਆਂ ਦਾ ਧੰਨਵਾਦ । ਪਰ ਆਪ ਜੀ ਜਾਗਦੇ ਰਹਿਓ !

ਦੇਸ : ਤੇਲੰਗਾ (ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫-੧੬)

## ਸੰਨਯਾਸੀ ਨੇ ਕੱਟਿਆ ਲਿੰਗ ਰਾਣੀ ਦੇ ਮੂੰਹ ਤੇ ਮਾਰਤਾ

ਪਾਤਰ : ਸਮਰ ਸੈਨ (ਸਰਦਾਰ), ਬਿਲਾਸ ਦੇਇ (ਰਾਨੀ) ਤੇ ਸੰਨਯਾਸੀ : ਤੇਲੰਗਾ ਦੇਸ ਦੇ ਸਰਦਾਰ ਸਮਰਸੈਨ ਦੀ ਔਰਤ ਬਿਲਾਸ ਦੇਇ ਮੱਦ੍ਰ ਦੇਸ ਦੇ ਸੁਨੱਖੇ ਸੰਨਯਾਸੀ ਨੂੰ ਦੇਖ ਕੇ ਡੁੱਲ੍ਹ ਗਈ ਤੇ ਫਿਰ :-

*ਰਾਨੀ ਕੀ ਤਾਹੂ ਸੌ ਲਾਗੀ ॥ ਛੂਟੈ ਕਹਾ ਅਨੋਖੀ ਜਾਗੀ ॥*

*ਇਕ ਦਿਨ ਤਿਹ ਸੌ ਭੋਗ ਕਮਾਯੋ ॥ ਭੋਗ ਕਿਯਾ ਤਿਮ ਦ੍ਰਿੜ ਤ੍ਰਿਯ ਭਾਯੋ ॥੩॥*

*ਬਹੁ ਦਿਨ ਭੋਗ ਤਵਨ ਸੰਗਿ ਕਿਯਾ ॥ ਔਸੁਪਦੇਸ਼ ਤਵਨ ਕਹ ਦਿਯਾ ॥*

*ਜੌ ਮੈਂ ਕਹੌ ਮਿਤ੍ਰ ਸੋ ਕੀਜਹੁ ॥ ਮੇਰੋ ਕਹਿਯੋ ਮਾਨਿ ਕਰਿ ਲੀਜਹੁ ॥੪॥*(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਕਹਿੰਦੀ ਜੇ ਤੂੰ ਕਿਸੇ ਮਰਦ ਮੁਰਦੇ ਤੂੰ ਤੱਕੇਂ ਤਾਂ ਉਸ ਦਾ ਲਿੰਗ ਕੱਟ ਲਿਆਵੀਂ ਤੇ ਅਪਣੀ ਲੰਗੋਟੀ (ਲੰਗੋਟਾ) ਚ ਸਾਂਭ ਕੇ ਰੱਖਣਾ ਕਿਸੇ ਨੂੰ ਇਸ ਦਾ ਭੇਦ ਨਾ ਲੱਗੇ :-

*ਕਹੂੰ ਜੁ ਮ੍ਰਿਤਕ ਪਰਯੋ ਲਖਿ ਪੈਯੋ ॥ ਤਾਕੋ ਕਾਟਿ ਲਿੰਗ ਲੈ ਐਯੌ ॥*

*ਤਾਹਿ ਕੁਪੀਨ ਬਿਖੈ ਦ੍ਰਿੜ ਰਖਿਯਹੁ ॥ ਭੇਦ ਦੂਸਰੇ ਨਰਹਿ ਨ ਭਖਿਯਹੁ ॥੫॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਜਦ ਮੈਂ ਤੈਨੂੰ ਉਲਾਂਭੇ ਦੇਵਾਂ ਤਾਂ ਤੂੰ ਮੇਰੇ ਤੇ ਗੁੱਸਾ ਖਾ ਕੇ ਉਠਣਾ ਤੇ ਅਪਣੀ ਕੁਪੀਨ ਤੋਂ ਲਿੰਗ ਕੱਢ ਕੇ ਮੇਰੇ ਮਾਰਨਾ ਜਿਸ ਨੂੰ ਊਚ ਨੀਚ ਤੇ ਰਾਜਾ ਤੱਕੇ :-

*ਅੜਿੱਲ ॥ ਜਬ ਮੈਂ ਦੈਹੋ ਤੁਮੈਂ ਉਰਾਂਭੇ ਲਾਇ ਕੈ ॥ ਤਬ ਤੁਮ ਹਮ ਪਰ ਉਠਿਯਹੁ ਅਧਿਕ ਰਿਸਾਇਕੈ ॥*

*ਕਾਢਿ ਕੁਪੀਨ ਤੇ ਹਮ ਪਰ ਲਿੰਗ ਚਲਾਇਯੋ ॥ ਹੋ ਊਚ ਨੀਚ ਰਾਜਾ ਕਹ ਚਰਿਤ ਦਿਖਾਇਯੋ ॥੬॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਜੋ ਔਰਤ ਨੇ ਕਿਹਾ ਮਿਤ੍ਰ ਓਹੀ ਕੀਤਾ । ਰਾਣੀ ਨੇ ਸਹੇਲੀ ਭੇਜ ਕੇ ਸੰਨਯਾਸੀ ਬੁਲਾਇਆ ਤੇ ਸਖੀ ਨੂੰ ਉਸ ਨਾਲ ਚਮੇੜ ਕੇ ਰਾਜੇ ਨੂੰ ਬੁਲਾ ਕੇ ਦਿਖਾ ਦਿੱਤਾ ਕਿ ਇਹ ਨੌਕਰਾਣੀ ਨਾਲ ਭੋਗ ਕਰਦਾ ਸੀ। ਇਹ ਸੁਣਦੇ ਹੀ ਸੰਨਯਾਸੀ ਨੇ (ਘੜੀ ਘੜਾਈ ਸਕੀਮ ਨਾਲ) ਹੱਥ ਚ ਛੁਰਾ ਪਕੜ ਕੇ ਕੱਪੜੇ ਚ ਲੁਕੋਇਆ ਲਿੰਗ ਰਾਣੀ ਦੇ ਮੂੰਹ ਤੇ ਦੇ ਮਾਰਿਆ :-

*ਯੌ ਸੁਨਿ ਬਚਨ ਤੇਜ ਮਨ ਤਯੋ ॥ ਕਰ ਮਹਿ ਕਾਢਿ ਛੁਰਾ ਕਹ ਲਯੋ ॥*

*ਕਟਯੋ ਲਿੰਗ ਬਸਤ੍ਰ ਤੇ ਨਿਕਾਰਾ ॥ ਰਾਜ ਤਰੁਨਿ ਕੇ ਮੁਖ ਪਰ ਮਾਰਾ ॥੯॥*(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਰਾਣੀ ਹਾਏ ਹਾਏ ਕਰਦੀ ਭੱਜੀ ਤੇ ਸੰਨਿਯਾਸੀ ਦੇ ਚਰਨੀ ਲੱਗ ਗਈ । ਤਦ ਰਾਜੇ ਕਹਿੰਦਾ ਕਿ ਰਾਣੀ ਨੇ ਓਦਾਂ ਈ ਕਹਿ ਦਿੱਤਾ ਜਿਸ ਤੋਂ ਸੰਨਯਾਸੀ ਨੇ ਅਪਣੀ ਇੰਦ੍ਰੀ ਕੱਟ ਦਿੱਤੀ । ਰਾਣੀ ਨੇ ਬੜਾ ਜੁਲਮ ਕੀਤਾ ਵਿਚਾਰੇ ਨਾਲ :-

*ਤਬ ਰਾਜੈ ਇਹ ਭਾਂਤਿ ਬਿਚਾਰੀ ॥ ਇੰਦ੍ਰੀ ਕਾਟਿ ਸੰਨਯਾਸੀ ਡਾਰੀ ॥*
*ਧ੍ਰਿਗ ਧ੍ਰਿਗ ਕੁਪਿ ਰਾਨਿਯਹਿ ਉਚਾਰਾ ॥ ਤੈਂ ਤ੍ਰਿਯਾ ਕਿਯਾ ਦੋਖ ਯਹ ਭਾਰਾ ॥੧੧॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੫)

ਰਾਜਾ ਕਹਿੰਦਾ ਹੁਣ ਤੂੰ ਇਹ ਨੂੰ ਅਪਣੇ ਘਰ ਰੱਖ ਤੇ ਸਭ ਔਰਤਾਂ ਮਿਲ ਕੇ ਇਹ ਦੀ ਸੇਵਾ ਕਰੋ। ਇਸ ਨੂੰ ਕਿਤੇ ਨੀ ਜਾਣ ਦੇਣਾ-ਜਦ ਤੱਕ ਜਿੰਦਾ ਹੈ ਇਸ ਜਤੀ ਦੀ ਪੂਜਾ ਕਰੋ । ਰਾਣੀ ਨੇ ਰਾਜੇ ਦੇ ਬਚਨ ਮੰਨੇ ਤੇ ਫਿਰ :-

*ਰਾਨੀ ਬਚਨ ਨ੍ਰਿਪਤਿ ਕੋ ਮਾਨਾ ॥ ਬਹੁ ਬਿਧਿ ਸਾਥ ਤਾਹਿ ਗ੍ਰਿਹਿ ਆਨਾ ॥*
*ਭੋਗ ਕਰੈ ਬਹੁ ਹਰਖ ਬਢਾਈ ॥ ਮੂਰਖ ਬਾਤ ਨ ਰਾਜੈ ਪਾਈ ॥੧੩॥*

(ਦੋਇ ਸੌ ਇਕਹਤਰਿ ਚਰਿਤ੍ਰ ਪੰਨਾ ੧੨੧੬)

ਨੋਟ :- ਦਸਮ ਗ੍ਰੰਥ ਦੀ ਪੂਜਾ ਕਰਨ ਵਾਲੇ ਸਾਡੇ ਵੱਡੇ ਬੇਸ਼ਰਮ ਤੇ ਬੇਹਯਾ ਪੁਜਾਰੀ-ਧਰਮ ਦੇ ਵੱਡੇ ਵੱਡੇ ਠੇਕੇਦਾਰ ਸੰਤ ਸਾਧ-ਬ੍ਰਹਮ ਗਿਆਨੀ-ਡੇਰਿਆਂ ਦੇ ਡੇਰੇਦਾਰ-ਅਨੇਕਾਂ ਹੀ ਅਪਣੇ ਆਪ ਨੂੰ ਧਰਮੀ ਅਖਵਾਉਂਦੀਆਂ ਧਾਰਮਿਕ ਜਥੇਬੰਦੀਆਂ-ਕਥਾ ਵਾਚਕ-ਕੀਰਤਨੀਏ-ਸਿਆਸੀ ਲੋਕ ਇਸ ਗੰਦਗੀ ਭਰੇ ਗੰਦੇ ਕਾਵਿ ਸੰਗ੍ਰਹਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੇ/ਮੰਨਦੀਆਂ ਹਨ। ਅਜਿਹਾ ਕਰ ਕੇ ਓਹ ਸਿੱਧ ਕਰਨਾ ਚਾਹੁੰਦੇ ਹਨ ਕਿ ਗੁਰੂ ਜੀ ਅਤ ਦਰਜੇ ਦਾ ਕਾਮੀ-ਵਿਭਚਾਰੀ ਅਤੇ ਨੀਵੀਂ ਪੱਧਰ ਦਾ ਲਿਖਾਰੀ ਸੀ। ਭਾਵੇਂ ਸੱਚ ਛੁਪਾਇਆ ਕਦੇ ਨਹੀਂ ਛੁਪਦਾ ਪਰ ਇਕ ਗਹਿਰੀ ਸਾਜਿਸ਼ ਅਤੇ ਵਿਉਂਤ ਬੰਦੀ ਕਰਕੇ ਗੁਰੂ ਦੀ ਗੋਲਕ ਅਤੇ ਗੁਰਦੁਆਰਿਆਂ ਦੀ ਸਟੇਜ ਤੇ ਮੁਕੰਮਲ ਕਬਜਾ ਕਰ ਲੈਣ ਬਾਦ ਇਨ੍ਹਾਂ ਨੇ ਗੁਰ ਸਿੱਖੀ ਦਾ ਖੁਰਾ ਖੋਜ ਮਿਟਾਣ ਖ਼ਾਤਿਰ ਹੁਣ ਨਵੇਂ ਪੈਂਤਰੇ ਖੇਡ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਗਿਆਨ ਨੂੰ ਪਰਦੇ ਪਿੱਛੇ ਕਰਨ ਦਾ ਬੀੜਾ ਚੁੱਕਿਆ ਹੈ। ਜੇਕਰ ਗੁਰੂ ਨਾਨਕ ਦੇ ਸਿੱਖ ਹਾਲੇ ਵੀ ਨਾ ਜਾਗੇ ਤਾਂ ਦਿਨ ਦੂਰ ਨਹੀਂ ਜਦ ਬੁੱਧ ਧਰਮ ਤੇ ਜੈਨ ਧਰਮ ਦੀ ਤਰ੍ਹਾਂ ਸਿੱਖ ਧਰਮ ਅਲੋਪ ਹੋ ਜਾਏਗਾ । ਉਸ ਲਈ ਅਸੀਂ ਖੁਦ ਜੁੰਮੇਵਾਰ ਹੋਵਾਂਗੇ । ਕਿਸੇ ਵੀ ਪੁਜਾਰੀ ਜਾਂ ਜਥੇਬੰਦੀ ਦੇ ਦਿੱਤੇ ਡਰਾਵੇ ਕਿ ਅਸੀਂ ਪੰਥ ਚੋਂ ਛੇਕ ਦੇਵਾਂਗੇ ਕੋਈ ਅਸਰ ਨਹੀਂ ਰੱਖਦੇ। ਕਿਉਂਕਿ ਗੁਰੂ ਜਾਣਦਾ ਹੈ ਕਿ ਤੁਸੀਂ ਨੇਕ ਨੀਤੀ ਨਾਲ ਸਿੱਖ ਧਰਮ ਦੀ ਚੜ੍ਹਦੀ ਕਲਾ ਲਈ ਜੂਝ ਰਹੇ ਹੋ। ਫਿਰ ਜਿਹੜੇ ਲੋਕ ਖ਼ੁਦ ਸਿੱਖ ਹੈ-ਈ-ਨੀ ਓਹ ਸਿੱਖ ਨੂੰ ਛੇਕਣ ਦਾ ਅਧਿਕਾਰ ਰੱਖ-ਈ-ਨੀ ਸਕਦੇ। ਹਾਂ ਆਪ ਜੀ ਕਹਿ ਸਕਦੇ ਹੋ ਕਿ ਦਸਮ ਗ੍ਰੰਥ ਦੀ ਪੂਜਾ ਕਰਨ ਵਾਲੇ ਤਨਖਾਹੀਏ ਹਨ ਅਤੇ ਕੌਮ ਦੇ ਘਾਤਿਕ ਗਦਾਰ । ਆਪ ਜੀ ਜਾਗਦੇ ਰਹੋ ਅਤੇ ਚੜ੍ਹਦੀ ਕਲਾ ਚ ਰਹੋ ਇਹ ਮੇਰੀ ਗੁਰੂ ਨਾਨਕ ਦੇ ਦਰ ਤੇ ਅਰਦਾਸ ਹੈ ਜੀ ।

ਇਲਾਕਾ : ਗੰਧਾਗਿਰ ਪਰਬਤ (ਦੋਇ ਸੌ ਬਹੱਤਰਿ ਚਰਿਤ੍ਰ ਪੰਨਾ ੧੨੧੬-੧੭)

## ਅਪਣੀ ਔਰਤ ਬਾਮ੍ਹਣ ਨੂੰ ਦਾਨ ਕਰੋ

ਪਾਤਰ : ਸੁਗੰਧ ਸੈਨ (ਨ੍ਰਿਪ), ਸੁਗੰਧ ਮਤੀ (ਚੰਚਲਾ) ਤੇ ਬੀਰ ਕਰਨ (ਸ਼ਾਹੁ)

ਗੰਧਾਗਿਰ ਪਰਬਤ ਦੇ ਸੁਗੰਧ ਸੈਨ ਰਾਜੇ ਦੀ ਰਾਣੀ ਸੁਗੰਧ ਮਤੀ ਨੇ ਇਕ ਖੂਬਸੂਰਤ ਬੀਰਕਰਨ ਸ਼ਾਹ ਦੇਖਿਆ ਤੇ ਦੀਵਾਨੀ ਹੋ ਗਈ । ਹੀਲੇ ਵਸੀਲੇ ਕਰ ਕੇ ਉਸ ਨੂੰ ਘਰ ਬੁਲਾਇਆ :-

*ਚੌਪਈ ॥ ਰਾਨੀ ਬਹੁ ਉਪਚਾਰ ਬਨਾਏ ॥ ਬਹੁਤ ਮਨੁੱਖ ਤਿਹ ਠੌਰ ਪਠਾਏ ॥*
*ਬਹੁ ਕਰਿ ਜਤਨ ਏਕ ਦਿਨ ਆਨਾ ॥ ਕਾਮ ਭੋਗ ਤਿਹ ਸੰਗ ਕਮਾਨਾ ॥੫॥*

(ਦੋਇ ਸੌ ਬਹੱਤਰਿ ਚਰਿਤ੍ਰ ਪੰਨਾ ੧੨੧੬)

ਉਸ ਨੂੰ ਬਹੁਤਾ ਧਨ ਦੇ ਕੇ ਉਸ ਦਾ ਮਨ ਮੋਹ ਲਿਆ ਅਤੇ ਉਸ ਨੂੰ ਸਿਖਾ ਕੇ ਬਾਮ੍ਹਣ ਦਾ ਭੇਖ ਧਾਰਣ ਕਰਵਾ ਦਿੱਤਾ ਤੇ ਆਪ ਖਸਮ ਨੂੰ ਉਪਦੇਸ ਕਰਨ ਲੱਗੀ ਕਹਿੰਦੀ ਜਿਹੋ ਜਿਹਾ ਬੰਦਾ ਇਥੇ ਦਾਨ ਕਰਦਾ ਹੈ ਉਸੇ ਤਰ੍ਹਾਂ ਹੀ ਅੱਗੇ ਪ੍ਰਾਪਤ ਕਰਦਾ ਹੈ । ਮੈਂ ਤੈਨੂੰ ਬਹੁਤੀ ਵਾਰ ਦਾਨ ਕੀਤਾ ਤਾਂ ਹੀਂ ਮੈਂ ਤੈਨੂੰ ਪ੍ਰਾਪਤ ਕੀਤਾ । ਤੂੰ ਵੀ ਬੜਾ ਦਾਨ ਕੀਤਾ ਤਾਂ ਹੀ ਮੈਂ ਸੁੰਦਰ ਨਾਰ ਤੈਨੂੰ ਮਿਲੀ ਹਾਂ ।

*ਜੈਸੋ ਪੁਰਖ ਦਾਨ ਜਗ ਦਯਾਵੈ ॥ ਤੈਸੋ ਹੀ ਆਗੇ ਬਰੁ ਪਾਵੈ ॥੭॥*
*ਮੈਂ ਤੁਹਿ ਬਾਰ ਦਾਨ ਬਹੁ ਕੀਨਾ ॥ ਤਾਤੇਂ ਪਤਿ ਤੋਸੋ ਨ੍ਰਿਪ ਲੀਨਾ ॥*
*ਤੁਮ ਹੋ ਪੁੰਨਿ ਬਾਰ ਬਹੁ ਕੀਨੀ ॥ ਤਬ ਮੋ ਸੀ ਸੁੰਦਰ ਤਿਯ ਲੀਨੀ ॥੮॥*

(ਦੋਇ ਸੌ ਬਹੱਤਰਿ ਚਰਿਤ੍ਰ ਪੰਨਾ ੧੨੧੬)

**ਨੋਟ :-** ਗੁਰੂ ਨਾਨਕ ਦਾ ਧਰਮ ਆਖਦਾ ਹੈ ਕਿ ਜਿਹੜਾ ਮਨੁੱਖ ਅਪਣੇ ਆਪ ਨੂੰ ਦਾਨੀ ਹੋਣ ਦਾ ਢੌਂਗ ਰਚਦਾ ਹੈ ਓਹ ਇਸ ਦੁਨੀਆਂ ਦਾ ਸਭ ਤੋਂ ਵੱਡਾ ਮੂਰਖ ਹੈ ਕਿਉਂਕਿ ਦਾਨੀ ਤਾਂ ਓਹ ਰੱਬ ਹੈ ਜਿਸ ਦੇ ਦਰ ਤੋਂ ਹਰ ਮਨੁੱਖ ਭਿਖਾਰੀ

ਬਣ ਕੇ ਦਾਤਾਂ ਮੰਗੀ ਜਾਂਦਾ ਹੈ ਅਤੇ ਓਹ (ਰੱਬ) ਬਿਨਾਂ ਕਿਸੇ ਵਿਤਕਰੇ ਦੇ ਦਈ ਜਾਂਦਾ ਹੈ। ਸਿੱਖ ਧਰਮ ਕਹਿੰਦਾ ਹੈ ਕਿ ਜੇਕਰ ਸੋਨੇ ਨਾਲ ਲੱਦੀ ਜਨਾਨੀ ਵੀ ਬਾਮ੍ਹਣ ਨੂੰ ਦਾਨ ਕਰ ਦਿਓ ਤਾਂ ਵੀ ਤੁਹਾਡਾ ਪਾਰ ਉਤਾਰਾ ਨਹੀਂ ਹੋਣਾ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਸਮੂਹ ਭਗਤ ਜਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਦਾਨ ਫਿਲਾਸਫੀ ਦਾ ਭਰਪੂਰ ਖੰਡਨ ਕੀਤਾ ਹੈ ਤੇ ਦਾਨੀਆਂ ਨੂੰ ਮੂਰਖਾਂ ਦੀ ਸ਼੍ਰੇਣੀ ਚ ਰੱਖਿਆ ਹੈ । ਰੱਬ ਕੋਲੋਂ ਭਿੱਖਿਆ ਲੈ ਕੇ ਮਿਲੀ ਭੀਖ ਨੂੰ ਕਿਸੇ ਹੋਰ ਨੂੰ ਦੇਣ ਨਾਲ ਓਹ ਦਾਤਾ ਨਹੀਂ ਬਣ ਜਾਂਦਾ ਵਧੇਰੇ ਤੇ ਵਿਸਥਾਰ ਸਹਿਤ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ ਤੇ ਸਮਝੋ । ਗੁਰੂ ਗੋਬਿੰਦ ਸਿੰਘ ਜੀ ਕਿਸੇ ਵੀ ਪ੍ਰਕਾਰ ਦੇ ਦਾਨ ਲਈ ਸਿੱਖ ਨੂੰ ਹੱਲਾ ਸ਼ੇਰੀ ਨਹੀਂ ਦੇ ਸਕਦੇ ।

ਹੁਣ ਤੂੰ ਜੋ ਪੁੰਨ ਕਰੇਂਗਾ ਓਹਦਾ ਫਲ ਤੈਨੂੰ ਅੱਗੇ ਮਿਲੇਗਾ ਤੇ ਮੇਰੇ ਵਰਗੀ ਸੁੰਦਰ ਔਰਤ ਤੈਨੂੰ ਅੱਗੇ ਮਿਲੇਗੀ। ਹੁਣ ਤੂੰ ਢਿੱਲ ਨਾ ਲਾ ਮੈਨੂੰ ਬਾਮ੍ਹਣ ਲਈ ਦਾਨ ਕਰ ਦੇ । ਇਹ ਸੁਣ ਕੇ ਰਾਜੇ ਦੇ ਮਨ ਚ ਰਾਣੀ ਬਾਮ੍ਹਣ ਨੂੰ ਦਾਨ ਕਰਨ ਦੀ ਲਾਲਸਾ ਜਾਗੀ । ਜੋ ਰਾਣੀ ਚਾਹੁੰਦੀ ਸੀ ਬਾਮ੍ਹਣ ਨੇ ਓਹੀ ਰਾਜੇ ਤੋਂ ਦਾਨ ਵੱਜੋਂ ਮੰਗ ਲਈ ।

ਪਾਤਰ : ਸੁਕ੍ਰਿਤ ਸੈਨ (ਨਰੇਸ), ਸੁਕ੍ਰਿਤ ਮੰਜਰੀ (ਦਾਰਾ) ਤੇ ਅਤਿਭੁਤ ਸੈਨ (ਸ਼ਾ ਸੁਤ) **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

**ਕਤਲ ਕਰਨਾ ਸਿੱਖੋ :** ਸੁਕ੍ਰਿਤ ਸੈਨ ਨਰੇਸ ਦੀ ਔਰਤ ਸੁਕ੍ਰਿਤ ਮੰਜਰੀ ਇਕ ਸ਼ਾਹ ਦੇ ਖੂਬਸੂਰਤ ਪੁੱਤ ਅਤਿਭੁਤ ਸੈਨ ਦੀ ਖੂਬਸੂਰਤੀ ਤੇ ਮਰ ਮਿਟੀ ਤੇ ਆਪ ਚਲ ਕੇ ਉਸ ਦੇ ਘਰ ਗਈ ਤੇ ਫਿਰ :-

*ਬਹੁ ਬਿਧਿ ਤਿਨ ਸੰਗ ਭੋਗ ਕਮਾਨਾ ॥ ਕੇਲ ਕਰਤ ਬਹੁ ਕਾਲ ਬਿਹਾਨਾ ॥*
*ਸੁੰਦਰ ਔਰ ਤਹਾਂ ਇਕ ਆਯੋ ॥ ਵਹੈ ਪੁਰਖ ਰਾਨੀ ਕਹ ਲਾਯੋ ॥੪॥* **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

ਦੂਜੇ ਪੁਰਖ ਨਾਲ ਰੰਗਰਲੀਆਂ ਮਨਾਉਂਦੀ ਦੇ ਉੱਤੇ ਪਹਿਲਾ ਮਿਤ੍ਰ ਆ ਗਿਆ :-

*ਵਹੈ ਪੁਰਖ ਰਾਨੀ ਕਹ ਭਾਇਸਿ ॥ ਕਾਮ ਕੇਲ ਗ੍ਰਹਿ ਬੋਲਿ ਕਮਾਇਸਿ ॥*
*ਪ੍ਰਥਮ ਮਿੱਤ੍ਰ ਤਿਹ ਠਾਂ ਤਬ ਆਯੋ ॥ ਰਮਤ ਨਿਰਖਿ ਰਾਨੀ ਕੁਰਾਰਯੋ ॥੫॥* **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

ਗੁੱਸੇ ਚ ਕ੍ਰਿਪਾਨ ਕੱਢ ਕੇ ਉਸ ਨੇ ਰਾਣੀ ਨੂੰ ਬਚਾ ਕੇ ਮਿਤ੍ਰ ਮਾਰਤਾ ਤੇ ਆਪ ਭੱਜ ਗਿਆ। ਰਾਣੀ ਨੂੰ ਗੁੱਸਾ ਚੜ੍ਹਿਆ- ਉਸ ਨੇ ਇਕ ਚਿੱਠੀ ਲਿਖੀ ਕਿ ਮੈਂ ਤੈਨੂੰ ਛੱਡ ਨਹੀਂ ਸਕਦੀ। ਮੇਰੀ ਗਲਤੀ ਮੁਆਫ ਕਰ ਦੇ-ਮੈਂ ਤੇਰੀ ਗੁਲਾਮ ਹਾਂ- ਜੇਕਰ ਫਿਰ ਕਦੇ ਤੂੰ ਅਜਿਹਾ ਤੱਕੇਂ ਤਾਂ ਮੈਨੂੰ ਵੀ ਮਿਤ੍ਰ ਸੰਗ ਮਾਰ ਮੁਕਾਉਣਾ । ਤੂੰ ਬੜਾ ਚੰਗਾ ਕੰਮ ਕੀਤਾ ਕਿ ਤੂੰ ਉਸ ਨੂੰ ਮਾਰਤਾ ਹੁਣ ਰਾਹ ਮੋਕਲਾ ਹੋ ਗਿਆ ਹੈ । ਚਿੱਠੀ ਪੜ੍ਹ ਕੇ ਮੂਰਖ ਫੁੱਲ ਗਿਆ ਤੇ ਬਿਨਾ ਭੇਦ ਪਛਾਣੇ ਉਹ ਉੱਥੇ ਗਿਆ । ਰਾਣੀ ਨੇ ਉਸ ਨੂੰ ਬੰਨ੍ਹ ਕੇ ਜਿੰਦਾ ਜਲਾ ਦਿੱਤਾ । ਕਵੀ ਕਹਿੰਦਾ :-

*ਇਨ ਅਬਲਨ ਕੀ ਰੀਤਿ ਅਪਾਰਾ ॥ ਜਿਨ ਕੋ ਆਵਤ ਵਾਰ ਨ ਪਾਰਾ ॥੧੧॥* **(ਦੋਇ ਸੌ ਤਿਹਤਰ ਚਰਿਤ੍ਰ ਪੰਨਾ ੧੨੧੭)**

ਨੋਟ :- ਜਿਥੇ ਇਹ ਰਚਨਾ ਕਾਮ ਵਾਸਨਾ ਨੂੰ ਭੜਕਾਉਣ ਲਈ ਧੀਆਂ ਭੈਣਾਂ ਨੂੰ ਉਤਸ਼ਾਹਿਤ ਕਰਦੀ ਹੈ ਉਥੇ ਯੋਜਨਾ ਬੱਧ ਕਤਲ ਕਰਨੇ ਵੀ ਸਿਖਾਉਂਦੀ ਹੈ । ਕੀ ਇਹ ਰਚਨਾਵਾਂ ਕਿਸੇ ਚੰਗੇ ਸਮਾਜ ਦੀ ਨਿਸ਼ਾਨੀ ਹਨ ਜਾਂ ਪੱਤਣ ਦਾ ਕਾਰਣ? ਸਾਡੇ ਗ੍ਰੰਥੀ ਸਿੰਘਾਂ ਜਾਂ ਪੁਜਾਰੀਆਂ ਪਾਸ ਸਿਵਾਏ ਠੇਕੇ ਦੇ ਪਾਠ ਕਰਨ ਦੇ ਹੋਰ ਸੋਚਣ ਲਈ ਕੁੱਝ ਪੱਲੇ ਨਹੀਂ ਹੈ। ਹੁਣ ਇਹ ਆਸ ਆਪ ਜੀ ਜਿਹੇ ਸਿਆਣੇ ਪਾਠਕਾਂ ਤੋਂ ਹੀ ਹੈ ਕਿ ਉਹ ਦੁੱਧ ਤੇ ਪਾਣੀ ਨਿਖੇੜ ਕੇ ਪੁਜਾਰੀਆਂ ਨੂੰ ਹਰ ਥਾਂ ਸ਼ਰਮਿੰਦਾ ਕਰੇ । ਮੈਂ ਦਸਮ ਗ੍ਰੰਥ ਦੀਆਂ ਇਨ੍ਹਾਂ ਰਚਨਾਵਾਂ ਦੇ ਸਾਰ ਇਸ ਲਈ ਲਿਖੇ ਹਨ ਤਾਂ ਕਿ ਪੁਜਾਰੀ ਰੂਪ ਵਿੱਚ ਛੁਪਿਆ ਮਾਫੀਆ ਸਿੱਖ ਧਰਮ ਦਾ ਹੋਰ ਨੁਕਸਾਨ ਨਾ ਕਰੇ ਅਤੇ ਅਸੀਂ ਧਰਮ ਪ੍ਰਤੀ ਜਾਗ੍ਰ ਜਾਈਏ। ਰੱਬ ਤੁਹਾਨੂੰ ਚੜ੍ਹਦੀ ਕਲਾ ਅਤੇ ਸੱਚ ਤੇ ਡੱਟਣ ਦੀ ਸ਼ਕਤੀ ਦਏ ਇਹ ਮੇਰੀ ਗੁਰੂ ਨਾਨਕ ਦੇ ਦਰ ਤੇ ਅਰਦਾਸ ਹੈ ਜੀ ।

ਪਾਤਰ : ਸੁਇਕ ਰਾਜਾ, ਪਦੁਮਿਨਿ ਦੇ (ਰਾਣੀ) ਤੇ ਨਾਮਾਫਿਕ ਸੰਖਯ (ਦਾਸ) **(ਦੋਇ ਸੌ ਚੌਹਤਰ ਚਰਿਤ੍ਰ ਪੰਨਾ ੧੨੧੮)**

**ਬੰਦਾ ਮਾਰ ਕੇ ਮਿਮਿਯਾਈ ਕੱਢਣੀ ਸਿੱਖੋ :** ਇਕ ਰਾਜੇ ਦੀ ਰਾਣੀ ਪਦੁਮਿਨਿ ਦੇ ਦਾਸ ਨਾਮਾਫਿਕ ਸੰਖਯਾ ਕਾਲੇ ਕਲੂਟੇ ਨੇ ਇਕ ਨੌਕਰਾਣੀ ਨੂੰ ਬੁਲਾ ਕੇ ਭੋਗ ਕੀਤਾ :-

*ਚੇਰੀ ਏਕ ਹੁਤੀ ਤਾਸੌਂ ਰਤਿ ॥ ਜਾਕੇ ਹੁਤੀ ਨ ਕਛੁ ਘਟ ਮਹਿ ਮਤਿ ॥*
*ਨਾਮਾਫਿਕ ਤਿਨ ਨਾਰਿ ਬੁਲਾਯੋ ॥ ਕਾਮ ਭੋਗ ਮਨ ਖੇਲਿ ਮਚਾਯੋ ॥੩॥* **(ਦੋਇ ਸੌ ਚੌਹਤਰ ਚਰਿਤ੍ਰ ਪੰਨਾ ੧੨੧੮)**

ਜਿਥੇ ਨੌਕਰਾਣੀ ਦਾਸ ਨਾਲ ਭੋਗ ਕਰ ਰਹੀ ਸੀ ਉਥੇ ਰਾਜਾ ਆ ਗਿਆ । ਦਾਸੀ ਨੇ ਫੁਰਤੀ ਨਾਲ ਦਾਸ ਦਾ ਕਤਲ ਕਰ ਕੇ ਉਲਟਾ ਟੰਗ ਦਿੱਤਾ ਤੇ ਹੇਠਾਂ ਅੱਗ ਜਲਾ ਦਿੱਤੀ ਜਦ ਰਾਜੇ ਨੇ ਦਾਸ ਨੂੰ ਮੁਰਦਾ ਦੇਖਿਆ ਤੇ ਹੈਰਾਨ ਹੋ ਗਿਆ। ਰਾਜਾ ਕਹਿੰਦਾ ਕਿ ਤੂੰ ਇਸ ਨੂੰ ਉਲਟਾ ਟੰਗ ਕੇ ਹੱਠਾਂ ਅੱਗ ਕਿਉਂ ਜਲਾਈ ਹੈ । ਦਾਸੀ ਕਹਿੰਦੀ ਮੈਨੂੰ ਇਕ ਬੈਦ ਮਿਲਿਆ ਸੀ ਕਹਿੰਦਾ ਸੀ ਕਿ ਰਾਜ ਚ ਖਈ ਰੋਗ ਫੇਲਿਆ ਹੈ ਜੇ ਤੂੰ ਦਾਸ ਮਾਰ ਕੇ ਓਹਦੀ ਮਿਮਿਯਾਈਰਾਜੇ ਨੂੰ

ਖੁਆਵੇਂ ਤਾਂ ਉਸ ਦਾ ਰੋਗ ਦੂਰ ਹੋ ਸਕਦਾ ਹੈ । ਜਦ ਰਾਜੇ ਇਹ ਸੁਣਿਆ ਤਾਂ ਕਹਿੰਦਾ ਤੂੰ ਤਾਂ ਬੈਦਣੀ ਐਂ-ਅਸੀਂ ਤੇਰਾ ਗੁਣ ਨਾ ਪਛਾਣ ਸਕੇ-ਪੱਛਮ ਚ ਤਾਂ ਸੁਣਿਆ ਸੀ ਕਿ ਐਦਾਂ ਬਣਾਉਂਦੇ ਹਨ ਪਰ ਅਪਣੇ ਦੇਸ ਪਹਿਲੀ ਵਾਰ ਦੇਖਿਆ ਹੈ-ਤਾਂ ਕੀ ਹੋਇਆ ਇਕ ਦਾਸ ਮਾਰਤਾ ਪਰ ਸਾਡਾ ਵੱਡਾ ਰੋਗ ਟਲ ਗਿਆ ।

ਨੋਟ :- ਧੰਨ ਹੋ ਦਸਮ ਗ੍ਰੰਥ ਦੇ ਪੁਜਾਰੀਓ ਤੁਸੀਂ ਧੰਨ ਹੋ-ਧੰਨ ਹੈ ਓਹ ਮਾਂ ਜਿਸ ਨੇ ਅਜਿਹੇ ਸਿਰੜੀਆਂ ਨੂੰ ਜਨਮ ਦਿੱਤਾ । ਭਲਾਂ ਜੇਕਰ ਹਰ ਕੋਈ ਇਕ ਦੂਜੇ ਨੂੰ ਮਾਰ ਕੇ ਮਿਮਿਯਾਈ ਕੱਢਣ ਲੱਗ ਗਿਆ ਤਾਂ ਸਭ ਤੋਂ ਵੱਧ ਸਾਧਾਂ ਸੰਤਾਂ ਤੇ ਪੁਜਾਰੀਆਂ ਦੇ ਸਰੀਰੋਂ ਨਿਕਲੇਗੀ ਕਿਉਂਕਿ ਬਿਨ੍ਹਾਂ ਮਿਹਨਤ ਕੀਤਿਆਂ ਗਰਧਭ ਵਾਂਗੂੰ ਵਧਾਇਆ ਪੇਟ, ਤੇ ਪੇਟ ਨਾਲ ਸੁੱਖੀ ਸਾਂਦੀ ਹੱਡ ਮਾਸ ਵੀ ਮੋਟਾ ਕੀਤਾ ਐ ਨਾ । ਪਰ ਡਰ ਹੈ ਕਿ ਏਦਾਂ ਕਰਨ ਨਾਲ ਨਸਲ ਕੁਸੀ ਹੋ ਜਾਏਗੀ ਰੱਬ ਖ਼ੈਰ ਕਰੇ ਦਸਮ ਗ੍ਰੰਥ ਰੱਦੀ ਦੀ ਟੋਕਰੀ ਦਾ ਸ਼ਿੰਗਾਰ ਬਣੇ ਵਰਨਾ ਖ਼ਤਰੇ ਹੀ ਖ਼ਤਰੇ ਹਨ । ਇਹ ਜਰੂਰ ਯਾਦ ਰੱਖਿਓ ਕਿ ਪਾਤਸ਼ਾਹੀ ੧੦ ਲਿਖ ਦੇਣ ਨਾਲ ਬੇਸ਼ਰਮੀ ਤੇ ਬੇਹਯਾਈ ਨਹੀਂ ਢੱਕੀ ਜਾਣੀ । ਅੱਜ ਨਹੀਂ ਤਾਂ ਕੱਲ ਦਸਮ ਗ੍ਰੰਥ ਦੇ ਪੁਜਾਰੀ ਨੰਗ ਧੜੰਗੇ ਦਿਸਣਗੇ । ਜਰਾ ਸੰਭਲ ਕੇ ਧਮਕੀਆਂ-ਡਰਾਵੇ ਅਤੇ ਪੰਥ ਚੋਂ ਛੇਕਣ ਦੀਆਂ ਮੰਦੀਆਂ ਕਰਤੂਤਾਂ ਵੀ ਤੁਹਾਡਾ ਕੱਖ ਨਹੀਂ ਸਵਾਰ ਸਕਦੀਆਂ ਕਿਉਂ ਕਿ ਸਿੱਖਾਂ ਨੇ ਹੁਣ ਜਾਗ੍ਰਣਾ ਸੁਰੂ ਕਰ ਦਿੱਤਾ ਹੈ । ਖ਼ਬਰਦਾਰ ਬਾ ਹੋਸਿਯਾਰ-ਜਾਗਦੇ ਰਹਿਓ !

ਇਲਾਕਾ : ਬੰਦਰ ਬਸ (ਦੋਇ ਸੌ ਪਚੱਤਰਹਿ ਚਰਿਤ੍ਰ ਪੰਨਾ ੧੨੧੮-੧੯)

## ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਹਬਸੀ ਰਾਇ (ਨਰਾਧਿਪ), ਹਬਸ ਮਤੀ (ਰਾਨੀ) ਤੇ ਹਾਸ਼ਿਮ ਖਾਨ (ਪਠਾਨ)

ਬੰਦਰ ਬਸ ਦੇ ਰਾਜਾ ਹਬਸੀ ਰਾਇ ਦੀ ਰਾਣੀ ਹਬਸ ਮਤੀ ਹਾਸ਼ਿਮ ਖਾਨ ਦੀ ਡੀਲ ਡੋਲ ਅਤੇ ਸੁੰਦਰਤਾ ਦੇਖ ਕੇ ਦੀਵਾਨੀ ਹੋ ਗਈ । ਉਸ ਨੇ ਹੀਲੇ ਵਸੀਲੇ ਕਰ ਕੇ ਉਸ ਨੂੰ ਘਰ ਸੱਦਿਆ ਤੇ ਫਿਰ :-

*ਰਾਨੀ ਜਤਨ ਅਨੇਕ ਬਨਾਏ ॥ ਛਲ ਬਲ ਸੌ ਗ੍ਰਿਹ ਮਿਤ੍ਰ ਬੁਲਾਏ ॥*
*ਕਾਮ ਭੋਗ ਤਿਹ ਸੰਗ ਕਮਾਨਾ ॥ ਆਸਨ ਚੁੰਬਨ ਕੀਏ ਪ੍ਰਮਾਨਾ ॥੩॥*
*ਦੋਹਰਾ ॥ ਅਨਿਕ ਭਾਂਤਿ ਭਜਿ ਮਿਤ੍ਰ ਕਹ ਗਰੇ ਰਹੀ ਲਪਟਾਇ ॥*
*ਜਾਨੁ ਨਿਰਧਨੀ ਪਾਇ ਧਨ ਰਹਯੋ ਹੀਯ ਸੌ ਲਾਇ ॥੪॥* (ਦੋਇ ਸੌ ਪਚੱਤਰਹਿ ਚਰਿਤ੍ਰ ਪੰਨਾ ੧੨੧੮)

ਤਦ ਰਾਜਾ ਉਥੇ ਪਹੁੰਚ ਗਿਆ । ਉਸ ਨੇ ਕਾਮ ਕ੍ਰੀੜਾ ਕਰਦਿਆਂ ਅਪਣੀ ਔਰਤ ਨਾਲ ਪਰਾਏ ਮਰਦ ਨੂੰ ਦੇਖਿਆ ਤੇ ਗੁੱਸਾ ਖਾ ਕੇ ਕ੍ਰਿਪਾਨ ਕੱਢ ਕੇ ਮਾਰਨ ਲੱਗਾ ਤਾਂ ਰਾਣੀ ਹੱਸ ਕੇ ਕਹਿੰਦੀ ਖਸਮਾ ਬਿਨਾ ਜਾਣਿਆ ਹੀ ਗੁੱਸਾ ਖਾ ਗਿਆ ਪਹਿਲਾਂ ਉਸ ਬਾਰੇ ਜਾਣ ਤਾਂ ਸਹੀ ਕਿ ਓਹ ਕੌਣ ਹੈ । ਇਹ ਮੱਛਿੰਦਰ ਰਾਜਾ ਹੈ । ਤਪੱਸਿਆ ਕਰਨ ਆਇਆ ਹੈ-ਸਭ ਤਪੱਸਵੀਆਂ ਦਾ ਸਰਦਾਰ ਹੈ । ਇਸ ਨਾਲ ਯਾਰੀ ਗੰਢ ਕੇ ਸੇਵਾ ਪਾਣੀ ਕਰ-ਤੈਨੂੰ ਚੰਗੇ ਢੰਗ ਨਾਲ ਕ੍ਰਿਯਾ ਸਿਖਾਏਗਾ ਜਿਸ ਨਾਲ ਰਾਜ ਜੋਗ ਘਰ ਬੈਠਿਆਂ ਹੀ ਪ੍ਰਾਪਤ ਹੋ ਜਾਏਗਾ । ਰਾਜਾ ਇਹ ਸੁਣ ਕੇ ਉਸ ਦੇ ਪੈਰੀਂ ਪੈ ਗਿਆ ਤੇ ਦੋਸਤੀ ਗੰਢ ਲਈ ਇਸੇ ਦੋਸਤੀ ਦੀ ਆੜ ਹੇਠ :-

*ਤਾਹਿ ਮਛਿੰਦਰ ਕਰਿ ਠਹਰਾਯੋ ॥ ਤ੍ਰਿਯ ਕਹ ਸੌਂਪਿ ਤਾਹਿ ਉਠਿ ਆਯੋ ॥*
*ਵਹ ਤਾਸੌ ਨਿਤਿ ਭੋਗ ਕਮਾਵੈ ॥ ਮੂਰਖ ਬਾਤ ਨ ਰਾਜਾ ਪਾਵੈ ॥੧੧॥*

(ਦੋਇ ਸੌ ਪਚੱਤਰਹਿ ਚਰਿਤ੍ਰ ਪੰਨਾ ੧੨੧੮)

ਨੋਟ :- ਆਪ ਜੀ ਦਸਮ ਗ੍ਰੰਥ ਨਾਮੀ ਪੁਸਤਕ ਦਾ ਅਧਿਐਨ ਕਰ ਰਹੇ ਹੋ। ਗੁਰੂ ਤੁਹਾਨੂੰ ਸੱਚ ਅਤੇ ਝੂਠ ਪਹਿਚਾਨਣ ਦੀ ਤਾਕਤ ਅਤੇ ਬੁੱਧੀ ਦਏ। ਸਿੱਖ ਧਰਮ ਦੇ ਮਿਥੇ ਗਏ ਦੋ ਵੱਡੇ ਤਖਤਾਂ ਤੇ ਇਸ ਮਹਾਂ ਗੰਦੀ ਅਤੇ ਅਸ਼ਲੀਲ ਪੁਸਤਕ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਤਖਤਾਂ ਦੇ ਵੱਡੇ ਪੁਜਾਰੀ ਬੇਸ਼ਰਮੀ ਦੇ ਹੱਦ ਬੰਨ੍ਹੇ ਲੰਘ ਕੇ ਕਰ ਰਹੇ ਹਨ। ਓਹ ਇਸ ਨੂੰ ਗੁਰਬਾਣੀ ਕਹਿੰਦੇ ਹਨ। ਗੰਦਗੀ ਦਾ ਕੀੜਾ ਸਵੱਛ ਵਾਤਾਵਰਣ ਵਿੱਚ ਨਹੀਂ ਰਹਿ ਸਕਦਾ। ਓਹ ਮੁੜ ਮੁੜ ਗੰਦਗੀ ਖਾਣ ਲਈ ਭੱਜਦਾ ਹੈ। ਕੀ ਆਪ ਜੀ ਅਪਣੇ ਹਿਰਦੇ ਤੋਂ ਉੱਠੀ ਸੱਚ ਦੀ ਆਵਾਜ਼ ਨੂੰ ਦਬਾਓਗੇ ? ਜੇ ਨਹੀਂ ਤਾਂ ਇਕ ਚੰਗੇ ਪਾਠਕ ਦੀ ਤਰ੍ਹਾਂ ਝੂਠ ਨੂੰ ਨੰਗਾ ਕਰਨ ਲਈ ਅੱਗੇ ਵਧੋ ਅਤੇ ਪੁਜਾਰੀਆਂ ਵੱਲੋਂ ਕੀਤੇ ਜਾ ਰਹੇ ਪਾਪ ਨੂੰ ਬੰਦ ਕਰਵਾਉਣ ਲਈ ਅਪਣਾ ਯੋਗਦਾਨ ਪਾਓ ।

ਨਗਰ : ਸ਼ੰਕ੍ਰਾਵਤੀ (ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦-੨੧)

## ਬਾਲ ਸਫ਼ੇ ਨਾਲ ਬਾਲ ਸਾਫ ਕਰੋ ਅਤੇ ਭੰਗ ਪੀਓ

ਪਾਤਰ : ਸ਼ੰਕਰਸੈਨ (ਰਾਜਾ), ਸ਼ੰਕਰ ਦੇ (ਰਾਨੀ), ਰੁਦ੍ਰ ਮਤੀ (ਦੁਹਿਤਾ) ਤੇ ਛਬੀਲ ਦਾਸ (ਛੱਤ੍ਰੀ)

ਸ਼ੰਕ੍ਰਾਵਤੀ ਨਗਰ ਦੇ ਰਾਜਾ ਸ਼ੰਕਰਸੈਨ ਦੀ ਖੂਬਸੂਰਤ ਰਾਣੀ ਸ਼ੰਕਰ ਦੇ ਦੀ ਧੀ ਰੁਦ੍ਰਮਤੀ ਦਾ ਰੂਪ ਦੇਖ ਦੇਖ ਦੇਵਤੇ ਦੈਂਤ ਮਨੁੱਖ ਤੇ ਖੜੱਪੇ ਸੱਪ ਮੈਲ੍ਹਣ ਲਗ ਜਾਂਦੇ। ਉੱਥੇ ਇਕ ਖੂਬਸੂਰਤ ਛਬੀਲ ਦਾਸ ਨੂੰ ਦੇਖ ਕੇ ਰਾਜਕੁਮਾਰੀ ਅਪਣੀ ਸੁੱਧ ਬੁੱਧ ਖੋ ਬੈਠੀ। ਉਸ ਨੇ ਅਪਣੀ ਸਹੇਲੀ ਨੂੰ ਮਨ ਦੀ ਗੱਲ ਦੱਸ ਕੇ ਉਸ ਲੜਕੇ ਪਾਸ ਭੇਜਿਆ ਉਹ ਆਇਆ ਤੇ ਫਿਰ :-

*ਅੜਿੱਲ ॥ ਤਬੈ ਛਬੀਲੋ ਛੈਲ ਤਹਾਂ ਚਲਿ ਆਇਯੋ ॥ ਰਮਯੋ ਤਰੁਨ ਬਹੁ ਭਾਂਤਿ ਕੁਅਰਿ ਸੁਖ ਪਾਇਯੋ ॥*
*ਲਪਟਿ ਲਪਟਿ ਤਰ ਜਾਇ ਪਿਯਰਵਹਿ ਭੁਜਨ ਭਰਿ ॥ ਹੋ ਦ੍ਰਿੜ ਆਸਨ ਦੈ ਰਹਯੋ ਨ ਇਤ ਉਤ ਜਾਤਿ ਟਰਿ ॥੬॥*
**(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦)**

ਸਿਆਣਪ ਹੋਏ ਫਿਰ ਜਵਾਨੀ ਅਤੇ ਸੁੰਦਰ ਯਾਰ ਹੋਏ ਅਜਿਹਾ ਮਿਤ੍ਰ ਰਾਤ ਦਿਨ ਹਿਰਦੇ ਵਸਿਆ ਰਹਿੰਦਾ ਹੈ। ਇਕ ਦਿਨ ਮਿਤ੍ਰ ਕਹਿੰਦਾ ਕਿ ਮੈਂ ਤੇਰੇ ਬਾਪ ਤੋਂ ਡਰਦਾ ਹਾਂ। ਜੇਕਰ ਉਸ ਨੇ ਦੇਖ ਲਿਆ ਤਾਂ ਜਿੰਦਾ ਮਾਰ ਦਏਗਾ। ਕੁੜੀ ਕਹਿੰਦੀ ਤੂੰ ਕੀ ਜਾਣੇ ਸਾਡੇ ਚਰਿਤ੍ਰਾਂ ਨੂੰ ਮੈਂ ਬਾਪ ਸਾਮ੍ਹਣੇ ਹੀ ਤੇਰੇ ਨਾਲ ਭੋਗ ਕਰਾਂਗੀ। ਉਸ ਨੇ ਬਾਲਸਫਾ ਮੰਗਾਇਆ ਤੇ ਮਿਤ੍ਰ ਦੇ ਲਗਾ ਕੇ ਸਾਰੇ ਬਾਲ ਸਾਫ ਕਰ ਦਿੱਤੇ। ਹੱਥ ਚ ਤੰਬੂਰਾ ਦੇ ਕੇ ਗਾਉਣ ਵਾਲੀ ਦਾ ਭੇਖ ਧਾਰਣ ਕਰਾ ਦਿੱਤਾ :-

*ਰੋਮਨਾਸਨੀ ਤਾਹਿ ਲਗਾਈ ॥ ਸਕਲ ਸਮਸ ਤਿਹ ਦੂਰਿ ਕਰਾਈ ॥*
*ਕਰ ਮਹਿ ਤਾਂਹਿ ਤੰਬੂਰਾ ਦੀਯਾ ॥ ਗਾਇਨ ਭੇਸ ਸਜਨ ਕੋ ਕੀਯਾ ॥੧੦॥* **(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦)**

ਨੋਟ :- ਖੰਡੇ ਬਾਟੇ ਦੀ ਪਾਹੁਲ (ਅੰਮ੍ਰਿਤ) ਦੇਣ ਸਮੇਂ ਇਹ ਸਖਤੀ ਨਾਲ ਹਦਾਇਤ ਕੀਤੀ ਜਾਂਦੀ ਹੈ ਕਿ ਸਰੀਰ ਦੇ ਕਿਸੇ ਵੀ ਹਿੱਸੇ ਤੋਂ ਰੋਮ ਕੱਟਣੇ ਜਾਂ ਪੁੱਟਣੇ ਨਹੀਂ (ਰੋਮਾਂ ਦੀ ਬੇਅਦਬੀ ਨਹੀਂ ਕਰਨੀ) ਇੱਥੇ ਇਹ ਸਿੱਖਿਆ ਦਿੱਤੀ ਗਈ ਹੈ ਕਿ ਬਾਲਸਫਾ ਲਗਾ ਕੇ ਬਾਲ (ਕੇਸ) ਸਾਫ ਕਰ ਲੈਣੇ ਚਾਹੀਦੇ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਕੁੱਝ ਹੋਰ ਸੀ ਤੇ ਕਰਦੇ ਕੁੱਝ ਹੋਰ ? ਜੇ ਨਹੀਂ ਤਾਂ ਫਿਰ ਇਸ ਲੱਚਰ ਸਹਿਤ ਨੂੰ ਲਿਖਣ ਤੇ ਲਿਖਵਾਉਣ ਵਾਲਿਆਂ ਨੂੰ ਨੰਗਾ ਕੌਣ ਕਰੇਗਾ ? ਅਕਾਲ ਤਖ਼ਤ ਤੋਂ ਜਾਰੀ ਕੀਤੀ ਰਹਿਤ ਮਰਿਯਾਦਾ ਦਾ ਕੀ ਬਣੇਗਾ ? ਕੀ ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਅਸੀਂ ਗੁਰੂ ਜੀ ਦਾ ਅਪਮਾਨ ਨਹੀਂ ਕਰ ਰਹੇ ? ਸਿੱਖ ਧੀਆਂ ਸਿੱਖਾਂ ਨਾਲ ਸ਼ਾਦੀ ਕਰਨ ਤੋਂ ਬਾਗੀ ਕਿਉਂ ਹੋ ਰਹੀਆਂ ਹਨ ? ਕਿਤੇ ਇਸ ਪਿੱਛੇ ਅਜਿਹੇ ਹੀ ਲਿਟਰੇਚਰ ਦਾ ਪ੍ਰਚਾਰ ਹੋਣਾ ਤਾਂ ਨਹੀਂ ? ਜੇਕਰ ਕੱਲ ਨੂੰ ਪੁਜਾਰੀਆਂ ਦੇ ਬਸਤ੍ਰ ਲੁਹਾ ਕੇ ਨੌਜੁਆਨ ਪੀੜ੍ਹੀ ਨੇ ਰੋਮਾਂ ਦੀ ਛਾਣਬੀਣ ਸੁਰੂ ਕਰਤੀ ਤਾਂ ਸ਼ਰਮਿੰਦੇ ਨਹੀਂ ਹੋਣਾ। ਪਰ ਸੱਚ ਸ਼ਰਮ ਤਾਂ ਪੱਲੇ ਹੈ ਈ ਨੀ ਇਸੇ ਲਈ ਤਾਂ ਦਸਮ ਗ੍ਰੰਥ ਦੇ ਅੱਗੇ ਘੀਸੀਆਂ ਕਰਦੇ ਹਨ ਤੇ ਗੰਦੀ ਕਾਵਿ ਰਚਨਾ ਨੂੰ ਗੁਰਬਾਣੀ ਦੱਸਦੇ ਹਨ।

ਜਦ ਬਾਪ ਬੈਠਿਆ ਤਾਂ ਮਿਤ੍ਰ ਨੂੰ ਬੁਲਾ ਕੇ ਚੰਗੇ ਚੰਗੇ ਗਾਣੇ ਗਵਾਏ। ਰਾਜਾ ਖੁਸ਼ ਹੋ ਗਿਆ ਕਹਿੰਦਾ ਇਹ ਬੜੀ ਚੰਗੀ ਗਾਣ ਵਾਲੀ ਹੈ। ਕੁੜੀ ਕਹਿੰਦੀ ਕਿ ਤੂੰ ਪੁਰਖ ਦਾ ਭੇਖ ਧਾਰ ਕੇ ਹਰ ਰੋਜ ਇਥੇ ਆ ਕੇ ਗੀਤ ਗਾਉਣੇ। ਇਹ ਸੁਣ ਕੇ ਉਸ ਨੇ ਮੁੜ ਪੁਰਖ ਦਾ ਭੇਖ ਧਾਰਣ ਕੀਤਾ। ਪੂਰਬ ਦਿਸ਼ਾ ਚ ਚੰਨ ਚੜ੍ਹਿਆ। ਲੋਕ ਆਖਣ ਇਹ ਓਹੀ ਗਾਉਣ ਵਾਲੀ ਹੈ ਜਿਸ ਨੇ ਪੁਰਖ ਦਾ ਭੇਖ ਧਾਰਣ ਕੀਤਾ ਹੈ। ਓਹ ਹਰ ਰੋਜ ਆਉਂਦਾ ਤੇ ਕਲੋਲਾਂ ਕਰਦਾ :-

*ਅੜਿੱਲ ॥ ਮਿੱਤ੍ਰ ਪੁਰਖ ਕੌ ਭੇਸ ਧਰੇ ਨਿਤ ਆਵਈ ॥ ਆਨ ਕੁਅਰਿ ਸੌ ਕਾਮ ਕਲੋਲ ਕਮਾਵਈ ॥*
*ਕੋਊ ਨ ਤਾਕਹ ਰੋਕਤ ਗਾਇਨ ਜਾਨਿਕੈ ॥ ਹੋ ਤ੍ਰਿਯ ਚਰਿੱਤ੍ਰ ਕਹ ਮੂੜ੍ਹ ਨ ਸਕਹਿ ਪਛਾਨਿਕੈ ॥੧੪॥*
**(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੦-੨੧)**

ਸ਼ੰਕਰ ਦੇਵ ਸੋਚਦਾ ਕਿ ਇਹ ਉਸ ਦੀ ਧੀ ਲਈ ਗਾਉਣ ਵਾਲੀ ਹੈ। ਓਹ ਬੜੀ ਸਿਆਣਪ ਨਾਲ ਨਸ਼ਾ ਖਾਂਦੀ। ਕਿੱਥੇ ਗਏ ਓਹ ਜੋ ਅਪਣੇ ਆਪ ਨੂੰ ਚਤੁਰ ਕਹਾਉਂਦੇ ਸਨ ਮੂਰਖ ਕਦੇ ਭੁਲ ਕੇ ਵੀ ਭਾਂਗ (ਭੰਗ) ਨਾ ਖਾਂਦੇ। ਜੇਕਰ ਅਮਲੀ ਹੁੰਦੇ ਤਾਂ ਖਤਾ ਨਾ ਖਾਂਦੇ ਤੇ ਦੂਜਿਆ ਨੂੰ ਲੁੱਟ ਕੇ ਖਾ ਜਾਂਦੇ :-

*ਚੌਪਈ ॥ ਸ਼ੰਕਰ ਦੇਵ ਨ ਤਾਹਿ ਪਛਾਨੈ ॥ ਦੁਹਿਤਾ ਕੀ ਗਾਇਨ ਤਿਹ ਮਾਨੈ ॥*
*ਅਤਿ ਸਯਾਨਪ ਤੇ ਕੈਫਨ ਖਾਵੈ ॥ ਮਹਾਂ ਮੂੜ ਨਿਤਿ ਮੂੰਡ ਮੁੰਡਾਵੈ ॥੧੬॥*
*ਕਹਾ ਭਯੋ ਜੋ ਚਤੁਰ ਕਹਾਇਸਿ ॥ ਭੂਲਿ ਭਾਂਗ ਭੋਦੂ ਨ ਚੜ੍ਹਾਇਸਿ ॥*
*ਅਮਲੀ ਭਲੋ ਖਤਾ ਜੁ ਨ ਖਾਵੈ ॥ ਮੂੰਡ ਮੂੰਡ ਸੋਫਿਨ ਕੋ ਜਾਵੈ ॥੧੭॥* **(ਦੋਇ ਸੌ ਛਿਹਤਰਿ ਚਰਿਤ੍ਰ ਪੰਨਾ ੧੨੨੧)**

ਨੋਟ :- ਰੋਮਾਂ ਦੀ ਬੇਅਦਬੀ ਤੋਂ ਬਾਦ ਨਸ਼ਾ ਕਰਨਾ ਦੂਜੀ ਵੱਡੀ ਕੁਰੈਹਿਤ ਹੈ। ਧਰਮ ਦੇ ਦੋਖੀਆਂ ਨੇ ਸਿੱਖ ਫਲਸਫਾ ਦੇ ਇਨ੍ਹਾਂ ਦੋਨੋ ਹੀ ਵੱਡੇ ਸਿਧਾਂਤਾਂ ਨੂੰ ਮਿੱਟੀ ਚ ਰੋਲਣ ਦੀ ਦਲੇਰੀ ਕੀਤੀ ਹੈ। ਪਹਿਲਾਂ ਉਸ ਨੇ ਬਾਲ ਸਾਫ ਕਰਾਏ ਤੇ ਫਿਰ ਨਸ਼ਾ। ਸਿੱਖ ਧਰਮ ਨੂੰ ਮੰਨਣ ਵਾਲਾ ਨਾ ਤਾਂ ਰੋਮਾਂ ਦੀ ਬੇਅਦਬੀ ਕਰਦਾ ਹੈ ਤੇ ਨਾ ਹੀ ਨਸ਼ਾ। ਕਾਵਿ ਰਚਨਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਹੈ ਕਿ ਬਾਲਸਫੇ ਨਾਲ ਬਾਲ ਸਾਫ ਕਰ ਕੇ ਫਿਰ

ਭਾਰੀ ਨਸ਼ੇ ਕਰੋ ਤੇ ਔਰਤਾਂ ਭੋਗੋ । ਅੰਮ੍ਰਿਤ ਦੀ ਦਾਤ ਸਮੇਂ ਸਿਖਾਏ ਚੰਗੇ ਗੁਣ ਕਿ ਪਰਾਈ ਇਸਤ੍ਰੀ ਦਾ ਸੰਗ ਨਹੀਂ ਕਰਨਾ ਰੋਮਾਂ ਦੀ ਬੇਅਦਬੀ ਨਹੀਂ ਕਰਨੀ ਅਤੇ ਨਸ਼ਾ ਨਹੀਂ ਖਾਣਾ। ਸਭ ਤੇ ਪਾਣੀ ਫੇਰ ਦਿੱਤਾ ਹੈ। ਇਸ ਦੇ ਜੁੰਮੇਵਾਰ ਓਹ ਨਹੀਂ ਜਿਸ ਨੇ ਇਹ ਕਾਵਿ ਰਚਨਾਵਾਂ ਲਿਖੀਆਂ ਹਨ ਇਸ ਦੇ ਜੁੰਮੇਵਾਰ ਤੇ ਦੋਸ਼ੀ ਅਸੀਂ ਸਭ ਹਾਂ ਜਿਨ੍ਹਾਂ ਨੇ ਇਸ ਗੰਦੀ ਕਿਤਾਬ ਨੂੰ ਧਾਰਮਿਕ ਗ੍ਰੰਥ ਦਾ ਰੁਤਬਾ ਦਿੱਤਾ-ਪੂਜਾ ਕੀਤੀ-ਸਿਜਦੇ ਕੀਤੇ-ਪਾਤਸ਼ਾਹੀ ੧੦ ਲਿਖਿਆ ਤੇ ਫਿਰ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ । ਇਹ ਲੋਕ ਸਿੱਖ ਨਹੀਂ ਹਨ ਇਨ੍ਹਾਂ ਨੂੰ ਬੇਸ਼ਰਮ ਤੇ ਬੇਹਯਾ ਆਖ ਸਕਦੇ ਹਾਂ । ਇਹ ਲੋਕ ਜਿਸ ਥਾਲੀ ਚ ਖਾ ਰਹੇ ਹਨ ਉਸੇ ਚ ਹੀ ਮਘੋਰੇ ਕਰੀਂ ਜਾਂਦੇ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਕੇ ਵੀ ਮਹਾਂ ਪਵਿਤ੍ਰ ਤੇ ਉਜਲੇ ਪੁਰਖ ਬਣੀ ਫਿਰਦੇ ਹਨ ।

ਪਾਤਰ : ਰੂਪ ਮਤੀ ਤੇ ਸੌਕਣ ਸ਼ਹਿਰ : ਮੁਰਾਦਾਬਾਦ (ਦੋਇ ਸੌ ਸਤਹਤਰਿ ਚਰਿਤ੍ਰ ਪੰਨਾ ੧੨੨੧-੨੨)

**ਸੌਕਣ ਦਾ ਕਤਲ ਕਰੋ ਤੇ ਮਿਤ੍ਰ ਸੰਗ ਰੰਗ ਰਲੀਆ ਮਨਾਓ :**

ਸ਼ਹਿਰ ਮੁਰਾਦਾਬਾਦ ਦੇ ਇਕ ਮੁਗਲ ਦੀ ਔਰਤ ਰੂਪ ਮਤੀ ਚੰਦ ਵਰਗੀ ਸੋਹਣੀ । ਓਹਦੀ ਇਕ ਹੋਰ ਔਰਤ ਇਹ ਖ਼ਸਮ ਨੂੰ ਪਿਆਰੀ ਨਹੀਂ ਇਸ ਕਰਕੇ ਉਸ ਦੇ ਦਿਲ ਚ ਰੋਸ ਜਾਗਿਆ ਤੇ ਕਿਸੇ ਗੈਰ ਮਰਦ ਨਾਲ ਯਾਰੀ ਗੰਢ ਲਈ। ਇਹ ਓਹਦੀ ਸੌਕਣ ਦੀ ਹਮ ਸ਼ਕਲ ਦਾ ਸੀ ਇਕ ਦਿਨ ਔਰਤ ਨੇ ਯਾਰ ਨੂੰ ਘਰ ਬੁਲਾਇਆ-ਸਰੀਰਕ ਨਿੱਘ ਲਿਆ ਤੇ ਸੌਕਣ ਦਾ ਕਤਲ ਕਰ ਦਿੱਤਾ । ਮੁਗਲ ਨੂੰ ਜਾ ਕੇ ਕਹਿੰਦੀ ਕਿ ਖਸਮਾ ਇਕ ਅਚੰਭਾ ਹੋ ਗਿਆ ਐ-ਤੇਰੀ ਨਾਰ ਪੁਰਖ ਬਣ ਗਈ ਐ-ਨਾ ਕਦੇ ਐਦਾਂ ਹੋਇਆ ਤੇ ਨਾ ਹੋਊ ।

*ਚੌਪਈ ॥ ਤ੍ਰਿਯ ਇਕ ਦਿਨ ਤਿਹ ਧਾਮ ਬੁਲਾਇਸਿ ॥ ਕਾਮ ਕੇਲ ਤਿਹ ਸੰਗ ਕਮਾਇਸਿ ॥*
*ਸਵਤਿਹ ਫਾਸਿ ਡਾਰਿ ਗਰ ਮਾਰਯੋ ॥ ਜਾਇ ਮੁਗਲ ਤਨ ਐਸ ਉਚਾਰਯੋ ॥੪॥*
*ਅਦਭੁਤ ਬਾਤ ਨਾਥ ਇਕ ਭਈ ॥ ਤੁਮਰੀ ਨਾਰ ਪੁਰਖੁ ਹ੍ਵੈ ਗਈ ॥*
*ਐਸੀ ਬਾਤ ਸੁਨੀ ਨਹਿ ਹੇਰੀ ॥ ਜੋ ਗਤਿ ਭਈ ਨਾਰਿ ਕੀ ਤੇਰੀ ॥੫॥* (ਦੋਇ ਸੌ ਸਤਹਤਰਿ ਚਰਿਤ੍ਰ ਪੰਨਾ ੧੨੨੧)

ਇਹ ਸੁਣ ਕੇ ਮੂਰਖ ਚਕ੍ਰਿਤ ਰਹਿ ਗਿਆ ਤੇ ਉੱਠ ਕੇ ਆਪ ਦੇਖਣ ਗਿਆ-ਓਹਦੇ ਲਿੰਗ ਲੱਗਾ ਦੇਖਿਆ-ਤਾਂ ਕੀ ਹੋਇਆ ਜੇ ਮੈਨੂੰ ਔਰਤ ਕਹਿ ਦਿੱਤਾ :-

*ਸੁਨਿ ਏ ਬਚਨ ਚਕ੍ਰਿਤ ਜੜ੍ਹ ਭਯੋ ॥ ਉਠਿ ਤਿਹ ਆਪੁ ਬਿਲੋਕਨ ਗਯੋ ॥*
*ਤਾਕੇ ਲਿੰਗ ਛੋਰਿ ਜੌ ਲਹਾ ॥ ਕਹਯੋ ਭਯੋ ਜੋ ਮੁਹਿ ਤ੍ਰਿਯ ਕਹਾ ॥੬॥* (ਦੋਇ ਸੌ ਸਤਹਤਰਿ ਚਰਿਤ੍ਰ ਪੰਨਾ ੧੨੨੧)

ਮਨ ਚ ਬੜੀ ਚਿੰਤਾ ਕੀਤੀ ਤੇ ਗਹਿਰੇ ਸ਼ੋਕ ਚ ਡੁੱਬ ਗਿਆ ਕਹਿੰਦਾ ਹੇ ਅੱਲਾ ਇਹ ਤੂੰ ਕੀ ਕੀਤਾ ਔਰਤ ਤੋਂ ਮਰਦ ਬਣਾ ਤਾ । ਇਹ ਔਰਤ ਮੈਨੂੰ ਬੜੀ ਪਿਆਰੀ ਸੀ ਜੋ ਤੂੰ ਮਰਦ ਬਣਾ ਤੀ । ਹੁਣ ਮੈਂ ਦੂਸਰੀ ਨਾਰ ਵੀ ਏਹਨੂੰ ਦੇਉਂ ਤੇ ਕਿਸੇ ਨੂੰ ਭਾਫ਼ ਨਹੀਂ ਕੱਢੂੰਗਾ । ਬਸ ਐਦਾਂ ਈ ਕੀਤਾ ਅਪਣੀ ਪਹਿਲੀ ਔਰਤ ਉਸ ਨੂੰ ਦੇ ਦਿੱਤੀ ।

ਨੋਟ :- ਇਹ ਕਾਵਿ ਰਚਨਾਂ ਔਰਤ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਅਪਣੀ ਸੌਕਣ ਦਾ ਕਤਲ ਕਰ ਕੇ ਰਾਹ ਸਾਫ ਕਰਨਾ ਹੈ ਅਤੇ ਕਿਵੇਂ ਮਿਤ੍ਰ ਨਾਲ ਰੰਗ ਰਲੀਆਂ ਮਨਾਣੀਆਂ ਹਨ। ਸਿੱਖ ਧਰਮ ਦੇ ਵੱਡੇ ਵੱਡੇ ਪੁਜਾਰੀ ਇਸ ਨੂੰ ਗੁਰਬਾਣੀ ਆਖਦੇ ਹਨ। ਲਗਦੈ ਕਾਮ ਸਾਸਤ੍ਰ ਤੇ ਗੁਰਬਾਣੀ ਦਾ ਜਾਪ ਇਕੋ ਜ਼ੁਬਾਨ ਤੇ ਇਕੋ ਸਾਹ ਇਹ ਲੋਕ ਕਰਦੇ ਹਨ ਤਦੇ ਉਨ੍ਹਾਂ ਨੂੰ ਪਤਾ-ਈ-ਨੀ ਚਲਦਾ ਬਈ ਗੁਰਬਾਣੀ ਕਿਹੜੀ ਐ ਤੇ ਕਾਮ ਸਾਸਤ੍ਰ ਕਿਹੜਾ ।

ਸ਼ਹਿਰ : ਜਹਾਨਾਬਾਦ (ਦੋਇ ਸੌ ਅਠਹਤਰਿ ਚਰਿਤ੍ਰ ਪੰਨਾ ੧੨੨੨)

ਪਾਤਰ : ਸ਼ਾਹਿਜਹਾਂ (ਰਾਜਾ), ਰਾਇ ਰੋਸ਼ਨਾ (ਦੁਹਿਤਾ), ਔਰੰਗਸ਼ਾਹ (ਪਾਤਿਸ਼ਾਹ) ਤੇ ਸੈਫਦੀਨ :

ਸ਼ਹਿਰ ਜਹਾਨਾਬਾਦ ਵਿੱਚ ਸ਼ਾਹਿਜਹਾਂ ਦੀ ਧੀ ਰਾਇ ਰੋਸ਼ਨਾ ਬੜੀ ਹੀ ਖ਼ੂਬਸੂਰਤ । ਜਦ ਸ਼ਾਹਿਜਹਾਂ ਮਰ ਗਿਆ ਅਤੇ ਔਰੰਗਸ਼ਾਹ ਰਾਜਾ ਬਣਿਆ ਤਾਂ ਰੋਸ਼ਨਰਾਇ (ਰੋਸ਼ਨਆਰਾ) ਦਾ ਯਾਰਾਨਾ ਸੈਫਦੀਨ ਨਾਲ ਹੋ ਗਿਆ ਤੇ ਉਸ ਨੂੰ ਅਪਣਾ ਪੀਰ ਆਖ ਦਿੱਤਾ। ਰੋਸ਼ਨ ਰਾਇ ਰੋਜ ਉਸ ਨਾਲ ਕਾਮ ਭੋਗ ਕਰਦੀ ।

*ਤਾਕੇ ਸੰਗ ਰੋਸ਼ਨਾ ਰਾਈ ॥ ਬਿਬਿਧ ਬਿਧਨ ਤਨ ਪ੍ਰੀਤੁ ਪਜਾਈ ॥*
*ਕਾਮ ਭੋਗ ਤਿਹ ਸੰਗ ਕਮਾਯੋ ॥ ਤਾਹਿ ਪੀਰ ਅਪਨੋ ਠਹਿਰਾਯੋ ॥੩॥* (ਦੋਇ ਸੌ ਅਠਹਤਰਿ ਚਰਿਤ੍ਰ ਪੰਨਾ ੧੨੨੨)

ਔਰੰਗਸ਼ਾਹ ਇਸ ਭੇਦ ਨੂੰ ਨਾ ਜਾਣ ਸਕਿਆ ਓਹ ਵੀ ਉਸ ਨੂੰ ਰੋਸ਼ਨਾ ਦਾ ਪੀਰ ਹੀ ਸਮਝਦਾ ਰਿਹਾ। ਇਕ ਦਿਨ ਪੀਰ ਅਪਣੇ ਘਰ ਚਲੇ ਗਿਆ ਪਰ ਜਲਦੀ ਨਾ ਮੁੜਿਆ । ਅਪਣੇ ਆਪ ਨੂੰ ਰੋਗਣ ਦੱਸ ਕੇ ਉਹ ਸਾਂਢਣੀ ਤੇ ਬੈਠ ਕੇ ਪੀਰ ਦੇ ਘਰ ਜਾ ਪਹੁੰਚੀ । ਬਹੁਤ ਦਿਨ ਉਸ ਪਾਸ ਰਹਿਣ ਤੋਂ ਬਾਦ ਮੁੜ ਦਿੱਲੀ ਪਰਤ ਆਈ ਤੇ ਆਖ ਦਿੱਤਾ ਮੇਰਾ ਰੋਗ ਕੱਟਿਆ ਗਿਆ ਹੈ। ਬੈਦ ਨੂੰ ਭਾਰੀ ਇਨਾਮ ਦੁਆਇਆ ਪਰ ਔਰੰਗ ਨੂੰ ਭੇਦ ਨਾ ਚਲਿਆ ।

ਨੋਟ :- ਇਸ ਕਾਵਿ ਰਚਨਾਂ ਦਾ ਸਿੱਖ ਧਰਮ ਨਾਲ ਕੀ ਸਬੰਧ ? ਰਚਨਾਂ ਤੇ ਪਾਤਸ਼ਾਹੀ ੧੦ ਲਿਖ ਕੇ ਕੀ ਸਿੱਧ ਕਰਨਾ ਚਾਹੁੰਦੇ ਹਨ ਸਾਡੇ ਪੁਜਾਰੀ ਤੇ ਸੰਤ ਸਾਧ ? ਕਿ ਗੁਰੂ ਜੀ ਇਕ ਆਮ ਮਨੁੱਖ ਤੋਂ ਵੀ ਹੇਠਲੀ ਪੱਧਰ ਦੇ ਸਨ ? ਸੰਤਾਂ ਸਾਧਾਂ ਦੀ ਕਾਮਰੇਡਾਂ ਦੀ ਤਰ੍ਹਾਂ ਬਣੀ ਯੂਨੀਅਨ ਦੇ ਸਮੂਹ ਮੈਂਬਰਾਂ ਨੇ ਹਿੱਕ ਠੋਕ ਕੇ ਗੱਜ ਬੱਜ ਕੇ ਇਸ ਦੀ ਪ੍ਰੋੜਤਾ ਕੀਤੀ ਤੇ ਜੈਕਾਰੇ ਛੱਡੇ ਬਈ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ । ਗੁਰੂ ਗ੍ਰੰਥ ਸਾਹਿਬ ਜੀ ਆਖਦੇ ਹਨ ਕਿ ਜਿਹੜੇ ਅਕਲੋਂ ਅੰਨ੍ਹੇ ਹੋਣ ਉਨ੍ਹਾਂ ਬਾਰੇ ਕੀ ਕਿਹਾ ਜਾਏ ? ਉਨ੍ਹਾਂ ਕਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ ਕੀਤੇ-ਈ-ਨੀ ਤੇ ਨਾ ਹੀ ਪੜ੍ਹਿਆ ਅਤੇ ਘੋਖਿਆ ਹੈ । ਦਸਮ ਗ੍ਰੰਥ ਪੜ੍ਹ ਪੜ੍ਹ ਕੇ ਉਨ੍ਹਾਂ ਨੂੰ ਚੋਰਾਸੀ ਆਸਣ ਲਪਟਿ ਲਪਟਿ-ਚਿਮਟਿ ਚਿਮਟਿ ਕੇ ਭੋਗ ਕ੍ਰਿਯਾ ਹੀ ਗੁਰਬਾਣੀ ਲੱਗਦੀ ਐ ਤਦੇ ਤਾਂ ਵੱਡੀਆਂ ਰਕਮਾਂ ਬਟੋਰ ਕੇ ਇਸ ਦੇ ਅਖੰਡ ਪਾਠ ਤੇ ਸਹਿਜ ਪਾਠ ਕਰਦੇ ਹਨ । ਜਿਹੜੇ ਇਸ ਦਾ ਅਖੰਡ ਪਾਠ ਕਰਾਉਂਦੇ ਹਨ ਓਹ ਵੀ ਇਨ੍ਹਾਂ ਵਰਗੇ

ਹੀ ਹਮਾਮ ਚ ਨੰਗੇ ਹਨ। ਖ਼ਬਰਦਾਰ ਬਾ ਹੋਸ਼ਿਆਰ-ਜਾਗਦੇ ਰਹਿਓ ।

ਨਗਰ : ਪ੍ਰੇਮਾਵਤੀ (ਦੋਇ ਸੌ ਉਨਾਸੀ ਚਰਿਤ੍ਰ ਪੰਨਾ ੧੨੨੨-੨੩)

## ਪੁੱਤ ਜੰਮਣ ਦਾ ਵਲ ਸਿੱਖੋ

ਪਾਤਰ : ਪ੍ਰੇਮ ਸੈਨ (ਨ੍ਰਿਪਤਿ), ਪ੍ਰੇਮ ਮੰਜਰੀ (ਦਾਰਾ) ਤੇ ਸ਼ਾਹੁ ਸੁਤ

ਪ੍ਰੇਮਾਵਤੀ ਨਗਰ ਦੇ ਰਾਜੇ ਦੀ ਖ਼ੂਬਸੂਰਤ ਰਾਣੀ ਪ੍ਰੇਮ ਮੰਜਰੀ ਇਕ ਛੈਲ ਛਬੀਲੇ ਸ਼ਾਹ ਦੇ ਪੁੱਤ ਨੂੰ ਦੇਖ ਕੇ ਲੱਟੂ ਹੋ ਗਈ । ਉਹ ਨੇ ਸੋਚਿਆ ਕਿ ਜਾਂ ਤਾਂ ਮੈਂ ਇਸ ਨਾਲ ਭੋਗ ਕਮਾਵਾਂਗੀ ਜਾਂ ਫਿਰ ਜੋਗਣ ਬਣ ਜਾਵਾਂਗੀ । ਉਸ ਨੇ ਚਿੱਤ ਦੀ ਗੱਲ ਸਮਝਾ ਕੇ ਸਖੀ ਨੂੰ ਉਸ ਪਾਸ ਭੇਜਿਆ ਤੇ ਫਿਰ :-

*ਆਤੁਰ ਕੁਅਰ ਤਾਹਿ ਲਪਟਾਈ ॥ ਬਹੁ ਬਿਧਿ ਭਜਯੋ ਮਿੱਤ੍ਰ ਸੁਖਦਾਈ ॥*
*ਚਤੁਰ ਪਹਰ ਰਜਨੀ ਰਤਿ ਮਾਨੀ ॥ ਕਰਤ ਕਾਮ ਕੀ ਕੇਲ ਕਹਾਨੀ ॥੫॥*

(ਦੋਇ ਸੌ ਉਨਾਸੀ ਚਰਿਤ੍ਰ ਪੰਨਾ ੧੨੨੩)

ਉਸ ਨਾਲ ਰੰਗ ਰਲੀਆਂ ਮਨਾਣ ਤੋਂ ਬਾਦ ਖ਼ੁਦ ਚੱਲ ਕੇ ਰਾਜੇ ਪਾਸ ਗਈ-ਸੀਸ ਝੁਕਾਇਆ-ਕਹਿੰਦੀ ਮੈਨੂੰ ਸੁਪਨੇ ਚ ਰੁਦ੍ (ਸਿਵ) ਨੇ ਜਗਾਇਆ ਕਹਿੰਦਾ ਕਿ ਤੂੰ (ਰਾਜਾ) ਅੱਠ ਸਾਲ ਮੇਰੇ ਨਾਲ ਮੇਰੇ ਘਰ ਰਾਤ ਦਿਨ ਅੱਖਾਂ ਤੇ ਪੱਟੀ ਬੰਨ ਕੇ ਸੋਵੇ ਇਉਂ ਤੇਰੇ ਘਰ ਪੁੱਤ ਜੰਮੇਂਗਾ ਤੇ ਸਾਰੇ ਦੁਖ ਕਲੇਸ ਕੱਟੇ ਜਾਣਗੇ । ਸ਼ਿਵ ਕਹਿੰਦਾ ਕਿ ਤੇਰੇ ਘਰ ਬੇਅੰਤ ਧੰਨ ਦੇ ਭੰਡਾਰ ਭਰ ਜਾਣਗੇ। ਰਾਜੇ ਉਵੇਂ ਹੀ ਕੀਤਾ ਜਿਵੇਂ ਰਾਣੀ ਕਿਹਾ ਤੇ ਅੱਠ ਸਾਲ ਉਹ ਰਾਣੀ ਨਾਲ ਰਾਤ ਦਿਨ ਅੱਖਾਂ ਤੇ ਪੱਟੀ ਬੰਨ੍ਹ ਕੇ ਸੁੱਤਾ। ਓਧਰ ਰਾਣੀ ਨੂੰ ਜਿਹੜਾ ਪੁਰਖ ਚੰਗਾ ਲਗਦਾ ਉਸੇ ਨਾਲ ਕਲੋਲਾਂ ਕਰਦੀ :-

*ਆਂਖੈ ਬਾਂਧਿ ਤਹਾਂ ਨ੍ਰਿਪ ਸੋਵੈ ॥ ਆਵਤ ਜਾਤ ਨ ਕਾਹੂ ਜੋਵੈ ॥*
*ਉਤ ਰਾਨੀ ਕਹ ਜੋ ਨਰ ਭਾਵੈ ॥ ਤਾਂਹਿ ਤੁਰਤ ਗ੍ਰਿਹਿ ਬੋਲਿ ਪਠਾਵੈ ॥੧੧॥*
*ਬਹੁ ਬਿਧਿ ਕਰੈ ਕੇਲ ਸੰਗ ਤਾਕੇ ॥ ਜੋ ਨਰ ਰੁਚੈ ਚਿੱਤ ਤ੍ਰਿਯ ਵਾਕੇ ॥*
*ਬਾਤ ਕਰਤ ਪਤਿ ਸੋ ਇਤ ਜਾਵੈ ॥ ਉੈਤੈ ਜਾਰ ਤਰ ਪਰੀ ਠੁਕਾਵੈ ॥੧੨॥*
*ਜੋ ਤ੍ਰਿਯ ਚਹੈ ਵਹੈ ਤਹ ਆਵੈ ॥ ਖੈਂਚਿ ਤਰੁਨਿ ਤਰੁ ਐਂਚਿ ਬਜਾਵੈ ॥*
*ਬਹੁ ਨਰ ਜਾਸੌ ਭੋਗ ਕਮਾਹੀ ॥ ਏਕੋ ਪੂਤ ਹੋਇ ਗ੍ਰਿਹ ਨਾਹੀ ॥੧੩॥*

(ਦੋਇ ਸੌ ਉਨਾਸੀ ਚਰਿਤ੍ਰ ਪੰਨਾ ੧੨੨੩)

ਅਨੇਕਾਂ ਮਰਦਾਂ ਨਾਲ ਸੇਜ ਸਾਂਝ ਕਰਨ ਤੋਂ ਬਾਦ ਬੜੀ ਦੇਰ ਬਾਦ ਇਕ ਪੁੱਤ ਜੰਮਿਆ। ਰਾਜੇ ਨੇ ਦਿਲ ਚ ਰਾਣੀ ਨੂੰ ਸੱਚ ਜਾਣਿਆ :-

*ਕਿਤਕ ਦਿਨਨ ਮਹਿ ਸੁਤ ਇਕ ਜਾਯੋ ॥ ਨ੍ਰਿਪ ਕੋ ਸਾਚ ਹਿਯੇ ਮਹਿ ਆਯੋ ॥*
*ਆਗੈ ਜੋ ਤ੍ਰਿਯ ਕਹੈ ਸੁ ਮਾਨੈ॥ ਭੇਦ ਅਭੇਦ ਨ ਮੂੜ੍ਹ ਪਛਾਨੈ॥੧੪॥* (ਦੋਇ ਸੌ ਉਨਾਸੀ ਚਰਿਤ੍ਰ ਪੰਨਾ ੧੨੨੩)

ਨੋਟ :- ਗੁਰੂ ਨਾਨਕ ਦਾ ਧਰਮ ਪਰਾਏ ਮਰਦ ਜਾਂ ਇਸਤ੍ਰੀ ਨਾਲ ਸਰੀਰਕ ਸਬੰਧਾਂ ਨੂੰ ਚੰਗਾ ਨਹੀਂ ਸਮਝਦਾ । ਖੰਡੇ ਬਾਟੇ ਦੀ ਪਹੁਲ ਸਮੇਂ ਸਖਤੀ ਨਾਲ ਇਸ ਤੇ ਪਹਿਰਾ ਦੇਣ ਲਈ ਕਿਹਾ ਜਾਂਦਾ ਹੈ । ਉਲੰਘਣਾ ਕਰਨ ਤੇ ਉਹ ਸਿੱਖ ਧਰਮ ਦਾ ਮੈਂਬਰ ਨਹੀਂ ਰਹਿੰਦਾ। ਜਿਸ ਗੁਰੂ ਨੇ ਪਹੁਲ ਦੇਣ ਸਮੇਂ ਬਜ਼ਰ ਕੁਰੈਹਿਤਾਂ ਤੇ ਰਹਿਤਾਂ ਗੁਰ ਸਿੱਖਾਂ ਨੂੰ ਦ੍ਰਿੜ ਕਰਾਈਆਂ ਓਹ ਗੁਰੂ ਖ਼ੁਦ ਅਜਿਹੀ ਕਾਵਿ ਰਚਨਾ ਰਚ ਕੇ ਇਹ ਉਪਦੇਸ ਨਹੀਂ ਦੇ ਸਕਦਾ ਕਿ ਜੇਕਰ ਔਲਾਦ ਨਾ ਹੁੰਦੀ ਹੋਏ ਤਾਂ ਅਪਣੇ ਸਰੀਰ ਨੂੰ ਗੈਰ ਮਰਦਾਂ ਹੇਠਾਂ ਸੁੱਟ ਕੇ ਬੱਚੇ ਪੈਦਾ ਕਰ ਲਓ। ਸਾਡੇ ਧਰਮ ਅੰਦਰ ਅਪਣੇ ਆਪ ਨੂੰ ਸੰਤ ਸਾਧ ਤੇ ਬ੍ਰਹਮਗਿਆਨੀ ਅਖਵਾਉਣ ਵਾਲੇ ਅਨੇਕਾਂ ਹੀ ਅਪਣੇ ਅਪਣੇ ਡੇਰਿਆਂ ਚ ਇਸ ਸਿੱਖਿਆ ਤੇ ਖ਼ੂਬ ਅਮਲ ਕਰਦੇ ਹਨ। ਉਨ੍ਹਾਂ ਕੋਲ ਅਨੇਕਾਂ ਹੀ ਟਰੇਂਡ ਚੇਲੀਆਂ ਹਨ ਜੋ ਸ਼ਰੀਫ ਕੁੜੀਆਂ ਨੂੰ ਵਰਗਲਾ ਕੇ ਇਨ੍ਹਾਂ ਬਘਿਆੜਾਂ ਦੀ ਹਵਸ਼ ਦਾ ਸ਼ਿਕਾਰ ਬਣਾਉਦੀਆਂ ਹਨ ਅਤੇ ਖ਼ੁਦ ਵੀ ਇਸੇ ਵਾਸਨਾ ਦੀ ਚੱਕੀ ਚ ਪੀਹੀਆਂ ਜਾਂਦੀਆਂ ਹਨ । ਕਈ ਕੁੜੀਆਂ ਨਾਲ ਗੈਰ ਮਨੁੱਖੀ ਭੋਗ ਕੀਤਾਂ ਜਾਂਦਾ ਹੈ ਤੇ ਤਸੀਹੇ ਦਿੱਤੇ ਜਾਂਦੇ ਹਨ । ਜੇਕਰ ਗੱਲ ਝੂਠੀ ਲੱਗੇ ਤਾਂ ਗੁੱਸਾ ਖਾਣ ਦੀ ਥਾਂ ਥੋਹੜਾ ਸਮਾਂ ਕੱਢ ਕੇ ਰਾਤੇ ਬਰਾਤੇ ਡੇਰਿਆਂ ਦੀ ਨਿਗਰਾਨੀ ਕਰ ਕੇ ਵੇਖ ਲਓ ਨਿਹਾਲੋ ਨਿਹਾਲ ਹੋ ਜਾਓਗੇ । ਇਹ ਸਭ ਭੇਖੀ ਸਿੱਖ ਧਰਮ ਲਈ ਖ਼ਤਰਾ ਤੇ ਵੱਡਾ ਕਲੰਕ ਹਨ । ਸਿੱਖ ਧਰਮ ਕਿਸੇ ਵੀ ਸਾਧ ਸੰਤ ਜਾਂ ਬ੍ਰਹਮ ਗਿਆਨੀ ਨੂੰ ਕੋਈ ਮਾਨਤਾ ਨਹੀਂ ਸਗੋਂ ਬਨਾਰਸ ਦੇ ਠੱਗ ਕਹਿੰਦਾ ਹੈ । ਅਜਿਹੀਆਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖਣਾ ਜਿੱਥੇ ਗੈਰ ਕਾਨੂੰਨੀ ਹੈ ਉੱਥੇ ਸਿੱਖ ਕੌਮ ਦੇ ਮੂੰਹ ਤੇ ਕਰਾਰੀ ਚਪੇੜ ਮਾਰਨ ਸਮਾਨ ਹੈ ਕਿ ਤੁਸੀਂ ਕਰੈਕਟਰ ਦੀ ਗੱਲ ਕਰਦੇ ਹੋ ਤੁਹਾਡਾ ਗੁਰੂ ਆਹ ਉਪਦੇਸ ਦੇਂਦਾ ਹੈ। ਸਾਡੇ ਬੇਸ਼ਰਮ ਤੇ ਢੀਠ ਪੁਜਾਰੀ ਜਿਨ੍ਹਾਂ ਕਦੇ ਗੁਰਬਾਣੀ ਪੜ੍ਹੀ ਤੇ ਵਿਚਾਰੀ ਹੀ ਨਹੀਂ ਕੇਵਲ ਵੱਡੇ ਰੁਤਬਿਆਂ ਤੇ ਜੱਫੀਆਂ ਮਾਰ ਬੈਠੇ ਹਨ ਇਸ ਨੂੰ ਗੁਰਬਾਣੀ

ਆਖ ਰਹੇ ਹਨ । ਆਪ ਜੀ ਨੇ ਅਪਣੇ ਬਲਵਾਨ ਮਨ ਦੀ ਆਵਾਜ਼ ਨਾਲ ਸੱਚ ਤੇ ਪਹਿਰਾ ਦੇਣਾ । ਮਨ ਦੀ ਆਵਾਜ਼ ਦਬਾਣ ਨਾਲ ਆਤਮਾ ਦੇ ਮਰ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ ਤੇ ਬਿਨਾਂ ਆਤਮਾ ਦੇ ਚਲਦੀ ਫਿਰਦੀ ਲੋਥ ਹੁੰਦਾ ਹੈ । ਗੁਰੂ ਤੁਹਾਨੂੰ ਸੱਚ ਬੋਲਣ ਦੀ ਤਾਕਤ ਦਏ । ਬਾ ਹੋਸਿਆਰ-ਖਬਰਦਾਰ-ਜਾਗਦੇ ਰਹਿਓ !

### ਕਤਲ ਕਰੋ ਤੇ ਮੌਜਾਂ ਲੁੱਟੋ

(ਦੋਇ ਸੌ ਅੱਸੀ ਚਰਿਤ੍ਰ ਪੰਨਾ ੧੨੨੩-੨੪)

ਪਾਤਰ : ਬਿਸ਼ਨ ਚੰਦ (ਨ੍ਰਿਪਤਿ), ਸ੍ਰੀ ਜੁਗਰਾਜ ਮੰਜਰੀ (ਰਾਨੀ) ਤੇ ਸੁਕ੍ਰਿਤ ਨਾਥ (ਜੋਗੀ)

ਬਿਸ਼ਨ ਚੰਦ ਰਾਜੇ ਦੀ ਖੁਬਸੂਰਤ ਰਾਣੀ ਸ੍ਰੀ ਜੁਗਰਾਜ ਮਤੀ ਨੇ ਸੁਕ੍ਰਿਤ ਨਾਥ ਜੋਗੀ ਨੂੰ ਤੱਕਿਆ ਤੇ ਦੀਵਾਨੀ ਹੋ ਗਈ । ਉਸ ਨੇ ਜੋਗੀ ਨੂੰ ਘਰ ਸੱਦਿਆ ਤੇ ਦਿਲ ਖੋਲ੍ਹ ਕੇ ਉਸ ਨਾਲ ਭੋਗ ਕੀਤਾ :-

*ਦੋਹਰਾ ॥ ਕਾਮ ਭੋਗ ਤਾਸੋ ਕਿਯੋ ਹ੍ਰਿਦੈ ਹਰਖ ਉਪਜਾਇ ॥*
*ਪਕਰਿ ਭੁਜਨ ਆਸਨ ਤਰੇਂ ਜਾਤ ਭਈ ਲਪਟਾਇ ॥੩॥* (ਦੋਇ ਸੌ ਅੱਸੀ ਚਰਿਤ੍ਰ ਪੰਨਾ ੧੨੨੪)

ਜੋਗੀ ਨੇ ਰਾਣੀ ਨਾਲ ਭੋਗ ਕਰ ਕੇ ਉਸ ਦਾ ਮਨ ਜਿੱਤ ਲਿਆ :-

*ਚੌਪਈ ॥ ਬਹੁ ਬਿਧਿ ਭੋਗ ਤਾਂਹਿ ਤਿਨ ਕੀਯਾ ॥ ਮੋਹਿ ਹ੍ਰਿਦੈ ਰਾਨੀ ਕੋ ਲਿਯਾ ॥*
*ਤ੍ਰਿਯ ਤਾਸੌ ਅਤਿ ਹਿਤ ਉਪਜਾਯੋ ॥ ਰਾਜਾ ਕਹ ਚਿਤ ਤੇ ਬਿਸਰਾਯੋ ॥੪॥*

(ਦੋਇ ਸੌ ਅੱਸੀ ਚਰਿਤ੍ਰ ਪੰਨਾ ੧੨੨੪)

ਰਾਣੀ ਨੇ ਮਨ ਚ ਸੋਚਿਆ ਕਿ ਰਾਜੇ ਦਾ ਕਤਲ ਕਰ ਕੇ ਰਾਜ ਭਾਗ ਜੋਗੀ ਨੂੰ ਦੇ ਦਿੱਤਾ ਜਾਏ । ਜਦ ਰਾਜਾ ਸੌਂ ਗਿਆ ਤਾਂ ਉਸ ਦਾ ਕਤਲ ਕਰ ਕੇ ਧਰਤੀ ਚ ਗੱਡ ਦਿੱਤਾ ਲੋਕਾਂ ਨੂੰ ਆਖ ਦਿੱਤਾ ਕਿ ਰਾਜਾ ਰਾਜ ਭਾਗ ਜੋਗੀ ਨੂੰ ਦੇ ਕੇ ਆਪ ਜੋਗ ਸਾਧਨਾ ਲਈ ਚਲੇ ਗਿਆ ਹੈ । ਪਰਜਾ ਨੇ ਸੱਤ ਕਰ ਕੇ ਜਾਣਿਆ ਤੇ ਭੇਦ ਨਾ ਪਛਾਣਿਆ ।

ਨੋਟ :- ਇਹ ਉਹ ਸਿੱਖਿਆਵਾਂ ਹਨ ਜੋ ਸਿੱਖ ਧਰਮ ਦੇ ਪੁਜਾਰੀ ਅਤੇ ਸੰਤ ਸਾਧ ਗੁਰੂ ਦੇ ਸਿੱਖਾਂ ਨੂੰ ਦੇ ਰਹੇ ਹਨ ਅਤੇ ਕਈ ਥਾਈਂ ਧੀਂਗੋ ਜੋਰੀ ਇਸ ਅੱਗੇ ਡੰਡਾਉਤਾਂ ਵੀ ਕਰਾਉਂਦੇ ਹਨ । ਪੁਜਾਰੀ ਜਾਣਦੇ ਹਨ ਕਿ ਕਿਵੇਂ ਉਨ੍ਹਾਂ ਨੇ ਗੁਰਸਿੱਖਾਂ ਨੂੰ ਅਨਪੜ੍ਹ ਬਣਾ ਕੇ ਰੱਖਣਾ ਹੈ । ਇਸੇ ਲਈ ਕਲਯੁਗ ਮੈਂ ਕੀਰਤਨ ਪ੍ਰਧਾਨਾ ਦੀ ਰੱਟ ਲਗਾ ਕੇ ਢੋਲਕੀ ਛੈਣੇ ਤੇ ਚਿਮਟਿਆਂ ਦੀ ਛਣਕਾਰ ਚ ਗੁਰੂ ਹਜੂਰੀ ਗਾਣੇ ਗਾ ਗਾ ਕੇ ਗੁਰੂ ਸਿੱਖਾਂ ਦਾ ਮੌਜੂ ਉਡਾ ਕੇ ਭਾਰੀ ਮਾਇਆ ਦੀ ਪੰਡ ਬੰਨ੍ਹ ਤੁਰਦੇ ਬਣਦੇ ਹਨ । ਬਾ-ਖਬਰਦਾਰ-ਜਾਗਦੇ ਰਹਿਓ !

ਇਲਾਕਾ : ਬਿਜੈ ਨਗਰ (ਦੋਇ ਸੌ ਇਕਾਸੀ ਚਰਿਤ੍ਰ ਪੰਨਾ ੧੨੨੪-੨੫)

### ਪਤੀ ਦਾ ਕਤਲ ਕਰਨਾ ਸਿੱਖੋ

ਪਾਤਰ : ਬਿਜੈ ਸੈਨ (ਨ੍ਰਿਪਤਿ), ਬਿਜੈ ਮਤੀ (ਰਾਨੀ), ਅਜੈਮਤੀ (ਦੂਜੀ ਰਾਨੀ) ਤੇ ਸ੍ਰੀ ਸੁਲਤਾਨ ਸੈਨ (ਸੁਤ) : ਬਿਜੈ ਨਗਰ ਦੇ ਰਾਜਾ ਬਿਜੈ ਸੈਨ ਦੀਆਂ ਦੋ ਰਾਣੀਆਂ ਬਿਜੈਮਤੀ ਅਤੇ ਅਜੈਮਤੀ ਵਿਚੋਂ ਉਹ ਅਜੈ ਮਤੀ ਨੂੰ ਵਧੇਰੇ ਪਿਆਰ ਕਰਦਾ ਭਾਵੇਂ ਬਿਜੈ ਮਤੀ ਦੀ ਕੁੱਖੋਂ ਇਕ ਪੁੱਤਰ ਸ੍ਰੀ ਸੁਲਤਾਨ ਸੈਨ ਜੰਮਿਆ ਪਰ ਉਸ ਨਾਲ ਰਾਜਾ ਜਿਆਦਾ ਪ੍ਰੀਤ ਨਾ ਗੰਢਦਾ ਜਿਸ ਤੋਂ ਉਸ ਨੇ ਈਰਖਾ ਵਸ ਹੋ ਕੇ ਰਾਜੇ ਨੂੰ ਮਾਰ ਮੁਕਾਣ ਦੀ ਠਾਣ ਲਈ। ਉਸ ਨੇ ਬੈਦ ਨੂੰ ਭਾਰੀ ਧਨ ਦੇ ਕੇ ਮਾਰ ਮੁਕਾਣ ਦਾ ਸੌਦਾ ਕੀਤਾ। ਬੈਦ ਆਇਆ-ਆ ਕੇ ਕਹਿੰਦਾ ਕਿ ਰਾਜਾ ਤੈਨੂੰ ਬੜਾ ਕਸੂਤਾ ਰੋਗ ਚਿੰਬੜਿਆ ਐ ਤੇਰਾ ਇਲਾਜ ਕਰਨਾ ਪਏਗਾ-ਉਸ ਨੇ ਰਾਜੇ ਨੂੰ ਇਕ ਬੜੀ ਖਾਣ ਨੂੰ ਦਿੱਤੀ ਜਿਸ ਨਾਲ ਉਸ ਨੂੰ ਟੱਟੀਆਂ ਲੱਗ ਗਈਆਂ। ਉਸ ਨੇ ਜੋਰ ਜਬਰਦਸਤੀ ਇਕ ਹੋਰ ਖਾਣ ਨੂੰ ਦਿੱਤੀ ਜਿਸ ਨਾਲ ਪੇਟ ਪਰਨਾਲੇ ਦੀ ਤਰ੍ਹਾਂ ਵਗਿਆ। ਫੇਰ ਉਸ ਨੇ ੧੦ ਤੋਲੇ ਅਹਿਫੇਨ ਮੰਗਾਈ ਤੇ ਅਨੇਕਾਂ ਤਰ੍ਹਾਂ ਦੇ ਜ਼ਹਿਰ ਉਸ ਵਿੱਚ ਮਿਲਾ ਦਿੱਤੇ। ਉਸ ਦੀ ਧੂਣੀ ਰਾਜੇ ਨੂੰ ਦਿੱਤੀ ਜਿਸ ਨਾਲ ਰਾਜੇ ਦੀ ਖਲੜੀ ਉੱਤਰ ਗਈ। ਰਾਜੇ ਨੇ ਬਥੇਰਾ ਹਾਏ ਹਾਏ ਕੀਤਾ ਪਰ ਬੈਦ ਕਹਿੰਦਾ ਏਹਨੂੰ ਬਹੁਤਾ ਬੋਲਣ ਨਾ ਦਿਓ। ਇਸੇ ਤਰ੍ਹਾਂ ਤਰਸਾ ਤਰਸਾ ਕੇ ਰਾਜਾ ਮਾਰ ਦਿੱਤਾ। ਛੱਤਰ ਪੁੱਤਰ ਦੇ ਸਿਰ ਧਰ ਕੇ ਸਭ ਸੌਕਣਾਂ ਨੂੰ ਘਰੋਂ ਕੱਢ ਦਿੱਤਾ।

ਨੋਟ :- ਇਹ ਅਨਮੋਲ ਸਿੱਖਿਆਵਾਂ ਧੀਆਂ ਭੈਣਾਂ ਲਈ ਸਿੱਖ ਧਰਮ ਦੇ ਪੁਜਾਰੀਆਂ ਬੜੀ ਮੇਹਨਤ ਨਾਲ ਲਿਖਵਾ ਕੇ ਪੁਸਤਕ ਦਾ ਰੂਪ ਦਿੱਤਾ ਹੈ ਉਨ੍ਹਾਂ ਦਾ ਧੰਨਵਾਦ ਕਰਦੇ ਰਹਿਣਾ। ਦੇਖੋ ਨਾ ਪਤੀ ਦਾ ਕਤਲ ਬਿਨਾ ਜਿਗਰੇ ਤੋਂ ਔਰਤ ਨਹੀਂ ਕਰ ਸਕਦੀ ਪਰ ਦਸਮ ਗ੍ਰੰਥ ਕਹਿੰਦਾ ਹੈ ਕਿ ਜੇਕਰ ਪਤੀ ਨੇ ਮਾੜੀ ਮੋਟੀ ਵੀ ਬੇਧਿਆਨੀ ਕੀਤੀ ਤਾਂ ਬਿਨਾਂ ਦੇਰੀ ਪਤੀ ਮਾਰ ਮੁਕਾਣਾ ਸ਼ਾਈਦ ਉਹ ਇਹ ਪ੍ਰਭਾਵ ਦੇਣਾ ਚਾਹੁੰਦੇ ਹੋਣ ਕਿ ਨਵਾਂ ਨਕੋਰ ਪਤੀ ਜਦੋਂ ਚਾਹੋ ਮਿਲ ਜਾਏਗਾ। ਜੋ ਸਭ ਤੋਂ ਦੁਖਦਾਈ ਗੱਲ ਹੈ ਉਹ ਇਹ ਕਿ ਇਨ੍ਹਾਂ ਸਿੱਖਿਆਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਭ ਸਿੱਖਿਆਵਾਂ ਦਿੱਤੀਆਂ ਹਨ । ਅਜਿਹੀ ਨੀਚ ਮੰਦ ਕਰਮੀਆਂ ਨੂੰ ਰੱਬ ਤੇ ਗੁਰੂ ਕੀ ਸਜ਼ਾ ਦਏਗਾ ਓਹੀ ਜਾਣਨ ਪਰ ਸਿੱਖ ਧਰਮ ਦੀਆਂ ਜੜ੍ਹਾਂ ਚ ਤੇਲ ਦੇ ਕੇ ਧਰਮ ਦਾ ਮਲੀਆਮੇਟ ਕਰਨ ਲਈ ਕੋਸ਼ਿਸਾਂ ਸਿਖਰਾਂ ਤੇ ਪੁੱਜ ਚੁੱਕੀਆਂ ਹਨ । ਖਬਰਦਾਰ-ਬਾ ਹੋਸਿਆਰ-ਜਾਗਦੇ ਰਹਿਓ !

**ਸੌਕਣ ਮਾਰਨੀ ਸਿੱਖੋ** (ਦੋਇ ਸੌ ਬਯਾਸੀ ਚਰਿਤ੍ਰ ਪੰਨਾ ੧੨੨੫-੨੫੦੬)

ਪਾਤਰ : ਅਮੀਕਰਨ (ਨ੍ਰਿਪਾਲਾ), ਅਮਰ ਕਲਾ (ਔਰਤ), ਅਸੁਰ ਕਲਾ (ਦੂਜੀ ਔਰਤ) ਤੇ ਅਨਦ ਕੁਅਰਿ (ਬਣੀਆ)

ਅਮੀਕਰਨ ਰਾਜੇ ਨੇ ਦੋ ਵਿਆਹ ਕੀਤੇ ਇਕ ਅਮਰਕਲਾ ਨਾਲ ਤੇ ਦੂਜਾ ਅਸੁਰਕਲਾ ਨਾਲ । ਰਾਜਾ ਅਸੁਰਕਲਾ ਨਾਲ ਵਧੇਰੇ ਰਹਿੰਦਾ ਜਿਸ ਤੋਂ ਅਮਰਕਲਾ ਮਨ ਚ ਬੜੀ ਖਿਝਦੀ । ਉਸ ਨੇ ਅਨਦ ਕੁਅਰਿ ਨਾਂ ਦੇ ਬਾਣੀਏ ਨੂੰ ਸੱਦਿਆ ਤੇ ਕਾਮ ਭੋਗ ਕੀਤਾ।

*ਏਕ ਬਨਿਕ ਕੌ ਲਯੋ ਬੁਲਾਈ ॥ ਮਦਨ ਕ੍ਰੀੜ ਤਿਹ ਸਾਥ ਕਮਾਈ ॥*

*ਅਨਦ ਕੁਅਰਿ ਤਿਹ ਨਰ ਕੋ ਨਾਮਾ ॥ ਜਾਕੌ ਭਜਾ ਨ੍ਰਿਪਤਿ ਕੀ ਬਾਮਹ ॥੩॥* (ਦੋਇ ਸੌ ਬਯਾਸੀ ਚਰਿਤ੍ਰ ਪੰਨਾ ੧੨੨੫)

ਉਸ ਨੇ ਅਸੁਰ ਕਲਾ ਦਾ ਅਪਣੇ ਹੱਥੀਂ ਕਤਲ ਕੀਤਾ ਤੇ ਪਤੀ ਨੂੰ ਦੱਸ ਦਿੱਤਾ ਬਈ ਤੇਰੀ ਔਰਤ ਮਰ ਗਈ ਐ-ਮਿਤ੍ਰ ਭਜਾ ਦਿੱਤਾ ਪਰ ਕਿਸੇ ਨੂੰ ਭੇਦ ਨਾ ਲੱਭਾ ।

ਨੋਟ :- ਦਸਮ ਗ੍ਰੰਥ ਦੀਆਂ ਅਨਮੋਲ ਸਿੱਖਿਆਵਾਂ ਦਾ ਹੀ ਕਮਾਲ ਹੈ ਕਿ ਅਨੇਕਾਂ ਹੀ ਸੰਤਾਂ ਸਾਧਾਂ ਦੇ ਡੇਰਿਆਂ ਤੇ ਅਨੇਕਾਂ ਕਤਲ ਹੁੰਦੇ ਹਨ । ਬਹੁਤਿਆਂ ਦੀ ਭਿਣਕ ਵੀ ਨਹੀਂ ਪੈਂਦੀ ਕਿਉਂਕਿ ਧਨ ਸ਼ਕਤੀ ਦਾ ਜੋਰ ਕਤਲ ਨੂੰ ਭਾਫ ਬਣ ਕੇ ਬਾਹਰ ਪ੍ਰਗਟ ਨਹੀਂ ਹੋਣ ਦੇਂਦਾ । ਕਦੇ ਕਦਾਈਂ ਲੋਕਾਂ ਨੂੰ ਸੂਹ ਵੀ ਲੱਗਦੀ ਹੈ ਪਰ ਲੋਕ ਵਿਚਾਰੇ ਮਾਫਿਆ ਗਿਰੋਹ ਦੇ ਡਰੋਂ ਅਤੇ ਸਰਕਾਰਾਂ ਵੱਲੋਂ ਗਵਾਹਾਂ ਨੂੰ ਖ਼ਜਲ ਖੁਆਰ ਕੀਤੇ ਜਾਣ ਦੇ ਝੰਜਟ ਤੋਂ ਬਚਣ ਲਈ ਗੂੰਗੇ ਬਣੇ ਰਹਿੰਦੇ ਹਨ । ਜੇਕਰ ਕੋਈ ਸੰਸਥਾ ਇਮਾਨਦਾਰੀ ਨਾਲ ਛਾਣਬੀਣ ਕਰੇ ਤਾਂ ਬਹੁਤ ਕੁੱਝ ਪ੍ਰਗਟ ਹੋ ਜਾਏਗਾ ।

ਸ਼ਹਿਰ : ਪਲਾਊ (ਦੋਇ ਸੌ ਤਿਰਾਸੀ ਚਰਿਤ੍ਰ ਪੰਨਾ ੧੨੨੬)

**ਕੁੜੀਆਂ ਨੂੰ ਮਿਤ੍ਰ ਸੰਗ ਭੱਜ ਜਾਣ ਦੇ ਆਸਾਨ ਤਰੀਕੇ**

ਪਾਤਰ : ਕਿੰਨ੍ਰਮਤੀ (ਰਾਜ ਦੁਲਾਰੀ), ਇਕ ਰਾਜਾ (ਸੁਤ) ਤੇ ਬਿਕ੍ਰਮ ਸਿੰਘ (ਸ਼ਾਹੁ ਸੁਤ)

ਪਲਾਊ ਸ਼ਹਿਰ ਦੇ ਰਾਜੇ ਦੀ ਰਾਜ ਦੁਲਾਰੀ ਕਿੰਨ੍ਰਮਤੀ ਨੇ ਇਕ ਸ਼ਾਹ ਦੇ ਸੁੰਦਰ ਪੁੱਤ ਬਿਕ੍ਰਮ ਸਿੰਘ ਨੂੰ ਦੇਖਿਆ ਤੇ ਦੀਵਾਨੀ ਹੋ ਗਈ । ਉਸ ਨੂੰ ਘਰ ਸੱਦਿਆ ਤੇ :-

*ਕਿੰਨ੍ਰਮਤੀ ਵਾਸੌ ਹਿਤ ਕਿਯੋ ॥ ਤਾਹਿ ਬੋਲਿ ਗ੍ਰਿਹਿ ਅਪਨੇ ਲਿਯੋ ॥*

*ਕਾਮ ਭੋਗ ਤਾਸੌ ਦ੍ਰਿੜ ਕਿਯਾ ॥ ਚਿਤ ਕੋ ਸ਼ੋਕ ਦੂਰਿ ਕਰਿ ਦਿਯਾ ॥੩॥*

*ਰਾਨੀ ਭੋਗ ਮਿੱਤ੍ਰ ਕੋ ਰਸਿਕੈ ॥ ਇਹ ਬਿਧਿ ਬਚਨ ਬਖਾਨਯੋ ਹਸਿਕੈ ॥*

*ਤੁਮ ਹਮ ਕਹ ਲੈ ਸੰਗ ਸਿਧਾਵਹੁ ॥ ਪਿਯ ਚਰਿਤ੍ਰ ਕਛੁ ਐਸ ਬਨਾਵਹੁ ॥੪॥* (ਦੋਇ ਸੌ ਤਿਰਾਸੀ ਚਰਿਤ੍ਰ ਪੰਨਾ ੧੨੨੬)

ਮਿਤ੍ਰ ਕਹਿੰਦਾ ਜਿਵੇਂ ਤੂੰ ਕਹੇਂਗੀ ਮੈਂ ਉਵੇਂ ਹੀ ਕਰਾਂਗਾ ਤੇ ਕਿਸੇ ਹੋਰ ਦੇ ਕੰਨੀ ਭਿਣਕ ਨਹੀਂ ਪਏਗੀ। (ਐਦਾਂ ਕਰੀਂ) ਤੂੰ ਸਿਵ ਦੀ ਪੂਜਾ ਕਰਨ ਜਾਵੀਂ ਤੇ ਉੱਥੇ ਮੱਦਦ ਲਈ ਪੁਕਾਰੀਂ । ਉਹ ਪਤੀ ਨੂੰ ਦੱਸ ਕੇ ਸਿਵ ਦੇ ਭਵਨ ਗਈ ਤੇ ਮਿਤ੍ਰ ਸੰਗ ਭੱਜ ਗਈ। ਰਾਜਾ ਕਹਿੰਦਾ ਕਿ ਰਾਣੀ ਰੁੱਦ੍ਰ ਦੇ ਭਵਨ ਜਦ ਗਈ ਤਾਂ ਸ਼ਿਵ ਵਿੱਚ ਲੀਨ ਹੋ ਗਈ ਤੇ ਜਨਮ ਮਰਨ ਦਾ ਗੇੜ ਕੱਟ ਕੇ ਮੁਕਤੀ ਹਾਸਲ ਕਰ ਲਈ ।

ਨੋਟ :- ਪਾਤਸ਼ਾਹੀ ੧੦ ਦੀ ਮੋਹਰ ਥੱਲੇ ਸਿੱਖ ਧਰਮ ਦੇ ਵੱਡੇ ਪੁਜਾਰੀਆਂ ਅਤੇ ਸੰਤਾਂ ਸਾਧਾਂ ਨੇ ਧੀਆਂ ਭੈਣਾਂ ਨੂੰ ਘਰੋਂ ਭੱਜ ਕੇ ਮਿਤ੍ਰ ਸੰਗ ਰੰਗ ਰਲੀਆਂ ਮਨਾਣ ਦੇ ਆਸਾਨ ਤੌਰ ਤਰੀਕੇ ਖੋਜ ਖੋਜ ਕੇ ਇਸ ਦਸਮ ਗ੍ਰੰਥ ਚ ਲਿਖ ਦਿੱਤੇ ਹਨ । ਉਨ੍ਹਾਂ ਪਾਤਸ਼ਾਹੀ ੧੦ ਲਿਖ ਕੇ ਅਪਣੀ ਮੰਦੀ ਕਰਤੂਤ ਛੁਪਾਣ ਦਾ ਕੋਝਾ ਜਤਨ ਕੀਤਾ ਹੈ । ਉਹ ਜਾਣਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਲਿਆਂ ਵੱਡੇ ਵੱਡੇ ਨਾਢੂ ਖਾਂ ਵੀ ਗੂੰਗੇ ਬਣ ਜਾਣਗੇ ਤੇ ਉਨ੍ਹਾਂ ਲਈ ਕੁੜੀਆਂ ਵਰਗਲਾਉਣੀਆਂ ਆਸਾਨ ਹੋ ਜਾਣਗੀਆਂ। ਕੀ ਹਾਲੇ ਵੀ ਤੁਸੀਂ ਸੋਚਦੇ ਹੋ ਕਿ ਇਹ ਗੰਦ ਗੁਰੂ ਜੀ ਨੇ ਲਿਖਿਆ ਹੈ ? ਬਿਨਾਂ ਜ਼ਮੀਰ ਦੀ ਹੱਤਿਆ ਕੀਤਿਆਂ ਕੋਠੇ ਚੜ੍ਹ ਸੱਚੋ ਸੱਚ ਬੋਲ ਦੇਣਾ । ਗੁਰੂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਚੜ੍ਹਦੀ ਕਲਾ ਦਾ ਜੀਵਨ ਦਏ । ਬਾ ਹੋਸਿਆਰ-ਜਾਗਦੇ ਰਹਿਓ !

ਇਲਾਕਾ : ਦੱਛਨ (ਦੋਇ ਸੌ ਚੌਰਾਸੀ ਚਰਿਤ੍ਰ ਪੰਨਾ ੧੨੨੭)

ਪਾਤਰ : ਦੱਛਨਿ ਸੈਨ (ਰਾਜਾ), ਦੱਛਨਿ ਦੇ (ਰਾਨੀ), ਤੇ ਦੱਛਿਨੀ ਰਾਇ (ਚਾਕਰ) : ਦੱਖਣ ਦੇ ਦੱਛਨਿ ਸੈਨ ਦੀ ਖੂਬਸੂਰਤ ਔਰਤ ਨੇ ਇਕ ਸੁੰਦਰ ਨੌਕਰ ਨੂੰ ਤੱਕਿਆ ਤੇ ਮੋਹੀ ਗਈ । ਇਕ ਸਹੇਲੀ ਨੂੰ ਭੇਜ ਕੇ ਬੁਲਾਇਆ ਤੇ :-

*ਰਾਨੀ ਦਰਸ ਤਵਨ ਕੋ ਪਾਯੋ ॥ ਪਠੈ ਸਹਚਰੀ ਧਾਮ ਬੁਲਾਯੋ ॥*

*ਕਾਮ ਕੇਲ ਤਾਸੌ ਹਸਿ ਮਾਨੀ ॥ ਰਮਤ ਰਮਤ ਸਭ ਨਿਸਾ ਬਿਹਾਨੀ ॥੪॥* (ਦੋਇ ਸੌ ਚੌਰਾਸੀ ਚਰਿਤ੍ਰ ਪੰਨਾ ੧੨੨੭)

ਜਿੰਦਾਂ ਦੀ ਸ਼ਕਲ ਰਾਜੇ ਦੀ ਸੀ ਉਸੇ ਸ਼ਕਲ ਦਾ ਇਹ ਨੌਕਰ ਸੀ । ਜਦ ਇਸ ਨੌਕਰ ਦਾ ਰਾਣੀ ਨਾਲ ਅੱਖ ਮਟੱਕਾ ਹੋ ਗਿਆ ਤਾਂ ਰਾਣੀ ਨੇ ਰਾਜੇ ਨੂੰ ਭੁਲਾ ਦਿੱਤਾ । ਰਾਜੇ ਨੂੰ ਰੱਜ ਕੇ ਦਾਰੂ ਪਿਲਾਈ ਤੇ ਰਾਜ ਸਿਘਾਸਣ ਤੇ ਯਾਰ ਨੂੰ ਬਿਠਾ ਦਿੱਤਾ :-

*ਤਾਸੌ ਹਿਤ ਰਾਨੀ ਕੋ ਭਯੋ ॥ ਰਾਜਾ ਸਾਥ ਹੇਤੁ ਤਜਿ ਦਯੋ ॥*
*ਮਦਰਾ ਅਧਿਕ ਨ੍ਰਿਪਤਿ ਕਹ ਪਯਾਯੋ ॥ ਰਾਜ ਸਿੰਘਾਸਨ ਜਾਰ ਬੈਠਾਯੋ ॥੬॥*

(ਦੋਇ ਸੌ ਚੌਰਾਸੀ ਚਰਿਤ੍ਰ ਪੰਨਾ ੧੨੨੭)

ਰਾਜੇ ਨੂੰ ਬੰਨ ਕੇ ਮਿਤ੍ਰ ਪਾਸ ਲਿਆਂਦਾ । ਪ੍ਰਜਾ ਨੇ ਰਾਜੇ ਨੂੰ ਨੌਕਰ ਅਤੇ ਨੌਕਰ ਨੂੰ ਰਾਜਾ ਕਰ ਕੇ ਪਹਿਚਾਣਿਆ । ਸ਼ਰਮ ਦਾ ਮਾਰਿਆ ਰਾਜਾ ਮੂੰਹੋਂ ਕੁੱਝ ਨਾ ਬੋਲਿਆ :-

*ਦੋਹਰਾ ॥ ਰੰਕ ਰਾਜ ਐਸੇ ਕਰਾ ਦਿਯਾ ਰੰਕ ਕੋ ਰਾਜ ॥*
*ਹ੍ਵੈ ਅਤੀਤ ਪਤਿ ਬਨ ਗਯੋ ਤਜਿ ਗਯੋ ਸਕਲ ਸਮਾਜ ॥੯॥*

(ਦੋਇ ਸੌ ਚੌਰਾਸੀ ਚਰਿਤ੍ਰ ਪੰਨਾ ੧੨੨੭)

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਧਾਰਮਿਕ (ਅਧਾਰਮਿਕ) ਸਿੱਖਿਆਵਾਂ ਪੜ੍ਹ ਰਹੇ ਹੋ ਸਿੱਖ ਧਰਮ ਦੇ ਵੱਡੇ ਪੁਜਾਰੀ -ਧਰਮ ਦੇ ਠੇਕੇਦਾਰ-ਸੰਤ ਸਾਧ ਤੇ ਡੇਰਿਆਂ ਵਾਲੇ ਇਸ ਨੂੰ ਗੁਰਬਾਣੀ ਆਖ ਆਖ ਨਮਸਕਾਰਾਂ ਕਰਦੇ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲੇ ਰੱਬ ਹੀ ਜਾਣਦਾ ਹੈ ਕਿਸ ਜੂਨ ਪੈਣਗੇ ਮੈਂ ਰੱਬ ਦੇ ਦਰ ਤੇ ਅਰਦਾਸ ਕਰਾਂਗਾ ਕਿ ਵਿਚਾਰਿਆਂ ਨੂੰ ਅਕਲ ਦਾਨ ਦੇ। ਬਿਨਾਂ ਅਕਲ ਤੋਂ ਤਾਂ ਖੂਹ ਵੀ ਖਾਲੀ ਪਏ ਐਂ। ਜਾਗਦੇ ਰਹਿਓ !

**ਗੁੜ ਨਾਲੋਂ ਇਸ਼ਕ ਮਿੱਠਾ** (ਦੋਇ ਸੌ ਪਚਾਸੀ ਚਰਿਤ੍ਰ ਪੰਨਾ ੧੨੨੭-੨੮)

ਪਾਤਰ : ਪ੍ਰਜਾ ਸੈਨ (ਰਾਜਾ), ਪ੍ਰਜਾ ਪਾਲਨੀ (ਬਾਮਾ), ਸੁਧਾਸੈਨ (ਨੌਕਰ) ਤੇ ਸੁਮਤਿ ਮਤੀ (ਕੰਨਯਾ)

ਪ੍ਰਜਾ ਸੈਨ ਰਾਜੇ ਦੀ ਰਾਣੀ ਪ੍ਰਜਾ ਪਾਲਨੀ ਨੇ ਇਕ ਖੂਬਸੂਰਤ ਧੀ ਸੁਮਤਿ ਮਤੀ ਨੂੰ ਜਨਮ ਦਿੱਤਾ । ਸੁਮਤਿ ਮਤੀ ਇਕ ਸੋਹਣੇ ਸਨੁੱਖੇ ਡੀਲ ਡੌਲ ਵਾਲੇ ਨੌਕਰ ਨੂੰ ਦੇਖ ਕੇ ਦੀਵਾਨੀ ਹੋ ਗਈ । ਉਸ ਨੇ ਸਹੇਲੀ ਭੇਜ ਕੇ ਉਸ ਨੂੰ ਘਰ ਬੁਲਾਇਆ ਪਰ ਉਹ ਨਾ ਆਇਆ । ਬੜੇ ਹੀਲੇ ਵਸੀਲੇ ਕੀਤੇ ਉਸ ਨੂੰ ਮਨਾਣ ਦੇ ਪਰ ਸਭ ਬੇ ਅਰਥ । ਉਸ ਨੇ ਆਖਰੀ ਦਾਅ ਖੇਲਿਆ । ਸਹੇਲੀ ਭੇਜੀ-ਉਸ ਨੇ ਸੁੱਤੇ ਪਏ ਨੂੰ ਬਾਂਹ ਤੋਂ ਫੜ੍ਹ ਕੇ ਜਗਾਇਆ ਕਿ ਤੈਨੂੰ ਰਾਜੇ ਦੀ ਰਾਣੀ ਨੇ ਬੁਲਾਇਆ ਹੈ । ਮੂਰਖ ਅੰਦਰ ਦਾ ਭੇਦ ਨਾ ਜਾਣ ਸਕਿਆ ।ਸਹੇਲੀ ਨੇ ਉਸ ਨੂੰ ਉੱਥੇ ਪਹੁੰਚਾ ਦਿੱਤਾ ਜਿੱਥੇ ਰਾਜੇ ਦੀ ਧੀ ਉਡੀਕ ਰਹੀ ਸੀ । ਮੂਰਖ ਨੇ ਸੋਚਿਆ ਕਿ ਰਾਜੇ ਦੀ ਰਾਣੀ ਮੇਰੇ ਤੇ ਅਟਕ ਗਈ ਹੈ । ਮੈਂ ਉਸ ਨਾਲ ਅਨੇਕਾਂ ਤਰ੍ਹਾਂ ਦੇ ਭੋਗ ਕਰਾਂਗਾ ਤੇ ਉਸ ਨੂੰ ਖੁਸ਼ ਕਰ ਕੇ ਇਨਾਮ ਜਿੱਤਾਂਗਾ :-

*ਤਾਕੇ ਸਾਥ ਭੋਗ ਮੈਂ ਕਰਿਹੋ ॥ ਭਾਂਤਿ ਭਾਂਤਿ ਕੇ ਆਸਨ ਧਰਿਹੌਂ ॥*
*ਨ੍ਰਿਪ ਨਾਰੀ ਕਹ ਅਧਿਕ ਰਿਝੈਹੌਂ ॥ ਜੋ ਮੁਖਿ ਮੰਗਿਹੌਂ ਸੋਈ ਪੈਹੌਂ ॥੧੧॥* (ਦੋਇ ਸੌ ਪਚਾਸੀ ਚਰਿਤ੍ਰ ਪੰਨਾ ੧੨੨੭)

ਉਸ ਨੇ ਰਾਜੇ ਦੀ ਧੀ ਨਾਲ ਪ੍ਰੇਮ ਲੀਲਾ ਕੀਤੀ ਪਰ ਮੂਰਖ ਭੇਦ ਨਾ ਜਾਣ ਸਕਿਆ :-

*ਦੋਹਰਾ ॥ ਸ਼ਾਹੁ ਸੁਤਾ ਕੌ ਨ੍ਰਿਪ ਤ੍ਰਿਯਾ ਜਾਨਤ ਭਯੋ ਮਨ ਮਾਹਿ ॥*
*ਹਰਖ ਮਾਨ ਤਾਕੌ ਭਜਾ ਭੇਵ ਪਛਾਨਾ ਨਾਹਿ ॥੧੩॥* (ਦੋਇ ਸੌ ਪਚਾਸੀ ਚਰਿਤ੍ਰ ਪੰਨਾ ੧੨੨੭)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਕਾਮ ਵਾਸ਼ਨਾ ਲਈ ਉਕਸਾਉਂਦੀ ਹੈ। ਉਂਝ ਹੁਣ ਤੱਕ ਦੀਆਂ ਰਚਨਾਵਾਂ ਚੋਂ ਕੋਈ ਇਕ ਵੀ ਅਜਿਹੀ ਨਹੀਂ ਜਿਸ ਦਾ ਅਧਾਰ ਕਾਮ ਭੋਗ ਨਾ ਹੋਵੇ। ਸਾਡੇ ਵੱਡੇ ਪੁਜਾਰੀ ਅਤੇ ਧਰਮ ਦੇ ਠੇਕੇਦਾਰ ਇਸ ਅੱਗੇ ਡੰਡਾਉਤਾਂ ਕਰਦੇ ਹਨ ਕਿ ਇਹ ਦਸਮ ਪਾਤਸ਼ਾਹ ਦੀ ਇਲਾਹੀ ਬਾਣੀ ਹੈ। ਹਾਲੇ ਤੱਕ ਉਨ੍ਹਾਂ ਨੂੰ ਗੁਰਬਾਣੀ ਅਤੇ ਕਾਮ ਸਾਸਤ੍ਰ ਦੇ ਫਰਕ ਦਾ ਪਤਾ ਨਹੀਂ ਚੱਲਿਆ ਭਾਵੇਂ ਕਈ ਕਈ ਘੰਟੇ ਉਹ ਕੁੱਝ ਪੜ੍ਹਨ ਤੇ ਗੁਣ ਗੁਣਾਣ ਦਾ ਪਖੰਡ ਤੇ ਅਡੰਬਰ ਕਰਦੇ ਹਨ। ਜਦ ਸੁਰਤ ਕਾਮ ਸ਼ਾਸਤ੍ਰ ਦੇ ਰਸ ਦਾ ਅਨੰਦ ਲੈ ਰਹੀ ਹੋਏ ਤਾਂ ਗੁਰਬਾਣੀ ਦੀ ਡੂੰਘੀ ਵਿਚਾਰ ਵਿੱਚ ਕੌਣ ਪੈਂਦਾ ਹੈ ? ਜਾਗਦੇ ਰਹਿਓ !

## ਦਿਸ਼ਾ : ਬਾਰੁਣੀ

(ਦੋਇ ਸੌ ਛਿਆਸੀ ਚਰਿਤ੍ਰ ਪੰਨਾ ੧੨੨੮-੨

ਪਾਤਰ : ਬਿਖਯਾ (ਸੁਤਾ), ਪ੍ਰਭਾਸੈਨ (ਪਿਤਾ) ਤੇ ਛੱਤ੍ਰਧਾਰੀ

**ਮਨ ਭਾਉਂਦਾ ਵਰ ਲੱਭੋ :** ਦਿਸ਼ਾ ਬਾਰੁਣੀ ਦੇ ਰਾਜਾ ਪ੍ਰਭਾ ਸੈਨ ਦੇ ਸੁੰਦਰ ਬਾਗ ਚ ਇੱਕ ਛੱਤ੍ਰਧਾਰੀ ਰਾਜੇ ਨੇ ਅਪਣੀ ਨਿਜੀ ਸੈਨਾ ਨਾਲ ਥੋਹੜਾ ਆਰਾਮ ਕਰਨ ਲਈ ਡੇਰਾ ਲਾ ਦਿੱਤਾ । ਪ੍ਰਭਾਸੈਨ ਦੀ ਧੀ ਬਿਖਯਾ ਨੇ ਉਸ ਨੂੰ ਸੁੱਤੇ ਪਏ ਨੂੰ ਦੇਖਿਆ ਤੇ ਉਸੇ ਨਾਲ ਸ਼ਾਦੀ ਕਰਨ ਦਾ ਮਨ ਬਣਾ ਲਿਆ। ਉਸ ਨੇ ਇਕ ਪ੍ਰੇਮ ਪੱਤ੍ਰ ਲਿਖਿਆ। ਪ੍ਰੇਮ ਦੀ ਖਿਚ ਵਿੱਚ ਖਿਚਿਆ ਛੱਤ੍ਰਧਾਰੀ ਰਾਜਾ ਪ੍ਰੇਮ ਬੰਧਨਾ ਚ ਆਖਰ ਬੰਨ੍ਹਿਆ ਹੀ ਗਿਆ।

ਨੋਟ :- ਇਸ ਚਰਿੱਤ੍ਰ ਨੂੰ ਕਿਸੇ ਵੀ ਕੀਮਤ ਤੇ ਕੋਈ ਚਰਿਤ੍ਰ ਨਹੀਂ ਕਿਹਾ ਜਾ ਸਕਦਾ ਪਰ ਕਿਉਂਕਿ ਸੋਧਿ ਕਮੇਟੀ -ਛਾਪਕ ਅਤੇ ਕੌਮ ਦੇ ਲਾਸਾਨੀ ਵਿਦਵਾਨ ਅਖਵਾਉਂਦੇ ਗਿਯਾਨੀ (ਅਗਿਆਨੀ) ਮਹਿੰਦਰ ਸਿੰਘ ਜੀ ਰਤਨ ਨੇ ਬੜੀ ਮੇਹਨਤ ਅਤੇ ਖੋਜ ਕਰ ਕੇ ਚਰਿਤ੍ਰ ਦਾ ਰੂਪ ਦਿੱਤਾ ਹੈ ਉਹ ਵੀ ਪਾਤਸ਼ਾਹੀ ੧੦ ਦੀ ਮੋਹਰ ਥੱਲੇ। ਸ਼ਾਈਦ ਸੱਚ ਹੋਏ ਪਰ ਜਿਸ ਨੂੰ ਰੱਬ ਨੇ ਥੋਹੜੀ ਜਿੰਨੀ ਵੀ ਸੂਝ ਦਿੱਤੀ ਹੈ ਇਹ ਕੂੜ ਕਬਾੜ ਉਸ ਦੇ ਸੰਘੋਂ ਹੇਠਾਂ ਨਹੀਂ ਉਤਰਦਾ। ਰੱਬ ਖ਼ੈਰ ਕਰੇ ਪੁਜਾਰੀਆਂ ਦਾ ਗਲਬਾ ਸਿੱਖ ਕੌਮ ਦੇ ਸਿਰੋਂ ਲੱਥੇ ਤੇ ਉਹ ਸੌਖਾ ਸਾਹ ਲੈ ਸਕਣ। ਜਾਗਦੇ ਰਹਿਓ !

ਇਲਾਕਾ : ਘਾਟਮ ਪੁਰ ਕੁਰਰੇ (ਦੋਇ ਸੌ ਸਤਾਸੀ ਚਰਿਤ੍ਰ ਪੰਨਾ ੧੨੨੯-੩੦)

ਪਾਤਰ : ਮਰਿਯਮ ਬੇਗਮ ਤੇ ਭ੍ਰਾਤਾ

**ਸਕੇ ਭਰਾ ਦਾ ਕਤਲ ਕਰ ਕੇ ਧਨ ਤੇ ਕਬਜਾ ਕਰੋ** : ਘਾਟਮ ਪੁਰ ਕੁਰਰੇ ਦੇ ਇਕ ਮੁਗਲ ਦੀ ਧੀ ਮਰਿਯਮ ਦਾ ਸਕਾ ਭਰਾ ਖੱਟ ਕਮਾ ਕੇ ਬਹੁਤਾ ਧਨ ਲੈ ਕੇ ਆਇਆ ਤੇ ਸਿੱਧਾ ਧਨ ਸਮੇਤ ਅਪਣੀ ਭੈਣ ਨੂੰ ਮਿਲਣ ਚਲੇ ਗਿਆ। ਅਪਣਾ ਦੁੱਖ ਸੁੱਖ ਅਪਣੀ ਭੈਣ ਨਾਲ ਸਾਂਝਾ ਕੀਤਾ ਅਤੇ ਉਸ ਦੇ ਜੀਅ ਦੀ ਬਿਰਥਾ ਜਾਣੀ। ਉਹ ਜੋ ਖੱਟ ਕਮਾ ਕੇ ਲਿਆਇਆ ਸਾਰਾ ਧਨ ਅਪਣੀ ਭੈਣ ਨੂੰ ਦਿਖਾ ਦਿੱਤਾ, ਜਿਸ ਨਾਲ ਉਸ ਦਾ ਮਨ ਲਾਲਚੀ ਹੋ ਗਿਆ। ਮਾਇਆ ਦੇ ਮੋਹ ਨੇ ਭੈਣ ਭਾਈ ਦਾ ਮੋਹ ਖਤਮ ਕਰ ਦਿੱਤਾ। ਉਸ ਨੇ ਫਾਂਸੀ ਪਾ ਕੇ ਅਪਣੇ ਸਕੇ ਭਰਾ ਦਾ ਕਤਲ ਕਰ ਦਿੱਤਾ ਤੇ ਧਨ ਤੇ ਕਬਜਾ ਕਰ ਲਿਆ। ਲੋਕਾ ਚਾਰੀ ਰੋ ਪਿੱਟ ਕੇ ਪਿੰਡ ਵਾਲਿਆਂ ਨੂੰ ਦੱਸ ਦਿੱਤਾ ਕਿ ਉਸ ਦੇ ਭਰਾ ਨੂੰ ਸੱਪ ਨੇ ਖਾ ਲਿਆ ਹੈ। ਲੁੱਟੇ ਧਨ ਚੋਂ ਥੋਹੜਾ ਅਪਣੀ ਭਰਜਾਈ ਨੂੰ ਦੇ ਕੇ ਬਾਕੀ ਹੜੱਪ ਗਈ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਅ ਦੇਂਦੀ ਹੈ ਕਿ ਸਮਾਜ ਚ ਰਿਸਤੇ ਕੋਈ ਥਾਂ ਨਹੀਂ ਰੱਖਦੇ ਬਲਕਿ ਧਨ ਹੀ ਸਭ ਕੁੱਝ ਹੈ। ਧੰਨ ਪ੍ਰਾਪਤ ਕਰਨ ਲਈ ਜੇਕਰ ਸਕੇ ਭਰਾ ਦਾ ਕਤਲ ਵੀ ਕਰਨਾ ਪਏ ਤਾਂ ਸੰਕੋਚ ਨਹੀਂ ਕਰਨਾ। ਪੁਜਾਰੀ ਅਤੇ ਸੰਤ ਸਾਧ ਆਖਦੇ ਹਨ ਕਿ ਜੀ ਇਹ ਦਸਮ ਗ੍ਰੰਥ ਹੈ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ। ਸਿਆਣੇ ਆਖਦੇ ਹਨ ਦੂਰ ਫਿੱਟੇ ਮੂੰਹ ਤੇਰੀ ਅਜਿਹੀ ਸੋਚ ਤੇ। ਗੁਰੂ ਜੀ ਭਲਾਂ ਅਪਣੇ ਹੀ ਬੱਚਿਆਂ ਨੂੰ ਅਜਿਹੀ ਸਿੱਖਿਆ ਦੇ ਸਕਦੇ ਹਨ? ਜੇਕਰ ਤਕੜੇ ਹੋ ਕੇ ਕੁਝ ਗੁਰੂ ਨਾਨਕ ਲੇਵਾ, ਪੁਜਾਰੀਆਂ ਤੋਂ ਇਸ ਦਾ ਸਪੱਸਟੀਕਰਣ ਪੁੱਛ ਲੈਣ ਤਾਂ ਗੁਰਦੁਆਰਿਓਂ ਭੱਜਣ ਲੱਗੇ ਇਨ੍ਹਾਂ ਨੂੰ ਰਾਹ ਨਹੀਂ ਲੱਭਣਾ। ਖ਼ਬਰਦਾਰ-ਬਾ ਹੋਸਿਆਰ-ਜਾਗਦੇ ਰਹਿਓ !

ਸ਼ਹਿਰ : ਯੂਨਾ (ਦੋਇ ਸੌ ਅਠਾਸੀ ਚਰਿਤ੍ਰ ਪੰਨਾ ੧੨੩੦-੩੨)

**ਕੋਕ ਸਾਸਤ੍ਰ ਪੜ੍ਹੋ ਤੇ ਮੌਜਾਂ ਲੁੱਟੋ**

ਪਾਤਰ : ਦੇਵ ਛੱਤ੍ਰ (ਰਾਜਾ), ਛੈਲ ਦੇਇ (ਦੁਹਿਤਾ) ਤੇ ਅਜਿਤ ਸੈਨ (ਛੱਤ੍ਰੀ)

ਯੂਨਾ ਸ਼ਹਿਰ ਦੇ ਰਾਜਾ ਦੇਵ ਛੱਤ੍ਰ ਦੀ ਧੀ ਛੈਲ ਦੇਇ ਨੇ ਕੋਕ ਸ਼ਾਸਤ੍ਰ ਅਤੇ ਵਿਆਕਰਨ ਚੰਗੀ ਤਰ੍ਹਾਂ ਪੜ੍ਹ ਰੱਖੇ ਸਨ। ਉਸ ਨੇ ਅਜਿਤ ਸੈਨ ਨਾਂ ਦੇ ਤੇਜਵਾਨ ਅਤੇ ਬਲਵਾਨ ਛੱਤ੍ਰੀ ਨੂੰ ਅਪਣੀ ਮਾਂ ਨਾਲ ਦੇਖਿਆ। ਰਾਣੀ ਕਹਿੰਦੀ ਧੀਏ ਮੈਂ ਤੇਰੇ ਲਈ ਅਜਿਹੇ ਸੁੰਦਰ ਵਰ ਨੂੰ ਖੋਜ ਕੇ ਤੈਨੂੰ ਉਸ ਦੇ ਲੜ ਲਾਉਂ। ਜਦ ਧੀ ਨੇ ਅਜਿਹਾ ਸੁਣਿਆ ਤਾਂ ਉਸ ਦੇ ਅੰਦਰ ਦਾ ਕਾਮ ਜਾਗ੍ਰ ਪਿਆ। ਉਸ ਨੇ ਇਕ ਟਕ ਉਸ ਵੱਲ ਦੇਖਣਾ ਸੁਰੂ ਕੀਤਾ। ਉਸ ਨੇ ਸਹੇਲੀ ਬੁਲਾਈ ਅਤੇ ਅਪਣੇ ਮਨ ਦੀ ਬਿਰਥਾ ਉਸ ਨੂੰ ਕਹਿ ਸੁਣਾਈ। ਕਹਿੰਦੀ ਜੇ ਤੂੰ ਮੈਨੂੰ ਓਸ ਨੂੰ ਮਿਲਾ ਦੇਵੇਂ ਤਾਂ ਮੈਂ ਸਮਝਾਂਗੀ ਕਿ ਤੂੰ ਮੇਰੀ ਸਹੇਲੀ ਹੈਂ। ਸਹੇਲੀ ਨੇ ਹੀਲਾ ਵਸੀਲਾ ਕਰਕੇ ਦੋਨਾਂ ਦੀ ਮੁਲਾਕਾਤ ਕਰਵਾ ਦਿੱਤੀ।

*ਲਖਿ ਤਿਹ ਕੁਅਰਿ ਪ੍ਰਫੁੱਲਿਤ ਭਈ ॥ ਜਨੁਕ ਰਾਂਕ ਨਵੋ ਨਿਧਿ ਪਾਈ ॥*
*ਬਿਹਸਿ ਬਿਹਸਿ ਤਿਹ ਕੰਠ ਲਗਾਯੋ ॥ ਮਨ ਮਾਨਤ ਕੋ ਭੋਗ ਕਮਾਯੋ ॥੯॥*

(ਦੋਇ ਸੌ ਅਠਾਸੀ ਚਰਿਤ੍ਰ ਪੰਨਾ ੧੨੩੧)

ਮਿਤ੍ਰ ਨਾਲ ਪ੍ਰੇਮ ਮਿਲਣੀ ਕਰ ਕੇ ਉਸ ਨੇ ਅਪਣਾ ਦਰਿੱਦ੍ਰ ਦੂਰ ਕਰ ਲਿਆ। ਉਸ ਨੇ ਸਖੀ ਦਾ ਧੰਨਵਾਦ ਕੀਤਾ ਤੇ ਕਹਿੰਦੀ ਹੁਣ ਕੋਈ ਅਜਿਹਾ ਉਪਾਅ ਕਰਨਾ ਚਾਹੀਦਾ ਹੈ ਕਿ ਹਮੇਸਾਂ ਮੈਂ ਮਿੱਤ੍ਰ ਦੇ ਨਾਲ ਸੌਂਵਾਂ :-

*ਅਬ ਕਛੁ ਐਸ ਚਰਿਤ੍ਰ ਬਨੈਯੈ ॥ ਜਾਤੇ ਸਦਾ ਮਿਤ੍ਰ ਕਹ ਪੈਯੈ ॥*
*ਸੋਵੈ ਸਦਾ ਸੰਗ ਲੈ ਤਾਕੌ ॥ ਚੀਨਿ ਸਕੈ ਕੋਊ ਨਹਿ ਵਾਕੌ ॥* (ਦੋਇ ਸੌ ਅਠਾਸੀ ਚਰਿਤ੍ਰ ਪੰਨਾ ੧੨੩੧)

ਉਸ ਨੇ ਮਿੱਤ੍ਰ ਨੂੰ ਅਪਣੇ ਘਰ ਛੁਪਾ ਕੇ ਰੱਖਿਆ ਤੇ ਰਾਣੀ ਨੂੰ ਜਾ ਕਿਹਾ ਕਿ ਮਾਂ ਜਿਸ ਮਨੁੱਖ ਨੂੰ ਤੂੰ ਸਰਾਹਿਆ ਓਹ ਬਿਸਨਾਥਨ ਨੇ ਪਸੰਦ ਕਰ ਲਿਆ ਹੈ ਸਾਡੀ ਬੁਰੀ ਨਜ਼ਰ ਉਸ ਨੂੰ ਲੱਗ ਗਈ ਇਸੇ ਲਈ ਓਹ ਮਰ ਗਿਆ। ਰਾਣੀ ਨੇ ਧੀ ਦੀ ਗੱਲ ਸੱਚ ਕਰ ਕੇ ਜਾਣੀ ਤੇ ਬੜਾ ਅਫਸੋਸ ਕੀਤਾ। ਧੀ ਕਹਿੰਦੀ ਮਾਂ ਓਹਦੀ ਇਕ ਭੈਣ ਓਹਦੇ ਪਿੰਡ ਰਹਿੰਦੀ ਹੈ ਜੇ ਤੂੰ ਕਹੇਂ ਤਾਂ ਮੈਂ ਉਸ ਨੂੰ ਲੱਭ ਲਿਆਉਂਦੀ ਹਾਂ। ਰਾਹ ਦਾਰੀ ਦਾ ਖਰਚ ਦੇ ਕੇ ਸਖੀ ਨੂੰ ਉਸ ਨੂੰ

ਲਿਆਉਣ ਦਾ ਨਾਟਕ ਰਚ ਦਿੱਤਾ । ਓਹ ਅੱਠ ਮਹੀਨੇ ਬਾਹਰ ਰਹੀ ਤੇ ਕਿਸੇ ਨੂੰ ਸ਼ਕਲ ਨਾ ਦਿਖਾਈ । ਨੌਵੇਂ ਮਹੀਨੇ ਮਿਤ੍ਰ ਨੂੰ ਔਰਤ ਦਾ ਭੇਸ ਬਣਾ ਕੇ ਪ੍ਰਗਟ ਕਰ ਦਿੱਤਾ :-

*ਚੌਪਈ ॥ ਨਵਮੋ ਮਾਸ ਚੜ੍ਹਤ ਜਬ ਭਯੋ ॥ ਤਾਕਹ ਭੇਸ ਨਾਰਿ ਕੋ ਕਯੋ ॥*
*ਲੈ ਰਾਨੀ ਕਹ ਤਾਹਿ ਦਿਖਾਯੋ ॥ ਸਭਹਿੰਨ ਹੇਰਿ ਹਿਯੋ ਹੁਲਸਾਯੋ ॥੨੦॥*

(ਦੋਇ ਸੌ ਅਠਾਸੀ ਚਰਿਤ੍ਰ ਪੰਨਾ ੧੨੩੨)

ਰਾਣੀ ਕਹਿੰਦੀ ਇਸ ਨੂੰ ਅਪਣੀ ਰਾਜ ਦੁਲਾਰੀ ਦੀ ਸੇਵਾ ਲਈ ਛੱਡ ਦਿਓ । ਦੇਖਣਾ ਇਸ ਦਾ ਭੇਦ ਰਾਜੇ ਨੂੰ ਨਾ ਚਲ ਜਾਏ ਵਰਨਾ ਓਹ ਇਸ ਨੂੰ ਵੀ ਅਪਣੀ ਰਾਣੀ ਬਣਾ ਲਏਗਾ । ਇਸ ਤਰ੍ਹਾਂ ਕੁੜੀ ਨੇ ਅਪਣੇ ਯਾਰ ਨੂੰ ਔਰਤ ਬਣਾ ਕੇ ਅਪਣੇ ਪਾਸ ਰੱਖਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਮਨੁੱਖ ਨੂੰ ਇਹ ਉਪਦੇਸ ਦੇਂਦੀ ਹੈ ਕਿ ਉਹ ਅਪਣੀ ਧੀ ਨੂੰ ਕੋਕ ਸ਼ਾਸਤ੍ਰ ਦੀ ਵਿੱਦਿਆ ਦਏ । ਕੀ ਕੋਈ ਬਾਪ ਅਪਣੀ ਹੀ ਧੀ ਨੂੰ ਕੋਕ ਸ਼ਾਸਤ੍ਰ ਦੀ ਵਿੱਦਿਆ ਚ ਨਿਪੁੰਨ ਬਣਾਉਂਦਾ ਹੈ ? ਹਰ ਪੱਖੋਂ ਗਿਰਿਆ ਮਨੁੱਖ ਵੀ ਅਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਸੋਚਦਾ ਹੈ। ਓਹ ਅਪਣੀ ਧੀ ਦਾ ਆਚਰਣ ਆਪੇ ਹੀ ਗੰਦਾ ਕਰਨ ਦੀ ਦਲੇਰੀ ਤੇ ਗੁਸਤਾਖੀ ਨਹੀਂ ਕਰਦਾ। ਸਿੱਖ ਧਰਮ ਦਾ ਮਜਬੂਤ ਥੰਮ ਹੀ ਉਸ ਦਾ ਕਰੈਕਟਰ ਹੈ। ਕਾਜੀ ਨੂਰ ਮੁਹੰਮਦ ਨੂੰ ਵੀ ਸਿੱਖਾਂ ਦੇ ਕਟੈਕਟਰ ਤੇ ਦਾਦ ਦੇਣੀ ਪਈ ਭਾਂਵੇ ਉਹ ਸਿੱਖਾਂ ਨੂੰ ਕੁੱਤੇ ਆਖਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖਾਂ ਨੂੰ ਗੁਰੂ ਗ੍ਰੰਥ ਸਹਿਬ ਜੀ ਦੀ ਬਾਣੀ ਤੋਂ ਤੋੜ ਕੇ ਕੋਕ ਸਾਸਤ੍ਰ ਦੀ ਵਿੱਦਿਆ ਲੈਣ ਲਈ ਜੋਰ ਦਿੱਤਾ ਹੈ ? ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਪੁਜਾਰੀਆਂ ਇਹ ਪ੍ਰਭਾਵ ਦੇਣ ਦੀ ਨੀਚਤਾਈ ਕੀਤੀ ਹੈ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹਨ। ਫਿਰ ਇਕ ਮਿਤ੍ਰ ਨੂੰ ਔਰਤ ਦਾ ਭੇਖ ਬਣਾ ਕੇ ਹਮਬਿਸਤ੍ਰ ਹੋਣ ਦੀ ਖੁੱਲ੍ਹ ਦਿੱਤੀ ਹੈ । ਕੀ ਗੁਰੂ ਜੀ ਨੇ ਧੀਆਂ ਭੈਣਾਂ ਨੂੰ ਅਜਿਹੀ ਖੁੱਲ੍ਹ ਖੇਡ ਕਰਨ ਦੀ ਪ੍ਰੇਰਨਾ ਦਿੱਤੀ ਹੈ ? ਸਾਡੇ ਪੁਜਾਰੀ-ਡੇਰੇਦਾਰ-ਸੰਤ ਸਾਧ-ਦਸਮ ਗ੍ਰੰਥ ਦੀ ਹਮਾਇਤ ਚ ਜੁੜੀਆਂ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਸਿੱਖ ਧਰਮ ਨੂੰ ਕਿਸ ਦਿਸ਼ਾ ਵੱਲ ਤੋਰਨਾ ਚਾਹੁੰਦੇ ਹਨ ? ਦਸਮ ਗ੍ਰੰਥ ਦੀ ਹਮਾਇਤ ਅਤੇ ਇਸ ਨੂੰ ਦਸਮ ਪਾਤਸ਼ਾਹ ਦੀ ਕ੍ਰਿਤ ਦੱਸ ਕੇ ਸਿੱਖ ਧਰਮ ਦੀਆਂ ਜੜ੍ਹਾਂ ਚ ਤੇਲ ਦੇਣ ਦੀ ਮੰਦੀ ਕਰਤੂਤ ਹਰਗਿਜ਼ ਨਹੀਂ ਕਰਨ ਦਿੱਤੀ ਜਾਏਗੀ । ਬਾ-ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

ਸ਼ਹਿਰ : ਬਗਦਾਦ (ਦੋਇ ਸੌ ਨਨਾਨਵੇਂ ਚਰਿਤ੍ਰ ਪੰਨਾ ੧੨੩੨-੩੪)

## ਇਸ਼ਕ ਦੀ ਨਵੀਂਓ ਨਵੀਂ ਬਹਾਰ

ਪਾਤਰ : ਦੱਛਿਨ ਸੈਨ (ਨਰੇਸ), ਦੱਛਿਨ ਦੇ (ਤਰੁਨਿ) ਤੇ ਕਮਲਕੇਤੁ (ਸ਼ਾਹੁ)

ਬਗਦਾਦ ਦੇ ਨਰੇਸ ਦੱਛਿਨ ਸੈਨ ਦੀ ਰਾਣੀ ਦੱਛਿਨ ਦੇ ਬਲਵਾਨ ਅਤੇ ਤੇਜਵਾਨ ਖੂਬਸੂਰਤ ਸ਼ਾਹ ਕਮਲਕੇਤੁ ਦਾ ਰੂਪ ਤੱਕ ਕੇ ਕਾਮੀ ਹੋ ਗਈ । ਅਪਣੇ ਮਨ ਦਾ ਭੇਦ ਸਹੇਲੀ ਨੂੰ ਸਮਝਾ ਕੇ ਉਸ ਪਾਸ ਭੇਜਿਆ ਤੇ ਦੋਨਾਂ ਦਾ ਮਿਲਾਪ ਸਹੇਲੀ ਦੀ ਸੂਝਬੂਝ ਨਾਲ ਹੋ ਗਿਆ :-

*ਜਿਹ ਤਿਹ ਬਿਧ ਤਾਕੋ ਮਨ ਲੀਨਾ ॥ ਆਨਿ ਮਿਲਾਇ ਕੁਅਰਿ ਕਹ ਦੀਨਾ ॥*
*ਭਾਂਤਿ ਭਾਂਤਿ ਤਿਨ ਤਾਹਿ ਰਿਝਾਯੋ ॥ ਚਾਰਿ ਪਹਰ ਨਿਸਿ ਭੋਗ ਕਮਾਯੋ ॥੭॥*
*ਕੇਲ ਕਰਤ ਨਿਸਿ ਸਕਲ ਬਿਹਾਨੀ ॥ ਕਰਤ ਕਾਮ ਕੀ ਕੋਟਿ ਕਹਾਨੀ ॥*
*ਭਾਂਤਿ ਭਾਂਤਿ ਕੇ ਆਸਨ ਕਰਿਕੈ ॥ ਕਾਮ ਤਪਤ ਸਭ ਹੀ ਕਹ ਹਰਿਕੈ ॥੮॥*
*ਭੋਰ ਭਯੋ ਰਜਨੀ ਜਬ ਗਈ ॥ ਭਾਂਤਿ ਭਾਂਤਿ ਚਿਰਈਂ ਚੁਹਚਈ ॥*
*ਸ੍ਰਮਿਤ ਭਏ ਦੋਊ ਕੇਲ ਕਮਾਤੇ ॥ ਏਕਹਿ ਸੇਜ ਸੋਏ ਰਸ ਮਾਤੇ ॥੯॥* (ਦੋਇ ਸੌ ਨਨਾਨਵੇਂ ਚਰਿਤ੍ਰ ਪੰਨਾ ੧੨੩੩)

ਨੀਂਦ ਤੋਂ ਸੁੱਤੇ ਉੱਠੇ ਤੇ ਫਿਰ ਕਾਮ ਭੋਗ ਕਰਨ ਲੱਗ ਗਏ । ਕੋਕ ਤੋਂ ਦਸ ਗੁਣਾ ਜਿਆਦਾ ਵਿਸਥਾਰ ਨਾਲ ਉਨ੍ਹਾਂ ਅਨੇਕਾਂ ਆਸਣਾ ਨਾਲ ਭੋਗ ਕੀਤਾ :-

*ਸੋਵਤ ਤਯਾਗ ਨੀਦਿ ਜਬ ਜਾਗੇ ॥ ਮਿਲਿ ਕਰਿ ਕੇਲ ਕਰਨ ਤਬ ਲਾਗੇ ॥*
*ਆਸਨ ਕਰਤ ਅਨੇਕ ਪ੍ਰਕਾਰਾ ॥ ਕੋਕਹੂੰ ਤੇ ਦਸ ਗੁਨ ਬਿਸਥਾਰਾ ॥੧੦॥*
*ਕੇਲ ਕਮਾਤ ਅਧਿਕ ਰਸ ਮਾਤੈਂ ॥ ਭੂਲਿ ਗਈ ਘਰ ਕੀ ਸੁਧਿ ਸਾਤੈਂ ॥*
*ਚਿਤ ਅਪਨੋ ਅਸ ਕੀਯਾ ਬਿਚਾਰਾ ॥ ਪ੍ਰਗਟ ਮਿੱਤ੍ਰ ਕੇ ਸਾਥ ਉਚਾਰਾ॥੧੧॥*

(ਦੋਇ ਸੌ ਨਨਾਨਵੇਂ ਚਰਿਤ੍ਰ ਪੰਨਾ ੧੨੩੩)

ਔਰਤ ਕਹਿੰਦੀ ਯਾਰਾ ਮੇਰੀ ਗੱਲ ਸੁਣ ਮੇਰੇ ਘਰ ਧਨ ਦੀ ਕੋਈ ਘਾਟ ਨਹੀਂ ਚੱਲ ਅੱਪਾਂ ਭੱਜ ਚੱਲੀਏ। ਫਕੀਰ ਬਣ ਕੇ ਮੌਜਾਂ ਨਾਲ ਰਹਾਂਗੇ ਤੇ ਐਸ਼ ਕਰਾਂਗੇ । ਮਿਤ੍ਰ ਕਹਿੰਦਾ ਜੇ ਰਾਜੇ ਨੇ ਦੇਖ ਲਿਆ ਦੋਨਾਂ ਨੂੰ ਪਾਰ ਬੁਲਾਊ । ਰਾਣੀ ਕਹਿੰਦੀ ਤੂੰ ਓਹਦਾ ਫਿਕਰ ਨਾ ਕਰ । ਓਹ ਸੂਰ ਸੂਰ ਕਰ ਕੇ ਧਰਤੀ ਤੇ ਡਿੱਗੀ ਜਿਵੇਂ ਸੱਚੀਂ ਮੁੱਚੀਂ ਮਰ ਗਈ ਹੋਏ । ਰਾਜੇ ਨੇ ਸਭ ਬੈਦ ਬੁਲਾਏ ਪਰ ਪੇਸ਼ ਨਾ ਗਈ । ਇਕ ਸਿਆਣੀ ਸਖੀ ਨੇ ਰਮਜ਼ ਪਛਾਣ ਕੇ ਰਾਜੇ ਨੂੰ ਕਿਹਾ ਕਿ ਇਕ ਬੈਦਣੀ ਹੈ ਓਹ ਇਸ ਦਾ ਰੋਗ ਕੱਟੇਗੀ । ਰਾਜੇ ਨੇ ਬੈਦਣੀ ਲਿਆਉਣ ਲਈ ਕਿਹਾ । ਸਖੀ ਨੇ ਰਾਣੀ ਦੇ ਯਾਰ ਨੂੰ ਬਣਾ ਕੇ ਔਰਤ ਰਾਜੇ ਪਾਸ ਪੇਸ਼ ਕੀਤਾ । ਬੈਦਣੀ (ਯਾਰ) ਕਹਿੰਦੀ ਕਿ ਅੱਠ ਸਾਲ ਇਸ ਨੂੰ ਮੇਰੇ ਪਾਸ ਰਹਿ ਕੇ ਇਲਾਜ ਕਰਾਉਣਾ ਪਊ । ਰਾਜਾ ਹੋਇਆ ਰਾਜ਼ੀ, ਰਾਣੀ ਦੇ ਇਲਾਜ ਲਈ । ਪੂਰੇ ਅੱਠ ਸਾਲ ਰਾਣੀ ਨੇ ਹੰਢਾਇਆ ਮਿਤ੍ਰ ਤੇ ਰਾਜਾ ਅੱਠ ਸਾਲ ਅਪਣੇ ਸਿਰ ਖੇਹ ਪਵਾਉਂਦਾ ਰਿਹਾ ।

ਨੋਟ :- ਜਿਵੇਂ ਅਸੀਂ ਪਿੱਛੇ ਕਈ ਚਰਿਤ੍ਰਾਂ ਚ ਪੜ੍ਹ ਆਏ ਹਾਂ ਕਿ ਆਦਮੀ ਦੇ ਬਾਲ ਸਾਫ ਕਰ ਕੇ ਉਸ ਨੂੰ ਔਰਤ ਦਾ ਰੂਪ ਦੇ ਕੇ ਕਿਵੇਂ ਰੰਗ ਰਲੀਆਂ ਮਨਾਣ ਦੇ ਹੀਲੇ ਵਸੀਲੇ ਦੱਸੇ ਗਏ ਹਨ । ਨੌਜੁਆਨ ਪੀੜ੍ਹੀ ਜਦ ਦਸਮ ਗ੍ਰੰਥ ਨੂੰ ਪੜ੍ਹੇਗੀ ਓਹ ਵੀ ਅਜਿਹਾ ਕਰਨ ਦੀ ਕੋਸ਼ਿਸ ਕਰੇਗੀ । ਉਸ ਲਈ ਅਸੀਂ ਧਰਮੀ ਅਖਵਾਉਂਦੇ ਸਾਰੇ ਹੀ ਬੰਦੇ ਜੁੰਮੇਵਾਰ ਹੋਵਾਂਗੇ । ਫਿਰ ਉਸ ਰਹਿਤ ਮਰਿਯਾਦਾ ਦਾ ਜਿਸ ਵਿੱਚ ਕੇਸਾਂ (ਵਾਲਾਂ) ਨੂੰ ਸੁਆਸਾਂ ਸੰਗ ਨਿਭਾਉਣ ਦੀ ਗੱਲ ਕਹੀ ਗਈ ਹੈ ਭੋਗ ਪੈ ਜਾਏਗਾ। ਬਜਰ ਕੁਰੈਹਿਤ ਦੀ ਪ੍ਰੀਭਾਸ਼ਾ ਬਦਲ ਜਾਏਗੀ। ਸੰਤਾਂ ਸਾਧਾਂ ਅਤੇ ਪੁਜਾਰੀਆਂ ਨੂੰ ਇਸ ਦਾ ਫਰਕ ਨਹੀਂ ਪੈਣਾ ਕਿਉਂਕਿ ਆਦਿ ਕਾਲ ਤੋਂ ਉਨ੍ਹਾਂ ਸਮੇਂ ਦੀ ਚਾਲ ਨਾਲ ਅਪਣਾ ਰੂਪ ਬਦਲਿਆ ਹੈ। ਅਪਣੀ ਔਲਾਦ-ਸਮਾਜ-ਭਾਈਚਾਰੇ ਅਤੇ ਕੌਮ ਦੀ ਬੇਹਤਰੀ ਲਈ ਜਰੂਰੀ ਹੈ ਕਿ ਇਸ ਦਸਮ ਗ੍ਰੰਥ ਨਾਮੀ ਪੁਤਸਕ ਦਾ ਭੋਗ ਪਾ ਦਿੱਤਾ ਜਾਏ । ਇਸ ਦੇ ਪਾਠ ਜਾਂ ਅਖੰਡ ਪਾਠ ਕਰਨ ਵਾਲੇ ਸਾਰੇ ਹੀ ਕਾਮੀ ਪੁਰਖ ਹਨ ਅਤੇ ਇਨ੍ਹਾਂ ਨੂੰ ਸਿੱਖ ਆਖਣਾ ਮਹਾਂ ਪਾਪ ਹੈ। ਜੇਕਰ ਇਨ੍ਹਾਂ ਨੂੰ ਸਿੱਖ ਕੌਮ ਦੇ ਘਾਤਿਕ ਕਿਹਾ ਜਾਏ ਤਾਂ ਵਧੇਰੇ ਸੂਤ ਬੈਠੂ। ਦਸਮ ਗ੍ਰੰਥ ਸਿੱਖ ਧਰਮ ਲਈ ਖ਼ਤਰਾ ਅਤੇ ਪਤਣ ਦੀ ਨਿਸ਼ਾਨੀ ਹੈ । ਬਾ-ਹੋਸਿਆਰ-ਖ਼ਬਰਦਾਰ-ਜਾਗਦੇ ਰਹਿਓ !

## ਇਲਾਕਾ : ਪੂਰਬ ਦੇਸ (ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੪-੩੬)

ਪਾਤਰ : ਪੂਰਬ ਸੈਨ (ਨ੍ਰਿਪ), ਪੂਰਬ ਦੇ (ਨਾਰੀ), ਤੇ ਰੂਪ ਸੈਨ (ਛੱਤ੍ਰੀ)

**ਬਾਲ ਸਫਾ ਲਗਾ ਕੇ ਬਾਲ ਸਾਫ ਕਰੋ ਫਿਰ ਭਾਰੀ ਨਸ਼ੇ ਕਰੋ ਤੇ ਪਰਾਈ ਔਰਤ ਭੋਗੋ :** ਪੂਰਬ ਦੇਸ ਦੇ ਰਾਜੇ ਪੂਰਬ ਸੈਨ ਦੀ ਖੂਬਸੂਰਤ ਔਰਤ ਪੂਰਬ ਦੇ ਇੱਕ ਸੋਹਣੇ ਸਨੁੱਖੇ ਗਭਰੂ ਰੂਪ ਸੈਨ ਦਾ ਰੂਪ ਤੱਕ ਕੇ ਮੋਹਿਤ ਹੋ ਗਈ । ਉਹ ਸੋਚਾਂ ਸੋਚਦੀ ਕਿ ਕਿਵੇਂ ਮੈਂ ਇਸ ਨਾਲ ਸੰਭੋਗ ਕਰਾਂ ਨਹੀਂ ਤਾਂ ਕਟਾਰੀ ਮਾਰ ਕੇ ਮਰ ਜਾਵਾਂ :-

*ਰਾਜ ਤਰੁਨਿ ਜਬ ਤਾਂਹਿ ਨਿਹਾਰਾ ॥ ਮਨ ਬਚ ਕ੍ਰਮ ਇਹ ਭਾਂਤਿ ਬਿਚਾਰਾ ॥*
*ਕੈਸੇ ਕੇਲ ਸੁ ਯਾ ਸੰਗ ਕਰੌ ॥ ਨਾਤਰ ਮਾਰਿ ਕਟਾਰੀ ਮਰੌ ॥੩॥* (ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੪)

ਉਸ ਨੇ ਅਪਣੀ ਸਹੇਲੀ ਨੂੰ ਦਿਲ ਦੀ ਗੱਲ ਸਮਝਾਈ ਕਿ ਮੈਨੂੰ ਮੇਰਾ ਯਾਰ ਮਿਲਾ ਦੇ। ਰਾਣੀ ਦੇ ਮਨ ਦੀ ਬ੍ਰਿਥਾ ਸੁਣ ਕੇ ਸਖੀ ਮਿਤ੍ਰ ਦੇ ਘਰ ਗਈ ਤੇ ਅਨੇਕਾਂ ਢੰਗਾਂ ਨਾਲ ਸਮਝਾ ਬੁਝਾ ਕੇ ਉਹ ਮਿਤ੍ਰ ਨੂੰ ਰਾਣੀ ਪਾਸ ਲੈ ਆਈ। ਰਾਣੀ ਉੱਠੀ ਤੇ ਸੁਰੂ ਹੋਇਆ ਪ੍ਰੇਮ ਮਿਲਨ :-

*ਚੌਪਈ ॥ ਉਠਿ ਕਰਿ ਕੁਅਰਿ ਅਲਿੰਗਨ ਕਿਯੋ ॥ ਭਾਂਤਿ ਭਾਂਤਿ ਚੁੰਬਨ ਤਿਹ ਲਿਯੋ ॥*
*ਕਾਮ ਕੇਲ ਰੁਚਿ ਮਾਨ ਕਮਾਯੋ ॥ ਭਾਂਗਿ ਅਫੀਮ ਸ਼ਰਾਬ ਚੜ੍ਹਾਯੋ ॥੮॥*(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੪)

ਨੋਟ :- ਅਸੀਂ ਪਿੱਛੇ ਵੀ ਪੜ੍ਹ ਚੁੱਕੇ ਹਾਂ ਕਿ ਕਾਮ ਭੋਗ ਕਰਨ ਲਈ ਭਾਂਗਿ ਹਫੀਮ ਤੇ ਸ਼ਰਾਬ ਦੇ ਨਸ਼ੇ ਕਰਨ ਦੀ ਗੱਲ ਕਹੀ ਗਈ ਹੈ। ਸਿੱਖ ਧਰਮ ਹਰ ਪ੍ਰਕਾਰ ਦੇ ਨਸ਼ੇ ਨਾ ਵਰਤਣ ਦੀ ਸਖ਼ਤੀ ਨਾਲ ਹਦਾਇਤ ਕਰਦਾ ਹੈ ਜਾਂ ਇਉਂ ਕਹੋ ਬਈ ਨਸ਼ੇ ਕਰਨ ਵਾਲਾ ਬੰਦਾ ਸਿੱਖ ਧਰਮ ਦਾ ਮੈਂਬਰ ਨਹੀਂ ਹੈ ਵਧੇਰੇ ਚੰਗ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਇਹ ਲੱਚਰ ਸਹਿਤ ਜੋੜ ਕੇ ਸਾਡੇ ਵੱਡੇ ਪੁਜਾਰੀ-ਸਾਧ ਸੰਤ ਤੇ ਧਰਮ ਦੇ ਠੇਕੇਦਾਰ ਸਿੱਖ ਧਰਮ ਦੀ ਕੀ ਸੇਵਾ ਕਰਨੀ ਚਾਹੁੰਦੇ ਹਨ ਓਹੋ ਹੀ ਜਾਣਨ ਪਰ ਅਜਿਹੇ ਗੰਦੇ ਲੋਕਾਂ ਨੂੰ ਸਿੱਖ ਆਖਣਾ ਹੀ ਸਿੱਖ ਧਰਮ ਦੀ ਤੌਹੀਨ ਕਰਨਾ ਹੈ ।

ਜਦ ਦਾਰੂ ਦਾ ਨਸ਼ਾ ਖਿੜ ਗਿਆ ਤਾਂ ਬਾਂਹ ਤੋਂ ਪਕੜ ਕੇ ਸੇਜ ਤੇ ਸੁਟ ਲਿਆ ਤੇ ਬੜੇ ਚਾਓ ਨਾਲ ਗਲੇ ਲਗਾਇਆ ਅਤੇ ਉਛਲਿ ਉਛਲਿ ਕੇ ਭੋਗ ਕੀਤਾ :-

*ਜਬ ਮਦ ਕਰਿ ਮਤਵਾਰਾ ਕਿਯੋ ॥ ਭੁਜ ਤੇ ਪਕਰਿ ਸੇਜ ਪਰ ਦਿਯੋ ॥*
*ਅਧਿਕ ਮਾਨਿ ਰੁਚਿ ਗਰੇ ਲਗਾਯੋ ॥ ਉਛਰਿ ਉਛਰਿ ਕਰਿ ਭੋਗ ਕਮਾਯੋ ॥੯॥*

(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)

ਇਕ ਜਵਾਨੀ ਹੋਏ ਤੇ ਦੂਜੇ ਦਾਰੂ ਦਾ ਨਸ਼ਾ ਤੀਜੇ ਮੁਟਿਆਰ ਨਾਲ ਭੋਗ ਦੀ ਮਸਤੀ ਫਿਰ ਦੋਨਾਂ ਚੋਂ ਭਲਾਂ ਕੌਣ ਹਾਰੇ ? ਚਾਰ ਬੇਦ ਵੀ ਇਹੋ ਭੇਦ ਦੱਸਦੇ ਹਨ :-

*ਏਕ ਤਰੁਨ ਦੂਸਰ ਮਦ ਮਾਤੋ ॥ ਤੀਸਰ ਭੋਗ ਤਰੁਨਿ ਕੇ ਰਾਤੋ ॥*
*ਦੁਹੂੰਅਨ ਮੱਧ ਹਾਰ ਕੋ ਮਾਨੈ ॥ ਚਾਰਹੁ ਬੇਦ ਭੇਦ ਇਹ ਜਾਨੈ ॥* (ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)

ਜਦ ਮੁਟਿਆਰ ਔਰਤ ਜਵਾਨ ਮਰਦ ਨੂੰ ਪਾ ਲੈਂਦੀ ਹੈ ਤਾਂ ਛਿਨ ਮਾਤਰ ਲਈ ਵੀ ਉਸ ਨੂੰ ਅਪਣੀ ਛਾਤੀ ਤੋਂ ਪਰੇ ਨਹੀਂ ਕਰਦੀ । ਓਹ ਖਿੱਚ ਖਿੱਚ ਕੇ ਉਸ ਨੂੰ ਗਲੇ ਲਗਾਉਂਦੀ ਹੈ ਤੇ ਸਾਰੀ ਰਾਤ ਭੋਗ ਕਮਾਉਂਦੀ ਹੈ :-

*ਜਬ ਤ੍ਰਿਯ ਤਰੁਨਿ ਤਰੁਨ ਕਹ ਪਾਵੈ ॥ ਛਿਨ ਛਤਿਯਾ ਤੇ ਛੋਰਿ ਨ ਭਾਵੈ ॥*
*ਗਹਿ ਗਹਿ ਤਾਂਕਰ ਗਰੇ ਲਗਾਵੈ ॥ ਚਾਰਿ ਪਹਿਰ ਨਿਸਿ ਭੋਗ ਕਮਾਵੈ ॥੧੧॥*

(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)

ਭੋਗ ਕਰਦਿਆਂ ਮੁਟਿਆਰ ਬਸ ਚ ਹੋ ਗਈ । ਓਹ ਕਿਸੇ ਹੋਰ ਦੀ ਸੀ ਪਰ ਅਪਣੀ ਬਣ ਗਈ । ਇਕ ਛਿਨ ਮਾਤਰ ਵੀ ਛੈਲ ਛਬੀਲੇ ਯਾਰ ਨੂੰ ਨਹੀਂ ਛੱਡਣਾ ਚਾਹੁੰਦੀ :-

*ਭੋਗ ਕਰਤ ਤਰੁਨੀ ਬਸਿ ਭਈ ॥ ਪਰ ਕੀ ਤੇਂ ਵਾਕੀ ਹ੍ਵੈ ਗਈ ॥*
*ਛਿਨ ਇਕ ਛੈਲ ਨ ਛੋਰਯੋ ਜਾਵੈ ॥ ਛੇਲਿਯਹਿ ਯਾਰ ਛਬੀਲੋ ਭਾਵੈ ॥੧੨॥* (ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)

ਕੋਕਸਾਰ ਦੀ ਸਿੱਖਿਆ ਅਨੁਸਾਰ ਅਮਲ ਕਰ ਕੇ ਦ੍ਰਿੜਤਾ ਨਾਲ ਭੋਗ ਕਰਦੇ । ਓਹ ਕਿਸੇ ਹੋਰ ਮਨੁੱਖ ਦੀ ਕਾਨ ਨਾ ਕਰਦੇ ਤੇ ਅਨੇਕਾਂ ਤਰ੍ਹਾਂ ਦੇ ਭੋਗ ਭੋਗਦੇ :-

*ਕੋਕਸਾਰ ਕੇ ਮਤਨ ਉਚਰੈ ॥ ਅਮਲ ਪਾਨ ਕਰਿ ਦ੍ਰਿੜ ਰਤਿ ਧਾਰੈ ॥*
*ਆਨ ਪੁਰਖ ਕੀ ਕਾਨਿ ਨ ਕਰਹੀਂ ॥ ਭਾਂਤਿ ਭਾਂਤਿ ਕੇ ਭੋਗਨ ਭਰਹੀਂ ॥੧੩॥*

(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)

ਨੋਟ :- ਪਿੱਛੇ ਵੀ ਪੜ੍ਹ ਚੁੱਕੇ ਹਾਂ ਕਿ ਅਨੇਕਾਂ ਹੀ ਕਾਵਿ ਰਚਨਾਵਾਂ ਵਿੱਚ ਕੋਕ ਸਾਸਤ੍ਰ ਦੀ ਵਿਧੀ ਵਿਧਾਨ ਅਨੁਸਾਰ ਕਾਮ ਭੋਗ ਕਰਨ ਦੀ ਗੱਲ ਕਹੀ ਗਈ ਹੈ । ਗੁਰੂ ਗੋਬਿੰਦ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਪੜ੍ਹਨ ਦੀ ਤਾਂ ਦੁਹਾਈ ਦੇ ਸਕਦੇ ਹਨ ਪਰ ਕੋਕ ਸਾਸਤ੍ਰ ਪੜ੍ਹਨ ਦੀ ਕਿਸੇ ਵੀ ਕੀਮਤ ਤੇ ਸਿੱਖਾਂ ਨੂੰ ਸੇਧ ਨਹੀਂ ਦੇ ਸਕਦੇ । ਅਜਿਹੇ ਲੱਚਰ ਸਹਿਤ ਤੇ ਪਾਤਸ਼ਾਹੀ ੧੦ ਲਿਖਣਾ ਅਪਣੇ ਹੀ ਗੁਰੂ ਨੂੰ ਗਾਲ੍ਹ ਕੱਢਣ ਅਤੇ ਅਪਮਾਨਿਤ ਕਰਨ ਸਮਾਨ ਹੈ । ਜਦ ਕਦੇ ਦਸਮ ਗ੍ਰੰਥ ਦੀ ਕੋਈ ਕਥਾ ਛੇਡਦਾ ਹੈ ਤਾਂ ਪੁਜਾਰੀ ਸਭ ਤੋਂ ਵੱਧ ਔਖੇ ਹੁੰਦੇ ਹਨ ਸ਼ਾਇਦ ਹਮਾਮ ਚ ਅਲਫ਼ ਨੰਗੇ ਹੋ ਜਾਣ ਦੇ ਡਰੋਂ ।

ਉਨ੍ਹਾਂ ਪੋਸਤ ਭੰਗ ਅਫੀਮ ਮੰਗਾਈ ਤੇ ਇਕੋ ਮੰਜੀ ਤੇ ਬੈਠ ਕੇ ਚੜ੍ਹਾਈ । ਹੱਸ ਹੱਸ ਕੇ ਦੋਨਾਂ ਨੇ ਜਾਂਘਾਂ ਪਕੜ ਭੋਗ ਕੀਤਾ ਤੇ ਸੁਖ ਹੁਲਾਰੇ ਲਏ । ਓਹ ਭੋਗ ਕਰਦਿਆਂ ਸਾਰੀ ਸਾਰੀ ਰਾਤ ਬਿਤਾਉਂਦੇ । ਸੁੱਤੇ ਉਠਦੇ ਫਿਰ ਭੋਗ ਕਰਨ ਲੱਗ ਜਾਂਦੇ । ਅਨੇਕਾਂ ਤਰ੍ਹਾਂ ਦੇ ਚੁੰਬਨ ਤੇ ਆਸਣਾ ਨੂੰ ਭੋਗਦੇ :-

*ਪੋਸਤ ਭਾਂਗ ਅਫੀਮ ਮੰਗਾਵੈ ॥ ਏਕ ਖਾਟ ਪਰ ਬੈਠਿ ਚੜ੍ਹਾਵੈ ॥*
*ਹਸਿ ਹਸਿ ਕਰਿ ਦੋਊ ਜਾਂਘਨ ਲੇਹੀ ॥ ਰਾਜ ਤਰੁਨਿ ਕੌ ਬਹੁ ਸੁਖ ਦੇਹੀ ॥੧੪॥*
*ਭੋਗ ਕਰਤ ਨਿਸਿ ਸਕਲ ਬਿਤਾਵੈਂ ॥ ਸੋਇ ਰਹੈ ਉਠਿ ਕੇਲਿ ਕਮਾਵੈਂ ॥*
*ਫਿਰਿ ਫਿਰਿ ਤ੍ਰਿਯ ਆਸਨ ਕਹ ਲੈ ਕੈ ॥ ਭਾਂਤਿ ਭਾਂਤਿ ਕੈ ਚੁੰਬਨ ਕੈ ਕੈ ॥੧੫॥*

(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)

ਨੋਟ :- ਜਿਵੇਂ ਅਸੀਂ ਜਾਣਦੇ ਹੀ ਹਾਂ ਕਿ ਸਿੱਖ ਧਰਮ ਵਿੱਚ ਨਸ਼ਾ ਕਰਨ ਦੀ ਸਖ਼ਤ ਮਨਾਹੀ ਹੈ ਪਰ ਇਨ੍ਹਾਂ ਕਾਵਿ ਰਚਨਾਵਾਂ ਵਿੱਚ ਜਿਨ੍ਹਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਇਨ੍ਹਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਹਨ ਨਸ਼ਾ ਕਰ ਕੇ ਪਰਾਈ ਔਰਤ ਭੋਗਣ ਦੀ ਵਕਾਲਤ ਕੀਤੀ ਹੈ । ਸਿੱਖ ਧਰਮ ਅਪਣਾ/ਅਪਣੀ ਪਤੀ/ਪਤਨੀ ਤੋਂ ਇਲਾਵਾ ਕਿਸੇ ਹੋਰ ਮਰਦ/ਔਰਤ ਨਾਲ ਹਮਬਿਸਤ੍ਰ ਹੋਣ ਦੀ ਖੁੱਲ੍ਹ ਨਹੀਂ ਦੇਂਦਾ । ਸਿੱਖ ਧਰਮ ਦੇ ਮਹਾਂ ਗੰਦੇ ਪੁਜਾਰੀਆਂ-ਡੇਰੇਦਾਰਾਂ-ਸੰਤਾਂ ਸਾਧਾਂ ਅਤੇ ਬ੍ਰਹਮਗਿਆਨੀਆਂ ਨੇ ਇਨ੍ਹਾਂ ਦੋਨੇ ਵੱਡੇ ਸਿਧਾਂਤਾਂ (ਪਰਾਈ ਇਸਤ੍ਰੀ ਦਾ ਸੰਗ ਤੇ ਨਸ਼ੇ ਦੀ ਵਰਤੋਂ) ਦੇ ਜੜ੍ਹੀਂ ਤੇਲ ਦੇ ਕੇ ਸਿੱਖ ਧਰਮ ਦੇ ਮਜਬੂਤ ਥੰਮਾਂ ਦਾ ਬੇੜਾ ਗਰਕ ਕੀਤਾ ਹੈ । ਕੀ ਆਪ ਜੀ ਅਜਿਹੇ ਗੰਦੇ ਲੋਕਾਂ ਤੇ ਵਿਸ਼ਵਾਸ਼ ਕਰੋਗੇ ? ਇਨ੍ਹਾਂ ਦਸਮ ਗ੍ਰੰਥ ਦੇ ਪੁਜਾਰੀਆਂ ਨੂੰ ਪੁੱਛੋ ਬਈ ਤੁਸੀਂ ਇਸ ਗ੍ਰੰਥ ਦੀ ਸਿੱਖਿਆ, ਸਿੱਖ ਧੀਆਂ ਭੈਣਾਂ ਨੂੰ ਕਿਉਂ ਦੇਣੀ ਚਾਹੁੰਦੇ ਹੋ ? ਵਿਭਚਾਰ ਫੇਲਾਣ ਲਈ ? ਵਿਓਪਾਰ ਲਈ ? ਜਾਂ ਨਿੱਜੀ ਕਾਮ ਭੁੱਖ ਦੀ ਤੜਪਦੀ ਲਾਲਸਾ ਮਿਟਾਣ ਲਈ ? ਸਿੱਖ ਧਰਮ ਦੇ ਸਮੂਹ ਦੋਖੀਆਂ ਨੂੰ ਕੌਮ ਦੇ ਮਰ ਜੀਵੜਿਆਂ ਕਦੇ ਨਾ ਕਦੇ ਪੁੱਛ ਹੀ ਲੈਣਾ ਹੈ ਕਿ ਅੱਜ ਤਾਈਂ ਤੁਸੀਂ ਸਾਨੂੰ ਬੁੱਧੂ ਬਨਾਣ ਦੀ ਗੁਸਤਾਖੀ ਕਿਵੇਂ ਕੀਤੀ ।

ਭੋਗ ਕਰ ਕੇ ਔਰਤ ਦਾ ਮਨ ਖੁਸ਼ ਕਰ ਦਿੱਤਾ ਤੇ ਅਨੇਕਾਂ ਭਾਂਤ ਨਾਲ ਕਾਮ ਦੀ ਖੇਡ ਖੇਡੀ ਖੁਸ਼ ਹੋਈ ਔਰਤ ਕਹਿੰਦੀ ਕਿ ਮੈਂ ਤੇਰੀ ਦਾਸ ਬਣ ਗਈ ਹਾਂ :-

*ਭੋਗ ਕਰਤ ਤਰੁਨਿਯਹਿ ਰਿਝਾਯੋ ॥ ਭਾਂਤਿ ਅਨਿਕ ਤਿਨ ਕੇਲ ਮਚਾਯੋ ॥*
*ਇਹ ਬਿਧਿ ਹੌ ਹਸਿ ਤਾਹਿ ਉਚਾਰੋ ॥ ਕਹੌ ਜੁ ਤੁਮ ਸੌ ਸੁਨਹੁ ਪਯਾਰੋ ॥੧੬॥*
*ਜਬ ਤਰੁਨੀ ਸੰਗ ਦ੍ਰਿੜ ਰਤਿ ਕਰੀ ॥ ਭਾਂਤਿ ਭਾਂਤਿ ਕੇ ਭੋਗਨ ਭਰੀ ॥*
*ਰੀਝਿ ਤਰੁਨਿ ਇਹ ਭਾਂਤਿ ਉਚਾਰੀ ॥ ਮਿੱਤ੍ਰ ਭਈ ਮੈਂ ਦਾਸ ਤਿਹਾਰੀ ॥੧੭॥* **(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੫)**

ਕਹਿੰਦੀ ਜੇ ਕਹੇਂ ਤਾਂ ਮੈਂ ਤੇਰੇ ਲਈ ਪਾਣੀ ਭਰ ਲਿਆਵਾਂ ਜਾਂ ਸ਼ਰੇ ਬਜ਼ਾਰ ਅਪਣੇ ਆਪ ਨੂੰ ਵੇਚ ਦੇਵਾਂ। ਜੋ ਤੂੰ ਕਹੇਂ ਮੈਂ ਓਹੀ ਕਰੂੰ-ਮੈਂ ਹੁਣ ਕਿਸੇ ਤੋਂ ਨਹੀਂ ਡਰਦੀ। ਮਿਤ੍ਰ ਕਹਿੰਦਾ ਮੈਂ ਵੀ ਤੇਰਾ ਦਾਸ ਹਾਂ। ਤੇਰੇ ਜਿਹੀ ਰੰਨ ਕਦ ਜਿੰਦਗੀ ਚ ਭੋਗਣ ਨੂੰ ਮਿਲ ਸਕਦੀ ਹੈ, ਮੇਰੀ ਤਾਂ ਭਗਤੀ ਸੰਪੂਰਣ ਹੋਈ ਐ। ਹੁਣ ਅੱਪਾਂ ਨੂੰ ਕੋਈ ਅਜਿਹਾ ਹੀਲਾ ਕਰਨਾ ਚਾਹੀਦਾ ਹੈ ਕਿ ਹਮੇਸਾਂ ਹੀ ਇਕੱਠੇ ਰਹੀਏ ਤੇ ਮੈਂ ਤੈਨੂੰ ਹਮੇਸਾਂ ਹੰਢਾਵਾਂ। ਹੁਣ ਤੂੰ ਅਜਿਹਾ ਚਰਿਤ੍ਰ ਕਰ ਕਿ ਨਾ ਕੁੱਤਾ ਦੇਖੇ ਤੇ ਨਾ ਹੀ ਭੌਂਕੇ । ਰਾਣੀ ਨੇ ਸੁਣ ਕੇ ਕਿਹਾ ਕਿ ਬਾਲ ਸਫਾ ਲਗਾ ਕੇ ਬਾਲ ਸਾਫ ਕਰ ਤੇ ਔਰਤ ਦਾ ਭੇਖ ਧਾਰਣ ਕਰ ਲੈ । ਰਾਣੀ ਨੇ ਬਾਲ ਸਫਾ ਮੰਗਾ ਕੇ ਮਿਤ੍ਰ ਦੇ ਬਦਨ ਤੇ ਲਗਾ ਕੇ ਸਾਰੇ ਬਾਲ ਸਾਫ ਕਰ ਦਿੱਤੇ ਤੇ ਔਰਤਾਂ ਦੇ ਕੱਪੜੇ ਪਾਉਣ ਨੂੰ ਦਿੱਤੇ :-

*ਰਾਨੀ ਸੁਨੀ ਬਾਤ ਐਸੀ ਜਬ ॥ ਬਚਨ ਕਹਾ ਹਸਿ ਕਰਿ ਪਿਯ ਸੌ ਤਬ ॥*
*ਰੋਮ ਨਾਸ ਤੁਮ ਬਦਨ ਲਗਾਵਹੁ ॥ ਸਕਲ ਨਾਰਿ ਕੋ ਭੇਸ ਬਨਾਵਹੁ ॥੨੨॥*
*ਰੋਮਾਂਤਕ ਰਾਨਿਯਹਿ ਮਗਾਯੋ ॥ ਤਾਕੇ ਬਦਨ ਸਾਰ ਲੈ ਲਾਯੋ ॥*
*ਸਭ ਹੀ ਕੇਸ ਦੂਰਿ ਜਬ ਭਏ ॥ ਤਾਕਹ ਬਸਤ੍ਰ ਨਾਰਿ ਕੇ ਦਏ ॥੨੩॥*

ਨੋਟ :- ਖੰਡੇ ਬਾਟੇ ਦੀ ਪਹੁਲ (ਅੰਮ੍ਰਿਤ) ਦੀ ਦਾਤ ਦੇਣ ਸਮੇਂ ਦ੍ਰਿੜ ਕਰਾਇਆ ਜਾਂਦਾ ਹੈ ਕਿ ਨਸ਼ੇ ਦੀ ਵਰਤੋਂ ਨਹੀਂ ਕਰਨੀ-ਪਰਾਈ ਔਰਤ/ਮਰਦ ਦਾ ਸੰਗ ਨਹੀਂ ਕਰਨਾ-ਰੋਮਾਂ ਦੀ ਬੇਅਦਬੀ ਨਹੀਂ ਕਰਨੀ ਅਤੇ ਕੁੱਠਾ ਨਹੀਂ ਖਾਣਾ । ਇਸ ਕਾਵਿ ਨੰ. ਦੋ ਸੌ ਨੱਬੇ ਵਿੱਚ ਚਾਰ ਦੇ ਚਾਰੋਂ ਸਿਧਾਂਤਾਂ ਨੂੰ ਮਿੱਟੀ ਚ ਰੋਲ ਦਿੱਤਾ ਗਿਆ ਹੈ । ਪਹਿਲਾਂ ਪਰਾਈ ਇਸਤ੍ਰੀ ਨਾਲ ਕਾਮ ਭੋਗ ਕਰਨ ਨੂੰ ਹੱਲਾ ਸ਼ੇਰੀ ਦਿੱਤੀ-ਫਿਰ ਹਰ ਪ੍ਰਕਾਰ ਦੇ ਨਸ਼ੇ ਵਰਤਣ ਲਈ ਉਕਸਾਇਆ ਤੇ ਹੁਣ ਸਰੀਰ ਤੇ ਰੋਮਨਾਸਨੀ (ਬਾਲਸਫਾ) ਲਗਾ ਕੇ ਬਾਲ (ਕੇਸ) ਸਾਫ ਕਰ ਦੇਣ ਲਈ ਉਤਸ਼ਾਹਿਤ ਕੀਤਾ ਹੈ। ਇਥੇ ਹੀ ਬੱਸ ਨਹੀਂ ਉਸ ਨੂੰ ਬਾਲ ਸਾਫ ਕਰ ਕੇ ਔਰਤ ਬਣਾ ਕੇ ਘਰ ਚ ਨੂੜ ਦਿੱਤਾ ਗਿਆ ਹੈ। ਇਹ ਮੈਂ ਬਾਰ ਬਾਰ ਆਖਦਾ ਹਾਂ ਕਿ ਸਿੱਖ ਪੁਜਾਰੀਆਂ ਦਾ ਧੰਨਵਾਦ ਜਰੂਰ ਕਰਿਓ ਦੇਖੋ ਨਾ ਕਿੰਨਾ ਲੰਮਾਂ ਸਮਾਂ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਤੋਂ ਬਾਦ ਇਨ੍ਹਾਂ ਮਹਾਂ ਗੰਦੀ ਖੇਡ, ਖੇਡ ਕੇ, ਸਿੱਖ ਕੌਮ ਨੂੰ ਭਰੇ ਬਜ਼ਾਰ ਬੇਪੱਤ ਕੀਤਾ ਹੈ ਤੇ ਹਰ ਸਾਹ ਕੌਮ ਦਾ ਮੌਜੂ ਬਣਾਇਆ ਹੈ। ਕਹਿੰਦੇ ਦਸਮ ਗ੍ਰੰਥ ਦੀ ਗੱਲ ਨਾ ਛੇੜਿਓ ਪੰਥ ਚੋਂ ਛੇਦ ਦੇਵਾਂਗੇ। ਇਨ੍ਹਾਂ ਨੂੰ ਪੁੱਛੋ ਬਈ ਪੰਥ ਚੋਂ ਛੇਕਣ ਦਾ ਅਧਿਕਾਰ ਤੁਹਾਨੂੰ ਕਿਸ ਦਿੱਤਾ ? ਗੁਰੂ ਨੇ, ਪੰਥ ਨੇ ਜਾਂ ਸਰਕਾਰ ਨੇ ? ਆਖੇ ਜੀ ਮੈਂ ਬੜਾ ਸਾਧ ਹਾਂ-ਮੈਂ ਬੜਾ ਪੁਜਾਰੀ ਹਾਂ (ਉਂਝ ਕਾਮ ਸਾਸਤ੍ਰ ਤੇ ਗੁਰਬਾਣੀ ਚ ਫਰਕ ਕੀ ਹੈ ? ਨਹੀਂ ਜਾਣਦੇ) ਮੇਰਾ ਹੁਕਮ ਨਾ ਮੋੜਿਓ ਵਰਨਾ...। ਵਰਨਾ ਤੋਂ ਬਾਦ ਸ਼ਾਇਦ ਉਹ ਜਾਣਦੇ ਹੀ ਹੋਣਗੇ ਕਿ ਗੁਰੂ ਨਾਨਕ ਦੇ ਸਿੱਖਾਂ ਨੇ ਨੰਗੇ ਕਰ ਹੀ ਦੇਣੇ ਹਨ । ਇਨ੍ਹਾਂ ਕਾਵਿ ਰਚਨਾਂ ਤੇ ਪਾਤਸ਼ਾਹੀ ੧੦ ਲਿਖ ਕੇ ਅਸੀਂ ਉਸ ਖੰਡੇ ਬਾਟੇ ਦੀ ਪਹੁਲ ਲੈਣ ਸਮੇਂ ਲਏ ਪ੍ਰਨ ਤੋਂ ਹੀ ਮੁਨਕਰ ਹੋ ਗਏ ਹਾਂ ।

ਮਿਤ੍ਰ ਦੇ ਹੱਥ ਬੀਨਾ (ਸਾਜ) ਪਕੜਾ ਕੇ ਗਾਉਣ ਵਾਲੀ ਬਣਾ ਦਿੱਤਾ। ਲੋਕ ਉਸ ਨੂੰ ਪਹਿਚਾਣ ਨਾ ਸਕੇ। ਜਿਹੜਾ ਵੀ ਓਹਨੂੰ ਤੱਕਦਾ ਕਾਮੀ ਹੋ ਜਾਂਦਾ ਤੇ ਘਰ ਬਾਹਰ ਛੱਡ ਕੇ ਦੀਵਾਨਾ ਬਣ ਜਾਂਦਾ। ਰਾਜੇ ਨੇ ਜਦ ਉਸ ਬਾਰੇ ਸੁਣਿਆ ਤਾਂ ਇਕ ਦੂਤੀ ਨੂੰ ਚੋਖਾ ਧਨ ਦੇ ਕੇ ਉਸ ਕੋਲ ਭੇਜਿਆ ਕਿ ਤੈਨੂੰ ਰਾਜੇ ਨੇ ਸੱਦਿਆ ਹੈ। ਜਦ ਰਾਣੀ ਨੇ ਸੁਣਿਆ ਤਾਂ ਓਹ ਹੱਸ ਕੇ ਕਹਿੰਦੀ ਕਿ ਜੇ ਰਾਜੇ ਨੇ ਇਸ ਨੂੰ ਬਰ ਲਿਆ ਤਾਂ ਸਾਡੇ ਨਾਲੋਂ ਮੋਹ ਟੁੱਟ ਜਾਏਗਾ ਰਾਣੀ ਨੇ ਮਿੱਤ੍ਰ ਨੂੰ ਅਪਣੇ ਨਾਲ ਹੀ ਸੁਲਾਉਣਾ ਸੁਰੂ ਕਰ ਦਿੱਤਾ। ਰਾਜੇ ਨੂੰ ਜਦ ਪਤਾ ਚਲਿਆ ਤਾਂ ਉਹ ਬੜਾ ਦੁਖੀ ਹੋਇਆ ਕਿ ਰਾਣੀ ਨੂੰ ਮੇਰਾ ਅੰਦਰਲਾ ਭੇਦ ਚਲ ਗਿਆ ਹੈ । ਰਾਣੀ ਨੇ ਬਾਕੀ ਰਾਣੀਆਂ-ਚ-ਵੀ ਕੰਨਾਂ ਫੂਸੀ ਕਰ ਦਿੱਤੀ, ਬਈ ਰਾਜਾ ਇਸ ਨੂੰ ਤੱਕ ਕੇ ਭੋਗ ਕਰੇਗਾ ਇਸੇ ਲਈ ਮੈਂ ਅਪਣੇ ਪਾਸ ਰੱਖਿਆ ਹੈ । ਹੁਣ ਮੈਂ ਇਸ ਨੂੰ ਅਪਣੇ ਨਾਲ ਹੀ ਸੁਲਾਵਾਂਗੀ ।

*ਮੈਂ ਸੋਵਤ ਤਾਤੇ ਇਹ ਸੰਗਾ ॥ ਅਪਨੇ ਜੋਰ ਅੰਗ ਸੋ ਅੰਗਾ ॥*
*ਭਲੀ ਭਲੀ ਇਸਤ੍ਰਿਨ ਸਭ ਭਾਖੀ ॥ ਜਯੋਂ ਤਯੋਂ ਨਾਰਿ ਨਾਹ ਤੇ ਰਾਖੀ ॥੩੩॥*
*ਦਿਨ ਦੇਖਤ ਰਾਨੀ ਤਿਹ ਸੰਗਾ ॥ ਸੋਵਤ ਜੋਰ ਅੰਗ ਸੋ ਅੰਗਾ ॥*
*ਮੂਰਖ ਰਾਵ ਭੇਦ ਨਹਿ ਪਾਵੈ ॥ ਕੋਰੋ ਅਪਨੋ ਮੂੰਡ ਮੁਡਾਵੈ ॥੩੪॥* **(ਦੋਇ ਸੌ ਨੱਬੇ ਚਰਿਤ੍ਰ ਪੰਨਾ ੧੨੩੪)**

## ਨਗਰ : ਪਛਿਮਾਵਤੀ

(ਦੋਇ ਸੌ ਇਕਯਾਨਵੋਂ ਚਰਿਤ੍ਰ ਪੰਨਾ ੧੨੩੭)

ਪਾਤਰ : ਪਸਚਿਮ ਸੈਨ (ਨ੍ਰਿਪਤਿ), ਪਸਚਿਮ ਦੇ (ਰਾਨੀ), ਰਾਇ ਦਿਲਵਾਲੀ ਤੇ ਸੂਰਨ ਸਿੰਘ

**ਭਾਰੀ ਨਸ਼ੇ ਕਰ ਕੇ ਔਰਤਾਂ ਭੋਗੋ ਜੇ ਮਿਤ੍ਰ ਪਸੰਦ ਆਏ ਉਸ ਨਾਲ ਭੱਜ ਜਾਓ :** ਪਛਿਮਾਵਤੀ ਨਗਰ ਦੇ ਰਾਜਾ ਪਸਚਿਮ ਸੈਨ ਦੀ ਰਾਣੀ ਪਸਚਿਮ ਦੇ ਜਣੋਂ ਨਿਰਾ ਚੰਦ ਦਾ ਟੁਕੜਾ-ਰਾਜੇ ਦੀ ਬੜੀ ਹੀ ਪਿਆਰੀ । ਉਥੇ ਸੀ ਇਕ ਰਾਇ ਦਿਲਵਾਲੀ। ਮੇਰੇ ਤੋਂ ਉਸ ਦੇ ਰੂਪ ਦਾ ਕਥਨ ਕਰਨਾ ਔਖਾ ਹੈ। ਇਕ ਦਿਨ ਰਾਣੀ ਨੇ ਉਸ ਨੂੰ ਤੱਕਿਆ ਤੇ ਉਸ ਦੀ ਜਵਾਨੀ ਤੇ ਰੂਪ ਚ ਉਲਝ ਗਈ । ਰਾਣੀ ਨੇ ਉਸ ਨੂੰ ਅਪਣੇ ਘਰ ਸੱਦਿਆ ਤੇ ਸੁਰੂ ਹੋਇਆ ਕਾਮ ਖੇਲ :-

*ਪੋਸਤ ਭਾਂਗ ਅਫੀਮ ਮੰਗਾਈ ॥ ਏਕ ਸੇਜ ਪਰ ਬੈਠਿ ਚੜ੍ਹਾਈ ॥*
*ਜਬ ਮਦ ਸੋ ਮਤਵਾਰੇ ਭਏ ॥ ਤਬ ਹੀ ਸ਼ੋਕ ਬਿਸਰਿ ਸਭ ਗਏ ॥੫॥*
*ਏਕ ਸੇਜ ਪਰ ਬੈਠਿ ਕਲੋਲਹਿ ॥ ਰਸ ਕੀ ਕਥਾ ਰਸਿਕ ਮਿਲਿ ਬੋਲਹਿ ॥*
*ਚੁੰਬਨ ਔਰ ਅਲਿੰਗਨ ਕਰਹੀਂ ॥ ਭਾਂਤਿ ਭਾਂਤਿ ਕੇ ਭੋਗਨ ਭਰਹੀਂ ॥੬॥*

(ਦੋਇ ਸੌ ਇਕਯਾਨਵੋਂ ਚਰਿਤ੍ਰ ਪੰਨਾ ੧੨੩੭)

ਨੋਟ :- ਪੋਸਤ ਭਾਂਗ ਅਫੀਮ ਦਾ ਇਕੱਠਾ ਨਸ਼ਾ ਇਕੋ ਸੇਜ ਤੇ ਬੈਠ ਕੇ ਚੜ੍ਹਾਇਆ ਹੋਏ ਤੇ ਜਦੋਂ ਦੋਨੋ ਨਸ਼ਈ ਹੋ ਜਾਣ ਫਿਰ ਸਾਰੇ ਹੀ ਦੁੱਖ ਭੁੱਲ ਜਾਂਦੇ ਹਨ ਕਿਉਂਕਿ ਇਕੋ ਸੇਜ ਤੇ ਬੈਠ ਕੇ ਦੋਨੋ ਕਲੋਲਾਂ ਕਰਦੇ ਹਨ ਤੇ ਕਾਮ ਉਪਜਾਊ (ਭੜਕਾਊ) ਗੱਲਾਂ ਕਰ ਕੇ ਰਸ ਮਾਣਦੇ ਹਨ। ਇਸ ਨਾਲ ਚੁੰਮੀ ਚੱਟਾ ਕਰਦਿਆਂ ਨੰਗੇ ਹੋ ਕੇ ਅਨੇਕਾਂ ਤਰ੍ਹਾਂ ਦੇ ਭੋਗ ਭੋਗਦੇ ਹਨ। ਪੁਜਾਰੀ ਇਸ ਨੂੰ ਗੁਰਬਾਣੀ ਕਹਿੰਦੇ ਹਨ-ਅਨੇਕਾਂ ਡੰਡਾਉਤਾਂ ਕਰਦੇ ਹਨ। ਗੁਰ ਸਿੱਖਾਂ ਤੋਂ ਮੱਥੇ ਟਿਕਾਉਂਦੇ ਹਨ, ਭਾਰੀ ਰਕਮਾਂ ਬਟੋਰਦੇ ਹਨ। ਜੇਕਰ ਨਸ਼ੇ ਕਰਕੇ ਔਰਤਾਂ ਭੋਗਣ ਨੂੰ ਹੀ ਰੱਬੀ ਭਗਤੀ ਮਾਰਗ ਕਿਹਾ ਜਾਂਦਾ ਹੈ ਤਾਂ ਫਿਰ ਹਰ ਰੋਜ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ-ਗੀਤਾ-ਬਾਈਬਲ-ਰਮਾਇਣ ਪੜ੍ਹਨ ਦਾ ਲੋਕਾਂ ਨੂੰ ਕੀ ਫਾਇਦਾ ? ਸਵੇਰੇ ਸਵੇਰੇ ਉੱਠੇ-ਨਸ਼ੇ ਰਗੜੇ ਤੇ ਸੁਰੂ ਕੀਤਾ ਕਾਮ ਭੋਗ ਬੇਸ਼ਰਮੀ ਦੀ ਕੀ ਪ੍ਰੀਭਾਸ਼ਾ ਲਿਖੀ ਜਾਏ ਸਮਝ ਨਹੀਂ ਆਉਂਦੀ ਇਹ ਬਾਂਦਰ ਦੀ ਪੂੰਛ ਦੀ ਤਰ੍ਹਾਂ ਲੰਮੀ ਹੀ ਲੰਮੀ ਹੁੰਦੀ ਜਾਂਦੀ ਹੈ । ਕੀ ਦਸਮ ਗ੍ਰੰਥ ਦਾ ਪ੍ਰਕਾਸ਼ ਗੁਰੂ ਘਰਾਂ ਚ ਕਰਨ ਤੇ ਕਰਵਾਉਣ ਵਾਲੇ ਸਿੱਖ ਸੰਗਤਿ ਨੂੰ ਸਪੱਸਟੀ ਕਰਣ ਦੇਣਗੇ ਕਿ ਉਹ ਇਸ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਉਂ ਕਰਦੇ ਹਨ ?

ਰਾਣੀ ਅਪਣੇ ਮਿੱਤ੍ਰ ਨਾਲ ਭੋਗ ਕਰ ਕੇ ਨਿਹਾਲੋ ਨਿਹਾਲ ਹੋ ਗਈ । ਉਸ ਨੇ ਅਪਣੇ ਚਿੱਤ ਚ ਮਿਤ੍ਰ ਨਾਲ ਭੱਜ ਜਾਣ ਦਾ ਮਨ ਬਣਾਇਆ । ਉਹ ਪਾਲਕੀ ਚ ਬੈਠ ਕੇ ਬਨ ਵਿਚ ਬਣੇ ਦੇਹਰੇ ਤੇ ਪਹੁੰਚੀ ਤੇ ਕਹਿੰਦੀ ਮੈਂ ਪਿਸ਼ਾਬ ਕਰ ਆਵਾਂ। ਪਿਸ਼ਾਬ ਦੇ ਬਹਾਨੇ ਮਿਤ੍ਰ ਨਾਲ ਭੱਜ ਗਈ । ਇਕ ਸਖੀ ਨੇ ਰੋਲਾ ਪਾਇਆ ਕਿ ਰਾਣੀ ਨੂੰ ਸ਼ੇਰ ਚੁੱਕ ਕੇ ਲੈ ਗਿਆ ਹੈ । ਸੂਰਨ ਸਿੰਘ ਨੇ ਸੁਣ ਕੇ ਰਾਜੇ ਨੂੰ ਜਾ ਦੱਸਿਆ ਤੇ ਵਿਚਾਰਾ ਰਾਜਾ ਰੱਬੀ ਭਾਣਾ ਮਨ ਬੈਠਾ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਨਸ਼ੇ ਕਰਨ ਵੱਲ ਪ੍ਰੇਰਦੀ ਹੈ ਅਤੇ ਮਿਤ੍ਰ ਨਾਲ ਹਮ ਬਿਸਤ੍ਰ ਹੋਣ ਨੂੰ ਉਤਸ਼ਾਹਿਤ ਕਰਦੀ ਹੈ ਪਤਾ ਨਹੀਂ ਸਿੱਖ ਧਰਮ ਦੇ ਠੇਕੇਦਾਰਾਂ ਅਤੇ ਪੁਜਾਰੀਆਂ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਵਿਗਾੜਿਆ ਹੈ। ਉਹ ਚਾਰੇ ਖ਼ੁਰ ਚੁੱਕ ਕੇ ਗੁਰੂ ਜੀ ਦੇ ਮਗਰ ਹੱਥ ਧੋ ਕੇ ਪਏ ਜਾਪਦੇ ਹਨ । ਇਹ ਵੱਖਰੀ ਗੱਲ ਹੈ ਕਿ ਉਹ ਖਾਂਦੇ ਗੁਰੂ ਘਰ ਦਾ (ਕਾਜੂ-ਪਿਸਤਾ-ਬਦਾਮ-ਨਿਓਜੇ ਤੇ ਦੇਸੀ ਘਿਓ) ਹੰਢਾਦੇ, ਗੁਰੂ ਘਰ ਦਾ (ਰੁਮਾਲਿਆਂ ਤੋਂ ਲੈ ਕੇ ਮਖਮਲੀ ਵਸਤਰਾਂ ਤੱਕ), ਰਹਿੰਦੇ ਗੁਰੂ ਘਰਾਂ ਚ ਪਰ ਗੁਣ ਗੈਰਾਂ ਦਾ ਗਾਉਂਦੇ ਹਨ । ਇਸ ਨੂੰ ਸਿਆਣੇ ਨਮਕ ਹਰਾਮੀ ਜਾਂ ਅਕ੍ਰਿਤਘਣ ਦੇ ਸੋਹਣੇ ਨਾਮ ਦੇਂਦੇ ਹਨ ।

## ਦਿਸ਼ਾ : ਉੱਤਰ

(ਦੋਇ ਸੌ ਬਾਨਵੇਂ ਚਰਿਤ੍ਰ ਪੰਨਾ ੧੨੩੭-੩੯)

### ਇਸ਼ਕ ਦੀ ਉੱਠੀ ਕਲੇਜੇ ਪੀੜ

ਪਾਤਰ : ਉੱਤਰ ਸਿੰਘ (ਨ੍ਰਿਪਤਿ), ਉੱਤਰ ਮਤੀ (ਨਾਰੀ) ਤੇ ਲਹੌਰੀ ਰਾਇ : ਉੱਤਰ ਦੇ ਰਾਜਾ ਉੱਤਰ ਸਿੰਘ ਦੀ ਰਾਣੀ ਉੱਤਰ ਮਤੀ ਸੋਹਣੇ ਸਨੁੱਖੇ ਗਭਰੂ ਲਹੌਰੀ ਰਾਏ ਦੀ ਡੀਲ ਡੌਲ ਦੇਖ ਕੇ ਸੁਧਿ ਬੁਧਿ ਖੋ ਬੈਠੀ। ਓਹ ਛਾਤੀ ਦਾ ਕਪੜਾ ਤੇ ਅੰਗਿਯਾ ਵੀ ਸੰਭਾਲਣਾ ਭੁੱਲ ਗਈ। ਓਹ ਕਹੇ ਕੁੱਛ ਹੋਰ ਪਰ ਮੂੰਹੋਂ ਬੋਲੇ ਕੁੱਛ ਹੋਰ ਹਰ ਸਮੇਂ ਪਿਯ ਪਿਯ ਦੀ ਰਟ ਲਗਾ ਰੱਖੇ । ਰਾਜਾ ਓਹਦੀ ਹਾਲਤ ਦੇਖ ਕੇ ਸਖੀਆਂ ਨੂੰ ਕਹਿੰਦਾ ਕਿ ਲਗਦਾ ਇਸ ਨੂੰ ਕੋਈ ਕਸਰ ਹੋ ਗਈ ਹੈ । ਜੋ ਇਸ ਦਾ ਇਲਾਜ ਕਰੇ, ਮੂੰਹ ਮੰਗਿਆ ਧਨ ਮੈਂ ਦੇਵਾਂਗਾ ਤੇ ਅੱਧਾ ਰਾਜ ਵੀ ਤੇ ਰਾਤ ਨੂੰ ਹੰਢਾਣ ਲਈ ਰਾਣੀ ਵੀ :-

*ਜੋ ਰਾਨੀ ਕਾ ਰੋਗੁ ਮਿਟਾਵੈ ॥ ਸੋ ਨਰ ਹਮ ਕਹ ਬਹੁਰਿ ਜਿਯਾਵੈ ॥*
*ਅਰਧ ਰਾਜ ਰਾਨੀ ਜੁਤ ਲੇਈ ॥ ਏਕ ਰਾਤ੍ਰਿ ਹਮ ਕਹ ਤ੍ਰਿਯ ਦੇਈ ॥*

*ਏਕ ਦਿਵਸ ਵਹੁ ਰਾਜ ਕਰਾਵੈ ॥ ਰਾਨੀ ਕੇ ਸੰਗ ਭੋਗ ਕਮਾਵੈ ॥*
*ਦੂਸਰ ਦਿਨ ਹਮ ਰਾਜ ਕਮਾਵਹਿ ॥ ਲੈ ਅਪਨੀ ਇਸਤ੍ਰਿਯਹਿ ਬਜਾਵਹਿ ॥੯॥*
(ਦੋਇ ਸੌ ਬਾਨਵੇਂ ਚਰਿਤ੍ਰ ਪੰਨਾ ੧੨੩੮)

ਸਖੀਆਂ ਕਹਿੰਦੀਆਂ ਕਿ ਇਕ ਬੈਦ ਹੈ ਉਸ ਨੂੰ ਬੁਲਾ ਕੇ ਇਸ ਦਾ ਇਲਾਜ ਕਰਾਓ ਉਹ ਛਿਨ ਮਾਤਰ ਚ ਇਸ ਦਾ ਰੋਗ ਦੂਰ ਕਰ ਕੇ ਇਸ ਨੂੰ ਅਰੋਗਣ ਕਰ ਦਏਗਾ । ਰਾਜੇ ਨੇ ਇਹ ਸੁਣ ਕੇ ਬੈਦ ਬੁਲਾਇਆ । ਬੈਦ ਕਹਿੰਦਾ ਇਸ ਨੂੰ ਬੜਾ ਭਿਆਨਕ ਰੋਗ ਹੈ ਜੇ ਮੇਰੀ ਜਾਨ ਬਖਸੇਂ ਤਾਂ ਮੈਂ ਸੱਚ ਸੱਚ ਕਹਿ ਸਕਦਾ ਹਾਂ :-

*ਯਾ ਰਾਨੀ ਕਹ ਕਾਮ ਸੰਤਾਯੋ ॥ ਤੁਮ ਨਹਿ ਇਹ ਸੰਗ ਭੋਗ ਕਮਾਯੋ ॥*
*ਤਾਤੇ ਯਾਹਿ ਰੋਗ ਗਹਿ ਲੀਨਾ ॥ ਹਮ ਤੇ ਜਾਤ ਉਪਾਵ ਨ ਕੀਨਾ ॥੧੪॥*
*ਯਹ ਮਦ ਮੱਤ ਮੈਨ ਤ੍ਰਿਯ ਭਰੀ ॥ ਤੁਮ ਕ੍ਰੀੜਾ ਇਹ ਸਾਥ ਨ ਕਰੀ ॥*
*ਅਬ ਯਹ ਅਧਿਕ ਭੋਗ ਜਬ ਪਾਵੈ ॥ ਯਾਕੋ ਸੋਗ ਦੂਰ ਹ੍ਵੈ ਜਾਵੈ ॥੧੫॥* (ਦੋਇ ਸੌ ਬਾਨਵੇਂ ਚਰਿਤ੍ਰ ਪੰਨਾ ੧੨੩੮)

ਹੁਣ ਤੂੰ ਏਹਦਾ ਇਲਾਜ ਕਰਾ।ਜੇ ਮੈਂ ਏਹਦਾ ਰੋਗ ਦੂਰ ਕਰ ਦਿੱਤਾ ਤਾਂ ਤੇਰੀ ਰਾਣੀ ਸਮੇਤ ਅੱਧਾ ਰਾਜ ਲਵਾਂਗਾ:-

*ਪ੍ਰਥਮਹਿ ਬਚਨ ਨ੍ਰਿਪਤਿ ਤੇ ਲਿਯਾ ॥ ਪੁਨਿ ਉਪਚਾਰ ਤਰੁਨਿ ਕੋ ਕਿਯਾ ॥*
*ਭੋਗ ਕਿਯੋ ਤ੍ਰਿਯ ਰੋਗ ਮਿਟਾਯੋ ॥ ਅਰਧ ਰਾਜ ਰਾਨੀ ਜੁਤ ਪਾਯੋ ॥੧੮॥*
(ਦੋਇ ਸੌ ਬਾਨਵੇਂ ਚਰਿਤ੍ਰ ਪੰਨਾ ੧੨੩੮)

ਮਿਤ੍ਰ ਨਾਲ ਭੋਗ ਕਰ ਕੇ ਰਾਣੀ ਨੇ ਅੱਧਾ ਰਾਜ ਉਸ ਨੂੰ ਦੁਆ ਦਿੱਤਾ । ਇਕ ਦਿਨ ਰਾਣੀ ਨੂੰ ਯਾਰ ਵਜਾਉਂਦਾ ਤੇ ਅੱਧਾ ਰਾਜ ਭੋਗਦਾ ਤੇ ਦੂਜੇ ਦਿਨ ਰਾਜਾ ਰਾਣੀ ਨੂੰ ਭੋਗਦਾ :-

*ਇਕ ਦਿਨ ਰਾਨਿਯਹਿ ਜਾਰ ਬਜਾਵੈ ॥ ਅਰਧ ਰਾਜ ਤਿਹ ਆਪ ਕਮਾਵੈ ॥੨੧॥*
*ਇਕ ਦਿਨ ਆਵੈ ਨ੍ਰਿਪ ਕੇ ਧਾਮਾ ॥ ਇਕ ਦਿਨ ਭਜੈ ਜਾਰ ਕੌ ਬਾਮਾ ॥*
*ਇਕ ਦਿਨ ਰਾਜਾ ਰਾਜ ਕਮਾਵੈ ॥ ਜਾਰ ਛੱਤ੍ਰ ਦਿਨ ਦੁਤਿਯ ਢਰਾਵੈ ॥੨੨॥*
(ਦੋਇ ਸੌ ਬਾਨਵੇਂ ਚਰਿਤ੍ਰ ਪੰਨਾ ੧੨੩੯)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਦੁਨੀਆਂ ਨੂੰ ਦੱਸਦੀ ਹੈ ਕਿ ਸਿੱਖ (ਸਿੰਘ) ਨਿਪੁੰਸਕ (ਨਮਰਦ) ਹੁੰਦੇ ਹਨ । ਓਹ ਅਪਣੀਆਂ ਔਰਤਾਂ ਨੂੰ ਕਾਮ ਤ੍ਰਿਪਤੀ ਵੀ ਕਰਾਉਣ ਜੋਗੇ ਨਹੀਂ । ਉਨ੍ਹਾਂ ਦੀਆਂ ਦੀਆਂ ਔਰਤਾਂ ਗੈਰ ਮਰਦਾਂ ਨਾਲ ਸੌਂਦੀਆਂ ਹਨ ਤੇ ਦੂਜੇ ਧਰਮਾਂ ਦੇ ਲੋਕ ਔਰਤਾਂ ਦੀ ਸਰੀਰਕ ਭੁੱਖ ਦੂਰ ਕਰਦੇ ਹਨ । ਇਸ ਤੋਂ ਵੱਡੇ ਮਹਾਂ ਕਮੀਣੇ ਹੋਰ ਕੀ ਹੋ ਸਕਦੇ ਨੇ ਪੁਜਾਰੀ ਜਾਂ ਸੰਤ ਸਾਧ ਜੋ ਨਾ ਅਪਣੀ ਪਗੜੀ ਸੰਭਾਲਦੇ ਹਨ ਤੇ ਨਾ ਹੀ ਦੂਜਿਆਂ ਦੇ ਸਿਰ ਤੇ ਰਹਿਣ ਦੇਂਦੇ ਹਨ । ਬੇਸ਼ਰਮੀ ਦਾ ਨਿਘਾਰ ਇੱਥੇ ਤੱਕ ਜਾ ਪਹੁੰਚਿਆ ਹੈ ਕਿ ਇਸ ਮਹਾਂ ਗੰਦੀਆਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਦਿੱਤਾ ਹੈ ਤਾਂ ਕਿ ਸਿੱਖ ਟਪਲਾ ਖਾ ਜਾਣ ਕਿ ਇਸ ਗੰਦਗੀ ਤੇ ਸੜਾਂਦ ਮਾਰਦੇ ਸਹਿਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ । ਪੁਜਾਰੀਆਂ ਦੀ ਨੀਚਤਾਈ ਦੀ ਸੀਮਾਂ ਹੀ ਖ਼ਤਮ ਹੋ ਗਈ ਹੈ ਕਿਉਂਕਿ ਉਹ ਇਸ ਗੰਦੀ ਪੁਸਤਕ ਦਾ ਪ੍ਰਕਾਸ ਗੁਰੂ ਘਰਾਂ ਚ ਕਰਦੇ ਹਨ ਦਸਮ ਗ੍ਰੰਥ ਦੀ ਪੂਜਾ-ਸਤਿਕਾਰ ਕਰਨ ਵਾਲੇ ਕਿਸੇ ਵੀ ਕੀਮਤ ਤੇ ਸਿੱਖ ਨਹੀਂ ਹਨ । ਉਨ੍ਹਾਂ ਦੇ ਬਾਣੇ ਤੇ ਸਰੂਪ ਭਾਵੇਂ ਗੁਰਸਿੱਖਾਂ ਵਾਲੇ ਹਨ ਪਰ ਇਹ ਸਭ ਸਿੱਖ ਕੌਮ ਦੇ ਗਦਾਰ ਤੇ ਧਰਮ ਚ ਘੁਸਪੈਠੀਏ ਹਨ । ਇਨ੍ਹਾਂ ਨਾਲ ਸਾਂਝ ਬਨਾਣੀ ਅਪਣੇ ਗੁਰੂ ਨੂੰ ਅਪਮਾਨਿਤ ਕਰਨਾ ਹੈ । ਕੀ ਇਹ ਲੱਚਰ ਸਹਿਤ ਗੁਰੂ ਗੋਬਿੰਦ ਸਿੰਘ ਜੀ ਲਿਖ ਸਕਦੇ ਹਨ ? ਸਿੱਖਾਂ ਅਤੇ ਸਿੱਖ ਧਰਮ ਨੂੰ ਬਦਨਾਮ ਕਰਨ ਵਾਲਿਓ ਰੱਬ ਦੀ ਬੇਆਵਾਜ਼ ਲੱਠ ਤੋਂ ਡਰੋ । ਖ਼ਬਰਦਾਰ-ਬਾ ਹੋਸ਼ਿਆਰ-ਜਾਗਦੇ ਰਹਿਓ !

## ਨਗਰੀ : ਰਾਜਪੁਰੀ

(ਦੋਇ ਸੌ ਤਰਾਨਵੇਂ ਚਰਿਤ੍ਰ ਪੰਨਾ ੧੨੩੯-੪੦)

ਪਾਤਰ : ਰਾਜਸੈਨ (ਰਾਜਾ) ਤੇ ਰਾਜਦੇਈ (ਨਾਰੀ)

**ਬੱਚੇ ਪੈਦਾ ਕਰਨ ਲਈ ਪਰਾਏ ਮਰਦਾਂ ਨਾਲ ਦੋਸਤੀ ਕਰੋ :** ਰਾਜਪੁਰੀ ਨਗਰੀ ਦੇ ਰਾਜਾ ਰਾਜਸੈਨ ਦੀ ਰਾਣੀ ਰਾਜਦੇਈ ਐਨੀ ਸੋਹਣੀ ਜਣੋਂ ਰੂਪ ਚੰਦ੍ਰਮਾ ਖੁਦ ਆਪ ਦਿੱਤਾ ਹੋਏ । ਰਾਜਾ ਉਸ ਨਾਲ ਬੜਾ ਪਿਆਰ ਕਰਦਾ । ਓਹ ਕਿਸੇ ਹੋਰ ਔਰਤ ਦੇ ਨੇੜੇ ਨਾ ਜਾਂਦਾ । ਜੋ ਰਾਣੀ ਕਹਿੰਦੀ ਓਹੀ ਕਰਦਾ । ਉੱਥੇ ਇਕ ਖੂਬਸੂਰਤ ਬੇਸ੍ਵਾ ਆ ਗਈ । ਰਾਜਾ ਓਹਨੂੰ ਦੇਖ ਕੇ ਦੀਵਾਨਾ ਹੋ ਗਿਆ । ਓਹ ਹਰ ਰੋਜ ਉਸ ਨੂੰ ਭੋਗਦਾ । ਰਾਣੀ ਇਸ ਤੋਂ ਸਾੜਾ ਕਰਦੀ । ਇਕ ਦਿਨ ਰਾਣੀ ਰਾਜੇ ਨੂੰ ਕਹਿੰਦੀ ਬਈ ਜੇ ਤੂੰ ਪੁੱਠੇ ਕੰਮਾਂ ਤੋਂ ਨੀ ਟਲਣਾ ਤਾਂ ਮੈਂ ਵੀ ਯਾਰ ਨਾਲ ਭੋਗ ਕਮਾਊਂ :-

*ਜੋ ਤੁਮ ਬੇਸ੍ਵਾ ਕੇ ਗ੍ਰਿਹਿ ਜਾਹੋ ॥ ਕਾਮ ਭੋਗ ਤਿਹ ਸਾਥ ਕਮੈਹੋ ॥*
*ਤਬ ਮੈ ਧਾਮ ਜਾਰ ਕੇ ਜੈਹੋ ॥ ਤੇਰੇ ਫੂਲਿ ਡਾਰਿ ਸਿਰ ਐਹੋ ॥੮॥* (ਦੋਇ ਸੌ ਤਰਾਨਵੇਂ ਚਰਿਤ੍ਰ ਪੰਨਾ ੧੨੩੯)

ਤੂੰ ਮੈਨੂੰ ਇਹ ਲਿਖ ਕੇ ਦੇ ਦੇ ਫਿਰ ਤੂੰ ਜਿਹਦੇ ਮਰਜੀ ਨਾਲ ਸੌਂਵੀਂ ਤੇ ਕਾਮ ਭੋਗ ਕਰੀਂ । ਰਾਜਾ ਇਹ ਸੁਣ ਕੇ ਥੋਹੜੀ ਦੇਰ ਚੁੱਪ ਕਰ ਗਿਆ ਤੇ ਕਹਿੰਦਾ ਮੈਂ ਬੇਸ੍ਵਾ ਦਾ ਪਿਆਰ ਨਹੀਂ ਛੱਡ ਸਕਦਾ । ਰਾਣੀ ਕਹਿੰਦੀ ਮੈਂ ਸੁਣਿਆ ਹੈ ਕਿ ਤੂੰ ਹੁਣੇ ਬੇਸ੍ਵਾ ਦੇ ਜਾ ਕੇ ਆਇਆ ਹੈਂ । ਮੈਂ ਵੀ ਯਾਰ ਪਾਸ ਚੱਲੀ :-

*ਤੁਹਿ ਬੇਸ੍ਵਾ ਕੇ ਗਯੋ ਸੁਨਿ ਪੈਹੌ ॥ ਤਬ ਮੈਂ ਭੋਗ ਜਾਰ ਸੌ ਕੈ ਹੌ ॥੧੩॥*
*ਅਬ ਤੁਮ ਹ੍ਵੈ ਨ੍ਰਿਧਾਤ ਪਿਯ ਗਏ ॥ ਤਾਤੇ ਸੁਤ ਗ੍ਰਹਿ ਹੋਤ ਨ ਭਏ ॥*
*ਜਬ ਭਜਿ ਹੈ ਜੁ ਲੋਗ ਇਹ ਬਾਮਾ ॥ ਹ੍ਵੈ ਹੈ ਪੂਤ ਤਿਹਾਰੋ ਧਾਮਾ ॥੧੪॥* (ਦੋਇ ਸੌ ਤਰਾਨਵੋਂ ਚਰਿਤ੍ਰ ਪੰਨਾ ੧੨੪੦)

ਰਾਜੇ ਨੇ ਸੋਚਿਆ ਰਾਣੀ ਠੀਕ ਹੀ ਕਹਿੰਦੀ ਹੈ ਉਸ ਨੂੰ ਪਰਾਏ ਮਰਦ ਨਾਲ ਭੋਗ ਕਰਨ ਦੀ ਲਿਖ ਕੇ ਇਜਾਜਿਤ ਦੇ ਦਿੱਤੀ । ਆਪ ਬੇਸ੍ਵਾ ਕੋਲ ਚਲੇ ਗਿਆ :-

*ਜਬ ਰਾਜਾ ਬੇਸ੍ਵਾ ਕੇ ਜਾਵੈ ॥ ਜਿਹ ਚਾਹੈ ਤਿਹ ਨਾਰਿ ਬੁਲਾਵੈ ॥*
*ਕਾਮ ਭੋਗ ਤੋਸੋਂ ਦ੍ਰਿੜ ਕਰਈ ॥ ਹ੍ਰਿਦੈ ਨ੍ਰਿਪਤਿ ਕੀ ਸ਼ੰਕ ਨ ਧਰਈ ॥੧੬॥*

(ਦੋਇ ਸੌ ਤਰਾਨਵੋਂ ਚਰਿਤ੍ਰ ਪੰਨਾ ੧੨੪੦)

ਨੋਟ :- ਇਸ ਕਾਵਿ ਰਚਨਾਂ ਤੋਂ ਧੀ ਭੈਣ ਨੂੰ ਇਹ ਗਿਆਨ ਮਿਲਦਾ ਹੈ ਕਿ ਜੇ ਮਰਦ ਬੱਚਾ ਪੈਦਾ ਕਰਨ ਦੇ ਅਸਮਰਥ ਹੋਏ ਤਾਂ ਪਰਾਏ ਮਰਦਾਂ ਨਾਲ ਸਰੀਰਕ ਸਾਂਝ ਕਰਕੇ ਬੱਚਾ ਪੈਦਾ ਕੀਤਾ ਜਾ ਸਕਦਾ ਹੈ । ਤਦੇ ਸੰਤ ਸਾਧ ਤੇ ਬ੍ਰਹਮ ਗਿਆਨੀ ਇਸੇ ਤਰੀਕੇ ਨਾਲ ਬੱਚਾ ਪੈਦਾ ਹੋਣ ਦੇ ਅਸ਼ੀਰਵਾਦ ਦੇਂਦੇ ਰਹਿੰਦੇ ਹਨ । ਭੋਲੀਆਂ ਭਾਲੀਆਂ ਧੀਆਂ ਭੈਣਾਂ ਨੂੰ ਦਸਮ ਗ੍ਰੰਥ ਪੜ੍ਹ ਪੜ੍ਹ ਕੇ ਕਹੀ ਜਾਂਦੇ ਹਨ ਕਿ ਬੀਬਾ ਗੁਰੂ ਗੋਬਿੰਦ ਸਿੰਘ ਜੀ ਵੀ ਅਜਿਹਾ ਕਰਨ ਲਈ ਕਹਿ ਰਹੇ ਹਨ ਦੇਖੋ ਨਾ ਦਸਮ ਗ੍ਰੰਥ ਦੀ ਗੁਰਬਾਣੀ, ਝੂਠ ਹੈ ਤਾਂ ਆਪ ਪੜ੍ਹ ਲੈ ।

## ਨਗਰੀ : ਅਨਦਾਵਤੀ (ਦੋਇ ਸੌ ਚੁਰਾਨਵੋਂ ਚਰਿਤ੍ਰ ਪੰਨਾ ੧੨੪੦-੪੨)

### ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ

ਪਾਤਰ : ਆਨਦਸੈਨ (ਨ੍ਰਿਪਤਿ) ਤੇ ਅਨਦਾਵਤੀ (ਬਾਲਾ)

ਅਨਦਾਵਤੀ ਨਗਰ ਦੇ ਰਾਜੇ ਆਨਦ ਸੈਨ ਦੀ ਖੂਬਸੂਰਤ ਰਾਣੀ ਅਨਦਾਵਤੀ ਨੇ ਇਕ ਸੁੰਦਰਿ ਪੁਰਖ ਦੇਖਿਆ ਤਾਂ ਕਾਮ ਨੇ ਉਸ ਦੇ ਸਰੀਰ ਅੰਦਰ ਝੁਨਝਨੀ ਬਖੇਰ ਦਿੱਤੀ ਤੇ ਘਰ ਬਾਹਰ ਦੀ ਸੁਧਿ ਖੋ ਬੈਠੀ । ਉਸ ਨੇ ਸਖੀ ਭੇਜ ਕੇ ਉਸ ਨੂੰ ਬੁਲਾਇਆ ਤੇ ਸੁਰੂ ਹੋਇਆ ਕਾਮ ਖੇਲ :-

*ਪਠੈ ਹਿਤੂ ਇਕ ਤਾਹਿ ਬੁਲਾਵਾ ॥ ਕਾਮ ਭੋਗ ਤਿਹ ਸਾਥ ਕਮਾਵਾ ॥*
*ਮਨ ਮਾਨਤ ਆਸਨ ਤਿਹ ਦਏ ॥ ਚੁੰਬਨ ਔਰ ਅਲਿੰਗਨ ਲਏ ॥੪॥*
*ਅਧਿਕ ਮਿੱਤ੍ਰ ਰਾਨੀ ਕਹ ਭਾਯੋ ॥ ਇਹ ਬਿਧਿ ਤਾਹਿ ਪ੍ਰਬੋਧ ਜਨਾਯੋ ॥*
*ਕਹਾ ਉਜਾਰਿ ਜਹਾਂ ਬਡ ਅੰਹੀ ॥ ਆਸਨ ਲਾਇ ਬੈਠਿਯੋ ਤੰਹੀ ॥੫॥* (ਦੋਇ ਸੌ ਚੁਰਾਨਵੋਂ ਚਰਿਤ੍ਰ ਪੰਨਾ ੧੨੪੧)

ਔਰਤ ਕਹਿੰਦੀ ਮਿਤ੍ਰ ਨੂੰ ਕਿ ਤੂੰ ਬਿਭੂਤ ਲਗਾ ਕੇ ਬ੍ਰਿਛ ਥੱਲੇ ਸਮਾਧੀ ਲਾ ਕੇ ਬੈਠ ਜਾ । ਜੋ ਰਾਣੀ ਨੇ ਕਿਹਾ ਮਿਤ੍ਰ ਨੇ ਮੰਨਿਆ । ਰਾਣੀ ਰਾਜੇ ਨੂੰ ਕਹਿੰਦੀ ਕਿ ਮੈਨੂੰ ਸੁਪਨੇ ਚ ਮਹਾਂ ਰੁਦ੍ਰ (ਸਿਵ) ਮਿਲਿਆ ਓਹ ਕਹਿੰਦਾ ਕਿ ਜੇ ਤੂੰ ਰਾਜੇ ਨਾਲ ਜਾ ਕੇ ਜਿਹੜਾ ਮਨੁੱਖ ਬ੍ਰਿਛ ਥੱਲੇ ਸਮਾਧੀ ਲਾਈਂ ਬੈਠਾ ਹੈ ਉਸ ਨੂੰ ਘਰ ਲਿਆ ਕੇ ਬਾਰਾਂ ਸਾਲ ਅਪਣੇ ਨਾਲ ਸੁਲਾਵੇਂ ਤਾਂ ਤੇਰੇ ਘਰ ਪੁੱਤ ਜੰਮੇਂਗਾ । ਰਾਜੇ ਨੇ ਰਾਣੀ ਦੀ ਗੱਲ ਮੰਨ ਸਮਾਧੀ ਲਾਈਂ ਬੈਠੇ ਯਾਰ ਪਾਸ ਜਾ ਫਰਿਯਾਦ ਕੀਤੀ । ਉਸ ਨੇ ਕਈ ਤਰ੍ਹਾਂ ਦੇ ਸਾਧਾਂ ਵਾਲੇ ਹਾਵ ਭਾਵ ਕੀਤੇ । ਮਿੰਨਤਾਂ ਤਰਲੇ ਕਰਵਾਏ ਤੇ ਅਖੀਰ ਪੁੱਗੇ ਹੋਏ ਸੰਤਾਂ ਸਾਧਾਂ ਦੀ ਤਰ੍ਹਾਂ ਘੜੀ ਘੜਾਈ ਹਾਮੀ ਭਰ ਦਿੱਤੀ । ਰਾਜੇ ਨੇ ਉਸ ਦੀ ਬੜੀ ਖਾਤਰ ਕੀਤੀ ਤੇ ਆਪ ਅਪਣੀ ਔਰਤ ਨਾਲ ਸੁਲਾ ਦਿੱਤਾ ਉਹ ਆਪ ਸਾਧ ਬਣੇ ਯਾਰ ਦੀ ਮੁੱਠੀ ਚਾਪੀ ਕਰਦਾ ਤੇ ਥੱਕ ਹਾਰ ਕੇ ਜਦ ਸੌਂ ਜਾਂਦਾ ਤਾਂ ਔਰਤ ਅਪਣੇ ਯਾਰ ਨਾਲ ਕਲੋਲਾਂ ਕਰਦੀ :-

*ਜਬ ਪਤਿ ਨਹਿ ਹੇਰਤ ਤ੍ਰਿਯ ਜਾਨੈ ॥ ਕਾਮ ਭੋਗ ਤਾਸੋ ਦ੍ਰਿੜ ਠਾਨੈ ॥*
*ਭਾਂਗ ਅਫੀਮ ਅਧਿਕ ਤਿਹ ਖ੍ਵਾਰੀ ॥ ਚਾਰਿ ਪਹਰ ਰਤਿ ਕਰੀ ਪਯਾਰੀ ॥੨੮॥*
*ਭੋਗ ਕਰਤ ਇਕ ਕ੍ਰਿਯਾ ਬਿਚਾਰੀ ॥ ਊਪਰ ਏਕ ਤੁਲਾਈ ਡਾਰੀ ॥*
*ਨ੍ਰਿਪ ਬੈਠੋ ਮੂਕਿਯੈ ਲਗਾਵੈ ॥ ਸੋ ਅੰਤਰ ਰਾਨਿਯਹਿ ਬਜਾਵੈ ॥੨੯॥*
*ਇਹ ਛਲ ਸੌ ਮਿਤ੍ਰਹਿ ਤਿਨ ਪਾਵਾ ॥ ਮੂਰਖ ਭੂਪ ਨ ਭੇਵ ਜਤਾਵਾ ॥*
*ਪਾਂਵਦ ਬੈਠਿ ਮੁਕਿਯਨ ਮਾਰੈ ॥ ਉਤ ਰਾਨੀ ਸੰਗ ਜਾਰ ਬਿਹਾਰੈ ॥੩੦॥*

(ਦੋਇ ਸੌ ਚੁਰਾਨਵੋਂ ਚਰਿਤ੍ਰ ਪੰਨਾ ੧੨੪੨)

ਨੋਟ :- ਇਸ ਨੂੰ ਕਹਿੰਦੇ ਹਨ ਦਸਮ ਸ੍ਰੀ ਗੁਰੂ ਗ੍ਰੰਥ ਸਹਿਬ ਜੀ । ਇਹ ਤਾਂ ਪਤਾ ਨਹੀਂ ਕਿ ਇਸ ਦਾ ਸਿਰਲੇਖ ਚੁਣਦਿਆਂ ਸੋਧਕ ਕਮੇਟੀ ਸਣੇ ਛਾਪਕ ਦੇ ਕਿਵੇਂ ਸਾਹ ਲੈਂਦੇ ਰਹੇ ਵਰਨਾ ਬੇਸ਼ਰਮ ਤੋਂ ਬੇਸ਼ਰਮ ਬੰਦਾ ਵੀ ਸ਼ਰਮ ਦਾ ਮਾਰਿਆ ਡੁੱਬ ਮਰਦਾ ਹੈ । ਸਿੱਖ ਧਰਮ ਦੇ ਵੱਡੇ ਪੁਜਾਰੀਆਂ ਦੀ ਜ਼ਮੀਰ ਤਾਂ ਮਰ ਚੁੱਕੀ ਹੈ ਨਹੀਂ ਤਾਂ ਓਹ ਇਸ ਦਾ ਪ੍ਰਕਾਸ਼ ਸਿੱਖ ਧਰਮ ਦੇ ਮਿੱਥੇ ਗਏ ਤਖਤਾਂ ਤੇ ਨਾ ਕਰਦੇ ਅਤੇ ਸਿੱਖ ਕੌਮ ਨੂੰ ਸ਼ਰਮੋਸ਼ਾਰ ਨਾ ਕਰਦੇ । ਅਪਣੇ ਆਪ ਨੂੰ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਅਪਣੇ ਹੀ ਗੁਰੂ ਦਾ ਹੋਰ ਕੀ ਨਿਰਾਦਰ ਕਰ ਸਕਦੇ ਹਨ । ਜੇਕਰ ਬੇਸ਼ਰਮ ਤੇ ਢੀਠ ਦੇ ਦਰਸ਼ਨ ਕਰਨੇ ਹੋਣ ਤਾਂ ਆਪ ਜੀ ਨੂੰ ਬਹੁਤਾ ਦੂਰ ਨਹੀਂ ਜਾਣਾ ਪਏਗਾ। ਸੰਤਾਂ ਸਾਧਾਂ-ਬ੍ਰਹਮਗਿਆਨੀਆਂ -ਪੁਜਾਰੀਆਂ ਨੂੰ ਦੇਖਦੇ ਹੀ ਗਿਆਨ ਮਿਲ ਜਾਏਗਾ ਕਿ ਅਸੀਂ ਠਿਕਾਣੇ ਪੁੱਜੇ ਹਾਂ । ਬੜੀ ਬੇਸ਼ਰਮੀ ਨਾਲ ਇਹ ਲੋਕ ਇਸ ਮਹਾਂ ਗੰਦੇ ਗ੍ਰੰਥ ਦੀ ਇਹ ਕਹਿ ਕੇ ਸੋਭਾ ਕਰਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਇਲਾਹੀ ਬਾਣੀ ਹੈ। ਅੱਜ ਤਾਈਂ ਕੋਕ ਸਾਸਤ੍ਰ ਅਤੇ ਗੁਰਬਾਣੀ ਦੇ ਫ਼ਰਕ ਦਾ ਹੀ ਇਨ੍ਹਾਂ ਨੂੰ ਪਤਾ ਨਾ ਚੱਲਿਆ ਤਦੇ ਸਿਆਣੇ ਆਖਦੇ ਹਨ 'ਦੂਰ ਫਿਟੇ ਮੂੰਹ ਜੱਗ ਚ ਆਉਣ ਤੇ' ।

ਪਾਤਰ : ਚੰਚਲ ਸੈਨ (ਨ੍ਰਿਪਤਿ) ਚੰਚਲ ਦੇ (ਦਾਰਾ) ਤੇ ਸ਼ਾਹ ਸੁਤ (ਦੋਇ ਸੌ ਪਚਾਨਵੋਂ ਚਰਿਤ੍ਰ ਪੰਨਾ ੧੨੪੩-੪੪)

**ਦਿਨੇ ਪੁੱਤ ਤੇ ਰਾਤ ਨੂੰ ਖਸਮ** : ਚੰਚਲ ਸੈਨ ਰਾਜੇ ਦੀ ਸੁੰਦਰ ਰਾਣੀ ਚੰਚਲ ਦੇ ਦਾ ਰੂਪ ਤੱਕ ਕੇ ਹਰ ਕੋਈ ਕਾਮੀ ਹੋ ਜਾਂਦਾ। ਓਹਦੇ ਗਦਰਾਏ ਸਰੀਰ ਦਾ ਹਰ ਅੰਗ ਕਾਮ ਚ ਉਛਲਦਾ। ਓਹਦੇ ਘਰ ਇਕ ਪੁੱਤ ਵੀਹ ਸਾਲ ਦਾ ਹੋ ਕੇ ਮਰ ਗਿਆ ਜਿਸ ਤੋਂ ਰਾਣੀ ਨੂੰ ਬੜਾ ਦੁੱਖ ਪੁੱਜਾ। ਉੱਥੇ ਇਕ ਸ਼ਾਹ ਦਾ ਪੁੱਤ ਆਇਆ ਜਿਸ ਦਾ ਰੂਪ ਰਾਣੀ ਦੇ ਪੁੱਤ ਨਾਲ ਮਿਲਦਾ ਸੀ। ਜਦ ਰਾਣੀ ਨੇ ਉਸ ਨੂੰ ਤੱਕਿਆ ਤਾਂ ਲਾਜ ਸਾਜ ਤੱਜ ਕੇ ਉਸ ਨਾਲ ਕਾਮ ਭੋਗ ਕਰਨ ਦਾ ਮਨ ਬਣਾਇਆ।

*ਜਬ ਰਾਨੀ ਸੋ ਪੁਰਖ ਨਿਹਾਰਾ ॥ ਲਾਜ ਸਾਜ ਤਜ ਹ੍ਰਿਦੈ ਬਿਚਾਰਾ ॥*
*ਯਾਸੋ ਕਾਮ ਭੋਗ ਅਬ ਕਰਿਯੈ ॥ ਨਾਤਰ ਮਾਰਿ ਛੁਰਕਿਆ ਮਰਿਯੈ ॥੫॥*

(ਦੋਇ ਸੌ ਪਚਾਨਵੋਂ ਚਰਿਤ੍ਰ ਪੰਨਾ ੧੨੪੩)

ਜਦ ਓਹ ਰਾਹ ਜਾਂਦਾ ਤਾਂ ਰਾਣੀ ਓਹਦਾ ਰੂਪ ਤੱਕ ਤੱਕ ਕੁਰਬਾਨ ਹੁੰਦੀ । ਇਕ ਦਿਨ ਰਾਜੇ ਨੇ ਰਾਣੀ ਨੂੰ ਅਜਿਹਾ ਕਰਦਿਆਂ ਤੱਕਿਆ ਤਾਂ ਰਾਣੀ ਕਹਿੰਦੀ ਇਹ ਅਪਣੇ ਪੁੱਤ ਵਰਗਾ ਹੈ ਮੈਂ ਇਸ ਨੂੰ ਅਪਣੇ ਘਰ ਰੱਖਣਾ ਚਾਹੁੰਦੀ ਹਾਂ ਤੇ ਅਪਣੇ ਨਾਲ ਸੁਲਾਉਣਾ ਚਾਹੁੰਦੀ ਹਾਂ ਤਾਂ ਕੀ ਮੇਰੇ ਹਿਰਦੇ ਠੰਢ ਪੈ ਜਾਵੇ। ਰਾਜੇ ਨੇ ਬਿਨਾਂ ਭਲਾ ਬੁਰਾ ਸੋਚਿਆਂ ਮੁੰਡੇ ਨੂੰ ਘਰ ਲਿਆਂਦਾ । ਉਸ ਨੂੰ ਰਾਣੀ ਦੀ ਮੰਜੀ ਨਾਲ ਸੁਲਾਇਆ ਜਾਂਦਾ ਤੇ ਚੰਗੇ ਖਾਣੇ ਖਾਣ ਨੂੰ ਦਿੱਤੇ ਜਾਂਦੇ । ਲੋਕਾਂ ਨੂੰ ਕਹਿੰਦੀ ਇਸ ਦਾ ਮੜੰਗਾ ਮੇਰੇ ਪੁੱਤ ਵਰਗਾ ਹੈ ਇਸੇ ਲਈ ਇਸ ਨੂੰ ਪਿਆਰ ਕਰਦੀ ਹਾਂ :-

*ਨਿਕਟਿ ਆਪਨੇ ਤਾਹਿ ਸੁਵਾਵੈ ॥ ਤਿਹ ਢਿਗ ਅਪਨੀ ਸੇਜ ਬਿਛਾਵੈ ॥*
*ਜਬ ਤਾਂ ਸੰਗ ਨ੍ਰਿਪਤਿ ਸ੍ਵੈ ਜਾਵੈ ॥ ਤਬ ਤ੍ਰਿਯ ਤਾ ਸੰਗ ਭੋਗ ਕਮਾਵੈ ॥੧੩॥*
*ਕਸਿ ਕਸਿ ਰਮੈ ਜਾਰ ਕੇ ਸੰਗਾ ॥ ਦਲਿ ਮਲਿ ਤਾਂਹਿ ਕਰੈ ਸਰਬੰਗਾ ॥*
*ਭਾਂਤਿ ਭਾਂਤਿ ਤਨ ਭੋਗ ਕਮਾਈ ॥ ਸੋਇ ਰਹੈ ਤਯੋਂ ਹੀ ਲਪਟਾਈ ॥੧੪॥* (ਦੋਇ ਸੌ ਪਚਾਨਵੋਂ ਚਰਿਤ੍ਰ ਪੰਨਾ ੧੨੪੩)

ਇਕ ਦਿਨ ਰਾਣੀ ਜਾਰ ਪਾਸ ਗਈ। ਓਧਰ ਰਾਜੇ ਨੂੰ ਜਾਗ੍ਹ ਆ ਗਈ। ਰਾਜੇ ਨੇ ਰਾਣੀ ਨੂੰ ਗਭਰੂ ਦਾ ਮੂੰਹ ਚੁੰਮਦਿਆਂ ਤੱਕਿਆ ਤੇ ਬੜਾ ਗੁੱਸਾ ਖਾਧਾ । ਉਹ ਕਹਿੰਦੀ :-

*ਦੋਹਰਾ ॥ ਮੈਂ ਇਹ ਬੋਲੀ ਪੂਤ ਕਰਿਯਾ ਸੰਗ ਅਤਿ ਮੁਰ ਪਯਾਰ॥*
*ਤਾਤੇ ਮੁਖ ਚੁੰਬਤ ਹੁਤੀ ਸੁਤਕੀ ਜਨੁ ਅਨੁਹਾਰ ॥੧੬॥* (ਦੋਇ ਸੌ ਪਚਾਨਵੋਂ ਚਰਿਤ੍ਰ ਪੰਨਾ ੧੨੪੪)

ਰਾਜੇ ਨੇ ਸੋਚਿਆ ਕਿ ਪੁੱਤ ਜਾਣ ਕੇ ਉਸ ਦਾ ਮੂੰਹ ਚੁੰਮ ਰਹੀ ਹੈ ਤੇ ਦਿਲ ਦਾ ਗੁੱਸਾ ਥੁੱਕ ਦਿੱਤਾ :-

*ਦੋਹਰਾ ॥ ਇਹ ਛਲ ਬੰਗਸਰਾਇ ਕਹ ਰਾਖਾ ਅਪਨੇ ਧਾਮ ॥*
*ਦਿਨ ਕਹ ਪੂਤ ਉਚਾਰਈ ਨਿਸਿ ਕਹ ਭੋਗੈ ਬਾਮ ॥੧੮॥* (ਦੋਇ ਸੌ ਪਚਾਨਵੋਂ ਚਰਿਤ੍ਰ ਪੰਨਾ ੧੨੪੪)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਯਾਰ ਨੂੰ ਪੁੱਤ ਬਣਾ ਕੇ ਕਾਮ ਭੋਗ ਕਰੀਦਾ ਹੈ। ਦਸਮ ਗ੍ਰੰਥ ਨਾਮੀ ਪੁਸਤਕ ਅੱਗੇ ਸਿਜਦਾ ਕਰਨ ਵਾਲੇ ਜਾਣਦੇ ਹੀ ਹੋਣਗੇ ਕਿ ਉਹ ਸਿੱਖ ਧੀਆਂ ਭੈਣਾਂ ਨੂੰ ਅਜਿਹੀ ਸਿੱਖਿਆ ਕਿਉਂ ਦੇਣੀ ਚਾਹੁੰਦੇ ਹਨ। ਅਜਿਹੀਆਂ ਸਿੱਖਿਆਵਾਂ ਚੰਗੇ ਸਮਾਜ ਦਾ ਪੱਤਣ ਕਰ ਦੇਂਦੀਆਂ ਹਨ ਅਤੇ ਔਰਤ ਜਾਤਿ ਲਈ ਸਦੀਵੀਂ ਸ਼ੱਕ ਪੈਦਾ ਕਰਦੀਆਂ ਹਨ। ਮਰਦ ਕਦੇ ਵੀ ਅਪਣੀ ਔਰਤ ਤੇ ਭਰੋਸਾ ਨਹੀਂ ਕਰ ਸਕਦਾ ਤੇ ਨਾ ਹੀ ਪਤੀ ਪਤਨੀ ਦੇ ਪਵਿਤ੍ਰ ਪਿਆਰ ਨੂੰ ਨਰੋਆ ਰੱਖਿਆ ਜਾ ਸਕਦਾ ਹੈ । ਸਿੱਖ ਭੇਖ ਧਾਰਨ ਕਰ ਚੁੱਕੇ ਧਰਮ ਦੇ ਦੋਖੀਆਂ ਤੋਂ ਸਿੱਖ ਧਰਮ ਦੀ ਚੜ੍ਹਦੀ ਕਲਾ ਦੀ ਆਸ ਨਹੀਂ ਰੱਖੀ ਜਾ ਸਕਦੀ। ਹੁਣ ਇਹ ਕਾਰਜ ਸਿੱਖ ਧੀਆਂ ਭੈਣਾਂ ਨੇ ਖੁਦ ਹੀ ਨਪੇਰੇ ਚਾੜ੍ਹਨਾ ਹੈ । ਸਾਗ ਵਾਲੇ ਘੋਟਣੇ ਤੇ ਚਿਮਟੇ ਸੱਚੋ ਸੱਚ ਅਖਵਾ ਸਕਦੇ ਹਨ । ਜਿੱਥੇ

ਦਸਮ ਗ੍ਰੰਥ ਦਾ ਪ੍ਰਕਾਸ਼ ਹੋਏ ਜਾਂ ਅਖੰਡ ਪਾਠ-ਸਹਿਜ ਪਾਠ ਹੁੰਦਾ ਹੋਏ ਉੱਥੇ ਹੀ ਪੁੱਜ ਕੇ ਪਾਠ ਕਰਨ ਤੇ ਕਰਾਉਣ ਵਾਲਿਆਂ ਦੇ ਘਰਾਂ ਅੱਗੇ ਸਿਆਪਾ ਕੀਤਾ ਜਾਏ ਤਾਂ ਕਿ ਗੰਦੇ ਲੋਕਾਂ ਦੀ ਪਹਿਚਾਣ ਇਲਾਕਾ ਨਿਵਾਸੀ ਕਰ ਸਕਣ।

## ਇਲਾਕਾ : ਬੰਗਸੀ

(ਦੋਇ ਸੌ ਛਯਾਨਵੋਂ ਚਰਿਤ੍ਰ ਪੰਨਾ ੧੨੪੪-੪੫)

ਪਾਤਰ : ਬੰਗਸ ਸੈਨ (ਰਾਜਾ), ਬੰਗਸ ਦੇ (ਰਾਨੀ), ਮੰਗਲਾ ਦੇਵਿ (ਸ਼ਾਹ ਦੁਲਾਰੀ) ਤੇ ਬਨਿਜਾਰਾ : ਬੰਗਸ ਦੇ ਰਾਜਾ ਬੰਗਸ ਸੈਨ ਦੀ ਰਾਣੀ ਬੰਗਸ ਦੇ ਦਾ ਰੂਪ ਤੱਕ ਤੱਕ ਤ੍ਰਿਲੋਕੀ ਦੀਆਂ ਨਾਰਾਂ ਵੀ ਈਰਖਾ ਕਰਦੀਆਂ । ਉੱਥੇ ਇਕ ਸੁੰਦਰ ਸ਼ਾਹ ਦੁਲਾਰੀ ਰਹਿੰਦੀ ਸੀ ਜੋ ਨਿਰੀ ਕਾਮ ਦੀ ਦੇਵੀ । ਉਥੇ ਇਕ ਬਨਜਾਰਾ ਆ ਗਿਆ ਜਿਸ ਨੇ ਹਜ਼ਾਰਾਂ ਹੀ ਊਂਠ ਮੋਤੀਆਂ ਦੇ ਲੱਦੇ ਹੋਏ ਸਨ ਤੇ ਬੇਅੰਤ ਧਨ ਪਦਾਰਥ ਜਿਸ ਨੂੰ ਤੱਕ ਕੇ ਹਰ ਕੋਈ ਲਲਚਾ ਜਾਂਦਾ ਜਦ ਮੰਗਲਾ ਦੇਵਿ ਨੇ ਸ਼ਾਹੁ ਦੇਖਿਆ ਤਾਂ ਮਨ ਚ ਸੋਚਿਆ ਕਿ ਇਸ ਦੀ ਮੇਜਬਾਨੀ ਕਰਨੀ ਚਾਹੀਦੀ ਹੈ । ਉਸ ਨੇ ਗੱਲ ਫੈਲਾ ਦਿੱਤੀ ਕਿ ਮੇਰਾ ਭਰਾ ਮਿਲਣ ਆਇਆ ਹੈ । ਉਸ ਨੇ ਭਾਂਤਿ ਭਾਂਤਿ ਦੇ ਭੋਜਨ ਤਰ੍ਹਾਂ ਤਰ੍ਹਾਂ ਦੇ ਅਮਲ ਪਾ ਕੇ ਬਣਾਏ । ਉਸ ਨੂੰ ਥਾਲ ਪਰੋਸ ਕੇ ਅੱਗੇ ਰੱਖਿਆ ਤੇ ਸੱਤ ਬਾਰ ਸੋਧੀ ਦਾਰੂ ਅੱਗੇ ਰੱਖੀ । ਪਹਿਲਾਂ ਨਸ਼ਿਆਂ ਵਾਲਾ ਭੋਜਨ ਖਾਧਾ ਤੇ ਫਿਰ ਬੜੇ ਬੜੇ ਪਿਆਲੇ ਭਰ ਕੇ ਦਾਰੂ ਪੀਤੀ । ਜਦ ਦੋਨੋ ਨਸ਼ਈ ਹੋ ਗਏ ਤਾਂ ਕੁੜੀ ਨੇ ਬਨਜਾਰੇ ਨੂੰ ਬਾਹੋਂ ਪਕੜ ਕੇ ਸੇਜ ਤੇ ਸੁੱਟ ਲਿਆ :-

*ਭਾਂਤਿ ਭਾਂਤਿ ਕੇ ਭੋਜਨ ਕਰੇ ਬਨਾਇਕੈ ॥ ਤਰਹ ਤਰਹ ਕੇ ਆਨੇ ਅਮਲ ਛਿਨਾਇਕੈ ॥*
*ਆਨਿ ਤਵਨ ਢਿਗ ਰਾਖੇ ਕੰਚਨ ਥਾਰ ਭਰਿ ॥ ਹੋ ਸਾਤਬਾਰ ਮਦਿਯਨ ਤੇਂ ਮਦਹਿ ਚੁਆਇ ਕਰਿ॥੫॥*
*ਪ੍ਰਥਮ ਕਰਯੋ ਤਿਨ ਭੋਜਨ ਬਿਜਿਯਾ ਪਾਨ ਕਰਿ ॥ ਬਹੁਰਿ ਪਿਯੋ ਮਦ ਬਡੇ ਬਡੇ ਪਯਾਲਾਨ ਭਰਿ ॥*
*ਜਬ ਰਸ ਮਸ ਭੇ ਤਰੁਨਿ ਤਬੈ ਐਸੋ ਕੀਯੋ ॥ ਹੋ ਪਕਰਿ ਭੁਜਾ ਤੇ ਸ਼ਾਹੁ ਸੇਜ ਊਪਰਿ ਲੀਯੋ ॥੬॥*

(ਦੋਇ ਸੌ ਛਯਾਨਵੋਂ ਚਰਿਤ੍ਰ ਪੰਨਾ ੧੨੪੪)

ਨੋਟ : - ਪਿਛੇ ਅਨੇਕਾਂ ਹੀ ਥਾਈਂ ਅਸੀਂ ਪੜ੍ਹ ਚੁੱਕੇ ਹਾਂ ਕਿ ਭਾਰੀ ਨਸ਼ੇ ਅਤੇ ਦਾਰੂ ਛੱਕ ਛਕਾਣ ਤੋਂ ਬਾਦ ਔਰਤ ਜਾਂ ਔਰਤਾਂ ਭੋਗਣ ਦੀ ਦੁਹਾਈ ਦਿੱਤੀ ਗਈ ਹੈ । ਓਹ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਮੂੰਹੋਂ ਪਾਤਸ਼ਾਹੀ ੧੦ ਲਿਖ ਕੇ ਕਹਿ- ਲਵਾਇਆ ਗਿਆ ਹੈ । ਇਹ ਸਿੱਖ ਧਰਮ ਦੇ ਖੰਡੇ ਬਾਟੇ ਦੀ ਦਿੱਤੀ ਜਾ ਰਹੀ ਪਹੁਲ ਤੇ ਕਰਾਰਾ ਵਾਰ ਹੈ ਅਤੇ ਸਿੱਖ ਰਹਿਤ ਮਰਿਯਾਦਾ ਦਾ ਭੋਗ। ਇਸ ਨਾਲ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਮ ਮਨੁੱਖਾਂ ਤੋਂ ਵੀ ਹੇਠਲੇ ਦਰਜੇ ਦਾ ਮਾਮੂਲੀ ਮਨੁੱਖ ਸੀ ਜਿਸ ਦੀ ਕਰਣੀ ਤੇ ਕਥਣੀ ਚ ਭਾਰੀ ਫ਼ਰਕ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਬਾਕੀ ਨੌ ਗੁਰੂਆਂ ਤੋਂ ਵੱਖਰਾ ਇਨਸਾਨ ਦਰਸਾਣ ਦੀ ਕੋਸ਼ਿਸ ਕੀਤੀ ਹੈ । ਇਹ ਪ੍ਰਭਾਵ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵਾਂ ਪੰਥ ਬਾਕੀ ਗੁਰੂਆਂ ਤੋਂ ਹਟਵਾਂ ਚਲਾਇਆ।

ਕੁੜੀ ਕਹਿੰਦੀ ਕਿ ਆਓ ਅੱਪਾਂ ਕਾਮ ਕ੍ਰੀੜਾ ਕਰੀਏ ਤੇ ਤਨ ਦੇ ਕਾਮ ਦੀ ਭੁੱਖ ਮਿਟਾਈਏ । ਮੈਂ ਮੁਟਿਆਰ ਤੇ ਤੂੰ ਜਵਾਨ ਫਿਰ ਹੈਰਾਨੀ ਕਾਹਦੀ :-

*ਤਾ ਸੌ ਕਹਾ ਕਿ ਆਉ ਕਾਮ ਕ੍ਰੀੜਾ ਕਰੈਂ ॥ ਭਾਂਤਿ ਭਾਂਤਿ ਤਨ ਤਾਪ ਮਦਨ ਕੋ ਹਮ ਹਰੈਂ ॥*
*ਮੈਂ ਤਰੁਨੀ ਤੈਂ ਤਰੁਨ ਕਹਾਂ ਚਕਿਚਿਤ ਰਹਯੋ ॥ ਹੋ ਹਮ ਤੁਮ ਰਮਹਿ ਸੁ ਆਜੁ ਚੰਚਲਾ ਅਸ ਕਹਯੋ ॥੭॥*

(ਦੋਇ ਸੌ ਛਯਾਨਵੋਂ ਚਰਿਤ੍ਰ ਪੰਨਾ ੧੨੪੪)

ਸ਼ਾਹ ਨੇ ਕੁੜੀ ਦੀ ਗੱਲ ਨਾ ਮੰਨੀ ਜਿਸ ਤੋਂ ਉਸ ਨੇ ਗੁੱਸਾ ਖਾ ਕੇ ਅੱਧ ਵਿਚਕਾਰੋਂ ਸ਼ਾਹ ਨੂੰ ਚੀਰ ਦਿੱਤਾ ਤੇ ਸਾਰਾ ਧਨ ਲੁੱਟ ਲਿਆ ਤੇ ਲੋਕਾਂ ਨੂੰ ਆਖ ਦਿੱਤਾ ਕਿ ਭਰਾ ਨੂੰ ਹਾਥੀ ਨੇ ਚੀਰ ਦਿੱਤਾ ਹੈ। ਆਪ ਸਾਰੇ ਧਨ ਦੀ ਵਾਰਿਸ ਬਣ ਗਈ।

*ਦੋਹਰਾ ॥ ਇਹ ਛਲ ਮਾਰਾ ਤਾਹਿ ਕੌ ਜੋ ਰਮਾ ਤਿਹ ਸੰਗ ॥*
*ਸੁ ਕਬਿ ਸਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੧੧॥*

(ਦੋਇ ਸੌ ਛਯਾਨਵੋਂ ਚਰਿਤ੍ਰ ਪੰਨਾ ੧੨੪੫)

ਨੋਟ :- ਕਬਿ (ਕਵੀ) ਸਯਾਮ ਨੇ ਅਪਣਾ ਇਹ ਪ੍ਰਸੰਗ ਸੰਪੂਰਣ ਕੀਤਾ ਹੈ । ਹਯਾ ਦੇ ਅੰਨ੍ਹੇ ਫਿਰ ਵੀ ਆਖੀਂ ਜਾ ਰਹੇ ਹਨ ਕਿ ਜੀ ਇਹ ਦਸਮ ਪਾਤਸ਼ਾਹ ਦੀ ਬਾਣੀ ਹੈ। ਜੇਕਰ ਆਪ ਜੀ ਨੂੰ ਕੋਈ ਅਜਿਹਾ ਹਯਾ ਦਾ ਅੰਨ੍ਹਾ ਮਿਲੇ ਤਾਂ ਹਲੂਣਾ ਦੇ ਕੇ ਕਵੀ ਸਯਾਮ ਦੇ ਦੀਦਾਰ ਕਰਵਾ ਦੇਣੇ । ਇਸ ਪ੍ਰਸੰਗ ਦਾ ਸੁਰੂ ਕਿਥੋਂ ਹੁੰਦਾ ਹੈ, ਇਸ ਬਾਰੇ ਸਾਡੇ ਪੁਜਾਰੀ-ਸੋਧਕ ਕਮੇਟੀ-ਛਾਪਕ-ਸੰਪਾਦਕ ਤੇ ਸਾਧ ਸੰਤ-ਬ੍ਰਹਮ ਗਿਆਨੀ ਚੰਗੀ ਤਰ੍ਹਾਂ ਜਾਣਦੇ ਹੋਣਗੇ ਪਰ ਜਿੱਥੇ ਪ੍ਰਸੰਗ ਖ਼ਤਮ ਹੁੰਦਾ ਹੈ ਪਾਠਕ ਨੂੰ ਜਰੂਰ ਅਹਿਸਾਸ ਤੇ ਸੁੱਖ ਦਾ ਸਾਹ ਮਿਲਦਾ ਹੈ । ਸਾਡੇ ਇਨ੍ਹਾਂ ਭੱਦਰ ਪੁਰਖਾਂ ਨੇ ਕਾਵਿ ਰਚਨਾਵਾਂ ਚ ਇਤਨਾ ਰਲ ਗੱਡ ਕੀਤਾ ਹੈ ਕਿ ਇਸ ਨੂੰ ਨਿਖੇੜਨਾ ਲੋਹੇ ਦੇ ਚਣੇ ਚਬਾਣ ਸਮਾਨ ਹੋ ਨਿਬੜਦਾ ਹੈ । ਇਹ ਸਿੱਖ ਕੌਮ ਦਾ ਹੱਕ ਰਾਖਵਾਂ ਹੈ ਕਿ ਉਹ ਉਨ੍ਹਾਂ ਸਮੂਹ ਹੱਥ ਲਿਖਤ ਜਾਂ ਛਾਪੇ ਦੇ ਉਤਾਰਿਆਂ ਨੂੰ ਅਪਣੇ ਕਬਜੇ ਚ ਲੈ ਕੇ ਇਸ ਦੀ ਪੁਣਛਾਣ ਕਰੇ ਕਿ ਕਿਸ ਕਿਸ ਕਵੀ ਨੂੰ ਇਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦਾ ਚੋਲਾ ਪਹਿਨਾ

ਕੇ ਕਾਮ ਸਾਸਤ੍ਰ ਲਿਖਿਆ ਜਾਂ ਲਿਖਵਾਇਆ ਹੈ । ਇਹ ਇਸ ਲਈ ਵੀ ਜਰੂਰੀ ਹੈ ਤਾਂ ਕਿ ਇਹ ਸਿੱਖ ਸਰੂਪ ਵਾਲੇ ਘੁਸਪੈਠੀਏ ਧਰਮ ਦਾ ਹੋਰ ਨੁਕਸਾਨ ਨਾ ਕਰਨ ।

## ਇਲਾਕਾ : ਬਿਜੈਸੂਰ

(ਦੋਇ ਸੌ ਸਤਾਨਵੋਂ ਚਰਿਤ੍ਰ ਪੰਨਾ ੧੨੪੫-੫੨)

ਪਾਤਰ : ਸਿੱਧਪਾਲ (ਖੱਤ੍ਰੀ), ਸਮਸਦੀਨ (ਦਿਲੀਸ), ਲਛਿਮਨ ਸੈਨ (ਸੁਤ), ਬੱਜ੍ਰਸੈਨ (ਸੁਤ) ਤੇ ਸਕੁਚਮਤੀ (ਦੁਹਿਤਾ)

ਸਮਸਦੀਨ ਦਿਲੀਸ ਦੇ ਰਾਜ ਬਿਜੈਸੂਰ ਚ ਇਕ ਖੱਤ੍ਰੀ ਸਿੱਧਪਾਲ ਰਹਿੰਦਾ ਸੀ ਜਿਸ ਦੇ ਦੋ ਪੁੱਤ ਲਛਿਮਨ ਸੈਨ ਤੇ ਬੱਜ੍ਰਸੈਨ ਅਤੇ ਇਕ ਧੀ ਸਕੁਚਮਤੀ ਪੈਦਾ ਹੋਈ । ਇਕ ਦਿਨ ਸਮਸਦੀਨ ਸ਼ਿਕਾਰ ਖੇਡਣ ਗਿਆ ਜਿਥੇ ਸ਼ੇਰਾਂ ਦਾ ਬਨ ਸੀ ਓਹਦੇ ਨਾਲ ਸੀ ਸਿੱਧਪਾਲ ਤੇ ਹੋਰ ਸਾਥੀ । ਇਕ ਜਵਾਨ ਕਹਿੰਦਾ ਕਿ ਸ਼ੇਰ-ਉਤਮ ਮਨੁੱਖ ਅਤੇ ਪਦਮਿਨੀ ਔਰਤ ਤੇ ਜਿੰਨਾਂ ਵਧੇਰੇ ਕਸ਼ਟ ਆਉਂਦਾ ਹੈ ਓਹ ਅੱਗੇ ਹੀ ਵਧਦੇ ਹਨ। ਹਜਰਤਿ ਨੇ ਬਚਨ ਸੁਣ ਕੇ ਵਾਪਸ ਮਹਿਲੀਂ ਪਹੁੰਚ ਕੇ ਸਿੱਧਪਾਲ ਨੂੰ ਕੋਲ ਬਿਠਾਇਆ ਤੇ ਕਹਿੰਦਾ ਕਿ ਤੂੰ ਸਿਆਣਾ ਵਜ਼ੀਰ ਹੈਂ ਕੋਈ ਅਜਿਹਾ ਵਸੀਲਾ ਬਣਾ ਕੇ ਮੈਨੂੰ ਪਦਮਿਨੀ ਮਿਲ ਜਾਏ । ਸਿੱਧਪਾਲ ਕਹਿੰਦਾ ਕਿ ਅਪਣੀ ਸਾਰੀ ਸੈਨਾ ਨਾਲ ਮੈਨੂੰ ਸਿੰਗਲਾਦੀਪ ਭੇਜ ਦਿਓ । ਮੈਂ ਉੱਥੇ ਜੁੱਧ ਕਰਾਂਗਾ ਤੇ ਤੇਰੇ ਲਈ ਪਦਮਿਨੀ ਲੈ ਆਵਾਂਗਾ । ਇਸ ਤਰ੍ਹਾਂ ਕਹਿ ਕੇ ਜਦ ਰਾਜਾ ਘਰ ਗਿਆ ਤਾਂ ਉਸ ਦੇ ਵੈਰੀ ਨੇ ਰਾਜੇ ਨੂੰ ਸਾਰਾ ਭੇਦ ਦੱਸ ਦਿੱਤਾ ਕਿ ਇਸ ਦੇ ਘਰ ਇਕ ਧੀ ਹੈ ਜਿਸ ਦੇ ਬਰਾਬਰ ਪਰੀ ਪਦਮਿਨੀ ਕੋਈ ਨਹੀਂ । ਪਹਿਲਾਂ ਬੰਦੇ ਭੇਜ ਕੇ ਉਸ ਨੂੰ ਪਕੜ ਮੰਗਾਓ ਤੇ ਫਿਰ ਪਦਮਨੀ ਨੂੰ ਖੋਜਣਾ। ਹਜਰਤਿ ਨੇ ਇਹ ਸੁਣਦੇ ਹੀ ਦੂਤੀ ਨੂੰ ਉਸ ਪਾਸ ਭੇਜਿਆ। ਓਹ ਉਸ ਨੂੰ ਨਾਲ ਲੈ ਕੇ ਹਜਰਤਿ ਪਾਸ ਪੁੱਜੀ। ਜਦ ਸ਼ਾਹ ਨੇ ਉਸ ਨੂੰ ਤੱਕਿਆ ਤਾਂ ਦੇਖਦੇ ਹੀ ਘਾਇਲ ਹੋ ਗਿਆ । ਇਕ ਦਿਨ ਸ਼ਾਹ ਨੇ ਸਭ ਲੋਕਾਂ ਦੀ ਮਿਜਮਾਨੀ ਕੀਤੀ । ਸਿੱਧਪਾਲ ਦੀ ਧੀ ਨੂੰ ਇਕ ਛੇਕ ਵਿੱਚੋਂ ਦੇਖ ਕੇ ਮਤਵਾਲਾ ਹੋ ਗਿਆ । ਹਜਰਤਿ ਨੇ ਸਾਰੇ ਪਠਾਣ ਬੁਲਾ ਕੇ ਸਿੱਧਪਾਲ ਦੇ ਘਰ ਭੇਜੇ ਕਿ ਅਪਣੀ ਧੀ ਸਾਨੂੰ ਦੇ ਦੇ। ਸਿੱਧਪਾਲ ਇਹ ਸੁਣ ਕੇ ਬੜਾ ਦੁਖੀ ਹੋਇਆ। ਜੇ ਮੈਂ ਅਪਣੀ ਧੀ ਨਹੀਂ ਦੇਂਦਾ ਤਾਂ ਕੰਮ ਬਿਗੜ ਜਾਏਗਾ ਤੇ ਜੇਕਰ ਦੇ ਦਿੱਤੀ ਤਾਂ ਛੱਤ੍ਰੀਆਂ ਨੂੰ ਸ਼ਰਮ ਆਏਗੀ। ਲੋਕ ਕੀ ਆਖਣਗੇ ਕਿ ਧੀ ਮਲੇਛਾਂ ਨੂੰ ਦੇ ਦਿੱਤੀ । ਧੀ ਨੇ ਬਾਪ ਦੀ ਚਿੰਤਾ ਤੇ ਦੁਖੜਾ ਸੁਣ ਕੇ ਕਿਹਾ ਕਿ ਤੂੰ ਚਿੰਤਾ ਨਾ ਕਰ ਪਾਤਿਸ਼ਾਹ ਦੇ ਸਨਮੁਖ ਹੋ ਕੇ ਲੜ । ਸਿੱਧਪਾਲ ਪਠਾਣਾਂ ਨੂੰ ਕਹਿੰਦਾ ਕਿ ਮੈਂ ਅਪਣੀ ਧੀ ਤੁਰਕਾਂ ਨੂੰ ਨਹੀਂ ਦੇਂਦਾ । ਕੁੜੀ ਕਹਿੰਦੀ ਬਾਪੂ ਛੱਤ੍ਰੀ ਜਨਮ ਮੁੜ ਨਹੀਂ ਆਉਣਾ । ਦੇਖਣਾ ਕਿਤੇ ਲੋਕੀਂ ਇਹ ਨਾ ਆਖਣ ਕਿ ਛੱਤ੍ਰੀ ਨੇ ਧੀ ਤੁਰਕਾਂ ਨੂੰ ਦੇ ਦਿੱਤੀ । ਕੌਚ ਪਹਿਰ ਕੇ ਨਗਾਰੇ ਤੇ ਚੋਟ ਮਾਰੋ ਤੇ ਅਮਲ ਪੀ ਪੀ ਕੇ ਮਸਤ ਹੋ ਜਾਓ । ਸਵੇਰੇ ਜੁੱਧ ਕੀਤਾ ਜਾਏਗਾ। ਸਾਰੇ ਕੇਸਰੀ ਬਾਣਾ ਪਹਿਨੋ ਤੇ ਛਟਾਂਕ ਅਫੀਮ ਵੀ ਛੱਕ ਲੈਣੀ ਤੇ ਫਿਰ ਘੋੜੇ ਦੁੜਾਉਣੇ ।

*ਪਹਿਰਹੁ ਕੌਚ ਬਜਾਇ ਨਗਾਰੇ ॥ ਪੀ ਪੀ ਅਮਲ ਹੋਹੁ ਮਤਵਾਰੇ ॥*
*ਪ੍ਰਾਤ ਮਚਤ ਹੈ ਜੁੱਧ ਅਪਾਰਾ ॥ ਹ੍ਵੈ ਹੈ ਅੰਧ ਧੁੰਧ ਬਿਕਰਾਰਾ ॥੩੮॥*
*ਪਾਤਿਸ਼ਾਹ ਸੰਗ ਹੈ ਸੰਗ੍ਰਾਮਾ ॥ ਸਭ ਹੀ ਕਰਹੁ ਕੇਸਰੀ ਜਾਮਾ ॥*
*ਟਾਂਕਿ ਆਫੂਐਂ ਤੁਰੈ ਨਚਾਵੌ ॥ ਸਾਂਗ ਝਲਕਤੀ ਹਾਥ ਫਿਰਾਵੌ ॥੩੯॥*
*ਪ੍ਰਥਮ ਤਯਾਗਿ ਪ੍ਰਾਨਨ ਕੀ ਆਸਾ ॥ ਬਾਹਹੁ ਖੜਗ ਸਕਲ ਤਜਿ ਤ੍ਰਾਸਾ ॥*
*ਪੋਸਤ ਭਾਂਗ ਅਫੀਮ ਚੜ੍ਹਾਵੋ ॥ ਰੇਤੀ ਮਾਂਝ ਚਰਿੱਤ੍ਰ ਦਿਖਾਵੋ ॥੪੦॥* (ਦੋਇ ਸੌ ਸਤਾਨਵੋਂ ਚਰਿਤ੍ਰ ਪੰਨਾ ੧੨੪੭)

ਨੋਟ :- ਕਵੀ ਅਪਣੀ ਇਸ ਕਾਵਿ ਰਚਨਾ ਚ ਸਿੱਖਿਆ ਦੇਂਦਾ ਹੈ ਕਿ ਪੋਸਤ ਭਾਂਗ ਅਫੀਮ ਦੇ ਭਾਰੀ ਨਸ਼ੇ ਕਰੋ ਅਤੇ ਫਿਰ ਸੰਗ੍ਰਾਮ । ਦੁੱਖ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਕਾਵਿ ਰਚਨਾ ਤੇ ਪਾਤਸ਼ਾਹੀ ੧੦ ਲਿਖ ਕੇ ਗੁਰ ਸਿੱਖਾਂ ਨੂੰ ਅਮਲ ਕਰਨ ਲਈ ਪ੍ਰੇਰਿਆ ਗਿਆ ਹੈ ਜਦ ਕਿ ਸਿੱਖ ਧਰਮ ਅੰਦਰ ਕਿਸੇ ਵੀ ਪ੍ਰਕਾਰ ਦੇ ਨਸ਼ੇ ਨਾ ਕਰਨ ਦੀ ਗੱਲ ਕਹੀ ਗਈ ਹੈ । ਹੁਣ ਸਾਡੇ ਪੁਜਾਰੀ ਵੱਡੇ ਜਾਂ ਗੁਰੂ ? ਕਿਉਂਕਿ ਪੁਜਾਰੀਆਂ ਨੇ ਅਪਣੇ ਹੀ ਗੁਰੂ ਨੂੰ ਵੀ ਨਹੀਂ ਬਖ਼ਸ਼ਿਆ ਉਸ ਨੂੰ ਵੀ ਬਲੈਕਮੇਲ ਕਰ ਦਿੱਤਾ ਹੈ, ਇਨ੍ਹਾਂ ਕੀਤੇ ਗਏ ਅਰਥਾਂ (ਸਾਰ) ਤੋਂ ਪੁਜਾਰੀਆਂ ਨੂੰ ਤਕਲੀਫ਼ ਹੋਣੀ ਕੋਈ ਅਣਹੋਣੀ ਨਹੀਂ ਹੋਏਗੀ । ਆਮ ਸਿੱਖ ਲਈ ਸੱਚ ਅਤੇ ਝੂਠ ਨੂੰ ਪਹਿਚਾਨਣ ਦਾ ਸਬੱਬ ਬਨਾਣ ਲਈ ਸੱਚੋ ਸੱਚ ਲਿਖਿਆ ਜਾ ਰਿਹਾ ਹੈ। ਆਪ ਜੀ ਨੇ ਦੁਆ ਕਰਨੀ ਕਿ ਸਿੱਖ ਸੱਚ ਤੇ ਪਹਿਰਾ ਦੇਣ ਲਈ ਉਠ ਖਲੋਣ ।

ਓਧਰ ਹਜਰਤਿ ਵਿਆਹ ਦੀ ਤਿਆਰੀ ਕਰ ਕੇ ਸਿੱਧਪਾਲ ਦੇ ਘਰ ਜਾ ਪੁੱਜਾ । ਕੁੜੀ ਕਹਿੰਦੀ ਕਿ ਘਰ ਆਏ ਨੂੰ ਨਹੀਂ ਮਾਰਨਾ ਚਾਹੀਦਾ । ਉਸ ਦੇ ਘਰ ਜਾ ਕੇ ਮਾਰਿਆ ਜਾਏ ਇਹ ਰਾਜਨੀਤੀ ਹੈ । ਕੁੜੀ ਦੇ ਨਾਲ ਉਸ ਦਾ ਭਰਾ ਲਛਿਮਨ ਅਤੇ ਸੱਤ ਸੌ ਸੂਰਮਾ ਔਰਤ ਦਾ ਭੇਸ ਧਾਰ ਕੇ ਗਿਆ । ਜਦ ਹਜਰਤਿ ਘਰ ਪੁੱਜਾ ਤਾਂ ਲਛਿਮਨ ਨੇ ਕਟਾਰੀ ਮਾਰ ਕੇ ਉਸ ਨੂੰ ਮਾਰ ਦਿੱਤਾ ਤੇ ਮਰਦ ਦਾ ਭੇਸ ਧਾਰਣ ਕਰ ਕੇ ਕਹਿੰਦਾ ਕਿ ਮੈਂ ਅਮਲ ਦੇ ਕੰਮ ਆਇਆ ਹਾਂ । ਦੋਨਿਆਂ ਪਾਸਿਆਂ ਤੋਂ ਮਾਰੂ ਨਗਾਰੇ ਵੱਜੇ ਤੇ ਜੋਧਾ ਆ ਭਿੜੇ । ਪਹਿਲਾਂ ਖਾਨ ਫੇਰ ਲੋਧੀ ਤੇ

ਨਯਾਜੀਆਂ ਨਾਲ ਮੁੱਠ ਭੇੜ ਤੇ ਫਿਰ ਰੁਹੇਲੇ ਤੇ ਆਫਰੀਦਿਯਨ ਨਾਲ ਕਰਾਰਾ ਜੰਗ (ਇਤਿਹਾਸ ਦੇ ਖੋਜੀਆਂ ਲਈ ਵੀ ਇਹ ਔਖਾ ਜਾਪਦਾ ਹੈ ਕਿ ਕਵੀ ਨੂੰ ਸੱਚ ਜਾਣੀਏ ਜਾਂ ਇਤਿਹਾਸਕਾਰਾਂ ਨੂੰ, ਫਿਲਹਾਲ ਅਸੀਂ ਕਵੀ ਦੀ ਹਾਂ ਚ ਹਾਂ ਮਿਲਾ ਕੇ ਅੱਗੇ ਚਲਦੇ ਹਾਂ) ਬੜੀ ਘਮਸਾਣ ਦੀ ਲੜਾਈ ਹੋਈ। ਬੜੇ ਬਾਣ ਛੱਡੇ ਇਉਂ ਲੱਗੇ ਜਿਵੇਂ ਹਨੇਰੀ(ਅੰਨ੍ਹੀ) ਆ ਗਈ ਹੋਏ। ਹੱਥ ਪਸਾਰਿਆਂ ਕੁੱਝ ਨਜ਼ਰ ਨਾ ਆਏ। ਏਧਰੋਂ ਪਠਾਣਾਂ ਹਮਲਾ ਬੋਲਿਆ ਤੇ ਓਧਰੋਂ ਛੱਤ੍ਰੀਆਂ ਨੇ।

*ਦੋਹਰਾ ॥ ਇਹ ਦਿਸਿ ਸਭ ਛੱਤ੍ਰੀ ਚੜ੍ਹੇ ਉਹ ਦਿਸਿ ਚੜ੍ਹੇ ਪਠਾਨ ॥*
*ਸੁਨਹੁ ਸੰਤ ਚਿਤ ਦੈ ਸਭੈ ਜਿਹ ਬਿਧਿ ਭਯੋ ਨਿਦਾਨ ॥੫੬॥* (ਦੋਇ ਸੌ ਸਤਾਨਵੋਂ ਚਰਿਤ੍ਰ ਪੰਨਾ ੧੨੪੯)

ਜਦ ਅਨੀ ਖਾਨ ਸੈਨਾ ਜੋੜ ਕੇ ਆਇਆ ਤਾਂ ਇਧਰੋਂ ਛੱਤ੍ਰੀ ਇਕੱਠੇ ਹੋ ਕੇ ਪੁੱਜੇ । ਦੋਨਾਂ ਪਾਸਿਆਂ ਤੋਂ ਤੀਰਾਂ ਦੀ ਵਰਖਾ-ਚੜ੍ਹਿਆ ਗੁੱਸਾ ਲਛਿਮਨ ਕੁਮਾਰ ਨੂੰ-ਕਿੰਨ੍ਹੇ ਹੀ ਖਾਨ ਮਾਰੇ-ਕਿੰਨ੍ਹੇ ਜੀ ਖੇਤ ਮਾਰੇ-ਕਈ ਕਟੇ ਕਈ ਮਾਰੇ-ਕਿਸੇ ਦਾ ਸਿਰ ਫੁੱਟਿਆ-ਕਿਸੇ ਦਾ ਪੇਟ ਪਾਟਿਆ-ਕਿਸੇ ਦੀ ਲੱਤ ਤੇ ਕਿਸੇ ਦੀ ਬਾਂਹ ਸਰੀਰ ਤੋਂ ਵੱਖ-ਲਓ ਭੂਤ ਤੇ ਬੇਤਾਲ ਵੀ ਆਏ-ਹੋਇਆ ਨੱਚਣਾ ਸੁਰੂ ਇਨ੍ਹਾਂ ਦਾ-ਦੈਂਤਾਂ ਨੇ ਅਪਣੀਆਂ ਦੰਦੀਆਂ ਵੱਖ ਕੱਢੀਆਂ-ਕਿਤੇ ਹਾਥੀ ਮਰੇ -ਕਿਤੇ ਘੋੜੇ ਤੇ ਊਂਠ-ਖੂਨ ਦੇ ਪਰਨਾਲੇ ਫੂਆਰਿਆਂ ਦੀ ਤਰ੍ਹਾਂ ਚੱਲੇ-ਬੜਾ ਘਮਸਾਣ ਦਾ ਜੁੱਧ-ਐਦਾਂ ਦਾ ਤਾਂ ਰਾਮ ਤੇ ਰਾਵਣ ਦਾ ਵੀ ਨਾ ਹੋ ਸਕਿਆ-ਕਈਆਂ ਨੇ ਪਾ ਕੇ ਔਰਤਾਂ ਦੇ ਕੱਪੜੇ ਮੈਦਾਨ ਤੋਂ ਭੱਜਣ ਦੀ ਕੀਤੀ-ਲਓ ਗੋਲ ਪਗੜੀਆਂ ਬੰਨ ਕੇ ਸਿੱਖ ਵੀ ਆ ਗਏ । ਜਦ ਸਿੱਧਪਾਲ ਨੂੰ ਪਠਾਣਾ ਦੇਖਿਆ ਤਾਂ ਮੈਦਾਨ ਛੱਡ ਕੇ ਭੱਜ ਉੱਠੇ :-

*ਕਿਤੇ ਖਾਨ ਖੇਦੇ ਕਿਤੇ ਖੇਤ ਮਾਰੇ ॥ ਕਿਤੇ ਖੇਤ ਮੈ ਖਿੰਗ ਖੱਤ੍ਰੀ ਲਤਾਰੇ ॥*
*ਜਹਾਂ ਬੀਰ ਬਾਂਕੇ ਹਠੀ ਪੂਤ ਘਾਏ ॥ ਤਹੀ ਗੋਲ ਬਾਂਧੇ ਚਲੇ ਸਿੱਖ ਆਏ ॥੬੯॥*

(ਦੋਇ ਸੌ ਸਤਾਨਵੋਂ ਚਰਿਤ੍ਰ ਪੰਨਾ ੧੨੫੦)

ਨੋਟ :- ਖਾਨਾਂ ਅਤੇ ਛੱਤ੍ਰੀਆਂ ਦੀ ਆਪਸੀ ਮੁੱਠਭੇੜ ਵਿੱਚ ਸਿੱਖ ਕਿਵੇਂ ਪਹੁੰਚੇ ਇਕ ਬੁਝਾਰਤ ਹੈ। ਗੁਰੂ ਜੀ ਦੇ ਸਿੱਖ ਐਨੇ ਬੇਹੁਦਰੇ ਤਾਂ ਨਹੀਂ ਸਨ ਕਿ ਗੁਰੂ ਦੇ ਹੁਕਮ ਦੀ ਪਰਵਾਹ ਕੀਤੇ ਬਗੈਰ ਕਿਸੇ ਦੀ ਲੜਾਈ ਚ ਜਾ ਪੰਗਾ ਲੈਣ । ਫਿਰ ਗੁਰੂ ਵੀ ਖਾਮ ਖਾਹ ਜੰਗ ਚ ਨਹੀਂ ਸੀ ਕੁੱਦ ਸਕਦਾ । ਜੇ ਇਹ ਘਟਨਾ ਗੁਰੂ ਜੀ ਦੇ ਬਾਦ ਦੀ ਹੈ ਤਾਂ ਇਸ ਰਚਨਾਂ ਤੇ ਪਾਤਸ਼ਾਹੀ ੧੦ ਕਿਸ ਨੇ ਲਿਖਿਆ ? ਸਾਫ ਜ਼ਾਹਿਰ ਹੈ ਕਿ ਇਹ ਕਾਵਿ ਰਚਨਾਵਾਂ ਗੁਰੂ ਕਾਲ ਤੋਂ ਚੋਖਾ ਚਿਰ ਬਾਦ ਇਕ ਖਾਸ ਵਿਊਂਤ ਬੰਦੀ ਨਾਲ ਲਿਖ ਕੇ ਸਿੱਖਾਂ ਦਾ ਮੌਜੂ ਬਨਾਣ ਲਈ ਇਕੱਠੀਆਂ ਕਰ ਦਿੱਤੀਆਂ ਤੇ ਪ੍ਰਚਾਰ ਦਿੱਤਾ ਕਿ ਭਾਈ ਮਨੀ ਸਿੰਘ ਜੀ ਨੇ ਆਪ ਉੱਦਮ ਕੀਤਾ ਸੀ । ਨਾ ਤਾਂ ਭਾਈ ਮਨੀ ਸਿੰਘ ਜੀ ਨੇ ਕੋਈ ਕਾਵਿ ਰਚਨਾ ਇਕੱਠੀ ਕੀਤੀ ਤੇ ਨਾ ਹੀ ਉਨ੍ਹਾਂ ਕਿਸੇ ਪੁਸਤਕ ਨੂੰ ਦਸਮ ਗ੍ਰੰਥ ਦਾ ਨਾਂ ਦਿੱਤਾ। ਝੂਠੇ ਦੀ ਮੱਤ ਝੂਠੀ ਹੀ ਹੁੰਦੀ ਹੈ। ਝੂਠ ਦਾ ਮੁਲੰਮਾ ਬਹੁਤੀ ਦੇਰ ਨਹੀਂ ਰਹਿੰਦਾ।

ਹਾਂ ਕਈਆਂ ਨੂੰ ਖੇਤ ਚ ਮਾਰਿਆ-ਕਈਆਂ ਨੂੰ ਕਿਲਾ ਖੋਦ ਕੇ ਧਰਤੀ ਚ ਗੱਡਿਆ-ਓਹੀ ਬਚਿਆ ਜੋ ਭੱਜ ਗਿਆ । ਸਿੱਧਪਾਲ ਨੇ ਸਾਰੇ ਖਾਨ ਮਾਰ ਮੁਕਾਏ ਤੇ ਉਨ੍ਹਾਂ ਦੇ ਘੋੜੇ ਨਗਾਰੇ ਸਭ ਖੋਹ ਲਏ । ਜਿਹੜੇ ਖਾਨ ਭੱਜੇ ਉਹ ਮੁੜ ਇਕੱਠੇ ਹੋ ਕੇ ਆਏ ਕਹਿੰਦੇ ਅਸੀਂ ਛੱਤ੍ਰੀਆਂ ਨੂੰ ਜਾਣ ਨੀ ਦੇਂਦੇ । ਦੋਨਾਂ ਪਾਸਿਆਂ ਤੋਂ ਫਿਰ ਘਮਸਾਣ ਦਾ ਜੁੱਧ-ਬੜੇ ਸ਼ਾਸਤ੍ਰ ਅਸਤ੍ਰ ਚੱਲੇ-ਕਿਸੇ ਦਾ ਸਿਰ ਟੁੱਟਾ-ਕਿਸੇ ਦਾ ਹੱਥ ਤੇ ਕਿਸੇ ਦੇ ਤਨ ਦੇ ਹੋਏ ਪੁਰਜੇ-ਕਿੰਨਿਆਂ ਨੂੰ ਅਪੱਛਾਂ ਨੇ ਵਿਆਹ ਲਿਆ । ਕਈ ਨਰਕਾਂ ਚ ਗਏ ਤੇ ਕਈ ਮੌਤ ਦੇ ਮੂੰਹ ਚ-ਕੋਈ ਹੇ ਸੂਮ ਓਦਾਂ ਈ ਭੱਜਿਆ ਜਾਂਦਾ ਮਰ ਗਿਆ ।

*ਤਹਾਂ ਲੈ ਅਪੱਛ੍ਰਾਨ ਕੇਤੇ ਬਰੇ ਹੈ ॥ ਜਿਤੇ ਸਾਮੁਹੇ ਜੁੱਧ ਕੈ ਕੈ ਮਰੇ ਹੈ ॥*
*ਕਿਤੇ ਨਰਕ ਬਾਸੀ ਤਿਸੀ ਕਾਲ ਹੂਏ ॥ ਜਿਤੇ ਸੂਮ ਸੋਫੀ ਭਜੇ ਜਾਤ ਮੂਏ ॥੮੬॥*

(ਦੋਇ ਸੌ ਸਤਾਨਵੋਂ ਚਰਿਤ੍ਰ ਪੰਨਾ ੧੨੫੧)

ਨੋਟ :- ਇਹ ਕਾਵਿ ਰਚਨਾ ਕਵੀ ਸੂਮ ਨੇ ਲਿਖੀ ਹੈ ਪਰ ਇਸ ਰਚਨਾਂ ਤੇ ਪਾਤਸ਼ਾਹੀ ੧੦ ਦੀ ਮੋਹਰ ਹੈ । ਪੁਜਾਰੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਹ ਦੇਖ ਕੇ ਮੱਖੀ ਖਾ ਰਹੇ ਹਨ ਪਰ ਢੀਠ ਹਨ ਖਾ ਖਾ ਕੇ ਮੁਸਕਰਾਉਂਦੇ ਵੀ ਹਨ। ਗੈਰ ਸਿੱਖ ਮਜ਼ਾਕ ਕਰਦੇ ਹਨ ਕਿ ਸਿੱਖ ਸਾਰੇ ਅਨਪੜ੍ਹ ਹਨ ਕੋਈ ਇਕ ਵੀ ਪੜ੍ਹਿਆ ਨਹੀਂ ਲਗਦੈ ਓਹ ਸੱਚ ਬੋਲਦੇ ਹਨ ਵਰਨਾ ਕਵੀ ਸੂਮ ਨੂੰ ਗੁਰੂ ਗੋਬਿੰਦ ਸਿੰਘ ਜੀ ਕਿਵੇਂ ਆਖਦੇ? ਜੇਕਰ ਆਪ ਜੀ ਨੂੰ ਅਪਣੇ ਪੜ੍ਹੇ ਹੋਣ ਤੇ ਮਾਣ ਹੈ ਤਾਂ ਸੱਚ ਬੋਲਣ ਦੀ ਦਲੇਰੀ ਕਿਉਂ ਨਹੀਂ ਕਰਦੇ? ਕਵੀ ਅਪਣੀ ਪਹਿਚਾਣ ਬਾਰ ਬਾਰ ਕਰਾਉਂਦਾ ਹੈ ਪ੍ਰਤੱਖ ਨੂੰ ਪ੍ਰਮਾਣ ਕੀ ?

*ਜਿਤੇ ਸੂਮ ਸੋਫੀ ਭਜੇ ਜਾਤ ਮਾਰੋਂ ॥ ਤਿਤੇ ਭੂਮਿ ਭੋਗੈ ਨਹੀ ਬੰਨਿ ਜਾਰੇ ॥*
*ਭਈ ਭੀਰ ਗਾਢੀ ਮਚਯੋ ਜੁੱਧ ਭਾਰੀ ॥ ਲਖੇ ਬੀਰ ਠਾਢੇ ਕਪੈ ਦੇਹ ਸਾਰੀ ॥੮੮॥*

(ਦੋਇ ਸੌ ਸਤਾਨਵੋਂ ਚਰਿਤ੍ਰ ਪੰਨਾ ੧੨੫੧)

ਬੜੇ ਘਮਸਾਣ ਦੇ ਜੁੱਧ ਤੋਂ ਬਾਦ ਛੱਤ੍ਰੀਆਂ ਦਿੱਲੀ ਜਾ ਮਾਰੀ ਤੇ ਰਾਜੇ ਦਾ ਕਤਲ ਕਰ ਦਿੱਤਾ (ਇਤਿਹਾਸ ਦੇ ਖੋਜੀਆਂ ਲਈ ਵੱਡਾ ਚੈਲਿੰਜ ਹੈ ਕਿ ਦੱਸੋ ਭਲਾਂ ਛੱਤ੍ਰੀਆਂ ਕਿਸ ਸੰਨ ਚ ਦਿੱਲੀ ਲੁੱਟੀ ਤੇ ਰਾਜੇ ਦਾ ਕਤਲ ਕੀਤਾ? ਅਪਣੇ ਸਿਰ ਤੇ ਛੱਤ੍ਰ ਝੁਲਾਇਆ?) ਸਿੱਧਪਾਲ ਨੇ ਆਪ ਛੱਤ੍ਰ ਧਾਰ ਕੇ ਪਾਤਸ਼ਾਹ ਬਣਿਆ ਪਾਤਸ਼ਾਹੀ ਲੈ ਕੇ ਦਿਲ ਚ ਸੋਚਣ ਲੱਗਾ ਕਿ ਮੈਂ ਕੋਈ ਚੰਗਾ ਕੰਮ ਤਾਂ ਕੀਤਾ ਈ ਨਹੀਂ ਓਹ ਸਾਰੀ ਰਾਤ ਜਾਗਦਾ ਰਿਹਾ ਕਿ ਜਿਹੜਾ ਸਵੇਰੇ ਪਹਿਲਾਂ ਮਿਲੇ ਮੈਂ ਉਸੇ ਨੂੰ ਇਹ ਪਾਤਸ਼ਾਹੀ ਦੇਵਾਂ । ਉਥੇ ਕਸਾਈਆਂ ਦਾ ਇਕ ਦਾਸ (ਗੁਲਾਮ) ਆ ਗਿਆ ਉਸ ਨੂੰ ਪਕੜ ਕੇ ਪਾਤਸ਼ਾਹੀ ਉਸ ਨੂੰ ਦੇ ਦਿੱਤੀ ਤੇ ਉਸ ਦਾ ਨਾਂ ਜੈਨ ਆਲਾਵਦੀ ਰੱਖਿਆ । ਉਸ ਨੂੰ ਰਾਜ ਭਾਗ ਸੌਂਪਣ ਤੋਂ ਬਾਦ ਧੀ ਨਾਲ ਬਨ ਨੂੰ ਤੁਰ ਪਿਆ ਤੇ ਬਦ੍ਰਕਾਸ਼ਿ ਚ ਫਕੀਰ ਦਾ ਭੇਸ ਧਾਰ ਕੇ ਪੁੱਜੇ । ਉੱਥੇ ਉਸ ਨੇ ਬੜੀ ਤਪੱਸਿਆ ਕੀਤੀ ਤੇ ਜਗ ਮਾਤਾ ਪ੍ਰਗਟ ਹੋ ਗਈ । ਓਹ ਕਹਿੰਦਾ ਕਿ ਮਾਂ ਮੈਨੂੰ ਇਹੋ ਦਾਨ ਦਿਓ ਤੇ ਮੇਰੀ ਰੱਖਿਆ ਕਰੋ । ਛੱਤ੍ਰੀ ਦੀ ਧੀ ਤੁਰਕ ਦੇ ਨਾ ਜਾਏ । ਹੇ ਮਾਂ ਮੈਨੂੰ ਵਚਨ ਦੇਹ । ਤੇਰੇ ਚਰਨਾਂ ਚ ਮੇਰਾ ਚਿਤ ਰਹੇ ਤੇ ਘਰ ਚ ਬਹੁਤਾ ਧਨ ਹੋਏ। ਸਾਨੂੰ ਕੋਈ ਸ਼ੱਤ੍ਰੂ ਨਾ ਜਿੱਤ ਸਕੇ ਤੇਰੇ ਚ ਹੀ ਮੇਰਾ ਮਨ ਟਿਕਿਆ ਰਹੇ । ਜਗ ਮਾਤੈ ਉਸ ਨੂੰ ਵਰ ਦੇ ਕੇ ਆਸਾਮ ਦਾ ਰਾਜ ਦੇ ਦਿੱਤਾ ਜੋ ਹੁਣ ਤੱਕ ਰਾਜ ਕਰਦੇ ਆ ਰਹੇ ਹਨ । ਭਵਾਨੀ ਨੇ ਹੀ ਇਹ ਰਾਜ ਦਿੱਤਾ ਹੈ ।

*ਚੌਪਈ ॥ ਮੈਯਾ ਇਹੈ ਦਾਨੁ ਮੁਹਿ ਦੀਜੈ ॥ ਰੱਛਾ ਆਪੁ ਹਮਾਰੀ ਕੀਜੈ ॥*
*ਛੱਤ੍ਰਾਨੀ ਗ੍ਰਿਹਿ ਤੁਰਕ ਨ ਜਾਇ ॥ ਮੁਹਿ ਬਰ ਦੇਹੁ ਇਹੈ ਜਗ ਮਾਇ ॥੯੭॥*
*ਚਰਨਨ ਰਹੈ ਤਿਹਾਰੈ ਚਿੱਤਾ ॥ ਗ੍ਰਿਹਿ ਮਹਿ ਹੋਇ ਅਨਗਨਤ ਬਿੱਤਾ ॥*
*ਸ਼ੱਤ੍ਰ ਨ ਜੀਤਿ ਹਮੈਂ ਕੋਈ ਜਾਇ ॥ ਤੁਮ ਮਹਿ ਰਹੈ ਮੋਰ ਮਨ ਮਾਇ ॥੯੮॥*
*ਜਗ ਮਾਤੈ ਐਸੇ ਬਰੁ ਦੀਯੋ ॥ ਤਿਨ ਕਹ ਰਾਜ ਅਸਾਮ ਕੋ ਕੀਯੋ ॥*
*ਅਬ ਲਗਿ ਰਾਜ ਤਹਾਂ ਤੈ ਕਰੈਂ ॥ ਦਿੱਲੀ ਪਤਿ ਕੀ ਕਾਨਿ ਨ ਧਰੈਂ ॥੯੯॥*
*ਕਿਨ ਇਹ ਰਾਜ ਭਵਾਨੀ ਦੀਯੋ ॥ ਤਿਨ ਤੇ ਛੀਨਿ ਨ ਕਿਨਹੂੰ ਲੀਯੋ ॥*
*ਅਬ ਲੌ ਕਰਤ ਤਹਾਂ ਕੈ ਰਾਜਾ ॥ ਰਿੱਧ ਸਿੱਧ ਸਭ ਹੀ ਘਰ ਸਾਜਾ ॥੧੦੦॥*

(ਦੋਇ ਸੌ ਸਤਾਨਵੇਂ ਚਰਿਤ੍ਰ ਪੰਨਾ ੧੨੫੧)

ਨੋਟ :- ਇਸ ਚੌਪਾਈ ਨੂੰ ਸਭ ਤੋਂ ਆਖਰੀ ੪੦੪ ਚਰਿੱਤ੍ਰ ਦੀ ਚੌਪਾਈ ਨਾਲ ਮਿਲਾ ਕੇ ਪੜ੍ਹੋ, ਇਹ ਦੋਨਾਂ ਦੀ ਵਿਚਾਰ ਇਕ ਹੀ ਹੈ ਤੇ ਕਵੀ ਵੀ ਇਕ ਹੀ । ਸਿੱਖ ਧਰਮ ਦੇ ਲੁਟੇਰੇ ਪੁਜਾਰੀਆਂ ਸੰਤਾਂ ਸਾਧਾਂ ਨੇ ਉਸ ਚੌਪਈ ਦੇ ਨਾਲ ਪਾਤਸ਼ਾਹੀ ੧੦ ਲਿਖ ਦਿੱਤਾ ਜਦ ਕਿ ਮੂਲ ਰੂਪ ਵਿੱਚ ਕਿਸੇ ਵੀ ਚੌਪਾਈ ਨਾਲ ਪਾਤਸ਼ਾਹੀ ੧੦ ਹੈ ਹੀ ਨਹੀਂ । ਸਿੱਖ ਧਰਮ ਕਿਸੇ ਦੇਵੀ ਦੇਵਤੇ ਦਾ ਨਾ ਤਾਂ ਪੁਜਾਰੀ ਹੈ ਤੇ ਨਾ ਹੀ ਉਨ੍ਹਾਂ ਤੇ ਕੋਈ ਵਿਸ਼ਵਾਸ । ਫਿਰ ਗੁਰੂ ਗੋਬਿੰਦ ਸਿੰਘ ਜੀ ਭਵਾਨੀ ਦੀ ਉਪਮਾ ਕਿਵੇਂ ਕਰ ਸਕਦੇ ਹਨ ? ਬਾ-ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਝਿਲਮਿਲ ਦੇ (ਦਾਰਾ) ਤੇ ਰੂਪ ਕੇਤ (ਰਾਜਾ) (ਦੋਇ ਸੌ ਅਠਾਨਵੇਂ ਚਰਿਤ੍ਰ ਪੰਨਾ ੧੨੫੨-੫੩)

**ਇਸ਼ਕ ਦੀ ਨਵੀਓਂ ਨਵੀਂ ਬਹਾਰ** : ਇਕ ਸ਼ਾਹ ਦੀ ਔਰਤ ਝਿਲਮਿਲ ਦੇ ਰੂਪ ਕੇਤ ਰਾਜੇ ਦੇ ਪੁੱਤ ਨੂੰ ਦੇਖ ਕੇ ਦੀਵਾਨੀ ਹੋ ਗਈ । ਜਦ ਓਹਦਾ ਕੋਈ ਉਪਾਓ ਨਾ ਚਲਿਆ ਤਾਂ ਉਸ ਨੇ ਮਰਦਾਨਾ ਭੇਖ ਧਾਰ ਕੇ ਜਿੱਥੇ ਰਾਜਕੁਮਾਰ ਰੋਜ਼ ਸ਼ਿਕਾਰ ਖੇਡਦਾ ਉੱਥੇ ਚਲੀ ਗਈ । ਉਸ ਨੇ ਇਕ ਬਕਰੀ ਜਲਾ ਕੇ ਘਰ ਖ਼ਬਰ ਕਰ ਦਿੱਤੀ ਕਿ ਝਿਲਮਿਲ ਦੇ ਮਰ ਗਈ ਹੈ । ਉਹ ਹਰ ਰੋਜ਼ ਰਾਜ ਕੁਮਾਰ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਜਾਂਦੀ । ਇਕ ਦਿਨ ਜੰਗਲ ਚ ਇਕ ਸ਼ੇਰ ਆਇਆ ਤਾਂ ਰਾਜ ਕੁਮਾਰ ਬੜਾ ਡਰਿਆ । ਸ਼ਾਹ ਸੁਤਾ ਕਹਿੰਦੀ ਡਰ ਨਾ ਓਹਨੇ ਨਿਸ਼ਾਨਾ ਤੱਕ ਕੇ ਤੁਪਕ (ਬੰਦੂਕ) ਚਲਾ ਦਿੱਤੀ ਤੇ ਸ਼ੇਰ ਮਰ ਗਿਆ । ਰਾਜ ਕੁਮਾਰ ਕਹਿੰਦਾ ਤੂੰ ਮੂੰਹੋਂ ਮੰਗ ਮੈਂ ਓਹੀ ਦੇਵਾਂਗਾ । ਸ਼ਾਹ ਸੁਤਾ ਕਹਿੰਦੀ ਕਿ ਮੈਂ ਸ਼ਾਹ ਦੀ ਧੀ ਹਾਂ ਤੇਰਾ ਹੁਸਨ ਦੇਖ ਕੇ ਦੀਵਾਨੀ ਹੋ ਗਈ ਤੇ ਮਰਦਾਨਾ ਭੇਖ ਧਾਰ ਕੇ ਤੇਰੇ ਨਾਲ ਸ਼ਿਕਾਰ ਖੇਡਿਆ । ਹੁਣ ਤੂੰ ਮੈਨੂੰ ਅਪਣੀ ਔਰਤ ਬਣਾ ਲੈ । ਰਾਜ ਕੁਮਾਰ ਬੜਾ ਖੁਸ਼ ਹੋਇਆ ਤੇ :-

*ਉਹੀ ਬ੍ਰਿਛ ਤਰ ਤਾਕੌ ਭਜਾ ॥ ਭਾਂਤਿ ਭਾਂਤਿ ਆਸਨ ਕਹ ਸਜਾ ॥*
*ਤਾਂਹਿ ਸਿੰਘ ਕੋ ਚਰਮ ਨਿਕਾਰੀ ॥ ਭੋਗ ਕਰੇ ਤਾ ਪਰ ਨਰ ਨਾਰੀ ॥੧੬॥*

ਰਾਜ ਕੁਮਾਰ ਨੇ ਉਸ ਦਾ ਨਾਂ ਅੱਛਰਾ ਰੱਖਿਆ ਤੇ ਅਪਣੇ ਘਰ ਵਿਆਹ ਲੈ ਗਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਮਿਤ੍ਰ ਨਾਲ ਰੰਗ ਰਲੀਆਂ ਮਨਾਣ ਅਤੇ ਘਰੋਂ ਭੱਜ ਜਾਣ ਦੀ ਪ੍ਰੇਰਣਾ ਦੇਂਦੀ ਹੈ । ਕਈ ਖ਼ਾਸ ਬੜੇ ਬੜੇ ਲੋਕ ਇਸ ਨੂੰ ਗੁਰਬਾਣੀ ਦੱਸਦੇ ਹਨ । ਰੱਬ ਖੇਰ ਕਰੇ ਉਨ੍ਹਾਂ ਨੂੰ ਗੁਰਬਾਣੀ ਦੇ ਸੱਚੀਂ ਮੁੱਚੀਂ ਦੀਦਾਰ ਹੋ ਜਾਣ ।

## ਇਸ਼ਕ ਨੇ ਜਿੱਤੀ ਬਾਜੀ

(ਦੋਇ ਸੌ ਨੰਨਯਾਨਵੇਂ ਚਰਿਤ੍ਰ ਪੰਨਾ ੧੨੫੩-੫੫)

ਪਾਤਰ : ਚੰਦ੍ਰ ਚੂੜ (ਭੁਪਾਲਾ), ਅਮਿਤ ਪ੍ਰਭਾ (ਔਰਤ), ਅਛਲ ਦੇਇ (ਦੁਹਿਤਾ) ਤੇ ਇਕ ਸੁਤ : ਚੰਦ੍ਰ ਚੂੜ ਰਾਜੇ ਦੀ ਸੁੰਦਰ ਰਾਣੀ ਅਮਿਤ ਪ੍ਰਭਾ ਨੇ ਇਕ ਖੂਬਸੂਰਤ ਧੀ ਅਛਲ ਦੇਇ ਤੇ ਪੁੱਤ ਜੰਮਿਆ । ਪੁੱਤ ਨੂੰ ਮਾਂ ਬਾਪ ਨੇ ਵਿਆਕਰਨ ਅਤੇ ਸ਼ਾਸਤ੍ਰਨਿਕ ਦੀ ਸਿੱਖਿਆ ਦਿੱਤੀ । ਇਕ ਦਿਨ ਕੁਅਰ ਸ਼ਿਕਾਰ ਖੇਡਣ ਗਿਆ ਤਾਂ ਸ਼ਾਹ ਦੀ ਧੀ ਨੇ ਦੇਖ ਲਿਆ ਤੇ ਕਾਮੀ ਹੋ ਗਈ । ਉਸ ਨੇ ਦੂਤ ਭੇਜ ਕੇ ਆਖਿਆ ਕਿ ਮੇਰੇ ਘਰ ਆ ਕੇ ਮੇਰੇ ਨਾਲ ਭੋਗ ਕਰੋ :-

*ਚਤੁਰਿ ਦੂਤਿ ਇਕ ਤਹਾਂ ਪਠਾਈ ॥ ਕਹਿਯਹੁ ਐਸ ਕੁਅਰ ਕਹ ਜਾਈ ॥*
*ਏਕ ਦਿਵਸ ਮੋਰੇ ਘਰ ਆਵਹੁ ॥ ਸਾਥ ਹਮਾਰੇ ਭੋਗ ਮਚਾਵਹੁ ॥ ੫ ॥*(ਦੋਇ ਸੌ ਨੰਨਯਾਨਵੇਂ ਚਰਿਤ੍ਰ ਪੰਨਾ ੧੨੫੪)

ਸਖੀ ਨੇ ਮਿਲਿਆ ਸੁਨੇਹਾ ਕੁਅਰ ਤੱਕ ਪਹੁੰਚਾ ਦਿੱਤਾ । ਰਾਜ ਕੁਮਾਰ ਕਹਿੰਦਾ ਕਿ ਹੁਣ ਤੂੰ ਮੇਰਾ ਸੁਨੇਹਾ ਉਸ ਤੱਕ ਪਹੁੰਚਾ ਦੇ ਕਿ ਪਹਿਲਾਂ ਸਮੁੰਦਰੋਂ ਪਾਰ ਤੋਂ ਇਕ ਅਵਧੂਤ ਦੀ ਸੁੰਦਰ ਧੀ ਅਵਧੂਤ ਮਤੀ ਨੂੰ ਮੈਨੂੰ ਮਿਲਾ ਦੇ ਫਿਰ ਮੈਂ ਤੇਰੀ ਸ਼ਰਧਾ ਪੂਰੀ ਕਰਾਂਗਾ। ਸਖੀ ਨੇ ਮੋੜਵਾਂ ਸੁਨੇਹਾ ਕੁੜੀ ਤੱਕ ਪੁੱਜਦਾ ਕਰ ਦਿੱਤਾ। ਉਸ ਨੇ ਸਾਜ ਬਾਜ ਤਿਆਰ ਕਰ ਕੇ ਬਾਪ ਨੂੰ ਕਹਿੰਦੀ ਕਿ ਮੈਂ ਤੀਰਥ ਚਲੀ। ਉਹ ਸਿੱਧੀ ਰਾਮੇਸੂਰ ਗਈ ਤੇ ਉੱਥੋਂ ਜਹਾਜ ਚੜ੍ਹ ਕੇ ਸਿੰਗਲਾਦੀਪ ਪਹੁੰਚੀ । ਉਸ ਨੇ ਮਰਦਾਨਾ ਭੇਖ ਧਾਰ ਕੇ-ਗਹਿਣੇ ਸਜਾ ਕੇ ਅਵਧੂਤ ਮਤੀ ਨੂੰ ਜਾ ਦਰਸ਼ਨ ਦਿੱਤੇ । ਓਹ ਇਸ ਨੂੰ ਦੇਖਦੇ ਹੀ ਕਾਮ ਚ ਡੁੱਬ ਗਈ । ਅਪਣੇ ਘੋੜੇ ਦੀ ਪਿੱਠ ਤੇ ਉਸ ਨੂੰ ਚੁੱਕ ਕੇ ਅਪਣੇ ਮਿਤ੍ਰ ਪਾਸ ਪੁੱਜੀ । ਉਸ ਨੂੰ ਕਹਿੰਦੀ ਕਿ ਜੋ ਤੂੰ ਕਿਹਾ ਓਹੀ ਮੈਂ ਕੀਤਾ ਹੁਣ ਤੂੰ ਮੇਰੇ ਨਾਲ ਵਿਆਹ ਕਰ । ਇਉਂ ਦੋਨੋਂ ਸ਼ਾਦੀ ਕੀਤੀ ।

ਨੋਟ :- ਆਪ ਜੀ ਨੇ ਹੁਣ ਤੱਕ ਜੋ ਦਸਮ ਗ੍ਰੰਥ ਦੀ ਵਿਚਾਰ ਪੜ੍ਹੀ ਤੁਹਾਡਾ ਧੰਨਵਾਦ । ਸ਼ਾਇਦ ਆਪ ਜੀ ਨੇ ਅਹਿਸਾਸ ਕੀਤਾ ਹੀ ਹੋਏਗਾ ਕਿ ਇਹ ਗੰਦ ਮੰਦ ਗੁਰੂ ਗੋਬਿੰਦ ਸਿੰਘ ਜੀ ਨਹੀਂ ਸਨ ਲਿਖ ਸਕਦੇ । ਜ਼ਰਾ ਸੋਚਣ ਵਾਲੀ ਗੱਲ ਹੈ ਕਿ ਇਨ੍ਹਾਂ ਕਥਾ ਕਹਾਣੀਆਂ-ਇਸ਼ਕ ਮਸ਼ੂਕੀ ਦਾ ਸਿੱਖ ਧਰਮ ਨਾਲ ਕੀ ਸਬੰਧ ? ਸਮਾਂ ਬਣੇ ਦਸਮ ਗ੍ਰੰਥ ਦੇ ਪੁਜਾਰੀਆਂ ਅਤੇ ਹਮੈਤੀਆਂ ਤੋਂ ਪੁੱਛਣਾ ਨਾ ਭੁੱਲਣਾ । ਬਾ-ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਸੀਸੀ ਸਾਰ ਕੇਤ (ਰਾਜਾ) ਤੇ ਸੀਸੈ ਸਾਰਦੇਇ (ਰਾਨੀ) (ਤੀਨ ਸੌ ਅਠਾਨਵੇਂ ਚਰਿਤ੍ਰ ਪੰਨਾ ੧੨੫੫-੫੬)

ਸੀਸੀ ਸਾਰਕੇਤ ਰਾਜੇ ਦੀ ਖੂਬਸੂਰਤ ਰਾਣੀ ਸੀਸੈ ਸਾਰਦੇਇ ਮਰ ਗਈ ਤਾਂ ਰਾਜੇ ਨੇ ਬੜਾ ਦੁੱਖ ਮਨਾਇਆ। ਉਹ ਦੂਜੀਆਂ ਔਰਤਾਂ ਵੱਲ ਨਾ ਦੇਖਦਾ ਤੇ ਨਾ ਹੀ ਕਿਸੇ ਹੋਰ ਦੇ ਡੇਰੇ ਜਾਂਦਾ। ਦੂਜੀਆਂ ਰਾਣੀਆਂ ਨੂੰ ਕਾਮ ਸਤਾਉਂਦਾ ਤੇ ਉਹ ਬਹੁਤ ਦੁਖੀ ਹੁੰਦੀਆਂ। ਇਕ ਦਿਨ ਉਹ ਇਕੱਠੀਆਂ ਹੋ ਕੇ ਲੱਗੀਆਂ ਗੱਲਾਂ ਕਰਨ ਕਿ ਪਤਾ ਨੀ ਇਸ ਮੂਰਖ ਦੀ ਮਤ ਕਿਸ ਨੇ ਮਾਰ ਦਿੱਤੀ ਤਾਂ ਕੀ ਹੋਇਆ ਇਕ ਰਾਣੀ ਮਰ ਗਈ ਬਾਕੀ ਤਾਂ ਸਹੀ ਸਲਾਮਤ ਹਨ ਉਨ੍ਹਾਂ ਦੀ ਖ਼ੈਰ ਕਰੇ । ਇਕ ਸਿਆਣੀ ਸਖੀ ਕਹਿੰਦੀ ਮੈਂ ਰਾਜੇ ਨੂੰ ਕਰਦੀ ਆਂ ਸਿੱਧਾ ਫੇਰ ਦੇਖਣਾ ਤੁਹਾਡੇ ਕੋਲ ਕਿਵੇਂ ਆਉਂਦੇ ਹੈ । ਉਸ ਨੇ ਅਪਣੇ ਯਾਰ ਨੂੰ ਕੋਠੀ ਬੰਦ ਕੀਤਾ ਤੇ ਜਦ ਰਾਜੇ ਨੂੰ ਆਉਂਦੇ ਤੱਕਿਆ ਤਾਂ ਉਚੀ ਦੇਣੀ ਕਹਿੰਦੀ ਧ੍ਰਿਗ ਹੈ ਰਾਜੇ ਦਾ ਜੀਣਾ ਜਿਸਨੇ ਬਿਬੇਕ ਅਬਿਬੇਕ ਦੀ ਪਛਾਣ ਨਾ ਕੀਤੀ । ਜਿਹੜੀ ਔਰਤ ਦੂਜਿਆਂ ਨਾਲ ਭੋਗ ਕਰੇ ਤੇ ਗੱਲਾਂ ਨਾਲ ਪਤੀ ਨੂੰ ਤਸੱਲੀ ਦਏ ਓਹ ਦਾ ਕੀ ਅਫਸੋਸ ਕਰਨਾ । ਭਾਵੇਂ ਰਾਜਾ ਕੋਠੀ ਚ ਬੰਦ ਯਾਰ ਨੂੰ ਦੇਖ ਲਏ । ਸੱਚ ਝੂਠ ਦਾ ਨਿਤਾਰਾ ਕਰ ਲਏ । ਰਾਜੇ ਨੇ ਸੁਣ ਕੇ ਕੋਠੀ ਖੋਲ੍ਹੀ-ਵਿਚੋਂ ਨਿਕਲਿਆ ਯਾਰ । ਉਸੇ ਵਕਤ ਉਸ ਨੇ ਰਾਣੀ ਨੂੰ ਦਿਲੋਂ ਭੁਲਾ ਕੇ ਬਾਕੀ ਔਰਤਾਂ ਨਾਲ ਰੰਗ ਰਲੀਆਂ ਮਨਾਣੀਆਂ ਸ਼ੁਰੂ ਕਰ ਦਿੱਤੀਆਂ ।

ਨੋਟ :- ਦਸਮ ਗ੍ਰੰਥ ਦੀਆਂ ਸਮੂਹ ਕਾਵਿ ਰਚਨਾਵਾਂ ਜਾਂ ਤਾਂ ਨੰਗੇਜ ਪ੍ਰਗਟ ਕਰਦੀਆਂ ਹਨ ਜਾਂ ਕਾਮ ਭੋਗ ਲਈ ਮਨੁੱਖੀ ਮਨ ਨੂੰ ਉਤੇਜਿਤ ਕਰਦੀਆਂ ਹਨ । ਗਿਆਨ ਧਿਆਨ ਨਾਂ ਦੀ ਚੀਜ ਇਸ ਵਿੱਚੋਂ ਲੱਭਣੀ ਵਿਅਰਥ ਸਮਾਂ ਗੁਆਉਣਾ ਹੈ । ਜਿਹੜੇ ਇਸ ਦੀ ਹਮਾਇਤ ਤੇ ਪੂਜਾ ਕਰਦੇ ਹਨ ਉਹ ਪੈਸੇ ਖਾਤਿਰ ਅਪਣਾ ਧਰਮ ਤੇ ਜ਼ਮੀਰ ਵੇਚਦੇ ਹਨ । ਸਿੱਖ ਧਰਮ ਦਾ ਇਸ ਗ੍ਰੰਥ ਨਾਲ ਕੋਈ ਸਬੰਧ ਨਹੀਂ ਹੈ । ਖ਼ਬਰਦਾਰ-ਜਗਦੇ ਰਹਿਓ !

ਨਗਰੀ : ਇੱਛਯਾਵਤੀ (ਤੀਨ ਸੌ ਇਕ ਚਰਿਤ੍ਰ ਪੰਨਾ ੧੨੫੬)

## ਰੰਗ ਰਲੀਆਂ ਮਨਾਓ ਤੇ ਯਾਰ ਭਜਾਓ

ਪਾਤਰ : ਇੱਛ ਸੈਨ (ਰਾਜਾ), ਇਸ਼ਟ ਮਤੀ (ਨਾਰੀ) ਤੇ ਅਜੈਸੈਨ (ਖਤਰੇਟਾ)

ਇੱਛਯਾਵਤੀ ਨਗਰ ਦੇ ਰਾਜਾ ਇੱਛ ਸੈਨ ਦੀ ਖੂਬਸੂਰਤ ਰਾਣੀ ਇਸ਼ਟ ਮਤੀ ਅਜੈਸੈਨ ਖ਼ਤ੍ਰੇਟਾ ਦਾ ਰੂਪ ਤੱਕ ਕੇ ਕਾਮ ਦੀ ਖੁਮਾਰੀ ਚ ਝੁਮ ਉੱਠੀ । ਉਸ ਨੂੰ ਪਕੜ ਕੇ ਰਾਣੀ ਪਾਸ ਛੱਡਿਆ ਤੇ ਫਿਰ :-

*ਕਾਮ ਭੋਗ ਤਾਸੌ ਰਾਨੀ ਕਰਿ ॥ ਪੌਢੇ ਦੋਊ ਜਾਇ ਪਲਘਾ ਪਰ ॥*
*ਤਬ ਲਗਿ ਆਇ ਨ੍ਰਿਪਤਿ ਤਹ ਗਏ ॥ ਸੋਵਤ ਦੁਹੂੰ ਬਿਲੋਕਤ ਭਏ ॥ ੪ ॥*(ਤੀਨ ਸੌ ਇਕ ਚਰਿਤ੍ਰ ਪੰਨਾ ੧੨੫੬)

ਉਭੜ ਉਭੜਾ ਕੇ ਔਰਤ ਉਠੀ ਤੇ ਅਪਣਾ ਦੁਪੱਟਾ ਰਾਜੇ ਦੇ ਮੂੰਹ ਤੇ ਸੁੱਟ ਦਿੱਤਾ। ਜਿੰਨੇ ਨੂੰ ਰਾਜੇ ਨੇ ਮੂੰਹ ਤੋਂ ਦੁਪੱਟਾ ਉਤਾਰਿਆ, ਯਾਰ ਭੱਜ ਗਿਆ। ਰਾਜੇ ਨੇ ਰਾਣੀ ਨੂੰ ਪਕੜਿਆ ਤੇ ਪੁੱਛਿਆ ਤੇਰਾ ਯਾਰ ਕਿੱਥੇ ਹੈ? ਰਾਣੀ ਕਹਿੰਦੀ ਖਸਮਾ ਤੂੰ ਭੈਂਗਾ ਹੈਂ ਤੈਨੂੰ ਇਕ ਦੀ ਥਾਂ ਦੋ ਦੋ ਨਜ਼ਰ ਆਉਂਦੇ ਐਂ। ਰਾਜਾ ਅਪਣੀ ਝਾੜ ਝੰਬ ਕਰਵਾ ਕੇ ਚੁੱਪ ਕਰ ਗਿਆ।
ਨੋਟ :- ਧੀਆਂ ਭੈਣਾਂ ਲਈ ਇਕ ਹੋਰ ਸਿੱਖਿਆ ਕਿ ਕਿਵੇਂ ਰੰਗਰਲੀਆਂ ਮਨਾ ਕੇ ਮਿਤ੍ਰ ਭਜਾਈਦਾ ਹੈ । ਵੱਡੇ ਪੁਜਾਰੀਆਂ ਅਤੇ ਸੰਤਾਂ ਸਾਧਾਂ ਦਾ ਧੰਨਵਾਦ ਜਿਨ੍ਹਾਂ ਰਾਹੀਂ ਇਹ ਅਸਰਦਾਇਕ ਸਿੱਖਿਆਂਵਾਂ ਪ੍ਰਾਪਤ ਕੀਤੀਆਂ ਹਨ ।

### ਕਤਲ ਕਰਨਾ ਸਿਖੋ

(ਤੀਨ ਸੌ ਦੋਇ ਚਰਿਤ੍ਰ ਪੰਨਾ ੧੨੫੭)

ਪਾਤਰ : ਸੋਰਠ ਸੈਨ (ਰਾਜਾ), ਸੋਰਠ ਦੇ (ਰਾਨੀ), ਛੱਤ੍ਰਿ ਸੈਨ (ਸ਼ਾਹ), ਛੱਤ੍ਰਿ ਦੇਇ (ਸੁਤਾ) ਤੇ ਅਭਰਸੈਨ (ਕੁਅਰ)

ਸੋਰਠ ਸੈਨ ਰਾਜੇ ਦੀ ਖ਼ੂਬਸੂਰਤ ਰਾਣੀ ਸੋਰਠ ਦੇ ਸਭ ਭਵਨਾਂ ਚ ਓਹਦੀ ਸੁੰਦਰਤਾ ਕਰਕੇ ਜਾਣੀ ਜਾਂਦੀ। ਉੱਥੇ ਇਕ ਛੱਤ੍ਰਿ ਸੈਨ ਸ਼ਾਹ ਰਹਿੰਦਾ ਸੀ ਜਿਸ ਦੀ ਧੀ ਦਾ ਨਾਂ ਸੀ ਛੱਤ੍ਰਿ ਦੇਇ ਜੋ ਅੰਤਾਂ ਦੀ ਸੋਹਣੀ। ਜਦ ਓਹਦਾ ਬਚਪਨ ਬੀਤਿਆ ਤੇ ਜਵਾਨੀ ਚ ਪੈਰ ਰੱਖਿਆ ਤਾਂ ਉਸ ਦੀਆਂ ਛਾਤੀਆਂ ਉੱਭਰ ਆਈਆਂ ਤੇ ਹਰ ਗਦਰਾਇਆ ਅੰਗ ਕਾਮ ਲਈ ਦੁਹਾਈ ਦੇਂਦਾ । ਉਸ ਨੇ ਅਭਰਨ ਸੈਨ ਨਾਂ ਦੇ ਰਾਜਕੁਮਾਰ ਨੂੰ ਤੱਕਿਆ ਤੇ ਦੀਵਾਨੀ ਹੋ ਗਈ :-

*ਤਾਸੌ ਲਗੀ ਲਗਨ ਬਹੁ ਭਾਤਾ ॥ ਕਿਹ ਬਿਧਿ ਬਰਨ ਸੁਨਾਊਂ ਬਾਤਾ ॥*
*ਨਿਤਿਪ੍ਰਤਿ ਤਾਕਹ ਬੋਲਿ ਪਠਾਵੈ ॥ ਕਾਮ ਭੋਗ ਰੁਚਿ ਮਾਨ ਕਮਾਵੈ ॥੫॥*

(ਤੀਨ ਸੌ ਦੋਇ ਚਰਿਤ੍ਰ ਪੰਨਾ ੧੨੫੭)

ਕਹਿੰਦੀ ਮੈਂ ਖਸਮ ਦਾ ਕਤਲ ਕਰ ਕੇ ਰਾਂਡ ਦਾ ਭੇਖ ਧਾਰਨ ਕੀਤਾ ਹੈ ਕਿਉਂਕਿ ਮੈਂ ਅਪਣੇ ਘਰ ਅਪਣੇ ਯਾਰ ਨੂੰ ਸੱਦਿਆ ਸੀ । ਯਾਰ ਗੱਲ ਸੁਣ ਕੇ ਬੜਾ ਡਰਿਆ ਤੇ ਔਰਤ ਨੂੰ ਬੜਾ ਮੰਦਾ ਬੋਲਿਆ ਕਹਿੰਦਾ ਜਿਸ ਔਰਤ ਨੇ ਅਪਣੇ ਹੱਥੀਂ ਅਪਣਾ ਪਤੀ ਕਤਲ ਕੀਤਾ, ਉਹ ਮੇਰੀ ਕਦੋਂ ਭਲਾਈ ਸੋਚੇਗੀ । ਕੁੜੀ ਨੇ ਇਹ ਸੁਣ ਕੇ ਹੱਥ ਚ ਤਲਵਾਰ ਫੜੀ ਦੇ ਦੋਨੇ ਹੱਥਾਂ ਦੇ ਜੋਰ ਨਾਲ ਯਾਰ ਦੇ ਸਿਰ ਚ ਦੇ ਮਾਰੀ । ਜਿਉਂ ਜਿਉਂ ਰਾਜਾ ਹਾਏ ਹਾਏ ਕਰਦਾ ਤਿਉਂ ਤਿਉਂ ਓਹ ਹੋਰ ਕਿਰਪਾਨਾਂ ਦੇ ਵਾਰ ਕਰਦੀ । ਦੋ ਦਿਨ ਹੀ ਹੋਏ ਸਨ ਪਤੀ ਮਾਰਿਆਂ ਤੇ ਹੁਣ ਇਸ ਦਾ ਭੋਗ ਪਾ ਦਿੱਤਾ । ਲੋਕਾਂ ਚ ਡੰਡ ਤੇ ਚੀਕ ਚਿਹਾੜਾ ਪਾ ਦਿੱਤਾ ਕਿ ਖਸਮ ਤੋਂ ਬਿਨਾ ਵੀ ਕੋਈ ਜਿੰਦਗੀ ਐ । ਲੋਕੀਂ ਉਸ ਦੇ ਵੈਣ ਸੁਣ ਕੇ ਕਹਿੰਦੇ :-

*ਮਰਯੋ ਨਿਰਖਿ ਤਿਹ ਸਭਨ ਉਚਾਰਾ ॥ ਭਲਾ ਕਰਾ ਤੈ ਜਾਰ ਸੰਘਾਰਾ ॥*
*ਚਾਦਰ ਕੀ ਲੱਜਾ ਤੈਂ ਰਾਖੀ ॥ ਧੰਨਯ ਧੰਨਯ ਪੁਤ੍ਰੀ ਤੂੰ ਭਾਖੀ ॥੧੧॥* (ਤੀਨ ਸੌ ਦੋਇ ਚਰਿਤ੍ਰ ਪੰਨਾ ੧੨੫੭)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਪਤੀ ਦਾ ਕਤਲ ਕਰ ਕੇ ਗੈਰਾਂ ਨਾਲ ਸੇਜ ਸਾਂਝ ਕਰਨ ਲਈ ਉਕਸਾਉਂਦੀ ਹੈ । ਜੇਕਰ ਸਮਾਜ ਵਿੱਚ ਅਜਿਹੀਆਂ ਸਿੱਖਿਆਵਾਂ ਧਰਮ ਦੇ ਨਾਂ ਥੱਲੇ ਪ੍ਰਚਾਰੀਆਂ ਗਈਆਂ ਤਾਂ ਸਣੇ ਪੁਜਾਰੀਆਂ ਦੇ ਹਰ ਕਿਸੇ ਦੀ ਜਿੰਦਗੀ ਖ਼ਤਰੇ ਚ ਸਮਝੋ । ਬਾ-ਖ਼ਬਰਦਾਰ-ਹੋਸ਼ਿਆਰ-ਜਗਦੇ ਰਹਿਓ !

ਪਾਤਰ : ਅਭਰਨ ਸਿੰਘ (ਰਾਜਾ) ਤੇ ਅਭਰਨ ਦੇਇ (ਨਾਰੀ) (ਤੀਨ ਸੌ ਤੀਨ ਚਰਿਤ੍ਰ ਪੰਨਾ ੧੨੫੭-੫੯)

### ਤੂੰ ਮੇਰਾ ਮੈਂ ਤੇਰੀ ਸੱਜਣਾ ਆਓ ਰਲ ਮਿਲਿ ਪੀਘਾਂ ਪਾਈਏ :

ਅਭਰਨ ਸਿੰਘ ਰਾਜੇ ਦੀ ਰਾਣੀ ਅਭਰਨ ਦੇਇ ਜਣੋ ਸਮੁੰਦਰ ਰਿੜਕ ਕੇ ਕੱਢੀ ਹੋਏ। ਓਹ ਹਰ ਰੋਜ਼ ਅਪਣੇ ਮਿਤ੍ਰ ਨਾਲ ਭੋਗ ਕਰਦੀ। ਇਕ ਦਿਨ ਰਾਜੇ ਨੂੰ ਪਤਾ ਚਲਣ ਤੇ ਉਹ ਆਪ ਦੇਖਣ ਆਇਆ ਤੇ ਇਕ ਯਾਰ ਨੂੰ ਪਕੜ ਕੇ ਕਤਲ ਕਰ ਦਿੱਤਾ। ਪਰ ਰਾਣੀ ਨੂੰ ਔਰਤ ਜਾਣ ਕੇ ਛੱਡ ਦਿੱਤਾ ਤੇ ਰਾਣੀ ਨੂੰ ਦਿਲੋਂ ਹੀ ਭੁਲਾ ਦਿੱਤਾ। ਜਦ ਇਉਂ ਕਈ ਸਾਲ ਬੀਤ ਗਏ ਤਾਂ ਰਾਣੀ ਨੇ ਇਕ ਗੋਂਦ ਗੁੰਦੀ । ਉਸ ਨੇ ਸੰਨਆਸਿਨ ਦਾ ਭੇਖ ਧਾਰਿਆ । ਜਿੱਥੇ ਰਾਜਾ ਸ਼ਿਕਾਰ ਖੇਡਣ ਕਈ ਜੋਜਨ ਦੂਰ ਜੰਗਲ ਚ ਸ਼ਿਕਾਰ ਪਿੱਛੇ ਦੌੜਦਾ ਪਹੁੰਚ ਗਿਆ ਤੇ ਜੋਗਣ ਨੇ ਉਸ ਨੂੰ ਜਾ ਅਪਣੇ ਦਰਸ਼ਨ ਦਿੱਤੇ। ਓਹ ਉਸ ਦਾ ਰੂਪ ਦੇਖਦੇ ਹੀ ਮੋਹਿਤ ਹੋ ਗਿਆ। ਜੋਗਣ ਨੂੰ ਕਹਿੰਦਾ ਤੂੰ ਸੱਚ ਦੱਸ ਕੌਣ ਹੈਂ। ਨਰੀ ਨਾਗਨੀ ਹੈਂ ਜਾਂ ਅਪੱਛਰਾਂ ਜਾਂ ਕਾਮ ਦੀ ਦੇਵੀ। ਕਈ ਪ੍ਰਕਾਰ ਦੀ ਉਨ੍ਹਾਂ ਚਰਚਾ ਕੀਤੀ :-

*ਭਾਂਤਿ ਭਾਂਤਿ ਤਨ ਚਰਚਾ ਕਰੀ ॥ ਬੇਦ ਬਯਾਕਰਨ ਕੋਕ ਉਚਰੀ ॥*
*ਜਯੋਂ ਤਯੋਂ ਚਿਤ ਤਾਕੋ ਹਰਿ ਲੀਨਾ ॥ ਬਿਨਾ ਘਾਇ ਘਾਯਲ ਪਤਿ ਕੀਨਾ ॥੧੦॥*

(ਤੀਨ ਸੌ ਤੀਨ ਚਰਿਤ੍ਰ ਪੰਨਾ ੧੨੫੮)

ਔਰਤ ਦਾ ਰੂਪ ਦੇਖ ਕੇ ਰਾਜਾ ਮਸਤ ਹੋ ਗਿਆ । ਓਹ ਸੋਚੇ ਕਿ ਇਕ ਬਾਰ ਜੇਕਰ ਇਹ ਮਿਲ ਜਾਏ ਤਾਂ ਅਨੇਕ ਜਨਮ ਮੈਂ ਬਲਿਹਾਰੇ ਜਾਵਾਂ । ਉਸ ਨੇ ਹੋਰ ਵੀ ਕਈ ਤਰ੍ਹਾਂ ਦੀਆਂ ਗੱਲਾਂ ਬਾਤਾਂ ਕੀਤੀਆਂ ਕਹਿੰਦਾ :-

*ਹਮ ਤੁਮ ਆਉ ਰਮੈਂ ਮਿਲਿ ਦੋਊ ॥ ਔਰ ਨ ਲਖਤ ਹਮੈਂ ਹਯਾਂ ਕੋਊ ॥*
*ਕਯੋਂ ਤਰੁਨਾਪਨ ਬ੍ਰਿਥਾ ਗਵਾਵਤ ॥ ਰਾਨੀ ਹ੍ਵੈ ਕਿਨ ਸੇਜ ਸੁਹਾਵਤ ॥੧੩॥*
*ਅਸ ਤਨ ਸੁੰਦਰਿ ਧੂਰਿ ਨ ਲਾਵਹੁ ॥ ਜੋਬਨ ਜਾਲ ਨ ਬ੍ਰਿਥਾ ਗਵਾਵਹੁ ॥*
*ਬਿਰਧਾਪਨੋ ਆਇ ਜਬ ਜੈਹੈ ॥ ਇਹ ਜ੍ਵਾਨੀ ਕਹ ਤਬ ਪਛੁਤੈ ਹੈ ॥੧੪॥*
*ਇਹ ਜੋਬਨ ਕੋ ਕਹਾ ਗੁਮਾਨਾ ॥ ਜੋ ਕਾਹੂ ਪਰ ਥਿਰ ਨ ਰਹਾਨਾ ॥*
*ਆਉ ਕਰੈ ਦੋਊ ਭੋਗ ਬਿਲਾਸਾ ॥ ਕਹਾ ਕਰਤ ਯਾਕੋ ਭਰਵਾਸਾ ॥੧੫॥* (ਤੀਨ ਸੌ ਤੀਨ ਚਰਿਤ੍ਰ ਪੰਨਾ ੧੨੫੯)

ਕਹਿੰਦਾ ਧਨ ਜੋਬਨ ਦਾ ਮਾਣ ਨੀ ਕਰਨਾ ਚਾਹੀਦਾ ਤੂੰ ਮੈਨੂੰ ਸੁਖ ਦੇ ਤੇ ਆਪ ਵੀ ਮੌਜਾਂ ਮਾਣ । ਜਵਾਨੀ ਜਾਣ ਤੇ ਬੁਢਾਪੇ ਚ ਬੜਾ ਪਛੁਤਾਉਣਾ ਪੈਂਦਾ ਹੈ । ਔਰਤ ਕਹਿੰਦੀ ਜੇ ਪਹਿਲਾਂ ਤੂੰ ਮੇਰੀ ਗੱਲ ਮੰਨੇ ਤੇ ਮੈਨੂੰ ਵਚਨ ਦੇਵੇਂ ਤਾਂ ਮੈਂ ਤੇਰੀ ਗੱਲ ਮਨ ਸਕਦੀ ਹਾਂ । ਪਹਿਲਾਂ ਔਰਤ ਦੇ ਸਾਰੇ ਦੋਖ ਮੁਆਫ ਕਰ ਤੇ ਫਿਰ ਮੇਰੇ ਨਾਲ ਸੇਜ ਸਾਂਝ ਕਰ। ਰਾਜਾ ਹੋਇਆ ਰਾਜੀ, ਰਾਣੀ ਜਿੱਤੀ ਬਾਜੀ :-

*ਚੌਪਈ ॥ ਏਕ ਦਿਵਸ ਤ੍ਰਿਯ ਕੇ ਗ੍ਰਿਹਿ ਆਵੈ ॥ ਦੁਤਿਯ ਦਿਵਸ ਤਾਕੇ ਘਰ ਜਾਵੈ ॥*
*ਰਾਨੀ ਭੇਸ ਸੰਨਯਾਸਿਨਿ ਧਰੈ ॥ ਕਾਮ ਭੋਗ ਰਾਜਾ ਤਨ ਕਰੈ ॥੧੯॥* (ਤੀਨ ਸੌ ਤੀਨ ਚਰਿਤ੍ਰ ਪੰਨਾ ੧੨੫੯)

ਨੋਟ :- ਪਿੱਛੇ ਵੀ ਅਨੇਕਾਂ ਹੀ ਥਾਈਂ ਅਸੀਂ ਪੜ੍ਹ ਚੁੱਕੇ ਹਾਂ ਅਤੇ ਅੱਗੇ ਵੀ ਪੜ੍ਹਾਂਗੇ ਕਿ ਕਵੀ ਕਿਵੇਂ ਸਿੱਖਾਂ (ਸਿੰਘਾਂ) ਨੂੰ ਮੁੱਖ ਪਾਤਰ ਬਣਾ ਕੇ ਜ਼ਲੀਲ ਕਰਦਾ ਰਿਹਾ ਹੈ ਤੇ ਕਰ ਰਿਹਾ ਹੈ । ਕਵੀ ਦੀ ਇਹ ਭਰਪੂਰ ਕੋਸ਼ਿਸ ਹੈ ਕਿ ਉਹ ਸਿੰਘਾਂ ਨੂੰ ਨਮਰਦ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਵਿਭਚਾਰੀ ਅਤੇ ਅੱਤ ਦਰਜੇ ਦੀਆਂ ਕਾਮੀਆਂ ਪ੍ਰਗਟ ਕਰੇ ਤੇ ਉਹ ਕਰਦਾ ਵੀ ਹੈ। ਸਾਡੇ ਮੂਰਖ ਪੁਜਾਰੀ ਅਤੇ ਸੰਤ ਸਾਧ ਬ੍ਰਹਮਗਿਆਨੀ ਕੱਛਾਂ ਵਜਾਉਂਦੇ ਫਿਰਦੇ ਹਨ ਅਤੇ ਇਸ ਮਹਾਂ ਗੰਦੀ ਤੇ ਨਿਕੰਮੀ ਕਿਤਾਬ ਨੂੰ ਗੁਰਬਾਣੀ ਦਾ ਨਾਂ ਦੇ ਕੇ ਮੱਥੇ ਟੇਕਦੇ ਹਨ । ਅਜਿਹੇ ਗੰਦੇ ਲਿਟਰੇਚਰ ਦਾ ਗੁਰੂ ਘਰ ਪ੍ਰਕਾਸ ਕਰਨਾ ਤੇ ਪੜ੍ਹਨਾ ਅਪਣੀ ਅਕਲ ਦਾ ਜਨਾਜਾ ਕੱਢਣਾ ਹੈ। ਰੱਬ ਖ਼ੈਰ ਕਰੇ ਤੇ ਸਿੱਖ ਧਰਮ ਦਾ ਮਾੜਾ ਸੋਚਣ ਵਾਲਿਆਂ ਨੂੰ ਅਕਲ ਦਾਨ ਦੇਵੇ ।

ਪਾਤਰ : ਬਿਧੀ ਸੈਨ (ਰਾਜਾ), ਬਿੱਧਣਮਤੀ (ਦੁਹਿਤਾ) ਤੇ ਚਤੁਰ ਕੁਅਰ (ਯਾਰ) (ਤੀਨ ਸੌ ਚਾਰ ਚਰਿਤ੍ਰ ਪੰਨਾ ੧੨੫੯-੬੦)

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ :** ਬਿਧੀ ਸੈਨ ਰਾਜੇ ਦੀ ਖ਼ੂਬਸੂਰਤ ਧੀ ਬਿੱਧਣਮਤੀ ਦਾ ਚਤੁਰ ਕੁਅਰ ਨਾਂ ਦੇ ਬੰਦੇ ਨਾਲ ਅੱਖ ਮਟੱਕਾ ਹੋ ਗਿਆ ਤੇ ਸੁਰੂ ਹੋ ਗਿਆ ਜਿਸਮਾਨੀ ਖੇਲ :-

*ਬਿੱਧਯਾ ਦੇਈ ਇਕ ਦਿਨ ਰਸਿਕੈ ॥ ਬੋਲਿ ਲਿਯਾ ਪ੍ਰੀਤਮ ਕਹ ਕਸਿਕੈ ॥*
*ਕਾਮ ਭੋਗ ਤਿਹ ਸਾਥ ਕਮਾਯੋ ॥ ਤਰੁਨੀ ਤਰੁਨ ਅਧਿਕ ਸੁਖ ਪਾਯੋ ॥੪॥*
*ਬਿਧੀ ਸੈਨ ਸੌ ਕਿਨਹਿ ਜਤਾਈ ॥ ਤੋਰਿ ਸੁਤਾ ਗ੍ਰਿਹਿ ਜਾਰ ਬੁਲਾਈ ॥*
*ਕਾਮ ਭੋਗ ਤਿਹ ਸਾਥ ਕਰਤ ਹੈ ॥ ਤੋ ਤੇ ਨ੍ਰਿਪ ਨਹਿ ਨੈਕੁ ਡਰਤ ਹੈ ॥੫॥* (ਤੀਨ ਸੌ ਚਾਰ ਚਰਿਤ੍ਰ ਪੰਨਾ ੧੨੫੯)

ਰਾਜੇ ਨੇ ਉਸ ਨੂੰ ਨਾਲ ਲੈ ਕੇ ਖਾ ਕੇ ਗੁੱਸਾ ਚਲਿਆ ਧੀ ਦੇ ਯਾਰ ਨੂੰ ਖੋਜਣ ਓਧਰ ਬਿੱਧਯਾ ਮਤੀ ਨੂੰ ਚਲਿਆ ਪਤਾ ਕਰ ਕੇ ਦੋ ਮਘੋਰੇ ਛੱਤ ਤੇ ਚਾੜ੍ਹ ਦਿੱਤਾ ਮਿਤ੍ਰ ਨੂੰ ਤੇ ਆਪ ਵੀ ਜਾ ਚੜ੍ਹੀ ਮੋਘੇ ਰਾਹੀਂ । ਰਾਜਾ ਦੂਤ ਸਮੇਤ ਜਦ ਮੋਘੇ ਥੱਲੇ ਪੁੱਜਾ ਤਾਂ ਦੋਨਾਂ ਨੇ ਉਨ੍ਹਾਂ ਦੇ ਸਿਰ ਤੇ ਵਿਸਟਾ (ਟੱਟੀ) ਕਰ ਦਿੱਤੀ। ਓਹ ਘਰ ਸਰੀਰ ਨੂੰ ਧੋਣ ਗਏ ਤਾਂ ਓਨੇ ਚਿਰ ਨੂੰ ਯਾਰ ਭਜਾ ਦਿੱਤਾ । ਸਾਫ ਸੁਥਰਾ ਹੋ ਕੇ ਜਦ ਰਾਜੇ ਨੇ ਆ ਕੇ ਧੀ ਦਾ ਘਰ ਦੇਖਿਆ ਤਾਂ ਕੁੱਝ ਨਾ ਲੱਭਾ। ਰਾਜੇ ਨੂੰ ਚੜ੍ਹਿਆ ਗੁੱਸਾ ਤੇ ਦੱਸਣ ਵਾਲਾ ਹੀ ਮਾਰ ਦਿੱਤਾ ।

ਨੋਟ :- ਇਹ ਨੂੰ ਕਹਿੰਦੇ ਹਨ ਧਾਰਮਿਕ ਸਿੱਖਿਆ । ਬਾਈ ਬੜੇ ਬੜੇ ਬੇਸ਼ਰਮ ਲੋਕ ਇਹਨੂੰ ਗੁਰਬਾਣੀ ਦੱਸਦੇ ਐਂ ਮੱਥੇ ਟੇਕਦੇ ਤੇ ਟਿਕਾਉਂਦੇ ਐਂ-ਅਖੰਡ ਪਾਠ ਤੇ ਸਹਿਜ ਪਾਠ ਕਰਦੇ ਐਂ-ਪਤਾ ਨੀ ਇਸ ਗੰਦ ਮੰਦ ਨੂੰ ਘਰ ਦੀਆਂ ਧੀਆਂ ਭੈਣਾਂ ਕਿਵੇਂ ਸੁਣਦੀਆਂ ਹਨ ? ਇਨ੍ਹਾਂ ਨਾਲੋਂ ਤਾਂ ਮੇਰੇ ਪਿੰਡ ਦੀ ਅਨਪੜ੍ਹ ਲੱਛੋ ਚੰਗੀ ਜੋ ਗੁਰਬਾਣੀ ਤੇ ਗੀਤ ਦੇ ਫ਼ਰਕ ਨੂੰ ਚੰਗੀ ਤਰ੍ਹਾਂ ਪਛਾਣਦੀ ਹੈ ।

ਸ਼ਹਿਰ : ਤ੍ਰਿਪੁਰਾ (ਤੀਨ ਸੌ ਪਾਂਚ ਚਰਿਤ੍ਰ ਪੰਨਾ ੧੨੬੦-੬੧)

## ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਤ੍ਰਿਪੁਰ ਪਾਲ (ਰਾਜਾ), ਤ੍ਰਿਪੁਰ ਮਤੀ (ਨਾਰੀ), ਫੂਲਮਤੀ (ਦੂਜੀ ਔਰਤ) ਤੇ ਦਿਜ

ਤ੍ਰਿਪੁਰਾ ਸ਼ਹਿਰ ਦੇ ਰਾਜਾ ਤ੍ਰਿਪੁਰ ਪਾਲ ਦੀਆਂ ਦੋ ਰਾਣੀਆਂ ਇਕ ਤੋਂ ਵੱਧ ਚੜ੍ਹ ਕੇ ਸੋਹਣੀਆਂ ਸੁਨੱਖੀਆਂ। ਇਕ ਦਾ ਨਾਂ ਤ੍ਰਿਪੁਰ ਮਤੀ ਤੇ ਦੂਜੀ ਦਾ ਨਾਂ ਫੂਲ ਮਤੀ । ਤ੍ਰਿਪੁਰ ਮਤੀ ਦਾ ਇਕ ਦਿਜ (ਬਾਮ੍ਹਣ) ਨਾਲ ਅੱਖ ਮਟੱਕਾ ਹੋ ਗਿਆ ਓਹ ਰਾਤ ਦਿਨ ਉਸ ਨੂੰ ਘਰ ਬੁਲਾਉਂਦੀ ਤੇ ਦਿਲ ਖੋਲ੍ਹ ਕੇ ਭੋਗ ਕਰਦੀ ।

*ਤ੍ਰਿਪੁਰਾ ਮਤੀ ਏਕ ਦਿਜ ਊਪਰ ॥ ਅਟਕੀ ਰਹੈ ਅਧਿਕ ਹੀ ਚਿਤ ਕਰਿ ॥*
*ਰੈਨਿ ਦਿਵਸ ਗ੍ਰਹਿ ਤਾਹਿ ਬੁਲਾਵੈ ॥ ਕਾਮ ਕੇਲ ਰੁਚਿ ਮਾਨ ਮਚਾਵੈ ॥੩॥* (ਤੀਨ ਸੌ ਪਾਂਚ ਚਰਿਤ੍ਰ ਪੰਨਾ ੧੨੬੦)

ਇਕ ਔਰਤ ਨੂੰ ਉਸ ਨੇ ਬੁਲਾ ਕੇ ਸਿਖਾਇਆ ਕਿ ਜਦ ਲੋਕ ਸੌਂ ਜਾਣ ਅਤੇ ਅੱਧੀ ਰਾਤ ਦਾ ਹਨੇਰਾ ਹੋ ਜਾਵੇ ਤਾਂ ਉਚੀ ਉਚੀ ਰੋਣਾ ਸੁਰੂ ਕਰ ਦੇਵੀਂ। ਓਹਨੇ ਉਵੇਂ ਹੀ ਕੀਤਾ ਜਿਵੇਂ ਸਿਖਾਇਆ। ਰਾਜੇ ਨੇ ਰੋਣਾ ਸੁਣ ਕੇ ਰਾਣੀ ਨੂੰ ਨਾਲ ਲਿਆ ਤੇ ਉਸ ਦੇ ਘਰ ਪੁੱਜ ਗਏ ਤੇ ਪੁੱਛਣ ਲੱਗੇ ਕਿ ਸੱਚ ਸੱਚ ਦੱਸ ਤੈਨੂੰ ਕੀ ਤਕਲੀਫ ਹੈ। ਕਹਿੰਦੀ ਮੈਂ, ਤਾਂ ਰੋਂਦੀ ਹਾਂ ਕਿ ਸਵੇਰੇ ਰਾਜੇ ਨੇ ਮਰ ਜਾਣਾ ਹੈ। ਕਿਸ ਤਰੀਕੇ ਨਾਲ ਰਾਜੇ ਦੀ ਜਾਨ ਬਚੇ ਸੋਚਦੀ ਹਾਂ। ਫਿਰ ਕਹਿੰਦੀ ਇਕ ਗੱਲ ਨਾਲ ਰਾਜਾ ਬੱਚ ਸਕਦਾ ਹੈ ਜੇਕਰ ਬਹੁਤਾ ਧਨ ਦੇ ਕੇ ਤ੍ਰਿਪੁਰ ਮਤੀ ਬਾਮ੍ਹਣ ਨੂੰ ਦਾਨ ਕਰ ਦਿਓ ਤੇ ਦੂਜੀ ਫੂਲਮਤੀ, ਚੰਡਾਲ ਨੂੰ ਦੇ ਦਿਓ। ਰਾਜੇ ਉਵੇਂ ਹੀ ਕੀਤਾ ਤ੍ਰਿਪੁਰ ਮਤੀ ਬਾਮ੍ਹਣ ਨੂੰ ਤੇ ਫੂਲਮਤੀ ਚੰਡਾਲ ਨੂੰ ਦੇ ਦਿੱਤੀ।

ਨੋਟ :- ਗੁਰੂ ਨਾਨਕ ਦਾ ਧਰਮ ਕਹਿੰਦਾ ਹੈ ਕਿ ਜੇਕਰ ਸੋਨੇ ਨਾਲ ਲੱਦੀ ਜਨਾਨੀ ਵੀ ਦਾਨ ਕਰ ਦਿੱਤੀ ਜਾਏ ਤਾਂ ਵੀ ਪਾਰ ਉਤਾਰਾ ਨਹੀਂ। ਦਾਨ ਕਰਨ ਵਾਲਿਆਂ ਨੂੰ ਮੂਰਖ ਤੇ ਭਟਕੇ ਲੋਕ ਆਖਿਆ ਹੈ। ਕੇਵਲ ਰੱਬ ਨੂੰ ਹੀ ਸਿੱਖ ਦਾਨੀ ਆਖਦਾ ਹੈ ਬਾਕੀ ਸਮੂਹ ਜੀਵ ਉਸ ਦੇ ਦਰ ਦੇ ਮੰਗਤੇ। ਗੁਰੂ ਗੋਬਿੰਦ ਸਿੰਘ ਜੀ ਅਜਿਹੀ ਕੋਈ ਸਿੱਖਿਆ ਨਹੀਂ ਦੇ ਸਕਦੇ ਜਿਸ ਨਾਲ ਔਰਤ ਬਾਮ੍ਹਣ ਨੂੰ ਦਾਨ ਕਰ ਦੇਣੀ ਪਏ। ਦੂਜੇ ਧਰਮ ਕੀ ਕਰਦੇ ਹਨ ਉਸ ਦਾ ਸਿੱਖ ਧਰਮ ਨਾਲ ਕੋਈ ਜੋੜ ਨਹੀਂ। ਕਿਉਂ ਕਿ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖਿਆ ਹੈ ਇਸ ਲਈ ਜਰੂਰੀ ਹੋ ਗਿਆ ਹੈ ਕਿ ਸਿੱਖ ਫਲਸਫ਼ਾ ਸਪੱਸਟ ਕੀਤਾ ਜਾਏ। ਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਲਿਖਿਆ ਹੈ ਤੇ ਨਾ ਹੀ ਗੁਰੂ ਨਾਨਕ ਤੋਂ ਕੋਈ ਵੱਖਰੀ ਗੱਲ ਕੀਤੀ ਹੈ। ਜਾਗਦੇ ਰਹਿਓ !

ਇਲਾਕਾ : ਬਹੜਾਇਚਿ (ਤੀਨ ਸੌ ਛੇ ਚਰਿਤ੍ਰ ਪੰਨਾ ੧੨੬੧)

## ਇਸ਼ਕ ਦੀ ਪੀਂਘ ਲੰਮ ਸਲੰਮੀ

ਪਾਤਰ : ਧੁੰਧਪਾਲ (ਨ੍ਰਿਪ), ਦੁੰਦਬ ਦੇ (ਰਾਨੀ) ਤੇ ਸੁਲੱਛਨ ਰਾਇ (ਛੱਤ੍ਰੀ) : ਬਹੜਾਇਚਿ ਦੇਸ ਦੇ ਰਾਜਾ ਧੁੰਧਪਾਲ ਦੀ ਖੂਬਸੂਰਤ ਰਾਣੀ ਦੁਦੰਬ ਦੇ ਇਕ ਸੁੰਦਰ ਤੇ ਨੌਜੁਆਨ ਛੱਤ੍ਰੀ ਸੁਲੱਛਨ ਰਾਇ ਨਾਲ ਅੱਖ ਮਟੱਕਾ ਕਰ ਬੈਠੀ :-

*ਤਾਸੌ ਬਧੀ ਕੁਅਰਿ ਕੀ ਪ੍ਰੀਤਾ ॥ ਜੈਸੀ ਭਾਂਤਿ ਰਾਮ ਸੋ ਸੀਤਾ ॥*
*ਰੈਨਿ ਦਿਵਸ ਤਿਹ ਬੋਲਿ ਪਠਾਵੈ ॥ ਸ਼ੰਕ ਤਯਾਗ ਤ੍ਰਿਯ ਭੋਗ ਮਚਾਵੈ ॥੩॥*(ਤੀਨ ਸੌ ਛੇ ਚਰਿਤ੍ਰ ਪੰਨਾ ੧੨੬੧)

ਇਕ ਦਿਨ ਭੇਤੀ ਨੇ ਰਾਜੇ ਨੂੰ ਦੱਸ ਦਿੱਤਾ ਜਿੱਥੇ ਓਹਦੀ ਰਾਣੀ ਅਪਣੇ ਯਾਰ ਨਾਲ ਰੰਗਰਲੀਆਂ ਮਨਾਉਂਦੀ ਸੀ। ਜਦ ਰਾਣੀ ਨੂੰ ਰਾਜੇ ਦੇ ਆਉਣ ਦੀ ਭਿਣਕ ਪਈ ਤਾਂ ਓਹਨੂੰ ਪੁੱਠਾ ਕਰ ਕੇ ਸੇਜ ਬਣਾ ਕੇ ਊਪਰ ਬੈਠ ਗਈ। ਉਸ ਨੇ ਰਾਜੇ ਨੂੰ ਸੇਜ ਤੇ ਬਿਠਾ ਕੇ ਸੇਜ ਸਾਂਝ ਕੀਤੀ। ਓਹ ਅਨੇਕਾਂ ਤਰ੍ਹਾਂ ਔਰਤ ਨੂੰ ਭੋਗ ਕੇ ਬੜਾ ਖੁਸ਼ ਹੋਇਆ।

*ਰਤਿ ਮਾਨੀ ਨ੍ਰਿਪ ਸਾਥ ਬਨਾਈ ॥ ਮੂਰਖ ਕੰਤ ਬਾਤ ਨਹਿ ਪਾਈ ॥*
*ਰੀਝਿ ਰਹਾ ਅਬਲਾ ਕਹ ਭਜਿਕੈ ॥ ਭਾਂਤਿ ਭਾਂਤਿ ਕੇ ਆਸਨ ਸਜਿਕੈ ॥੬॥*
*ਭੋਗ ਕਮਾਤ ਅਧਿਕ ਥਕਿ ਗਯੋ ॥ ਸੋਵਤ ਸੇਜ ਤਿਸੀ ਪਰ ਭਯੋ ॥*
*ਜੌ ਨ੍ਰਿਚੇਸ਼ਟ ਤ੍ਰਿਯ ਪਿਯ ਲਖਿ ਪਾਯੋ ॥ ਜਾਰਿ ਕਾਢਿ ਕਰਿ ਧਾਮ ਪਠਾਯੋ ॥੭॥*(ਤੀਨ ਸੌ ਛੇ ਚਰਿਤ੍ਰ ਪੰਨਾ ੧੨੬੧)

ਰਾਜੇ ਨੇ ਯਾਰ ਲੱਭਣ ਦੀ ਕੋਸ਼ਿਸ ਕੀਤੀ-ਸਾਰਾ ਘਰ ਫਰੋਲਿਆ ਪਰ ਬਿਅਰਥ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਔਰਤ ਨੂੰ ਪਰਾਏ ਮਰਦਾਂ ਨਾਲ ਰੰਗਰਲੀਆਂ ਮਨਾਣ ਲਈ ਉਤਸ਼ਾਹਤ ਕਰਦੀ ਹੈ। ਮਰਦ ਨੂੰ ਹਰ ਔਰਤ ਸ਼ੱਕ ਦੇ ਘੇਰੇ ਚ ਲਿਆ ਕੇ ਹਮੇਸਾਂ ਦਿਮਾਗੀ ਤਨਾਓ ਚ ਜਿਊਣ ਲਈ ਮਜਬੂਰ ਕਰਦੀ ਹੈ। ਪਤਾ ਨਹੀਂ ਪੁਜਾਰੀਆਂ ਦੇ ਕੋਈ ਧੀ ਭੈਣ ਹੈ ਜਾਂ ਨਹੀਂ ਪਰ ਜਿਨ੍ਹਾਂ ਦੇ ਧੀਆਂ ਭੈਣਾਂ ਹਨ ਉਨ੍ਹਾਂ ਲਈ ਦਸਮ ਗ੍ਰੰਥ ਦੀ ਹੋਂਦ ਖ਼ਤਰੇ ਦੀ ਘੰਟੀ ਹੈ।

## ਗੁੜ ਨਾਲੋਂ ਇਸ਼ਕ ਮਿੱਠਾ

(ਤੀਨ ਸੌ ਸਾਤ ਚਰਿਤ੍ਰ ਪੰਨਾ ੧੨੬੧-੬੨)

ਪਾਤਰ : ਭੇਰੋਪਾਲ (ਰਾਜਾ), ਚਪਲਾਵਤੀ (ਤ੍ਰਿਯ), ਅੱਦ੍ਰਪਾਲ (ਨ੍ਰਿਪਤਿ) ਤੇ ਸੁਘਨਾਵਤੀ (ਸੁਤਾ) : ਭੇਰੋਪਾਲ ਰਾਜੇ ਦੀ ਰਾਣੀ ਚਪਲਾਵਤੀ ਬੜੀ ਹੀ ਖੂਬਸੂਰਤ। ਉਸ ਦੇ ਗਵਾਂਢੀ ਰਾਜੇ ਅੱਦ੍ਰਪਾਲ ਦੀ ਧੀ ਸੁਘਨਾਵਤੀ ਮਾਨੋ ਸੂਰਜ ਦੀ ਕਿਰਣ। ਰਾਜਾ ਭੈਰੋਪਾਲ ਇਕ ਦਿਨ ਸਾਥੀਆਂ ਸੰਗ ਸ਼ਿਕਾਰ ਖੇਡਦਾ ਖੇਡਦਾ ਪੜੌਸੀ ਰਾਜ ਦੇ ਜੰਗਲ ਚ ਜਾ ਪੁੱਜਾ, ਜਿੱਥੇ ਉਸ ਨੂੰ ਰਾਜਾ ਅੱਦ੍ਰਪਾਲ ਦੀ ਧੀ ਸੁਘਨਾਵਤੀ ਨੇ ਦੇਖ ਕੇ ਅਪਣੇ ਪਾਸ ਬੁਲਾਇਆ। ਉਸ ਨੇ ਕਿਲੇ ਤੋਂ ਚਾਦਰ ਲਟਕਾ ਕੇ ਅਪਣੇ ਸਦਨ ਦਾਖਲ ਕੀਤਾ ਤੇ :-

*ਧੌਲਰ ਤਰ ਕਮੰਦ ਲਰਕਾਈ ॥ ਲਯੋ ਤਿਸੌ ਤਿਹ ਪੈਂਡ ਚੜ੍ਹਾਈ ॥*
*ਕਾਮ ਭੋਗ ਅਤਿ ਰੁਚ ਕਰਿ ਮਾਨਾ ॥ ਭੇਦ ਦੂਸਰੇ ਮਨੁੱਖ ਨ ਜਾਨਾ ॥੭॥*

(ਤੀਨ ਸੌ ਸਾਤ ਚਰਿਤ੍ਰ ਪੰਨਾ ੧੨੬੨)

ਰਾਜੇ ਨੇ ਰਾਣੀ ਨੂੰ ਕਿਹਾ ਕਿ ਆ ਅੱਪਾਂ ਅਪਣੀ ਧੀ ਦੇ ਘਰ ਚੱਲੀਏ ਉਹ ਬੜੀ ਖੁਸ਼ੀ ਹੋਏਗੀ। ਉਹ ਦੋਨੋ ਧੀ ਦੇ ਘਰ ਦੇ ਦਰਵਾਜੇ ਤੇ ਪਹੁੰਚੇ। ਸੁਘਨਾਵਤੀ ਉਨ੍ਹਾਂ ਨੂੰ ਦੇਖ ਕੇ ਬੜੀ ਦੁਖੀ ਹੋਈ। ਰਾਜੇ ਨੇ ਸਭ ਫਕੀਰਾਂ ਨੂੰ ਸੱਦਿਆ ਤੇ ਇੱਕ ਇੱਕ ਮੋਹਰ ਉਨ੍ਹਾਂ ਨੂੰ ਦੇ ਦਿੱਤੀ ਉਨ੍ਹਾਂ ਚ ਹੀ ਰਾਜੇ (ਮਿਤ੍ਰ) ਨੂੰ ਫਕੀਰ ਦੇ ਭੇਸ ਚ ਘਰੋਂ ਕੱਢ ਦਿੱਤਾ।

*ਮਨ ਮਾਨਤ ਕੋ ਭੋਗ ਕਰਿ ਪਿਤ ਅਰੁ ਮਾਤ ਦਿਖਾਇ ॥*
*ਇਹ ਛਲ ਸੌ ਕਾਢਾ ਤਿਸੈ ਤਿਸੈ ਨ ਗਹਯੋ ਬਨਾਇ ॥੧੩॥* (ਤੀਨ ਸੌ ਸਾਤ ਚਰਿਤ੍ਰ ਪੰਨਾ ੧੨੬੨)

ਨੋਟ :- ਦਸਮ ਗ੍ਰੰਥ ਦੀ ਹਰ ਕਾਵਿ ਰਚਨਾ ਔਰਤ ਨੂੰ ਅਤਿ ਦਰਜੇ ਦੀ ਕਾਮੀ ਪ੍ਰਗਟ ਕਰਦੀ ਹੈ। ਇਹ ਪ੍ਰਭਾਵ ਦੇਂਦੀ ਹੈ ਕਿ ਔਰਤ ਦਾ ਕਾਮ ਜਾਗਦੇ ਹੀ ਬੇਕਾਬੂ ਹੋ ਕੇ ਪਰਾਏ ਮਰਦਾਂ ਨਾਲ ਸੇਜ ਸਾਂਝ ਕਰ ਕੇ ਅਪਣੇ ਤਨ ਨੂੰ ਠਾਰਨ ਦੀ ਕੋਸ਼ਿਸ ਕਰਦੀ ਹੈ। ਸਿੱਖ ਧਰਮ ਦੇ ਵੱਡੇ ਪੁਜਾਰੀ ਇਨ੍ਹਾਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਇਲਾਹੀ ਬਾਣੀ ਆਖ ਆਖ ਪੂਜਾ ਤੇ ਡੰਡਾਉਤਾਂ ਕਰਦੇ ਹਨ। ਕੀ ਗੁਰੂ ਜੀ ਅਜਿਹੀ ਘਟੀਆ ਕਾਵਿ ਰਚਨਾ ਰਚ ਸਕਦੇ ਹਨ ? ਵੇਹਲ ਮਿਲੇ ਤਾਂ ਜਰੂਰ ਸੋਚਣਾ ਤੇ ਹਿਰਦੇ ਤੋਂ ਉੱਠੇ ਸੱਚ ਨੂੰ ਕੋਠੇ ਚੜ੍ਹ ਕੇ ਪੁਕਾਰ ਦੇਣਾ। ਗੁਰੂ ਤੇ ਰੱਬ ਤੁਹਾਡਾ ਭਲਾ ਕਰੇ ਤੁਸੀਂ ਸੱਚ ਬੋਲਣ ਵਾਲੇ ਬਣ ਜਾਓ।

## ਸ਼ਹਿਰ : ਕੋਚ ਬਿਹਾਰ

(ਤੀਨ ਸੌ ਆਠ ਚਰਿਤ੍ਰ ਪੰਨਾ ੧੨੬੨-੬੩)

### ਇਸ਼ਕ ਦੇ ਰੰਗ ਨਿਆਰੇ

ਪਾਤਰ :ਬ੍ਰਿੱਧ ਕੇਤ (ਭੂਪ), ਸ੍ਰੀ ਫੁਟ ਬੇਸਰਿ ਦੇ (ਦਾਰਾ) ਤੇ ਹਾਜੀ ਰਾਇ (ਖਤਿਰੇਟਾ) : ਕੋਚ ਬਿਹਾਰ ਸ਼ਹਿਰ ਜਿਸ ਨੂੰ ਲੋਕੀਂ ਅਮਰਾਵਤੀ ਵੀ ਕਹਿੰਦੇ ਹਨ ਦੇ ਰਾਜਾ ਬ੍ਰਿੱਧ ਕੇਤ ਦੀ ਖੂਬਸੂਰਤ ਰਾਣੀ ਸ੍ਰੀ ਫੁਟ ਬੇਸਰਿ ਦੇ ਨੇ ਹਾਜੀ ਰਾਇ ਖਤਿਰੇਟਾ ਦਾ ਸੁੰਦਰ ਸਰੂਪ ਦੇਖ ਕੇ ਚਿੱਤ ਚ ਸੋਚਿਆ ਬਈ ਮੈਂ ਇਸ ਨਾਲ ਕਾਮ ਭੋਗ ਕਰ ਕੇ ਅਨੰਦ ਭੋਗਾਂ। ਉਸ ਨੇ ਅਪਣੀ ਸਹੇਲੀ ਭੇਜ ਕੇ ਧੋਖੇ ਨਾਲ ਉਸ ਨੂੰ ਅਪਣੇ ਪਾਸ ਸੱਦਿਆ। ਜਦ ਰਾਣੀ ਨੇ ਕਾਮ ਭੋਗ ਕਰਨਾ ਚਾਹਿਆ ਤਾਂ ਨੌਜੁਆਨ ਨੇ ਕਾਮ ਭੋਗ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬੜੇ ਹਾਵ ਭਾਵ ਕੀਤੇ-ਬੜੀਆਂ ਕੋਸ਼ਿਸਾਂ ਕੀਤੀਆਂ ਜਦ ਕੋਈ ਤੀਰ ਨਾ ਚੱਲਿਆ ਤਾਂ ਹਾਇ ਹਾਇ ਕਰ ਕੇ ਧਰਤੀ ਤੇ ਡਿੱਗ ਕੇ ਕਹਿੰਦੀ ਕਿ ਮੇਰਾ ਕਾਲਜ਼ਾ ਡੈਣ ਨੇ ਕੱਢ ਲਿਆ ਹੈ। ਰੋਲਾ ਸੁਣ ਕੇ ਲੋਕ ਇਕੱਠੇ ਹੋਏ-ਰਾਜਾ ਵੀ ਪੁੱਜਾ। ਉਹ ਕਹਿੰਦਾ ਕੋਈ ਹੀਲਾ ਕਰ ਕੇ ਰਾਣੀ ਨੂੰ ਬਚਾਓ। ਲੋਕਾਂ ਨੂੰ ਪਾਸੇ ਕਰਕੇ ਮਿਤ੍ਰ ਨੇ ਰਾਣੀ ਦੇ ਚੁੰਬਨ ਲਏ ਰਾਜਾ ਸੋਚਦਾ ਰਿਹਾ ਕਿ ਰਾਣੀ ਦਾ ਕਲੇਜਾ ਪਾ ਰਿਹਾ ਹੈ :-

*ਤਬ ਤਿਨ ਦੂਰਿ ਠਾਢ ਨ੍ਰਿਪ ਕੀਏ ॥ ਰਾਨੀ ਕੇ ਚੁੰਬਨ ਤਿਨ ਲੀਏ ॥*
*ਰਾਜਾ ਲਖੈ ਕਰੇਜੋ ਡਾਰੈ ॥ ਭੇਦ ਅਭੇਦ ਨਹਿ ਮੂੜ੍ਹ ਬਿਚਾਰੇ ॥੧੦॥* (ਤੀਨ ਸੌ ਆਠ ਚਰਿਤ੍ਰ ਪੰਨਾ ੧੨੬੩)

ਸਭ ਲੋਕਾਂ ਨੂੰ ਉੱਥੋਂ ਹਟਾ ਕੇ ਸੁਰੂ ਹੋਇਆ ਪ੍ਰੇਮ ਖੇਲ :-

*ਸਭ ਤਬ ਹੀ ਲੋਗਾਨ ਹਟਾਯੋ ॥ ਅਧਿਕ ਨਾਰਿ ਸੌ ਭੋਗ ਮਚਾਯੋ ॥*
*ਰਾਖੈ ਜੋ ਮੁਰਿਕਹਿ ਪ੍ਰਿਯ ਪ੍ਰਾਨਾ ॥ ਤੁਮ ਸੌ ਰਮੌ ਸਦਾ ਬਿਧਿ ਨਾਨਾ ॥੧੧॥*
*ਅਧਿਕ ਭੋਗ ਤਾਸੌ ਤ੍ਰਿਯ ਕਰਿਕੈ ॥ ਧਾਇ ਭੇਸ ਦੈ ਦਯੋ ਨਿਕਰਕੈ ॥*
*ਭਾਖਤ ਜਾਇ ਪਤਿਹਿ ਅਸ ਭਈ ॥ ਦੇਇ ਕਰਿਜਵਾ ਡਾਇਨਿ ਗਈ ॥੧੨॥*

(ਤੀਨ ਸੌ ਆਠ ਚਰਿਤ੍ਰ ਪੰਨਾ ੧੨੬੩)

ਕਹਿੰਦੀ ਹੁਣ ਮੈਂ ਠੀਕ ਹਾਂ ਡਾਇਣ ਮੇਰਾ ਕਲੇਜਾ ਦੇ ਕੇ ਅੰਤਰ ਧਿਆਨ ਹੋ ਗਈ।

ਨੋਟ :- ਧੀਆਂ ਭੈਣਾਂ ਲਈ ਇਕ ਹੋਰ ਅਸਰਦਾਇਕ ਸਿੱਖਿਆ ਕਿ ਕਿਵੇਂ ਰੰਗਰਲੀਆਂ ਮਨਾਈ ਦੀਆਂ ਹਨ। ਪਤਾ ਨਹੀਂ ਸਿੱਖ ਧਰਮ ਦੇ ਪੁਜਾਰੀ ਗੁਰ ਸਿੱਖਾਂ ਨੂੰ ਕਿਸ ਦਿਸ਼ਾ ਚ ਲਿਜਾਣਾ ਚਾਹੁੰਦੇ ਹਨ ? ਜਾਂ ਉਹ ਕਿਉਂ ਸਿੱਖ ਧਰਮ ਦਾ ਬੇੜਾ ਗਰਕ ਕਰਨ ਤੇ ਤੁਲੇ ਹੋਏ ਹਨ ? ਹੁਣ ਸਮਾਂ ਆ ਗਿਆ ਹੈ ਕਿ ਜਿਹੜਾ ਦਸਮ ਗ੍ਰੰਥ ਦੀ ਹਮਾਇਤ ਕਰੇ ਉਸ ਤੋਂ ਇਨ੍ਹਾਂ ਲਿਖੀਆਂ ਗਈਆਂ ਕਾਵਿ ਰਚਨਾਵਾਂ ਬਾਰੇ ਸਪੱਸਟੀ ਕਰਣ ਮੰਗਿਆ ਜਾਏ।

## ਦੇਸ : ਕਰਨਾਟਕ

(ਤੀਨ ਸੌ ਨੌਂ ਚਰਿਤ੍ਰ ਪੰਨਾ ੧੨੬੪)

### ਮਿੱਤ੍ਰ ਨੂੰ ਧਰਮ ਭਰਾ ਬਣਾ ਕੇ ਸੰਭੋਗ ਕਰੋ

ਪਾਤਰ : ਸ੍ਰੀ ਕਰਨਾਟਕ ਸੈਨ (ਨ੍ਰਿਪਤਿ), ਕਰਨਾਟਕ ਦੇਈ (ਨਾਰੀ) ਸ਼ਾਹ, ਅਪੂਰਬ ਦੇ (ਸੁਤਾ) ਤੇ ਬੀਰਜ ਕੇਤ

ਕਰਨਾਟਕ ਦੇਸ ਦੇ ਰਾਜਾ ਕਰਨਾਟਕ ਸੈਨ ਦੀ ਔਰਤ ਕਰਨਾਟਕ ਦੇਈ ਨਿਰੀ ਸੂਰਜ ਦਾ ਟੁਕੜਾ, ਉੱਥੇ ਇਕ ਸ਼ਾਹ ਰਹਿੰਦਾ ਜਿਸ ਦੀ ਧੀ ਦਾ ਨਾਂ ਸੀ, ਅਪੂਰਬ ਦੇ ਉਹ ਇਕ ਸ਼ਾਹ ਦੇ ਪੁੱਤ ਬੀਰਜ ਕੇਤ ਨਾਲ ਵਿਆਹੀ ਗਈ। ਜਦ ਉਹ ਵਿਆਹ ਕੇ ਅਪਣੇ ਘਰ ਲੈ ਗਿਆ ਤਾਂ ਔਰਤ ਨੇ ਇਕ ਹੋਰ ਖੂਬਸੂਰਤ ਮਰਦ ਦੇਖਿਆ ਜੋ ਉਸ ਦੇ ਖਸਮ ਤੋਂ ਸੁੰਦਰ ਸੀ। ਔਰਤ ਦੀ ਓਹਦੇ ਨਾਲ ਅੱਖ ਲੜ ਗਈ ਤੇ ਫਿਰ :-

*ਨਿਰਖਤ ਤਾਂਹਿ ਲਗਨ ਤਿਹ ਲਾਗੀ ॥ ਨੀਂਦ ਭੁਖਿ ਤਬ ਹੀ ਤੇ ਭਾਗੀ ॥*
*ਪਠੈ ਸਹਚਰੀ ਤਾਹਿ ਬੁਲਾਵੈ ॥ ਕਾਮ ਭੋਗ ਰੁਚਿ ਮਾਨ ਕਮਾਵੈ ॥੫॥* (ਤੀਨ ਸੌ ਨੌਂ ਚਰਿਤ੍ਰ ਪੰਨਾ ੧੨੬੪)

ਉਸ ਨੌਜੁਆਨ ਨਾਲ ਹੀਰ ਰਾਂਝੇ ਜਿਹਾ ਪਿਆਰ ਹੋ ਗਿਆ। ਉਸ ਨੇ ਖਸਮ ਭੁਲਾ ਦਿੱਤਾ। ਉਹ ਮਿਤ੍ਰ ਨੂੰ ਧਰਮ ਭਰਾ ਕਰ ਕੇ ਬੁਲਾਉਂਦੀ। ਇਕ ਦਿਨ ਉਸ ਨੇ ਅਪਣੇ ਖਸਮ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਉਸ ਨੇ ਬੜੇ ਰੋਣੇ-ਰੋਏ, ਕੀਰਨੇ ਪਾਏ ਤੇ ਆਖਰ ਧਨ ਇਕੱਠਾ ਕਰ ਕੇ ਮਿਤ੍ਰ ਰੂਪੀ ਭਰਾ ਦੇ ਘਰ ਜਾ ਵਸੀ :-

*ਤਾ ਤੇ ਲੈ ਸਭ ਹੀ ਧਨ ਧਾਮਾ ॥ ਅਪੁਨੇ ਗਈ ਭਾਇ ਕੇ ਬਾਮਾ ॥*
*ਭੇਦ ਅਭੇਦ ਨ ਸਕਤ ਬਿਚਰਿਕੈ ॥ ਗਈ ਜਾਰ ਕੇ ਨਾਥ ਸੰਘਰਿਕੈ ॥੧੨॥*

(ਤੀਨ ਸੌ ਨੌਂ ਚਰਿਤ੍ਰ ਪੰਨਾ ੧੨੬੪)

ਨੋਟ :- ਸਿੱਖ ਧਰਮ ਦੇ ਪੁਜਾਰੀਆਂ-ਸੰਤਾਂ ਸਾਧਾਂ ਬ੍ਰਹਮ ਗਿਆਨੀਆਂ-ਧਰਮ ਦੇ ਠੇਕੇਦਾਰਾਂ ਸੋਧਕ ਕਮੇਟੀ ਅਤੇ ਸੰਪਾਦਿਕ ਸਾਹਿਬ ਨੇ ਧੀਆਂ ਭੈਣਾਂ ਨੂੰ ਇਹ ਸਿੱਖਿਆ ਦਿੱਤੀ ਹੈ ਇਸ ਕਾਵਿ ਰਚਨਾ ਰਾਹੀਂ ਕਿ ਕਿਵੇਂ ਯਾਰ ਨੂੰ ਧਰਮ ਭਰਾ ਬਣਾ ਕੇ ਉਸ ਨਾਲ ਰੰਗਰਲੀਆਂ ਮਨਾਈ ਦੀਆਂ ਹਨ। ਜੇਕਰ ਸਿੱਖ ਸਮਾਜ ਦੀਆਂ ਬੱਚੀਆਂ ਨੇ ਇਸ ਸਿੱਖਿਆ ਤੇ ਤੁਰਨਾ ਸੁਰੂ ਕਰ ਦਿੱਤਾ ਤਾਂ ਉਸ ਲਈ ਜੁੰਮੇਵਾਰ ਕੌਣ ਹੋਏਗਾ ? ਧਰਮ ਦਾ ਬੁਰਕਾ ਪਾ ਕੇ ਕਿਸੇ ਨੂੰ ਵੀ ਸਿੱਖ ਸਮਾਜ ਨੂੰ ਗੰਦਾ ਕਰਨ ਦੀ ਇਜਾਜਿਤ ਨਹੀਂ ਦਿੱਤੀ ਜਾ ਸਕਦੀ ਭਾਵੇਂ ਓਹ ਕਿੱਡੇ ਹੀ ਰੁਤਬੇ ਤੇ ਕਿਉਂ ਨਾ ਹੋਏ। ਇਹ ਹਰ ਇਕ ਗੁਰਸਿੱਖ ਅਤੇ ਬੱਚੀ ਦਾ ਫਰਜ਼ ਹੈ ਕਿ ਜੇਕਰ ਧਰਮੀ ਲੋਕ ਇਸ ਗੰਦੇ ਗ੍ਰੰਥ ਦਾ ਭੋਗ ਨਹੀਂ ਪਾਉਂਦੇ ਤਾਂ ਅਪਣੇ ਹੱਥਾਂ ਨਾਲ ਆਪ ਹੀ ਕਾਰਜ ਸਿਰੇ ਚਾੜ੍ਹ ਦੇਣ। ਇਹ ਗ੍ਰੰਥ ਸਿੱਖ ਧਰਮ ਅਤੇ ਹਰ ਸਿੱਖ ਦੇ ਮੱਥੇ ਤੇ ਕਲੰਕ ਹੈ। ਬਾ ਹੋਸ਼ਿਆਰ-ਖ਼ਬਰਦਾਰ-ਜਾਗਦੇ ਰਹਿਓ !

## ਦੇਸ : ਗਾਰਵ (ਤੀਨ ਸੌ ਦਸ ਚਰਿਤ੍ਰ ਪੰਨਾ ੧੨੬੪-੬੫)

ਪਾਤਰ : ਗੌਰ ਸੈਨ (ਰਾਜਾ) ਤੇ ਸ੍ਰੀ ਰਸ ਤਿਲਕ ਦੇਇ (ਦਾਰਾ)

**ਪਤੀ ਦਾ ਕਤਲ ਕਰੋ ਤੇ ਮੌਜਾਂ ਲੁੱਟੋ :** ਫਿਰ ਮੰਤ੍ਰੀ ਕਹਿੰਦਾ ਹੇ ਰਾਜਾ ਸੁਣ ਕਿ ਗੌਰਵ ਦੇਸ ਦੇ ਰਾਜਾ ਗੌਰ ਸੈਨ ਦੀ ਰਾਣੀ ਸ੍ਰੀ ਰਸ ਤਿਲਕ ਦੇਇ ਜਣੋਂ ਚੰਦ ਦਾ ਟੁਕੜਾ। ਉਥੇ ਉਹ ਇਕ ਸੁੰਦਰ ਸ਼ਾਹ ਦੇ ਪੁੱਤ ਨੂੰ ਦੇਖ ਕੇ ਦੀਵਾਨੀ ਹੋ ਗਈ।

ਨੋਟ :- ਆਪ ਜੀ ਨੂੰ ਯਾਦ ਹੋਏਗਾ ਕਿ ਤ੍ਰਿਯਾ ਚਰਿਤ੍ਰ ਦੀ ਸੁਰੂਆਤ ਚਿਤ੍ਰ ਸਿੰਘ ਰਾਜੇ ਅਤੇ ਮੰਤ੍ਰੀ ਦੇ ਔਰਤਾਂ ਬਾਰੇ ਵਾਰਤਾਲਾਪ ਤੋਂ ਸੁਰੂ ਹੁੰਦੀ ਹੈ। ਇਨ੍ਹਾਂ ਪ੍ਰਸੰਗਾਂ ਦਾ ਮੁਖ ਲੇਖਕ ਕਬਿ ਰਾਮ ਹੈ। ਜਿੰਨੇ ਵੀ ਚਰਿਤ੍ਰ ਜਿਨ੍ਹਾਂ ਨਾਲ ਪੁੰਨ ਮੰਤ੍ਰੀ ਇਹ ਕਥਾ ਵਿਚਾਰੀ ਬਗੈਰਾ ਲਿਖਿਆ ਹੈ ਓਹ ਸਭ ਕਵੀ ਰਾਮ ਦੇ ਪ੍ਰਸੰਗਾਂ ਦਾ ਹੀ ਹਿੱਸਾ ਹੈ। ਇਥੇ ਵੀ ਲੜੀ ਨੂੰ ਤੋਰਦਾ ਕਵੀ ਕਹਿੰਦਾ ਹੈ *ਪੁੰਨਿ ਮੰਤ੍ਰੀ ਇਹ ਭਾਂਤਿ ਉਚਾਰਾ ॥* ਸਾਫ ਜ਼ਾਹਿਰ ਹੈ ਕਿ ਇਹ ਰਚਨਾ ਵੀ ਕਵੀ ਰਾਮ ਦੀ ਲਿਖੀ ਹੈ।

*ਤਬ ਤਿਹ ਬੋਲਿ ਲੀਯੋ ਅਪਨੇ ਘਰ ॥ ਕਾਮ ਕੇਲ ਕੀਨਾ ਅਤਿ ਰੁਚਿ ਕਰਿ ॥*
*ਭਾਂਤਿ ਭਾਂਤਿ ਤਿਹ ਗਰੇ ਲਗਾਯੋ ॥ ਅਬਲਾ ਅਧਿਕ ਹ੍ਰਿਦੈ ਸੁਖੁ ਪਾਯੋ ॥੫॥*

(ਤੀਨ ਸੌ ਦਸ ਚਰਿਤ੍ਰ ਪੰਨਾ ੧੨੬੫)

ਲਓ ਐਨੇ ਨੂੰ ਰਾਜਾ ਆ ਗਿਆ। ਉਸ ਨੂੰ ਪਕੜ ਕੇ ਮਹਿਲ ਤੋਂ ਹੇਠਾਂ ਸੁੱਟ ਦਿੱਤਾ ਤੇ ਉਹ ਟੁਕੜੇ ਟੁਕੜੇ ਹੋ ਕੇ ਬਿਖਰ ਗਿਆ। ਉਹ ਰੋ ਰੋ ਕੇ ਕਹਿੰਦੀ ਕਿ ਦੇਵਤੇ ਨੇ ਪਕੜ ਕੇ ਇਸ ਨੂੰ ਮਾਰ ਦਿੱਤਾ। ਓਹ ਮੇਰੇ ਨਾਲ ਭੋਗ ਕਰਦਾ ਸੀ। ਉਸ ਨੇ ਏਹਨੂੰ ਅਪਵਿਤ੍ਰ ਜਾਣਿਆ ਤੇ ਮਾਰ ਦਿੱਤਾ। ਇਸ ਤਰ੍ਹਾਂ ਯਾਰ ਬਚਾ ਕੇ ਘਰੋਂ ਕੱਢ ਦਿੱਤਾ।

*ਨਿਜੁ ਨਾਇਕ ਕੌ ਮਹਲ ਤੇ ਤਿਹ ਹਿਤ ਦਿਯੋ ਗਿਰਾਏ ॥*
*ਯਾਰ ਬਚਾਯੋ ਆਪਨੋ ਨੈਕ ਨ ਰਹੀ ਲਜਾਇ ॥੯॥* (ਤੀਨ ਸੌ ਦਸ ਚਰਿਤ੍ਰ ਪੰਨਾ ੧੨੬੫)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਅਪਣੇ ਪਤੀ ਕਤਲ ਕਰ ਕੇ ਰੰਗ ਰਲੀਆਂ ਮਨਾਣ ਲਈ ਪ੍ਰੇਰਦੀ ਹੈ। ਦੇਖਣਾ ਹੈ ਕਿ ਸਿੱਖ ਬੱਚੀਆਂ ਅਜਿਹੀਆਂ ਸਿੱਖਿਆਵਾਂ ਦਾ ਕੀ ਨੋਟਿਸ ਲੈਂਦੀਆਂ ਹਨ ਤੇ ਪੁਜਾਰੀਆਂ ਨਾਲ ਕਿਵੇਂ ਨਿਬੜਦੀਆਂ ਹਨ।

ਪਾਤਰ : ਬਿਰਤ ਸੈਨ (ਨ੍ਰਿਪਤਿ), ਬਿਰਹ ਮੰਜਰੀ (ਰਾਨੀ), ਸੁਤ ਤੇ ਸੁਤਾ (ਤੀਨ ਸੌ ਗਯਾਰਹ ਚਰਿਤ੍ਰ ਪੰਨਾ ੧੨੬੫-੬੬)

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ :**

ਬਿਰਤ ਸੈਨ ਰਾਜੇ ਦੀ ਖੂਬਸੂਰਤ ਰਾਣੀ ਬਿਰਹ ਮੰਜਰੀ ਨੇ ਇਕ ਸੁੰਦਰ ਪੁੱਤ ਜੰਮਿਆ । ਉੱਥੇ ਹੀ ਇਕ ਸ਼ਾਹ ਦੀ ਖੂਬਸੂਰਤ ਧੀ ਰਹਿੰਦੀ ਸੀ ਜਿਸ ਨੇ ਰਾਜਕੁਮਾਰ ਨੂੰ ਤੱਕਿਆ ਤੇ ਦੀਵਾਨੀ ਹੋ ਗਈ । ਉਸ ਨੇ ਬੜਾ ਧਨ ਲੁਟਾਇਆ-ਕਈ ਸਹੇਲੀਆਂ ਭੇਜੀਆਂ ਹੋਰ ਕਈ ਯਤਨ ਕੀਤੇ ਪਰ ਓਹ ਹੱਥ ਨਾ ਆਇਆ। ਕਾਮ ਚ ਘਿਰੀ ਕਦੇ ਹਸਦੀ, ਕਦੇ ਗਾਉਂਦੀ, ਕਦੇ ਰੋਣ ਲੱਗਦੀ ਤੇ ਕਦੇ ਨੱਚਦੀ। ਓਹਦੀ ਇਕ ਸਹੇਲੀ ਕਹਿੰਦੀ ਜੇ ਮੈਂ ਮਿਤ੍ਰ ਮਿਲਾਂ ਦੇਵਾਂ ਤਾਂ ਕੀ ਦਏਂਗੀ । ਓਹ ਵਚਨਲੈ ਕੇ ਰਾਜ ਕੁਮਾਰ ਕੋਲ ਗਈ ਉਸ ਨੂੰ ਪਟਾਇਆ ਤੇ ਕਰਾ ਦਿੱਤਾ ਮਿਲਾਪ :-

*ਦਿਯਾ ਬੁਝਾਇ ਦਯੋ ਆਗੇ ਤ੍ਰਿਯ ॥ ਆਵਤ ਭਯੋ ਅੰਧੇਰੇ ਘਰ ਪਿਯ ॥*
*ਚਿਤ ਅਟਕਾ ਜਾਸੌ ਸੋ ਜਾਨੀ ॥ ਕਾਮ ਕ੍ਰਿਯਾ ਤਾਸੌ ਕਸਿ ਠਾਨੀ ॥੧੩॥*
*ਕਾਮ ਭੋਗ ਕਰਿ ਧਾਮ ਸਿਧਾਰਯੋ ॥ ਮੂਰਖ ਕਛੁ ਨ ਬਿਚਾਰ ਬਿਚਾਰਯੋ ॥*
*ਦਿਯਾ ਬੁਝਾਇ ਤ੍ਰਿਯ ਰੋਜ ਬੁਲਾਵੈ ॥ ਕਾਮ ਕੇਲ ਕਰਿ ਕੁਵਤਿ ਕਮਾਵੈ ॥੧੪॥*
*ਦੇਨ ਕਹਾ ਸੁ ਦੂਤਯਹਿ ਦੀਨਾ ॥ ਕਾਮ ਭੋਗ ਨ੍ਰਿਪ ਸੁਤ ਤਨ ਕੀਨਾ ॥*
*ਜਿਨ ਜੜ੍ਹ ਭੇਦ ਅਭੇਦ ਨ ਪਾਯੋ ॥ ਇਹ ਛਲ ਅਪਨੋ ਮੂੰਡ ਮੁੰਡਾਯੋ ॥੧੫॥*

(ਤੀਨ ਸੌ ਗਯਾਰਹ ਚਰਿਤ੍ਰ ਪੰਨਾ ੧੨੬੬)

ਨੋਟ :- ਇਹ ਕਾਵਿ ਰਚਨਾਂ ਦਸਮ ਗ੍ਰੰਥ ਦੀ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਰਾਹ ਜਾਂਦਾ ਜਿਹੜਾ ਬੰਦਾ ਪਸੰਦ ਆ ਗਿਆ ਹਰ ਹੀਲਾ ਹਰਬਾ ਵਰਤ ਕੇ ਉਸ ਨਾਲ ਭੋਗ ਕਰੋ । ਕੀ ਸਾਡੇ ਪੁਜਾਰੀ ਤੇ ਸੰਤ ਸਾਧ ਇਹੋ ਸਿੱਖਿਆ ਧੀਆਂ ਭੈਣਾਂ ਨੂੰ ਦੇਣੀ ਚਾਹੁੰਦੇ ਹਨ ? ਜਾਂ ਗੁਰੂ ਨਾਨਕ ਦਾ ਧਰਮ ? ਲਗਦਾ ਨਹੀਂ ਬਈ ਓਹ ਗੁਰੂ ਨਾਨਕ ਦੀ ਗੱਲ ਕਰਨਗੇ ।

ਪਾਤਰ : ਜੋਗ ਸੈਨ (ਰਾਜਾ), ਸ੍ਰੀ ਸੰਨਯਾਸ ਮਤੀ (ਦਾਰਾ), ਸੁਤ, ਰਾਮ (ਬਿਰਾਗੀ) ਤੇ ਜਾਟ ਕੀ (ਦਾਰਾ)

(ਤੀਨ ਸੌ ਬਾਰਹ ਚਰਿਤ੍ਰ ਪੰਨਾ ੧੨੬੬-੬੭)

ਜੋਗ ਸੈਨ ਰਾਜੇ ਦੀ ਖੂਬਸੂਰਤ ਰਾਣੀ ਸ੍ਰੀ ਸੰਨਯਾਸ ਮਤੀ ਨੇ ਇਕ ਸੁੰਦਰ ਪੁੱਤ ਜੰਮਿਆ ਜੋ ਜਵਾਨ ਹੋ ਕੇ ਹੋਰ ਵੀ ਖੂਬਸੂਰਤ ਹੋ ਗਿਆ। ਉਸ ਨੂੰ ਰਾਮ ਬੈਰਾਗੀ ਨੈ ਸਿੱਖਿਆ ਦਿੱਤੀ। ਜਦ ਰਾਜ ਕੁਮਾਰ ਨੂੰ ਇਕ ਜੱਟੀ ਨੇ ਤੱਕਿਆ ਤਾਂ ਉਸ ਦੀ ਦੀਵਾਨੀ ਹੋ ਗਈ। ਉਸ ਨੇ ਜੋਗ ਦਾ ਭੇਖ ਧਾਰਣ ਕੀਤਾ ਤੇ ਜੰਤ੍ਰ ਮੰਤ੍ਰ ਸਿਖਾਉਣ ਲੱਗ ਗਈ । ਇਕ ਦਿਨ ਓਹਨੇ ਰਾਜ ਕੁਮਾਰ ਦਾ ਚਿੱਤ ਚੁਰਾ ਲਿਆ ਕਹਿੰਦੀ ਆ ਮੈਂ ਤੈਨੂੰ ਮਸਾਣ ਦਿਖਾਵਾਂ । ਅੱਧੀ ਰਾਤ ਨੂੰ ਰਾਜ ਕੁਮਾਰ ਓਹਦੇ ਨਾਲ ਹੋ ਤੁਰਿਆ । ਜਦ ਉਹ ਦੋਨੋਂ ਸੰਘਣੇ ਜੰਗਲ ਚ ਪੁੱਜੇ ਤਾਂ ਕਹਿੰਦੀ :-

*ਤ੍ਰਿਯ ਬਾਚ ॥ ਕੈ ਜੜ ਪ੍ਰਾਨਨ ਕੀ ਆਸਾ ਤਜੁ ॥ ਕੈ ਰੁਚਿ ਮਾਨਿ ਆਉ ਮੁਹਿ ਕੌ ਭਜੁ ॥*
*ਕੈ ਤੁਹਿ ਕਾਟਿ ਕਰੈ ਸਤ ਖੰਡਾ ॥ ਕੈ ਦੈ ਮੋਰਿ ਭਗ ਬਿਖੈ ਲੰਡਾ ॥੧੧॥*
*ਰਾਜ ਕੁਅਰ ਅਤ ਹੀ ਤਬ ਡਰਾ ॥ ਕਾਮ ਭੋਗ ਤਿਹ ਤ੍ਰਿਯ ਸੰਗ ਕਰਾ ॥*
*ਇਹ ਛਲ ਸੈ ਵਾਕੋ ਛਲਿ ਗਈ ॥ ਰਾਇ ਬਿਰਾਗਿਯਹਿ ਭੋਗਤ ਭਈ ॥੧੨॥*
*ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ ॥ ਬਿਧਨਾ ਸਿਰਜਿ ਬਹਰਿ ਪਛੁਤਾਯੋ ॥*
*ਜਿਨ ਇਹ ਕਿਯੋ ਸਕਲ ਸੰਸਾਰੋ ॥ ਵਹੈ ਪਛਾਨਿ ਭੇਦ ਤ੍ਰਿਯ ਹਾਰੋ ॥੧੩॥* (ਤੀਨ ਸੌ ਬਾਰਹ ਚਰਿਤ੍ਰ ਪੰਨਾ ੧੨੬੭)

ਨੋਟ :- ਇਹ ਕਾਵਿ ਰਚਨਾਂ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਜੇਕਰ ਕੋਈ ਭੋਗ ਲਈ ਰਾਜੀ ਨਾ ਹੋਏ ਤਾਂ ਜਬਰ ਦਸਤੀ ਕਾਮ ਭੋਗ ਕਰਨਾ ਕੋਈ ਹਰਜ਼ ਨਹੀਂ । ਇਸੇ ਲਈ ਤਾਂ ਅਨੇਕਾਂ ਸਾਧ ਸੰਤ ਅਨੇਕਾਂ ਹੀ ਅਬਲਾਵਾਂ ਦੀ ਪੱਤ ਲੁੱਟਦੇ ਹਨ ਤੇ ਉਨ੍ਹਾਂ ਦੀ ਕੂਕ ਪੁਕਾਰ ਧਰਮ ਦੇ ਬੁਰਕੇ ਥੱਲੇ ਡੰਡੇ ਦੇ ਜੋਰ ਅਤੇ ਧਨ ਦੇ ਜੋਰ ਨਾਲ ਦਬਾ ਦਿੱਤੀ ਜਾਂਦੀ ਹੈ। ਅਖਬਾਰਾਂ ਦੀਆਂ ਵੱਡੀਆਂ ਸੁਰਖੀਆਂ ਇਸ ਦੀਆਂ ਗਵਾਹ ਹਨ।

ਪਾਤਰ : ਸੂਰਨ ਸੈਨ (ਨ੍ਰਿਪਾਲਾ) ਤੇ ਬਿੱਸ੍ਰਮਤੀ (ਨਾਰੀ) (ਤੀਨ ਸੌ ਤੇਰਹ ਚਰਿਤ੍ਰ ਪੰਨਾ ੧੨੬੭-੬੮)

ਸੂਰਨ ਸੈਨ ਰਾਜੇ ਦੀਆਂ ੮੦੦ ਰਾਣੀਆਂ ਚੋਂ ਇਕ ਬਿੱਸ੍ਰਮਤੀ ਇਕ ਰਾਜੇ ਨੇ ਦੇਖੀ ਤੇ ਓਹਨੂੰ ਪਕੜ ਕੇ ਅਪਣੇ ਘਰ ਲੈ ਗਿਆ ਤੇ ਕਾਮ ਭੋਗ ਕੀਤਾ :-

*ਨਾਇਨੇਕ ਤਿਨ ਨ੍ਰਿਪਤਿ ਨਿਹਾਰੀ ॥ ਰੂਪਮਾਨ ਗੁਨ ਮਾਨ ਬਿਚਾਰੀ ॥*
*ਤਾਕਹ ਪਕਰਿ ਸਦਨ ਲੈ ਆਯੋ ॥ ਕਾਮ ਭੋਗ ਤਿਹ ਸਾਥ ਕਮਾਯੋ ॥੨॥*

*ਤਾਕੋ ਲੈ ਇਸਤ੍ਰੀ ਨ੍ਰਿਪ ਕਰੋ ॥ ਭਾਂਤਿ ਭਾਂਤਿ ਤਿਹ ਸਾਥ ਬਿਹਰੋ ॥*
*ਤਾ ਤ੍ਰਿਯ ਕੀ ਕੁਟੇਵ ਨਹਿ ਜਾਈ ॥ ਅਵਰਨ ਸਾਥ ਰਮੈਂ ਲਪਟਾਈ ॥੩॥* (ਤੀਨ ਸੌ ਤੇਰਹ ਚਰਿਤ੍ਰ ਪੰਨਾ ੧੨੬੭)

ਇਕ ਦਿਨ ਅੱਧੀ ਰਾਤ ਨੂੰ ਓਹ ਅਪਣੇ ਯਾਰ ਨੂੰ ਮਿਲਣ ਗਈ ਤਾਂ ਚੌਕੀਦਾਰਾਂ ਨੇ ਪਕੜ ਕੇ ਓਹਦਾ ਨੱਕ ਕੱਟ ਕੇ ਛੱਡ ਦਿੱਤਾ । ਓਹ ਮੁੜ ਰਾਜੇ ਦੇ ਘਰ ਆਈ ਉਦੋਂ ਰਾਜਾ ਅਪਣੇ ਰੋਮ ਕੱਟ ਰਿਹਾ ਸੀ :-

*ਤਬ ਨ੍ਰਿਪ ਰੋਮ ਮੂੰਡਬੇ ਕਾਜਾ ॥ ਮਾਂਗਯੋ ਤੁਰਤ ਉਸਤਰਾ ਰਾਜਾ ॥੫॥*
*ਤਬ ਤਿਨ ਵਹੈ ਉਸਤਰਾ ਦੀਯੋ ॥ ਜਾ ਪਰ ਬਾਢਿ ਨ ਕਬਹੂੰ ਕੀਯੋ ॥*
*ਨਿਰਖਿ ਨ੍ਰਿਪਤਿ ਤਿਹ ਅਧਿਕ ਰਿਸਾਯੋ ॥ ਗਹਿ ਤਾ ਤ੍ਰਿਯ ਕੀ ਓਰ ਚਲਾਯੋ ॥੬॥*
(ਤੀਨ ਸੌ ਤੇਰਹ ਚਰਿਤ੍ਰ ਪੰਨਾ ੧੨੬੭)

ਰਾਣੀ ਨੇ ਹਾਇ ਹਾਇ ਕਰਕੇ ਰੋਲਾ ਪਾ ਦਿੱਤਾ ਬਈ ਰਾਜੇ ਨੇ ਮੇਰੀ ਨੱਕ ਕੱਟ ਦਿੱਤੀ । ਰਾਜਾ ਕਹਿੰਦਾ ਮੈਂ ਅਜਿਹਾ ਨਹੀਂ ਸੀ ਸੋਚਿਆ ।

ਨੋਟ :- ਇਹ ਕਾਵਿ ਰਚਨਾ ਦਸਮ ਗ੍ਰੰਥ ਦੀ ਗੁਰਸਿੱਖਾਂ ਨੂੰ ਰੋਮ ਕਤਲ ਕਰਨ ਅਤੇ ਪਰਾਈ ਔਰਤ ਸੰਗ ਮੌਜ ਮੇਲਾ ਕਰਨ ਲਈ ਪ੍ਰੇਰਦੀ ਹੈ। ਖੰਡੇ ਬਾਟੇ ਦੀ ਪਹੁਲ ਦੇਣ ਸਮੇਂ ਦ੍ਰਿੜ ਕਰਵਾਈਆਂ ਦੋ ਬਜ਼ਰ ਕੁਰੈਹਿਤਾਂ ਦਾ ਲੇਖਕ ਨੇ ਭੋਗ ਪਾ ਦਿੱਤਾ। ਸਾਡੇ ਬੇਸ਼ਰਮ ਤੇ ਢੀਠ ਪੁਜਾਰੀਆਂ ਸੰਤਾਂ ਸਾਧਾਂ ਨੇ ਪਾਤਸ਼ਾਹੀ ੧੦ ਲਿਖ ਕੇ ਮੋਹਰ ਲਾ ਦਿੱਤੀ ਬਈ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤ੍ਰ ਇਲਾਹੀ ਬਾਣੀ ਤੇ ਕਾਵਿ ਰਚਨਾ ਹੈ । ਕੀ ਗੁਰੂ ਗੋਬਿੰਦ ਸਿੰਘ ਜੀ ਆਪੇ ਹੀ ਅਪਣੇ ਦੁਆਰਾ ਦ੍ਰਿੜ ਕਰਾਏ ਸਿਧਾਂਤਾਂ ਤੋਂ ਆਪ ਹੀ ਮੁੱਕਰ ਗਏ ਹਨ ? ਕੀ ਕਿਸੇ ਔਰਤ ਨਾਲ ਜ਼ਬਰ ਜਿਨਾਹ ਕੀਤਾ ਜਾ ਸਕਦਾ ਹੈ ? ਆਪ ਜੀ ਨੇ ਇਨ੍ਹਾਂ ਸਵਾਲਾਂ ਦਾ ਉੱਤਰ ਢੂੰਡਣ ਦੀ ਕੋਸ਼ਿਸ ਕਰਨੀ । ਮੈਨੂੰ ਉਮੀਦ ਹੈ ਆਪ ਜੀ ਅਪਣੇ ਅੰਦਰੋਂ ਉੱਠੇ ਸੱਚ ਨੂੰ ਨਹੀਂ ਦਬਾਓਗੇ ।

## ਇਲਾਕਾ : ਦੱਛਿਨ

(ਤੀਨ ਸੌ ਚੌਦਹ ਚਰਿਤ੍ਰ ਪੰਨਾ ੧੨੬੮-੬੯)

ਪਾਤਰ : ਦੱਛਿਨ ਸੈਨ (ਨ੍ਰਿਪ), ਸੁਦੱਛਿਨ ਦੇ (ਦਾਰਾ) ਤੇ ਸ੍ਰੀ ਸੁਕੁਮਾਰ ਦੇਇ (ਸ਼ਾਹ ਦੀ ਧੀ) : ਦੱਖਣ ਦ ਰਾਜਾ ਦੱਛਿਨ ਸੈਨ ਅਪਣੀ ਖੂਬਸੂਰਤ ਔਰਤ ਸੁਦੱਛਿਨ ਦੇ ਨਾਲ ਐਨਾ ਪਿਆਰ ਕਰਦਾ ਜਿਵੇਂ ਭੌਰਾ ਫੁੱਲ ਨਾਲ ਕਰਦਾ ਹੈ। ਉਥੇ ਸੀ ਇਕ ਸ਼ਾਹ ਦੀ ਧੀ ਸ੍ਰੀ ਸੁਕੁਮਾਰ ਦੇਇ ਜੋ ਰਾਜੇ ਦਾ ਰੂਪ ਦੇਖ ਕੇ ਦੀਵਾਨੀ ਹੋ ਗਈ। ਉਸ ਨੇ ਹਰ ਹਰਬਾ ਵਰਤ ਕੇ ਰਾਜੇ ਨੂੰ ਪਾਣ ਦਾ ਮਨ ਬਣਾਇਆ । ਉਸ ਨੇ ਕੀਮਤੀ ਬਸਤ੍ਰ ਉਤਾਰ ਕੇ ਗੰਦੇ ਕੱਪੜੇ ਪਾ ਲਏ । ਉਸ ਦੀ ਇਹ ਹਾਲਤ ਦੇਖ ਕੇ ਕੋਈ ਨਾ ਪਛਾਣ ਸਕਿਆ ਕਿ ਇਹ ਕੌਣ ਹੈ। ਕਈ ਦਿਨਾਂ ਬਾਦ ਰਾਜਾ ਭੇਖ ਧਾਰ ਕੇ ਰਾਤ ਨੂੰ ਲੋਕਾਂ ਦੇ ਦਿਲਾਂ ਦੇ ਭੇਤ ਜਾਣਨ ਲਈ ਨਿਕਲਿਆ। ਸ਼ਾਹ ਦੀ ਕੁੜੀ ਮੌਕਾ ਤਾੜ ਕੇ ਰਾਜੇ ਨੂੰ ਕਹਿੰਦੀ ਕਿ ਰਾਜਾ ਮੂਰਖ ਹੈ ਜੋ ਚੰਗੀ ਮਾੜੀ ਦੀ ਵੀ ਪਛਾਣ ਨਹੀਂ ਕਰਦਾ। ਓਹ ਦੁਰਾਚਾਰਨੀ ਰਾਣੀ ਨਾਲ ਹੀ ਰਹਿੰਦਾ ਹੈ ਓਹਦੀ ਰਾਣੀ ਰੋਜ ਯਾਰ ਨਾਲ ਸੌਂਦੀ ਹੈ । ਰਾਜੇ ਨੇ ਜਦ ਇਹ ਸੁਣਿਆ ਤਾਂ ਉਸ ਨੂੰ ਜਾ ਕੇ ਪੁੱਛਣ ਲੱਗਾ । ਕਹਿੰਦੀ ਇਹ ਔਰਤ ਰਾਜੇ ਦੇ ਯੋਗ ਨਹੀਂ, ਅਜਿਹੀ ਔਰਤ ਨੂੰ ਜਾਂ ਤਾਂ ਮਾਰ ਦੇਣਾ ਚਾਹੀਦਾ ਹੈ ਤੇ ਜਾਂ ਘਰੋਂ ਕੱਢ ਦੇਣਾ ਚਾਹੀਦਾ ਹੈ। ਹਾਂ ਇਕ ਸ਼ਾਹ ਦੀ ਖੂਬਸੂਰਤ ਕੁੜੀ ਹੈ ਜੇ ਰਾਜਾ ਓਹਦੇ ਨਾਲ ਸ਼ਾਦੀ ਕਰੇ ਤਾਂ ਪਓਂ ਬਾਰਾਂ ਸਮਝੇ । ਰਾਜੇ ਨੇ ਓਹਦੇ ਕਹੇ ਤੇ ਝੱਟ ਅਮਲ ਕੀਤਾ। ਦੂਜੇ ਹੀ ਦਿਨ ਸ਼ਾਹ ਦੀ ਧੀ ਨਾਲ ਸ਼ਾਦੀ ਕਰ ਕੇ ਅਪਣੀ ਰਾਣੀ ਦੇ ਮੋਹ ਨੂੰ ਤੋੜ ਦਿੱਤਾ।

ਨੋਟ :- ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਸਿੱਖਿਆਂ ਦੇਂਦੀ ਹੈ ਕਿ ਕਿਵੇਂ ਹੱਸਦਾ ਵੱਸਦਾ ਘਰ ਉਜਾੜੀਦਾ ਹੈ। ਕਿਵੇਂ ਅਪਣੇ ਕਾਮ ਦੀ ਭੁੱਖ ਮਿਟਾਈ ਦੀ ਹੈ । ਕੀ ਸਾਡੇ ਵਿਦਵਾਨ ਪੁਰਖ ਅਜਿਹੀਆਂ ਹੀ ਸਿੱਖਿਆਵਾਂ ਨੂੰ ਸਵੀਕਾਰਦੇ ਰਹਿਣਗੇ ? ਗੂੰਗੇ ਤੇ ਬਹਿਰੇ ਹੋ ਜਾਣਗੇ ? ਜੇ ਨਹੀਂ ਤਾਂ ਫਿਰ ਤੰਦੂਆ ਪੁੱਟ ਕੇ ਕਿਉਂ ਨਹੀਂ ਆਖਦੇ ਕਿ ਇਹ ਲੱਚਰ ਸਹਿਤ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਨਹੀਂ। ਕਿਉਂ ਇਸ ਲੱਚਰ ਪੁਸਤਕ ਦੀ ਹਮਾਇਤ ਕਰਦੇ ਹਨ ? ਕਿਉਂ ਗੁਰੂ ਦੇ ਹੋ ਰਹੇ ਅਪਮਾਨ ਵਿਰੁੱਧ ਨਹੀਂ ਬੋਲਦੇ ? ਰੱਬ ਤੁਹਾਨੂੰ ਸੱਚ ਬੋਲਣ ਦੀ ਤਾਕਤ ਦਏ ਇਹ ਮੇਰੀ ਅਰਦਾਸ ਹੈ।

## ਸ਼ਹਿਰ : ਇਟਾਵਾ

(ਤੀਨ ਸੌ ਪੰਦ੍ਰਹ ਚਰਿਤ੍ਰ ਪੰਨਾ ੧੨੬੯-੭੦)

### ਮਿਤ੍ਰ ਨਾਲ ਭੱਜਣ ਦਾ ਵੱਲ ਸਿੱਖੋ

ਪਾਤਰ : ਪਾਲ ਸੁਪੱਛਿਮ (ਨ੍ਰਿਪਤਿ), ਪੱਛਿਮ ਦੇ (ਨਾਰਿ) ਤੇ ਬਾਢੀ : ਇਟਾਵਾ ਸ਼ਹਿਰ ਦੇ ਨ੍ਰਿਪ ਪਾਲ ਸੁਪੱਛਿਮ ਦੀ ਖੂਬਸੂਰਤ ਔਰਤ ਪੱਛਿਮ ਦੇ ਨੇ ਇਕ ਬਾਢੀ (ਤਰਖਾਣ) ਦੇਖਿਆ। ਓਸਦਾ ਰੂਪ ਤੱਕ ਕੇ ਰਾਣੀ ਦਾ ਹਰ ਅੰਗ ਕਾਮੀ ਹੋ ਗਿਆ। ਉਸ ਨੇ ਬਾਢੀ ਨਾਲ ਪ੍ਰੀਤ ਗੰਢ ਕੇ ਰਾਜੇ ਨੂੰ ਭੁਲਾ ਦਿੱਤਾ। ਉਸ ਨੇ ਗੇਰੂ ਘੋਲ ਕੇ ਪੀਤਾ ਤੇ ਰਾਜੇ ਸਾਮ੍ਹਣੇ ਉਲਟੀ ਕਰ ਦਿੱਤੀ । ਰਾਜੇ ਸਮਝਿਆ ਕਿ ਔਰਤ ਨੂੰ ਲਹੂ ਦੀ ਉਲਟੀ ਆਈ ਹੈ । ਰਾਜੇ ਨੇ ਬੈਦ ਸੱਦੇ-ਫਿਰ ਰਾਣੀ ਨੇ ਗੇਰੂ ਪੀ ਕੇ ਸਭ ਦੇ ਸਾਮ੍ਹਣੇ ਉਲਟੀ ਕਰ ਦਿੱਤੀ। ਉਨ੍ਹਾਂ ਇਹ ਸਮਝਿਆ ਬਈ ਲਹੂ ਦੀ ਉਲਟੀ ਆਈ ਹੈ। ਫਿਰ

ਰਾਣੀ ਰਾਜੇ ਨੂੰ ਕਹਿੰਦੀ ਕਿ ਮੈਂ ਹੁਣ ਥੋੜੇ ਸਮੇਂ ਦੀ ਮਹਿਮਾਨ ਹਾਂ। ਹੁਣ ਤੂੰ ਮੇਰਾ ਬਦਨ ਨਹੀਂ ਦੇਖ ਸਕੇਂਗਾ। ਇਹ ਕਹਿ ਕੇ ਓਹ ਯਾਰ ਦੇ ਘਰ ਚਲੇ ਗਈ। ਸਹੇਲੀਆਂ ਕਹਿੰਦੀਆਂ ਬਈ ਰਾਣੀ ਤਾਂ ਦੇਹ ਸਮੇਤ ਸ੍ਵਰਗ ਚਲੇ ਗਈ ਹੈ। ਜਿਹੜੇ ਲੋਕ ਪੁੰਨ ਕਰਦੇ ਹਨ ਓਹੀ ਇਸ ਗਤੀ ਨੂੰ ਪ੍ਰਾਪਤ ਕਰਦੇ ਹਨ।

*ਜੇ ਜੇ ਪੁੰਨਯਵਾਨ ਹੈਂ ਲੋਗਾ ॥ ਤੇ ਤੇ ਹੈਂ ਇਹ ਗਤਿ ਕੇ ਜੋਗਾ ॥*
*ਜਿਨ ਇਕ ਚਿਤ ਹ੍ਵੈ ਕੈ ਹਰਿ ਧਯਾਯੋ ॥ ਤਾਕੇ ਕਾਲ ਨਿਕਟ ਨਹਿ ਆਯੋ ॥੧੦॥*

(ਤੀਨ ਸੌ ਪੰਦ੍ਹ ਚਰਿਤ੍ਰ ਪੰਨਾ ੧੨੭੦)

ਨੋਟ :- ਇਹ ਕਾਵਿ ਰਚਨਾਂ ਸਿੱਖਿਆਂ ਦੇਂਦੀ ਹੈ ਕਿ ਕਿਵੇਂ ਯਾਰ ਨਾਲ ਘਰੋਂ ਭੱਜੀਦਾ ਹੈ। ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਲਿਖ ਇਹ ਦ੍ਰਿੜ ਕਰਾਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਇਨ੍ਹਾਂ ਦਾ ਲੇਖਕ ਗੁਰੂ ਗੋਬਿੰਦ ਸਿੰਘ ਜੀ ਹਨ। ਇਸ ਤੋਂ ਵੱਡਾ ਝੂਠ-ਇਸ ਤੋਂ ਵੱਡਾ ਅਪਮਾਨ-ਇਸ ਤੋਂ ਵੱਡੀ ਗਦਾਰੀ ਸਾਡੇ ਪੁਜਾਰੀ ਸਿੱਖ ਧਰਮ ਨਾਲ ਹੋਰ ਕੀ ਕਰ ਸਕਦੇ ਹਨ। ਓਦਾਂ ਉਨ੍ਹਾਂ ਨੇ ਵੱਡੇ ਕਛੈਹਿਰੇ-ਗਾਤ੍ਰੇ ਕ੍ਰਿਪਾਨਾਂ-ਖੁਲ੍ਹੇ ਦਾਹੜੇ ਤੇ ਹੋਰ ਬੇਅੰਤ ਤਰ੍ਹਾਂ ਦੇ ਚਿੰਨ੍ਹ ਧਾਰੇ ਹਨ ਪਰ ਸਭ ਦਿਖਾਵਾ ਤੇ ਛਲ। ਅਪਣੇ ਹੀ ਗੁਰੂ ਦਾ ਅਪਮਾਨ-ਅਪਣੇ ਹੀ ਧਰਮ ਦੀ ਬੇਇੱਜਤੀ ਬੜੀ ਸ਼ਰਮ ਦੀ ਗੱਲ ਹੈ ਪਰ ਬੇਸ਼ਰਮ ਦੇ ਨੇੜੇ ਤੇੜੇ ਤਾਂ ਸ਼ਰਮ ਵੀ ਨਹੀਂ ਢੁੱਕਦੀ ਕਹਿੰਦੇ ਗੁਰਬਾਣੀ ਹੈ ਇਹਦੇ ਅਖੰਡ ਪਾਠ ਕਰਿਆ ਕਰੋ।

## ਸ਼ਹਿਰ : ਸੁਨਾਰ

(ਤੀਨ ਸੌ ਸੋਲਹ ਚਰਿਤ੍ਰ ਪੰਨਾ ੧੨੭੧)

### ਯਾਰ ਨਾਲ ਭੱਜਣ ਦਾ ਹੀਲਾ ਵਸੀਲਾ ਸਿੱਖੋ

ਪਾਤਰ : ਬੰਗਾਲੀ ਸੈਨ (ਰਾਇ), ਸ੍ਰੀ ਬੰਗਲਾਮਤੀ (ਰਾਨੀ), ਬੰਗਦੋਇ (ਦੁਹਿਤਾ) ਤੇ ਸੁਛਬਿ ਰਾਇ (ਮਿਤ੍ਰ)

ਸ਼ਹਿਰ ਸੁਨਾਰ ਗਾਂਵ ਦੇ ਰਾਇ ਬੰਗਾਲੀ ਦੀ ਰਾਣੀ ਸ੍ਰੀ ਬੰਗਾਲਮਤੀ ਨੇ ਇਕ ਬੰਗਦੋਇ ਨਾਂ ਦੀ ਕੁੜੀ ਜੰਮੀ। ਜਦ ਓਹ ਜਵਾਨ ਹੋਈ ਤਾਂ ਬੜੀ ਸੁੰਦਰ ਲੱਗੇ। ਉਸ ਨੇ ਇਕ ਬੰਦਾ ਦੇਖਿਆ ਤੇ ਸਰੀਰ ਅੰਦਰ ਕਾਮ ਜਾਗਿਆ। ਓਹ ਪੀੜ ਪੀੜ (ਸੂਲ ਸੂਲ) ਕਹਿ ਕੇ ਧਰਤੀ ਤੇ ਡਿੱਗ ਪਈ। ਮਿਤ੍ਰ ਸੁਛਬਿ ਰਾਇ ਨੂੰ ਬੁਲਾ ਕੇ ਦਿਲ ਖੋਲ੍ਹ ਕੇ ਭੋਗ ਕੀਤਾ। ਓਹ ਅਪਣੇ ਮਿਤ੍ਰ ਨਾਲ ਇਉਂ ਰਚ ਮਚ ਗਈ ਜਿਵੇਂ ਸਾਵਣ ਦੀ ਝੜੀ ਲਗਦੀ ਹੈ। ਓਹਦੇ ਪੀੜ ਚ ਕਰਾਹੁਣ ਨਾਲ ਪਿਓ ਤੇ ਮਾਂ ਤੇ ਸਖੀਆਂ ਹਾਲ ਚਾਲ ਪੁੱਛਣ ਪਹੁੰਚੇ। ਕਹਿੰਦੀ ਜਿਵੇਂ ਮੈਂ ਕਹਾਂ ਉਵੇਂ ਹੀ ਕਰਿਓ। ਮੈਨੂੰ ਕਫਨ ਚ ਬੰਨ੍ਹ ਕੇ ਮੇਰਾ ਮੂੰਹ ਨਹੀਂ ਦੇਖਣਾ। ਮਾਂ ਬਾਪ ਨੂੰ ਬੜਾ ਦੁੱਖ ਪੁੱਜੇਗਾ ਕਿ ਉਨ੍ਹਾਂ ਦੀ ਧੀ ਨਰਕਾਂ ਚ ਜਾ ਰਹੀ ਹੈ। ਮੇਰਾ ਕੋਈ ਅਫਸੋਸ ਨਹੀਂ ਕਰਨਾ ਤੇ ਮੇਰੇ ਗੁਨਾਹ ਮੁਆਫ਼ ਕਰ ਦੇਣੇ। ਓਹ ਸਾਹ ਚੜ੍ਹਾ ਕੇ ਇਉਂ ਹੋ ਗਈ ਜਿਵੇਂ ਮਰ ਗਈ ਹੈ ਤੇ ਸਹੇਲੀਆਂ ਨੇ ਕੱਪੜੇ ਚ ਲਪੇਟ ਲਈ। ਓਹਨੂੰ ਬੱਕਰੀ ਦੇ ਸਿੰਗਾਂ ਵਿਚਕਾਰ ਬੰਨ ਦਿੱਤਾ। ਮਾਂ ਬਾਪ ਨੇ ਕੱਪੜਾ ਚੁੱਕ ਕੇ ਨਾ ਦੇਖਿਆ। ਉਸ ਨੂੰ ਬਕਰੀ ਸਮੇਤ ਜਲਾ ਦਿੱਤਾ, ਪਰ ਮੂਰਖ ਇਹ ਨਾ ਸਮਝ ਸਕੇ ਕਿ ਕੁੜੀ ਤਾਂ ਅਪਣੇ ਯਾਰ ਨਾਲ ਭੱਜ ਗਈ ਹੈ।

ਨੋਟ :- ਦਸਮ ਗ੍ਰੰਥ ਧੀਆਂ ਭੈਣਾਂ ਨੂੰ ਇਹ ਸਿੱਖਿਆਂ ਦੇਂਦਾ ਹੈ ਕਿ ਕਿਵੇਂ ਝੂਠ ਬੋਲੀਦਾ ਹੈ, ਕਿਵੇਂ ਧੋਖਾ ਦਈਦਾ ਹੈ ਤੇ ਕਿਵੇਂ ਮਿਤ੍ਰ ਸੰਗ ਭੱਜ ਜਾਈਦਾ ਹੈ। ਪੁਜਾਰੀ ਇਸ ਨੂੰ ਗੁਰਬਾਣੀ ਆਖ ਆਖ ਨਮਸਕਾਰਾਂ ਕਰਦੇ ਹਨ ਤੇ ਅਖੰਡ ਪਾਠ ਤੇ ਸੰਪਟ ਪਾਠ ਵੀ। ਸੰਪਟ ਪਤੈ ਕਾਹਦਾ ਲਾਉਂਦੇ ਹਨ? ਪਾਠਕ ਜਾਣਦੇ ਹੀ ਹਨ ਚਲੋ ਛੱਡੋ। ਹਾਂ ਜਾਗਦੇ ਰਹਿਓ।

## ਦੇਸ : ਬੰਗਲਾ

(ਤੀਨ ਸੌ ਸਤਰਹ ਚਰਿਤ੍ਰ ਪੰਨਾ ੧੨੭੧)

ਪਾਤਰ : ਰਾਜਾ, ਸਮਨ ਪ੍ਰਭਾ (ਪਟਰਾਨੀ), ਪੁਹਪ ਪ੍ਰਭਾ (ਰਾਜ ਦੁਲਾਰੀ) ਤੇ ਗਾਜੀ ਰਾਇ :

ਹਾਂ ਮੰਤ੍ਰੀ ਨੇ ਫੇਰ ਗਲ ਅੱਗੇ ਤੋਰੀ ਕਿ ਬੰਗਲਾ ਦੇਸ ਦੇ ਰਾਜਾ ਦੀ ਖੂਬਸੂਰਤ ਪਟਰਾਨੀ ਸਮਨ ਪ੍ਰਭਾ ਦੀ ਧੀ ਪੁਹਪ ਪ੍ਰਭਾ ਜਿਵੇਂ ਵਿਧਾਤੇ ਨੇ ਆਪ ਘੜੀ ਹੋਏ। ਓਹਦੇ ਹੁਸਨ ਦਾ ਕੀ ਕਹਿਣਾ ਗੁਲਾਬੀ ਗੱਲ੍ਹਾਂ ਤੋਂ ਰਸ ਚੋ ਚੋ ਗਿਰਦਾ। ਜਦ ਉਸ ਤੇ ਜੋਬਨ ਆਇਆ ਤਾਂ ਉਸ ਨੇ ਸ਼ਾਹ ਨਾਲ ਆਏ ਉਸ ਦੇ ਪੁੱਤਰ ਗਾਜੀ ਰਾਇ ਨੂੰ ਦੇਖਿਆ ਤੇ ਸੋਚਣ ਲੱਗੀ ਬਈ ਮੈਂ ਏਹਦੇ ਨਾਲ ਹੀ ਅਪਣੀ ਸਗਾਈ ਕਰਾਂਗੀ। ਸਵੇਰੇ ਜਦੋਂ ਸੁਯੰਬਰ ਹੋਇਆ ਤਾਂ ਫੂਲ ਮਾਲਾ ਉਸੇ ਦੇ ਗਲੇ ਜਾ ਪਾਈ। ਆਏ ਹੋਏ ਰਾਜੇ ਮੂੰਹ ਦੇਖਦੇ ਹੀ ਰਹਿ ਗਏ। ਸਭਨਾਂ ਨੇ ਇਹ ਸੋਚਿਆ ਬਈ ਇਹ ਵੀ ਕੋਈ ਰਾਜੇ ਦਾ ਪੁੱਤ ਹੈ। ਸ਼ਾਹ ਦਾ ਪੁੱਤ ਕਿਸੇ ਨੇ ਨਹੀਂ ਪਛਾਣਿਆ।

ਨੋਟ :- ਇਸ ਨੂੰ ਧਾਰਮਿਕ ਪ੍ਰਵਚਨ ਆਖਦੇ ਹਨ ਕਿੰਨਾਂ ਸੁੰਦਰ ਉਪਦੇਸ ਹੈ ਬਈ ਮਨ ਪਸੰਦ ਦਾ ਵਰ ਕਿਵੇਂ ਚੁਣੀਦਾ ਹੈ ਪਰ ਇਸ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਜਾਂ ਸਿੱਖ ਧਰਮ ਦਾ ਕੀ ਵਾਸਤਾ? ਹਜਾਰਾਂ ਹੀ ਕੁੜੀਆਂ ਮਨ ਪਸੰਦ ਵਰ ਲੱਭਦੀਆਂ ਹਨ। ਇਸ ਵਿੱਚ ਗਿਆਨ ਦੀ ਕਿਹੜੀ ਗੱਲ? ਹਾਂ ਜੋ ਤੱਤ ਦੀ ਗੱਲ ਹੈ ਉਹ ਇਹ ਕਿ ਹਰ ਹਰਬਾ ਵਰਤ ਕੇ ਗੁਰੂ ਨੂੰ ਬਦਨਾਮ ਕਰਨਾ ਹੈ ਇਸੇ ਲਈ ਤਾਂ ਸਿਆਣੇ ਆਖਦੇ ਹਨ ਦੂਰ ਫਿਟੇ ਮੂੰਹ ਤੇਰੀ ਮੰਦੀ ਸੋਚ ਤੇ।

## ਦੇਸ : ਪਟਨਾ (ਤੀਨ ਸੌ ਅਠਾਰਹ ਚਰਿਤ੍ਰ ਪੰਨਾ ੧੨੭੧-੭੨)

ਪਾਤਰ : ਮਰਗਜ ਸੈਨ (ਨ੍ਰਿਪ) ਤੇ ਮਰਗਜ ਦੇਇ (ਨਾਰਿ)

**ਮਿਤ੍ਰ ਨਾਲ ਭੋਗ ਕਰਨਾ ਸਿੱਖੋ :** ਪਟਨਾ ਦੇਸ ਦੇ ਰਾਜਾ ਮਰਗਜ ਸੈਨ ਦੀ ਸੁੰਦਰ ਔਰਤ ਮਰਗਜ ਦੇਇ ਇਕ ਬੰਦੇ ਨੂੰ ਦੇਖ ਕੇ ਦੀਵਾਨੀ ਹੋ ਗਈ । ਉਸ ਨੇ ਉਸ ਬੰਦੇ ਨੂੰ ਘਰ ਬੁਲਾਇਆ ਤੇ ਦਿਲ ਖੋਲ੍ਹ ਕੇ ਸੰਭੋਗ ਕੀਤਾ ।

*ਸੋਰਠਾ ॥ ਰਾਨੀ ਲਯੋ ਬੁਲਾਇ ਤਵਨ ਪੁਰਖ ਅਪਨੇ ਸਦਨ ॥*
*ਅਤਿ ਰੁਚਿ ਅਧਿਕ ਬਢਾਇ ਤਾਸੌ ਰਤਿ ਮਾਨਤ ਭਈ ॥੪॥*

ਤਦ ਓਹਦਾ ਖਸਮ ਆ ਗਿਆ। ਔਰਤ ਨੇ ਮਿਤ੍ਰ ਨੂੰ ਛੁਪਾ ਦਿੱਤਾ ਬੜੀ ਦੇਰ ਤੱਕ ਰਾਜਾ ਉਥੇ ਬੈਠਾ ਰਿਹਾ ਪਰ ਭਲੇ ਬੁਰੇ ਦਾ ਓਹ ਭੇਦ ਨਾ ਪਾ ਸਕਿਆ। ਜਦ ਰਾਜਾ ਉੱਠ ਕੇ ਅਪਣੇ ਘਰ ਚਲੇ ਗਿਆ ਤਾਂ ਮਿਤ੍ਰ ਉਠਾ ਕੇ ਘਰ ਭੇਜ ਦਿੱਤਾ।

ਨੋਟ :- ਇਕ ਹੋਰ ਅਨਮੋਲ ਸਿੱਖਿਆ ਧੀਆਂ ਭੈਣਾਂ ਲਈ ਦਸਮ ਗ੍ਰੰਥ ਦੀ ਰਾਹੀਂ। ਇਹ ਉਹ ਅਨਮੋਲ ਸਿੱਖਿਆਵਾਂ ਹਨ ਜਿਨ੍ਹਾਂ ਅੱਗੇ ਸਾਡੇ ਵੱਡੇ ਪੁਜਾਰੀ ਅਤੇ ਸੰਤ ਸਾਧ ਨਮਸਕਾਰਾਂ ਕਰਦੇ ਹਨ-ਡੰਡਾਉਤਾਂ ਵੀ । ਇਨ੍ਹਾਂ ਦੇ ਸਹਿਜ-ਅਖੰਡ-ਸੰਪਟ ਪਾਠ ਕਰ ਕਰ ਗੁਰਸਿੱਖਾਂ ਦਾ ਮੌਜੂ ਉਡਾ ਕੇ ਭਾਰੀ ਰਕਮਾਂ ਬਟੋਰਦੇ ਹਨ । ਜੇਕਰ ਕੋਈ ਇਨ੍ਹਾਂ ਦੀ ਵਿਰੋਧਤਾ ਕਰੇ ਤਾਂ ਪਾਲੇ ਹੋਏ ਗੁੰਡਿਆਂ ਤੋਂ ਧਮਕੀਆਂ ਦਿਵਾ ਕੇ ਚੁੱਪ ਕਰਾਉਣ ਦੀ ਮੰਦੀ ਕਰਤੂਤ ਕਰਦੇ ਹਨ । ਕੀ ਆਪ ਜੀ ਇਨ੍ਹਾਂ ਮੰਦ ਕਰਮੀਆਂ ਨੂੰ ਮਤ ਦੇਣ ਲਈ ਅੱਗੇ ਆਓਗੇ ? ਰੱਬ ਤੁਹਾਨੂੰ ਬਿਬੇਕ ਬੁੱਧੀ ਅਤੇ ਸੱਚ ਬੋਲਣ ਦੀ ਤਾਕਤ ਦਏ ।

ਪਾਤਰ : ਸੁਬ੍ਰਤ (ਮੁਨਿ) ਤੇ ਰਾਜ ਮਤੀ (ਤ੍ਰਿਯ) (ਤੀਨ ਸੌ ਉਨੀਸਵੋਂ ਚਰਿਤ੍ਰ ਪੰਨਾ ੧੨੭੨)

ਹੇ ਰਾਜਾ ਮੈਂ ਇਕ ਹੋਰ ਕਥਾ ਛੇੜਦਾ ਹਾਂ। ਇਹ ਉਦੋਂ ਦੀ ਗੱਲ ਹੈ ਜਦ ਦੇਵਤਿਆਂ ਨੇ ਸਮੁੰਦ੍ਰ ਰਿੜਕਿਆ। ਉਥੇ ਇਕ ਰਿਸ਼ੀ ਰਹਿੰਦਾ ਸੀ ਜਿਸ ਦਾ ਨਾਂ ਸੀ ਸੁਬ੍ਰਤ ਮੁਨਿ ਤੇ ਉਹ ਵਿਆਹਿਆ ਗਿਆ ਰਾਜ ਮਤੀ ਦੇ ਨਾਲ ਜੋ ਅੰਤਾਂ ਦੀ ਸੋਹਣੀ ਸੀ । ਜਦ ਦੇਵਤੇ ਸਾਗਰ ਰਿੜਕਣ ਲੱਗੇ ਤਾਂ ਓਹ ਨਾ ਰਿੜਕਿਆ ਜਾਏ । ਦੇਵਤੇ ਬੜੇ ਦੁਖੀ ਹੋਏ ਤਦ ਔਰਤ ਕਹਿੰਦੀ ਕਿ ਦੇਵਤਿਓ ਮੇਰੀ ਗੱਲ ਸੁਣੋ ਕਿ ਕਿਸੇ ਢੰਗ ਨਾਲ ਅਪਣੇ ਸਿਰ ਤੇ ਝਾੜੀ ਰੱਖ ਕੇ ਉਸ ਨੂੰ ਪਾਣੀ ਦਿਓ । ਮੇਰੇ ਪੈਰ ਧੋਵੋ ਤਦੇ ਤੁਹਾਡਾ ਮਨੋਰਥ ਪੂਰਾ ਹੋਏਗਾ । ਬ੍ਰਹਮਾ ਨੇ ਬਿਨਾ ਵਿਚਾਰਿਆਂ ਜਿਵੇਂ ਔਰਤ ਨੇ ਕਿਹਾ ਮੰਨ ਲਿਆ ਤੇ ਕਰਮ ਕੀਤਾ ।

ਨੋਟ :- ਸਿੱਖ ਧਰਮ ਇਸ ਗੱਲ ਵਿੱਚ ਵਿਸ਼ਵਾਸ ਨਹੀਂ ਰੱਖਦਾ ਕਿ ਦੇਵਤਿਆਂ ਨੇ ਕਦੇ ਸਮੁੰਦਰ ਰਿੜਕਿਆ । ਜਿੱਥੇ ਕਿੱਥੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਮੁੰਦਰ ਰਿੜਕਣ ਦਾ ਇਸ਼ਾਰਾ ਦਿੱਤਾ ਹੈ ਉਹ ਇਹ ਦਰਸਾਣ ਲਈ ਕਿ ਤੁਹਾਡਾ ਧਰਮ ਇਹ ਕਹਿੰਦਾ ਹੈ ਪਰ ਸਾਡਾ ਮਤ ਹੋਰ ਹੈ ਅਸੀਂ ਇਸ ਬੋਦੀ ਦਲੀਲ ਨੂੰ ਨਹੀਂ ਮੰਨਦੇ। ਗੁਰੂ ਗੋਬਿੰਦ ਸਿੰਘ ਜੀ ਅਪਣੇ ਪੜਦਾਦਾ ਜੀ ਗੁਰੂ ਅਰਜਨ ਦੇਵ ਜੀ, ਅਪਣੇ ਦਾਦਾ ਗੁਰੂ ਹਰਗੋਬਿੰਦ ਸਾਹਿਬ ਜੀ ਤੇ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਪੂਰਨਿਆਂ ਤੋਂ ਵੱਖ ਜਾ ਕੇ ਅਜਿਹਾ ਕੁੱਝ ਨਹੀਂ ਲਿਖ ਸਕਦੇ ਜਿਸ ਤੋਂ ਪਿਤਾ ਪੁਰਖੀ ਜਾਂ ਰੱਬੀ ਵਿਚਾਰਧਾਰਾ ਚ ਕੋਈ ਖਲਲ ਪੈਂਦਾ ਹੋਏ। ਦਸਮ ਗ੍ਰੰਥ ਨਾਂ ਦੀ ਗੰਦੀ ਪੁਸਤਕ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਜਾਂ ਗੁਰਬਾਣੀ ਆਖਣ ਵਾਲੇ ਮੰਦ ਕਰਮੀ ਲੋਕ ਹਨ ਉਹ ਕਿਸੇ ਖਾਸ ਮਕਸਦ ਨਾਲ ਗੁਰੂ ਜੀ ਦਾ ਅਪਮਾਨ ਕਰ ਰਹੇ ਹਨ ।

### ਕ੍ਰਿਸ਼ਨ ਦੀ ਕਥਾ ਤੇ ਰੁਕਮਣੀ (ਤੀਨ ਸੌ ਬੀਸਵੋਂ ਚਰਿਤ੍ਰ ਪੰਨਾ ੧੨੭੨-੭੫)

ਪਾਤਰ : ਧਰਤੀ, ਬ੍ਰਹਮਾ, ਬਿਸ਼ਨੂੰ, ਕ੍ਰਿਸ਼ਨ, ਕੰਸਵਤਾਰਾ, ਪੂਤਨਾ, ਸਕਟਾਸੁਰ, ਬਕਾਸੁਰ, ਬਿਖਭਾਸੁਰ, ਆਘਾਸੁਰ, ਕੇਸੀ, ਨੰਦਹਿ, ਸੰਦੀਪਨ, ਦਾਵਾਨਲ, ਕੁਬਲਯਾ, ਚਾਂਡੂਰਹਿ ਤੇ ਕੰਸ : ਜਦ ਭੂਮਿ (ਧਰਤੀ) ਅਪਣੇ ਭਾਰ ਤੋਂ ਦੁਖੀ ਹੋ ਗਈ ਤਾਂ ਉਸ ਨੇ ਬ੍ਰਹਮਾ ਪਾਸ ਅਪਣਾ ਦੁੱਖ ਰੋਇਆ । ਬ੍ਰਹਮਾ ਨੇ ਬਿਸ਼ਨ ਦੀ ਸੇਵਾ ਕੀਤੀ ਤਾਂ ਤੇ ਕ੍ਰਿਸ਼ਨ ਦੇਵ ਜਗ ਚ ਪ੍ਰਗਟ ਹੋਏ । ਮੁੜ ਦੈਂਤਾਂ ਦੇ ਕੰਸਵਤਾਰਾ ਨੇ ਦ੍ਰੋਹ ਦਾ ਨਗਾਰਾ ਵਜਾ ਦਿੱਤਾ । ਪਹਿਲਾਂ ਕ੍ਰਿਸ਼ਨ ਨੇ ਪੂਤਨਾ ਨੂੰ ਮਾਰਿਆ ਫਿਰ ਸਕਟਾਸੁਰ ਦਾ ਉਧਾਰ ਕੀਤਾ ਫਿਰ ਬਕਾਸੁਰ ਦੈਂਤ ਨੂੰ ਮਾਰਿਆ-ਫਿਰ ਬ੍ਰਿਖਭਾਸੁਰ ਹੱਥ ਕਰਕੇ ਲਿਆ। ਆਘਾਸੁਰ ਦੇ ਦੁੱਖ ਦੂਰ ਕਰ ਕੇ ਕੇਸੀ ਨੂੰ ਪੈਰਾਂ ਤੋਂ ਫੜ ਕੇ ਪਟਕਾ ਮਾਰਿਆ-ਫਿਰ ਬ੍ਰਹਮਾ ਨੂੰ ਚਰਿਤ ਦਿਖਾਇਆ-ਨੰਦਹਿ ਖੋਹ ਕੇ ਅਪਣੀ ਕੁਲ ਚ ਸ਼ਾਮਿਲ ਕੀਤਾ ਅਤੇ ਸੰਦੀਪਨ ਦੇ ਪੁੱਤ ਨੂੰ ਮਿਲਾਇਆ । ਦਾਵਾਨਲ ਤੇ ਗੋਪ ਦਾ ਉਧਾਰ ਕੀਤਾ-ਗੋਪੀਆਂ ਨਾਲ ਬ੍ਰਿਜ ਅੰਦਰ ਅਖਾਰੇ ਕੀਤੇ । ਕੁਬਲਯਾ ਗਜ (ਹਾਥੀ) ਦੇ ਦੰਦ ਚੁਰਾਏ ਚਾਂਡੂਰਹਿ ਮੁਸਟਕਹਿ ਨੂੰ ਪਛਾੜ ਕੇ । ਕੇਸਾਂ ਤੋਂ ਪਕੜ ਕੇ ਕੰਸ ਮਾਰਿਆ ਤੇ ਉਗ੍ਰਸੈਨ ਦੇ ਸਿਰ ਤੇ ਛਤ੍ਰ ਝੁਲਾਇਆ । ਜਰਾ ਸਿੰਧ ਦੀ ਚਮੂੰ ਮਾਰ ਕੇ ਸੰਖਾਸੁਰ ਜਾ ਮਾਰਿਆ ਤੇ ਸੰਖ ਖੋਹਿਆ-ਫੇਰ ਦ੍ਵਾਰਿਕਾ ਨਗਰ ਪ੍ਰਵੇਸ਼ ਕੀਤਾ ਦੇਸ ਦੇਸ ਦੇ ਰਾਜੇ ਜਿੱਤੇ । ਦੰਤ ਬੱਕ੍ਰ ਨਰਕਾਸੁਰ ਨੂੰ ਮਾਰਿਆ ਤੇ ਉਸ ਦੀ ਸੋਲਾਂ ਸੌ ਰਾਣੀ ਖੋਹ ਕੇ ਵਿਆਹ ਕੀਤਾ। ਸੁਰਪੁਰ ਤੋਂ

ਪਾਰਜਾਤ ਨੂੰ ਲੈ ਕੇ ਆਇਆ ਤੇ ਬਿੰਦ੍ਰਬਨ ਚ ਮੌਜਾਂ ਕੀਤੀਆਂ । ਜਿਸ ਨੇ ਪਾਂਡਵ ਦੀ ਲੜਾਈ ਜਿਤਾਈ ਤੇ ਦ੍ਰੁਪਦਾ (ਦ੍ਰੋਪਤੀ) ਦੀ ਲਾਜ ਬਚਾਈ । ਸਾਰੇ ਕੌਰਵਾਂ ਨੂੰ ਮਾਰ ਮੁਕਾਇਆ ਤੇ ਅਪਣੇ ਸੇਵਕਾਂ ਦੀ ਰੱਖਿਆ ਕੀਤੀ । ਜੇਕਰ ਮੈਂ ਸਭ ਸੂਚਨਤਾ ਨੂੰ ਲਿਖਣ ਦੀ ਕੋਸ਼ਿਸ ਕਰਾਂ ਤਾਂ ਡਰਦਾ ਹਾਂ ਕਿ ਕਿਤੇ ਗ੍ਰੰਥ ਹੀ ਵੱਡਾ ਨਾ ਹੋ ਜਾਏ । ਇਸੇ ਲਈ ਮੈਂ ਥੋਹੜੀ ਕਥਾ ਦਾ ਉਚਾਰਣ ਕੀਤਾ ਹੈ । ਜੇਕਰ ਕੋਈ ਗਲਤੀ ਲੱਗੇ ਤਾਂ ਆਪੇ ਠੀਕ ਕਰ ਲੈਣੀ ।

*ਸਭ ਸੂਚਨਤਾ ਜੌ ਕਰਿ ਜੈਯੈ ॥ ਗ੍ਰੰਥ ਬਢਨ ਤੇ ਅਧਿਕ ਡਰੈਯੈ ॥*
*ਤਾਤੇ ਥੋਰੀ ਕਥਾ ਉਚਾਰੀ ॥ ਚੂਕ ਹੋਇ ਕਬਿ ਲੇਹੁ ਸੁਧਾਰੀ ॥੧੦॥*

(ਤੀਨ ਸੌ ਬੀਸਵੋਂ ਚਰਿਤ੍ਰ ਪੰਨਾ ੧੨੭੩)

ਨੋਟ :- ਕਵੀ ਕਹਿੰਦਾ ਹੈ ਕਿ ਓਦਾਂ ਗੱਪਾਂ ਮਾਰਨ ਲਈ ਤਾਂ ਮੇਰੇ ਪਾਸ ਬੜਾ ਮਸਾਲਾ ਹੈ ਪਰ ਡਰਦਾ ਹਾਂ ਕਿਤੇ ਗ੍ਰੰਥ ਹੀ ਵੱਡਾ ਨਾ ਜੋ ਜਾਏ ਇਸੇ ਲਈ ਮੈਂ ਅਪਣੀ ਕਥਾ ਛੋਟੀ ਕੀਤੀ ਹੈ । ਜੇਕਰ ਕੋਈ ਗਲਤੀ ਕਵੀਆਂ ਨੂੰ ਲੱਗੇ ਤਾਂ ਆਪੇ ਸੁਧਾਰ ਲੈਣਾ । ਗੁਰੂ ਗੋਬਿੰਦ ਸਿੰਘ ਜੀ ਕਦੇ ਵੀ ਕਿਸੇ ਨੂੰ ਅਜਿਹੀ ਆਗਿਆ ਨਹੀਂ ਦੇ ਸਕਦੇ ਕਿ ਜੇਕਰ ਮੈਂ ਕੋਈ ਗਲਤੀ ਕੀਤੀ ਹੈ ਤਾਂ ਤੁਸੀਂ ਠੀਕ ਕਰ ਲੈਣਾ। ਸਿੱਖ ਧਰਮ ਦੇ ਦੁਸ਼ਮਣਾਂ ਸਾਡੇ ਪੁਜਾਰੀਆਂ ਨੇ ਇਨ੍ਹਾਂ ਕਾਵਿ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਹ ਪ੍ਰਭਾਵ ਦੇਣ ਦੀ ਗਲਤੀ ਕੀਤੀ ਹੈ ਕਿ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਹੈ ਕਿ ਜਿੱਥੇ ਠੀਕ ਲੱਗੇ ਆਪੇ ਹੀ ਸੋਧ ਕਰ ਲੈਣੀ। ਇਹ ਇਕ ਅਜਿਹੀ ਚਾਲ ਹੈ ਜਿਸ ਦੁਆਰਾ ਸਿੱਖੀ ਦੇ ਦੁਸ਼ਮਣ ਗੁਰੂ ਗ੍ਰੰਥ ਸਾਹਿਬ ਦੀ ਦੀ ਬਾਣੀ ਨਾਲ ਛੇੜ ਛਾੜ ਕਰਨੀ ਚਾਹੁੰਦੇ ਹਨ। ਸਾਡੇ ਪੁਜਾਰੀ ਕਿਉਂਕਿ ਢੀਠ ਤੇ ਬੇਸ਼ਰਮ ਹਨ ਓਹ ਇਸ ਪੱਖ ਵੱਲ ਧਿਆਨ ਨਹੀਂ ਦੇਣਗੇ। ਓਹ ਤਾਂ ਗੁਰਸਿੱਖਾਂ ਨੂੰ ਪੰਥ ਚੋਂ ਛੇਕਣਾ ਜਾਣਦੇ ਹਨ-ਡਰਾਵੇ ਦੇਣੇ ਜਾਣਦੇ ਹਨ ਧੀਆਂ ਭੈਣਾਂ ਨੂੰ ਸ਼ਰਮੋ ਸ਼ਾਰ ਕਰਨਾ ਜਾਣਦੇ ਹਨ ਪਰ ਸਿੱਖੀ ਸੋਚ ਅਪਣਾਉਣੀ ਨਹੀਂ ਜਾਣਦੇ। ਮੈਂ ਜਾਣਦਾ ਹਾਂ ਸਾਰਿਆਂ ਨੂੰ ਇਕੋ ਰੱਸੇ ਨਹੀਂ ਬੰਨ੍ਹਿਆ ਜਾ ਸਕਦਾ ਕਈ ਹਾਅ ਦਾ ਨਾਹਰਾ ਵੀ ਮਾਰਦੇ ਹਨ ਜੋ ਸਤਿਕਾਰ ਦੇ ਪਾਤਰ ਹਨ । ਇੱਥੇ ਗੱਲ ਕੇਵਲ ਉਨ੍ਹਾਂ ਦੀ ਕਰ ਰਿਹਾ ਹਾਂ ਜੋ ਸਿੱਖੀ ਭੇਖ ਅੰਦਰ ਚੇਹਰੇ ਛੁਪਾ ਕੇ ਧਰਮ ਨੂੰ ਖੋਰਾ ਲਗਾ ਰਹੇ ਹਨ ।

ਹੁਣ ਮੈਂ ਰੁਕਮਣੀ ਦੀ ਕਥਾ ਛੇੜਦਾ ਹਾਂ ਜਿਸ ਨੇ ਧੋਖੇ ਨਾਲ ਕ੍ਰਿਸ਼ਨ ਨੂੰ ਬਰਿਯਾ ਉਸ ਨੇ ਇਕ ਚਿੱਠੀ ਲਿਖ ਕੇ ਬਾਮ੍ਹਣ ਨੂੰ ਦਿੱਤੀ ਕਿ ਜਾ ਕੇ ਮਹਾਰਾਜ ਨੂੰ ਦੇਵੀਂ । ਚਿੱਠੀ ਪੜ੍ਹ ਕੇ ਦਲ ਜੋੜ ਕੇ ਕੁੰਦਨਪੁਰੀ ਨੇੜੇ ਪੁੱਜਾ ਉਧਰ ਰੁਕਮਣੀ ਪੰਡਿਤ ਨੂੰ ਕਹਿੰਦੀ ਕਿ ਮੇਰੇ ਦਿਲ ਦਾ ਭੇਤ ਕ੍ਰਿਸ਼ਨ ਨੂੰ ਦੱਸ ਦੇਹ । ਆਖੀਂ ਕਿ ਜਦ ਮੈਂ ਕਬਰ ਪੂਜਣ ਜਾਵਾਂ ਤੇ ਚੰਦ ਚੜ੍ਹ ਜਾਏ ਤਦ ਤੂੰ ਬਾਂਹ ਤੋਂ ਪਕੜ ਕੇ ਅਪਣੇ ਰੱਥ ਤੇ ਚੜ੍ਹਾ ਲੈਣਾ ਤੇ ਮੈਨੂੰ ਅਪਣੀ ਔਰਤ ਬਣਾ ਲੈਣਾ ਤੇ ਸਭ ਵੈਰੀਆਂ ਨੂੰ ਮਾਰ ਮੁਕਾਣਾ ।

*ਦੋਹਰਾ ॥ ਤਬ ਤੁਮ ਹਮ ਕੌ ਭੁਜਾ ਭਰਿ ਲੀਜਹੁ ਰਥਹਿ ਚੜ੍ਹਾਇ ॥*
*ਨਿਜੁ ਨਾਰੀ ਲੈ ਕੀਜਿਯਹੁ ਦੁਸਟ ਸਭਨ ਕੋ ਘਾਇ ॥੧੫॥* (ਤੀਨ ਸੌ ਬੀਸਵੋਂ ਚਰਿਤ੍ਰ ਪੰਨਾ ੧੨੭੩)

ਰੁਕਮਣੀ ਨੇ ਭਾਂਤਿ ਭਾਂਤਿ ਦੇ ਪਕਵਾਨ ਤੇ ਮਠਿਯਾਈ ਬਣਾ ਕੇ ਵਿਆਹ ਦੀ ਮੌਜ ਬਣਾਈ । ਕ੍ਰਿਸ਼ਨ ਔਰਤਾਂ ਦੇ ਝੁੰਡ ਚ ਫੁੱਲਿਆ ਘੁੰਮਦਾ ਰਿਹਾ ਪਰ ਸਿਰ ਦੇ ਮੁੰਨੇ ਜਾਣ ਦੀ ਮਨ ਚ ਖਬਰ ਈ ਨਾ ਰਹੀ । ਕਬਰ ਪੂਜਣ ਲਈ ਅਪਣੀ ਭੈਣ ਨੂੰ ਭੇਜ ਦਿੱਤਾ ਜਿਸ ਨੂੰ ਕ੍ਰਿਸ਼ਨ ਨੇ ਚੁੱਕ ਲਿਆ । ਭੈੜੇ ਲੋਕ ਮੂੰਹ ਤੱਕਦੇ ਹੀ ਰਹਿ ਗਏ-ਓਦਾਂ ਹਾਇ ਹਾਇ ਆਖੀਂ ਜਾਣ । ਕ੍ਰਿਸ਼ਨ ਰੁਕਮਣੀ ਦੀ ਭੈਣ ਨੂੰ ਰੱਥ ਚ ਸੁੱਟ ਕੇ ਲੈ ਤੁਰਿਆ ਤਦ ਬੀਰ ਗੁੱਸਾ ਖਾ ਕੇ ਕ੍ਰਿਸ਼ਨ ਤੇ ਟੁੱਟ ਪਏ । ਜਰਾਸਿੰਧ ਤੇ ਆਦਿ ਬੀਰਾਂ ਨੇ ਚੰਗਾ ਰੰਗ ਬੰਨਿਆ ਸੁਰੂ ਹੋਈ ਘਮਸਾਣ ਦੀ ਲੜਾਈ-ਮਘੇਲੇ ਧੱਧੇਲੇ ਬੁੰਦੇਲੇ ਚੰਦੇਲੇ ਬਘੇਲੇ ਖੰਡੇਲੇ ਰਣ ਤੱਤੇ ਚ ਕੁੱਦੇ (ਇਤਿਹਾਸ ਦੇ ਖੋਜੀ ਆਪੇ ਠੀਕ ਕਰ ਲੈਣ ਕਵੀ ਇਹ ਕਹਿ ਚੁੱਕਾ ਹੈ) ਤਦ ਰੁਕਮਣੀ ਅਪਣੇ ਸਾਰੇ ਭਰਾਵਾਂ ਨੂੰ ਨਾਲ ਲੈ ਕੇ ਕੁੱਦੀ ਮੈਦਾਨ ਚ ਦੋਨੇ ਪਾਸਿਆਂ ਤੋਂ ਬਾਣਾਂ ਦੀ ਬਰਖਾ-ਪਰੀਆਂ ਦਾ ਆਉਣਾ-ਜ੍ਵਾਲਾ ਦਾ ਉਠਣਾ-ਨਗਾਰਿਆਂ ਦੀਆਂ ਚੋਟਾਂ-ਮਾਰੂ ਰਾਗਾਂ ਦੇ ਚੀਕ ਚਿਹਾੜੇ-ਗਿੱਧਾਂ ਦਾ ਮਾਸ ਨੋਚ ਨੋਚ ਖਾਣਾ-ਕਿਤੇ ਅੰਗਾਂ ਦੇ ਕੱਟ ਜਾਣ ਤੇ ਬਿਖਰ ਜਾਣਾ-ਕਿਤੇ ਉਂਗਲੀਆਂ ਦੇ ਕੱਟ ਜਾਣ ਨਾਲ ਲਹੂ ਦੇ ਝਰਨੇ-ਕਿਤੇ ਹੱਥਾਂ ਚ ਕ੍ਰਿਪਾਨਾ ਫੜੀਆਂ ਦੀ ਫੜੀਆਂ ਘੁੰਮ ਘੁੰਮ ਕੇ ਧਰਤੀ ਤੇ ਗਿਰਨਾ-ਚੰਦੇਲਿਆਂ ਦਾ ਗੁੱਸਾ ਖਾ ਕੇ ਕ੍ਰਿਸ਼ਨ ਨੂੰ ਘੇਰਨਾ ਤੇ ਕ੍ਰਿਸ਼ਨ ਦੁਆਰਾ ਚੰਦੇਰੀਸ ਤੇ ਜਰਾਸਿੰਧ ਨੂੰ ਮਾਰ ਮੁਕਾਣਾ-ਲਓ ਰੁਕਮਣੀ ਵੀ ਪੁੱਜੀ-ਕੀਤਾ ਜੰਗ ਕ੍ਰਿਸ਼ਨ ਨਾਲ-ਓਹ ਆਪ ਹਾਰੀ ਪਰ ਕ੍ਰਿਸ਼ਨ ਨੂੰ ਫਤਹਿ ਹੋਈ । ਕਈ ਚੰਦੇਲਨ ਦੇ ਸਿਰ ਟੁੱਟੇ-ਬੰਦੇਲਿਆਂ ਨੂੰ ਸ਼ਰਮ ਨੇ ਮਾਰਿਆ ਜੋ ਅਪਣੀ ਨਾਰਿ ਗਵਾ ਕੇ ਚੰਦੇਰੀ ਪਰਤੇ ।

*ਦੋਹਰਾ ॥ ਗਏ ਚੰਦੇਲ ਚੰਦੇਰਿਯਹਿ ਕਰ ਤੇ ਨਾਰਿ ਗਵਾਇ ॥*
*ਇਹ ਚਰਿੱਤ੍ਰ ਤਨ ਰੁਕਮਨੀ ਬਰਤ ਭਈ ਜਦੁਰਾਇ ॥੩੧॥* (ਤੀਨ ਸੌ ਬੀਸਵੋਂ ਚਰਿਤ੍ਰ ਪੰਨਾ ੧੨੭੫)

ਨੋਟ :- ਗੁਰੂ ਨਾਨਕ ਦਾ ਧਰਮ ਕ੍ਰਿਸ਼ਨ ਬਾਰੇ ਜੋ ਵਿਚਾਰ ਰੱਖਦਾ ਹੈ ਉਹ ਅਸੀਂ ਰੋਜ ਆਸਾ ਦੀ ਵਾਰ ਚ ਅਤੇ ਗੁਰੂ ਗ੍ਰੰਥ ਸਾਹਿਬ ਜੀ ਚ ਪੜ੍ਹਦੇ ਹਾਂ । ਸਵਾਲ ਤਾਂ ਇਹ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਸ਼ਨ ਨੂੰ ਕੋਈ ਮਾਨਤਾ ਦੇਂਦੇ ਹਨ ? ਉੱਤਰ ਹਮੇਸਾਂ ਨਾਂਹ ਚ ਹੀ ਮਿਲਦਾ ਹੈ ਫਿਰ ਅਸੀਂ ਇਨ੍ਹਾਂ ਕਥਾ ਕਹਾਣੀਆਂ ਦਾ ਸਬੰਧ ਗੁਰੂ ਜੀ ਨਾਲ ਕਿਵੇਂ ਜੋੜ ਸਕਦੇ ਹਾਂ । ਕੀ ਪੁਜਾਰੀ ਸ਼ਰੇਣੀ ਗੁਰਸਿੱਖਾਂ ਦੇ ਸੰਕੇ ਦੂਰ ਕਰੇਗੀ । ਫਿਰ ਕ੍ਰਿਸ਼ਨ ਤੇ ਰੁਕਮਣੀ ਦਾ ਸਿੱਖ ਧਰਮ ਨਾਲ ਕੀ ਸਬੰਧ ?

## ਇਲਾਕਾ : ਸੁੱਕ੍ਰਾਵਤੀ ਪੁਰ

(ਤੀਨ ਸੌ ਇਕੀਸਵੋਂ ਚਰਿਤ੍ਰ ਪੰਨਾ ੧੨੭੫-੭੬)

### ਸੁੱਕ੍ਰਾਚਾਰਜ ਦੀ ਕਹਾਣੀ

ਪਾਤਰ : ਸੁੱਕ੍ਰਾਚਾਰਜ, ਦੇਵਜਾਨਿ (ਸੁਤਾ) ਤੇ ਕਚਮਾਨਾ (ਦਿਜਬਰ) : ਦੈਂਤਾਂ ਦਾ ਗੁਰੂ ਸੁੱਕ੍ਰਾਚਾਰਜ ਸੁੱਕ੍ਰਾਵਤੀ ਪੁਰ ਪਿੰਡ ਚ ਰਹਿੰਦਾ । ਦੇਵਤੇ ਜਿਸਨੂੰ ਮਾਰ ਕੇ ਜਾਂਦੇ ਉਸ ਨੂੰ ਸੰਜੀਵਨੀ ਪੜ੍ਹ ਕੇ ਜਿੰਦਾ ਕਰ ਦੇਂਦਾ । ਉਸ ਦੀ ਇਕ ਧੀ ਦੇਵਜਾਨਿ ਜੋ ਬਹੁਤ ਹੀ ਸਨੁੱਖੀ ਸੀ । ਦੇਵਤਿਆਂ ਦਾ ਪ੍ਰੋਹਿਤ (ਦਿਜਬਰ) ਉਦੋਂ ਸੁੱਕ੍ਰ ਦੇ ਘਰ ਆਉਂਦਾ ਤਾਂ ਉਸ ਨਾਲ ਦੇਵਜਾਨਿ ਦਾ ਮੋਹ ਹੋ ਗਿਆ। ਉਹ ਆਉਂਦਾ ਸੀ ਸੰਜੀਵਨ ਮੰਤ੍ਰ ਲੈਣ ਲਈ। ਜਦ ਦੈਂਤਾਂ ਨੂੰ ਇਸ ਗੱਲ ਦਾ ਭੇਦ ਲੱਗਿਆ ਤਾਂ ਉਸ ਨੂੰ ਮਾਰ ਕੇ ਨਦੀ ਚ ਸੁੱਟ ਦਿੱਤਾ । ਜਦ ਉਹ ਬਹੁਤੀ ਦੇਰ ਤੱਕ ਘਰ ਨਾ ਪੁੱਜਾ ਤਾਂ ਦੇਵਜਾਨਿ ਨੂੰ ਬੜਾ ਦੁੱਖ ਪੁੱਜਾ । ਉਸ ਨੇ ਪਿਓ ਨੂੰ ਆਖ ਕੇ ਜਿੰਦਾ ਕਰਵਾ ਦਿੱਤਾ-ਦੈਂਤਾਂ ਨੂੰ ਇਸ ਗੱਲ ਤੇ ਬੜਾ ਦੁੱਖ ਪੁੱਜਾ । ਉਹ ਹਰ ਰੋਜ ਉਸ ਨੂੰ ਮਾਰ ਖਪਾਉਂਦੇ ਤੇ ਸੁੱਕ੍ਰ ਬਾਰ ਬਾਰ ਉਸ ਨੂੰ ਜਿੰਦਾ ਕਰ ਦੇਂਦਾ। ਦੈਂਤਾਂ ਨੇ ਉਸ ਨੂੰ ਮਾਰ ਕੇ ਸ਼ਰਾਬ ਵਿੱਚ ਸੁੱਟ ਦਿੱਤਾ । ਜਦ ਦੇਵਜਾਨਿ ਨੇ ਉਸ ਨੂੰ ਨਾ ਦੇਖਿਆ ਤਾਂ ਜਾ ਕੇ ਫਿਰ ਪਿਓ ਨੂੰ ਕਹਿੰਦੀ ਕਿ ਹੁਣ ਤੱਕ ਕਚ ਘਰ ਨੀ ਆਇਆ ਸ਼ਾਇਦ ਦੈਂਤਾਂ ਨੇ ਮਾਰ ਮੁਕਾਇਆ । ਸੁੱਕ੍ਰ ਨੇ ਧਿਆਨ ਲਗਾਇਆ ਤੇ ਦੇਖਿਆ ਕਿ ਓਹ ਤਾਂ ਉਸ ਦੇ ਅਪਣੇ ਹੀ ਪੇਟ ਵਿੱਚ ਹੈ । ਉਸ ਨੇ ਮੰਤ੍ਰ ਪੜ੍ਹ ਕੇ ਅਪਣਾ ਪੇਟ ਫਾੜਿਆ ਤੇ ਕਚ ਨੂੰ ਅਪਣੇ ਪੇਟ ਵਿੱਚੋਂ ਕੱਢਦਿਆਂ ਸੁੱਕ੍ਰ ਮਰ ਗਿਆ (ਇਕ ਬੰਦੇ ਦੇ ਢਿੱਡ ਚ ਬੰਦਾ ਕਿਵੇਂ ਵੜ ਗਿਆ ਸੋਚਣ ਵਾਲੀ ਗੱਲ ਹੈ) ਮੰਤ੍ਰ ਸ਼ਕਤੀ ਨਾਲ ਉਸ ਨੂੰ ਜਿੰਦਾ ਕਰ ਕੇ ਸ਼ਰਾਬ ਨੂੰ ਸਰਾਪ ਦੇ ਦਿੱਤਾ ਕਿ ਤੈਨੂੰ ਕੋਈ ਨਹੀਂ ਪੀਏਗਾ :-

*ਕਾਢਤ ਤਾਹਿ ਸੁੱਕ੍ਰ ਮਰਿ ਗਯੋ ॥ ਬਹੁਰਿ ਮੰਤ੍ਰ ਬਲ ਕਚਹਿ ਜਿਯਯੋ ॥*
*ਸ੍ਰਾਪ ਦਯੋ ਮਦਰਾ ਕੋ ਤਿਹ ਤਹ ॥ ਤਾਤੇ ਪਿਯਤ ਨ ਯਾਕਹ ਕੋਊ ਕਹ ॥੯॥*

(ਤੀਨ ਸੌ ਇਕੀਸਵੋਂ ਚਰਿਤ੍ਰ ਪੰਨਾ ੧੨੭੫)

ਦੇਵਜਾਨਿ ਲਾਜ ਤਜ ਕੇ ਕਚ ਨੂੰ ਕਹਿੰਦੀ ਕਿ ਤੂੰ ਮੇਰੇ ਨਾਲ ਭੋਗ ਕਰ ਤੇ ਮੇਰੇ ਤਨ ਦੇ ਜਾਗੇ ਕਾਮ ਨੂੰ ਸ਼ਾਤ ਕਰ ।

*ਦੇਵਜਾਨਿ ਪੁਨਿ ਐਸ ਬਿਚਾਰਾ ॥ ਯੌ ਕਚ ਤਨ ਤਜਿ ਲਾਜ ਉਚਾਰਾ ॥*
*ਕਾਮ ਭੋਗ ਮੋਸੌ ਤੈ ਕਰੁ ਰੇ ॥ ਹਮਰੇ ਮਦਨ ਤਾਪ ਕਹ ਹਰੁ ਰੇ ॥੧੦॥*

(ਤੀਨ ਸੌ ਇਕੀਸਵੋਂ ਚਰਿਤ੍ਰ ਪੰਨਾ ੧੨੭੫)

ਉਸ ਨੇ ਦੇਵਜਾਨਿ ਨਾਲ ਭੋਗ ਕਰਨ ਤੋਂ ਮਨਾ ਕਰ ਦਿੱਤਾ ਜਦਕਿ ਉਹ ਕਾਮ ਦੀ ਅੱਗ ਚ ਸੜ ਰਹੀ ਸੀ। ਉਸ ਨੂੰ ਬੜਾ ਗੁੱਸਾ ਚੜ੍ਹਿਆ ਕਿ ਇਸ ਨੇ ਮੇਰੇ ਨਾਲ ਭੋਗ ਨਹੀਂ ਕੀਤਾ ਇਸ ਤਰੀਕੇ ਨਾਲ ਉਸ ਨੇ ਕਚ ਨੂੰ ਸ੍ਰਾਪ ਦੇ ਦਿੱਤਾ :-

*ਇਹ ਬਿਧਿ ਸ੍ਰਾਪ ਦੇਤ ਤਿਹ ਭਈ ॥ ਕਥਾ ਚਉਪਈ ਸੁ ਮੈ ਬਨਈ ॥*
*ਪਾਪੀ ਫੁਰੈ ਮੰਤ੍ਰ ਤਵ ਨਾਹੀ ॥ ਤੋ ਤੇ ਸੁਰ ਨ ਜਿਵਾਏ ਜਾਂਹੀ ॥੧੨॥*

(ਤੀਨ ਸੌ ਇਕੀਸਵੋਂ ਚਰਿਤ੍ਰ ਪੰਨਾ ੧੨੭੫)

ਕਹਿੰਦੀ ਜੇਕਰ ਦੇਵਤਿਆਂ ਨੇ ਮੰਤ੍ਰ ਸਿੱਖ ਲਿਆ ਤਾਂ ਫੇਰ ਇਨ੍ਹਾਂ ਨੇ ਕਾਬੂ ਨਹੀਂ ਆਉਣਾ । ਕਵੀ ਕਹਿੰਦਾ :-

*ਤਾਂਹਿ ਮਰੋ ਬਹੁ ਬਾਰ ਜਿਯਾਯੋ ॥ ਤਬ ਸ੍ਰਾਪਯੋ ਜਬ ਭੋਗ ਨ ਪਾਯੋ ॥*
*ਤ੍ਰਿਯ ਚਰਿਤ੍ਰ ਗਤਿ ਕਿਨੂੰ ਨ ਪਾਈ ॥ ਜਿਨਿ ਬਿਧਨ ਇਹ ਨਾਰਿ ਬਨਾਈ ॥੧੬॥*

(ਤੀਨ ਸੌ ਇਕੀਸਵੋਂ ਚਰਿਤ੍ਰ ਪੰਨਾ ੧੨੭੫)

ਨੋਟ :- ਗੁਰੂ ਨਾਨਕ ਦਾ ਧਰਮ (ਸਿੱਖ ਧਰਮ) ਵਰ ਤੇ ਸ੍ਰਾਪਾਂ ਵਿੱਚ ਵਿਸ਼ਵਾਸ ਨਹੀਂ ਰੱਖਦਾ । ਓਹ ਤਾਂ ਕਹਿੰਦਾ ਹੈ ਕਿ ਸੁਰਗ ਦੀ ਆਸ ਵਿੱਚ ਕੱਛਾਂ ਨਹੀਂ ਬਜਾਉਣੀਆਂ ਚਾਹੀਦੀਆਂ ਤੇ ਨਾ ਹੀ ਨਰਕਾਂ ਤੋਂ ਡਰਨਾ ਚਾਹੀਦਾ ਹੈ । ਕਿਉਂਕਿ ਰੱਬ ਨੂੰ ਜੋ ਚੰਗਾ ਲੱਗਦਾ ਹੈ ਓਹ ਓਹੀ ਕਰਦਾ ਹੈ । ਰੱਬ ਕਿਸੇ ਤੋਂ ਸਲਾਹ ਨਹੀਂ ਪੁੱਛਦਾ । ਸਿੱਖ ਜੰਤ੍ਰ ਮੰਤ੍ਰ ਟੂਣੇ ਤੰਤ੍ਰਾਂ ਨੂੰ ਵੀ ਨਹੀਂ ਮੰਨਦਾ ਕਿਉਂਕਿ ਉਸ ਦਾ ਵਿਸ਼ਵਾਸ ਰੱਬ ਵਿੱਚ ਹੈ । ਰੱਬ ਦੀ ਰਜ਼ਾ ਅਤੇ ਸ਼ਕਤੀ ਅੱਗੇ ਕੋਈ ਜੰਤ੍ਰ ਮੰਤ੍ਰ ਤਾਕਤ ਨਹੀਂ ਰੱਖਦਾ । ਗੁਰੂ ਦਾ ਸਿੱਖ ਰੱਬ ਦੀ ਰਜ਼ਾ ਚ ਕੋਈ ਖਲਲ ਨਹੀਂ ਪਾਉਂਦਾ-ਕੋਈ ਮੰਤ੍ਰ ਸ਼ਕਤੀ ਨਾ ਕਿਸੇ ਨੂੰ ਮਾਰ ਸਕਦੀ ਹੈ ਤੇ ਨਾ ਹੀ ਜਿੰਦਾ ਕਰ ਸਕਦੀ ਹੈ ਅਜਿਹੀ ਦ੍ਰਿੜਤਾ ਗੁਰੂ ਦੇ ਸਿੱਖ ਕੋਲ ਹੈ । ਵਧੇਰੇ ਗਿਆਨ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੋ ਤੇ ਵਿਚਾਰੋ ।

ਇਹ ਕਾਵਿ ਰਚਨਾ ਮਨੁੱਖ ਨੂੰ ਵਰ ਤੇ ਸ੍ਰਾਪ ਜੰਤ੍ਰ ਮੰਤ੍ਰ ਕਰਨ ਤੇ ਕਰਾਉਣ ਨੂੰ ਉਤਸ਼ਾਹ ਦੇਂਦੀ ਹੈ । ਸਿੱਖ ਧਰਮ ਦੇ ਕੱਟੜ ਦੁਸ਼ਮਣਾ ਇਨ੍ਹਾਂ ਰਾਚਨਾਵਾਂ ਨਾਲ ਪਾਤਸ਼ਾਹੀ ੧੦ ਲਿਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਜੀ ਖੁਦ ਹੀ ਇਨ੍ਹਾਂ ਚ ਵਿਸ਼ਵਾਸ ਰੱਖਦੇ ਸਨ । ਇਸ ਤੋਂ ਵੱਡਾ ਮਜਾਕ-ਇਸ ਤੋਂ ਵੱਡਾ ਕੁਫਰ ਹੋਰ ਕੀ ਹੋ ਸਕਦਾ ਹੈ । ਸਾਡੇ ਵੱਡੇ ਪੁਜਾਰੀ ਤੇ ਸੰਤ ਸਾਧ ਇਸ ਕੁਫਰ ਅੱਗੇ ਡੰਡਾਉਤਾਂ ਕਰਦੇ ਹਨ । ਰੱਬ ਉਨ੍ਹਾਂ ਨੂੰ ਸਿੱਖੀ ਜੀਵਨ ਤੇ ਚੰਗੀ ਮੱਤ ਦਏ ।

ਇਲਾਕਾ : ਛਜਕਰਨਨ (ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੬-੭੮)

## ਜਟਾਂ ਚੋਂ ਔਰਤ ਕੱਢੋ ਤੇ ਭੋਗ ਕਰੋ

ਪਾਤਰ : ਸੁਛਬਿ ਕੇਤ (ਨ੍ਰਿਪਤਿ), ਅਚਰਜ ਦੇ (ਨਾਰੀ) ਤੇ ਮਕਰਾਛਮਤੀ (ਦੁਹਿਤਾ) :

ਹੇ ਰਾਜਨ ਮੈਂ ਇਕ ਹੋਰ ਕਥਾ ਸੁਣਾਉਂਦਾ ਹਾਂ ਜੋ ਮੇਰੇ ਚਿੱਤ ਚ ਉੱਤਰੀ ਹੈ । ਛਜਕਰਨਨ ਦੇਸ ਦੇ ਰਾਜਾ ਸੁਛਬਿ ਕੇਤ ਦੀ ਔਰਤ ਅਚਰਜ ਦੇ ਜਣੋ ਸੁਨਿਆਰ ਨੇ ਸਾਂਚੇ ਢਾਲ ਕੇ ਬਣਾਈ ਹੋਏ । ਉਸ ਦੀ ਧੀ ਮਕਰਾਛਮਤੀ ਚੰਦ ਵਰਗੀ ਸੋਹਣੀ ਜਦ ਜਵਾਨ ਹੋਈ ਤਾਂ ਉਸ ਨੇ ਇਕ ਸ਼ਾਹ ਦੇ ਪੁੱਤ ਨਾਲ ਪਿਆਰ ਕੀਤਾ :-

*ਜਬ ਬਰ ਜੋਗ ਭਈ ਵਹੁ ਦਾਰਾ ॥ ਸ਼ਾਹੁ ਪੂਤ ਤਨ ਕਿਯਾ ਪਯਾਰਾ ॥*
*ਕਾਮ ਕੇਲ ਤਿਹ ਸਾਥ ਕਮਾਵੈ ॥ ਭਾਂਤਿ ਅਨਿਕ ਤਨ ਤਾਹਿ ਰਿਝਾਵੈ ॥੩॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੬)

ਕਿਸੇ ਨੇ ਮਿਤ੍ਰ ਨੂੰ ਫੜ ਕੇ ਅਪਣੇ ਘਰ ਬੰਨ ਸੁੱਟਿਆ । ਰਾਜਕੁਮਾਰੀ ਮਿਤ੍ਰ ਤੋਂ ਬਿਨਾਂ ਬੜੀ ਦੁਖੀ ਹੋਈ । ਉਸ ਨੇ ਬੀਰ ਸੱਦਿਆ ਤੇ ਹੁਕਮ ਕੀਤਾ ਕਿ ਓਹਦੀ ਮੰਜੀ ਇੱਥੇ ਚੁੱਕ ਲਿਆਓ :-

*ਕੁਅਰਿ ਮਿੱਤ੍ਰ ਬਿਨੁ ਬਹੁ ਦੁਖੁ ਪਾਯੋ ॥ ਬੀਰ ਹਾਂਕਿ ਇਕ ਨਿਕਟ ਬੁਲਾਯੋ ॥*
*ਤਾਸੌਂ ਕਹਾ ਤਹਾਂ ਤੁਮ ਜਾਈ ॥ ਲਯਾਹੁ ਸਜਨ ਕੀ ਖਾਟਿ ਉਚਾਈ ॥੫॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੬)

ਬਚਨ ਸੁਣ ਕੇ ਬੀਰ ਗਿਆ ਤੇ ਮੰਜੀ ਸਣੇ ਮਿਤ੍ਰ ਉਠਾ ਲਿਆਂਦਾ । ਮੁਟਿਆਰ ਨੇ ਮਿਤ੍ਰ ਨਾਲ ਕਾਮ ਭੋਗ ਕਰ ਕੇ ਵਾਪਸ ਉਸੇ ਢੰਗ ਭੇਜ ਦਿੱਤਾ :-

*ਸੁਨਤ ਬਚਨ ਤਹ ਬੀਰ ਸਿਧਯੋ ॥ ਖਾਟ ਉਚਾਇ ਲਯਾਵਤ ਭਯੋ ॥*
*ਕਾਮ ਭੋਗ ਕਰਿ ਕੁਅਰਿ ਕੁਅਰ ਸੰਗ ॥ ਪਹੁਚਾਯੋ ਗ੍ਰਿਹਿ ਤਾਹਿ ਤਿਸੀ ਢੰਗ ॥੬॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੬)

ਇਕ ਦਿਨ ਬਾਪ ਧੀ ਦੇ ਘਰ ਗਿਆ । ਸੇਜ ਦਲਮਲੀ ਦੇਖ ਕੇ ਸ਼ੱਕ ਪੈਦਾ ਹੋਈ । ਘਰ ਆ ਕੇ ਉਸ ਨੇ ਸ਼ਹਿਰ ਢੰਡੋਰਾ ਪਿਟਵਾ ਦਿੱਤਾ ਕਿ ਜੋ ਫੁੱਲ ਖ੍ਰੀਦਣ ਆਏ ਮੇਰੇ ਪਰਖੇ ਬਿਨਾ ਕੋਈ ਨਾ ਖਰੀਦੇ । ਜਦ ਫੁੱਲ ਵਿਕਣ ਲਈ ਆਏ ਤਾਂ ਰਾਜਾ ਦੇਖਣ ਗਿਆ । ਇਕ ਜੋਗੀ ਪੰਜ ਮਣ ਫੁੱਲਾਂ ਦਾ ਮੁੱਲ ਚੁਕਾ ਕੇ ਲੈ ਗਿਆ ਓਹਦੇ ਪਿਛੇ ਰਾਜਾ ਪਿੱਛਾ ਕਰਦਾ ਤੁਰਿਆ । ਤੁਰਦੇ ਤੁਰਦੇ ਓਹ ਸੰਘਣੇ ਬਨ ਚ ਪੁੱਜ ਗਏ ਜਿੱਥੇ ਹੋਰ ਤੀਜਾ ਮਨੁੱਖ ਨਹੀਂ ਸੀ । ਤਦ ਜੋਗੀ ਨੇ ਅਪਣੀਆਂ ਜਟਾਂ ਨੂੰ ਖੋਲਿਆ ਤੇ ਉਸ ਵਿੱਚੋਂ ਇਕ ਨਾਰਿ ਕੱਢੀ ਤੇ ਕਾਮ ਭੋਗ ਕੀਤਾ :-

*ਤਬ ਜੋਗੀ ਸਰ ਜਟਾ ਉਘਾਰੀ ॥ ਤਿਨ ਭੀਤਰ ਤੇਂ ਨਾਰਿ ਨਿਕਾਰੀ ॥*
*ਭਾਂਤਿ ਭਾਂਤਿ ਤਾਸੌਂ ਰਤਿ ਕਰਿਕੈ ॥ ਸੋਯੋ ਤਾਪ ਮਦਨ ਕੌ ਹਰਿਕੈ ॥੧੧॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੭)

ਜਸ ਸੰਨਿਆਸੀ ਸੌਂ ਗਿਆ ਤਾਂ ਉਸ ਦੀਆਂ ਜਟਾਂ ਚੋਂ ਔਰਤ ਨੇ ਇਕ ਪੁਰਖ ਕੱਢ ਕੇ ਚੰਗਾ ਕਾਮ ਭੋਗ ਕੀਤਾ :-

*ਜਬ ਹੀ ਸੋਇ ਸੰਨਯਾਸੀ ਗਯੋ ॥ ਜੂਤ ਜਟਨ ਤਿਹ ਨਾਰਿ ਛੁਰਯੋ ॥*
*ਤਹ ਤੇ ਪੁਰਖ ਏਕ ਤਿਹ ਕਾਢਾ ॥ ਕਾਮ ਭੋਗ ਤਾਸੌਂ ਕਰਿ ਗਾਢਾ ॥੧੨॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੭)

ਰਾਜੇ ਨੇ ਇਹ ਚਰਿਤ੍ਰ ਦੇਖਿਆ ਓਹ ਹੱਥ ਜੋੜ ਕੇ ਜੋਗੀ ਨੂੰ ਕਹਿੰਦਾ ਕਿ ਕੱਲ ਨੂੰ ਕ੍ਰਿਪਾ ਕਰਕੇ ਮੇਰੇ ਘਰ ਆਉਣਾ ਤੇ ਯਥਾ ਸ਼ਕਤੀ ਨਾਲ ਭੋਜਨ ਛਕਣਾ । ਅਗਲੀ ਸਵੇਰ ਸੰਨਿਆਸੀ ਭਗਵਾਂ ਭੇਸ ਧਾਰ ਕੇ ਉਸ ਦੇ ਘਰ ਆਇਆ। ਉਸਨੇ ਤਿੰਨ ਥਾਲ ਭੋਜਨ ਦੇ ਭਰ ਕੇ ਉਸ ਅੱਗੇ ਰੱਖੇ ਤਾਂ ਸੰਨਿਆਸੀ ਹਸ ਕੇ ਕਹਿੰਦਾ ਮੈਂ ਇਕੱਲਾ ਹਾਂ ਫਿਰ ਤਿੰਨ ਥਾਲ ਭੋਜਨ ਦੇ ਕਿਸ ਦੇ ਲਈ । ਰਾਜਾ ਕਹਿੰਦਾ :-

*ਏਕ ਥਾਰ ਭੋਜਨ ਤੁਮ ਕਰੋ ॥ ਦੁਤਿਯ ਜਟਨ ਮੇ ਤਿਹ ਅਨਸਰੋ ॥*
*ਜਿਹ ਤਿਹ ਭਾਂਤਿ ਜਟਾ ਛੁਰਵਾਇ ॥ ਤਹ ਤੇ ਨਾਰਿ ਨਿਕਾਸੀ ਰਾਇ ॥੧੭॥*

*ਤ੍ਰਿਤਿਯ ਥਾਰ ਆਗੇ ਤਿਹ ਰਾਖਾ ॥ ਬਿਹਸਿ ਬਚਨ ਤਾਸੌ ਨ੍ਰਿਪ ਭਾਖਾ ॥*
*ਕੇਸ ਫਾਂਸ ਤੇ ਪੁਰਖ ਨਿਕਾਰਹੁ ॥ ਯਹ ਭੋਜਨ ਤੁਮ ਤਾਕਹ ਖ੍ਵਾਰਹੁ ॥੧੮॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੭)

ਕਿਸੇ ਢੰਗ ਨਾਲ ਉਸ ਨੂੰ ਵੀ ਕੱਢ ਕੇ ਧੀ ਨੂੰ ਕਹਿੰਦਾ ਕਿ ਇਸ ਨੂੰ ਕਹੋ ਕਿ ਤਿੰਨੋ ਥਾਲ ਖਾ ਲਵੇ । ਇਹ ਸੁਣ ਕੇ ਕੁੜੀ ਚਕ੍ਰਿਤ ਹੋ ਗਈ । ਉਸ ਨੇ ਯਾਰ ਸਮੇਤ ਬੀਰ ਬੁਲਾ ਕੇ ਅਪਣੇ ਸਾਥ ਭੋਜਨ ਖਾਧਾ । ਓਹਨੇ ਸੋਚਿਆ ਕਿ ਰਾਜੇ ਨੇ ਮੇਰਾ ਚਰਿਤ ਦੇਖ ਲਿਆ ਹੈ । ਹੁਣ ਕਿਹੜਾ ਉਪਾਅ ਕਰਕੇ ਇਸ ਚੋਂ ਨਿਕਲਿਆ ਜਾਏ । ਉਸ ਨੇ ਬੀਰ ਬੁਲਾ ਕੇ ਅਜਿਹਾ ਮੰਤ੍ਰ ਉਚਾਰਿਆ ਜਿਸ ਨਾਲ ਪਿਓ ਅੰਨ੍ਹਾਂ ਹੋ ਗਿਆ । ਉਹ ਮਿਤ੍ਰ ਨਾਲ ਭੱਜ ਗਈ ਤੇ ਕਿਸੇ ਨੂੰ ਇਸ ਦਾ ਭੇਦ ਨਾ ਲੱਗਾ । ਸਵੇਰੇ ਰਾਜੇ ਨੇ ਲੋਕਾਂ ਨੂੰ ਕਿਹਾ ਕਿ ਕੋਈ ਚੰਗਾ ਬੈਦ ਬੁਲਾਓ ਜੋ ਮੇਰੀਆਂ ਅੱਖਾਂ ਦਾ ਇਲਾਜ ਕਰੇ।ਕੁੜੀ ਨੇ ਬੈਦ ਦਾ ਭੇਸ ਧਾਰ ਕੇ ਬਾਪ ਦੀਆਂ ਅੱਖਾਂ ਦਾ ਇਲਾਜ ਕਰ ਦਿੱਤਾ ਤੇ ਫਿਰ ਪਿਓ ਤੋਂ ਓਹੀ ਵਰ ਮੰਗ ਲਿਆ ਜਿਸ ਦੀ ਉਸ ਨੂੰ ਚਾਹਨਾ ਸੀ । ਕਵੀ ਰਾਮ ਅਪਣੀ ਮਤ ਦੇਂਦਾ ਕਹਿੰਦਾ ਹੈ ਕਿ :-

*ਇਨ ਇਸਤ੍ਰਿਨ ਕੇ ਚਰਿਤ ਅਪਾਰਾ ॥ ਸਜਿ ਪਛੁਤਾਨਯੋ ਇਨ ਕਰਤਾਰਾ ॥*

(ਤੀਨ ਸੌ ਬਾਈਸ ਚਰਿਤ੍ਰ ਪੰਨਾ ੧੨੭੮)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਜੋ ਭਾਵੇਂ ਲਿਖੀ ਤਾਂ ਗਈ ਹੈ ਕਵੀ ਰਾਮ ਦੁਆਰਾ ਪਰ ਧਰਮ ਦੇ ਠੇਕੇਦਾਰਾਂ ਨੇ ਪਾਤਸ਼ਾਹੀ ੧੦ ਲਿਖ ਕੇ ਗੁਰੂ ਦੀ ਰਾਹੀਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਜੰਤ੍ਰ ਮੰਤ੍ਰ ਕਰ ਕੇ ਕਿਸੇ ਵੀ ਕੁੜੀ ਜਾਂ ਮੁੰਡੇ ਨੂੰ ਬੀਰਾਂ ਦੇ ਪ੍ਰਜੋਗ ਦੁਆਰਾ ਭੋਗਿਆ ਜਾ ਸਕਦਾ ਹੈ।ਕਿਉਂਕਿ ਗੁਰੂ ਨਾਨਕ ਦਾ ਧਰਮ ਅਜਿਹੇ ਕਰਮਾਂ ਦੀ ਭਰਪੂਰ ਨਿਖੇਧੀ ਕਰਦਾ ਹੈ ਸਿੱਖ ਧਰਮ ਦੇ ਦੋਖੀਆਂ ਨੇ ਕਵੀ ਰਾਮ ਨੂੰ ਗੁਰੂ ਗੋਬਿੰਦ ਸਿੰਘ ਪ੍ਰਗਟ ਕਰਕੇ ਅਪਣੇ ਸੜਦੇ ਬਲਦੇ ਮਨ ਨੂੰ ਸਾਂਤ ਕੀਤਾ ਹੈ । ਜੰਤ੍ਰ ਮੰਤ੍ਰ ਟੂਣੈ ਤੰਤ੍ਰ ਕਰਨ ਵਾਲਾ ਗੁਰੂ ਨਾਨਕ ਦਾ ਸਿੱਖ ਹੋ ਹੀ ਨਹੀਂ ਸਕਦਾ । ਜੇਕਰ ਓਹ ਸਿੱਖੀ ਭੇਖ ਧਾਰ ਕੇ ਅਜਿਹਾ ਕਰਨ ਦਾ ਯਤਨ ਕਰਦਾ ਹੈ ਤਾਂ ਆਖ ਸਕਦੇ ਹਾਂ ਕਿ ਇਹ ਮੰਦ ਕਰਮੀ ਮਨੁੱਖ ਹੈ ਤੇ ਸਿੱਖ ਧਰਮ ਦਾ ਗਦਾਰ ।

ਸਿੱਖ ਧਰਮ ਦੇ ਵੱਡੇ ਪੁਜਾਰੀ ਤੇ ਸੰਤ ਸਾਧ ਜੇਕਰ ਅਜਿਹੇ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਦੀ ਕ੍ਰਿਤ ਮੰਨਦੇ ਹਨ ਤਾਂ ਉਨ੍ਹਾਂ ਨੂੰ ਸਿੱਖ ਧਰਮ ਤੋਂ ਬਾਹਰ ਸੁੱਟ ਦੇਣਾ ਚਾਹੀਦਾ ਹੈ ਕਿਉਂ ਕਿ ਇਹ ਗ੍ਰੰਥ ਸਿੱਖ ਸਮਾਜ ਦੇ ਮੱਥੇ ਤੇ ਕਲੰਕ ਹੈ । ਇਸ ਨਾਲ ਸਿੱਖ ਸਮਾਜ ਗੰਦਾ ਹੁੰਦਾ ਹੈ । ਅਗਿਆਨਤਾ ਦਾ ਪਸਾਰਾ ਹੁੰਦਾ ਹੈ । ਵਹਿਮਾਂ ਭਰਮਾਂ ਨੂੰ ਹੁੰਘਾਰਾ ਮਿਲਦਾ ਹੈ । ਇਸ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਹੁੰਦਾ ਹੈ । ਬਾ-ਹੋਸ਼ਿਆਰ-ਜਾਗਦੇ ਰਹਿਓ !

ਸ਼ਹਿਰ : ਭੇਹਰਾ (ਤੀਨ ਸੌ ਤੇਈਸ ਚਰਿਤ੍ਰ ਪੰਨਾ ੧੨੭੮-੭੯)

### ਕਤਲ ਕਰੋ ਤੇ ਯਾਰ ਭੋਗੋ

ਪਾਤਰ : ਭੱਦ੍ਰ ਸੈਨ (ਰਾਜਾ), ਕੁਮਦਨਿ ਦੇ (ਨਾਰੀ), ਪ੍ਰਮੁਦ ਸੈਨ (ਸੁਤ) ਤੇ ਸ਼ਾਹ ਸੁਤਾ : ਭੇਹਰਾ ਸ਼ਹਿਰ ਦੇ ਰਾਜਾ ਭੱਦ੍ਰਸੈਨ ਦੀ ਰਾਣੀ ਕੁਮਦਨਿ ਦੇ ਨੇ ਇਕ ਸੁੰਦਰ ਪੁੱਤ ਜੰਮਿਆ । ਜਦ ਓਹ ਜਵਾਨ ਹੋਇਆ ਤਾਂ ਨਿਰਾ ਕਾਮ ਦਾ ਦੇਵਤਾ। ਓਹਦਾ ਰੂਪ ਤੱਕ ਤੱਕ ਅਨੇਕਾਂ ਔਰਤਾਂ ਕੁਰਬਾਨ ਹੁੰਦੀਆਂ। ਇਕ ਸ਼ਾਹ ਦੀ ਧੀ ਨੇ ਉਸ ਦਾ ਰੂਪ ਤੱਕਿਆ ਤੇ ਸੁੱਧ ਬੁੱਧ ਖੋ ਬੈਠੀ । ਉਸ ਨੇ ਅਪਣੀ ਸਹੇਲੀ ਭੇਜ ਕੇ ਅਪਣੇ ਮਨ ਦੀ ਬ੍ਰਿਥਾ ਕਹਿ ਸੁਣਾਈ :-

*ਸਖੀ ਕੁਅਰ ਤਨ ਬ੍ਰਿਥਾ ਜਨਾਈ ॥ ਸ਼ਾਹ ਸੁਤਾ ਤਵ ਹੇਰਿ ਲੁਭਾਈ ॥*
*ਕਰਹੁ ਸਜਨ ਤਿਹ ਧਾਮ ਪਯਾਨਾ ॥ ਭੋਗ ਕਰੋ ਵਾਸੌ ਬਿਧਿ ਨਾਨਾ ॥੬॥*

(ਤੀਨ ਸੌ ਤੇਈਸ ਚਰਿਤ੍ਰ ਪੰਨਾ ੧੨੭੮)

ਮੁੰਡਾ ਕਹਿੰਦਾ ਇਸ ਨਗਰ ਚ ਦੋ ਖੁਦਾਈ ਰਹਿੰਦੇ ਹਨ ਜਿਨ੍ਹਾਂ ਨਾਲ ਸਾਡਾ ਝਗੜਾ ਹੈ।ਜੇਕਰ ਤੂੰ ਓਹ ਮਾਰ ਮੁਕਾਵੇਂ ਤਾਂ ਮੈਂ ਤੇਰੇ ਨਾਲ ਸੇਜ ਸਾਂਝ ਕਰ ਸਕਦਾ ਹਾਂ । ਇਹ ਸੁਣ ਕੇ ਕੁੜੀ ਨੇ ਤੁਰਕ ਦਾ ਭੇਖ ਧਾਰਣ ਕੀਤਾ ਤੇ ਹੱਥ ਚ ਕ੍ਰਿਪਾਨ ਲਈ, ਜਾ ਪਹੁੰਚੀ ਉੱਥੇ ਜਿੱਥੇ ਨਿਮਾਜੀ ਨਿਮਾਜ ਪੜ੍ਹ ਰਹੇ ਸਨ । ਜਦ ਉਹ ਨਿਮਾਜ ਪੜ੍ਹਦੇ ਸਮੇਂ ਸਿਜਦੇ ਲਈ ਝੁਕੇ ਤਾਂ ਉਸ ਨੇ ਦੋਨਾਂ ਦੀਆਂ ਧੋਣਾਂ ਵੱਖ ਕਰ ਦਿੱਤੀਆਂ ਇਸ ਢੰਗ ਨਾਲ ਦੋਨੋ ਖੁਦਾਈ ਮਾਰ ਕੇ ਯਾਰ ਨਾਲ ਪਿਆਰ ਦੀ ਪੀਂਘ ਝੂਟੀ ।

ਨੋਟ :- ਜਦ ਅਸੀਂ ਕਾਜੀ ਨੂਰ ਮੁਹੰਮਦ ਨੂੰ ਜਾਂ ਹੋਰ ਸਮਕਾਲੀ ਇਤਿਹਾਸਕਾਰਾਂ ਨੂੰ ਪੜ੍ਹਦੇ ਹਾਂ ਤਾਂ ਸਾਡੀ ਧੋਣ ਗਿੱਠ ਉੱਚੀ ਹੋ ਜਾਂਦੀ ਹੈ । ਭਾਵੇਂ ਓਹ ਸਾਨੂੰ ਕੁੱਤੇ ਆਖ ਆਖ ਅਪਣੇ ਮਨ ਨੂੰ ਸਾਂਤ ਕਰਦੇ ਹਨ ਪਰ ਜਦ ਆਚਰਣ ਦੀ ਗੱਲ ਕਰਦੇ ਹਨ ਤਾਂ ਓਹ ਵੀ ਇਹ ਕਹਿਣੋ ਨਹੀਂ ਰੁਕੇ ਕਿ ਇਹ ਕੁੱਤੇ (ਸਿੱਖ) ਵਿਭਚਾਰੀ ਨਹੀਂ-ਕਿਸੇ ਦੀ ਧੀ ਭੈਣ ਦੀ ਇੱਜਤ ਨਹੀਂ ਲੁੱਟਦੇ-ਕਿਸੇ ਦੇ ਗਹਿਣੇ ਗੱਟੇ ਨੂੰ ਹੱਥ ਨਹੀਂ ਲਾਉਂਦੇ-ਔਰਤ ਭਾਵੇਂ ਬੁੱਢੀ ਹੋਏ ਜਾਂ ਜਵਾਨ ਉਸ ਨੂੰ

ਬੁੱਢੀ ਕਰਕੇ ਬੁਲਾਉਂਦੇ ਹਨ। ਇਨ੍ਹਾਂ ਕੁੱਤਿਆਂ ਦੇ ਜੌਹਰ ਦੇਖਣੇ ਹਨ ਤਾਂ ਜੰਗੇ ਮੈਦਾਨ ਚ ਦੇਖੋ ਉਹ ਬੱਬਰ ਸ਼ੇਰ ਦੀ ਤਰ੍ਹਾਂ ਗਰਜਦੇ ਹਨ। ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨਾ ਆਖੋ ਇਹ ਸੱਚ ਮੁੱਚ ਦੇ ਸ਼ੇਰ ਹਨ । ਇਹ ਕੁੱਤੇ ਨਿਹੱਥਿਆਂ ਤੇ ਵਾਰ ਨਹੀਂ ਕਰਦੇ ਤੇ ਨਾ ਹੀ ਔਰਤ ਤੇ ਵਾਰ ਕਰਦੇ ਹਨ। ਇਹ ਸਮਕਾਲੀ ਇਤਿਹਾਸ ਕਾਰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਹੋਏ ਹਨ ੧੭ਵੀਂ ਸਦੀ ਚ। ਉਨ੍ਹਾਂ ਨੇ ਸਿੱਖਾਂ ਨੂੰ ਨੇੜਿਓਂ ਘੋਖਿਆ ਤੇ ਪਰਖਿਆ ਹੈ। ਜੇਕਰ ਗੁਰੂ ਜੀ ਨੇ ਸਿੱਖਾਂ ਨੂੰ ਕੋਈ ਗਲਤ ਸਿੱਖਿਆ ਦਿੱਤੀ ਹੁੰਦੀ ਤਾਂ ਓਹ ਮੰਦੇ ਕਰਮ ਕਰਦੇ। ਇਹ ਕਾਵਿ ਰਚਨਾ ਇਹ ਪ੍ਰਭਾਵ ਦੇਂਦੀ ਹੈ ਕਿ ਅਪਣੇ ਤਨ ਦੇ ਉਪਜੇ ਕਾਮ ਨੂੰ ਸ਼ਾਂਤ ਕਰਨ ਲਈ ਜੇਕਰ ਨਿਹੱਥੇ ਤੇ ਸਿਜਦਾ ਕਰ ਰਹਿਆਂ ਦਾ ਕਤਲ ਕਰਨਾ ਪਏ ਤਾਂ ਕੋਈ ਮਾੜਾ ਕਰਮ ਨਹੀਂ । ਇਹ ਘਟੀਆ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਗੁਰੂ ਜੀ ਨੂੰ ਬਦਨਾਮ ਕਰਨਾ ਗੈਰ ਕਨੂੰਨੀ ਹੈ । ਜੇਕਰ ਪੁਜਾਰੀ ਇਸ ਗੰਦੀ ਕਿਤਾਬ ਨੂੰ ਗੁਰੂ ਘਰਾਂ ਤੋਂ ਦੂਰ ਨਹੀਂ ਲਿਜਾਂਦੇ ਤਾਂ ਸਿੱਖ ਦਾ ਇਹ ਮੁੱਢਲਾ ਹੱਕ ਹੈ ਕਿ ਉਹ ਇਨਸਾਫ ਲਈ ਪੁਕਾਰ ਕਰੇ । ਗੁਰੂ ਨੂੰ ਮੰਦਾ ਆਖ ਆਖ ਫਿਰ ਵੀ ਅਪਣੇ ਆਪ ਨੂੰ ਅੰਮ੍ਰਿਤ ਧਾਰੀ ਸਿੱਖ ਅਖਵਾਈ ਜਾਣਾ ਅਪਣੇ ਆਪ ਨੂੰ ਧੋਖਾ ਦੇਣ ਸਮਾਨ ਹੈ ।

ਇਲਾਕਾ : ਬੰਦਰ ਬਸ (ਤੀਨ ਸੌ ਚੌਬੀਸ ਚਰਿਤ੍ਰ ਪੰਨਾ ੧੨੭੯-੮੦)

## ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਸੂਰਤਿ ਸੈਨ (ਨ੍ਰਿਪਤਿ), ਅੱਛਰਾ ਦੇਇ (ਨਾਰੀ), ਅਪਸਰ ਮਤੀ (ਸੁਤਾ) ਤੇ ਸੁਰਿਦ ਸੈਨ (ਸ਼ਾਹ ਸੁਤ)

ਮੰਤ੍ਰੀ ਨੇ ਫਿਰ ਕਥਾ ਛੇੜੀ ਜਿਸ ਦੇ ਰਸ ਚ ਰਾਜਾ ਖੁਭ ਗਿਆ (ਇਹ ਓਹੋ ਹੀ ਕਵੀ ਰਾਮ ਦਾ ਪ੍ਰਸੰਘ ਹੈ ਜਿਸ ਵਿੱਚ ਮੰਤ੍ਰੀ ਰਾਜਾ ਚਿਤ੍ਰ ਸਿੰਘ ਅਤੇ ਉਸ ਦੇ ਬੇਟੇ ਨੂੰ ਔਰਤਾਂ ਦੇ ਚਰਿਤ੍ਰ ਦੱਸਦਾ ਹੈ) ਕਹਿੰਦਾ ਸੂਰਤ ਸੈਨ ਰਾਜੇ ਦੀ ਸੁੰਦਰ ਰਾਣੀ ਜਣੋ ਸੁਨਿਆਰ ਨੇ ਸਾਂਚੇ ਢਾਲ ਕੇ ਬਣਾਈ ਹੋਏ। ਓਹਦੀ ਧੀ ਅਪਸਰ ਮਤੀ ਦਾ ਰੂਪ ਦੇਖ ਦੇਖ ਦੇਵਤੇ ਮਨੁੱਖ ਖੜੱਪੇ ਸੱਪ ਤੇ ਦੈਂਤਾਂ ਦੇ ਮਨ ਮੇਲਣ੍ਹ ਲੱਗਦੇ। ਉਸ ਨੇ ਇਕ ਸ਼ਾਹ ਦੇ ਪੁੱਤ ਸੁਰਿਦ ਸੈਨ ਦੀ ਸੁੰਦਰਤਾ ਤੱਕ ਕੇ ਸੁੱਧ ਬੁਧਿ ਭੁਲਾ ਦਿੱਤੀ। ਅਪਣੀ ਸਹੇਲੀ ਭੇਜ ਕੇ ਉਸ ਨੇ ਮਿਤ੍ਰ ਨੂੰ ਔਰਤ ਬਣਾ ਕੇ ਲਿਆਂਦਾ ਤੇ ਸੁਰੂ ਹੋਇਆ ਜਿਸਮਾਨੀ ਖੇਲ:-

*ਚਤੁਰਿ ਸਹਚਰੀ ਤਹਾਂ ਪਠਈ ॥ ਨਾਰਿ ਭੇਸ ਕਰਿ ਤਿਹ ਲੈ ਆਈ ॥*
*ਜਬ ਵਹੁ ਤਰੁਨ ਤਰੁਨਿਯਹਿ ਪਾਯੋ ॥ ਭਾਂਤਿ ਭਾਂਤਿ ਭਜਿ ਗਰੇ ਲਗਾਯੋ ॥੪॥*
*ਭਾਂਤਿ ਭਾਂਤਿ ਕੇ ਆਸਨ ਲੈ ਕੈ ॥ ਭਾਂਤਿ ਭਾਂਤਿ ਤਨ ਚੁੰਬਨ ਕੈ ਕੈ ॥*
*ਤਿਹ ਤਿਹ ਬਿਧਿ ਤਾਕੋ ਬਿਰਮਾਯੋ ॥ ਗ੍ਰਿਹਿ ਜੈਬੋ ਤਿਨਹੂੰ ਸੁ ਭੁਲਾਯੋ ॥੫॥*
*ਸਖੀ ਭੇਸ ਕਹ ਧਾਰੇ ਰਹੈ ॥ ਸੋਈ ਕਰੈ ਜੁ ਅਬਲਾ ਕਹੈ ॥*
*ਰੋਜ ਭਜੈ ਆਸਨ ਤਿਹ ਲੈ ਕੈ ॥ ਭਾਂਤਿ ਭਾਂਤਿ ਤਾਕਹ ਸੁਖ ਦੈ ਕੈ ॥੬॥* (ਤੀਨ ਸੌ ਚੌਬੀਸ ਚਰਿਤ੍ਰ ਪੰਨਾ ੧੨੭੯)

ਪਿਓ ਦੇਖਦਾ ਤਾਂ ਰੋਜ਼ ਪਰ ਭੇਦ ਨਾ ਪਾ ਸਕਿਆ । ਉਹ ਸਮਝਦਾ ਰਿਹਾ ਕਿ ਇਹ ਮੇਰੀ ਧੀ ਦੀ ਸਹੇਲੀ ਹੈ । ਓਹ ਉਸ ਦੀ ਹੋਰ ਵਧੇਰੇ ਸੇਵਾ ਕਰਦਾ । ਇਕ ਦਿਨ ਪਿਓ ਨੂੰ ਕਹਿੰਦੀ ਕਿ ਮੇਰੀ ਸਹੇਲੀ ਹੁਣ ਮਰਦ ਬਣ ਜਾਏਗੀ ।

*ਤ੍ਰਿਯ ਤੇ ਇਹੈ ਪੁਰਖ ਹ੍ਵੈ ਜਾਹੀ ॥ ਜੌ ਕਛੁ ਸਤ ਮੇਰੇ ਮਹਿ ਆਹੀ ॥*
*ਯਹ ਅਬ ਜੂਨਿ ਪੁਰਖ ਕੀ ਪਾਵੈ ॥ ਮਦਨ ਭੋਗ ਮੁਰਿ ਸੰਗ ਕਮਾਵੈ ॥੧੧॥* (ਤੀਨ ਸੌ ਚੌਬੀਸ ਚਰਿਤ੍ਰ ਪੰਨਾ ੧੨੭੯)

ਰਾਜਾ ਇਹ ਸੁਣ ਕੇ ਚੱਕ੍ਰਿਤ ਹੋ ਗਿਆ। ਓਸ ਨੇ ਰਾਣੀ ਨਾਲ ਵਿਚਾਰ ਕੀਤੀ ਕਿ ਧੀ ਕੀ ਕਹਿ ਰਹੀ ਹੈ। ਰਾਜੇ ਨੇ ਜਦ ਉਸਦੇ ਕੱਪੜੇ ਉਤਾਰ ਕੇ ਦੇਖਿਆ ਤਾਂ ਸਚ ਮੁੱਚ ਉਹ ਮਰਦ ਦਿਖਿਆ । ਉਹ ਅਪਣੀ ਧੀ ਨੂੰ ਸਤੀ ਸਮਝ ਬੈਠਾ ।

ਨੋਟ :- ਇਸ ਕਾਵਿ ਰਚਨਾ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਮਿਤ੍ਰ ਨੂੰ ਔਰਤ ਦਾ ਭੇਸ ਧਰਾ ਕੇ ਕਿਵੇਂ ਰੰਗ ਰਲੀਆਂ ਮਨਾਈਦੀਆਂ ਹਨ । ਜੇਕਰ ਇਹ ਆਖਿਆ ਜਾਏ ਕਿ ਕਵੀ ਰਾਮ-ਕਵੀ ਸਯਾਮ-ਕਵੀ ਕਾਲ-ਕਵੀ ਸੂਮ ਇਸ ਲਈ ਜੁੰਮੇਵਾਰ ਹਨ ਤਾਂ ਮੈਂ ਕਹਾਂਗਾ ਹਰਗਿਜ ਨਹੀਂ । ਕਿਉਂਕਿ ਕਵੀ ਅਪਣੇ ਮਨ ਦੀ ਉਡਾਰੀ ਨਾਲ ਅਪਣੀ ਕਾਵਿ ਰਚਨਾ ਕਰਦਾ ਹੈ । ਕਵੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਹ ਸਮਾਜ ਨੂੰ ਕੀ ਦੇ ਰਿਹਾ ਹੈ । ਦੋਸ਼ੀ ਤਾਂ ਉਹ ਲੋਕ ਹਨ ਜਿਨ੍ਹਾਂ ਨੇ ਇਨ੍ਹਾਂ ਕਵੀਆਂ ਦੀਆਂ ਅਸ਼ਲੀਲ ਰਚਨਾਵਾਂ ਨੂੰ ਸੰਪਾਦਨ ਕਰ ਕੇ ਉੱਤੇ ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ ਜੀ ਲਿਖ ਦਿੱਤਾ ਅਤੇ ਕਵੀਆਂ ਦੀਆਂ ਰਚਨਾਵਾਂ ਨੂੰ ਅੱਗੇ ਪਿੱਛੇ ਜੋੜ ਕੇ ਰਲੇਵਾਂ ਕਰ ਦਿੱਤਾ ਇੱਥੇ ਹੀ ਬਸ ਨਹੀਂ ਇਨ੍ਹਾਂ ਮੰਦੀਆਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਆਖ ਦਿੱਤਾ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਇਲਾਹੀ ਬਾਣੀ ਹੈ। ਫਿਰ ਸਜਾ ਦੇ ਹੱਕਦਾਰ ਕੌਣ ਹਨ? ਕਵੀ? ਜਾਂ ਸੰਪਾਦਿਕ ਤੇ ਸੋਧ ਕਮੇਟੀ? ਗੁਰੂ ਗੋਬਿੰਦ ਸਿੰਘ ਜੀ ਦਾ ਘੋਰ ਅਪਮਾਨ ਕਰਨ ਵਾਲੇ ਕੀ ਗੁਰੂ ਦੇ ਸਿੱਖ ਹਨ ? ਕੀ ਤੇੜ ਕਛੈਹਿਰਾ ਤੇ ਕ੍ਰਿਪਾਨ ਪਹਿਨ ਲੈਣ ਨਾਲ ਜਾਂ ਖੁਲ੍ਹੇ ਦਾਹੜਿਆਂ ਦੇ ਸੁੰਦਰ ਸਰੂਪਾਂ ਨਾਲ ਸਿੱਖ ਬਣ ਜਾਈਦਾ ਹੈ ? ਕੀ ਅਖੰਡ ਪਾਠ-ਸੰਪਟ ਪਾਠ ਕਰਨ ਨਾਲ ਸਿੱਖ ਬਣ ਸਕੀਦਾ ਹੈ? ਅਪਣਾ ਹੱਕ ਤੇ ਫਰਜ਼ ਪਹਿਚਾਣ ਕੇ ਗੁਰੂ ਨੂੰ ਅਪਮਾਨਿਤ ਕਰਨ ਵਾਲਿਆਂ ਦੇ ਚੇਹਰੇ ਨੰਗੇ ਕਰੋ ।

**ਇਸ਼ਕ ਕਰੇਂਦਾ ਪੁੱਠੇ ਕਾਰੇ ਅਪਣੇ ਹੱਥੀਂ ਖਸਮ ਨੂੰ ਮਾਰੇ** (ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੦-੮੨)

ਪਾਤਰ : ਸ੍ਰੀ ਸੁਲਤਾਨ ਸੈਨ (ਰਾਜਾ), ਸ੍ਰੀ ਸੁਲਤਾਨ ਦੇਇ (ਨਾਰੀ), ਸ੍ਰੀ ਸੁਲਤਾਨ ਕੁਅਰਿ (ਬਾਲਾ) ਤੇ ਬਿਰਹ ਰਾਇ (ਯਾਰ)

ਸ੍ਰੀ ਸੁਲਤਾਨ ਸੈਨ ਰਾਜੇ ਦੀ ਖੂਬਸੂਰਤ ਰਾਣੀ ਸ੍ਰੀ ਸੁਲਤਾਨ ਦੇਇ ਦੀ ਧੀ ਸ੍ਰੀ ਸੁਲਤਾਨ ਕੁਅਰਿ ਜਣੋਂ ਅੱਗ ਦਾ ਗੋਲਾ ਜਾਂ ਇਉਂ ਕਹੋ ਕਿ ਸੁਨਿਆਰੇ ਨੇ ਸਾਂਚੇ ਢਾਲ ਕੇ ਓਹਨੂੰ ਬਣਾਇਆ ਹੋਵੇ। ਬਚਪਨ ਬੀਤਣ ਬਾਦ ਜਦ ਜਵਾਨੀ ਆਈ ਤਾਂ ਓਹਦੇ ਗਦਰਾਏ ਸਰੀਰ ਦਾ ਹਰ ਅੰਗ ਅਵਾਜਾਂ ਮਾਰਦਾ । ਓਹਦੀ ਸੁੰਦਰਤਾ ਸੁਣ ਕੇ ਲੋਕਾਂ ਦੀ ਭੀੜ ਬੂਹੇ ਤੇ ਓਸਨੂੰ ਦੇਖਣ ਆਉਂਦੀ । ਉਸ ਨੇ ਇਕ ਸੁੰਦਰ ਨੌਜੁਆਨ ਦੇਖਿਆ ਤੇ ਦਿਲ ਦੇ ਬੈਠੀ। ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਅਨੇਕਾਂ ਢੰਗਾਂ ਨਾਲ ਉਸ ਨਾਲ ਕਾਮ ਕ੍ਰੀੜਾ ਕੀਤੀ। ਸਵੇਰ ਹੁੰਦੇ ਹੀ ਉਸ ਨਾਲ ਵਿਆਹ ਕਰ ਕੇ ਕਈ ਸਾਲ ਅਪਣੇ ਪਾਸ ਰੱਖਿਆ। ਅਨੇਕਾਂ ਢੰਗਾਂ ਨਾਲ ਦਿਲ ਖੋਲ ਕੇ ਭੋਗ ਕਰਦੀ :-

*ਸੋਇ ਕੁਅਰਿ ਤਰੁਨੀ ਕੌ ਭਾਯੋ ॥ ਪਠੈ ਸਹਚਰੀ ਬੋਲਿ ਪਠਾਯੋ ॥*
*ਕ੍ਰੀੜਾ ਕਰੀ ਬਹੁਤ ਬਿਧਿ ਵਾ ਸੋ ॥ ਕੀਨੋ ਪ੍ਰਾਤ ਸੁਯੰਬਰ ਤਾ ਸੋ ॥੫॥*
*ਜਬ ਹੀ ਬਯਾਹ ਤਵਨ ਸੌ ਕੀਯੋ ॥ ਬਹੁਤਿਕ ਬਰਿਸ ਨ ਜਾਨੇ ਦੀਯੋ ॥*
*ਕ੍ਰੀੜਾ ਕਰੈ ਭਾਂਤਿ ਭਾਤਿਨ ਤਨ ॥ ਹਰਖ ਬਢਾਇ ਬਢਾਇ ਅਧਿਕ ਮਨ ॥੬॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੦)

ਭੋਗ ਕਰ ਕਰ ਕੇ ਓਹਦੀ ਸਾਰੀ ਤਾਕਤ ਖਤਮ ਕਰ ਦਿੱਤੀ । ਜਦ ਬੀਰਜ ਸ਼ਕਤੀ ਤੋਂ ਬਿਨਾਂ ਉਸ ਨੂੰ ਅਨੁਭਵ ਕੀਤਾ ਤਾਂ ਦਿਲੋਂ ਭੁਲਾ ਦਿੱਤਾ । ਓਹ ਰਾਤ ਦਿਨ ਗੈਰਾਂ ਨਾਲ ਰੰਗਰਲੀਆਂ ਮਨਾਉਂਦੀ :-

*ਭੋਗ ਬਹੁਤ ਦਿਨ ਤਾ ਸੰਗ ਕਿਯੋ ॥ ਤਾਕੋ ਬਲ ਸਭ ਹੀ ਹਰਿ ਲਯੋ ॥*
*ਜਬੇ ਨ੍ਰਿਧਾਤ ਕੁਅਰ ਵਹ ਭਯੋ ॥ ਤਬ ਹੀ ਡਾਰਿ ਹ੍ਰਿਦੈ ਤੇ ਦਯੋ ॥੭॥*
*ਔਰਨ ਸਾਥ ਕਰੈ ਤਬ ਪ੍ਰੀਤਾ ॥ ਨਿਸੁ ਦਿਨ ਕਰੈ ਕਾਮ ਕੀ ਰੀਤਾ ॥*
*ਪਤਿਹਿ ਤੋਰਿ ਖੋਜਾ ਕਰਿ ਡਾਰਾ ॥ ਆਪੁ ਅਵਰ ਸੋ ਕੇਲ ਮਚਾਰਾ ॥੮॥* (ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੦)

ਉਸ ਦੀ ਗੂੜ੍ਹੀ ਪ੍ਰੀਤਿ ਬਿਰਹ ਰਾਇ ਦੇ ਨਾਲ ਹੋ ਗਈ ਤੇ ਸੁਰੂ ਹੋਇਆ ਸਰੀਰਕ ਖੇਲ। ਇਕ ਦਿਨ ਮਿਤ੍ਰ ਨੇ ਭਾਂਗ (ਭੰਗ) ਪੋਸਤ ਅਤੇ ਅਫੀਮ ਦੇ ਨਾਲ ਚੜ੍ਹਾ ਲਈ । ਓਹ ਬਹੁਤ ਦੇਰ ਤੱਕ ਭੋਗ ਕਰਦਾ ਰਿਹਾ ਪਰ ਬੀਰਜ ਨਾ ਡਿੱਗਾ ਸਾਰੀ ਰਾਤ ਓਹ ਔਰਤ ਨੂੰ ਭੋਗਦਾ ਰਿਹਾ ਤੇ ਅਨੇਕਾਂ ਆਸਣ ਕਰ ਕਰ ਖੁਸ਼ੀ ਲਈ :-

*ਇਕ ਦਿਨ ਭਾਂਗ ਮਿੱਤ੍ਰ ਤਿਹ ਲਈ ॥ ਪੋਸਤ ਸਹਿਤ ਅਫੀਮ ਚੜ੍ਹਾਈ ॥*
*ਬਹੁ ਰਤਿ ਕਰੀ ਨ ਬੀਰਜ ਗਿਰਾਈ ॥ ਆਠ ਪਹਿਰ ਲਗਿ ਕੁਅਰਿ ਬਜਾਈ ॥੧੦॥*
*ਸਭ ਨਿਸਿ ਨਾਰਿ ਭੋਗ ਜਬ ਪਾਯੋ ॥ ਬਹੁ ਆਸਨ ਕਰਿ ਹਰਖ ਬਢਾਯੋ ॥*
*ਤਾ ਪਰ ਤਰੁਨਿ ਚਿਤ ਤੇ ਅਟਕੀ ॥ ਭੂਲਿ ਗਈ ਸਭ ਹੀ ਸੁਧਿ ਘਟ ਕੀ ॥੧੧॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੦)

ਜਿਹੜੇ ਬੰਦੇ ਦੋ ਘੜੀ ਔਰਤ ਨਾਲ ਟਿਕ ਕੇ ਭੋਗ ਕਰਦੇ ਹਨ ਉਸ ਤੇ ਨਾਰਿ ਬਹੁਤ ਖੁਸ਼ ਹੁੰਦੀ ਹੈ। ਜਿਹੜਾ ਬੰਦਾ ਚਾਰ ਪਹਿਰ ਔਰਤ ਨਾਲ ਭੋਗ ਕਰੇ ਤਾਂ ਕਿਉਂ ਨਾ ਉਹ ਔਰਤ ਦਾ ਚਿੱਤ ਚੁਰਾਏ। ਉਸ ਨੇ ਸਾਰੀ ਰਾਤ ਔਰਤ ਭੋਗੀ ਤੇ ਅਨੇਕਾਂ ਢੰਗਾਂ ਨਾਲ ਔਰਤ ਨੂੰ ਹੰਢਾਇਆ। ਮੂੰਹ ਚੁੰਮਦਿਆਂ ਔਰਤ ਥੱਕ ਗਈ। ਇਹੋ ਕ੍ਰਿਆ ਕਰਦਿਆਂ ਨੌਂਹਾਂ ਦੇ ਜਖ਼ਮ ਵੀ ਚੇਹਰੇ ਤੇ ਹੋ ਗਏ। ਓਹ ਕੋਕ ਦੀ ਦੱਸੀ ਵਿਧੀ ਵਿਧਾਨ ਨਾਲ ਚੁੰਮੀਆਂ ਲੈਂਦੇ ਤੇ ਆਸਣ ਬਣਾ ਬਣਾ ਭੋਗ ਕਰਦੇ :-

*ਦ੍ਵੈ ਘਟਿਕਾ ਜੋ ਭੋਗ ਕਰਤ ਨਰ ॥ ਤਾ ਪਰ ਰੀਝਤ ਨਾਰਿ ਬਹੁਤ ਕਰਿ ॥*
*ਚਾਰਿ ਪਹਰ ਜੋ ਕੇਲ ਕਮਾਵੈ ॥ ਸੋ ਕਿ ਨ ਤ੍ਰਿਯ ਕੈ ਚਿੱਤ ਚੁਰਾਵੈ ॥੧੨॥*
*ਰੈਨਿ ਸਕਲ ਤਿਨ ਤਰੁਨਿ ਬਜਾਈ ॥ ਭਾਂਤਿ ਭਾਂਤਿ ਕੇ ਸਾਥ ਹੰਢਾਈ ॥*
*ਆਸਨ ਕਰੇ ਤਰੁਨਿ ਬਹੁ ਹਾਰਾ ॥ ਚੁੰਬਨਾਦਿ ਨਖ ਘਾਤ ਅਪਾਰਾ ॥੧੩॥*
*ਭਾਂਤਿ ਭਾਂਤਿ ਕੇ ਚਤੁਰਾਸਨ ਕਰਿ ॥ ਭਜਯੋ ਤਾਂਹਿ ਤਰ ਦਾਬਿ ਭੁਜਨ ਭਰਿ ॥*
*ਚੁੰਬਨ ਆਸਨ ਕਰਤ ਬਿਚੱਛਨ ॥ ਕੋਕ ਕਲਾ ਕੋਬਿਧ ਸਭ ਲੱਛਨ ॥੧੪॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੦-੮੧)

ਪੋਸਤ ਸ਼ਰਾਬ ਅਤੇ ਅਫੀਮ ਦੇ ਨਾਲ ਬਹੁਤ ਸਾਰੀ ਭੰਗ ਘੋਟ ਕੇ ਪੀਤੀ । ਚਾਰ ਪਹਰ ਓਹ ਔਰਤ ਭੋਗਦਾ ਰਿਹਾ ਪਰ ਬੀਰਜ ਨਾ ਡਿੱਗਾ। ਓਹ ਸਾਰੀ ਸਾਰੀ ਰਾਤ ਭੋਗ ਕਰਦਾ। ਸੇਜ ਮਸਲੀ ਜਾਂਦੀ। ਸੂਰਜ ਛੁਪਦਿਆਂ ਫਿਰ ਸੇਜ ਬਿਛਾਉਂਦੇ ਤੇ ਭਾਂਗ ਅਫੀਮ ਦਿਲ ਖੋਲ੍ਹ ਕੇ ਪੀਂਦੇ ਤੇ ਭੋਗ ਕਰਨ ਲੱਗ ਜਾਂਦੇ । ਜਿਵੇਂ ਕੋਕ ਸਾਸਤ੍ਰ ਕਹਿੰਦਾ ਹੈ ਓਹ ਕੈਫਨ ਦੇ ਰਸ ਚ ਰਚੇ ਕਾਮ ਕਰ ਕਰ ਸੌਂ ਜਾਂਦੇ ਜਾਗਦੇ ਫਿਰ ਸੁਰੂ ਹੋ ਜਾਂਦੇ-ਕਵਿਤਾ ਉਚਾਰਦੇ ਤੇ ਗਾਉਂਦੇ :-

*ਦੋਹਰਾ ॥ ਪੋਸਤ ਸ਼੍ਰਾਬ ਅਫੀਮ ਬਹੁ ਘੋਟਿ ਚੜ੍ਹਾਵਤ ਭੰਗ ॥*
*ਚਾਰਿ ਪਹਰ ਭਾਮਹਿ ਭਜਾ ਤਊ ਨ ਮੁਚਾ ਅਨੰਗ ॥੧੫॥* (ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੧)
*ਚੌਪਈ ॥ ਭੋਗ ਕਰਤ ਸਭ ਰੈਨਿ ਬਿਤਾਵਤ ॥ ਦਲਿਮਲਿ ਸੇਜ ਮਲਿਨ ਹ੍ਵੈ ਜਾਵਤ ॥*
*ਹੋਤ ਦਿਵਾਕਰ ਕੀ ਅਨੁਰਾਈ ॥ ਛੈਲ ਸੇਜ ਮਿਲਿ ਬਹੁਰਿ ਬਿਛਾਈ ॥੧੬॥*
*ਪੌਢਿ ਪ੍ਰਜੰਕ ਅੰਕ ਭਰਿ ਸੋਊ ॥ ਭਾਂਗ ਅਫੀਮ ਪਿਯਤ ਮਿਲਿ ਦੋਊ ॥*
*ਬਹੁਰਿ ਕਾਮ ਕੀ ਕੇਲ ਮਚਾਵੈਂ ॥ ਕੋਕ ਸਾਰ ਮਤ ਪ੍ਰਗਟ ਦਿਖਾਵੈਂ ॥੧੭॥*
*ਕੈਫਨ ਸਾਥ ਰਸਮਸੇ ਹ੍ਵੈ ਕਰਿ ॥ ਪ੍ਰੌਢਿ ਪ੍ਰਜੰਕ ਰਹਤ ਦੋਊ ਸ੍ਵੈ ਕਰਿ ॥*
*ਬਹੁਰਿ ਜਗੈ ਰਸ ਰੀਤਿ ਮਚਾਵੈਂ ॥ ਕਵਿਤ ਉਚਾਰਹਿ ਧ੍ਰੁਰਪਦ ਗਾਵੈਂ ॥੧੮॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੧)

ਤਦ ਓਹਦਾ ਪਤੀ ਆ ਟਪਕਿਆ। ਔਰਤ ਨੇ ਅਪਣੇ ਪਤੀ ਨੂੰ ਫਾਂਸੀ ਦੇ ਕੇ ਮਾਰ ਦਿੱਤਾ। ਇਕ ਕੋਠੜੀ ਵਿੱਚ ਮਿੱਤ੍ਰ ਛੁਪਾਇਆ ਤੇ ਊਚੀ ਊਚੀ ਰੋਣਾ ਸੁਰੂ ਕਰ ਦਿੱਤਾ। ਓਹਦੇ ਰੋਣਾ ਪਿਟਣਾ ਸੁਣ ਕੇ ਰਾਜਾ ਪ੍ਰਜਾ ਇਕੱਠੇ ਹੋ ਕੇ ਆਏ ਤੇ ਦੇਖਿਆ ਓਹਦਾ ਪਤੀ ਮਰਿਆ ਪਿਆ ਹੈ। ਬਾਪ ਨੇ ਮਰਨ ਦਾ ਕਾਰਣ ਪੁੱਛਿਆ ਤਾਂ ਕਹਿੰਦੀ ਮੈਂ ਕੁੱਝ ਨਹੀਂ ਜਾਣਦੀ ਅਕਸ ਮਾਤ੍ਰ ਕੁੱਝ ਹੋਇਆ ਤੇ ਮਰ ਗਿਆ। ਹੁਣ ਜੇ ਮੇਰੇ ਚ ਕੋਈ ਸੱਤਿਆ ਹੈ ਤੇ ਬੇਦ ਦਾ ਮਤ ਸੱਚਾ ਹੈ ਤਾਂ ਮੈਂ ਰੁਦ੍ਰ (ਸ਼ਿਵ) ਦੀ ਪੂਜਾ ਕਰਨ ਚਲੀ । ਜਾਂ ਤਾਂ ਮੈ ਇਹਨੂੰ ਜਿੰਦਾ ਕਰਾਂਗੀ ਜਾਂ ਖੁਦ ਮਰ ਜਾਵਾਂਗੀ । ਤੁਸੀਂ ਏਥੇ ਹੀ ਵੇਹੜੇ ਬੈਠੋ ਤੇ ਸ਼ਿਵ ਦੀ ਪੂਜਾ ਕਰੋ । ਮੈਂ ਏਹਨੂੰ ਘਰ ਲੈ ਕੇ ਜਾਂਦੀ ਹਾਂ ਤੇ ਪੂਜਾ ਕਰ ਕੇ ਇਹਨੂੰ ਜਿੰਦਾ ਕਰਾਂਗੀ :-

*ਅਰੁ ਜੌ ਅਬ ਮੋ ਮੈ ਕਛੁ ਸਤ ਹੈ ॥ ਅਰੁ ਜੋ ਸੱਤਯ ਬੇਦ ਕੌ ਮਤ ਹੈ ॥*
*ਅਬ ਮੈਂ ਰੁਦ੍ਰ ਤਪੱਸਯਾ ਕਰਿਹੌ ॥ ਯਾਹਿ ਜਿਯਾਊਂ ਕੈ ਜਰਿ ਮਰਿਹੌ ॥੨੩॥*
*ਤੁਮਹੂੰ ਬੈਠ ਯਾਹਿ ਅੰਗਨਾ ਅਬ ॥ ਪੂਜਾ ਕਰਹੁ ਸਦਾ ਸ਼ਿਵ ਕੀ ਸਬ ॥*
*ਮੈਂ ਯਾਕੌ ਇਹ ਘਰ ਲੈ ਜੈਹੌ ॥ ਪੂਜਿ ਸਦਾ ਸ਼ਿਵ ਬਹੁਰਿ ਜਿਵੈ ਹੌ ॥੨੪॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੧)

ਮਾਤਾ ਪਿਤਾ ਨੂੰ ਵਿਹੜੇ ਬਿਠਾ ਕੇ ਹੋਰ ਸਭਨਾਂ ਨੂੰ ਸੱਦਿਆ । ਉਹ ਅਪਣੇ ਮਰੇ ਪਤੀ ਨੂੰ ਉੱਥੇ ਲੈ ਗਈ ਜਿੱਥੇ ਯਾਰ ਛੁਪਾ ਕੇ ਰੱਖਿਆ ਸੀ। ਘਰ ਜਾ ਕੇ ਚੰਗੀ ਤਰ੍ਹਾਂ ਘਰ ਦੇ ਦਰਵਾਜ਼ੇ ਬੰਦ ਕੀਤੇ ਤੇ ਯਾਰ ਨਾਲ ਭੋਗ ਕਰਨ ਲੱਗ ਗਈ। ਲੋਕ ਅਤੇ ਮਾਤਾ ਪਿਤਾ ਦਰਵਾਜ਼ੇ ਤੇ ਬੈਠੇ ਰਹੇ ਸਭ ਇਹੀ ਸੋਚਣ ਕਿ ਧੀ ਸ਼ਿਵ ਦੀ ਪੂਜਾ ਕਰ ਰਹੀ ਹੈ :-

*ਤਿਹ ਘਰ ਜਾਇ ਪਾਟ ਦ੍ਰਿੜ੍ਹ ਦੈ ਕਰਿ ॥ ਰਮੀ ਜਾਰ ਕੇ ਸਾਥ ਬਿਹਸਿ ਕਰਿ ॥*
*ਨ੍ਰਿਪ ਜੁਤ ਬੈਠ ਲੋਗ ਦ੍ਵਾਰਾ ਪਰਿ ॥ ਭੇਦ ਅਭੇਦ ਨ ਸਕਤ ਬਿਚਰਿ ਕਰਿ ॥੨੬॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੧)

ਉਹ ਸੋਚਣ ਕਿ ਅੱਜ ਇਸ ਦੀ ਅਸੀਂ ਸੱਤਿਯਾ ਦੇਖਾਂਗੇ ਤੇ ਉਸ ਤੋਂ ਬਾਦ ਹੀ ਮਾੜਾ ਚੰਗਾ ਬੋਲ ਸਕਾਂਗੇ । ਜੇ ਇਹ ਕੁੜੀ ਸ਼ਿਵ ਨਾਲ ਜੁੜੀ ਹੈ ਤੇ ਓਹਦੇ ਚਰਨਾਂ ਵਿੱਚ ਮਸਤ ਹੈ ਤਾਂ ਪਤੀ ਦੇ ਜਿਉਣ ਲੱਗਿਆਂ ਦੇਰ ਨਹੀਂ ਲੱਗਣੀ ਤੇ ਓਹ ਸ਼ਿਵ ਸ਼ਿਵ ਆਖ ਕੇ ਜੀਅ ਪਏਗਾ । ਇਸ ਤਰ੍ਹਾਂ ਦੀਆਂ ਲੋਕੀਂ ਵਿਚਾਰਾਂ ਵਿਚਾਰਦੇ ਤੇ ਓਧਰ ਕੁੜੀ ਅਪਣੇ ਯਾਰ ਨਾਲ ਭੋਗ ਵਿੱਚ ਮਸਤ । ਜਿਉਂ ਜਿਉਂ ਉਹ ਲਪਟਿ ਕੇ ਚੋਟਾਂ ਮਾਰਦੇ ਤਾਂ ਉਹ ਸੋਚਣ ਕਿ ਕੁੜੀ ਪੂਜਾ ਕਰਦਿਆਂ ਗਾਲ੍ਹ ਵਜਾ ਰਹੀ ਹੈ :-

*ਇਤ ਤੇ ਦ੍ਵਾਰ ਬਿਚਾਰ ਬਿਚਾਰਤ ॥ ਉਸ ਤ੍ਰਿਯ ਸੰਗ ਭੀ ਜਾਰ ਮਹਾ ਰਤ ॥*
*ਜਯੋਂ ਜਯੋਂ ਲਪਟਿ ਚੋਟ ਚਟਕਾਵੈ ॥ ਤੇ ਜਾਨੇ ਵਹ ਗਾਲ੍ਹ ਬਜਾਵੈ ॥੨੯॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੨)

ਅਪਣੇ ਪਤੀ ਨੂੰ ਧਰਤੀ ਚ ਟੋਆ ਪੁੱਟ ਕੇ ਦੱਬ ਦਿੱਤਾ ਤੇ ਬਾਹਰ ਉਸ ਦੇ ਹੱਡ ਗੋਡੇ ਨਾ ਰਹਿਣ ਦਿੱਤੇ । ਅਪਣੇ ਨਾਲ ਅਪਣੇ ਯਾਰ ਨੂੰ ਲੈ ਆਈ ਤੇ ਕਹਿੰਦੀ ਕਿ ਜਦ ਮੈਂ ਰੁਦ੍ਰ ਦਾ ਧਿਆਨ ਧਰਿਆ ਤਾਂ ਮੈਨੂੰ ਸ਼ਿਵ ਕਹਿੰਦਾ ਕਿ ਜੋ ਤੇਰੇ ਚਿੱਤ ਚ ਹੈ ਉਹ ਪੂਰਾ ਹੋਏ । ਮੈਂ ਓਸਨੂੰ ਕਿਹਾ ਮੇਰਾ ਪਤੀ ਜਿੰਦਾ ਕਰਦੇ ਮੈਂ ਤੇਰੇ ਚਰਨਾਂ ਚ ਜੁੜੀ ਰਹਾਂ। ਸ਼ਿਵ ਨੇ ਉਸ ਨੂੰ ਸੁੰਦਰ ਕਿਸ਼ੋਰ ਬਣਾ ਦਿੱਤਾ ਤੇ ਸ੍ਰੀ ਸ਼ੰਭੁ ਦੀ ਕ੍ਰਿਪਾ ਦ੍ਰਿਸਟੀ ਨਾਲ ਇਹ ਜਿੰਦਾ ਹੋ ਗਿਆ :-

*ਚੌਪਈ ॥ ਸਭਹਿਨ ਬਚਨ ਸੱਤ ਕਰਿ ਜਾਨਾ ॥ ਸ਼ਿਵ ਕੋ ਸੱਤ ਬਚਨ ਅਨਮਾਨਾ ॥*
*ਤਬ ਤੇਂ ਤਜਿ ਸੁੰਦਰ ਜਿਯ ਤ੍ਰਾਸਾ ॥ ਨਿਤ ਪ੍ਰਤਿ ਤਾਸੌ ਕਰਤ ਬਿਲਾਸਾ ॥੩੪॥*

(ਤੀਨ ਸੌ ਪੱਚੀਸ ਚਰਿਤ੍ਰ ਪੰਨਾ ੧੨੮੨)

ਨੋਟ ੧ :- ਗੁਰੂ ਨਾਨਕ ਦਾ ਧਰਮ (ਸਿੱਖ ਧਰਮ) ਕਿਸੇ ਵੀ ਦੇਵੀ ਦੇਵਤੇ ਦੇ ਕਿਸੇ ਵੀ ਕਰਮ ਨੂੰ ਮਾਨਤਾ ਨਹੀਂ ਦੇਂਦਾ ਸਗੋਂ ਆਖਦਾ ਹੈ ਕਿ ਦੇਵੀ ਦੇਵਤਿਆਂ ਦੀ ਪੂਜਾ ਕਰ ਕੇ ਹੇ ਵੀਰ ਅਸੀਂ ਉਨ੍ਹਾਂ ਤੋਂ ਕੀ ਮੰਗ ਸਕਦੇ ਹਾਂ ? ਉਹ ਸਾਨੂੰ ਦੇ ਹੀ ਕੀ ਸਕਦੇ ਹਨ ? ਜੇਕਰ ਦੇਵਤੇ ਨੂੰ ਪਾਣੀ ਚ ਛੱਡ ਦਿੱਤਾ ਜਾਏ ਤਾਂ ਉਹ ਅਪਣੇ ਹੀ ਭਾਰ ਨਾਲ ਡੁੱਬ ਜਾਂਦੇ ਹਨ। ਜਿਹੜਾ ਦੇਵਤਾ ਪਾਣੀ ਤੋਂ ਅਪਣੀ ਰੱਖਿਆ ਨਾ ਕਰ ਸਕਿਆ ਉਹ ਤੁਹਾਡੀ ਕੀ ਰੱਖਿਆ ਕਰੇਗਾ ? ਇਹ ਵੀ ਸਮਝ ਲੈਣਾ ਕਿ ਦੇਵੀ ਦੇਵਤੇ ਮਾਇਆ ਦੀ ਜੜ੍ਹ (ਮੂਲ) ਹਨ। ਗੁਰਬਾਣੀ ਤਾਂ ਕਹਿੰਦੀ ਹੈ ਕਿ ਜੋ ਸ਼ਿਵ ਸ਼ਿਵ ਕਰਕੇ ਓਹਦੀ ਅਰਾਧਨਾ ਕਰਦੇ ਹਨ ਉਨ੍ਹਾਂ ਦੀ ਮੱਤ ਅਪਣੇ ਇਸ਼ਟ ਵਰਗੀ ਹੀ ਹੋ ਜਾਏਗੀ। ਸ਼ਿਵ ਬਲਦ ਤੇ ਚੜ੍ਹ ਕੇ ਡੋਰੂ ਵਜਾਉਂਦਾ ਹੈ ਤੇ ਓਹਦੇ ਸੇਵਕ ਅਪਣੇ ਗੁਰੂ ਦੀ ਨਕਲ ਕਰਦੇ ਹਨ । ਸਿਵ ਦੀ ਪੂਜਾ ਕਰਨ ਵਾਲੇ ਸ਼ਿਵ ਤੋਂ ਬੜਾ ਡਰਦੇ ਹਨ ਉਹ ਜਾਣਦੇ ਹਨ ਕਿ ਇਕ ਭੰਡਾਰੀ ਨੇ ਸ਼ਿਵ ਨੂੰ ਰੋਟੀ ਲਈ ਸੱਦਿਆ ਤਾਂ ਉਸ ਨੂੰ ਖਾਣਾ ਪਸੰਦ ਨਾ ਆਇਆ ਤਾਂ ਭੰਡਾਰੀ ਦਾ ਪੁੱਤ ਤ੍ਰਿਸ਼ੂਲ ਮਾਰ ਕੇ ਮਾਰ ਦਿੱਤਾ। ਵਧੇਰੇ ਗਿਆਨ ਲਈ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਸਮੇਤ ਪੜ੍ਹੋ। ਗੁਰੂ ਗੋਬਿੰਦ ਸਿੰਘ ਜੀ ਅਪਣੀ ਕਿਸੇ ਰਚਨਾਂ ਵਿੱਚ ਸ਼ਿਵ ਨੂੰ ਮਹੱਤਤਾ ਨਹੀਂ ਦੇ ਸਕਦੇ । ਉਹ ਅਜਿਹੀ ਕਿਸੇ ਘਟਨਾ ਦਾ ਜ਼ਿਕਰ ਨਹੀਂ ਕਰ ਸਕਦੇ ਜਿਸ ਤੋਂ ਸਿੱਖਾਂ ਨੂੰ ਸ਼ਿਵ ਪੂਜਾ ਕਰਨ ਦੀ ਪ੍ਰੇਰਨਾ ਮਿਲੇ । ਕਿਉਂ ਕਿ ਸਿੱਖ ਰੱਬ ਦੀ ਪੂਜਾ ਕਰਦਾ ਹੈ ਜਿਸ ਦਾ ਕੋਈ ਸਰੂਪ ਨਹੀਂ ਫਿਰ ਸਿਵ ਦੀ ਪੂਜਾ ਕਰਨ ਦੀ ਗੱਲ ਓਹ ਕਿਵੇਂ ਕਰਨਗੇ ?

ਨੋਟ ੨ :- ਜਿਵੇਂ ਅਸੀਂ ਪਿੱਛੇ ਵੀ ਅਨੇਕਾਂ ਥਾਈਂ ਪੜ੍ਹ ਚੁੱਕੇ ਹਾਂ ਕਿ ਕਵੀ ਭਾਂਗ ਪੋਸਤ ਅਫੀਮ ਤੇ ਸ਼ਰਾਬ ਦੇ ਭਾਰੀ ਨਸ਼ੇ ਕਰ ਕੇ ਔਰਤਾਂ ਭੋਗਣ ਦੀ ਦੁਹਾਈ ਦੇਂਦਾ ਹੈ । ਜਦ ਕਿ ਸਿੱਖ ਧਰਮ ਨਸ਼ਿਆਂ ਤੋਂ ਸਿੱਖ ਨੂੰ ਦੂਰ ਰੱਖਦਾ ਹੈ । ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਵਰਤ ਕੇ ਪਾਤਸ਼ਾਹੀ ੧੦ ਦੀ ਮੋਹਰ ਜੜ੍ਹ ਦੇਣੀ ਅਤੇ ਮੁੱਖ ਪੰਨੇ ਤੇ ਸ੍ਰੀ ਦਸਮ ਗ੍ਰੰਥ ਲਿਖ ਦੇਣਾ ਮਹਾਂ ਨੀਚਤਾ ਭਰਿਆ ਕੁਕਰਮ ਹੈ। ਕਨੂੰਨੀ ਅਪਰਾਧ ਵੀ। ਦਸਮ ਗ੍ਰੰਥ ਨਾਮ ਦੀ ਗੰਦੀ ਕਿਤਾਬ ਦੀ ਪੂਜਾ ਹਮਾਇਤ ਕਰਨ ਵਾਲੇ ਸਾਡੇ ਸਮੂਹ ਪੁਜਾਰੀ-ਧਰਮ ਦੇ ਵੱਡੇ ਛੋਟੇ ਠੇਕੇਦਾਰ-ਸੰਤ ਸਾਧ-ਬ੍ਰਹਮ ਗਿਆਨੀ ਅਤੇ ਅਨੇਕਾਂ ਹੀ ਅਪਣੇ ਆਪ ਨੂੰ ਧਾਰਮਿਕ ਅਖਵਾਉਂਦੀਆਂ ਅਧਾਰਮਿਕ ਜਥੇਬੰਦੀਆਂ ਅਤੇ ਅਨੇਕਾਂ ਹੀ ਸਿਆਸੀ ਲੋਕ ਜਾਣ ਬੁੱਝ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰ ਰਹੇ ਹਨ। ਕਿਸੇ ਨੂੰ ਵੀ ਭਾਵੇਂ ਉਹ ਕਿੱਡੇ ਵੱਡੇ ਰੁੱਤਬੇ ਦਾ ਮਾਲਿਕ ਕਿਉਂ ਨਾ ਹੋਏ ਇਹ ਅਧਿਕਾਰ ਨਹੀਂ ਦਿੱਤਾ ਜਾ ਸਕਦਾ ਕਿ ਉਹ ਗੁਰੂ ਦਾ ਅਪਮਾਨ ਕਰੇ ਗੁਰੂ ਦੇ ਸਿੱਖ ਹੁਣ ਜਾਗ੍ਹ ਪਏ ਹਨ ਭਾਵੇਂ ਦੇਰ ਨਾਲ ਹੀ ਸਹੀ ਪਰ ਹੁਣ ਉਨ੍ਹਾਂ ਸਭਨਾਂ ਨੂੰ ਨੰਗਾ ਕੀਤਾ ਜਾਏਗਾ, ਜੋ ਸਿੱਖੀ ਭੇਖ ਧਾਰ ਕੇ ਗੁਰੂ ਦੀ ਗੋਲਕ ਨੂੰ ਲੁੱਟ ਕੇ ਗੁਰੂ ਦਾ ਅਪਮਾਨ ਕਰਦੇ ਹਨ । ਸਿੱਖ ਧਰਮ ਵਿੱਚ ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਨ ਦੀ ਸਖ਼ਤ ਮਨਾਹੀ ਹੈ । ਜਿਹੜੇ ਬੰਦੇ ਗੁਰੂ ਘਰਾਂ ਵਿੱਚ ਇਸ ਗੰਦੀ ਪੁਸਤਕ ਦਾ ਪ੍ਰਕਾਸ਼ ਕਰਦੇ ਹਨ, ਉਹ ਗੰਦੇ ਅਤੇ ਲੁੱਚੇ ਲੋਕ ਹਨ। ਇਸ ਗ੍ਰੰਥ ਦੀ ਰਾਹੀਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਮਿਲਦੀ ਹੈ ਕਿ ਕਿਵੇਂ ਪਤੀ ਦੇ ਸਰੀਰਕ ਕਮਜ਼ੋਰ ਹੋਜਾਣ ਤੇ ਕਤਲ ਕਰੀਦਾ ਹੈ ਤੇ ਕਾਮ ਦੀ ਭੁੱਖ ਮਿਟਾਣ ਲਈ ਕਿਵੇਂ ਨਵੇਂ ਨਕੋਰ ਯਾਰ ਨੂੰ ਹੰਢਾਈਦਾ ਹੈ ? ਮਾਤਾ ਪਿਤਾ ਤੇ ਸਮਾਜ ਨੂੰ ਕਿਵੇਂ ਮੂਰਖ ਬਣਾਈਦਾ ਹੈ ? ਕੀ ਇਹ ਸਿੱਖਿਆਵਾਂ ਤੁਸੀਂ ਅਪਣੇ ਬੱਚਿਆਂ ਨੂੰ ਦਿਓਗੇ ? ਖ਼ਬਰਦਾਰ-ਬਾ-ਹੋਸ਼ਿਆਰ- ਜਾਗਦੇ ਰਹਿਓ ।

### ਚੋਰੀ ਕਰਨੀ ਸਿੱਖੋ

(ਤੀਨ ਸੌ ਛਬੀਸ ਚਰਿਤ੍ਰ ਪੰਨਾ ੧੨੮੨-੮੩)

ਪਾਤਰ : ਗਹਰਵਾਰ (ਰਾਜਾ), ਗੂੜ੍ਹ ਮਤੀ (ਨਾਰੀ), ਸੁਕਚ ਮਤੀ (ਦੁਹਿਤਾ) ਤੇ ਵਿਉਪਾਰੀ :

ਜਵੱਤ੍ਰੀ ਜਾਇਫਲ ਲੋਂਗ ਲਾਯਚੀ ਦੇ ਊਂਟ ਲੱਦ ਕੇ ਇਕ ਵਿਉਪਾਰੀ ਗਹਰਵਾਰ ਰਾਜੇ ਦੇ ਰਾਜ ਚ ਆਇਆ । ਰਾਜੇ ਦੀ ਖ਼ੂਬਸੂਰਤ ਰਾਣੀ ਗੂੜ੍ਹਮਤੀ ਦੀ ਧੀ ਸੁਕਚ ਮਤੀ ਨੇ ਇਹ ਸਭ ਕੁੱਝ ਚੋਰੀ ਕਰ ਲਿਆ ਤੇ ਘਰ ਨੂੰ ਅੱਗ ਲਗਾ ਕੇ ਰੋਂਦੀ ਰੋਂਦੀ ਪਿਓ ਕੋਲ ਆਈ ਕਿ ਘਰ ਸੜ ਗਿਆ ਹੈ । ਇਹ ਸੁਣ ਕੇ ਸ਼ਾਹ ਦੌੜੇ ਆਏ ਕਿ ਘਰ ਦਾ ਸਮਾਨ ਕੱਢੀਏ ਪਰ ਅੱਗੇ ਉਨ੍ਹਾਂ ਨੂੰ ਭਸਮ ਦਾ ਢੇਰ ਦਿਖਿਆ । ਕੁੜੀ ਕਹਿੰਦੀ ਮੈਨੂੰ ਏਹਦਾ ਬਹੁਤ ਦੁੱਖ ਹੈ । ਅਪਣੇ ਗਏ ਦੀ ਮੈਨੂੰ ਕੋਈ ਪਰਵਾਹ ਨਹੀਂ ਪਰ ਇਹ ਵਿਚਾਰੇ ਲੁੱਟੇ ਗਏ । ਸ਼ਾਹ ਕਹਿੰਦੇ ਤੇਰਾ ਇਸ ਚ ਕੀ ਕਸੂਰ ਓਹੀ ਹੋਇਆ ਜੋ ਤਕਦੀਰ ਚ ਲਿਖਿਆ ਗਿਆ । ਤੂੰ ਓਹਦਾ ਫਿਕਰ ਨਾ ਕਰ, ਉਹ ਅਪਣਾ ਘਰ ਲੁਟਾ ਕੇ ਘਰ ਨੂੰ ਚਲੇ ਗਏ ।

ਨੋਟ :- ਦਸਮ ਗ੍ਰੰਥ ਧੀਆਂ ਨੂੰ ਚੋਰੀ ਕਰਨ ਦੀ ਤਰਕੀਬ ਦੱਸਦਾ ਹੈ । ਕੀ ਸਿੱਖ ਪੁਜਾਰੀ ਸਿਖ ਧੀਆਂ ਨੂੰ ਚੋਰੀ ਕਰਨ ਦੇ ਤੌਰ ਤਰੀਕੇ ਸਮਝਾਉਣਾ ਚਾਹੁੰਦੇ ਹਨ ਇਸ ਗ੍ਰੰਥ ਦੀ ਰਾਹੀਂ ? ਜਾਂ ਉਹ ਸਿੱਧ ਕਰਨਾ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਪਰਾਇਆ ਮਾਲ ਚੋਰੀ ਕਰਨ ਲਈ ਕਹਿ ਗਏ ਹਨ ? ਬੇਸ਼ਰਮੀ ਦਾ ਬੇੜਾ ਗਰਕ ।

**ਦੋ ਸੌਕਣਾਂ ਦੇ ਭੇੜ ਤੱਕੋ** ਨਗਰ : ਅਚਲਾਵਤੀ (ਤੀਨ ਸੌ ਸਤਾਈਸ ਚਰਿਤ੍ਰ ਪੰਨਾ ੧੨੯੩-੯੪)

ਪਾਤਰ : ਅਚਲ ਸੈਨ (ਰਾਜਾ), ਅਚਲ ਦੇਇ (ਰਾਨੀ) ਤੇ ਅਚਲਮਤੀ (ਦੂਜੀ ਰਾਨੀ) : ਅਚਲਾਵਤੀ ਨਗਰ ਦੇ ਰਾਜਾ ਅਚਲ ਸੈਨ ਦੀਆਂ ਦੋ ਖ਼ੂਬਸੂਰਤ ਰਾਣੀਆਂ ਅਚਲ ਦੇਇ ਤੇ ਅਚਲਮਤੀ ਵਿਚੋਂ ਰਾਜਾ ਅਚਲਮਤੀ ਨਾਲ ਜਿਆਦਾ ਪਿਆਰ ਕਰਦਾ ਜਿਸ ਨੂੰ ਇਲਾਕੇ ਦੇ ਲੋਕ ਜਾਣਦੇ । ਦੂਜੀ ਨਾਰਿ ਨੇ ਇਕ ਔਰਤ ਨੂੰ ਸਿਖਾ ਕੇ ਉਸ ਦਾ ਘਰ ਧਨ ਨਾਲ ਭਰ ਦਿੱਤਾ ਤੇ ਦੂਜੀ ਔਰਤ ਦੇ ਕੰਨਾਂ ਤੱਕ ਭਿਣਕ ਨਾ ਪਈ। ਅੱਧੀ ਰਾਤ ਨੂੰ ਜਦ ਸਾਰੇ ਸੌਂ ਜਾਣ ਕਹਿੰਦੀ ਉਦੋਂ ਜਦ ਧੋਲਹਰ (ਕਿਲੇ) ਤੇ ਦੀਵਾ ਜਗਦਾ ਦੇਖੇਂ ਤਾਂ ਤੂੰ ਰਾਜੇ ਨੂੰ ਕਹੀਂ ਕਿ ਮਾਇਆ ਗੱਡੀ ਹੋਈ ਮੈਂ ਜਾਣਦੀ ਹਾਂ ਕਿੱਥੇ ਹੈ। ਅਚਲਾ ਦੇਇ ਔਰਤ ਦੇ ਘਰ ਹੈ। ਜਦ ਅਚਲਾ ਦੇਇ ਨੇ ਸੁਣਿਆ ਤਾਂ ਉਸ ਨੇ ਔਰਤ ਨੂੰ ਉਲਟੀ ਸਿੱਖਿਆ ਦੇ ਦਿੱਤੀ ਕਿ ਤੂੰ ਰਾਜੇ ਦੇ ਪਾਸ ਉਸੇ ਦਾ ਨਾਂ ਲੈਣਾ ਮੈਂ ਤੈਨੂੰ ਮੂੰਹ ਮੰਗਿਆ ਦੇਵਾਂਗੀ। ਕਹਿੰਦੀ ਜਿੰਨਾ ਧਨ ਉਸ ਨੇ ਤੈਨੂੰ ਦੇਣਾ ਕੀਤਾ ਹੈ ਮੈਂ ਉਸ ਤੋਂ ਦੁਗਣਾ ਤੈਨੂੰ ਦੇਵਾਂਗੀ । ਉਸ ਔਰਤ ਨੇ ਰਾਜੇ ਨੂੰ ਜਾ ਕਿਹਾ ਕਿ ਮੈਨੂੰ ਪਤਾ ਹੈ ਤੇਰੀ ਔਰਤ ਨੇ ਕਿੱਥੇ ਧਨ ਦੱਬਿਆ ਹੈ। ਰਾਜੇ ਨੇ ਅਪਣੀ ਔਰਤ ਦਾ ਕਤਲ ਕਰ ਦਿੱਤਾ ਜਿਸ ਨੇ ਧਨ ਚੁਰਾਇਆ ਸੀ।

ਨੋਟ :- ਦੋ ਸੌਕਣਾਂ ਦੇ ਭੇੜ ਦਾ ਭਲਾਂ ਸਿੱਖ ਧਰਮ ਨਾਲ ਕੀ ਵਾਸਤਾ ਤੇ ਗੁਰੂ ਜੀ ਨੂੰ ਕੀ ਦਿਲਚਸਪੀ ? ਇਸ ਦਸਮ ਗ੍ਰੰਥ ਦੀ ਰਾਹੀਂ ਪੁਜਾਰੀ ਅਪਣੇ ਹੀ ਧਰਮ ਦੀ ਜੱਖਣਾ ਪੁੱਟ ਪੁੱਟ ਅਪਣੇ ਹੀ ਗੁਰੂ ਨੂੰ ਅਪਮਾਨਿਤ ਕਰ ਰਹੇ ਹਨ । ਹੁਣ ਤੱਕ ਦੀ ਵਿਚਾਰ ਚੋਂ ਰੱਬ ਦੇ ਮਿਲਾਪ ਦੀ ਕੋਈ ਇਕ ਸਾਖੀ ਨਹੀਂ ਲੱਭੀ । ਹਾਂ ਚੋਰੀ, ਡਾਕੇ, ਕਤਲ, ਸੰਭੋਗ ਤੇ ਨਸ਼ਿਆਂ ਦੇ ਸੇਵਨ ਲਈ ਹਰ ਪੰਨੇ ਤੇ ਚੋਖੀ ਸਿੱਖਿਆ ਹੈ । ਕੀ ਸਿੱਖ ਧਰਮ ਦੇ ਪੁਜਾਰੀ ਗੁਰ ਸਿੱਖਾਂ ਨੂੰ ਇਹੋ ਸਿੱਖਿਆ ਦੇਣੀ ਚਾਹੁੰਦੇ ਹਨ । ਬਾ ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਥੰਭਕਰਨ (ਨ੍ਰਿਪ), ਸ੍ਵਾਨ (ਕੁੱਤਾ) ਤੇ ਔਰਤ (ਤੀਨ ਸੌ ਅਠਾਈਸ ਚਰਿਤ੍ਰ ਪੰਨਾ ੧੨੮੪-੮੫)

**ਕੁਤਬ ਸ਼ਾਹ ਪੀਰ ਜਾਂ ਕੁੱਤਾ :** ਥੰਭਕਰਨ ਰਾਜੇ ਪਾਸ ਇਕ ਸੋਹਣਾ ਕੁੱਤਾ ਜਣੋਂ ਸ਼ੇਰ ਵਰਗਾ ਆ ਗਿਆ। ਰਾਜੇ ਨੇ ਪੱਥਰ ਚੁੱਕ ਕੇ ਓਹਦੇ ਮਾਰਿਆ ਤੇ ਉਹ ਮਰ ਗਿਆ । ਔਰਤ ਨੂੰ ਕੁੱਤੇ ਨਾਲ ਬੜਾ ਮੋਹ ਸੀ । ਕੁੱਤੇ ਦੇ ਪੱਥਰ ਲੱਗਣ ਤੇ ਓਸ ਨੂੰ ਬੜਾ ਦੁੱਖ ਪੁੱਜਾ । ਪੱਥਰ ਨਾਲ ਕੁੱਤਾ ਮਰ ਜਾਣ ਤੇ ਰਾਣੀ ਰਾਜੇ ਨੂੰ ਦੋਸੀ ਆਖੀਂ ਜਾਏ। ਰਾਜਾ ਕਹਿੰਦਾ ਭਾਗਵਾਨੇ ਅਪਣੇ ਪਾਸ ਐਦਾਂ ਦੇ ਹਜ਼ਾਰਾਂ ਹੀ ਕੁੱਤੇ ਹਨ ਤੂੰ ਰੋਸ ਕਰੀ ਜਾਂਦੀ ਐਂ । ਤੂੰ ਐਓਂ ਸਮਝ ਰਹੀ ਐਂ ਜਿਵੇਂ ਕੋਈ ਵੱਡਾ ਪੀਰ ਹੋਏ । ਰਾਣੀ ਕਹਿੰਦੀ ਦੇਖਣਾ ਮੈਂ ਇਸ ਦੀ ਪੂਜਾ ਕਰਵਾਵਾਂਗੀ ਤੇ ਚੰਗੇ ਭਲਿਆਂ ਤੋਂ ਪਾਣੀ ਭਰਵਾਵਾਂਗੀ । ਰਾਣੀ ਨੇ ਕੁੱਤਾ ਜ਼ਮੀਨ ਪੁੱਟ ਕੇ ਦੱਬ ਦਿੱਤਾ ਤੇ ਉਸ ਦੀ ਇਕ ਬਹੁਤ ਸੁੰਦਰ ਕਬਰ ਬਣਾ ਦਿੱਤੀ । ਉਸ ਕਬਰ ਦਾ ਨਾਂ ਕੁਤਬ ਸ਼ਾਹ ਰੱਖਿਆ । ਇਕ ਦਿਨ ਔਰਤ ਸੀਰਨੀ ਬਣਾ ਕੇ ਆਪ ਚਲ ਕੇ ਉੱਥੇ ਆਈ ਤੇ ਕਬਰ ਤੇ ਪੂਜਾ ਕੀਤੀ ਕਹਿੰਦੀ ਪੀਰ ਕੁਤਬ ਸ਼ਾਹ ਦੀ ਮੰਨਤ ਮੰਨਿਆਂ ਪੂਰੀ ਹੁੰਦੀ ਹੈ । ਜਦ ਲੋਕਾਂ ਸੁਣਿਆ ਤਾਂ ਓਹ ਵੀ ਭਾਂਤਿ ਭਾਂਤਿ ਦੀਆਂ ਸੀਰਨੀਆਂ ਬਣਾ ਕੇ ਪੂਜਾ ਕਰਨ ਪੁੱਜੇ । ਕੋਈ ਝਾੜੂ ਮਾਰਦਾ ਤੇ ਕੋਈ ਹੋਰ ਸੇਵਾ ਕਰਦਾ । ਕਈ ਕਬਰ ਨੂੰ ਚੁੰਮ ਚੁੰਮ ਜਾਂਦੇ । ਇਹ ਕੋਈ ਨਾ ਜਾਣ ਸਕਿਆ ਕਿ ਇਹ ਕੁੱਤੇ ਦੀ ਕਬਰ ਹੈ ਹੁਣ ਤੱਕ ਲੋਕੀਂ ਓਹਦੀ ਪੂਜਾ ਕਰਦੇ ਹਨ ।

ਨੋਟ :- ਸਾਡੇ ਸਿੱਖ ਧਰਮ ਅੰਦਰ ਕਾਰ ਸੇਵਾ ਵਾਲੇ ਬਾਬਿਆਂ ਅਤੇ ਸੰਤਾਂ ਸਾਧਾਂ ਦੀ ਅਪਾਰ ਕ੍ਰਿਪਾ ਨਾਲ ਸੜਕਾਂ ਦੇ ਦੋਹੀਂ ਪਾਸੀਂ ਐਨੇ ਆਲੀਸ਼ਾਨ ਗੁਰਦੁਆਰੇ ਹੋਂਦ ਚ ਆ ਗਏ ਹਨ ਕਿ ਇਤਿਹਾਸ ਤੇ ਮਿਥਿਹਾਸ ਦਾ ਪਤਾ ਹੀ ਨਹੀਂ ਚਲਦਾ। ਹਰ ਥਾਂ ਬਾਬਿਆਂ ਦਾ ਝੰਡਾ ਝੁਲਦਾ ਹੈ ਤੇ ਗੁਰਦੁਆਰੇ ਦੇ ਗੇਟ ਤੇ ਝੂਠਾ ਇਤਿਹਾਸ ਲਿਖ ਕੇ ਚਿਪਕਾ ਦਿੱਤਾ ਹੈ। ਚੰਡੀਗੜ੍ਹ ਦੇ 100 ਕਿਲੋਮੀਟਰ ਦੇ ਘੇਰੇ ਅੰਦਰ 1960 ਤੋਂ ਬਾਦ ਬਣੇ ਬਹੁਤੇ ਗੁਰਦੁਆਰੇ ਝੂਠੇ ਇਤਿਹਾਸ ਦੀ ਉਪਜ ਹਨ। ਭਾਵੇਂ ਬਹੁਤੇ ਇਤਿਹਾਸਕਾਰ ਸੱਚ ਜਾਣਦੇ ਹਨ ਪਰ ਉਹ ਸੱਚ ਬੋਲਣ ਦੀ ਦਲੇਰੀ ਨਹੀਂ ਕਰਦੇ। ਗੁਰਦੁਆਰਾ ਬਣਾਉਣਾ ਕੋਈ ਮਾੜਾ ਕਰਮ ਨਹੀਂ ਪਰ ਇਤਿਹਾਸ ਦਾ ਕਤਲ ਕਰਨਾ ਜੁਰਮ ਹੈ। ਫਿਰ ਇਤਿਹਾਸਕ ਗੁਰਦੁਆਰੇ ਢਾਹ ਕੇ ਉਥੋਂ ਦੀ ਹਰ ਕੀਮਤੀ ਵਸਤੂ ਗਾਇਬ ਕਰ ਦਿੱਤੀ ਗਈ ਹੈ । ਕਿਹੜੀ ਜਥੇਬੰਦੀ ਇਨ੍ਹਾਂ ਬਾਬਿਆਂ ਤੋਂ ਹਿਸਾਬ ਪੁੱਛੇਗੀ ।

ਨਗਰ : ਬਿਜਿਯਾਵਤੀ (ਤੀਨ ਸੌ ਉਨਤੀਸ ਚਰਿਤ੍ਰ ਪੰਨਾ ੧੨੮੫)

## ਗਹਿਣੇ ਚੋਰੀ ਕਰਨੇ ਸਿੱਖੋ

ਪਾਤਰ : ਬ੍ਰਿਭ੍ਰਮ ਸੈਨ (ਨ੍ਰਿਪਤਿ), ਬਯਾਘ੍ਰਮਤੀ (ਦਾਰਾ) ਤੇ ਪਨਿਹਾਰੀ : ਬਿਜਿਯਾਵਤੀ ਨਗਰ ਦੇ ਰਾਜਾ ਬ੍ਰਿਭ੍ਰਮ ਸੈਨ ਦੀ ਇਕ ਖੂਬਸੂਰਤ ਔਰਤ ਬਯਾਘ੍ਰਮਤੀ ਦੇ ਇਕ ਪਨਿਹਾਰੀ (ਝਿਊਰੀ) ਨੇ ਗਹਿਣੇ ਚੋਰੀ ਕਰ ਕੇ ਘੜੇ ਵਿੱਚ ਸੁੱਟ ਲਏ । ਉੱਪਰ ਪਾਣੀ ਤੇ ਥੱਲੇ ਗਹਿਣੇ ਹੋਣ ਤੇ ਕਿਸੇ ਨੇ ਸ਼ੱਕ ਨਾ ਕੀਤਾ । ਉਸ ਨੇ ਬਹੁਤ ਬੰਦਿਆਂ ਨੂੰ ਪਾਣੀ ਪਿਲਾਇਆ। ਰਾਣੀ ਤੇ ਰਾਜੇ ਨੇ ਵੀ ਘੜਾ ਦੇਖਿਆ ਪਾਣੀ ਪੀਤਾ ਪਰ ਧਿਆਨ ਕਿਸੇ ਨਾ ਦਿੱਤਾ। ਉਹ ਰਾਣੀ ਦੇ ਗਹਿਣੇ ਚੋਰੀ ਕਰ ਕੇ ਅਪਣੇ ਘਰ ਜਾ ਪਹੁੰਚੀ ।

ਨੋਟ :- ਦਸਮ ਗ੍ਰੰਥ ਦੀਆਂ ਅਤਿ ਉਤਮ ਸਮਝੀਆਂ ਜਾ ਰਹੀਆਂ ਕਾਵਿ ਰਚਨਾਵਾਂ ਵਿੱਚੋਂ ਉਤਮ ਸਿੱਖਿਆ ਧੀਆਂ ਭੈਣਾਂ ਨੂੰ ਸਾਡੇ ਪੁਜਾਰੀਆਂ ਦਿੱਤੀ ਹੈ ਕਿ ਕਿਵੇਂ ਗਹਿਣੇ ਚੋਰੀ ਕਰੀਦੇ ਹਨ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਕਦੇ ਕਿਸੇ ਧੀ ਭੈਣ ਨੂੰ ਚੋਰੀ ਕਰਨ ਦੀ ਸਿੱਖਿਆ ਦਿੱਤੀ ਹੈ ? ਸਾਡੇ ਵੱਡੇ ਪੁਜਾਰੀ ਤੇ ਧਰਮ ਦੇ ਠੇਕੇਦਾਰ ਇਸ ਨੂੰ ਪਾਤਸ਼ਾਹੀ ੧੦ ਦੀ ਗੁਰਬਾਣੀ ਆਖ ਆਖ ਨਮਸਕਾਰਾਂ ਕਰਦੇ ਤੇ ਕਰਾਉਂਦੇ ਹਨ । ਇਹ ਉਵੇਂ ਹੀ ਹੈ ਜਿਵੇਂ ਪਿਛਲੇ ਚਰਿਤ੍ਰ ਵਿੱਚ ਕੁੱਤੇ ਦੀ ਕਬਰ ਬਣਾ ਕੇ ਕੁਤਬ ਸ਼ਾਹ ਪੀਰ ਬਣਾ ਦਿੱਤਾ। ਆਪ ਮੱਥੇ ਟੇਕੇ ਤੇ ਟਿਕਵਾਏ । ਪੁਜਾਰੀਓ ਸ਼ਰਮ ਕਰੋ ਪਰ ਓਹ ਤਾਂ ਤੁਹਾਡੇ ਪੱਲੇ ਹੈ ਹੀ ਨਹੀਂ, ਵਰਨਾ ਦਸਮ ਗ੍ਰੰਥ ਦੇ ਅਖੰਡ ਪਾਠ ਕਿਵੇਂ ਕਰਦੇ ?

ਨਗਰ : ਬਿਰਹਾਵਤੀ (ਤੀਨ ਸੌ ਤੀਸ ਚਰਿਤ੍ਰ ਪੰਨਾ ੧੨੮੫-੮੬)

## ਭਾਰੀ ਨਸ਼ੇ ਕਰੋ ਤੇ......।

ਪਾਤਰ : ਬਿਰਹ ਸੈਨ (ਨ੍ਰਿਪਤਿ), ਬਿਰਹਾ ਦੇਇ (ਔਰਤ) ਤੇ ਇਸ਼ਕਾਦੇ (ਸੁਤਾ) :

ਬਿਰਹਾਵਤੀ ਨਗਰ ਦੇ ਰਾਜਾ ਬਿਰਹਾ ਸੈਨ ਦੀ ਔਰਤ ਬਿਰਹਾ ਦੇਇ ਨਿਰੀ ਅੱਗ ਦੀ ਜ੍ਵਾਲਾ । ਓਹਦੀ ਧੀ ਇਸ਼ਕਾਦੇ ਰੂਪ ਅੱਗੇ ਚੰਦ ਤੇ ਸੂਰਜ ਵੀ ਫਿੱਕੇ । ਬਸ ਐਓਂ ਸਮਝੋ ਬਈ ਨਿਰੀ ਪਾਰਬਤੀ । ਉਥੇ ਇਕ ਕੰਚਨ ਸੈਨ ਵੱਡਾ ਦੈਂਤ ਰਹਿੰਦਾ ਜੋ ਬੜਾ ਤਕੜਾ ਤੇ ਵੱਡੇ ਬੀਰਜ ਵਾਲਾ । ਉਹ ਅੱਧੀ ਰਾਤ ਨੂੰ ਆਉਂਦਾ ਤੇ ਇਕ ਬੰਦਾ ਖਾ ਜਾਂਦਾ । ਸਭਨਾਂ ਨੇ ਮਿਲ ਬੈਠ ਕੇ ਸੋਚਿਆ ਬਈ ਰਾਖਸ ਬੜਾ ਬਲਵਾਨ ਐ ਉਹ ਹਰ ਰੋਜ ਇਕ ਬੰਦਾ ਖਾਈਂ ਜਾਂਦੈ ਕਿਸੇ ਤੇ ਤਰਸ ਨਹੀਂ ਖਾਂਦਾ ਤੇ ਬੇ-ਡਰ ਹੋ ਕੇ ਘੁੰਮਦੈ। ਉੱਥੇ ਇਕ ਬੇਸ੍ਵਾ ਰਹਿੰਦੀ ਸੀ ਉਸ ਨੇ ਰਾਜੇ ਪਾਸ ਦੈਂਤ

ਨੂੰ ਮਾਰ ਖਪਾਉਣ ਦੀ ਅਪਣੀ ਸਕਮਿ ਦੱਸੀ । ਉਸ ਨੇ ਅੱਠ ਸੌ ਝੋਟੇ ਮੰਗਾਏ । ਨਸ਼ੇ ਪਾ ਕੇ ਪਕਵਾਨ ਪਕਾਏ ਤੇ ਬਹੁਤ ਸਾਰੀ ਦਾਰੂ ਲਿਆ ਰੱਖੀ ਜਿਹੜੀ ਸੱਤ ਬਾਰ ਸੋਧੀ ਹੋਈ ਸੀ । ਚੰਗੇ ਸਲੀਕੇ ਨਾਲ ਪਕਵਾਨ ਬਣਾਏ ਤੇ ਤਰ੍ਹਾਂ ਤਰ੍ਹਾਂ ਦੀ ਜ਼ਹਿਰ ਉਸ ਵਿੱਚ ਮਿਲਾਈ । ਗਰਧਭਾਨ ਨੇ ਉਸ ਵਿੱਚ ਵੱਡੀ ਮਾਤਰਾ ਚ ਅਫੀਮ ਸੁੱਟ ਦਿੱਤੀ :-

*ਬਲੀ ਆਠ ਸੈ ਮਹਿਖ ਮੰਗਾਯੋ ॥ ਭੱਛ ਭੋਜ ਪਕਵਾਨ ਪਕਾਯੋ ॥*
*ਮਦਰਾ ਅਧਿਕ ਤਹਾ ਲੈ ਧਰਾ ॥ ਸਾਤ ਬਾਰ ਜੁ ਚੁਆਇਨਿ ਕਰਾ ॥੧੦॥*
*ਭਲੀ ਭਾਂਤਿ ਸਭ ਅੰਨ ਬਨਾਏ ॥ ਭਾਂਤਿ ਭਾਂਤਿ ਬਿਖੁ ਸਾਥ ਮਿਲਾਏ ॥*
*ਗਰਧਭਾਨ ਬਹੁ ਦਈ ਅਫੀਮੈਂ ॥ ਬਾਂਧੇ ਆਨਿ ਅਸੁਰ ਕੀ ਸੀਮੈਂ ॥੧੧॥* (ਤੀਨ ਸੌ ਤੀਸ ਚਰਿਤ੍ਰ)

ਅੱਧੀ ਰਾਤ ਨੂੰ ਦੈਂਤ ਆਇਆ ਉਸ ਨੇ ਖਾਨ ਨੂੰ ਚਬਾਇਆ ਤੇ ਫਿਰ ਨਸ਼ੇ ਪਾ ਕੇ ਤਿਆਰ ਕੀਤੇ ਬਹੁਤੇ ਖਾਣੇ ਖਾਧੇ। ਭਰ ਭਰ ਪਿਯਾਲੇ ਦਾਰੂ ਦੇ ਪੀਤੇ ਜਦ ਦਾਰੂ ਪੀ ਕੇ ਬੇਸੁਰਤ ਹੋ ਗਿਆ ਤਾਂ ਇਕ ਵੱਡਾ ਗੋਲਾ ਅਫੀਮ ਦਾ ਖਾ ਗਿਆ। ਔਰਤ ਨੇ ਉਸ ਨੂੰ ਸੁੱਤਾ ਜਾਣ ਕੇ ਕਤਲ ਕਰ ਦਿੱਤਾ । ਉਸ ਨੂੰ ਅੱਠ ਹਜ਼ਾਰ ਮਨ ਸਿੱਕਾ ਲੈ ਕੇ ਉਸ ਵਿੱਚ ਭੁੰਨਿਆ ਤੇ ਦੈਂਤ ਦੀ ਭਸਮ ਭੂਤ ਕ੍ਰਿਆ ਕਰਕੇ ਨਗਰ ਨੂੰ ਸ਼ਾਂਤੀ ਮਿਲੀ ।

ਨੋਟ :- ਦਸਮ ਗ੍ਰੰਥ ਨਾਮੀ ਪੁਸਤਕ ਦੀ ਇਹ ਕਾਵਿ ਰਚਨਾ ਗੁਰਸਿੱਖ ਨੂੰ ਉਪਦੇਸ ਦੇਂਦੀ ਹੈ ਕਿ ਭਾਰੀ ਨਸ਼ੇ ਪਾ ਕੇ ਖਾਣੇ ਤਿਆਰ ਕਰੋ ਤੇ ਓਹ ਦਾਰੂ ਦੇ ਭਰ ਭਰ ਪਿਯਾਲੇ ਪੀਓ ਜੋ ਸੱਤ ਬਾਰ ਸੋਧੀ ਹੋਏ। ਹਾਂ ਨਸ਼ਿਆਂ ਦੇ ਨਾਲ ਨਾਲ ਜੇਕਰ ਅਫੀਮ ਦਾ ਗੋਲਾ ਵੀ ਖਾਧਾ ਜਾਏ ਤਾਂ ਲਾਭਕਾਰੀ ਹੈ। ਸਾਡੇ ਸੰਤ ਸਾਧ ਅਤੇ ਪੁਜਾਰੀ ਕਹਿੰਦੇ ਇਹ ਗੁਰਬਾਣੀ ਹੈ ਜੋ ਪਾਤਸ਼ਾਹੀ ੧੦ ਨੇ ਲਿਖੀ ਹੈ। ਜੇਕਰ ਇਹ ਸੱਚ ਹੈ ਬਈ ਇਹ ਗੁਰੂ ਜੀ ਦੀ ਲਿਖੀ ਗੁਰਬਾਣੀ ਹੈ ਤਾਂ ਫਿਰ ਖੰਡੇ ਬਾਟੇ ਦੀ ਪਹੁਲ (ਅੰਮ੍ਰਿਤ) ਦੇ ਸਿਧਾਂਤ ਦਾ ਕੀ ਬਣਿਆ। ਕੀ ਇਸ ਸਿੱਖਿਆ ਅਨੁਸਾਰ ਪਹੁਲ ਲੈਣ ਤੋਂ ਬਾਦ ਦਾਰੂ ਤੇ ਹੋਰ ਭਾਰੀ ਨਸ਼ੇ ਕਰ ਲੈਣੇ ਚਾਹੀਦੇ ਹਨ ? ਪੁਜਾਰੀ ਸ਼੍ਰੇਣੀ ਪੂਜਾ ਦੇ ਧਨ ਵਿੱਚ ਇਤਨੀ ਬੇਸੁਰਤ ਹੋ ਚੁੱਕੀ ਹੈ ਕਿ ਉਨ੍ਹਾਂ ਦੇ ਪੱਲੇ ਸੁਰਤ ਰਹੀ ਹੀ ਨਹੀਂ। ਇਸ ਗ੍ਰੰਥ ਰਾਹੀਂ ਚਾਰੇ ਕੁਰੈਹਿਤਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੂਹ ਗੁਰ ਵਿਅਕਤੀ ਤੇ ਭਗਤ ਜਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਨਸ਼ੇ ਨਾ ਕਰਨ ਲਈ ਮਨੁੱਖ ਨੂੰ ਪ੍ਰੇਰਦੇ ਹਨ ਪਰ ਦਸਮ ਗ੍ਰੰਥ ਉਸ ਤੋਂ ਉਲਟ ਜਾ ਕੇ ਭਾਰੀ ਨਸ਼ੇ ਕਰਨ ਨੂੰ ਉਤਸ਼ਾਹਿਤ ਕਰਦਾ ਹੈ । ਇਕ ਵੱਖਰੇ ਲੇਖ ਰਾਹੀਂ ਨਸ਼ੇ ਤੇ ਗੁਰਮਤਿ ਦੀ ਵਿਚਾਰ ਗੁਰਬਾਣੀ ਦੀ ਕਸਵੱਟੀ ਤੇ ਕੀਤੀ ਗਈ ਹੈ ਉਸ ਨੂੰ ਪੜ੍ਹ ਕੇ ਸ਼ੰਕੇ ਦੂਰ ਹੁੰਦੇ ਹਨ ਕਿ ਗੁਰਬਾਣੀ ਦੀ ਕਸਵੱਟੀ ਤੇ ਦਸਮ ਗ੍ਰੰਥ ਖ਼ਰਾ ਨਹੀਂ ਉਤਰਦਾ। ਵਧੇਰੇ ਗਿਆਨ ਲਈ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਸਮੇਤ ਪੜ੍ਹੋ । ਬਾ-ਖ਼ਬਰਦਾਰ-ਜਾਗਦੇ ਰਹਿਓ !

### ਅੰਗ੍ਰੇਜਾਂ ਨਾਲ ਲੜਾਈ

(ਤੀਨ ਸੌ ਇਕੱਤੀਸ ਚਰਿਤ੍ਰ ਪੰਨਾ ੧੨੯੬-੯੭)

ਪਾਤਰ : ਵਲੰਦੇਜ (ਨ੍ਰਿਪ), ਵਲੰਦੇਜ ਦੇਈ (ਬਾਲਾ), ਅੰਗ੍ਰੇਜ ਤੇ ਫਿਰੰਗੀ ਰਾਇ (ਨ੍ਰਿਪਤਿ) :

ਰਾਜਾ ਵਲੰਦੇਜ (ਪਤਾ ਨਹੀਂ ਕਿਹੜੇ ਦੇਸ ਜਾਂ ਇਲਾਕੇ ਦਾ) ਦੇ ਘਰ ਇਕ ਸੁੰਦਰ ਰਾਣੀ ਵਲੰਦੇਜ ਦੇਈ। ਰਾਜਾ ਫਿਰੰਗੀ ਰਾਇ ਖਾ ਕੇ ਗੁੱਸਾ-ਲੈ ਕੇ ਸੈਨਾ ਚੜ੍ਹਾਈ ਕਰ ਦਿੱਤੀ ਰਾਜਾ ਵਲੰਦੇਜ ਤੇ। ਓਹ ਡਰ ਨਾਲ ਹੀ ਮਰ ਗਿਆ। ਰਾਣੀ ਨੇ ਰਾਜੇ ਮਰੇ ਦਾ ਭੇਤ ਕਿਸੇ ਨੂੰ ਨਹੀਂ ਦਿੱਤਾ-ਜੋੜੀ ਸੈਨਾ ਇਕ ਲੱਖ ਤੇ ਇਕ ਲੱਖ ਹੀ ਬੰਦੂਕ ਉਨ੍ਹਾਂ ਦੇ ਹੱਥ ਪਕੜਾ ਕੇ ਗੋਲੀ ਸਿੱਕੇ ਨਾਲ ਭਰ ਦਿੱਤੀ। ਤੀਰ ਕਮਾਨ ਅਤੇ ਬਾਣਾਂ ਤੋਂ ਇਲਾਵਾ ਤੋਪਖਾਨਾ ਵੀ ਤਿਆਰ । ਜਦ ਗੋਰਿਆਂ (ਅੰਗ੍ਰੇਜਾਂ) ਦੀ ਫੌਜ ਨੇੜੇ ਆਈ ਤਾਂ ਇਕੋ ਬਾਰ ੨੦ ਹਜ਼ਾਰ ਗੋਲੀ ਚਲਾ ਦਿੱਤੀ । ਜਿਵੇਂ ਮਖੀਰ ਦੀਆਂ ਮੱਖੀਆਂ ਉਡਦੀਆਂ ਹਨ ਉਵੇਂ ਤੜਫੜਾ ਕੇ ਗੋਰੇ ਮਰ ਗਏ । ਹਾਥੀ ਘੋੜੇ ਸਭ ਸੁਰਪੁਰ ਜਾ ਪੁੱਜੇ ।

ਨੋਟ :- ਦਸਮ ਗ੍ਰੰਥ ਦੇ ਪੁਜਾਰੀ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਅਨਪੜ੍ਹ ਬੰਦਾ ਸੀ ਜਿਸ ਨੂੰ ਨਾ ਭੁਗੋਲਿਕ ਸਥਿਤੀਆਂ ਦੀ ਜਾਣਕਾਰੀ ਸੀ ਤੇ ਨਾ ਹੀ ਇਤਿਹਾਸ ਦੀ । ਉਂਝ ਸਤਿਕਾਰ ਯੋਗ ਇਤਿਹਾਸ ਕਾਰ ਜਾਣਦੇ ਹਨ ਕਿ ਅੰਗ੍ਰੇਜ ਕਦੋਂ ਭਾਰਤ ਆਏ ਤੇ ਕਿਸ ਕਿਸ ਸੰਨ ਵਿੱਚ ਕਿਸ ਕਿਸ ਨਾਲ ਜੰਗ ਕੀਤੀ । ਭਾਰਤ ਚ ਰਾਜ ਕਰਦਿਆਂ ਉਨ੍ਹਾਂ ਦੀ ਨਿੱਜੀ ਫੌਜ ਕਿੰਨੀ ਹੁੰਦੀ ਸੀ ? ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ ਤੱਕ ਗੋਰੇ ਮੱਧ ਭਾਰਤ ਨੂੰ ਵੀ ਟੱਪ ਨਹੀਂ ਸਕੇ। ਬਿਨਾਂ ਸਿਰ ਪੈਰ ਦੇ ਗਪੌੜੇ ਗੁਰੂ ਜੀ ਦੀ ਰਾਹੀਂ ਪ੍ਰਗਟ ਕਰਨੇ ਅਪਣੀ ਅਕਲ ਦਾ ਜਨਾਜਾ ਕੱਢਣਾ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਨਾ ਇਤਿਹਾਸ ਲਿਖਿਆ ਹੈ ਤੇ ਨਾ ਹੀ ਕੋਈ ਝੂਠ ਦੀ ਦੀਵਾਰ ਉਸਾਰੀ ਹੈ। ਹੁਣ ਸਮਾਂ ਆ ਗਿਆ ਹੈ ਪੁਜਾਰੀਆਂ ਤੋਂ ਪੁੱਛ ਗਿੱਛ ਕਰਨ ਦਾ ਕਿ ਇਹ ਕੂੜ ਕਬਾੜ ਉਨ੍ਹਾਂ ਕਿੱਥੋਂ ਤੇ ਕਿਹੜੇ ਸਾਧਨਾਂ ਨਾਲ ਇਕੱਠਾ ਕੀਤਾ ਤੇ ਕਿਸ ਦੀ ਇਜਾਜਿਤ ਨਾਲ ਉਨ੍ਹਾਂ ਪੁਸਤਕ ਦਾ ਰੂਪ ਦੇ ਕੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਲਿਖਿਆ । ਜਾਗਦੇ ਰਹਿਓ !

ਸ਼ਹਿਰ : ਭੇਹਰਾ (ਤੀਨ ਸੌ ਬੱਤੀਸ ਚਰਿਤ੍ਰ ਪੰਨਾ ੧੨੮੭-੮੯)

## ਘੋੜੀ ਚੋਰੀ ਕਰੋ ਤੇ ਯਾਰ ਭੋਗੋ

ਪਾਤਰ : ਕਾਮ ਸੈਨ (ਨ੍ਰਿਪਤਿ), ਕਾਮਾਵਤੀ (ਨਾਰੀ), ਰੂਪ ਕੁਅਰ (ਸ਼ਾਹ) ਤੇ ਪ੍ਰੀਤਿ ਕਲਾ (ਸੁਤਾ) :

ਭੇਹਰੇ ਸ਼ਹਿਰ ਦੇ ਰਾਜਾ ਕਾਮ ਸੈਨ ਦੀ ਰਾਣੀ ਕਾਮਾਵਤੀ ਬੜੀ ਹੀ ਸੁੰਦਰ। ਉਨ੍ਹਾਂ ਦੇ ਘਰ ਬਹੁਤ ਸਾਰੇ ਘੋੜੇ ਅਤੇ ਘੋੜੀਆਂ। ਇਕ ਘੋੜੀ ਨੇ ਵਛੇਰਾ ਦਿੱਤਾ ਜੋ ਅੰਤਾਂ ਦਾ ਸੋਹਣਾ, ਉਥੇ ਸੀ ਇਕ ਸ਼ਾਹ ਰੂਪ ਕੁਅਰ ਨਾਂ ਦਾ, ਜਿਸ ਦੀ ਕੁੜੀ ਦਾ ਨਾਂ ਸੀ ਪ੍ਰੀਤਿ ਕਲਾ ਜਿਸ ਵਰਗੀ ਸੋਹਣੀ ਲੱਭਣੀ ਮੁਸ਼ਕਿਲ ਐ । ਹਾਂ ਓਹ ਕੁੜੀ ਇਕ ਚੌਧਰੀ ਦੇ ਪੁੱਤ ਨਾਲ ਅੱਖ ਮਟੱਕਾ ਕਰ ਬੈਠੀ । ਉਸ ਨੇ ਸ਼ਾਹ ਪੁੱਤ ਦੀ ਮੇਜਬਾਨੀ ਕਰਨ ਲਈ ਘਰ ਬੁਲਾਇਆ ਤੇ ਅਨੇਕਾਂ ਤਰ੍ਹਾਂ ਦੇ ਭੋਜਨ ਬਣਾਏ । ਜਦ ਉਸ ਨੂੰ ਕੈਫ ਨਾਲ ਨਸ਼ਈ ਕਰ ਦਿੱਤਾ ਤਾਂ ਮੁਟਿਆਰ ਕਹਿੰਦੀ ਕਿ ਹੁਣ ਤੂੰ ਮੇਰੇ ਘਰ ਆਇਆ ਹੈਂ । ਪਹਿਲਾਂ ਮੇਰੇ ਸਰੀਰ ਚ ਉੱਠੇ ਕਾਮ ਨੂੰ ਸ਼ਾਤ ਕਰ :-

*ਕੀਨਾ ਕੈਫ ਰਸਮਸੋ ਜਬ ਹੀ ॥ ਤਰੁਨੀ ਇਹ ਬਿਧਿ ਉਚਰੀ ਤਬ ਹੀ ॥*
*ਅਬ ਤੈਂ ਗਵਨ ਆਇ ਮੇਰੋ ਕਰਿ ॥ ਕਾਮ ਤਪਤ ਅਬ ਹੀ ਹਮਰੋ ਹਰਿ ॥੫॥*

(ਤੀਨ ਸੌ ਬੱਤੀਸ ਚਰਿਤ੍ਰ ਪੰਨਾ ੧੨੮੭)

ਨੌਜੁਆਨ ਕਹਿੰਦਾ ਕਿ ਮੈਂ ਐਦਾਂ ਤੇਰੇ ਨਾਲ ਭੋਗ ਨਹੀਂ ਕਰਨ ਲੱਗਾ। ਪਹਿਲਾਂ ਤੂੰ ਮੈਨੂੰ ਰਾਜੇ ਦੇ ਘਰ ਜੋ ਬਾਜੀ (ਘੋੜੀ) ਜੰਮੀ ਹੈ ਉਹ ਲਿਆ ਕੇ ਦੇ । ਔਰਤ ਨੇ ਬਣਾਈ ਸਕੀਮ-ਲਿਆ ਘੋੜਾ-ਅੱਧੀ ਰਾਤ ਨੂੰ ਕੁੱਤੇ ਦਾ ਭੇਖ ਧਾਰ ਕੇ ਹੱਥ ਚ ਲਈ ਕ੍ਰਿਪਾਨ ਜਾ ਪੁਹੰਚੀ ਜਿੱਥੇ ਤਾਜ਼ੀ ਵਛੇਰੀ ਸੀ । ਓਹ ਕਿਲੇ ਦੇ ਸੱਤ ਦਰਵਾਜ਼ੇ ਕੁੱਦ ਕੇ ਲੰਘੀ । ਜਿਹੜਾ ਵੀ ਸੇਵਾਦਾਰ ਨੂੰ ਜਾਗਦਾ ਦੇਖਦੀ ਉਸੇ ਨੂੰ ਮਾਰ ਮੁਕਾਉਂਦੀ ।

*ਅੜਿੱਲ ॥ ਏਕ ਪਹਰੂਅਹਿ ਮਾਰਿ ਦੁਤਿਯ ਕਹ ਮਾਰਿਯੋ ॥*
*ਤ੍ਰਿਤਿਯ ਮਾਰਿ ਚਤਰਥ ਕੇ ਸੀਸ ਉਤਾਰਿਯੋ ॥*
*ਪੰਚਮ ਖਸਟਮ ਮਾਰਿ ਸਪਤਵੌ ਹਤਿ ਕਿਯੋ ॥*
*ਹੋ ਅਸਟਮ ਪੁਰਖ ਸੰਘਾਰਿ ਛੋਰਿ ਬਾਜੀ ਲਿਯੋ ॥੧੦॥* (ਤੀਨ ਸੌ ਬੱਤੀਸ ਚਰਿਤ੍ਰ ਪੰਨਾ ੧੨੮੭-੮੮)

ਜਦ ਨਗਰ ਚ ਰੌਲਾ ਪਿਆ ਬਈ ਬਾਜੀ ਨੂੰ ਔਰਤ ਨੇ ਚੁਰਾ ਲਿਆ ਹੈ । ਉਨ੍ਹਾਂ ਨੇ ਸਾਰੇ ਰਸਤੇ ਤੇ ਲਾਂਘੇ ਰੋਕ ਕੇ ਚੋਰ ਨੂੰ ਪਕੜਨ ਦਾ ਯਤਨ ਕੀਤਾ ਤੇ ਕ੍ਰਿਪਾਨਾ ਕੱਢ ਕੇ ਦਸੋਂ ਦਿਸ਼ਾਵਾਂ ਵੱਲ ਦੌੜੇ । ਕਈ ਔਰਤ ਦੇ ਨੇੜੇ ਪੁੱਜੇ ਪਰ ਉਨ੍ਹਾਂ ਨੂੰ ਔਰਤ ਨੇ ਮਾਰ ਖਪਾਇਆ ਤੇ ਅਖੀਰ ਮਿਤ੍ਰ ਕੋਲ ਜਾ ਪਹੁੰਚੀ :-

*ਚੌਪਈ ॥ ਜਬ ਤਿਹ ਆਨਿ ਤੁਰੰਗਮ ਦੀਯੋ ॥ ਕਾਮ ਭੋਗ ਤਾਸੈ ਦ੍ਰਿੜ ਕੀਯੋ ॥*
*ਜੌ ਪਾਛੈ ਤਿਨ ਫੌਜ ਨਿਹਾਰੀ ॥ ਇਹ ਬਿਧਿ ਸੌ ਤਿਹ ਤ੍ਰਿਯਹਿ ਉਚਾਰੀ ॥੧੨॥*

(ਤੀਨ ਸੌ ਬੱਤੀਸ ਚਰਿਤ੍ਰ ਪੰਨਾ ੧੨੮੮)

ਮਿਤ੍ਰ ਕਹਿੰਦਾ ਕਿ ਤੂੰ ਬੁਰਾ ਕਰਮ ਕੀਤਾ ਜੋ ਘੋੜੀ ਚੋਰੀ ਕੀਤੀ ਹੁਣ ਸਾਨੂੰ ਦੋਨਾਂ ਨੂੰ ਪਕੜ ਕੇ ਫਾਂਸੀ ਦਿੱਤੀ ਜਾਏਗੀ। ਔਰਤ ਕਹਿੰਦੀ ਤੂੰ ਫਿਕਰ ਨਾ ਕਰ ਬਾਜੀ ਸਮੇਤ ਅਸੀਂ ਦੋਨੇ ਸਹੀ ਸਲਾਮਤ ਰਹਾਂਗੇ । ਉਸ ਨੇ ਮਰਦਾਨਾ ਭੇਖ ਧਾਰਣ ਕੀਤਾ ਤੇ ਦਲ ਚ ਸ਼ਾਮਿਲ ਹੋ ਗਈ । ਘਰ ਘਰ ਦੀ ਤਲਾਸ਼ੀ ਲਈ । ਬਾਜੀ ਦੇ ਪੈਰਾਂ ਚ ਝਾਂਜਰ ਬੰਨ੍ਹੀ ਤੇ ਅੱਗੇ ਪਰਦਾ ਤਾਣ ਦਿੱਤਾ । ਉਹ ਇਕ ਇਕ ਵਿਹੜਾ ਦਿਖਾਉਂਦੀ ਤੇ ਤਾਜੀ ਨੂੰ ਪਰਦੇ ਸਮੇਤ ਪਿੱਛੇ ਲੈ ਜਾਂਦੀ ਕਿ ਇਥੇ ਸਜ ਵਿਆਹੀ ਨੂੰਹ ਹੈ । ਇਉਂ ਸਭ ਨੂੰ ਧੋਖਾ ਦੇ ਦਿੱਤਾ । ਕਵੀ ਕਹਿੰਦਾ ਹੈ :-

*ਇਨ ਇਸਤ੍ਰੀਨ ਕੇ ਚਰਿਤ ਅਪਾਰਾ ॥ ਜਿਨੈ ਨਾ ਬਿਧਨਾ ਸਕਤ ਬਿਚਾਰਾ ॥੨੬॥*

(ਤੀਨ ਸੌ ਬੱਤੀਸ ਚਰਿਤ੍ਰ ਪੰਨਾ ੧੨੮੯)

ਨੋਟ :- ਅਸੀਂ ਪਿੱਛੇ ਦੇਖ ਚੁੱਕੇ ਹਾਂ ਕਿ ਔਰਤਾਂ ਨੂੰ ਸਭ ਤੋਂ ਮੰਦਾ ਬੋਲਣ ਵਾਲਾ ਕਵੀ ਰਾਮ ਹੈ । ਇਹ ਰਚਨਾਂ ਵੀ ਉਸੇ ਦੀ ਲਿਖੀ ਹੋਈ ਹੈ। ਸੰਪਾਦਕ ਅਤੇ ਸੋਧ ਕਮੇਟੀ ਸਿੱਖ ਧਰਮ ਦੇ ਦੁਸ਼ਮਣਾਂ ਹੱਥ ਵਿੱਕ ਕੇ ਕਵੀਆਂ ਦੀਆਂ ਕਾਵਿ ਰਚਨਾਵਾਂ ਨੂੰ ਰਲ ਗੱਡ ਕਰ ਕੇ ਛਾਪ ਦਿੱਤਾ ਤੇ ਉੱਤੇ ਲਿਖ ਦਿੱਤਾ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਤਾਂ ਕਿ ਸਿੱਖਾਂ ਨੂੰ ਮੂਰਖ ਬਣਾਇਆ ਜਾ ਸਕੇ ਅਤੇ ਸਿੱਖ ਧਰਮ ਦਾ ਨਾਮੋ ਨਿਸ਼ਾਨ ਮਿਟਾਇਆ ਜਾ ਸਕੇ। ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਵਧਦੇ ਪ੍ਰਸਾਰ ਨੂੰ ਰੋਕਣ ਹਿੱਤ ਦਸਮ ਗ੍ਰੰਥ ਦੀ ਉੱਪਜ ਕੀਤੀ ਗਈ ਹੈ। ਇਹ ਦਸਮ ਪਾਤਸ਼ਾਹ ਦਾ ਲਿਖਿਆ ਗ੍ਰੰਥ ਨਹੀਂ ਹੈ। ਜਿਹੜੇ ਲੋਕ ਅਜਿਹਾ ਕਹਿੰਦੇ ਹਨ ਉਹ ਸਿੱਖ ਧਰਮ ਦੇ ਗਦਾਰ ਅਤੇ ਕੌਮ ਦੇ ਦੁਸ਼ਮਣ ਹਨ।

ਨਗਰੀ : ਹੰਸ ਮਾਲਨੀ (ਤੀਨ ਸੌ ਤੇਤੀਸ ਚਰਿਤ੍ਰ ਪੰਨਾ ੧੨੮੯-੯੦)

## ਇਸ਼ਕ ਦੇ ਰੰਗ ਨਿਆਰੇ ਕਰੇ ਹਰਦਮ ਪੁੱਠੇ ਕਾਰੇ

ਪਾਤਰ : ਹੰਸ ਸੈਨ (ਰਾਜਾ), ਹੰਸ ਪ੍ਰਭਾ (ਤ੍ਰਿਯ) ਤੇ ਸ਼ਾਹ ਸੁਤਾ :

ਹੰਸ ਮਾਲਨੀ ਨਗਰੀ ਦੇ ਰਾਜਾ ਹੰਸ ਸੈਨ ਦੀ ਖੂਬਸੂਰਤ ਰਾਣੀ ਹੰਸ ਪ੍ਰਭਾ ਬੜੀ ਗੁਣਵਾਨ । ਉੱਥੇ ਇੱਕ ਸ਼ਾਹ ਦੀ ਧੀ ਦਾ ਜਦ ਬਾਲਪਨ ਬੀਤਿਆ ਤੇ ਜਵਾਨੀ ਆਈ ਤਾਂ ਉਸ ਨੇ ਬਹੁ ਪੁਰਖਾਂ ਨਾਲ ਭੋਗ ਕੀਤਾ :-

*ਤਹ ਇਕ ਸਾਹ ਸੁਤਾ ਦੁਤਿਮਾਨਾ ॥ ਬਹੁਰਿ ਜਿਯਤ ਜਿਹ ਨਿਰਖਿ ਸਮਾਨਾ ॥*
*ਜੋਬਨ ਭਯੋ ਅਧਿਕ ਤਿਹ ਜਬਹੀ ॥ ਬਹੁਤਨ ਸਾਥ ਬਿਹਾਰਤ ਤਬਹੀ ॥੩॥*

(ਤੀਨ ਸੌ ਤੇਤੀਸ ਚਰਿਤ੍ਰ ਪੰਨਾ ੧੨੮੯)

ਇਕ ਦਿਨ ਉਸ ਨੇ ਪੁਰਖ ਦਾ ਭੇਸ ਧਾਰ ਕੇ ਅਪਣੇ ਪਤੀ ਨਾਲ ਲੱਤਾਂ ਮੁੱਕਿਆਂ ਤੇ ਘਸੁੰਨਾਂ ਦੇ ਵਾਰ ਕਰ ਕੇ ਬੜੀ ਲੜਾਈ ਲੜੀ । ਕੋਈ ਨਾ ਪਛਾਣ ਸਕਿਆ, ਬਈ ਇਹ ਇਸੇ ਦੀ ਤੀਵੀਂ ਹੈ । ਉਸ ਨਾਲ ਲੜ ਕੇ ਕਾਜੀ ਪਾਸ ਚਲੇ ਗਈ ਤੇ ਸਿਪਾਹੀ ਲਿਆ ਕੇ ਪਤੀ ਨੂੰ ਫੜਵਾ ਦਿੱਤਾ । ਪਤੀ ਨੂੰ ਪਯਾਦਨ ਦੇ ਹਵਾਲੇ ਕਰ ਕੇ ਆਪ ਮਿਤ੍ਰ ਦੇ ਘਰ ਗਈ ਤੇ ਫਿਰ :-

*ਪਯਾਦਨ ਸਾਥ ਦ੍ਵਾਰ ਪਤਿ ਥਿਰ ਕਰਿ ॥ ਦਿਨ ਕਹ ਗਈ ਮਿੱਤ੍ਰ ਅਪਨੇ ਘਰ ॥*
*ਤਾ ਸੰਗ ਕਰਿ ਕ੍ਰੀੜਾ ਕੀ ਗਾਥਾ ॥ ਲੈ ਆਈ ਸ਼ਾਹਿਦ ਕਹਿ ਸਾਥਾ ॥੬॥*
*ਅੜਿੱਲ ॥ ਜਾਰ ਪਯਾਦਨ ਪਤਿ ਜੁਤਿ ਦ੍ਵਾਰੇ ਠਾਢਿ ਕਰ ॥ ਦੁਤਿਯਾ ਮਿਤ੍ਰ ਕੇ ਗਈ ਦਿਵਸ ਕਹ ਨਾਰਿ ਘਰ ॥*
*ਕਾਮ ਭੋਗ ਤਿਹ ਸਾਥਿ ਕੀਯਾ ਰੁਚਿ ਮਾਨਿ ਕਰਿ॥ ਹੋ ਸ਼ਾਹਿਦ ਕੈ ਲਯਾਈ ਅਪਨੇ ਤਿਹ ਸਾਥ ਧਰਿ॥੭॥*

(ਤੀਨ ਸੌ ਤੇਤੀਸ ਚਰਿਤ੍ਰ ਪੰਨਾ ੧੨੮੯)

ਓਹ ਸ਼ਹਿਦ ਲੈ ਕੇ ਬਹੁਤਿਆਂ ਦੇ ਘਰ ਗਈ । ਹਰ ਕੋਈ ਇਸ ਨੂੰ ਅਪਣੀ ਹੀ ਔਰਤ ਜਾਣੇ ਪਰ ਬੁਝਾਰਤ ਕੋਈ ਨਾ ਜਾਣ ਸਕਿਆ । ਜਦ ਸਭਨਾਂ ਨੇ ਸ਼ਹਿਦ ਤੇ ਨਜ਼ਰ ਮਾਰ ਲਈ ਤਾਂ ਔਰਤ ਦਾ ਕਿਹਾ ਕਾਜੀ ਨੇ ਸੱਚ ਜਾਣ ਕੇ ਅੱਧਾ ਧਨ ਵੰਡ ਕੇ ਉਸ ਨੂੰ ਦੇ ਦਿੱਤਾ (ਔਰਤ ਨੇ ਅਪਣੇ ਹੀ ਪਤੀ ਨੂੰ ਕਿਉਂ ਕੁੱਟਿਆ? ਸੋਧ ਕਮੇਟੀ ਨੇ ਸੋਧ ਕੇ ਹੂੰਝਾ ਫੇਰ ਦਿੱਤਾ ਹੈ ਤੇ ਜਾਂ ਫਿਰ ਕਵੀ ਹੀ ਅਪਣੀ ਘੁੰਮਣਘੇਰੀ ਚ ਉਲਝ ਗਿਆ ਹੈ । ਗੱਲ ਅਧੂਰੀ ਤੇ ਅਸਪੱਸਟ ਹੈ) ।

ਨੋਟ :- ਆਪ ਜੀ ਦਸਮ ਗ੍ਰੰਥ ਦੀਆਂ ਧਾਰਮਿਕ (ਅਧਾਰਮਿਕ) ਸਿੱਖਿਆਵਾਂ ਪੜ੍ਹ ਰਹੇ ਹੋ ਵੱਡੇ ਧਰਮੀ ਲੋਕ ਆਖਦੇ ਹਨ ਕਿ ਇਹ ਗੁਰਬਾਣੀ ਹੈ ਤੇ ਦਸਮ ਪਾਤਸ਼ਾਹ ਨੇ ਲਿਖੀ ਹੈ। ਆਪ ਜੀ ਨੇ ਅਪਣੀ ਰਾਇ ਜਰੂਰ ਦੇਣੀ ਤੇ ਦੱਸਣਾ ਗੁਰਬਾਣੀ ਅਤੇ ਕਾਮ ਸ਼ਾਸਤ੍ਰ ਵਿੱਚ ਕੀ ਭੇਦ ਹੈ । ਗੁਰੂ ਤੁਹਾਨੂੰ ਸੱਚ ਬੋਲਣ ਦੀ ਤਾਕਤ ਦਏ ।

ਪਾਤਰ : ਰਾਜ ਸੈਨ (ਰਾਜਾ), ਰਾਜ ਮਤੀ (ਤ੍ਰਿਯ) ਤੇ ਪਿੰਗਲ ਦੇ (ਸ਼ਾਹ ਦੁਲਾਰੀ) (ਤੀਨ ਸੌ ਚੌਂਤੀਸ ਚਰਿਤ੍ਰ ਪੰਨਾ ੧੨੯੦)

**ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ :** ਦੱਖਣ ਦੇ ਰਾਜਾ ਰਾਜ ਸੈਨ ਦੀ ਖੂਬਸੂਰਤ ਰਾਣੀ ਸੀ ਰਾਜਮਤੀ । ਉੱਥੇ ਇਕ ਸ਼ਾਹ ਦੀ ਔਰਤ ਪਿੰਗਲ ਦੇ ਰਾਜੇ ਦਾ ਰੂਪ ਦੇਖ ਕੇ ਦੀਵਾਨੀ ਹੋ ਗਈ । ਉਸ ਨੇ ਇਕ ਸਿਆਣੀ ਸਖੀ ਰਾਜੇ ਪਾਸ ਭੇਜੀ। ਮਿਲਣ ਦੀ ਤਾਂਘ ਵਿੱਚ ਉਸ ਦੇ ਅੰਦਰ ਦਾ ਕਾਮ ਠਾਠਾਂ ਮਾਰਨ ਲੱਗਾ ਪਰ ਕੋਈ ਚਾਰਾ ਨਾ ਚਲਦਾ। ਉਸ ਨੇ ਸ਼ਾਹ ਨੂੰ ਕਿਹਾ ਕਿ ਤੈਨੂੰ ਰਾਜਾ ਬੁਲਾ ਰਿਹਾ ਹੈ । ਉਹ ਸੁਣ ਕੇ ਦੋੜਿਆ ਪਰ ਬੁਰੇ ਭਲੇ ਦੀ ਪਹਿਚਾਣ ਨਾ ਕੀਤੀ । ਸ਼ਾਹ ਦੇ ਜਾਣ ਦੀ ਦੇਰ ਸੀ ਬਸ ਸੁਰੂ ਹੋ ਗਿਆ ਪ੍ਰੇਮ ਖੇਲ :-

*ਨਿਕਸਤ ਭਈ ਘਾਤ ਤ੍ਰਿਯ ਪਾਇ ॥ ਭੋਗ ਕੀਆ ਰਾਜਾ ਸੌਂ ਜਾਇ ॥*
*ਰਹਯੋ ਮੂੜ੍ਹ ਪਰ ਦ੍ਵਾਰ ਬਹਿੱਠੋ ॥ ਭਲਾ ਬੁਰਾ ਕਛੁ ਲਹਯੋ ਨ ਡਿੱਠੋ ॥੬॥*
*ਤ੍ਰਿਯਾ ਕਰਿ ਕੇਲ ਭੂਪ ਸੌ ਆਈ ॥ ਲਯੋ ਸ਼ਾਹੁ ਘਰ ਬਹੁਰਿ ਬੁਲਾਈ ॥*
*ਕਹਯੋ ਪ੍ਰਾਤ ਹਮ ਤੁਮ ਦੋਊ ਜੈਹੈਂ ॥ ਰਾਜਾ ਕਹਤ ਵਹੈ ਕਰਿ ਐਹੈਂ ॥੭॥*(ਤੀਨ ਸੌ ਚੌਂਤੀਸ ਚਰਿਤ੍ਰ ਪੰਨਾ ੧੨੯੦)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਅਪਣੇ ਪਤੀ ਨੂੰ ਧੋਖਾ ਦੇ ਕੇ ਪਰਾਏ ਮਰਦਾਂ ਨਾਲ ਹਮ ਬਿਸਤ੍ਰ ਹੋਣ ਲਈ ਪ੍ਰੇਰਦੀ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਕੋਈ ਸਿੱਖਿਆ ਧੀਆਂ ਭੈਣਾਂ ਨੂੰ ਦੇ ਸਕਦੇ ਹਨ ? ਸਮਾਂ ਮਿਲੇ ਤਾਂ ਜ਼ਮੀਰ ਦਾ ਗਲਾ ਘੋਟੇ ਬਿਨਾਂ ਸੋਚਣ ਦਾ ਕਸ਼ਟ ਕਰਨਾ ਤੇ ਪੁਜਾਰੀਆਂ ਨੂੰ ਜਰੂਰ ਪੁੱਛਣਾ ਕਿ ਇਸ ਗੰਦੀ ਕਿਤਾਬ ਦਾ ਪ੍ਰਕਾਸ਼ ਗੁਰਦੁਆਰਿਆਂ ਵਿੱਚ ਕਿਉਂ ਕਰਨਾ ਚਾਹੁੰਦੇ ਹਨ ? ਬਾ-ਹੋਸ਼ਿਆਰ ਖ਼ਬਰਦਾਰ-ਜਾਗਦੇ ਰਹਿਓ !

## ਸ਼ਹਿਰ : ਸਰੋਹੀ (ਤੀਨ ਸੌ ਪੈਂਤੀਸ ਚਰਿਤ੍ਰ ਪੰਨਾ ੧੨੯੧-੯੪)

### ਬੀਰਮ ਦੇਵ ਮਾਰਿਆ ਗਿਆ

ਪਾਤਰ : ਬਿਕ੍ਰਤ ਕਰਨ (ਰਾਇ), ਅਬਲਾ ਦੇ (ਰਾਨੀ), ਬੀਰਮ ਦੇਵ (ਪੁੱਤ੍ਰ), ਸ਼ਾਹ ਜੈਨ ਅੱਲਾਵਦੀਨ (ਰਾਜਾ) ਤੇ ਫੂਲਮਤੀ (ਨਾਰੀ) : ਸ਼ਹਿਰ ਸਰੋਹੀ ਦੇ ਰਾਜਾ ਬਿਕ੍ਰਤਕਰਨ ਦੀ ਖੂਬਸੂਰਤ ਰਾਣੀ ਅਬਲਾ ਦੇ ਨੇ ਇਕ ਪੁੱਤ ਜੰਮਿਆ। ਸੋਹਣਾ ਮਨ ਮੋਹਣਾ ਤੇ ਛੈਲ ਛਬੀਲਾ। ਓਹਦੇ ਰੂਪ ਦਾ ਕੀ ਕਹਿਣਾ ਨਿਰਾ ਕਾਮ ਦੇਵਤਾ। ਜਾਂ ਇਉਂ ਕਹੋ ਬਈ ਕਰਤਾਰ

ਨੇ ਉਸ ਨੂੰ ਸੁਨਿਆਰ ਦੇ ਸਾਂਚੇ ਢਾਲ ਕੇ ਬਣਾਇਆ ਹੋਏ। ਓਹਦੀਆਂ ਅੱਖਾਂ ਸੁੰਦਰ ਤੇ ਪਾਇਆ ਕਜਲਾ ਇਉਂ ਲੱਗੇ ਜਿਵੇਂ ਹਿਰਨ ਦੀਆਂ ਅੱਖਾਂ ਹੋਣ। ਓਹਦੇ ਲੰਮੇ ਕੇਸ ਜਿਸਦੇ ਗਲੇ ਪੈਂਦੇ ਓਹੀ ਉਸ ਦੇ ਨਿੱਘ ਨੂੰ ਜਾਣਦੀ। ਭਾਵੇਂ ਹਰ ਕਵੀ ਓਹਦੀ ਉਸਤਤਿ ਕਰਦਾ ਹੈ ਪਰ ਓਹਦੀ ਸੁੰਦਰਤਾ ਬਿਆਨ ਨਹੀਂ ਕੀਤੀ ਜਾ ਸਕਦੀ। ਜਿਹੜੀ ਕੁੜੀ ਓਹਨੂੰ ਦੇਖ ਲੈਂਦੀ ਓਹ ਲਾਜ ਸਾਜ ਤਿਆਗ ਕੇ ਉਸੇ ਦੀ ਹੋ ਜਾਂਦੀ। ਓਹ (ਬੀਰਮਦੇਵ) ਘਰੋਂ ਤੁਰਿਆ ਜਾ ਪਹੁੰਚਾ ਗਵਾਂਢੀ ਦੇਸ ਦੇ ਰਾਜੇ ਸ਼ਾਹ ਜੈਨ ਅਲਾਵਦੀਨ ਦੇ ਪਾਸ ਨੌਕਰੀ ਲਈ। ਹਜਰਤ ਦੀ ਔਰਤ ਫੂਲਮਤੀ ਦੀ ਇਕ ਸੁੰਦਰ ਧੀ ਜਣੋ ਚੰਦ ਦਾ ਟੁਕੜਾ ਨੇ ਇਕ ਮੁਜਰੇ ਦੌਰਾਨ ਬੀਰਮ ਦੇਵ ਨੂੰ ਤੱਕਿਆ ਤੇ ਦੀਵਾਨੀ ਹੋ ਗਈ। ਉਸ ਨੇ ਬੜੇ ਯਤਨ ਕੀਤੇ ਬੀਰਮ ਦੇਵ ਕਾਬੂ ਨਾ ਆਇਆ। ਜਦ ਉਸ ਦੇ ਅੰਦਰ ਦਾ ਕਾਮ ਕਾਬੂ ਤੋਂ ਬਾਹਰ ਹੋ ਗਿਆ ਤਾਂ ਪਿਤਾ ਪਾਸ ਜਾ ਫਰਿਆਦ ਕੀਤੀ ਮੈਂ ਸ਼ਾਦੀ ਬੀਰਮ ਦੇਵ ਨਾਲ ਹੀ ਕਰਾਉਣੀ ਹੈ। ਰਾਜੇ ਨੇ ਧੀ ਦੀ ਫਰਿਆਦ ਕਬੂਲੀ ਤੇ ਬੀਰਮ ਦੇਵ ਨੂੰ ਮੁਸਲਮਾਨ ਹੋ ਜਾਣ ਲਈ ਕਿਹਾ। ਓਹ ਨਾ ਮੰਨਿਆ ਤੇ ਨੌਕਰੀ ਛੱਡ ਕੇ ਤੁਰ ਪਿਆ ਅਪਣੇ ਦੇਸ ਨੂੰ। ਪਠਾਣ ਰਾਜੇ ਨੇ ਗੁੱਸਾ ਖਾ ਕੇ ਬੀਰਮ ਤੇ ਚੜ੍ਹਾਈ ਕਰ ਦਿੱਤੀ। ਦੋਨਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ ਹੋਈ। ਬੀਰਮ ਦੇਵ ਕਾਂਧਲ ਦੇ ਰਾਜੇ ਪਾਸ ਚਲਿਆ ਗਿਆ। ਉਥੋਂ ਦੀ ਰਾਣੀ ਬੀਰਮ ਤੇ ਮੋਹਿਤ ਹੋ ਗਈ। ਉਸ ਨੇ ਹੁਕਮ ਕੀਤਾ ਕਿ ਮੇਰੇ ਨਾਲ ਸੇਜ ਸਾਂਝ ਕਰੋ ਜਾਂ ਦੇਸ ਛੱਡ ਦਿਓ। ਘਬਰਾਏ ਬੀਰਮ ਨੇ ਰਾਣੀ ਦੀ ਸਧਰ ਪੂਰੀ ਕੀਤੀ :-

*ਪਾਛੇ ਲਗੀ ਫੌਜ ਤਿਨ ਮਾਨੀ ॥ ਦੁਤਿਯ ਰਹਨ ਕੀ ਠੌਰ ਨ ਜਾਨੀ ॥*
*ਤਾਕੋ ਦੇਸ ਤਰੁਨ ਨਹਿ ਤਜੋ ॥ ਕਾਂਧਲ ਦੇ ਰਾਨੀ ਕਹ ਭਜੋ ॥੨੧॥*
*ਰਾਨੀ ਰਮੀ ਮਿੱਤ੍ਰ ਕੇ ਭੋਗਾ ॥ ਚਿਤ ਕੇ ਦਏ ਤਯਾਗਿ ਸਭ ਸੋਗਾ ॥*
*ਤਬ ਲਗਿ ਲਿਖੋ ਸ਼ਾਹ ਕੋ ਆਯੋ ॥ ਬਾਂਚਿ ਮੰਤ੍ਰਿਯਨ ਭਾਖਿ ਸੁਨਾਯੋ ॥੨੨॥*

(ਤੀਨ ਸੌ ਪੈਂਤੀਸ ਚਰਿਤ੍ਰ ਪੰਨਾ ੧੨੯੨)

ਹਜਰਤ ਨੇ ਬੀਰਮ ਦੇਵ ਨੂੰ ਉਸ ਦੇ ਹਵਾਲੇ ਕਰਨ ਲਈ ਰਾਜਾ ਕਾਂਧਲ ਨੂੰ ਕਿਹਾ ਪਰ ਰਾਣੀ ਨਾ ਮੰਨੀ। ਹਜਰਤ ਨੇ ਹਮਲਾ ਕਰ ਦਿੱਤਾ। ਦੋਨੇ ਪਾਸਿਓਂ ਫਿਰ ਘਮਸਾਣ ਦੀ ਲੜਾਈ ਹੋਈ। ਪਹੁੰਚ ਗਏ ਭੂਤ ਪ੍ਰੇਤ ਤੇ ਅਣਹੋਣੇ ਦ੍ਰਿਸ਼ ਕਵੀ ਦੀ ਕਾਵਿ ਕਲਪਨਾ ਦੀ ਜੁਬਾਨੀ :-

*ਗਿਰੇ ਬੀਰ ਮਾਰੇ ਕਹਾ ਲੌ ਗਨਾਊਂ ॥ ਕਹੌ ਜੋ ਸਭੈ ਏਕ ਗ੍ਰੰਥੈ ਬਨਾਊਂ ॥*
*ਜਥਾ ਸ਼ਕਤਿ ਕੈ ਅਲਪ ਤਾਂਤੇ ਉਚਾਰੋ ॥ ਸੁਨੋ ਕਾਨ ਦੈ ਕੈ ਸਭੈ ਹੀ ਪਿਆਰੋ ॥੨੭॥*

(ਤੀਨ ਸੌ ਪੈਂਤੀਸ ਚਰਿਤ੍ਰ ਪੰਨਾ ੧੨੯੨)

ਇਸ ਲੜਾਈ ਚ ਕਾਂਧਲ ਦੇ ਰਾਜੇ ਦੇ ਚਾਰੇ ਪੁੱਤ ਸ਼ਹੀਦ। ਰਾਜੇ ਦੀ ਔਰਤ ਆਖਰ ਲੜਾਈ ਚ ਕੁੱਦੀ। ਬਚੇ ਸੂਰਮੇ ਇਕੱਠੇ ਕੀਤੇ ਤੇ ਗੁੱਸੇ ਨਾਲ ਕੀਤੇ ਕਰਾਰੇ ਵਾਰ। ਐਦਾਂ ਦਾ ਜੰਗ ਨਾ ਕਦੇ ਪਹਿਲਾਂ ਹੋਇਆ ਤੇ ਨਾ ਹੀ ਹੋਏਗਾ। ਇਸ ਲੜਾਈ ਚ ਬੀਰਮ ਦੇਵ ਮਾਰਿਆ ਗਿਆ। ਓਹਦਾ ਸਿਰ ਧੜ ਤੋਂ ਵੱਖ ਕਰ ਕੇ ਹਜਰਤ ਅੱਗੇ ਪੇਸ਼ ਕੀਤਾ। ਹਜਰਤ ਨੇ ਓਹ ਅਪਣੀ ਧੀ ਅੱਗੇ ਰੱਖਿਆ ਜਿਸ ਨੂੰ ਦੇਖ ਕੇ ਉਸ ਨੂੰ ਬਹੁਤ ਦੁੱਖ ਪੁੱਜਾ। ਉਸ ਨੂੰ ਅਪਣੇ ਮਿਤ੍ਰ ਦੀ ਮੌਤ ਅਤੇ ਅਪਣੇ ਕਰਮ ਤੇ ਪਛਤਾਵਾ-ਮਾਰੀ ਕਟਾਰੀ ਅਪਣੇ ਹੀ ਪੇਟ ਤੇ ਜਾ ਪਹੁੰਚੀ ਪਰਲੋਕ ਹੈ ਨਾ ਕਵੀ ਸਯਾਮ ਦੀ ਕਾਵਿ ਕਲਪਨਾ ਦਾ ਕਮਾਲ ਕਵੀ ਕਹਿੰਦਾ :-

*ਦੋਹਰਾ ॥ ਬੀਰਮ ਦੇ ਰਾਜਾ ਨਿਮਿਤ ਬੇਗਮ ਤਜੇ ਪਰਾਨ ॥*
*ਸੁ ਕਬਿ ਸਯਾਮ ਯਾ ਕਥਾ ਕੋ ਤਬਹੀ ਭਯੋ ਨਿਦਾਨ ॥੪੭॥* (ਤੀਨ ਸੌ ਪੈਂਤੀਸ ਚਰਿਤ੍ਰ ਪੰਨਾ ੧੨੯੩)

ਨੋਟ :- ਸਿੱਖ ਧਰਮ ਦਾ ਬੀਰਮ ਦੇਵ ਨਾਲ ਕੀ ਲੈਣਾ ਦੇਣਾ ਤੇ ਇਸ ਸਾਖੀ ਚੋਂ ਕਿਹੜੀ ਖਾਣ ਪੁੱਟੀ ਗਈ ? ਸੋਧਕ ਕਮੇਟੀ ਅਤੇ ਵੱਡੇ ਪੁਜਾਰੀ ਜਾਣਦੇ ਹੀ ਹੋਣਗੇ। ਕਬਿ ਸਯਾਮ ਪੁਕਾਰ ਪੁਕਾਰ ਕੇ ਆਖ ਰਿਹਾ ਹੈ ਕਿ ਇਹ ਰਚਨਾ ਮੇਰੀ ਲਿਖੀ ਹੈ ਪਰ ਉਸਦੀ ਸੁਣਦਾ ਕੌਣ ਹੈ ? ਹੁਣ ਕਵੀ ਸਯਾਮ ਦਾ ਰੂਪ ਗੁਰੂ ਗੋਬਿੰਦ ਸਿੰਘ ਜੀ ਜਾਂ ਪਾਤਸ਼ਾਹੀ ੧੦ ਹੋ ਗਿਆ। ਸਿਆਣੇ ਆਖਦੇ ਹਨ ਝੂਠ ਦਾ ਬੇੜਾ ਗ਼ਰਕ। ਜਾਂ ਕੌਣ ਕਹੇ ਕਿ ਰਾਣੀਏ ਅੱਗਾ ਢੱਕ ਕਿਉਂ ਕਿ ਪੁਜਾਰੀਆਂ ਵੱਲੋਂ ਲਟਕਾਈ ਤੇਜ ਧਾਰ ਵਾਲੀ ਕਟਾਰ ਹਰ ਸਿੱਖ ਦੀ ਗਰਦਨ ਤੇ ਹਮੇਸ਼ਾ ਲਟਕਦੀ ਡਰਾਵਾ ਦੇਂਦੀ ਹੈ ਕਿ ਜੇ ਸਾਹ ਕੱਢਿਆ ਪੰਥ ਚੋਂ ਛੇਕ ਦੇਵਾਂਗੇ। ਵਿਚਾਰੇ ਇਸ ਡਰਾਵੇ ਦੇ ਹਊਏ ਨਾਲ ਐਨੇ ਘਬਰਾਏ ਹੋਏ ਹਨ ਕਿ ਮੂੰਹ ਸਿਉਂ ਲਏ ਹਨ। ਸੋਚ ਸਮਝ ਕੇ ਵੀ ਗੂੰਗੇ ਬਣ ਬੈਠੇ ਹਨ ਤੇ ਅਪਣੇ ਹੀ ਗੁਰੂ ਦਾ ਅਪਮਾਨ ਹੁੰਦਾ ਦੇਖ ਕੇ ਵੀ ਦੜ ਵੱਟ ਲੈਂਦੇ ਹਨ।

ਨਗਰ : ਬਿਲਾਸਵਤੀ (ਤੀਨ ਸੌ ਛਤੀਸ ਚਰਿਤ੍ਰ ਪੰਨਾ ੧੨੯੪-੯੫)

**ਜੂਆ ਖੇਡੋ**

ਪਾਤਰ : ਰਾਜ ਸੈਨ (ਨ੍ਰਿਪਤਿ), ਰਾਜ ਦੇ (ਰਾਨੀ) ਤੇ ਰੰਗਝੜ ਦੇ (ਦੁਹਿਤਾ) :

ਰਾਜ ਸੈਨ ਰਾਜੇ ਦੀ ਰਾਣੀ ਰਾਜ ਦੇਇ ਦੀ ਧੀ ਰੰਗਝੜ ਦੇ ਦੇਵਤਿਆਂ ਮਨੁੱਖਾਂ ਖੜੱਪੇ ਸੱਪਾਂ ਤੇ ਦੈਂਤਾਂ ਦਾ ਮਨ ਮੋਂਹਦੀ । ਜਦ ਓਹ ਜਵਾਨ ਹੋਈ ਤਾਂ ਨਿਰੀ ਕਾਮ ਦੀ ਦੇਵੀ । ਮਾਂ ਧੀ ਨੂੰ ਕਹਿਣ ਲੱਗੀ ਕਿ ਕਿਆ ਭਰੋਸਾ ਤੈਨੂੰ ਕੋਈ ਰਾਜਾ ਹੀ ਨਾ ਵਿਆਹ ਲਏ ਜਾਂ ਜਿੱਤ ਕੇ ਦਾਸੀ ਨਾ ਬਣਾ ਲਏ । ਓਹ ਸੁਣ ਕੇ ਚੁੱਪ ਕਰ ਗਈ ਤੇ ਗੱਲ ਨੂੰ ਅਪਣੇ ਚਿੱਤ ਚ ਵਸਾ ਲਿਆ । ਉਸ ਨੇ ਨਰ ਦਾ ਭੇਖ ਧਾਰਣ ਕੀਤਾ ਤੇ ਚਲਦੀ ਚਲਦੀ ਬਿਲਾਸਵਤੀ ਨਗਰ ਜਾ ਪਹੁੰਚੀ । ਉਥੇ ਪਹੁੰਚ ਕੇ ਉਸ ਨੇ ਜੂਆ ਖੇਡਣਾ ਸੁਰੂ ਕਰ ਦਿੱਤਾ । ਬੜੇ ਬੜੇ ਜੁਆਰੀ ਓਹਨੇ ਹਰਾਏ-ਹਾਰੇ ਜੁਆਰੀ ਇਕੱਠੇ ਹੋ ਕੇ ਰਾਜੇ ਪਾਸ ਪੁਕਾਰ ਲਈ ਪਹੁੰਚੇ, ਕਹਿੰਦੇ ਇਥੇ ਇਕ ਜੁਆਰੀ ਐ ਓਹਨੂੰ ਕੋਈ ਨਹੀਂ ਹਰਾ ਸਕਦਾ । ਜਦ ਰਾਜੇ ਨੇ ਅਜਿਹਾ ਸੁਣਿਆ ਤਾਂ ਆਪ ਜੂਆ ਖੇਡਣ ਤੁਰ ਪਿਆ । ਉਸ ਨੇ ਰਾਜੇ ਨੂੰ ਵੀ ਹਰਾਇਆ । ਓਹਨੇ ਐਨਾ ਧਨ ਹਰਾਇਆ ਬਈ ਬ੍ਰਹਮਾ ਪਾਸ ਵੀ ਓਹਦਾ ਹਿਸਾਬ ਨਹੀਂ । ਜਦ ਰਾਜਾ ਸਭ ਧਨ ਹਾਰ ਗਿਆ, ਫਿਰ ਪੁੱਤ ਦਾਉ ਤੇ ਲਾ ਦਿੱਤਾ । ਓਹ ਹਾਰ ਜਾਣ ਤੇ ਫਿਰ ਦੇਸ ਜੂਏ ਚ ਲਗਾ ਦਿੱਤਾ ਤੇ ਓਹ ਵੀ ਹਾਰ ਗਿਆ । ਰਾਜ ਕੁਮਾਰ ਨੂੰ ਜਿੱਤ ਕੇ ਮਨ ਭਾਉਂਦਾ ਭੋਗ ਕੀਤਾ । ਰਾਜੇ ਦਾ ਦੇਸ ਜਿੱਤ ਕੇ ਉਸ ਨੂੰ ਦੇਸ ਨਿਕਾਲਾ ਦੇ ਦਿੱਤਾ ਤੇ ਆਪ :-

*ਵਹੈ ਹਰਾਯੋ ਦੇਸ ਲਗਾਯੋ ॥ ਜੀਤਾ ਕੁਅਰਿ ਭਜਯੋ ਮਨ ਭਾਯੋ ॥੧੦॥*

*ਦੋਹਰਾ ॥ ਜੀਤਿ ਸਕਲ ਧਨ ਤਵਨ ਕੋ ਦੀਨਾ ਦੇਸ ਨਿਕਾਰ ॥*

*ਕੁਅਰਿ ਜੀਤ ਕਰਿ ਪਤਿ ਕਰਾ ਬਸੀ ਧਾਮ ਹ੍ਵੈ ਨਾਰ ॥੧੧॥* (ਤੀਨ ਸੌ ਛਤੀਸ ਚਰਿਤ੍ਰ ਪੰਨਾ ੧੨੯੫)

ਕਵੀ ਕਹਿੰਦਾ ਹੈ ਕਿ ਔਰਤ ਦੇ ਚਰਿਤ੍ਰ ਦਾ ਕੋਈ ਭੇਦ ਨਹੀਂ ਪਾ ਸਕਦਾ :-

*ਦੋਹਰਾ ॥ ਚੰਚਲਾਨ ਕੇ ਚਰਿਤ ਕੋ ਸਕਤ ਨ ਕੋਈ ਬਿਚਾਰ ॥*

*ਬ੍ਰਹਮ ਬਿਸ਼ਨ ਸ਼ਿਵ ਖਟ ਬਦਨ ਜਿਨ ਸਿਰਜੀ ਕਰਤਾਰ ॥੧੨॥* (ਤੀਨ ਸੌ ਛਤੀਸ ਚਰਿਤ੍ਰ ਪੰਨਾ ੧੨੯੫)

ਨੋਟ :- ਇਸ ਕਾਵਿ ਰਚਨਾ ਰਾਹੀਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਜੂਆ ਖੇਡਿਆ ਕਰੋ-ਜੂਆ ਖੇਡਣਾ ਕੋਈ ਬੁਰੀ ਗੱਲ ਨਹੀਂ । ਬੁਰੀ ਗੱਲ ਤਾਂ ਸ਼ਾਈਦ ਇਹ ਹੈ ਬਈ ਇਹ ਗੱਲ ਗੁਰੂ ਗੋਬਿੰਦ ਸਿੰਘ ਜੀ ਦੇ ਮੂੰਹੋਂ ਅਖਵਾਈ ਜਾ ਰਹੀ ਹੈ । ਕੀ ਗੁਰੂ ਜੀ ਨੇ ਸਿੱਖਾਂ ਨੂੰ ਜੂਆ ਖੇਡਣ ਦੀ ਕਦੇ ਹੱਲਾ ਸ਼ੇਰੀ ਦਿੱਤੀ ? ਸ਼ਾਇਦ ਪੁਜਾਰੀਆਂ ਨੂੰ ਵਧੇਰੇ ਗਿਆਨ ਹੋਏ ਕਿਉਂ ਸਾਰਾ ਦਿਨ ਵੇਹਲੇ ਬਿਨਾ ਕੰਮ ਧੰਦੇ ਦੇ ਓਹ ਏਹੋ ਕੁੱਝ ਤਾਂ ਕਰਦੇ ਹਨ । ਇਹ ਯਾਦ ਰੱਖਣਾ ਕਿ ਖੰਡੇ ਬਾਟੇ ਦੀ ਦਿੱਤੀ ਪਹੁਲ ਸਮੇਂ ਦ੍ਰਿੜ ਕਰਾਈਆਂ ਗਈਆਂ ਚਾਰੋਂ ਰਹਿਤਾਂ ਦਾ ਦਸਮ ਗ੍ਰੰਥ ਭੋਗ ਪਾ ਚੁੱਕਾ ਹੈ ਤੇ ਹੁਣ ਯਾਰੀ ਦੇ ਨਾਲ ਨਾਲ ਜੂਆ ਵੀ ਖੇਡਣ ਲਈ ਪੁਕਾਰਦਾ ਹੈ । ਗੁਰਮੁਖੋ ਅਜੇ ਵੀ ਸੁੱਤੇ ਰਹੋਗੇ ਜਾਂ ਜਾਗ੍ਰਣ ਦਾ ਉੱਦਮ ਕਰੋਗੇ । ਪੁੱਛੋ ਵੱਡੇ ਧਰਮ ਦੇ ਠੇਕੇਦਾਰਾਂ ਨੂੰ ਬਈ ਦਸਮ ਗ੍ਰੰਥ ਅੱਗੇ ਉਹ ਨੱਕ ਰਗੜ ਰਗੜ ਕੇ ਕੀ ਪ੍ਰਾਪਤ ਕਰਦੇ ਹਨ । ਬਾ ਹੋਸ਼ਿਆਰ-ਜਾਗਦੇ ਰਹਿਓ !

## ਇਲਾਕਾ : ਜਮਲਾ ਟੋਡੀ

(ਤੀਨ ਸੌ ਸੈਂਤੀਸ ਚਰਿਤ੍ਰ ਪੰਨਾ ੧੨੯੫-੯੬)

### ਮਨੀ ਕਰਨ ਦੀ ਕਹਾਣੀ

ਪਾਤਰ : ਜਮਲ ਸੈਨ (ਰਾਜਾ), ਸੋਰਠ ਦੇ (ਰਾਨੀ) ਤੇ ਪਰਜਮਤੀ (ਦੁਹਿਤਾ) : ਜਮਲਾ ਟੋਡੀ ਦੇ ਰਾਜਾ ਜਮਲ ਸੈਨ ਦੀ ਸੁੰਦਰ ਔਰਤ ਸੋਰਠ ਦੇ ਦੀ ਖੂਬਸੂਰਤ ਧੀ ਪਰਜਮਤੀ ਵਰਗੀ ਤਾਂ ਹੋਰ ਸੋਹਣੀ ਕੁੜੀ ਕੋਈ ਨਹੀਂ । ਪੜੌਸ ਦਾ ਇਕ ਰਾਜਾ ਜਮਲਾ ਗੜ੍ਹ ਛਾਡ ਕਾਮਨੀ ਦੀ ਪੂਜਾ ਕਰਨ ਆਇਆ । ਰਾਜ ਕੁਮਾਰੀ ਨੇ ਉਸ ਨੂੰ ਦੇਖ ਕੇ ਸੋਚਿਆ ਬਈ ਮੈਂ ਇਸੇ ਨਾਲ ਸ਼ਾਦੀ ਕਰੂੰ । ਉਸ ਨੇ ਸਹੇਲੀ ਭੇਜ ਕੇ ਘਰ ਬੁਲਾਇਆ ਤੇ ਸੁਰੂ ਹੋਈ ਪਿਆਰ ਦੀ ਪੀਂਘ :-

*ਸਖੀ ਭੇਜ ਤਿਹ ਧਾਮ ਬੁਲਾਯੋ ॥ ਭਾਂਤਿ ਭਾਂਤਿ ਕੋ ਭੋਗ ਕਮਾਯੋ ॥*
*ਇਹ ਉਪਦੇਸ਼ ਤਵਨ ਕਹ ਦਯੋ ॥ ਗੌਰਿ ਪੁਜਾਇ ਬਿਦਾ ਕਰਿ ਗਯੋ ॥੫॥*

(ਤੀਨ ਸੌ ਸੈਂਤੀਸ ਚਰਿਤ੍ਰ ਪੰਨਾ ੧੨੯੫)

ਕਬਰ ਦੀ ਪੂਜਾ ਕਰਾ ਕੇ ਉਸ ਨੂੰ ਸਿਖਾ ਕੇ ਭੇਜ ਦਿੱਤਾ ਤੇ ਆਪ ਬਾਪ ਨੂੰ ਕਹਿੰਦੀ ਕਿ ਮੈਂ ਮਨੀਕਰਨ ਤੀਰਥ ਤੇ ਨ੍ਹਾਣ ਧੋਣ ਚਲੀ । ਇਹ ਕਹਿ ਕੇ ਉਹ ਘਰੋਂ ਤੁਰੀ ਪਰ ਜਾ ਪਹੁੰਚੀ ਸ਼ਹਿਰ ਬੇਸ਼ਹਿਰ ਜਿੱਥੇ ਮਿਤ੍ਰ ਨਾਲ ਮਨ ਭਾਉਂਦਾ ਭੋਗ ਕੀਤਾ :-

*ਬਿਦਾ ਕੀਯਾ ਤਿਹ ਐਸ ਸਿਖਾਇ ॥ ਆਪੁ ਨ੍ਰਿਪਤਿ ਸੋ ਕਹੀ ਜਤਾਇ ॥*
*ਮਨੀਕਰਨ ਤੀਰਥ ਮੈ ਜੈਹੌ ॥ ਨ੍ਹਾਇ ਧੋਇ ਜਮਲਾ ਫਿਰਿ ਐ ਹੌ ॥੬॥*
*ਜਾਤ ਤੀਰਥ ਜਾਤ੍ਰਾ ਕਹ ਭਈ ॥ ਸ਼ਹਿਰ ਬੇਸ਼ਹਿਰ ਮੌ ਚਲਿ ਗਈ ॥*
*ਹੋਤ ਤਵਨ ਸੌ ਭੇਦ ਜਤਾਯੋ ॥ ਮਨ ਮਾਨਤ ਕੇ ਭੋਗ ਕਮਾਯੋ ॥੭॥*

*ਕਾਮ ਭੋਗ ਕਰਿ ਕੈ ਘਰ ਰਾਖੀ ॥ ਰੱਛ ਪਾਲਕਨ ਸੋ ਅਸ ਭਾਖੀ ॥*
*ਬੇਗਿ ਨਗਰ ਤੇ ਇਨੈ ਨਿਕਾਰਹੁ ॥ ਹਾਥ ਉਠਾਵੈ ਤਿਹ ਹਨਿ ਮਾਰਹੁ ॥੮॥*

(ਤੀਨ ਸੌ ਸੈਂਤੀਸ ਚਰਿਤ੍ਰ ਪੰਨਾ ੧੨੯੫)

ਉਥੋਂ ਸਾਰੇ ਹੀ ਰਖਵਾਲਿਆਂ ਨੂੰ ਕੱਢ ਦਿੱਤਾ । ਜਿਸ ਨੇ ਵਿਰੋਧਤਾ ਕੀਤੀ ਉਸੇ ਦਾ ਕਤਲ ਕਰ ਦਿੱਤਾ । ਲੇਸ੍ਵਰ ਰਾਜੇ ਨੂੰ ਕਹਿੰਦੀ ਕਿ ਤੇਰੀ ਧੀ ਨ੍ਰਿਪ ਨੇ ਖੋਹ ਕੇ ਅਪਣੇ ਪਾਸ ਰੱਖ ਲਈ ਹੈ । ਇਉਂ ਧੋਖੇ ਨਾਲ ਉਸ ਨੇ ਰਾਜ ਕੁਮਾਰ ਨਾਲ ਸ਼ਾਦੀ ਕਰ ਲਈ ।

ਨੋਟ :- ਸਾਡੇ ਪੁਜਾਰੀਆਂ ਨੇ ਮਨੀਕਰਨ ਨੂੰ ਬੜੀ ਮਹੱਤਤਾ ਦਿੱਤੀ ਹੈ ਤੇ ਲੰਮਾਂ ਚੌੜਾ ਇਤਿਹਾਸ ਉੱਥੇ ਲਈ ਘੜ ਮਾਰਿਆ ਤੇ ਆਲੀਸ਼ਾਨ ਗੁਰਦੁਆਰਾ ਵੀ ਹੋਂਦ ਵਿੱਚ ਆ ਗਿਆ ਹੈ। ਇਸ ਕਾਵਿ ਰਚਨਾ ਨੂੰ ਪੜ੍ਹ ਕੇ ਲਗਦਾ ਨਹੀਂ ਬਈ ਇਹ ਗੁਰੂ ਗੋਬਿੰਦ ਸਿੰਘ ਨਾਲ ਕੋਈ ਸਬੰਧ ਰੱਖਦਾ ਹੈ । ਗੁਰਦਆਰਾ ਬਨਾਉਣਾ ਬੜਾ ਚੰਗਾ ਉੱਦਮ ਹੈ ਪਰ ਗੁਰਦੁਆਰੇ ਲਈ ਮਨ ਘੜ੍ਹਤ ਇਤਿਹਾਸ ਘੜਨਾ ਪਾਪ ਅਤੇ ਗਦਾਰੀ ਹੈ । ਕਿਉਂਕਿ ਇਹ ਇਤਿਹਾਸ ਕਾਰਾਂ ਦਾ ਵਿਸ਼ਾ ਹੈ ਉਹ ਆਪੇ ਹੀ ਜਾਗਦੀ ਜ਼ਮੀਰ ਨਾਲ ਫੈਸਲਾ ਕਰ ਲੈਣਗੇ । ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਹ ਰਚਨਾਵਾਂ ਦਾ ਕਰਤਾ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ ।

## ਨਗਰ : ਬਿਭਾਸਾਵਤੀ

(ਤੀਨ ਸੌ ਅੱਠਤੀਸ ਚਰਿਤ੍ਰ ਪੰਨਾ ੧੨੯੬)

### ਸੌਕਣਾਂ ਨੂੰ ਮਾਰਨਾ ਸਿੱਖੋ

ਪਾਤਰ :ਕਰਨ ਬਿਭਾਸ (ਨਰੇਸ), ਬਿਵਾਸ ਮਤੀ (ਰਾਨੀ), ਅਹਿਧੁਜ ਦੇ (ਸੌਕਣ), ਝਖ ਕੇਤਮਤੀ (ਸੌਕਣ), ਨ੍ਰਿੱਤ ਮਤੀ (ਸੌਕਣ), ਪੁਹਪ ਮੰਜਰੀ (ਸੌਕਣ), ਫੂਲਮਤੀ (ਸੌਕਣ), ਨਾਗਰਿ ਦੇ (ਸੌਕਣ), ਨਾਗਨਿ ਦੇ (ਸੌਕਣ), ਸਯਾਮ ਦਾਸ ਬੈਰਾਗੀ

ਬਿਭਾਸਾਵਤੀ ਨਗਰ ਦੇ ਨਰੇਸ ਕਰਨ ਬਿਭਾਸ ਦੀ ਸੁੰਦਰ ਰਾਣੀ ਬਿਵਾਸ ਮਤੀ ਅਪਣੀਆਂ ਸੱਤ ਸੌਕਣਾ ਨਾਲ ਰਹਿੰਦੀ । ਉੱਥੇ ਇਕ ਸਯਾਮ ਦਾਸ ਨਾਂ ਦਾ ਰੂਪਮਾਨ ਗੁਨਵਾਨ ਤੇ ਤਿਯਾਗੀ ਬੈਰਾਗੀ ਆਇਆ । ਬਿਵਾਸ ਮਤੀ ਓਹਦਾ ਰੂਪ ਦੇਖ ਕੇ ਕਾਮ ਭੋਗ ਕਰਨ ਨੂੰ ਤਿਆਰ ਹੋ ਗਈ :-

*ਆਯੋ ਤਹਾਂ ਏਕ ਬੈਰਾਗੀ ॥ ਰੂਪਵਾਨ ਗੁਨਵਾਨ ਤਿਆਗੀ ॥*
*ਸਯਾਮ ਦਾਸ ਤਾਕੋ ਭਨਿ ਨਾਮਾ ॥ ਨਿਸ ਦਿਨ ਨਿਰਖਿ ਰਹਤ ਤਿਹ ਬਾਮਾ ॥੩॥*

(ਤੀਨ ਸੌ ਅੱਠਤੀਸ ਚਰਿਤ੍ਰ ਪੰਨਾ ੧੨੯੬)

(ਇਹ ਓਹੋ ਹੀ ਕਬਿ ਸਯਾਮ ਹੈ ਜਿਸ ਦੀਆਂ ਰਚਨਾਵਾਂ ਅਸੀਂ ਪੜ੍ਹਦੇ ਆ ਰਹੇ ਹਾਂ । ਉਸ ਨੇ ਅਪਣੀ ਆਤਮ ਕਥਾ ਦਾ ਅਸਲੀ ਚੇਹਰਾ ਪ੍ਰਗਟ ਕੀਤਾ ਹੈ ਕਿ ਮੇਰਾ ਨਾਂ ਸਯਾਮ ਦਾਸ ਬੈਰਾਗੀ ਹੈ । ਓਹਦੇ ਕਰਮ ਤੇ ਕਲਾ ਦੇ ਜ਼ੋਹਰ ਤਾਂ ਅਸੀਂ ਪੜ੍ਹ ਹੀ ਰਹੇ ਹਾਂ)

ਬਿਵਾਸ ਮਤੀ ਉਹਦੇ ਰੰਗ ਚ ਰੰਗੀ ਗਈ ਤੇ ਮਿਤ੍ਰ ਸੰਗ ਕਾਮ ਭੋਗ ਵਿੱਚ ਲੀਨ ਹੋ ਗਈ । ਓਹਦੇ ਮਨ ਚ ਆਏ ਕਿ ਮੈਂ ਇਸ ਬੈਰਾਗੀ ਨਾਲ ਭੱਜ ਜਾਵਾਂ :-

*ਮਤੀ ਬਿਭਾਸ ਤਵਨ ਰਸ ਰਾਚੀ ॥ ਕਾਮ ਭੋਗ ਮਿਤਵਾ ਕੇ ਮਾਚੀ ॥*
*ਗਵਨ ਕਰੌ ਤਾਸੌ ਮਨ ਭਾਵੈ ॥ ਸਵਤਿਨ ਸ਼ੋਕ ਹ੍ਰਿਦੈ ਮਹਿ ਆਵੈ ॥੪॥*(ਤੀਨ ਸੌ ਅੱਠਤੀਸ ਚਰਿਤ੍ਰ ਪੰਨਾ ੧੨੯੬)

ਓਹਨੇ ਅਪਣੀਆਂ ਸੱਤੇ ਸੌਕਣਾਂ (ਅਹਿਧੁਜ ਦੇ ਝਖ ਕੇਤਮਤੀ, ਨ੍ਰਿੱਤ ਮਤੀ, ਪੁਹਪ ਮੰਜਰੀ, ਫੂਲਮਤੀ, ਨਾਗਰਿ ਦੇ ਤੇ ਨਾਗਨਿ ਦੇ) ਨੂੰ ਨਿਊਂਦਾ ਦੇ ਕੇ ਘਰ ਮੇਜਬਾਨੀ ਲਈ ਸੱਦਿਆ । ਓਹਨੇ ਖਾਣੇ ਵਿੱਚ ਜ਼ਹਿਰ ਮਿਲਾ ਕੇ ਸੱਤੇ ਸੌਕਣਾਂ ਨੂੰ ਮਾਰ ਦਿੱਤਾ ਤੇ ਲੋਕਾਚਾਰੀ ਰੋਣ ਲੱਗ ਪਈ ਕਹਿੰਦੀ ਮੈਂ ਲੂਣ ਦੇ ਭੁਲੇਖੇ ਖਾਣੇ ਵਿੱਚ ਜ਼ਹਿਰ ਮਿਲਾ ਕੇ ਇਨ੍ਹਾਂ ਨੂੰ ਮਾਰ ਦਿੱਤਾ । ਮੇਰੇ ਤੋਂ ਵੱਡਾ ਪਾਪ ਕਰਮ ਹੋ ਗਿਆ ਹੈ । ਕਹਿੰਦੀ ਜਾਂ ਤਾਂ ਮੈਂ ਅੱਗ ਚ ਸੜ ਮਰੂੰ ਜਾਂ ਫਿਰ ਹਿਮਾਂਚਲ ਵਿੱਚ ਜਾ ਕੇ ਗਲ ਜਾਊਂ । ਸਹੇਲੀਆਂ ਨੇ ਬਥੇਰਾ ਰੋਕਿਆ ਪਰ ਉਸ ਨੇ ਕਿਸੇ ਦੀ ਨਾ ਸੁਣੀ ਓਹ ਉਸੇ ਬੈਰਾਗੀ ਨੂੰ ਜਿਸ ਨਾਲ ਪ੍ਰੇਮ ਲੀਲਾ ਕੀਤੀ ਲੈ ਕੇ ਘਰੋਂ ਤੁਰ ਪਈ

*ਵਹੈ ਸੰਗ ਬੈਰਾਗੀ ਲੀਨਾ ॥ ਜਾਸੌ ਕਾਮ ਭੋਗ ਕਹ ਕੀਨਾ ॥*
*ਲੋਗ ਲਖੈਂ ਤ੍ਰਿਯ ਗਰਬੇ ਗਈ ॥ ਕਿਨਹੂੰ ਬਾਤ ਜਾਨਿ ਨਹਿ ਲਈ ॥੯॥*

(ਤੀਨ ਸੌ ਅੱਠਤੀਸ ਚਰਿਤ੍ਰ ਪੰਨਾ ੧੨੯੬)

ਕਵੀ ਔਰਤ ਬਾਰੇ ਅਪਣੇ ਖਿਆਲ ਪ੍ਰਗਟਿ ਕਰਦਿਆਂ ਕਹਿੰਦਾ ਹੈ :-

*ਤ੍ਰਿਯ ਕੋ ਚਰਿਤ ਨ ਬਿਧਨਾ ਜਾਨੈ ॥ ਮਹਾਂ ਰੁਦ੍ਰ ਭੀ ਕਛੁ ਨ ਪਛਾਨੈ ॥*
*ਇਨ ਕੀ ਬਾਤ ਏਕ ਹੀ ਪਾਈ ॥ ਜਿਨ ਇਸਤ੍ਰੀ ਜਗਦੀਸ ਬਨਾਈ ॥੧੧॥*

(ਤੀਨ ਸੌ ਅੱਠਤੀਸ ਚਰਿਤ੍ਰ ਪੰਨਾ ੧੨੯੬)

ਨੋਟ :- ਦਸਮ ਗ੍ਰੰਥ ਵਿਚਲੀ ਇਹ ਕਾਵਿ ਰਚਨਾ ਉਪਦੇਸ ਦੇਂਦੀ ਹੈ ਕਿ ਕਿਵੇਂ ਸੌਕਣਾਂ ਦਾ ਕਤਲ ਕਰ ਕੇ ਯਾਰ ਨਾਲ ਭੱਜ ਕੇ ਘਰ ਵਸਾਈਦਾ ਹੈ । ਪਤਾ ਨਹੀਂ ਸਿੱਖ ਪੁਜਾਰੀ ਇਸ ਗੰਦ ਮੰਦ ਦੇ ਅੱਗੇ ਕਿਉਂ ਨਮਸਕਾਰਾਂ ਤੇ ਡੰਡਾਉਤਾਂ ਕਰਦੇ ਹਨ । ਦੋ ਤਖਤਾਂ ਤੇ ਕੀਤਾ ਜਾਂਦਾ ਇਸ ਮਹਾਂ ਗੰਦੀ ਕਿਤਾਬ ਦਾ ਪ੍ਰਕਾਸ਼ ਸਮੁੱਚੇ ਸਿੱਖ ਧਰਮ ਤੇ ਇਕ ਕਰਾਰੀ ਚਪੇੜ ਹੈ । ਉਥੋਂ ਦੇ ਪੁਜਾਰੀਆਂ ਨੂੰ ਮਹਾਂ ਗੰਦੇ ਲੋਕ ਆਖਿਆ ਜਾਏ ਤਾਂ ਚੰਗਾ ਹੈ । ਕੀ ਗੁਰੂ ਦੇ ਲਾਲ ਇਸ ਕੁਕਰਮ ਨੂੰ ਰੋਕਣ ਚ ਅੱਗੇ ਆਉਣਗੇ ?

ਨਗਰ : ਅਲੂਰਾ (ਤੀਨ ਸੌ ਉਨਤਾਲੀਸ ਚਰਿਤ੍ਰ ਪੰਨਾ ੧੨੯੭)

ਪਾਤਰ : ਭੂਪ ਭੱਦ੍ਰ (ਰਾਜਾ) ਤੇ ਰਤਨ ਮਤੀ (ਰਾਨੀ)

ਅਲੂਰਾ ਨਗਰੀ ਦਾ ਰਾਜਾ ਭੂਪ ਭੱਦ੍ਰ ਅਪਣੀ ਕਰੂਪ ਰਾਣੀ ਨੂੰ ਕਦੇ ਪਿਆਰ ਨਾ ਕਰਦਾ । ਓਹ ਦੂਜੀਆਂ ਰਾਣੀਆਂ ਸੰਗ ਹੀ ਮੌਜ ਮੇਲਾ ਕਰਦਾ । ਰਾਣੀ ਨੂੰ ਇਸ ਗੱਲ ਦਾ ਬੜਾ ਦੁੱਖ ਰਹਿੰਦਾ । ਉਹ ਚਾਹੁੰਦੀ ਕਿ ਕਿਵੇਂ ਨਾ ਕਿਵੇਂ ਰਾਜੇ ਨਾਲ ਪ੍ਰੀਤ ਬਣ ਜਾਏ । ਜਦ ਰਾਜਾ ਪੂਜਾ ਲਈ ਗਿਆ ਤਾਂ ਉਸ ਨੇ ਮਹਾਂ ਰੁਦ੍ਰ ਦਾ ਭੇਖ ਧਾਰ ਕੇ ਪਿੰਡੇ ਤੇ ਬਿਭੂਤਿ (ਸਵਾਹ) ਮਲ ਕੇ ਜਿੱਥੇ ਰਾਜਾ ਪੂਜਾ ਕਰਦਾ ਸੀ ਉੱਥੇ ਜਾ ਦਰਸ਼ਨ ਦਿੱਤੇ । ਜਦ ਰਾਜੇ ਨੇ ਓਹਨੂੰ ਦੇਖਿਆ ਤਾਂ ਦੇਵਤਾ ਜਾਣ ਕੇ ਓਹਦੇ ਮਨ ਅਤੇ ਕਰਮ ਕਰਕੇ ਚਰਨੀ ਜਾ ਡਿੱਗਾ ਤੇ ਕਹਿੰਦਾ ਹੁਣ ਮੇਰਾ ਜਨਮ ਸਫਲ ਹੋ ਗਿਆ ਹੈ ਮੈਨੂੰ ਮਹਾਂ ਰੁਦ੍ਰ ਨੇ ਦਰਸ਼ਨ ਦਿੱਤੇ ਹਨ (ਇਥੇ ਤਾਂ ਦੇਵਤਾ ਮਹਾਂ ਰੁਦ੍ਰ ਦੀ ਗੱਲ ਹੈ ਸਾਡੇ ਕਈ ਸੰਤਾਂ ਨੂੰ ਕਲਯੁੱਗ ਆ ਆ ਮਿਲਦਾ ਹੈ ਕਦੇ ਬਿੱਲੀ ਦੇ ਰੂਪ ਚ ਤੇ ਕਦੇ ਕੁੱਤੇ ਦੇ ਰੂਪ ਚ ।ਜੇ ਝੂਠ ਲੱਗੇ ਤਾਂ ਸੰਤਾਂ ਵਲੋਂ ਛਪਵਾਏ ਸੁਖਮਨੀ ਸਾਹਿਬ ਦੇ ਗੁਟਕਿਆਂ ਦੇ ਅੱਗੇ ਪਿੱਛੇ ਉਨ੍ਹਾਂ ਦੇ ਵੱਡੇ ਵੱਡੇ ਗਪੌੜੇ ਪੜ੍ਹ ਲੈਣੇ ਨਿਹਾਲ ਹੋ ਜਾਓਗੇ) ਮੈਂ ਬੜੀ ਕਮਾਈ ਕੀਤੀ ਇਸੇ ਲਈ ਮੈਨੂੰ ਮਹਾਂ ਰੁਦ੍ਰ ਨੇ ਦਰਸ਼ਨ ਦਿੱਤੇ ਹਨ । ਮਹਾਂ ਰੁਦ੍ਰ ਦਾ ਭੇਖ ਧਾਰੀਂ ਖੜੀ ਔਰਤ ਕਹਿੰਦੀ ਕਿ ਤੂੰ ਮੇਰੀ ਬੜੀ ਸੇਵਾ ਕੀਤੀ ਐ ਤਦੇ ਮੈਂ ਤੈਨੂੰ ਦਰਸ਼ਨ ਦਿੱਤੇ ਐਂ । ਰਾਜਾ ਸੁਣ ਕੇ ਬੜਾ ਖੁਸ਼ ਹੋ ਗਿਆ । ਕਹਿੰਦੀ ਇਕ ਗੱਲ ਹੋਰ ਸੁਣ ਬਈ ਜਿਹੜੀ ਤੇਰੀ ਨਾਰ ਰਤਨ ਮਤੀ ਹੈ ਨਾ ਓਹ ਮੇਰੀ ਭਗਤਣੀ ਐ ਤੂੰ ਓਹਨੂੰ ਪਿਆਰ ਕਰਨਾ ਨਾ ਭੁੱਲੀਂ ਤੇਰਾ ਉਧਾਰ ਹੋਏਗਾ ਤੇ ਤੇਰੇ ਸ਼ੱਤ੍ਰਆਂ ਦਾ ਨਾਸ ਹੋਏਗਾ । ਰਾਜੇ ਨੇ ਸੱਚ ਜਾਣ ਕੇ ਉਸ ਦੀ ਗੱਲ ਮੰਨ ਲਈ ।

ਨੋਟ :- ਇਸ ਕਾਵਿ ਰਚਨਾਂ ਚੋਂ ਸਿਵਾਏ ਕਾਮ ਦੀ ਭੁੱਖ ਸਾਂਤ ਕਰਨ ਦੇ ਹੋਰ ਕੋਈ ਸਿੱਖਿਆ ਨਹੀਂ ਮਿਲਦੀ । ਹਰ ਔਰਤ ਦਾ ਅਧਿਕਾਰ ਹੈ ਕਿ ਉਹ ਅਪਣਾ ਹੱਕ ਪ੍ਰਾਪਤ ਕਰੇ। ਇਸ ਵਿੱਚ ਰੱਬੀ ਗਿਆਨ ਜਾਂ ਸੁਰਤ ਦੇ ਟਿਕਾਓ ਦੀ ਕੋਈ ਗੱਲ ਨਹੀਂ ਦਸਮ ਗ੍ਰੰਥ ਇਨ੍ਹਾਂ ਹੀ ਕਥਾ ਕਹਾਣੀਆਂ ਨਾਲ ਭਰਿਆ ਪਿਆ ਹੈ । ਲੋਕੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਇਸ ਦਾ ਪ੍ਰਕਾਸ਼ ਡੰਡੇ ਦੇ ਜੋਰ ਕਰਾਉਣਾ ਚਾਹੁੰਦੇ ਹਨ । ਕੀ ਅਜਿਹਾ ਹੋ ਜਾਏਗਾ ? ਬਾ-ਹੋਸ਼ਿਆਰ ਖ਼ਬਰਦਾਰ-ਜਾਗਦੇ ਰਹਿਓ !

## ਅਪਣੀ ਔਰਤ ਦਾਨ ਕਰੋ (ਤੀਨ ਸੌ ਚਾਲੀਸ ਚਰਿਤ੍ਰ ਪੰਨਾ ੧੨੯੮)

ਪਾਤਰ : ਮਥਰਾ, ਗੁਲਾਬੋ ਤੇ ਰਾਮਦਾਸ

ਸਾਡੇ ਪਾਸ ਰਹਿੰਦੇ ਮਥਰੇ ਦੀ ਗੁਲਾਬੋ ਰਾਮਦਾਸ ਦਾ ਰੂਪ ਦੇਖ ਕੇ ਕਾਮ ਦੀ ਭੱਠੀ ਚ ਤਪਣ ਲੱਗੀ। ਬਹੁਤ ਸਾਲ ਉਹ ਗੁਲਾਬੋ ਦਾ ਰੰਗ ਮਾਣਦਾ ਰਿਹਾ ਤੇ ਇਕ ਦਿਨ ਕਹਿੰਦਾ ਕਿ ਇਹ ਮੁਰਦਾਰ ਤੈਨੂੰ ਕੀ ਦਏਗਾ ਤੂੰ ਮੇਰੀ ਔਰਤ ਬਣ ਜਾ। ਔਰਤ ਨੇ ਇਸ ਗੱਲ ਨੂੰ ਚੰਗਾ ਜਾਣਿਆ ਪਰ ਕਿਸੇ ਨੂੰ ਨਾ ਦੱਸਿਆ। ਜਦ ਮਥਰਾ ਘਰ ਆਇਆ ਤਾਂ ਕਹਿੰਦੀ ਹਰੀ ਚੰਦ ਰਾਜਾ ਜਗ ਵਿੱਚ ਆਇਆ ਤੇ ਅਖਰਿ ਓਹ ਵੀ ਮਰ ਗਿਆ-ਮਾਨਧਾਤ ਨੂੰ ਰੱਬ ਨੇ ਪੈਦਾ ਕੀਤਾ ਉਸ ਨੂੰ ਵੀ ਮੌਤ ਨੇ ਖਪਾ ਦਿੱਤਾ। ਜਿਹੜਾ ਵੀ ਸੰਸਾਰ ਚ ਜੰਮਿਆ ਓਹ ਉਮਰ ਭੋਗ ਕੇ ਮਰ ਗਿਆ। ਇੱਥੇ ਕੋਈ ਨਹੀਂ ਟਿਕ ਸਕਿਆ-ਕੇਵਲ ਰੱਬ ਹੀ ਹਮੇਸ਼ਾ ਟਿਕਣ ਵਾਲਾ ਹੈ ਜਾਂ ਫਿਰ :-

*ਦੋਹਰਾ ॥ ਯਾ ਜਗ ਮਹਿ ਸੋਈ ਜਿਯਤ ਪੁੰਨਯ ਦਾਨ ਜਿਨ ਕੀਨ ॥*
*ਸਿਖਿਯਨ ਕੀ ਸੇਵਾ ਕਰੀ ਜੋ ਮਾਂਗੈ ਸੋ ਦੀਨ ॥੬॥* (ਤੀਨ ਸੌ ਚਾਲੀਸ ਚਰਿਤ੍ਰ ਪੰਨਾ ੧੨੯੮)

ਇਹ ਸੁਣਦਿਆਂ ਹੀ ਮੂਰਖ ਨੇ ਔਰਤ ਨੂੰ ਕਿਹਾ ਕਿ ਜੋ ਕਹੇਂਗੀ ਮੈਂ ਓਹੀ ਕਰਾਂਗਾ। ਔਰਤ ਕਹਿੰਦੀ ਜੇ ਫਟਿਆ ਬਸਤ੍ਰ ਕਿਸੇ ਦਾ ਦੇਖੋ ਉਸ ਨੂੰ ਨਵਾਂ ਬਸਤ੍ਰ ਦੇ ਦਿਓ । ਜਿਸਦੇ ਘਰ ਔਰਤ ਨਾ ਹੋਏ ਉਸ ਨੂੰ ਅਪਣੀ ਔਰਤ ਦੇ ਦਿਓ:-

*ਤ੍ਰਿਯ ਬਾਚ ॥ ਫਟਾ ਬਸਤ੍ਰ ਜਾਕਾ ਲਖਿ ਲੀਜੈ ॥ ਬਸਤ੍ਰ ਨਵੀਨ ਤੁਰਤ ਤਿਹ ਦੀਜੈ ॥*
*ਜਾਕੈ ਘਰਿ ਮਹਿ ਹੋਇ ਨਾ ਦਾਰਾ ॥ ਤਾਕਹ ਦੀਜੈ ਅਪਨੀ ਨਾਰਾ ॥੮॥*

(ਤੀਨ ਸੌ ਚਾਲੀਸ ਚਰਿਤ੍ਰ ਪੰਨਾ ੧੨੯੮)

ਮਥਰੇ ਨੇ ਰਾਮਦਾਸ ਨੂੰ ਧਨ ਹੀਨ ਤੇ ਨਾਰਿ ਬਿਨ ਤੱਕਿਆ ਤੇ ਅਪਣੀ ਗੁਲਾਬੋ ਉਸ ਨੂੰ ਦਾਨ ਕਰ ਦਿੱਤੀ ਤੇ ਬਹੁਤ ਸਾਰਾ ਧਨ ਵੀ ਦੇ ਦਿੱਤਾ ।

ਨੋਟ :- ਸਿੱਖ ਧਰਮ ਕਹਿੰਦਾ ਹੈ ਕਿ ਜੋ ਅਪਣੇ ਆਪ ਨੂੰ ਦਾਨੀ ਹੋਣ ਦਾ ਦਿਖਾਵਾ ਕਰਦਾ ਹੈ ਉਹ ਇਸ ਸੰਸਾਰ ਦਾ ਵੱਡਾ ਮੂਰਖ ਹੈ ਕਿਉਂ ਕਿ ਉਹ ਖੁਦ ਇਕ ਮੰਗਤਾ ਹੈ ਜੋ ਰੱਬ ਦੇ ਦਰ ਤੋਂ ਹਰ ਰੋਜ਼ ਭੀਖ ਮੰਗਦਾ ਹੈ। ਰੱਬ ਵੱਲੋਂ ਮਿਲੀ ਭੀਖ ਵਿੱਚੋਂ ਜੇਕਰ ਉਸ ਨੇ ਕਿਸੇ ਹੋਰ ਨੂੰ ਕਿਣਕਾ ਮਾਤਰ ਦੇ ਦਿੱਤਾ ਤਾਂ ਉਹ ਦਾਨੀ ਕਿਵੇਂ ਬਣ ਗਿਆ । ਹਾਂ ਫਿਰ ਦਾਨ ਕਰਨ ਨਾਲ ਰੱਬ ਨਹੀਂ ਤਰੁੱਠਣਾ । ਜੇਕਰ ਸੋਨੇ ਨਾਲ ਲੱਦੀ ਔਰਤ ਵੀ ਦਾਨ ਕਰ ਦਈਏ ਤਾਂ ਵੀ ਕੱਖ ਪੱਲੇ ਨਹੀਂ ਪੈਣਾ । ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ । ਗੁਰੂ ਗੋਬਿੰਦ ਸਿੰਘ ਜੀ ਅਜਿਹਾ ਕੋਈ ਪ੍ਰਭਾਵ ਨਹੀਂ ਦੇ ਸਕਦੇ ਜਿਸ ਨਾਲ ਨੌਂ ਗੁਰੂਆਂ ਦੇ ਉਪਦੇਸ ਤੇ ਸੱਟ ਵੱਜਦੀ ਹੋਏ ।

ਨਗਰ : ਸੁਕ੍ਰਿਤਾਵਤੀ (ਤੀਨ ਸੌ ਇਕਯਾਲੀਸ ਚਰਿਤ੍ਰ ਪੰਨਾ ੧੨੯੮-੯੯)

## ਯਾਰ ਨਾਲ ਘਰੋਂ ਭੱਜਣਾ ਸਿੱਖੋ

ਪਾਤਰ : ਸੁਕ੍ਰਿਤ ਸੈਨ (ਰਾਜਾ), ਸੁਭ ਲੱਛਨ ਦੇ (ਨਾਰਿ) ਤੇ ਸ੍ਰੀ ਅਪੱਛਰਾ ਦੇ (ਬਾਲਾ) : ਸੁਕ੍ਰਿਤਾਵਤੀ ਨਗਰ ਦੇ ਰਾਜੇ ਸੁਕ੍ਰਿਤ ਸੈਨ ਦੀ ਔਰਤ ਸੁਭ ਲੱਛਨ ਦੇ ਦਾ ਰੂਪ ਦੇਖ ਕੇ ਚੰਦ ਤੇ ਸੂਰਜ ਨੂੰ ਵੀ ਸ਼ਰਮ ਆ ਜਾਂਦੀ। ਓਹਦੀ ਧੀ ਅਪੱਛਰਾ ਦੇ ਜਣੋ ਨਿਰੀ ਰਾਗ ਕੀ ਮਾਲਾ । ਉੱਥੇ ਇਕ ਸੁਦਾਗਰ ਆਇਆ ਜਿਸ ਦੇ ਨਾਲ ਓਹਦਾ ਪੁੱਤ ਵੀ ਸੀ । ਓਹ ਐਨਾ ਸੋਹਣਾ ਬਈ ਸੂਰਜ ਵਰਗਾ । ਰਾਜੇ ਦੀ ਧੀ ਉਸ ਨੂੰ ਦੇਖ ਕੇ ਲੋਟੂ ਹੋ ਗਈ । ਉਸ ਨੇ ਇਕ ਚਲਾਕ ਤੇ ਸਿਆਣੀ ਸਹੇਲੀ ਜਾਣ ਕੇ ਉਸ ਪਾਸ ਭੇਜਿਆ । ਓਹ ਜਿਵੇਂ ਤਿਵੇਂ ਉਸ ਨੂੰ ਨਾਲ ਲੈ ਆਏ ਤੇ ਫਿਰ :-

*ਚਤੁਰਿ ਜਾਨਿ ਤਹ ਸਖੀ ਪਠਾਈ ॥ ਜਯੋਂ ਤਯੋਂ ਤਹਾਂ ਤਹਿ ਲੈ ਆਈ ॥*
*ਰਾਜ ਸੁਤਾ ਤਾਸੌ ਰਤਿ ਮਾਨੀ ॥ ਕੇਲ ਕਰਤ ਸਭ ਰਾਤਿ ਬਿਹਾਨੀ ॥੪॥* (ਤੀਨ ਸੌ ਇਕਯਾਲੀਸ ਚਰਿਤ੍ਰ ਪੰਨਾ ੧੨੯੯)

ਕਾਮ ਭੋਗ ਕਰ ਕੇ ਕਹਿੰਦੀ ਕਿ ਮੈਂ ਤਾਂ ਤੈਨੂੰ ਅਪਣਾ ਯਾਰ ਜਾਣਾ ਜੇ ਤੂੰ ਮੈਨੂੰ ਅਪਣੇ ਨਾਲ ਲੈ ਚਲੇਂ :-

*ਕਾਮ ਭੋਗ ਕਰਿ ਬਦਾ ਸੰਕੇਤਾ ॥ ਲਾਗਯੋ ਸ਼ਾਹ ਪੁੱਤ੍ਰ ਸੋ ਹੇਤਾ ॥*
*ਮੁਹਿ ਅਪਨੇ ਲੈ ਸੰਗ ਸਿਧਾਰੋ ॥ ਤਬ ਜਾਨੌ ਤੈ ਯਾਰ ਹਮਾਰੋ ॥੬॥* (ਤੀਨ ਸੌ ਇਕਯਾਲੀਸ ਚਰਿਤ੍ਰ ਪੰਨਾ ੧੨੯੯)

ਉਹ ਭੋਗ ਕਰ ਕੇ ਅਪਣੇ ਘਰ ਆ ਗਿਆ । ਜੋ ਕੁੜੀ ਨੇ ਸਿਖਾਇਆ ਉਸ ਨੇ ਓਹੀ ਕੀਤਾ । ਉਸ ਨੇ ਬਹੁਤ ਸਾਰੇ ਕੱਪੜੇ ਮੁੱਲ ਖਰੀਦ ਕੇ ਰਾਜੇ ਨੂੰ ਦਿਖਾਏ । ਫੇਰ ਰਾਣੀਆਂ ਨੂੰ ਦੇਖਣ ਲਈ ਦੇ ਦਿੱਤੇ। ਕੁੜੀ ਕਹਿੰਦੀ ਇਨ੍ਹਾਂ ਨੂੰ ਦਿਖਾ ਕੇ ਫਿਰ ਮੈਨੂੰ ਦਿਖਾਉਣੇ । ਉਸ ਨੇ ਰਾਣੀ ਨੂੰ ਬਸਤ੍ਰ ਦਿਖਾ ਕੇ ਫਿਰ ਕੁੜੀ ਨੂੰ ਬਸਤ੍ਰ ਦਿਖਾਉਣ ਆਇਆ। ਕੁੜੀ ਨੇ ਇਨ੍ਹਾਂ ਕੱਪੜਿਆਂ ਵਿੱਚ ਅਪਣੇ ਆਪ ਨੂੰ ਲੁਕੋ ਕੇ ਮਿਤ੍ਰ ਨਾਲ ਭੱਜ ਗਈ ।

ਦਸਮ ਗ੍ਰੰਥ ਦਾ ਪੰਜਵਾਂ ਸਰੀਕ ਕਵੀ ਕੁੱਝ ਇਸ ਤਰ੍ਹਾਂ ਅਪਣੇ ਆਪ ਨੂੰ ਪ੍ਰਗਟ ਕਰਦਾ ਹੈ :-

*ਅੜਿੱਲ ॥ ਰਾਨੀ ਮਾਲੁ ਦਿਖਾਇ ਬਹੁਰਿ ਲੈ ਕੁਅਰ ਦਿਖਾਯੋ ॥*
*ਲਪਟਿ ਤਰੁਨਿ ਤਿਹ ਮਾਂਹਿ ਆਪਨੋ ਅੰਗ ਦੁਰਾਯੋ ॥*
*ਗਈ ਮਿਤ੍ਰ ਕੇ ਧਾਮ ਨ ਭੂਪ ਬਿਚਾਰਿਯੋ ॥*
*ਹੋ ਇਹ ਛਲ ਤਿਹ ਲੈ ਸਾਥ ਹਰੀਫ ਸਿਧਾਰਿਯੋ ॥੯॥*
*ਦੋਹਰਾ ॥ ਭਾਂਗਨ ਭੋਂਦੂ ਪਿਯਤ ਥੋ ਰਾਹਤ ਭਯੋ ਪਰਬੀਨ ॥*
*ਦੁਹਿਤਾ ਹਰੀ ਹਰੀਫ ਯੋ ਸਕਾ ਨ ਜੜ ਛਲ ਚੀਨ ॥੧੦॥* (ਤੀਨ ਸੌ ਇਕਯਾਲੀਸ ਚਰਿਤ੍ਰ ਪੰਨਾ ੧੨੯੯)

ਨੋਟ :- ਕਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਨ੍ਹਾਂ ਕਾਵਿ ਰਚਨਾਂ ਚ ਅਪਣੀ ਹੋਂਦ ਕਿਵੇਂ ਪ੍ਰਗਟ ਕਰਨੀ ਹੈ । ਹਰੀਫ ਨੇ ਵੀ ਉਸ ਕਲਾ ਨੂੰ ਅਪਣਾਇਆ ਹੈ । ਹਰੀਫ ਦੇ ਅਰਥ ਪਿਆਰਾ ਕਰ ਕੇ ਕਵੀ ਦਾ ਕਤਲ ਕਰਨ ਦੀ ਕੋਸ਼ਿਸ ਕੀਤੀ ਹੈ । ਮੈਂ ਅਪਣੀਆਂ ਸਮੂਹ ਕਵਿਤਾਵਾਂ ਵਿੱਚ ਜਸਬਿੰਦਰ ਜਾਂ ਜਸ ਲਿਖਿਆ ਹੈ ਜਿਸ ਦੇ ਲਫਜੀ ਅਰਥ ਜਸ ਨੂੰ ਬੀਜਣ ਵਾਲਾ ਜਾਂ ਉਸਤਤਿ ਹੀ ਬਣਦੇ ਹਨ ਕੀ ਕਿਸੇ ਕਵੀ ਦੇ ਨਾਂ ਦੇ ਅਰਥ ਕਰਕੇ ਉਸ ਦੀ ਹੋਂਦ ਖ਼ਤਮ ਕੀਤੀ ਜਾ ਸਕਦੀ ਹੈ ? ਬਿਨਾਂ ਕਿਸੇ ਸ਼ੱਕ ਦੇ ਇਹ ਦਸਮ ਗ੍ਰੰਥ ਦਾ ਪੰਜਵਾਂ ਧੁਰਾ ਹੈ । ਹਾਂ ਜਿੱਥੋ ਤੱਕ ਗਿਆਨ ਦੀ ਗੱਲ ਹੈ ਉਹ ਇਹ ਕਿ ਕਵੀ ਧੀਆਂ ਭੈਣਾਂ ਨੂੰ ਦੱਸਦਾ ਹੈ ਕਿ ਕਿਵੇਂ ਮੁੰਡਾ ਪਸੰਦ ਆ ਜਾਣ ਤੇ ਉਸ ਨਾਲ ਭੋਗ ਕਰੀਦਾ ਹੈ ਤੇ ਕਿਵੇਂ ਮਾਪਿਆਂ ਦੀਆਂ ਅੱਖਾਂ ਚ ਘੱਟਾ ਪਾ ਕੇ ਯਾਰ ਨਾਲ ਭੱਜ ਜਾਈਦਾ ਹੈ । ਇਨ੍ਹਾਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਨਹੀਂ ਕਿਹਾ ਜਾ ਸਕਦਾ । ਜੋ ਅਜਿਹਾ ਕਹਿੰਦੇ ਹਨ ਉਹ ਗੁਰੂ ਦਾ ਅਪਮਾਨ ਕਰਦੇ ਹਨ । ਉਨ੍ਹਾਂ ਨੂੰ ਸਿੱਖ ਆਖਣਾ ਵੀ ਵੱਡਾ ਪਾਪ ਤੇ ਬਜ਼ਰ ਕੁਰੈਹਿਤ ਹੈ ।

ਨਗਰੀ : ਸ੍ਰੀ ਬ੍ਰਿਜਰਾਜਵਤੀ (ਤੀਨ ਸੌ ਬਤਾਲੀਸ ਚਰਿਤ੍ਰ ਪੰਨਾ ੧੨੯੯-੯੬)

## ਘਰੋਂ ਮਿਤ੍ਰ ਨਾਲ ਭੱਜਣ ਦੇ ਹੀਲੇ ਵਸੀਲੇ ਸਿਖੋ

ਪਾਤਰ : ਸ੍ਰੀ ਬ੍ਰਿਜਰਾਜ ਸੈਨ (ਰਾਜਾ), ਸ੍ਰੀ ਬ੍ਰਿਜਰਾਜ ਮਤੀ (ਰਾਨੀ) ਤੇ ਸ੍ਰੀ ਬਰੰਗਨਾ ਦੇ ।

ਦਿਸ਼ਾ ਉੱਤਰ ਦੀ ਇਕ ਨਗਰੀ ਬ੍ਰਿਜਰਾਜਵਤੀ ਦੇ ਰਾਜੇ ਸ੍ਰੀ ਬ੍ਰਿਜਰਾਜ ਸੈਨ ਦੀ ਰਾਣੀ ਜਿਤਨੀ ਸੋਹਣੀ ਚੌਦਾਂ ਲੋਕਾਂ ਚ ਹੋਰ ਕੋਈ ਨਹੀਂ। ਓਹਦੀ ਧੀ ਸ੍ਰੀ ਬਰੰਗਲਾ ਦੇ ਜਣੋ ਅੱਗ ਦਾ ਗੋਲਾ। ਸਿਆਣੀ ਸਖੀ ਉਸ ਨੂੰ ਆਖਦੀ ਕਿ ਤੇਰੇ ਜਿਤਨੀ ਸੋਹਣੀ ਨਾ ਕਦੇ ਜੰਮੀ ਤੇ ਨਾ ਹੀ ਅੱਗੇ ਨੂੰ ਜੰਮੇਂਗੀ। ਜਦ ਉਸ ਦਾ ਬਾਲਪਨ ਬੀਤਿਆ ਤੇ ਓਹ ਜਵਾਨ ਹੋਈ ਤਾਂ ਉਸ ਨੇ ਇਕ ਰਾਜਕੁਮਾਰ ਨੂੰ ਦੇਖਿਆ ਤੇ ਦੀਵਾਨੀ ਹੋ ਗਈ ਤੇ ਸੁਰੂ ਹੋਇਆ ਪ੍ਰੇਮ ਖੇਲ :-

*ਤਾਸੌ ਕਾਮ ਭੋਗ ਨਿਤ ਮਾਨੈ ॥ ਦ੍ਵੈ ਤੈ ਏਕ ਦੇਹ ਕਰਿ ਜਾਨੈ ॥*
*ਤਬ ਚਤੁਰਾ ਇਹ ਚਰਿਤ ਬਿਚਾਰਯੋ ॥ ਕਹੋ ਨ੍ਰਿਪਤਿ ਸੋ ਪ੍ਰਗਟ ਉਚਾਰਯੋ ॥੫॥*

(ਤੀਨ ਸੌ ਬਤਾਲੀਸ ਚਰਿਤ੍ਰ ਪੰਨਾ ੧੨੯੯)

ਅਪਣੇ ਬਾਪ ਨੂੰ ਕਹਿੰਦੀ ਕਿ ਮੈਨੂੰ ਸ਼ਿਵ ਨੇ ਸ੍ਰਾਪ ਦਿੱਤਾ ਹੈ ਇਸੇ ਲਈ ਮੈਂ ਤੁਹਾਡੇ ਘਰ ਜੰਮੀ ਹਾਂ । ਜਦ ਸ੍ਰਾਪ ਦਾ ਸਮਾਂ ਪੁਰਾ ਹੋ ਜਾਏਗਾ ਉਦੋਂ ਮੈਂ ਇੱਥੇ ਨਹੀਂ ਰਹਾਂਗੀ । ਇਕ ਦਿਨ ਉਹ ਮਿਤ੍ਰ ਦੇ ਸੰਗ ਭੱਜ ਗਈ ਤੇ ਚਿੱਠੀ ਲਿਖ ਕੇ ਬਾਪ ਨੂੰ ਆਖ ਦਿੱਤਾ ਬਈ ਤੇਰੀ ਧੀ ਸੁਰਪੁਰ ਚਲੇ ਗਈ ਹੈ । ਹੁਣ ਬਾਮ੍ਹਣ ਨੂੰ ਧਨ ਦਾਨ ਕਰ ਦੇਣਾ । ਅਪਣੇ ਮਿਤ੍ਰ ਨੂੰ ਬਾਮ੍ਹਣ ਬਣਾ ਕੇ ਰਾਜੇ ਪਾਸ ਭੇਜਿਆ ਤੇ ਬਹੁਤਾ ਧਨ ਲੈ ਕੇ ਘਰ ਮੁੜਿਆ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਮਿਤ੍ਰ ਨਾਲ ਘਰੋਂ ਭੱਜਣਾ ਹੈ ਤੇ ਕਿਵੇਂ ਮਾਂ ਬਾਪ ਤੋਂ ਪੈਸੇ ਠੱਗਣੇ ਹਨ। ਇਹ ਉਹ ਸਿੱਖਿਆਵਾਂ ਹਨ ਜਿਨ੍ਹਾਂ ਨਾਲ ਸਿੱਖ ਧਰਮ ਦਾ ਨਾਮੋ ਨਿਸ਼ਾਨ ਮਿਟ ਜਾਏਗਾ । ਇਕ ਸਿੱਖ ਹੋਣ ਦੇ ਨਾਤੇ ਤੁਹਾਡਾ ਫਰਜ਼ ਤੇ ਹੱਕ ਹੈ ਕਿ ਅਪਣਾ ਬਣਦਾ ਯੋਗਦਾਨ ਪਾ ਕੇ ਪੈਦਾ ਕੀਤੀ ਗਿਰਾਵਟ ਨੂੰ ਠੱਲ ਪਾਈ ਜਾਏ। ਰੱਬ ਤੁਹਾਨੂੰ ਚੜ੍ਹਦੀ ਕਲਾ ਅਤੇ ਸੱਚ ਬੋਲਣ ਦੀ ਤਾਕਤ ਦਏ ।

### ਦੇਸ : ਸੋਰਠ

(ਤੀਨ ਸੌ ਤ੍ਰਿਤਾਲੀਸ ਚਰਿਤ੍ਰ ਪੰਨਾ ੧੩੦੦-੦੧)

ਪਾਤਰ : ਦਿਜਬਰ ਸੈਨ (ਨਰਾਧਿਪ), ਸੁਮੇਰ ਮਤੀ (ਨਾਰੀ), ਸੋਰਠ ਦੇ (ਸੁਤਾ), ਓਜ ਸੈਨ (ਨ੍ਰਿਪਤਿ) ਤੇ ਪਰਜ ਦੇ (ਸੁਤਾ)

ਸੋਰਠ ਦੇਸ ਦੇ ਰਾਜੇ ਦਿਜਬਰ ਸੈਨ ਦੀ ਔਰਤ ਸੁਮੇਰ ਮਤੀ ਵਰਗੀ ਸੋਹਣੀ ਕੋਈ ਹੋਰ ਇਸ ਜੱਗ ਚ ਹੈ ਨਹੀਂ। ਉਸ ਦੀ ਕੁੜੀ ਸੋਰਠ ਦੇਇ ਵਰਗੀ ਬ੍ਰਹਮਾ ਨੇ ਹੋਰ ਦੂਜੀ ਨਾ ਬਣਾਈ ਤੇ ਦੂਜੀ ਕੁੜੀ ਪਰਜ ਦੇ ਅੰਤਾਂ ਦੀ ਸੋਹਣੀ। ਜਦ ਦੋਨੋ ਕੁੜੀਆਂ ਜਵਾਨ ਹੋਈਆਂ ਤਾਂ ਰੂਪ ਐਦਾਂ ਚਮਕਿਆ ਜਿਵੇਂ ਸੂਰਜ ਨੇ ਕਿਰਣਾਂ ਬਖੇਰੀਆਂ ਹੋਣ। ਇਕ ਹੋਰ ਰਾਜਾ ਓਜ ਸੈਨ ਮਾਨੋ ਕਾਮ ਦੇਵਤਾ ਜਦੋਂ ਸ਼ਿਕਾਰ ਖੇਡਣ ਨਿਕਲਿਆ ਤਾਂ ਉਥੇ ਇਕ ਝੰਖਾਰ ਜਿਸ ਦੇ ਬਾਰਾ ਸਿੰਗ ਸਨ ਨਿਕਲਿਆ । ਰਾਜੇ ਨੇ ਓਹ ਦੇਖ ਕੇ ਮਗਰ ਘੋੜਾ ਦੁੜਾਇਆ ਤੇ ਪਿੱਛਾ ਕਰਦਿਆਂ ਕਈ ਕੋਹ ਨਿਕਲ ਗਿਆ ਉਸ ਦੇ ਪਿੱਛੇ ਕੋਈ ਨੌਕਰ ਨਾ ਆਇਆ। ਓਹ ਪਿੱਛਾ ਕਰਦਾ ਸੋਰਠ ਦੇਸ ਪਹੁੰਚ ਗਿਆ ਜਿਥੇ ਰਾਜੇ ਦੀ ਧੀ ਨਹਾ ਰਹੀ ਸੀ। ਉਥੇ ਹੀ ਬਾਰਾ ਸਿੰਗਾ ਆ ਨਿਕਲਿਆ। ਰਾਜੇ ਦੀ ਧੀ ਨੇ ਦੋਨਾਂ ਨੂੰ ਦੇਖਿਆ ਤੇ ਸੋਚਿਆ ਕਿ ਇਸੇ ਨਾਲ ਸ਼ਾਦੀ ਕਰੂੰ। ਰਾਜੇ ਨੂੰ ਪਿਆਸ ਲੱਗੀ ਓਹ ਅਪਣੀ ਪਿਆਸ ਬੁਝਾਣ ਮ੍ਰਿਗ ਦੇ ਨਾਲ ਉੱਥੇ ਪੁੱਜਾ। ਉਸ ਨੇ ਪਾਣੀ ਪੀ ਕੇ ਪਿਆਸ ਬੁਝਾਈ-ਘੋੜਾ ਬ੍ਰਿਛ ਥੱਲੇ ਬੰਨ੍ਹ ਕੇ ਸੌਂ ਗਿਆ । ਰਾਜ ਕੁਮਾਰੀਆਂ ਨੇ ਮੌਕਾ ਤਾੜ ਕੇ ਮਦਰਾ (ਦਾਰੂ) ਬਹੁਤ ਸਾਰੀ ਮੰਗਵਾਈ ਜਿਹੜੀ ਸੱਤ ਬਾਰ ਸੋਧੀ ਹੋਈ ਸੀ। ਆਪ ਪੀਤੀ ਤੇ ਸਹੇਲੀਆਂ ਨੂੰ ਪੀਣ ਨੂੰ ਦਿੱਤੀ :-

*ਮਦਰਾ ਬਹੁ ਦੁਹੂੰ ਕੁਅਰਿ ਮੰਗਾਯੋ ॥ ਸਾਤ ਬਾਰ ਜੋ ਹੁਤੋ ਚੁਆਯੋ ॥*
*ਅਪਨ ਸਹਿਤ ਸਖਿਯਨ ਕੌ ਪਯਾਇ ॥ ਅਧਿੱਕ ਮੱਤ ਕਰਿ ਦਈ ਸੁਵਾਇ ॥੧੧॥*

(ਤੀਨ ਸੌ ਤ੍ਰਿਤਾਲੀਸ ਚਰਿਤ੍ਰ ਪੰਨਾ ੧੩੦੦-੦੧)

ਜਦ ਉਸ ਨੇ ਦੇਖਿਆ ਬਈ ਨਸ਼ਾ ਖਿੜ ਗਿਆ ਹੈ ਤੇ ਪਹਿਰੇਦਾਰ ਸੌਂ ਗਏ ਹਨ ਤਾਂ ਦੋਹਾਂ ਨੇ ਤੂੰਬੀ (ਸਨਾਈ) ਮੰਗਾਈ ਤੇ ਨਦੀ ਚ ਠੱਲ ਗਈਆਂ ਤੈਰ ਤੈਰ ਕੇ ਉੱਥੇ ਪੁੱਜੀਆਂ ਜਿੱਥੇ ਰਾਜਾ ਸੁੱਤਾ ਸੀ। ਉਸ ਨੂੰ ਪੈਰ ਤੋਂ ਫੜ ਕੇ ਜਗਾਇਆ ਤੇ ਬੱਕਰੀ (ਅਜਾ) ਦੇ ਚੰਮ ਤੇ ਚੜ੍ਹਾ ਲਿਆ। ਮੁੜ ਨਦੀ ਵਿੱਚ ਠੱਲ ਗਈਆਂ ਤੇ ਤੈਰ ਤੈਰ ਕੇ ਅਪਣਾ ਦੇਸ ਛੱਡ ਕੇ ਮਿਤ੍ਰ ਦੇ ਦੇਸ ਜਾ ਪੁੱਜੀਆਂ। ਜਦ ਸਹੇਲੀਆਂ ਨੂੰ ਸੁਰਤ ਆਈ ਤਾਂ ਉਨ੍ਹਾਂ ਸੋਚਿਆ ਬਈ ਦੋਨੋ ਰਾਜ ਦੁਲਾਰੀਆਂ ਨਦੀ ਚ ਡੁੱਬ ਗਈਆਂ ਹਨ :-

*ਦੋਹਰਾ ॥ ਵੈ ਦੋਊ ਨ੍ਰਿਪ ਸੰਗ ਗਈ ਅਨਿਕ ਹਿਯੇ ਹਰਖਾਤ ॥*
*ਅਜਾ ਚਰਮ ਪਰ ਭੂਪ ਬਰ ਦੁਹੂੰਅਨ ਚਲਾ ਬਜਾਤ ॥੧੯॥* (ਤੀਨ ਸੌ ਤ੍ਰਿਤਾਲੀਸ ਚਰਿਤ੍ਰ ਪੰਨਾ ੧੩੦੧)

ਨੋਟ :- ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਰੱਜ ਕੇ ਦਾਰੂ ਪੀਓ ਅਤੇ ਰੰਗ ਰਲੀਆਂ ਮਨਾਓ । ਪਤਾ ਨਹੀਂ ਸਾਡੇ ਪੁਜਾਰੀਆਂ ਨੂੰ ਕਦੋਂ ਸ਼ਰਮ ਆਏਗੀ ? ਪਰ ਹਾਂ ਸੱਚ ਉਨ੍ਹਾਂ ਨੂੰ ਤਾਂ ਸ਼ਰਮ ਆਉਣੀ ਹੀ ਨਹੀਂ ਕਿਉਂਕਿ ਉਹ ਜਮਾਂਦਰੂ ਬੇਸ਼ਰਮ ਹਨ। ਜਰਾ ਸੋਚੋ ਜੇ ਸ਼ਰਮ ਨੇੜੇ ਤੇੜੇ ਹੁੰਦੀ ਤਾਂ ਓਹ ਸਾਊ ਘਰਾਂ ਦੇ ਜਾਇਆਂ

ਨੂੰ ਵਰਗਲਾ ਕੇ ਅਖੰਡ ਪਾਠ ਤੇ ਸੰਪਟਿ ਪਾਠ ਇਸ ਗੰਦੀ ਕਿਤਾਬ ਦਾ ਕਿਉਂ ਕਰਦੇ ? ਸ਼ਰਮ ਤਾਂ ਉਨ੍ਹਾਂ ਸੰਤਾਂ ਸਾਧਾਂ ਬ੍ਰਹਮਗਿਆਨੀਆਂ ਤੇ ਧਰਮੀ ਅਖਵਾਉਂਦੀਆਂ ਅਧਾਰਮਿਕ ਜਥੇਬੰਦੀਆਂ ਪਾਸ ਵੀ ਨਹੀਂ । ਜਿਹੜੀਆਂ ਇਸ ਨੂੰ ਦਸਮ ਪਾਤਸ਼ਾਹ ਦੀ ਬਾਣੀ ਆਖ ਆਖ ਸਿੱਜਦੇ ਕਰਦੀਆਂ ਹਨ । ਸਿੱਖ ਸੰਗਤਿ ਨੂੰ ਇਕ ਗੱਲ ਜਰੂਰ ਦੱਸ ਦਿਓ ਸੰਤੋ ਬਈ ਤੁਹਾਡੀ ਰਹਿਤ ਮਰਿਯਾਦਾ ਦਾ ਕੀ ਬਣੇਗਾ ਜਦ ਧੀਆਂ ਨੇ ਪਿਆਲੇ ਭਰ ਭਰ ਦਾਰੂ ਪੀਣੀ ਸ਼ੁਰੂ ਕਰ ਦਿੱਤੀ । ਖ਼ਬਰਦਾਰ ਪਰ ਜਾਗਦੇ ਰਹਿਓ !

ਇਲਾਕਾ : ਹਰਿਦ੍ਵਾਰ (ਤੀਨ ਸੌ ਚੌਤਾਲੀਸ ਚਰਿਤ੍ਰ ਪੰਨਾ ੧੩੦੧-੦੨)

### ਕਤਲ ਕਰਨਾ ਸਿਖੋ

ਪਾਤਰ : ਇਕ ਰਾਜਾ, ਸ੍ਰੀ ਰਸ ਰੰਗ ਮਤੀ (ਨਾਰਿ) ਤੇ ਭੁਪਸੈਨ (ਨ੍ਰਿਪ) :

ਹਰਿਦ੍ਵਾਰ ਦੇ ਰਾਜਾ ਦੀ ਧੀ ਰਸ ਰੰਗ ਮਤੀ ਜਿੰਨੀ ਸੋਹਣੀ ਕੁੜੀ ਹੋਰ ਬਿਧਨਾ ਨੇ ਨਹੀਂ ਬਣਾਈ । ਜਦ ਓਹ ਮੁਟਿਆਰ ਹੋਈ ਤਾਂ ਉਸ ਦੇ ਪਿਤਾ ਨੇ ਉਸ ਨੂੰ ਭੂਪਸੈਨ ਰਾਜੇ ਨੂੰ ਦੇ ਦਿੱਤਾ । ਜਦ ਓਹ ਸ੍ਰੀ ਨਗਰ ਪੁੱਜੀ ਤਾਂ ਚੰਡਾਲ ਨੂੰ ਦੇਖ ਕੇ ਮੋਹੀ ਗਈ । ਉਸ ਨੇ ਸਖੀ ਭੇਜ ਕੇ ਚੰਡਾਲ ਬੁਲਾਇਆ ਤੇ ਸੁਰੂ ਹੋਇਆ ਪ੍ਰੇਮ ਰਾਗ :-

*ਪਠੈ ਸਹਚਰੀ ਲਿਯਾ ਬੁਲਾਈ ॥ ਨ੍ਰਿਪ ਸੌ ਭੋਗ ਕਥਾ ਬਿਸਰਾਈ ॥*
*ਰੈਨਿ ਦਿਵਸ ਤਿਹ ਲੇਤ ਬੁਲਾਈ ॥ ਰਤਿ ਅਤਿ ਨਿਤਪ੍ਰਤਿ ਕਰਤ ਬਨਾਈ ॥੩॥*

(ਤੀਨ ਸੌ ਚੌਤਾਲੀਸ ਚਰਿਤ੍ਰ ਪੰਨਾ ੧੩੦੧)

ਇਸ ਕਾਮ ਸਬੰਧਾਂ ਵਿੱਚ ਓਹ ਐਨੇ ਰਚ ਮਿਚ ਗਏ ਜਿਵੇਂ ਓਹ ਚੰਡਾਲ ਦੀ ਹੀ ਔਰਤ ਹੋਏ । ਉਸ ਨੇ ਮਿਤ੍ਰ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਕਿਵੇਂ ਰਾਤ ਨੂੰ ਰਾਜੇ ਦਾ ਕਤਲ ਕਰਨਾ ਹੈ । ਬਣਾਈ ਸਕੀਮ ਸਿਰੇ ਚਾੜ੍ਹ ਕੇ ਓਹ ਚਿਤਾ ਚ ਸੜਨ ਤੁਰੀ । ਜਦ ਓਹ ਚਿਤਾ ਚ ਬੈਠੀ ਤੇ ਚਾਰ ਚੁਫੇਰਿਓਂ ਅੱਗ ਜਲਾਈ ਤਾਂ ਓਹ ਚਿਤਾ ਚੋਂ ਉੱਠ ਕੇ ਭੱਜ ਗਈ । ਲੋਕਾਂ ਨੇ ਛਲ ਨਾ ਸਮਝਿਆ ਉਸ ਨੂੰ ਪਕੜ ਕੇ ਚੰਡਾਲ ਨੂੰ ਦੇ ਦਿੱਤਾ । ਓਹ ਜੋ ਚਾਹੁੰਦੀ ਸੀ ਲੋਕਾਂ ਨੇ ਓਹ ਸੱਚਾ ਕਰ ਦਿੱਤਾ । ਉਦੋਂ ਤੋਂ ਲੈ ਕੇ ਹੁਣ ਤੱਕ ਉਸ ਦੇਸ ਵਿੱਚ ਰਾਜੇ ਤੋਂ ਪਹਿਲਾਂ ਔਰਤ ਮਾਰ ਦਿੱਤੀ ਜਾਂਦੀ ਹੈ । ਉਸ ਰਾਣੀ ਦੇ ਪੁੱਤਰਾਂ ਨੇ ਉਥੇ ਰਾਜ ਕੀਤਾ ਤੇ ਲੋਕੀਂ ਉਨ੍ਹਾਂ ਨੂੰ ਚੰਡਾਲੀਏ ਆਖਦੇ ਹਨ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਸਿੱਖਿਆ ਦੇਂਦੀ ਹੈ ਕਿ ਜੇਕਰ ਤੁਹਾਡੇ ਪਿਓ ਨੇ ਚੰਗਾ ਵਰ ਲੱਭ ਕੇ ਤੁਹਾਡਾ ਵਿਆਹ ਕਰ ਦਿੱਤਾ ਤੇ ਤੁਸੀਂ ਸੌਹਰੇ ਘਰ ਪੁਜਦਿਆਂ ਹੀ ਉਥੇ ਕੋਈ ਚੰਗਾ ਬੰਦਾ ਲੱਭ ਕੇ ਰੰਗਲੀਆਂ ਮਨਾਈਆਂ ਤੇ ਅਪਣੇ ਪਤੀ ਦੀ ਭੋਰਾ ਪਰਵਾਹ ਨਹੀਂ ਕਰਨੀ । ਹਾਂ ਜੇਕਰ ਪਤੀ ਰਾਹ ਦਾ ਰੋੜਾ ਲੱਗੇ ਤਾਂ ਝੱਟ ਪੱਟ ਕਤਲ ਕਰ ਕੇ ਯਾਰ ਦੇ ਵੱਸ ਜਾਣਾ । ਹੈ ਨਾ ਕਮਾਲ ਦੀ ਸਿੱਖਿਆ ਸਿੱਖ ਧਰਮ ਦੇ ਵੱਡੇ ਠੇਕੇਦਾਰ ਅਤੇ ਪੁਜਾਰੀ ਆਖਦੇ ਹਨ ਕਿ ਇਹ ਦਸਮ ਪਾਤਸ਼ਾਹ ਦੀ ਗੁਰਬਾਣੀ ਹੈ । ਆਪ ਤਾਂ ਝੂਠੇ ਹਨ ਹੀ ਲੋਕਾਂ ਨੂੰ ਵੀ ਝੂਠ ਦੇ ਮਗਰ ਲਾਉਂਦੇ ਹਨ ਜਰਾ ਸੰਭਲ ਕੇ ਹਾਂ ।

ਇਲਾਕਾ : ਦੌਲਾ ਕੀ ਗੁਜਰਾਤ (ਤੀਨ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੩੦੨-੦੩)

### ਲੰਗਰ ਚ ਜ਼ਹਿਰ ਮਿਲਾ ਕੇ ਲੋਕਾਂ ਨੂੰ ਲੁੱਟੋ

ਪਾਤਰ : ਅਮਰ ਸਿੰਘ (ਨ੍ਰਿਪਤ), ਅੰਗਨਾਦੇ (ਰਾਨੀ) ਤੇ ਸੁਬਰਨ ਸਿੰਘ (ਛੱਤ੍ਰੀ) :

ਦੋਲਾ ਕੀ ਗੁਜਰਾਤ ਦੇ ਰਾਜਾ ਅਮਰ ਸਿੰਘ ਦੀ ਰਾਣੀ ਅੰਗਨਾਦੇ ਦਾ ਰੂਪ ਤੱਕ ਕੇ ਦੇਵਤਿਆਂ ਦੀਆਂ ਔਰਤਾਂ ਨੂੰ ਵੀ ਸ਼ਰਮ ਆਉਂਦੀ । ਮੂਰਖ ਰਾਜਾ ਪੀਰ ਦਾ ਪੁਜਾਰੀ ਚੰਗੇ ਮਾੜੇ ਦੀ ਪਛਾਣ ਭੋਰਾ ਨਹੀਂ ਜਾਣਦਾ । ਉੱਥੇ ਇਕ ਸੁਬਰਨ ਸਿੰਘ ਖੱਤ੍ਰੀ ਦਾ ਰੂਪ ਤੱਕ ਕੇ ਰਾਣੀ ਅਪਣੀ ਸੁੱਧ ਬੁੱਧ ਖੋ ਕੇ ਓਹਦੀ ਦੀਵਾਨੀ ਹੋ ਗਈ । ਉਸ ਨੇ ਅਪਣੀ ਸਹੇਲੀ ਭੇਜ ਕੇ ਜਿਵੇਂ ਕਿਵੇਂ ਉਸ ਨੂੰ ਬੁਲਾਇਆ ਤੇ ਫਿਰ :-

*ਪੋਸਤ ਭਾਂਗ ਅਫੀਮ ਮੰਗਾਈ ॥ ਪਾਨਿ ਡਾਰਿ ਕਰਿ ਭਾਂਗ ਘੁਟਾਈ ॥*
*ਪਾਨ ਕਿਯਾ ਦੁਹੂੰ ਬੈਠਿ ਪ੍ਰਜੰਕਹਿ ॥ ਰਤਿ ਮਾਨੀ ਭਰਿ ਭਰਿ ਦ੍ਰਿੜ ਅੰਕਹਿ ॥੫॥*
*ਦੋਹਰਾ ॥ ਜਬੈ ਟਨਾਨੇ ਕੈਫ ਕੇ ਆਏ ਅਖਿਯਨ ਮਾਹਿ ॥*
*ਕਰਹਿ ਬਿਲਾਸ ਪ੍ਰਜੰਕ ਚੜਿ ਹਸਿ ਹਸਿ ਨਾਰਿ ਔ ਨਾਹਿ ॥੬॥* (ਤੀਨ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੩੦੨)

ਉਸ ਨੇ ਅਨੇਕਾਂ ਤਰ੍ਹਾਂ ਦੇ ਆਸਣ ਕੀਤੇ ਤੇ ਔਰਤ ਨੂੰ ਚੰਗੀ ਤਰ੍ਹਾਂ ਖੁਸ਼ ਕਰ ਦਿੱਤਾ :-

*ਚੌਪਈ ॥ ਭਾਂਤਿ ਭਾਂਤਿ ਕੇ ਆਸਨ ਲੈ ਕੈ ॥ ਅਬਲਾ ਕਹ ਬਹੁ ਭਾਂਤਿ ਰਿਝੈ ਕੈ ॥*
*ਆਪਨ ਪਰ ਘਾਯਲ ਕਰਿ ਮਾਰੀ ॥ ਮਦਨ ਮੋਹਨੀ ਰਾਜ ਦੁਲਾਰੀ ॥੭॥*

(ਤੀਨ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੩੦੨)

ਔਰਤ ਯਾਰ ਨਾਲ ਜਿਆਦਾ ਪਿਆਰ ਕਰਨ ਤੋਂ ਬਾਦ ਕਹਿੰਦੀ ਕਿ ਕਲ ਨੂੰ ਪੀਰ ਦੀ ਧੁਣੀ ਐ, ਆ ਕੇ ਹਲਵੇ ਵਿੱਚ ਭਾਂਗ (ਭੰਗ) ਸੁੱਟ ਜਾਵੀਂ। ਸੋਫੀ ਬੰਦੇ ਜਦ ਇਹ ਚੂਰਮਾ ਖਾਣਗੇ ਤਾਂ ਜਿਊਂਦੇ ਮੁਰਦਾ ਹੋ ਜਾਣਗੇ :-

*ਅਧਿਕ ਬਢਾਇ ਨਾਰਿ ਸੌ ਹੇਤਾ ॥ ਇਹਿ ਬਿਧਿ ਬਾਂਧਤ ਭਏ ਸੰਕੇਤਾ ॥*
*ਧੂੰਈ ਕਾਲਿ ਪੀਰ ਕੀ ਐਯਹੁ ॥ ਡਾਰਿ ਭਾਂਗ ਹਲਵਾ ਮਹਿ ਜੈਯਹੁ ॥੮॥*
*ਸੋਫੀ ਜਬੈ ਚੂਰਮਾ ਖੈਹੈਂ ॥ ਜੀਯਤ ਮ੍ਰਿਤਕ ਸਭੈ ਹ੍ਵੈ ਜੈਹੈਂ ॥*
*ਤਹੀਂ ਕ੍ਰਿਪਾ ਕਰਿ ਤੁਮਹੂੰ ਐਯਹੁ ॥ ਮੁਹਿ ਲੈ ਸੰਗ ਦਰਬ ਜੁਤ ਜੈਯਹੁ ॥੯॥*
*ਜਬ ਹੀ ਦਿਨ ਧੂੰਈਂ ਕੋ ਆਯੋ ॥ ਭਾਂਗ ਡਾਰਿ ਚੂਰਮਾ ਪਕਾਯੋ ॥*
*ਸਕਲ ਮੁਰਦੀਨ ਗਈ ਖ੍ਵਾਇ ॥ ਰਾਖੇ ਮੂੜ੍ਹ ਮੱਤ ਕਰਿ ਸ੍ਵਾਇ ॥੧੦॥* (ਤੀਨ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੩੦੨)

ਜਦ ਸੋਫੀ ਬੰਦੇ ਨਸ਼ਈ ਹੋ ਗਏ ਤਾਂ ਪਹਿਲਾਂ ਉਨ੍ਹਾਂ ਦਾ ਧਨ ਚੋਰੀ ਕੀਤਾ ਤੇ ਫਿਰ ਉਨ੍ਹਾਂ ਦੇ ਕੱਪੜੇ ਉਤਾਰ ਲਏ। ਇਸ ਤਰ੍ਹਾਂ ਦੋਨਾਂ ਨੇ ਲੋਕਾਂ ਨੂੰ ਲੁੱਟ ਕੇ ਅਪਣੇ ਦੇਸ ਦਾ ਰਾਹ ਫੜਿਆ। ਸਵੇਰ ਹੁੰਦੇ ਹੀ ਸੋਫੀ ਬੰਦੇ ਜਦ ਨਸ਼ੇ ਤੋਂ ਜਾਗੇ ਤਾਂ ਓਹ ਅਪਣੀਆਂ ਪਗੜੀਆਂ ਅਤੇ ਕੱਪੜੇ ਲੱਭਣ ਲੱਗੇ। ਕਹਿੰਦੇ ਸਰਵਰ ਨੇ ਗੁੱਸਾ ਖਾ ਕੇ ਸਾਡੇ ਨਾਲ ਇਹ ਕੌਤਕ ਰਚਿਆ ਹੈ। ਓਹ ਨੰਗੇ ਇਕ ਦੂਜੇ ਦਾ ਮੂੰਹ ਤੱਕ ਕੇ ਸ਼ਰਮ ਦੇ ਮਾਰੇ ਸਿਰ ਨੀਵਾਂ ਕਰਨ ਲੱਗੇ। ਕਵੀ ਕਹਿੰਦਾ:-

*ਦੋਹਰਾ ॥ ਭੇਦ ਅਭੇਦ ਤ੍ਰਿਯਾਨ ਕੋ ਸਕਤ ਨ ਕੋਊ ਪਾਇ ॥*
*ਸਭਨ ਲਖੋ ਕੈਸੇ ਛਲਾ ਕਸ ਕਰਿ ਗਈ ਉਪਾਇ ॥੧੪॥* (ਤੀਨ ਸੌ ਪੈਂਤਾਲੀਸ ਚਰਿਤ੍ਰ ਪੰਨਾ ੧੩੦੩)

ਨੋਟ :- ਗੁਰੂ ਨਾਨਕ ਦਾ ਧਰਮ ਕਿਸੇ ਪੀਰ ਦੀ ਕਬਰ ਜਾਂ ਮੜ੍ਹੀ ਮਸਾਣ ਨੂੰ ਪੂਜਣ ਵਾਲੇ ਨੂੰ ਮੂਰਖ ਅਤੇ ਅਗਿਆਨੀ ਕਹਿੰਦਾ ਹੈ। ਇਹ ਦਰਸਾਣ ਲਈ ਕਿ ਗੁਰੂ ਗੋਬਿੰਦ ਸਿੰਘ ਜੀ ਕਬਰਾਂ ਦੀ ਪੂਜਾ ਵਿੱਚ ਸ਼ਰਧਾ ਰੱਖਦੇ ਸਨ, ਇਸ ਕਾਵਿ ਰਚਨਾ ਦੁਆਰਾ ਧਰਮ ਦੇ ਕੱਟੜ ਦੁਸ਼ਮਣਾਂ ਨੇ ਕਰ ਦਿਖਾਇਆ ਹੈ। ਇਹ ਪ੍ਰਭਾਵ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਬਾਕੀ ਨੌਂ ਗੁਰੂਆਂ ਦੇ ਪ੍ਰਚਾਰੇ ਧਰਮ ਤੋਂ ਵੱਖਰਾ ਧਰਮ ਪੈਦਾ ਕਰਕੇ ਗਏ ਹਨ। ਇਸ ਨਾਲ ਸਿੱਖ ਧਰਮ ਦਾ ਓਹ ਪ੍ਰਚਾਰ ਅਤੇ ਵਿਸ਼ਵਾਸ ਚਕਨਾਚੂਰ ਕਰਨ ਦੀ ਦਲੇਰੀ ਕੀਤੀ ਹੈ। ਜਿਸ ਵਿੱਚ ਗੁਰੂ ਦੇ ਸਿੱਖ ਸਟੇਜਾਂ ਤੇ ਆਖਦੇ ਹਨ ਕਿ ਦਸੇਂ ਗੁਰੂ ਇਕ ਜੋਤਿ ਹਨ (ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥) ਇਸ ਦੇ ਨਾਲ ਹੀ ਦੂਜਾ ਕਰਾਰਾ ਵਾਰ ਅੰਮ੍ਰਿਤ (ਖੰਡੇ ਬਾਟੇ ਦੀ ਪਾਹੁਲ) ਅਤੇ ਰਹਿਤ ਮਰਿਯਾਦਾ ਤੇ ਕੀਤਾ ਹੈ। ਸਿੱਖ ਧਰਮ ਕਿਸੇ ਵੀ ਪ੍ਰਕਾਰ ਦੇ ਨਸ਼ੇ ਨਾ ਕਰਨ ਦਾ ਉਪਦੇਸ ਦੇਂਦਾ ਹੈ। ਇਥੇ ਤਾਂ ਪੋਸਤ ਭਾਂਗ ਅਫੀਮ ਅਤੇ ਕੈਫ ਦਾ ਖੁੱਲ੍ਹਾ ਪ੍ਰਯੋਗ ਕਰਨ ਨੂੰ ਹੱਲਾ ਸ਼ੇਰੀ ਦਿੱਤੀ ਹੈ। ਨਸ਼ੇ ਕਰ ਕਰ ਕੇ ਪਰਾਈਆਂ ਔਰਤਾਂ ਭੋਗਣ ਲਈ ਉਪਦੇਸ ਦਿੱਤਾ ਹੈ। ਜਿਵੇਂ ਮੈਂ ਅਨੇਕਾਂ ਥਾਈਂ ਬੇਨਤੀ ਕੀਤੀ ਹੈ ਕਿ ਦਸਮ ਗ੍ਰੰਥ ਚਾਰੇ ਰਹਿਤਾਂ ਦਾ ਭੋਗ ਪਾਉਂਦਾ ਹੈ। ਔਰਤਾਂ ਨੂੰ ਵਰਗਲਾਉਂਦਾ ਹੈ। ਪਤਾ ਨਹੀਂ ਸਿੱਖ ਧਰਮ ਦੇ ਵੱਡੇ ਪੁਜਾਰੀਆਂ ਨੂੰ, ਧਰਮ ਦੇ ਠੇਕੇਦਾਰਾਂ ਨੂੰ, ਸੰਤਾ ਸਾਧਾਂ ਬ੍ਰਹਮਗਿਆਨੀਆਂ ਨੂੰ ਅਤੇ ਉਨ੍ਹਾਂ ਜਥੇਬੰਦੀਆਂ ਨੂੰ ਜੋ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਮੰਨਦੀਆਂ ਹਨ ਸ਼ਰਮ ਕਿਉਂ ਨਹੀਂ ਆਉਂਦੀ। ਉਨ੍ਹਾਂ ਦੇ ਸਿੱਖੀ ਸਰੂਪ ਦੇ ਪਹਿਰਾਵੇ ਇਕ ਧੋਖਾ ਇਕ ਛੱਲ ਫਰੇਵ ਤੋਂ ਵੱਧ ਕੁਝ ਨਹੀਂ। ਸਿੱਖੀ ਸਰੂਪ ਧਾਰ ਕੇ ਉਸੇ ਗੁਰੂ ਨੂੰ ਜਿਸ ਦਾ ਅੰਮ੍ਰਿਤ ਪਾਨ ਕੀਤਾ ਬੇਪੱਤ ਕਰਨਾ ਕੀ ਇਹੋ ਗੁਰਸਿੱਖੀ ਹੈ ?

ਨਗਰ : ਇਸ਼ਕਾਵਤੀ (ਤੀਨ ਸੌ ਛਿਤਾਲੀਸ ਚਰਿਤ੍ਰ ਪੰਨਾ ੧੩੦੩-੧੩੦੪)

## ਇਸ਼ਕ ਦੀ ਨਵਓਂ ਨਵੀਂ ਬਹਾਰ, ਖੋਦੀ ਸੁਰੰਗਿ ਜਾ ਭੱਜੀ ਨਾਲ ਯਾਰ

ਪਾਤਰ : ਇਸ਼ਕ ਸੈਨ (ਰਾਜਾ), ਸ੍ਰੀ ਰਾਜ ਗਾਹਮਤੀ (ਨਾਰੀ) ਤੇ ਦੂਲਹ ਸੈਨ ਨ੍ਰਿਪਤਿ : ਹੇ ਰਾਜਾ ਸੁਣ ਮੈਂ ਇਕ ਹੋਰ ਕਬਿੱਤ ਕਹਿਣ ਲੱਗਾ ਹਾਂ ਕਿ ਕਿਵੇਂ ਇਕ ਔਰਤ ਨੇ ਦਿਨ ਦਿਹਾੜੇ ਸਭਨਾਂ ਨਾਲ ਧੋਖਾ ਕੀਤਾ। ਇਹ ਇਸ਼ਕਾਵਤੀ ਨਗਰ ਦੇ ਰਾਜਾ ਇਸ਼ਕ ਸੈਨ ਦੀ ਖੂਬਸੂਰਤ ਔਰਤ ਸ੍ਰੀ ਰਾਜ ਗਾਹਮਤੀ ਦੀ ਗੱਲ ਹੈ ਜਿਸ ਦਾ ਦੂਲਹ ਸੈਨ ਰਾਜੇ ਨਾਲ ਇਸ਼ਕ ਹੋ ਗਿਆ ਤੇ ਘਰੋਂ ਭੱਜ ਗਈ। ਰਣ ਦੂਲਹ ਸੈਨ ਰਾਜਾ ਇਕ ਦਿਨ ਸ਼ਿਕਾਰ ਖੇਡਣ ਨਿਕਲਿਆ। ਸ਼ਿਕਾਰ ਖੇਡਦਾ ਓਹ ਇਸ਼ਕਾਵਤੀ ਨਗਰ ਜਾ ਨਿਕਲਿਆ। ਇਸ ਨਗਰ ਨੂੰ ਦੇਖ ਕੇ ਬਹੁਤ ਖੁਸ਼ ਹੋਇਆ। ਓਹ ਸੋਚਦਾ ਕਿ ਜਿਸ ਰਾਜੇ ਦੀ ਐਨੀ ਸੋਹਣੀ ਇਹ ਨਗਰੀ ਹੈ ਉਸ ਦੀ ਔਰਤ ਤਾਂ ਹੋਰ ਵੀ ਸੋਹਣੀ ਹੋਊ। ਜਿਵੇਂ ਕਿਵੇਂ ਮੈਂ ਉਸ ਨੂੰ ਦੇਖਾਗਾਂ ਜਾਂ ਫਿਰ ਫਕੀਰ ਦੇ ਭੇਸ ਵਿੱਚ ਇਥੇ ਹੀ ਮਰ ਜਾਵਾਂਗਾ। ਉਸ ਨੇ ਕੱਪੜੇ ਉਤਾਰ ਕੇ ਜੋਗੀਆਂ ਦਾ ਭੇਸ ਧਾਰਣ ਕੀਤਾ ਤੇ ਗਹਿਣੇ ਉਤਾਰ ਕੇ ਪਿੰਡੇ ਸਵਾਹ ਮਲ ਲਈ। ਓਸ ਨੇ ਜੋਗੀ ਦਾ ਭੇਸ ਧਾਰ ਕੇ ਰਾਜੇ ਦੇ ਬੂਹੇ ਅੱਗੇ ਆਸਣ ਜਮਾ ਲਿਆ। ਕਈ ਬਰਸ ਇਵੇਂ ਹੀ ਬੀਤ ਗਏ ਪਰ ਰਾਣੀ ਦੇ ਦਰਸ ਨਾ ਹੋ ਸਕੇ। ਇਕ ਦਿਨ ਉਸ ਨੇ ਔਰਤ ਦਾ ਪਰਛਾਵਾਂ ਦੇਖਿਆ। ਓਧਰ ਪਾਣੀ ਦੇ ਪ੍ਰਤੀਬਿੰਬ ਵਿੱਚ ਰਾਣੀ ਨੇ ਜੋਗੀ ਦੀ ਸੂਰਤ ਦੇਖੀ ਤੇ ਸੋਚਿਆ ਇਹ ਕੋਈ ਰਾਜ ਕੁਮਾਰ ਹੈ। ਰਾਣੀ ਨੇ ਇਕ ਗੁਪਤ ਸੁਰੰਗ ਜੋਗੀ ਤੱਕ ਖੁਦਵਾਈ। ਉਸੇ ਸੁਰੰਗ ਦੇ ਰਸਤੇ ਅਪਣੀ ਸਹੇਲੀ ਭੇਜੀ ਉਸ ਨੇ ਜੋਗੀ ਨੂੰ ਜਾਂਘ ਤੋਂ ਫੜ ਕੇ ਰਾਣੀ ਪਾਸ ਪੁੱਜਦਾ ਕਰ ਦਿੱਤਾ ਤੇ ਫਿਰ ਸੁਰੂ ਹੋਇਆ ਪ੍ਰੇਮ ਖੇਲ :-

*ਚੌਪਈ ॥ ਗਹਿ ਨ੍ਰਿਪ ਕੋ ਲੈ ਗਈ ਸਖੀ ਤਹ ॥ ਰਾਨੀ ਹੁਤੀ ਬਿਲੋਕਤਿ ਮਗ ਜਹ ॥*
*ਦਿਯਾ ਮਿਲਾਇ ਮਿੱਤ੍ਰ ਤਾਕੋ ਇਨ ॥ ਮਨ ਮਾਨਤ ਰਤਿ ਕਰੀ ਦੁਹੂ ਤਿਨ ॥੧੨॥*
*ਭਾਂਤਿ ਭਾਂਤਿ ਚੁੰਬਨ ਦੁਹੂੰ ਲੀਨੇ ॥ ਅਨਿਕ ਅਨਿਕ ਆਸਨ ਤ੍ਰਿਯ ਦੀਨੇ ॥*
*ਅਸ ਲੁਭਧਾ ਰਾਜਾ ਕੌ ਚਿੱਤਾ ॥ ਜਸ ਗੁਨਿ ਜਨ ਸੁਨਿ ਸ੍ਰਵਨ ਕਬਿੱਤਾ ॥੧੩॥*

(ਤੀਨ ਸੌ ਛਿਤਾਲੀਸ ਚਰਿਤ੍ਰ ਪੰਨਾ ੧੩੦੩)

ਰਾਣੀ ਕਹਿੰਦੀ ਕਿ ਹੁਣ ਮੈਂ ਤੇਰੇ ਰੂਪ ਦੀ ਦੀਵਾਨੀ ਹੋ ਗਈ ਹਾਂ । ਕੋਈ ਅਜਿਹਾ ਢੰਗ ਬਨਾਣਾ ਚਾਹੀਦਾ ਹੈ ਜਿਸ ਨਾਲ ਘਰੋਂ ਭੱਜਿਆ ਜਾਏ । ਜੋਗੀ ਕਹਿੰਦਾ ਕੇ ਮੈਂ ਰਾਸਟ੍ਰ ਦੇਸ ਦਾ ਰਾਜਾ ਹਾਂ । ਤੇਰੀ ਖਾਤਿਰ ਹੀ ਮੈਂ ਜੋਗ ਧਾਰਣ ਕੀਤਾ ਹੈ। ਰਾਣੀ ਨੇ ਅਪਣੇ ਪਤੀ ਨੂੰ ਕਿਹਾ ਕਿ ਮੈਂ ਅਪਣੀ ਦੇਹ ਛੱਡਣ ਲੱਗੀ ਹਾਂ। ਐਦਾਂ ਕਰੀਂ ਮੇਰੇ ਸਰੀਰ ਨਾਲ ਬਹੁਤਾ ਧਨ ਤੇ ਨਮਕ ਦਬਾ ਦਈਂ । ਲੋਕਾਂ ਮਨ੍ਹਾਂ ਕੀਤਾ ਪਰ ਓਹ ਨਾ ਮੰਨੀ । ਜਿਵੇਂ ਰਾਣੀ ਕਿਹਾ ਰਾਜੇ ਉਵੇਂ ਹੀ ਮੰਨ ਲਿਆ। ਰਾਣੀ ਸੁਰੰਗ ਦੇ ਰਸਤੇ ਧਨ ਸਮੇਤ ਯਾਰ ਪਾਸ ਜਾ ਪੁੱਜੀ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਸਿੱਖਿਆ ਦੇਂਦੀ ਹੈ ਕਿ ਪਤੀ ਵਰਤਾ ਹੋਣ ਦੀ ਕੋਈ ਲੋੜ ਨਹੀਂ । ਜਿਹੜਾ ਬੰਦਾ ਪਸੰਦ ਆਇਆ ਉਸੇ ਨਾਲ ਭੋਗ ਕਰੋ । ਉਂਝ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖਿਆ ਹੈ । ਜੇ ਐਦਾਂ ਨਾ ਕਰਦੇ ਤਾਂ ਸਿੱਖ ਧਰਮ ਨੂੰ ਕਮਜੋਰ ਕਿਵੇਂ ਕਰਦੇ ? ਇਕੋ ਤੀਰ ਨਾਲ ਕਈ ਨਿਸ਼ਾਨੇ ੧. ਸਿੱਖ ਅਨਪੜ੍ਹ ਹਨ. ੨. ਸਿੱਖਾਂ ਨੂੰ ਤਰਜਮਾ ਕਰਨਾ ਨਹੀਂ ਆਉਂਦਾ. ੩. ਸਿੱਖਾਂ ਦਾ ਗੁਰੂ ਕਾਮੀ ਹੈ. ੪. ਸਿੱਖਾਂ ਦਾ ਗੁਰੂ ਕਹਿੰਦਾ ਕੁੱਝ ਹੋਰ ਤੇ ਕਰਦਾ ਕੁੱਝ ਹੋਰ ਹੈ ਇਤਿਆਦਿ-ਇਤਿਆਦ । ਇਸ ਦਾ ਫੈਸਲਾ ਪਾਠਕਾਂ ਦੇ ਹੱਥ ਹੈ ਕਿ ਸੱਚ ਤੇ ਝੂਠ ਦੀ ਪਰਖ ਉਨ੍ਹਾਂ ਕਿਵੇਂ ਕਰਨੀ ਹੈ । ਕੀ ਆਪ ਜੀ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰੋਗੇ ? ਕੀ ਇਸ ਗੰਦੀ ਕਿਤਾਬ ਦਾ ਪ੍ਰਕਾਸ਼ ਗੁਰੂ ਘਰ ਕਰੋਗੇ ? ਕੀ ਇਸ ਕਾਮ ਸਾਸਤ੍ਰ ਨੂੰ ਗੁਰਬਾਣੀ ਕਹੋਗੇ ? ਕੀ ਇਸ ਦੇ ਅੱਗੇ ਅਰਦਾਸਾਂ ਕਰੋਗੇ ? ਜੇ ਨਹੀਂ ਤਾਂ ਪੁਜਾਰੀਆਂ ਨੂੰ ਪੁੱਛੋ ਬਈ ਇਸ ਕਿਤਾਬ ਨੂੰ ਉਹ ਕਿਉਂ ਸਿੱਜਦੇ ਕਰਦੇ ਹਨ ? ਬਾ-ਹੋਸ਼ਿਆਰ-ਖ਼ਬਰਦਾਰ-ਜਾਗਦੇ ਰਹਿਓ !

ਦਿਸ਼ਾ : ਉਤਰ (ਤੀਨ ਸੌ ਸੰਤਾਲੀਸ ਚਰਿਤ੍ਰ ਪੰਨਾ ੧੩੦੪-੦੫)

### ਠੱਗੀ ਮਾਰ ਕੇ ਮਾਲ ਅੱਧਾ ਅੱਧਾ ਵੰਡ ਖਾਓ

ਪਾਤਰ : ਕਲਗੀਰਾਇ (ਰਾਜਾ), ਮੀਤ ਮਤੀ (ਨਾਰਿ) ਤੇ ਲੱਛਿਮਿਨਿ (ਦਾਸੀ) : ਉਤਰ ਇਲਾਕੇ ਦੇ ਰਾਜਾ ਕਲਗੀ ਰਾਇ ਦੀ ਖੂਬਸੂਰਤ ਔਰਤ ਮੀਤ ਮਤੀ ਦੀ ਦੁਰਬਲ ਸਰੀਰ ਵਾਲੀ ਦਾਸੀ ਲੱਛਿਮਿਨਿ ਉਸ ਤੋਂ ਛਿਮਾਹੀ ਲੈਂਦੀ। ਔਰਤ ਉਸ ਨੂੰ ਅਪਣੀ ਹਿਤੁ ਕਰਕੇ ਜਾਣਦੀ ਪਰ ਓਹ ਰਾਣੀ ਤੋਂ ਸਭ ਬੁਰੀਆਂ ਗੱਲਾਂ ਸੁਣ ਕੇ ਉਸ ਦਾ ਭੇਦ ਰਾਜੇ ਨੂੰ ਦੱਸ ਦੇਂਦੀ। ਦਾਸੀ ਦੇ ਦੋ ਭਾਈ ਸਨ ਇਕ ਕਾਲਾ ਤੇ ਦੂਜਾ ਕਰੂਪ-ਅੱਖਾਂ ਜਣੋ ਡੂੰਘਾ ਖੂਹ ਹੋਏ । ਉਨ੍ਹਾਂ ਦੇ ਸਰੀਰ ਤੋਂ ਬਗਲਗੰਦ ਦੀ ਬਦਬੋ ਮਾਰਦੀ-ਕੋਈ ਉਨ੍ਹਾਂ ਦੇ ਨੇੜੇ ਨਾ ਬੈਠਦਾ। ਦਾਸੀ ਅਪਣੇ ਭਰਾ ਜਾਣ ਕੇ ਉਨ੍ਹਾਂ ਨਾਲ ਬੜਾ ਪਿਆਰ ਕਰਦੀ ਪਰ ਰਾਣੀ ਅੰਦਰਲਾ ਭੇਦ ਨਾ ਬੁੱਝ ਸਕੀ। ਉਥੇ ਇਕ ਜੱਟ ਦੀ ਨਾਰ ਰਹਿੰਦੀ ਸੀ। ਮੈਂ ਓਹਦਾ ਨਾਂ ਨਹੀਂ ਦੱਸਦਾ ਪਤੈ ਕਿਉਂ ਜੇਕਰ ਦਾਸੀ ਨੇ ਸੁਣ ਲਿਆ ਤਾਂ ਓਹਦੀ ਰੋਟੀ ਪਾਣੀ ਬੰਦ ਹੋ ਜਾਏਗਾ। ਉਸ ਔਰਤ ਨੇ ਦਾਸੀ ਨੂੰ ਕਿਹਾ ਕਿ ਤੇਰੇ ਭਰਾ ਕੁੱਝ ਖਰਚ ਮੰਗਦੇ ਹਨ-ਤੂੰ ਚੋਰੀ ਛੁਪਾ ਕੇ ਮੈਨੂੰ ਦੇ ਦੇ। ਦਾਸੀ ਨੇ ਭਰਾਵਾਂ ਖ਼ਾਤਿਰ ਧਨ ਉਸ ਨੂੰ ਦੇ ਦਿੱਤਾ ਤੇ ਓਹ ਲੈ ਕੇ ਅਪਣੇ ਘਰ ਚਲੇ ਗਈ। ਅੱਧਾ ਧਨ ਉਸ ਨੇ ਉਸ ਦੇ ਭਰਾਵਾਂ ਨੂੰ ਦੇ ਦਿੱਤਾ ਤੇ ਅੱਧਾ ਆਪ ਰੱਖ ਲਿਆ ।

ਨੋਟ :- ਇਸ ਕਾਵਿ ਰਚਨਾਂ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਕਿਵੇਂ ਝੂਠ ਬੋਲਣਾ ਹੈ ਅਤੇ ਕਿਵੇਂ ਠੱਗੀ ਮਾਰ ਕੇ ਧਨ ਲੁੱਟਣਾ ਅਤੇ ਵੰਡਣਾ ਹੈ। ਇਸੇ ਲਈ ਪੁਜਾਰੀ ਚਿੱਟੇ ਦਿਨ ਗੁਰੂ ਦੀ ਗੋਲਕ ਲੁੱਟਦੇ ਹਨ ਤੇ ਵੰਡਣ ਸਮੇਂ ਅਕਸਰ ਛਿੱਤਰੋ ਛਿਤਰੀਂ ਹੁੰਦੇ ਦੇਖੀਦੇ ਹਨ। ਹੋਰ ਤਾਂ ਹੋਰ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਕਿਸੇ ਧੀ ਭੈਣ ਦੇ ਅਨੰਦ ਕਾਰਜ ਸਮੇਂ ਇਕੱਠੀ ਹੋਈ ਮਾਇਆ ਪਾਠ ਪੜ੍ਹਨ ਵਾਲੇ ਤੇ ਪਾਠ ਗਾਉਣ ਵਾਲੇ ਕਬਜਾ ਕਰਨ ਲਈ ਗੁਥਮ ਗੁੱਥਾ ਹੋ ਜਾਂਦੇ ਹਨ ਜਦਕਿ ਇਸ ਧਨ ਤੇ ਦੋਨਾਂ ਦਾ ਅਧਿਕਾਰ ਨਹੀਂ ਹੁੰਦਾ । ਉਹ ਬਾਣੀ ਪੜ੍ਹਨ ਦਾ ਅਤੇ ਬਾਣੀ ਗਾਉਣ ਦਾ ਜਦ ਠੇਕਾ ਕਰਦੇ ਹਨ ਤਾਂ ਫਿਰ ਠੇਕੇ ਤੋਂ ਬਾਹਰ ਜਾ ਕੇ ਇਸ ਮਾਇਆ ਤੇ ਕਬਜਾ ਕਰਨਾ ਘੋਰ ਪਾਪ ਤੇ ਅਪਰਾਧ । ਗੁਰੂ ਦੇ ਸਿੱਖਾਂ ਨੂੰ ਅਜਿਹੇ ਮੌਕੇ ਦੋਨਾਂ ਨੂੰ ਹੀ ਸਾਗ ਵਾਲਾ ਘੋਟਣਾ ਦਿਖਾਣਾ ਚਾਹੀਦਾ ਹੈ । ਇਹ ਮਾਇਆ ਦੀ ਯੋਗ ਵਰਤੋਂ ਹੋਣੀ ਚਾਹੀਦੀ ਹੈ ਜਿਵੇਂ ਲਾਇਬਰੇਰੀ ਜਾਂ ਗੁਰਸਿੱਖਾਂ ਦੀ ਦਵਾ ਦਾਰੂ ਤੇ ।

ਨਗਰ : ਗੌਰਾਵਤੀ (ਤੀਨ ਸੌ ਅਠਤਾਲੀਸ ਚਰਿਤ੍ਰ ਪੰਨਾ ੧੩੦੫-੦੬)

ਪਾਤਰ : ਗੌਰਿਪਾਲ (ਨਰੇਸ) ਤੇ ਗੌਰਾ ਦੇਈ (ਨਾਰਿ)

ਗੌਰਾਵਤੀ ਨਗਰ ਦੇ ਰਾਜਾ ਗੌਰਿਪਾਲ ਦੀ ਸੁੰਦਰ ਔਰਤ ਗੌਰਾਦੇਈ ਭਲੀ ਬੁਰੀ ਦੀ ਪਛਾਣ ਕੀਤੇ ਬਿਨਾਂ ਮੂਰਖ ਇਕ ਨੀਚ ਨਾਲ ਰੰਗਰਲੀਆਂ ਮਨਾਣ ਲੱਗੀ । ਇਸ ਗੱਲ ਦਾ ਭੇਦ ਰਾਜੇ ਨੂੰ ਚਲ ਗਿਆ ਤੇ ਨੀਚ ਡਰਦਾ ਘਰੋਂ ਭੱਜ ਗਿਆ । ਔਰਤ ਨੇ ਇਕ ਪਿਆਰ ਭਰੀ ਚਿੱਠੀ ਲਿਖਵਾ ਕੇ ਮਿਤ੍ਰ ਲਈ ਘੱਲ ਦਿੱਤੀ ਕਿ ਇਥੇ ਰਹਿ ਕੇ ਮੇਰੇ ਨਾਲ ਪਿਆਰ ਕਰਨਾ । ਓਹ ਚਿੱਠੀ ਰਾਜੇ ਦੇ ਹੱਥ ਲੱਗ ਗਈ । ਮੂਰਖ ਨੇ ਸੋਚਿਆ ਬਈ ਰਾਣੀ ਮੈਨੂੰ ਕਹਿ ਰਹੀ ਹੈ । ਜੇਕਰ ਰਾਜਾ ਸਿਆਣਾ ਹੁੰਦਾ ਤਦੇ ਭੇਦ ਪਛਾਣਦਾ ।

ਨੋਟ :- ਗੁਰੂ ਨਾਨਕ ਦਾ ਧਰਮ (ਸਿੱਖ ਧਰਮ) ਕਿਸੇ ਵੀ ਮਨੁੱਖ ਨੂੰ ਨੀਚ ਨਹੀਂ ਮੰਨਦਾ। ਉਸ ਦੁਆਰਾ ਕੀਤੇ ਮੰਦੇ ਕਰਮਾਂ ਨੂੰ ਨੀਚ ਕਹਿੰਦਾ ਹੈ। ਸਿੱਖ ਧਰਮ ਨੀਚਾਂ ਨੂੰ ਗਲੇ ਲਗਾਉਂਦਾ ਹੈ ਤੇ ਉਚੀ ਕੁਲ ਵਾਲਿਆਂ ਤੋਂ ਦੂਰ ਰਹਿੰਦਾ ਹੈ। ਸਿੱਖ ਧਰਮ ਦੇ ਮਜਬੂਤ ਥੰਮ੍ਹ ਹੀ ਓਹ ਲੋਕ ਹਨ ਜਿਨ੍ਹਾਂ ਨੂੰ ਬ੍ਰਾਮ੍ਹਣ ਨੇ ਨੀਚ ਜਾਣ ਕੇ ਲਿਤਾੜਿਆ-ਮਾਰਿਆ ਅਤੇ ਤਸੀਹੇ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਇਹ ਅਖਵਾ ਕੇ ਕਿ ਨੀਚ ਨਾਲ ਪਿਆਰ ਕੀਤਾ-ਗੁਰੂ ਦਾ ਘੋਰ ਅਪਮਾਨ ਹੈ। ਅਜਿਹਾ ਕਰਕੇ ਸਿੱਖ ਧਰਮ ਦੇ ਘੁਸਪੈਠੀਏ ਵੈਰੀ ਨੀਚ ਅਖਵਾਉਂਦੇ ਲੋਕਾਂ ਨੂੰ ਉਕਸਾਉਣਾ ਚਾਹੁੰਦੇ ਹਨ ਕਿ ਦੇਖੋ ਦਸਵਾਂ ਗੁਰੂ ਖੁਦ ਹੀ ਉਚ ਨੀਚ ਚ ਫਸਿਆ ਹੋਇਆ ਹੈ। ਓਹ ਹਾਲੇ ਵੀ ਉੱਚੀ ਕੁਲ ਦਾ ਸਤਿਕਾਰ ਕਰਦਾ ਹੈ। ਦਸਮ ਗ੍ਰੰਥ ਦੀਆਂ ਰਚਨਾਵਾਂ ਸਿੱਖ ਧਰਮ ਲਈ ਖੋਰਾ ਅਤੇ ਵੱਡਾ ਖ਼ਤਰਾ ਹੈ। ਖ਼ਬਰਦਾਰ ਪਰ ਜਾਗਦੇ ਰਹਿਓ !

## ਨਗਰ : ਉੱਗ੍ਰਾਵਤੀ

(ਤੀਨ ਸੌ ਉਨਚਾਸ ਚਰਿਤ੍ਰ ਪੰਨਾ ੧੩੦੬)

### ਰੋਮ ਕਤਲ ਕਰੋ, ਔਰਤ ਬਣੋ ਤੇ ਫਿਰ ਔਰਤ ਭੋਗੋ

ਪਾਤਰ : ਉੱਗ੍ਰਦੱਤ (ਰਾਜਾ), ਉੱਗ੍ਰ ਦੇਇ (ਸੁਤਾ) ਤੇ ਅਜਬ ਰਾਇ (ਖਤਿਰੇਟਾ)

ਉੱਗ੍ਰਾਵਤੀ ਨਗਰ ਦੇ ਰਾਜਾ ਉੱਗ੍ਰ ਦੱਤ ਦੀ ਸੁੰਦਰ ਧੀ ਉੱਗ੍ਰ ਦੇਇ ਨੇ ਇਕ ਇਸ਼ਕ ਮੁਸ਼ਕ ਚ ਲਿਪਟੇ ਅਜਬ ਰਾਇ ਖੱਤ੍ਰੀ ਨੂੰ ਦੇਖਿਆ। ਅਪਣੀ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ :-

*ਕਾਮ ਭੋਗ ਮਾਨਾ ਤਿਹ ਸੰਗਾ ॥ ਲਪਟਿ ਲਪਟਿ ਤਾਕੇ ਤਰ ਅੰਗਾ ॥*
*ਇਕ ਛਿਨ ਛੈਲ ਨ ਛੋਰਾ ਭਾਵੈ ॥ ਮਾਤ ਪਿਤਾ ਤੇਂ ਅਧਿਕ ਡਰਾਵੈ ॥੪॥*

(ਤੀਨ ਸੌ ਸੰਤਾਲੀਸ ਚਰਿਤ੍ਰ ਪੰਨਾ ੧੩੦੬)

ਇਕ ਦਿਨ ਕੁੜੀ ਨੇ ਮਿਜਮਾਨੀ ਲਈ ਸਭ ਨੂੰ ਬੁਲਾਇਆ ਤੇ ਸੰਬਲਖਾਰ (ਜ਼ਹਿਰ) ਖਾਣੇ ਚ ਮਿਲਾ ਦਿੱਤੀ। ਰਾਜਾ ਤੇ ਰਾਣੀ (ਮਾਤ ਪਿਤਾ) ਦੋਨਾਂ ਨੂੰ ਬੁਲਾਇਆ ਜੋ ਜ਼ਹਿਰ ਨਾਲ ਮਰ ਗਏ । ਉਸ ਨੇ ਸਭਨਾਂ ਨੂੰ ਕਿਹਾ ਕਿ ਮੈਨੂੰ ਸਿਵ (ਤ੍ਰਿਪਰਾਰ) ਨੇ ਵਰ ਦਿੱਤਾ ਹੈ। ਉਸ ਨੇ ਰਾਜੇ ਤੇ ਰਾਣੀ ਨੂੰ ਮਾਰ ਕੇ ਮੇਰੇ ਮਰਦਾਂ ਵਾਲੇ ਸਾਰੇ ਅੰਗ ਬਣਾ ਦਿੱਤੇ ਹਨ । ਉਸ ਨੇ ਮੇਰੇ ਤੇ ਬੜੀ ਕ੍ਰਿਪਾ ਕੀਤੀ ਹੈ ਤੇ ਰਾਜ ਸਮੱਗ੍ਰੀ ਸਭ ਮੈਨੂੰ ਦੇ ਦਿੱਤੀ ਹੈ । ਸਭਨਾਂ ਨੇ ਉਸ ਦੇ ਸਿਰ ਤੇ ਛਤ੍ਰ ਝੁਲਾ ਦਿੱਤਾ। ਕਈ ਦਿਨ ਇਵੇਂ ਬੀਤ ਜਾਣ ਬਾਦ ਮਿਤ੍ਰ ਦੇ ਰੋਮ (ਬਾਲ) ਸਾਫ ਕੀਤੇ ਅਤੇ ਔਰਤ ਦੇ ਕੱਪੜੇ ਪਵਾ ਕੇ ਉਸ ਨਾਲ ਸ਼ਾਦੀ ਕਰ ਲਈ। ਇਸ ਤਰ੍ਹਾਂ ਉਸ ਨੇ ਰਾਜ ਕੀਤਾ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਗੁਰੂ ਹੁਕਮ ਕਿ (ਰੋਮਾਂ ਦੀ ਬੇਅਦਬੀ ਨਹੀਂ ਕਰਨੀ ਅਤੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਉਣੀ) ਦਾ ਭੋਗ ਪਾਉਂਦੀ ਹੈ । ਕੀ ਗੁਰੂ ਜੀ ਅਪਣੇ ਹੁਕਮ ਤੋਂ ਮੁੱਕਰ ਗਏ ਹਨ ? ਕੀ ਔਰਤ ਬਣਨ ਦਾ ਭੇਖ ਧਾਰ ਕੇ ਔਰਤਾਂ ਭੋਗਣੀਆਂ ਸਿੱਖ ਧਰਮ ਦੇ ਘੇਰੇ ਵਿੱਚ ਹਨ ? ਸਿੱਖ ਧਰਮ ਦੇ ਪੁਜਾਰੀ ਅਤੇ ਸੰਤ ਸਾਧ ਆਖਰ ਗੁਰਸਿੱਖਾਂ ਨੂੰ ਕੀ ਉਪਦੇਸ ਦੇਣਾ ਚਾਹੁੰਦੇ ਹਨ ? ਗੁਰੂ ਘਰ ਤੋਂ ਆਮ ਸਿੱਖ ਨੂੰ ਤੋੜ ਕੇ ਡੇਰਿਆਂ ਅਤੇ ਦੇਹਧਾਰੀ ਗੁਰੂਆਂ ਦੇ ਨਾਲ ਜੋੜਨ ਵਾਲੇ ਸਾਡੇ ਏਹੀ ਅਨਪੜ੍ਹ ਲੋਕ ਜੁੰਮੇਵਾਰ ਹਨ । ਕਹਿੰਦੇ ਇਹ ਦਸਮ ਗ੍ਰੰਥ ਐ ਜੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ । ਬੜੇ ਬੇਸ਼ਰਮ ਤੇ ਨਿਲੱਜ, ਉਂਝ ਸਰੂਪ ਪੂਰਣ ਗੁਰਸਿੱਖਾਂ ਵਾਲਾ । ਭੇਖੀ ਤੇ ਗਦਾਰ ਜਰਾ ਇਨ੍ਹਾਂ ਤੋਂ ਸੰਭਲ ਕੇ ਰਹਿਓ ਤੇ ਜਾਗਦੇ ਵੀ ।

## ਨਗਰ : ਸੁਜਾਨਾਵਤੀ

(ਤੀਨ ਸੌ ਪਚਾਸਵੇਂ ਚਰਿਤ੍ਰ ਪੰਨਾ ੧੩੦੬-੦੭)

ਪਾਤਰ : ਸੁਜਾਨ ਸਿੰਘ (ਰਾਜਾ), ਸ੍ਰੀ ਨਵਜੋਬਨ ਦੇ (ਨਾਰੀ) ਤੇ ਐਂਠੀ ਰਾਇ :

ਸੁਜਾਨਾਵਤੀ ਨਗਰ ਦੇ ਰਾਜਾ ਸੁਜਾਨ ਸਿੰਘ ਦੀ ਔਰਤ ਸ੍ਰੀ ਨਵਜੋਬਨ ਦੇ ਜਣੋ ਬ੍ਰਹਮਾ ਨੇ ਆਪ ਘੜੀ ਹੋਏ। ਜੋ ਵੀ ਓਸਨੂੰ ਤੱਕਦਾ ਓਹੀ ਵਾਹ ਵਾਹ ਕਰਦਾ । ਉਥੇ ਹੀ ਇਕ ਸ਼ਾਹ ਦੇ ਪੁੱਤ ਦਾ ਸੁੰਦਰ ਰੂਪ ਸੁਣ ਕੇ ਉਸ ਨੂੰ ਦੇਖਣ ਦੀ ਉਮੰਗ ਜਾਗ ਪਈ ਉਸ ਨੇ ਨਗਰ ਚ ਢਿੰਡੋਰਾ ਫਿਰਵਾ ਦਿੱਤਾ ਕਿ ਉਚ ਨੀਚ ਸਭ ਸਵੇਰੇ ਉਸ ਦੇ ਘਰ ਭੋਜਨ ਖਾਣ ਲਈ ਆਉਣ । ਰਾਜੇ ਨੇ ਭੇਦ ਨਾ ਜਾਣਿਆ । ਉਸ ਨੇ ਭਾਂਤਿ ਭਾਂਤਿ ਦੇ ਭੋਜਣ ਪਕਾਏ । ਹਰ ਕੋਈ ਭੋਜਣ ਖਾਣ ਆਇਆ ਔਰਤ ਦੀਆਂ ਨਜਰਾਂ ਹੇਠੋਂ ਲੰਘਿਆ । ਜਦ ਐਂਠੀ ਰਾਇ ਆਇਆ ਤਾਂ ਰਾਣੀ ਨੇ ਝਰੋਖੇ ਥਾਣੀ ਜਿੱਥੇ ਓਹ ਬੈਠੀ ਸੀ ਉਸ ਨੂੰ ਦੇਖ ਕੇ ਬਹੁਤ ਸਰਾਹਿਆ । ਉਸ ਨੇ ਸਹੇਲੀ ਭੇਜੀ ਤੇ ਫਿਰ :-

*ਲੀਨਾ ਸਖੀ ਪਠਾਇ ਤਿਸੈ ਘਰਿ ॥ ਕਾਮ ਭੋਗ ਕਿਯ ਲਪਟਿ ਲਪਟਿ ਕਰਿ ॥*
*ਏਕ ਤਰੁਨਿ ਅਰੁ ਭਾਂਗ ਚੜ੍ਹਾਈ ॥ ਚਾਰ ਪਹਰਿ ਨਿਸਿ ਨਾਰਿ ਬਜਾਈ ॥੯॥*

(ਤੀਨ ਸੌ ਪਚਾਸਵੋਂ ਚਰਿਤ੍ਰ ਪੰਨਾ ੧੩੦੭)

ਐਂਠੀ ਰਾਇ ਨਾਲ ਉਪਜੀ ਪ੍ਰੀਤ ਨੂੰ ਜ਼ੁਬਾਨ ਦੱਸ ਨਹੀਂ ਸਕਦੀ। ਉਸ ਨੂੰ ਭੇਦ ਸਮਝਾ ਕੇ ਤੋਰ ਦਿੱਤਾ ਤੇ ਅੱਧੀ ਰਾਤ ਨੂੰ ਰਾਜੇ ਦਾ ਕਤਲ ਕਰ ਦਿੱਤਾ। ਸਵੇਰੇ ਓਹ ਸਤੀ ਹੋਣ ਤੁਰ ਪਈ ਤੇ ਬੜਾ ਧਨ ਲੁਟਾਇਆ। ਉਸ ਨੇ ਨਜ਼ਰ ਬੰਨ੍ਹ ਕੇ ਸਭਨਾਂ ਦੀ ਆਪ ਯਾਰ ਨਾਲ ਭੱਜ ਗਈ । ਲੋਕਾਂ ਸੋਚਿਆ ਬਈ ਰਾਣੀ ਸਤੀ ਹੋ ਗਈ ਹੈ ।

ਨੋਟ :- ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਅਪਣਾ ਪਤੀ ਕਤਲ ਕਰ ਕੇ ਮਿਤ੍ਰ ਨਾਲ ਭੱਜ ਜਾਣ ਦੀ ਹੱਲਾਸ਼ੇਰੀ ਦੇਂਦੀ ਹੈ । ਭੰਗ ਜਿਹੇ ਨਸ਼ੇ ਖਾ ਕੇ ਸਾਰੀ ਸਾਰੀ ਰਾਤ ਸਰੀਰ ਭੋਗਣ ਲਈ ਉਤਸ਼ਾਹਤ ਕਰਦੀ ਹੈ । ਇਸ ਤੋਂ ਹੋਰ ਦੋ ਕਦਮ ਅੱਗੇ ਜਾ ਕੇ ਇਹ ਸਿੱਖਿਆ ਦੇਣ ਦੀ ਕੋਸ਼ਿਸ ਕੀਤੀ ਹੈ ਕਿ ਆਮ ਮਨੁੱਖਾਂ ਦੀਆਂ ਨਜ਼ਰਾਂ ਬੰਨ੍ਹ ਕੇ ਕੋਈ ਵੀ ਕੁਕਰਮ ਕੀਤਾ ਜਾ ਸਕਦਾ ਹੈ । ਜੇਕਰ ਇਨ੍ਹਾਂ ਰਚਨਾਵਾਂ ਤੇ ਪਾਤਸ਼ਾਹੀ ੧੦ ਨਾ ਲਿਖਿਆ ਹੁੰਦਾ ਤਾਂ ਸਾਨੂੰ ਕੋਈ ਮਾਖਤਾ ਨਹੀਂ ਸੀ ਹੋਣਾ ਕਿਉਂ ਕਿ ਇਹ ਦਰਸਾਣ ਦੀ ਕੋਸ਼ਿਸ ਕੀਤੀ ਹੈ ਕਿ ਇਹ ਗੁਰੂ ਜੀ ਦੀ ਬਾਣੀ ਹੈ ਜਿੱਥੇ ਇਹ ਚਿੰਤਾ ਪੈਦਾ ਕਰਦੀ ਹੈ ਉੱਥੇ ਪੁਜਾਰੀਆਂ ਦੀ ਮੰਦ ਕਰਮੀ ਨੂੰ ਨੰਗਾ ਕਰਦੀ ਹੈ ।

ਨਗਰ : ਬਸਤ੍ਰਾਵਤੀ (ਤੀਨ ਸੌ ਇਕਯਾਵਨ ਚਰਿਤ੍ਰ ਪੰਨਾ ੧੩੦੭-੦੮)

## ਮਿਤ੍ਰ ਨਾਲ ਭੱਜਣ ਦਾ ਬਲ ਸਿਖੋ

ਪਾਤਰ : ਬਸਤ੍ਰ ਸੈਨ (ਭੂਪ), ਬਸਤ੍ਰ ਮਤੀ (ਨਾਰੀ) ਤੇ ਅਵਲ ਚੰਦ (ਰਾਵਤ) : ਬਸਤ੍ਰਾਵਤੀ ਨਗਰ ਦੇ ਰਾਜਾ ਬਸਤ੍ਰ ਸੈਨ ਦੀ ਖ਼ੂਬਸੂਰਤ ਔਰਤ ਬਸਤ੍ਰ ਮਤੀ ਨੇ ਇਕ ਦਿਨ ਅਵਲ ਚੰਦ ਰਾਵਤ ਨੂੰ ਗਾਉਂਦੇ ਸੁਣਿਆ ਤੇ ਦੀਵਾਨੀ ਹੋ ਗਈ । ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਅਤੇ ਸੁਰੂ ਹੋਇਆ ਪ੍ਰੇਮ ਖੇਲ :-

*ਕਾਮ ਭੋਗ ਤਾਸੌ ਦ੍ਰਿੜ੍ਹ ਕੀਨਾ ॥ ਭਾਂਤਿ ਭਾਂਤਿ ਪਿਯ ਕੋ ਰਸ ਲੀਨਾ ॥*
*ਰਾਜ ਪਾਟ ਸਭ ਹੀ ਸੁ ਬਿਸਾਰਯੋ ॥ ਤਾਕੇ ਹਾਥ ਬੇਚਿ ਜੀਯ ਡਾਰਯੋ ॥੪॥*

(ਤੀਨ ਸੌ ਇਕਯਾਵਨ ਚਰਿਤ੍ਰ ਪੰਨਾ ੧੩੦੮)

ਉਸ ਨੇ ਨਗਰ ਵਾਸੀਆਂ ਨੂੰ ਨਿਊਂਦਾ ਦਿੱਤਾ ਅਤੇ ਸਾਰਿਆਂ ਨੂੰ ਭਗਵੇਂ ਬਸਤ੍ਰ ਪਹਿਨਾ ਦਿੱਤੇ । ਆਪ ਵੀ ਭਗਵੇਂ ਬਸਤ੍ਰ ਪਹਿਨ ਕੇ ਮਿਤ੍ਰ ਸੰਗ ਭੱਜ ਗਈ । ਪਹਿਰੇਦਾਰਾਂ ਨੇ ਉਸ ਨੂੰ ਨਾ ਰੋਕਿਆ ਓਹ ਸੋਚਦੇ ਰਹੇ ਬਈ ਇਹ ਵੀ ਕੋਈ ਜੋਗੀ ਐ । ਜਦ ਓਹ ਕਈ ਕੋਹ ਲੰਘ ਗਈ ਤਾਂ ਜਾਕੇ ਰਾਜੇ ਨੂੰ ਖ਼ਬਰ ਹੋਈ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਮਿਤ੍ਰ ਸੰਗ ਰੰਗਰਲੀਆਂ ਮਨਾ ਕੇ ਘਰੋਂ ਮਿਤ੍ਰ ਨਾਲ ਭੱਜ ਜਾਣ ਦੀ ਪ੍ਰੇਰਨਾ ਦੇਂਦੀ ਹੈ। ਕੀ ਅਜਿਹੀਆਂ ਸਿੱਖਿਆਵਾਂ ਭਰਪੂਰ ਇਸ ਗ੍ਰੰਥ ਨੂੰ ਆਪ ਜੀ ਅਪਣੇ ਨੇੜੇ ਤੇੜੇ ਦੇ ਗੁਰੂ ਘਰ ਪ੍ਰਕਾਸ਼ ਕਰਨ ਦਿਓਗੇ ? ਅਪਣਾ ਉੱਤਰ ਜਰੂਰ ਲੱਭਣ ਦੀ ਕੋਸ਼ਿਸ ਕਰਨੀ । ਰੱਬ ਤੁਹਾਨੂੰ ਖੁਸ਼ੀਆਂ ਦਏ ।

ਸ਼ਹਿਰ : ਇਸ਼ਕ ਤੰਬੋਲ (ਤੀਨ ਸੌ ਬਾਵਨ ਚਰਿਤ੍ਰ ਪੰਨਾ ੧੩੦੮-੦੯)

## ਬਾਲਸਫਾ ਲਗਾ ਕੇ ਬਾਲ ਸਾਫ ਕਰੋ

ਪਾਤਰ : ਇਸ਼ਕ ਤੰਬੋਲ (ਨਰੇਸ), ਇਸ਼ਕ ਪੇਚ ਦੇ (ਰਾਨੀ), ਆਰਫਦੀਨ (ਕਾਜੀ), ਜੇਬ ਤੁਲ ਨਿਸਾ (ਸੁਤਾ) ਤੇ ਗੁਲਜਾਰ ਰਾਇ : ਇਸ਼ਕ ਤੰਬੋਲ ਸ਼ਹਿਰ ਦੇ ਰਾਜਾ ਇਸ਼ਕ ਤੰਬੋਲ ਦੀ ਰਾਣੀ ਇਸ਼ਕ ਦੇ ਬੜੀ ਸੋਹਣੀ। ਉਸ ਸ਼ਹਿਰ ਵਿੱਚ ਇਕ ਕਾਜੀ ਆਰਫਦੀਨ ਦੀ ਧੀ ਜੇਬ ਤੁਲ ਨਿਸਾ ਦੇ ਤਨ ਦਾ ਹਰ ਅੰਗ ਸੋਹਣੇ ਸਨੁੱਖੇ ਗੁਲਜਾਰ ਰਾਇ ਦਾ ਰੂਪ ਦੇਖ ਕੇ ਕਾਮ ਵਿੱਚ ਭੁੱਜਣ ਲੱਗਾ। ਉਸ ਨੇ ਅਪਣੇ ਮਨ ਦਾ ਭੇਦ ਅਪਣੀ ਸਹੇਲੀ ਨੂੰ ਦੱਸ ਕੇ ਉਸ ਪਾਸ ਭੇਜਿਆ ਤੇ ਮਿਲਾਪ ਕਰਾ ਦਿੱਤਾ :-

*ਸਖੀ ਗਈ ਤਬ ਹੀ ਤਾਕੇ ਪ੍ਰਤਿ ॥ ਆਨਿ ਮਿਲਾਇ ਦਯੋ ਤਿਨ ਸੁਭ ਮਤਿ ॥*
*ਭਾਂਤਿ ਭਾਂਤਿ ਦੁਹੂੰ ਕਰੇ ਬਿਲਾਸਾ ॥ ਤਜਿ ਕਰਿ ਮਾਤ ਪਿਤਾ ਕੋ ਤ੍ਰਾਸਾ ॥੫॥*

(ਤੀਨ ਸੌ ਬਾਵਨ ਚਰਿਤ੍ਰ ਪੰਨਾ ੧੩੦੮)

ਉਸ ਦੇ ਪਿਆਰ ਦੀ ਪੀਂਘ ਲੰਮੀ ਹੁੰਦੀ ਗਈ । ਰਾਤ ਦਿਨ ਓਹ ਉਸੀ ਦੇ ਪਿਆਰ ਹੁਲਾਰਿਆਂ ਚ ਮਸਤ ਸੋਚਾਂ ਸੋਚਦੀ ਕਿ ਕਿਸ ਤਰੀਕੇ ਨਾਲ ਮਿਤ੍ਰ ਨਾਲ ਭੱਜਿਆ ਜਾਏ । ਉਸ ਨੇ ਮਿਤ੍ਰ ਨੂੰ ਸਕੀਮ ਸਮਝਾਈ-ਉਸ ਦੇ ਬਦਨ ਤੇ ਰੋਮ ਨਾਸ (ਬਾਲਸਫਾ) ਲਗਾਇਆ-ਸਰੀਰ ਦੇ ਕੇਸ ਦੂਰ ਕਰ ਦਿੱਤੇ-ਓਹਦਾ ਪਤਾ ਈ ਨਾ ਚੱਲੇ ਬਈ ਇਹ ਬੰਦਾ ਐ ਜਾਂ ਤੀਵੀਂ। ਜਦ ਉਸ ਨੇ ਔਰਤ ਦਾ ਭੇਸ ਬਣਾ ਲਿਆ ਤਾਂ ਅਦਾਲਤ ਵਿੱਚ ਜਾ ਕੇ ਕਹਿੰਦੀ (ਕਹਿੰਦਾ) ਕਿ ਕਾਜੀ ਦੇ ਪੁੱਤ ਨੇ ਮੇਰਾ ਚਿੱਤ ਚੁਰਾ ਲਿਆ ਹੈ । ਮੈਂ ਹੁਣ ਉਸ ਨਾਲ ਸ਼ਾਦੀ ਕਰਨਾ ਚਾਹੁੰਦੀ ਹਾਂ । ਕਾਜੀ ਨੇ ਅਪਣੀ

ਕਿਤਾਬ ਕੱਢੀ ਕਈ ਬਾਰ ਦੇਖਿਆ ਪੜ੍ਹਿਆ ਕਹਿੰਦਾ ਜੋ ਅਪਣੀ ਮਰਜੀ ਨਾਲ ਆਏ ਤੇ ਸ਼ਾਦੀ ਕਰਨੀ ਚਾਹੇ ਉਸ ਨੂੰ ਕਾਜੀ ਕੀ ਕਰ ਸਕਦਾ ਹੈ। ਆਖਰ ਇਹ ਮੇਰੇ ਪੁੱਤ ਦੀ ਔਰਤ ਹੈ ਮੈਂ ਇਸਦੀ ਪ੍ਰਤਿ ਪਾਲਨਾ ਕਰਾਂਗਾ। ਉਸ ਨੇ ਨਿਰਖਤਿ ਤੇ ਅਪਣੀ ਮੋਹਰ ਜੜ੍ਹ ਦਿੱਤੀ। ਉਸ ਨੇ ਘਰ ਜਾ ਕੇ ਪੁਰਖ ਦਾ ਭੇਸ ਬਣਾਇਆ। ਜਦ ਦੋ ਦਿਨ ਬਾਦ ਕਚੈਹਿਰੀ ਲੱਗੀ ਤਾਂ ਜਿਥੇ ਕਾਜੀ ਕੋਟਵਾਰ ਸੀ ਕਾਜੀ ਦੀ ਧੀ ਨੂੰ ਲੈ ਕੇ ਪੇਸ਼ ਹੋ ਗਿਆ ਕਿ ਕਾਜੀ ਜੀ ਤੇਰੀ ਧੀ ਨੇ ਮੇਰੇ ਨਾਲ ਸ਼ਾਦੀ ਕੀਤੀ ਐ। ਮੈਂ ਕੋਈ ਜੋਰ ਜਬਰਦਸਤੀ ਨਹੀਂ ਕੀਤੀ ਬਲਕਿ ਇਸ ਨੇ ਮੇਰੇ ਤੇ ਰੀਝ ਕੇ ਸ਼ਾਦੀ ਕੀਤੀ ਐ। ਓਹੀ ਮੋਹਰ ਹਜਰਤਿ ਨੂੰ ਦਿਖਾ ਦਿੱਤੀ ਜਿਹੜੀ ਔਰਤ ਬਣ ਕੇ ਲਗਵਾਈ ਸੀ। ਮੋਹਰ ਦੇਖਦੇ ਹੀ ਸਾਰੀ ਸਭਾ ਖਿੜ ਖਿੜਾ ਕੇ ਹੱਸ ਪਈ ਤੇ ਵਿਚਾਰਾ ਕਾਜੀ ਚੁੱਪ ਕਰ ਗਿਆ :-

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਸਿੱਖ ਧਰਮ ਦੀਆਂ ਚਾਰੇ ਰਹਿਤਾਂ ਵਿੱਚੋਂ ਇਕ ਰਹਿਤ ਕਿ ਕੇਸਾਂ ਦੀ ਬੇਅਦਬੀ ਨਹੀਂ ਕਰਨੀ ਅਤੇ ਦੂਜੀ ਕਿ ਪਰਾਈ ਔਰਤ/ਮਰਦ ਦਾ ਸੰਗ ਨਹੀਂ ਕਰਨਾ ਉੱਕਾ ਹੀ ਭੋਗ ਪਾਉਂਦੀ ਹੈ। ਰੋਮਨਾਸ (ਬਾਲਸਫਾ) ਲਗਾ ਕੇ ਕੇਸ (ਬਾਲ) ਸਾਫ (ਮੁੰਨਣੇ) ਕਰਨ ਅਤੇ ਔਰਤ ਦਾ ਭੇਖ ਧਾਰ ਕੇ ਗੈਰ ਕੁਦਰਤੀ ਢੰਗ ਅਪਨਾਉਣ ਨੂੰ ਉਤਸ਼ਾਹਿਤ ਕਰਦੀ ਹੈ :-

*ਬੋਲਿ ਭੇਦ ਸਭ ਪਿਯਹਿ ਸਿਖਾਯੋ ॥ ਰੋਮਨਾਸ (ਬਾਲਸਫਾ) ਤਿਹ ਬਦਨ ਲਗਾਯੋ ॥*
*ਸਭ ਹੀ ਕੇਸ ਦੂਰ ਕਰਿ ਡਾਰੇ ॥ ਪੁਰਖ ਨਾਰਿ ਨਹਿ ਜਾਤ ਬਿਚਾਰੇ ॥੮॥* (ਤੀਨ ਸੌ ਬਾਵਨ ਚਰਿਤ੍ਰ ਪੰਨਾ ੧੩੦੮)

ਜਦ ਪੁਜਾਰੀ ਆਖਦੇ ਹਨ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ਤਾਂ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਗੁਰੂ ਜੀ ਆਪ ਹੀ ਸਿੱਖਾਂ ਨੂੰ ਅਜਿਹਾ ਕਰਨ ਦੀ ਸਿੱਖਿਆ ਦੇ ਗਏ ਹਨ। ਜੇ ਨੌਜੁਆਨ ਪੀੜ੍ਹੀ ਕਿਸੇ ਪੁਜਾਰੀ ਨੂੰ ਪੁੱਛ ਬੈਠੇ ਕਿ ਅਸੀਂ ਦਸਮ ਗ੍ਰੰਥ ਦੀ ਸਿੱਖਿਆ ਮੰਨੀਏ ਜਾਂ ਤੁਹਾਡੀ ਰਹਿਤ ਮਰਿਯਾਦਾ ਨੂੰ ਮੰਨੀਏ? ਤਾਂ ਪੁਜਾਰੀਆਂ ਨੂੰ ਨੱਠਣ ਨੂੰ ਰਾਹ ਨਹੀਂ ਲੱਭਣਾ। ਇਕ ਪਾਸੇ ਕੇਸਾਂ ਸਵਾਸਾਂ ਸੰਗ ਨਿਭ ਜਾਣ ਦੇ ਉਪਦੇਸ ਅਤੇ ਅਰਦਾਸਾਂ ਕਰਦੇ ਹਨ ਤੇ ਦੂਜੇ ਪਾਸੇ ਕੇਸ ਮੁੰਨਣ ਨੂੰ ਹੱਲਾਸ਼ੇਰੀ ਦੇਂਦੇ ਹਨ। ਪਰਾਈ ਔਰਤ/ ਮਰਦ ਨਾਲ ਹਮਬਿਸਤ੍ਰ ਹੋਣ ਨੂੰ ਸਿੱਖ ਧਰਮ ਪ੍ਰਵਾਨ ਨਹੀਂ ਕਰਦਾ। ਦਸਮ ਗ੍ਰੰਥ ਦਾ ਹਰ ਪੰਨਾ ਹੀ ਇਸ ਦੀ ਖੁੱਲ੍ਹ ਦੇਂਦਾ ਹੈ। ਕਿ ਗੁਰੂ ਦੇ ਸਿੱਖ ਪੁਜਾਰੀਆਂ ਤੋਂ ਕਾਰਣ ਪੁੱਛਣਗੇ ਕਿ ਸਿੱਖਾਂ ਨੂੰ ਉਹ ਗੁਮਰਾਹ ਕਿਉਂ ਕਰਦੇ ਹਨ ਅਤੇ ਕਿਉਂ ਕੌਮ ਨੂੰ ਅਨਪੜ੍ਹ ਰੱਖਣਾ ਚਾਹੁੰਦੇ ਹਨ?

ਨਗਰ : ਬਿਸਨਾਵਤੀ (ਤੀਨ ਸੌ ਤ੍ਰਿਪਨ ਚਰਿਤ੍ਰ ਪੰਨਾ ੧੩੦੯-੧੦)

## ਕਤਲ ਇੰਝ ਵੀ ਕਰੀਦੈ

ਪਾਤਰ : ਬਿਸ਼ਨ ਚੰਦ (ਭੂਪ), ਉਗ੍ਰ ਸਿੰਘ (ਸ਼ਾਹ), ਸ੍ਰੀ ਰਨ ਝੁਮਕਦੇ (ਬਾਲਾ), ਸੁੰਭ ਕਰਨ ਤੇ ਨ੍ਰਿਪ :

ਹੇ ਰਾਜਾ ਮੈਂ ਇਕ ਹੋਰ ਕਥਾ ਸੁਣਾ ਕੇ ਤੇਰਾ ਭਰਮ ਦੂਰ ਕਰਦਾ ਹਾਂ। ਬਿਸ਼ਨਾਵਤੀ ਨਗਰ ਦੇ ਰਾਜਾ ਬਿਸ਼ਨ ਚੰਦ ਦੇ ਰਾਜ ਵਿੱਚ ਇਕ ਉਗ੍ਰ ਸਿੰਘ ਸ਼ਾਹ ਨੇ ਅਪਣੀ ਧੀ ਸ੍ਰੀ ਰਨ ਝੁਮਕਦੇ ਦੀ ਸ਼ਾਦੀ ਸੁੰਭਕਰਨ ਨਾਲ ਕਰ ਦਿੱਤੀ। ਉੱਥੇ ਇਕ ਹੋਰ ਨ੍ਰਿਪ ਕੁੜੀ ਦਾ ਰੂਪ ਦੇਖ ਕੇ ਲਲਚਾ ਗਿਆ। ਉਸ ਨੇ ਬੜੇ ਯਤਨ ਕੀਤੇ ਪਰ ਉਹ ਹੱਥ ਨਾ ਆਈ। ਉਸ ਨੂੰ ਬੜਾ ਕ੍ਰੋਧ ਚੜ੍ਹਿਆ ਕਹਿੰਦਾ ਦੇਖੋ ਔਰਤ ਦਾ ਜਿਗਰਾ ਓਹ ਕੰਗਾਲ ਨੂੰ ਛੱਡ ਕੇ ਰਾਜੇ ਦੇ ਵਸਣਾ ਨਹੀਂ ਚਾਹੁੰਦੀ। ਉਸ ਨੇ ਬੰਦੇ ਭੇਜ ਕੇ ਉਸ ਦੇ ਘਰ ਨੂੰ ਘੇਰ ਲਿਆ ਤੇ ਔਰਤ ਦਾ ਪਤੀ ਮਾਰ ਦਿੱਤਾ। ਔਰਤ ਜਾਨ ਬਚਾ ਕੇ ਭੱਜ ਗਈ ਉਹ ਉਨ੍ਹਾਂ ਦੇ ਹੱਥ ਨਾ ਆਈ। ਜਦ ਔਰਤ ਨੇ ਅਪਣਾ ਮੁਰਦਾ ਪਤੀ ਦੇਖਿਆ ਤਾਂ ਚਿੱਤ ਵਿੱਚ ਵਿਚਾਰ ਕਰਦੀ ਕਿ ਕਿਸੇ ਨਾ ਕਿਸੇ ਢੰਗ ਨਾਲ ਬਦਲਾ ਲਿਆ ਜਾ ਸਕੇ। ਉਸ ਨੇ ਇਕ ਚਿੱਠੀ ਰਾਜੇ ਨੂੰ ਲਿਖੀ ਕਿ ਜੇਕਰ ਤੂੰ ਮੈਨੂੰ ਅਪਣੀ ਰਾਣੀ ਬਣਾ ਲਵੇਂ ਤਾਂ ਮੈਂ ਤੇਰੇ ਨਾਲ ਵਿਆਹ ਕਰਾਉਣ ਨੂੰ ਤਿਆਰ ਹਾਂ। ਮੂਰਖ ਚਿੱਠੀ ਪੜ੍ਹ ਕੇ ਫੂਲ ਗਿਆ। ਉਸ ਨੇ ਬਿਗਾਨੀ ਔਰਤ ਨੂੰ ਅਪਣੀ ਰਾਣੀ ਬਣਾ ਲਿਆ। ਜਦ ਓਹ ਰਾਣੀ ਨਾਲ ਚਿੱਤ ਦੇ ਸਾਰੇ ਭਰਮ ਖੋ ਕੇ ਸੁੱਤਾ ਤਾਂ ਕਾਮ ਵਾਸ਼ਨਾ ਚ ਧੁੱਤ ਰਾਜੇ ਨੇ ਔਰਤ ਵੱਲ ਹੱਥ ਵਧਾਇਆ। ਔਰਤ ਨੇ ਕ੍ਰਿਪਾਨ ਕੱਢ ਕੇ ਰਾਜੇ ਦਾ ਕਤਲ ਕਰ ਦਿੱਤਾ ਤੇ ਉਸ ਨੂੰ ਕੱਪੜਿਆਂ ਨਾਲ ਢੱਕ ਕੇ ਅਪਣੇ ਘਰ ਆਈ ਤੇ ਅਪਣੇ ਪਤੀ ਨਾਲ ਜਲ ਮਰੀ।

ਨੋਟ :- ਸਿੱਖ ਧਰਮ ਔਰਤ ਦੇ ਸਤੀ ਹੋਣ ਦਾ ਸਖ਼ਤ ਵਿਰੋਧ ਕਰਦਾ ਹੈ। ਹਰ ਗੁਰ ਵਿਅਕਤੀ ਤੇ ਹਰ ਭਗਤ ਜਨ ਜਿਨ੍ਹਾਂ ਦੀ ਇਲਾਹੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਨੇ ਸਤੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ ਹੈ। ਸਿੱਖ ਧਰਮ ਅਜਿਹਾ ਕਾਰਾ ਕਰਨ ਵਾਲੇ ਅਤੇ ਕਰਵਾਉਣ ਵਾਲਿਆਂ ਨੂੰ ਸਿੱਖ ਨਹੀਂ ਮੰਨਦਾ। ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਵਰਤ ਕੇ ਇਹ ਦਰਸਾਣ ਦਾ ਯਤਨ ਕੀਤਾ ਗਿਆ ਹੈ ਕਿ ਸਤੀ ਹੋਣਾ ਬੜਾ ਚੰਗਾ ਕਰਮ ਹੈ।

ਇਲਾਕਾ : ਪੂਰਬ ਰਾਧਾ ਨਗਰ (ਤੀਨ ਸੌ ਚੌਵਨ ਚਰਿਤ੍ਰ ਪੰਨਾ ੧੩੧੦-੧੧)

ਪਾਤਰ : ਰੁਕਮ ਸੈਨ (ਰਾਜਾ), ਸ੍ਰੀ ਦਲਗਾਹ ਮਤੀ (ਤ੍ਰਿਯ), ਸਿੰਧੁਲਾ ਦੇਇ (ਸੁਤਾ) ਤੇ ਭੁਜਬਲ ਸਿੰਘ (ਨ੍ਰਿਪ)

## ਮਿਤ੍ਰ ਨਾਲ ਘਰੋਂ ਭੱਜਣ ਦਾ ਨਵਾਂ ਨਕੋਰ ਢੰਗ ਸਿੱਖੋ :

ਹੇ ਰਾਜਾ ਇਕ ਨਵੀਂ ਨਕੋਰ ਕਥਾ ਸੁਣ ਅਜਿਹੀ ਨਾ ਕਦੇ ਕਿਸੇ ਨੇ ਸੁਣੀ ਤੇ ਨਾ ਹੀ ਅੱਗੇ ਨੂੰ ਸੁਣੇਗਾ। ਪੂਰਬ ਵਿੱਚ ਰਾਧਾ ਨਗਰ ਦੇ ਰਾਜਾ ਰੁਕਮ ਸੈਨ ਦੀ ਔਰਤ ਸ੍ਰੀ ਦਰਗਾਹ ਮਤੀ ਜਿਹੀ ਸੋਹਣੀ ਤਾਂ ਨਾਗਿਨ ਤੇ ਹੋਰ ਕੋਈ ਔਰਤ ਨਹੀਂ। ਉਨ੍ਹਾਂ ਦੇ ਘਰ ਇਕ ਸਿੰਧੁਲਾ ਦੇਇ ਸੀ ਜੰਮੀ ਨਿਰੀ ਪਰੀ ਪਦਮਨੀ ਦਾ ਰੂਪ। ਉੱਥੇ ਇਕ ਭਵਾਨੀ (ਦੁਰਗਾ) ਦਾ ਭਵਨ ਸੀ। ਓਹਦੇ ਬਰਾਬਰ ਦਾ ਕੋਈ ਹੋਰ ਨਜ਼ਰ ਨਹੀਂ ਆਉਂਦਾ। ਦੇਸਾਂ ਦੇਸਾਂ ਤੋਂ ਰਾਜੇ ਆ ਕੇ ਭਵਾਨੀ ਦੀ ਕਬਰ ਤੇ ਨਮਸਕਾਰਾਂ ਕਰਦੇ। ਉਥੇ ਇਕ ਭੁੱਜਬਲ ਸਿੰਘ ਰਾਜਾ ਆਇਆ। ਉਸ ਦਾ ਰੂਪ ਦੇਖ ਕੇ ਸਿੰਧੁਲਾ ਦੇਇ ਦੀਵਾਨੀ ਹੋ ਗਈ। ਉਸ ਨੇ ਦਿਲ ਦਾ ਭੇਦ ਸਮਝਾ ਕੇ ਸਖੀ ਨੂੰ ਉਸ ਪਾਸ ਭੇਜਿਆ। ਸਖੀ ਨੇ ਜਾ ਕੇ ਸਾਰੀ ਕਹਾਣੀ ਰਾਜੇ ਨੂੰ ਸਮਝਾ ਦਿੱਤੀ। ਉਹ ਸੋਚਣ ਲੱਗਾ ਕਿ ਕਿਵੇਂ ਮੈਂ ਉਸ ਨੂੰ ਲਿਆ ਕੇ ਭੋਗ ਕਰਾਂ। ਰਾਜੇ ਨੇ ਅਪਣੀ ਮਿਤ੍ਰ ਕੁੜੀ ਨੂੰ ਉਸ ਕੋਲ ਭੇਜਿਆ ਕਿ ਕੋਈ ਛਲ ਕਰ ਕੇ ਮੇਰੇ ਪਾਸ ਆ ਜਾਓ। ਔਰਤ ਨੇ ਇਕ ਢੋਲ ਮੰਗਾਇਆ-ਆਪ ਅੰਦਰ ਬੈਠ ਕੇ ਚੰਮ ਨਾਲ ਮੜਵਾ ਦਿੱਤਾ। ਢੋਲਚੀ ਢੋਲ ਵਜਾਉਂਦਾ ਤੁਰਿਆ ਤੇ ਆਪ ਐਦਾਂ ਮਿਤ੍ਰ ਦੇ ਘਰ ਪੁੱਜ ਗਈ।

*ਦੋਹਰਾ ॥ ਇਹ ਚਰਿਤ੍ਰ ਤਨ ਚੰਚਲਾ ਗਈ ਮਿਤ੍ਰ ਕੇ ਧਾਮ ॥*
*ਢੋਲ ਢਮਾਕੋ ਦੈ ਗਈ ਕਿਨਹੂੰ ਲਖਾ ਨ ਬਾਮ ॥*

(ਤੀਨ ਸੌ ਚੌਵਨ ਚਰਿਤ੍ਰ ਪੰਨਾ ੧੩੧੧)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਸਿੱਖਿਆਂ ਦੇਂਦੀ ਹੈ ਕਿ ਮਿਤ੍ਰ ਨਾਲ ਘਰੋਂ ਕਿਵੇਂ ਭੱਜਣਾ ਹੈ। ਸਾਡੇ ਪੁਜਾਰੀ ਇਨ੍ਹਾਂ ਤੌਰ ਤਰੀਕਿਆਂ ਨੂੰ ਗੁਰਬਾਣੀ ਆਖ ਆਖ ਡੰਡਾਉਤਾਂ ਕਰਦੇ ਹਨ। ਸ਼ਾਇਦ ਇਸ ਲਈ ਕਿ ਪਤਾ ਨਹੀਂ ਕਦੋਂ ਕਿਹੜੀ ਮੁਟਿਆਰ ਢੋਲ ਜਾਂ ਦੁੱਧ ਦੇ ਡਰੰਮ ਵਿੱਚ ਬੈਠ ਕੇ ਉਨ੍ਹਾਂ ਦੇ ਡੇਰੇ ਪੁੱਜ ਜਾਏ। ਹਾਂ ਭਵਾਨੀ ਦੀ ਪੂਜਾ ਜਾਂ ਗੌਰ ਦੀ ਪੂਜਾ ਸਿੱਖ ਨਹੀਂ ਕਰਦੇ ਉਹ ਰੱਬ ਦੇ ਪੁਜਾਰੀ ਹਨ। ਬਾ-ਖ਼ਬਰਦਾਰ-ਹੋਸ਼ਿਆਰ ਜਾਗਦੇ ਰਹਿਓ!

## ਨਗਰ : ਅਜਿਤਾਵਤੀ

(ਤੀਨ ਸੌ ਪਚਪਨ ਚਰਿਤ੍ਰ ਪੰਨਾ ੧੩੧੧-੧੨)

### ਬਾਪ ਦਾ ਕਤਲ ਕਰ ਕੇ ਯਾਰ ਦੇ ਵਸੋ

ਪਾਤਰ : ਭੁਜੰਗ ਧੁਜਾ (ਭੂਪ), ਬਿਮਲ ਮਤੀ (ਰਾਨੀ), ਤੇ ਬਿਲਾਸ ਦੇਇ : ਹੇ ਰਾਜਾ ਸੁਣ ਮੈਂ ਤੈਨੂੰ ਇਕ ਅਪੂਰਬ ਕਥਾ ਸੁਣਾਉਂਦਾ ਹਾਂ ਕਿ ਕਿਵੇਂ ਧੀ ਨੇ ਬਾਪ ਨਾਲ ਛਲ ਕੀਤਾ। ਅਜਿਤਾਵਤੀ ਨਗਰ ਦੇ ਭੂਪ ਭੁਜੰਗ ਧੁਜਾ ਦੀ ਰਾਣੀ ਬਿਲਮ ਮਤੀ ਦੀ ਧੀ ਬਿਲਾਸ ਦੇਇ ਜੋ ਬੜੇ ਜੰਤ੍ਰ ਮੰਤ੍ਰ ਜਾਣਦੀ ਸੀ ਅਤੇ ਇਸ ਵਿਦਿਆ ਵਿੱਚ ਕੋਈ ਹੋਰ ਉਸ ਦਾ ਮੁਕਾਬਲਾ ਨਾ ਕਰ ਸਕਦਾ। ਇਹ ਉਥੋਂ ਦੀ ਗੱਲ ਹੈ ਜਿੱਥੇ ਗੰਗਾ ਤੇ ਜਮੁਨਾ ਮਿਲਦੀਆਂ ਹਨ। ਉੱਥੇ ਹੀ ਉਸ ਦੀ ਰਾਜਧਾਨੀ ਸੀ। ਉਸ ਰਾਜਧਾਨੀ ਦਾ ਕੀ ਕਹਿਣਾ-ਬੜੇ ਉੱਚੇ ਉੱਚੇ ਮਹਲ ਭਾਵੇਂ ਉਨ੍ਹਾਂ ਤੇ ਚੜ੍ਹ ਕੇ ਅਸਮਾਨ ਦੇ ਤਾਰੇ ਤੋੜ ਲਓ। ਹਾਂ ਉੱਥੇ ਇਸ਼ਨਾਨ (ਮੱਜਨ) ਲਈ ਅਨੇਕਾਂ ਰਾਜੇ ਆਉਂਦੇ ਅਤੇ ਅਪਣੇ ਪੂਰਬਲੇ ਕੀਤੇ ਪਾਪ ਧੋਂਦੇ। ਉੱਥੇ ਇਕ ਜੋਬਨਵਾਨਰਾਜਾ ਨ੍ਹਾਣ ਲਈ ਆਇਆ ਜਿਸ ਨੂੰ ਬਿਲਾਸ ਦੇਇ ਨੇ ਦੇਖਿਆ। ਓਹਦਾ ਰੂਪ ਤੱਕ ਕੇ ਬਿਲਾਸ ਦੇਇ ਨੇ ਅਪਣੇ ਮਨ ਕ੍ਰਮ ਅਤੇ ਬਚ (ਬਚਨ) ਕਰਕੇ ਵਿਚਾਰ ਵਿਚਾਰੀ ਕਿ ਜਾਂ ਤਾਂ ਮੈਂ ਇਸ ਨਾਲ ਸ਼ਾਦੀ ਕਰੂੰ ਜਾਂ ਫਿਰ ਗੰਗਾ ਵਿੱਚ ਡੁੱਬ ਮਰੂੰਗੀ। ਉਸ ਨੇ ਅਪਣੇ ਚਿੱਤ ਦੀ ਗੱਲ ਅਪਣੀ ਸਹੇਲੀ ਨੂੰ ਦੱਸੀ ਤੇ ਕਹਿੰਦੀ ਮੈਂ ਤੈਨੂੰ ਮੂੰਹ ਮੰਗਿਆ ਦੇਵਾਂਗੀ ਜੇ ਤੂੰ ਉਸ ਨਾਲ ਮੇਰੀ ਮਿਲਣੀ ਕਰਵਾ ਦੇਵੇਂ। ਸਖੀ ਰਾਜੇ ਦੇ ਡੇਰੇ ਗਈ ਤੇ ਜਾ ਕੇ ਮਿਲਿਆ ਸੰਦੇਸਾ ਦੇ ਦਿੱਤਾ। ਕਹਿੰਦੀ ਰਾਜ ਸੁਤਾ ਤੇਰੇ ਤੇ ਮਰ ਮਿਟੀ ਹੈ ਓਹ ਤਾਂ ਸੁਧ ਬੁਧ ਹੀ ਭੁਲਾ ਬੈਠੀ ਐ। ਰਾਜੇ ਨੇ ਓਹਦੀ ਗੱਲ ਸੁਣ ਕੇ ਕਿਹਾ ਕਿ ਅਜਹੀ ਕੋਈ ਤਰਕੀਬ ਬਣਾ ਬਈ ਓਹ ਮੇਰੀ ਰਾਣੀ ਬਣ ਜਾਏ। ਕਹਿੰਦੀ ਤੂੰ ਐਦਾਂ ਕਰ ਬਈ ਔਰਤ ਬਣ ਜਾ ਤੇ ਗਹਿਣੇ ਪਾ ਲੈ ਤੇ ਜਨਾਨਾ ਕੱਪੜੇ ਵੀ :-

*ਚੌਪਈ ॥ ਤੁਮ ਨ੍ਰਿਪ ਭੇਸ ਨਾਰਿ ਕੇ ਧਾਰਹੁ ॥ ਭੂਖਨ ਬਸਤਰ ਅੰਗ ਸੁ ਧਾਰਹੁ ॥*
*ਭੁਜੰਗ ਧੁਜਾ ਕਹ ਦੈ ਦਿਖਰਾਈ ॥ ਫੁਨਿ ਅੰਗਨਾ ਮਹਿ ਜਾਹੁ ਛਪਾਈ ॥੧੦॥*

(ਤੀਨ ਸੌ ਪਚਪਨ ਚਰਿਤ੍ਰ ਪੰਨਾ ੧੩੧੧)

ਰਾਜੇ ਨੇ ਔਰਤ ਦੇ ਕੱਪੜੇ ਪਾਏ ਤੇ ਤਨ ਤੇ ਗਹਿਣੇ ਸਜਾਏ। ਓਹ ਔਰਤ ਦਾ ਭੇਖ ਧਾਰ ਕੇ ਔਰਤਾਂ ਵਿੱਚ ਲੁਕ ਗਿਆ। ਉਸੇ ਸਖੀ ਨੇ ਰਾਜੇ ਨੂੰ ਰਾਜ ਸੁਤਾ ਦਿਖਾ ਦਿੱਤੀ ਜਿਸ ਨੂੰ ਦੇਖ ਕੇ ਰਾਜਾ ਬੜਾ ਖੁਸ਼ ਹੋਇਆ। ਉਸ ਨੇ ਉਸੇ ਸਖੀ ਨੂੰ ਸਿਖਾ ਕੇ ਭੇਜਿਆ ਕਿ ਜਾ ਕੇ ਕਹਿ ਦੇ ਬਈ ਅਪਣੇ ਵਿਆਹ ਦੀ ਤਿਆਰੀ ਕਰੇ। ਸਖੀ ਇਹ ਸੁਣ ਕੇ ਘੜੀ ਦੋ ਘੜੀ ਬਾਦ ਵਾਪਸ ਪਰਤੀ ਤੇ ਆ ਕੇ ਕਹਿੰਦੀ ਕਿ ਹੇ ਰਾਜਕੁਮਾਰ ਪਹਿਲਾਂ ਅਪਣੀ ਧੀ ਉਸ ਨੂੰ ਦਿਓ ਤੇ ਬਦਲੇ ਵਿੱਚ ਉਸ ਦੀ ਭੈਣ ਲੇ ਲੈ। ਰਾਜੇ ਨੇ ਢਿੱਲ ਨਾ ਲਾਈ ਅਪਣੀ ਧੀ ਕੱਢ ਕੇ ਉਸ ਨੂੰ ਦੇ ਦਿੱਤੀ। ਪਹਿਲਾਂ ਧੀ ਦੇ ਕੇ ਵਿਆਹ ਰਚਾਇਆ ਪਰ ਰਾਜੇ ਨੂੰ ਪਤਾ ਈ ਨਾ ਚੱਲਾ ਕਿ ਇਹ ਇਕ ਔਰਤ ਬਣੀ ਫਿਰਦੈ। ਉਸ ਨੇ ਝੱਟ ਪੱਟ ਰਾਜੇ ਦਾ ਕਤਲ ਕਰਕੇ ਉਸ ਦੇ ਰਾਜ ਤੇ ਕਬਜਾ ਕਰ ਲਿਆ ਅਤੇ ਉਸ ਦੀ ਧੀ ਨਾਲ ਸ਼ਾਦੀ ਕਰ ਲਈ।

ਨੋਟ :- ਸਿੱਖ ਧਰਮ ਜੰਤ੍ਰ ਮੰਤ੍ਰ ਵਿੱਚ ਵਿਸ਼ਵਾਸ ਨਹੀਂ ਰੱਖਦਾ । ਜਿਹੜੇ ਅਜਿਹਾ ਕਰਦੇ ਅਤੇ ਕਰਾਉਂਦੇ ਹਨ ਉਹ ਸਿੱਖ ਧਰਮ ਦੇ ਮੈਂਬਰ ਨਹੀਂ ਹਨ ਅਤੇ ਨਾ ਹੀ ਸਿੱਖ ਧਰਮ ਕਿਸੇ ਤੀਰਥ ਤੇ ਨ੍ਹਾਣ ਨੂੰ ਕੋਈ ਅਹਿਮੀਅਤ ਦੇਂਦਾ ਹੈ। ਸਿੱਖ ਧਰਮ ਕਹਿੰਦਾ ਹੈ ਕਿ ਬਿਆਲੀਸ ਲੱਖ ਜੀਵ ਜਲ ਵਿੱਚ ਹੁੰਦੇ ਹਨ ਉਨ੍ਹਾਂ ਦਾ ਤਾਂ ਪਾਰ ਉਤਾਰਾ ਨਹੀਂ ਹੁੰਦਾ ਤੁਹਾਡੇ ਕਿਵੇਂ ਹੋਊ । ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਨੇ ਨਹਾਣਾ ਨਹੀਂ । ਜਿਸ ਵਿਸਵਾਸ ਨੂੰ ਲੈ ਕੇ ਲੋਕੀਂ ਤੀਰਥਾਂ ਤੇ ਨਹਾਉਂਦੇ ਹਨ ਕਿ ਸਾਡੇ ਪੂਰਬਲੇ ਪਾਪ ਧੋਤੇ ਜਾਣਗੇ ਉਹ ਵਿਸ਼ਵਾਸ ਗਲਤ ਅਤੇ ਥੋਥਾ ਹੈ । ਜੇ ਭਲਾਂ ਪਾਣੀ ਚ ਨਹਾਣ ਨਾਲ ਹੀ ਗਤਿ ਹੁੰਦੀ ਹੋਏ ਤਾਂ ਡੱਡੂ ਕੱਛੂ ਹਮੇਸ਼ਾ ਪਾਣੀ ਚ ਹੀ ਤਾਂ ਰਹਿੰਦੇ ਹਨ । ਓਹ ਵਿਚਾਰੇ ਐਨਾ ਨਹਾਣ ਤੋਂ ਬਾਦ ਵੀ ਡੱਡੂ ਦੇ ਡੱਡੂ ਹੀ ਰਹਿੰਦੇ ਹਨ ਫਿਰ ਬੰਦੇ ਦਾ ਪਾਰ ਉਤਾਰਾ ਕਿਸ ਤਰ੍ਹਾਂ ਹੋਊ ? ਹਾਂ ਗੁਰਬਾਣੀ ਇਹ ਵੀ ਕਹਿੰਦੀ ਐ ਬਈ ਬੰਦਾ ਜੇ ਜਿੱਦੀ ਤੇ ਢੀਠ ਸੁਭਾ ਦਾ ਮਨ ਦਾ ਕਠੋਰ ਬਨਾਰਸ ਜਾ ਕੇ ਮਰ ਜਾਏ ਤਾਂ ਉਸ ਦਾ ਨਰਕ ਨਹੀਂ ਕੱਟਿਆ ਜਾਣਾ । ਇਸ ਦੇ ਉਲਟ ਜੇ ਬੰਦਾ ਸ਼ਰੀਫ ਤੇ ਰੱਬ ਦਾ ਭਗਤ ਹੜੰਬੇ ਦੀ ਧਰਤੀ ਤੇ ਵੀ ਮਰ ਜਾਏ ਤਾਂ ਵੀ ਉਹ ਅਪਣੀਆਂ ਕੁੱਲਾਂ ਤਾਰ ਜਾਂਦਾ ਹੈ ।

ਜਿਵੇਂ ਅਸੀਂ ਪਹਿਲਾਂ ਵਿਚਾਰ ਕਰ ਚੁੱਕੇ ਹਾਂ ਕਿ ਦਸਮ ਗ੍ਰੰਥ ਸਿੱਖ ਧਰਮ ਦੇ ਹਰ ਪਹਿਲੂ ਤੇ ਕਰਾਰੇ ਵਾਰ ਕਰਦਾ ਹੈ ਅਤੇ ਸਿੱਖ ਧਰਮ ਦੀਆਂ ਜੜ੍ਹਾਂ ਵਿੱਚ ਤੇਲ ਦੇਂਦਾ ਹੈ । ਲਓ ਇਸੇ ਕਾਵਿ ਰਚਨਾ ਦੀ ਗੱਲ ਕਰਦੇ ਹਾਂ ਕਹਿੰਦਾ ਬੰਦੇ ਤੋਂ ਔਰਤ ਬਣ ਜਾ ਤੇ ਓਹ ਝੱਟ ਪੱਟ ਬਣ ਗਿਆ । ਹੁਣ ਪੁਜਾਰੀਆਂ ਨੂੰ ਪੁੱਛੋ ਬਈ ਸਿੱਖ ਰਹਿਤ ਮਰਿਯਾਦਾ ਦਾ ਕੀ ਬਣਿਆ ?

## ਸ਼ਹਿਰ : ਸੁਨਾਰ ਗਾਂਵ

(ਤੀਨ ਸੌ ਛਪਨ ਚਰਿਤ੍ਰ ਪੰਨਾ ੧੩੧੨-੧੩)

ਪਾਤਰ : ਸਬਲ ਸਿੰਘ (ਰਾਜਾ), ਦਲ ਥੰਭਨ ਦੇਈ (ਨਾਰਿ) ਤੇ ਜੋਗੀ

**ਜੰਤ੍ਰ ਮੰਤ੍ਰ ਨਾਲ ਵਰਖਾ-ਅੱਗ-ਲਹੂ ਤੇ ਹੱਡੀਆਂ ਦਾ ਮੀਂਹ ਵਰਸਾਓ** : ਹੇ ਰਾਜਾ ਸੁਣ ਮੈਂ ਤੈਨੂੰ ਇਕ ਹੋਰ ਕਥਾ ਸੁਣਾਉਂਦਾ ਹਾਂ । ਸ਼ਹਿਰ ਸੁਨਾਰ ਗਾਂਵ ਦੇ ਰਾਜਾ ਸਬਲ ਸਿੰਘ ਦੀ ਔਰਤ ਦਲ ਥੰਭਨ ਦੇਈ ਜੰਤ੍ਰ ਮੰਤ੍ਰ ਕਰਨ ਵਿੱਚ ਬੜੀ ਨਿਪੁੰਨ । ਉੱਥੇ ਇਕ ਜੋਗੀ ਸੋਹਣਾ ਸਨੁੱਖਾ ਆ ਪਹੁੰਚਿਆ ਜਿਸ ਦਾ ਰੂਪ ਤੱਕ ਕੇ ਰਾਣੀ ਉਸ ਤੇ ਰੀਝ ਗਈ । ਉਸ ਨੇ ਸੋਚਿਆ ਕਿ ਕੋਈ ਚਰਿਤ੍ਰ ਬਣਾ ਕੇ ਇਸ ਨੂੰ ਕਾਬੂ ਕਰਨਾ ਚਾਹੀਦਾ ਹੈ । ਉਸ ਨੇ ਬਿਨਾਂ ਵਰਖਾ ਦੇ ਬੱਦਲ ਗਰਜਾ ਦਿੱਤੇ ਤੇ ਅਪਣੀ ਮੰਤ੍ਰ ਸ਼ਕਤੀ ਨਾਲ ਅੱਗ ਦਾ ਮੀਂਹ ਵਰ੍ਹਾ ਦਿੱਤਾ । ਲਹੂ ਤੇ ਹੱਡੀਆਂ ਧਰਤੀ ਤੇ ਡਿੱਗਣ ਜਿਸ ਨੂੰ ਦੇਖ ਕੇ ਲੋਕੀਂ ਡਰ ਗਏ । ਰਾਜੇ ਨੇ ਮੰਤ੍ਰੀਆਂ ਨੂੰ ਸੱਦਿਆ । ਬ੍ਰਾਮ੍ਹਣਾਂ ਨੇ ਅਪਣੀਆਂ ਪੁਸਤਕਾਂ ਦਿਖਾਈਆਂ । ਰਾਜਾ ਕਹਿੰਦਾ ਕਿ ਇਸ ਬਿਘਨ ਦਾ ਕੋਈ ਉਪਚਾਰ ਕਰੋ । ਤਦ ਤੱਕ ਰਾਣੀ ਨੇ ਬੀਰ ਨੂੰ ਅਵਾਜ਼ ਮਾਰ ਕੇ ਉਸ ਕੋਲੋਂ ਕਹਲਵਾਇਆ ਕਿ ਇਕ ਢੰਗ ਹੈ ਜੇ ਰਾਜਾ ਕਰੇ ਉਹ ਇਹ ਕਿ ਰਾਜਾ ਪ੍ਰਜਾ ਦੇ ਨਾਲ ਮਰ ਜਾਏ । ਸਭਨਾਂ ਨੇ ਇਸ ਨੂੰ ਅਕਾਸ਼ਵਾਣੀ ਸਮਝਿਆ ਇਹ ਕੋਈ ਨਹੀਂ ਪਹਿਚਾਣ ਸਕਿਆ ਬਈ ਇਹ ਤਾਂ ਬੀਰ ਐ । ਫਿਰ ਬੀਰ ਨੇ ਕਿਹਾ ਕਿ ਜੇ ਰਾਜਾ ਧਨ ਸਮੇਤ ਅਪਣੀ ਔਰਤ ਜੋਗੀ ਨੂੰ ਦਾਨ ਕਰੇ ਤਦ ਇਹ ਪ੍ਰਜਾ ਸਹਿਤ ਨਹੀਂ ਮਰੇਗਾ । ਇਹ ਪ੍ਰਿਥੀ ਤੇ ਅਬਚਲ ਰਾਜ ਕਰੇਗਾ । ਰਾਜੇ ਨੇ ਹੁਕਮ ਮੰਨ ਲਿਆ :-

*ਦੋਹਰਾ ॥ ਪ੍ਰਜਾ ਸਹਿਤ ਰਾਜਾ ਛਲਾ ਗਈ ਮਿਤ੍ਰ ਕੇ ਨਾਰਿ ॥*
*ਭੇਦ ਅਭੇਦ ਬੁਰਾ ਭਲਾ ਸਕਾ ਨਾ ਕੋਈ ਬਿਚਾਰਿ ॥੧੦॥* (ਤੀਨ ਸੌ ਛਪਨ ਚਰਿਤ੍ਰ ਪੰਨਾ ੧੩੧੩)

ਨੋਟ :- ਜੰਤ੍ਰ ਮੰਤ੍ਰ ਨਾਲ ਬਿਨਾਂ ਵਰਖਾ ਦੇ ਬੱਦਲਾਂ ਦਾ ਗਰਜਨਾ-ਅੱਗ ਦਾ ਮੀਂਹ ਪੈਣਾ-ਲਹੂ ਤੇ ਹੱਡੀਆਂ ਦਾ ਧਰਤੀ ਤੇ ਡਿੱਗਣਾ ਦੂਜੇ ਧਰਮ ਭਾਵੇਂ ਸੱਚ ਮੰਨਦੇ ਹੋਣ ਪਰ ਸਿੱਖ ਧਰਮ ਅਜਿਹੇ ਕਰਨ ਕਰਾਉਣ ਵਾਲਿਆਂ ਨੂੰ ਸ਼ੈਤਾਨ ਦੀ ਉਪਜ ਦੱਸਦਾ ਹੈ । ਫਿਰ ਇਸ ਤੋਂ ਹੋਰ ਅੱਗੇ ਜਾ ਕੇ ਅਪਣੀ ਔਰਤ ਸੋਨੇ ਨਾਲ ਲੱਦ ਕੇ ਦਾਨ ਕਰਨੀ ਜਿਥੇ ਮਹਾਂ ਪਾਪ ਤੇ ਅਗਿਆਨਤਾ ਹੈ ਉੱਥੇ ਇਹ ਔਰਤ ਦੇ ਮੁੱਢਲੇ ਹੱਕਾਂ ਦਾ ਕਤਲ ਕਰਨਾ ਹੈ । ਬਿਨਾਂ ਔਰਤ ਦੀ ਇੱਛਾ ਜਾਣਿਆ ਡੰਗਰਾਂ ਦੀ ਤਰ੍ਹਾਂ ਦੂਜੇ ਕੀਲੇ ਜਬਰਦਸਤੀ ਬੰਨ੍ਹਣ ਨੂੰ ਸਿੱਖ ਧਰਮ ਫਿਟਕਾਰਦਾ ਹੈ । ਇਹ ਭਾਰੀ ਦੁੱਖ ਨਾਲ ਆਖਣਾ ਪੈਂਦਾ ਹੈ ਕਿ ਸਿੱਖ ਧਰਮ ਦੇ ਕੱਟੜ ਵੈਰੀਆਂ ਨੇ ਸਿੱਖ ਪੁਜਾਰੀਆਂ ਦਾ ਚੋਲਾ ਪਹਿਨ ਕੇ ਇਨ੍ਹਾਂ ਕਾਵਿ ਰਚਨਾਂ ਤੇ ਪਾਤਸ਼ਾਹੀ ੧੦ ਲਿਖ ਕੇ ਸਿੱਧ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜੰਤ੍ਰ ਮੰਤ੍ਰ ਟੂਣੇ ਤੰਤ੍ਰ ਕਰਨ ਤੇ ਕਰਵਾਉਣ ਦੇ ਹੱਕ ਵਿੱਚ ਸਨ ਅਤੇ ਔਰਤ ਸੋਨੇ ਨਾਲ ਲੱਦ ਕੇ ਦਾਨ ਕਰਨ ਨੂੰ ਭਲਾ ਕਰਮ ਜਾਣਦੇ ਸਨ । ਓਹ ਇਹ ਵੀ ਕਹਿਣਾ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਧਰਮ ਗੁਰੂ ਨਾਨਕ ਦੇ ਧਰਮ ਤੋਂ ਵੱਖਰਾ ਸੀ । ਕਿਉਂ ਕਿ ਸਿੱਖ ਅਖਵਾਉਂਦੇ ਵਿਦਵਾਨਾਂ ਅਤੇ ਪੁਜਾਰੀਆਂ ਉੱਤੇ ਗੁਰੂ ਨਾਨਕ ਦੇ ਸਿੱਖਾਂ ਨੇ ਵੱਡਾ ਵਿਸ਼ਵਾਸ ਕੀਤਾ ਹੈ ਜੋ ਹੁਣ ਸਮੁੱਚੀ ਕੌਮ ਨੂੰ ਭੁਗਤਣਾ ਪੈ ਰਿਹਾ ਹੈ । ਕੀ ਗੁਰੂ ਦੇ ਲਾਲ ਨੀਂਦ ਤੋਂ ਜਾਗ ਕੇ ਕੌਮ ਦਾ ਮੂੰਹ ਮੱਥਾ ਸਵਾਰਨ ਲਈ ਅੱਗੇ ਆਉਣਗੇ ? ਬਾ-ਹੋਸ਼ਿਆਰ-ਜਾਗਦੇ ਰਹਿਓ !

## ਨਗਰ : ਅਚਲਾਵਤੀ

(ਤੀਨ ਸੌ ਸਤਾਵਨ ਚਰਿਤ੍ਰ ਪੰਨਾ ੧੩੧੩-੧੪)

### ਭਾਂਗ ਹਫੀਮ ਪੋਸਤ ਖਾ ਕੇ ਔਰਤ ਭੋਗੋ

ਪਾਤਰ : ਸੂਰ ਸਿੰਘ (ਭੂਪ), ਅੰਜਨ ਦੇਇ (ਰਾਨੀ), ਖੰਜਨ ਦੇ (ਦੁਹਿਤਾ) ਤੇ ਪ੍ਰਚੰਡ ਸਿੰਘ (ਸੌਦਾਗਰ) : ਹੇ ਰਾਜਾ ਇਕ ਹੋਰ ਪ੍ਰਸੰਗ ਸੁਣ ਮੈਂ ਤੈਨੂੰ ਸੁਣਾਉਂਦਾ ਹਾਂ, ਅਚਲਾਵਤੀ ਨਗਰ ਦੇ ਰਾਜਾ ਸੂਰ ਸਿੰਘ ਦੀ ਖੂਬਸੂਰਤ ਔਰਤ ਅੰਜਨ ਦੇਇ ਦੀ ਸੁੰਦਰ ਧੀ ਖੰਜਨ ਦੇ ਇਕ ਸੌਦਾਗਰ ਪ੍ਰਚੰਡ ਸਿੰਘ ਦਾ ਰੂਪ ਦੇਖ ਕੇ ਸੋਚਣ ਲੱਗੀ ਕਿ ਕਿਉਂ ਨਾ ਰਾਜ ਪਾਟ ਤਿਆਗ ਕੇ ਇਸ ਦੇ ਨਾਲ ਭੱਜ ਜਾਵਾਂ । ਉਸ ਨੇ ਅਪਣੀ ਸਖੀ ਨੂੰ ਅਪਣੇ ਮਨ ਦੀ ਬਿਰਥਾ ਸਮਝਾ ਕੇ ਉਸ ਪਾਸ ਭੇਜਿਆ । ਸਖੀ ਨੇ ਝੱਟ ਪੱਟ ਦੋਨਾਂ ਦਾ ਮਿਲਾਪ ਕਰਵਾ ਦਿੱਤਾ । ਫਿਰ ਸਕੀਮ ਬਣਾਈ ਕਿ ਹਰ ਰੋਜ ਦਾ ਮਿਲਾਪ ਕਿਵੇਂ ਹੋਵੇ। ਕਹਿੰਦਾ ਦੇਗ ਵਿੱਚ ਬੈਠ ਕੇ ਸਾਰੇ ਸੁਰਾਖ ਬੰਦ ਕਰ ਲੈਣੇ ਤੇ ਉੱਤੇ ਤੰਬੂਰਾ ਰੱਖ ਕੇ ਨਦੀ ਵਿੱਚ ਠੱਲ ਪੈਣਾ ਮੈਂ ਆਪੇ ਹੀ ਤੈਨੂੰ ਠੀਕ ਥਾਂ ਤੇ ਕੱਢ ਲਵਾਂਗਾ। ਬਸ ਉਵੇਂ ਹੀ ਕੀਤਾ ਤੇ ਜਾ ਪਹੁੰਚੀ ਮਿਤ੍ਰ ਦੇ ਧਾਮ। ਉਥੇ ਪਹੁੰਚ ਕੇ ਪੋਸਤ ਭਾਂਗ ਅਫੀਮ ਮੰਗਾਈ ਤੇ ਦੋਹਾਂ ਨੇ ਮੰਜੀ ਤੇ ਬੈਠ ਕੇ ਚੜ੍ਹਾ ਲਈ । ਓਹ ਚਾਰ ਪਹਰ ਭੋਗ ਕਰਦੇ ਰਹੇ :-

*ਪੋਸਤ ਭਾਂਗ ਅਫੀਮ ਮੰਗਾਈ ॥ ਦੁਹੂੰ ਖਾਟ ਪਰ ਬੈਠਿ ਚੜ੍ਹਾਈ ॥*
*ਚਾਰਿ ਪਹਰ ਤਾਸੌ ਕਰਿ ਭੋਗਾ ॥ ਭੇਦ ਨ ਲਖਾ ਦੂਸਰੇ ਲੋਗਾ ॥੧੧॥*
*ਇਹ ਬਿਧਿ ਤਾਸੌ ਰੋਜ ਬੁਲਾਵੈ ॥ ਕਾਮ ਭੋਗ ਕਰਿ ਤਾਹਿ ਪਠਾਵੈ ॥*
*ਭੂਪ ਸਹਿਤ ਕੋਈ ਭੇਦ ਨ ਪਾਵੈ ॥ ਨਿਤਪ੍ਰਤਿ ਅਪਨੋ ਮੂੰਡ ਮੁੰਡਾਵੈ ॥੧੨॥*

(ਤੀਨ ਸੌ ਸਤਾਵਨ ਚਰਿਤ੍ਰ ਪੰਨਾ ੧੩੧੩)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਸਿੱਖ ਰਹਿਤ ਮਰਿਯਾਦਾ ਦੇ ਦੋ ਪਹਿਲੂਆਂ. 1) ਪਰਾਈ ਇਸਤ੍ਰੀ ਜਾਂ ਪਰਾਏ ਮਰਦ ਦਾ ਸੰਗ ਨਹੀਂ ਕਰਨਾ. 2) ਨਸ਼ਾ ਨਹੀਂ ਕਰਨਾ ਦਾ ਭੋਗ ਪਾਉਂਦੀ ਹੈ । ਧੀਆਂ ਭੈਣਾਂ ਨੂੰ ਸਿੱਖਿਆ ਦੇਂਦੀ ਹੈ ਬਈ ਪੋਸਤ ਭਾਂਗ ਅਫੀਮ ਦਾ ਰੱਜ ਕੇ ਨਸ਼ਾ ਕਰ ਕੇ ਮਿਤ੍ਰ ਨਾਲ ਰੰਗਰਲੀਆਂ ਮਨਾਓ । ਕੀ ਗੁਰ ਸਿੱਖ ਪੁਜਾਰੀਆਂ ਨੂੰ ਪੁਛਣਗੇ ਬਈ ਓਹ ਇਸ ਗੰਦੀ ਕਿਤਾਬ ਦਾ ਪ੍ਰਕਾਸ਼ ਗੁਰੂ ਘਰਾਂ ਚ ਕਿਉਂ ਕਰਦੇ ਹਨ ? ਅਖੰਡ ਪਾਠ ਸਹਿਜ ਪਾਠ ਤੇ ਸੰਪਟ ਪਾਠ ਕਿਉਂ ਕਰਦੇ ਹਨ ? ਦਸਮ ਗ੍ਰੰਥ ਦੀ ਹੋਂਦ ਸਿੱਖ ਧਰਮ ਦੇ ਪੱਤਣ ਦਾ ਕਾਰਣ ਬਣੇਗੀ ਮਤਾਂ ਕਿਤੇ ਦੇਰ ਹੋ ਜਾਏ ਪੁਜਾਰੀਆਂ ਦੇ ਹੱਥੀਂ ਇਸ ਕਿਤਾਬ ਦੀ ਹੋਂਦ ਖ਼ਤਮ ਕਰਾਓ । ਰੱਬ ਤੁਹਾਡਾ ਭਲਾ ਕਰੇ ।

## ਨਗਰ : ਸੁੰਦ੍ਰਾਵਤੀ

(ਤੀਨ ਸੌ ਅਠਾਵਨ ਚਰਿਤ੍ਰ ਪੰਨਾ ੧੩੧੪)

### ਇਸ਼ਕ ਇੰਜ ਵੀ ਕਰੀਦੈ

ਪਾਤਰ : ਸੁੰਦਰ ਸਿੰਘ (ਰਾਜਾ), ਸੁੰਦਰ ਦੇ (ਨਾਰੀ) ਤੇ ਸ਼ਾਹ ਦਾ ਪੁੱਤ:

ਹੇ ਰਾਜਾ ਸੁਣ ਮੈਂ ਤੈਨੂੰ ਇਕ ਹੋਰ ਸੱਜਰੀ ਕਥਾ ਸੁਣਾਉਂਦਾ ਹਾਂ। ਐਦਾਂ ਦੀ ਨਾ ਪਹਿਲਾਂ ਕਦੇ ਸੁਣੀ ਹੋਊ ਤੇ ਨਾ ਹੀ ਅੱਗੋਂ ਕੋਈ ਸੁਣਾਏਗਾ । ਸੁੰਦ੍ਰਾਵਤੀ ਨਗਰ ਦੇ ਰਾਜਾ ਸੁੰਦਰ ਸਿੰਘ ਦੀ ਖੂਬਸੂਰਤ ਔਰਤ ਇਕ ਸ਼ਾਹ ਦੇ ਸੋਹਣੇ ਸਨੁੱਖੇ ਰੂਪ ਨੂੰ ਤੱਕ ਕੇ ਦੀਵਾਨੀ ਹੋ ਗਈ । ਉਸ ਨੇ ਸਹੇਲੀ ਭੇਜੀ ਤੇ ਫਿਰ :-

*ਪਠੈ ਸਹਚਰੀ ਤਾਹਿ ਬੁਲਾਵਾ ॥ ਕਾਮ ਭੋਗ ਕਿਯ ਜਸ ਮਨ ਭਾਵਾ ॥*
*ਤਹ ਇਕ ਹੁਤੀ ਨ੍ਰਿਪਤਿ ਕੀ ਚੇਰੀ ॥ ਹੇਰਿ ਗਈ ਜਸ ਹੇਰਿ ਅਹੇਰੀ ॥੭॥*

(ਤੀਨ ਸੌ ਅਠਾਵਨ ਚਰਿਤ੍ਰ ਪੰਨਾ ੧੩੧੪)

ਉਸ ਨੇ ਰਾਜੇ ਦਾ ਪੈਰ ਦਬਾ ਕੇ ਜਗਾਇਆ ਕਿ ਤੇਰੇ ਘਰ ਇਕ ਚੋਰ ਆਇਆ ਹੈ ਜੋ ਰਾਣੀ ਦੇ ਨਾਲ ਭੋਗ ਬਿਲਾਸ ਕਰ ਰਿਹਾ ਹੈ। ਰਾਜਾ ਗੁੱਸਾ ਖਾ ਕੇ ਹੱਥ ਵਿੱਚ ਤਲਵਾਰ ਲੈ ਕੇ ਭੱਜਾ। ਅੱਗੇ ਰਾਣੀ ਨੂੰ ਰਾਜੇ ਦੇ ਆਉਣ ਦੀ ਭਿਣਕ ਪਈ ਉਸ ਨੇ ਬਹੁਤ ਸਾਰਾ ਧੂੰਆ ਧੁਖਾ ਦਿੱਤਾ। ਜਿਹੜਾ ਵੀ ਨੇੜੇ ਢੁੱਕਦਾ ਧੂੰਏਂ ਨਾਲ ਅੱਖਾਂ ਬੰਦ ਹੋ ਜਾਂਦੀਆਂ ਅਤੇ ਪਾਣੀ ਵਗਣ ਲੱਗਦਾ। ਇਸੇ ਧੂੰਏਂ ਦੀ ਆਡ ਵਿੱਚ ਰਾਣੀ ਨੇ ਮਿਤ੍ਰ ਤੋਰ ਦਿੱਤਾ। ਜਦ ਰਾਜੇ ਨੇ ਰਾਣੀ ਦਾ ਘਰ ਦੇਖਿਆ ਤਾਂ ਕੁੱਝ ਨਾ ਲੱਭਾ। ਉਸ ਨੇ ਉਲਟਾ ਅਪਣੀ ਮਿਤ੍ਰ ਦਾਸੀ ਨੂੰ ਹੀ ਕਤਲ ਕਰ ਦਿੱਤਾ ਕਿ ਤੂੰ ਝੂਠ ਬੋਲੀ ਹੈਂ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਸਿੱਖਿਆ ਦੇਂਦੀ ਹੈ ਕਿ ਪਤੀ ਬਰਤਾ ਜਾਂ ਪਤਨੀ ਬਰਤਾ ਹੋਣ ਦੀ ਲੋੜ ਨਹੀਂ। ਜਿਹੜਾ ਮੁੰਡਾ ਜਾਂ ਕੁੜੀ ਪਸੰਦ ਆਏ ਵਿੱਚ ਵਿਚੋਲਾ ਜਾਂ ਵਿਚੋਲਣ ਪਾ ਕੇ ਸਰੀਰਕ ਨਿੱਘ ਲਿਆ ਜਾ ਸਕਦਾ ਹੈ । ਪਰ ਇਸ ਸਿੱਖਿਆ ਨਾਲ ਸਿੱਖ ਰਹਿਤ ਮਰਿਯਾਦਾ ਦਾ ਕੀ ਬਣਿਆ ? ਸ਼ਾਇਦ ਵੱਡੇ ਪੁਜਾਰੀ ਜਾਣਦੇ ਹੋਣ ਪਰ ਸੱਚੀਂ ਓਹ ਤਾਂ ਅਜਿਹੇ ਹਰ ਮਸਲੇ ਤੇ ਗੂੰਗੇ ਬਹਿਰੇ ਹੋ ਜਾਂਦੇ ਹਨ। ਦੇਖੋ ਨਾ ਸਾਧਾਂ ਦੁਆਰਾ ਇੱਜਤਾਂ ਲੁਟਾ ਚੁੱਕੀਆਂ ਅਬਲਾਵਾਂ ਨੇ ਜਦ ਪੁਜਾਰੀਆਂ ਕੋਲ ਫਰਿਯਾਦ ਕੀਤੀ ਤਾਂ ਕਹਿੰਦੇ ਖੇਖਣੀਆਂ ਕਰਦੀਆਂ ਐਂ ਇਨ੍ਹਾਂ ਨੂੰ ਕੱਖ ਨਹੀਂ ਹੋਇਆ। ਹੈ ਨਾ ਦਸਮ ਗ੍ਰੰਥ ਦੀ ਸਿੱਖਿਆ ਦਾ ਕਮਾਲ। ਵਿਚਾਰੇ ਪੁਜਾਰੀ ਵੀ ਕਿਆ ਕਰਨ ਇਸ ਨੂੰ ਪੜ੍ਹ ਪੜ੍ਹ ਕੇ ਅੱਠੇ ਪਹਿਰ ਕਾਮ ਵਿੱਚ ਭਵਕੇ ਰਹਿੰਦੇ ਹਨ। ਖ਼ਬਰਦਾਰ-ਬਾ-ਹੋਸ਼ਿਆਰ ਜਾਗਦੇ ਰਹਿਓ !

ਇਲਾਕਾ : ਅਪੂਰਬ ਨਗਰੀ ਦੇਸ : ਪੂਰਬ ਨਗਰ (ਤੀਨ ਸੌ ਉਨਸਠਿ ਚਰਿਤ੍ਰ ਪੰਨਾ ੧੩੧੫)

ਪਾਤਰ : ਸ਼ਿਵ ਪ੍ਰਸਾਦ (ਰਾਜਾ), ਭਾਵਨ ਦੇ (ਨਾਰੀ), ਮਨਮੋਹਨ ਦੇ (ਸੁਤਾ) ਤੇ ਸ਼ਾਹਮਦਾਰ (ਪੀਰ)

**ਮਿਤ੍ਰ ਨਾਲ ਘਰੋਂ ਭੱਜਣ ਲਈ ਨਵੀਂ ਨਕੋਰ ਸਿੱਖਿਆ :** ਹੇ ਰਾਜਾ ਇਕ ਹੋਰ ਚਰਿਤ੍ਰ ਸੁਣ ਜਿਸ ਨਾਲ ਔਰਤ ਨੇ ਅਪਣੇ ਮਿੱਤ੍ਰ ਨੂੰ ਕੱਢਿਆ। ਪੂਰਬ ਦੇਸ ਦੇ ਅਪੂਰਬ ਨਗਰ ਦੇ ਰਾਜਾ ਸ਼ਿਵ ਪ੍ਰਸਾਦ ਦੀ ਰਾਣੀ ਭਾਵਨ ਦੇ ਦੀ ਧੀ ਮਨਮੋਹਨ ਦੇ ਨੇ ਸ਼ਾਹਮਦਾਰ ਪੀਰ ਦੀ ਥਾਂ ਜਿੱਥੇ ਅਨੇਕਾਂ ਰਾਜੇ ਤੇ ਪ੍ਰਜਾ ਪੂਜਾ ਲਈ ਆਉਂਦੇ। ਉੱਥੇ ਪੂਜਾ ਲਈ ਆਏ ਇਕ ਬੰਦੇ ਨੂੰ ਰਾਜੇ ਦੀ ਧੀ ਨੇ ਅਪਣੀ ਸਹੇਲੀ ਭੇਜ ਕੇ ਬੁਲਾਇਆ ਤੇ ਸੁਰੂ ਹੋਇਆ ਪ੍ਰੇਮ ਖੇਲ :-

*ਏਕ ਪੁਰਖ ਨ੍ਰਿਪ ਕੀ ਦੁਹਿਤਾ ਕਹ ਭਾਇਯੋ ॥ ਪਠੈ ਸਹਚਰੀ ਤਾਕਹ ਤਹੀ ਬੁਲਾਇਯੋ ॥*

*ਤਹੀ ਕਾਮ ਕੇ ਕੇਲ ਤਰੁਨਿ ਤਾਸੌ ਕਿਯੋ॥ ਹੋ ਹਸਿ ਹਸਿ ਕਰਿ ਆਸਨ ਤਾਕੌ ਕਸਿਕਸਿ ਲਿਯੋ॥੪॥*

(ਤੀਨ ਸੌ ਉਨਸਠਿ ਚਰਿਤ੍ਰ ਪੰਨਾ ੧੩੧੫)

ਰਾਜੇ ਨੇ ਜੋ ਪੀਰ ਦੀ ਖ਼ਾਤਿਰ ਚੂਰਮਾ ਬਣਾਇਆ ਉਸ ਵਿੱਚ ਔਰਤ ਨੇ ਬਹੁਤ ਸਾਰੀ ਭੰਗ ਪਾ ਦਿੱਤੀ। ਸਭ ਸੋਫੀ ਲੋਕ ਦੀਵਾਨੇ ਹੋ ਗਏ ਇਉਂ ਲੱਗੇ ਜਣੋ ਬਿਨਾਂ ਹਥਿਆਰ ਦੇ ਹੀ ਆਪੇ ਮਾਰੇ ਗਏ। ਰਾਜੇ ਦੀ ਧੀ ਮੌਕਾ ਤਾੜ ਕੇ ਮਿਤ੍ਰ ਨਾਲ ਭੱਜ ਗਈ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਪ੍ਰਸਾਦਿ ਵਿੱਚ ਨਸ਼ਾ ਮਿਲਾ ਕੇ ਬੇਸੁਰਤਿ ਕਰ ਕੇ ਮਿਤ੍ਰ ਨਾਲ ਭੱਜ ਜਾਓ ਅਤੇ ਰੰਗਰਲੀਆਂ ਮਨਾਓ। ਹੈ ਨਾ ਕਮਾਲ ਦੀਆਂ ਸਿੱਖਿਆਵਾਂ ਸਿੱਖ ਧਰਮ ਦੇ ਪੁਜਾਰੀ ਅਜਿਹੀਆਂ ਸਿੱਖਿਆਂਵਾਂ ਨੂੰ ਗੁਰਬਾਣੀ ਆਖ ਆਖ ਕੇ ਮੱਥੇ ਟਿਕਾਉਂਦੇ ਹਨ। ਭੋਲੀ ਭਾਲੀ ਸੰਗਤਿ ਨੂੰ ਪੈਸੇ ਅਤੇ ਸਰੀਰਕ ਪੱਖੋਂ ਖੂਬ ਲੁੱਟਦੇ ਹਨ। ਖਾਸ ਖਾਸ ਕੁੜੀਆਂ ਨੂੰ ਚੁਣ ਕੇ ਉਹ ਇਸ ਦਾ ਪਾਠ ਕਰਾ ਕਰਾ ਕੇ ਉਤੇਜਿਤ ਕਰਦੇ ਹਨ ਤੇ ਫਿਰ ਉਨ੍ਹਾਂ ਦਾ ਸੋਸਣ। ਸਾਡੀਆਂ ਧਾਰਮਿਕ ਅਖਵਾਉਂਦੀਆਂ ਕਈ ਮਹਾਨ ਜਥੇਬੰਦੀਆਂ ਇਸ ਵਿੱਚ ਭਾਈਵਾਲ ਹਨ ਹਰ ਸਿੱਖ ਦਾ ਫ਼ਰਜ ਹੈ ਕਿ ਉਹ ਇਸ ਕੁਕਰਮ ਨੂੰ ਰੋਕਣ ਲਈ ਅੱਗੇ ਆਏ ਅਤੇ ਇਨ੍ਹਾਂ ਗੰਦੇ ਲੋਕਾਂ ਨੂੰ ਉਜਾਗਰ ਕਰੇ। ਬਾ-ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਪਰਬਲ ਸਿੰਘ (ਰਾਜਾ), ਸ੍ਰੀ ਝਕਝੁਕਮ ਦੇ (ਨਾਰਿ) ਤੇ ਸੁਘਰ ਸੈਨ (ਖਤਿਰੇਟਾ)(ਤੀਨ ਸੌ ਸਠ ਚਰਿਤ੍ਰ ਪੰਨਾ ੧੩੧੫-੧੬)

ਹੇ ਰਾਜਾ ਇਕ ਹੋਰ ਪ੍ਰਸੰਗ ਸੁਣ ਜਿਹੜਾ ਰਾਜੇ ਦੀ ਧੀ ਨੇ ਅਪਣੇ ਪਿਓ ਨਾਲ ਕੀਤਾ। ਪ੍ਰਬਲ ਸਿੰਘ ਰਾਜੇ ਤੋਂ ਵੈਰੀ ਤਾਂ ਇਕ ਪਾਸੇ ਧਰਤੀ ਵੀ ਥਰ ਥਰ ਕੰਬਦੀ ਸੀ। ਓਸ ਦੀ ਰਾਣੀ ਸ੍ਰੀ ਝਕਝੂਮਕ ਦੇ, ਦੇ ਹੁਸਨ ਦਾ ਕੀ ਕਹਿਣਾ ਜਣੋ ਬ੍ਰਹਮਾ ਨੇ ਖੁਦ ਘੜੀ ਹੋਏ। ਉਥੇ ਇਕ ਸੁਘਰ ਸੈਨ ਖਤਿਰੇਟਾ ਹਮੇਸ਼ਾ ਇਸ਼ਕ ਮੁਸ਼ਕ ਵਿੱਚ ਲਪੇਟਿਆ ਰਹਿੰਦਾ। ਇਕ ਦਿਨ ਰਾਜਾ ਜਗਨਨਾਥ ਅਪਣੇ ਪ੍ਰੀਵਾਰ ਸਮੇਤ ਗਿਆ। ਉਹ ਜਗਨਨਾਥ ਦਾ ਮੰਦਰ ਦੇਖ ਕੇ ਕਹਿੰਦਾ ਕਿ ਮੇਰੇ ਪੁਰਾਣੇ ਪਾਪ ਧੋਤੇ ਗਏ ਤੇ ਮੇਰਾ ਜਨਮ ਸਫਲ ਹੋ ਗਿਆ ਹੈ। ਮੈਂ ਜਗਨਨਾਥ ਦੇ ਦਰਸਨ ਕੀਤੇ ਤੇ ਹੱਥਾਂ ਨਾਲ ਚਰਨ ਛੂਹੇ ਹਨ। ਐਨੇ ਨੂੰ ਰਾਜੇ ਦੀ ਧੀ ਆ ਗਈ। ਉਸ ਨੂੰ ਤੱਕ ਕੇ ਕਹਿੰਦਾ ਕਿ ਅੱਜ ਇਹ ਜਿਸ ਨਾਲ ਚਾਹੇ ਵਿਆਹ ਕਰ ਸਕਦੀ ਹੈ। ਜਦ ਸਵੇਰੇ ਸੌਂ ਕੇ ਉੱਠੀ ਤਾਂ ਪਿਤਾ ਨੂੰ ਕਹਿੰਦੀ ਕਿ ਜਿਹੜਾ ਸੁਘਰ ਸੈਨ ਖੱਤ੍ਰੀ ਐ ਨਾ ਮੇਰਾ ਉਸੇ ਨਾਲ ਵਿਆਹ ਕਰ ਦਿਓ। ਰਾਜੇ ਨੇ ਉਸ ਦੀ ਸਧਰ ਪੂਰੀ ਕੀਤੀ।

ਨੋਟ :- ਗੁਰੂ ਦਾ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ ਰੱਬ ਦੀ ਪੂਜਾ ਕਰਦਾ ਹੈ ਕਿਸੇ ਦੇਵੀ ਦੇਵਤੇ ਦੀ ਨਹੀਂ ਅਤੇ ਨਾ ਹੀ ਓਹ ਮੰਦਰ ਦਾ ਪੁਜਾਰੀ ਹੈ ਅਤੇ ਨਾ ਹੀ ਸਿੱਖ ਦਾ ਰੱਬ ਕਿਸੇ ਮੰਦਰ ਚ ਰਹਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਪਾਤਸ਼ਾਹੀ ੧੦ ਥੱਲੇ ਜਗਨਨਾਥ ਦੀ ਉਪਮਾ ਕਰਾਣੀ ਗੁਰੂ ਦਾ ਅਪਮਾਨ ਕਰਨਾ ਹੈ। ਇਕ ਗੱਲ ਹੋਰ ਬਈ ਸਭ ਗੁਰੂਆਂ ਨੇ ਬਾਣੀ ਉਚਾਰਣ ਵੇਲੇ ਨਾਨਕ ਪਦੁ ਵਰਤਿਆ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਜਾਂ ਰਾਮਦਾਸ ਨਹੀਂ ਲਿਖਿਆ। ਫਿਰ ਪਾਤਸ਼ਾਹੀ ੧੦ ਕਿੱਥੋਂ ਉਜਾਗਰ ਹੋ ਗਿਆ। ਜੇਕਰ ਸੱਚੀਂ ਮੁੱਚੀਂ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖੀਆਂ ਹੁੰਦੀਆਂ ਤਾਂ ਉਥੇ ਲਿਖਿਆ ਹੋਣਾ ਸੀ ਮਹਲਾ ੧੦ਵਾਂ। ਇਸ ਲਈ ਇਹ ਕਿਸੇ ਮਹਾਂ ਨਿਕੰਮੇ ਮਨੁੱਖ ਦੇ ਦਿਮਾਗ ਦੀ ਉਪਜ ਹੈ ਜਿਸ ਨੇ ਇਨ੍ਹਾਂ ਅਸ਼ਲੀਲ ਰਚਨਾਵਾਂ ਤੇ ਪਾਤਸ਼ਾਹੀ ੧੦ ਲਿਖ ਕੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਹਨ। ਗੁਰਬਾਣੀ ਕਹਿੰਦੀ ਕਿ ਨਿਰਾ ਦੇਖਣ ਜਾਂ ਪੈਰ ਪਰਸਣ ਨਾਲ ਹੀ ਰੱਬ ਨਹੀਂ ਮਿਲ ਜਾਂਦਾ ਅਤੇ ਨਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਥੇ ਗੁਰਬਾਣੀ ਦੇ ਇਸ ਨਿਸਚੇ ਤੇ ਵੀ ਕਰਾਰੀ ਚੋਟ ਕੀਤੀ ਹੈ ਜਦ ਲਿਖਿਆ ਹੈ ਕਿ :-

*ਹਮਰੋ ਪਾਪ ਪੁਰਾਤਨ ਗਯੋ ॥ ਸਫਲ ਜਨਮ ਹਮਰੋ ਅਬ ਭਯੋ ॥*

*ਜਗੰਨਾਥ ਕੋ ਪਾਯੋ ਦਰਸਨ॥ ਔਰਤ ਕਰਾ ਹਾਥਨ ਪਗ ਪਰਸਨ॥੪॥*(ਤੀਨ ਸੌ ਸਠ ਚਰਿਤ੍ਰ ਪੰਨਾ ੧੩੧੫)

ਗੁਰੂ ਉਪਦੇਸ ਤਾਂ ਕਹਿੰਦਾ ਹੈ ਕਿ ਜਦ ਤੱਕ ਸਬਦ ਦੀ ਵਿਚਾਰ ਨਾ ਕੀਤੀ ਜਾਏ ਉਦੋਂ ਤੱਕ ਮੁਕਤੀ ਨਹੀਂ ਮਿਲਦੀ ਤੇ ਨਿਰਾ ਦੇਖਣ ਨਾਲ ਕਿਵੇਂ ਮਿਲੂ ? ਇਥੇ ਗੁਰੂ ਨੂੰ ਮੋਹਰਾ ਬਣਾ ਕੇ ਗੰਦਾ ਪੱਤਾ ਖੇਲਿਆ ਹੈ ਕਿ ਸਿੱਖਾਂ ਦਾ

ਗੁਰੂ ਜਗੰਨਾਥ ਦੀ ਉਪਮਾ ਕਰ ਰਿਹਾ ਹੈ । ਇਹ ਚਰਿਤ੍ਰ ਵੀ ਸਿੱਖ ਰਹਿਤ ਮਰਿਯਾਦਾ ਦਾ ਉੱਕਾ ਹੀ ਭੋਗ ਪਾਉਂਦਾ ਹੈ ਅਤੇ ਸਿੱਖ ਦੇ ਅੰਦਰ ਗੁਰੂ ਪ੍ਰਤੀ ਬੇ ਵਿਸ਼ਵਾਸੀ ਪੈਦਾ ਕਰਦਾ ਹੈ । ਖ਼ਬਰਦਾਰ-ਬਾ ਹੋਸ਼ਿਆਰ-ਜਾਗਦੇ ਰਹਿਓ !

ਨਗਰ : ਮਹੇਸ੍ਰਾਵਤਿ (ਤੀਨ ਸੌ ਇਕਸਠ ਚਰਿਤ੍ਰ ਪੰਨਾ ੧੩੧੬-੧੭)

## ਇਸ਼ਕ ਇੰਜ ਵੀ ਹੁੰਦੈ

ਪਾਤਰ : ਮਹੇਸ੍ਰ ਸਿੰਘ (ਰਾਜਾ), ਰਾਜ ਗਾਮਿਨਿ (ਸੁਤਾ) ਤੇ ਗਾਜੀ ਰਾਇ : ਲੈ ਰਾਜਾ ਇਕ ਹੋਰ ਕਹਾਣੀ ਸੁਣ । ਮਹੇਸ੍ਰਾਵਿਤ ਦੇ ਰਾਜਾ ਮਹੇਸ੍ਰ ਸਿੰਘ ਦੀ ਖੂਬਸੂਰਤ ਧੀ ਰਾਜ ਗਾਮਿਨਿ ਗਾਜੀ ਰਾਇ ਦਾ ਰੂਪ ਤੱਕ ਕੇ ਦੀਵਾਨੀ ਹੋ ਗਈ । ਗਾਜੀ ਰਾਇ ਦਾ ਜਦ ਕੋਈ ਚਾਰਾ ਨਾ ਚੱਲਿਆ ਤਾਂ ਉਸ ਨੇ ਇਕ ਕਿਸਤੀ ਮੰਗਾਈ । ਉਸ ਦਾ ਨਾਂ ਰਾਜ ਕੁਅਰਿ ਰੱਖਿਆ । ਕਹਿੰਦਾ ਮੈਂ ਰਾਜ ਕੁਅਰਿ (ਰਾਜ ਕੁਮਾਰੀ) ਵੇਚਣ ਆਇਆ ਹਾਂ ਹੈ ਕੋਈ ਖਰੀਦਦਾਰ ?

*ਮੈਂ ਲੈ ਰਾਜ ਕੁਅਰਿ ਕੌ ਜਾਊਂ ॥ ਬੇਚੌ ਜਾਇ ਔਰ ਹੀ ਗਾਊਂ ॥*
*ਲੈਨੀ ਹੋਇ ਨਾਵ ਤਬ ਲੀਜੈ ॥ ਨਾ ਤਰ ਹਮੈਂ ਬਿਦਾ ਕਰਿ ਦੀਜੈ ॥੭॥*

(ਤੀਨ ਸੌ ਇਕਸਠ ਚਰਿਤ੍ਰ ਪੰਨਾ ੧੩੧੬)

ਮੂਰਖ ਰਾਜਾ ਭੇਦ ਨਾ ਜਾਣ ਸਕਿਆ ਦਿਨ ਬੀਤਿਆ ਰਾਤ ਆਈ । ਰਾਜ ਸੁਤਾ ਨੇ ਦੇਗ ਮੰਗਾਈ ਤੇ ਉਸ ਵਿੱਚ ਬੈਠ ਕੇ ਛੇਕ ਬੰਦ ਕਰ ਕੇ ਕਿਸਤੀ ਨਾਲ ਬੰਨ ਦਿੱਤੀ । ਜਦ ਸਵੇਰੇ ਰਾਜੇ ਨੇ ਦੀਵਾਨ ਸਜਾਇਆ ਤਾਂ ਇਕ ਆਦਮੀ ਕਹਿੰਦਾ ਕਿ ਓਹ ਅਪਣੀ ਰਾਜ ਕੁਅਰਿ ਨੂੰ ਲੈ ਜਾਏਗਾ । ਰਾਜਾ ਕਹਿੰਦਾ ਦਫਾ ਕਰ ਮੇਰੇ ਘਰ ਬੜੀਆਂ ਕਿਸਤੀਆਂ ਹਨ । ਓਹ ਰਾਜੇ ਦੀ ਧੀ ਨੂੰ ਲੈ ਕੇ ਚਲਦਾ ਬਣਿਆ ਤੇ ਰਾਜਾ ਹੱਥ ਮਲਦਾ ਰਹਿ ਗਿਆ ।

ਨੋਟ :- ਮੁੱਖ ਪਾਤਰ ਇਕ ਸਿੱਖ ਨੂੰ ਪੇਸ਼ ਕਰ ਕੇ ਕਿਵੇਂ ਉਸ ਦਾ ਮੌਜੂ ਉਡਾਇਆ ਹੈ ਆਪ ਜੀ ਨੇ ਪੜ੍ਹਿਆ । ਇਸ ਤੋਂ ਪਹਿਲਾਂ ਵੀ ਅਨੇਕਾਂ ਹੀ ਕਾਵਿ ਰਚਨਾਵਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ ਤੇ ਇਹ ਪ੍ਰਭਾਵ ਦਿੱਤਾ ਹੈ ਕਿ ਸਿੱਖ ਅਪਣੀਆਂ ਔਰਤਾਂ ਨੂੰ ਸੰਤੁਸਟ ਕਰਾਣ ਜੋਗੇ ਵੀ ਨਹੀਂ ਉਨ੍ਹਾਂ ਦੀਆਂ ਤੀਵੀਆਂ ਤੇ ਧੀਆਂ ਬਾਹਰ ਗੈਰਾਂ ਨਾਲ ਖੇਹ ਖਾਂਦੀਆਂ ਹਨ । ਕੀ ਇਹ ਸਭ ਕੁੱਝ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ? ਜੇ ਨਹੀਂ ਤਾਂ ਓਹ ਕੌਣ ਹਨ ਜੋ ਗੁਰੂ ਦਾ ਅਪਮਾਨ ਕਰਦੇ ਰਹੇ ਹਨ ? ਕੋਣ ਹਨ ਓਹ ਜੋ ਇਸ ਅੱਗੇ ਨਮਸਕਾਰਾਂ ਕਰਦੇ ਹਨ ਅਤੇ ਅਖੰਡ ਪਾਠ ਕਰਦੇ ਹਨ ? ਜਾਗਦੀ ਜ਼ਮੀਰ ਨਾਲ ਸੋਚਣ ਦਾ ਕਸ਼ਟ ਕਰਨਾ ਜੀ ਤੇ ਅਪਣਾ ਬਣਦਾ ਯੋਗਦਾਨ ਜਰੂਰ ਪਾਉਣਾ । ਰੱਬ ਤੁਹਾਨੂੰ ਵੱਡੀ ਉਮਰ ਦਏ ।

## ਘਰੋਂ ਭੱਜਣ ਦੇ ਹੀਲੇ ਵਸੀਲੇ ਸਿੱਖੋ

(ਤੀਨ ਸੌ ਬਾਸਠਿ ਚਰਿਤ੍ਰ ਪੰਨਾ ੧੩੧੭)

ਪਾਤਰ : ਜੇਠ ਮੱਲ (ਛੱਤ੍ਰੀ) ਤੇ ਗੁੱਲੋ (ਖੱਤ੍ਰਾਨੀ)

ਰਾਜਾ ਇਕ ਹੋਰ ਅਨੋਖੀ ਕਹਾਣੀ ਸੁਣ । ਗੁੱਲੋ ਖੱਤ੍ਰਾਨੀ ਜੇਠ ਮੱਲ ਛੱਤ੍ਰੀ ਨਾਲ ਵਿਆਹੀ ਗਈ । ਉਸ ਨੂੰ ਇਕ ਹੋਰ ਮਰਦ ਪਸੰਦ ਆ ਗਿਆ ਤੇ ਅਪਣੇ ਪਤੀ ਲਈ ਪਿਆਰ ਘਟਾ ਦਿੱਤਾ :-

*ਤਾਕੌ ਔਰ ਪੁਰਖ ਇਕ ਭਾਯੋ ॥ ਨਿਜੁ ਪਤਿ ਸੇਤੀ ਹੇਤੁ ਭੁਲਾਯੋ ॥*
*ਰੈਨਿ ਦਿਵਸ ਤਿਹ ਧਾਮ ਬੁਲਾਵੈ ॥ ਕਾਮ ਭੋਗ ਤਿਨ ਸਾਥ ਕਮਾਵੈ ॥੨॥*

(ਤੀਨ ਸੌ ਬਾਸਠਿ ਚਰਿਤ੍ਰ ਪੰਨਾ ੧੩੧੭)

ਇਕ ਦਿਨ ਓਹਦੇ ਪਤੀ ਨੂੰ ਅਪਣੀ ਗੁੱਲੋ ਦੇ ਮੰਦੇ ਕਰਮ ਦਾ ਪਤਾ ਚੱਲ ਗਿਆ । ਉਸ ਨੇ ਜੁੱਤੀ ਨਾਲ ਉਸ ਨੂੰ ਬਹੁਤ ਕੁੱਟਿਆ ਤੇ ਬਹੁਤ ਲੜਾਈ ਕੀਤੀ । ਔਰਤ ਨੇ ਇਕ ਗੋਂਦ ਗੁੰਦੀ । ਉਸ ਨੇ ਖਸਮ ਛੱਡ ਦਿੱਤਾ ਤੇ ਫਕੀਰਾਂ ਦਾ ਭੇਖ ਧਾਰਣ ਕਰ ਲਿਆ । ਅਪਣੇ ਮਿਤ੍ਰ ਨੂੰ ਵੀ ਅਪਣੇ ਨਾਲ ਲਿਆ ਤੇ ਹੋਰ ਦੇਸ ਚਲੀ ਗਈ । ਓਹ ਵੱਖ ਵੱਖ ਦੇਸਾਂ ਚ ਘੁੰਮਦੀ ਪਰ ਕੋਈ ਨਾ ਪਛਾਣ ਸਕਿਆ ਬਈ ਇਹ ਬੰਦਾ ਐ ਜਾਂ ਔਰਤ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾਂ ਸਿੱਖਿਆ ਦੇਂਦੀ ਹੈ ਕਿ ਕਿਵੇਂ ਧਰਮ ਦਾ ਲਿਬਾਸ ਪਹਿਨ ਕੇ ਇਸ਼ਕ ਕੀਤਾ ਜਾ ਸਕਦੈ । ਜਿੱਥੋਂ ਤੱਕ ਚਾਰੇ ਰਹਿਤਾਂ ਦੀ ਗੱਲ ਹੈ ਉਸ ਦਾ ਭੋਗ ਤਾਂ ਹਰ ਰਚਨਾ ਹੀ ਪਾਉਂਦੀ ਹੈ । ਜ਼ਰਾ ਸੋਚੋ ਗੁੱਲੋ ਵਿਆਹੀ ਗਈ ਜੇਠ ਮੱਲ ਨਾਲ ਤੇ ਇਸ਼ਕ ਕੀਤਾ ਕਿਸੇ ਹੋਰ ਨਾਲ ਫਿਰ ਪਰਾਈ ਇਸਤ੍ਰੀ ਤੇ ਪਰਾਏ ਮਰਦ ਦੇ ਨਾ ਭੋਗਣ ਵਾਲੀ ਓਹ ਸਿੱਖਿਆ ਕਿੱਥੇ ਗਈ ? ਕੀ ਗੁਰੂ ਜੀ ਗੁਰਸਿੱਖਾਂ ਨੂੰ ਗਲਤ ਉਪਦੇਸ ਦੇਂਦੇ ਰਹੇ ਹਨ । ਉਂਝ ਖਾਂਦੇ ਗੁਰੂ ਘਰ ਦਾ ਪਹਿਨਦੇ ਗੁਰੂ ਘਰ ਦਾ ਪਰ ਸੋਹਲੇ ਗੈਰਾਂ ਦੇ ਗਾਉਂਦੇ ਹਨ । ਸਟੇਜਾਂ ਤੇ ਦੇਖੋ ਕਿਵੇਂ ਗਿੱਠ ਜੀਭ ਕੱਢ ਕੇ ਆਖਣਗੇ ਕਿ ਜੀ ਸਾਡੇ ਫਲਾਣੇ ਮਹਾਂ ਪੁਰਖ ਐਦਾਂ ਕਿਹਾ ਕਰਦੇ ਸਨ..........ਬੋਲੋ ਜੀ ਵਾਹਿਗੁਰੂ । ਇਹ ਕਦੇ ਨਹੀਂ ਕਹਿੰਦੇ ਕਿ ਗੁਰੂ ਨਾਨਕ ਨੇ ਐਦਾਂ ਕਿਹਾ । ਪਤਾ ਨਹੀਂ ਗੁਰੂ ਨਾਨਕ ਦਾ ਨਾਂ ਲੈਂਦਿਆਂ ਉਨ੍ਹਾਂ ਦੀ ਜੀਭ ਤੇ ਛਾਲੇ ਹੁੰਦੇ ਹਨ । ਜਾਗਦੇ ਰਹਿਓ !

### ਨਗਰ : ਮਹੇਸ੍ਰਾਵਤਿ (ਤੀਨ ਸੌ ਤ੍ਰੈਸਠਿ ਚਰਿਤ੍ਰ ਪੰਨਾ ੧੩੧੭-੧੮)

## ਸ਼ਾਦੀ ਇੰਜ ਵੀ ਹੁੰਦੀ ਐ

ਪਾਤਰ : ਮਹੇਸ੍ਰ ਸਿੰਘ (ਰਾਜਾ), ਬਿਮਲ ਮਤੀ (ਰਾਨੀ), ਸ੍ਰੀ ਪੰਜਾਬ ਦੇਇ (ਬੇਟੀ) ਤੇ ਜੋਰਿ ਸੈਨ (ਰਾਜਾ) :

ਰਾਜਾ ਇਕ ਹੋਰ ਸੱਜਰੀ ਕਹਾਣੀ ਸੁਣ। ਮਹੇਸ੍ਰਾਵਿਤ ਨਗਰ ਦੇ ਰਾਜਾ ਮਹੇਸ੍ਰ ਸਿੰਘ ਦੀ ਖੂਬਸੂਰਤ ਰਾਣੀ ਬਿਮਲ ਮਤੀ ਦੀ ਧੀ ਸ੍ਰੀ ਪੰਜਾਬ ਦੇਇ ਤੇ ਜਦ ਜਵਾਨੀ ਆਈ ਉਸ ਵਰਗੀ ਸੋਹਣੀ ਕੁੜੀ ਕੋਈ ਹੋਰ ਨਜ਼ਰ ਨਾ ਆਏ। ਉਸ ਦੇ ਗਦਰਾਏ ਸਰੀਰ ਦਾ ਹਰ ਅੰਗ ਕਾਮ ਲਈ ਅਵਾਜਾਂ ਮਾਰਦਾ। ਰਾਜੇ ਨੇ ਧੀ ਜਵਾਨ ਤੱਕ ਕੇ ਉਸ ਦੀ ਮੰਗਣੀ ਇਕ ਹੋਰ ਰਾਜੇ ਨਾਲ ਕਰ ਦਿੱਤੀ। ਜਦ ਜੋਰਿ ਸੈਨ ਰਾਜਾ (ਲਾੜਾ) ਬਰਾਤ ਲੈ ਕੇ ਪੁੱਜਾ ਤਾਂ ਕੁੜੀ ਓਹਦਾ ਕਰੂਪ ਦੇਖ ਕੇ ਬਹੁਤ ਦੁਖੀ ਹੋਈ। ਉਥੇ ਇਕ ਸ਼ਾਹ ਦਾ ਪੁੱਤ ਰਹਿੰਦਾ ਜੋ ਬੜਾ ਹੀ ਸੋਹਣਾ ਸਨੁੱਖਾ। ਕੁੜੀ ਓਹਦਾ ਰੂਪ ਤੱਕ ਕੇ ਦੀਵਾਨੀ ਹੋ ਗਈ। ਉਸ ਨੇ ਬੇਹੋਸ਼ ਹੋ ਕੇ ਗਿਰਨ ਦਾ ਕੌਤਕ ਕੀਤਾ ਤੇ ਰੋ ਕੇ ਮਾਂ ਨੂੰ ਕਹਿੰਦੀ ਕਿ ਮੈਨੂੰ ਅੱਗ ਲਾ ਕੇ ਸਾੜ ਦੇ ਪਰ ਕਰੂਪ ਦੇ ਪੱਲੇ ਨਾ ਪਾ। ਮੈਂ ਰਾਜ ਸੁਤਾ ਕਿਉਂ ਜੰਮੀਂ ਕਿਸੇ ਸ਼ਾਹ ਦੇ ਘਰ ਕਿਉਂ ਨਾ ਜੰਮ ਗਈ। ਮੇਰੇ ਖੋਟੇ ਭਾਗਾਂ ਨੂੰ ਮੈਂ ਰਾਜੇ ਦੇ ਘਰ ਜੰਮ ਗਈ। ਜੇ ਮੈਂ ਇਸ ਕਰੂਪ ਦੇ ਨਾਲ ਗਈ ਤਾਂ ਰੋ ਕੇ ਸਾਰੀ ਰਾਤ ਬਿਤਾਵਾਂਗੀ। ਮੰਗੀ ਹੋਈ ਤਾਂ ਮੌਤ ਵੀ ਨਹੀਂ ਮਿਲਦੀ ਪਰ ਰੱਬ ਮੈਨੂੰ ਮੌਤ ਦਏ। ਮਾਂ ਨੂੰ ਧੀ ਬੜੀ ਪਿਆਰੀ ਹੁੰਦੀ ਐ। ਉਸ ਨੇ ਧੀ ਨੂੰ ਗਲੇ ਲਗਾਇਆ। ਮਾਂ ਨੇ ਧੀ ਦੀ ਥਾਂ ਇਕ ਨੌਕਰਾਣੀ ਨੂੰ ਡੋਲੀ ਵਿੱਚ ਪਾ ਕੇ ਤੋਰ ਦਿੱਤਾ ਤੇ ਅਪਣੀ ਧੀ ਚੁੱਪ ਚੁਪੀਤੇ ਸ਼ਾਹ ਦੇ ਪੁੱਤ ਨੂੰ ਦੇ ਦਿੱਤੀ।

ਨੋਟ :- ਆਪ ਜੀ ਦਸਮ ਗ੍ਰੰਥ ਦੇ ਆਖੇ ਜਾਂਦੇ ਅਨਮੋਲ ਵਚਨ ਪੜ੍ਹ ਰਹੇ ਹੋ ਜੀ। ਗਿਆਨ ਧਿਆਨ ਤੇ ਰੱਬੀ ਮਿਲਾਪ ਦੀ ਗੱਲ ਸਿੱਖਣ ਲਈ ਆਪ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਅਰਥਾਂ ਸਮੇਤ ਪੜ੍ਹਨਾ ਤੇ ਸਮਝਣਾ ਹੋਏਗਾ। ਹਾਂ ਇਸ਼ਕ ਮੁਸ਼ਕ ਦੇ ਤੌਰ ਤਰੀਕੇ-ਰੋਮਾਂ ਦੇ ਕੱਟਣ ਦੇ ਢੰਗ-ਪ੍ਰਾਈ ਇਸਤ੍ਰੀ ਤੇ ਪਰਾਏ ਮਰਦਾਂ ਦੇ ਸੰਗ ਤੇ ਨਸ਼ਿਆਂ ਦੀ ਵਰਤੋਂ ਸਿੱਖਣ ਲਈ ਦਸਮ ਗ੍ਰੰਥ ਗੁਣਕਾਰੀ ਹੈ। ਪਰ ਇਹ ਨਾ ਸੋਚ ਲਿਓ ਬਈ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ। ਇਹ ਚਿੱਤ ਚ ਵਸਾ ਲਓ ਬਈ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਨਹੀਂ ਲਿਖਿਆ।

### ਪਿੰਡ : ਗਨਪਾਵਤੀ (ਤੀਨ ਸੌ ਚੌਂਸਠਿ ਚਰਿਤ੍ਰ ਪੰਨਾ ੧੩੧੮-੧੯)

## ਗੁਰੂ ਤੋਂ ਬਾਦ ਪੰਜਾਂ ਪਿਆਰਿਆਂ ਨੂੰ ਰਗੜੇ

ਪਾਤਰ : ਗਨਪਤਿ ਸਿੰਘ (ਰਾਜਾ), ਸ੍ਰੀ ਮਹਿਤਾਬ ਪ੍ਰਭਾ (ਰਾਨੀ) ਤੇ ਮੁਹਕਮ ਸਿੰਘ (ਛੱਤ੍ਰੀ)

ਗਨਪਾਵਤੀ ਨਗਰ ਦੇ ਰਾਜਾ ਗਨਪਤਿ ਸਿੰਘ ਦੀ ਰਾਣੀ ਦਾ ਰੂਪ ਤੱਕ ਤੱਕ ਔਰਤਾਂ ਸ਼ਰਮਾ ਜਾਂਦੀਆਂ। ਉੱਥੇ ਇਕ ਮੁਹਕਮ ਸਿੰਘ ਛੱਤ੍ਰੀ ਦਾ ਰੂਪ ਰੰਗ ਤੱਕ ਕੇ ਰਾਣੀ ਆਸ਼ਿਕ ਹੋ ਗਈ :-

*ਮੁਹਕਮ ਸਿੰਘ ਏਕ ਛੱਤ੍ਰੀ ਜਹ ॥ ਜਿਹ ਸਮ ਉਪਜਾ ਦੁਤਿਯ ਨ ਮਹਿ ਮਹ ॥*
*ਰਾਨੀ ਜਬ ਤਾਕੋ ਲਖਿ ਪਾਯੋ ॥ ਕਾਮ ਭੋਗ ਗ੍ਰਹਿ ਬੋਲਿ ਕਮਾਯੋ ॥੨॥*
*ਤਬ ਲਗਿ ਆਇ ਗਯੋ ਰਾਜਾ ਤਹ ॥ ਜਾਰ ਹੁਤੋ ਭੋਗਤ ਤਾਕੌ ਜਹ ॥*
*ਨਿਰਖ ਨਾਥ ਤ੍ਰਿਯ ਚਰਿਤ੍ਰ ਬਿਚਾਰਾ ॥ ਹਾਰ ਤੋਰਿ ਅੰਗਨਾ ਮਹਿ ਡਾਰਾ ॥੩॥*

(ਤੀਨ ਸੌ ਚੌਂਸਠਿ ਚਰਿਤ੍ਰ ਪੰਨਾ ੧੩੧੯)

ਉਹ ਰਾਜੇ ਨੂੰ ਕਹਿੰਦੀ ਖ਼ਸਮਾ ਮੇਰਾ ਹਾਰ ਲੱਭ ਦੇ ਪਤਾ ਨੀ ਚੰਦਰਾ ਕਿੱਥੇ ਗੁਆਚ ਗਿਆ। ਜੇ ਕਿਸੇ ਹੋਰ ਦੇ ਹੱਥ ਲੱਗ ਗਿਆ ਨਾ ਫਿਰ ਹੱਥ ਨਹੀਂ ਆਉਣਾ ਕਿਤੇ ਮੇਰੇ ਪਹਿਨਣ ਤੋਂ ਵੀ ਜਾਂਦਾ ਰਹੇ। ਰਾਜਾ ਵਿਚਾਰਾ ਸਿਰ ਨੀਵਾਂ ਕਰਕੇ ਹਾਰ ਲੱਭਣ ਲੱਗਾ ਐਨੇ ਨੂੰ ਮੌਕਾ ਤਾੜ ਕੇ ਮਿਤ੍ਰ ਭਜਾ ਦਿੱਤਾ।

ਨੋਟ :- ਇਹ ਦਸਮ ਗ੍ਰੰਥ ਹੈ ਪਿਆਰਿਓ। ਪਹਿਲਾਂ ਇਸੇ ਵਿੱਚ ਗੁਰੂ ਨੂੰ ਲੋਕਾਂ ਦੀਆਂ ਪਗੜੀਆਂ ਖੋਹ ਕੇ (ਜੋ ਮੂਤਣ ਆਏ ਸਨ) ਵੇਚਦੇ ਤੇ ਵੰਡਦੇ ਪੜ੍ਹਿਆ। ਫਿਰ ਵੇਸਵਾ ਦੇ ਡੇਰੇ ਪੁੱਜਦਾ ਕੀਤਾ ਤੇ ਫਿਰ ਜੁੱਤੀ ਛੱਡ ਕੇ ਭੱਜਦਾ ਦਿਖਾਇਆ ਤੇ ਹੁਣ ਵਿਚਾਰੇ ਮੋਹਕਮ ਸਿੰਘ ਤੇ ਪਰ ਨਾਰੀ ਭੋਗਣ ਦਾ ਦੋਸ। ਰੱਬਾ, ਕਿੱਡਾ ਝੂਠ ਬੋਲਦੇ ਨੇ ਸਿੱਖ ਪੁਜਾਰੀ ਤੇ ਭੇਖ ਧਾਰੀ ਸੰਤ ਬਾਬੇ ਪਤਾ ਨਹੀਂ ਤੂੰ ਉਨ੍ਹਾਂ ਨੂੰ ਕਿਹੜਾ ਦੰਡ ਦਏਂਗਾ। ਜੇ ਮੇਰੀ ਮੰਨੇ ਤਾਂ ਓਨ੍ਹਾਂ ਨੂੰ ਕਦੇ ਵੀ ਬੰਦੇ ਦਾ ਪੁੱਤ ਨਾ ਬਣਾਈਂ। ਵਿਸਟਾ ਦੇ ਕੀੜੇ ਵਿਸਟਾ ਚ ਹੀ ਚੰਗੇ ਲਗਦੇ ਹਨ। ਜੇ ਗੰਗੂ ਬਾਈ ਸਾਲ ਨਮਕ ਖਾ ਕੇ ਹਰਾਮ ਕਰ ਗਿਆ ਤਾਂ ਇਨ੍ਹਾਂ ਤੋਂ ਕੋਈ ਚੰਗੇ ਦੀ ਆਸ ਨਹੀਂ ਰੱਖੀ ਜਾ ਸਕਦੀ। ਕਹਿੰਦੇ ਮੋਹਕਮ ਸਿੰਘ ਔਰਤਾਂ ਭੋਗਦਾ ਰਿਹਾ। ਬਾ ਹੋਸ਼ਿਆਰ-ਖ਼ਬਰਦਾਰ-ਜਾਗਦੇ ਰਹਿਓ !

### ਨਗਰ : ਨ੍ਰਿਪਬਰਵਤੀ (ਤੀਨ ਸੌ ਪੈਂਸਠਿ ਚਰਿਤ੍ਰ ਪੰਨਾ ੧੩੧੯-੨੦)

## ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ ਕਰਦੇ ਕੰਮ ਅਵੱਲੇ

ਪਾਤਰ : ਨ੍ਰਿਪਬਰ ਸਿੰਘ (ਰਾਜਾ), ਸ੍ਰੀ ਕਲਕੰਚਿਤ ਦੇ (ਰਾਨੀ), ਸ੍ਰੀ ਚਿਤਚੋਪ ਮਤੀ (ਕੰਨਿਆ) ਤੇ ਅਟਿਕ ਸਿੰਘ

ਨ੍ਰਿਪਬਰਵਤੀ ਨਗਰ ਦੇ ਰਾਜਾ ਨ੍ਰਿਪਬਰ ਸਿੰਘ ਦੀ ਰਾਣੀ ਦਾ ਹੁਸਨ ਦੇਖ ਕੇ ਕਈ ਚਿੜਦੇ । ਉਨ੍ਹਾਂ ਦੀ ਇਕ ਧੀ ਚਿਤਚੋਪ ਮਤੀ ਦੇ ਸੁੰਦਰ ਸਰੀਰ ਦਾ ਕੀ ਕਹਿਣਾ ਬਸ ਇਉਂ ਕਹੋ ਬਈ ਉਸ ਵਰਗੀ ਹੋਰ ਕੋਈ ਨਹੀਂ । ਉੱਥੇ ਇਕ ਰਾਜ ਕੁਮਾਰ ਅਟਿਕ ਸਿੰਘ ਸ਼ਿਕਾਰ ਖੇਡਣ ਨਿਕਲਿਆ ਤਾਂ ਰਾਜ ਕੁਮਾਰੀ ਓਹਨੂੰ ਦੇਖ ਕੇ ਗੋਂਦਾ ਗੁੰਦਣ ਲੱਗੀ ਕਿ ਕਿਵੇਂ ਨਾ ਕਿਵੇਂ ਮੈਂ ਇਸ ਨਾਲ ਭੋਗ ਕਰਾਂ । ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਫਿਰ :-

*ਅਟਿਕ ਸਿੰਘ ਲਖਿ ਤੇਜ ਸਵਾਯਾ ॥ ਥਕਿਤ ਰਹੀ ਰਾਜਾ ਕੀ ਜਾਯਾ ॥*
*ਪਠੈ ਸਹਚਰੀ ਲਿਯੋ ਮੰਗਾਇ ॥ ਕਾਮ ਭੋਗ ਰੁਚਿ ਮਾਨੁ ਪਜਾਇ ॥੬॥* (ਤੀਨ ਸੌ ਪੈਂਸਠਿ ਚਰਿਤ੍ਰ ਪੰਨਾ ੧੩੧੯)

ਸਾਰੀ ਰਾਤ ਓਹ ਰੰਗ ਰਲੀਆਂ ਮਨਾਉਂਦੇ ਰਹੇ ਬਿਨਾਂ ਮਾਂ ਬਾਪ ਦੇ ਡਰ ਦੇ ਓਹ ਪੋਸਤ ਭਾਂਗਿ ਹਫੀਮ ਮੰਗਾ ਕੇ ਇਕੋ ਸੇਜ ਤੇ ਬੈਠ ਕੇ ਚੜ੍ਹਾਉਂਦੇ ਰਹੇ :-

*ਚਾਰਿ ਪਹਰ ਨਿਸੁ ਕਿਯਾ ਬਿਲਾਸਾ ॥ ਤਜਿ ਕਰਿ ਮਾਤ ਪਿਤਾ ਕੋ ਤ੍ਰਾਸਾ ॥*
*ਪੋਸਤ ਭਾਂਗਿ ਅਫੀਮ ਮੰਗਾਵਹਿ ॥ ਏਕ ਸੇਜ ਦੋਊ ਬੈਠ ਚੜ੍ਹਾਵਹਿ ॥੭॥*

(ਤੀਨ ਸੌ ਪੈਂਸਠਿ ਚਰਿਤ੍ਰ ਪੰਨਾ ੧੩੧੯)

ਨਸ਼ਾ ਖਿੜਦੇ ਹੀ ਦੋਨੋ ਕਲੋਲਾਂ ਕਰਨ ਲੱਗਦੇ । ਓਹ ਕਈ ਤਰ੍ਹਾਂ ਦੇ ਆਸਣ ਬਣਾਉਂਦੇ ਤੇ ਕਈ ਤਰ੍ਹਾਂ ਦੇ ਚੁੰਬਨ ਲੈਂਦੇ :-

*ਕੈਫਹਿ ਹੋਤ ਰਸਮਸੇ ਜਬਹੀ ॥ ਕ੍ਰੀੜਾ ਕਰਤ ਦੋਊ ਮਿਲ ਤਬਹੀ ॥*
*ਭਾਂਤਿ ਭਾਂਤਿ ਤਨ ਆਸਨ ਲੈ ਕੈ ॥ ਚੁੰਬਨ ਔਰ ਅਲਿੰਗਨ ਕੈ ਕੈ ॥੮॥*

(ਤੀਨ ਸੌ ਪੈਂਸਠਿ ਚਰਿਤ੍ਰ ਪੰਨਾ ੧੩੧੯)

ਥਕਾਵਟ ਅਤੇ ਨਸ਼ੇ ਚ ਚਕਨਾਚੂਰ ਹੋਏ ਸੌਂ ਗਏ । ਮੁੜ ਅੱਖ ਈ ਨਾ ਖੁੱਲੀ । ਸਵੇਰੇ ਉਸ ਦਾ ਪਿਓ ਆਇਆ ਤਾਂ ਸਹੇਲੀ ਨੇ ਜਾ ਕੇ ਉਸ ਨੂੰ ਜਗਾਇਆ । ਧੀ ਨੇ ਉਸੇ ਸਖੀ ਨੂੰ ਪਿਤਾ ਕੋਲ ਭੇਜਿਆ ਕਿ ਰਾਜੇ ਨੂੰ ਕਹਿ ਬਾਮ੍ਹਣ ਲਈ ਸੁੱਚਾ ਭੋਜਨ ਚੌਂਕੇ ਤੇ ਤਿਆਰ ਕੀਤਾ ਹੈ । ਬਿਨਾਂ ਨਹਾਏ ਤੇ ਬਸਤ੍ਰ ਬਦਲੇ ਘਰ ਨਾ ਆਏ । ਰਾਜੇ ਨੇ ਕੱਪੜੇ ਉਤਾਰ ਕੇ ਜਦ ਡੁਬਕੀ ਲਗਾਈ ਤਾਂ ਉਸੇ ਸਮੇਂ ਮਿਤ੍ਰ ਘਰੋਂ ਤੋਰ ਦਿੱਤਾ :-

*ਦੋਹਰਾ ॥ ਸਯਾਨੋ ਭੂਪ ਕਹਾਤ ਥੋ ਭਾਂਗ ਨ ਭੁਲ ਚਬਾਇ ॥*
*ਇਹ ਛਲ ਛਲਿ ਅਮਲੀ ਗਯੋ ਪਨਹੀ ਮੂੰਡ ਲਗਾਇ ॥੧੩॥* (ਤੀਨ ਸੌ ਪੈਂਸਠਿ ਚਰਿਤ੍ਰ ਪੰਨਾ ੧੩੨੦)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਨਸ਼ੇ ਕਰਨ ਵਲ ਪ੍ਰੇਰਦੀ ਹੈ ਅਤੇ ਕਾਮ ਵਾਸਨਾ ਲਈ ਉਤੇਜਿਤ ਕਰਦੀ ਹੈ। ਇਹ ਰਚਨਾਂ ਇਹ ਵੀ ਉਪਦੇਸ ਦੇਂਦੀ ਹੈ ਕਿ ਪਿਓ ਨੂੰ ਕਿਵੇਂ ਮੂਰਖ ਬਣਾਈਦਾ ਹੈ। ਅਜਿਹੀਆਂ ਸਿੱਖਿਆਵਾਂ ਚੰਗੇ ਸਮਾਜ ਦੇ ਪੱਤਣ ਦਾ ਕਾਰਣ ਬਣਦੀਆਂ ਹਨ । ਸਮਾਜ ਦੇ ਵਡੇਰੇ ਹਰ ਹਰਬਾ ਵਰਤ ਕੇ ਅਜਿਹੇ ਗੰਦ ਮੰਦ ਤੋਂ ਅਪਣੇ ਭਾਈਚਾਰੇ ਨੂੰ ਦੂਰ ਰੱਖਦੇ ਹਨ। ਇੱਥੇ ਸਿੱਖ ਸਮਾਜ (ਸਿੱਖ ਧਰਮ) ਦੇ ਜੁੰਮੇਵਾਰ ਬੰਦੇ (ਪੁਜਾਰੀ) ਖੁਦ ਹੀ ਮੁਸਕੇ ਫਿਰਦੇ ਹਨ । ਇਸ ਗੰਦੇ ਕਾਵਿ ਸੰਗ੍ਰਿਹ ਨੂੰ ਓਹ ਗੁਰਬਾਣੀ ਆਖ ਆਖ ਨਾਮਸਕਾਰਾਂ ਤੇ ਡੰਡਾਉਤਾਂ ਕਰਦੇ ਹਨ ਤੇ ਆਮ ਸਿੱਖ ਸੰਗਤਿ ਨੂੰ ਗੁਮਰਾਹ ਕਰ ਕੇ ਲੁੱਟਦੇ ਹਨ। ਨਾ ਇਨ੍ਹਾਂ ਨੂੰ ਗੁਰੂ ਦਾ ਡਰ ਤੇ ਨਾ ਹੀ ਰੱਬ ਦਾ ਭੈ। ਬੜੇ ਢੀਠ ਨੇ ਸਾਡੇ ਪੁਜਾਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਓਹ ਗੁਰੂ ਮੰਨਦੇ ਹੀ ਨਹੀਂ। ਜੇਕਰ ਉਨ੍ਹਾਂ ਦਾ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹੋਣ ਤਾਂ ਗੁਰੂ ਹਜੂਰੀ ਇਸ ਦਾ ਪ੍ਰਕਾਸ਼ ਗੁਰੂ ਦੇ ਬਰਾਬਰ ਨਾ ਕਰਦੇ । ਕੌਣ ਕਹੇ ਰਾਣੀਏ ਅੱਗਾ ਢੱਕ । ਜੇਕਰ ਚਿੱਠੀ ਪੱਤਰ ਕਰੋ ਤਾਂ ਨਿਰੇ ਗਊ ਦੇ ਜਾਏ । ਚਿੱਠੀ ਦੇਖਦੇ ਈ ਗਿੱਠ ਜੀਭ ਬਾਹਰ ਕੱਢ ਲੈਂਦੇ ਹਨ। ਸਿੱਖ ਵਿਚਾਰੇ ਮਨ ਸਮਝਾ ਲੈਂਦੇ ਹਨ ਕਿ ਇਨ੍ਹਾਂ ਗਊ ਜਾਇਆਂ ਨੂੰ ਕਾਹਨੂੰ ਤੰਗ ਕਰਨੈ ਇਹ ਖੁਰਲੀ ਤੇ ਈ ਚੰਗੇ ਲੱਗਦੇ ਐਂ। ਜੇਕਰ ਬਹੁਤਾ ਚਿੱਠੀ ਪੱਤਰ ਕੋਈ ਕਰਦੈ ਤਾਂ ਪਤੈ ਮਾਰਖੁੰਡ ਸਾਨ ਦੀ ਤਰ੍ਹਾਂ ਝਪਟ ਕੇ ਪੈਂਦੇ ਐਂ। ਜਿਵੇਂ ਬਰਸਾਤ ਵਿੱਚ ਡੰਗਰ ਨੂੰ ਡਾਂਸ ਕੱਟਦਾ ਤੇ ਖੂਨ ਚੂਸਦੈ ਨ ਉਵੇਂ ਹੀ ਇਹ ਪੰਥ ਚੋਂ ਛੇਕਣ ਦੀ ਝਟਪਟੀ ਕਰਦੇ ਐਂ ਬਈ ਕਿਤੇ ਹੱਥ ਆਇਆ ਸ਼ਿਕਾਰ ਈ ਨਾ ਨਿਕਲ ਜਾਏ। ਜਰਾ ਬਚ ਕੇ ਤੇ ਸੰਭਲ ਕੇ ਹਾਂ ਜਾਗ੍ਰਦੇ ਰਹਿਓ !

## ਨਗਰ : ਪਦੁਮਾਵਤੀ

(ਤੀਨ ਸੌ ਛਾਸਠ ਚਰਿਤ੍ਰ ਪੰਨਾ ੧੩੨੦-੨੩)

### ਪਤੀ ਕਰੂਪ ਹੋਏ ਤਾਂ ਕਿਸੇ ਹੋਰ ਨਾਲ ਸੇਜ ਸਾਂਝ ਕਰੋ

ਪਾਤਰ : ਛਿਤਪਤਿ ਸਿੰਘ (ਭੂਪ), ਅਬਲਾ ਦੇ (ਰਾਨੀ), ਨਾਭਮਤੀ (ਦੁਹਿਤਾ), ਬੀਰ ਕਰਨ (ਰਾਜਾ) ਤੇ ਐਂਠੀ ਸਿੰਘ (ਪੂਤ)

ਹੇ ਰਾਜਾ ਇਕ ਹੋਰ ਕਹਾਣੀ ਸੁਣ ਕਿ ਕਿਵੇਂ ਸੁੰਦਰ ਔਰਤ ਨੇ ਛਲ ਕੀਤਾ । ਪਦੁਮਾਵਤੀ ਨਗਰ ਦੇ ਭੂਪ ਛਿਤਪਤਿ ਸਿੰਘ ਦੀ ਰਾਣੀ ਅਬਲਾ ਦੇ ਨੇ ਇਕ ਖੂਬਸੂਰਤ ਧੀ ਨਾਭਮਤੀ ਜੰਮੀ ਜਿਸ ਦਾ ਸੁੰਦਰ ਰੂਪ ਦੇਖ ਕੇ ਦੇਵਤਿਆਂ ਮਨੁੱਖਾਂ ਨਾਗਾਂ ਅਤੇ ਦੈਂਤਾਂ ਦੇ ਮਨ ਮੋਹੇ ਜਾਂਦੇ। ਇਕ ਹੋਰ ਭੱਦ੍ਰਾਵਤੀ ਦੇ ਰਾਜੇ ਬੀਰ ਕਰਨ ਨੇ ਐਂਠੀ ਸਿੰਘ

ਪੁੱਤ ਜੰਮਿਆ ਜਿਸ ਦਾ ਰੂਪ ਨਿਰਾ ਕਾਮ ਦੇਵਤਾ ਵਰਗਾ। ਇਕ ਦਿਨ ਰਾਜੇ ਦਾ ਪੁੱਤ ਸ਼ਿਕਾਰ ਖੇਡਣ ਨਿਕਲਿਆ ਤੇ ਉੱਥੇ ਜਾ ਨਿਕਲਿਆ ਜਿੱਥੇ ਰਾਜੇ ਦੀ ਧੀ ਨਹਾ ਰਹੀ ਸੀ। ਓਹ ਉਸ ਦਾ ਰੂਪ ਤੱਕਦਾ ਹੀ ਰਹਿ ਗਿਆ। ਰਾਜੇ ਦੀ ਧੀ ਵੀ ਉਸ ਤੇ ਮੋਹੀ ਗਈ ਤੇ ਸੁੱਧ ਬੁਧਿ ਖੋ ਬੈਠੀ ਕੁੜੀ ਨੇ ਰਾਜ ਕੁਮਾਰ ਦੀ ਧੁੰਨੀ ਤੇ ਹੱਥ ਰੱਖਿਆ ਅਤੇ ਇਕ ਹੱਥ ਉਸ ਦੇ ਪੈਰਾਂ ਨੂੰ ਲਗਾ ਕੇ ਬਿਨਾਂ ਕੁੱਝ ਬੋਲੇ ਅਪਣੇ ਘਰ ਚਲੇ ਗਈ । ਦੋ ਘੜੀ ਬੀਤ ਜਾਣ ਤੋਂ ਬਾਦ ਰਾਜ ਕੁਮਾਰ ਨੂੰ ਸੁੱਧ ਆਈ ਤੇ ਓਹਦੀ ਯਾਦ ਚ ਖਾਣਾ ਪੀਣਾ ਛੱਡ ਦਿੱਤਾ ਇਨ੍ਹਾਂ ਦੋਨਾਂ ਨੇ ਬਿਰਹਾ ਦੀ ਅੱਗ ਚ ਸੜਨਾ ਸੁਰੂ ਕਰ ਦਿੱਤਾ ਜਿਸ ਨੂੰ ਕਵੀ ਨੇ ਕਵਿਤਾ ਚ ਵਰਨਣ ਕੀਤਾ ਹੈ :-

*ਬਿਰਹੀ ਭਏ ਦੋਊ ਨਰ ਨਾਰੀ ॥ ਰਾਜ ਕੁਅਰ ਅਰੁ ਰਾਜ ਕੁਮਾਰੀ ॥*
*ਹਾਵ ਪਰਸਪਰ ਦੁਹੂੰਅਨ ਭਯੋ ॥ ਸੋ ਮੈਂ ਕਬਿਤਨ ਮਾਂਝ ਕਹਿਯੋ ॥੮॥* (ਤੀਨ ਸੌ ਛਾਸਠ ਚਰਿਤ੍ਰ ਪੰਨਾ ੧੩੨੦)

ਰਾਜ ਕੁਮਾਰ ਓਹਦੇ ਇਸ਼ਕ ਚ ਝੱਲਾ ਹੋਈਂ ਫਿਰੇ, ਨਾ ਕੁੱਝ ਖਾਏ ਤੇ ਨਾ ਹੀ ਪੀਏ । ਮੂੰਹ ਤੋਂ ਬੁੜਬੁੜਾਏ ਕਿ ਕੁੜੀ ਇਕ ਹੱਥ ਮੇਰੀ ਧੁੰਨੀ ਤੇ ਰੱਖ ਗਈ ਤੇ ਦੂਜਾ ਹੱਥ ਪੈਰਾਂ ਤੇ ਬੜਿਆਂ ਨੂੰ ਪੁੱਛਿਆ ਪਰ ਕੋਈ ਥੋਹ ਪਤਾ ਨਾ ਚਲਿਆ ਕਿ ਓਹ ਕਿੱਥੇ ਗਈ । ਉੱਥੇ ਇਕ ਇਸ਼ਕ ਮੁਸ਼ਕ ਵਿੱਚ ਲਿਪਟਿਆ ਹੋਇਆ ਖੱਤ੍ਰੀਆਂ ਦਾ ਮੁੰਡਾ ਕਹਿਣ ਲੱਗਾ ਕਿ ਰਾਜ ਕੁਮਾਰ ਉਸ ਕੁੜੀ ਦਾ ਨਾਂ ਨਾਭਮਤੀ ਹੈ ਕਿਉਂ ਕਿ ਉਸ ਨੇ ਤੇਰੀ ਧੁੰਨੀ ਤੇ ਹੱਥ ਰੱਖਿਆ ਹੈ। ਓਹ ਪਦੁਮਾਵਤੀ ਨਗਰ ਦੀ ਹੈ ਕਿਉਂ ਕਿ ਉਸ ਨੇ ਤੇਰੇ ਪਦ ਪੰਕਜ (ਪੈਰੀਂ) ਹੱਥ ਲਾਇਆ ਹੈ। ਓਹ ਦੋਨੋ ਹੀ ਪਦੁਮਾਵਤੀ ਨਗਰ ਜਾ ਪੁੱਜੇ ਉਨ੍ਹਾਂ ਨੇ ਇਕ ਮਾਲਣ ਤੋਂ ਹਾਰ ਖ੍ਰੀਦਿਆ ਉਸ ਵਿੱਚ ਚਿੱਠੀ ਲਿਖ ਕੇ ਲਪੇਟੀ ਤੇ ਕੁੜੀ ਨੂੰ ਭੇਜ ਦਿੱਤੀ । ਓਹ ਚਿੱਠੀ ਪੜ੍ਹ ਕੇ ਬਾਗ ਬਾਗ ਹੋ ਗਈ । ਉਸ ਨੇ ਮਾਲਣ ਨੂੰ ਬਹੁਤਾ ਧੰਨ ਦਿੱਤਾ ਤੇ ਵਾਪਸ ਰੁੱਕਾ ਲਿਖ ਕੇ ਰਾਜਕੁਮਾਰ ਲਈ ਭੇਜ ਦਿੱਤਾ ਕਹਿੰਦੀ :-

*ਸ਼ਿਵ ਕੌ ਦਿਪਤ ਦੇਹਰੋ ਜਹਾਂ ॥ ਮੈਂ ਐਹੌਂ ਆਧੀ ਨਿਸਿ ਤਹਾਂ ॥*
*ਕੁਅਰਿ ਤਹਾਂ ਤੁਮਹੂੰ ਚਲਿ ਐਯਹੁ ॥ ਮਨ ਭਾਵਤ ਕੋ ਭੋਗ ਕਮੈਯਹੁ ॥੨੦॥*
*ਕੁਅਰ ਨਿਸਾ ਆਧੀ ਤਹ ਜਾਈ ॥ ਰਾਜ ਸੁਤਾ ਆਗੇ ਤਹ ਆਈ ॥*
*ਕਾਮ ਭੋਗ ਕੀ ਜੇਤਿਕ ਪਯਾਸਾ ॥ ਪੂਰਨਿ ਭਈ ਦੁਹੂੰ ਕੀ ਆਸਾ ॥੨੧॥*

ਮਾਲਣ ਕੁੜੀ ਨੂੰ ਅਪਣੇ ਘਰ ਲਿਆਈ ਤੇ ਰਾਜਕੁਮਾਰ ਨੂੰ ਸੱਦਿਆ ਜਿੱਥੇ ਭੂਪ (ਪਿਓ) ਦਾ ਡਰ ਲਾਹ ਕੇ ਓਹ ਰਾਤ ਦਿਨ ਭੋਗ ਕਰਦੇ। ਕਈ ਦਿਨਾਂ ਬਾਦ ਓਹਦਾ ਪਤੀ ਆਇਆ ਜੋ ਅੰਤਾਂ ਦਾ ਕਰੂਪ ਓਹਦੇ ਦੰਦ ਐਦਾਂ ਜਿਵੇਂ ਸੂਰ ਦੇ ਹੋਣ ਓਹ ਵੀ ਦੋ ਟੁੱਟੇ ਹੋਏ। ਰਾਜ ਕੁਮਾਰ ਨੇ ਔਰਤ ਦਾ ਭੇਖ ਧਾਰਿਆ ਓਹ ਭੋਗ ਕਰਨ ਲਈ ਅੱਗੇ ਵਧਿਆ ਤਾਂ ਰਾਜ ਕੁਮਾਰ ਨੇ ਉਸ ਦਾ ਨੱਕ ਕੱਟ ਦਿੱਤਾ। ਨੱਕ ਕਟਾ ਕੇ ਮੂਰਖ ਘਰ ਛੱਡ ਕੇ ਜੰਗਲ ਨੂੰ ਤੁਰ ਪਿਆ। ਖਸਮ ਦੇ ਤੁਰਨ ਦੀ ਦੇਰ ਸੀ ਇਨ੍ਹਾਂ ਖੂਬ ਭੋਗ ਬਿਲਾਸ ਕੀਤਾ ਤੇ ਆਖਰ ਮਿਤ੍ਰ ਸੰਗ ਭੱਜ ਗਈ ।

ਨਗਰ : ਅੰਧਾਵਤੀ (ਤੀਨ ਸੌ ਸਤਾਸਠਿ ਚਰਿਤ੍ਰ ਪੰਨਾ ੧੩੨੨-੨੩)

## ਕਤਲ ਇੰਜ ਵੀ ਹੁੰਦੈ

ਪਾਤਰ : ਸੈਨ ਬਿਦਾਦ (ਭੂਪ), ਮੂਰਖਿ ਮਤਿ (ਨਾਰੀ) ਤੇ ਚਾਰ ਔਰਤਾਂ : ਅੰਧਾਵਤੀ ਨਗਰ ਦੇ ਰਾਜਾ ਸੈਨ ਬਿਦਾਦ ਮੂਰਖਿ ਮਤਿ ਨਾਰ ਨਾਲ ਵਿਆਹਿਆ ਗਿਆ। ਪ੍ਰਜਾ ਉਸ ਦੀ ਮੂਰਖਤਾਈ ਤੋਂ ਬੜੀ ਤੰਗ ਆਈ ਉਨ੍ਹਾਂ ਦੇਸ ਛੱਡ ਕੇ ਦੂਜੇ ਦੇਸ ਵਸਣਾ ਸੁਰੂ ਕਰ ਦਿੱਤਾ। ਦੂਜੇ ਰਾਜੇ ਪਾਸ ਫਰਿਯਾਦ ਕੀਤੀ ਕਿ ਕੋਈ ਹੀਲਾ ਕਰੋ ਇਸ ਮੂਰਖ ਤੋਂ ਸਾਡੀ ਜਾਨ ਛੁਡਾਓ ਤੇ ਦੇਸ ਦੀ ਰੱਖਿਆ ਕਰੋ। ਚਾਰ ਔਰਤਾਂ ਕਹਿੰਦੀਆਂ ਅਸੀਂ ਜਾਵਾਂਗੀਆਂ ਤੇ ਰਾਜੇ ਦਾ ਕਤਲ ਕਰਾਂਗੀਆਂ। ਦੋ ਔਰਤਾਂ ਨੇ ਮਰਦ ਦਾ ਭੇਖ ਧਾਰਿਆ ਤੇ ਦੋ ਨੇ ਜੋਗੀ ਦਾ ਤੇ ਨਗਰ ਚ ਆ ਵਾਸਾ ਕੀਤਾ। ਇਕ ਔਰਤ ਨੇ ਚੋਰੀ ਕੀਤੀ ਦੂਜੀ ਨੇ ਉਸ ਨੂੰ ਪਕੜਿਆ। ਦੋ ਜੋਗੀ ਦੇ ਰੂਪ ਵਿੱਚ ਰਾਜੇ ਕੋਲ ਗਈਆਂ। ਰਾਜਾ ਕਹਿੰਦਾ ਟੰਗ ਦਿਓ ਇਹਨੂੰ ਸੂਲੀ ਤੇ । ਔਰਤ ਨੂੰ ਪਕੜ ਕੇ ਫਾਂਸੀ ਲਈ ਲੈ ਤੁਰੇ । ਜੋਗੀ ਕਹਿੰਦੇ ਇਕ ਔਰਤ ਸਾਨੂੰ ਦੇ ਦਿਓ ਕਿਉਂਕਿ ਇਹ ਸਿੱਧੇ ਸ੍ਵਰਗ ਦੀ ਗੱਲ ਐ । ਦੂਜੀ ਲਈ ਕਹਿੰਦੇ ਕਿ ਇਸ ਨੂੰ ਸੂਲੀ ਨਾ ਟੰਗਿਓ ਇਸ ਦੀ ਥਾਂ ਫਕੀਰ ਟੰਗ ਦਿਓ । ਚਲਦੀ ਚਲਦੀ ਘੁਸਰ ਮੁਸਰ ਦੀ ਖ਼ਬਰ ਰਾਜੇ ਨੂੰ ਪੁੱਜੀ-ਰਾਜਾ ਭੱਜਿਆ ਆਇਆ-ਜਦ ਉਸ ਨੇ ਸ੍ਵਰਗ ਦੀ ਗੱਲ ਸੁਣੀ ਤਾਂ ਕਹਿੰਦਾ ਪਰੇ ਹੱਟੋ ਮੈਂ ਚੜ੍ਹਦਾ ਹਾਂ ਸੂਲੀ, ਵਿਚਾਰਾ ਚੜ੍ਹਾ ਦਿੱਤਾ ਸੂਲੀ ਤੇ ਤੇ ਪ੍ਰਜਾ ਸੁਖੀ ਵਸੀ ।

ਨੋਟ :- ਮੇਰੇ ਪਿੰਡ ਦਾ ਤਾਰਾ (ਤਾਰਾ ਸਿਉਂ) ਪਿੰਡ ਦੀ ਮਢੀਰ ਇਕੱਠੀ ਕਰ ਕੇ ਰਾਤ ਨੂੰ ਦੇਰ ਤੱਕ ਬਾਤਾਂ (ਕਹਾਣੀਆਂ) ਪਾਉਂਦਾ ਹੁੰਦਾ। ਓਹ ਪਿੰਡ ਦਾ ਸਰਬ ਸਾਂਝਾ ਚਾਚਾ ਕਰ ਕੇ ਜਾਣਿਆ ਜਾਂਦਾ। ਮੁੰਡੇ ਰਾਤ ਨੂੰ ਇਕੱਠੇ ਹੋ ਕੇ ਤਾਰੇ ਚਾਚੇ ਕੋਲ ਜਾਂਦੇ ਤੇ ਬਾਤਾਂ ਪਾਉਣ ਲਈ ਕਹਿੰਦੇ। ਓਹ ਨਿੱਜੀ ਜਿੰਦਗੀ ਵਿੱਚ ਛੜਾ ਪਰ ਬਹੁਤ ਹੀ ਖੁਸ਼ਦਿਲ। ਓਹ ਪੁੱਛਦਾ ਬਾਈ ਤੁਸੀਂ ਅੰਨ ਪਾਣੀ ਛੱਕ ਲਿਆ? ਓਹਦੇ ਲਈ ਬੱਚਾ ਬੁੱਢਾ ਹਰ ਕੋਈ ਬਾਈ ਹੁੰਦਾ। ਮੁਢੀਰ ਇਕੋ ਸਾਹ ਬੋਲਦੀ

ਆਹੋ ਚਾਚਾ ਆਹੋ ਛੱਕ ਲਿਐ। ਚਲੋ ਫੇਰ ਕਿਸੇ ਖੁੱਲੀ ਥਾਂ ਚੱਲਦੇ ਹਾਂ ਜਿੱਥੇ ਕੋਈ ਧੀ ਧਿਆਣੀ ਨਾ ਆ ਜਾਏ। ਸਾਰੇ ਓਹਦੇ ਮਗਰ ਹੋ ਤੁਰਦੇ । ਓਹ ਆਸਾ ਪਾਸਾ ਦੇਖ ਕੇ ਇਕਾਂਤ ਜਗ੍ਹਾ ਚੁਣਦਾ ਤੇ ਕਹਿੰਦਾ ਬਾਈ ਅੱਜ ਇਹ ਥਾਂ ਸੂਤ ਬੈਠੂ । ਓਹ ਕਹਾਣੀ ਛੇੜਦਾ । ਓਹਦੀ ਕਹਾਣੀ ਚ ਦਮ ਹੁੰਦਾ । ਹਰ ਕਿਸੇ ਦੇ ਤਨ ਨੂੰ ਕਹਾਣੀ ਨਾਲ ਗਰਮ ਕਰ ਕੇ ਰਾਤ ਨੂੰ ਸੌਣ ਜੋਗੇ ਕਰ ਦੇਂਦਾ । ਓਹ ਬਿਲਕੁਲ ਅਨਪੜ੍ਹ ਸੀ ਅਪਣਾ ਨਾਂ ਵੀ ਨਹੀਂ ਸੀ ਲਿਖਣਾ ਜਾਣਦਾ ਪਰ ਓਹ ਦੀਆਂ ਕਹਾਣੀਆਂ ਇਹ ਭੁਲੇਖਾ ਪਾਉਂਦੀਆਂ ਬਈ ਇਨ੍ਹਾਂ ਦਾ ਲੇਖਕ ਤਾਰਾ ਖ਼ੁਦ ਐ। ਆਹ ਹਥਲੀ ਕਾਵਿ ਰਚਨਾਂ ਦੀ ਕਹਾਣੀ ਮੈਂ ਮੁਢੀਰ ਨਾਲ ਕਈ ਬਾਰ ਸੁਣੀ। ਹੋਰ ਵੀ ਅਨੇਕਾਂ ਕਹਾਣੀਆਂ ਜੋ ਦਸਮ ਗ੍ਰੰਥ ਦਾ ਸ਼ਿੰਗਾਰ ਹਨ ਬਚਪਨ ਵਿੱਚ ਮੈਂ ਤਾਰੇ ਚਾਚੇ ਤੋਂ ਸੁਣ ਚੁੱਕਾ ਹਾਂ। ਉਦੋਂ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਤਾ ਬਈ ਦਸਮ ਗ੍ਰੰਥ ਵੀ ਕੋਈ ਪਦਾਰਥ ਐ । ਮੈਂ ਹੈਰਾਨ ਹੁੰਦਾ ਹਾਂ ਇਹ ਸੋਚ ਕੇ ਇਕ ਅਨਪੜ੍ਹ ਪਿੰਡ ਵਾਸੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਕਿਹੜੀ ਗੱਲ ਧੀ ਧਿਆਣੀ ਤੋਂ ਪਰਦਾ ਕਰਕੇ ਕਰਨੀ ਹੈ ਤੇ ਕਿਹੜੀ ਨਹੀਂ ਕਰਨੀ । ਸਾਡੇ ਵੱਡੇ ਪੁਜਾਰੀ ਤੇ ਸੰਤ ਸਾਧ-ਅਨੇਕਾਂ ਹੀ ਜਥੇਬੰਦੀਆਂ ਦੇ ਮਰਜੀਵੜੇ ਚਾਰ ਅੱਖਰ ਪੜ੍ਹ ਕੇ ਵੀ ਨਹੀਂ ਜਾਣਦੇ ਕਿ ਜਿਸਨੂੰ ਤੁਸੀਂ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਕਹਿੰਦੇ ਹੋ ਉਹ ਤੁਹਾਡੀ ਹੀ ਧੀ ਭੈਣ ਜਾਂ ਮਾਂ ਨਹੀਂ ਪੜ੍ਹ ਸਕਦੀ। ਉਨ੍ਹਾਂ ਦੁਆਰਾ ਚਟਕਾਰੇ ਲੈ ਲੈ ਕੇ ਕੀਤੇ ਅਖੰਡ ਪਾਠਾਂ ਦਾ ਮੁੱਲ ਆਖਰ ਸਿੱਖ ਸੰਗਤ ਨੇ ਵਸੂਲ ਹੀ ਲੈਣਾ ਹੈ। ਬਾ-ਹੋਸਿਆਰ-ਜਾਗਦੇ ਰਹਿਓ !

ਇਲਕਾ : ਗੜ੍ਹ ਕਨੌਜ (ਤੀਨ ਸੌ ਅਠਸਠ ਚਰਿਤ੍ਰ ਪੰਨਾ ੧੩੨੩-੨੪)

## ਕੇਸ ਕਤਲ ਕਰੋ

ਪਾਤਰ : ਅਭੈ ਸਿੰਘ (ਭੂਪ), ਸ੍ਰੀ ਚਖੁਚਾਰਮਤੀ (ਨਾਰੀ) ਤੇ ਅਘਟ ਸਿੰਘ :

ਗੜ੍ਹ ਕਨੌਜ ਦੇ ਭੂਪ ਸਿੰਘ ਦੀ ਨਾਰ ਸ੍ਰੀ ਚਖੁ ਚਾਰਮਤੀ ਜਣੋ ਬ੍ਰਹਮਾ ਨੇ ਖੁਦ ਘੜੀ ਹੋਏ । ਉਸ ਦਾ ਇਕ ਹੋਰ ਬੰਦੇ ਅਘਟ ਸਿੰਘ ਨਾਲ ਅੱਖ ਮੱਟਕਾ ਹੋ ਗਿਆ ਤੇ ਫਿਰ :-

*ਨਿਤਿ ਪ੍ਰਤਿ ਤਿਹ ਤ੍ਰਿਯ ਬੋਲਿ ਪਠਾਵਤ ॥ ਕਾਮ ਭੋਗ ਤਿਹ ਸਾਥ ਕਮਾਵਤ ॥*
*ਤਬ ਲੌ ਤਹਾਂ ਨਰਾਧਿਪ ਆਯੋ ॥ ਤ੍ਰਿਯ ਚਰਿੱਤ੍ਰ ਇਹ ਭਾਂਤਿ ਬਨਾਯੋ ॥੩॥* (ਤੀਨ ਸੌ ਅਠਸਠ ਚਰਿਤ੍ਰ ਪੰਨਾ ੧੩੨੩)

ਔਰਤ ਕਹਿੰਦੀ ਤੇਰੇ ਕੇਸ (ਬਾਲ) ਬਹੁਤ ਡਰਾਉਣੇ ਹਨ ਮੈਂ ਇਨ੍ਹਾਂ ਨੂੰ ਬਰਦਾਸਤ ਨਹੀਂ ਕਰ ਸਕਦੀ । ਜਾਹ ਜਾ ਕੇ ਪਹਿਲਾਂ ਕੇਸ ਕਟਾ ਤੇ ਫੇਰ ਮੇਰੀ ਸੇਜ ਤੇ ਆਉਣਾ :-

*ਤੁਮਰੇ ਕੇਸ ਭੂਪ ਬਿਕਰਾਰਾ ॥ ਸਹੇ ਨ ਮੋ ਤੇ ਜਾਤ ਸੁਧਾਰਾ ॥*
*ਪ੍ਰਥਮਹਿ ਰੋਮ ਮੂੰਡਿ ਤੁਮ ਆਵਹੁ ॥ ਬਹੁਰਿ ਹਮਾਰੀ ਸੇਜ ਸੁਹਾਵਹੁ ॥੪॥* (ਤੀਨ ਸੌ ਅਠਸਠ ਚਰਿਤ੍ਰ ਪੰਨਾ ੧੩੨੩)

ਰਾਜਾ ਝੱਟ ਪੱਟ ਅਪਣੇ ਕੇਸ ਕਤਲ ਕਰਨ ਚਲਿਆ ਗਿਆ ਤੇ ਰਾਣੀ ਬੜੀ ਖੁਸ਼ ਹੋਈ । ਉਸ ਨੇ ਤਾਕੀ ਦੇ ਮਘੋਰੇ ਮਿਤ੍ਰ ਲੁਕੋ ਦਿੱਤਾ । ਮੂਰਖ ਰਾਜੇ ਨੂੰ ਪਤਾ ਨਾ ਚਲਿਆ :-

*ਨ੍ਰਿਪ ਗਯੋ ਰੋਮ ਮੂੰਡਿਨ ਹਿਤ ॥ ਰਾਨੀ ਅਧਿਕ ਪ੍ਰਸੰਨਯ ਭਈ ਚਿਤ ॥*
*ਛਿਦ੍ਰ ਤਾਕਿ ਨਿਜੁ ਮੀਤ ਲੁਕਾਯੋ ॥ ਮੂਰਖ ਭੂਪ ਭੇਦ ਨਹਿ ਪਾਯੋ ॥੫॥* (ਤੀਨ ਸੌ ਅਠਸਠ ਚਰਿਤ੍ਰ ਪੰਨਾ ੧੩੨੩)

ਨੋਟ :- ਸਿੱਖਾਂ ਨੂੰ ਇਹ ਉਪਦੇਸ ਕਿ ਰੋਮਾਂ ਦੀ ਬੇਅਦਬੀ ਨਹੀਂ ਕਰਨੀ-ਕੇਸਾਂ ਦਾ ਸੁਆਸਾਂ ਸੰਗ ਨਿਭਣ ਦੀ ਅਰਦਾਸ ਰਹਿਤ ਮਰਿਯਾਦਾ-ਚਾਰੇ ਰਹਿਤਾਂ ਦਾ ਮਲੀਆਮੇਟ ਇਸ ਦਸਮ ਗ੍ਰੰਥ ਨੇ ਕਰ ਦਿੱਤਾ ਹੈ। ਜਦ ਦਸਮ ਗ੍ਰੰਥ ਕੂਕ ਕੂਕ ਕੇ ਕਹਿੰਦਾ ਹੈ ਕਿ ਬਾਲਸਫਾ ਲਗਾ ਕੇ ਬਾਲ ਦੂਰ ਕਰ ਦਿਓ ਤੇ ਸਾਡੇ ਪੁਜਾਰੀ ਤੇ ਸੰਤ ਸਾਧ ਇਸ ਗੱਲ ਤੇ ਬਜਿੱਦ ਹਨ । ਬਈ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਤਾਂ ਇਸ ਦਾ ਅਰਥ ਇਹ ਹੋਇਆ, ਕਿ ਸਿੱਖਾਂ ਨੂੰ ਬਾਲ ਰੱਖਣ ਦੀ ਜਰੂਰਤ ਨਹੀਂ ਅਤੇ ਨਾਲ ਹੀ ਪਰਾਈ ਔਰਤ ਤੇ ਪਰਾਏ ਮਰਦ ਨੂੰ ਭੋਗਣ ਦੀ ਸਿੱਖਿਆ ਨਾਲ ਤਾਂ ਓਦਾਂ ਈ ਰਹਿਤ ਮਰਿਯਾਦਾ ਦਾ ਲੱਕ ਤੋੜ ਕੇ ਕੁੱਬੀ ਕਰ ਦਿੱਤਾ ਹੈ । ਇਸ ਦਾ ਲੇਖਾ ਜੋਖਾ ਸਿੱਖ ਸੰਗਤਿ ਨੇ ਪੁਜਾਰੀਆਂ ਅਤੇ ਸੰਤਾਂ ਸਾਦਾਂ ਤੋਂ ਲੈਣਾ ਹੈ ਕਿ ਇਸ ਗੰਦੀ ਕਿਤਾਬ ਤੇ ਉਨ੍ਹਾਂ ਪਾਤਸ਼ਾਹੀ ੧੦ ਕਿਵੇਂ ਲਿਖਿਆ । ਜੇਕਰ ਸਿੱਖ ਸੰਗਤਿ ਨੇ ਦਸਮ ਗ੍ਰੰਥ ਦੇ ਪੁਜਾਰੀਆਂ ਨੂੰ ਨੰਗਾ ਕਰ ਕੇ ਦੇਖਣਾ ਸੁਰੂ ਕਰ ਦਿੱਤਾ ਤਾਂ ਬਈ ਕਿਤਨਿਆਂ ਨੇ ਬਾਲਸਫੇ ਨਾਲ ਰੋਮ ਸਾਫ ਕੀਤੇ ਹਨ ਤਾਂ ਹਾਲਤ ਕਾਬੂ ਤੋਂ ਬਾਹਰ ਹੋ ਜਾਏਗੀ । ਪੁਜਾਰੀਆਂ ਨੂੰ ਨੇਕ ਸਲਾਹ ਹੈ ਕਿ ਓਹ ਇਸ ਗ੍ਰੰਥ ਦੀ ਅਸਲੀਅਤ ਆਪੇ ਪ੍ਰਗਟ ਕਰ ਦੇਣ । ਖ਼ਬਰਦਾਰ-ਜਾਗਦੇ ਰਹਿਓ !

## ਪਤੀ ਦਾ ਕਤਲ ਇੰਜ ਵੀ ਕਰੀਦੈ

(ਤੀਨ ਸੌ ਉਨਹੱਤਰਿ ਚਰਿਤ੍ਰ ਪੰਨਾ ੧੩੨੪-੨੫)

ਪਾਤਰ : ਗਨਪਤਿ ਸਿੰਘ (ਰਾਜਾ), ਚੰਚਲ ਦੇ (ਨਾਰੀ) ਤੇ ਚੰਦ੍ਰ ਚੂੜ ਓਜਾ (ਦਜਬਰ) : ਹੇ ਰਾਜਾ ਸੁਣ ਇਕ ਹੋਰ ਕਹਾਣੀ ਕਿ ਕਿਵੇਂ ਉਸ ਦੀ ਰਾਣੀ ਨੇ ਰਾਜੇ ਨਾਲ ਸਲੂਕ ਕੀਤਾ । ਗਨਪਤਿ ਸਿੰਘ ਰਾਜਾ ਅਪਣੀ ਖੂਬਸੂਰਤ ਰਾਣੀ ਚੰਚਲ ਦੇ ਨੂੰ ਛੱਡ ਕੇ ਹੋਰਾਂ ਨਾਲ ਭੋਗ ਭੋਗਦਾ। ਰਾਣੀ ਨੂੰ ਇਸ ਦਾ ਬੜਾ ਗੁੱਸਾ। ਉਸ ਨੇ ਪਤੀ ਦਾ ਕਤਲ ਕਰਨ ਦੀ

ਠਾਣ ਲਈ। ਉਸ ਨੇ ਕਿਸੇ ਹੋਰ ਨਾਰ ਦਾ ਰੂਪ ਧਾਰ ਕੇ ਰਾਜੇ ਦੇ ਮਹਿਲੀਂ ਜਾ ਵੜੀ। ਰਾਜੇ ਨੇ ਪਛਾਣਿਆ ਈ ਨਾ ਕਿ ਇਹ ਮੇਰੀ ਹੀ ਔਰਤ ਹੈ। ਓਹ ਉਸ ਦਾ ਰੂਪ ਤੱਕ ਕੇ ਲਲਚਾ ਗਿਆ। ਜਦ ਰਾਤ ਹੋਈ ਤਾਂ ਉਸ ਨੂੰ ਸੱਦ ਲਿਆ।

*ਅਪਨੀ ਨਾਰਿ ਨ ਨ੍ਰਿਪਤਹਿ ਜਾਨਾ ॥ ਅਧਿਕ ਰੂਪ ਲਖਿ ਤਾਹਿ ਲੁਭਾਨਾ ॥*

*ਭਈ ਰੈਨਿ ਤਬ ਲਈ ਬੁਲਾਇ ॥ ਭੋਗ ਕਿਯਾ ਤਾਸੋਂ ਲਪਟਾਇ ॥੪॥* (ਤੀਨ ਸੌ ਉਨਹੱਤਰਿ ਚਰਿਤ੍ਰ ਪੰਨਾ ੧੩੨੪)

ਭੋਗ ਕਰਨ ਤੋਂ ਬਾਦ ਰਾਜੇ ਨੂੰ ਕਹਿੰਦੀ ਕਿ ਤੇਰੀ ਔਰਤ ਬੜੀ ਬਦਚਲਣ ਹੈ । ਓਹ ਮੇਰੇ ਦੇਖਦੇ ਗੈਰਾਂ ਨਾਲ ਸੇਜ ਸਾਂਝ ਕਰਦੀ ਐ। ਇਹ ਸੁਣ ਕੇ ਰਾਜੇ ਨੂੰ ਬੜਾ ਵੱਟ ਚੜ੍ਹਿਆ। ਓਹ ਦੇਖਣ ਲਈ ਦੋੜਿਆ-ਅੱਗੇ ਰਾਣੀ ਕਿਹੜੇ ਘੱਟ ਓਹ ਉਸ ਤੋਂ ਪਹਿਲਾਂ ਪੁਰਖ ਦਾ ਭੇਖ ਧਾਰ ਕੇ ਸੌਕਣ ਦੇ ਮੰਜੇ ਚੜ੍ਹ ਬੈਠੀ । ਐਨੇ ਨੂੰ ਰਾਜਾ ਪੁੱਜਾ-ਉਸ ਨੇ ਅਪਣੀ ਔਰਤ ਨੂੰ ਮਰਦ ਨਾਲ ਤੱਕਿਆ ਤੇ ਗੁੱਸਾ ਖਾ ਕੇ ਕੱਢੀ ਕ੍ਰਿਪਾਨ-ਚਲਿਆ ਔਰਤ ਨੂੰ ਮਾਰਨ-ਉਸੇ ਹੀ ਸਮੇਂ ਮਰਦ ਬਣੀ ਰਾਣੀ ਨੇ ਰਾਜੇ ਦਾ ਪਕੜਿਆ ਹੱਥ ਤੇ ਦਿਖਾਇਆ ਅਪਣਾ ਅਸਲੀ ਰੂਪ-ਰਾਜਾ ਦੇਖਦੇ ਹੀ ਠੰਢਾ ਠਾਰ ਹੋ ਗਿਆ। ਰਾਣੀ ਕਹਿੰਦੀ ਇਸ ਪਿੰਡ ਚ ਇਕ ਬਾਮ੍ਹਣ ਐ-ਨਾ ਐ ਓਹਦਾ ਚੰਦ੍ਰਚੂੜ ਓਜਾ-ਜਾਹ ਜਾ ਕੇ ਬ੍ਰਹਮ ਡੰਡ ਬਾਰੇ ਪੁੱਛ ਕੇ ਆ ਫਿਰ ਸ਼ਕਲ ਦਿਖਾਈਂ। ਜਦ ਰਾਜਾ ਓਸਨੂੰ ਮਿਲਣ ਚਲਿਆ ਤਾਂ ਰਾਣੀ ਨੇ ਬਾਮ੍ਹਣ ਦਾ ਰੂਪ ਧਾਰ ਕੇ ਅਪਣਾ ਨਾਂ ਚੰਦ੍ਰ ਚੂੜ ਰੱਖ ਲਿਆ। ਰਾਜਾ ਉਸ ਨੂੰ ਮਿਲ ਕੇ ਬੜਾ ਖੁਸ਼ ਹੋਇਆ। ਬਾਮ੍ਹਣ ਦੇ ਰੂਪ ਚ ਰਾਣੀ ਕਹਿੰਦੀ ਕਿ ਜਿਹੜਾ ਨ੍ਰਿਦੋਖ ਤੇ ਕੋਈ ਊਂਜ ਲਾਉਂਦਾ ਹੈ ਓਹ ਜਮਪੁਰੀ ਚ ਬੜਾ ਦੁੱਖ ਭੋਗਦੈ। ਉਸ ਨੂੰ ਥੰਭ ਦੇ ਨਾਲ ਬੰਨ੍ਹ ਕੇ ਤਪਦੇ ਤੇਲ ਨਾਲ ਸਾੜਿਆ ਜਾਂਦੈ। ਕਹਿੰਦੀ ਰਾਜਾ ਹੁਣ ਤੂੰ ਐਦਾਂ ਕਰ ਕਿ ਗਾਂ ਦਾ ਗੋਬਰ ਮੰਗਵਾ ਕੇ ਚਿਤਾ ਬਣਾ। ਜਿਹੜਾ ਇਸ ਚਿਤਾ ਚ ਬੈਠ ਕੇ ਸੜ ਮਰੇ ਸਿੱਧਾ ਸੁਰਗ ਜਾਂਦੈ। ਰਾਜੇ ਨੇ ਸੱਤ ਬਚਨ ਕਿਹਾ ਤੇ ਚਿਤਾ ਚ ਸੜ ਮਰਿਆ :-

*ਦੋਹਰਾ ॥ ਸੁਨਤ ਬਚਨ ਦਿਜ ਨਾਰਿ ਨ੍ਰਿਪ ਗੋਬਰ ਲਿਯਾ ਮੰਗਾਇ ॥*

*ਬੈਠਿ ਆਪੁ ਤਾਂ ਮਹਿ ਜਰਾ ਸਕਾ ਨ ਤ੍ਰਿਯਾ ਛਲ ਪਾਇ ॥੧੭॥* (ਤੀਨ ਸੌ ਉਨਹੱਤਰਿ ਚਰਿਤ੍ਰ ਪੰਨਾ ੧੩੨੫)

ਨੋਟ :- ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਅਪਣਾ ਪਤੀ ਕਤਲ ਕਰਨ ਲਈ ਪ੍ਰੇਰਦੀ ਹੈ । ਜੇਕਰ ਧੀਆਂ ਭੈਣਾਂ ਨੇ ਦਸਮ ਗ੍ਰੰਥ ਦੀਆਂ ਸਿੱਖਿਆਵਾਂ ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ ਤਾਂ ਸਮਾਜ ਦੇ ਚੀਥੜੇ ਵੀ ਨਹੀਂ ਲੱਭਣੇ । ਇਹ ਇਕ ਅਜਿਹੀ ਚਾਲ ਹੈ ਜੋ ਸਾਡੇ ਪੁਜਾਰੀ (ਭਾਵੇਂ ਓਹ ਸਾਡੇ ਨਹੀਂ) ਗੁਰੂ ਘਰਾਂ ਤੇ ਕਬਜਾ ਕਰ ਕੇ ਅਤੇ ਵੱਡੀਆਂ ਥਾਵਾਂ ਮੱਲ ਕੇ ਜਿੱਥੇ ਗੁਰ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਤੋੜਨ ਦੀ ਹੋੜ ਚ ਲੱਗੇ ਹਨ ਉੱਥੇ ਓਹ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਵੀ ਕਰ ਰਹੇ ਹਨ । ਕੀ ਗੁਰੂ ਜੀ ਅਪਣੇ ਪੁੱਤਾਂ ਧੀਆਂ ਨੂੰ ਅਜਿਹੀ ਸਿੱਖਿਆ ਦੇਣਗੇ ? ਹਰ ਸਿੱਖ ਦਾ ਫਰਜ ਅਤੇ ਹੱਕ ਹੈ ਕਿ ਪੁਜਾਰੀਆਂ ਅਤੇ ਸੰਤ ਸਾਧਾਂ ਨੂੰ ਪਕੜ ਕੇ ਪੁੱਛੇ ਤੇ ਰਾਤ ਦੀ ਨੀਂਦ ਹਰਾਮ ਕਰ ਦਏ । ਇਹ ਜਿੱਥੇ ਧਰਮ ਵਿਰੁੱਧ ਹੈ ਉਥੇ ਕਾਨੂਨੀ ਜੁਰਮ ਹੈ । ਸਿੱਖੀ ਭੇਖ ਧਾਰ ਕੇ ਗੁਰੂ ਦਾ ਅਪਮਾਨ ਕਰਨ ਵਾਲਿਆਂ ਨੂੰ ਗੁਰੂ ਦੇ ਲਾਲ ਕਿਵੇਂ ਨਜਿੱਠਦੇ ਹਨ ਸਮਾਂ ਦੱਸੇਗਾ । ਖ਼ਬਰਦਾਰ ਅਤੇ ਜਾਗਦੇ ਰਹਿਓ !

ਨਗਰ : ਬਯਾਘ੍ਰਵਤੀ (ਤੀਨ ਸੌ ਸੱਤਰ ਚਰਿਤ੍ਰ ਪੰਨਾ ੧੩੨੫-੨੬)

## ਇਸ਼ਕ ਦੀ ਨਵੀਓਂ ਨਵੀਂ ਬਹਾਰ

ਪਾਤਰ : ਬਯਾਘ੍ਰ ਕੇਤ (ਰਾਜਾ), ਸ੍ਰੀ ਅਬਦਾਲ ਮਤੀ (ਤ੍ਰਿਯ) ਤੇ ਸ੍ਰੀ ਜਸ ਤਿਲਕ ਸਿੰਘ (ਸ਼ਾਹ ਸੁਤ) : ਇੰਦ੍ਰਾਵਤੀ ਨਗਰ ਤੋਂ ਵੀ ਸੋਹਣੀ ਬਯਾਘ੍ਰਾਵਤੀ ਨਗਰ ਦੇ ਰਾਜੇ ਬਯਾਘ੍ਰਕੇਤ ਦੀ ਰਾਣੀ ਸ੍ਰੀ ਅਬਦਾਲ ਮਤੀ ਅੰਤਾਂ ਦੀ ਸੋਹਣੀ । ਉਸ ਨੇ ਜਦ ਇਕ ਸ਼ਾਹ ਦੇ ਪੁੱਤ ਸ੍ਰੀ ਜਸ ਤਿਲਕ ਸਿੰਘ ਦੇ ਰੂਪ ਦੀ ਚਰਚਾ ਸੁਣੀ ਕਿ ਜਿਹੜੀ ਔਰਤ ਉਸ ਨੂੰ ਦੇਖ ਲੈਂਦੀ ਹੈ ਓਹ ਲੋਕ ਲਾਜ ਛਿੱਕੇ ਟੰਗ ਕੇ ਉਸੇ ਦੀ ਹੋ ਜਾਂਦੀ ਹੈ । ਉਸ ਨੇ ਇਕ ਸਖੀ ਸੱਦ ਕੇ ਮੁੜ ਸਾਰੀ ਚਰਚਾ ਸੁਣੀ । ਓਹ ਕਹਿੰਦੀ ਕਿ ਜੇ ਤੂੰ ਚਾਹੇਂ ਤਾਂ ਮੈਂ ਤੇਰਾ ਭਟਕਿਆ ਕਾਮ ਠੰਢਾ ਕਰਵਾ ਸਕਦੀ ਹਾਂ :-

*ਤਬ ਚੇਰੀ ਇਮਿ ਬਚਨ ਉਚਾਰੋ ॥ ਸੁਨੁ ਰਾਨੀ ਜੂ ਕਹਾ ਹਮਾਰੋ ॥*

*ਸ੍ਰੀ ਜਸ ਤਿਲਕ ਰਾਇ ਤਿਹ ਜਾਨੋ ॥ ਸ਼ਾਹ ਪੂਤ ਤਾਕਹ ਪਹਿਚਾਨੋ ॥੭॥*

*ਜੁ ਤੁਮ ਕਹੌ ਤਿਹ ਤੁਮੈਂ ਮਿਲਾਊਂ ॥ ਮਦਨ ਤਾਪ ਸਭ ਤੋਰ ਮਿਟਾਊਂ ॥* (ਤੀਨ ਸੌ ਸੱਤਰ ਚਰਿਤ੍ਰ ਪੰਨਾ ੧੩੨੫)

ਰਾਣੀ ਸੁਣਦੇ ਸਾਰ ਹੀ ਓਹਦੇ ਪੈਰੀਂ ਪੈ ਗਈ ਕਹਿੰਦੀ ਜੇਕਰ ਤੂੰ ਇਕ ਵਾਰ ਓਹਨੂੰ ਮਿਲਾ ਦੇਵੇਂ ਤਾਂ ਮੂੰਹ ਮੰਗਿਆ ਧਨ ਦੇਵਾਂਗੀ । ਓਹ ਝੱਟ ਪੱਟ ਗਈ ਤੇ ਮਿਲਣੀ ਕਰਵਾ ਦਿੱਤੀ :-

*ਦੋਹਰਾ ॥ ਰਾਨੀ ਤਾਕੌ ਪਾਇ ਤਿਹਿ ਦਾਰਿਦ ਦਿਯਾ ਮਿਟਾਇ ॥*

*ਨ੍ਰਿਪ ਕੀ ਆਂਖ ਬਚਾਇ ਉਹਿ ਲਿਯੋ ਗਰੇ ਸੌ ਲਾਇ ॥੧੦॥* (ਤੀਨ ਸੌ ਸੱਤਰ ਚਰਿਤ੍ਰ ਪੰਨਾ ੧੩੨੫)

ਦੋਨੋ ਅਮੀਰ ਤੇ ਜੁਆਨ । ਕਾਮ ਕ੍ਰੀੜਾ ਕਰ ਕਰ ਖੁਸ਼ ਹੁੰਦੇ । ਇਕ ਤਾਂ ਕਾਮ ਦਾ ਜੋਰ ਤੇ ਉੱਤੋਂ ਦਾਰੂ । ਸਾਰੀ ਰਾਤ ਹੀ ਕਾਮ ਕਰਦਿਆਂ ਬਿਤਾ ਦਿੱਤੀ । ਚੁੰਬਨ ਕਰਦਿਆਂ ਨੌਹਾਂ ਨਾਲ ਚੇਹਰੇ ਤੇ ਝਰੀਟਾਂ ਤੇ :-

*ਚੌਪਈ ॥ ਦੋਊ ਧਨੀ ਔ ਜੋਬਨਵੰਤ ॥ ਕਰਤ ਕਾਮ ਕ੍ਰੀੜਾ ਬਿਗਸੰਤ ॥*
*ਇਕ ਕਾਮੀ ਅਰੁ ਕੈਫ ਚੜਾਈ ॥ ਰੈਨਿ ਸਕਲ ਰਤਿ ਕਰਤ ਬਿਤਾਈ ॥੧੧॥*
*ਲਪਟਿ ਲਪਟਿ ਆਸਨ ਵੇ ਲੇਹੀ ॥ ਆਪੁ ਬੀਚਿ ਸੁਖ ਬਹੁ ਬਿਧਿ ਦੇਹੀ ॥*
*ਚੁੰਬਨ ਕਰਤ ਨਖਨ ਕੇ ਘਾਤਾ ॥ ਰੈਨਿ ਬਿਤੀ ਆਯੋ ਹ੍ਵੈ ਪ੍ਰਾਤਾ ॥੧੨॥*(ਤੀਨ ਸੌ ਸੱਤਰ ਚਰਿਤ੍ਰ ਪੰਨਾ ੧੩੨੬)

ਸਵੇਰੇ ਰਾਣੀ ਪਤੀ ਪਾਸ ਗਈ ਜਿਸ ਦੀ ਓਸ ਨੂੰ ਚਾਹਨਾ ਸੀ । ਰਾਜੇ ਨੂੰ ਕਹਿੰਦੀ ਕਿ ਬੁੱਢੇ ਰਾਜਾ ਮੇਰੀ ਗੱਲ ਸੁਣ ਦੇਖ ਮੈਨੂੰ ਬਿੱਲੇ ਨੇ ਛਾਤੀ ਤੇ ਨੌਂਹਦਰਾਂ ਮਾਰੀਆਂ ਹਨ । ਉਸ ਨੂੰ ਪ੍ਰਤੱਖ ਦਿਖਾ ਦਿੱਤਾ ਕਹਿੰਦੀ ਮੈਂ ਅੱਜ ਤੇਰੇ ਨਾਲ ਨਹੀਂ ਸੌਂ ਸਕਦੀ । ਰਾਜਾ ਵਿਚਾਰਾ ਕਰਥਲਾਂ ਲੈਂਦਾ ਸੌਂ ਗਿਆ ਤੇ ਓਹ ਮਿਤ੍ਰ ਦੇ ਨਾਲ ਜਾ ਰਸੀ ।

*ਇਹ ਛਲ ਤਜਿ ਸ੍ਵੈਬੋ ਨ੍ਰਿਪ ਪਾਸਾ ॥ ਕਿਯਾ ਮਿੱਤ੍ਰ ਸੌ ਕਾਮ ਬਿਲਾਸਾ ॥*
*ਘਾਤ ਨਖਨ ਕੀ ਨਾਹ ਦਿਖਾਈ ॥ ਬਿਰਧ ਮੂੜ੍ਹ ਨ੍ਰਿਪ ਬਾਤ ਨ ਪਾਈ ॥੧੮॥*(ਤੀਨ ਸੌ ਸੱਤਰ ਚਰਿਤ੍ਰ ਪੰਨਾ ੧੩੨੬)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਸਿਖ ਰਹਿਤ ਮਰਿਯਾਦਾ ਦੇ ਦੋ ਵੱਡੇ ਥੰਮ (੧. ਪਰਾਏ ਮਰਦ ਜਾਂ ਪਰਾਈ ਇਸਤ੍ਰੀ ਦਾ ਸੰਗ ਨਹੀਂ ਕਰਨਾ ੨. ਨਸ਼ੇ ਦੀ ਵਰਤੋਂ ਨਹੀਂ ਕਰਨੀ ਦਾ ਉੱਕਾ ਹੀ ਭੋਗ ਪਾਉਂਦਾ ਹੈ) । ਉਂਞ ਤਾਂ ਦਸਮ ਗ੍ਰੰਥ ਦੀ ਕੋਈ ਵੀ ਰਚਨਾ ਰਹਿਤ ਮਰਿਯਾਦਾ ਨੂੰ ਮੂਲੋਂ ਹੀ ਨਿਕਾਰਦੀ ਹੈ । ਕੇਸਾਂ ਦੀ ਬੇਅਦਬੀ ਅਤੇ ਕੁੱਠੇ ਖਾਣ ਦੇ ਅਨੇਕਾਂ ਹੀ ਪ੍ਰਮਾਣ ਇਸ ਵਿੱਚ ਦਰਜ ਹਨ । ਫਿਰ ਇਹ ਰੱਬ ਦੀ ਪੂਜਾ ਨਹੀਂ ਬਲਕਿ ਦੇਵਿ ਪੂਜਾ ਤੇ ਦੇਵੀ ਪੂਜਾ ਲਈ ਪੁਕਾਰਦਾ ਹੈ । ਦਸਮ ਗ੍ਰੰਥ ਔਰਤ ਅਤੇ ਡੰਗਰ ਵਿੱਚ ਕੋਈ ਫ਼ਰਕ ਨਹੀਂ ਸਮਝਦਾ । ਸਾਡੇ ਸਿੱਖ ਪੁਜਾਰੀ ਇਸ ਨੂੰ ਗੁਰਬਾਣੀ ਆਖ ਆਖ ਅਖੰਡ ਪਾਠ ਕਰਦੇ ਹਨ। ਇਹ ਸਿੱਖ ਕੌਮ ਦੀ ਬਦ ਕਿਸਮਤੀ ਹੈ ਕਿ ਕਿਸੇ ਵੀ ਵਿਦਵਾਨ ਨੇ ਖੁੱਲ੍ਹ ਕੇ ਇਸ ਦਾ ਵਿਰੋਧ ਨਹੀਂ ਕੀਤਾ ਤੇ ਹਮੇਸ਼ਾ ਹੀ ਡੰਗ ਟਪਾਊ ਨੀਤੀ ਤੇ ਚੱਲ ਕੇ ਅਪਣੀ ਵਿਦਵਤਾ ਘੋਟ ਕੇ ਤੁਰਦੇ ਬਣੇ । ਵੈਰੀਆਂ ਦੇ ਹੌਂਸਲੇ ਬੁਲੰਦ ਹੋਏ ਤੇ ਓਹ ਹਰ ਸਾਹ ਸਿੱਖੀ ਨੂੰ ਢਾਹ ਲਾਉਣ ਲਈ ਕਮਰਕਸੇ ਕਰੀਂ ਬੈਠੇ ਹਨ । ਟਾਂਵੇਂ ਟਾਂਵੇਂ ਸਿੱਖ ਨੇ ਨੀਂਦ ਦੇ ਪੰਘੂੜੇ ਤੋਂ ਜਾਗਣ ਦੀ ਕੋਸ਼ਿਸ ਕੀਤੀ ਹੈ । ਉਹ ਵਧਾਈ ਦੇ ਪਾਤਰ ਹਨ ਜੋ ਸੱਚ ਬੋਲਣ ਦਾ ਜਿਗਰਾ ਰੱਖਦੇ ਹਨ । ਬਾ-ਹੋਸ਼ਿਆਰ-ਜਾਗਦੇ ਰਹਿਓ !

ਇਲਾਕਾ : ਕੰਚਨ ਪੁਰ (ਤੀਨ ਸੌ ਇਕਹੱਤਰ ਚਰਿਤ੍ਰ ਪੰਨਾ ੧੩੨੬-੨੭)

## ਮਿਤ੍ਰ ਨੂੰ ਭਰਾ ਬਣਾ ਕੇ ਭੋਗ ਕਰੋ

ਪਾਤਰ : ਅਛਲ ਸੈਨ (ਭੂਪ), ਕੰਚਨ ਦੇ (ਨਾਰੀ) ਤੇ ਪ੍ਰਭਾਕਰ ਸੈਨਿਕ (ਸ਼ਾਹ) : ਕੰਚਨਪੁਰ ਦੇ ਰਾਜੇ ਅਛਲ ਸੈਨ ਦੀ ਔਰਤ ਕੰਚਨ ਦੇ ਐਨੀ ਸੋਹਣੀ ਜਿਵੇਂ ਰੱਬ ਨੇ ਆਪ ਘੜੀ ਹੋਏ । ਉਸ ਨੇ ਇਕ ਪ੍ਰਭਾਕਰ ਸੈਨਿਕ ਨਾਂ ਦੇ ਸ਼ਾਹ ਨੂੰ ਦੇਖਿਆ। ਓਸ ਦੇ ਰੂਪ ਨੂੰ ਤੱਕ ਕੇ ਓਹ ਗੋਂਦ ਗੁੰਦਣ ਲੱਗੀ ਕਿ ਕਿਵੇਂ ਨਾ ਕਿਵੇਂ ਮੈਂ ਇਸ ਨਾਲ ਭੋਗ ਕਰਾਂ। ਰਾਣੀ ਕੋਲ ਇਕ ਤੋਤੀ ਦਾ ਪਿੰਜਰਾ ਸੀ ਜੋ ਉਸ ਦੇ ਵਸ ਵਿੱਚ ਸੀ। ਉਸੇ ਦਾ ਸਹਾਰਾ ਲਿਆ ਤੇ ਫਿਰ ਸੁਰੂ ਹੋਇਆ ਪ੍ਰੇਮ ਖੇਲ :-

*ਕਨਕ ਪਿੰਜਰੀ ਪਰੀ ਹੁਤੀ ਤਹ ॥ ਮਰਮ ਕੇਤ ਰਾਨੀ ਕੇ ਬਸਿ ਮਹ ॥*
*ਬੀਰ ਰਾਧਿ ਤਿਹ ਤਹੀਂ ਪਠਾਈ ॥ ਸੇਜ ਉਠਾਇ ਜਾਇ ਲੈ ਆਈ ॥੫॥*
*ਕਾਮ ਭੋਗ ਤਾਸੌ ਜਬ ਮਾਨਾ ॥ ਦ੍ਵੈ ਪ੍ਰਾਨਨ ਤੇ ਇਕ ਜਿਯ ਜਾਨਾ॥*
*ਨਿਜੁ ਨਾਇਕ ਸੇਤੀ ਹਿਤ ਛੋਰੋ ॥ ਤਾਸੈ ਚਤੁਰਿ ਚੌਗੁਨੋ ਜੋਰੋ ॥੬॥*(ਤੀਨ ਸੌ ਇਕਹੱਤਰ ਚਰਿਤ੍ਰ ਪੰਨਾ ੧੩੨੭)

ਰਾਜੇ ਨੂੰ ਜਾ ਕੇ ਕਹਿੰਦੀ ਕਿ ਸ਼ਾਹ ਮੇਰਾ ਪੂਰਬਲਾ ਭਾਈ ਹੈ । ਸਾਨੂੰ ਇਕ ਰਿਖੀ ਨੇ ਸ੍ਰਾਪ ਦਿੱਤਾ ਇਸੇ ਲਈ ਅਸੀਂ ਇੱਥੇ ਜੰਮੇਂ । ਰਿਖੀ ਕਹਿੰਦਾ ਤੁਹਾਡਾ ਤਾਂ ਉਧਾਰ ਹੋਏਗਾ ਕਿ ਮਾਤ ਲੋਕ ਵਿੱਚ ਬਹੁਤ ਸਾਲ ਬਿਤਾਓ ਤੇ ਫਿਰ ਸੁਰਗ ਵਿੱਚ ਆਉਣਾ । ਤੇਰੇ ਘਰ ਵਸ ਕੇ ਮੈਂ ਬਹੁਤ ਖੁਸ਼ੀ ਲਈ ਹੁਣ ਰਿਖੀ ਦਾ ਸਰਾਪ ਪੂਰਾ ਹੋ ਰਿਹਾ ਹੈ। ਉਸ ਨੇ ਤੋਤੀ ਨੂੰ ਸਿਖਾਇਆ ਕਿ ਤੂੰ ਰਾਜੇ ਕੋਲ ਜਾ ਕੇ ਕਹੀਂ ਕਿ ਰਾਣੀ ਗਈ ਗਈ ਗਈ। ਸਭਨਾਂ ਨੇ ਸੁਣਿਆ ਲੋਕਾਂ ਸੋਚਿਆ ਕਿ ਭਾਈ ਨਾਲ ਸੁਰਗ ਚਲੇ ਗਈ ਹੈ। ਰਾਜੇ ਨੂੰ ਕਹਿੰਦੇ ਫਿਕਰ ਨਾ ਕਰ ਕਿਸੇ ਹੋਰ ਸੋਹਣੀ ਕੁੜੀ ਨਾਲ ਵਿਆਹ ਕਰ ਲੈ।

ਨੋਟ :- ਦਸਮ ਗ੍ਰੰਥ ਦੀਆਂ ਅਨੇਕਾਂ ਹੀ ਕਾਵਿ ਰਚਨਾਵਾਂ ਸਿੱਖ ਸਮਾਜ ਨੂੰ ਇਹ ਉਪਦੇਸ ਦੇਂਦੀਆਂ ਹਨ ਕਿ ਬਾਪ ਧੀ ਨਾਲ-ਮਾਂ ਸਕੇ ਪੁੱਤ ਨਾਲ-ਭਰਾ ਸਕੀ ਭੈਣ ਨਾਲ-ਭੈਣ ਸਕੇ ਭਾਈ ਨਾਲ-ਦਿਓਰ ਭਰਜਾਈ ਨਾਲ ਸੰਭੋਗ ਕਰ ਸਕਦਾ ਹੈ । ਮਿਤ੍ਰ ਨੂੰ ਭਰਾ ਬਣਾ ਕੇ ਭੋਗਣ ਦੀਆਂ ਅਨੇਕਾਂ ਹੀ ਕਥਾਵਾਂ ਹਨ ਤੇ ਉਸ ਨਾਲ ਇਸ ਕਾਵਿ ਰਚਨਾਂ ਦੀ ਤਰ੍ਹਾਂ ਭੱਜ ਜਾਣ ਦੀਆਂ ਕਥਾਵਾਂ ਵੀ। ਬਹੁਤੀ ਥਾਈਂ ਮਨ ਦੇ ਗਹਿਰੇ ਦੁੱਖ ਤੋਂ ਉਪਜੀ ਹੂਕ ਦੁਆਰਾ ਮੈਂ ਲਿਖ ਚੁੱਕਾ ਹਾਂ ਕਿ ਸਾਡੇ ਵੱਡੇ ਪੁਜਾਰੀ-ਸੰਤ ਸਾਧ-ਬ੍ਰਹਮ ਗਿਆਨੀ-ਡੇਰਿਆਂ ਵਾਲੇ ਬਾਬੇ-ਅਨੇਕਾਂ ਹੀ ਅਪਣੇ ਆਪ ਨੂੰ ਧਾਰਮਿਕ ਅਖਵਾਉਂਦੀਆਂ ਜਥੇਬੰਦੀਆਂ ਦੇ ਮਰਜੀਵੜੇ ਬੜੇ ਬੇਸ਼ਰਮ ਅਤੇ ਢੀਠ ਹਨ ਬਹੁਤਿਆਂ ਦੇ ਵੱਡਿਆਂ ਨਾਲ ਮੈਂ ਕਈ ਵਾਰ ਜਾਭਾਂ ਦੇ ਭੇੜ ਕਰ ਚੁੱਕਾ ਹਾਂ। ਐਨੇ ਅਕ੍ਰਿਤਘਣ ਹਨ ਜੋ ਟੱਸ ਤੋਂ ਮੱਸ ਨਹੀਂ ਹੁੰਦੇ ਕਹਿੰਦੇ ਇਹ ਗੁਰਬਾਣੀ ਐ

ਤੇ ਪਾਤਸ਼ਾਹੀ ੧੦ ਨੇ ਲਿਖੀ ਹੈ। ਇਕ ਵੱਡੇ ਨੂੰ ਇਕ ਦਿਨ ਮੈਂ ਪੁੱਛਿਆ ਕਿ ਜੇ ਇਹ ਗੁਰਬਾਣੀ ਐ ਤਾਂ ਅੰਮ੍ਰਿਤ ਵੇਲੇ ਅਪਣੀ ਬੇਬੇ ਨੂੰ ਇਹਦਾ ਪਾਠ ਕਿਉਂ ਨਹੀਂ ਸੁਣਾਉਂਦਾ। ਔਖਾ ਹੋ ਕੇ ਓਹ ਕਹਿੰਦਾ ਅਨਪੜ੍ਹ ਕੀ ਜਾਣਨ ਗੁਰੂ ਦੇ ਚੋਜ। ਮੈਂ ਕਿਹਾ ਇਹ ਚੋਜ ਅਪਣੀ ਭੈਣ ਜਾਂ ਧੀ ਨੂੰ ਕਿਉਂ ਨਹੀਂ ਸੁਣਾਉਂਦਾ । ਓਹ ਮੇਰੇ ਮਗਰ ਮੈਨੂੰ ਸੋਧਣ ਦੋੜਿਆ ਕਹਿੰਦਾ ਤੂੰ ਗੁਰੂ ਦਾ ਅਪਮਾਨ ਕਰਦਾ ਐਂ ਤੇ ਬਣੀ ਫਿਰਦੈ ਖਾਲਸਾ । ਮੈਨੂੰ ਓਹ ਤੇ ਬੜਾ ਤਰਸ ਆਇਆ । ਉਸ ਤੋਂ ਵੀ ਵੱਧ ਉਸ ਦੀ ਮਾਂ ਤੇ ਜਿਸ ਨੇ ਨੌਂ ਮਹੀਨੇ ਅਪਣੇ ਪੇਟ ਵਿੱਚ ਰੱਖ ਕੇ ਤਕਲੀਫ਼ ਝੱਲੀ । ਜੇ ਕਾਵਿ ਰਚਨਾ ਅਪਣੇ ਮਿਤ੍ਰ ਨੂੰ ਭਰਾ ਬਣਾ ਕੇ ਭੋਗ ਕਰਨ ਦੀ ਸਿੱਖਿਆ ਦਏ ਤਾਂ ਕੀ ਸਿੱਖਾਂ ਨੂੰ ਇਸ ਅੱਗੇ ਨਮਸਕਾਰਾਂ ਕਰਨੀਆਂ ਚਾਹੀਦੀਆਂ ਹਨ ? ਕੀ ਇਨ੍ਹਾਂ ਸਿੱਖਿਆਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਕਹੋਗੇ ? ਕੀ ਇਸੇ ਦਾ ਨਾਂ ਦਸਮ ਗ੍ਰੰਥ ਸਾਹਿਬ ਹੈ ? ਕੀ ਗੁਰੂ ਘਰਾਂ ਵਿੱਚ ਇਸ ਦਾ ਪ੍ਰਕਾਸ਼ ਕਰੋਗੇ ? ਤੇ ਧੀਆਂ ਭੈਣਾਂ ਨੂੰ ਇਹ ਸਿੱਖਿਆਵਾਂ ਦ੍ਰਿੜ ਕਰਨ ਲਈ ਕਹੋਗੇ । ਜਾਗਦੀ ਜ਼ਮੀਰ ਨਾਲ ਉੱਤਰ ਲੱਭਣ ਦੀ ਕ੍ਰਿਪਾਲਤਾ ਕਰਨੀ ਜੀ। ਜ਼ਮੀਰ ਦੇ ਦਬਾ ਦੇਣ ਨਾਲ ਇਸ ਦੇ ਮਰ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ । ਖ਼ਬਰਦਾਰ -ਜਾਗਦੇ ਰਹਿਓ !

ਨਗਰ : ਸੁ ਛਬਿ ਵਤੀ (ਤੀਨ ਸੌ ਬਹੱਤਰ ਚਰਿਤ੍ਰ ਪੰਨਾ ੧੩੨੭)

## ਅਪਣਾ ਪਤੀ ਕਤਲ ਕਰਨਾ ਸਿਖੋ

ਪਾਤਰ : ਜਲਜ ਸੈਨ (ਭੂਪ) ਤੇ ਸੁ ਛਬਿਮਤੀ (ਨਾਰਿ) : ਹੇ ਰਾਜਾ ਇਕ ਹੋਰ ਕਹਾਣੀ ਸੁਣ ਕਿ ਔਰਤ ਨੇ ਰਾਜੇ ਨਾਲ ਕੀ ਸਲੂਕ ਕੀਤਾ । ਸੁ ਛਬਿਵਤੀ ਨਗਰ ਦੇ ਰਾਜਾ ਜਲਜ ਸੈਨ ਦੀ ਔਰਤ ਅਪਣੇ ਪਤੀ ਤੋਂ ਬਹੁਤ ਦੁਖੀ । ਓਹ ਉਸ ਨੂੰ ਪਿਆਰ ਨਾ ਕਰਦਾ । ਇਕ ਦਿਨ ਰਾਣੀ ਨੇ ਬੈਦ ਦਾ ਰੂਪ ਧਾਰਿਆ ਤੇ ਰਾਜੇ ਦੇ ਘਰ ਜਾ ਪਹੁੰਚੀ ਕਹਿੰਦੀ ਰਾਜਾ ਤੈਨੂੰ ਵੱਡਾ ਰੋਗ ਚਿੰਬੜਿਐ । ਜਦ ਤੂੰ ਦੌੜਦਾ ਐਂ ਤਾਂ ਤੈਨੂੰ ਪਸੀਨਾ ਬਹੁਤ ਆਉਂਦੈ । ਸੂਰਜ ਨੂੰ ਤੱਕਿਆਂ ਤੈਨੂੰ ਚੌਂਧੀ ਲੱਗਦੀਐ । ਜੇ ਚਾਹੇਂ ਤੇਰਾ ਇਲਾਜ ਹੋ ਸਕਦੈ । ਰਾਜੇ ਨੇ ਬੈਦ ਦੀ ਗੱਲ ਸੱਚੀ ਜਾਣੀ । ਬੈਦ ਨੇ ਦਵਾਈ ਚ ਬਿਖ (ਜ਼ਹਿਰ) ਮਿਲਾ ਕੇ ਰਾਜੇ ਨੂੰ ਦੇ ਦਿੱਤੀ ਤੇ ਰਾਜਾ ਮਰ ਗਿਆ ।

ਨੋਟ :- ਇਹ ਕਾਵਿ ਰਚਨਾਂ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਜੇਕਰ ਉਨ੍ਹਾਂ ਦਾ ਪਤੀ ਤੁਹਾਡੀ ਬਹੁਤੀ ਪੁੱਛ ਪ੍ਰਤੀਤ ਨਹੀਂ ਕਰਦਾ ਤਾਂ ਜ਼ਹਿਰ ਦੇ ਕੇ ਮਾਰ ਦਿਓ । ਜੇ ਇਸ ਤੇ ਔਰਤਾਂ ਅਮਲ ਕਰਨਾ ਸੁਰੂ ਕਰ ਦਿੱਤਾ ਤਾਂ ਹਾਲਾਤ ਕਾਬੂ ਤੋਂ ਬਾਹਰ ਹੋ ਜਾਣੇ ਹਨ । ਇਹ ਹੁਣ ਪੁਜਾਰੀਆਂ-ਸੰਤਾਂ ਸਾਧਾਂ-ਡੇਰਿਆਂ-ਬਾਬਿਆਂ ਅਤੇ ਦਸਮ ਗ੍ਰੰਥ ਨੂੰ ਗੁਰਬਾਣੀ ਮੰਨਣ ਵਾਲਿਆਂ ਸੋਚਣਾ ਹੈ ਕਿ ਇਸ ਪੁਸਤਕ ਦਾ ਭੋਗ ਪਾਉਣਾ ਹੈ ਜਾਂ ਫਿਰ ਔਰਤਾਂ ਦੇ ਵੱਡੇ ਜਿਗਰੇ ਪਰਖਣੇ ਹਨ । ਸਿਆਣਪ ਇਸੇ ਵਿੱਚ ਹੈ ਕਿ ਬਿਨਾਂ ਦੇਰੀ ਸਰਬੱਤ ਖਾਲਸਾ ਸਮੇਲਨ ਸੱਦ ਕੇ ਭੁੱਲ ਨੂੰ ਸੁਧਾਰੋ ਅਤੇ ਕੌਮ ਤੋਂ ਮੁਆਫੀ ਮੰਗੋ । ਬਾ ਹੋਸ਼ਿਆਰ-ਖ਼ਬਰਦਾਰ-ਜਾਗਦੇ ਰਹਿਓ !

ਸ਼ਹਿਰ : ਦੌਲਤਾਬਾਦ (ਤੀਨ ਸੌ ਤਿਹੱਤਰਿ ਚਰਿਤ੍ਰ ਪੰਨਾ ੧੩੨੮-੩੦)

## ਸਾਧਣੀ ਬਣ ਕੇ ਮੌਜਾਂ ਲੁੱਟੋ

ਪਾਤਰ : ਬਿਕਟ ਸਿੰਘ (ਭੂਪ), ਭਾਨ ਮੰਜਰੀ (ਦਾਰਾ), ਭੀਮ ਸੈਨ (ਸ਼ਾਹ), ਸ੍ਰੀ ਅਫਤਾਬ ਦੇਇ (ਨਾਰੀ) ਤੇ ਹਿੰਗਲਾ ਦੇਇ

ਦੌਲਤਾਬਾਦ ਸ਼ਹਿਰ ਦੇ ਰਾਜਾ ਬਿਕਟ ਸਿੰਘ ਦੀ ਰਾਣੀ ਭਾਨ ਮੰਜਰੀ ਜਿਵੇਂ ਰੱਬ ਨੇ ਆਪ ਘੜੀ ਹੋਏ । ਉੱਥੇ ਇਕ ਭੀਮ ਸੈਨ ਸ਼ਾਹੂਕਾਰ ਅਪਣੀ ਔਰਤ ਸ੍ਰੀ ਅਫਤਾਬ ਦੇਇ ਨਾਲ ਰਹਿੰਦਾ । ਸ਼ਾਹੂਕਾਰ ਦੀ ਔਰਤ ਐਨੀ ਸੋਹਣੀ ਜਣੋ ਸੁਨਿਆਰੇ ਦੀ ਭੱਠੀ ਚ ਘੜੀ ਹੋਏ । ਉਸ ਦੇ ਮਨ ਚ ਖਿਆਲ ਆਇਆ ਕਿ ਕਿਸ ਤਰੀਕੇ ਨਾਲ ਮੈਂ ਭਵਾਨੀ (ਦੇਵੀ) ਦੀ ਪੂਜਾ ਕਰਾਂ । ਰਾਤ ਨੂੰ ਸੁਪਨਾ ਆਇਆ ਉਸ ਸੁਪਨੇ ਚ :-

*ਤਿਨ ਮਨ ਮੈ ਇਹ ਬਾਤ ਬਖਾਨੀ ॥ ਕਿਹ ਬਿਧਿ ਕੈ ਹੂ ਜਿਯੈ ਭਵਾਨੀ ॥*
*ਸੋਇ ਰਹੀ ਸਭ ਜਗਹਿ ਦਿਖਾਇ ॥ ਚਮਕ ਉਠੀ ਸੁਪਨੇ ਕਹ ਪਾਇ ॥੩॥*
*ਕਹਾ ਦਰਸ ਮੁਹਿ ਦਿਯਾ ਭਵਾਨੀ ॥ ਸਭਹਿਨ ਸੌ ਭਾਖੀ ਇਮਿ ਬਾਨੀ ॥*
*ਜਿਹ ਬਰਦਾਨ ਦੇਉ ਤਿਹ ਹੋਈ ॥ ਯਾ ਮੈਹਿ ਪਰੈ ਫੇਰਿ ਨਹਿ ਕੋਈ ॥੪॥* (ਤੀਨ ਸੌ ਤਿਹੱਤਰਿ ਚਰਿਤ੍ਰ ਪੰਨਾ ੧੩੨੮)

ਨੋਟ :- ਸਿੱਖ ਧਰਮ ਭਵਾਨੀ ਦੀ ਪੂਜਾ ਕਰਨ ਵਾਲੇ ਨੂੰ ਸਿੱਖ ਨਹੀਂ ਮੰਨਦਾ, ਗੁਰੂ ਗ੍ਰੰਥ ਸਾਹਿਬ ਜੀ ਦਾ ਰਾਗ ਗੌਂਡ ਵਿੱਚ ਉਪਦੇਸ ਹੈ :- ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥ (ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੮੭੪) ਭਾਵ ਹੇ ਭਵਾਨੀ ਤੈਨੂੰ ਲੋਕੀਂ ਜਗਤ ਦਾ ਮੁੱਢ ਜਗ ਜਣਨੀ ਕਹਿੰਦੇ ਹਨ ਪਰ ਜਦ ਜੀਵ ਨੂੰ ਮੁਕਤੀ ਦੇਣ ਦੀ ਬਾਰੀ ਆਉਂਦੀ ਹੈ ਉਦੋਂ ਤੂੰ ਕਿੱਥੇ ਛੁੱਪ ਜਾਂਦੀ ਹੈਂ । ਉਂਝ ਗੁਰੂ ਗ੍ਰੰਥ ਦਾਹਿਬ ਜੀ ਦੀ ਬਾਣੀ ਦੇ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ। ਮੈਂ ਵੀ ਹੱਥਲੀ ਕਿਤਾਬ ਦਾ ਅਕਾਰ ਵੱਡਾ ਹੋਣ ਦੇ ਡਰੋਂ ਬਹੁਤੇ ਪ੍ਰਮਾਣ ਨਹੀਂ ਦੇ ਰਿਹਾ ਕਿਉਂਕਿ ਆਪ ਜੀ ਸੂਝਵਾਨ ਹੋ ਤੇ ਪੜ੍ਹੇ ਲਿਖੇ ਵੀ । ਸਿੱਖ ਧਰਮ ਦਾ ਨਿਸ਼ਾਨਾ ਸਪੱਸਟ ਤੇ ਸਿੱਧਾ ਹੈ ਓਹ ਹੈ ਰੱਬ ਦੀ ਪੂਜਾ ਸਿੱਖ

ਧਰਮ ਕਹਿੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ ਦੀ ਰਾਹੀਂ ਬੰਦਗੀ ਕੀਤਿਆਂ ਸਿੱਖ ਰੱਬ ਦੀ ਰਜ਼ਾ ਅਨੁਸਾਰ ਜੀਵਨ ਜੀਊਣ ਦਾ ਰਾਹ ਲੱਭ ਲੈਂਦਾ ਹੈ ।

ਲੋਕਾਂ ਨੇ ਉਸ ਦੀ ਗੱਲ ਸੁਣ ਕੇ ਉਸ ਦੇ ਪੈਰੀਂ ਪੈਣਾ ਸੁਰੂ ਕਰ ਦਿੱਤਾ। ਉਸ ਤੋਂ ਵਰ ਮੰਗਣ ਲੱਗ ਗਏ। ਉਹ ਸਭ ਦੀ ਮਾਈ (ਦੇਵੀ) ਬਣ ਬੈਠੀ ਤੇ ਉਡਦੀ ਉਡਦੀ ਖ਼ਬਰ ਰਾਜਾ ਤੱਕ ਵੀ ਪੁੱਜੀ ਕਿ :-

*ਏਕ ਨਾਰਿ ਇਹ ਨਗਰ ਭਨਿੱਜੈ ॥ ਨਾਮ ਹਿੰਗੁਲਾ ਦੇਇ ਕਹਿੱਜੈ ॥*

*ਜਗਤ ਮਾਤ ਕੌ ਆਪੁ ਕਹਾਵੈ ॥ ਊਚ ਨੀਚ ਕਹ ਪਾਇ ਲਗਾਵੈ ॥੬॥* (ਤੀਨ ਸੌ ਤਿਹੱਤਰਿ ਚਰਿਤ੍ਰ ਪੰਨਾ ੧੩੨੮)

ਨੋਟ :- ਸਿੱਖ ਧਰਮ ਦੇ ਅੰਦਰ ਹਰ ਡਲਾ (ਢੀਮ) ਪੁੱਟਿਆਂ ਨਵਾਂ ਸੰਤ-ਬਾਬਾ-ਬ੍ਰਹਮਗਿਆਨੀ ਪ੍ਰਗਟ ਹੁੰਦਾ ਹੈ। ਲੋਕੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਮਗਰ ਐਦਾਂ ਦੌੜਦੇ ਹਨ ਜਿਵੇਂ ਕਿ ਓਹ ਕਾਮਧੇਨ ਹੋਏ । ਬਾਬਿਆਂ ਦੇ ਅਣਧੋਤੇ ਪੈਰਾਂ ਤੇ ਹੱਥ ਫੇਰ ਫੇਰ ਕੇ ਮੱਥੇ ਲਾਈਂ ਜਾਣਗੇ । ਭਾਵੇਂ ਉਨ੍ਹਾਂ ਨੂੰ ਛੂਤ ਦੀ ਬੀਮਾਰੀ ਹੀ ਕਿਉਂ ਨਾ ਚਿੰਬੜ ਜਾਏ । ਓਹ ਵੀ ਸੀਲ ਮੱਝ ਦੀ ਤਰ੍ਹਾਂ ਪੈਰ ਪਸਾਰ ਕੇ ਪਰਸ ਛੋਹ ਦਾ ਨਿੱਘ ਲੈਂਦੇ ਹਨ। ਹਰ ਪਿੰਡ-ਹਰ ਗਲੀ ਨਵਾਂ ਬਾਬਾ ਪ੍ਰਗਟ ਹੋ ਰਿਹਾ ਹੈ ।ਉਨ੍ਹਾਂ ਦੇ ਅੱਲੇ ਪੱਲੇ ਗੁਰਸਿੱਖੀ ਹੈ ਜਾਂ ਨਹੀਂ ਇਸ ਨੂੰ ਕੌਣ ਵਿਚਾਰਦਾ ਹੈ ? ਜਿਸ ਬਾਬੇ ਥੱਲੇ ਵੱਡੀ ਤੇ ਕੀਮਤੀ ਕਾਰ ਓਸੇ ਦੀ ਬੱਲੇ ਬੱਲੇ । ਸਿੱਖ ਸੰਗਤ ਵਿਚਾਰੀ ਸੰਤ-ਸਾਧ-ਬ੍ਰਹਮਗਿਆਨੀ ਤੇ ਬਾਬੇ ਦੇ ਅਰਥ ਜਾਣੇ ਬਗੈਰ ਹੀ ਬੰਦੇ ਦੇ ਗੋਡੇ ਗਿੱਟੇ ਘੁੱਟੀਂ ਜਾਂਦੀ ਹੈ । ਉਨ੍ਹਾਂ ਦੇ ਇਸ ਕੀਤੇ ਕਰਮ ਨਾਲ ਸਿੱਖ ਧਰਮ ਦੇ ਚੀਥੜੇ ਉਡਦੇ ਹਨ ਅਤੇ ਗੁਰੂ ਹਜ਼ੂਰੀ ਗੁਰੂ ਦਾ ਅਪਮਾਨ ਹੁੰਦਾ ਹੈ । ਕਈ ਸੰਤ ਬਾਬਿਆਂ ਦੇ ਤਨਖਾਹ ਦਾਰ ਜਾਂ ਕਮੀਸ਼ਨ ਤੇ ਸੇਵਾਦਾਰ ਹੁੰਦੇ ਹਨ । ਜਿਨ੍ਹਾਂ ਦਾ ਕਰਮ ਮੂਹਰਲੀ ਕਿੱਲੀ ਜੁੜ ਕੇ ਬਾਬਿਆਂ ਦੇ ਪੈਰ ਧੋਣ ਜਾਂ ਘੁੱਟਣ ਦਾ ਹੁੰਦਾ ਹੈ ਤੇ ਵਿਚਾਰੇ ਲੋਕੀਂ ਇਕ ਦੂਜੇ ਤੋਂ ਅੱਗੇ ਹੋਣ ਦੀ ਵਾਹੋ ਦਾਹੀ ਦੇ ਨਾਲ ਹੌਂਕਣੀ ਚੜਾਈਂ ਬਾਬਿਆਂ ਦੇ ਪੈਰਾਂ ਤੇ ਡਿੱਗ ਡਿੱਗ ਗਿੜ ਗਿੜਾਉਂਦੇ ਦੇਖੇ ਜਾ ਸਕਦੇ ਹਨ । ਬਾਬੇ ਵੀ ਸੀਲ ਮੱਝ ਦੀ ਤਰ੍ਹਾਂ ਪੈਰ ਪਾਸੇ ਨਹੀਂ ਕਰਦੇ । ਕੌਣ ਕਹੇ ਕਿ ਰਾਣੀਏ ਅੱਗਾ ਢੱਕ ਕਿਉਂ ਕਿ ਸੁਖਮਨੀ ਸਾਹਿਬ ਦੀ ਬਾਣੀ ਦੇ ਗਲਤ ਅਰਥ ਕਰ ਕਰ ਸੰਗਤ ਜੋ ਡਰਾਈ ਹੋਈ ਐ ਬਈ ਸੰਤਾਂ ਦੀ ਨਿੰਦਿਆ ਨਹੀਂ ਕਰਨੀ । ਸੰਤ ਨਿੰਦਾ ਕੀ ਹੁੰਦੀ ਐ ਦੇ ਮੁਢਲੇ ਅਰਥ ਵੀ ਨਹੀਂ ਜਾਣਦੇ । ਜੇ ਜਾਣਦੇ ਹੁੰਦੇ ਤਾਂ ਗੁਰੂ ਹਜ਼ੂਰੀ ਗੁਰੂ ਅਪਮਾਨ ਨਾ ਕਰਦੇ ।

ਕਾਜੀਆਂ ਅਤੇ ਮੌਲਾਣਿਆਂ ਦੀ, ਜੋਗੀ ਮੁੰਡਿਯਾ ਅਤੇ ਬ੍ਰਾਹਮਣਾਂ ਦੀ ਪੂਜਾ ਘੱਟ ਗਈ। ਹਰ ਪਾਸੇ ਉਸੇ ਦੇ ਹੀ ਚਰਚੇ । ਭੇਖੀਆਂ ਨੂੰ ਉਸ ਕੋਲ ਧਨ ਚੜ੍ਹਾਵੇ ਵੱਜੋਂ ਆਉਣ ਤੇ ਚਿੜ ਲੱਗੀ । ਉਨ੍ਹਾਂ ਨੇ ਔਰਤ ਪਕੜ ਕੇ ਰਾਜੇ ਪਾਸ ਪੇਸ਼ ਕੀਤੀ ਕਹਿੰਦੇ ਜਾਂ ਤਾਂ ਇਹ ਕੋਈ ਕਰਾਮਾਤ ਕਰ ਕੇ ਦਿਖਾਏ ਤੇ ਜਾਂ ਅਪਣੇ ਆਪ ਨੂੰ ਭਵਾਨੀ ਅਖਵਾਉਣਾ ਬੰਦ ਕਰ ਦੇਵੇ । ਔਰਤ ਕਹਿੰਦੀ ਰਾਜਾ ਸੁਣ ਕਿ ਮੁਸਲਮਾਨ ਮਸਜਿਦ ਨੂੰ ਅੱਲਾ ਦਾ ਘਰ ਆਖਦੇ ਹਨ ਤੇ ਬਿੱਪ੍ਰ (ਬ੍ਰਾਹ੍ਮਣ) ਪੱਥਰ ਨੂੰ ਹਰਿ ਕਹਿੰਦੇ ਹਨ ਪਹਿਲਾਂ ਇਹ ਕੋਈ ਕਰਾਮਾਤ ਕਰ ਕੇ ਦਿਖਾਉਣ ਫਿਰ ਮੈਂ ਚਮਤਕਾਰ ਦਿਖਾਵਾਂਗੀ । ਰਾਜਾ ਓਹਦੀ ਗੱਲ ਤੇ ਹੱਸਿਆ । ਉਸ ਨੇ ਕਾਜ਼ੀ ਮੁੱਲਾ ਤੇ ਦਿੱਜਬਰ ਪਕੜ ਮੰਗਾਏ ਅਤੇ ਮੁੰਡਿਯਾ -ਸੰਨਿਯਾਸੀ ਜੋਗੀ ਜੰਗਮ ਵੀ ਪਕੜ ਲਿਆਂਦੇ ਜਿਨ੍ਹਾਂ ਦੀ ਗਿਣਤੀ ਕਰਨੀ ਔਖੀ ਐ । ਰਾਜਾ ਕਹਿੰਦਾ ਤੁਸੀਂ ਆਪੋ ਅਪਣੀ ਕਰਾਮਾਤ ਦਿਖਾਓ ਨਹੀਂ ਤਾਂ ਮਰਨ ਲਈ ਤਿਆਰ ਹੋ ਜਾਓ । ਰਾਜੇ ਦੀ ਗੱਲ ਸੁਣ ਕੇ ਸਭਨਾਂ ਨੇ ਧੋਣ ਥੱਲੇ ਸੁੱਟ ਲਈ। ਜਦ ਓਹ ਕੋਈ ਕਰਾਮਾਤ ਨਾ ਦਿਖਾ ਸਕੇ ਤਾਂ ਰਾਜੇ ਨੇ ਗੁੱਸਾ ਖਾ ਕੇ ਸੱਤ ਸੱਤ ਸੌ ਚਾਬਕ ਸਾਰਿਆਂ ਦੇ ਮਾਰਨ ਦਾ ਹੁਕਮ ਚਾੜ੍ਹ ਦਿੱਤਾ। ਬੜੀ ਲੰਮੀ ਚੌੜੀ ਵਾਰਤਾ ਤੋਂ ਬਾਦ ਔਰਤ ਦੀ ਵਾਰੀ ਆਈ, ਕਹਿੰਦੀ ਰਾਜਾ ਜਿਸ ਦਾ ਤੇਜ ਅਰੁ ਤ੍ਰਾਸ ਜਗਤ ਚ ਮੰਨਿਆ ਜਾਂਦਾ ਹੈ ਜਿਸ ਨੂੰ ਲੋਕੀਂ ਪਰਮੇਸਰ ਕਹਿੰਦੇ ਹਨ ਇਹ ਕੋਈ ਚਮਤਕਾਰ ਤੋਂ ਘੱਟ ਨਹੀਂ । ਮੈਂ ਕਾਲ ਨੂੰ ਅਪਣਾ ਗੁਰੂ ਮੰਨਦੀ ਹਾਂ ਜਿਸ ਦੀ ਕ੍ਰਿਪਾ ਨਾਲ ਮੌਤ ਆਉਂਦੀ ਹੈ । ਇਹ ਵੀ ਕਰਾਮਾਤ ਤੋਂ ਘੱਟ ਨਹੀਂ ਕਿ ਜੁਬਾਨ ਨਾਲ ਅਸੀਂ ਭਲੇ ਬੁਰੇ ਦੀ ਪਹਿਚਾਣ ਕਰਦੇ ਹਾਂ। ਮੁਕੱਦੀ ਗੱਲ ਕਿ ਔਰਤ ਐਧਰ ਓਧਰ ਦੀਆਂ ਮਾਰ ਕੇ ਜਿੱਤ ਗਈ ਤੇ ਬਾਕੀ ਹਾਰ ਗਏ । ਰਾਜੇ ਨੇ ਉਸ ਨੂੰ ਬਹੁਤਾ ਧਨ ਦੇ ਕੇ ਤੋਰਿਆ ।

ਨੋਟ :- ਅੜਿੱਲ ਦੇ ਇਸ ੨੦ਵੇਂ ਬੰਦ ਨੂੰ ਪੜ੍ਹੋ :-

*ਦੁਤਿਯ ਕਾਲ ਮੌ ਕਰਾਮਾਤਿ ਪਹਿਚਾਨਿਯਤ ॥ ਜਿਨਕੋ ਚੌਦਹ ਲੋਕ ਚੱਕ੍ਰ ਕਰ ਮਾਨਿਯਤ ॥*
*ਕਾਲ ਪਾਇ ਜਗ ਹੋਤ ਕਾਲ ਮਿਟ ਜਾਵਈ ॥ ਹੋ ਯਾਤੇਂ ਮੁਰ ਮਨ ਤਾਹਿ ਗੁਰੂ ਠਹਰਾਵਈ ॥੨੦॥*

(ਤੀਨ ਸੌ ਤਿਹੱਤਰਿ ਚਰਿਤ੍ਰ ਪੰਨਾ ੧੩੨੮)

ਇਸ ਦੀ ਤੁਲਨਾ *ਕਬਯੋ ਬਾਚ ਬੇਨਤੀ ॥ ਚੌਪਈ ॥* ਪੰਨਾ ੧੩੮੬-੮੮ ਨਾਲ ਕਰ ਕੇ ਪੜ੍ਹੋ ਦੋਨੋ ਹੀ ਇਕੋ ਕਵੀ ਦੀਆਂ ਲਿਖਤਾਂ ਲਿਖੀਆਂ ਪ੍ਰਗਟ ਹੁੰਦੀਆਂ ਹਨ । ਇਨ੍ਹਾਂ ਰਚਨਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਕਹਿਣਾ ਗੁਰੂ ਦਾ ਅਪਮਾਨ ਕਰਨਾ ਹੈ ।

ਸ਼ਹਿਰ : ਬੀਜਾ ਪੁਰ (ਤੀਨ ਸੌ ਚੁਹੱਤਰਿ ਚਰਿਤ੍ਰ ਪੰਨਾ ੧੩੩੦-੩੧)

## ਦਾਰੂ ਪੀਓ ਤੇ ਔਰਤ ਭੋਗੋ

ਪਾਤਰ : ਏਦਿਲਸ਼ਾਹ (ਸ਼ਾਹ), ਸ੍ਰੀ ਮਹਤਾਬ ਮਤੀ (ਕੰਨਯਾਂ) ਤੇ ਧੁਮ੍ਰਕੇਤ :

ਬੀਜਾ ਪੁਰ ਸ਼ਹਿਰ ਦੇ ਸ਼ਾਹ ਏਦਿਲਸ਼ਾਹ ਦੀ ਧੀ ਸ੍ਰੀ ਮਹਤਾਬ ਮਤੀ ਜਿਹੀ ਕੋਈ ਹੋਰ ਕੁੜੀ ਨਾ ਜੰਮੀ । ਜਦ ਓਹ ਜੁਆਨ ਹੋਈ ਤਾਂ ਅੰਤਾਂ ਦੀ ਸੋਹਣੀ । ਓਹ ਦੀਆਂ ਅੱਖਾਂ ਦਾ ਕੀ ਕਹਿਣਾ ਓਹਦਾ ਗਦਰਾਇਆ ਸਰੀਰ ਤੱਕ ਕੇ ਐਦਾਂ ਲੱਗੇ ਜਿਵੇਂ ਚੰਦ ਤੇ ਸੂਰਜ ਨੂੰ ਰਿੜਕ ਕੇ ਕੱਢੀ ਹੋਏ । ਉੱਥੇ ਇਕ ਸ਼ਾਹ ਦਾ ਪੁੱਤ ਸੀ ਤੇ ਨਾਂ ਸੀ ਓਹਦਾ ਧੁਮ੍ਰਕੇਤ ਬੜਾ ਹੀ ਸੋਹਣਾ ਤੇ ਸਨੁੱਖਾ ਜਦ ਤੋਂ ਕੁੜੀ ਨੇ ਉਸ ਨੂੰ ਤੱਕ ਲਿਆ ਉਦੋਂ ਤੋਂ ਹੀ ਨੀਂਦ ਤੇ ਭੁੱਖ ਦੋਨੋਂ ਭੱਜ ਗਈਆਂ । ਉਸ ਨੇ ਇਕ ਸਹੇਲੀ ਨੂੰ ਬੁਲਾਇਆ ਤੇ ਅਪਣੇ ਮਨ ਦੀ ਗੱਲ ਸਮਝਾਈ। ਕਹਿੰਦੀ ਜੇ ਤੂੰ ਮੈਨੂੰ ਮੇਰਾ ਮੀਤ ਮਿਲਾ ਦੇਵੇਂ ਤਾਂ ਮੂੰਹ ਮੰਗਿਆ ਧਨ ਦੇਵਾਂਗੀ। ਸਖੀ ਹਵਾ ਦੀ ਤਰ੍ਹਾਂ ਗਈ ਤੇ ਜਾ ਕੇ ਸਾਰੀ ਗੱਲ ਉਸ ਨੂੰ ਸਮਝਾ ਦਿੱਤੀ । ਕਿਵੇਂ ਨਾ ਕਿਵੇਂ ਉਸ ਨੂੰ ਲਿਆ ਕੇ ਕੁੜੀ ਨਾਲ ਮੇਲ ਕਰਵਾ ਦਿੱਤਾ :-

*ਜੋ ਧੰਨ ਕਹਾ ਸੁੰਦ੍ਰ ਤਿਹ ਦੀਨਾ ॥ ਕੰਠ ਲਗਾਇ ਮਿੱਤ੍ਰ ਸੋ ਲੀਨਾ ॥*
*ਭਾਂਤਿ ਭਾਂਤਿ ਕੀ ਕੈਫ ਮੰਗਾਈ ॥ ਏਕ ਖਾਟ ਚੜ੍ਹਿ ਦੁਹੂੰ ਚੜ੍ਹਾਈ ॥੧੦॥*
*ਭਾਂਤਿ ਭਾਂਤਿ ਤਨ ਕੈਫ ਚੜਾਵਹਿ ॥ ਮਿਲਿ ਮਿਲਿ ਗੀਤ ਮਧੁਰ ਧੁਨਿ ਗਾਵਹਿ ॥*
*ਬਿਬਿਧ ਬਿਧਿਨ ਤਨ ਕਰਤ ਬਿਲਾਸਾ ॥ ਨੈਕੁ ਨ ਕਰੈ ਨ੍ਰਿਪਤਿ ਕੋ ਤ੍ਰਾਸਾ ॥੧੧॥* (ਤੀਨ ਸੌ ਚੁਹੱਤਰਿ ਚਰਿਤ੍ਰ ਪੰਨਾ ੧੩੩੦)

ਨੌਜੁਆਨ ਨੂੰ ਛੱਡਣ ਨੂੰ ਚਿੱਤ ਨਾ ਕਰੇ। ਰਾਤ ਦਿਨ ਓਹਨੂੰ ਗਲੇ ਲਗਾ ਕੇ ਰੱਖਦੀ ਜਦ ਕਦੇ ਓਹ ਸ਼ਿਕਾਰ ਖੇਡਣ ਜਾਂਦਾ ਤਾਂ

*ਛੈਲਿਹਿ ਛੈਲ ਨ ਛੋਰਾ ਜਾਈ ॥ ਨਿਸੁ ਦਿਨ ਰਾਖਤ ਕੰਠ ਲਗਾਈ ॥*
*ਜਬ ਕਬਹੂੰ ਆਖੇਟ ਸਿਧਾਵੈ ॥ ਏਕ ਅੰਬਾਰੀ ਤਾਹਿ ਚੜਾਵੈ ॥੧੨॥*
*ਤਹੀ ਕਾਮ ਕ੍ਰੀੜਾ ਕਹ ਕਰੈ ॥ ਮਾਤ ਪਿਤਾ ਤੇ ਨੈਕੁ ਨ ਡਰੈ ॥*
*ਇਕ ਦਿਨ ਰਾਜਾ ਚੜ੍ਹਾ ਸ਼ਿਕਾਰਾ ॥ ਸੰਗ ਲਏ ਮਿਹਰਿਯੈ ਅਪਾਰਾ ॥੧੩॥* (ਤੀਨ ਸੌ ਚੁਹੱਤਰਿ ਚਰਿਤ੍ਰ ਪੰਨਾ ੧੩੩੦)

ਇਕ ਸਹੇਲੀ ਨੇ ਉਸ ਨੂੰ ਦੇਖ ਕੇ ਰਾਜੇ ਨੂੰ ਦੱਸ ਦਿੱਤਾ। ਰਾਜੇ ਨੇ ਸੁਣ ਕੇ ਗੱਲ ਅਪਣੇ ਚਿੱਤ ਚ ਵਸਾ ਲਈ ਤੇ ਕਿਸੇ ਹੋਰ ਔਰਤ ਨੂੰ ਨਾ ਦੱਸਿਆ। ਜਦ ਹਾਥੀ ਕੁੜੀ ਦੇ ਨੇੜੇ ਪੁੱਜਾ ਤਾਂ ਪਿਤਾ ਨੇ ਉਸ ਨੂੰ ਕੋਲ ਬੁਲਾਇਆ। ਕੁੜੀ ਪਿਓ ਨੂੰ ਦੇਖ ਕੇ ਬਹੁਤ ਡਰੀ ਕਿ ਰਾਜਾ ਉਸ ਨੂੰ ਮਾਰ ਦਏਗਾ। ਉਸਨੇ ਮਿਤ੍ਰ ਨੂੰ ਰੁੱਖ ਤੇ ਚਾੜ੍ਹ ਦਿੱਤਾ ਤੇ ਆਪ ਪਿਓ ਕੋਲ ਜਾ ਪੁੱਜੀ। ਉਸ ਨੂੰ ਦੇਖ ਕੇ ਪਿਓ ਚੁੱਪ ਕਰ ਗਿਆ ਤੇ ਸਖੀ ਨੂੰ ਝੂਠੀ ਸਮਝ ਕੇ ਮਾਰ ਦਿੱਤਾ। ਰਾਜਾ ਗਿਆ ਤੇ ਫਿਰ:-

*ਅੜਿੱਲ ॥ ਪਕਰਿ ਭੁਜਾ ਗਜ ਪਰ ਪਿਯ ਲਯੋ ਚੜਾਇਕੈ ॥ ਭੋਗ ਅੰਬਾਰੀ ਬੀਚ ਕਰੇ ਸੁਖ ਪਾਇਕੈ ॥*
*ਲਪਟਿ ਲਪਟਿ ਦੋਊ ਕੇਲ ਕਰਤ ਮੁਸਕਾਇ ਕਰਿ ॥ ਹੌ ਹਮਰੌ ਭੂਪਤਿ ਭੇਦ ਨ ਸਕਿਯੋ ਪਾਇ ਕਰਿ ॥੨੦॥*
(ਤੀਨ ਸੌ ਚੁਹੱਤਰਿ ਚਰਿਤ੍ਰ ਪੰਨਾ ੧੩੩੧)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਕਾਮ ਲਈ ਵਰਗਲਾਉਂਦੀ ਹੈ । ਦਾਰੂ ਪੀਣ ਲਈ ਪ੍ਰੇਰਦੀ ਹੈ। ਜਦ ਹਰ ਪੁਜਾਰੀ ਜਾਣਦਾ ਹੈ ਕਿ ਸਿੱਖ ਧਰਮ ਵਿੱਚ ਨਸ਼ੇ ਦੀ ਵਰਤੋਂ ਵਿਵਰਜਿਤ ਹੈ। ਉੱਚੇ ਆਚਰਣ ਲਈ ਦੁਹਾਈ ਦੇਂਦਾ ਹੈ ਤਾਂ ਫਿਰ ਓਹ ਕਿਹੜੀ ਮਜਬੂਰੀ ਸੀ ਜਾਂ ਹੈ ਜਿਸ ਦੇ ਅਸਰ ਹੇਠ ਅਸੀਂ ਅਪਣੇ ਹੀ ਗੁਰੂ ਦਾ ਅਪਮਾਨ ਕਰਦੇ ਰਹੇ ਹਾਂ ਤੇ ਕਰ ਰਹੇ ਹਾਂ। ਜੇਕਰ ਓਹ ਜਾਣਦੇ ਹਨ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਹੀਂ ਹਨ ਤਾਂ ਇਨ੍ਹਾਂ ਤੇ ਛਾਪਣ ਲਈ ਪਾਬੰਦੀ ਕਿਉਂ ਨਾ ਲਾਈ ਗਈ ? ਕਿਉਂ ਇਸ ਦਾ ਪ੍ਰਕਾਸ਼ ਗੁਰੂ ਘਰਾਂ ਚ ਕਰਨ ਦੀ ਸਾਜਿਸ ਰਚੀ। ਕੀ ਕੋਈ ਇੱਜਤਦਾਰ (ਕਿਸੇ ਵੀ ਧਰਮ ਤੇ ਸਮਾਜ ਦਾ) ਇਸ ਗੰਦਗੀ ਲਈ ਹਾਮੀ ਭਰੇਗਾ ?

ਸ਼ਹਿਰ : ਇਸ਼ਕ ਤੰਬੋਲ (ਤੀਨ ਸੌ ਪਝਤਰਿ ਚਰਿਤ੍ਰ ਪੰਨਾ ੧੩੩੧-੩੨)

## ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ

ਪਾਤਰ : ਇਸ਼ਕ ਤੰਬੋਲ (ਨਰਾਧਿਪ), ਸ੍ਰੀ ਸ਼ਿੰਗਾਰਮਤੀ (ਦਾਰਾ) ਤੇ ਸ੍ਰੀ ਜਗਜੋਬਨ ਦੇ (ਸੁਤਾ) :

ਸ਼ਹਿਰ ਇਸ਼ਕ ਤੰਬੋਲ ਦੇ ਰਾਜਾ ਇਸ਼ਕ ਤੰਬੋਲ ਦੀ ਰਾਣੀ ਸ੍ਰੀ ਸ਼ਿੰਗਾਰਮਤੀ ਜਣੋ ਬ੍ਰਹਮਾ ਰੂਪੀ ਸੁਨਿਆਰੇ ਨੇ ਖੁਦ ਘੜੀ ਹੋਏ। ਓਹ ਦੀ ਧੀ ਸ੍ਰੀ ਜਗਜੋਬਨ ਦੇ ਦੇ ਰੂਪ ਦਾ ਕੀ ਕਹਿਣਾ ਉਸ ਵਰਗੀ ਸੁੰਦਰ ਹੋਰ ਕੋਈ ਨਹੀਂ। ਉਥੇ ਇਕ ਸੋਹਣਾ ਸਨੁੱਖਾ ਸ਼ਾਹ ਦਾ ਪੁੱਤ ਆ ਗਿਆ ਜਦ ਰਾਜ ਸੁਤਾ ਨੇ ਉਸ ਨੂੰ ਤੱਕਿਆ ਤਾਂ ਸੋਚਣ ਲੱਗੀ ਕਿ ਇਕ ਬਾਰ ਇਸ ਨੂੰ ਪਕੜ ਕੇ ਮਨ ਭਾਉਂਦਾ ਭੋਗ ਕਰਾਂ :-

*ਚੌਪਈ ॥ ਰਾਜ ਸੁਤਾ ਤਾਕੀ ਛਬਿ ਲਹੀ ॥ ਮਨ ਬਚ ਕ੍ਰਮ ਮਨ ਮੈਂ ਅਸ ਕਹੀ ॥*
*ਏਕ ਬਾਰ ਗਹਿ ਯਾਹਿ ਮੰਗਾਊਂ ॥ ਕਾਮ ਭੋਗ ਰੁਚ ਮਾਨ ਮਚਾਊਂ ॥੪॥* (ਤੀਨ ਸੌ ਪਝਤਰਿ ਚਰਿਤ੍ਰ ਪੰਨਾ ੧੩੩੧)

ਇਕ ਸਹੇਲੀ ਨੂੰ ਦਿਲ ਦੀ ਗੱਲ ਸਮਝਾ ਕੇ ਭੇਜਿਆ ਤੇ ਫਿਰ ਸੁਰੂ ਹੋਇਆ ਪ੍ਰੇਮ ਖੇਲ :-

*ਭਾਂਤਿ ਭਾਂਤਿ ਕੇ ਕਰਤ ਬਿਲਾਸਾ ॥ ਮਾਨਤ ਕਿਸੀ ਨ ਨਰ ਕੋ ਤ੍ਰਾਸਾ ॥* (ਤੀਨ ਸੌ ਪਝਤਰਿ ਚਰਿਤ੍ਰ ਪੰਨਾ ੧੩੩੧)

ਐਨੇ ਨੂੰ ਓਹਦਾ ਪਿਤਾ ਆ ਗਿਆ । ਹੋਰ ਗੱਲ ਤਾਂ ਉਸ ਨੂੰ ਕੋਈ ਸੁੱਝੀ ਨਹੀਂ ਉਸ ਨੇ ਮਿਤ੍ਰ ਨੂੰ ਸਮਯਾਨੇ ਵਿੱਚ ਸਿਉਂ ਦਿੱਤਾ । ਚੰਗੀ ਤਰ੍ਹਾਂ ਉਸ ਨੂੰ ਢੱਕ ਕੇ ਪਿਓ ਨੂੰ ਜਾ ਪ੍ਰਣਾਮ ਕੀਤੀ। ਜਦ ਪਿਓ ਚਲੇ ਗਿਆ ਤਾਂ :-

*ਭੂਪ ਬਿਦਾ ਹ੍ਵੈ ਜਬੈ ਆਪੁਨੇ ਗ੍ਰਿਹਿ ਅਯੋ ॥ ਹੋ ਕਾਢਿ ਤਹਾਂ ਤੇ ਮਿਤ੍ਰ ਸੇਜ ਊਪਰ ਲਯੋ ॥੯॥*

(ਤੀਨ ਸੌ ਪਝਤਰਿ ਚਰਿਤ੍ਰ ਪੰਨਾ ੧੩੩੨)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਸਿੱਖਿਆ ਦੇਂਦੀ ਹੈ ਕਿ ਮਾਂ ਬਾਪ ਦਾ ਡਰ ਲਾਹ ਕੇ ਕਿਵੇਂ ਮਿਤ੍ਰ ਨਾਲ ਭੋਗ ਕਰੀਦਾ ਹੈ । ਕੀ ਇਸ ਨੂੰ ਆਪ ਜੀ ਗੁਰਬਾਣੀ ਕਹੋਗੇ ? ਕੀ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ ? ਸਾਡੇ ਪੁਜਾਰੀ-ਧਰਮ ਦੇ ਠੇਕੇਦਾਰ ਅਤੇ ਸੰਤ ਸਾਧ ਇਸ ਨੂੰ ਗੁਰਬਾਣੀ ਆਖ ਆਖ ਅਖੰਡ ਪਾਠ ਕਰਦੇ ਤੇ ਕਰਾਉਂਦੇ ਹਨ । ਬਾ ਹੋਸ਼ਿਆਰ-ਖ਼ਬਰਦਾਰ-ਜਾਗਦੇ ਰਹਿਓ !

## ਸ਼ਹਿਰ : ਹੈਦਰਾਬਾਦ

(ਤੀਨ ਸੌ ਛਿਹੱਤਰਿ ਚਰਿਤ੍ਰ ਪੰਨਾ ੧੩੩੨)

ਪਾਤਰ : ਸ੍ਰੀ ਹਰਿ ਜੱਛਕੇਤੁ (ਰਾਜਾ), ਮਦਮੱਤ ਮਤੀ (ਨਾਰੀ), ਸ੍ਰੀ ਪ੍ਰਬੀਨ ਦੇ (ਦੁਲਾਰੀ) ਤੇ ਨਿਹਚਲ ਸਿੰਘ (ਛੱਤ੍ਰੀ)

ਹੇ ਰਾਜਾ ਇਕ ਹੋਰ ਕਹਾਣੀ ਸੁਣ ਨਾ ਐਦਾਂ ਦੀ ਕਦੇ ਕਿਸੇ ਦੇਖੀ ਹੋਊ ਤੇ ਨਾ ਹੀ ਕੰਨੀ ਸੁਣੀ ਹੋਊ । ਸ਼ਹਿਰ ਹੈਦਰਾਬਾਦ ਦੇ ਰਾਜਾ ਸ੍ਰੀ ਹਰਿ ਜੱਛਕੇਤੁ ਦੀ ਔਰਤ ਮਦਮੱਤ ਮਤੀ ਦੀ ਧੀ ਸ੍ਰੀ ਪ੍ਰਬੀਨ ਦੇ ਜਣੋ ਚਮੇਲੀ ਦਾ ਫੁੱਲ । ਉਸ ਨੇ ਇਕ ਬਲਵਾਨ ਤੇ ਸੂਰਵੀਰ ਨਿਹਚਲ ਸਿੰਘ ਨੂੰ ਦੇਖਿਆ ਤਾਂ ਕ੍ਰਿਪਾਨ ਦੀ ਤਰ੍ਹਾਂ ਕਾਮ ਨੇ ਉਸ ਅੰਦਰ ਜਖਮ ਕਰ ਦਿੱਤਾ। ਉਸ ਨੇ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਫਿਰ :-

*ਨਿਹਚਲ ਸਿੰਘ ਤਹਾਂ ਇਕ ਛੱਤ੍ਰੀ ॥ ਸੂਰਬੀਰ ਬਲਵਾਨ ਤਿਅੱਤ੍ਰੀ ॥*
*ਤਿਹ ਪ੍ਰਬੀਨ ਦੇ ਨੈਨ ਨਿਹਾਰਾ ॥ ਮਦਨ ਕ੍ਰਿਪਾਨ ਘਾਇ ਜਨੁ ਮਾਰਾ ॥੩॥*
*ਪਠੈ ਸਹਚਰੀ ਲਿਯਾ ਬੁਲਾਇ ॥ ਭੋਗ ਕਿਯਾ ਰੁਚਿ ਦੁਹੂੰ ਬਢਾਇ ॥*
*ਭਾਂਤਿ ਭਾਂਤਿ ਤਨ ਚੁੰਬਨ ਕਰੈਂ ॥ ਬਿਬਿਧ ਪ੍ਰਕਾਰ ਆਸਨਨ ਧਰੈਂ ॥੪॥*(ਤੀਨ ਸੌ ਛਿਹੱਤਰਿ ਚਰਿਤ੍ਰ ਪੰਨਾ ੧੩੩੨)

ਤਦ ਉਸ ਦਾ ਪਿਤਾ ਉੱਥੇ ਆ ਗਿਆ ਜਿੱਥੇ ਓਹ ਪ੍ਰੀਤਮ ਨੂੰ ਭੋਗ ਰਹੀ ਸੀ । ਪਿਤਾ ਨੂੰ ਦੇਖ ਕੇ ਉਸ ਨੇ ਮਿਤ੍ਰ ਨੂੰ ਪਰਦੇ ਵਿੱਚ ਲੁਕਾ ਦਿੱਤਾ ਤੇ ਆਪ ਪਿਤਾ ਦੀ ਤਸੱਲੀ ਕਰਵਾ ਦਿੱਤੀ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਨਵੀਂ ਨਕੋਰ ਸਿੱਖਿਆ ਦੇਂਦੀ ਹੈ ਕਿ ਕਿਵੇਂ ਮਿਤ੍ਰ ਪਟਾਈਦਾ ਹੈ-ਕਿਵੇਂ ਉਸ ਨਾਲ ਭੋਗ ਕਰੀਦਾ ਹੈ-ਕਿਵੇਂ ਆਸਣ ਬਣਾਈਦੇ ਹਨ-ਕਿਵੇਂ ਚੁੰਬਨ ਲਈਦੇ ਹਨ । ਇਨ੍ਹਾਂ ਸਿੱਖਿਆਵਾਂ ਪਿੱਛੇ ਸਾਡੇ ਪੁਜਾਰੀਆਂ ਦਾ ਬੜਾ ਹੱਥ ਹੈ। ਪਹਿਲਾਂ ਇਸ ਦਾ ਨਾਂ ਕੋਈ ਹੋਰ ਸੀ ਫਿਰ ਹੋਰ ਹੋ ਗਿਆ। ਕਈ ਪੜਾਵਾਂ ਵਿੱਚੋ ਲੰਘ ਕੇ ਦਸਮ ਗ੍ਰੰਥ ਬਣਿਆ ਤੇ ਹੁਣ ਨਵੀਂ ਨੁਹਾਰ ਨਾਲ ਪ੍ਰਗਟ ਹੈ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ। ਨਾ ਸਿੱਖਾਂ ਨੇ ਇਸ ਤੇ ਇਤਰਾਜ ਉਠਾਇਆ ਅਤੇ ਨਾ ਹੀ ਪੁਜਾਰੀਆਂ ਨੇ ਸ਼ਰਮ ਖਾਧੀ। ਹੁਣ ਇਨਸਾਫ ਤੁਹਾਡੇ ਪਾਸ ਹੈ ਦੇਖਣਾ ਹੈ ਗੁਰੂ ਦੇ ਸਿੱਖ ਇਸ ਗੰਦ ਨੂੰ ਗੁਰਬਾਣੀ ਕਬੂਲਦੇ ਹਨ ਜਾਂ ਕਾਮ ਸਾਸਤ੍ਰ । ਜਾਗਦੇ ਰਹਿਓ ।

## ਤ੍ਰਿੰਬਕ ਪੁਰ

(ਤੀਨ ਸੌ ਸਤੱਤਰ ਚਰਿਤ੍ਰ ਪੰਨਾ ੧੩੩੩)

### ਬਾਲਸਫਾ ਲਗਾ ਕੇ ਬਾਲ ਸਾਫ ਕਰੋ

ਪਾਤਰ : ਤ੍ਰਿੰਬਕ ਦੱਤ (ਨਰਾਧਿਪ), ਸ੍ਰੀ ਰਸ ਰੀਤਿ ਮਤੀ (ਨਾਰੀ), ਸ੍ਰੀ ਸੁਹਾਸ ਦੇ (ਕੰਨਯਾ), ਤੇ ਸ਼ੇਰ ਸਿੰਘ :

ਹੇ ਰਾਜਾ ਇਕ ਨਵੀਂ ਨਕੋਰ ਕਥਾ ਸੁਣੋ । ਜਿੱਥੇ ਤ੍ਰਿੰਬਕ ਮਹਾਂ ਰੁਦ੍ਰ ਹੈ ਤੇ ਲੋਕੀਂ ਜਿਸ ਨੂੰ ਤ੍ਰਿੰਬਕ ਪੁਰ ਵੀ ਕਹਿੰਦੇ ਹਨ, ਉਥੋਂ ਦੇ ਰਾਜਾ ਤ੍ਰਿੰਬਕ ਦੱਤ ਦੀ ਰਾਣੀ ਸ੍ਰੀ ਰਸ ਰੀਤਿ ਮਤੀ ਐਨੀ ਸੋਹਣੀ ਜਿਵੇਂ ਸੁਨਿਆਰ ਨੇ ਸਾਂਚੇ ਢਾਲ ਕੇ ਬਣਾਈ ਹੋਏ । ਉਸ ਦੀ ਖੂਬਸੂਰਤ ਧੀ ਸ੍ਰੀ ਸੁਹਾਸ ਦੇ ਇਕ ਦਿਨ ਪੰਜਾਹ ਸਹੇਲੀਆਂ ਨੂੰ ਨਾਲ ਲੈ ਕੇ ਬਾਗ ਲਈ ਚਲੀ । ਉਸ ਨੇ ਰਸਤੇ ਵਿਚ ਇਕ ਛੈਲ ਛਬੀਲਾ ਗਭਰੂ ਸ਼ੇਰ ਸਿੰਘ ਦੇਖਿਆ । ਮੈਂ ਓਸ ਦੇ ਰੂਪ ਦਾ ਵਰਨਣ ਨਹੀਂ ਕਰ ਸਕਦਾ । ਜੇਕਰ ਮੈਂ ਲਿਖਣ ਬੈਠਾਂ ਤਾਂ ਇਕ ਪੂਰਾ ਗ੍ਰੰਥ ਓਸਦੇ ਰੂਪ ਦਾ ਲਿਖ ਸਕਦਾ ਹਾਂ । ਕੁੜੀ ਨੇ ਅਪਣੇ ਮਨ ਦਾ ਭੇਦ ਸਮਝਾ ਕੇ ਮਿਤ੍ਰ ਪਾਸ ਭੇਜਿਆ ਤੇ ਫਿਰ :-

*ਚੌਪਈ ॥ ਸਖੀ ਏਕ ਤਹ ਦਈ ਪਠਾਇ ॥ ਜਿਹ ਤਿਹ ਬਿਧਿ ਤਿਹ ਲਯੋ ਬੁਲਾਇ ॥*
*ਪੜ੍ਹ ਪੜ੍ਹ ਦੋਹਾ ਛੰਦ ਬਿਹਾਰਹਿ॥ ਸਕਲ ਮਦਨ ਕੋ ਤਾਪ ਨਿਵਾਰਹਿ ॥੭॥*(ਤੀਨ ਸੌ ਸਤੱਤਰ ਚਰਿਤ੍ਰ ਪੰਨਾ ੧੩੩੩)

ਕੁੜੀ ਨੇ ਰਾਜਾ ਆਉਂਦਾ ਤੱਕਿਆ ਤਾਂ ਝੱਟ ਪੱਟ ਹੀ ਉਸ ਨੇ ਮਿਤ੍ਰ ਦੇ ਰੋਮਨਾਸ (ਬਾਲਸਫਾ) ਲਗਾ ਕੇ ਨਾਰਿ ਭੇਸ ਧਾਰਣ ਕਰਵਾ ਦਿੱਤਾ :-

*ਆਵਤ ਨੈਨ ਨਿਰਖਿ ਕਰਿ ਰਾਜਾ ॥ ਇਹ ਬਿਧਿ ਚਰਿਤ ਚੰਚਲਾ ਸਾਜਾ ॥*

*ਰੋਮ ਨਾਸ ਤਿਹ ਬਦਨ ਲਗਾਯੋ ॥ ਨਾਰਿ ਭੇਸ ਤਾਕਹ ਪਹਿਰਾਯੋ ॥੮॥* (ਤੀਨ ਸੌ ਸਤੱਤਰ ਚਰਿਤ੍ਰ ਪੰਨਾ ੧੩੩੩)

ਉਸ ਨੇ ਮਿਤ੍ਰ ਦੇ ਇਕ ਹੱਥ ਝਾੜੂ ਅਤੇ ਦੂਜੇ ਹੱਥ ਟੋਕਰਾ ਦੇ ਦਿੱਤਾ। ਉਸ ਵਿੱਚ ਮੋਹਰਾਂ ਤੇ ਰੁਪੈਈਏ ਭਰ ਦਿੱਤੇ ਤੇ ਚੰਡਾਰੀ ਜਾਣ ਕੇ ਛੱਡ ਦਿੱਤਾ। ਉਸ ਨੇ ਸੋਚਿਆ ਕੇ ਜੇਕਰ ਇਹ ਮੇਰੇ ਅੰਗ ਛੁਹ ਗਈ ਤਾਂ ਮੈਂ ਭਿੱਟਿਆ ਜਾਵਾਂਗਾ। ਮਿਤ੍ਰ ਮੋਹਰਾਂ ਲੈ ਕੇ ਅਪਣੇ ਘਰ ਤੁਰਦਾ ਬਣਿਆ।

ਨੋਟ :- ਪਹਿਲਾਂ ਵੀ ਅਸੀਂ ਦਸਮ ਗ੍ਰੰਥ ਦੀਆਂ ਕਈ ਰਚਨਾਵਾਂ ਵਿੱਚ ਰੋਮ ਨਾਸਨੀ (ਬਾਲ ਸਫਾ) ਲਗਾ ਕੇ ਬਾਲ ਸਾਫ ਕਰ ਕੇ ਔਰਤ ਬਣਨ ਅਤੇ ਔਰਤਾਂ ਭੋਗਣ ਦੇ ਕਾਰਨਾਮੇ ਪੜ੍ਹ ਚੁੱਕੇ ਹਾਂ। ਹਥਲੀ ਕਾਵਿ ਰਚਨਾ ਵੀ ਇਹੋ ਮੱਤ ਦੇਂਦੀ ਹੈ ਕਿ ਰਹਿਤ ਮਰਿਯਾਦਾ ਦੀ ਪਰਵਾਹ ਨਹੀਂ ਕਰਨੀ। ਸਿੱਖ ਲਈ ਬਾਲ ਰੱਖਣੇ ਕੋਈ ਜਰੂਰੀ ਨਹੀਂ। ਇਨ੍ਹਾਂ ਸਿੱਖਿਆਵਾਂ ਦੇ ਕਾਰਣ ਹੀ ਸਿੱਖ ਬੱਚਾ ਸਿਰ ਮੂੰਹ ਮੁੰਨਾਈ ਫਿਰਦੈ। ਇਕ ਪਾਸੇ ਪੁਜਾਰੀ ਰਹਿਤ ਮਰਿਯਾਦਾ ਦੀ ਦੁਹਾਈ ਦੇਂਦੇ ਹਨ ਤੇ ਦੂਜੇ ਪਾਸੇ ਦਸਮ ਗ੍ਰੰਥ ਦੇ ਅਖੰਡ ਪਾਠ ਕਰ ਕਰ ਮੱਤਾਂ ਦਈ ਜਾਂਦੇ ਹਨ ਬਈ ਬਾਲ ਸਫਾ ਲਗਾ ਕੇ ਬਾਲ ਸਾਫ ਕਰੋ। ਜੇਕਰ ਨੌਜੁਆਨ ਪੀੜੀ ਨੇ ਪੁਜਾਰੀਆਂ ਦੇ ਬਸਤ੍ਰ ਉਤਾਰ ਉਤਾਰ ਕੇ ਘੋਖਣਾ ਸੁਰੂ ਕਰ ਦਿੱਤਾ ਤਾਂ ਹਾਲਤ ਹਾਸੋ ਹੀਣੀ ਹੋ ਜਾਣੀ ਹੈ। ਦਸਮ ਗ੍ਰੰਥ ਨਾਂ ਦੀ ਗੰਦੀ ਪੁਸਤਕ ਸਮੁੱਚੀ ਰਹਿਤ ਮਰਿਯਾਦਾ ਦਾ ਮਲੀਆ ਮੇਟ ਕਰਦੀ ਹੈ। ਖ਼ਬਰਾਦਾਰ ਬਾ ਹੋਸ਼ਿਆਰ-ਜਾਗਦੇ ਰਹਿਓ !

## ਨਗਰ : ਤਿਹਾੜੋ

(ਤੀਨ ਸੌ ਅਠਹੱਤਰਿ ਚਰਿਤ੍ਰ ਪੰਨਾ ੧੩੩੩-੩੪)

ਪਾਤਰ : ਤ੍ਰਿਹਾਟਕ ਸੈਨ (ਭੂਪ), ਸ੍ਰੀ ਮਹਬੂਬ ਮਤੀ (ਨਾਰੀ) ਤੇ ਸੁ ਮ੍ਰਿਦੁ ਹਾਸਮਤੀ (ਦੂਜੀ ਨਾਰ)

**ਸੌਕਣ ਦੇ ਮੁੰਡੇ ਦੇ ਚਿੱਤੜਾਂ ਚ ਗੋਖਰੂ ਧੱਕ ਕੇ ਦੁਖੀ ਕਰੋ** : ਤਿਹਾੜੋ ਨਗਰ ਦੇ ਭੂਪ ਤ੍ਰਿਹਾਟਕ ਸੈਨ ਨੇ ਦੋ ਵਿਆਹ ਕੀਤੇ। ਇਕ ਸ੍ਰੀ ਮਹਬੂਬ ਮਤੀ ਨਾਲ ਤੇ ਦੂਜਾ ਮ੍ਰਿਦੁ ਹਾਸਮਤੀ ਨਾਲ। ਰਾਜਾ ਸਰੀ ਮਹਬੂਬ ਮਤੀ ਦੇ ਰੰਗ ਵਿੱਚ ਰੰਗਿਆ ਰਹਿੰਦਾ ਤੇ ਦੂਜੀ ਔਰਤ ਦੇ ਨੇੜੇ ਨਾ ਜਾਂਦਾ। ਉਸ ਨੇ ਇਸ ਰਾਣੀ ਤੋਂ ਇਕ ਪੁੱਤ ਜੰਮਿਆ :-

*ਸ੍ਰੀ ਮਹਬੂਬ ਮਤੀ ਤਨ ਨ੍ਰਿਪ ਰਤਿ ॥ ਦੁਤਿਯ ਨਾਰਿ ਪਰ ਨਹਿ ਆਨਨ ਮਤਿ ॥*

*ਅਧਿਕ ਭੋਗ ਤਿਹ ਸਾਥ ਕਮਾਯੋ ॥ ਏਕ ਪੁੱਤ੍ਰ ਤਾਤੇ ਉਪਜਾਯੋ ॥੩॥* (ਤੀਨ ਸੌ ਅਠਹੱਤਰਿ ਚਰਿਤ੍ਰ ਪੰਨਾ ੧੩੩੪)

ਦੂਜੀ ਰਾਣੀ ਨੇ ਗੁੱਸਾ ਖਾ ਕੇ ਰਾਣੀ ਦੇ ਮੁੰਡੇ ਦੇ ਚਿੱਤੜਾਂ ਚ ਗੋਖਰੂ ਧੱਕ ਦਿੱਤਾ ਜਿਸ ਨਾਲ ਉਸ ਨੂੰ ਬਹੁਤ ਦੁੱਖ ਪੁੱਜਾ :-

*ਦੁਤਿਯ ਨਾਰਿ ਤਬ ਅਧਿਕ ਰਿਸਾਈ ॥ ਏਕ ਘਾਤ ਕੀ ਬਾਤ ਬਨਾਈ ॥*

*ਸਿਸ ਕੀ ਗੁਦਾ ਗੋਖਰੂ ਦਿਯਾ ॥ ਤਾਤੇ ਅਧਿਕ ਦੁਖਿਤ ਤਿਹ ਕਿਯਾ ॥੫॥* (ਤੀਨ ਸੌ ਅਠਹੱਤਰਿ ਚਰਿਤ੍ਰ ਪੰਨਾ ੧੩੩੪)

ਬੱਚਾ ਤਕਲੀਫ ਵਿੱਚ ਰੋਂਦਾ ਰੋਂਦਾ ਅਪਣੇ ਘਰ ਗਿਆ। ਓਹਨੂੰ ਦੇਖ ਕੇ ਮਾਂ ਨੂੰ ਬੜਾ ਦੁੱਖ ਪੁੱਜਾ। ਸੌਕਣ ਭੇਸ ਧਾਰ ਕੇ ਉਸ ਕੋਲ ਆਈ ਤੇ ਇਕ ਬਰੀ (ਮਕੜੀ ਦੀ ਜ਼ਹਿਰ) ਰਾਣੀ ਨੂੰ ਖਾਣ ਨੂੰ ਦਿੱਤੀ ਜਿਸ ਨਾਲ ਓਹ ਤੁਰੰਤ ਮਰ ਗਈ। ਘਰ ਆ ਕੇ ਫਿਰ ਰੂਪ ਬਦਲਿਆ-ਮੁੜ ਸੌਕਣ ਦੇ ਘਰ ਗਈ-ਬੱਚੇ ਦੇ ਚਿੱਤੜਾਂ ਚੋਂ ਗੋਖਰੂ ਕੱਢਿਆ ਤੇ ਅਪਣਾ ਪੁੱਤ ਬਣਾ ਕੇ ਪਾਲਿਆ :-

*ਨਿਜ ਗ੍ਰਿਹਿ ਆਇ ਭੇਸ ਨ੍ਰਿਪ ਤ੍ਰਿਯ ਧਰਿ ॥ ਜਾਤਿ ਭਈ ਅਪਨੀ ਸਵਿਤਨ ਘਰ ॥*

*ਸਿਸੁ ਕੋ ਕਾਢਿ ਗੋਖਰੂ ਡਾਰੋ ॥ ਤਾਂਹਿ ਸੁਘਰਿ ਤਿਹ ਸੁਤ ਕਰਿ ਪਾਰੋ ॥੯॥*

(ਤੀਨ ਸੌ ਅਠਹੱਤਰਿ ਚਰਿਤ੍ਰ ਪੰਨਾ ੧੩੩੪)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਕਿਵੇਂ ਸੌਕਣ ਦੇ ਬੱਚੇ ਦੇ ਚਿੱਤੜਾਂ ਚ ਗੋਖਰੂ ਧੱਕ ਕੇ ਉਸ ਨੂੰ ਤੰਗ ਕਰੀਦਾ ਹੈ ਅਤੇ ਕਿਵੇਂ ਸੌਕਣ ਦਾ ਕਤਲ ਕਰ ਕੇ ਉਸ ਦੇ ਬੱਚੇ ਨੂੰ ਅਪਣਾ ਪੁੱਤ ਬਣਾ ਕੇ ਪਾਲੀਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਅਜਿਹਾ ਉਪਦੇਸ ਦੇ ਸਕਦੇ ਹਨ ? ਸਿੱਖ ਧਰਮ ਦੇ ਵੱਡੇ ਪੁਜਾਰੀਆਂ ਸੋਧਕ ਕਮੇਟੀ ਅਤੇ ਸੰਤ ਸਾਧਾਂ ਨੇ ਇਨ੍ਹਾਂ ਕਾਵਿ ਰਚਨਾ ਤੇ ਪਾਤਸ਼ਾਹੀ ੧੦ ਲਿਖ ਕੇ ਗੁਰਸਿੱਖਾਂ ਨੂੰ ਇਹ ਪ੍ਰਚਾਰਿਆ ਹੈ ਬਈ ਇਹ ਦਸਮ ਪਾਤਸ਼ਾਹ ਦੀ ਬਾਣੀ ਹੈ। ਆਪ ਉਹ ਇਸ ਲੱਚਰ ਸਹਿਤ ਦੇ ਅਖੰਡ ਪਾਠ ਕਰਦੇ ਹਨ ਤੇ ਸਿੱਖਾਂ ਨੂੰ ਇਸ ਅੱਗੇ ਮੱਥੇ ਟਿਕਾਉਂਦੇ ਹਨ। ਕੀ ਆਪ ਜੀ ਇਸ ਅਸ਼ਲੀਲ ਗ੍ਰੰਥ ਦਾ ਪ੍ਰਕਾਸ਼ ਅਪਣੇ ਪਿੰਡ-ਮੁਹੱਲੇ ਦੇ ਗੁਰਦੁਆਰੇ ਕਰਨ ਦਿਓਗੇ ? ਕੀ ਇਸ ਨੂੰ ਆਪ ਜੀ ਗੁਰਬਾਣੀ ਕਹੋਗੇ ? ਖਬਰਦਾਰ ਬਾ-ਹੋਸ਼ਿਆਰ-ਜਾਗਦੇ ਰਹਿਓ !

## ਨਗਰ : ਹਾਟਕ ਪੁਰ

(ਤੀਨ ਸੌ ਉਨਾਸੀ ਚਰਿਤ੍ਰ ਪੰਨਾ ੧੩੩੪-੩੫)

**ਭੰਗ ਘੋਟਣ ਵਾਲੇ ਘੋਟਣੇ ਨਾਲ ਖਸਮ ਦਾ ਕਤਲ ਕਰੋ**

ਪਾਤਰ : ਨਰੇਸੁਰ, ਮ੍ਰਿਦੁਲਾ ਦੇ (ਨਾਰਿ), ਸ੍ਰੀ ਸੁਪ੍ਰਭਾ (ਸੁਤਾ) ਤੇ ਬਯਾਘ੍ਰਕੇਤ (ਸ਼ਾਹ ਸੁਤ) :

ਹੇ ਰਾਜਾ ਇਕ ਹੋ ਪ੍ਰਸੰਗ ਸੁਣ । ਨਰੇਸੁਰ ਦੀ ਰਾਣੀ ਮ੍ਰਿਦੁਲਾ ਦੇ ਦੀ ਸੁੰਦਰ ਧੀ ਸ੍ਰੀ ਸੁਪ੍ਰਭਾ ਦੇ ਨੇ ਹਾਟਕ ਪੁਰ ਦੇ ਸ਼ਾਹ ਦੇ ਪੁੱਤ ਬਯਾਘ੍ਰਕੇਤ ਦਾ ਸੁੰਦਰ ਸਰੂਪ ਦੇਖਿਆ। ਉਸ ਨੇ ਸਖੀ ਭੇਜ ਕੇ ਉਸ ਨੂੰ ਸੱਦਿਆ ਤੇ ਫਿਰ:-

*ਨਿਰਖਤ ਨੈਨ ਗਰੇ ਲਪਟਾਈ ॥ ਸੇਜਾਸਨ ਪਰ ਲਿਯੋ ਚੜ੍ਹਾਈ ॥੬॥*

*ਬਹੁ ਬਿਧਿ ਕਰੀ ਤਵਨ ਸੌ ਕ੍ਰੀੜਾ ॥ ਕਾਮਨਿ ਕਾਮ ਨਿਵਾਰੀ ਪੀੜਾ ॥*

*ਨਿਸੁ ਦਿਨ ਧਾਮ ਬਾਮ ਤਿਹ ਰਾਖਾ ॥ ਮਾਤ ਪਿਤਾ ਤਨ ਭੇਦ ਨ ਭਾਖਾ ॥੭॥* (ਤੀਨ ਸੌ ਉਨਾਸੀ ਚਰਿਤ੍ਰ ਪੰਨਾ ੧੩੩੫)

ਪਿਓ ਨੇ ਉਸ ਦਾ ਵਿਆਹ ਕਰ ਦਿੱਤਾ ਪਰ ਮਿਤ੍ਰ ਤੋਂ ਬਿਨਾ ਕਿਵੇਂ ਰਹੇ । ਉਸ ਨੇ ਮਿਤ੍ਰ ਨੂੰ ਸੰਦੂਕ ਚ ਬੰਦ ਕਰ ਕੇ ਅਪਣੇ ਨਾਲ ਲੈ ਲਿਆ । ਓਹ ਰਾਤ ਦਿਨ ਉਸ ਨਾਲ ਭੋਗ ਕਰਦੀ :-

*ਨਿਸੁ ਦਿਨ ਤਾਸੌ ਭੋਗ ਕਮਾਵੈ ॥ ਸੋਭਤ ਰਹੈ ਨ ਭੂਪਤਿ ਪਾਵੈ ॥*

*ਏਕ ਦਿਵਸ ਜਬਹੀ ਨ੍ਰਿਪ ਜਾਗਾ ॥ ਰਨਿਯਹਿ ਛੋਰਿ ਜਾਰ ਉਠਿ ਭਾਗਾ ॥੯॥* (ਤੀਨ ਸੌ ਉਨਾਸੀ ਚਰਿਤ੍ਰ ਪੰਨਾ ੧੩੩੫)

ਖਸਮ ਗੁੱਸੇ ਚ ਕਹਿੰਦਾ ਕਿ ਤੂੰ ਓਹਨੂੰ ਘਰ ਕਿਉਂ ਰੱਖਿਆ ਮੈਨੂੰ ਦੱਸ ਨਹੀਂ ਤਾਂ ਮੈਂ ਤੈਨੂੰ ਮਾਰਦੂੰ। ਰਾਣੀ ਨੇ ਸੋਚਿਆ ਬਈ ਰਾਜਾ ਮੈਨੂੰ ਸੱਚੀਂ ਮੁੱਚੀਂ ਮਾਰ ਦਏਗਾ। ਓਹਨੇ ਭਾਂਗ (ਭੰਗ) ਘੋਟਣ ਵਾਲ ਘੋਟਣਾ ਲਿਆ ਤੇ ਰਾਜੇ ਦਾ ਸਿਰ ਭੰਨਤਾ:-

*ਭਾਂਗ ਘੋਟਨਾ ਹਾਥ ਸੰਭਾਰਾ ॥ ਫੋਰਿ ਨਰਾਧਿਪ ਕੇ ਸਿਰ ਡਾਰਾ ॥੧੧॥* (ਤੀਨ ਸੌ ਉਨਾਸੀ ਚਰਿਤ੍ਰ ਪੰਨਾ ੧੩੩੫)

ਖਸਮ ਮਾਰ ਕੇ ਲੋਕਾਂ ਨੂੰ ਕਹਿੰਦੀ ਕਿ ਦਾਰੂ ਦੇ ਨਸ਼ੇ ਚ ਪੁੱਤ ਨੂੰ ਯਾਦ ਕਰ ਕੇ ਸਿਰ ਫੋੜ ਕੇ ਮਰ ਗਿਆ :-

*ਦੋਹਰਾ ॥ ਇਹ ਛਲ ਨਿਜੁ ਨਾਯਕ ਹਨਾ ਲੀਨਾ ਮਿੱਤ੍ਰ ਬਚਾਇ ॥*

*ਬਹੁਰਿ ਭੋਗ ਤਾਸੌ ਕਰੋ ਕੋ ਨ ਸਕਾ ਛਲ ਪਾਇ ॥੧੪॥* (ਤੀਨ ਸੌ ਉਨਾਸੀ ਚਰਿਤ੍ਰ ਪੰਨਾ ੧੩੩੫)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਵਿਆਹ ਹੋ ਜਾਣ ਤੇ ਵੀ ਯਾਰ ਦਾ ਪਿੱਛਾ ਨਹੀਂ ਛੱਡਣਾ । ਜੇਕਰ ਪਤੀ ਨੂੰ ਕੀਤੇ ਜਾਂਦੇ ਕੁਕਰਮ ਦਾ ਪਤਾ ਚਲ ਜਾਏ ਤਾਂ ਭੰਗ ਘੋਟਣ ਵਾਲੇ ਘੋਟਣੇ ਨਾਲ ਪਤੀ ਦਾ ਕਤਲ ਕਰ ਦੇਣਾ ਤੇ ਯਾਰ ਨਾਲ ਪ੍ਰੇਮ ਹੁਲਾਰੇ ਲੈਂਦੇ ਰਹਿਣਾ । ਇਸ ਦੇ ਨਾਲ ਹੀ ਇਹ ਵੀ ਸਿੱਖਿਆ ਮਿਲਦੀ ਹੇ ਕਿ ਘਰ ਘਰ ਭੰਗ (ਭਾਂਗ) ਘੋਟ ਕੇ ਪੀਣੀ ਅਤੀ ਜਰੂਰੀ ਹੈ। ਜੇ ਭੰਗ ਘੋਟੀ ਜਾਏਗੀ ਤਾਹੀਓਂ ਭੰਗ ਵਾਲਾ ਘੋਟਣਾ ਹੱਥ ਆਏਗਾ । ਬਲਿਹਾਰੇ ਜਾਈਏ ਸਿੱਖ ਪੁਜਾਰੀਆਂ ਦੇ ਕਿੰਨੀ ਮਿਹਨਤ ਨਾਲ ਇਸ ਕਾਵਿ ਰਚਨਾ ਨੂੰ ਕਿਤਾਬ ਵਿੱਚ ਫਿੱਟ ਕੀਤੈ। ਕਹਿੰਦੇ ਜੀ ਇਹ ਦਸਮ ਗ੍ਰੰਥ ਹੈ ਇਹ ਦੇ ਅਖੰਡ ਪਾਠ ਕੀਤਿਆਂ ਅਘ ਓਘ ਕੱਟੇ ਜਾਂਦੇ ਹਨ । ਮੈਂ ਇਸ ਦੇ ਉਲਟਿ ਵਿਚਾਰ ਰੱਖਦਾ ਹਾਂ ਬਈ ਜੇਕਰ ਇਸ ਦਾ ਅਖੰਡ ਪਾਠ ਨਮਰਦ ਜਾਂ ਖੁਸਰਾ ਕਰੇ ਤਾਂ ਉਸ ਵਿੱਚ ਵੀ ਜਾਨ ਆ ਜਾਏਗੀ । ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਨ ਵਾਲਿਆਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਚਾਲ ਦਾ ਸਮਾਂ ਹੁਣ ਬੀਤ ਚੁੱਕਾ ਹੈ । ਬਾ-ਹੋਸ਼ਿਆਰ-ਜਾਗਦੇ ਰਹਿਓ !

## ਨਗਰ : ਵਤੀ ਚਰਿੱਤ੍ਰਾ (ਤੀਨ ਸੌ ਅੱਸੀ ਚਰਿਤ੍ਰ ਪੰਨਾ ੧੩੩੫-੩੬)

### ਪੋਸਤ ਭਾਂਗ ਹਫੀਮ ਦੇ ਨਸ਼ੇ ਕਰਕੇ ਮਿਤ੍ਰ ਭੋਗੋ

ਪਾਤਰ : ਚਰਿੱਤ੍ਰ ਸੈਨ (ਰਾਜਾ), ਚਰਿੱਤ੍ਰ ਮਤੀ (ਨਾਰਿ), ਤੇ ਗੋਪੀ ਰਾਏ : ਵਤੀ ਚਰਿੱਤ੍ਰਾ ਦੇ ਰਾਜਾ ਚਰਿੱਤ੍ਰ ਸੈਨ ਦੀ ਖੂਬਸੂਰਤ ਰਾਣੀ ਚਰਿੱਤ੍ਰ ਮਨੀ ਨੇ ਜਦ ਸੋਹਣੇ ਸਨੁੱਖੇ ਗੋਪੀ ਰਾਏ ਦੇ ਰੂਪ ਨੂੰ ਦੇਖਿਆ ਤਾਂ ਓਹਦਾ ਹਰ ਅੰਗ ਕਾਮ ਵਿੱਚ ਭੜਕ ਪਿਆ। ਉਸ ਨੇ ਕਿਸੇ ਨਾ ਕਿਸੇ ਬਹਾਨੇ ਉਸ ਨੂੰ ਸੱਦਿਆ ਤੇ :-

*ਜਿਹ ਤਿਹ ਬਿਧਿ ਤਿਹ ਲਯੋ ਬੁਲਾਇ ॥ ਉਠਤ ਲਯੋ ਛਤਿਯਾ ਸੌ ਲਾਇ ॥*

*ਕਾਮ ਕੇਲ ਕੀਨੋ ਰੁਚਿ ਠਾਨੀ ॥ ਕੇਲ ਕਰਤ ਸਭ ਰੈਨਿ ਬਿਹਾਨੀ ॥੩॥*

*ਪੋਸਤ ਭਾਂਗ ਅਫੀਮ ਮੰਗਾਈ ॥ ਏਕ ਸੇਜ ਚੜ੍ਹਿ ਦੂਹੂੰ ਚੜ੍ਹਾਈ ॥*

*ਭਾਂਤਿ ਅਨਿਕ ਤਨ ਕਿਯੇ ਬਿਲਾਸਾ ॥ ਮਾਤ ਪਿਤਾ ਕੋ ਮਨ ਨ ਤ੍ਰਾਸਾ ॥੪॥* (ਤੀਨ ਸੌ ਅੱਸੀ ਚਰਿਤ੍ਰ ਪੰਨਾ ੧੩੩੫-੩੬)

ਐਨੇ ਨੂੰ ਪਤੀ ਆ ਗਿਆ। ਮਿਤ੍ਰ ਨੂੰ ਸੇਜ ਤੇ ਲਿਟਾ ਕੇ ਉਸ ਤੇ ਦੁਪੱਟਾ ਸੁੱਟ ਕੇ ਸੁਲਾ ਦਿੱਤਾ। ਖਸਮ ਨੇ ਪੁੱਛਿਆ ਕਿ ਸੇਜ ਤੇ ਕੌਣ ਪਿਆ ਹੈ ਕਹਿੰਦੀ ਮੇਰੀ ਮਾਂ ਸੁੱਤੀ ਪਈ ਹੈ । ਮੇਰੇ ਚ ਤਾਂ ਉਸ ਨੂੰ ਜਗਾਣ ਦੀ ਹਿੰਮਤ ਨਹੀਂ। ਤੂੰ ਐਦਾਂ ਕਰ ਬਈ ਦੋ ਕੁ ਘੜੀ ਬਾਹਰ ਘੁੰਮ ਆ ਤੇ ਫਿਰ ਆ ਜਾਵੀਂ। ਜਦ ਖਸਮ ਚਲੇ ਗਿਆ :-

*ਇਮਿ ਕਹਿ ਬਾਤ ਜਾਤ ਜੜ੍ਹ ਭਯੋ ॥ ਤਾਂਹਿ ਚੜਾਇ ਖਾਟ ਪਰ ਲਯੋ ॥*

*ਭਾਂਤਿ ਅਨਿਕ ਤਨ ਕਰੈ ਬਿਲਾਸਾ ॥ ਆਵਤ ਭਯੋ ਤਿਹ ਪਿਤਾ ਨਿਵਾਸਾ ॥੯॥* (ਤੀਨ ਸੌ ਅੱਸੀ ਚਰਿਤ੍ਰ ਪੰਨਾ ੧੩੩੬)

ਜਦ ਪਿਓ ਆਇਆ ਤਾਂ ਉਸ ਨੂੰ ਵੀ ਕਹਿੰਦੀ ਕਿ ਮਾਂ ਸੁੱਤੀ ਪਈ ਐ । ਜਦ ਪਿਓ ਚਲੇ ਗਿਆ ਫਿਰ ਮਿਤ੍ਰ ਸੇਜ ਤੇ ਸੁਟਿਆ ਤੇ ਓਹਦੇ ਰੰਗ ਚ ਰੰਗੀ ਗਈ । ਫਿਰ ਓਹਦੀ ਮਾਂ ਆ ਗਈ ਉਸ ਨੂੰ ਕਹਿੰਦੀ ਕਿ ਤੇਰਾ ਜਵਾਈ ਸੁੱਤਾ ਪਿਐ । ਮੈਂ ਨਹੀਂ ਓਹਨੂੰ ਜਗਾ ਸਕਦੀ ਹੁਣੇ ਸੁਤੈ :-

*ਸੁਨਿ ਬਚ ਮਾਤ ਜਾਤ ਭੀ ਉਠ ਘਰ ॥ ਲਯੋ ਸੇਜ ਪਰ ਤ੍ਰਿਯ ਪਿਯ ਭੁਜ ਭਰ ॥*

*ਭਾਂਤਿ ਭਾਂਤਿ ਤਨ ਭੋਗ ਕਮਾਏ ॥ ਬਹੁਰਿ ਧਾਮ ਕੌ ਤਾਹਿ ਪਠਾਏ ॥੧੪॥* (ਤੀਨ ਸੌ ਅੱਸੀ ਚਰਿਤ੍ਰ ਪੰਨਾ ੧੩੩੬)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਪੋਸਤ ਭਾਂਗ ਹਫੀਮ ਖਾਣ ਲਈ ਪ੍ਰੇਰਦੀ ਹੈ ਅਤੇ ਪਰਾਏ ਮਰਦ ਨਾਲ ਹਮ ਬਿਸਤਰ ਹੋਣ ਨੂੰ ਹੱਲਾ ਸ਼ੇਰੀ ਦੇਂਦੀ ਹੈ। ਮਾਂ, ਬਾਪ ਅਤੇ ਖਸਮ ਨੂੰ ਕਿਵੇਂ ਧੋਖਾ ਦੇਣਾ ਹੈ ਉਸ ਦੇ ਗੁਰਮੰਤ੍ਰ ਦੱਸਦੀ ਹੈ। ਕੀ ਗਰੂ ਜੀ ਅਜਿਹਾ ਉਪਦੇਸ ਅਪਣੇ ਸਿੱਖਾਂ ਨੂੰ ਦੇ ਗਏ ਹਨ ? ਫਿਰ ਰਹਿਤ ਮਰਿਯਾਦਾ ਦਾ ਕੀ ਬਣਿਆ ? ਸੋਚਦੇ ਅਤੇ ਜਾਗਦੇ ਰਹਿਣਾ !

ਇਲਾਕਾ : ਮੁਲਤਾਨ (ਤੀਨ ਸੌ ਇਕਆਸੀ ਚਰਿਤ੍ਰ ਪੰਨਾ ੧੩੩੬-੩੭)

## ਭੋਗ ਇੰਞ ਵੀ ਕਰੀਦੈ

ਪਾਤਰ : ਰਾਮ, ਰੋਸ਼ਨ ਕਦਰ (ਪੀਰ) ਤੇ ਖਾਦਿਮਾ ਬਾਨੋ (ਔਰਤ) : ਹੇ ਰਾਮ ਕੰਨ ਧਰ ਕੇ ਇਕ ਕਥਾ ਸੁਣ (ਲੱਗਦੈ ਕਵਿ ਰਾਮ ਅਪਣੇ ਆਪ ਨੂੰ ਮੁਖਾਤਿਬ ਹੋ ਕੇ ਵਰਨਣ ਕਰ ਰਿਹਾ ਹੈ) ਮੁਲਤਾਨ ਦੇ ਇਕ ਸੋਹਣੇ ਸਨੁੱਖੇ ਪੀਰ ਰੋਸ਼ਨ ਕਦਰ ਨੂੰ ਜੋ ਵੀ ਦੇਖ ਲੈਂਦੀ ਬਸ ਦੇਖਦੀ ਹੀ ਰਹਿ ਜਾਂਦੀ । ਓਹਦੀ ਔਰਤ ਜੇਕਰ ਕਿਸੇ ਤੀਵੀਂ ਨੂੰ ਦੇਖ ਲੈਂਦੀ ਕਿ ਓਹ ਉਸ ਦੇ ਪਤੀ ਨੂੰ ਦੇਖ ਰਹੀ ਹੈ ਉਸ ਨੂੰ ਖਿੱਚ ਕੇ ਜੁੱਤੀ ਨਾਲ ਕੁੱਟਦੀ । ਇਕ ਔਰਤ ਕਾਜੀ ਦਾ ਰੂਪ ਦੇਖ ਕੇ ਮਸਤ ਹੋ ਗਈ । ਓਹ ਕਾਜੀ ਦੀ ਔਰਤ ਦੇ ਘਰ ਅਸ਼ਰਫੀ ਜੇਵਰ ਤੇ ਹੋਰ ਬਹੁਤ ਕੁੱਝ ਲੈ ਕੇ ਪੁੱਜੀ ਕਹਿੰਦੀ ਖਾਦਿਮਾ ਬਾਨੋ ਤੂੰ ਇਹ ਰੱਖ ਲੈ ਮੈਂ ਤਾਂ ਇਕ ਆਸ ਲੈ ਕੇ ਆਈ ਹਾਂ :-

*ਗ੍ਰਹਿ ਅਪਨੇ ਹੀ ਮਦਰੋ ਚੁਾਇ ॥ ਖਾਨਾ ਅਨਿਕ ਭਾਂਤਿ ਕੇ ਲਯਾਇ ॥*
*ਨਿਜੁ ਹਾਥਨ ਲੈ ਦੁਹੂੰ ਪਯਾਊਂ ॥ ਭੇਟ ਚੜ੍ਹਾਇ ਘਰਹਿ ਉਠਿ ਜਾਊਂ ॥੬॥*
*ਸੋਈ ਮਦ ਲੈ ਤਹਾ ਸਿਧਾਈ ॥ ਸਾਤ ਬਾਰ ਬਹੁ ਭਾਂਤ ਚੁਆਈ ॥*
*ਨਿਜੁ ਹਾਥਨ ਲੈ ਦੁਹੂੰ ਪਿਯਾਯੋ ॥ ਅਧਿਕ ਮੱਤ ਕਰਿ ਸੇਜ ਸੁਆਯੋ ॥੭॥*

(ਤੀਨ ਸੌ ਇਕਆਸੀ ਚਰਿਤ੍ਰ ਪੰਨਾ ੧੩੩੭)

ਜਦ ਉਸ ਨੇ ਦੇਖਿਆ ਕਿ ਪੀਰ ਦੀ ਘਰ ਵਾਲੀ ਨਸ਼ੇ ਚ ਸੌਂ ਗਈ ਹੈ ਤਾਂ ਪੀਰ ਨੂੰ ਅੱਖਾਂ ਦੇ ਇਸ਼ਾਰੇ ਨਾਲ ਸੱਦਿਆ ਤੇ ਆਪ ਪੀਰ ਦੀ ਘਰ ਵਾਲੀ ਤੇ ਚਿੱਤੜ ਰੱਖ ਕੇ ਪੀਰ ਨਾਲ ਦਿਲ ਖੋਲ੍ਹ ਕੇ ਭੋਗ ਕੀਤਾ :-

*ਸੋਈ ਲਖੀ ਪੀਰ ਤ੍ਰਿਯ ਜਬਹੀ ॥ ਨੈਨ ਸੈਨ ਦੈ ਤਿਹ ਪ੍ਰਤਿ ਤਬਹੀ ॥*
*ਤਾਕੇ ਧਰਿ ਛਤਿਯਾ ਪਰੁ ਚੂੜ੍ਹਨ ॥ ਕਾਮ ਭੋਗ ਕੀਨਾ ਤਿਹ ਪਤਿ ਤਨ ॥੮॥*
*ਸੋਵਤ ਰਹੀ ਚੜੇ ਮਦ ਨਾਰੀ ॥ ਭੇਦ ਅਭੇਦ ਕੀ ਗਤਿ ਨ ਬਿਚਾਰੀ ॥*
*ਚੀਠੀ ਏਕ ਲਿਖੀ ਨਿਜ ਅੰਗਾ ॥ ਬਾਂਧਿ ਗਈ ਤਾਕੇ ਸਿਰ ਸੰਗਾ ॥੯॥*

(ਤੀਨ ਸੌ ਇਕਆਸੀ ਚਰਿਤ੍ਰ ਪੰਨਾ ੧੩੩੭)

ਨੋਟ :- ਦਸਮ ਗ੍ਰੰਥ ਦੀ ਹਰ ਕਾਵਿ ਰਚਨਾ ਮਨੁੱਖ ਨੂੰ ਔਰਤ ਭੋਗਣ ਦੇ ਤੌਰ ਤਰੀਕੇ ਸਿਖਾਉਂਦੀ ਹੈ ਜਾਂ ਫਿਰ ਨਸ਼ੇ ਕਰਨ ਨੂੰ ਪ੍ਰੇਰਦੀ ਹੈ । ਕੀ ਇਹੋ ਕੁੱਝ ਸਿੱਖ ਪੁਜਾਰੀ ਗੁਰਸਿੱਖਾਂ ਨੂੰ ਦ੍ਰਿੜ ਕਰਾਉਣਾ ਚਾਹੁੰਦੇ ਹਨ । ਦਸਮ ਗ੍ਰੰਥ ਦੀ ਪੂਜਾ ਕਰਨ ਵਾਲੇ ਗੁਰੂ ਦੇ ਸਿੱਖ ਨਹੀਂ ਕਹੇ ਜਾ ਸਕਦੇ ਓਹ ਸਭ ਸਿੱਖ ਧਰਮ ਦੇ ਦੁਸ਼ਮਣ ਅਤੇ ਤਨਖਾਹੀਏ ਹਨ । ਜਾਗਦੇ ਰਹਿਓ-ਬਾ ਹੋਸ਼ਿਆਰ !

ਬਿਸ਼ਨ ਪੁਰੀ (ਤੀਨ ਸੌ ਬਿਆਸੀ ਚਰਿਤ੍ਰ ਪੰਨਾ ੧੩੩੭-੩੮)

## ਕਤਲ ਕਰਨ ਦਾ ਇਕ ਹੋਰ ਢੰਗ ਸਿਖੋ

ਪਾਤਰ : ਬਿਸ਼ਨ ਧੁਜਾ (ਭੂਪ), ਸ੍ਰੀ ਮਨਿ ਨੀਲਮਤੀ (ਰਾਨੀ) ਤੇ ਅਛਲੀ ਰਾਇ (ਛੱਤ੍ਰੀ) :

ਦੱਖਣ ਚ ਬਿਸ਼ਨ ਪੁਰੀ ਦੇ ਰਾਜਾ ਬਿਸ਼ਨ ਧੁਜਾ ਦੀ ਖ਼ੂਬਸੂਰਤ ਰਾਣੀ ਸ੍ਰੀ ਮਨਿ ਨੀਲਮਤੀ ਇਕ ਸੂਰਬੀਰ ਤੇ ਬਲਵਾਨ ਛੱਤ੍ਰੀ ਅਛਲੀ ਰਾਇ ਦੇ ਚੰਦ ਵਰਗੇ ਮੁਖੜੇ ਨੂੰ ਦੇਖ ਕੇ ਦੀਵਾਨੀ ਹੋ ਗਈ । ਔਰਤ ਨੇ ਉਚ ਨੀਚ ਸਭਨਾਂ ਨੂੰ ਆਖ ਦਿੱਤਾ ਕਿ ਰਾਜਾ ਬੀਮਾਰ ਹੈ । ਇਕ ਰਜਾਈ ਖਿੱਚ ਕੇ ਰਾਜੇ ਤੇ ਸੁੱਟ ਦਿੱਤੀ ਅਤੇ ਬਹੁਤ ਸਾਰਾ ਨਮਕ ਉਸ ਤੇ ਬਖੇਰ ਕੇ ਅੱਗ ਨਾਲ ਖੂਬ ਤਪਾ ਦਿੱਤਾ ਤੇ ਉਦੋਂ ਛੱਡਿਆ ਜਦ ਰਾਜਾ ਮਰ ਗਿਆ ।

ਨੋਟ :-ਜਿੱਥੇ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਕਾਮ ਲਈ ਉਕਸਾਉਂਦੀ ਹੈ ਉੱਥੇ ਅਪਣੇ ਪਤੀ ਦਾ ਕਤਲ ਕਰਨ ਲਈ ਵੀ ਉਤਸ਼ਾਹਤ ਕਰਦੀ ਹੈ। ਕੀ ਸਿੱਖ ਸਮਾਜ ਅਜਿਹੀਆਂ ਸਿੱਖਿਆਵਾਂ ਕਬੂਲ ਕਰੇਗਾ ? ਕਦ ਤਕ ਸਿੱਖਾਂ ਨੂੰ ਪੁਜਾਰੀ ਮੂਰਖ ਬਣਾਉਂਦੇ ਰਹਿਣਗੇ । ਇਸ ਸਮੇਂ ਹਾਲਤ ਬਦਤਰ ਤੋਂ ਬਦਤਰ ਹਨ । ਗੁਰਦੁਆਰਿਆਂ ਦੇ ਪ੍ਰਬੰਧਕੀ ਢਾਂਚੇ ਤੇ ਝਾਤ ਮਾਰਿਆਂ ਪ੍ਰਤੱਖ ਦਿਖਦਾ ਹੈ ਕਿ ਬਹੁਤੇ ਗੁਰਦੁਆਰਿਆਂ ਤੇ ਗੈਰ ਸਿੱਖਾਂ ਦਾ ਕਬਜ਼ਾ ਹੈ। ਓਹ ਗੁਰੂ ਦੀ

ਗੋਲਕ ਅਤੇ ਸਟੇਜ ਖੂਬ ਵਰਤ ਰਹੇ ਹਨ ਅਤੇ ਸਿੱਖ ਧਰਮ ਦਾ ਮਲੀਆਮੇਟ ਕਰ ਰਹੇ ਹਨ । ਬਾ ਹੋਸ਼ਿਆਰ-ਖ਼ਬਰਦਾਰ-ਜਾਗਦੇ ਰਹਿਓ !

ਦੇਸ : ਝਾਰਖੰਡ (ਤੀਨ ਸੌ ਤਿਰਾਸੀ ਚਰਿਤ੍ਰ ਪੰਨਾ ੧੩੩੮)

## ਇਸ਼ਕ ਦੇ ਰੰਗ ਨਿਆਰੇ ਲੋਕੀਂ ਚੜ੍ਹੇ ਰਹਿਣ ਚੁਬਾਰੇ

ਪਾਤਰ : ਕੋਕਿਲ ਸੈਨ (ਨਰੇਸ), ਕੋਕਿਲਾ ਮਤੀ ਤੇ ਬਦਲੀ ਰਾਮ (ਸ਼ਾਹ ਦੁਤ) :

ਹੇ ਰਾਜਾ ਇਕ ਹੋਰ ਚਰਿਤ੍ਰ ਸੁਣ। ਝਾਰਖੰਡ ਦੇਸ ਦੇ ਨਰੇਸ ਕੋਕਿਲ ਸੈਨ ਦੀ ਰਾਣੀ ਕੋਕਿਲਾ ਮਤੀ ਨੇ ਜਦ ਤੋਂ ਇਕ ਸੁੰਦਰ ਸ਼ਾਹ ਦਾ ਪੁੱਤ ਬਦਲੀ ਰਾਮ ਦੇਖਿਆ ਤਾਂ ਉਸ ਦਾ ਅੰਦਰਲਾ ਕਾਮ ਭੜਕ ਉੱਠਿਆ। ਉਹ :-

*ਕਾਮ ਭੋਗ ਤਿਹ ਸਾਥ ਕਮਾਵੈ ॥ ਮੂੜ ਨਾਰਿ ਨਹਿ ਹ੍ਰਿਦੈ ਲਜਾਵੈ ॥*
*ਜਬ ਰਾਜੈ ਇਹ ਬਾਤ ਪਛਾਨੀ ॥ ਚਿਤ ਮਹਿ ਧਰੀ ਨ ਪ੍ਰਗਟ ਬਖਾਨੀ ॥੩॥*

(ਤੀਨ ਸੌ ਤਿਰਾਸੀ ਚਰਿਤ੍ਰ ਪੰਨਾ ੧੩੩੮)

ਅੱਧੀ ਰਾਤ ਨੂੰ ਰਾਜਾ ਮੰਜੀ ਥੱਲੇ ਲੁਕ ਗਿਆ। ਰਾਣੀ ਨੇ ਬਿਨਾਂ ਭੇਦ ਦੇ ਜਾਣਿਆਂ ਮਿਤ੍ਰ ਸੱਦ ਲਿਆ :-

*ਰੁਚਿ ਭਰਿ ਭੋਗ ਤਵਨ ਸੌ ਕਰਾ ॥ ਖਾਟ ਤਰੇ ਰਾਜਾ ਲਹਿ ਪਰਾ ॥*
*ਅਧਿਕ ਨਾਰਿ ਮਨ ਮਹਿ ਡਰਪਾਈ ॥ ਕਰੌ ਦੈਵ ਅਬ ਕਵਨ ਉਪਾਈ ॥੫॥*

(ਤੀਨ ਸੌ ਤਿਰਾਸੀ ਚਰਿਤ੍ਰ ਪੰਨਾ ੧੩੩੮)

ਰਾਣੀ ਮਿਤ੍ਰ ਹੇਠੋਂ ਨਿਕਲ ਕੇ ਕਹਿੰਦੀ ਤੂੰ ਮੂਰਖ ਨੇ ਰਾਜੇ ਦੀ ਰਾਣੀ ਦੇ ਹੱਥ ਕਿਸ ਤਰ੍ਹਾਂ ਲਾਇਆ। ਜਿਹੋ ਜਿਹਾ ਸੁੰਦਰ ਤੇ ਸਿਆਣਾ ਮੇਰਾ ਰਾਜਾ ਹੈ ਉਸ ਵਰਗਾ ਬਿਧਨਾ ਨੇ ਹੋਰ ਨਹੀਂ ਬਣਾਇਆ। ਜਿਹੜਾ ਦੁਜਿਆਂ ਦੀਆਂ ਰੰਨਾ ਤੱਕਦਾ ਹੈ ਉਸ ਨੂੰ ਵਿਧਾਤਾ ਮਹਾਂਨਰਕ ਚ ਸੁੱਟਦਾ ਹੈ । ਮੈਂ ਅਪਣੇ ਸੋਹਣੇ ਸਨੁੱਖੇ ਪਤੀ ਨੂੰ ਛੱਡ ਕੇ ਤੈਨੂੰ ਨੀ ਦੇਖਣਾ :-

*ਅੜਿੱਲ ॥ ਜੋ ਪਰ ਨਰ ਕਹ ਪਿਯ ਬਿਨੁ ਨਾਰਿ ਨਿਹਾਰਈ ॥*
*ਮਹਾਂ ਨਰਕ ਮਹਿ ਤਾਹਿ ਬਿਧਾਤਾ ਡਾਰਈ ॥*
*ਨਿਜੁ ਪਤਿ ਸੁੰਦਰ ਛਾਡਿ ਨ ਤੁਮਹਿ ਨਿਹਾਰਿਹੌ ॥*
*ਹੇ ਨਿਜੁ ਕੁਲ ਕੀ ਤਜਿ ਕਾਨਿ ਨ ਧਰ ਮਹਿ ਟਾਰਿਹੌ ॥੭॥* (ਤੀਨ ਸੌ ਤਿਰਾਸੀ ਚਰਿਤ੍ਰ ਪੰਨਾ ੧੩੩੮)

ਮੂਰਖ ਰਾਜਾ ਸੁਣ ਕੇ ਬੜਾ ਖੁਸ਼ ਹੋਇਆ ਬਈ ਮੇਰੀ ਔਰਤ ਤਾਂ ਪਤੀ ਬਰਤਾ ਐ ।

ਨੋਟ :- ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਮਿਤ੍ਰ ਸੰਗ ਭੋਗ ਕਰ ਕੇ ਪਤੀ ਨੂੰ ਉਲੂ ਕਿਵੇਂ ਬਣਾਈਦਾ ਹੈ । ਹੈ ਨਾ ਕਮਾਲ ਦੀ ਸਿੱਖਿਆ ਸਾਡੇ ਵੱਡੇ ਪੁਜਾਰੀਆਂ-ਧਰਮ ਦੇ ਠੇਕੇਦਾਰਾਂ ਤੇ ਸੋਧ ਕਮੇਟੀ ਨੇ ਬੜੀ ਮਿਹਨਤ ਨਾਲ ਸੋਧ ਸੋਧ ਕੇ ਲਿਖੀ ਐ। ਤਾਹੀਓਂ ਪੁਜਾਰੀ ਕਿੱਲ੍ਹੀ ਜਾਂਦੇ ਜਨ ਬਈ ਇਹ ਗੁਰਾਂ ਦਾ ਦਸਮ ਗ੍ਰੰਥ ਐ ਇਸ ਨੂੰ ਗੁਰਦੁਆਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕਰੋ । ਦੋ ਤਖ਼ਤਾਂ ਤੇ ਤਾਂ ਉਨ੍ਹਾਂ ਪ੍ਰਕਾਸ਼ ਕੀਤਾ ਹੋਇਆ ਹੈ ਹੁਣ ਬਾਕੀ ਤਿੰਨ ਬਚੇ ਐਂ । ਹੁਣ ਦੇਖਣਾ ਹੈ ਬਈ ਗੁਰੂ ਦੇ ਸਿੱਖ ਦੋਨਾਂ ਤਖਤਾਂ ਤੋਂ ਵੀ ਦਸਮ ਗ੍ਰੰਥ ਦਾ ਬਿਸਤਰਾ ਗੋਲ ਕਰਦੇ ਹਨ ਜਾਂ ਬਾਕੀ ਦੇ ਤਿੰਨਾਂ ਤੇ ਵੀ ਏਹਨੂੰ ਸਜਾਉਂਦੇ ਹਨ । ਬਾ ਹੋਸ਼ਿਆਰ-ਜਾਗਦੇ ਰਹਿਓ !

ਇਲਾਕਾ : ਸਦਾ ਪੁਰੀ (ਤੀਨ ਸੌ ਚੌਰਾਸੀ ਚਰਿਤ੍ਰ ਪੰਨਾ ੧੩੩੮-੪੦)

ਪਾਤਰ : ਸੱਦਾ ਸਿੰਘ (ਭੂਪ), ਸ੍ਰੀ ਸੁਲੰਕ ਦੇ (ਨਾਰੀ) ਤੇ ਸੋਫੀ ਸੂਮ (ਸ਼ਾਹ) : ਪੱਛਿਮ ਦੇਸ ਦੇ ਸਦਾ ਪੁਰੀ ਦੇ ਭੂਪ ਸੱਦਾ ਸਿੰਘ ਦੀ ਔਰਤ ਸ੍ਰੀ ਸੁਲੰਕ ਦੇ ਜਣੋ ਚੰਦ੍ਰਮਾ ਚੀਰ ਕੇ ਕੱਢੀ ਹੋਏ। ਉਥੇ ਇਕ ਧਨਾਢ ਸ਼ਾਹੂਕਾਰ ਰਹਿੰਦਾ ਸੀ ਜੋ ਭਗਵਾਨ ਨੇ ਨਿਰਧਨ ਕਰ ਦਿੱਤਾ। ਸ਼ਾਹੂਕਾਰ ਦੀ ਇਕ ਔਰਤ ਉਸ ਨੂੰ ਕਹਿੰਦੀ ਕਿ ਮੈਂ ਤੈਨੂੰ ਮੁੜ ਧਨਾਢ ਬਣਾ ਦੇਵਾਂਗੀ ਜੇ ਭਗਵਾਨ ਨੇ ਕ੍ਰਿਪਾ ਕਰ ਦਿੱਤੀ । ਅਪਣਾ ਭੇਖ ਪੁਰਖ ਦਾ ਧਾਰ ਕੇ ਰਾਜ ਬਾਟ ਤੇ ਦੁਕਾਨ ਖੋਲ੍ਹ ਲਈ । ਇਕ ਹੱਥ ਓਹ ਉਧਾਰ ਦੇਂਦੀ ਤੇ ਦੂਜੇ ਹੱਥ ਓਹ ਪੈਸਾ ਇਮਾਨਤ ਰੱਖ ਲੈਂਦੀ। ਉਸ ਨੇ ਅਪਣੇ ਹੁਨਰ ਦਾ ਖੂਬ ਪੱਤਾ ਖੇਡਿਆ। ਲੋਕਾਂ ਚ ਉਸ ਦੇ ਬੜੇ ਚਰਚੇ ਹੋਏ । ਉਥੇ ਇਕ ਹੋਰ ਧਨਾਢ ਸ਼ਾਹ ਸੋਫੀ ਸੂਮ ਰਹਿੰਦਾ ਜੋ ਅਪਣੇ ਪੁੱਤਰਾਂ ਅਤੇ ਔਰਤ ਤੇ ਭੋਰਾ ਵਿਸ਼ਵਾਸ ਨਾ ਕਰਦਾ ਤੇ ਸਾਰਾ ਧਨ ਅਪਣੇ ਪਾਸ ਰੱਖਦਾ ।

*ਸੋਫੀ ਸੂਮ ਸ਼ਾਹ ਇਕ ਤਹਾਂ ॥ ਜਾਕੇ ਘਰ ਸੁਨਿਯਤ ਧਨ ਮਹਾਂ ॥*
*ਸੁਤ ਤ੍ਰਿਯ ਕੋ ਨਹਿ ਕਰਤ ਬਿਸ੍ਵਾਸਾ ॥ ਰਾਖਤ ਦਰਬ ਆਪਨੇ ਪਾਸਾ ॥੫॥*

(ਤੀਨ ਸੌ ਚੌਰਾਸੀ ਚਰਿਤ੍ਰ ਪੰਨਾ ੧੩੩੯)

ਉਸੇ ਔਰਤ ਨੇ ਇਸ ਸ਼ਾਹ ਨੂੰ ਬੜੇ ਪ੍ਰੇਮ ਨਾਲ ਬੁਲਾਇਆ ਕਹਿੰਦੀ ਤੇਰੀ ਔਰਤ ਤੇ ਪੁੱਤ ਦੱਸ ਤੇਰਾ ਧਨ ਕਿਵੇਂ ਖਾਣਗੇ । ਪਰ ਜੇ ਉਨ੍ਹਾਂ ਦੇ ਹੱਥ ਲੱਗ ਗਿਆ ਫਿਰ ਤੈਨੂੰ ਦਮੜੀ ਨਹੀਂ ਮਿਲਣੀ। ਤੂੰ ਐਦਾਂ ਕਰ ਅਪਣਾ ਮਾਲ ਕਿਤੇ ਹੋਰ ਰੱਖ ਦੇ ਅਤੇ ਸਰਖਤ ਲਿਖਵਾ ਲੈ । ਮਾਂ ਪੁੱਤ ਨੂੰ ਨਾ ਦੱਸੀਂ ਜਦ ਲੋੜ ਹੋਈ ਧਨ ਲੈ ਲਵੀਂ । ਸ਼ਾਹ

ਕਹਿੰਦਾ ਤੇਰੇ ਤੋਂ ਚੰਗਾ ਹੋਰ ਕੌਣ ਹੋ ਸਕਦੈ ਤੂੰਹੀਓਂ ਸਰਖਤ ਲਿਖ ਕੇ ਦੇ ਦੇ । ਉਸ ਨੇ ਸਰਖਤ ਤੇ ਲਿਖ ਦਿੱਤਾ ਕਿ ਬੀਸ ਲਾਖ ਧਨ ਲਿਆ ਤੇ ਕਹਿੰਦੀ ਇਹਨੂੰ ਬਾਜੂਬੰਦ ਚ ਰੱਖੀਂ ਕਿਸੇ ਹੋਰ ਨੂੰ ਨਾ ਦੱਸੀਂ । ਜਦ ਉਹ ਧਨ ਦੇ ਕੇ ਘਰ ਗਿਆ ਤਾਂ ਮਜੂਰਾਂ ਦਾ ਭੇਖ ਧਾਰ ਕੇ ਓਹ ਸ਼ਾਹ ਦੇ ਘਰ ਜਾ ਧਮਕੀ । ਓਹਦਾ ਬਾਜੂਬੰਦ ਖਿਸਕਾ ਕੇ ਸਰਖਤ ਕੱਢੀ ਤੇ ਦੂਜੀ ਹੋਰ ਰੱਖ ਕੇ ਵਾਪਸ, ਪਹੁੰਚਿਆ ਸ਼ਾਹ ਇਕ ਹਜਾਰ ਰੁਪਿਆ ਲੈਣ-ਓਸ ਨੂੰ ਕੋਰਾ ਜਵਾਬ- ਜਾ ਪਹੁੰਚਾ ਕੋਤਵਾਰ-ਦੇਖੀ ਸਰਖਤ ਏਹ ਕੀ ਕੇਵਲ ਇਕ ਸੌ ਦੀ । ਸ਼ਾਹ ਕਹੇ ਮੈਂ ਬੀਹ ਲੱਖ ਦਿੱਤਾ ਓਹ ਕਹਿੰਦੀ ਮੈਂ ਸੌ ਲਿਆ । ਸਰਖਤ ਨੇ ਸ਼ਾਹ ਨੂੰ ਝੂਠਾ ਬਣਾ ਦਿੱਤਾ । ਕਹਿੰਦੀ ਹੁਣ ਨਹੀਂ ਮੈਂ ਇਸ ਪਿੰਡ ਰਹਿਣਾ :-

*ਬਹੁਰਿ ਬਚਨ ਤਿਨ ਨਾਰਿ ਉਚਾਰੇ ॥ ਮੈਂ ਨ ਰਹਤ ਹੌ ਗਾਂਵ ਤਿਹਾਰੇ ॥*
*ਯੌ ਕਹਿ ਜਾਤ ਤਹਾਂ ਤੇ ਭਈ ॥ ਸੋਫੀਯਹਿ ਕੂਟਿ ਭੰਗੇਰੀ ਗਈ ॥੧੭॥*
*ਦੋਹਰਾ ॥ ਨਿਰਧਨ ਤੇ ਧਨਵੰਤ ਭੀ ਕਰਿ ਤਿਹ ਧਨ ਕੀ ਹਾਨਿ ॥*
*ਸੋਫੀ ਕਹ ਅਮਲਿਨ ਛਰਾ ਦੇਖਤ ਸਕਲ ਜਹਾਨ ॥੧੮॥* **(ਤੀਨ ਸੌ ਚੌਰਾਸੀ ਚਰਿਤ੍ਰ ਪੰਨਾ ੧੩੪੦)**

ਨੋਟ :- ਕਵੀ ਸੂਮ ਸੋਫੀ ਜਾਂ ਸੋਫੀ ਸੂਮ ਦੀਆਂ ਲਿਖੀਆਂ ਅਨੇਕਾਂ ਕਾਵਿ ਰਚਨਾਵਾਂ ਅਸੀਂ ਦਸਮ ਗ੍ਰੰਥ ਚ ਪੜ੍ਹ ਚੁੱਕੇ ਹਾਂ । ਕਵੀ ਰਾਮ ਸਯਾਮ ਅਤੇ ਕਾਲ ਤੋਂ ਬਾਦ ਕਵੀ ਸੂਮ ਦਸਮ ਗ੍ਰੰਥ ਦਾ ਚੌਥਾ ਮਜਬੂਤ ਪਾਵਾ ਹੈ । ਨਸ਼ਿਆਂ ਦੇ ਸੇਵਨ ਕਰ ਕੇ ਔਰਤਾਂ ਭੋਗਣ ਦੀ ਖੂਬ ਵਕਾਲਤ ਕਰਦਾ ਹੈ । ਇਸ ਚਰਿਤ੍ਰ ਵਿੱਚ ਉਸ ਨੇ ਠੱਗੀ ਮਾਰਨ ਦਾ ਤੌਰ ਤਰੀਕਾ ਦੱਸਿਆ ਹੈ ਕਿ ਕਿਵੇਂ ਅਮੀਰ ਬਣੀਦਾ ਹੈ । ਸਿੱਖ ਧਰਮ ਦੇ ਵੱਡੇ ਪੁਜਾਰੀ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਮੰਨਦੇ ਤੇ ਡੰਡਾਉਂਤਾ ਕਰਦੇ ਹਨ । ਅਪਣੇ ਵਿਚਾਰ ਲਿਖਣਾ ਨਾ ਭੁੱਲਣਾ । ਬਾ ਹੋਸ਼ਿਆਰ-ਜਾਗਦੇ ਰਹਿਓ !

## ਨਗਰ : ਚਿੱਤ੍ਰਾਪੁਰੀ (ਤੀਨ ਸੌ ਪਚਾਸੀ ਚਰਿਤ੍ਰ ਪੰਨਾ ੧੩੪੦)

### ਮਾਤਾ ਪਿਤਾ ਦਾ ਕਤਲ ਕਰਕੇ ਮਿਤ੍ਰ ਨਾਲ ਭੋਗ ਕਰੋ

ਪਾਤਰ : ਚਿੱਤ੍ਰਕੇਤ (ਰਾਜਾ), ਬਚਿੱਤ੍ਰ ਰਥ (ਪੁੱਤ੍ਰ), ਸ੍ਰੀ ਕਟਿ ਉਤਿਮ ਦੇ (ਨਾਰੀ), ਬਾਨੀ ਰਾਇ (ਸ਼ਾਹ) ਤੇ ਸ੍ਰੀ ਗੁਲਜਾਰ ਰਾਇ (ਸ਼ਾਹ ਸੁਤ) : ਪੂਰਬ ਦੇ ਨਗਰ ਚਿੱਤ੍ਰਾਪੁਰੀ ਦੇ ਰਾਜਾ ਚਿੱਤ੍ਰਕੇਤ ਦੀ ਰਾਣੀ ਸ੍ਰੀ ਕਟਿ ਉਤਿਮ ਦੇ ਸੂਰਜ ਦੀ ਤਰ੍ਹਾਂ ਲਿਸ਼ਕਾਰੇ ਮਾਰੇ । ਓਹ ਐਨੀ ਸੋਹਣੀ ਕਿ ਨਾ ਕਦੇ ਐਦਾਂ ਦੀ ਕਦੇ ਜੰਮੀ ਤੇ ਨਾ ਹੀ ਅੱਗੋਂ ਕਦੇ ਹੋਰ ਕੋਈ ਜੰਮੇਂਗੀ । ਉਸ ਦੀ ਕੁੱਖੋਂ ਇਕ ਸੁੰਦਰ ਪੁੱਤ ਬਚਿੱਤ੍ਰ ਰਥ ਪੈਦਾ ਹੋਇਆ । ਉਥੇ ਇਕ ਸ਼ਾਹ ਬਾਨੀ ਰਾਇ ਰਹਿੰਦਾ । ਉਸ ਦਾ ਪੁੱਤ ਸ੍ਰੀ ਗੁਲਜਾਰ ਰਾਇ ਐਨਾ ਸੋਹਣਾ ਬਈ ਕਿਆ ਦੱਸਾਂ ਦੇਵਤੇ ਤੇ ਦੈਂਤ ਵੀ ਉਸ ਵਰਗੇ ਨਾ । ਰਾਜ ਕੁਮਾਰੀ ਓਹਦਾ ਰੂਪ ਦੇਖ ਕੇ ਡੁੱਲ੍ਹ ਗਈ। ਉਸ ਨੇ ਇਕ ਸਹੇਲੀ ਭੇਜ ਕੇ ਕਿਵੇਂ ਨਾ ਕਿਵੇਂ ਉਸ ਨੂੰ ਸੱਦਿਆ ਤੇ :-

*ਮਿਲਤ ਕੁਅਰਿ ਤਾ ਸੌ ਸੁਖੁ ਪਾਯੋ ॥ ਭਾਂਤਿ ਭਾਂਤਿ ਮਿਲਿ ਭੋਗ ਕਮਾਯੋ ॥*
*ਚੁੰਬਨ ਭਾਂਤਿ ਭਾਂਤਿ ਕੇ ਲੀਏ ॥ ਭਾਂਤਿ ਅਨਿਕ ਕੇ ਆਸਨ ਕੀਏ ॥੫॥* (ਤੀਨ ਸੌ ਪਚਾਸੀ ਚਰਿਤ੍ਰ ਪੰਨਾ ੧੩੪੦)

ਤਦ ਮਾਤਾ ਪਿਤਾ ਆ ਗਏ । ਉਨ੍ਹਾਂ ਨੂੰ ਦੇਖ ਕੇ ਉਸ ਦੇ ਚਿਤ ਨੂੰ ਦੁੱਖ ਪੁੱਜਾ ਉਸ ਨੇ ਦੋਨਾਂ ਨੂੰ ਮਾਰ ਕੇ ਛਤ੍ਰ ਅਪਣੇ ਯਾਰ ਦੇ ਸਿਰ ਧਰ ਦੇਣ ਦਾ ਮਨ ਬਣਾਇਆ। ਉਸ ਨੇ ਦੋਨਾਂ ਨੂੰ ਫਾਂਸੀ ਦੇ ਕੇ ਮਾਰ ਦਿੱਤਾ। ਫਾਂਸੀ ਗਲੇ ਤੋਂ ਕੱਢ ਕੇ ਲੋਕਾਂ ਨੂੰ ਕਹਿੰਦੀ ਕਿ ਇਨ੍ਹਾਂ ਦੋਨਾਂ ਨੇ ਜੋਗ ਸਾਧਨਾ ਸਾਧੀ ਹੈ। ਬਾਰਾਂ ਬਰਸ ਬੀਤ ਜਾਣ ਤੇ ਇਹ ਸਮਾਧੀ ਖੋਲ੍ਹਣਗੇ। ਉਦੋਂ ਤੱਕ ਮੈਨੂੰ ਰਾਜੇ ਨੇ ਰਾਜ ਭਾਗ ਸੌਂਪਿਆ ਹੈ । ਜਦ ਓਹ ਜਾਗ ਪੈਣਗੇ ਮੁੜ ਰਾਜ ਉਨ੍ਹਾਂ ਨੂੰ ਸੌਂਪ ਦੇਵਾਂਗੀ ।

*ਦੋਹਰਾ ॥ ਤਾਤ ਮਾਤ ਇਹ ਭਾਂਤਿ ਹਨਿ ਦਿਯੋ ਮਿਤ੍ਰ ਕੌ ਰਾਜ ॥*
*ਸਕਤ ਨ ਕੋਈ ਪਛਾਨਿ ਕਰਿ ਚੰਚਲਾਨ ਕੇ ਕਾਜ ॥੧੧॥* (ਤੀਨ ਸੌ ਪਚਾਸੀ ਚਰਿਤ੍ਰ ਪੰਨਾ ੧੩੪੦)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਜੇਕਰ ਮਾਤਾ ਪਿਤਾ ਉਨ੍ਹਾਂ ਦੇ ਜਿਸਮਾਨੀ ਸਬੰਧਾਂ ਵਿੱਚ ਰੋੜਾ ਬਣਦੇ ਦਿਖਣ ਤਾਂ ਕਤਲ ਕਰ ਦਿਓ। ਪੁਜਾਰੀ ਕਹਿੰਦੇ ਇਹ ਦਸਮ ਪਾਤਸ਼ਾਹ ਦੀ ਬਾਣੀ ਹੈ ਗੁਰੂ ਆਪ ਜੀ ਨੂੰ ਬਲ ਤੇ ਬੁੱਧੀ ਬਖਸ਼ੇ । ਉਨ੍ਹਾਂ ਨੂੰ ਗੁਰਬਾਣੀ ਦੇ ਦੀਦਾਰ ਕਰਵਾ ਦੇਣੇ ਜੀ ।

## ਨਗਰ : ਬੀਰ ਪੁਰੀ (ਤੀਨ ਸੌ ਛਿਆਸੀ ਚਰਿਤ੍ਰ ਪੰਨਾ ੧੩੪੧)

### ਮਿਤ੍ਰ ਨੂੰ ਭੋਗ ਕੇ ਉਸ ਦਾ ਕਤਲ ਕਰ ਦਿਓ

ਪਾਤਰ : ਬੀਰਕੇਤੁ (ਭੂਪ), ਸ੍ਰੀ ਦਿਨ ਦੀਪਕ ਦੇ (ਰਾਨੀ), ਗੁਮਾਨੀ ਰਾਇ (ਛੱਤ੍ਰੀ) ਤੇ ਬੀਰਮਤੀ (ਸਖੀ):

ਨਗਰ ਬੀਰ ਪੁਰੀ ਦੇ ਰਾਜਾ ਬੀਰ ਕੇਤ ਦੀ ਸੁੰਦਰ ਰਾਣੀ ਸ੍ਰੀ ਦਿਨ ਦੀਪਕ ਦੇ ਨੇ ਇਕ ਬਲਵਾਨ ਤੇ ਸੁੰਦਰ ਛੱਤ੍ਰੀ ਗੁਮਾਨੀ ਰਾਇ ਦੇ ਰੂਪ ਨੂੰ ਦੇਖਿਆ ਤਾਂ ਸੋਚਣ ਲੱਗੀ ਕਿ ਕਿਸ ਤਰੀਕੇ ਨਾਲ ਮੈਂ ਇਸ ਨਾਲ ਭੋਗ ਕਰਾਂ। ਉਸ ਦੀ ਸਿਆਣੀ ਸਖੀ ਬੀਰਮਤੀ ਨੇ ਦੋਨਾਂ ਦਾ ਮੇਲ ਕਰਵਾ ਦਿੱਤਾ । ਸੁਰੂ ਹੋਇਆ ਪ੍ਰੇਮ ਖੇਲ :-

*ਭਾਂਤਿ ਭਾਂਤਿ ਤਿਹ ਸਾਥ ਬਿਹਾਰੀ ॥ ਭੋਗ ਕਰਤ ਬੀਤੀ ਨਿਸੁ ਸਾਰੀ ॥*
*ਤਬ ਲਗਿ ਆਇ ਗਯੋ ਤਹ ਰਾਜਾ ॥ ਇਹ ਬਿਧਿ ਚਰਿਤ ਚੰਚਲਾ ਸਾਜਾ ॥੬॥*
(ਤੀਨ ਸੌ ਛਿਆਸੀ ਚਰਿਤ੍ਰ ਪੰਨਾ ੧੩੪੧)

ਓਸ ਨੇ ਤਿਖੀ ਤਲਵਾਰ ਦਾ ਵਾਰ ਮਿਤ੍ਰ ਦੇ ਸਿਰ ਤੇ ਕੀਤਾ ਤੇ ਉਸ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਦਿੱਤੇ। ਰਾਜੇ ਨੂੰ ਕਹਿੰਦੀ ਚਲ ਮੈਂ ਤੈਨੂੰ ਗੌਸ ਮਰਾਤਿਬ ਦਿਖਾਵਾਂ । ਰਾਜੇ ਨੇ ਮਿਤ੍ਰ ਦੀ ਪਈ ਲੋਥ ਨੂੰ ਗੌਸ ਕੁਤੁਬ ਕਰ ਕੇ ਮੰਨ ਲਿਆ ਡਰਦਾ ਓਹ ਉਸ ਨੂੰ ਹੱਥ ਵੀ ਨਾ ਲਾਏ :-

*ਦੋਹਰਾ ॥ ਪ੍ਰਥਮ ਭੋਗ ਤਾਸੌ ਕਿਯਾ ਬਹੁਰੋ ਦਿਯਾ ਸੰਘਾਰਿ ॥*
*ਮੂੜ੍ਹ ਭੂਪ ਇਹ ਛਲ ਛਲਾ ਸਕਾ ਨ ਭੇਦ ਬਿਚਾਰ ॥੧੦॥* (ਤੀਨ ਸੌ ਛਿਆਸੀ ਚਰਿਤ੍ਰ ਪੰਨਾ ੧੩੪੧)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਮਿਤ੍ਰ ਨਾਲ ਸਾਰੀ ਰਾਤ ਭੋਗ ਕਰੋ ਤੇ ਫਿਰ ਉਸ ਦਾ ਕਤਲ ਕਰ ਕੇ ਟੁਕੜੇ ਟੁਕੜੇ ਕਰ ਦਿਓ । ਇਸ ਤੋਂ ਪਾਏਦਾਰ ਸਿੱਖਿਆਵਾਂ ਹੋਰ ਕੀ ਦੇ ਸਕਦੇ ਹਨ ਸਿੱਖ ਪੁਜਾਰੀ । ਗੁਰੂ ਗ੍ਰੰਥ ਸਾਹਿਬ ਜੀ ਨੂੰ ਤਾਂ ਇਹ ਗੁਰੂ ਮੰਨਦੇ ਹੀ ਨਹੀਂ । ਜਦ ਮੱਥਾ ਟੇਕਦੇ ਨੇ ਤਾਂ ਚੀਚੀ ਧਰਤੀ ਨੂੰ ਲਾ ਕੇ ਗੂਠੇ ਤੇ ਮੱਥਾ ਰੱਖ ਲੈਂਦੇ ਨੇ ਤੇ ਗੁਰੂ ਨੂੰ ਠੀਠੂ ਦਿਖਾਉਂਦੇ ਹਨ। ਪਰ ਦਸਮ ਗ੍ਰੰਥ ਦੇ ਦੀਦਾਰ ਕਰ ਕੇ ਬਾਗ ਬਾਗ ਹੋ ਜਾਂਦੇ ਨੇ । ਨਾਲੇ ਪੁੰਨ ਤੇ ਨਾਲੇ ਫਲੀਆਂ । ਕਾਮ ਦਾ ਝੱਸ ਵੀ ਪੂਰਾ ਹੋ ਗਿਆ ਤੇ ਮਾਇਆ ਵੀ ਖੂਬ ਮਿਲੀ । ਇਸੇ ਲਈ ਇਹ ਲੋਕ ਗੁਰੂ ਘਰਾਂ ਚ ਗੁਰਬਾਣੀ ਦੀ ਕਥਾ ਨਹੀਂ ਕਰਦੇ । ਜੇ ਸਬਦ ਦੀ ਕਥਾ ਕੀਤੀ ਤਾਂ ਪਬਲਿਕ ਸਿੱਖ ਬਣ ਜਾਏਗੀ । ਓਹ ਇਨ੍ਹਾਂ ਨੇ ਬਣਨ ਨਹੀਂ ਦੇਣੀ ਬਸ ਬਾਜਿਆਂ ਬਾਜਾ ਹੀ ਬਜਾਣੈ ।

## ਢੋਲ ਦੇ ਦੱਗੇ ਤੇ ਭੋਗ ਕਰੋ

ਪਾਤਰ : ਚੰਦ੍ਰ ਸੈਨ (ਭੂਪ), ਸ੍ਰੀ ਜਗਮੋਹਨ ਦੇ (ਨਾਰੀ) ਤੇ ਲਹੌਰੀ ਰਾਇ : ਮਾਰਵਾਰ ਦੇ ਰਾਜਾ ਚੰਦ੍ਰ ਸੈਨ ਦੀ ਰਾਣੀ ਸ੍ਰੀ ਜਗਮੋਹਨ ਦੇ ਐਨੀ ਸੋਹਣੀ ਜਣੋ ਬ੍ਰਹਮਾ ਨੇ ਆਪ ਘੜੀ ਹੋਏ । ਇਕ ਦਿਨ ਆਪਸ ਵਿੱਚ ਮੂੰਹ ਮਾਰੀ ਹੋ ਗਈ । ਬਈ ਖਸਮ ਦੇ ਦੇਖਦੇ ਔਰਤ ਢੋਲ ਢਮੱਕੇ ਦੇ ਨਾਲ ਯਾਰ ਨਾਲ ਭੋਗ ਕਰੇ :-

*ਐਸੀ ਕਵਨ ਜਗਤ ਮੈ ਨਾਰੀ ॥ ਕਾਨ ਨ ਸੁਨੀ ਨ ਨੈਨ ਨਿਹਾਰੀ ॥*
*ਪਤਿਹਿ ਢੋਲ ਕੀ ਢਮਕ ਸੁਨਾਵੈ ॥ ਬਹੁਰਿ ਜਾਰ ਸੌ ਭੋਗ ਕਮਾਵੈ ॥੩॥* (ਤੀਨ ਸੌ ਸਤਾਸੀ ਚਰਿਤ੍ਰ ਪੰਨਾ ੧੩੪੧)

ਕਈ ਦਿਨ ਬੀਤ ਜਾਣ ਤੇ ਔਰਤ ਨੂੰ ਗੱਲ ਚੇਤੇ ਆਈ। ਓਹ ਸੋਚਣ ਲੱਗੀ ਕਿ ਕਿਹੜੇ ਢੰਗ ਨਾਲ ਮੈਂ ਯਾਰ ਨੂੰ ਢੋਲ ਬਜਾ ਕੇ ਭੋਗਾਂ । ਸੋਚ ਸੋਚ ਕੇ ਕਹਿੰਦੀ ਕਿ ਮੈਂ ਰਾਜੇ ਲਈ ਸਿਰ ਤੇ ਪਾਣੀ ਭਰਨ ਚਲੀ । ਰਾਜਾ ਸੁਣ ਕੇ ਬੜਾ ਖੁਸ਼ ਹੋਇਆ ਕਹਿੰਦਾ ਮੇਰੀ ਔਰਤ ਬੜੀ ਪਤੀ ਬ੍ਰਤਾ ਹੈ ਓਹ ਸਿਰ ਤੇ ਪਾਣੀ ਢੋ ਕੇ ਮੈਨੂੰ ਪਿਲਾਉਂਦੀ ਹੈ। ਇਕ ਦਿਨ ਔਰਤ ਨੇ ਸੁੱਤੇ ਪਤੀ ਨੂੰ ਜਗਾਇਆ ਕਹਿੰਦੀ ਮੈਂ ਪਾਣੀ ਭਰਨ ਚਲੀ । ਜਦ ਤੂੰ ਢੋਲ ਢਮਕ ਸੁਣੇ ਤਾਂ ਪਹਿਲੀ ਅਵਾਜ਼ ਸੁਣ ਕੇ ਸਮਝ ਲਈਂ ਕਿ ਰਾਣੀ ਨੇ ਡੋਲ ਧਸਾਇਆ ਹੈ। ਜਦ ਦੂਜੀ ਅਵਾਜ਼ ਸੁਣੇ ਤਾਂ ਸੋਚੀਂ ਹੁਣ ਬਾਹਰ ਕੱਢ ਲਿਆ ਹੈ । ਉਸ ਨੇ ਲਹੌਰੀ ਰਾਇ ਸੱਦਿਆ :-

*ਤਹਿਕ ਲਹੌਰੀ ਰਾਇ ਭਨਿੱਜੈ ॥ ਜਾ ਸੰਗ ਤ੍ਰਿਯ ਕੋ ਹੇਤੁ ਕਹਿਜੈ ॥*
*ਲਯੋ ਤਿਸੀ ਕੋ ਤੁਰਤੁ ਮੰਗਾਇ ॥ ਭੋਗ ਕਿਯਾ ਅਤਿ ਰੁਚਿ ਉਪਜਾਇ ॥੯॥* (ਤੀਨ ਸੌ ਸਤਾਸੀ ਚਰਿਤ੍ਰ ਪੰਨਾ ੧੩੪੨)

ਯਾਰ ਨੇ ਜਦ ਪਹਿਲਾ ਧੱਕਾ ਲਗਾਇਆ ਤਦ ਰਾਣੀ ਨੇ ਢੋਲ ਬਜਾ ਦਿੱਤਾ । ਜਦ ਉਸ ਨੇ ਭਗ ਤੋਂ ਲਿੰਗ ਕੱਢਿਆ ਤਾਂ ਫਿਰ ਢੋਲ ਦਾ ਧਮਾਕਾ ਕੀਤਾ :-

*ਪ੍ਰਥਮ ਜਾਰ ਜਬ ਧਕਾ ਲਗਾਯੋ ॥ ਤਬ ਰਾਨੀ ਲੈ ਢੋਲ ਬਜਾਯੋ ॥*
*ਜਬ ਤਿਹ ਲਿੰਗ ਸੁ ਭਗ ਤੇ ਕਾਢਾ ॥ ਤ੍ਰਿਯਾ ਦਿਯਾ ਢੋਲ ਢਮਾਕਾ ਗਾਢਾ ॥੧੦॥*
*ਤਬ ਰਾਜੈ ਇਹ ਭਾਂਤਿ ਬਿਚਾਰੀ ॥ ਡੋਰਿ ਕੂਪ ਤੇ ਨਾਰਿ ਨਿਕਾਰੀ ॥*
*ਤਿਨ ਤ੍ਰਿਯ ਭੋਗ ਜਾਰ ਸੌ ਕੀਨਾ ॥ ਰਾਜਾ ਸੁਨਤ ਦਮਾਮੋ ਦੀਨਾ ॥੧੧॥*
*ਪ੍ਰਥਮ ਜਾਰ ਸੌ ਭੋਗ ਕਮਾਯੋ ॥ ਬਹੁਰੋ ਢੋਲ ਢਮਾਕ ਸੁਨਾਯੋ ॥*
*ਭੂਪ ਕ੍ਰਿਯ ਕਬਹੂੰ ਨ ਬਿਚਾਰੀ ॥ ਕਹਾ ਚਰਿੱਤ੍ਰ ਕਿਯਾ ਇਮ ਨਾਰੀ ॥੧੨॥* (ਤੀਨ ਸੌ ਸਤਾਸੀ ਚਰਿਤ੍ਰ ਪੰਨਾ ੧੩੪੨)

ਨੋਟ :- ਸਿੱਖ ਧਰਮ ਦੇ ਵੱਡੇ ਪੁਜਾਰੀ-ਸੰਤ-ਸਾਧ-ਬ੍ਰਹਮ ਗਿਆਨੀ-ਕਈ ਧਾਰਮਿਕ ਅਖਵਾਉਂਦੀਆਂ ਅਧਾਰਮਿਕ ਜਥੇਬੰਦੀਆਂ-ਕਈ ਡੇਰਿਆਂ ਵਾਲੇ ਬਾਬੇ ਤੇ ਦੇਹਧਾਰੀ ਬਣੇ ਗੁਰੂ-ਕਈ ਸਿਆਸੀ ਲੋਕ ਅਤੇ ਬੇਅੰਤ ਓਹ ਲੋਕ ਜਿਨ੍ਹਾਂ ਕਦੇ ਨਾ ਦਸਮ ਗ੍ਰੰਥ ਦੇਖਿਆ ਤੇ ਨਾ ਸੁਣਿਆ ਗੱਜ ਬੱਜ ਕੇ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੰਨਦੇ /ਮੰਨਦੀਆਂ ਹਨ। ਕੀ ਗੁਰੂ ਜੀ ਇਸ ਤਰ੍ਹਾਂ ਦਾ ਲੱਚਰ ਕਾਵਿ ਰਚਨਾ ਲਿਖ ਸਕਦੇ ਹਨ? ਇਹ ਓਹ ਲੋਕ ਹਨ ਜੋ ਇਕ ਹੱਥ ਪੈਰ ਨੂੰ ਤੇ ਦੂਜਾ ਦਾਹੜੀ ਨੂੰ ਪਾਣ ਦੀ ਮੁਹਾਰਤ ਰੱਖਦੇ ਹਨ। ਜਿਹੜਾ ਵੀ ਦਸਮ ਗ੍ਰੰਥ ਦੀ ਹਮਾਇਤ ਕਰਦਾ ਹੈ ਤਾਂ ਸਮਝ ਲੈਣਾ ਕਿ ਉਹ ਅਜਿਹਾ ਸਮਾਜ ਸਿਰਜਣ ਲਈ ਉਤਾਵਲਾ ਹੈ ਜਿਸ ਵਿੱਚ ਪਿਓ ਅਪਣੀ ਧੀ ਨੂੰ-ਮਾਂ ਅਪਣੇ ਪੁੱਤ ਨੂੰ-ਭੈਣ ਅਪਣੇ ਭਾਈ ਨੂੰ ਜਾਂ ਇਉਂ ਕਹੋ ਕਿ ਧੀ ਬਾਪ ਨਾਲ-ਪੁੱਤ ਮਾਂ ਨਾਲ-ਭਾਈ ਭੈਣ ਨਾਲ-ਦਿਓਰ ਤੇ ਜੇਠ ਭਰਜਾਈ ਨਾਲ-ਮੁੰਡੇ ਮੁੰਡਿਆਂ ਨਾਲ ਭੋਗ ਕਰ ਸਕਦੇ ਹਨ। ਇਹ ਹੁਣ ਸੰਗਤਿ ਨੇ ਵਿਚਾਰ ਕਰਨੀ ਹੈ ਕਿ ਉਨ੍ਹਾਂ ਕਿਹੋ ਜਿਹਾ ਸਮਾਜ ਸਿਰਜਣਾ ਹੈ। ਇਹ ਪੱਥਰ ਤੇ ਲਕੀਰ ਦੀ ਤਰ੍ਹਾਂ ਪ੍ਰਤੱਖ ਪ੍ਰਗਟ ਹੈ ਕਿ ਇਹ ਲੋਕ ਸਿੱਖ ਨਹੀਂ ਹਨ ਅਤੇ ਗੁਰੂ ਘਰ ਦੇ ਫਿਟਕਾਰੇ ਲੋਕ ਹਨ। ਇਨ੍ਹਾਂ ਨੂੰ ਸਿੱਖ ਆਖਣਾ ਅਪਣੇ ਗੁਰੂ ਦਾ ਅਪਮਾਨ ਕਰਨਾ ਹੈ । ਕੀ ਇਹ ਲੋਕ ਅਪਣੀਆਂ ਧੀਆਂ ਭੈਣਾਂ ਤੇ ਮਾਵਾਂ ਨੂੰ ਇਹ ਕਾਵਿ ਰਚਨਾ ਪੜ੍ਹ ਕੇ ਸੁਣਾਉਣਗੇ । ਬਾ ਹੋਸ਼ਿਆਰ-ਜਾਗਦੇ ਰਹਿਓ !

ਨਗਰ : ਨ੍ਰਿਪ ਬਰ ਵਤੀ (ਤੀਨ ਸੌ ਅਠਾਸੀ ਚਰਿਤ੍ਰ ਪੰਨਾ ੧੩੪੨-੪੩)

## ਪਤੀ ਦਾ ਕਤਲ ਕਰੋ ਤੇ ਰੰਗਰਲੀਆਂ ਮਨਾਓ

ਪਾਤਰ : ਨਰਿੰਦ੍ਰ ਸਿੰਘ (ਭੂਪ) ਤੇ ਸ੍ਰੀ ਮਦ ਮੋਕਲ ਦੇ (ਨਾਰੀ) : ਨ੍ਰਿਪ ਬਰ ਵਤੀ ਨਗਰ ਦੇ ਰਾਜਾ ਨਰਿੰਦ੍ਰ ਸਿੰਘ ਦੀ ਔਰਤ ਸ੍ਰੀ ਮਦ ਮੋਕਲ ਦੇ ਜਣੋ ਸੁਨਿਆਰ ਨੇ ਸਾਂਚੇ ਢਾਲ ਕੇ ਬਣਾਈ ਹੋਏ। ਓਹ ਆਪ ਕਰੂਪ ਤੇ ਦੇਹ ਦਾ ਭਾਰਾ ਪਰ ਔਰਤ ਨਾਲ ਕਦੇ ਪ੍ਰੇਮ ਨਾ ਕਰਦਾ। ਓਹ ਰਾਤ ਦਿਨ ਜੋਗੀ ਬੁਲਾਉਂਦਾ ਤੇ ਜੋਗ ਸਾਧਨਾ ਸਿੱਖਣ ਦਾ ਕਰਮ ਕਰਦਾ । ਰਾਣੀ ਇਸ ਗੱਲ ਤੋਂ ਈਰਖਾ ਕਰਦੀ । ਓਹ ਸੋਚਣ ਲੱਗੀ ਕਿ ਕਿਸੇ ਨਾ ਕਿਸੇ ਤਰ੍ਹਾਂ ਰਾਜੇ ਸਮੇਤ ਇਨ੍ਹਾਂ ਜੋਗੀਆਂ ਨੂੰ ਵੀ ਮਾਰ ਖਪਾਵਾਂ ਤੇ ਰਾਜ ਭਾਗ ਅਪਣੇ ਮਿਤ੍ਰ ਨੂੰ ਦੇਵਾਂ । ਜਦ ਰਾਜਾ ਰਾਤ ਨੂੰ ਜੋਗੀਆਂ ਨਾਲ ਘਰ ਆਇਆ ਤਾਂ ਇਕੱਲੇ ਇਕੱਲੇ ਨੂੰ ਉਸ ਨੇ ਫਾਂਸੀ ਦੇ ਦਿੱਤੀ। ਰਾਜੇ ਨੂੰ ਮੰਜੀ ਤੇ ਅਤੇ ਜੋਗੀਆਂ ਨੂੰ ਥੱਲੇ ਲਿਟਾ ਦਿੱਤਾ। ਰਾਜ ਗੱਦੀ ਤੇ

ਮਿਤ੍ਰ ਨੂੰ ਚੜ੍ਹਾ ਕੇ ਪ੍ਰਜਾ ਨੂੰ ਕਹਿੰਦੀ ਕਿ ਜਦ ਰਾਤ ਨੂੰ ਜੋਗੀਆਂ ਨਾਲ ਰਾਜਾ ਘਰ ਆਇਆ ਤਾਂ ਇਕ ਅਦਭੁੱਤ ਨਾਗ ਨਿਕਲਿਆ । ਉਨ੍ਹਾਂ ਨੇ ਸੱਪ ਮਾਰ ਕੇ ਫਰੂਆ ਵਿੱਚ ਸੁੱਟ ਦਿੱਤਾ । ਫਿਰ ਭਾਂਗ ਘੋਟ ਕੇ ਇਨ੍ਹਾਂ ਪੀਤੀ ਤੇ ਦੇਹ ਨੂੰ ਅਸਥੂਲ ਕਰ ਲਿਆ । ਜਦ ਉਨ੍ਹਾਂ ਦੀ ਦੇਹ ਫੁੱਲ ਗਈ ਤੇ ਦੋ ਕੁ ਘੜੀ ਬਾਦ ਦੇਹ ਫੁੱਟ ਗਈ ਤੇ ਜਗਤ ਦਾ ਆਵਾ ਗਵਨ ਖਤਮ ਹੋ ਗਿਆ । ਫਿਰ ਇਨ੍ਹਾਂ ਨੇ ਪੁਰਾਣੀ ਦੇਹ ਤਿਆਗ ਕੇ ਨਵੀਂ ਨਕੋਰ ਕਰ ਲਈ । ਮੈਨੂੰ ਇਹ ਸਭ ਰਾਜੇ ਨੇ ਦੱਸਿਆ ਤੇ ਹੋਰ ਬੜਾ ਉਟ ਪਟਾਂਗ ਤੇ ਆਖਰ ਯਾਰ ਦੇ ਸਿਰ ਤੇ ਛੱਤ੍ਰ ਝੁਲਾ ਹੀ ਦਿੱਤਾ :-

*ਦੋਹਰਾ ॥ ਗਰਬੀ ਰਾਇ ਸੁ ਮਿਤ੍ਰ ਕੋ ਦਿਯਾ ਆਪਨਾ ਰਾਜ*
*ਜੋਗਨ ਜੁਤ ਰਾਜਾ ਹਨਾ ਕਿਯਾ ਆਪਨਾ ਕਾਜ ॥੧੬॥* (ਤੀਨ ਸੌ ਅਠਾਸੀ ਚਰਿਤ੍ਰ ਪੰਨਾ ੧੩੪੩)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਬਈ ਖਸਮ ਜੇ ਪਸੰਦ ਨਹੀਂ ਤੇ ਬਹੁਤਾ ਪੁੱਛ ਪ੍ਰਤੀਤ ਨਹੀਂ ਕਰਦਾ ਤਾਂ ਮਾਰ ਮੁਕਾਓ ਅਤੇ ਨਵਾਂ ਨਕੋਰ ਹੋਰ ਪਤੀ ਲੈ ਲਓ । ਹੈ ਨਾ ਕਮਾਲ ਦੀ ਸਿੱਖਿਆ । ਜੇ ਪੁਜਾਰੀਆਂ ਦੇ ਘਰ ਇਹ ਵਾਪਰਨਾ ਸੁਰੂ ਹੋ ਗਿਆ ਤਾਂ ਸੰਗਤਿ ਸਾਹ ਰੋਕ ਰੋਕ ਕੇ ਤੱਕੂ । ਨਾ-ਬਾਬਾ -ਨਾ ਸੀਲ ਮੱਝ ਵਰਗੇ ਪੁਜਾਰੀਆਂ ਦਾ ਬਾਲ ਵਿੰਗਾ ਨਾ ਹੋਏ ਕਿਉਂਕਿ ਆਖਰ ਓਹ ਵੀ ਬੰਦੇ ਹਨ। ਇਹ ਗੱਲ ਵੱਖਰੀ ਹੈ ਬਈ ਉਨ੍ਹਾਂ ਨੂੰ ਗੁਰਬਾਣੀ ਅਤੇ ਕਾਮ ਸਾਸਤ੍ਰ ਦੇ ਫਰਕ ਦਾ ਥੋਹੜਾ ਇਲਮ ਨਹੀਂ । ਵਿਚਾਰੇ ਕਾਮ ਸ਼ਾਸਤ੍ਰ ਨੂੰ ਹੀ ਗੁਰਬਾਣੀ ਕਹੀ ਜਾਂਦੇ ਹਨ । ਖ਼ਬਰਦਾਰ ਤੇ ਜਾਗਦੇ ਰਹਿਓ !

## ਨਗਰ : ਸ੍ਰੀ ਸੁਬਾਹ ਪੁਰ

(ਤੀਨ ਸੌ ਨਿਨਾਨਵੇਂ ਚਰਿਤ੍ਰ ਪੰਨਾ ੧੩੪੩-੪੪)

ਪਾਤਰ : ਸੁਬਾਹੁ ਸੈਨ (ਭੂਪ), ਸ੍ਰੀ ਮਕਰਧੁਜ ਦੇ (ਰਾਨੀ) ਤੇ ਅਕਬਰ (ਰਾਜਾ) : ਸ੍ਰੀ ਸੁਬਾਹ ਪੁਰ ਨਗਰ ਦੇ ਰਾਜਾ ਸੁਬਾਹੁ ਸੈਨ ਦੀ ਰਾਣੀ ਸ੍ਰੀ ਮਕਰਧੁਜ ਦੇ, ਦੇ ਚਰਚੇ ਦੇਸ ਦੇਸ ਚ ਕਿ ਓਦਾਂ ਦੀ ਸੋਹਣੀ ਸਨੁੱਖੀ ਨਾਰਿ ਹੋਰ ਕਿਤੇ ਨਹੀਂ । ਉਸ ਨੇ ਦਿੱਲੀ ਦਾ ਰਾਜਾ ਦੇਖਿਆ ਤੇ ਉਸ ਨੂੰ ਇਕ ਚਿੱਠੀ ਲਿਖੀ ਕਿ ਤੂੰ ਸਾਡੇ ਦੇਸ ਤੇ ਹਮਲਾ ਕਰ ਦੇ । ਰਾਜੇ ਨੂੰ ਜਿੱਤ ਕੇ ਮੈਨੂੰ ਲੈ ਜਾ । ਅਕਬਰ ਸੁਣਦੇ ਸਾਰ ਹੀ ਹਵਾ ਦੀ ਤਰ੍ਹਾਂ ਅੱਗੇ ਵਧਿਆ । ਜਦ ਉਸ ਨੇ ਅਕਬਰ ਦੇ ਆਉਣ ਬਾਰੇ ਸੁਣਿਆ ਤਾਂ ਪਤੀ ਨੂੰ ਕਹਿੰਦੀ ਕਿ ਦੇਖੀਂ ਮੈਦਾਨ ਛੱਡ ਕੇ ਨਾ ਭੱਜ ਜਾਵੀਂ, ਮੈਂ ਤੇਰੇ ਨਾਲ ਹੀ ਮਰ ਕੇ ਸੜਾਂਗੀ । ਇਧਰ ਪਤੀ ਨੂੰ ਧੀਰਜ ਦਿੱਤੀ ਤੇ ਓਧਰ ਅਕਬਰ ਨੂੰ ਹਮਲੇ ਲਈ ਹੱਲਾਸ਼ੇਰੀ । ਅਕਬਰ ਨਾਲ ਲੜਾਈ ਕਰਦਾ ਰਾਜਾ ਮਾਰਿਆ ਗਿਆ । ਪ੍ਰਜਾ ਮੈਦਾਨ ਚੋਂ ਭੱਜ ਖਲੋਤੀ । ਅਕਬਰ ਰਾਣੀ ਨੂੰ ਲੈ ਕੇ ਅਪਣੇ ਰਾਹ ਪਿਆ ।

ਨੋਟ :- ਭਲਾਂ ਅਕਬਰ ਦੀ ਇਸ਼ਕ ਮਸ਼ੂਕੀ ਦਾ ਸਿੱਖ ਧਰਮ ਨੂੰ ਕੀ ਲੈਣਾ ਦੇਣਾ । ਹੈ ਕੋਈ ਇਸ ਨਾਲ ਜੁੜੀ ਗਿਆਨ ਧਿਆਨ ਦੀ ਗੱਲ ? ਕੋਈ ਸਮਾਜ ਸੇਵਾ ਦਾ ਕਰਮ ? ਸਿੱਖ ਪੁਜਾਰੀ ਕਹਿੰਦੇ ਬਈ ਇਹਦਾ (ਦਸਮ ਗ੍ਰੰਥ) ਪ੍ਰਕਾਸ਼ ਗੁਰ ਘਰਾਂ ਚ ਕਰਿਆ ਕਰੋ । ਓਹ ਗੁਰੂ ਘਰ ਹੀ ਇਸ ਦਾ ਪ੍ਰਕਾਸ਼ ਕਿਉਂ ਕਰਨਾ ਚਾਹੁੰਦੇ ਹਨ ? ਅਪਣੇ ਘਰ ਕਿਉਂ ਨਹੀਂ ਕਰਦੇ ? ਓਹ ਜਾਣਦੇ ਹਨ ਕਿ ਨਿਆਣਿਆਂ ਨੇ ਬਾਪੂ ਦੇ ਲੱਛਣ ਦੇਖ ਕੇ ਜਲੂਸ ਕੱਢ ਦੇਣੈ । ਜਰਾ ਸੰਭਲ ਕੇ ਤੇ ਜਾਗਦੇ ਰਹਿਓ !

## ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ

(ਤੀਨ ਸੌ ਨੱਬੇ ਚਰਿਤ੍ਰ ਪੰਨਾ ੧੩੪੪-੪੫)

ਪਾਤਰ : ਬਾਹੁਲੀਨ (ਰਾਜਾ) ਤੇ ਗੌਹਰਾ ਰਾਇ (ਦੁਲਾਰੀ) : ਬਾਹੁਲੀਕ ਰਾਜੇ ਦੀ ਧੀ ਗੌਹਰਾ ਰਾਇ ਐਨੀ ਸੋਹਣੀ ਬਈ ਕਹਿਣਾ ਔਖਾ । ਉਸ ਨੇ ਇਕ ਬਹੁਤ ਸੁੰਦਰ ਸ਼ਾਹ ਦਾ ਪੁੱਤ ਦੇਖਿਆ ਨਿਰਾ ਕਾਮ ਦੇਵਤਾ । ਰਾਜ ਕੁਮਾਰੀ ਓਹਦਾ ਰੂਪ ਦੇਖ ਕੇ ਮਰ ਮਿਟੀ । ਉਸ ਨੇ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਘਰ ਆਏ ਨੂੰ ਗਲੇ ਲਗਾ ਕੇ ਮਿਲੀ :-

*ਜਬ ਤਿਹ ਲਖਾ ਸਜਨ ਘਰ ਆਯੋ ॥ ਕੰਠ ਗੌਹਰਾਂ ਰਾਇ ਲਗਾਯੋ ॥*
*ਬਹੁ ਬਿਧਿ ਕਰੇ ਤਵਨ ਸੌ ਭੋਗਾ ॥ ਦੂਰਿ ਕਰਾ ਜਿਯ ਕਾ ਸਭ ਸੋਗਾ ॥੪॥*
*ਭੋਗ ਕਰਤ ਭਾਯੋ ਅਤਿ ਪਯਾਰੋ ॥ ਛਿਨ ਨ ਕਰਤ ਆਪਨ ਤੇ ਨਯਾਰੋ ॥*
*ਭਾਂਤਿ ਭਾਂਤਿ ਕੀ ਕੈਫ ਪਿਲਾਵੈ ॥ ਸੁਭ੍ਰ ਸੇਜ ਚੜ੍ਹਿ ਭੋਗ ਕਮਾਵੈ ॥੫॥* (ਤੀਨ ਸੌ ਨੱਬੇ ਚਰਿਤ੍ਰ ਪੰਨਾ ੧੩੪੪)

ਏਨੇ ਨੂੰ ਓਹਦਾ ਬਾਪ ਆ ਗਿਆ । ਡਰਦੀ ਨੇ ਉਸ ਨੂੰ ਦੇਗ ਚ ਛੁਪਾ ਦਿੱਤਾ । ਸਾਰੇ ਸੁਰਾਖ ਉਸ ਦੇ ਬੰਦ ਕਰ ਕੇ ਛੱਡ ਦਿੱਤਾ । ਪਿਓ ਨੂੰ ਤਲਾ ਦਿਖਾਇਆ । ਬੇਰੀਆਂ ਦੇ ਬਾਗ ਚ ਘੁਮਾਇਆ । ਦੀਵੇ ਬਾਲ ਕੇ ਬਾਗ ਚ ਰੱਖੇ । ਓਹ ਐਦਾਂ ਲੱਗਣ ਜਿਵੇਂ ਤਾਰੇ ਚੜ੍ਹੇ ਹੋਣ । ਤੇ ਫਿਰ :-

*ਪਿਤਹਿ ਅਚੰਭਵ ਐਸ ਦਿਖਾਯੋ ॥ ਸਮਾਧਾਨ ਕਰਿ ਧਾਮ ਪਠਾਯੋ ॥*
*ਮਿੱਤ੍ਰਹਿ ਕਾਢ ਸੇਜ ਪਰ ਲੀਨਾ ॥ ਕਾਮ ਭੋਗ ਬਹੁ ਬਿਧਿ ਤਨ ਕੀਨਾ ॥੮॥* (ਤੀਨ ਸੌ ਨੱਬੇ ਚਰਿਤ੍ਰ ਪੰਨਾ ੧੩੪੪)

ਨੋਟ :- ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਪਰਾਏ ਮਰਦਾਂ ਨਾਲ ਖੁਲ੍ਹ ਕੇ ਭੋਗ ਕਰਨ ਦੀ ਪ੍ਰੇਰਨਾ ਦੇਂਦੀ ਹੈ । ਇਸ ਗ੍ਰੰਥ ਦੀ ਹੋਂਦ ਨਾਲ ਸਿੱਖ ਪੁਜਾਰੀ ਰਹਿਤ ਮਰਿਯਾਦਾ ਦੀ ਪਾਲਣਾ ਤੇ ਸੰਭਾਲ ਕਿਵੇਂ ਕਰਦੇ ਹਨ ਇਤਿਹਾਸ ਘੋਖ ਕਰੇਗਾ । ਜਰਾ ਸੰਭਲ ਕੇ ਹਾਂ ਤੇ ਜਰਾ ਜਾਗਦੇ ਰਹਿਓ !

ਦੇਸ : ਬਰਬਰੀਨ ਨਗਰ : ਬਰਬਰ ਪੁਰ (ਤੀਨ ਸੌ ਇਕਯਾਨਵੇਂ ਚਰਿਤ੍ਰ ਪੰਨਾ ੧੩੪੫)

ਪਾਤਰ : ਅਫਕਨ ਸ਼ੇਰ (ਰਾਜਾ), ਪੀਰ ਮੁਹੰਮਦ (ਕਾਜ਼ੀ), ਖਾਤਿਮਾ ਬਾਨੋ (ਨਾਰੀ) ਤੇ ਬਾਂਕੇ ਰਾਇ (ਸ਼ਾਹ ਸੁਤ)

**ਪਤੀ ਦਾ ਕਤਲ ਕਰਕੇ ਨਵਾਂ ਨਕੋਰ ਪਤੀ ਘਰ ਲੈ ਜਾਓ** :

ਬਰਬਰੀਨ ਦੇਸ ਦੇ ਬਰਬਰ ਪੁਰ ਨਗਰ ਦੇ ਰਾਜਾ ਅਫਕਨ ਸ਼ੇਰ ਬੜਾ ਹੀ ਸੁੰਦਰ। ਉੱਥੇ ਇਕ ਪੀਰ ਮੁਹੰਮਦ ਕਾਜ਼ੀ ਬੜਾ ਹੀ ਬਦਸੂਰਤ ਦੀ ਔਰਤ ਖਾਤਿਮਾ ਬਾਨੋ ਐਨੀ ਸੋਹਣੀ ਬਈ ਰਾਜ ਕੁਮਾਰੀਆਂ ਵੀ ਓਹਦਾ ਮੁਕਾਬਲਾ ਨਾ ਕਰ ਸਕਦੀਆਂ। ਕਾਜ਼ੀ ਦੀ ਔਰਤ ਨੇ ਇਸ ਬਦਸੂਰਤ ਤੋਂ ਖਹਿੜਾ ਛੁਡਾਣ ਦੀ ਸੋਚੀ । ਉੱਥੇ ਇਕ ਸ਼ਾਹ ਦਾ ਪੁੱਤ ਬਾਂਕੇ ਰਾਇ ਆ ਗਿਆ, ਜਦ ਕਾਜ਼ੀ ਦੀ ਔਰਤ ਨੇ ਉਸ ਦਾ ਰੂਪ ਦੇਖਿਆ ਤਾਂ ਸੋਚਿਆ ਬਈ ਮੈਂ ਏਸੇ ਨਾਲ ਸ਼ਾਦੀ ਕਰੂੰ । ਉਸ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਘਰ ਸੱਦਿਆ ਤੇ ਅਨੇਕਾਂ ਤਰ੍ਹਾਂ ਦਾ ਧਨ ਲੁਟਾਇਆ । ਓਹ ਹਰ ਕਿਸੇ ਅੱਗੇ ਸੀਸ ਝੁਕਾਉਂਦੀ ਬਈ ਇਹ ਕਾਜ਼ੀ ਸੁੰਦਰ ਹੋ ਜਾਵੇ । ਇਕ ਦਿਨ ਉਸ ਨੇ ਯਾਰ ਨੂੰ ਸੱਦਿਆ ਤੇ ਕੰਨ ਚ ਸਾਰੀ ਗੱਲ ਸਮਝਾ ਦਿੱਤੀ। ਉਸ ਨੂੰ ਅਪਣੇ ਘਰ ਛੁਪਾ ਕੇ ਰੱਖ ਲਿਆ। ਉਸ ਨੇ ਸਭ ਮੁਸਲਮਾਨਾਂ ਨੂੰ ਕਿਹਾ ਕਿ ਤੁਸੀਂ ਫਜਰ ਦੀ ਨਿਮਾਜ਼ ਤੇ ਦੁਆ ਕਰੋ ਇਹ ਖਸਮ ਸੁੰਦਰ ਬਣ ਜਾਏ । ਸਭਨਾਂ ਨੇ ਅਪਣੇ ਹੱਥਾਂ ਚ ਤਸਬੀ (ਮਾਲਾ) ਪਕੜੀ ਤੇ ਅਨੇਕਾਂ ਤਰ੍ਹਾਂ ਦੀਆਂ ਦੁਆਵਾਂ ਕੀਤੀਆਂ ਦੁਆਵਾਂ ਲੈ ਕੇ ਔਰਤ ਘਰ ਗਈ ਤੇ ਕਾਜ਼ੀ ਮਾਰ ਕੇ ਘਰੇ ਦਬਾ ਦਿੱਤਾ। ਮਿੱਤ੍ਰ ਨੂੰ ਕਾਜ਼ੀ ਬਣਾ ਕੇ ਉੱਥੇ ਲੈ ਗਈ ਜਿੱਥੇ ਮੌਲਾਣੇ ਕਿਤਾਬ ਪੜ੍ਹਦੇ ਹਨ ਲੋਕ ਉਸ ਨੂੰ ਦੇਖ ਕੇ ਬੜੇ ਖੁਸ਼ ਹੋਏ ਕਿ ਅਪਣੀ ਕਿਤਾਬ ਸੱਚੀ ਐ। ਅਸੀਂ ਜੋ ਦੁਆ ਕੀਤੀ ਖੁਦਾ ਨੇ ਮੰਨਜੂਰ ਕੀਤੀ।

ਨੋਟ :- ਸਾਡੇ ਪੁਜਾਰੀ ਵੀ ਬਹੁਤੇ ਐਦਾਂ ਦੀਆਂ ਹੀ ਅਰਦਾਸਾਂ ਕਰਦੇ ਹਨ । ਚਮਕੌਰ ਸਾਹਿਬ ਤੋਂ ਪੂਰਬ ਦਿਸ਼ਾ ਚ ਗੁਰੂ ਗੋਬਿੰਦ ਸਿੰਘ ਜੀ ਮਾਰਗ ਤੇ ਚਮਕੌਰ ਸਾਹਿਬ ਤੋਂ ਤਿੰਨ ਕੁ ਮੀਲ ਰੋਪੜ ਵੱਲ ਨੂੰ ਇਕ ਨੌ ਗਜੀਏ ਦੀ ਸਮਾਧ ਥੇਹ ਤੇ ਹੈ । ਉੱਥੇ ਨੀਲੇ ਬਸਤ੍ਰ ਪਹਿਨੀ ਤਿਆਰ ਬਰ ਤਿਆਰ ਸਿੱਖ ਲੱਗਦੇ ਪੁਜਾਰੀਆਂ ਦਾ ਕਬਜ਼ਾ ਹੈ । ਪੁਜਾਰੀ ਜਦੋਂ ਅਰਦਾਸ ਕਰਦੇ ਹਨ ਤਾਂ ਕੁੱਝ ਐਦਾਂ ਦੀ ਹੁੰਦੀ ਹੈ 'ਹੇ ਸੱਚੇ ਪਾਤਸ਼ਾਹ ਇਸ ਮਾਈ ਦੀ ਝੋਟੀ ਆਸ ਨੀ ਲੱਗਦੀ ਬੜੀਆਂ ਟੱਕਰਾਂ ਮਾਰ ਚੁੱਕੀ ਐ । ਪਿਛਲੇ ਹਫਤੇ ਵੀ ਮਾਈ ਚੂਰਮਾ ਚੜ੍ਹਾਗੀ ਤੀ ਹੁਣ ਫੇਰ ਲਿਆਈ ਹੈ । ਜੇ ਝੋਟੀ ਕਨਸਲੀ ਹੁੰਦੀ ਤਾਂ ਤੈਨੂੰ ਭੋਰਾ ਤਕਲੀਫ ਨੀ ਤੀ ਦੇਣੀ । ਇਹ ਰਬੇ ਦੀ ਐ ਤੇ ਹੈ ਬੀ ਪੰਜ ਕਲਿਆਣੀ ਕਹਿੰਦੀ ਪਹਿਲੀ ਬੌਹਲੀ (ਮੱਝ ਸੂਣ ਤੇ ਪਹਿਲਾ ਦੁੱਧ) ਮੈਂ ਤੇਰੇ ਦਰ ਤੇ ਚੜ੍ਹਾਉਂ ਬਸ ਇਕ ਬਾਰ ਮੇਹਰ ਕਰਦੇ' ਅਰਦਾਸ ਵਿਚੋਂ ਬੋਲ ਕੇ ਮਾਈ ਨੂੰ ਪੁੱਛਣਗੇ (ਅੰਮਾਂ ਕੁਛ ਹੋਰ ਬੀ ਕਹਿਣਾ ਐ? ਨਾ ਪੁੱਤ ਹੋਰ ਕੁੱਛ ਨਹੀਂ ਬਸ ਇਹੋ ਮੇਹਰ ਹੋ ਜਾਏ) ਓਦਾਂ ਡੇਰਿਆਂ ਤੇ ਕੀਤੀਆਂ ਜਾਂਦੀਆਂ ਅਰਦਾਸਾਂ ਦਾ ਲੇਖਾ ਜੋਖਾ ਕਰਨਾ ਹੋਏ ਤਾਂ ਚਾਰ ਪੰਜ ਥਾਈਂ ਘੁੰਮ ਕੇ ਆਪੇ ਤਸੱਲੀ ਹੋ ਜਾਂਦੀ ਹੈ । ਹੁਣ ਇਨ੍ਹਾਂ ਹੀ ਪੁਜਾਰੀਆਂ ਨੂੰ ਪੁੱਛੋ ਬਈ ਤੁਹਾਨੂੰ ਕਿਵੇਂ ਪਤਾ ਚਲਿਆ ਬਈ ਇਹ ਲੱਚਰ ਸਹਿਤ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਐ ? ਫਿਰ ਕਿਸ ਜਿਗਰੇ ਨਾਲ ਪਾਤਸ਼ਾਹੀ ੧੦ ਲਿਖਿਆ ? ਕੀ ਸਿੱਖ ਕੌਮ ਅਪਣੇ ਪੁਜਾਰੀਆਂ ਤੋਂ ਜਵਾਬ ਮੰਗੇਗੀ । ਬਾ-ਹੋਸ਼ਿਆਰ-ਜਾਗਦੇ ਰਹਿਓ !

ਪਾਤਰ : ਧਰਮ ਦੈਨ (ਭੂਪ), ਚੰਦਨ ਦੇ (ਨਾਰਿ) ਤੇ ਸੰਦਲ ਦੇ (ਦਹਿਤਾ) (ਤੀਨ ਸੌ ਬਾਨਵੇਂ ਚਰਿਤ੍ਰ ਪੰਨਾ ੧੩੪੬)

**ਇਸ਼ਕ ਕਰੇਂਦਾ ਪੁੱਠੇ ਕਾਰੇ** : ਧਰਮ ਸੈਨ ਭੂਪ ਦੀ ਰਾਣੀ ਚੰਦਨ ਦੇ ਦਾ ਰੂਪ ਜਣੋ ਚੰਦ ਨੇ ਖੁਦ ਦਿੱਤਾ ਹੋਏ । ਓਹਦੀ ਧੀ ਸੰਦਲ ਦੇ ਐਨੀ ਸੋਹਣੀ ਜਿਸ ਨੂੰ ਤੱਕ ਕੇ ਖਗ, ਮ੍ਰਿਗ, ਜੱਛ ਤੇ ਖੜੱਪੇ ਸੱਪ ਮੇਲ੍ਹਣ ਲੱਗਦੇ । ਉਸ ਨੇ ਇਕ ਰਾਜੇ ਦੇ ਪੁੱਤ ਨੂੰ ਦੇਖਿਆ ਤੇ ਸਰੀਰ ਦਾ ਹਰ ਅੰਗ ਕਾਮ ਵਿੱਚ ਭੜਕ ਉੱਠਿਆ। ਉਸ ਨੇ ਅਪਣੀ ਸਹੇਲੀ ਭੇਜੀ ਜੋ ਹੀਲਾ ਵਸੀਲਾ ਕਰ ਕੇ ਉਸ ਨੂੰ ਲੈ ਆਈ :-

*ਆਨਿ ਸਜਨ ਤਿਨ ਦਯੋ ਮਿਲਾਇ ॥ ਰਮੀ ਕੁਅਰਿ ਤਾਸੌ ਲਪਟਾਇ ॥*
*ਅਟਕ ਗਯੋ ਜਿਯ ਤਜਾ ਨ ਜਾਈ ॥ ਇਹ ਬਿਧਿ ਤਿਨ ਕੀਨੀ ਚਤੁਰਾਈ ॥੪॥* (ਤੀਨ ਸੌ ਬਾਨਵੇਂ ਚਰਿਤ੍ਰ ਪੰਨਾ ੧੩੪੬)

ਉਸ ਨੇ ਇਕ ਬੜੀ ਤੋਪ ਮੰਗਵਾਈ ਜਿਸ ਵਿੱਚ ਬੰਦਾ ਬੈਠ ਸਕੇ । ਮੰਤ੍ਰ ਸ਼ਕਤੀ ਨਾਲ ਉਹ ਉਸ ਵਿੱਚ ਬੜ ਗਈ ਤੇ ਮਿਤ੍ਰ ਨੂੰ ਕਹਿੰਦੀ ਤੂੰ ਜਾਹ ਤੇ ਫਿਰ ਸਖੀ ਬੁਲਾਈ ਤੇ ਉਸ ਨੂੰ ਕਹਿੰਦੀ ਕਿ ਇਹ ਨ੍ਰਿਪ ਸੁਤ ਦੇ ਘਰ ਮੈਨੂੰ ਪਹੁੰਚਾ ਦੇਵੇਗੀ । ਸਖੀ ਨੇ ਇਹ ਸੁਣ ਕੇ ਦਾਰੂ ਸੁੱਟ ਕੇ ਅੱਗ ਲਾ ਦਿੱਤੀ । ਉਸ ਨੇ ਗੋਲੇ ਦੀ ਤਰ੍ਹਾਂ ਕੰਮ ਕੀਤਾ ਮੰਤ੍ਰ ਸ਼ਕਤੀ ਨਾਲ ਜਮ ਨੇੜੇ ਨਾ ਢੁੱਕਾ :-

*ਜਬ ਸਹਚਰਿ ਐਸੇ ਸੁਨਿ ਲਈ ॥ ਦਾਰੂ ਡਾਰਿ ਆਗਿ ਤਿਹ ਦਈ ॥*
*ਗੋਰਾ ਜਿਮਿ ਲੈ ਕੁਅਰਿ ਚਲਾਯੋ ॥ ਮੰਤ੍ਰ ਸਕਤਿ ਜਮ ਨਿਕਟ ਨ ਆਯੋ ॥੭॥* (ਤੀਨ ਸੌ ਬਾਨਵੇਂ ਚਰਿਤ੍ਰ ਪੰਨਾ ੧੩੪੬)

ਐਦਾਂ ਓਹ ਪ੍ਰੀਤਮ ਦੇ ਘਰ ਜਾ ਪੁੱਜੀ। ਮਿਤ੍ਰ ਨੇ ਉਸ ਨੂੰ ਦੇਖ ਕੇ ਚੁੱਕ ਲਿਆ ਉਸ ਦੇ ਅੰਗ ਪੂੰਝ ਕੇ ਹਿੱਕ ਨਾਲ ਲਾ ਲਿਆ ।

ਨੋਟ :- ਸਿੱਖ ਧਰਮ ਕਿਸੇ ਵੀ ਕਿਸਮ ਦੇ ਜੰਤ੍ਰ, ਮੰਤ੍ਰ, ਤੰਤ੍ਰ, ਟੂਣੇ ਤੇ ਹੋਰ ਕਰਮ ਕਾਂਡਾਂ ਨੂੰ ਨਹੀਂ ਮੰਨਦਾ। ਜੋ ਅਜਿਹਾ ਕਰਦੇ ਅਤੇ ਕਰਾਉਂਦੇ ਹਨ ਉਹ ਸਿੱਖ ਧਰਮ ਦੇ ਮੈਂਬਰ ਨਹੀਂ ਹਨ। ਗੁਰੂ ਨਾਨਕ ਦੇ ਘਰ ਚ ਅਜਿਹਾਂ ਨੂੰ ਕੋਈ ਥਾਂ ਨਹੀਂ। ਕੀ ਗੁਰੂ ਗੋਬਿੰਦ ਸਿੰਘ ਜੀ ਅਪਣੇ ਸਿੱਖਾਂ ਨੂੰ ਮੰਤ੍ਰ ਕਰਨ ਲਈ ਆਖ ਗਏ ਹਨ? ਸਾਡੇ ਪੁਜਾਰੀ ਇਸ ਕਾਵਿ ਰਚਨਾ ਨਾਲ ਅਜਿਹਾ ਹੀ ਪ੍ਰਭਾਵ ਦੇਂਦੇ ਹਨ। ਖ਼ਬਰਦਾਰ ਤੇ ਜਾਗਦੇ ਰਹਿਓ !

ਅਛਲਾ ਪੁਰ (ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੬-੪੮)

## ਨਸ਼ੇ ਕਰੋ ਤੇ ਔਰਤ ਭੋਗੋ

ਪਾਤਰ : ਅਛਲ ਸੈਨ (ਭੂਪ), ਸੁਧਰਮੀ ਰਾਇ (ਸ਼ਾਹ), ਚੰਪਾ ਦੇ (ਨਾਰੀ) ਤੇ ਸੁਛਬਿ ਰਾਇ (ਭੂਪ ਸੁਤ)

ਅਛਲਾ ਪੁਰ ਦੇ ਭੂਪ ਅਛਲ ਸੈਨ ਦੇ ਰਾਜ ਚ ਇਕ ਸੁਧਰਮੀ ਰਾਇ ਸ਼ਾਹ ਅਪਣੀ ਖ਼ੂਬਸੂਰਤ ਔਰਤ ਚੰਪਾ ਦੇ ਨਾਲ ਰਹਿੰਦਾ। ਚੰਪਾ ਦੇ ਨੇ ਰਾਜੇ ਦਾ ਸੋਹਣਾ ਸਨੁੱਖਾ ਪੁੱਤ ਸੁਛਬਿਰਾਇ ਦੇਖਿਆ। ਓਸ ਦੇ ਰੂਪ ਨੂੰ ਦੇਖਦੇ ਹੀ ਉਸ ਨੇ ਇਕ ਸਹੇਲੀ ਸੱਦੀ ਤੇ ਸੁਛਬਿ ਰਾਇ ਕੋਲ ਉਸ ਨੂੰ ਕਿਸੇ ਵੀ ਕੀਮਤ ਤੇ ਲਿਆਉਣ ਲਈ ਭੇਜੀ :-

*ਸੁਨਤ ਸਹਚਰੀ ਬਚਨ ਸਜਨ ਕੇ ਗ੍ਰਿਹਿ ਗਈ ॥*
*ਜਿਮਿ ਤਿਮਿ ਤਾਹਿ ਪ੍ਰਬੋਧ ਤਹਾਂ ਲਯਾਵਤ ਭਈ ॥*
*ਮਿਲਤ ਛੈਲਨੀ ਛੈਲ ਅਧਿਕ ਸੁਖੁ ਪਾਇਯੋ ॥*
*ਹੋ ਭਾਂਤਿ ਭਾਂਤਿ ਕੀ ਕੈਫਨ ਨਿਕਟ ਮੰਗਾਇਯੋ ॥੪॥* (ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੭)

ਦੋਨਾਂ ਨੇ ਦਿਲ ਖੋਲ੍ਹ ਕੇ ਦਾਰੂ ਪੀਤੀ ਤੇ ਅਨੇਕਾਂ ਢੰਗਾਂ ਨਾਲ ਇਕ ਦੂਜੇ ਨੂੰ ਭੋਗਿਆ ਕੋਕ ਸਾਸਤ੍ਰ ਦੀ ਸਿੱਖਿਆ ਅਨੁਸਾਰ ਕੰਧਨ ਤੇ ਹੱਥ ਰੱਖ ਕੇ ਪੂਰੇ ਜੋਰ ਤੇ ਜੋਸ਼ ਨਾਲ ਕ੍ਰੀੜਾ ਕਰਦੇ :-

*ਕਿਯਾ ਕੈਫ ਕੌ ਪਾਨ ਸੁ ਦੁਹੂੰ ਪ੍ਰਜੰਕ ਭਰ ॥ ਭਾਂਤਿ ਭਾਂਤਿ ਤਨ ਰਮੇ ਬਿਹਸਿ ਕਰਿ ਨਾਰਿ ਨਰ ॥*
*ਕੋਕ ਸ਼ਾਸਤ੍ਰ ਤੇ ਮਤ ਕੌ ਬਿਹਸਿ ਉਚਾਰਿਕੈ ॥ ਹੋ ਆਪੁ ਬੀਚ ਕੰਧਨ ਪਰ ਹਾਥਨ ਡਾਰਿਕੈ ॥੫॥*
*ਅਧਿਕ ਜੋਰ ਤਨ ਦੋਊ ਤਹਾਂ ਕ੍ਰੀੜਾ ਕਰੈਂ ॥ ਮਨ ਮੈ ਭਏ ਅਨੰਦ ਨ ਕਾਹੂੰ ਤੇ ਡਰੈਂ ॥*
*ਲਪਟਿ ਲਪਟਿ ਕਰ ਜਾਂਹਿ ਸੁ ਛਿਨਿਕ ਨ ਛੋਰਹੀ ॥ ਹੋ ਸਕਲ ਦ੍ਰਪ ਕੰਦ੍ਰਪ ਕੋ ਤਹਾਂ ਮਰੋਰਹੀ ॥੬॥*
(ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੭)

ਭੋਗ ਕਰਦਿਆਂ ਸਾਰੀ ਰਾਤ ਬੀਤ ਗਈ ਪਿਛਲੇ ਪਹਿਰ ਜਾ ਕੇ ਹੋਸ਼ ਸੰਭਾਲੀ :-

*ਚੌਪਈ ॥ ਭੋਗ ਕਰਤ ਤਰੁਨੀ ਸੁਖ ਪਾਯੋ ॥ ਕਰਤ ਕੇਲ ਰਜਨਿਯਹਿ ਬਿਤਾਯੋ ॥*
*ਪਹਿਲੀ ਰਾਤ ਬੀਤ ਜਬ ਗਈ ॥ ਪਾਛਿਲ ਰੈਨਿ ਰਹਤ ਸੁਧਿ ਲਈ ॥੭॥*
(ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੭)

ਰਾਜ ਕੁਮਾਰ ਕਹਿੰਦਾ ਹੁਣ ਤੂੰ ਮੇਰਾ ਖਹਿੜਾ ਛੱਡਦੇ ਜੇ ਕਿਸੇ ਨੇ ਦੇਖ ਲਿਆ ਤਾਂ ਸਿੱਧਾ ਰਾਜੇ ਨੂੰ ਦੱਸੂ। ਸ਼ਾਹ ਦੀ ਧੀ ਕਹਿੰਦੀ :-

*ਸ਼ਾਹੁ ਸੁਤਾ ਇਹ ਭਾਂਤਿ ਉਚਾਰਾ ॥ ਬੈਨ ਸੁਨੋ ਮਮ ਰਾਜ ਕੁਮਾਰਾ ॥*
*ਸਭਨ ਲਖਤ ਤੁਹਿ ਕੈਫ ਪਿਲਾਉਂ ॥ ਤਬੈ ਸ਼ਾਹ ਕੀ ਸੁਤਾ ਕਹਾਉਂ ॥੯॥*
(ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੭)

ਮੈਂ ਅਪਣੇ ਅੰਗ ਨਾਲ ਤੇਰਾ ਅੰਗ ਜੋੜ ਕੇ ਭੋਗ ਕਰਾਂਗੀ। ਤੈਨੂੰ ਤੇ ਮੈਨੂੰ ਸਾਰੇ ਲੋਕ ਦੇਖਣਗੇ ਪਰ ਭਲੇ ਬੁਰੇ ਦੀ ਕੋਈ ਪਛਾਣ ਨਹੀਂ ਕਰੇਗਾ :-

*ਤਹ ਹੀ ਰਮੋ ਤਿਹਾਰੇ ਸੰਗਾ ॥ ਅਪਨੇ ਜੋਰਿ ਅੰਗ ਸੌ ਅੰਗਾ ॥*
*ਹਮੈਂ ਤੁਮੈਂ ਸਭ ਲੋਗ ਨਿਹਾਰੈਂ ॥ ਭਲੋ ਬੁਰੋ ਨਹਿ ਭੇਦ ਬਿਚਾਰੈਂ ॥੧੦॥*
(ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੭)

ਐਦਾਂ ਕਹਿ ਕੇ ਰਾਜਕੁਮਾਰ ਨੂੰ ਬਿਦਾ ਕਰ ਦਿੱਤਾ। ਸਵੇਰੇ ਨਰ ਦਾ ਭੇਖ ਧਾਰ ਕੇ ਰਾਜ ਕੁਮਾਰ ਦੇ ਘਰ ਚਲੀ ਗਈ। ਇਕ ਦਿਨ ਓਹ ਮਿਤ੍ਰ ਨਾਲ ਸ਼ਿਕਾਰ ਖੇਡਣ ਗਈ। ਸੁਰਾਹੀ ਚ ਦਾਰੂ (ਮਦ) ਭਰ ਕੇ ਜਲ ਦੇ ਨਾਲ ਰੱਖ ਲਈ ਤੇ ਫਿਰ :-

*ਇਕ ਦਿਨ ਪਿਯ ਲੈ ਗਈ ਸ਼ਿਕਾਰਾ ॥ ਬੀਚ ਸੁਰਾਹੀ ਕੇ ਮਦ ਡਾਰਾ ॥*
*ਜਲ ਕੈ ਸਾਥ ਭਿਗਾਇ ਉਛਾਰਾ ॥ ਚੋਵਤ ਜਾਤ ਜਵਨ ਤੇ ਬਾਰਾ ॥੧੩॥*
*ਸਭ ਕੋਈ ਲਖੈ ਤਵਨ ਕਹ ਪਾਨੀ ॥ ਕੋਈ ਨ ਸਮੁਝਿ ਸਕੈ ਮਦ ਗਯਾਨੀ ॥*
*ਜਬ ਕਾਨਨ ਕੇ ਗਏ ਮੰਝਾਰਾ ॥ ਰਾਜ ਕੁਅਰ ਸੌ ਬਾਲ ਉਚਾਰਾ ॥੧੪॥*(ਤੀਨ ਸੌ ਤਿਰਾਨਵੇਂ ਚਰਿਤ੍ਰ ਪੰਨਾ ੧੩੪੭)

ਤੈਨੂੰ ਪਿਆਸ ਲੱਗੀ ਹੋਏਗੀ ਲੈ ਫੜ੍ਹ ਠੰਢਾ ਪਾਣੀ ਪੀ। ਭਰ ਕੇ ਪਿਆਲਾ ਉਸ ਨੂੰ ਪੀਣ ਨੂੰ ਦਿੱਤਾ ਲੋਕਾਂ ਉਸ ਨੂੰ ਪਾਣੀ ਸਮਝਿਆ। ਫਿਰ ਉਸ ਨੇ ਹੱਥ ਚ ਕਬਾਬ ਲਿਆ ਤੇ ਰਾਜਕੁਮਾਰ ਨੂੰ ਕਹਿੰਦੀ ਲੈ ਇਹ ਖਾਹ ਮੈਂ ਤੇਰੇ ਲਈ ਹੀ ਲਿਆਂਦਾ ਹੈ ਦੇਖ ਕਿੰਨਾ ਸ੍ਵਾਦ ਐ :-

*ਪੁਨਿ ਤ੍ਰਿਯ ਲਿਯਾ ਕਬਾਬ ਹਾਥਿ ਕਰਿ ॥ ਕਹਿਯੋ ਕਿ ਖਾਹੁ ਰਾਜ ਸੁਤ ਬਨਫਰ ॥*
*ਤੁਮਰੇ ਨਿਮਿਤਿ ਤੋਰਿ ਇਨ ਆਨਾ ॥ ਭੱਛਨ ਕਰਹੁ ਸ੍ਵਾਦ ਅਬ ਨਾਨਾ ॥੧੬॥*

(ਤੀਨ ਸੌ ਤਿਰਾਨਵੋਂ ਚਰਿਤ੍ਰ ਪੰਨਾ ੧੩੪੭)

ਜਦ ਨਸ਼ਾ ਖਿੜ ਗਿਆ ਤਾਂ ਕਹਿੰਦੀ ਤੁਸੀਂ ਹੁਣ ਰਾਜੇ ਨਾਲ ਜਾਓ ਅਸੀਂ ਜਰਾ ਜਗਨਾਥ ਦੀ ਪੂਜਾ ਕਰ ਲਈਏ ਤੇ ਸੁਰੂ ਹੋਈ ਪੂਜਾ ਐਦਾਂ :-

*ਸਭ ਜਨ ਪਠੈ ਭੂਪ ਕੇ ਸਾਥਾ ॥ ਦੋਈ ਰਹੇ ਨਾਰਿ ਅਰੁ ਨਾਥਾ ॥*
*ਪਰਦਾ ਐਚਿ ਦਸੌ ਦਿਸਿ ਲਿਯਾ ॥ ਕਾਮ ਭੋਗ ਹਸਿ ਹਸਿ ਰਸਿ ਕਿਯਾ ॥੧੮॥*

(ਤੀਨ ਸੌ ਤਿਰਾਨਵੋਂ ਚਰਿਤ੍ਰ ਪੰਨਾ ੧੩੪੭)

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਸਿੱਖਿਆ ਦੇਂਦੀ ਹੈ ਕਿ ਦਾਰੂ ਪੀਣਾ ਕੋਈ ਮਾੜਾ ਕੰਮ ਨਹੀਂ, ਹਾਂ ਲੋਕਾਂ ਤੋਂ ਛੁਪਾਣ ਲਈ ਤੁਸੀਂ ਪਾਣੀ ਵਾਲੇ ਘੜੇ ਚ ਭਰ ਕੇ ਪਿਯਾਲੇ ਭਰ ਭਰ ਪੀ ਸਕਦੇ ਹੋ ਤੇ ਜਦ ਨਸ਼ਾ ਖਿੜ ਜਾਏ ਤਾਂ ਔਰਤ ਭੋਗਣੀ ਨਾ ਭੁੱਲਿਓ । ਖਾਲੀ ਦਾਰੂ ਦਾ ਵੀ ਕੋਈ ਪੀਣੈ, ਜੇਕਰ ਨਾਲ ਕਬਾਬ ਨਾ ਹੋਏ ਤਾਂ ਦਾਰੂ ਸੁਆਹ ਪੀਤੀ ਉਂਝ ਦਸਮ ਗ੍ਰੰਥ ਦੇ ਪੁਜਾਰੀ ਦੁਹੱਥੜੀਂ ਪਿੱਟਦੇ ਹਨ ਬਈ ਮਾਸ ਨਾ ਖਾਇਓ ਜੀਵ ਹੱਤਿਆ ਲੱਗਜੂ ਤੇ ਆਪੇ ਇਸ ਨੂੰ ਗੁਰਬਾਣੀ ਆਖੀਂ ਜਾਂਦੇ ਹਨ ਬਈ ਇਹ ਸੱਚੇ ਸਤਿਗੁਰਾਂ ਦੀ ਲਿਖੀ ਬਾਣੀ ਐ । ਜੇ ਇਹ ਬਾਣੀ ਹੈ ਤਾਂ ਕਬਾਬ ਖਾਣਾ ਤਾਂ ਗੁਰ ਉਪਦੇਸ ਹੋਇਆ ਨਾ, ਜੇਕਰ ਗੁਰ ਉਪਦੇਸ ਵਿੱਚ ਬਿਘਨ ਪਾਇਆ ਤਾਂ ਤੁਸੀਂ ਤਨਖਾਹੀਏ। ਹੁਣ ਦੱਸੋ ਬਈ ਤੁਸੀਂ ਕਬਾਬ ਖਾਓਗੇ ਨਾ ? ਚਲੋ ਤੁਹਾਡੀ ਮਰਜੀ ਮੈਂ ਅੱਗੇ ਚਲਦਾ ਹਾਂ । ਚਾਰ ਰਹਿਤਾਂ ਕਿ :-

੧. ਪਰਾਈ ਇਸਤ੍ਰੀ ਤੇ ਪਰਾਏ ਮਰਦ ਦਾ ਸੰਗ ਨਹੀਂ ਕਰਨਾ । ੨. ਨਸ਼ਾ ਨਹੀਂ ਖਾਣਾ ।
੩. ਕੁੱਠਾ ਨਹੀਂ ਖਾਣਾ । ੪. ਰੋਮਾਂ ਦੀ ਬੇਅਦਬੀ ਨਹੀਂ ਕਰਨੀ ।

ਇਸ ਕਾਵਿ ਰਚਨਾ ਨੇ ਇਨ੍ਹਾਂ ਚਾਰਾਂ ਹੀ ਰਹਿਤਾਂ ਦਾ ਭੋਗ ਪਾ ਦਿੱਤਾ ਹੈ । ਔਰਤ ਨੇ ਪਰਾਏ ਮਰਦ ਨੂੰ ਤੇ ਮਰਦ ਨੇ ਪਰਾਈ ਔਰਤ ਭੋਗੀ ਫਿਰ ਦਾਰੂ ਭਰ ਭਰ ਪੀਤੀ ਫਿਰ ਕਬਾਬ ਚਟਕਾਰੇ ਲੈ ਕੇ ਖਾਧਾ ਕੀ ਗੁਰੂ ਗੋਬਿੰਦ ਸਿੰਘ ਜੀ ਇਹੋ ਸਿੱਖਿਆ ਸਿੱਖਾਂ ਨੂੰ ਦੇ ਗਏ ਹਨ ਜਾਂ ਕੋਈ ਹੋਰ ਸਿੱਖਿਆ ਹੈ ? ਜੇਕਰ ਖੰਡੇ ਬਾਟੇ ਦੀ ਪਾਹੁਲ ਦੇਣ ਸਮੇਂ ਇਹ ਚਾਰੇ ਰਹਿਤਾਂ ਦ੍ਰਿੜ ਕਰਵਾਈਆਂ ਤਾਂ ਇਨ੍ਹਾਂ ਦਾ ਆਪੇ ਹੀ ਭੋਗ ਕਿਵੇਂ ਪਾ ਦਿੱਤਾ। ਐਨੀ ਘੋਰ ਬੇਅਦਬੀ ਗੁਰੂ ਦੀ-ਐਨਾ ਘੋਰ ਅਪਮਾਨ ਗੁਰੂ ਦਾ। ਹੁਣ ਇਸ ਹੱਥਲੀ ਪੁਸਤਕ ਨਾਲ ਪੁੱਤ ਤੇ ਕਪੁੱਤ ਪ੍ਰਗਟ ਹੋਣਗੇ। ਦੇਖਦੇ ਹਾਂ ਕਿ ਕੌਣ ਕੌਣ ਗੁਰੂ ਦੇ ਸਤਿਕਾਰ ਲਈ ਨਿੱਤਰਦਾ ਹੈ ਤੇ ਕੌਣ ਗੁਰੂ ਦੇ ਅਪਮਾਨ ਲਈ ਝੰਡਾ ਚੁੱਕਦਾ ਹੈ। ਬ ਹੋਸ਼ਿਆਰ ਤੇ ਜਾਗਦੇ ਰਹਿਓ !

ਇਲਾਕਾ : ਸ੍ਰੀ ਸੁਰ ਰਾਜਵਤੀ ਪੁਰ (ਤੀਨ ਸੌ ਚੁਰਾਨਵੇਂ ਚਰਿਤ੍ਰ ਪੰਨਾ ੧੩੪੮-੪੯)

## ਨਸ਼ੇ ਕਰਕੇ ਔਰਤ ਭੋਗੋ

ਪਾਤਰ : ਦੇਵ ਛੱਤ੍ਰ (ਭੂਪ), ਸ੍ਰੀ ਅਲਕੇਸਮਤੀ (ਸੁਤਾ) ਤੇ ਸਜੁਲਫ ਰਾਇ (ਛੱਤ੍ਰੀ)

ਸ੍ਰੀ ਸੁਰ ਰਾਜਵਤੀ ਪੁਰ ਦੇ ਰਾਜਾ ਦੇਵ ਛੱਤ੍ਰ ਦੀ ਪਦਮਨੀ ਵਰਗੀ ਧੀ ਸ੍ਰੀ ਅਲਕੇਸਮਤੀ ਸਜੁਲਫ ਰਾਇ ਛੱਤ੍ਰੀ ਦੇ ਰੂਪ ਨੂੰ ਦੇਖ ਕੇ ਸੋਚਣ ਲੱਗੀ ਕਿ ਕੋਈ ਹੀਲਾ ਵਸੀਲਾ ਕਰ ਕੇ ਮੈਂ ਇਸ ਦੇ ਨਾਲ ਸ਼ਾਦੀ ਕਰੂੰ। ਉਸ ਨੇ ਅਪਣੀ ਇਕ ਸਹੇਲੀ ਭੇਜ ਕੇ ਕਿਵੇਂ ਨਾ ਕਿਵੇਂ ਉਸ ਨੂੰ ਸੱਦ ਲਿਆਂਦਾ ਤੇ ਫਿਰ ਸੁਰੂ ਹੋਇਆ ਪ੍ਰੇਮ ਖੇਲ :-

*ਭਾਂਤਿ ਭਾਂਤਿ ਸੇਤੀ ਕਿਯ ਭੋਗਾ ॥ ਮਿਟ ਗਯੋ ਸਕਲ ਦੁਹਨ ਕੋ ਸੋਗਾ ॥*
*ਭਾਂਤਿ ਭਾਂਤਿ ਤਨ ਕਰੈ ਬਿਲਾਸਾ ॥ ਨਿਜ ਪਤਿ ਕੋ ਤਜਿ ਕਰਿਕੈ ਤ੍ਰਾਸਾ ॥*
*ਚਤੁਰ ਚਤੁਰਿਯਾ ਦੋਈ ਕਲੋਲਹਿ ॥ ਮਿਲਿ ਮਿਲਿ ਬੈਨ ਮਧੁਰ ਧੁਨ ਬੋਲਹਿ ॥*
*ਭਾਂਤਿ ਅਨਿਕ ਕੀ ਕੈਫ ਮੰਗਾਵੈ ॥ ਏਕ ਪਲੰਘ ਬੈਠਿ ਪਰ ਚੜ੍ਹਾਵੈ ॥੮॥*

(ਤੀਨ ਸੌ ਚੁਰਾਨਵੇਂ ਚਰਿਤ੍ਰ ਪੰਨਾ ੧੩੪੮-੪੯)

ਇਕੋ ਪਲੰਘ ਤੇ ਕਈ ਤਰ੍ਹਾਂ ਦੀ ਕੈਫ ਪੀਣ ਤੋਂ ਬਾਦ :-

*ਆਸਨ ਭਾਂਤਿ ਭਾਂਤਿ ਕੇ ਲੇਂਹੀ ॥ ਆਲਿੰਗਨ ਚੁੰਬਨ ਦੋਇ ਦੇਂਹੀ ॥*
*ਰਸਿ ਰਸਿ ਕਸਿ ਨਰ ਕੇਲ ਕਮਾਇ ॥ ਲਪਟਿ ਲਪਟਿ ਤਰੁਨੀ ਤਰ ਜਾਇ ॥੯॥*

(ਤੀਨ ਸੌ ਚੁਰਾਨਵੇਂ ਚਰਿਤ੍ਰ ਪੰਨਾ ੧੩੪੯)

ਸਰੀਰਕ ਨਿੱਘ ਲੈਣ ਤੋਂ ਬਾਦ :- *ਦੋਇ ਤਰੁਨ ਬਿਜਿਯਾ ਦੁਹੂੰ ਖਾਈ ॥ ਚਾਰਿ ਟਾਂਕ ਅਹਿਫੇਨ ਚੜਾਈ ॥*

*ਰਸਿ ਰਸਿ ਕਰਿ ਕਸਿ ਕਸਿ ਰਤਿ ਕਿਯੋ ॥ ਚੋਰਿ ਚੰਚਲਾ ਕੋ ਚਿਤ ਲਿਯੋ ॥੧੦॥*

(ਤੀਨ ਸੌ ਚੁਰਾਨਵੇਂ ਚਰਿਤ੍ਰ ਪੰਨਾ ੧੩੪੯)

ਓਹ ਐਨੇ ਘੁਲ ਮਿਲ ਗਏ ਕਿ ਛੱਡਣ ਨੂੰ ਚਿੱਤ ਈ ਨਾ ਕਰੇ । ਕਹਿੰਦੀ ਮਿਤ੍ਰ ਹੁਣ ਤੂੰ ਮੇਰੇ ਤੋਂ ਇਕ ਮੰਤ੍ਰ ਲੈ ਕੇ ਪਾਣੀ ਚ ਬੜ ਜਾ । ਜਦ ਤੱਕ ਤੂੰ ਮੰਤ੍ਰਚਾਰ ਕਰਦਾ ਰਹੇਂਗਾ ਤਦ ਤੱਕ ਪਾਣੀ ਚ ਨਹੀਂ ਮਰੇਂਗਾ । ਪਾਣੀ ਤੇਰੇ ਨੇੜੇ ਤੇੜੇ ਨਹੀਂ ਢੁੱਕੇਗਾ :-

*ਜਬ ਲਗੁ ਮੰਤ੍ਰਚਾਰ ਤੈਂ ਕਰ ਹੈਂ ॥ ਤਬ ਲਗਿ ਤੈਂ ਜਲ ਬੀਚ ਨ ਮਰਹੈਂ ॥*
*ਤੁਮਰੇ ਜਲ ਐਹੈ ਨ ਨੇਰੇ ॥ ਚਾਰਿ ਓਰ ਰਹਿ ਹੈ ਤੁਹਿ ਘੇਰੇ ॥੧੨॥*
*ਮੰਤ੍ਰ ਮਿੱਤ੍ਰ ਤਾਤੇ ਤਬ ਲਿਯੋ ॥ ਗੰਗਾ ਬੀਚ ਪਯਾਨਾ ਕਿਯੋ ॥*
*ਜਲ ਚਹੂੰ ਓਰ ਤਵਨ ਕੇ ਰਹਾ ॥ ਆਨਿ ਪਾਨ ਤਾਕੇ ਨਹਿ ਗਹਾ ॥੧੩॥*(ਤੀਨ ਸੌ ਚੁਰਾਨਵੇਂ ਚਰਿਤ੍ਰ ਪੰਨਾ ੧੩੪੯)

ਇਸ ਤਰੀਕੇ ਮਿਤ੍ਰ ਨੂੰ ਪਾਣੀ ਵਿੱਚ ਰੱਖ ਕੇ ਪਿਓ ਨੂੰ ਕਹਿੰਦੀ ਕਿ ਸਵੇਰੇ ਕਿਸੇ ਪਰਮ ਪੁਰਖ ਨਾਲ ਮੇਰੀ ਸ਼ਾਦੀ ਕਰ ਦੇ । ਮੇਰੇ ਨਾਲ ਚੱਲ ਕੇ ਗੰਗਾ ਨੂੰ ਰਿੜਕਣਾ ਉਸ ਵਿੱਚੋਂ ਜਿਹੜਾ ਨਰ ਨਿਕਲੂ ਓਹੀ ਮੇਰਾ ਖਸਮ ਹੋਊ । ਰਾਜਾ ਸੁਣ ਕੇ ਬੜਾ ਖੁਸ਼ ਹੋਇਆ । ਰਿੜਕੀ ਗੰਗਾ-ਕੱਢਿਆ ਮਿਤ੍ਰ ਤੇ ਕੀਤੀ ਸ਼ਾਦੀ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਕਹਿੰਦੀ ਹੈ ਕਿ ਮੰਤ੍ਰ ਸ਼ਕਤੀ ਨਾਲ ਪਾਣੀ ਵਿੱਚ (ਗੰਗਾ ਦੇ ਤੇਜ ਵਹਾਓ ਅੰਦਰ) ਬੰਦੇ ਨੂੰ ਛੁਪਾਇਆ ਜਾ ਸਕਦਾ ਹੈ ਤੇ ਗੰਗਾ ਰਿੜਕੀ ਜਾ ਸਕਦੀ ਹੈ ਅੱਜ ਦੇ ਜੁੱਗ ਵਿੱਚ ਇਹ ਨਿਰੇ ਗਪੌੜ ਗਿਣੇ ਜਾਂਦੇ ਹਨ ਹਰ ਸਮੇਂ ਪੁਜਾਰੀਆਂ ਅਤੇ ਲਿਖਾਰੀਆਂ ਨੇ ਬੜੇ ਤੋਂ ਬੜਾ ਗਪੌੜ ਛੱਡਿਆ ਹੁਣ ਦੇ ਕਾਕਿਆਂ ਨੇ ਜਦ ਸ੍ਵਾਲ ਪੁੱਛਣੇ ਸੁਰੂ ਕਰ ਦਿੱਤੇ ਤਾਂ ਪੁਜਾਰੀ ਅਪਣਾ ਖਹਿੜਾ ਛੁਡਾਣ ਲਈ ਕਹਿੰਦੇ ਹਨ ਕਿ ਸਾਨੂੰ ਨਹੀਂ ਪਤਾ ਦਸਮ ਪਾਤਸ਼ਾਹ ਤੋਂ ਪੁੱਛੋ ਉਨ੍ਹਾਂ ਲਿਖਿਆ । ਜਦ ਕੋਈ ਇਸ ਦਾ ਸਬੂਤ ਪੁੱਛੇ ਤਾਂ ਆਊਂ ਬਤਾਊਂ ਕਰ ਕੇ ਟਾਲ ਦੇਂਦੇ ਹਨ । ਬੜੇ ਝੂਠੇ ਹਨ ਵੱਡੇ ਪੁਜਾਰੀ । ਦੇਖੋ ਕਾਵਿ ਰਚਨਾ ਕਿੰਨਾ ਸੋਹਣਾ ਉਪਦੇਸ ਕਰਦੀ ਐ ਬਈ ਕਈ ਤਰ੍ਹਾਂ ਦੀ ਦਾਰੂ ਯਾਰ ਨਾਲ ਪੀ ਕੇ ਫਿਰ ਕਈ ਤਰ੍ਹਾਂ ਦੇ ਆਸਣਾ-ਅਲਿੰਗਨਾ ਅਤੇ ਚੁੰਬਨਾਂ ਨਾਲ ਔਰਤ ਭੋਗੋ । ਇਸ ਤੋਂ ਸੁੱਧ-ਸੂੱਛ ਸਿੱਖਿਆ ਭਲਾਂ ਨੋਜੁਆਨ ਪੀੜ੍ਹੀ ਨੂੰ ਹੋਰ ਕੀ ਦੇ ਸਕਦੇ ਹਨ। ਕਹਿੰਦੇ ਅਸੀਂ ਗੁਰਸਿੱਖੀ ਦਾ ਪ੍ਰਚਾਰ ਕਰਦੇ ਆਂ। ਦੇਖੋ ਨਾ ਦਸਮ ਗ੍ਰੰਥ ਦੇ ਕਈ ਕਈ ਅਖੰਡ ਪਾਠ ਬੜੀ ਸੁੱਧਤਾ ਨਾਲ ਚਲਦੈ ਐਂ । ਹਰ ਸਮੇਂ ਕੀਰਤਨ ਹੁੰਦਾ ਐ (ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਬਦ ਦੀ ਕਥਾ ਨਹੀਂ ਕਰਨ ਦੇਂਦੇ) ਜੇਕਰ ਕੋਈ ਬਹੁਤਾ ਅੜੀਅਲ ਹੋਏ ਤਾਂ ਸਾਫ ਕਹ ਦਈਦਾ ਐ ਬਈ ਕੋਈ ਕਿਸੇ ਦੀ ਨਿੰਦਿਆ ਦਾ ਸਬਦ ਨਹੀਂ ਬੋਲਣਾ । ਕਈ ਰਾਧਾ ਸਵਾਮੀ-ਨਿਰੰਕਾਰੀਏ-ਸੰਤਾਂ ਦੇ ਚੇਲੇ-ਡੇਰਿਆਂ ਦੇ ਸਰਧਾਲੂ-ਤੇ ਪੀਰ ਦੇ ਸੇਵਕ ਵੀ ਗੁਰਦੁਆਰੇ ਆਉਂਦੇ ਐਂ । ਤੁਹਾਡੀ ਕਥਾ ਸੁਣ ਕੇ ਕਿਤੇ ਓਹ ਨਾ ਟੁੱਟ ਜਾਣ । ਗੁਰੂ ਬਾਬੇ ਦੀ ਪਰਵਾਹ ਕੌਣ ਕਰਦੈ ਓਹ ਤਾਂ ਇਹ ਵੀ ਨਹੀਂ ਦੇਖਦੇ ਕਿ ਓਹ ਗੁਰੂ ਦਾ ਐਨਾ ਅਪਮਾਨ ਕਰੀਂ ਜਾ ਰਹੇ ਹਨ ਜਿਸ ਨਾਲ ਸੱਤ ਕੁੱਲਾਂ ਦਾ ਬੇੜਾ ਗਰਕ ਜਾਏਗਾ । ਜਰਾ ਸੰਭਲ ਕੇ ਤੇ ਜਾਗਦੇ ਰਹਿਓ !

## ਇਲਾਕਾ : ਸਿੰਧੁ ਪੁਰ ਗੜ੍ਹ

(ਤੀਨ ਸੌ ਪਚਾਨਵੇਂ ਚਰਿਤ੍ਰ ਪੰਨਾ ੧੩੪੯-੫੧)

ਪਾਤਰ : ਸਰਬ ਸਿੰਘ (ਰਾਜਾ), ਸ੍ਰੀ ਦਲ ਥੰਭੁ ਸੁਜਾਨ (ਪੁਤ੍ਰ), ਦੁਸਟ ਸਿੰਘ (ਭ੍ਰਾਤਾ) ਤੇ ਸ੍ਰੀ ਸੁ ਜ਼ੁਲਫ ਦੇ (ਸ਼ਾਹ ਦੁਲਾਰੀ)

**ਜੇਕਰ ਕੋਈ ਮੁੰਡਾ ਵਿਆਹ ਲਈ ਰਾਜੀ ਨਾ ਹੋਏ ਤਾਂ ਮੰਤ੍ਰ ਸ਼ਕਤੀ ਨਾਲ ਬੀਰ ਭੇਜ ਕੇ ਕਾਬੂ ਕੀਤਾ ਜਾ ਸਕਦੈ :**

ਸਰਬ ਸਿੰਧੁ ਪੁਰ ਗੜ੍ਹ ਦੇ ਰਾਜਾ ਸਰਬ ਸਿੰਘ ਦਾ ਪੁੱਤ ਸ੍ਰੀ ਦਲ ਥੰਭ ਸੁਜਾਨ ਬੜਾ ਹੀ ਸੋਹਣਾ । ਓਹਦੇ ਭਰਾ ਦੁਸਟ ਸਿੰਘ ਦੇ ਰੂਪ ਦਾ ਕੀ ਕਹਿਣਾ । ਅਜਿਹਾ ਰੱਬ ਨੇ ਹੋਰ ਨਹੀਂ ਬਣਾਇਆ । ਸ਼ਾਹ ਦੁਲਾਰੀ ਸ੍ਰੀ ਜ਼ੁਲਫ ਦੇ, ਦੇ ਹੁਸਨ ਮੋਹਰੇ ਤੇ ਕੋਈ ਦੇਵ ਕੁਮਾਰੀ ਵੀ ਨਹੀਂ । ਉਸ ਨੇ ਜਦ ਰਾਜ ਕੁਮਾਰ ਤੱਕਿਆ ਤਾਂ ਸੁੱਧ ਬੁਧਿ ਖੋ ਬੈਠੀ ਉਸ ਨੇ ਇਕ ਸਖੀ ਨੂੰ ਅਪਣੇ ਦਿਲ ਦਾ ਭੇਦ ਦੱਸ ਕੇ ਉਸ ਪਾਸ ਭੇਜਿਆ ਪਰ ਰਾਜ ਕੁਮਾਰ ਓਹਦੇ ਹੱਥ ਨਾ ਲੱਗਾ। ਸ਼ਾਹ ਦੀ ਧੀ ਨੇ ਬੜੇ ਯਤਨ ਕੀਤੇ ਪਰ ਅਸਫਲ । ਆਖਰ ਇਕ ਬੀਰ ਨੂੰ ਅਵਾਜ ਮਾਰ ਕੇ ਉਥੇ ਭੇਜਿਆ ਉਸ ਨੇ ਸੁੱਤੇ ਪਏ ਰਾਜ ਕੁਮਾਰ ਨੂੰ ਪਟਕਾ ਮਾਰਿਆ । ਕਦੇ ਭੂਤ ਉਸ ਦੀ ਟੰਗ ਖਿਚਦਾ ਤੇ ਕਦੇ ਮੰਜੀ ਤੇ ਸੁੱਟ ਦੇਂਦਾ :-

*ਸ਼ਾਹੁ ਸੁਤਾ ਬਹੁ ਜਤਨ ਥਕੀ ਕਰਿ ॥ ਗਯੋ ਨ ਮੀਤ ਕੈਸੇ ਹੂੰ ਤਿਹ ਘਰ ॥*
*ਬੀਰ ਹਾਂਕਿ ਇਕ ਤਹਾਂ ਪਠਾਯੋ ॥ ਸੋਤ ਸੇਜ ਤੇ ਗਹਿ ਪਟਕਾਯੋ ॥੫॥*
*ਟੰਗਰੀ ਭੂਤ ਕਬੈ ਗਹਿ ਲੇਈ ॥ ਕਬਹੂੰ ਡਾਰਿ ਸੇਜ ਪਰ ਦੇਈ ॥*
*ਅਧਿਕ ਤ੍ਰਾਸ ਦੇ ਤਾਹਿ ਪਛਾਰਾ ॥ ਉਹਿ ਡਰਿ ਜਿਯ ਤੇ ਮਾਰਿ ਨ ਡਾਰਾ ॥੬॥*

(ਤੀਨ ਸੌ ਪਚਾਨਵੇਂ ਚਰਿਤ੍ਰ ਪੰਨਾ ੧੩੫੦)

ਸਾਰੀ ਰਾਤ ਉਸ ਨੂੰ ਸੌਣ ਨਾ ਦਿੱਤਾ। ਉਸ ਨੇ ਰਾਜਕੁਮਾਰ ਨੂੰ ਬੜਾ ਡਰਾਇਆ ਚਲਦੀ ਚਲਦੀ ਖਬਰ ਰਾਜੇ ਤੱਕ ਪੁੱਜੀ ਉਸ ਨੇ ਭੂਤ ਨਾਸ ਕਰਨ ਵਾਲੇ ਬੁਲਾ ਲਏ :-

*ਭੂਤ ਹਤਾ ਇਕ ਮੰਤ੍ਰ ਉਚਾਰੈਂ ॥ ਬੀਸ ਮੰਤ੍ਰ ਪੜਿ ਬੀਰ ਪੁਕਾਰੈਂ ॥*
*ਕਿਸਹੂ ਪਕਰਿ ਚੀਰਿ ਕਰਿ ਦੇਈ ॥ ਕਾਹੂੰ ਪਕਰਿ ਰਾਨ ਤਰ ਲੇਈ ॥੮॥*
*ਜਬ ਸਭ ਸਕਲ ਮੰਤ੍ਰ ਕਰਿ ਹਾਰੇ ॥ ਤਬ ਇਹ ਬਿਧਿ ਤਨ ਬੀਰ ਪੁਕਾਰੇ ॥*
*ਜੇ ਗੁਰ ਮੋਰ ਇਹਾਂ ਚਲਿ ਆਵੈ ॥ ਰਾਜ ਕੁਅਰ ਤਬ ਹੀ ਸੁਖ ਪਾਵੈ ॥੯॥*

(ਤੀਨ ਸੌ ਪਚਾਨਵੋਂ ਚਰਿਤ੍ਰ ਪੰਨਾ ੧੩੫੦)

ਇਹ ਸੁਣ ਕੇ ਰਾਜਾ ਪੈਰੀਂ ਪਿਆ ਤੇ ਬੜੀ ਵਡਿਆਈ ਕੀਤੀ। ਰਾਜਾ ਕਹਿੰਦਾ ਦੱਸ ਕਿੱਥੇ ਐ ਤੇਰਾ ਗੁਰੂ ਮੈਂ ਉਸ ਨੂੰ ਲੈ ਆਉਂਦਾ ਹਾਂ। ਉਸ ਨੇ ਜਿਸ ਪੁਰਖ ਦਾ ਨਾਂ ਦੱਸਿਆ ਕੁੜੀ ਨੇ ਉਸੇ ਦਾ ਭੇਖ ਧਾਰ ਲਿਆ। ਰਾਜਾ ਚਲ ਕੇ ਉੱਥੇ ਗਿਆ ਉਸ ਨੂੰ ਕਹਿੰਦੀ ਕਿ ਜੇ ਤੇਰਾ ਪੁੱਤ ਪਤਿਬ੍ਰੱਤਾ ਸ਼ਾਹ ਦੀ ਧੀ ਨਾਲ ਸ਼ਾਦੀ ਕਰੇ ਤਾਂ ਰੋਗ ਕੱਟਿਆ ਜਾ ਸਕਦੈ। ਦੋਨੋ ਰਾਜੀ ਹੋਏ ਤੇ ਕੀਤੀ ਸ਼ਾਦੀ ਕਵੀ ਕਹਿੰਦਾ :-

*ਚੰਚਲਾਨ ਕੇ ਚਰਿਤ ਅਪਾਰਾ ॥ ਚਕ੍ਰਿਤ ਰਹਾ ਕਰਿ ਕਰਿ ਕਰਤਾਰਾ ॥੧੮॥* (ਤੀਨ ਸੌ ਪਚਾਨਵੋਂ ਚਰਿਤ੍ਰ ਪੰਨਾ ੧੩੫੧)

ਨੋਟ :- ਦਸਮ ਗ੍ਰੰਥ ਦੀ ਇਕ ਹੋਰ ਨਵੀਂ ਨਕੋਰ ਸਿੱਖਿਆ ਧੀਆਂ ਭੈਣਾਂ ਲਈ ਕਿ ਜੇਕਰ ਬੰਦਾ ਵਿਆਹ ਕਰਾਉਣ ਤੋਂ ਮਨਾ ਕਰੇ ਤਾਂ ਮੰਤ੍ਰ ਸ਼ਕਤੀ ਨਾਲ ਬੀਰ ਭੇਜ ਕੇ ਸਿੱਧਾ ਕੀਤਾ ਜਾ ਸਕਦੈ। ਪਰ ਮੰਤ੍ਰ ਸਿਖਾਊ ਕੌਣ? ਇਸ ਵੀ ਫਿਕਰ ਕਰਨ ਦੀ ਲੋੜ ਨਹੀਂ ਵੱਡੇ ਪੁਜਾਰੀ ਹੱਥਆਊਲਿਆਂ ਤੋਂ ਲੈ ਕੇ ਜੰਤ੍ਰ ਮੰਤ੍ਰ ਤੰਤ੍ਰ ਤੇ ਟੂਣੇ ਸਭ ਵਿੱਦਿਆ ਜਾਣਦੇ ਹਨ। ਕਈ ਤਾਂ ਕਈ ਕਈ ਬੇਦ ਪੜੀਂ ਬੈਠੇ ਐਂ ਕਹਿੰਦੇ ਸਾਨੂੰ ਵੇਦਾਂਤੀ ਆਖਿਆ ਕਰੋ ਜਿਹੋ ਜਿਹੀ ਸੰਗਤਿ ਓਹੋ ਜਿਹੀ ਰੰਗਤਿ ਜੇਕਰ ਗੁਰਬਾਣੀ ਪੜ੍ਹੀ ਹੁੰਦੀ ਤਾਂ ਸਿੱਖ ਬਣ ਜਾਂਦੇ ਪਰ ਪੜ੍ਹੇ ਈ ਬੇਦ-ਐਂ ਨਾ, ਬੇਦ ਪੜ੍ਹਨ ਵਾਲਾ ਪੁਜਾਰੀ ਹੀ ਹੋਇਆ ਨਾ, ਗੁਰੂ ਦਾ ਸਿੱਖ ਨਹੀਂ ਬਨਿਆ। ਕਹਿੰਦੇ ਇਹ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਗ੍ਰੰਥ ਐ ਏਹਦੇ ਅਰਥ ਉਰਥ ਨਹੀਂ ਕਰਨੇ ਜਿਹੜਾ ਪੁਜਾਰੀ ਦਾ ਜੁਕਮ ਨੀ ਮੰਨੂੰ ਪੰਥ ਚੋਂ ਛੇਕਿਆ ਜਾਊ। ਇਨ੍ਹਾਂ ਨੂੰ ਪੁੱਛੋ ਬਈ ਅਰਥ ਉਰਥ ਕਿਉਂ ਨਹੀਂ ਕਰਨੇ ? ਕਿਸ ਗੱਲ ਦਾ ਪਰਦਾ ਸੰਗਤਿ ਤੋਂ ਰੱਖਣਾ ਹੈ ਤੇ ਕਾਹਦੇ ਲਈ ? ਗਿਆਨ ਤਾਂ ਊਚ ਨੀਚ ਸਭ ਲਈ ਬਰਾਬਰ ਐ ਸਿੱਖ ਧਰਮ ਚ ਕੋਈ ਵੀ ਲੈ ਸਕਦੈ। ਕਹਿੰਦੇ ਹਾਲੇ ਕੁਛ ਦੇਰ ਹੋਰ ਨਹੀਂ ਬੋਲਣਾ ਓਹ ਜਾਣਦੇ ਹਨ ਕਿ ਅਜਿਹਾ ਕਰਕੇ ਪੂਰੇ ਪੰਜਾਬ ਨੂੰ ਜਲਦੀ ਡੋਬ ਦੇਣਗੇ । ਕੀ ਪੰਜਾਬੀ ਅਪਣੀਆਂ ਧੀਆਂ ਭੈਣਾਂ ਦੀ ਜ਼ਿੰਦਗੀ ਖਰਾਬ ਹੋਣ ਦੇਣਗੇ ? ਕੀ ਪੰਜਾਬੀ ਅਪਣੇ ਪੁੱਤਾਂ ਤੇ ਧੀਆਂ ਨੂੰ ਨਸ਼ਿਆਂ ਚ ਗਰਕ ਹੁੰਦਾ ਦੇਖਣਗੇ ? ਜੇ ਨਹੀਂ ਤਾਂ ਦਸਮ ਗ੍ਰੰਥ ਸਣੇ ਉਨ੍ਹਾਂ ਪੁਜਾਰੀਆਂ ਤੇ ਸੇਵਕਾਂ ਦੇ ਬਾਹਰ ਵਗਾਹ ਮਾਰੋ। ਰੱਬ ਤੁਹਾਨੂੰ ਤੇ ਤੁਹਾਡੇ ਪ੍ਰੀਵਾਰ ਦੇ ਹਰ ਮੈਂਬਰ ਨੂੰ ਖੁਸ਼ੀਆਂ ਦਏ ਇਹ ਮੇਰੀ ਸੱਚੀ ਅਰਦਾਸ ਹੈ।

ਨਗਰ : ਪ੍ਰਿਥੀ ਪੁਰ (ਤੀਨ ਸੌ ਚਿਆਨਵੋਂ ਚਰਿਤ੍ਰ ਪੰਨਾ ੧੩੫੧)

## ਇਸ਼ਕ ਇੰਜ ਵੀ ਕਰੀਦੈ

ਪਾਤਰ : ਪ੍ਰਿਥੀ ਸਿੰਘ (ਭੂਪ), ਲਾਲ ਮਤੀ (ਰਾਨੀ), ਮੇਦਨੀ ਸਿੰਘ (ਸੁਤ) ਤੇ ਚਪਲਾ ਦੇ (ਸ਼ਾਹ ਦੁਲਾਰੀ) :

ਪ੍ਰਿਥੀ ਪੁਰ ਨਗਰ ਦੇ ਭੂਪ ਪ੍ਰਿਥੀ ਸਿੰਘ ਦੀ ਔਰਤ ਐਨੀ ਸੋਹਣੀ ਕਿ ਓਹਦਾ ਰੂਪ ਤੱਕ ਕੇ ਦੇਵਤੇ ਮਨੁੱਖ ਔਰਤਾਂ ਤੇ ਖੜੱਪੇ ਸੱਪ ਮੇਲ੍ਹਣ ਲੱਗਦੇ। ਓਹਦੇ ਪੁੱਤ ਮੇਦਨੀ ਸਿੰਘ ਨੂੰ ਔਰਤਾਂ ਖੜ੍ਹ ਖੜ੍ਹ ਦੇਖਦੀਆਂ ਰਹਿ ਜਾਂਦੀਆਂ। ਓਹ ਨਿਰਾ ਕਾਮ ਦੇਵਤਾ। ਉੱਥੇ ਇਕ ਸ਼ਾਹ ਦੀ ਧੀ ਚਪਲਾ ਦੇ ਜਣੋ ਸੁਨਿਆਰੇ ਨੇ ਸਾਂਚੇ ਢਾਲ ਕੇ ਬਣਾਈ ਹੋਏ। ਰਾਜੇ ਦੇ ਪੁੱਤ ਨੇ ਜਦ ਉਸ ਨੂੰ ਤੱਕਿਆ ਤਾਂ ਮਤਵਾਲਾ ਹੋ ਗਿਆ। ਉਸ ਨੇ ਅਪਣੀ ਮਿਤ੍ਰ ਕੁੜੀ ਨੂੰ ਬਹੁਤਾ ਧਨ ਦੇ ਕੇ ਉਸ ਕੋਲ ਭੇਜਿਆ। ਜਦ ਓਹ ਨਾ ਮੰਨੀ ਤਾਂ ਉਸ ਨੇ ਦੂਜਾ ਪੈਂਤੜਾ ਬਦਲਿਆ ਕਹਿੰਦੀ ਜਿਹੜਾ ਪਿਓ ਨੇ ਨਵਾਂ ਘਰ ਬਣਾਇਆ ਹੈ ਚੱਲ ਕੇ ਓਹ ਤਾਂ ਦੇਖ ਲੈ। ਉਸ ਨੂੰ ਡੋਲੀ ਚ ਬਿਠਾ ਕੇ ਪਰਦੇ ਖਿੱਚ ਲਏ ਤੇ ਸਿੱਧੀ ਜਾ ਪਹੁੰਚੀ ਰਾਜੇ ਦੇ ਪੁੱਤ ਦੇ ਘਰ। ਉਸ ਨੇ ਸੋਚਿਆ ਇੱਥੇ ਤਾਂ ਮਾਂ ਬਾਪ ਕੋਈ ਨਹੀਂ ਇਸ ਕਬੰਖਤ ਨੇ ਮੈਨੂੰ ਫਸਾ ਦਿੱਤਾ। ਓਹ ਦੁਹਾਈ ਪਾਉਂਦੀ ਧਰਤੀ ਤੇ ਡਿੱਗ ਗਈ ਕਹਿੰਦੀ ਮੈਨੂੰ ਬਿੱਛੂ ਨੇ ਕੱਟ ਲਿਆ ਹੈ ਮੈਂ ਹੁਣ ਅਪਣੇ ਘਰ ਜਾਂਦੀ ਹਾਂ ਫੇਰ ਕਦੇ ਆਉਂ।

ਨੋਟ :- ਅਨੇਕਾਂ ਹੀ ਕਾਵਿ ਰਚਨਾਵਾਂ ਦੇ ਕਰਤਾ ਗੁਰੂ ਦੇ ਸਿੱਖਾਂ ਨੂੰ ਲੈ ਕੇ ਉਨ੍ਹਾਂ ਦੇ ਆਚਰਣ ਤੇ ਦਸਮ ਗ੍ਰੰਥ ਚ ਕਰਾਰੇ ਵਾਰ ਕੀਤੇ ਗਏ ਹਨ। ਸੰਨ 1762 ਅਤੇ 1764 ਵਿੱਚ ਹੋਏ ਵੱਡੇ ਤੇ ਛੋਟੇ ਘੱਲੂਘਾਰਿਆਂ ਦਾ ਮੁਖ ਚਸ਼ਮਦੀਦ ਗਵਾਹ ਕਾਜ਼ੀ ਨੂਰ ਮੁਹੰਮਦ ਅਪਣੀ ਕਾਵਿ ਰਚਨਾ ਚ ਸਿੱਖਾਂ ਦਾ ਕਰੈਕਟਰ ਤੱਕ ਕੇ ਅੱਸ਼ ਅੱਸ਼ ਕਰ ਉੱਠਿਆ ਓਹ ਕਾਜ਼ੀ ਨੂਰ ਮੁਹੰਮਦ ਜੋ ਸਿੱਖਾਂ ਨੂੰ ਕੁੱਤੇ ਲਿਖਦਾ ਹੈ ਇਹ ਆਖਣ ਤੇ ਮਜਬੂਰ ਹੋ ਜਾਂਦਾ ਹੈ ਕਿ ਇਨ੍ਹਾਂ ਕੁੱਤਿਆਂ ਨੂੰ ਕੁੱਤੇ ਨਾ ਆਖੋ, ਜੰਗੇ ਮੈਦਾਨ ਚ ਇਹ ਸ਼ੇਰਾਂ ਦੀ ਤਰ੍ਹਾਂ ਜੂਝਦੇ ਹਨ। ਇਹ ਕੁੱਤੇ ਕਿਸੇ ਦੀ ਧੀ ਭੈਣ ਵੱਲ ਮੈਲੀ ਅੱਖ ਨਾਲ ਨਹੀਂ

ਤੱਕਦੇ ਤੇ ਹਰ ਕਿਸੇ ਨੂੰ ਬੁੱਢੀ ਕਰ ਕੇ ਬੁਲਾਉਂਦੇ ਹਨ । ਗੁਰੂ ਗੋਬਿੰਦ ਸਿੰਘ ਜੀ ੧੭੦੮ ਚ ਜੋਤੀ ਜੋਤਿ ਸਮਾਉਂਦੇ ਹਨ । ਪੂਰੇ 60 ਸਾਲ ਬੀਤ ਜਾਣ ਤੇ ਸਿੱਖਾਂ ਦੇ ਕਰੈਕਟਰ ਚ ਭੋਰਾ ਫਰਕ ਨਹੀਂ ਪਿਆ ਸਗੋਂ ਵਧੇਰੇ ਪਰਪੱਕ ਹੋਏ । ਇੱਥੇ ਖਾਸ ਸਾਜਿਸ ਨਾਲ ਲੋਕਾਂ ਦੀਆਂ ਧੀਆਂ ਭੈਣਾਂ ਚੁੱਕ ਕੇ ਭੋਗ ਕਰਨ ਲਈ ਸਿੱਖ ਦਾ ਉਤਾਵਲਾ ਹੋਣਾ ਦੱਸਿਆ ਹੈ । ਇਹ ਸਮਝ ਨਹੀਂ ਆਉਂਦੀ ਕਿ ਪੁਜਾਰੀ ਆਖਰ ਸਿੱਖਾਂ ਨੂੰ ਕੀ ਉਪਦੇਸ ਦੇਣਾ ਚਾਹੁੰਦੇ ਹਨ । ਕੀ ਸਿੱਖ ਗੂੜ੍ਹੀ ਨੀਂਦ ਤੋਂ ਜਾਗ੍ਹ ਕੇ ਵਿਰਸਾ ਸੰਭਾਲਣਗੇ ? ਬਾ ਹੋਸ਼ਿਆਰ-ਜਾਗਦੇ ਰਹਿਓ !

ਦੇਸ : ਸਗਰ (ਤੀਨ ਸੌ ਸਤਾਨਵੋਂ ਚਰਿਤ੍ਰ ਪੰਨਾ ੧੩੫੨)

## ਮਾਂ ਬਾਪ ਦਾ ਕਤਲ ਇੰਜ ਵੀ ਕਰੀਦੈ

ਪਾਤਰ : ਸਗਰ ਸੈਨ (ਰਾਜਾ), ਸਗਰ ਦੇਇ (ਸੁਤਾ) ਤੇ ਗਜਨੀ ਰਾਇ :

ਸਗਰ ਦੇਸ ਦੇ ਰਾਜਾ ਸਗਰ ਸੈਨ ਦੀ ਧੀ ਸਗਰ ਦੇਇ ਐਨੀ ਸੋਹਣੀ ਬਈ ਚੰਦ ਤੇ ਸੂਰਜ ਵੀ ਦੇਖ ਕੇ ਸ਼ਰਮਾ ਜਾਂਦੇ । ਇਕ ਦਿਨ ਓਹ ਸੋਹਣੇ ਸਨੁੱਖੇ ਗਜਨੀ ਰਾਇ ਨੂੰ ਦੇਖ ਕੇ ਸੋਚਣ ਲੱਗੀ ਕਿ ਜੇਕਰ ਅਜਿਹਾ ਮੈਨੂੰ ਮਿਲ ਜਾਏ ਤਾਂ ਹਰ ਜਨਮ ਬਲਿਹਾਰੇ ਜਾਵਾਂ ਉਸ ਨੇ ਸਖੀ ਭੇਜ ਕੇ ਉਸ ਨੂੰ ਕਿਵੇਂ ਨਾ ਕਿਵੇਂ ਬੁਲਾਇਆ ਤੇ ਫਿਰ :-

*ਸਖੀ ਏਕ ਤਿਹ ਤੀਰ ਪਠਾਇ ॥ ਜਿਹ ਤਿਹ ਬਿਧਿ ਕਰਿ ਲੀਯਾ ਬੁਲਾਇ ॥*
*ਅਪਨ ਸੇਜ ਪਰਤਿਹ ਬੈਠਾਰਾ ॥ ਕਾਮ ਭੋਗ ਕਾ ਰਚਾ ਅਖਾਰਾ ॥੩॥*
*ਬੈਠ ਸੇਜ ਪਰ ਦੋਇ ਕਲੋਲਹਿ ॥ ਮਧੁਰ ਮਧੁਰ ਧੁਨਿ ਮੁਖ ਤੇ ਬੋਲਹਿ ॥*
*ਭਾਂਤਿ ਭਾਂਤਿ ਤਨ ਕਰਤ ਬਿਲਾਸਾ ॥ ਤਾਤ ਮਾਤ ਕੋ ਤਜਿ ਕਰ ਤ੍ਰਾਸਾ ॥੪॥* (ਤੀਨ ਸੌ ਸਤਾਨਵੋਂ ਚਰਿਤ੍ਰ ਪੰਨਾ ੧੩੫੨)

ਜਦ ਮਾਂ ਬਾਪ ਦਾ ਡਰ ਲਾਹ ਕੇ ਕਈ ਤਰ੍ਹਾਂ ਦੇ ਭੋਗ ਕੀਤੇ ਜਾਣ ਤਾਂ ਅਗਲਾ ਕਦਮ ਪੁੱਟਣਾ ਹੋਰ ਵੀ ਆਸਾਨ ਹੁੰਦਾ ਹੈ :-

*ਪੋਸਤ ਭਾਂਗ ਅਫੀਮ ਮੰਗਾਵਹਿ ॥ ਏਕ ਖਾਟ ਪਰ ਬੈਠ ਚੜ੍ਹਾਵਹਿ ॥*
*ਤਰੁਨ ਤਰੁਨਿ ਉਰ ਸੌ ਉਰਝਾਈ ॥ ਰਸਿ ਰਸਿ ਕਸਿ ਕਸਿ ਭੋਗ ਕਮਾਈ ॥੫॥* (ਤੀਨ ਸੌ ਸਤਾਨਵੋਂ ਚਰਿਤ੍ਰ ਪੰਨਾ ੧੩੫੨)

ਰਾਜਾ ਰਾਣੀ ਨੂੰ ਲੈ ਕੇ ਧੀ ਦੇ ਘਰ ਆਇਆ । ਧੀ ਨੂੰ ਹੋਰ ਤਾਂ ਕੁੱਝ ਨਾ ਸੁੱਝਿਆ ਮਾਂ ਬਾਪ ਦਾ ਕਤਲ ਕਰਕੇ ਦਬਾ ਦਿੱਤਾ ਤੇ ਘਰ ਨੂੰ ਅੱਗ ਲਗਾ ਦਿੱਤੀ। ਮਿਤ੍ਰ ਨੂੰ ਭਜਾ ਕੇ ਰੋ ਪਿੱਟ ਕੇ ਕਹਿੰਦੀ ਦਾਰੂ ਨੂੰ ਅੱਗ ਲੱਗ ਗਈ ਜਿਹਦੇ ਨਾਲ ਇਹ ਦੋਨੋ ਉਁਡਗੇ । ਕਈ ਸਾਲ ਆਪ ਰਾਜ ਕਰਨ ਤੋਂ ਬਾਦ ਮਿਤ੍ਰ ਨਾਲ ਸ਼ਾਦੀ ਕੀਤੀ ।

ਨੋਟ :- ਇਹ ਕਾਵਿ ਰਚਨਾ ਨੌਜੁਆਨ ਪੀੜ੍ਹੀ ਨੂੰ ਇਹ ਸਿੱਖਿਆ ਦੇਂਦੀ ਹੈ ਕਿ ਜੇਕਰ ਕੁਕਰਮ ਦਾ ਭੇਦ ਫਟਣ ਦਾ ਖਤਰਾ ਜਾਪੇ ਤਾਂ ਮਾਂ ਬਾਪ ਦਾ ਕਤਲ ਕਰ ਕੇ ਧਰਤੀ ਚ ਗੱਡ ਦਿਓ । ਪੋਸਤ ਭਾਂਗ ਅਫੀਮ ਤੇ ਦਾਰੂ ਦੇ ਭਾਰੀ ਨਸ਼ੇ ਕਰਕੇ ਪਰਾਏ ਮਰਦ ਤੇ ਪਰਾਈਆਂ ਔਰਤਾਂ ਦਿਲ ਖੋਲ੍ਹ ਕੇ ਭੋਗੋ । ਇਸ ਪੁਸਤਕ ਦਾ ਨਾਂ ਹੈ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ । ਕਹਿੰਦੇ ਨੇ ਸਾਡੇ ਪੁਜਾਰੀ ਬਈ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਪੁਜਾਰੀ ਇਸ ਦੇ ਅਖੰਡ ਪਾਠ ਵੀ ਕਰਦੈ ਐਂ। ਮੈਂ ਪੁਜਾਰੀਆਂ ਨੂੰ ਮੰਦ ਕਰਮੀ ਆਖਦਾ ਹਾਂ ਕਿਉਂਕਿ ਓਹ ਝੂਠੇ ਅਤੇ ਧੋਖੇ ਬਾਜ ਹਨ। ਅਪਣੇ ਹੀ ਗੁਰੂ ਦਾ ਘੋਰ ਅਪਮਾਨ ਕਰਦੇ ਐਂ ਅਤੇ ਸਿੱਖ ਸੰਗਤ ਨੂੰ ਗੁਮਰਾਹ ਵੀ । ਜਾਗਦੇ ਰਹਿਓ !

ਦੇਸ : ਪਲਵਲ (ਤੀਨ ਸੌ ਅਠਾਨਵੋਂ ਚਰਿਤ੍ਰ ਪੰਨਾ ੧੩੫੨-੫੩)

## ਪਤੀ ਦਾ ਕਤਲ ਕਰਕੇ ਮਿਤ੍ਰ ਦੇ ਐਦਾਂ ਵੀ ਵਸੀਦੈ

ਪਾਤਰ : ਇਕ ਰਾਜਾ, ਤੜਿਤਾ ਦੇ (ਨਾਰਿ), ਅਲਿਕ੍ਰਿਤ ਦੇ (ਸੁਤਾ) ਤੇ ਸੌਦਾਗਰ :

ਪਲਵਲ ਦੇਸ ਦੇ ਇਕ ਰਾਜੇ ਦੀ ਰਾਣੀ ਤੜਿਤਾ ਦੇ ਚੰਦ ਸੂਰਜ ਤੋਂ ਵੀ ਸੋਹਣੀ। ਉਸ ਦੀ ਧੀ ਅਲਿਕ੍ਰਿਤ ਦੇ ਸੁਹੱਪਣ ਦਾ ਕੀ ਕਹਿਣਾ ਉੱਥੇ ਇਕ ਖੂਬਸੂਰਤ ਸੌਦਾਗਰ ਆ ਗਿਆ। ਜਿਸ ਨੂੰ ਦੇਖ ਕੇ ਓਹ ਰੀਝ ਗਈ। ਉਸ ਨੇ ਅਪਣੀ ਸਖੀ ਭੇਜ ਕੇ ਸੌਦਾਗਰ ਨੂੰ ਬੁਲਾਇਆ ਤੇ ਸੁਰੂ ਹੋਇਆ ਪ੍ਰੇਮ ਖੇਲ :-

*ਅਧਿਕ ਭੋਗ ਤਿਹ ਸਾਥ ਮਚਾਯੋ ॥ ਭਾਂਤਿ ਭਾਂਤਿ ਰਸ ਕੇਲ ਕਮਾਯੋ ॥*
*ਚੁੰਬਨ ਔਰ ਅਲਿੰਗਨ ਲੀਨੋ ॥ ਭਾਂਤਿ ਅਨਿਕ ਤ੍ਰਿਯ ਕੋ ਸੁਖ ਦੀਨੋ ॥੪॥* (ਤੀਨ ਸੌ ਅਠਾਨਵੋਂ ਚਰਿਤ੍ਰ ਪੰਨਾ ੧੩੫੨)

ਮਨ ਭਾਉਂਦਾ ਭੋਗ ਕਰਨ ਤੋਂ ਬਾਦ ਮਾਂ ਬਾਪ ਨੂੰ ਕਹਿੰਦੀ ਕਿ ਮੈਂ ਤੀਰਥ ਨ੍ਹਾਣ ਚਲੀ। ਤੁਸੀਂ ਮੈਨੂੰ ਬਦ ਸੂਰਤ ਦੇ ਲੜ ਲਾ ਦਿੱਤਾ। ਹੁਣ ਏਹਨੂੰ ਲੈ ਕੇ ਮੈਂ ਤੀਰਥ ਤੇ ਜਾਊਂ ਤੇ ਉੱਥੇ ਇਸ ਨੂੰ ਸੁੰਦਰ ਬਣਾ ਕੇ ਲਿਆਵਾਂਗੀ। ਪਤੀ ਨੂੰ ਲੈ ਕੇ ਓਹ ਅਨੇਕਾਂ ਤੀਰਥਾਂ ਤੇ ਨ੍ਹਾਣ ਗਈ। ਇਕ ਦਿਨ ਮੌਕਾ ਤਾੜ ਕੇ ਉਸ ਦਾ ਕਤਲ ਕਰ ਦਿੱਤਾ। ਉਸ ਦੀ ਥਾਂ ਮਿਤ੍ਰ ਨੂੰ ਲਿਆ ਕੇ ਮਾਂ ਬਾਪ ਨੂੰ ਕਹਿੰਦੀ ਕਿ ਤੀਰਥ ਤੇ ਨ੍ਹਾਣ ਦਾ ਚਮਤਕਾਰ ਦੇਖੋ ਪਤੀ ਹੁਣ ਕਿੰਨਾ ਸੁੰਦਰ ਹੋ ਗਿਆ ਹੈ ।

ਨੋਟ :- ਦਸਮ ਗ੍ਰੰਥ ਦੀ ਇਹ ਕਾਵਿ ਰਚਨਾ ਧੀਆਂ ਭੈਣਾਂ ਨੂੰ ਇਹ ਸਿੱਖਿਆ ਦੇਂਦੀ ਹੈ ਬਈ ਜੇਕਰ ਮਾਂ ਬਾਪ ਨੇ ਕੋਈ ਬਦਸੂਰਤ ਚੰਦਰਾ ਖਸਮ ਸਹੇੜ ਤਾ ਤਾਂ ਉਸ ਨੂੰ ਕਿਸੇ ਤੀਰਥ ਤੇ ਲਿਜਾ ਕੇ ਕਤਲ ਕਰ ਦੇਣਾ ਤੇ ਨਵਾਂ ਨਕੋਰ ਪਤੀ ਹੋਰ ਰੱਖ ਲੈਣਾ । ਜੇਕਰ ਇਸ ਸਿੱਖਿਆ ਤੇ ਸਿੱਖ ਪੁਜਾਰੀਆਂ ਦੇ ਘਰੇ ਅਮਲ ਹੋਣਾ ਸੁਰੂ ਹੋ ਗਿਆ ? ਨਾ ਬਾਬਾ ਨਾ ਅਜਿਹਾ ਨਾ ਹੋਏ ਆਖਰ ਸਾਡੇ ਮਹਾਂ ਪਵਿਤ੍ਰ ਪੁਜਾਰੀ ਐਂ ਨਾ ਤਾਂ ਕੀ ਹੋਇਆ ਜੇਕਰ ਓਹ ਗੁਰੂ ਨਾਨਕ ਦੀ ਸਿੱਖਿਆ ਤੋਂ ਕੋਰੇ ਹਨ । ਕਾਮ ਸ਼ਾਸਤ੍ਰ ਤਾਂ ਚੰਗੀ ਤਰ੍ਹਾਂ ਰਟਿਐ ਨਾ । ਭਲਾਂ ਬੰਦਾ ਕਿੰਨਾ ਕੁੱਝ ਯਾਦ ਕਰ ਸਕਦੈ । ਗੁਰੂ ਗ੍ਰੰਥ ਪੜ੍ਹੇ ਜਾਂ ਦਸਮ ਗ੍ਰੰਥ ? ਜੇ ਗੁਰੂ ਗ੍ਰੰਥ ਪੜ੍ਹ ਕੇ ਕਾਮ ਕ੍ਰੋਧ ਤੇ ਕਾਬੂ ਪਾ ਲਿਆ ਤਾਂ ਬੜੀ ਮੁਸ਼ਕਲ ਹੋਊ ਇਸੇ ਲਈ ਦਸਮ ਗ੍ਰੰਥ ਪੜ੍ਹਦੇ ਐਂ ਨਾ ਬਈ ਕਾਮ ਹਰ ਸਮੇਂ ਜਾਗਦਾ ਰਹੇ ਤੇ ਛਾਲਾਂ ਮਾਰੇ । ਜਰਾ ਸੰਭਲ ਕੇ ਹਾਂ ਜਾਗਦੇ ਰਹਿਓ !

## ਘਾਟਿਮ ਪੁਰ (ਤੀਨ ਸੌ ਨਿਨਯਾਨਵੋਂ ਚਰਿਤ੍ਰ ਪੰਨਾ ੧੩੫੩-੫੪)

ਪਾਤਰ :ਇਕ ਭੂਪ, ਅਲੰਕ੍ਰਿਤ ਦੇਇ (ਨਾਰਿ), ਭੂਖਨ ਦੇਇ (ਸੁਤਾ) ਤੇ ਮੁਲਤਾਨੀ ਰਾਇ (ਛੱਤ੍ਰੀ)

**ਅਪਣੇ ਕਰੂਪ ਪਤੀ ਦਾ ਕਤਲ ਕਰਕੇ ਨਵਾਂ ਨਕੋਰ ਘਰ ਲੈ ਜਾਓ** : ਘਾਟਿਮ ਪੁਰ ਦੇ ਰਾਜਾ ਦੀ ਸੁੰਦਰ ਰਾਣੀ ਅਲੰਕ੍ਰਿਤ ਦੇਇ ਦੀ ਧੀ ਭੂਖਨ ਦੇਇ ਅੰਤਾਂ ਦੀ ਸੋਹਣੀ ਇਕ ਕਰੂਪ ਪਤੀ ਨਾਲ ਵਿਆਹੀ ਗਈ । ਉਥੇ ਇਕ ਖੂਬਸੂਰਤ ਮੁਲਤਾਨੀ ਰਾਇ ਖੱਤ੍ਰੀ ਰਹਿੰਦਾ ਅਪਣੀ ਸਹੇਲੀ ਭੇਜ ਕੇ ਉਸ ਨੂੰ ਬੁਲਾਇਆ ਤੇ ਫਿਰ :-

*ਅੜਿੱਲ ॥ ਜਬ ਮੁਲਤਾਨੀ ਰਾਇ ਕੁਅਰਿ ਲਖਿ ਪਾਇਯੋ ॥ ਨਿਜੁ ਨਾਇਕ ਕਹ ਚਿਤ ਤੇ ਕੁਅਰਿ ਭੁਲਾਇਯੋ ॥*
*ਪਠੈ ਸਹਚਰੀ ਨਿਜੁ ਗ੍ਰਿਹਿ ਲਿਯੋ ਬੁਲਾਇਕੈ ॥ ਹੋ ਬਚਨ ਕਹੇ ਪੁਨਿ ਭਾਂਗਿ ਅਫੀਮ ਚੜ੍ਹਾਇਕੈ ॥੩॥*
(ਤੀਨ ਸੌ ਨਿਨਯਾਨਵੋਂ ਚਰਿਤ੍ਰ ਪੰਨਾ ੧੩੫੩)

ਭਾਂਗ ਹਫੀਮ ਖਾ ਕੇ ਕੁੜੀ ਕਹਿੰਦੀ ਹੁਣ ਤੂੰ ਮੇਰੇ ਨਾਲ ਭੋਗ ਕਰ । ਉਸ ਨੇ ਇਕ ਦੋ ਵਾਰ ਨਾਂਹ ਕੀਤੀ ਤੇ ਆਖਰ ਕਿਹਾ ਮੰਨ ਲਿਆ :-

*ਅੜਿੱਲ ॥ ਭਾਂਤਿ ਭਾਂਤਿ ਕੀ ਕੈਫ ਦੀਵਾਨੇ ਪੀ ਭਏ ॥ ਭਾਂਤਿ ਭਾਂਤਿ ਅਬਲਾ ਕੇ ਆਸਨ ਲੇਤ ਭੇ ॥*
*ਅਮਿਤ ਭੋਗ ਤ੍ਰਿਯ ਪਾਇ ਰਹੀ ਉਰਝਾਇਕੈ ॥ ਹੋ ਨਿਰਖਿ ਸਜਨ ਕੇ ਨੈਨਨ ਗਈ ਬਿਕਾਇਕੈ ॥੫॥*
*ਚੌਪਈ ॥ ਭਾਂਤਿ ਭਾਂਤਿ ਤਾਸੋ ਰਤਿ ਪਾਇ ॥ ਆਸਨ ਸਾਥ ਗਈ ਲਪਟਾਇ ॥*
*ਰਸਿ ਗਯੋ ਮੀਤ ਨ ਛੋਰਾ ਜਾਈ ॥ ਬਾਤ ਭਾਖਿ ਤਿਹ ਘਾਤ ਬਨਾਈ ॥੬॥*
(ਤੀਨ ਸੌ ਨਿਨਯਾਨਵੋਂ ਚਰਿਤ੍ਰ ਪੰਨਾ ੧੩੫੩)

ਮਿਤ੍ਰ ਨੂੰ ਕਹਿੰਦੀ ਕਿ ਦੇਖ ਖਸਮ ਦਾ ਕਤਲ ਕਰਕੇ ਮੈਂ ਤੇਰੀ ਰੰਨ ਕਿਵੇਂ ਬਣਦੀ ਆਂ । ਓਹ ਪਤੀ ਨੂੰ ਲੈ ਕੇ ਸ਼ਿਵ ਮੰਦਰ ਗਈ ਜਿੱਥੇ ਉਸ ਦਾ ਕਤਲ ਕਰਕੇ ਸੀਸ ਮੰਦਰ ਦੀ ਭੇਟਾ ਚੜ੍ਹਾ ਦਿੱਤਾ । ਲੋਕਾਂ ਨੂੰ ਕਹਿੰਦੀ ਕਿ ਪਤੀ ਸੁੰਦਰ ਕਰਨ ਲਈ ਮੈਂ ਪਤੀ ਦਾ ਸੀਸ ਭੇਟਾ ਕੀਤਾ ਤੇ ਸ਼ਿਵ ਨੇ ਖੁਸ਼ ਹੋ ਕੇ ਨਵਾਂ ਨਕੋਰ ਪਤੀ ਦੇ ਦਿੱਤਾ । ਪਤੀ ਮਿੱਟੀ ਚ ਦਬਾ ਕੇ ਯਾਰ ਨੂੰ ਘਰ ਲੈ ਆਈ ।

ਨੋਟ :- ਦਸਮ ਗ੍ਰੰਥ ਦੀ ਇਕ ਹੋਰ ਨਵੀਂ ਨਕੋਰ ਸਿੱਖਿਆ ਬਈ ਖਸਮ ਦਾ ਕਤਲ ਕਿਵੇਂ ਕਰੀਦੈ । ਜਰਾ ਸੋਚੋ ਬਈ ਜੇਕਰ ਪੁਜਾਰੀ ਕਰੂਪ ਹੋਏ ਤੇ ਓਹਦੀ ਘਰ ਵਾਲੀ ਨੇ ਦਸਮ ਗ੍ਰੰਥ ਪੜ੍ਹਿਆ ਹੋਏ ਤਾਂ ਫਿਰ ਪੁਜਾਰੀ ਦਾ ਰਾਖਾ ਕੌਣ ਬਣੂ ? ਵਿਚਾਰੀ ਐਦਾਂ ਕੀਰਨੇ ਪਾਊ ਹਾਇ ! ਮਿੱਟੀ ਨਾ ਫਰੋਲ ਜੋਗੀਆ ॥ ਮੱਥਾ ਟੇਕਣ ਗਿਆ ਹੀ ਖੋ ਗਿਆ ॥ ਹਾਇ ਕਿੱਥੇ ਕਿੱਥੇ ਲੱਭਾਂ ਕੋਈ ਰੂਪ ਦਿਖ ਜੇ ॥ ਨਾਲ ਲੈ ਕੇ ਜਾਊਂ ਜਿਹਦੇ ਨਾਲ ਨਿੱਭਜੇ ॥ ਹਾਇ...ਹਾਇ...॥

## ਨਗਰ : ਚੰਦ ਕਿਰਨ ਪੁਰ (ਚਾਰ ਸੌ ਚਰਿਤ੍ਰ ਪੰਨਾ ੧੩੫੪-੫੫)

**ਕਬਿ ਸਯਾਮ ਜਾਂ ਕਬਿ ਗੁਰੂ ਗੋਬਿੰਦ ਸਿੰਘ ਫੈਸਲਾ ਕੌਣ ਕਰੂ ?**

ਪਾਤਰ : ਸੂਰਜ ਕਿਰਨਿ (ਭੂਪ), ਮਹਾਂ ਕੁਅਰਿ (ਦੁਲਾਰੀ) ਤੇ ਚੰਦ੍ਰ ਸੈਨ (ਸ਼ਾਹ ਸੁਤ)

ਚੰਦ ਕਿਰਨ ਪੁਰ ਦੇ ਭੂਪ ਸੂਰਜ ਕਿਰਨ ਦੀ ਸੁੰਦਰ ਧੀ ਮਹਾਂ ਕੁਅਰਿ ਸ਼ਾਹ ਦੇ ਪੁੱਤ ਚੰਦ੍ਰ ਸੈਨ ਦਾ ਰੂਪ ਦੇਖ ਕੇ ਮੋਹਿਤ ਹੋ ਗਈ । ਉਸ ਨੇ ਸਹੇਲੀ ਭੇਜ ਕੇ ਚੰਦ੍ਰ ਸੈਨ ਨੂੰ ਬੁਲਾਇਆ :-

*ਪਠੈ ਸਹਚਰੀ ਲਿਯੋ ਬੁਲਾਇ ॥ ਪੋਸਤ ਭਾਂਗ ਅਫੀਮ ਮੰਗਾਇ ॥*
*ਭਾਂਤਿ ਭਾਂਤਿ ਤਨ ਤਾਂਹਿ ਪਿਵਾਯੋ ॥ ਅਧਿਕ ਮੱਤ ਕਰਿ ਗਰੈ ਲਗਾਯੋ ॥੩॥*
*ਮੱਤ ਕਿਯਾ ਮਦ ਸਾਥ ਪਯਾਰੋ ॥ ਕਬਹੂੰ ਕਰਤ ਨ ਉਰ ਸੌ ਨਯਾਰੋ ॥*
*ਭਾਂਤਿ ਭਾਂਤਿ ਉਰ ਸੌ ਲਪਟਾਵੈ ॥ ਚੁੰਬਿ ਕਪੋਲ ਦੋਊ ਬਲਿ ਜਾਵੈ ॥੪॥*
*ਰਸਿ ਗਯੋ ਮੀਤ ਨ ਛੋਰਾ ਜਾਇ ॥ ਭਾਂਤਿ ਭਾਂਤਿ ਭੋਗਤ ਲਪਟਾਇ ॥*
*ਚੁੰਬਨ ਔਰ ਅਲਿੰਗਨ ਲੇਈ ॥ ਅਨਿਕ ਭਾਂਤਿ ਤਨ ਆਸਨ ਦੇਈ ॥੫॥* (ਚਾਰ ਸੌ ਚਰਿਤ੍ਰ ਪੰਨਾ ੧੩੫੪)

ਪ੍ਰੀਤਮ ਦੇ ਪ੍ਰੇਮ ਵਿੱਚ ਐਨੀ ਰਚ ਮਿਚ ਗਈ ਬਈ ਛੱਡਣ ਨੂੰ ਦਿਲ-ਈ-ਨਾ ਕਰੇ। ਓਹ ਸੋਚਣ ਲੱਗੀ ਕਿ ਕਿਸ ਢੰਗ ਨਾਲ ਹੁਣ ਏਹਦੇ ਨਾਲ ਹੀ ਜਾਵਾਂ। ਉਸ ਨੇ ਜਾਣ ਬੁੱਝ ਕੇ ਇਕ ਬਾਮ੍ਹਣ ਮਾਰ ਦਿੱਤਾ। ਰਾਜੇ ਨੂੰ ਕਹਿੰਦੀ ਕਿ ਮੈਂ ਆਰੇ ਨਾਲ (ਕਰਵਤ) ਮਰ ਕੇ ਸੁਰਪੁਰੀ ਨੂੰ ਚੱਲੀ। ਰਾਜੇ ਰਾਣੀ ਗਿੜ ਗੜਾਏ ਪੈਰੀਂ ਪਏ ਪਰ ਉਸ ਨੇ ਇਕ ਨਾ ਸੁਣੀ।

*ਮੰਤ੍ਰ ਸ਼ਕਤਿ ਕਰਵਤਿ ਸਿਰ ਧਰਾ ॥ ਏਕ ਰੋਮ ਤਿਹ ਤਾਹਿ ਨ ਹਰਾ ॥੮॥*
*ਸਭਨ ਲਹਾ ਕਰਵਤ ਇਹ ਲਿਯੋ ॥ ਦ੍ਰਿਸ਼ਟਿ ਬੰਦ ਐਸਾ ਤਿਨ ਕਿਯੋ ॥*
*ਆਪਨ ਗਈ ਮਿੱਤ੍ਰ ਕੇ ਧਾਮਾ ॥ ਭੇਦ ਨ ਲਖਾ ਕਿਸੂ ਕਿਹ ਬਾਮਾ ॥੯॥* (ਚਾਰ ਸੌ ਚਰਿਤ੍ਰ ਪੰਨਾ ੧੩੫੪)

ਕਵੀ ਸਯਾਮ ਅਪਣੇ ਵਲੋਂ ਸੁਰੂ ਕੀਤੇ ਪ੍ਰਸੰਗ ਦੀ ਸਮਾਪਤੀ ਇਉਂ ਕਰਦਾ ਹੈ :-

*ਦੋਹਰਾ ॥ ਇਹ ਬਿਧਿ ਛਲਿ ਪਿਤੁ ਮਾਤ ਕਹ ਗਈ ਮਿੱਤ੍ਰ ਕੇ ਸੰਗ ॥*
*ਕਬਿ ਸਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੧੦॥* (ਚਾਰ ਸੌ ਚਰਿਤ੍ਰ ਪੰਨਾ ੧੩੫੫)

ਨੋਟ :- ਕਬਿ ਸਯਾਮ ਅਪਣੇ ਵੱਲੋਂ ਸੁਰੂ ਕੀਤੇ ਪ੍ਰਸੰਗ ਦੇ ਖਤਮ ਹੋਣ ਦਾ ਵਰਨਣ ਖੁਦ ਕਰਦਾ ਹੈ ਜਿਸ ਨੂੰ ਉੱਤੇ ਦਿੱਤੇ ਗਏ ਦੋਹਰੇ ਚ ਪ੍ਰਤੱਖ ਪੜ੍ਹ ਚੁੱਕੇ ਹਾਂ। ਇਹ ਓਹ ਕਵੀ ਹੈ ਜੋ ਜੰਤ੍ਰ ਮੰਤ੍ਰ ਤੰਤ੍ਰ ਤੇ ਟੂਣੇ ਚ ਵਿਸ਼ਵਾਸ ਰੱਖਦਾ ਹੈ। ਉਸ ਦੀਆਂ ਬਹੁਤੀਆਂ ਕਾਵਿ ਰਚਨਾਵਾਂ ਚ ਇਸੇ ਗੱਲ ਦਾ ਪ੍ਰਚਾਰ ਕੀਤਾ ਗਿਆ ਹੈ। ਓਹ ਖੁੱਲ੍ਹ ਕੇ ਨਸ਼ੇ ਕਰ ਕੇ ਔਰਤਾਂ ਭੋਗਣ ਦੀ ਵਕਾਲਤ ਕਰਦਾ ਹੈ। ਸਾਡੇ ਵੱਡੇ ਪੁਜਾਰੀ-ਸੰਤ ਸਾਧ-ਬ੍ਰਹਮ ਗਿਆਨੀ-ਡੇਰਿਆਂ ਵਾਲੇ ਬਾਬੇ ਅਤੇ ਅਨੇਕਾਂ ਹੀ ਜਥੇਬੰਦੀਆਂ ਦੇ ਅਪਣੇ ਆਪ ਨੂੰ ਮਰਜੀਵੜੇ ਅਖਵਾਉਣ ਵਾਲੇ ਕਿਲ੍ਹ ਕਿਲ੍ਹ ਕੇ ਆਖਦੇ ਹਨ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ। ਇਸ ਤੋਂ ਵੱਡੀ ਗੱਪ-ਇਸ ਤੋਂ ਵੱਧ ਕੋਰਾ ਝੂਠ ਹੋਰ ਕੀ ਬੋਲ ਸਕਦੇ ਹਨ। ਇਹ ਉਹ ਮਨੁੱਖ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਦੇ ਹਨ। ਇਹ ਉਹ ਲੋਕ ਹਨ ਜੋ ਸਿੱਖ ਰਹਿਤ ਮਰਿਯਾਦਾ ਦੀਆਂ ਧੱਜੀਆਂ ਉਡਾਉਂਦੇ ਹਨ ।ਇਹ ਉਹ ਲੋਕ ਹਨ ਪਰਾਏ ਮਰਦ ਤੇ ਪਰਾਈ ਔਰਤ ਨਾਲ ਭੋਗ ਕਰਨ ਨੂੰ ਮਾੜਾ ਨਹੀਂ ਗਿਣਦੇ। ਇਹ ਉਹ ਲੋਕ ਹਨ ਜੋ ਭਾਰੀ ਨਸ਼ੇ ਕਰਕੇ ਔਰਤਾਂ ਭੋਗਣ ਦੀ ਵਕਾਲਤ ਕਰਦੇ ਹਨ। ਇਹ ਉਹ ਲੋਕ ਹਨ ਜੋ ਰੋਮਾਂ ਦੀ ਬੇਅਦਬੀ ਕਰਨ ਨੂੰ ਕੁਰੈਹਿਤ ਨਹੀਂ ਗਿਣਦੇ। ਇਹ ਉਹ ਲੋਕ ਹਨ ਜੋ ਕੁੱਠਾ ਖਾਣਾ ਸਗਨ ਸਮਝਦੇ ਹਨ। ਸ਼ਾਇਦ ਗੁੱਸਾ ਚੜ੍ਹ ਗਿਆ ਹੋਏ। ਵੀਰਾ ਜੀ ਗੁੱਸਾ ਨਾ ਖਾਇਓ ਇਹ ਸਿਹਤ ਨੂੰ ਖਰਾਬ ਕਰਦੈ। ਜੇਕਰ ਤੁਸੀਂ ਦਸਮ ਗ੍ਰੰਥ ਦੀ ਪੂਜਾ ਕਰਦੇ ਹੋ, ਜੇਕਰ ਤੁਸੀਂ ਦਸਮ ਗ੍ਰੰਥ ਦੇ ਅਖੰਡ ਪਾਠ ਕਰਦੇ ਹੋ, ਜੇਕਰ ਤੁਸੀਂ ਘਰਾਂ ਚ ਦਸਮ ਗ੍ਰੰਥ ਦਾ ਪ੍ਰਕਾਸ ਕਰਦੇ ਹੋ, ਜੇਕਰ ਤੁਸੀਂ ਦਸਮ ਗ੍ਰੰਥ ਨੂੰ ਅਪਣਾ ਗੁਰੂ ਮੰਨਦੇ ਹੋ ਤਾਂ ਇਹ ਜਾਣ ਲੈਣਾ ਕਿ ਤੁਸੀਂ ਗੁਰੂ ਦੇ ਸਿੱਖ ਨਹੀਂ ਹੋ। ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਕਰਕੇ-ਗਰੂ ਨਾਨਕ ਤੋਂ ਗੁਰੂ ਤੇਗ ਬਹਾਦਰ ਤੱਕ ਗੁਰੂਆਂ ਦਾ ਅਪਮਾਨ ਕਰਕੇ, ਭਗਤਾਂ ਦਾ ਅਪਮਾਨ ਕਰਕੇ ਕੀ ਫਿਰ ਵੀ ਗੁਰੂ ਦਾ ਕੋਈ ਸਿੱਖ ਬਣਿਆ ਰਹਿ ਸਕਦੈ? ਰੱਬ ਤੁਹਾਨੂੰ ਲੰਮੀ ਉਮਰ, ਦੇਹ ਅਰੋਗਤਾ, ਚੜ੍ਹਦੀ ਕਲਾ ਅਤੇ ਸੱਚ ਬੋਲਣ ਦੀ ਤਾਕਤ ਦਏ। ਮਨ ਤੋਂ ਉੱਠੇ ਸੱਚ ਨੂੰ ਦਬਾ ਦੇਣ ਨਾਲ ਜ਼ਮੀਰ ਮਰ ਜਾਂਦੀ ਹੈ ਤੇ ਜ਼ਮੀਰ ਦੇ ਮਰ ਜਾਣ ਨਾਲ ਬੰਦਾ ਕੱਖੋਂ ਹੌਲਾ ਹੋ ਜਾਦਾ ਹੈ। ਮਨ ਤੋਂ ਉੱਠੀ ਸੱਚ ਦੀ ਅਵਾਜ ਨੂੰ ਕੋਠੇ ਚੜ੍ਹ ਕਹਿਣਾ ਕਿ ਲੋਕੋ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦਾ ਨਹੀਂ ਲਿਖਿਆ। ਬਾ ਹੋਸ਼ਿਆਰ-ਜਾਗਦੇ ਰਹਿਓ।

ਪਾਤਰ : ਪਾਤਿਸ਼ਾਹ ਕਾਰੂੰ ਤੇ ਕੁਅਰਿ ਬਸੰਤ (ਸ਼ਾਹ ਸੁਤਾ) (ਚਾਰ ਸੌ ਇਕ ਚਰਿਤ੍ਰ ਪੰਨਾ ੧੩੫੫-੫੬)

### ਕਾਰੂੰ ਦਾ ਚਾਲੀ ਗੰਜ ਧਨ ਚੋਰੀ ਤੇ ਵਿਚਾਰਾ ਮਾਰਿਆ ਗਿਆ :

ਪਾਤਿਸ਼ਾਹ ਕਾਰੂੰ ਜਿਹਦੀ ਧਾਂਕ ਚਾਰ ਚੁਫੇਰੇ ਤੇ ਚਾਲੀ ਗੰਜ ਧਨ ਦਾ ਮਾਲਿਕ ਤੇ ਇਕ ਸ਼ਾਹ ਦੁਲਾਰੀ ਦੀਵਾਨੀ ਹੋ ਗਈ। ਉਸ ਨੇ ਅਪਣੀ ਇਕ ਸਹੇਲੀ ਨੂੰ ਉਸ ਪਾਸ ਭੇਜਿਆ ਕਿ ਕੁਅਰਿ ਬਸੰਤ ਤੇਰੇ ਤੇ ਫਿਦਾ ਹੋ ਗਈ ਐ :-

*ਚੌਪਈ ॥ ਕੁਅਰਿ ਕੁਅਰਿ ਕੀ ਬਾਤ ਬਖਾਨੀ ॥ ਰਾਜ ਕੁਅਰਿ ਕਰਿ ਏਕ ਨ ਮਾਨੀ ॥*
*ਇਮਿ ਸਖਿ ਜਾਇ ਤਾਹਿ ਸੁਧਿ ਦਈ ॥ ਕੁਅਰਿ ਬਸੰਤ ਰਿਸਾਕੁਲ ਭਈ ॥੫॥*
(ਚਾਰ ਸੌ ਇਕ ਚਰਿਤ੍ਰ ਪੰਨਾ ੧੩੫੫)

ਕੁੜੀ ਨੇ ਓਦੋਂ ਹੀ ਇਕ ਸੁਰੰਗ ਖੋਦੀ (ਪਤਾ ਨਹੀਂ ਕੱਲੀ ਨੇ ਜਾਂ ਪੂਰੇ ਪਿੰਡ ਨਾਲ ਮਿਲ ਕੇ) ਤੇ ਕਾਰੂੰ ਦਾ ਚਾਲੀ ਗੰਜ ਜੋੜਿਆ ਧਨ ਚੁਰਾ ਲਿਆ। ਕਾਰੂੰ ਬੜਾ ਰੋਇਆ ਪਿੱਟਿਆ ਲੋਕਾਂ ਨੂੰ ਸੱਦਿਆ ਕਹਿੰਦਾ ਅਜਿਹਾ ਕੀ ਕੁਕਰਮ ਹੋ ਗਿਆ ਜਿਹੜਾ ਧਨ ਹੱਥੋਂ ਗਿਆ ਲੋਕ ਕਹਿੰਦੇ ਤੂੰ ਦਾਨ ਪੁੰਨ ਤਾਂ ਕਦੇ ਕੀਤਾ ਈ-ਨੀ ਤਾਂਹੀਓ ਧਨ ਚੋਰੀ ਹੋਇਆ ਹੈ। ਅਖੀਰ ਉਸ ਨੇ ਕੁੜੀ ਨਾਲ ਸ਼ਾਦੀ ਕਰ ਹੀ ਲਈ ਤੇ ਫਿਰ ਉਸ ਨੇ ਕਾਰੂੰ ਮਾਰ ਦਿੱਤਾ :-

*ਦੋਹਰਾ ॥ ਇਹ ਚਰਿਤ੍ਰ ਤਿਨ ਚੰਚਲਾ ਸਕਲ ਦਰਬ ਹਰਿ ਲੀਨ॥*
*ਇਹ ਬਿਧਿ ਕੈ ਕਾਰੂੰ ਹਨਾ ਨਾਥ ਜੁਹਾਂ ਕਹਿ ਕੀਨ ॥੧੧॥* (ਚਾਰ ਸੌ ਇਕ ਚਰਿਤ੍ਰ ਪੰਨਾ ੧੩੫੫)

ਕਵੀ ਕਹਿੰਦਾ ਅੱਜ ਤੱਕ ਲੋਕਾਂ ਨੂੰ ਨਹੀਂ ਪਤਾ ਬਈ ਕਾਰੂੰ ਪਤਾਸ਼ਾਹ ਕਿਵੇਂ ਮਰਿਆ :-

*ਚੌਪਈ ॥ ਲੋਗ ਆਜੁ ਲਗਿ ਬਾਤ ਨ ਜਾਨਤ ॥ ਗੜ੍ਹਾਗੰਜ ਅਜੈ ਲੋਗ ਬਖਾਨਤ ॥*

*ਐਸੇ ਚਰਿਤ੍ਰ ਚੰਚਲਾ ਕਰਾ ॥ ਕਾਰੂੰ ਮਾਰ ਜੁਹਾ ਕਹਿ ਬਰਾ ॥੧੨॥* (ਚਾਰ ਸੌ ਇਕ ਚਰਿਤ੍ਰ ਪੰਨਾ ੧੩੫੫)

ਨੋਟ :- ਕੀ ਗੁਰੂ ਗੋਬਿੰਦ ਸਿੰਘ ਜੀ ਕਾਰੂੰ ਜਿਹੇ ਜ਼ਾਲਿਮ ਰਾਜੇ ਨੂੰ ਪਾਤਸ਼ਾਹ ਕਹਿ ਸਕਦੇ ਹਨ ? ਕੀ ਕਦੇ ਕਿਸੇ ਬੰਦੇ ਦੇ ਪੁੱਤ ਲਈ ਗੁਰੂ ਜੀ ਨੇ ਪਾਤਸ਼ਾਹ ਸ਼ਬਦ ਵਰਤਿਆ ? ਜਿਥੋਂ ਤੱਕ ਮੇਰਾ ਇਲਮ ਹੈ ਬਈ ਗੁਰੂ ਨੇ ਰੱਬ ਤੋਂ ਬਿਨਾ ਕਿਸੇ ਨੂੰ ਪਾਤਸ਼ਾਹ ਮੰਨਿਆ ਹੀ ਨਹੀਂ । ਫਿਰ ਕਾਵਿ ਰਚਨਾ ਤੇ ਪਾਤਸ਼ਾਹੀ ੧੦ ਜੜ੍ਹ ਕੇ ਗੁਰੂ ਦਾ ਘੋਰ ਅਪਮਾਨ ਹੋਇਆ ਹੈ ਕਿ ਨਾ ? ਇਸ ਦੇ ਦੋਖੀ ਕੌਣ ਹੋਏ ਪੁਜਾਰੀ ਜਾਂ ਗੁਰੂ ਦੇ ਸਿੱਖ ? ਕੀ ਗੁਰੂ ਧਨ ਚੋਰੀ ਕਰਨ ਦੀ ਸਿੱਖਿਆ ਦੇਣਗੇ ? ਕੀ ਗੁਰੂ ਨੇ ਕਦੇ ਕਿਸੇ ਦਾ ਕਤਲ ਕਰਨ ਨੂੰ ਕਿਹਾ ? ਹੋ ਸਕੇ ਤਾਂ ਜਵਾਬ ਲੱਭਣ ਦੀ ਕੋਸ਼ਿਸ ਕਰਨੀ । ਤੁਹਾਡਾ ਧੰਨਵਾਦ ਤੇ ਜਾਗਦੇ ਰਹਿਓ !

## ਸ਼ਹਿਰ : ਚਿੰਜੀ

(ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬-੫੮)

## ਪਗੜੀ ਉਤਾਰ ਕੇ ਰਾਜੇ ਦੇ ਸਿਰ ਚ ਸੋਲਾਂ ਸੌ ਜੁੱਤੀ ਮਾਰੀ

ਪਾਤਰ : ਚਿੰਗਸ ਸੈਨ (ਨਰਾਧਿਪ), ਗੈਹਰ ਮਤੀ (ਨਾਰਿ), ਬਲਵੰਡ ਸਿੰਘ (ਸ਼ਾਹ) ਤੇ ਸਦਾ ਕੁਅਰਿ (ਸੁਤ) : ਚਿੰਜੀ ਸ਼ਹਿਰ ਦੇ ਰਾਜਾ ਚਿੰਗਸ ਸੈਨ ਦੀ ਨਾਰ ਗੈਹਰਮਤੀ ਵਰਗੀ ਸੋਹਣੀ ਸੁਰਪੁਰ ਵਿੱਚ ਹੋਰ ਕੋਈ ਨਹੀਂ। ਉੱਥੇ ਇਕ ਸ਼ਾਹ ਬਲਵੰਡ ਅਪਣੀ ਧੀ ਸਦਾ ਕੁਅਰਿ ਨਾਲ ਰਹਿੰਦਾ। ਓਹ ਚਮੇਲੀ ਦੇ ਫੁੱਲ ਵਰਗੀ ਸੋਹਣੀ ਕੁੜੀ ਨੇ ਜਦ ਰਾਜੇ ਨੂੰ ਦੇਖਿਆ ਤਾਂ ਸਰੀਰਕ ਠੰਢ ਭੱਜ ਗਈ। ਉਸ ਨੇ ਇਕ ਸਹੇਲੀ ਬੁਲਾਈ ਕਹਿੰਦੀ ਰਾਜੇ ਨੂੰ ਕਹੀਂ ਮੈਂ ਤੇਰਾ ਰੂਪ ਦੇਖ ਕੇ ਦੀਵਾਨੀ ਹੋ ਗਈ ਹਾਂ । ਮੇਰਾ ਕਾਮ ਦਾ ਤਾਪ ਸਿਖਰਾਂ ਤੇ ਹੈ । ਇਕ ਵਾਰ ਮੈਨੂੰ ਬੁਲਾ ਕੇ ਤਪਿਆ ਕਾਮ ਠੰਢਾ ਕਰੋ :-

*ਮੈਂ ਤਵ ਰੂਪ ਨਿਰਖਿ ਉਰਝਾਨੀ ॥ ਮਦਨ ਤਾਪ ਤੇ ਭਈ ਦਿਵਾਨੀ ॥*

*ਏਕ ਬਾਰ ਤੁਮ ਮੁਝੈ ਬੁਲਾਵੋ ॥ ਕਾਮ ਤਪਤ ਕਰਿ ਕੇਲ ਮਿਟਾਵੋ ॥੫॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬)

ਜੇ ਤੂੰ ਅਪਣੇ ਘਰ ਮੈਨੂੰ ਨਹੀਂ ਬੁਲਾ ਸਕਦਾ ਤਾਂ ਮੇਰੇ ਘਰ ਆ ਜਾਓ ਤੇ ਆ ਕੇ ਮੇਰੇ ਸੰਗ ਜਵਾਨੀ ਦਾ ਰਸ ਮਾਣੋ। ਰਾਜੇ ਨੇ ਉਸ ਨੂੰ ਘਰ ਨਾ ਸੱਦਿਆ ਤੇ ਆਪ ਚਲਿਆ ਗਿਆ। ਕੁੜੀ ਨੇ ਦੀਵੇ ਬਾਲ ਉਸ ਦੀ ਆਰਤੀ ਉਤਾਰੀ, ਰਾਜੇ ਨੂੰ ਧੁਪ ਦੇ ਕੇ ਧੁਖਾਇਆ, ਸੇਜ ਤੇ ਬਿਠਾ ਕੇ ਭਾਂਗ ਅਫੀਮ ਸ਼ਰਾਬ ਮੰਗਾਈ ਕਹਿੰਦੀ ਪਹਿਲਾਂ ਇਹ ਪੀਓ ਤੇ ਫਿਰ ਮੇਰੇ ਨਾਲ ਭੋਗ ਕਰੋ :-

*ਸੁਭਰ ਸੇਜ ਊਪਰ ਬੈਠਾਯੋ ॥ ਭਾਂਗ ਅਫੀਮ ਸ਼ਰਾਬ ਮੰਗਾਯੋ ॥*

*ਪ੍ਰਥਮ ਕਹਾ ਨ੍ਰਿਪ ਸੌ ਇਨ ਪੀਜੈ ॥ ਬਹੁਰਿ ਮੁਝੈ ਮਦ ਨੰਕੁਸ ਦੀਜੈ ॥੮॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬)

ਰਾਜਾ ਸੁਣ ਕੇ ਰਾਜੀ ਨਾ ਹੋਇਆ ਓਹ ਜੰਮ ਦੇ ਡੰਡੇ ਤੋਂ ਡਰ ਗਿਆ ਕਹਿੰਦਾ :-

*ਕਹਯੋ ਨ ਮੈ ਤੌਸੌ ਰਤਿ ਕਰਿਹੋ ॥ ਘੋਰ ਨਰਕ ਮੋ ਭੂਲਿ ਨ ਪਰਿਹੌ ॥੯॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬)

ਜਿਉਂ ਜਿਉਂ ਔਰਤ ਗਲ ਚ ਪੱਲੂ ਪਾ ਕੇ ਰਾਜੇ ਦੀਆਂ ਅੱਖਾਂ ਚ ਅੱਖਾਂ ਪਾ ਉਸ ਨੂੰ ਨਿਹਾਰਦੀ ਕਿ:-

*ਹਾਇ ਹਾਇ ਮੁਹਿ ਭੂਪਤਿ ਭਜਿਯੈ ॥ ਕਾਮ ਕ੍ਰਿਯਾ ਮੋਰੇ ਸੰਗ ਸਜਿਯੈ ॥੧੦॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬)

ਰਾਜਾ ਨਾਂਹ ਕਰੀਂ ਜਾਏ ਤੇ ਕੁੜੀ ਓਹਦੇ ਪੈਰੀਂ ਪਈਂ ਜਾਏ ਤੇ ਆਖੀਂ ਜਾਏ :-

*ਹਹਾ ਨ੍ਰਿਪਤਿ ਮੁਹਿ ਕਰਹੁ ਬਿਲਾਸਾ ॥ ਕਾਮ ਭੋਗ ਕੀ ਪੁਰਵਹੁ ਆਸਾ ॥੧੧॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬)

ਜਦ ਰਾਜਾ ਨਾ ਮੰਨਿਆ ਤਾਂ ਕਹਿੰਦੀ :-

*ਹਾਇ ਹਾਇ ਮੁਹਿ ਭੋਗ ਨ ਕਰਈ ॥ ਤਾਂਤੇ ਜੀਅ ਹਮਾਰਾ ਜਰਈ ॥੧੨॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੬)

ਕੁੜੀ ਰਾਜੇ ਦਾ ਸਖ਼ਤ ਰੁਖ ਦੇਖ ਕੇ ਕਹਿੰਦੀ :-

*ਸਵੈਯਾ ॥ ਆਸਨ ਔਰ ਅਲਿੰਗਨ ਚੁੰਬਨ ਆਜੁ ਭਲੇ ਤੁਮਰੇ ਕਸਿ ਲੈਹੌ ॥*

*ਰੀਝਿ ਹੈਂ ਜੌਨ ਉਪਾਇ ਗੁਮਾਨੀ ਤੈਂ ਤਾਹਿ ਉਪਾਇ ਸੋ ਤੋਹਿ ਰਿਝੈਹੌ ॥*

*ਪੋਸਤ ਭਾਂਗ ਅਫੀਮ ਸ਼ਰਾਬ ਖਵਾਇ ਤੁਮੈ ਤਬ ਆਪੁ ਚੜੈ ਹੌ ॥*

*ਕੋਟ ਉਪਾਵ ਕਰੌ ਕਯੋਂ ਨ ਮੀਤ ਪੈ ਕੇਲ ਕਰੇ ਬਿਨੁ ਜਾਨ ਨ ਦੈ ਹੌ ॥੧੩॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੭)

ਕਹਿੰਦੀ ਕਿੰਨੀਆਂ ਗੱਲਾਂ ਬਣਾ ਮੈਂ ਤੇਰੇ ਨਾਲ ਭੋਗ ਕਰਨ ਤੋਂ ਟਲਣ ਵਾਲੀ ਨਹੀਂ । ਤੂੰ ਅੱਜ ਮਿਲਿਆ ਹੈਂ ਮੈਂ ਤੇਰਾ ਰੂਪ ਤੱਕ ਕੇ ਜਲਾਂਗੀ, ਮੈਂ ਤੇਰੇ ਲਈ ਹਾਰ ਸ਼ਿੰਗਾਰ ਘਰ ਬਾਰ ਸਭ ਇਕੋ ਵਾਰ ਤੱਜ ਦਊਂਗੀ, ਮੇਰੇ ਨਾਲ ਇਕ ਵਾਰ ਪਿਆਰ ਕਰ ਨਹੀਂ ਤਾਂ ਦਿਲ ਫਾੜ ਕੇ ਮਰ ਜਾਊਂਗੀ, ਤੂੰ ਇਕ ਵਾਰ ਮੇਰੇ ਨਾਲ ਭੋਗ ਕਰ ਮੈਂ ਤੇਰਾ ਰੂਪ ਤੱਕ ਕੇ ਵਿੱਕ ਗਈ ਹਾਂ । ਮੈਨੂੰ ਤੇਰੇ ਤੋਂ ਬਿਨਾਂ ਹੋਰ ਕੋਈ ਠਿਕਾਣਾ ਨਹੀਂ, ਤੂੰ ਮੇਰੇ ਜਖਮ ਨਹੀਂ ਜਾਣਦਾ ਤੇ ਨਾ ਮੇਰੀ ਗੱਲ ਮੰਨਦਾ ਹੈਂ ਪਰ ਦੇਖ ਸਾਡੀ ਦੋਨਾਂ ਦੀ ਜਵਾਨੀ ਜਾ ਰਹੀ ਹੈ। ਓਹ ਤੌਰ ਭੌਰ ਹੋਇਆ ਦੇਖਦਾ ਰਿਹਾ ਤੇ ਮੂੰਹੋਂ ਕੁੱਝ ਨਾ

ਬੋਲਿਆ। ਉਸ ਦੇ ਪੈਰੀਂ ਪੈਣ-ਮਿੰਨਤਾਂ ਤਰਲੇ ਕਰਨ ਦੀ ਭੋਰਾ ਕਦਰ ਨਾ ਕੀਤੀ। ਜਦ ਰਾਜਾ ਭੋਰਾ ਨਾ ਪਿਘਲਿਆ ਤਾਂ ਸ਼ਾਹ ਸੁਤਾ ਨੂੰ ਗੁੱਸਾ ਚੜ੍ਹਿਆ। ਸਹੇਲੀਆਂ ਨੂੰ ਅੱਖਾਂ ਦਾ ਇਸ਼ਾਰਾ ਕੀਤਾ ਤੇ ਰਾਜਾ ਪਕੜ ਲਿਆ। ਪਹਿਲਾਂ ਉਸ ਦੀ ਪੱਗ ਉਤਾਰੀ ਫਿਰ ਸੱਤ ਸੌ ਜੁੱਤੀ ਓਹਦੇ ਸਿਰ ਚ ਮਾਰੀ-ਕੋਈ ਉਸ ਦੀ ਮਦੱਦ ਲਈ ਨਾ ਬੌਹੜਿਆ :-

*ਪਕਰਿ ਰਾਵ ਕੀ ਪਾਗ ਉਤਾਰੀ ॥ ਪਨਹੀ ਮੂੰਡ ਸਾਤ ਸੈ ਝਾਰੀ ॥*
*ਦੁਤਿਯ ਪੁਰਖ ਕੋਈ ਤਿਹ ਨ ਨਿਹਾਰੌ ॥ ਆਨਿ ਰਾਵ ਕੌ ਕਰੈ ਸਹਾਰੌ ॥੧੮॥*
*ਭੂਪ ਲਜਤ ਨਹਿ ਹਾਇ ਬਖਾਨੈ ॥ ਜਿਨਿ ਕੋਈ ਨਰ ਮੁਝੈ ਪਛਾਨੈ ॥*
*ਸ਼ਾਹ ਸੁਤਾ ਇਤ ਨ੍ਰਿਪਹਿ ਨ ਛੋਰੈ॥ ਪਨਹੀ ਵਾਹਿ ਮੂੰਡ ਪਰ ਤੋਰੈ॥੧੯॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੭)

ਰਾਜੇ ਨੇ ਸੋਚਿਆ ਬਈ ਇਹ ਹੁਣ ਮੈਨੂੰ ਮਾਰ ਦਊ ਮੇਰਾ ਤਾਂ ਕੋਈ ਹਮਦਰਦੀ ਵੀ ਨਹੀਂ ਪੁੱਜਾ :-

*ਪਨਹੀਂ ਜਬ ਸੋਰਹ ਸੈ ਪਰੀ ॥ ਤਬ ਰਾਜਾ ਕੀ ਆਂਖ ਉਘਰੀ ॥*
*ਇਹ ਅਬਲਾ ਗਹਿ ਮੋਹਿ ਸੰਘਰਿ ਹੈ ॥ ਕਵਨ ਆਨਿ ਹਯਾਂ ਮੁਝੈ ਉਬਰਿ ਹੈ ॥੨੧॥*
*ਪੁਨਿ ਰਾਜਾ ਇਹ ਭਾਂਤਿ ਬਖਾਨੋ ॥ ਮੈਂ ਤ੍ਰਿਯ ਤੋਰ ਚਰਿੱਤ੍ਰ ਨ ਜਾਨੋ ॥*
*ਅਬ ਜੁਤਿਨ ਸੌ ਮੁਝੈ ਨ ਮਾਰੋ ॥ ਜੌ ਚਾਹੌ ਤੌ ਆਨਿ ਬਿਹਾਰੋ ॥੨੨॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੭)

ਸ਼ਾਹ ਦੀ ਧੀ ਨੇ ਜਦ ਇਹ ਸੁਣਿਆ ਤਾਂ ਅੱਖਾਂ ਦੇ ਇਸ਼ਾਰੇ ਨਾਲ ਸਖੀਆਂ ਨੂੰ ਪਰੇ ਹਟਾ ਦਿੱਤਾ ਤੇ ਆਪ ਚਲ ਕੇ ਰਾਜੇ ਪਾਸ ਗਈ ਤੇ ਫਿਰ :-

*ਸ਼ਾਹ ਸੁਤਾ ਜਬ ਯੌ ਸੁਨਿ ਪਾਈ ॥ ਨੈਨ ਸੈਨ ਦੈ ਸਖੀ ਹਟਾਈ ॥*
*ਆਪੁ ਗਈ ਰਾਜਾ ਪਹਿ ਧਾਇ ॥ ਕਾਮ ਭੋਗ ਕੀਨਾ ਲਪਟਾਇ ॥੨੩॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੮)

ਪੋਸਤ ਭਾਂਗ ਅਫੀਮ ਦੇ ਰੰਗ ਚ ਘੋਲਿਆ ਆਪਣਾ ਰੰਗ :-

*ਪੋਸਤ ਭਾਂਗ ਅਫੀਮ ਮਿਲਾਇ ॥ ਆਸਨ ਤਾ ਤਰ ਦਿਯੋ ਬਨਾਇ ॥*
*ਚੁੰਬਨ ਰਾਇ ਅਲਿੰਗਨ ਲਏ ॥ ਲਿੰਗ ਦੇਤ ਤਿਹ ਭਗ ਮੋ ਭਏ ॥੨੪॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੮)

ਲਿੰਗ ਅੰਦਰ ਜਾਣ ਦੀ ਦੇਰ ਸੀ ਫਿਰ :-

*ਭਗ ਮੋ ਲਿੰਗ ਦਿਯੋ ਰਾਜਾ ਜਬ ॥ ਰੁਚਿ ਉਪਜੀ ਤਰਨੀ ਕੇ ਜਿਯ ਤਬ ॥*
*ਲਪਟਿ ਲਪਟਿ ਆਸਨ ਤਰ ਗਈ ॥ ਚੁੰਬਨ ਕਰਤ ਭੁਪਨ ਕੇ ਭਈ ॥੨੫॥*
*ਗਹਿ ਗਹਿ ਤਿਹ ਕੋ ਗਰੇ ਲਗਾਵਾ ॥ ਆਸਨ ਸੌ ਆਸਨਹਿ ਛੁਹਾਵਾ ॥*
*ਅਧਰਨ ਸੌ ਦੋਊ ਅਰਧ ਲਗਾਈ॥ ਦੁਹੂੰ ਕੁਚਨ ਸੌ ਕੁਚਨ ਮਿਲਾਈ॥੨੬॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੮)

ਇਸ ਤਰ੍ਹਾਂ ਰਾਜੇ ਨੇ ਸ਼ਾਹ ਦੀ ਧੀ ਨਾਲ ਭੋਗ ਕਰ ਕੇ ਅਪਣਾ ਰਾਹ ਪਕੜਿਆ :-

*ਇਹ ਬਿਧਿ ਭੋਗ ਕਿਯਾ ਰਾਜਾ ਤਨ ॥ ਜਿਹ ਬਿਧਿ ਰੁਚਾ ਚੰਚਲਾ ਕੇ ਮਨ ॥*
*ਬਹੁਰੌ ਰਾਵ ਬਿਦਾ ਕਰਿ ਦਿਯੋ॥ ਅਨਤ ਦੇਸ ਕੋ ਮਾਰਗ ਲਿਯੋ॥੨੭॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੮)

ਕਈ ਦਿਨਾਂ ਬਾਦ ਰਾਜੇ ਨੇ ਸ਼ਾਹ ਸੁਤਾ ਨੂੰ ਦੁਬਾਰਾ ਬੁਲਾਇਆ ਤੇ ਅਪਣੀ ਰਾਣੀ ਬਣਾ ਲਿਆ :-

*ਦੋਹਰਾ ॥ ਕਿਤਕ ਦਿਨਨ ਨ੍ਰਿਪ ਚੰਚਲਾ ਪੁਨਿ ਵਹੁ ਲਈ ਬੁਲਾਇ ॥*
*ਰਾਨੀ ਕਰ ਰਾਖੀ ਸਦਨ ਸਕਾ ਨ ਕੌ ਛਲ ਪਾਇ ॥੨੮॥* (ਚਾਰ ਸੌ ਦੋਇ ਚਰਿਤ੍ਰ ਪੰਨਾ ੧੩੫੮)

ਨੋਟ :- ਅਸੀਂ ਅਨੇਕਾਂ ਹੀ ਕਾਵਿ ਰਚਨਾਂ ਚ ਸਿੱਖਾਂ ਦਾ ਘੋਰ ਅਪਮਾਨ ਪੜ੍ਹ ਚੁੱਕੇ ਹਾਂ ਕਿ ਸਿੱਖ ਨਮਰਦ ਹੁੰਦੇ ਹਨ। ਓਹ ਅਪਣੀਆਂ ਔਰਤਾਂ ਜੋਗੇ ਵੀ ਨਹੀਂ, ਉਨ੍ਹਾਂ ਦੀਆਂ ਔਰਤਾਂ ਗੈਰ ਮਰਦਾਂ ਨਾਲ ਖੇਹ ਖਾਂਦੀਆਂ ਹਨ, ਸਿੱਖ ਧੀਆਂ ਦੇ ਆਚਰਣ ਦੀਆਂ ਜੋ ਧੱਜੀਆਂ ਉਡਾਈਆਂ ਗਈਆਂ ਓਹ ਵੀ ਅਸੀਂ ਪੜ੍ਹੀਆਂ ਤੇ ਆਹ ਤਾਜਾ ਕਾਵਿ ਰਚਨਾ ਨੇ ਹੱਦ ਹੀ ਲਾਹਤੀ। ਕੁੜੀ ਦਾ ਆਚਰਣ ਐਨਾ ਗਿਰੀ ਪੱਧਰ ਦਾ ਦਿਖਾਇਆ ਰਹੇ ਰੱਬ ਦਾ ਨਾਂ ਓਹ ਵੀ ਪੋਸਤ ਭਾਂਗ ਅਫੀਮ ਖਾ ਖਾ ਕੇ ਪਰਾਏ ਮਰਦਾਂ ਦਾ ਭੋਗਣਾ। ਕੀ ਇਸੇ ਨੂੰ ਦਸਮ ਗ੍ਰੰਥ ਕਹਿੰਦੇ ਓ ਜੀ ? ਕੀ ਇਹ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ? ਕੀ ਗੁਰੂ ਗੋਬਿੰਦ ਸਿੰਘ ਜੀ ਪੋਸਤ ਭਾਂਗ ਅਫੀਮ ਖਾ ਕੇ ਕੁੜੀਆਂ ਨੂੰ ਪਰਾਏ ਮਰਦ ਭੋਗਣ ਦੀ ਸਿੱਖਿਆ ਦੇ ਗਏ ਹਨ ? ਕੀ ਰਹਿਤ ਮਰਿਯਾਦਾ ਇਹੋ ਸਿੱਖਿਆ ਦੇਂਦੀ ਹੈ ? ਸਾਡੇ ਢੀਠ ਤੇ ਬੇਸ਼ਰਮ ਪੁਜਾਰੀ ਕਦ ਤੱਕ ਸਿੱਖ ਕੌਮ ਦੀ ਬੇਇੱਜਤੀ ਕਰਦੇ ਰਹਿਣਗੇ ? ਕਦੋਂ ਤੱਕ ਸੰਤ ਸਾਧ ਔਰਤਾਂ ਦਾ ਸ਼ੋਸਣ ਕਰਦੇ ਰਹਿਣੇ ? ਆਖਰ ਕਦੋਂ ਤੱਕ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਹੁੰਦਾ ਰਹੇਗਾ ? ਆਖਰ ਕਦੋਂ ਤੱਕ ਕਦੋਂ ਤੱਕ... ਕਦੋਂ ਤੱਕ... ਕਦੋਂ ਤੱਕ... ਕਦੋਂ ਤੱਕ ਪੁਜਾਰੀਓ ਉੱਤਰ ਦਿਓ।

## ਨਗਰ : ਅਨਦਾਵਤੀ

(ਚਾਰ ਸੌ ਤੀਨ ਚਰਿਤ੍ਰ ਪੰਨਾ ੧੩੫੮-੫੯)

ਪਾਤਰ : ਰਾਇ ਸਿੰਘ (ਰਾਜਾ), ਸ਼ਿਵਦੇਈ (ਨਾਰਿ) ਤੇ ਸ਼ਿਵਾਮਤੀ

ਲੈ ਰਾਜਾ ਇਕ ਹੋਰ ਸਾਖੀ ਸੁਣ। ਅਨਦਾਵਤੀ ਨਗਰ ਦੇ ਰਾਇ ਸਿੰਘ ਰਾਜਾ ਦੀ ਖ਼ੂਬਸੂਰਤ ਔਰਤ ਸ਼ਿਵਦੇਈ ਬੜੀ ਰੂਪਮਾਨ ਤੇ ਗੁਨਵਾਨ। ਰਾਜਾ ਆਪ ਚਰਿਤ੍ਰ ਬਣਾਉਂਦਾ ਤੇ ਲਿਖ ਲਿਖ ਕੇ ਪੜ੍ਹ ਕੇ ਔਰਤਾਂ ਨੂੰ ਸੁਣਾਉਂਦਾ :-

*ਸ਼ਿਵਦੇਈ ਤਿਹ ਨਾਰਿ ਬਿਚੱਛਨ ॥ ਰੂਪਵਾਨ ਗੁਨਵਾਨ ਸੁਲੱਛਣ ॥*
*ਰਾਜਾ ਆਪੁ ਚਰਿੱਤ੍ਰ ਬਨਾਵਤ ॥ ਲਿਖਿ ਲਿਖਿ ਪੜ੍ਹਿ ਇਸਤ੍ਰਿਯਨ ਸੁਨਾਵਤ ॥੨॥* (ਚਾਰ ਸੌ ਤੀਨ ਚਰਿਤ੍ਰ ਪੰਨਾ ੧੩੫੮)

ਨੋਟ :- ਇਸ ਕਾਵਿ ਰਚਨਾ ਤੋਂ ਸਪੱਸਟ ਹੈ ਕਿ ਹੁਣ ਤੱਕ ਦੇ ਵੱਡੇ ਵੱਡੇ ਗਪੌੜੇ ਕਵੀ ਨਸ਼ਾ ਪਾਣੀ ਛੱਕ ਕੇ ਲਿਖਦੇ ਰਹੇ ਅਤੇ ਲਿਖ ਲਿਖ ਕੇ ਔਰਤਾਂ ਅਤੇ ਮਰਦਾਂ ਨੂੰ ਸੁਣਾ ਸੁਣਾ ਕੇ ਮਨ ਪ੍ਰਚਾਵੇ ਕਰਦੇ ਰਹੇ। ਸਿੱਖ ਧਰਮ ਦੇ ਪੁਜਾਰੀਆਂ ਨੇ ਇਸ ਗੰਦ ਮੰਦ ਤੇ ਪਾਤਸ਼ਾਹੀ ੧੦ ਲਿਖ ਕੇ ਵੱਡਾ ਗੁਨਾਹ ਅਤੇ ਕੁਕਰਮ ਕੀਤਾ ਹੈ । ਉਨ੍ਹਾਂ ਦੁਆਰਾ ਕੀਤੀਆਂ ਕਈ ਕਈ ਕਿਲੋਮੀਟਰ ਲੰਮੀਆਂ ਅਰਦਾਸਾਂ ਇਕ ਧੋਖਾ ਤੇ ਫਰੇਬ ਲੱਗਦੀਆਂ ਹਨ। ਕਿਤੇ ਇਹ ਨਾ ਸਮਝ ਬੈਠਿਓ ਬਈ ਮੈਂ ਅਰਦਾਸ ਕਰਨ ਦੇ ਵਿਰੁੱਧ ਹਾਂ । ਮੈਂ ਕਹਿੰਦਾ ਹਾਂ ਕਿ ਇਕ ਪਾਸੇ ਗੁਰੂ ਦਾ ਅਪਮਾਨ ਤੇ ਦੂਜੇ ਪਾਸੇ ਅਰਦਾਸ ?

ਜਦ ਸ਼ਿਵਮਤੀ ਨੇ ਇਹ ਸੁਣਿਆ ਤਾਂ ਬਹਿਸ ਕੇ ਕਹਿੰਦੀ ਕਿ ਮੈਂ ਇਸੇ ਕੰਬਖਤ ਨਾਲ ਭੋਗ ਕਰ ਕੇ ਇਸੇ ਤੋਂ ਚਰਿਤ੍ਰ ਲਿਖਵਾਵਾਂਗੀ :-

*ਸ਼ਿਵਾਮਤੀ ਇਹ ਬਿਧਿ ਜਬ ਸੁਨੀ ॥ ਅਧਿਕ ਬਿਹਸਿ ਕਰਿ ਮੂੰਡੀ ਧੁਨੀ ॥*
*ਅਸ ਕਰਿ ਇਸੈ ਚਰਿੱਤ੍ਰ ਦਿਖਾਊਂ ॥ ਯਾਹ ਭਜੋ ਯਾਹੀ ਤੇ ਲਿਖਾਊਂ ॥੩॥* (ਚਾਰ ਸੌ ਤੀਨ ਚਰਿਤ੍ਰ ਪੰਨਾ ੧੩੫੮)

ਕਿਵੇਂ ਨਾ ਕਿਵੇਂ ਉਸ ਨੇ ਰਾਜੇ ਨੂੰ ਫੁਸਲਾ ਹੀ ਲਿਆ ਤੇ ਦਿਨ ਨੂੰ ਹੀ ਰਾਜੇ ਨੂੰ ਜਾ ਮਿਲੀ :-

*ਜਿਹ ਤਿਹ ਬਿਧਿ ਭੁਪਹਿ ਫੁਸਲਾਇ ॥ ਮਿਲਤ ਭਈ ਦਿਨ ਹੀਂ ਕਹ ਆਇ ॥*
*ਆਨ ਗਰੇ ਤਾਕੇ ਲਪਟਾਈ ॥ ਭਾਂਤਿ ਭਾਂਤਿ ਤਨ ਕੇਲ ਰਚਾਈ ॥੪॥*
*ਭਾਂਤਿ ਭਾਂਤਿ ਜੱਦਪ ਤਿਹ ਭਜਾ ॥ ਤਊ ਨ ਤ੍ਰਿਯ ਆਸਨ ਤਿਹ ਤਜਾ ॥*
*ਭਾਂਤਿ ਭਾਂਤਿ ਉਰ ਸੋ ਉਰਝਾਨੀ ॥ ਨਿਰਖਿ ਭੂਪ ਕਾ ਰੂਪ ਬਿਕਾਨੀ ॥੫॥* (ਚਾਰ ਸੌ ਤੀਨ ਚਰਿਤ੍ਰ ਪੰਨਾ ੧੩੫੮)

ਭੋਗ ਕਰ ਕੇ ਜਦ ਓਹ ਅਪਣੇ ਡੇਰੇ ਗਈ ਤਾਂ ਸਖੀਆਂ ਨੂੰ ਕਹਿੰਦੀ ਕਿ ਰਾਜੇ ਨੇ ਮੈਨੂੰ ਅੱਜ ਬੁਲਾਇਆ ਤਾ ਦਿਨ ਚ ਹੀ ਭੋਗ ਕਰਨ ਲੱਗ ਗਿਆ । ਜਦ ਸੱਸ ਸੌਹਰੇ ਨੇ ਸੁਣਿਆ ਤੇ ਹੋਰ ਸਭ ਔਰਤਾਂ ਨੇ ਕਿ ਰਾਜੇ ਨੇ ਇਹਦੇ ਨਾਲ ਭੋਗ ਕੀਤਾ ਐ ਤਾਂ ਲੋਕ ਸਾਰੀ ਕਹਾਣੀ ਜਾਣ ਗਏ । ਫਿਰ ਓਹ ਕਹਿੰਦੀ ਕਿ ਮੈਂ ਤਾਂ ਤੁਹਾਡਾ ਜਿਗਰਾ ਦੇਖਦੀ ਤੀ ਬਈ ਗੱਲ ਸੁਣ ਕੇ ਇਹ ਮੈਨੂੰ ਕੀ ਕਹਿੰਦੇ ਐਂ । ਚੁੱਪ ਕਰ ਜਾਂਦੇ ਐਂ ਜਾਂ ਗੁੱਸਾ ਕਰਕੇ ਲੜਦੇ ਐਂ ਕਹਿੰਦੀ :-

*ਅੜਿੱਲ ॥ ਦਿਨ ਕੋ ਐਸੋ ਕੋ ਤ੍ਰਿਯ ਕਰਮ ਕਮਾਵਈ ॥ ਦਿਖਤ ਜਾਰ ਕੋ ਧਾਮ ਨਾਰਿ ਕਿਮਿ ਜਾਵਈ ॥*
*ਐਸ ਕਾਜ ਕਰਿ ਕਵਨ ਕਹੋ ਕਿਮਿ ਭਾਖਿ ਹੈਂ ॥ ਹੋ ਅਪਨੇ ਚਿਤ ਕੀ ਬਾਤ ਚਿਤ ਮੋ ਰਾਖਿ ਹੈਂ ॥੯॥*
(ਚਾਰ ਸੌ ਤੀਨ ਚਰਿਤ੍ਰ ਪੰਨਾ ੧੩੫੯)

ਓਹਦੀ ਗੱਲ ਸੁਣ ਕੇ ਸਭ ਚੁਪ ਕਰ ਗਏ ਤੇ ਸੱਚ ਜਾਣ ਲਿਆ । ਜੇ ਕੋਈ ਅਜਿਹਾ ਕਰਮ ਕਰਦਾ ਵੀ ਐ ਓਹ ਲੋਕਾਂ ਨੂੰ ਤਾਂ ਨਹੀਂ ਦੱਸਦਾ ਫਿਰਦਾ :-

*ਲੋਗਨ ਕਹ ਇਹ ਬਿਧਿ ਡਹਕਾਏ ॥ ਪਿਯ ਤਨ ਪੱਤ੍ਰੀ ਲਿਖੀ ਬਨਾਇ ॥*
*ਮੋ ਪਰ ਯਾਰ ਅਨੁਗ੍ਰਹ ਕੀਜੇ ॥ ਇਹ ਭੀ ਚਰਿਤ ਗ੍ਰੰਥ ਲਿਖਿ ਲੀਜੇ ॥੧੧॥* (ਚਾਰ ਸੌ ਤੀਨ ਚਰਿਤ੍ਰ ਪੰਨਾ ੧੩੫੯)

ਨੋਟ :- ਵੱਖ ਵੱਖ ਢੰਗਾਂ ਨਾਲ ਕਵੀਆਂ ਨੇ ਆਮ ਲੋਕਾਂ ਦੇ ਮਨ ਪ੍ਰਚਾਵੇ ਲਈ ਜੋ ਮਨ ਚਿੱਤ ਆਇਆ ਲਿਖ ਦਿੱਤਾ। ਜਿਸ ਕਵੀ ਦਾ ਵਧੇਰੇ ਨੰਗੇਜ ਉਸੇ ਦੀ ਬੱਲੇ ਬੱਲੇ । ਨੰਗੇਜ ਦੇ ਨਾਲ ਨਸ਼ਾ ਪਾਣੀ ਸੋਨੇ ਤੇ ਸੁਹਾਗਾ ਹੋਰ ਕੀ ਚਾਹੀਦਾ ਸੀ ਭੋਲੇ ਇਨਸਾਨ ਨੂੰ । ਜਰਵਾਣੇ ਹਰ ਰੋਜ ਹੀ ਦਿਨ ਦੀਵੀਂ ਜਨਤਾ ਨੂੰ ਲੁੱਟਦੇ ਤੇ ਓਹ ਨਿਹੱਥੇ ਰੱਬ ਦਾ ਭਾਣਾ ਮੰਨ ਬੈਠਦੇ । ਇਸੇ ਲਈ ਤਾਂ ਅਹਿਮਦਸ਼ਾਹ ਦੇ ਨਿੱਤ ਹਮਲਿਆਂ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਅੰਦਰ ਇਹ ਵਿਚਾਰ ਪੱਕੀ ਹੋ ਗਈ ਕਿ 'ਖਾਧਾ ਪੀਤਾ ਲਾਹੇ ਦਾ ਰਹਿੰਦਾ ਅਹਿਮਦ ਸ਼ਾਹੇ ਦਾ, ਅਜਿਹੀ ਹਾਲਤ ਚ ਲੋਕਾਂ ਕੋਲ ਸਿਵਾਏ ਨਸ਼ਾ ਪਾਣੀ ਕਰਨ ਦੇ ਅਤੇ ਔਰਤਾਂ ਭੋਗਣ ਦੇ ਹੋਰ ਕੋਈ ਕੰਮ ਨਹੀਂ ਸੀ । ਜੇਕਰ ਖੇਤ ਚ ਚੰਗੀ ਫਸਲ ਹੋ ਗਈ ਤਾਂ ਵੀ ਜਿੰਮੀਦਾਰ ਦੀ ਫਸਲ ਲੁੱਟੀ ਹੀ ਜਾਣੀ ਹੈ, ਓਹ ਹਰ ਰੋਜ ਸੋਚਦੇ । ਅਜਿਹੇ ਮਹੌਲ ਚ ਕਵੀਆਂ ਨੇ ਖ਼ੂਬ ਜਨਤਾ ਦੀ ਮਨ ਪ੍ਰਚਾਵੇ ਨਾਲ ਸੇਵਾ ਕੀਤੀ। ਕਿਉਂ ਕਿ ਸਿੱਖਾਂ ਦੇ ਗੁਰਦੁਆਰਿਆਂ ਤੇ ਕਬਜਾ ਮਹੰਤਾਂ-ਸੰਤਾਂ ਸਾਧਾਂ ਤੇ ਡੇਰਿਆਂ ਦਾ ਸੀ ਤੇ ਹੁਣ ਵੀ ਹੈ ਉਨ੍ਹਾਂ ਨੇ ਸਿੱਖਾਂ ਨੂੰ ਅਨਪੜ੍ਹ ਜਾਣ ਕੇ ਗੁਰੂ ਘਰਾਂ ਚ ਇਹ ਲੱਚਰ ਕਾਵਿ ਰਚਨਾ ਲਿਆਣ ਬਾੜੀਆਂ । ਇਹ ਨਹੀਂ ਕਿ ਕਿਸੇ ਇਨ੍ਹਾਂ ਵਿਰੋਧ ਨਹੀਂ ਕੀਤਾ । ਭਾਈ ਕਾਨ੍ਹ ਸਿੰਘ ਨਾਭੇ ਤੋਂ ਲੈ ਕੇ ਕਰਮ ਸਿੰਘ ਹਿਸਟੋਰੀਅਨ ਰਾਹੀਂ ਲੰਘਦਿਆਂ ਗਿਆਨੀ ਭਾਗ ਸਿੰਘ ਅੰਬਾਲੇ ਵਾਲਿਆਂ ਤੱਕ ਬੇਅੰਤ ਸੂਝਵਾਨ ਵਿਦਵਾਨਾਂ ਨੇ ਇਸ ਦਾ ਡਟਵਾਂ ਵਿਰੋਧ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਤਾਂ ਦੁਖੀ ਹੋ ਕੇ ਲਿਖਦਾ ਹੈ ਕਿ ਸਿੱਖਾਂ ਅੰਦਰ ਬਿਬੇਕ ਦੀ ਘਾਟ ਐ ਧਰਮ

ਪ੍ਰਤੀ ਸੋਚਦੇ ਹੀ ਨਹੀਂ । ਹੁਣ ਦੇ Modern ਵੱਡੇ ਪੁਜਾਰੀਆਂ ਨੇ ਅਪਣੀ ਬਿਬੇਕ ਦੀ ਘਾਟ ਦਾ ਜਨਾਜਾ ਕੱਢਦਿਆਂ ਇਸ ਤੇ ਪਾਤਸ਼ਾਹੀ ੧੦ ਲਿਖ ਦਿੱਤਾ। ਕੀ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ ? ਇਸ ਦਾ ਫੈਸਲਾ ਹੁਣ ਵੱਡੇ ਪੁਜਾਰੀਆਂ-ਸੰਤਾਂ ਸਾਧਾਂ-ਬ੍ਰਹਮ ਗਿਆਨੀਆਂ ਨੇ ਨਹੀਂ ਬਲਕਿ ਗੁਰੂ ਨਾਨਕ ਦੇ ਸਿੱਖਾਂ ਨੇ ਕਰਨਾ ਹੈ ਦੇਖਣਾ ਹੈ ਕਿ ਗੁਰੂ ਦੇ ਲਾਲ ਇਤਿਹਾਸ ਦਾ ਨਵਾਂ ਪੰਨਾ ਕਿਵੇਂ ਸਿਰਜਦੇ ਹਨ ।

## (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੫੯-੧੩੮੮)

ਨੋਟ :- ਦਸਮ ਗ੍ਰੰਥ ਦੇ ਪੰਨਾ ੧੩੫੯ ਤੋਂ ੧੩੮੮ ਤੱਕ ਲਿਖਿਆ ਤ੍ਰਿਯ ਚਰਿਤ੍ਰ ਦਾ ਇਹ ਆਖਰੀ ਚਰਿਤ੍ਰ ਚਾਰ ਸੌ ਚਾਰ ਹੈ। ਇਹ ਓਹੋ ਹੀ ਚਰਿਤ੍ਰ ਹੈ ਜਿਸ ਵਿੱਚ ਕਬਿਯੋ ਬਾਚ ॥ ਚੌਪਈ ਲਿਖੀ ਗਈ ਹੈ। ਇਸ ਚੌਪਈ ਦਾ ਮੁਢਲਾ ਰੂਪ ਜਿਵੇਂ ਸਿੱਖ ਧਰਮ ਦੇ ਦੋਖੀਆਂ ਵਿਗਾੜਿਆ ਉਸ ਦੀ ਚਰਚਾ ਵੀ ਕੀਤੀ ਜਾਏਗੀ ।

ਕਵੀ ਸਭ ਤੋਂ ਪਹਿਲਾਂ ਅਪਣੀ ਕਾਵਿ ਰਚਨਾਂ ਦਾ ਰੰਗ ਇਸ ਤਰ੍ਹਾਂ ਬੰਨ੍ਹਦਾ ਹੈ :-

**ਸਬੁਧਿ ਬਾਚ ॥ ਚੌਪਈ ॥** ਚੰਗੀ ਅਕਲ ਦੇ ਪ੍ਰਗਟਾਵੇ ਨਾਲ ਮੈਂ ਇਹ ਬਾਚ (ਬਚਨ) ਚੌਪਈ ਦੇ ਰੂਪ ਵਿੱਚ ਲਿਖ ਰਿਹਾ ਹਾਂ। ਸੱਤਿ ਸੰਧਿ ਇਕ ਰਾਜਾ ਹੁੰਦਾ ਸੀ, ਇਹ ਓਹੀ ਰਾਜਾ ਹੈ ਜੋ ਪਹਿਲਾਂ ਕਦੇ ਸਤਿਜੁਗ ਚ ਹੋਇਆ ਸੁਣਿਆ। ਇਸ ਰਾਜੇ ਦਾ ਜਸ (ਵਡਿਆਈ) ਚੌਦਾਂ ਲੋਕਾਂ ਚ ਛਾਇਆ ਹੋਇਆ ਸੀ। ਨਾਰਦ ਰਿਖਿ ਨੇ ਤਦ ਰਾਜੇ ਨੂੰ ਬੁਲਾਇਆ ਤੇ ਸਭ ਦੇਵਤਿਆਂ ਦਾ ਰਾਜਾ ਥਾਪ ਦਿੱਤਾ। ਓਦੋਂ ਬ੍ਰਹਮਾ ਨੇ ਆਪ ਤਿਲਕ ਦਿੱਤਾ। ਉਸ ਨੇ ਰਾਜ ਪੱਕਾ ਕਰ ਕੇ ਦੈਂਤਾਂ ਨੂੰ ਮਾਰ ਭਜਾਇਆ । ਇਸ ਤਰੀਕੇ ਬਹੁਤ ਬਰਸ (ਸਾਲ) ਰਾਜ ਕੀਤਾ । ਓਦੋਂ ਦੀਰਘ ਦਾੜ੍ਹ ਦੈਂਤ ਨੇ ਜਨਮ ਲਿਆ ਤੇ ਦਸ ਸਹਸ ਛੋਹਨਿ (ਇਕ ਛੋਹਿਨ = ਹਾਥੀ 21870 ਰਥ 21870-ਘੋੜੇ 65610-ਪਿਆਦੇ109350-ਕੁੱਲ ਜੋੜ 218700x1000 = 218700000 ਕਿਉਂਕਿ ਦਸ ਸਹਸ =1000 ਦੇ) ਸੈਨਾ ਲੈ ਕੇ ਰਾਜੇ ਤੇ ਹਮਲਾ ਕਰ ਦਿੱਤਾ। ਸਭ ਦੇਵਤਿਆਂ ਨੇ ਸੁਣਿਆ ਬਈ ਦੀਰਘ ਦਾੜ੍ਹ ਦੈਂਤ ਨੇ ਹਮਲਾ ਕਰ ਦਿੱਤਾ ਹੈ। ਉਨ੍ਹਾਂ (ਦੇਵਤਿਆਂ) ਨੇ ਬੀਸ ਸਹਸ ਛੋਹਿਨ (437400000) ਸੈਨਾ ਲੈ ਕੇ ਦੈਂਤ ਨਾਲ ਮੁਕਾਬਲਾ ਕੀਤਾ-ਸੂਰਜ ਨੂੰ ਸੈਨਾਪਤੀ ਬਣਾਇਆ ਤੇ ਸੱਜੇ ਪਾਸੇ ਓਹਦੇ ਚੰਦ੍ਰਮਾ ਰੱਖਿਆ-ਖੱਬੇ ਪਾਸੇ ਕਾਰਤਿਕ ਨੂੰ ਰੱਖਿਆ ਜਿਹੜਾ ਕਦੇ ਨਹੀਂ ਹਾਰਿਆ। ਇਸ ਦਿਸ਼ਾ ਤੋਂ ਦੇਵਤਿਆਂ ਧਾਵਾ ਬੋਲਿਆ ਤੇ ਓਸ ਦਿਸ਼ਾ ਤੋਂ ਦੈਂਤਾਂ ਨੇ। ਕਈ ਤਰ੍ਹਾਂ ਦੇ ਬਾਜੇ ਵੱਜੇ ਤੇ ਦੋਨਾਂ ਪਾਸਿਆਂ ਤੋਂ ਸੂਰਮੇ ਗਰਜੇ। ਢੋਲ ਤੇ ਦੱਗੇ ਤੇ ਦੱਗਾ ਤੇ ਨਗਾਰੇ ਤੇ ਚੋਟਾਂ (ਇਹ ਐਵੇ ਹੀ ਨਹੀਂ ਬਲਕਿ) ਦਾਰੂ ਪੀ ਪੀ ਕੇ ਹੋ ਕੇ ਮਸਤ ਤੀਸ ਛੂਹਨਿ ਸੈਨਾ (656100000 ਬਾਬਤ ਅੱਖਰੀਂ ਪੈਂਸਠ ਕਰੋੜ ਇਕਸੱਠ ਲਾਖ) ਲੈ ਕੇ ਰਾਜੇ ਨੇ ਹੱਲਾ ਬੋਲ ਦਿੱਤਾ (ਪਹਿਲਾਂ ਕਵੀ ਨੇ ਬੀਸ ਛੋਹਿਨ ਸੈਨਾ ਕਹੀ ਤੇ ਹੁਣ ਤੀਸ ਛੋਹਿਨ ਸੈਨਾ ਹੋ ਗਈ ਪਤਾ ਨਹੀਂ ਕਵੀ ਭੁੱਲ ਗਿਆ ਅਪਣੀ ਪਹਿਲੀ ਬਿਆਨੀ ਨੂੰ ਜਾਂ 437400000 ਤਰਤਾਲੀ ਕ੍ਰੋੜ ਚੌਹੱਤਰ ਲਾਖ ਸੈਨਾ ਉਸ ਨੂੰ ਘੱਟ ਲੱਗੀ ਜਿਸ ਕਰਕੇ ਹੋਰ ਵਾਧਾ ਕੀਤਾ। ਇਹ ਵੀ ਅਚੰਭੇ ਦੀ ਗੱਲ ਹੈ ਕਿ 65 ਕ੍ਰੋੜ 61 ਲੱਖ ਬੰਦੇ ਲਈ ਦਾਰੂ ਦਾ ਬੰਦੋਬਸਤ ਕਿਵੇਂ ਕੀਤਾ ਤੇ ਨਾ ਹੀ ਦੱਸਿਆ ਬਈ ਓਹ ਊਂਟਾਂ ਤੇ ਲੱਦ ਕੇ ਲਿਆਂਦੀ ਜਾਂ ਗੱਡਿਆਂ ਤੇ ਫਿਰ ਉਨ੍ਹਾਂ ਦੀ ਗਿਣਤੀ ਵੀ ਨਹੀਂ ਦੱਸੀ) ਭਾਂਤਿ ਭਾਂਤਿ ਦੇ ਮਾਰੂ ਰਾਗ ਵੱਜੇ ਤਾਂ ਦੀਰਘ ਦਾੜ੍ਹ ਦੈਂਤ ਰਣ ਚ ਗੱਜਿਆ-ਤਿੱਖੇ ਬਾਣਾ ਦੀ ਦੋਨਾਂ ਪਾਸਿਆਂ ਤੋਂ ਬਰਖਾ ਜਿਹਦੇ ਲੱਗਦੇ ਮੈਦਾਨ ਚ ਨਾ ਟਿਕਦਾ। ਜਦ ਦੇਵਤਿਆਂ ਹੱਲਾ ਬੋਲਿਆ ਤਾਂ ਦੈਂਤਾਂ ਨੂੰ ਗੁੱਸਾ ਚੜ੍ਹਿਆ। ਉਨ੍ਹਾਂ ਕਈ ਤਰ੍ਹਾਂ ਦੇ ਬਾਜੇ ਬਜਾਏ। ਉਸ ਨਾਲ ਖੱਤ੍ਰੀ ਈਰਖਾ ਖਾ ਕੇ ਉੱਠੇ। ਦੋਹਾਂ ਪਾਸਿਆਂ ਤੋਂ ਬੇਅੰਤ ਬਾਣ ਚਲੇ ਤੇ ਹਜਾਰਾਂ ਹੀ ਬਿਛੂਆ ਬਰਛੀ ਤੇ ਬੱਜ੍ਰ ਵੀ। ਜਿਸ ਦੇ ਭਾਰੀ ਗਦਾ ਲਗਦੀ ਓਹਦਾ ਚੂਰਮਾ ਕਰ ਛੱਡਦੀ। ਜਿਹਦੇ ਸਰੀਰ ਨੂੰ ਬਾਣ ਲੱਗ ਜਾਂਦਾ ਓਸ ਨੂੰ ਭੂਤ (ਬੀਰ) ਸਵਰਗ ਪਹੁੰਚਾ ਦੇਂਦੇ। ਇਸ ਘਮਸਾਣ ਦੀ ਲੜਾਈ ਚ ਭੂਤ ਪ੍ਰੇਤ ਬੇਤਾਲ ਖੂਬ ਨੱਚੇ। ਕਈ ਸੂਰਮੇ ਝੂਮ ਝੂਮ ਕੇ ਧਰਤੀ ਤੇ ਡਿੱਗੇ ਤੇ ਕਈਆਂ ਦੇ ਅੰਗ ਸਰੀਰ ਤੋਂ ਵੱਖ ਹੋ ਕੇ ਬਿਖਰ ਗਏ। ਐਦਾਂ ਲੱਗੇ ਜਿਵੇਂ ਲਹੂ ਦੀ ਨਦੀ ਵਗਦੀ ਐ ਏਹਨੂੰ ਦੇਖ ਕੇ ਤਾਂ ਬੈਤਰਨੀ (ਓਹ ਨਦੀ ਜਿਸ ਬਾਰੇ ਹਿੰਦੂ ਆਖਦੇ ਹਨ ਕਿ ਇਹ ਮਲ ਮੂਤਰ ਤੇ ਗੰਦਗੀ ਦੀ ਭਰੀ ਹੈ ਬੰਦਾ ਮਰਨ ਤੋਂ ਬਾਦ ਇਸ ਨਦੀ ਨੂੰ ਪਾਰ ਕਰ ਕੇ ਧਰਮ ਰਾਜ ਕੋਲ ਜਮਦੂਤਾਂ ਰਾਹੀਂ ਅੱਪੜਦਾ ਹੈ ਤੇ ਕਰਮਾਂ ਦਾ ਨਿਪਟਾਰਾ ਹੁੰਦਾ ਹੈ) ਨੂੰ ਵੀ ਸ਼ਰਮ ਆਉਂਦੀ। ਇਸ ਪਾਸੇ ਦੇਵਤਿਆਂ ਨੂੰ ਗੁੱਸਾ ਚੜ੍ਹਿਆ ਤੇ ਉਸ ਪਾਸੇ ਦੈਂਤਾਂ ਨੇ ਘੂਰੀਆਂ ਵੱਟੀਆਂ। ਗੁੱਸਾ ਖਾ ਖਾ ਕੇ ਦਿਲਾਂ ਚ ਬੜੇ ਉਬਾਲੇ ਖਾਧੇ। ਜਿਹੜੇ ਜੂਝਗੇ ਓਹ ਮੁੜ ਨਾ ਆਏ। ਕ੍ਰੋੜਾਂ ਹੀ ਕਟਕ ਫੌਜ ਦੇ ਕਟ ਮਰੇ। ਜਿਹੜੇ ਜੂਝਦਿਆਂ ਮਰ ਗਏ ਉਨ੍ਹਾਂ ਮੌਤ ਨਾਲ ਵਿਆਹ ਕੀਤਾ। ਦੋਹਾਂ ਪਾਸੇ ਹੀ ਕਾਲ ਦੀ ਪ੍ਰੇਰਨਾ ਨਾਲ ਮਰੇ :-

*ਦੋਊ ਦਿਸਿ ਮਰੇ ਕਾਲ ਕੇ ਪ੍ਰੇਰੇ ॥ ਗਿਰੇ ਭੂਮਿ ਰਨ ਫਿਰੇ ਨ ਫੇਰੇ ॥੧੪॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੦)

ਸੱਤਿ ਸੰਧਿ ਦੇਵਤਾ ਦੀਰਘ ਦਾੜ੍ਹ ਤੇ ਗੁੱਸਾ ਖਾ ਕੇ ਹਮਲੇ ਲਈ ਅੱਗੇ ਵਧਿਆ। ਬੱਜ੍ਰ ਬਾਣ ਬਿਛੂਆ ਦੇ ਫੱਟਾਂ ਨਾਲ ਸੂਰਮੇ ਘੁੰਮ ਘੁੰਮ ਗਿਰਦੇ। ਜੋਗਿਨਿ ਜੱਛ ਖੁਸ਼ੀ ਚ ਟੱਪੇ, ਭੂਤ ਪ੍ਰੇਤ ਅਲੱਗ ਨੱਚਦੇ ਫਿਰਨ ਤੇ ਕਲਿ ਸ਼ਾਹ ਨੂੰ ਬੜੀ ਉਚੀ ਉਚੀ ਸੁਣਾ ਕੇ ਬੋਲਦੇ ਜਿਸ ਨੂੰ ਸੁਣ ਕੇ ਡਰ ਲੱਗਦਾ। ਕਿਤੇਂ ਦੈਂਤ ਦੰਦ ਕੱਢੀਂ ਫਿਰਨ, ਕਿਤੇ ਸ਼ਿਵਾ ਸਾਮ੍ਹਹਿ, ਕਿਤੇ

ਭੂਤ ਤੇ ਪਿਚਾਸ ਖਿੱਚ ਖਿੱਚ ਮਾਸ ਖਾਂਦੇ। ਸਕਟਾਬਯੂਹ ਨੂੰ ਹੁਣ ਦੇਵਤਿਆਂ ਦਾ ਖਸਮ ਥਾਪਿਆ ਗਿਆ ਜਦ ਕ੍ਰੌਂਚਾਬਯੂਹ ਨੇ ਦੈਂਤਾਂ ਦਾ ਨਾਸ ਕੀਤਾ। ਲਓ ਤੁਮਲ ਯੁੱਧ ਛਿੜਿਆ, ਸੂਰਮੇ ਗੱਜੇ, ਭਾਰੀ ਜੋਧਾ ਜੂਝੇ, ਕਿਤੇ ਦੇਵਤੇ ਗਿਰੇ ਤੇ ਕਿਤੇ ਦੈਂਤ ਮਾਰੇ ਗਏ। ਬੜਾ ਭਿਆਨਕ ਜੁੱਧ ਹੋਇਆ ਪਰ ਕੋਈ ਸੂਰਮਾ ਟੱਸ ਤੋਂ ਮੱਸ ਨਾ ਹੋਇਆ। ਜੇਕਰ ਮੈਂ ਤਰਤੀਬ ਨਾਲ ਇਕ ਇਕ ਕਰਕੇ ਕਥਾ ਸੁਣਾਵਾਂ ਪਰ ਡਰਦਾ ਹਾਂ ਗ੍ਰੰਥ ਹੀ ਵੱਡਾ ਨਾ ਹੋ ਜਾਏ :-

*ਜੋ ਕ੍ਰਮ ਕ੍ਰਮ ਕਰਿ ਕਥਾ ਸੁਨਾਊਂ ॥ ਗ੍ਰੰਥ ਬਢਨ ਤੇ ਅਧਿਕ ਡਰਾਊਂ ॥੨੦॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੦)

ਪੱਤਿਆਂ ਨਾਲ ਪੱਤੇ ਭਿੜ ਕੇ ਮਰ ਗਏ, ਰਥਾਂ ਨੇ ਰਥਾਂ ਦਾ ਕਚੂਮਰ ਕੱਢਿਆ-ਹਾਥੀਆਂ ਨੇ ਦੰਦਾਂ ਨਾਲ ਸਵਰਗ ਭੇਜਿਆ ਦਲ ਦਾ ਮੁਖੀਆ ਦੂਜੇ ਦਲ ਦੇ ਮੁਖੀਏ ਨਾਲ ਲੜ ਕੇ ਮਰ ਗਿਆ ਇਸ ਤਰ੍ਹਾਂ ਕਟਕ ਦਾ ਨਾਸ ਹੋ ਗਿਆ, ਜਿਹੜੇ ਬਚੇ ਉਨ੍ਹਾਂ ਰਾਜੇ ਤੇ ਗੁੱਸਾ ਖਾ ਕੇ ਹੱਠ ਕਰਕੇ ਲੜਾਈ ਦੀ ਠਾਣ ਲਈ । ਕਈ ਤਰੀਕਿਆਂ ਨਾਲ ਦੈਂਤਾਂ ਦੇ ਰਾਜੇ ਅਤੇ ਦੇਵਤਿਆਂ ਦੇ ਰਾਜੇ ਨੇ ਰਣ ਸੰਭਾਲਿਆ । ਮੇਰੀ ਜੁਬਾਨ ਬਹੁਤਾ ਬਿਆਨ ਕਰਨ ਜੋਗੀ ਨਹੀਂ ਹਾਂ ਡਰਦਾ ਵੀ ਹਾਂ ਗ੍ਰੰਥ ਹੀ ਨਾ ਵੱਡਾ ਹੋ ਜਾਏ

*ਰਸਨਾ ਇਤੀ ਨ ਭਾਖ ਸੁਨਾਊਂ ॥ ਗ੍ਰੰਥ ਬਢਨ ਤੇ ਅਤਿ ਡਰਪਾਊਂ ॥੨੩॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੦-੬੧)

**ਭੁਜੰਗ ਪ੍ਰਯਾਤ ਛੰਦ ॥** ਕੀ ਦੱਸਾਂ ਜਿਹੜਾ ਜੰਗ ਮਚਿਆ, ਦੋਹਾਂ ਪਾਸਿਆਂ ਤੋਂ ਕੋਈ ਸੂਰਮਾ ਨਾ ਬਚਿਆ, ਤਦੋ ਦੋ ਛੱਤ੍ਰ ਧਾਰੀ ਆ ਜੂਝੇ, ਘਮਸਾਣ ਦੀ ਲੜਾਈ ਦੇਖ ਕੇ ਧਰਤੀ ਕੰਬ ਗਈ, ਲੜਾਈ ਦੀ ਧੂੜ ਐਨੀ ਉੱਠੀ ਜਿਵੇਂ ਪ੍ਰਲੋਂ ਨਹੀਂ ਕਾਲ ਦੀ ਅੱਗ ਵਰਗੀ, ਹੱਥ ਪਸਾਰਿਆਂ ਕੁੱਝ ਨਜ਼ਰ ਨਾ ਆਏ ਤੇ ਨਾ ਹੀ ਧਰਤੀ ਅਸਮਾਨ ਦਾ ਪਤਾ ਚਲੇ। ਜਦ ਤੀਹ ਸਹਸ ਛੋਹਿਨ (ਪੈਂਸਠ ਕ੍ਰੋੜ ਇਕਾਸਠ ਲਾਖ) ਫੌਜ ਜੂਝੀ ਤਾਂ ਦੋਨਾਂ ਰਾਜਿਆਂ ਨੂੰ ਬੜਾ ਗੁੱਸਾ ਚੜ੍ਹਿਆ, ਦੰਦ ਪੀਹ ਪੀਹ ਕੇ ਉਨ੍ਹਾਂ ਬਾਣਾਂ ਦੇ ਵਾਰ ਕੀਤੇ, ਓਹ ਅਪਣੇ ਅੰਦਰ ਦੇ ਗੁੱਸੇ ਨੂੰ ਪ੍ਰਤੱਖ ਪ੍ਰਗਟ ਕਰਦੇ । ਬੀਹ ਸਾਲ ਰਾਤ ਦਿਨ ਓਹ ਲੜਦੇ ਰਹੇ, ਦੋਹਾਂ ਰਾਜਿਆਂ ਚੋਂ ਕੋਈ ਪਿੱਛੇ ਨਾ ਹਟਿਆ ਤੇ ਅਖੀਰ ਚ ਇਹ ਦੋਵੇਂ ਇਕ ਦੂਜੇ ਦੇ ਵਾਰ ਨਾਲ ਮਰ ਗਏ । ਜਦ ਤੀਸ ਸਹਸ੍ਰ ਛੋਹਿਨੀ ਸੈਨਾ ਮਰ ਗਈ, ਦੋਨੇ ਰਾਜੇ ਕਰਾਰੇ ਹੱਥੀਂ ਜੂਝੇ ਤੇ ਘਮਸਾਣ ਦੀ ਲੜਾਈ ਹੋਈ ਤਾਂ ਓਦੋਂ ਇਕ ਅੱਗ ਦੀ ਲਾਟ ਉੱਠੀ ਤੇ ਉਸ ਵਿੱਚੋਂ ਨਿਕਲੀ ਇਕ ਕੁੜੀ, ਓਹ ਸਾਸਤ੍ਰ ਸੰਭਾਲ ਕੇ ਕੁੱਦੀ ਓਹਦਾ ਰੂਪ ਐਨਾ ਸੋਹਣਾ ਚੰਦ ਸੂਰਜ ਵੀ ਸ਼ਰਮਾ ਜਾਣ। ਜਦ ਕੁੜੀ ਚਾਰੋਂ ਦਿਸ਼ਾਵਾਂ ਚ ਘੁੰਮੀ ਐਦਾਂ ਲੱਗੇ ਜਿਵੇਂ ਨਾਗਣੀ ਹੋਏ। ਕਦੇ ਕਿਸੇ ਬੰਦੇ ਨੇ ਐਦਾਂ ਦੀ ਕਦੇ ਪਹਿਲਾਂ ਨਹੀਂ ਦੇਖੀ ਪਰ ਰੱਬ ਜਿਸ ਨੂੰ ਬਣਾਉਂਦਾ ਹੈ ਉਹ ਹੀ ਜਾਣਦਾ ਹੈ। ਫਿਰ ਉਸ ਨੇ ਅਪਣੇ ਜੀਯ ਚ ਐਦਾਂ ਸੋਚਿਆ ਕਿ ਮੈਂ ਜਗਤ ਦੇ ਪਤੀ ਨਾਲ ਵਿਆਹ ਕਰਾਂ, ਫਿਰ ਤਾਂ ਗਰੀਬਾਂ ਦੀ ਸੇਵਾ ਨਿਮਾਣੀ ਹੋ ਕੇ ਕਰੂੰ ਜਿਸ ਨਾਲ ਕਾਲਿਕਾ ਦੇਵਾ ਪ੍ਰਸੰਨ ਹੋ ਜਾਣਗੇ । ਉਸ ਨੇ ਬਹੁਤੀ ਪਵਿਤ੍ਰਤਾ ਨਾਲ ਮੰਤ੍ਰ ਪੜ੍ਹੇ ਤੇ ਅਨੇਕਾਂ ਤਰ੍ਹਾਂ ਦੇ ਜੰਤ੍ਰ ਲਿਖੇ, ਜਗਤ ਮਾਤਾ ਭਵਾਨੀ ਨੇ ਕ੍ਰਿਪਾ ਕੀਤੀ ਜਿਸ ਨਾਲ ਇਹ ਗੱਲ ਦੱਸੀ ਹੈ :-

*ਤਾਤੇ ਕਰੌ ਦੀਨ ਹ੍ਵੈ ਸੇਵਾ ॥ ਹੋਇ ਪ੍ਰਸੰਨ ਕਾਲਿਕਾ ਦੇਵਾ ॥*
*ਅਧਿਕ ਸੁਚਿਤ ਹ੍ਵੈ ਕੀਏ ਸੁਮੰਤ੍ਰਾ ॥ ਭਾਂਤਿ ਭਾਂਤਿ ਤਨ ਲਿਖਿ ਲਿਖ ਜੰਤ੍ਰਾ ॥*
*ਕ੍ਰਿਪਾ ਕਰੀ ਜਗਮਾਤ ਭਵਾਨੀ ॥ ਇਹ ਬਿਧ ਬਤਿਯਾ ਤਾਂਹਿ ਬਖਾਨੀ ॥੩੨॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੧)

ਨੋਟ :- ਸਿੱਖ ਧਰਮ ਜਗਤ ਜਣਨੀ ਅਕਾਲ ਪੁਰਖ ਨੂੰ ਮੰਨਦਾ ਹੈ ਕਿਸੇ ਔਰਤ ਜਾਂ ਦੇਵੀ ਨੂੰ ਨਹੀਂ। ਗੁਰੂ ਨਾਨਕ ਦਾ ਧਰਮ ਕਹਿੰਦਾ ਹੈ ਕਿ ਆਖਰ ਭਵਾਨੀ ਨੂੰ ਵੀ ਤਾਂ ਕਿਸੇ ਨੇ ਪੈਦਾ ਕੀਤਾ ਹੈ ਨਾ ਫਿਰ ਓਹ ਕੌਣ ਹੈ ? ਜੇਕਰ ਇਵੇਂ ਸਵਾਲ ਪੁੱਛਦੇ ਪੁੱਛਦੇ ਪਿੱਛੇ ਹੋਰ ਪਿੱਛੇ ਜਾਓ ਤਾਂ ਬਾਕੀ ਜੋ ਬਚਦਾ ਹੈ ਓਹ ਰੱਬ ਹੁੰਦਾ ਹੈ । ਹਾਂ ਸ੍ਰਿਸਟੀ ਨੂੰ ਰੱਬ ਨੇ ਬਣਾਇਆ ਕਿਸੇ ਭਵਾਨੀ ਨੇ ਨਹੀਂ। ਫਿਰ ਸਿੱਖ ਧਰਮ ਸੁੱਚ ਤੇ ਜੂਠ ਨੂੰ ਨਹੀਂ ਮੰਨਦਾ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬੇਅੰਤ ਸ਼ਬਦ ਹਨ ਜੋ ਬ੍ਰਾਹਮਣੀ ਫਿਲਾਸਫੀ ਨੂੰ ਨਕਾਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ ਹੈ ਕਿ ਬੰਦਾ ਜਿੰਨਾ ਮਰਜੀ ਅਪਣੇ ਆਪ ਨੂੰ ਮਾਂਜੀ ਜਾਏ ਜੂਠ ਲਹਿੰਦੀ ਹੀ ਨਹੀਂ ਤੇ ਅਖੀਰ ਚ ਮਤ ਦੇਂਦੇ ਹਨ ਕਿ ਹੇ ਚਤਰ ਪੁਜਾਰੀ ਇੰਦਰੀ (ਲਿੰਗ) ਦੀ ਜੂਠ ਤਾਂ ਕਦੇ ਉਤਰ ਹੀ ਨਹੀਂ ਸਕਦੀ ਤੂੰ ਬਹੁਤਾ ਹੁਸ਼ਿਆਰ ਬਣੀ ਫਿਰਦੈਂ। ਮੈਂ ਵੀ ਪੁਸਤਕ ਦਾ ਆਕਾਰ ਵੱਡਾ ਹੋ ਜਾਣ ਦੇ ਡਰੋਂ ਗੁਰਬਾਣੀ ਦੇ ਪ੍ਰਮਾਣ ਨਹੀਂ ਦੇ ਰਿਹਾ। ਮੈਂ ਜਾਣਦਾ ਹਾਂ ਕਿ ਗੁਰਸਿੱਖ ਸੱਚ ਅਤੇ ਝੂਠ ਦਾ ਨਿਤਾਰਾ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਨਗੇ ਹੀ ।

ਕਹਿੰਦੀ ਹੇ ਪੁੱਤ੍ਰੀ ਦਿਲ ਖੋਲ੍ਹ ਕੇ ਸ਼ੋਕ ਪੂਰੇ ਕਰ ਤੈਨੂੰ ਨਿਰੰਕਾਰ ਜਰੂਰ ਵਿਆਹੇਗਾ। ਐਦਾਂ ਕਰੀਂ ਤੂੰ ਅੱਜ ਰਾਤ ਨੂੰ ਓਹਦਾ ਧਿਆਨ ਧਰੀਂ ਓਹ ਜੋ ਕੁਛ ਤੈਨੂੰ ਕਹੇ ਓਹੀ ਕਰੀਂ :-

*ਜਬ ਅਸ ਬਰ ਤਿਹ ਦਿਯੋ ਭਵਾਨੀ ॥ ਪ੍ਰਫੁਲਿੱਤ ਭਈ ਜਗਤ ਕੀ ਰਾਨੀ ॥*
*ਅਤਿ ਪਵਿੱਤ੍ਰ ਨਿਸਿ ਹ੍ਵੈ ਛਿਤ ਸੋਈ ॥ ਜਿਹ ਠਾਂ ਔਰ ਨ ਦੂਸਰ ਕੋਈ ॥੩੪॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੧)

ਜਦ ਅੱਧੀ ਰਾਤ ਬੀਤ ਗਈ ਤਾਂ ਨਾਥ (ਖਸਮ) ਦਾ ਹੁਕਮ ਹੋਇਆ ਕਿ ਜਦ ਸ੍ਵਾਸ ਬੀਰਜ ਦੈਂਤ ਮਰੇਗਾ ਤਾਂ ਤੂੰ ਮੇਰੇ ਨਾਲ ਵਿਆਹ ਕਰਾਵੀਂ । ਇਸ ਤਰ੍ਹਾਂ ਦੇ ਹੁਕਮ ਤੋਂ ਬਾਦ ਰਾਤ ਖਤਮ ਹੋਈ ਤੇ ਦਿਨ ਚੜ੍ਹਿਆ। ਓਹਨੇ ਸ਼ਾਸਤ੍ਰ ਸੰਭਾਲੇ

ਤੇ ਸਭ ਨੂੰ ਨਾਲ ਲੈ ਕੇ ਰਣ ਚ ਜਾ ਕੁੱਦੀ । ਜਿੱਥੇ ਛੱਤਰੂ ਦਾ ਪਿੰਡ ਸੀ ਉਥੇ ਜਾ ਪਹੁੰਚੀ ਤੇ ਦਸੇ ਦਿਸ਼ਾਵਾਂ ਚ ਉਸ ਨੂੰ ਕੀਲ ਦਿੱਤਾ ਜਦ ਦੈਂਤ ਨੇ ਕੰਨੀ ਸ਼ੋਰ ਸੁਣਿਆ ਤਾਂ ਗੁੱਸਾ ਖਾ ਕੇ ਜਾਗ੍ਰਿਆ ਕਹਿੰਦਾ ਅਜਿਹਾ ਕੌਣ ਹੈ ਜਿਹੜਾ ਮੇਰੇ ਤੇ ਚੜ੍ਹ ਆਇਆ ਹੈ ਮੈਂ ਤਾਂ ਬੜਿਆਂ ਬੜਿਆਂ ਦੀਆਂ ਭਾਜੜਾਂ ਪਵਾਈਆਂ ਹਨ ਫਿਰ ਇਹ ਕਿਹੜੇ ਬਾਗ ਦੀ ਮੂਲੀ ਐ :-

*ਚੌਪਈ ॥ ਦੁੰਦਭਿ ਸੁਨਾ ਸ੍ਰਵਨ ਮਹਿ ਜਬਹੀਂ ॥ ਜਾਗਾ ਅਸੁਰ ਕੋਪ ਕਰਿ ਤਬ ਹੀਂ ॥*
*ਐਸਾ ਕਵਨ ਜੁ ਹਮ ਪਰ ਆਯੋ ॥ ਰਕਤ ਬਿੰਦ ਮੈਂ ਰਨਹਿ ਹਰਾਯੋ ॥੩੮॥*
*ਇੰਦ੍ਰ ਚੰਦ੍ਰ ਸੂਰਜ ਹਮ ਜੀਤਾ ॥ ਰਾਵਨ ਜਿਤਾ ਹਰੀ ਜਿਨ ਸੀਤਾ ॥*
*ਏਕ ਦਿਵਸ ਮੋਸੌ ਸ਼ਿਵ ਲਰਾ ॥ ਤਾਹਿ ਭਜਾਯੋ ਮੈਂ ਨਹਿ ਟਰਾ ॥੩੯॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੨)

ਬੜੇ ਗੁੱਸੇ ਨਾਲ ਸੰਖ ਵਜਾ ਕੇ ਦੈਂਤ ਸ਼ਸਤ੍ਰ ਸਜਾ ਕੇ ਆਇਆ, ਧਰਤੀ ਕੰਬੀ ਤੇ ਅਸਮਾਨ ਗੱਜਿਆ, ਇਹ ਅਤੁਲ ਬੀਰਜ ਕਿਸ ਤੇ ਗੁੱਸੇ ਹੋਇਆ ਐ । ਇਸ ਪਾਸੇ ਇਹ ਕੁੜੀ ਰੱਥ ਤੇ ਚੜ੍ਹ ਸ਼ਸਤ੍ਰ ਸਜਾ ਕੇ ਪੁੱਜੀ ਤੇ ਕਾਲ ਦੇਵਤਾ ਦੇ ਸ਼ਾਸਤ੍ਰਾਂ ਨੂੰ ਪ੍ਰਨਾਮ ਕੀਤੀ । ਜਦ ਬਾਣਾਂ ਦੇ ਜ਼ਖ਼ਮ ਲੱਗੇ ਤਾਂ ਦੇਂਤ ਨੇ ਗੁੱਸਾ ਖਾਧਾ ਤੇ ਸ੍ਵਾਸ ਸ੍ਰਮਿਤ ਦੁਆਰਾ ਬਹੁਤ ਦੈਂਤ ਪੈਦਾ ਹੋ ਗਏ। ਕੁੜੀ ਨੇ ਉਨ੍ਹਾਂ ਨੂੰ ਬਹੁਤ ਮਾਰਿਆ ਤੇ ਜਦ ਉਨ੍ਹਾਂ ਦਾ ਲਹੂ ਧਰਤੀ ਤੇ ਡਿੱਗਾ ਤਾਂ ਬੇਅੰਤ ਦੈਂਤ ਪੈਦਾ ਹੋ ਗਏ। ਓਹ ਲੋਕਾਂ ਨੂੰ ਪਕੜ ਪਕੜ ਕੇ ਖਾਂਦੇ। ਜਦ ਉਨ੍ਹਾਂ ਕੁੜੀ ਦੇ ਸੂਰਮੇ ਚਬਾਏ ਤਾਂ ਅੰਬਾਰ ਲੱਗ ਗਏ। ਜਦ ਧਰਤੀ ਤੇ ਲਹੂ ਦੀ ਬੂੰਦ ਡਿੱਗਦੀ ਤਾਂ ਦੈਂਤ ਪ੍ਰਗਟ ਹੋ ਜਾਂਦੇ। ਦੈਂਤ ਪੈਦਾ ਹੋ ਕੇ ਫਿਰ ਉੱਠ ਕੇ ਆਏ ਤੇ ਕੁੜੀ ਨੇ ਮਾਰ ਮੁਕਾਏ। ਉੱਥੇ ਲਹੂ ਦੇ ਪਰਨਾਲੇ ਚੱਲਣ ਲੱਗੇ, ਬੇਅੰਤ ਦੈਂਤ ਜਾਗੇ ਤੇ ਲੜਦੇ ਰਹੇ ਭੱਜੇ ਨਹੀਂ। ਜਦ ਚਾਰੋਂ ਤਰਫ ਦੈਂਤਾਂ ਨੇ ਜੋਰ ਫੜਿਆ ਤਾਂ ਬੜੇ ਗੁੱਸੇ ਨਾਲ ਜੰਗ ਭਖਿਆ, ਕਿਤੇ ਸਿਰ ਕੱਟੇ ਕਿਤੇ ਅੱਧੀ ਧੜ, ਕਿਤੇ ਕੇਸ ਧਾਰੀ ਸਿਪਾਹੀ ਚੰਡੇ ਗਏ, ਜਿੰਨੇ ਦੈਂਤ ਉਠੇ ਉਨੇ ਹੀ ਕੁੜੀ ਨੇ ਮਾਰ ਦਿੱਤੇ । ਦੈਂਤ ਜਿੰਨੇ ਸ੍ਵਾਸ ਛੱਡਦੇ ਹੋਰ ਦੈਂਤ ਪੈਦਾ ਹੁੰਦੇ ਤੇ ਵੱਡੇ ਹਮਲੇ ਕਰਦੇ। ਜਦ ਉਨ੍ਹਾਂ ਦੀ ਮੇਜਾ ਧਰਤੀ ਤੇ ਡਿਗਦੀ ਤਾਂ ਬੇਅੰਤ ਦੈਂਤ ਪੈਦਾ ਹੋ ਜਾਂਦੇ । ਜੇਕਰ ਉਨ੍ਹਾਂ ਦਾ ਲਹੂ ਧਰਤੀ ਤੇ ਡਿਗਦਾ ਤਾਂ ਰਥੀ ਗਜੀ ਬਾਜੀ (ਰਥ ਹਾਥੀ ਘੋੜੇ) ਹੋ ਜਾਂਦੇ, ਜਦ ਸ੍ਵਾਸ ਤਜਦੇ ਤਾਂ ਅਨੇਕਾਂ ਦੈਂਤ ਪ੍ਰਗਟ ਹੋ ਜਾਂਦੇ, ਕਿੰਨੇ ਹੀ ਦੈਂਤ ਧਰਤੀ ਤੇ ਲੜਦੇ ਮਰਦੇ ਤਾਂ ਉਨ੍ਹਾਂ ਤੋਂ ਅਨੇਕਾਂ ਦੈਂਤ ਤਨ ਧਾਰ ਲੈਂਦੇ। ਕਿੰਨੇ ਹੀ ਮਰੇ ਤੇ ਕਿੰਨੇ ਹੀ ਕੁੜੀ ਨੇ ਮਾਰੇ, ਦਸਾਂ ਦਿਸ਼ਾਵਾਂ ਚ ਦੈਂਤ ਦੇਖੇ ਜਾ ਸਕਦੇ ਸਨ । ਉਸ ਨੇ ਚਿੱਤ ਚ ਕਾਲਕਾ ਦਾ ਧਿਆਨ ਧਰਿਆ ਤਾਂ ਭਗਵਾਨ ਨੇ ਆਪ ਦਰਸ਼ਨ ਦਿੱਤਾ, ਉਸ ਦੇ ਚਰਨਾਂ ਚ ਉਠ ਕੇ ਪ੍ਰਨਾਮ ਕੀਤੀ ਤੇ ਅਨੇਕਾਂ ਤਰ੍ਹਾਂ ਨਾਲ ਬੇਨਤੀ ਕੀਤੀ :-

*ਚਿਤ ਮੋਂ ਕਿਯਾ ਕਾਲਕਾ ਧਯਾਨਾ ॥ ਦਰਸ਼ਨ ਦਿਯਾ ਆਨਿ ਭਗਵਾਨਾ ॥*
*ਕਰਿ ਪ੍ਰਨਾਮ ਚਰਨਨ ਉਠਿ ਪਰੀ ॥ ਬਿਨਤੀ ਭਾਂਤਿ ਅਨਿਕ ਤਨ ਕਰੀ ॥੫੨॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੩)

ਕਹਿੰਦੀ ਸੱਤ ਕਾਲ ਮੈਂ ਤੇਰੀ ਦਾਸੀ ਹਾਂ ਮੈਨੂੰ ਅਪਣੀ ਜਾਣ ਕੇ ਪ੍ਰਤਿਪਾਲਨਾ ਕਰੋ, ਮੇਰੇ ਗੁਣ ਔਗੁਣ ਨਾ ਦੇਖਣਾ, ਬਾਂਹ ਪਕੜੀ ਦੀ ਲਾਜ ਰੱਖਣਾ, ਹੇ ਮਹਾਂਰਾਜ ਮੈਂ ਤੇਰੀ ਸ਼ਰਨ ਆਈ ਹਾਂ ਤੂੰ ਮੇਰੀ ਬਾਂਹ ਪਕੜੀ ਦੀ ਲਾਜ ਰੱਖਣੀ, ਜੇ ਤੇਰਾ ਭਗਤ ਥੋੜਾ ਦੁੱਖ ਵੀ ਪਾਏ ਤਾਂ ਤੂੰ ਹੇ ਦੀਨਾ ਤੇ ਦਯਾ ਕਰਨ ਵਾਲੇ ਦਿਆਲੂ ਅਪਣੇ ਸੇਵਕ ਦੀ ਲਾਜ ਰੱਖਦਾ ਹੈਂ ।ਮੈਂ ਹੋਰ ਕਿਸ ਦੇ ਚਰਨੀ ਲੱਗ ਕੇ ਪੁਕਾਰ ਕਰਾਂ ਤੂੰ ਹੀ ਹਰ ਸਰੀਰ ਦੀ ਜਾਨਣ ਵਾਲਾ ਹੈਂ, ਮੇਰੀ ਇਕ ਕਹੀ ਨੂੰ ਸੌ ਸਮਝਣਾ ਤੇ ਅਪਣੇ ਸੇਵਕ ਦੀ ਲਾਜ ਰੱਖਣੀ :-

*ਸੱਤਿ ਕਾਲ ਮੈਂ ਦਾਸ ਤਿਹਾਰੀ ॥ ਅਪਨੀ ਜਾਨਿ ਕਰੋ ਪ੍ਰਤਿਪਾਰੀ ॥*
*ਗੁਨ ਅਵਗੁਨ ਮੁਰ ਕਛੁ ਨ ਨਿਹਾਰਹੁ ॥ ਬਾਹਿ ਗਹੇ ਕੀ ਲਾਜ ਬਿਚਾਰਹੁ ॥੫੩॥*
*ਹਮ ਹੈਂ ਸ਼ਰਨਿ ਤੋਰ ਮਹਾਂਰਾਜਾ ॥ ਤੁਮ ਕਹ ਬਾਹਿ ਗਹੇ ਕੀ ਲਾਜਾ ॥*
*ਜੌ ਤਵ ਭਗਤ ਨੈਕ ਦੁਖ ਪੈਹੈ ॥ ਦੀਨ ਦਯਾਲ ਪ੍ਰਭੁ ਬਿਰਦੁ ਲਜੈ ਹੈ ॥੫੪॥*
*ਔ ਕਹ ਲਗਿ ਮੈਂ ਕਰੌ ਪੁਕਾਰਾ ॥ ਤੈਂ ਘਟ ਘਟ ਕੀ ਜਾਨਨਿਹਾਰਾ ॥*
*ਕਹੀ ਏਕ ਕਰਿ ਸਹਸ ਪਛਿਨਯਹੁ ॥ ਆਪੁ ਆਪਨੇ ਬਿਰਦਹਿ ਜਨਿਯਹੁ ॥੫੫॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੩)

ਇਹ ਬਚਨ ਕੁੜੀ ਦੇ ਸੁਣ ਕੇ ਕਾਲ ਹੱਸਿਆ ਕਹਿੰਦਾ ਤੂੰ ਫਿਕਰ ਨਾ ਕਰ ਮੈਂ ਅਪਣੇ ਭਗਤ ਲਈ ਦੈਂਤ ਮਾਰ ਦਿਆਂਗਾ:-

*ਹੜ ਹੜ ਸੁਨਤ ਕਾਲ ਬਚ ਹਸਾ ॥ ਭਗਤ ਹੇਤ ਕਟਿ ਸੌ ਅਸਿ ਕਸਾ ॥*
*ਚਿੰਤ ਨ ਕਰਿ ਮੈਂ ਅਸੁਰ ਸੰਘਰਿਹੌ ॥ ਸ਼ਕਲ ਸ਼ੋਕ ਭਗਤਨ ਕੋ ਹਰਿਹੌ ॥੫੬॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੩)

ਨੋਟ :- ਗੁਰੂ ਦਾ ਸਿੱਖ ਕਿਸੇ ਕਾਲਵਾਲ ਦਾ ਪੁਜਾਰੀ ਨਹੀਂ ਸਿਰਫ ਰੱਬ ਅਤੇ ਕੇਵਲ ਰੱਬ ਦੀ ਪੂਜਾ ਕਰਦਾ ਹੈ। ਸਿੱਖ ਦਾ ਰੱਬ ਨਾ ਜੰਮਦਾ ਹੈ ਤੇ ਨਾ ਮਰਦਾ, ਨਾ ਓਹ ਰੋਂਦਾ ਹੈ ਤੇ ਨਾ ਖਿੜ ਖਿੜਾ ਕੇ ਹੱਸਦਾ ਹੈ, ਨਾ ਓਹ ਬਾਂਹ ਉਲਾਰ ਕੇ ਅਸ਼ੀਰਵਾਦ ਦੇਂਦਾ ਹੈ ਇਹ ਠੀਕ ਹੈ ਕਿ ਸਿੱਖ ਅਪਣੇ ਮਨ ਦੀ ਉਪਜੀ ਪੀੜ ਨੂੰ ਬੋਲ ਕੇ ਪ੍ਰਗਟ ਕਰਦਾ ਹੈ, ਪਰ ਕਿਸੇ ਦੇਵੀ ਦੇਵਤੇ ਅੱਗੇ ਨਹੀਂ ਬਲਕਿ ਰੱਬ ਅੱਗੇ। ਸਿੱਖ ਦਾ ਗਿੜ ਗਿੜਾਉਣਾ, ਮਿੰਨਤਾਂ ਤਰਲੇ ਮੰਗਾਂ ਉਮੰਗਾਂ ਸਭ ਉਸੇ ਦੇ ਦਰ ਤੇ ਹਨ ਪਰ ਦਸਮ ਗ੍ਰੰਥ ਨੂੰ ਨੇੜੇ ਤੇੜੇ ਨਹੀਂ ਢੁਕਣ ਦੇਂਦਾ । ਕਈ ਅਗਿਆਨੀ ਪ੍ਰਚਾਰਕ ਅਤੇ ਪੁਜਾਰੀ ਕਾਲ ਦੇ

ਅਰਥ ਅਕਾਲ ਪੁਰਖ ਕਰਦੇ ਹਨ ਜੋ ਸਿੱਖ ਸੰਗਤਿ ਨੂੰ ਗੁਮਰਾਹ ਕਰਨ ਤੁਲ ਹੈ। ਕਿਉਂਕਿ ਸਿੱਖ ਪ੍ਰਚਾਰਕ ਅਤੇ ਪੁਜਾਰੀ ਗੁਰੂ ਹੁਕਮ ਸਪੱਸਟ ਸੰਗਤਿ ਨੂੰ ਨਹੀਂ ਸੁਣਾਉਂਦੇ ਬਲਕਿ ਕਈ ਕੋਹ ਘੁਮਾ ਫਿਰਾ ਕੇ ਟੇਢੇ ਮੇਢੇ ਢੰਗ ਨਾਲ ਅਸਪੱਸਟ ਦੱਸਦੇ ਹਨ । ਇਸੇ ਲਈ ਗੁਰੂ ਦੇ ਲਾਲ ਗੁਰੂ ਤੋਂ ਟੁੱਟ ਕੇ ਸਾਧ ਦੀ ਝੋਲੀ ਜਾ ਡਿੱਗਦੇ ਹਨ । ਕਾਵਿ ਰਚਨਾ ਅਪਣੇ ਇਸਟ ਕਾਲ (ਮਹਾਂਕਾਲ) ਦੀ ਪ੍ਰਤੱਖ ਤੇ ਸਪੱਸਟ ਵਡਿਆਈ ਕਰਦੀ ਹੈ ਪਰ ਅਸੀਂ ਏਸ ਨੂੰ ਰੱਬ ਕਹੀਂ ਜਾ ਰਹੇ ਹਾਂ।

ਜਿੱਥੇ ਬੇਅੰਤ ਦੈਂਤ ਜੰਮੇਂ ਸਨ ਉਥੇ ਕਾਲ ਆਪ ਚਲ ਕੇ ਗਿਆ। ਉਸ ਨੇ ਚਾਰੇ ਹੱਥਾਂ ਚ ਸਸਤ੍ਰ ਲੈ ਕੇ ਅਨੇਕ ਦੈਂਤ ਮਾਰ ਮੁਕਾਏ (ਕਾਲ ਦੇ ਚਾਰ ਹੱਥ ਹਨ ਧਿਆਨ ਦਿਓ) ਉਸ ਤੋਂ ਜਿਹੜਾ ਖੂਨ ਧਰਤੀ ਤੇ ਡਿੱਗਾ ਉਸ ਤੋਂ ਬੇਅੰਤ ਦੈਂਤ ਪੈਦਾ ਹੋ ਕੇ ਧਮਕੇ। ਜਿਸ ਦੇ ਸਵਾਸ ਛੁੱਟਦੇ ਉਸ ਤੋਂ ਵੀ ਅਨੇਕਾਂ ਦੈਂਤ ਪ੍ਰਗਟ ਹੋ ਕੇ ਆ ਜੂਝਦੇ। ਉਨ੍ਹਾਂ ਸਭਨਾਂ ਨੂੰ ਕਾਲ ਨੇ ਤਿਣਕ ਮਾਤਰ ਸਮੇਂ ਚ ਮਾਰ ਮੁਕਾਇਆ, ਲਹੂ ਦੇ ਪਰਨਾਲੇ ਵਗਣ ਲੱਗੇ। ਦੈਂਤ ਗੁੱਸਾ ਖਾ ਕੇ ਫਿਰ ਗੱਜੇ, ਜੇਕਰ ਕੋਈ ਦੈਂਤ ਜਖ਼ਮੀ ਹੁੰਦਾ ਤੇ ਓਹਦਾ ਲਹੂ ਧਰਤੀ ਤੇ ਡਿੱਗਦਾ ਤਾਂ ਹਾਥੀ ਘੋੜੇ ਹੋ ਜਾਂਦੇ, ਉਨ੍ਹਾਂ ਦੇ ਸਾਹ ਤੋਂ ਬੇਅੰਤ ਦੈਂਤ ਜੰਮੀਂ ਜਾਂਦੇ । ਕਾਲ ਨੇ ਬੇਅੰਤ ਦੈਂਤ ਮਾਰ ਦਿੱਤੇ, ਮੇਧੇ ਤੋਂ ਹਾਥੀ ਘੋੜੇ ਬਣ ਜਾਂਦੇ ਤੇ ਲਹੂ ਤੋਂ ਦੈਂਤ :-

*ਅਨਗਨ ਕਾਲ ਅਸੁਰ ਤਬ ਮਾਰੇ ॥ ਪਰੇ ਭੂਮਿ ਪਰ ਮਨਹੁ ਮੁਨਾਰੇ ॥*
*ਮੇਧਾ ਤੇ ਗਜ ਬਾਜ ਉਡਾਹੀ ॥ ਸ੍ਰੋਨਤ ਕੇ ਦਾਨਵ ਹ੍ਵੈ ਜਾਹੀ ॥੬੨॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੩)

ਓਹ ਉੱਠ ਕੇ ਬਾਣਾ ਦੀ ਵਰਖਾ ਕਰਦੇ, ਦਸੇ ਦਿਸ਼ਾਵਾਂ ਨੂੰ ਦੈਂਤਾਂ ਨੇ ਘੇਰ ਲਿਆ ਉਨ੍ਹਾਂ ਨੂੰ ਵੀ ਕਾਲਕਾ ਨੇ ਖਪਾ ਦਿੱਤਾ ਤੇ ਮਿੱਟੀ ਚ ਮਿਲਾ ਦਿੱਤਾ, ਓਹ ਫਿਰ ਉੱਠਦੇ ਤੇ ਬਾਣੇ ਪਹਿਨ ਕੇ ਲੜਦੇ :-

*ਵਹੈ ਕਾਲਕਾ ਅਸੁਰ ਖਪਾਏ ॥ ਮਾਰਿ ਦੁਬਹਿਯਾ ਧੂਰਿ ਮਿਲਾਏ ॥*
*ਪੁਨਿ ਪੁਨਿ ਉਠੈਂ ਪ੍ਰਹਾਰੈਂ ਬਾਨਾ ॥ ਤਿਨ ਤੇ ਧਰਤ ਅਸੁਰ ਤਨ ਨਾਨਾ ॥੬੪॥*(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੩)

ਦੈਂਤਾਂ ਨੂੰ ਬੜਾ ਟੁੱਕ ਟੁੱਕ ਕੇ ਮਾਰਿਆ ਪਰ ਉਨ੍ਹਾਂ ਤੋਂ ਹੋਰ ਅਨੇਕਾਂ ਦੈਂਤ ਪੈਦਾ ਹੋ ਗਏ। ਦੈਂਤ ਬਹੁਤ ਇਕੱਠੇ ਹੋ ਕੇ ਹਥਿਆਰਾਂ ਨਾਲ ਜੁੱਧ ਕਰਦੇ । ਫਿਰ ਕਾਲ ਨੇ ਟੁਕੜੇ ਟੁਕੜੇ ਕਰਕੇ ਦੈਂਤਾਂ ਨੂੰ ਮਾਰਿਆ । ਉਨ੍ਹਾਂ ਦੇ ਜਿੰਨੇ ਵੀ ਟੁਕੜੇ ਧਰਤੀ ਤੇ ਡਿਗਦੇ ਉਨੇ ਹੀ ਦੈਂਤ ਹੋਰ ਜੰਮ ਪੈਂਦੇ ਤੇ ਹਥਿਆਰ ਲੈ ਕੇ ਜੁੱਧ ਕਰਦੇ, ਓਹ ਬੜੇ ਗੁੱਸੇ ਨਾਲ ਕਾਲ ਤੇ ਹੱਲਾ ਬੋਲਦੇ, ਓਹ ਬੜੇ ਹੰਕਾਰੀ ਦੰਦ ਪੀਹ ਪੀਹ ਕੇ ਮਹਾਂਕਾਲ ਤੇ ਵਰਦੇ :-

*ਪੀਸਿ ਪੀਸਿ ਰਦਨੰਛਦ ਦੋਊ ॥ ਧਾਵਤ ਮਹਾਂਕਾਲ ਪਰ ਸੋਊ ॥੭੧॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੩)

ਗੁਰੂ ਨਾਨਕ ਦਾ ਧਰਮ ਕਹਿੰਦਾ ਹੈ ਕਿ ਰੱਬ ਜੰਮਦਾ ਹੀ ਨਹੀਂ ਸਾਡੇ ਪੁਜਾਰੀ ਰੱਬ ਨੂੰ ਪੈਦਾ ਕਰੀਂ ਜਾਂਦੇ ਐਂ । ਹੁਣ ਸਵਾਲ ਪੇਦਾ ਹੁੰਦੈ ਬਈ ਗੁਰੂ ਨਾਨਕ ਬੜਾ ਜਾਂ ਪੁਜਾਰੀ ? ਆਖਰ ਪੁਜਾਰੀ ਵੀ ਕੋਈ ਸ਼ੈ ਐ ਨਾ ਮਜਾਲ ਏ ਓਹਦੇ ਹੁਕਮ ਬਿਨਾ ਪੱਤਾ ਵੀ ਫਰਕ ਜੇ, ਪੁਜਾਰੀ ਕਹਿੰਦੇ ਮਹਾਂਕਾਲ ਦਾ ਅਰਥ ਰੱਬ ਪਤੀ ਪ੍ਰਮੇਸਰ ਅਕਾਲ ਪੁਰਖ ਹੋਇਆ ਕਵੀ ਕਹਿੰਦੈ ਇਹ ਚਾਰ ਹੱਥਾਂ ਆਲਾ ਦੇਵਤਾ ਐ, ਜੰਗ ਦੇ ਮੈਦਾਨ ਚ ਬੜਾ ਟਪੂਸੀਆਂ ਮਾਰਦੈ। ਹੁਣ ਦੱਸੋ ਬਈ ਕਵੀ ਬੜਾ ਜਾਂ ਪੁਜਾਰੀ ? ਜੇ ਮੈਨੂੰ ਕੋਈ ਪੁੱਛੇ ਤਾਂ ਮੈਂ ਕਹਾਂਗਾ ਪੁਜਾਰੀ ਕਿਉਂਕਿ ਓਹ ਸਰਬ ਸ਼ਕਤੀਮਾਨ ਐ ਨਾ ਜਿੱਥੇ ਦਿਲ ਕਰਦੈ ਉੱਥੇ ਪਾਤਸ਼ਾਹੀ ੧੦ ਲਿਖ ਦੇਂਦੈ, ਹੈ ਕੋਈ ਸੂਰਮਾ ਓਹਨੂੰ ਨੱਥ ਪਾਉਣ ਵਾਲਾ ? ਕੋਈ ਨਹੀਂ ਕਵੀ ਪਿੱਟਦੇ ਐਂ ਬਈ ਲੋਕੋ ਮੈਂ ਕਬਿ ਰਾਮ ਆਂ, ਮੈਂ ਕਬਿ ਸਯਾਮ ਆਂ, ਮੈਂ ਕਬਿ ਕਾਲ ਆਂ, ਮੈਂ ਕਬਿ ਸੂਮ ਆਂ, ਦੇਖਿਆ ਇਕੋ ਦਬਕੇ ਨਾਲ ਚੁੱਪ ਕਰਾ ਦਿੱਤੇ ਕਿ ਜੇ ਤੁਸੀਂ ਜੁਬਾਨ ਖੋਲ੍ਹੀ ਤਾਂ ਸਤਿਆਨਾਸ ਕਰ ਦੇਵਾਂਗੇ ਚੁੱਪ ਕਰਕੇ ਦਸਮ ਗ੍ਰੰਥ ਚ ਬੈਠੇ ਰਹੋ। ਅੱਜ ਤੋਂ ਤੁਹਾਡਾ ਨਾਂ ਪਾਤਸ਼ਾਹੀ ੧੦ ਜਣੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਤਕੜੇ ਦੇ ਸਤੋਂ ਵੀਹੀਂ ਸੌ ਹੁੰਦੇ ਐਂ ਨਾ ਜਾਂ ਇਉਂ ਕਹੋ ਬਈ ਜੱਟ ਜੱਟਾਂ ਦੇ ਭੋਲੂ ਨਰੈਣੇ ਦਾ । ਖ਼ੈਰ ਬਾਈ ਮੰਨਣਾ ਪਊ ਪੁਜਾਰੀਆਂ ਦੀ ਤਾਕਤ ਨੂੰ ਪੂਰੀ ਕੌਮ ਨੂੰ ਗਧੀ ਗੇੜ ਚ ਪਾ ਦਿੱਤਾ ਕਹਿੰਦੇ ਮਾਂ ਨਾਲ, ਭੈਣ ਨਾਲ, ਧੀ ਨਾਲ, ਭਰਜਾਈ ਨਾਲ ਭੋਗ ਕਰਕੇ ਵੀ ਬੰਦਾ ਸਿੱਖ ਰਹਿ ਸਕਦੈ ਤੇ ਦਾਰੂ ਪੀਣ ਨਾਲ, ਭਾਂਗ ਅਫੀਮ ਪੋਸਤ ਤਮਾਕੂ ਖਾਣ ਨਾਲ ਤੇ ਬਾਲ ਕੱਟਣ ਨਾਲ ਸਿੱਖੀ ਨੂੰ ਕੋਈ ਫਰਕ ਨਹੀਂ ਪੈਂਦਾ। ਸ਼ਇਦ ਪੁਜਾਰੀਆਂ ਨੂੰ ਗੁੱਸਾ ਲੱਗੇ ਪਰ ਇਹ ਤਾਂ ਅਸੀਂ ਜਾਣਦੇ ਹੀ ਹਾਂ ਨਾ ਬਈ ਪੁਜਾਰੀ ਕਿਸ ਮਿੱਟੀ ਦੇ ਬਣੇ ਐਂ ਸ਼ਰਮ ਤਾਂ ਨੇੜੇ ਤੇੜੇ ਢੁੱਕਦੀ ਹੀ ਨਹੀਂ ਜੇ ਸ਼ਰਮ ਹੁੰਦੀ ਤਾਂ ਬਾਈ ਆਹ ਦਸਮ ਗ੍ਰੰਥ ਨਹੀਂ ਸੀ ਹੋਣਾ ਬਸ ਇਕੋ ਗ੍ਰੰਥ ਹੋਣਾ ਸੀ ਉਹ ਗੁਰੂ ਗ੍ਰੰਥ ਸਾਹਿਬ ਜੀ ।

ਢੋਲ ਮ੍ਰਿਦੰਗ ਤੇ ਨਗਾਰੇ ਦੀਆਂ ਚੋਟਾਂ ਨਾਲ ਬੜਾ ਭਿਆਨਕ ਜੰਗ, ਹਾਂ ਦੀਰਘ ਨੇ ਕਈ ਕੋਹ ਦੇ ਦੰਦ ਕੱਢੇ ਤੇ ਬੜੇ ਜੋਸ਼ ਤੇ ਜਿਗਰੇ ਨਾਲ ਮਹਾਂਕਾਲ (ਪੁਜਾਰੀਆਂ ਦੇ ਰੱਬ) ਨੂੰ ਮਾਰਨ ਲਈ ਦੌੜੇ । ਮਹਾਂ ਕਾਲ ਜੇ ਚਾਹੁੰਦਾ ਤਾਂ ਉਨ੍ਹਾਂ ਨੂੰ ਮਾਰ ਸਕਦਾ ਸੀ, ਮੂਰਖ ਇਸ ਗੱਲ ਤੋਂ ਅਣਭਿੱਜ, ਜਿਸ ਨੇ ਇਹ ਜਗ ਬਣਾਇਆ ਉਸੇ ਨਾਲ ਲੜਾਈ :-

*ਚਾਹਤ ਮਹਾਂਕਾਲ ਕਹ ਮਾਰੋ ॥ ਮਹਾਂ ਮੂਰਖ ਨਹਿ ਕਰਤ ਬਿਚਾਰੋ ॥*
*ਜਿਨ ਸਭ ਜਗ ਕਾ ਕਰਾ ਪਸਾਰਾ ॥ ਤਾਂਹਿ ਚਹਤ ਤੇ ਮੂੜ੍ਹ ਸੰਘਾਰਾ ॥੭੬॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੪)

(ਸਿਆਸੀ ਲੀਡਰਾਂ ਦੀ ਤਰ੍ਹਾਂ ਕਵੀ ਅਪਣਾ ਪੈਂਤਰਾ ਬਦਲ ਗਿਆ। ਓਹ ਕਾਵਿ ਰਚਨਾ ਚ ਇਸੇ ਦੇਵਤਾ ਨੂੰ ਬਿਨਾ ਕਿਸੇ ਕਾਰਣ ਦੇ ਦੈਂਤਾਂ ਨਾਲ ਉਲਝਾ ਚੁੱਕਾ ਹੈ ਤੇ ਦੈਂਤਾਂ ਨੂੰ ਖਤਮ ਕਰਨ ਦੀ ਹਰ ਸੰਭਵ ਕੋਸ਼ਿਸ ਕਰਦਾ ਦਿਖਾਇਆ ਹੈ) ਵੀਹ ਪਦਮ (1000000000000000 x 20 = 20000000000000000) ਫੌਜ ਲੈ ਕੇ ਦੈਂਤਾਂ ਨੇ ਬੜੇ ਕ੍ਰੋਧ ਨਾਲ ਮਹਾਂਕਾਲ ਤੇ ਧਾਵਾ ਬੋਲਿਆ । ਸੌ ਛੋਹਿਨ (218700 x 100 = 21870000) ਦੈਂਤਾਂ ਦੀ ਫੌਜ ਕਰਕੇ ਲਾਲ ਅੱਖਾਂ ਬੋਲਿਆ ਧਾਵਾ ਇਸ ਧਾਵੇ ਨਾਲ ਪ੍ਰਿਥਵੀ ਦੇ ਉੱਡੇ ਚੀਥੜੇ, ਕੇਵਲ ਇਕ ਹਿੱਸਾ ਧਰਤੀ ਬਚੀ ਬਾਕੀ ਸਾਰੀ ਉੱਡ ਗਈ ਜੇ ਨਹੀਂ ਵਿਸ਼ਵਾਸ ਤਾਂ ਆਪ ਪੜ੍ਹੋ :-

*ਏਕੈ ਪੁਰ ਪ੍ਰਿਥਵੀ ਰਹਿ ਗਈ ॥ ਖਟ ਪਟ ਹਯਨ ਪਗਨ ਉਡਿ ਗਈ ॥੭੯॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੪)

(ਏਹ ਕੀ ਹੋਇਆ) ਮਹਾਂਦੇਵ (ਸ਼ਿਵ) ਨੇ ਅਪਣਾ ਆਸਣ ਛੱਡਿਆ, ਬ੍ਰਹਮਾ ਡਰਦਾ ਝਾੜੀਆਂ ਚ ਲੁੱਕ ਗਿਆ, ਵਿਸ਼ਨੂੰ ਭਖਿਆ ਰਨ ਦੇਖ ਕੇ ਬਹੁਤ ਡਰਿਆ ਤੇ ਦੌੜ ਕੇ ਸਿੰਧ ਚ ਜਾ ਛੁੱਪਿਆ, ਬੜੀ ਘਮਸਾਣ ਦੀ ਲੜਾਈ ਹੋਈ, ਧਰਤੀ ਕੰਬੀ ਤੇ ਅਸਮਾਨ ਥਰ ਥਰਾਇਆ (ਘਬਰਾਉਣਾ ਨਹੀਂ ਇਹ ਕਵੀ ਦੀ ਕਾਵਿ ਉਡਾਰੀ ਐ, ਕਵੀ ਕੁੜੀ ਦੀਆਂ ਜੁਲਫਾਂ ਨੂੰ ਨਾਗਣੀ-ਸਾਵਨ ਕੀ ਘਟਾ ਐਥੋਂ ਤੱਕ ਜੇ ਕਿਸੇ ਡਰ ਦੀ ਗੱਲ ਕਰਨੀ ਹੋਏ ਤਾਂ ਧਰਤੀ ਨੂੰ ਕੰਬਣੀ ਛਿੜੀ ਦਿਖਾ ਦੇਣਗੇ) ਇਸ ਯੁੱਧ ਨੂੰ ਦੇਖ ਕੇ ਬ੍ਰਹਮਾ ਕੰਬਿਆ ਤੇ ਔਰਤ ਦਾ ਰੂਪ ਧਾਰ ਕੇ ਔਰਤ ਬਣ ਗਿਆ, ਪਾਰਬਤੀਸ (ਸ਼ਿਵ) ਲੜਾਈ ਦੇਖ ਕੇ ਡਰ ਗਿਆ ਤੇ ਜੋਗੀ ਬਣ ਕੇ ਬਨ ਵਿੱਚ ਜਾ ਲੁਕਿਆ, ਕਾਰਤਕੇਯ ਬਿਹੰਡਲ ਬਣਿਆ, ਬ੍ਰਹਮਾ ਵਿਚਾਰਾ ਕਮੰਡਲ ਛੱਡ ਕੇ ਘਰ ਨੂੰ ਦੌੜ ਗਿਆ, ਇਹ ਸਭ ਉੱਤਰ ਦਿਸ਼ਾ ਚ ਜਾ ਵਸੇ । ਐਨੀ ਘਮਸਾਣ ਦੀ ਲੜਾਈ ਬਈ ਅੰਧ ਗੁਬਾਰ ਛਾ ਗਿਆ, ਹੱਥ ਪਸਾਰਿਆਂ ਕੁੱਝ ਦਿਖਾਈ ਹੀ ਨਹੀਂ ਦਏ, ਰਨ ਚ ਬਿਛੂਆ ਬਾਨ ਤੇ ਬੱਜ੍ਰ ਦੀ ਖੂਬ ਵਰਖਾ ਹੁੰਦੀ, ਓਹ ਨਿਸ਼ਾਨਾ ਵਿੰਨ੍ਹ ਵਿੰਨ੍ਹ ਕੇ ਗੁੱਸੇ ਨਾਲ ਬਾਣ ਚਲਾਉਂਦੇ, ਬਹੁਤ ਸਾਰੇ ਸੂਰਮਿਆਂ ਨੂੰ ਦੇਖ ਕੇ ਮਹਾਂਕਾਲ ਨੂੰ ਗੁੱਸਾ ਚੜ੍ਹਿਆ ਉਸ ਨੇ ਬੜੇ ਗੁੱਸੇ ਨਾਲ ਤੀਰ ਛੱਡੇ ਤੇ ਬਹੁਤੇ ਸੂਰਮੇ ਛਿਨ ਮਤਾਰ ਚ ਹੀ ਮਾਰ ਮੁਕਾਏ :-

*ਜਬ ਹੀ ਭਏ ਅਮਿਤ ਰਣ ਜੋਧਾ ॥ ਬਾਢ੍ਯੋ ਮਹਾਂਕਾਲ ਕੈ ਕ੍ਰੋਧਾ ॥*

*ਮਹਾਂ ਕੋਪ ਕਰਿ ਬਿਸਿਖ ਪ੍ਰਹਾਰੇ ॥ ਅਧਿਕ ਸ਼ਤ੍ਰੁ ਛਿਨ ਮਾਂਝ ਸੰਘਾਰੇ ॥੮੬॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੫)

{ਸਿੱਖਾਂ ਦੇ ਰੱਬ ਨੂੰ ਗੁੱਸਾ ਕਦੇ ਆਉਂਦਾ ਹੀ ਨਹੀਂ, ਜੇ ਝੂਠ ਐ ਤਾਂ ਬਾਬੇ ਨਾਨਕ ਨੂੰ ਪੁੱਛ ਲਓ, ਜੇ ਓਹਨੂੰ ਵੀ ਨਹੀਂ ਪੁੱਛਣਾ ਤਾਂ ਭਗਤਾਂ ਨੂੰ ਪੁੱਛ ਲਓ, ਸੱਚ ਜਾਣੀ ਸਿੱਖਾਂ ਦੇ ਰੱਬ ਕੋਲ ਗੁੱਸਾ ਹੈ ਹੀ ਨਹੀਂ, ਹਮੇਸ਼ਾ ਖੁਸ਼ ਦਿਲ, ਨਾ ਹੀ ਸਿੱਖਾਂ ਦਾ ਰੱਬ ਕਿਸੇ ਨਾਲ ਵੈਰ ਵਿਰੋਧ ਕਰਦੈ, ਬਾਕੀਆਂ ਦੇ ਰੱਬ ਕਿਹੋ ਜਿਹੇ ਐਂ ਅੱਪਾਂ ਪੜ੍ਹ ਹੀ ਚੁੱਕੇ ਹਾਂ, ਦੇਖ ਪਰਖ ਵੀ ਲਿਆ, ਐਵੇਂ ਪੁਜਾਰੀ ਮਹਾਂਕਾਲ ਨੂੰ ਰੱਬ ਦੱਸੀਂ ਜਾਦੇ ਐਂ, ਗੱਲ ਹੋਰ ਦੀ ਹੋਰ ਬਣਾ ਦੇਣਗੇ ਕਦੇ ਕਥਾ ਕਹਾਣੀਆਂ ਸੁਣ ਕੇ ਤਾਂ ਦੇਖਣਾ ਕਹਿੰਦੇ ਵਾਹਿਗੁਰੂ ਵੀ ਦੇਵਤਿਆਂ ਦਾ ਰੂਪ ਐ, ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਭਨਾਂ ਨੂੰ ਬੀਤੇ ਅਵਤਾਰ ਦੱਸੀ ਜਾਂਦੇ ਐਂ, ਵਿਚਾਰੀ ਸੰਗਤਿ ਮੂੰਹ ਨੂੰ ਤੰਦੂਆ ਲੱਗਿਆ ਹੋਣ ਕਾਰਣ ਚੁੱਪ ਚੁਪੀਤੀ ਬੈਠੀ ਰਹਿੰਦੀ ਹੈ ਤੇ ਕਈ ਮੇਰੇ ਵਰਗੇ ਪੁਜਾਰੀਆਂ ਤੋਂ ਗਪੌੜ ਸੁਣ ਸੁਣ ਉਂਘੀ ਜਾਂਦੇ ਐਂ, ਸਮਾਪਤੀ ਤੋਂ ਬਾਦ ਆਖਣਗੇ ਜੀ ਬੜਾ ਅਨੰਦ ਆਇਆ, ਤਬਲੇ ਵਾਲੇ ਨੇ ਤਾਂ ਹੱਦ ਈ ਲਾਹ ਦਿੱਤੀ, ਹਰਮੋਨੀਅਮ ਵਾਲਾ ਬਾਬਾ ਕਿਹੜੇ ਘੱਟ ਸੀ ਓਹ ਵੀ (ਬੀਨ ਨਾ ਵਜਾਈਂ ਮੁੰਡਿਆ ਮੇਰੀ ਗੁੱਤ ਸੱਪਣੀ ਬਣ ਜਾਊਗੀ) ਦੀ ਸੁਰ ਨੂੰ ਟੁੱਟਣ ਨਹੀਂ ਦੇਂਦਾ ਤਾ, ਵਾਹ ਬਈ ਵਾਹ ਕਿਆ ਖੂਬ ਰੰਗ ਬੰਨਿਆ}

ਦੈਂਤਾਂ ਦਾ ਖੂਨ ਧਰਤੀ ਤੇ ਡਿੱਗਦਾ ਤਾਂ ਉਸ ਤੋਂ ਬਹੁਤ ਸਾਰੇ ਦੈਂਤ ਪੈਦਾ ਹੋ ਜਾਂਦੇ । ਜਿੰਨੇ ਵੀ ਦੈਂਤ ਆਏ ਸਭਨਾਂ ਨੂੰ ਮਹਾਂਕਾਲ ਨੇ ਮਾਰ ਮੁਕਾਇਆ, ਧਰਤੀ ਤੇ ਖੂਨ ਦੇ ਪਰਨਾਲੇ ਚੱਲ ਪਏ, ਉਸ ਤੋਂ ਐਨੇ ਦੈਂਤ ਪੈਦਾ ਹੋ ਗਏ ਬਈ ਮੈਂ ਦੱਸ ਨਹੀਂ ਸਕਦਾ ਲੋਕ ਡਰਦੇ ਦਸੇ ਦਿਸ਼ਾਵਾਂ ਨੂੰ ਭੱਜੇ, ਬ੍ਰਹਮਾ ਵਿਸ਼ਨੂੰ ਸਭ ਡਰ ਕੇ ਮਹਾਂ ਕਾਲ ਦੀ ਸ਼ਰਨ ਆ ਗਏ :-

*ਬ੍ਰਹਮਾ ਬਿਸ਼ਨ ਸਭੈ ਡਰਪਾਨੇ ॥ ਮਹਾਂਕਾਲ ਕੀ ਸਰਨਿ ਸਿਧਾਨੇ ॥੮੯॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੫)

ਓਹ ਤ੍ਰਾਹਿ ਤ੍ਰਾਹਿ ਕਰਦੇ ਕਹਿੰਦੇ ਅਸੀਂ ਤੇਰੀ ਸ਼ਰਨ ਆਏ ਹਾਂ ਤੇ ਸਾਡੀ ਸਭਨਾ ਦੀ ਰੱਖਿਆ ਕਰ, ਤੂੰ ਸਭ ਲੋਕਾਂ ਦਾ ਸਿਰਤਾਜ ਹੈਂ ਤੇ ਗਰੀਬਾਂ ਦਾ ਮਦੱਦਗਾਰ, ਤੂੰ ਸਭ ਦਾ ਮੁੱਢ ਹੈਂ, ਮੌਤ ਤੋਂ ਰਹਿਤ ਅਤੇ ਭੈ ਤੋਂ ਬਿਨਾਂ ਹੈਂ, ਤੂੰ ਇਸ ਜਗਤ ਚ ਨਿਰਬਿਕਾਰ ਤੇ ਨਿਰਲੰਬ ਹੈਂ, ਤੂੰ ਪਰਮ ਜੋਗ ਅਤੇ ਤੱਤੁ ਪ੍ਰਕਾਸੀ ਹੈਂ :-

*ਤੁਮ ਹੋ ਸਕਲ ਲੋਕ ਸਿਰਤਾਜਾ ॥ ਗਰਬਨ ਗੰਜ ਗਰੀਬ ਨਿਵਾਜਾ ॥*

*ਆਦਿ ਅਕਾਲ ਅਜੋਨਿ ਬਿਨਾ ਭੈ ॥ ਨਿਰਬਿਕਾਰ ਨਿਰਲੰਬ ਜਗਤ ਮੈ ॥੯੧॥*

*ਨਿਰਬਿਕਾਰ ਨਿਰਜੁਰ ਅਬਿਨਾਸੀ ॥ ਪਰਮ ਜੋਗ ਕੇ ਤੱਤੁ ਪ੍ਰਕਾਸੀ ॥*

*ਨਿਰੰਕਾਰ ਨਵ ਨਿੱਤਯ ਸੁਯੰਭਵ ॥ ਤਾਤ ਮਾਤ ਜਹ ਜਾਤ ਨ ਬੰਧਵ ॥੯੨॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੫)

ਨੋਟ :- ਕਵੀ ਨੇ ਗੁਰੂ ਨਾਨਕ ਦਾ ਮੱਤ ਚੋਰੀ ਕਰਕੇ ਮਹਾਂਕਾਲ ਦੀ ਉਪਮਾ ਲਈ ਫਿੱਟ ਕਰ ਦਿੱਤਾ, ਇਥੇ ਇਹ ਨਹੀਂ ਸਮਝ ਲੈਣਾ ਕਿ ਰੱਬ ਦੀ ਵਡਿਆਈ ਕਵੀ ਕਰ ਰਿਹਾ ਹੈ, ਕਵੀ ਸਪੱਸਟ ਕਹਿ ਚੁੱਕਾ ਹੈ ਕਿ ਬ੍ਰਹਮਾ ਵਿਸ਼ਨੂੰ ਡਰ ਕੇ

ਮਹਾਂਕਾਲ ਦੀ ਸ਼ਰਨ ਆਏ, ਮਹਾਂਕਾਲ ਦਾ ਸਰੂਪ ਵੀ ਕਵੀ ਦੱਸਦਾ ਹੈ ਕਿ ਓਹਦੇ ਚਾਰ ਹੱਥ ਹਨ ਇਹ ਚਾਰੋਂ ਹੱਥ ਇਕੋ ਬਾਂਹ ਨਾਲ ਤਾਂ ਜੜੇ ਨਹੀਂ ਹੋਣੇ ਜਰੂਰ ਚਾਰ ਬਾਹਾਂ ਵੀ ਹੋਣਗੀਆਂ ਖੇਰ ਕਵੀ ਗੁਰੂ ਨਾਨਕ ਦੇ ਧਰਮ ਨੂੰ ਚੰਗੀ ਤਰ੍ਹਾਂ ਸਮਝ ਕੇ ਵੀ ਸਿੱਖ ਨਾ ਬਣ ਸਕਿਆ । ਉਸ ਨੇ ਗੁਰੂ ਨਾਨਕ ਦੀ ਸਿੱਖਿਆ ਚੋਰੀ ਕਰ ਕੇ ਅਪਣੇ ਰੱਬ ਦੀ ਉਪਮਾ ਕਰ ਲਈ ਜਿਵੇਂ ਅਨੇਕਾਂ ਹੀ ਸਾਧਾਂ ਸੰਤਾਂ-ਬ੍ਰਹਮਗਿਆਨੀਆਂ ਅਤੇ ਦੇਹਦਾਰੀ ਗੁਰੂਆਂ ਨੇ ਗੁਰਬਾਣੀ ਚੋਰੀ ਕਰ ਕਰ ਕੇ ਅਪਣੀ ਦੁਕਾਨਦਾਰੀ ਚਲਾ ਰੱਖੀ ਹੈ ਉਵੇਂ ਹੀ ਦੇਖਾ ਦੇਖੀ ਲੋਕੀਂ ਕਰੀ ਜਾਂਦੇ ਐਂ, ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕਰ ਕੇ ਆਪ ਗੁਰੂ ਤੋਂ ਵੀ ਵੱਡੇ ਬਣੀ ਫਿਰਦੇ ਐਂ । ਅਗਿਆਨੀ ਲੋਕ ਇਹ ਵਿਚਾਰ ਨਹੀਂ ਕਰਦੇ ਬਈ ਜਿਹਦੇ ਮਗਰ ਅਸੀਂ ਲੱਗੇ ਹੋਏ ਆਂ ਓਹ ਤਾਂ ਗੁਰੂ ਘਰ ਦਾ ਚੋਰ ਐ ।

ਕਵੀ ਕਹਿੰਦਾ ਤੂੰ ਛੱਤਰੂਆਂ ਨੂੰ ਮਾਰ ਕੇ ਸੁਖ ਪਹੁੰਚਾਉਣ ਵਾਲਾ ਹੈਂ, ਤੂੰ ਚੰਢ ਮੁੰਡ ਦੈਂਤਾਂ ਨੂੰ ਮਾਰਿਆ ਤੇਰਾ ਸਤਿ ਸੰਧਿ ਸੱਤਿਤਾ ਤੇ ਨਿਵਾਸ ਐ, ਤੂੰ ਭੂਤ, ਭਵਿੱਖ ਤੇ ਵਰਤਮਾਨ ਦਾ ਰਾਜਾ ਹੈਂ, ਤੂੰ ਸਭ ਦਾ ਮੁੱਢ, ਬੇਅੰਤ ਅਤੇ ਭੇਖ ਰਹਿਤ ਹੈਂ, ਤੂੰ ਹਰ ਘਟ (ਹ੍ਰਿਦੇ) ਵਿੱਚ ਪ੍ਰਵੇਸ਼ ਕੀਤਾ ਐ, ਤੂੰ ਅੰਦਰ ਵਸਦਾ ਹੋਇਆ ਵੀ ਨਿਰੰਤਰ ਰਹਿੰਦਾ ਹੈਂ ਤੈਨੂੰ ਲੋਕ ਸਨਕ ਸਨੰਦਨ ਕਹਿੰਦੇ ਹਨ । ਤੂੰ ਸਭ ਦਾ ਮੁੱਢ ਤੇ ਜੁਗਾਂ ਦਾ ਮੁੱਢ ਹੈਂ, ਅਨੇਕਾਂ ਮੂਰਤਾਂ ਧਾਰ ਕੇ ਘੁੰਮ ਰਿਹਾ ਹੈਂ, ਇਸ ਤਰੀਕੇ ਸਾਰੇ ਜਗਤ ਨੂੰ ਭਰਮਾਇਆ ਹੋਇਆ ਹੈ, ਤੂੰ ਆਪ ਇਕ ਹੁੰਦਾ ਹੋਇਆ ਵੀ ਅਨੇਕ ਰੂਪਾਂ ਚ ਹੈਂ, ਓਹ ਜਗ ਚ ਮੁਰਦਾ ਹੋ ਜਾਂਦਾ ਹੈ । ਹੇ ਕਰਤਾਰ ਤੂੰ ਜਗ ਨੂੰ ਪੈਦਾ ਕੀਤਾ ਐ, ਹਰ ਹਿਰਦੇ ਦੀ ਮਤਿ ਜਾਣਦਾ ਹੈਂ, ਤੂੰ ਨਿਰੰਕਾਰ-ਨਿਰਵੈਰ-ਨਿਰਾਲਮ ਹੈਂ, ਤੈਨੂੰ ਸਭ ਦੇ ਦਿਲਾਂ ਦੀ ਗੱਲ ਪਤਾ ਹੈ । ਤੂੰ ਹੀ ਬ੍ਰਹਮਾ ਵਿਸ਼ਨੂੰ ਨੂੰ ਬਣਾਇਆ, ਸ਼ਿਵ ਨੂੰ ਤੂੰ ਹੀ ਪੈਦਾ ਕੀਤਾ, ਤੂੰ ਹੀ ਕੱਸ਼ਪਹਿ ਰਿਖਿ ਬਣਾਇਆ, ਦੇਵਤਿਆਂ ਅਤੇ ਦੈਂਤਾਂ ਦਾ ਵੈਰ ਵੀ ਤੂੰ ਹੀ ਵਧਾਇਆ, ਹੇ ਕਰੁਨਾਨਿਧਿ ਸਵਾਮੀ ਤੂੰ ਜਗ ਦੇ ਕਰਾਣ, ਹੇ ਕਮਲ ਨੈਨ ਤੇ ਅੰਦਰ ਦੀ ਜਾਣਨ ਵਾਲੇ, ਹੇ ਦਯਾਸਿੰਧ ਦੀਨਾ ਦੇ ਦਯਾਲੂ, ਤੇਰੀ ਕ੍ਰਿਪਾ ਦਾ ਖਜਾਨਾ ਹੇ ਕ੍ਰਿਪਾਲੂ ਮੈਨੂੰ ਪ੍ਰਾਪਤ ਹੋ ਜਾਏ । ਇਸ ਤਰੀਕੇ ਮਹਾਂਕਾਲ ਦੇ ਚਰਨਾਂ ਚ ਗਿਰ ਕੇ ਜਦ ਬੇਨਤੀ ਕੀਤੀ ਕਿ ਮੇਰੀ ਰੱਖਿਆ ਕਰੋ ਤਾਂ ਕਾਲ ਖਿੜ ਖਿੜਾ ਕੇ ਹੱਸਿਆ ਕਹਿੰਦਾ ਮੈਂ ਅਪਣਾ ਭਗਤ ਜਾਣ ਕੇ ਕ੍ਰਿਪਾ ਕਰਨ ਲੱਗਿਆ ਹਾਂ:-

*ਚਰਨ ਪਰੇ ਇਹ ਬਿਧਿ ਬਿਨਤੀ ਕਰਿ ॥ ਤ੍ਰਾਹਿ ਤ੍ਰਾਹਿ ਰਾਖਹੁ ਹਮ ਧੁਰਧਰ ॥*
*ਕਹ ਕਹ ਹਸਾ ਬਚਨ ਸੁਨ ਕਾਲਾ ॥ ਭਗਤ ਜਾਨ ਕਰ ਭਯੋ ਕ੍ਰਿਪਾਲਾ ॥੧੦੦॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੬)

ਸਿੱਖਾਂ ਦਾ ਰੱਬ ਖਿੜ ਖਿੜਾ ਕੇ ਹੱਸਦਾ ਹੀ ਨਹੀਂ, ਖੁਸ਼ ਤਾਂ ਹੁੰਦੈ ਪਰ ਅੱਜ ਤਾਂਈ ਓਹਦੇ ਦੰਦੀਆਂ ਕੱਢ ਕੇ ਹੱਸਦਿਆਂ ਕਿਸੇ ਤੱਕਿਆ ਹੀ ਨਹੀਂ, ਜੇ ਕੋਈ ਕਹੇ ਕਿ ਮੈਂ ਦੇਖਿਆ ਤਾਂ ਉਹ ਇਸ ਦੁਨੀਆਂ ਦਾ ਵੱਡਾ ਮੂਰਖ, ਜਦ ਰੱਬ ਜੰਮਦਾ ਹੀ ਨਹੀਂ ਫਿਰ ਦਿਖਣਾ ਕਿੱਥੋਂ? ਇਹ ਤਾਂ ਮਹਾਂ ਕਾਲ ਹੈ ਜੋ ਬਾਰ ਬਾਰ ਜੰਮਦਾ ਤੇ ਮਰਦਾ ਤੱਕਦੇ ਹਾਂ, ਮੈਦਾਨ ਚ ਈਰਖਾ ਦਾ ਭਰਿਆ ਤੱਕਦੇ ਹਾਂ, ਓਹ ਐਨਾ ਨਿਰਬਲ ਬਈ ਓਹ ਬੰਦਿਆਂ ਨੂੰ ਮਾਰਦੈ ਤੇ ਮਰਿਆ ਬੰਦਾ ਫਿਰ ਮੁਕਾਬਲੇ ਲਈ ਖੜਾ ਹੋ ਜਾਂਦੈ, ਉਪਰ ਚੋਰੀ ਕੀਤੀ ਗੁਰੂ ਨਾਨਕ ਦੀ ਸਿੱਖਿਆ ਨੂੰ ਕਾਵਿ ਰੰਗ ਦੇ ਕੇ ਭਾਵੇਂ ਕਵੀ ਨੇ ਇਕ ਸਫਲ ਕਵੀ ਹੋਣ ਦਾ ਮਾਣ ਖੱਟਿਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਬਈ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਹਨ । ਗੁਰੂ ਗੋਬਿੰਦ ਸਿੰਘ ਜੀ ਕਦੇ ਕਾਲ ਜਾਂ ਮਹਾਂਕਾਲ ਨੂੰ ਅਪਣੇ ਨੇੜੇ ਤੇੜੇ ਢੁੱਕਣ ਹੀ ਨਹੀਂ ਸਨ ਦੇ ਸਕਦੇ ।

ਮਹਾਂ ਕਾਲ ਕਹਿੰਦਾ ਕਹੋ ਕਿ ਮੇਰੀ ਰੱਖਿਆ ਕਰੋ ਮੇਰੀ ਰੱਖਿਆ ਕਰੋ ਅਤੇ ਸਭ ਦੇਵਤਿਆਂ ਦਾ ਦੁੱਖ ਦੂਰ ਕਰੋ । ਉਸ ਨੇ ਅਪਣੇ ਭਗਤਾਂ ਦੀ ਰੱਖਿਆ ਕੀਤੀ ਅਤੇ ਦੁਸਟਾਂ ਨਾਲ ਲੜਾਈ ਕੀਤੀ । ਤਦ ਸ੍ਰੀ ਕਾਲ ਨੇ ਗੁੱਸਾ ਖਾ ਖਾ ਕੇ ਸ਼ਸਤ੍ਰ ਲੈ ਕੇ ਰੱਥ ਤੇ ਚੜ੍ਹਿਆ ਛੱਤਰੂਆਂ ਨੂੰ ਮਾਰਨ ਅਤੇ ਭਗਤਾਂ ਦੀ ਰੱਖਿਆ ਕਰਨ ਲਈ, ਓਹਨੇ ਛੱਤਰੂਆਂ ਦੀ ਸੈਨਾ ਤਿਲ ਤਿਲ ਕਰ ਕੇ ਮਾਰੀ ਤੇ ਸਾਧੂਆਂ ਦੀ ਰੱਖਿਆ ਕੀਤੀ ਪਰ ਜਿਤਨਿਆਂ ਨੂੰ ਕਾਲ ਮਾਰਦਾ ਉਤਨੇ ਹੀ ਦੈਂਤ ਹੋਰ ਜੰਮ ਪੈਂਦੇ ਤੇ ਕਾਲ ਨੂੰ ਘੇਰ ਲੈਂਦੇ :-

*ਤਿਲ ਤਿਲ ਏਕ ਏਕ ਕਰਿ ਡਾਰਾ ॥ ਗਜੀ ਰਥੀ ਬਾਜਿਯਨ ਬਿਦਾਰਾ ॥*
*ਤਿਹ ਤੇ ਅਮਿਤ ਅਸੁਰ ਉਠਿ ਧਏ ॥ ਘੇਰਤ ਮਹਾਂ ਕਾਲ ਕਹ ਭਏ ॥੧੦੫॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੬੬)

ਜਦ ਜੰਗ ਦਾ ਮੈਦਾਨ ਭਖਿਆ ਤਾਂ ਹਾਥੀ ਘੋੜੇ ਬੜੇ ਕੱਟ ਮਰੇ, ਗਿੱਧਾਂ ਨੇ ਮੁਰਦਿਆਂ ਦਾ ਮਾਸ ਨੋਚਿਆ, ਕਈ ਬਹਾਦਰ ਮੈਦਾਨ ਛੱਡ ਕੇ ਭੱਜੇ, ਕਾਲ ਨੇ ਸ਼ਸਤ੍ਰ ਸਜਾ ਕੇ ਬੜੇ ਗੁੱਸੇ ਨਾਲ ਡਰਾਉਣਾ ਭੇਖ ਧਾਰ ਕੇ ਅਨੇਕਾਂ ਬਾਣ ਗੁੱਸੇ ਚ ਛੱਡੇ ਤੇ ਅਨੇਕਾਂ ਛੱਤਰੂਆਂ ਦੇ ਸਿਰ ਫੋੜ ਦਿੱਤੇ ।

(ਇਹ ਨਾਲ ਦੀ ਨਾਲ ਵਿਚਾਰ ਕਰਦੇ ਰਹਿਓ ਕਿ ਰੱਬ ਅਤੇ ਕਾਲ ਚ ਕੀ ਫਰਕ ਐ ਜੇ ਰੱਬ ਨਿਰਵੈਰ ਅਤੇ ਨਿਰਭਉ ਹੈ ਤਾਂ ਫਿਰ ਕਾਲ ਦੇ ਰੂਪ ਚ ਡਰਿਆ ਕਿਵੇਂ ਅਤੇ ਵੈਰੀਆਂ ਨਾਲ ਵੈਰ ਕਿਵੇਂ ਲਿਆ, ਸਾਫ ਜਾਹਿਰ ਹੈ ਕਿ ਗੁਰੂ ਨਾਨਕ ਦੀ ਸਿੱਖਿਆ ਚੋਰੀ ਕਰ ਕੇ ਬੁੱਤਾ ਸਾਰ ਲਿਆ । ਪਰ ਗੁਣ ਪ੍ਰਗਟ ਨਾ ਹੋ ਸਕੇ ਇਸ ਤੋਂ ਸਾਫ ਪ੍ਰਗਟ ਹੈ ਕਿ ਕਵੀ ਦਾ

ਰੱਬ ਓਹ ਰੱਬ ਨਹੀਂ ਜੋ ਗੁਰੂ ਨਾਨਕ ਦਾ ਬਲਕਿ ਓਹਦਾ ਰੱਬ ਤਾਂ ਓਹ ਹੈ ਜੋ ਡਰਦਾ ਵੀ ਐ ਤੇ ਲੜਦਾ ਵੀ ਐ ਖਾਲੀ ਹੱਥ ਨਹੀਂ ਬਲਕਿ ਹਥਿਆਰਾਂ ਨਾਲ ਭਲਾਂ ਰੱਬ ਨੂੰ ਹਥਿਆਰ ਦੀ ਕੀ ਲੋੜ ?)

ਬੜਾ ਘਮਸਾਣ ਦਾ ਸੰਗਰਾਮ ਹੋਇਆ, ਬਹੁਤ ਸਾਰੇ ਮੌਤ ਦੇ ਮੂੰਹ ਜਾ ਪਏ, ਘੋੜਿਆਂ ਦੇ ਖੁਰਾਂ ਨਾ ਧਰਤੀ ਵਿਆਕੁਲ ਹੋ ਗਈ, ਬਹੁਤੀ ਧਰਤੀ ਤਾਂ ਅਸਮਾਨ ਨੂੰ ਉੱਡ ਗਈ ਜਦ ਇਕ ਹੀ ਥਾਂ ਰਹਿ ਗਈ ਤੇ ਭਿਆਨਕ ਯੁੱਧ ਛਿੜਿਆ ਤਾਂ ਮਹਾਂ ਕਾਲ ਨੂੰ ਲੜਦਿਆਂ ਪਸੀਨਾ ਆਇਆ ਜਿਸ ਨੂੰ ਪੂੰਝ ਪੂੰਝ ਕੇ ਧਰਤੀ ਤੇ ਸੁੱਟਦਾ (ਸਿੱਖਾਂ ਦਾ ਰੱਬ ਨਾ ਥੱਕਦਾ ਹੈ ਅਤੇ ਨਾ ਹੀ ਉਸ ਨੂੰ ਪਸੀਨਾ ਆਉਂਦਾ ਹੈ) ਜਦ ਓਹ ਪਸੀਨਾ (ਮਹਾਂ ਕਾਲ ਦਾ) ਧਰਤੀ ਤੇ ਡਿੱਗਾ ਤਾਂ ਭੱਟਾ ਚਾਰਜ ਜੰਮ ਪਿਆ ਜਿਹੜਾ ਬਦਨ ਤੋਂ ਪਸੀਨਾ ਡਿੱਗਾ ਉਸ ਤੋਂ ਢਾਡਿ ਸੈਨ ਢਾਡੀ ਪੈਦਾ ਹੋਇਆ ਜਿਸ ਨੇ ਉਦੋਂ ਹੀ ਛੰਦ ਲਿਖਣੇ ਤੇ ਗਾਉਣੇ ਸੁਰੂ ਕਰ ਦਿੱਤੇ :-

*ਏਕੈ ਰਹਿ ਗਯੋ ਜਬੈ ਪਯਾਲਾ ॥ ਐਸਾ ਮਚਾ ਜੁੱਧ ਬਿਕਰਾਲਾ ॥*
*ਮਹਾਂ ਕਾਲ ਕੈ ਭਯੋ ਪ੍ਰਸੇਤਾ ॥ ਡਾਰਾ ਭੂਮਿ ਪੌਛਿ ਕਰਿ ਤੇਤਾ ॥੧੦੯॥*
*ਭੱਟਾ ਚਾਰਜ ਰੂਪ ਤਬ ਧਰਾ ॥ ਬਦਨ ਪ੍ਰੇਸਤ ਧਰਨਿ ਜੋ ਪਰਾ ॥*
*ਢਾਢਿ ਸੈਨ ਢਾਡੀ ਬਪੁ ਲਯੋ ॥ ਕਰਖਾ ਬਾਰ ਉਚਾਰਤ ਭਯੋ ॥੧੧੦॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੯੬)

(ਮੱਥੇ ਦੇ ਪਸੀਨੇ ਨੂੰ ਪੋਚ ਕੇ ਧਰਤੀ ਤੇ ਸੁੱਟਿਆ ਤਾਂ ਭੱਟ ਜੰਮੇਂ ਅਤੇ ਬਦਨ ਦਾ ਪਸੀਨਾ ਪੋਚ ਕੇ ਨਿਚੋੜਿਆ ਤਾਂ ਢਾਡੀ, ਬਾਈ ਜੀ ਸੁਣਿਆ ਕੀ ਕਿਹਾ ਕਵੀ ਨੇ, ਸਿੱਖ ਧਰਮ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ (ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਜੀ) ਦੇ ਸਮੇਂ ਤੋਂ ਹੀ ਢਾਡੀ ਵਾਰਾਂ ਗਾਉਂਦੇ ਆ ਰਹੇ ਹਨ, ਕੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਦੀ ਖਬਰ ਨਹੀਂ ਸੀ ? ਸਿੱਖ ਧਰਮ ਅਜਿਹੇ ਮਿਥਿਹਾਸ ਗਪੌੜਿਆਂ ਨੂੰ ਕਬੂਲਦਾ ਹੀ ਨਹੀਂ, ਕੀ ਗੁਰੂ ਗੋਬਿੰਦ ਸਿੰਘ ਜੀ ਦਾ ਅਪਮਾਨ ਨਹੀਂ ਕੀਤਾ ਜਾ ਰਿਹਾ ?

ਜਿਹਦੇ ਵੱਲ ਨੂੰ ਕਾਲ ਕ੍ਰਿਪਾਨ ਕਰਦਾ ਓਸੇ ਦੇ ਦੋ ਟੁਕੜੇ ਕਰ ਦੇਂਦਾ, ਦੋ ਪੁਰਖਾਂ ਤੇ ਹਮਲਾ ਕਰਦਾ ਤਾਂ ਉਨ੍ਹਾਂ ਦੇ ਚਾਰ ਟੁਕੜੇ ਹੋ ਜਾਂਦੇ (2x2 = 4), ਬਹੁਤ ਸਮਾਂ ਕਾਲ ਨੇ ਘਮਸਾਣ ਕੀਤਾ ਤੇ ਅਨੇਕਾਂ ਤਰੀਕਿਆਂ ਨਾਲ ਦੈਂਤ ਮਾਰਦਾ ਰਿਹਾ, ਜਦ ਕਾਲ ਦਾ ਬਹੁਤ ਸਾਰਾ ਪਸੀਨਾ ਧਰਤੀ ਤੇ ਡਿੱਗਾ ਤਾਂ ਭੁਮ ਸੈਨ ਪੈਦਾ ਹੋ ਗਿਆ (ਰੱਬ ਨੂੰ ਪਸੀਨਾ ਆਉਂਦੈ ਪਤੈ ਓਹਦਾ ਪਸੀਨਾ ਧਰਤੀ ਤੇ ਡਿੱਗਣ ਨਾਲ ਭੱਟ ਢਾਡੀ ਤੇ ਭੂਮ ਸੈਨ ਵਰਗੇ ਪੈਦਾ ਹੁੰਦੇ ਹਨ, ਇਹ ਮੈਂ ਨਹੀਂ ਬਲਕਿ ਕਵੀ ਕਹਿੰਦਾ ਹੈ) ਤਾਲ ਵਜਾਉਂਦਿਆਂ ਦੇ ਕਈ ਢੋਲ ਪਾਟੇ, ਗੋ ਮੁਖ ਝਾਂਜਰ ਤੂਰ ਢੋਲ ਢਮੱਕੇ ਮ੍ਰਿਦੰਗਾਂ ਦੇ ਸਾਜਾਂ ਬਾਜਾਂ ਦਾ ਕੀ ਕਹਿਣਾ, ਦੋਨਾਂ ਪਾਸਿਆਂ ਤੋਂ ਭੇੜ, ਕਸ ਕਸ ਕੇ ਤੀਰਾਂ ਦੇ ਵਾਰ, ਕਈ ਕੁੰਡ ਲਹੂ ਨਾਲ ਭਰ ਗਏ, ਇਸ ਲਹੂ ਤੋਂ ਅਨਗਿਣਤ ਅਸੁਰ (ਦੈਂਤ) ਪੈਦਾ ਹੋ ਗਏ, ਓਹ ਮਾਰ ਦੋ ਮਾਰ ਦੋ ਕਰਕੇ ਦੈਂਤਾਂ ਨੂੰ ਮਾਰਦੇ ਪਰ ਓਹ ਹਜਾਰਾਂ ਹੀ ਫਿਰ ਪ੍ਰਗਟ ਹੋ ਜਾਂਦੇ, ਸਾਰੇ ਦੈਂਤ ਉਠ ਕੇ ਕਾਲ ਵੱਲ ਆਏ ਤਾਂ ਕਾਲ ਨੇ ਛਿਨ ਮਾਤਰ ਚ ਹੀ ਉਨ੍ਹਾਂ ਨੂੰ ਮਾਰ ਮੁਕਾਇਆ, ਬੜਾ ਘਮਸਾਣ ਦਾ ਯੁੱਧ ਹੋਇਆ, ਘੋੜੇ ਖੁਰਾਂ ਸਮੇਤ ਹੀ ਉੱਡ ਗਏ, ਹਾਥੀ ਘੋੜੇ ਅਤੇ ਤੇਰਾਂ ਅਸਮਾਨ ਬਸ ਬਚਿਆ ਤਾਂ ਇਕੋ ਪਤਾਲ, ਭੱਟ ਚਾਰਜ ਨੇ ਕਾਲ ਦੇ ਗੁਣ ਗਾਂਉਣੇ ਸ਼ੁਰੂ ਕਰ ਦਿੱਤੇ ਅਤੇ ਢਾਡਿ ਸੈਨ ਨੇ ਢਾਡੀ ਵਾਰਾਂ, ਜਿਉਂ ਜਿਉਂ ਓਹ ਵਾਰਾਂ ਸੁਣਾਉਂਦੇ ਕਾਲ ਦਾ ਗੁਮਾਨ (ਹੰਕਾਰ) ਵੱਡਾ ਹੁੰਦਾ ਤੇ ਚਾਈਂ ਚਾਈਂ ਦੁਬਹਿਯਾ ਬਾਣਾਂ ਨਾਲ ਦੈਂਤਾਂ ਨੂੰ ਮਾਰਦਾ। ਉਨ੍ਹਾਂ ਤੋਂ ਜੋ ਮਿਜ ਤੇ ਮਾਸ ਗਿਰਦਾ ਉਸ ਤੋਂ ਰਥੀ ਗਜੀ ਤੇ ਬਾਜੀ (ਘੋੜੇ) ਪੈਦਾ ਹੋ ਜਾਂਦੇ, ਕਿੰਨਿਆਂ ਦਾ ਮੈਂ ਲੇਖਾ ਜੋਖਾਂ ਕਰਾਂ ਤੁਸੀਂ ਆਪੇ ਹੀ ਸੁਧਾਈ ਕਰ ਲੈਣੀ :-

*ਕੇਤਿਕ ਭਏ ਅਸੁਰ ਬਿਕਰਾਰਾ ॥ ਤਿਨ ਕੇ ਬਰਨਨ ਕਰੌਂ ਸਿਧਾਰਾ॥੧੨੦॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੯੭)

(ਗੁਰੂ ਗੋਬਿੰਦ ਸਿੰਘ ਜੀ ਨਾ ਅਜਿਹੀ ਗਲਤ ਬਿਆਨੀ ਕਰ ਸਕਦੇ ਹਨ ਅਤੇ ਨਾ ਹੀ ਪੁਜਾਰੀਆਂ ਨੂੰ ਉਸ ਵਿੱਚ ਸੁਧਾਰ ਕਰ ਲੈਣ ਦੀ ਗੱਲ ਕਹਿ ਸਕਦੇ ਹਨ) ਜਿਨ੍ਹਾਂ ਦਾ ਇਕੋ ਪੈਰ ਤੇ ਇਕੋ ਅੱਖ ਪਰ ਅਨੇਕਾਂ ਬਾਹਾਂ ਦੋ ਸੌ ਦੇ ਕਰੀਬ, ਪੰਜ ਪੰਜ ਸੌ ਬਾਹਾਂ ਵਾਲੇ ਤਾਂ ਬੇਅੰਤ ਹੀ ਜਿਨ੍ਹਾਂ ਸ਼ਸਤ੍ਰ ਅਸਤ੍ਰ ਪਕੜੇ ਹੋਏ ਸਨ। ਉਨ੍ਹਾਂ ਦਾ ਇਕੋ ਪੈਰ ਤੇ ਇਕੋ ਨਾਸ, ਇਕ ਇਕ ਬਾਂਹ ਨਾਲ ਅਕਾਸ ਦਾ ਚੱਕ੍ਰ ਲਾਉਂਦੇ ਕਈਆਂ ਦੇ ਅੱਧੇ ਸਿਰ ਮੁੰਨੇ ਹੋਏ ਤੇ ਕਈਆਂ ਨੇ ਕੇਸ ਰੱਖੇ ਹੋਏ, ਇਕ ਇਕ ਤਲਾਬ ਦਾਰੂ ਦਾ ਪੀ ਕੇ ਬੰਦੇ ਖਾ ਕੇ ਜਗਤ ਚ ਜਿਊਂਦੇ। ਦਸ ਸਹੰਸ ਭਾਂਗ ਦੇ ਘੜੇ ਭਰ ਕੇ ਪੀ ਪੀ ਕੇ ਰਣ ਤੱਤੇ ਚ ਭਿੜੇ:-

*ਏਕ ਏਕ ਮਦ ਕੋ ਸਰ ਪੀਯੈ ॥ ਮਾਨਵ ਖਾਇ ਜਗਤ ਕੇ ਜੀਯੈ ॥*
*ਦਸ ਸਹੰਸ ਭਾਂਗ ਕੇ ਭਰਿ ਘਟ ॥ ਪੀ ਪੀ ਭਿਰਤ ਅਸੁਰ ਰਨ ਚਟਪਟ ॥੧੨੩॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੯੮)

ਤੇਜ ਸ਼ਸਤ੍ਰਾਂ (ਬੱਜ੍ਰਬਾਨ, ਬਿਛੂਆ ਤੇ ਬਿਸਿਖ) ਨੇ ਊਚ ਨੀਚ ਸਭਨਾਂ ਨੂੰ ਬਰਾਬਰ ਕਰ ਦਿੱਤਾ। ਇਸ ਤਰੀਕੇ ਨਾਲ ਘੋਰ ਸੰਗਰਾਮ ਹੋਇਆ, ਜਦ ਮਹਾਂ ਕਾਲ ਨੂੰ ਗੁੱਸਾ ਆਇਆ ਤਾਂ ਉਸ ਨੇ ਬੇਅੰਤ ਦੈਂਤ ਮਾਰ ਮੁਕਾਏ। ਜਦ ਮਹਾਂ ਕਾਲ ਰਿਸਿ ਨਾਲ ਭਰ ਗਿਆ ਉਦੋਂ ਉਸ ਨੇ ਘੋਰ ਯੁੱਧ ਕੀਤਾ, ਓਹ ਵੱਡੇ ਦੈਂਤਾਂ ਨੂੰ ਮਾਰਦਾ ਤੇ ਨਾਦ ਸਿੰਘ ਨੂੰ ਪ੍ਰਗਟ ਕੀਤਾ, ਕਿਤੇ ਮਸਾਨ (ਮਸਾਣ) ਕਿਲਕਾਰੀਆਂ ਮਾਰਦੇ, ਕਿਤੇ ਭੇਰੋਂ ਭੁਤਰਿਆ ਫਿਰਦਾ, ਜੋਗਣਾਂ ਤੇ ਦੈਂਤ ਵਧੇਰੇ ਖੁਸ਼ ਓਹ ਹੰਕਾਰ ਚ

ਸ਼ਿਵ ਨੂੰ ਭੂਤ ਕਹਿੰਦੇ। ਕਿਤੇ ਝਾਲਰਿ ਤੇ ਝਾਂਜਰ ਦੀ ਛਣਕਾਰ, ਕਿਤੇ ਢੋਲ ਢਮੱਕਾ, ਕਿਤੇ ਨਗਾਰੇ ਤੇ ਚੋਟਾਂ, ਕਿਤੇ ਡਵਰੂ ਤੇ ਕਿਤੇ ਡੁਗਡੁਗੀ, ਕਿਤੇ ਨਾਇ ਨਫੀਰੀ ਤੇ ਕਿਤੇ ਸੁਰੰਗੀ, ਕਿਤੇ ਮੁਰਲੀ ਦੀ ਬਾਂਸਰੀ, ਕਿਤੇ ਦੁੰਦਭਿ ਢੋਲ ਦੇ ਦੱਗੇ ਤੇ ਕਿਤੇ ਸ਼ਹਨਾਈ, ਸਭ ਵੱਜਦੇ ਤੇ ਸੂਰਮੇ ਲੜਦੇ (ਭਲਾਂ ਲੜਾਈ ਚ ਇਨ੍ਹਾਂ ਸਾਜਾਂ ਦਾ ਕੀ ਕੰਮ? ਕਵੀ ਹੈ ਨਾ, ਮੌਜਾਂ ਲੈਣ ਦਿਓ) ਇਸ ਲੜਾਈ ਚ ਅਨੇਕਾਂ ਮਰੇ, ਲਹੂ ਦੀ ਨਦੀ ਵਗ ਤੁਰੀ, ਇਹ ਯੁੱਧ ਕਾਲੀ ਅਤੇ ਦੈਂਤਾਂ ਦੇ ਵਿਚਕਾਰ ਦਾ ਹੈ, ਜਿਸ ਨੇ ਸਿਰ ਤੇ ਕੇਸ ਸਜਾਏ ਉਨ੍ਹਾਂ ਦੇ ਸਿਰਾਂ ਤੋਂ ਲਹੂ ਪਰਨਾਲੇ ਬਣ ਤੁਰਿਆ, ਇਸ ਲਹੂ ਚ ਕਈ ਘੋੜੇ ਅਤੇ ਬ੍ਰਿਛ ਹੜ੍ਹ ਗਏ, ਕੋਈ ਸੂਰਮਾ ਬਿਨਾਂ ਜਖ਼ਮ ਤੋਂ ਨਾ ਬਚਿਆ, ਲਹੂ ਨਾਲ ਭਿੱਜੇ ਚੀਥੜੇ ਬੜੇ ਸੁੰਦਰ ਲੱਗਦੇ ਮਾਨੋ ਓਹ ਹੋਲੀ ਖੇਡ ਕੇ ਘਰ ਆਏ ਹੋਣ, ਉਨ੍ਹਾਂ ਦੇ ਸਿਰ ਧਰਤੀ ਤੇ ਪਏ ਸੋਭਾ ਦੇਂਦੇ, ਜਿਹੜੇ ਖ਼ੂਨ ਦੀ ਨਦੀ ਚ ਬ੍ਰਿਛ ਤੇ ਘੋੜੇ ਹੜੇ ਜਾ ਰਹੇ ਸਨ ਓਹ ਬੜੀ ਮਸਤੀ ਕਰਦੇ, ਜਿੱਥੇ ਸੂਰਮਿਆਂ ਨੂੰ ਵੈਰੀਆਂ ਨੇ ਮਾਰਿਆ ਉੱਥੇ ਭੂਤ ਤੇ ਪ੍ਰੇਤ ਨੱਚੇ, ਕਿਤੇ ਡਾਕਨੀ ਝਾਕਨੀ ਆਵਾਜਾਂ ਮਾਰਦੀ, ਕਿਤੇ ਉਗਲਾਂ ਕੱਟੀਆਂ, ਕਿਸੇ ਦੇ ਜਖ਼ਮ ਸੀਤੇ, ਕਿਤੇ ਸੂਰਮੇ ਮਰ ਕੇ ਧਰਤੀ ਤੇ ਡਿੱਗੇ, ਜਿੰਨੇ ਤੁਪਕੇ ਖ਼ੂਨ ਦੇ ਧਰਤੀ ਤੇ ਡਿੱਗੇ ਉਤਨੇ ਹੀ ਦੈਂਤ ਹੋਰ ਪ੍ਰਗਟ ਗੋ ਗਏ, ਜਿੰਨੇ ਵੀ ਦੈਂਤ ਹਮਲਾ ਕਰਨ ਆਏ ਉਤਨੇ ਹੀ ਕਾਲ ਨੇ ਮਾਰ ਮੁਕਾਏ ਤੇ ਧਰਤੀ ਉੱਤੇ ਖ਼ੂਨ ਦੇ ਪਰਨਾਲੇ ਵਗ ਤੁਰੇ। ਦੈਂਤ ਬੜੀ ਬਹਾਦਰੀ ਨਾਲ ਫਿਰ ਉੱਠੇ ਤੇ ਦੋਨਾਂ ਪਾਸਿਆਂ ਤੋਂ ਮਾਰ ਓਏ ਮਾਰ ਓਏ ਹੋ ਗਈ ਓਹ ਹੱਥ ਚ ਗਦਾ ਲੈ ਕੇ ਗਰਜੇ ਪਰ ਲੜਦਿਆਂ ਉਨ੍ਹਾਂ ਦੋ ਪੈਰ ਵੀ ਪਿੱਛੇ ਹਟਣਾ ਚੰਗਾ ਨਾ ਸਮਝਿਆ। ਕਿਤੇ ਬਹਾਦਰਾਂ ਦੀਆਂ ਲੋਥਾਂ, ਕਿਤੇ ਰਣ ਖੇਤ ਚ ਖੱਤ੍ਰੀਆਂ ਦਾ ਸੜਨਾ, ਕਿਤੇ ਹਾਥੀ ਮਰੇ ਤੇ ਕਿਤੇ ਊਂਠ, ਕਿਤੇ ਘੋੜ ਸਵਾਰ ਮਰੇ ਤੇ ਹੱਥੋਂ ਛੁੱਟੇ, ਕਿਤੇ ਛੈਲ ਛਬੀਲਿਆਂ ਨੇ ਦੁਸਟਾਂ ਨੂੰ ਲੁੱਟਿਆ । ਇਸ ਤਰੀਕੇ ਨਾਲ ਉੱਥੇ ਸੰਗਰਾਮ ਹੋਇਆ ਜਿਸ ਨੂੰ ਦੇਵੀ ਦੇਵਤਿਆਂ ਦੇਖਿਆ ਹਰ ਪਾਸੇ ਮਾਰ ਹੀ ਮਾਰ ਤੇ ਕਚੀਚੀਆਂ ਵੱਟ ਵੱਟ ਕੇ ਜੋਧੇ ਆਉਂਦੇ । ਜਿਸ ਦੇ ਤਨ ਤੇ ਕਾਲ ਤੀਰ ਦਾ ਵਾਰ ਕਰਦਾ ਓਸੇ ਦਾ ਚੂਰਮਾ ਕਰ ਦੇਂਦੇ ਤੇ ਗੁੱਸੇ ਵਿੱਚ ਜਾ ਕੇ ਕ੍ਰਿਪਾਨ ਨਾਲ ਉਸ ਦਾ ਸਿਰ ਕੱਟ ਦੇਂਦਾ (ਸਿੱਖਾਂ ਦਾ ਰੱਬ ਅਜਿਹੇ ਕਰਮ ਨਹੀਂ ਕਰਦਾ ਕਿਉਂਕਿ ਸਿੱਖ ਦੇ ਰੱਬ ਦਾ ਕੋਈ ਦੁਸ਼ਮਣ ਹੈ ਹੀ ਨਹੀਂ ਫਿਰ ਲੜਣਾ ਕਿਸ ਨਾਲ ? ਓਹ ਤਾਂ ਗੰਦੇ ਤੋਂ ਗੰਦੇ ਮਨੁੱਖ ਦੀ ਵੀ ਪਾਲਣਾ ਕਰਦਾ ਹੈ ਦੇਖੋ ਨਾ ਆਪ ਅਪਣੇ ਪੁਜਾਰੀਆਂ ਨੂੰ ਹੀ ਲੈ ਲਓ ਦਿਨ ਦੀਵੀਂ ਗੁਰੂ ਤੇ ਰੱਬ ਦਾ ਅਪਮਾਨ ਕਰਦੇ ਐਂ ਕਦੇ ਭੋਰਾ ਗੁੱਸਾ ਆਇਆ ਰੱਬ ਨੂੰ ਜਾਂ ਗੁਰੂ ਨੂੰ ਬਸ ਇਹੋ ਫਰਕ ਐ ਬਾਈ ਕਵੀ ਦੇ ਰੱਬ ਚ ਤੇ ਸਿੱਖ ਦੇ ਰੱਬ ਚ) ਇਸ ਤਰੀਕੇ ਨਾਲ ਘਮਸਾਣ ਦੀ ਲੜਾਈ ਹੋਈ ਤੇ ਕਾਲ ਨੂੰ ਥੋਹੜਾ ਗੁੱਸਾ ਆਇਆ। ਉਸ ਨੇ ਕੇਸਾਂ ਤੋਂ ਪਕੜ ਕੇ ਦੈਂਤਾਂ ਨੂੰ ਧਰਤੀ ਤੇ ਪਟਕਾ ਮਾਰਿਆ ਤੇ ਕ੍ਰਿਪਾਨ ਕੱਢ ਕੇ ਕਈ ਮਾਰ ਦਿੱਤੇ (ਸ਼ਾਇਦ ਕਵੀ ਸਿੱਖ ਨੂੰ ਦੈਂਤ ਦੱਸ ਰਿਹਾ ਹੈ) ਉਸ ਨੇ ਰਣ ਭੂਮੀ ਚ ਬੜੇ ਦੈਂਤ ਮਾਰੇ ਤੇ ਉਨ੍ਹਾਂ ਦੇ ਸਰੀਰ ਸੇ ਟੁਕੜੇ ਟੁਕੜੇ ਕਰ ਦਿੱਤੇ। ਹਰ ਪਾਸੇ ਮਾਰ ਦਿਓ ਮਾਰ ਦਿਓ ਹੁੰਦੀ ਪਰ ਕੋਈ ਸੂਰਮਾ ਪੈਰ ਪਿੱਛੇ ਨਾ ਪੁੱਟਦਾ। ਕਈ ਘਾਇਲ ਹੋ ਕੇ ਘੁੰਮ ਘੁੰਮ ਕੇ ਧਰਤੀ ਤੇ ਡਿੱਗੇ, ਜਦ ਤੱਕ ਸੂਰਮੇਂ ਮਰ ਨਹੀਂ ਗਏ ਉਦੋਂ ਤੱਕ ਉਨ੍ਹਾਂ ਪੈਰ ਪਿੱਛੇ ਨਾ ਪੁੱਟਿਆ। ਕਈਆਂ ਨੇ ਗੁਰਜ ਸੰਭਾਲੀ ਤੇ ਕਈਆਂ ਨੇ ਗੋਫ਼ਨ, ਕਈ ਖਿੱਚ ਖਿੱਚ ਕੇ ਤੀਰ ਸੁੱਟਦੇ, ਕਈ ਜੰਗੇ ਮੈਦਾਨ ਚ ਘੋੜੇ ਨਚਾਉਂਦੇ ਤੇ ਝੱਟ ਪੱਟ ਸੂਰਮੇ ਜੂਝ ਜਾਂਦੇ, ਅਪਣੇ ਚਿਤ ਚ ਕ੍ਰੋਧ ਭਰ ਕੇ ਮਹਾਂ ਕਾਲ ਨਾਲ ਯੁੱਧ ਕਰਦੇ, ਜਿੰਨੇ ਵੀ ਸੂਰਮੇ ਗੁੱਸਾ ਖਾ ਕੇ ਆਏ ਮਹਾਂ ਕਾਲ ਨੇ ਉਨ੍ਹਾਂ ਸਾਰਿਆਂ ਨੂੰ ਮਾਰ ਦਿੱਤਾ, ਉਨ੍ਹਾਂ ਦੀ ਮਿੱਜ ਤੇ ਮਾਸ ਧਰਤੀ ਤੇ ਡਿਗਦਿਆਂ ਹੀ ਬੇਅੰਤ ਦੈਂਤ ਹੋਰ ਪ੍ਰਗਟ ਹੋ ਜਾਂਦੇ, ਜਿਨ੍ਹਾਂ ਨੂੰ ਮਹਾਂ ਕਾਲ ਨੇ ਖਪਾਇਆ ਉਨ੍ਹਾਂ ਦਾ ਖ਼ੂਨ ਧਰਤੀ ਤੇ ਛਾ ਗਿਆ ਜਿਸ ਨਾਲ ਅਣਗਿਣਤ ਦੈਂਤ ਹੋਰ ਪ੍ਰਗਟ ਹੋ ਗਏ (ਪਤਾ ਨਹੀਂ ਕਵੀ ਕਿਸੇ ਸੱਚ ਮੁੱਚ ਦੇ ਦੈਂਤ ਦੀ ਗੱਲ ਕਰਦੈ ਜਾਂ ਖਟਮਲਾਂ ਦੀ) ਕਿਸੇ ਦੀ ਬਾਂਹ ਕੱਟੀ ਕਿਸੇ ਦਾ ਸਿਰ, ਕਈ ਵਿਚਕਾਰੋਂ ਚੀਰੇ ਗਏ ਜਿਨ੍ਹਾਂ ਤੇ ਭੂਤ ਪ੍ਰੇਤ ਮਸਤ ਹੋ ਕੇ ਨੱਚਦੇ, ਜਿਨ੍ਹਾਂ ਦੇ ਸਿਰਾਂ ਚ ਕ੍ਰਿਪਾਨਾਂ ਦੇ ਫੱਟ ਲੱਗਦੇ ਓਹ ਅੱਧੇ ਅੱਧੇ ਹੋ ਕੇ ਜਾਨ ਲਈ ਜੂਝਦੇ ਕਿਤੇ ਹਾਥੀ ਤੇ ਘੋੜੇ ਜ਼ਮੀਨ ਤੇ ਲੇਟਦੇ, ਕਈ ਘਾਇਲ ਹੋ ਕੇ ਧਰਤੀ ਤੇ ਡਿੱਗੇ, ਕਈਆਂ ਦੇ ਮਨ ਬਈਮਾਨ ਹੋ ਜਾਣ ਤੇ ਭੱਜ ਗਏ । *ਕਿਤੇ ਬੀਰ ਬਾਂਕੇ ਧਰੇ ਲਾਲ ਬਾਨੇ ॥ ਕਿਤੇ ਸਯਾਮ ਔ ਸੇਤ ਕੀਨੇ ਨਿਸ਼ਾਨੇ ॥*

*ਕਿਤੇ ਹਰਤਿ ਯੌ ਪੀਤ ਬਾਨੇ ਸੁਹਾਏ ॥ ਹਠੀ ਚੁੰਗ ਬਾਧੇ ਚਲੇ ਖੇਤ ਆਏ ॥੧੭੮॥*

ਕਿਤੇ ਖੱਚਰਾਂ ਤੇ ਚੜ੍ਹ ਕੇ ਵੈਰੀ ਗੱਜੇ, ਕਿਤੇ ਗਧਿਆਂ ਤੇ ਚੜ੍ਹ ਕੇ ਸੂਰਮੇ ਗੱਜੇ, ਕਿਤੇ ਦੈਂਤ ਦੇਵਤਿਆਂ ਨੂੰ ਭਾਰੇ ਪਏ ਜਿਹੜੇ ਨਗਾਰਿਆਂ ਤੇ ਚੋਟਾਂ ਮਾਰ ਮਾਰ ਅੱਗੇ ਵਧਦੇ ਕਿਤੇ ਦੈਂਤ ਮੱਝਾਂ ਤੇ ਚੜ੍ਹ ਕੇ ਆਇ ਕਿਤੇ ਸੂਰ ਜਾਂ ਕੁੱਤਿਆਂ ਤੇ ਚੜ੍ਹ ਕੇ, ਕਿਤੇ ਓਹ ਸੱਪਾਂ ਤੇ ਚੜ੍ਹ ਕੇ ਆਏ ਤੇ ਕਿਤੇ ਓਹ ਦੁਸਟ ਬਘਿਆੜਾਂ ਤੇ ਚੜ੍ਹ ਕੇ ਆਏ, ਕਿਤੇ ਓਹ ਚੀਤੇ ਤੇ ਚੜ੍ਹ ਆਏ ਤੇ ਕਿਤੇ ਓਹ ਚਿਤਰੇ ਤੇ, ਕਿਤੇ ਓਹ ਚਾਕ ਚੁੰਧ੍ਰਾਂ ਤੇ ਚੜ੍ਹ ਕੇ ਆਏ ਤੇ ਕਿਤੇ ਠੁਹਿਆਂ ਤੇ ਸਵਾਰ ਹੋ ਕੇ ਆਏ, ਕਈ ਵਿਚਾਰੇ ਬ੍ਰਿਧ ਗਿੱਧਾਂ ਤੇ ਹੀ ਚੜ੍ਹ ਕੇ ਆ ਗਏ, ਦੋਨਾਂ ਪਾਸਿਆਂ ਤੋਂ ਘਮਸਾਣ ਦੀ ਲੜਾਈ ਚੜ੍ਹਿਆ ਮਹਾਂ ਕਾਲ ਨੂੰ ਗੁੱਸਾ, ਜਮਾਏ ਪੈਰ ਧਰਤੀ ਤੇ, ਓਹਨੇ ਛੱਡੇ ਤਰ੍ਹਾਂ ਤਰ੍ਹਾਂ ਦੇ ਹਥਿਆਰ ਪਹਿਲਾਂ ਮੋਹਨਾਸਤ੍ਰ, ਫਿਰ ਬਰੁਣਾਸਤ੍ਰ ਪ੍ਰਾਣ ਲੈਣ ਲਈ, ਫਿਰ ਪਾਵਕਾਸਤ੍ਰ ਨਾਲ ਜਿੰਦਾ ਜਲਾਇਆ, ਜਿਹਦੇ ਤੇ ਮਹਾਂਕਾਲ ਨੇ ਵਾਰ ਕੀਤਾ ਓਸ ਦੇ ਦੋ ਟੁਕੜੇ ਹੋ ਗਏ। ਉਨ੍ਹਾਂ ਦਾ ਮਾਸ ਗਿੱਧਾਂ ਤੇ ਗਿੱਦੜਾਂ ਨੋਚਿਆ, ਭੈਰੋਂ ਦੀਆਂ ਭਵਕੀਆਂ, ਮਸਾਣਾਂ ਚ ਕਿਲਕਾਰੀਆਂ ਡਰਾਉਂਦੀਆਂ

ਹਰ ਪਾਸੇ ਮਾਰ ਦੋ ਮਾਰ ਦੋ ਹੁੰਦੀ, ਜਿਹੜਾ ਮਹਾਂਕਾਲ ਤੇ ਵਾਰ ਕਰਦਾ ਉਲਟਾ ਓਹੀ ਧਰਤੀ ਤੇ ਡਿੱਗਦਾ, ਦੈਂਤ ਇਕ ਰੂਪ ਹੋ ਕੇ ਮਹਾਂਕਾਲ ਦੇ ਵਿਚਕਾਰ ਸਮਾਂ ਜਾਂਦੇ, ਲਓ ਦੈਂਤਾਂ ਨੂੰ ਚੜ੍ਹਿਆ ਗੁੱਸਾ, ਸੰਭਾਲੇ ਹਥਿਆਰ ਲਓ ਸੇਖ ਸੈਯਦ ਤੇ ਪਠਾਣ ਕਿਵੇਂ ਬਣੇ ਕਵੀ ਦੀ ਜਬਾਨੀ :-

*ਜ੍ਵਾਲ ਤਜੀ ਕਰਿ ਕੋਪ ਨਿਸਾਚਰ ॥ ਤਿਨ ਤੇ ਭਏ ਪਠਾਨ ਧਨੁੱਖ ਧਰ ॥*
*ਪੁਨਿ ਮੁਖ ਤੇ ਉਲਕਾ ਜੇ ਕਾਢੇ ॥ ਤਾਤੇ ਮੁਗਲ ਉਪਜਿ ਭੇ ਠਾਢੇ ॥੧੯੮॥*
*ਪੁਨਿ ਰਿਸਿ ਤਨ ਤਿਨ ਸ੍ਵਾਸ ਨਿਕਾਰੇ ॥ ਸੈਯਦ ਸ਼ੇਖ ਭਏ ਰਿਸ ਵਾਰੇ ॥*
*ਧਾਏ ਸ਼ਸਤ੍ਰ ਅਸਤ੍ਰ ਕਰ ਲੈ ਕੈ ॥ ਤਮਕਿ ਤੇਜ ਰਨ ਤੁਰੀ ਨਚੈ ਕੈ ॥੧੯੯॥* **(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੭੩)**

(ਜੇਕਰ ਠੰਢੇ ਵਿਚਾਰ ਨਾਲ ਵਿਚਾਰ ਵਿਚਾਰੀਏ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੈਂਤ ਦੂੰਤ ਹੋਏ ਹੀ ਨਹੀਂ, ਕਵੀ ਅਤੇ ਪੁਜਾਰੀ ਈਰਖਾ ਵੱਸ ਹੋ ਕੇ ਸ਼ੇਖਾਂ ਪਠਾਣਾ, ਮੁਗਲਾਂ, ਲੋਧੀਆਂ, ਸੈਯਦਾਂ ਅਤੇ ਸਿੱਖਾਂ ਨੂੰ ਹੀ ਦੈਂਤ ਆਖ ਰਹੇ ਹਨ । ਜਦ ਇਸ ਲੜਾਈ ਦੀ ਬਰੀਕੀ ਨਾਲ ਛਾਣਨਾ ਲਾ ਕੇ ਪੁਣਛਾਣ ਕਰਦੇ ਹਾਂ ਤਾਂ ਇਹ ਗੱਲ ਉੱਭਰ ਕੇ ਸਾਮ੍ਹਣੇ ਆਉਂਦੀ ਹੈ ਕਿ ਸਮੇਂ ਸਮੇਂ ਦੀਆਂ ਹੋਈਆਂ ਛੋਟੀਆਂ ਵੱਡੀਆਂ ਲੜਾਈਆਂ ਨੂੰ ਕਾਵਿ ਰੰਗ ਦੇ ਕੇ ਆਮ ਮਨੁੱਖਾਂ ਦੇ ਜਜਬਾਤਾਂ ਨੂੰ ਟੁੰਬਿਆ ਗਿਆ ਹੈ। ਨ੍ਰਿਬਲ ਹੋਈ ਜਨਤਾ ਕਿਤੇ ਹੋਰ ਨ੍ਰਿਬਲ ਨਾ ਹੋ ਜਾਏ ਅਪਣੇ ਸੂਰਮਿਆਂ ਨੂੰ ਵੱਡਾ ਕਰਕੇ ਤੇ ਸ਼ਕਤੀਸ਼ਾਲੀ ਪ੍ਰਗਟ ਕੀਤਾ ਗਿਆ ਹੈ । ਅੱਗੇ ਇਹੋ ਵਿਚਾਰ ਸਪੱਸ਼ਟ ਹੋ ਜਾਂਦੀ ਹੈ ਆਓ ਦੇਖੋ ਤੇ ਪੜ੍ਹੋ ਕਿ ਖਾਨ ਪਠਾਣ ਦੈਂਤ ਹੀ ਤਾਂ ਹਨ) ਖਾਨ ਅਤੇ ਪਠਾਣ ਗੁੱਸਾ ਖਾ ਕੇ ਆਏ ਤੇ ਨੰਗੀਆਂ ਕ੍ਰਿਪਾਨਾਂ ਸੂਤੀਆਂ ਓਹ ਮਹਾਂਕਾਲ  ਤੇ ਵਾਰ ਕਰਦੇ ਪਰ ਉਸ ਦਾ ਬਾਲ ਵਿੰਗਾ ਨਾ ਹੋਇਆ :-

*ਖਾਨ ਪਠਾਨ ਢੁਕੇ ਰਿਸਿ ਕੈ ਕੈ ॥ ਕੋਪਿ ਕ੍ਰਿਪਾਨ ਨਗਨ ਕਰ ਲੈ ਕੈ ॥*
*ਮਹਾਂ ਕਾਲ ਕੌ ਕਰਤ ਪ੍ਰਹਾਰਾ ॥ ਏਕ ਨ ਉਪਰਤ ਰੋਮ ਉਪਾਰਾ ॥੨੦੦॥*
*ਅਮਿਤ ਖਾਨ ਕਰਿ ਕੋਪ ਸਿਧਾਰੇ ॥ ਮਦ ਕਰਿ ਭਏ ਸਕਲ ਮਤਵਾਰੇ ॥*
*ਉਮਡੇ ਅਮਿਤ ਮਲੇਛਨ ਕੇ ਗਨ ॥ ਤਿਨਕੇ ਨਾਮ ਕਹਤ ਤੁਮ ਸੌ ਭਨਿ ॥੨੦੧॥* **(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੭੩)**

ਖਾਨ ਅਤੇ ਪਠਾਣ ਗੁੱਸਾ ਖਾ ਕੇ ਆਏ ਤਾਂ ਨਾਹਰ ਖਾਨ ਆਉਂਦੇ ਹੀ ਝੜ ਗਿਆ ਤੇ ਹੋਰ ਬੇਅੰਤ ਪਠਾਣ ਮਰੇ। ਬੈਰਮ ਖਾਨ, ਬਹਾਦੁਰ ਖਾਨ, ਬਲਵੰਡ ਖਾਨ, ਰੁਸਤਮ ਖਾਨ, ਹਸਨ ਖਾਨ, ਹੁਸੈਨ ਖਾਨ, ਮੁਹੰਮਦ ਖਾਨ, ਸ਼ਮਸ਼ਖਾਨ, ਸਮਸਰ ਖਾਨ ਬੜੇ ਬੜੇ ਜੋਧਾ ਦੰਦ ਪੀਹ ਪੀਹ ਕੇ ਕਚੀਚੀਆਂ ਵੱਟ ਵੱਟ ਕੇ ਮਹਾਂ ਕਾਲ ਤੇ ਚੜ੍ਹ ਆਏ, ਮਹਾਂ ਕਾਲ ਨੇ ਉਨ੍ਹਾਂ ਨੂੰ ਆਉਂਦਿਆਂ ਹੀ ਮਾਰ ਮੁਕਾਇਆ, ਮਹਾਂ ਕਾਲ ਨੂੰ ਬੜਾ ਗੁੱਸਾ ਆਇਆ ਉਸ ਨੇ ਪਠਾਣਾਂ ਨਾਲ ਚੰਗਾ ਲੋਹਾ ਲਿਆ, ਉਸ ਨੇ ਨਾਹਰ ਖਾਨ ਤੇ ਗੈਰਤ ਖਾਨ ਨੂੰ ਮਾਰਿਆ, ਬਲਵੰਡ ਖਾਨ ਦਾ ਸਿਰ ਵੱਢਿਆ, ਸ਼ੇਰ ਖਾਨ ਦੇ ਟੁਕੜੇ ਕੀਤੇ, ਬੈਰਮ ਖਾਨ ਨੂੰ ਕੇਸਾਂ ਤੋਂ ਫੜ ਕੇ ਧਰਤੀ ਨਾਲ ਪਟਕਾ ਮਾਰਿਆ (ਹੁਣ ਗੁਰੂ ਨਾਨਕ ਦੇ ਰੱਬ ਅਤੇ ਮਹਾਂ ਕਾਲ ਰੂਪੀ ਰੱਬ ਦੇ ਅੰਤਰ ਦਾ ਆਪ ਜੀ ਨੂੰ ਫ਼ਰਕ ਪਤਾ ਚਲ ਹੀ ਗਿਆ ਹੋਏਗਾ । ਸਿੱਖਾਂ ਦਾ ਰੱਬ ਧਰਤੀ ਤੇ ਐਦਾਂ ਦੇ ਪੁੱਠੇ ਕਾਰੇ ਕਰਦਾ ਹੀ ਨਹੀਂ ਉਸ ਲਈ ਤਾਂ ਹਰ ਕੋਈ ਇਕ ਸਮਾਨ ਐ ਭਾਵੇਂ ਉਸ ਦਾ ਅਕੀਦਾ ਕੋਈ ਵੀ ਹੋਏ) ਫਿਰ ਬਹਦਰ ਖਾਨ ਨੇ ਗੁੱਸਾ ਖਾਧਾ ਤੇ ਬੇਅੰਤ ਬਾਣ ਛੱਡੇ (ਬਹਾਦੁਰ ਖਾਨ ਨੂੰ ਕਾਲ ਮਾਰ ਚੁੱਕਿਆ ਹੈ ਫਿਰ ਜਿੰਦਾ ਕਿਵੇਂ ਹੋਇਆ ? ਇਕ ਬੁਝਾਰਤ)

ਓਧਰ ਮਹਾਂ ਕਾਲ ਨੇ ਵੀ ਗੁੱਸੇ ਚ ਜੁਵਾਬੀ ਕਾਰਵਾਈ ਕੀਤੀ, ਇਸ ਪਠਾਣੀ ਹਠੀ ਸੈਨਾ ਬਾਰੇ ਕੀ ਕਹਾਂ ਮੁਗਲਾਂ ਨੂੰ ਭੋਰਾ ਭੈ ਨਹੀਂ, ਇਸ ਗਹਿਗਚ ਦੀ ਲੜਾਈ ਚ ਬੈਰਮ ਬੇਗ ਮੁਗਲ ਨੂੰ ਮਾਰਿਆ, ਯੂਸਫ ਖਾਨ ਦੇ ਟੁਕੜੇ ਕੀਤੇ, ਤਾਹਿਰ ਬੇਗ ਥੋਹੜੇ ਸਮੇਂ ਲਈ ਰਣ ਤੱਤੇ ਚ ਟਿਕਿਆ ਤੇ ਅਖੀਰ ਦੋ ਪਹਿਰ ਭਿੜਨ ਤੋਂ ਬਾਦ ਗਿਰ ਗਿਆ। ਹੁਣ ਨੂਰਮ ਬੇਗ ਨੂੰ ਗੁੱਸਾ ਚੜ੍ਹਿਆ, ਓਹਦੇ ਨਾਲ ਆਦਿਲ ਬੇਗ ਹੋ ਤੁਰਿਆ, ਮਲੇਛ ਸੈਨਾ ਡਰ ਗਈ, ਪਠਾਣ ਤੇ ਮੁਗਲ ਭੱਜੇ ਫਿਰ ਦਸੋਂ ਦਿਸ਼ਾਵਾਂ ਤੇ ਸੈਯਦ ਆ ਗੱਜੇ, ਆਉਂਦੇ ਹੀ ਹੁਸੈਨ ਖਾਨ ਜੂਝਿਆ, ਹਸਨ ਖਾਨ ਸਨਮੁੱਖ ਹੋ ਕੇ ਲੜਿਆ, ਫਿਰ ਮੁਹੰਮਦ ਖਾਨ ਲੜ ਕੇ ਮਰਿਆ, ਫਿਰ ਸੈਦ ਹੁਸੈਨ ਗੁੱਸਾ ਖਾ ਕੇ ਗਰਜਿਆ, ਜਾਫਰ ਸੈਦ ਰੋਕਿਆਂ ਨਾ ਰੁਕਿਆ, ਓਹ ਵੀ ਮਾਰੇ ਗਏ। ਇਸ ਢੰਗ ਨਾਲ ਸੈਯਦੀ ਸੈਨਾ ਮਾਰੀ, ਸ਼ੇਖ ਫੌਜ ਬਿਨਾ ਚੈਨ ਤੋਂ ਹੀ ਭੱਜ ਉੱਠੀ ਜਦ ਮਹਾਂਕਾਲ ਨੇ ਉਨ੍ਹਾਂ ਨੂੰ ਭੱਜੇ ਜਾਂਦੇ ਤੱਕਿਆ ਤਾਂ ਪਿੱਛੋਂ ਉਨ੍ਹਾਂ ਤੇ ਤੀਰਾਂ ਦੀ ਵਰਖਾ ਕੀਤੀ (ਸਿੱਖਾਂ ਦੇ ਰੱਬ ਦੀ ਗੱਲ ਤਾਂ ਬੜੀ ਦੂਰ ਐ ਸਿੱਖ ਕਿਸੇ ਨਿਹੱਥੇ ਤੇ ਵਾਰ ਨਹੀਂ ਕਰਦੇ ਭੱਜੇ ਜਾਂਦੇ ਨੂੰ ਤਾਂ ਓਹ ਵਿਘਨ ਪਾਉਂਦੇ ਹੀ ਨਹੀਂ ਭਾਵੇਂ ਕਾਜੀ ਨੂਰ ਮੁਹੰਮਦ ਨੂੰ ਪੁੱਛ ਲਓ) ਫਿਰ ਸ਼ੇਖ ਸ਼ਰਮ ਖਾਨ ਆ ਕੇ ਭਿੜੇ, ਸਭ ਤੋਂ ਪਹਿਲਾਂ ਸ਼ੇਖ ਫਰੀਦ ਨੂੰ ਮਾਰਿਆ (ਸ਼ਾਇਦ ਕਵੀ ਸ਼ੇਖ ਫਰੀਦ (ਭਗਤ) ਦੀ ਗੱਲ ਕਰ ਰਿਹਾ ਹੈ ਕਿਉਂਕਿ ਬਾਬਾ ਫਰੀਦ ਜੀ ਨੇ ਪੁਜਾਰੀਆਂ ਦੀਆਂ ਨਾਸੀਂ ਧੂਣਾ ਚੜ੍ਹਾ ਰੱਖਿਆ ਸੀ ਹੋ ਸਕਦੈ ਕਿ ਲਿਖਾਰੀ ਅਪਣੇ ਭਾਈਚਾਰੇ ਦੀ ਧੌਣ ਉਚੀ ਕਰਨ ਲਈ ਦਮਗਜਾ ਮਾਰ ਗਿਆ ਹੋਏ । ਇਤਿਹਾਸ

ਦੇ ਵਿਦਿਆਰਥੀ ਜਾਣਦੇ ਹੀ ਨੇ ਬਈ ਸ਼ੇਖ ਫਰੀਦ ਕਿਸ ਤਰ੍ਹਾਂ ਮਰਿਆ ਸੀ) ਫਿਰ ਸੇਖ ਉਜੈਨ ਨੂੰ ਮਾਰਿਆ, ਸ਼ੇਖ ਅਮਾਨੁੱਲਹ ਨੂੰ ਮਾਰ ਕੇ ਸ਼ੇਖ ਵਲੀ ਦਾ ਕਤਲ ਕੀਤਾ (ਇਹ ਸਭ ਸ਼ੇਖ ਫਰੀਦ ਦੀ ਤਰ੍ਹਾਂ ਰੱਬੀ ਬੰਦਗੀ ਵਾਲੇ ਭਗਤ ਸਨ) ਜਿਹੜਾ ਵੀ ਮਹਾਂ ਕਾਲ ਨਾਲ ਭਿੜਿਆ ਓਹੀ ਮਾਰ ਦਿੱਤਾ, ਇਸ ਲੜਾਈ ਦੇ ਮੈਦਾਨ ਚ ਕਿਤੇ ਡਾਕਿਨਿਆਂ ਟਹਿਲਦੀਆਂ, ਮਸਾਣਾ ਚੋਂ ਕਿਲਕਾਰੀਆਂ, ਭੂਤਾਂ ਪ੍ਰੇਤਾਂ ਦਾ ਨਾਚ, ਕਿਤੇ ਅਪੱਛਰਾਂ ਵੱਲੋਂ ਚੰਗੇ ਵਰ ਲਈ ਛਾਣ ਬੀਣ ਬੜਾ ਭਿਆਨਕ ਦ੍ਰਿਸ਼, ਕਿਸੇ ਦੀ ਇਕ ਅੱਖ ਤੇ ਇਕ ਬਾਂਹ ਕੱਟੀ ਕਿਸੇ ਦਾ ਇਕ ਪੈਰ ਤੇ ਅੱਧੀ ਧੜ ਇਸ ਤਰ੍ਹਾਂ ਨਾਲ ਵੈਰੀਆਂ ਦਾ ਨਾਸ ਕੀਤਾ। ਜਿੰਨੇ ਵੀ ਦੈਂਤ ਆਏ ਮਹਾਂ ਕਾਲ ਨੇ ਉਨ੍ਹਾਂ ਸਾਰਿਆਂ ਨੂੰ ਮਾਰ ਦਿੱਤਾ। ਫਿਰ ਦੈਂਤਾਂ ਨੂੰ ਗੁੱਸਾ ਆਇਆ, ਓਹ ਬਹੁਤ ਸਾਰੇ ਇਕੱਠੇ ਹੋ ਕੇ ਆਏ ਉਨ੍ਹਾਂ ਚੋਂ ਪ੍ਰਮੁੱਖ ਧੁਲੀ, ਕਰਨ, ਬਿਦਿਤ, ਕੇਸੀ, ਗਰਧਬ ਕੇਤ, ਮਹਿਖ ਧੁਜ, ਜਦ ਅਸਿਧੁਜ (ਮਹਾਂ ਕਾਲ ਨੇ ਦੈਂਤ ਪੈਦਾ ਹੋਏ ਦੇਖੇ ਤਾਂ ਓਹ ਦੈਂਤਾਂ ਨੂੰ ਮਾਰਨ ਲੱਗ ਗਿਆ, ਦੈਂਤ ਦਿਲ ਚ ਕੰਬਣ ਲੱਗੇ, ਹੋਰ ਬੇਅੰਤ ਦੈਂਤ ਬਿਨਾਂ ਸਾਹ ਵਾਲੇ ਪ੍ਰਗਟ ਹੋ ਗਏ ਉਨ੍ਹਾਂ ਚ ਮਸ਼ਹੂਰ ਗੀਧ ਧੁਜਾ, ਕਾਕ ਧੁਜ, ਉੱਲੂ ਕੇਤ ਹਨ। ਓਹ ਰਣ ਤੱਤੇ ਚ ਕੁੱਦੇ ਤੇ ਘਮਸਾਣ ਦਾ ਜੁੱਧ ਹੋਇਆ। ਮਹਾਂ ਕਾਲ (ਅਸਿਧੁਜ) ਨੇ ਹੁਅੰ ਸਬਦ ਦਾ ਉਚਾਰਣ ਕੀਤਾ ਜਿਸ ਨਾਲ ਆਧਿ ਬਯਾਧਿ ਰੋਗ ਹੋਂਦ ਚ ਆਏ ਜਿਵੇਂ ਠੰਢ ਨਾਲ ਬੁਖਾਰ ਤੇ ਕਾਂਬੇ ਦਾ ਬੁਖਾਰ ਛਈ ਰੋਗ, ਸੰਨਯਾਪਾਤ, ਬਾਈ (ਵੈਬਾਦੀ), ਪਿੱਤ, ਕਫ਼ (ਖੰਘ), ਆਮ ਪਾਤ, ਸ੍ਰੋਨਤ ਪਾਤ, ਅੱਧੇ ਸਿਰ ਦੀ ਪੀੜ, ਦਿਲ ਦਾ ਰੋਗ, ਪ੍ਰਾਨ ਬਾਇ, ਅਪਾਨ ਬਾਇ, ਦੰਦਾਂ ਦਾ ਦਰਦ ਤੇ ਦਾੜ ਪੀੜ, ਖੁਸ਼ਕ ਬੁਖਾਰ, ਤਈਆ, ਚੌਥਾ, ਛੇਵਾਂ ਤੇ ਵੀਹਵਾਂ (ਇਹ ਓਹ ਬੁਖਾਰਹਨ ਜੋ ਤੀਜੇ, ਚੌਥੇ, ਜਾਂ ਬੀਹਵੇਂ ਦਿਨਾਂ ਬਾਦ ਮੁੜ ਮੁੜ ਚੜ੍ਹਦੇ ਹਨ) :-

*ਹੁਅੰ ਸ਼ਬਦ ਅਸਿਧੁਜਹਿ ਉਚਾਰਾ ॥ ਤਿਹ ਤੇ ਆਧਿ ਬਯਾਧਿ ਬਪੁ ਧਾਰਾ ॥*
*ਸੀਤ ਜ੍ਵਰ ਅਰ ਉਸਨ ਤਾਪ ਭਨ ॥ ਛਈ ਰੋਗ ਅਰੁ ਸੰਨਯਾਪਾਤ ਗਨ ॥੨੩੪॥*
*ਬਾਇ ਪਿਤਯ ਕਫ ਉਪਜਤ ਭਏ ॥ ਤਾਤੇ ਭੇਦ ਅਮਿਤ ਹ੍ਵੈ ਗਏ ॥*
*ਨਾਮ ਤਿਨੈ ਗਨ ਪ੍ਰਗਟ ਸੁਨਾਊਂ ॥ ਅਯੁਰ ਬੇਦਿਯਨ ਸਭਨ ਰਿਝਾਊਂ ॥੨੩੫॥*
*ਆਮ ਪਾਤ ਅਰ ਸ੍ਰੋਨਤ ਪਾਤ ॥ ਅਰਧ ਸਿਰਾ ਅਰੁ ਹ੍ਰਿਦੈ ਸੰਘਾਤ ॥*
*ਪ੍ਰਾਨ ਬਾਇ ਆਪਾਨ ਬਾਇ ਭਨਿ ॥ ਦੰਤ ਰੋਗ ਅਰ ਦਾੜ ਪੀੜ ਗਨ ॥੨੩੬॥*
*ਸੂਖਾ ਜ੍ਵਰ ਤੇਇਯਾ ਚੌਥਾਯਾ ॥ ਅਸਟ ਦਿਵਸਯੋ ਅਰੁ ਬੀਸਾਯਾ ॥*
*ਡੇਢ ਮਾਸਿਯਾ ਪੁਨਿ ਤਪ ਭਯੋ ॥ ਦਾਂਤ ਕਾਢ ਦੈਤਨ ਪਰ ਧਯੋ ॥੨੩੭॥*
*ਫੀਲ ਪਾਵ ਪੁਨਿ ਜਾਨੂ ਰੋਗਾ ॥ ਉਪਜਾ ਦੇਨ ਦੁਸ਼ਟ ਦਲ ਸੋਗਾ ॥*
*ਖਈ ਸੁ ਬਾਦੀ ਭਈ ਮਵੇਸੀ ॥ ਪਾਂਡ ਰੋਗ ਪੀਨਸ ਕਟਿ ਦੇਸੀ ॥੨੩੮॥*
*ਚਿਨੱਗਿ ਪ੍ਰਮੇਵ ਭਗਿੰਦ੍ਰ ਦਖੂਤ੍ਰਾ ॥ ਪਥਰੀ ਬਾਇ ਫਿਰੰਗ ਅਦਨੇਤ੍ਰਾ ॥*
*ਗਲਤ ਕੁਸ਼ਟ ਉਪਜਾ ਦੁਸ਼ਟਨ ਤਨ ॥ ਸੇਤ ਕੁਸ਼ਟ ਕੇਤਿਨ ਕੇ ਭਯੋ ਭਨ ॥੨੩੯॥*
*ਕੇਤੇ ਸ਼ੱਤ੍ਰ ਸੂਲ ਹ੍ਵੈ ਮਰੇ ॥ ਕੇਤੇ ਆਂਤ ਰੋਗ ਤੇ ਟਰੇ ॥*
*ਸੰਗ੍ਰਹਨੀ ਸੰਗ੍ਰਹ ਦੁਸ਼ਟ ਕਿਯ ॥ ਜੀਯਨ ਕੋ ਪੁਨਿ ਨਾਮ ਨ ਤਿਨ ਲਿਯ ॥ ੨੪੦॥*
*ਕੇਤੇ ਉਪਜ ਸੀਤਲਾ ਮਰੇ ॥ ਕੇਤੇ ਅਗਿਨਿ ਬਾਵ ਤੇ ਜਰੇ ॥*
*ਭਸਮ ਚਿੱਤ ਕੇਤੇ ਹ੍ਵੈ ਮਰੇ ॥ ਉਦਰ ਰੋਗ ਕੇਤੇ ਅਰਿ ਟਰੇ ॥੨੪੧॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੭੩)

ਜਦ ਅਸਿਧੁਜ (ਮਹਾਂਕਾਲ) ਨੇ ਇਹ ਰੋਗ ਪੈਦਾ ਕੀਤੇ ਤਾਂ ਬਹੁਤ ਵੈਰੀਆਂ ਨੂੰ ਤਾਪ ਚੜ੍ਹ ਗਿਆ ਤੇ ਉਨ੍ਹਾਂ ਨੇ ਅਪਣੇ ਜਿਊਂਦੇ ਰਹਿਣ ਦੀ ਆਸ ਛੱਡ ਦਿੱਤੀ। ਕਿੰਨੇ ਹੀ ਦੁਸ਼ਟ ਤਾਪ ਦੇ ਤਪ ਕਾਰਣ ਤਪਦੇ ਰਹੇ ਤੇ ਕਈਆਂ ਨੂੰ ਢਿੱਡ ਦੀ ਬੀਮਾਰੀ ਨੇ ਜਕੜ ਲਿਆ, ਕਈਆਂ ਨੂੰ ਕਾਂਬੇ ਦਾ ਕੇ ਬੁਖਾਰ ਚੜ੍ਹਿਆ, ਕਈਆਂ ਨੂੰ ਬਾਈ ਰੋਗ ਚਿੰਬੜਿਆ ਤੇ ਕਈਆਂ ਦੇ ਸਰੀਰ ਤੇ ਪਿੱਤ ਨਿਕਲ ਆਈ, ਢਿੱਡ ਦੀ ਬੀਮਾਰੀ ਨਾਲ ਕਿੰਨੇ ਹੀ ਮਰ ਗਏ, ਕਈਆਂ ਨੂੰ ਸੰਨਯਪਾਤ ਹੋ ਗਿਆ ਤੇ ਕਈਆਂ ਨੂੰ ਬਾਇ ਪਿੱਤ ਤੇ ਖੰਘ ਇਕੱਠੇ ਹੋ ਕੇ ਚਿੰਬੜ ਗਏ, ਕਈ ਸਿਰ ਦਰਦ ਨਾਲ ਮਰ ਗਏ, ਕਈਆਂ ਨੂੰ ਬਾਇ ਨਾਲ ਅਧਰੰਗ ਹੋ ਗਿਆ, ਕਈਆਂ ਨੂੰ ਛਾਈ ਰੋਗ ਹੋ ਗਿਆ ਤੇ ਕਈਆਂ ਦੀਆਂ ਨਾਸਾਂ ਬੰਦ ਹੋ ਗਈਆਂ, ਦੰਦ ਦਰਦ ਨਾਲ ਕਿੰਨੇ ਹੀ ਮਰ ਗਏ ਤੇ ਕਈ ਬਾਇ ਰੋਗ ਨਾਲ ਝੱਲੇ ਹੋ ਗਏ, ਜਿਸ ਨੂੰ ਵੀ ਬੀਮਾਰੀ ਚਿੰਬੜੀ ਓਹੀ ਮਰ ਗਿਆ, ਗਿਣ ਤਾਂ ਮੈਂ ਹੋਰ ਵੀ ਬਥੇਰਾ ਸਕਦਾ ਹਾਂ ਪਰ ਡਰਦਾ ਹਾਂ ਕਿ ਗ੍ਰੰਥ ਹੀ ਵੱਡਾ ਨਾ ਹੋ ਜਾਏ :-

*ਚੌਪਈ ॥ ਕਹਾ ਲਗੇ ਮੈਂ ਬਰਨ ਸੁਨਾਊਂ ॥ ਗ੍ਰੰਥ ਬਢਨ ਤੇ ਅਤਿ ਡਰਪਾਊਂ ॥*
*ਇਹ ਬਿਧਿ ਭਯੋ ਦਾਨਵਨ ਨਾਸਾ ॥ ਖੜਗਕੇਤ ਅਸੁ ਕਿਯਾ ਤਮਾਸਾ ॥੨੪੨॥*

(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੭੭)

{ਅਸਿਧੁਜ (ਮਹਾਂ ਕਾਲ) ਨੇ ਇਹ ਉੱਤੇ ਦੱਸੀਆਂ ਬੀਮਾਰੀਆਂ ਦੈਂਤਾਂ ਨੂੰ ਮਾਰ ਮੁਕਾਣ ਲਈ ਪੈਦਾ ਕੀਤੀਆਂ ਤੇ ਇਨ੍ਹਾਂ ਬੀਮਾਰੀਆਂ ਨਾਲ ਉਨ੍ਹਾਂ ਨੂੰ ਮਾਰ ਦਿੱਤਾ। ਅੱਜ ਦੀ ਪੀੜ੍ਹੀ (ਨੌਜੁਆਨ ਬੱਚਾ) ਸ੍ਵਾਲ ਕਰਦਾ ਹੈ ਕਿ ਹੁਣ ਤਾਂ ਦੈਂਤ ਹੈ ਨਹੀਂ

ਫਿਰ ਇਹ ਬੀਮਾਰੀਆਂ ਹੁਣ ਕਿਉਂ ਹਨ ? ਕੀ ਜਿਹੜੇ ਬੀਮਾਰ ਹਨ ਓਹ ਸਾਰੇ ਦੈਂਤ ਹਨ ? ਤੇ ਮਹਾਂ ਕਾਲ ਉਨ੍ਹਾਂ ਨੂੰ ਮਾਰ ਦੇਵੇਗਾ ? ਭਾਵੇਂ ਉਹ ਉਸੇ ਦੀ ਕੁਲ ਦੇ ਹਨ । ਇਸ ਕਾਵਿ ਰਚਨਾ ਨੂੰ ਪੜ੍ਹ ਕੇ ਅੰਦਾਜਾ ਲੱਗਦਾ ਹੈ ਬਈ ਕਵੀ ਇਕ ਹੰਢਿਆ ਹਕੀਮ ਹੈ ਤੇ ਕਾਵਿ ਰਚਨਾ ਉਸ ਦਾ ਸ਼ੁਗਲ । ਇਸ ਪੂਰੇ ਚਰਿਤ੍ਰ ਦੇ ਅਰਥ ਮੈਂ ਇਸ ਲਈ ਕਰ ਰਿਹਾ ਹਾਂ ਤਾਂ ਕਿ ਅਸੀਂ ਇਸ ਨਤੀਜੇ ਤੇ ਪੁੱਜ ਸਕੀਏ ਕਿ ਕਬਿਯੋ ਬਾਚ ਚੌਪਈ ਦਾ ਲੇਖਕ ਕੌਣ ਹੈ ?}

ਇਸ ਤਰੀਕੇ ਨਾਲ ਦੈਂਤਾਂ ਦਾ ਨਾਸ ਕੀਤਾ ਤੇ ਖੜਗਕੇਤ (ਮਹਾਂਕਾਲ) ਨੇ ਤਮਾਸਾ ਕੀਤਾ (ਇੱਥੇ ਗੜਗਕੇਤ ਦੇ ਅਰਥ ਅਕਾਲ ਪੁਰਖ ਕਰਨੇ ਠੀਕ ਨਹੀਂ ਕਿਉਂਕਿ ਪਿੱਛੋ ਮਹਾਂ ਕਾਲ ਨਾਲ ਚਲ ਰਹੇ ਜੰਗ ਦਾ ਪ੍ਰਸੰਗ ਕਵੀ ਪ੍ਰਗਟ ਕਰ ਰਿਹਾ ਹੈ। ਕਵੀ ਲਈ ਮਹਾਂਕਾਲ ਅਸਿਧੁਜ ਹੈ ਤੇ ਉਸ ਦੇ ਲਈ ਮਹਾਂ ਕਾਲ ਹੀ ਖੜਗਕੇਤ ਹੈ) ਜਦ ਇਸ ਤਰੀਕੇ ਨਾਲ ਦੈਂਤ ਮਾਰ ਦਿੱਤੇ ਤਾਂ ਅਸਿਧੁਜ (ਮਹਾਂ ਕਾਲ) ਨੇ ਵਿਚਾਰ ਵਿਚਾਰੀ ਕਿ ਜੇਕਰ ਇਨ੍ਹਾਂ ਨਾਲ ਅਜਿਹਾ ਜੰਗ ਹੋਇਆ ਤਾਂ ਮੈਂ ਤਮਾਸ਼ਾ ਕਿਵੇਂ ਦੇਖਾਂਗਾ। ਇਹ ਕਹਿ ਕੇ ਉਸ ਨੇ ਬਰ ਦਿੱਤਾ ਕਿ ਤਹੁਾਡੇ ਤੋਂ ਦਵਾਈਆਂ ਬਣ ਜਾਣ, ਜਿਸ ਨੂੰ ਰੋਗ ਸਤਾਏ ਉਸੇ ਨੂੰ ਹਕੀਮ ਠੀਕ ਕਰੇ (ਦਵਾਈਆਂ ਕਿਵੇਂ ਹੋਂਦ ਚ ਆਈਆਂ ਇਸ ਦਾ ਵੀ ਆਪ ਜੀ ਨੂੰ ਇਲਮ ਹੋ ਗਿਆ ਹੈ)।

*ਇਹ ਬਿਧਿ ਦਯੋ ਜਬੈ ਬਰ ਦਾਨਾ ॥ ਮਿਰਤਕ ਹੁਤੇ ਅਸੁਰ ਜੇ ਨਾਨਾ ॥*
*ਤਿਨ ਤੇ ਅਧਿਕ ਅਵਖਧੀ ਨਿਕਸੀ ॥ ਅਪਨੇ ਸਕਲ ਗੁਨਨ ਕਹ ਬਿਗਸੀ ॥੨੫੦॥*
*ਜਾਕੇ ਦੇਹ ਪਿੱਤਯ ਦੁੱਖ ਦੇਈ ॥ ਸੋ ਭਖਿ ਜਰੀ ਬਾਤ ਕੀ ਲੇਈ ॥*
*ਜਿਹ ਦਾਨਵ ਕੋ ਬਾਇ ਸੰਤਾਵੈ ॥ ਸੋ ਲੈ ਜਰੀ ਪਿੱਤਯ ਕੀ ਖਾਵੈ ॥੨੫੧॥*
*ਜਾਕੀ ਦੇਹਿਹ ਕਫ ਦੁਖ ਲਯਾਵੈ ॥ ਸੋ ਲੈ ਕਫਨਾਸਨੀ (ਮੁਲੱਠੀ) ਚਬਾਬੈ ॥*
*ਇਹ ਬਿਧਿ ਅਸੁਰ ਭਏ ਬਿਨੁ ਰੋਗਾ ॥ ਮਾਂਡਤ ਭਏ ਜੁੱਧ ਤਜਿ ਸੋਗਾ ੨੫੨॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੭੭)

ਤਦ ਦੈਂਤਾਂ ਨੇ ਅਗਨਿ ਅਸਤ੍ਰ ਛੱਡਿਆ ਜਿਸ ਨਾਲ ਬਹੁਤ ਸਾਰੇ ਬੰਦੇ ਮਰ ਗਏ, ਕਾਲ ਨੇ ਬਾਰੁਣਾਸਤ੍ਰ ਚਲਾਇਆ ਜਿਸ ਨਾਲ ਅੱਗ ਤੇ ਕਾਬੂ ਪਾ ਲਿਆ। ਦੈਂਤਾਂ ਨੇ ਪਵਨ ਅਸਤ੍ਰ ਨਾਲ ਧਾਵਾ ਬੋਲਿਆ ਜਿਸ ਨਾਲ ਬੇਅੰਤ ਬੰਦੇ ਉਡ ਗਏ ਤਾਂ ਕਾਲ ਨੇ ਭੂਧਰਾਸਤ੍ਰ ਨਾਲ ਜੁਵਾਬ ਦਿੱਤਾ ਤੇ ਬਹੁਤ ਸਾਰਿਆਂ ਨੂੰ ਮੌਤ ਦੇ ਮੂੰਹ ਚੋਂ ਬਚਾਇਆ। ਫਿਰ ਦੈਂਤਾਂ ਨੇ ਮੇਘਅਸਤ੍ਰ ਛੱਡਿਆ ਜਿਸ ਨਾਲ ਸਭ ਲੋਕ ਭਿੱਜ ਗਏ ਤਾਂ ਕਾਲ ਨੇ ਬਾਇ ਅਸਤ੍ਰ ਛੱਡਿਆ ਜਿਸ ਨਾਲ ਬੱਦਲ ਉੱਡ ਗਏ। ਦੈਂਤਾਂ ਨੇ ਰਾਛਸ਼ਾਸਤ੍ਰ ਚਲਾਇਆ ਜਿਸ ਨਾਲ ਬਹੁਤ ਸਾਰੇ ਦੈਂਤ ਪੈਦਾ ਹੋ ਗਏ ਤਾਂ ਕਾਲ ਨੇ ਦੇਵਤਾਸਤ੍ਰ ਛੱਡਿਆ ਤੇ ਦੈਂਤਾਂ ਦਾ ਨਾਸ ਕੀਤਾ। ਦੈਂਤਾਂ ਨੇ ਜੱਛ ਅਸਤ੍ਰ ਚਲਾਇਆ ਤਾਂ ਕਾਲ ਨੇ ਗੰਧ੍ਰਬਾਸਤ੍ਰ ਨਾਲ ਜੁਬਾਬ ਦਿੱਤਾ। ਦੋਨੋ ਬੀਰ ਅਖੀਰ ਚ ਲੜ ਲੜ ਭਿੜ ਭਿੜ ਮਰ ਗਏ। ਦੈਂਤਾਂ ਨੇ ਚਾਰਣਾਸਤ੍ਰ ਨਾਲ ਹੱਲਾ ਬੋਲਿਆ ਤਾਂ ਕਾਲ ਨੇ ਸਿਧ ਅਸਤ੍ਰ ਨਾਲ ਜੁਬਾਬ ਦਿੱਤਾ ਜਿਸ ਨਾਲ ਦੁਸ਼ਮਣਾਂ ਦਾ ਮੂੰਹ ਭੰਨ ਦਿੱਤਾ। ਦੈਂਤਾਂ ਨੇ ਉਰਗ ਅਸਤ੍ਰ ਛੱਡਿਆ ਜਿਸ ਨਾਲ ਬੇਅੰਤ ਸੱਪ ਪੈਦਾ ਹੋ ਗਏ ਤਾਂ ਕਾਲ ਨੇ ਖਗਪਤਿ ਅਸਤ੍ਰ ਛੱਡਿਆ ਜਿਸ ਨੇ ਸਾਰੇ ਨਾਗਾਂ ਨੂੰ ਨਿਘਲ ਲਿਆ। ਦੈਤਾਂ ਨੇ ਬਿੱਛੂ ਅਸਤ੍ਰ ਛੱਡਿਆ ਜਿਸ ਨਾਲ ਬਹੁਤ ਸਾਰੇ ਬਿੱਛੂ ਪੈਦਾ ਹੋ ਗਏ ਤਾਂ ਅਸਿਧੁਜ (ਮਹਾਂ ਕਾਲ) ਨੇ ਲਸ਼ਿਟਕਾਸਤ੍ਰ ਨਾਲ ਸਭ ਠੂੰਹੇਂ ਮਾਰ ਮੁਕਾਏ। ਦੈਂਤਾਂ ਨੇ ਅਜਿਹੇ ਸ਼ਸਤ੍ਰ ਅਸਤ੍ਰ ਚਲਾਏ ਜਿਸ ਨਾਲ ਖੜਗਕੇਤ (ਕਾਲ) ਤੇ ਕੋਈ ਅਸਰ ਨਾ ਹੋਇਆ। ਮਹਾਂ ਮੂਰਖ ਦੈਂਤਾਂ ਨੇ ਫਿਰ ਗੁੱਸਾ ਖਾਧਾ ਤੇ ਅਸਿਧੁਜ (ਕਾਲ) ਨਾਲ ਫਿਰ ਜੰਗ ਛੇੜੀ ਦਿੱਤੀ। ਇਸ ਤਰੀਕੇ ਐਨੀ ਘਮਸਾਣ ਦੀ ਲੜਾਈ ਹੋਈ ਜਿਸ ਨੂੰ ਦੇਖਣ ਲਈ ਦੇਵਤਿਆਂ ਦੀਆਂ ਔਰਤਾਂ ਵੀ ਆਈਆਂ। ਦੋਨਾਂ ਪਾਸਿਆਂ ਤੋਂ ਬਰਛੇ ਬਾਣ ਕਮਾਨ ਕ੍ਰਿਪਾਨ ਗਦਾ ਬਰਛੀ ਤੇ ਤ੍ਰਿਸ਼ੂਲਾਂ ਦਾ ਖੁੱਲ ਕੇ ਇਸਤੇਮਾਲ ਹੋਇਆ। ਕਿਸੇ ਦਾ ਹੱਥ ਟੁੱਟਾ ਕਿਸੇ ਦੀ ਬਾਂਹ ਤੇ ਲੱਤ ਕਟੀ, ਕਿਸੇ ਦੇ ਸਿਰ ਧੜ ਤੋਂ ਵੱਖ ਹੋਏ ਤੇ ਕਈ ਜਖਮੀ ਹੋਏ, ਭੂਤਾਂ ਪ੍ਰੇਤਾਂ ਤੇ ਜੋਗਣੀਆਂ ਪਹਿਲੇ ਦੀ ਤਰ੍ਹਾਂ ਹੀ ਨੱਚ ਨੱਚ ਅਪਣੇ ਆਪ ਨੂੰ ਹਾਲੋਂ ਬੇਹਾਲ ਕੀਤਾ, ਮਸਾਣਾ ਦੀਆਂ ਕਿਲਕਾਰੀਆਂ ਨੇ ਵੀ ਰੰਗ ਬੰਨਿਆਂ ਗਿੱਧਾਂ ਅੜਾਫੋੜਾਂ ਗਿੱਦੜਾਂ ਨੇ ਨੋਚ ਨੋਚ ਮਾਸ ਖਿੱਚਿਆ, ਬਹੁਤ ਸਾਰੇ ਕੱਟ ਮਰੇ ਤੇ ਬਹੁੱਤ ਸਾਰੇ ਸਹਿਕਦੇ ਰਹੇ। ਓਹ ਦੰਦ ਪੀਹ ਪੀਹ ਕੇ ਵਾਰ ਕਰਦੇ ਜਿਸ ਨਾਲ ਸਰੀਰ ਜਖਮੀ ਹੁੰਦੇ, ਓਹ ਪੁਰਜਾ ਪੁਰਜਾ ਕਟ ਮਰਦੇ ਪਰ ਪਿੱਛੇ ਨਾ ਹਟਦੇ, ਲਓ ਦੈਂਤਾਂ ਨੇ ਕ੍ਰਿਪਾਨਾਂ ਕੱਢ ਕੇ ਹੱਲਾ ਬੋਲ ਦਿੱਤਾ, ਹਰ ਪਾਸੇ ਮਾਰ ਹੀ ਮਾਰ ਦੇ ਬੋਲ, ਲਓ ਕਾਲ ਨੂੰ ਵੀ ਗੁੱਸਾ ਚੜ੍ਹਿਆ ਤੇ ਉਸ ਨੇ ਦੁਸ਼ਟਾਂ ਨੂੰ ਛਿਨ ਚ ਹੀ ਮਾਰ ਮੁਕਾਇਆ ਤੇ ਅਪਣੇ ਸੇਵਕਾਂ ਦੀ ਰੱਖਿਆ ਕੀਤੀ।

*ਇਹ ਬਿਧਿ ਹਨੇ ਦੁਸ਼ਟ ਜਬ ਕਾਲਾ ॥ ਗਿਰਿ ਗਿਰਿ ਪਰੇ ਧਰਨਿ ਬਿਕਰਾਲਾ ॥*
*ਨਿਜ ਹਾਥਨ ਦੈ ਸੰਤ ਉਬਾਰੇ ॥ ਸ਼ੱਤ੍ਰ ਅਨੇਕ ਤਨਿਕ ਮਹਿ ਮਾਰੇ ॥੨੮੧॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੭੯)

ਦੈਂਤਾਂ ਨੇ ਫਿਰ ਗੁੱਸਾ ਖਾਧਾ ਓਧਰ ਕਾਲ ਨੇ ਅਪਣੀ ਖੜਗ ਸੰਭਾਲੀ, ਸੱਤ੍ਰ ਸੈਨ ਤੇ ਹੱਲਾ ਬੋਲ ਦਿੱਤਾ, ਦੈਂਤਾਂ ਨੇ ਮਹਾਂਕਾਲ ਨੂੰ ਮਾਰਨ ਦੀ ਕੋਸ਼ਿਸ ਕੀਤੀ ਪਰ ਬੇਅਰਥ ਜਿਵੇਂ ਅਸਮਾਨ ਚ ਕੋਈ ਤੀਰ ਛੱਡਦੈ ਤੇ ਵੀਰ ਵਾਪਸ ਉਸੇ ਉੱਤੇ ਆ ਡਿੱਗਦੈ ਉਵੇਂ ਹੀ ਹੋਇਆ, ਮਹਾਂ ਕਾਲ ਦਾ ਥੋਹੜਾ ਵੀ ਬਾਲ ਵਿੰਗਾ ਨਾ ਹੋਇਆ। ਮਹਾਂ ਕਾਲ ਨੇ ਤੱਦ ਸੋਚਿਆ ਬਈ ਅਪਣੇ ਸੇਵਕਾਂ ਦੀ ਰੱਖਿਆ ਕਰਨੀ ਚਾਹੀਦੀ ਐ ਉਨ੍ਹਾਂ ਨੂੰ ਬਚਾ ਕੇ ਦੋਖੀਆਂ ਨੂੰ ਮਾਰ ਮੁਕਾਣਾ ਚਾਹੀਦੈ

(ਸਿੱਖਾਂ ਦਾ ਰੱਬ ਐਦਾਂ ਦਾ ਤੰਗ ਦਿਲ ਨਹੀਂ ਜਿਵੇਂ ਮਹਾ ਕਾਲ ਦੇ ਲੱਛਣ ਅਸੀਂ ਪੜ੍ਹ ਰਹੇ ਹਾਂ । ਸਿੱਖਾਂ ਦਾ ਰੱਬ ਨਿਰਵੈਰ ਤੇ ਨਿਰਭਉ ਹੈ, ਓਹ ਬੰਦਾ ਬਣ ਕੇ ਜੰਗ ਚ ਨਹੀਂ ਲੜਦਾ । ਜਦ ਰੱਬ ਦਿਖਦਾ ਹੀ ਨਹੀਂ ਫਿਰ ਲੜਨਾ ਕਿਸ ਦੇ ਨਾਲ ਤੇ ਕਿਸ ਲਈ ?) ਉਸ ਨੇ ਦੈਂਤਾਂ ਨੂੰ ਮਾਰ ਮਾਰ ਕੇ ਕੀਮਾ ਬਣਾਇਆ, ਉਸ ਨੇ ਪਾਵਕਾਸਤ੍ਰ (ਹਾਈਡ੍ਰੋਜਨ ਬੰਬ) ਚਲਾ ਕੇ ਸਭ ਦੈਂਤ ਮਾਰ ਮੁਕਾਏ, ਦੈਂਤਾਂ ਨੇ ਬਰੁਣਾਸਤ੍ਰ ਛੱਡਿਆ ਤਾਂ ਕਿਤੇ ਜਾ ਕੇ ਪਾਵਕਾਸਤ੍ਰ ਦਾ ਅਸਰ ਘੱਟ ਕੀਤਾ, ਕਾਲ ਨੇ ਬਾਸ੍ਵਾਸਤ੍ਰ ਚਲਾਇਆ, ਲਓ ਇੰਦਰ ਵੀ ਯੁੱਧ ਚ ਕੁੱਦਿਆ, ਦੈਂਤਾਂ ਨੇ ਜਦ ਇੰਦਰ ਨੂੰ ਜੰਗੇ ਮੈਦਾਨ ਚ ਦੇਖਿਆ ਤਾਂ ਬੜੇ ਗਰਜੇ, ਇੰਦ੍ਰ ਨੇ ਬੇਅੰਤ ਬਾਣ ਛੱਡੇ ਜਿਸ ਨਾਲ ਬਹੁਤ ਸਾਰੇ ਮਾਰੇ ਗਏ । ਇੰਦਰ ਨੇ ਖਾ ਕੇ ਗੁੱਸਾ ਧਨੁੱਖ ਬਾਣ ਪਕੜਿਆ ਤੇ ਗੁੱਸੇ ਨਾਲ ਦੈਂਤਾਂ ਤੇ ਵਾਰ ਕੀਤੇ :-

*ਦਾਨਵ ਅਧਿਕ ਰੋਸ ਕਰਿ ਧਾਏ ॥ ਦੇਵ ਪੂਜ ਰਨ ਮਾਂਝ ਭਜਾਏ ॥*

*ਭਜਤ ਦੇਵ ਨਿਰਖੇ ਕਲਿ ਜਬਹੀ ॥ ਸ਼ਸਤ੍ਰ ਅਸਤ੍ਰ ਛੋਰੇ ਰਨ ਤਬਹੀ ॥੨੯੦॥*(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੮੦)

ਕਾਲ ਨੇ ਬਾਣਾ ਦੀ ਵਰਖਾ ਕਰਤੀ ਜਿਹਦੇ ਨਾਲ ਦੈਂਤਾਂ ਦੀ ਸੈਨਾ ਜਲ ਗਈ । ਫਿਰ ਦੈਂਤਾਂ ਨੇ ਖਾਧਾ ਗੁੱਸਾ ਤੇ ਮਹਾਂ ਕਾਲ ਤੇ ਟੁੱਟ ਕੇ ਪੈ ਗਏ, ਫਿਰ ਮਹਾਂ ਕਾਲ ਨੇ ਬਾਣਾ ਨਾਲ ਦੈਂਤ ਇਕ ਇਕ ਕਰ ਕੇ ਮਾਰੇ, ਓਹ ਜਿੰਨੇ ਮਾਰਦਾ ਉਤਨੇ ਹੀ ਫਿਰ ਪੈਦਾ ਹੋ ਕੇ ਮਹਾਂਕਾਲ ਦੇ ਨਾਲ ਲੜਨ ਆ ਜਾਂਦੇ, ਮਹਾਂ ਕਾਲ ਉਨ੍ਹਾਂ ਨੂੰ ਮਾਰਦਾ ਓਹ ਫਿਰ ਜੰਮ ਪੈਂਦੇ, ਫਿਰ ਕਾਲ ਮਾਰਦਾ ਤੇ ਫਿਰ ਜੰਮ ਪੈਂਦੇ ਇਸੇ ਕਸ਼ਮਕਸ਼ ਚ ਕਾਲ ਨੇ ਬਹੁਤਿਆਂ ਨੂੰ ਮਿਤ੍ਰ ਲੋਕ ਪਹੁੰਚਾ ਦਿੱਤਾ, ਮਹਾਂ ਕਾਲ ਨੇ ਫਿਰ ਗੁੱਸਾ ਖਾਧਾ ਤੇ ਸੌ ਸੌ ਬਾਣ ਛੱਡਿਆ :-

*ਮਹਾਂਕਾਲ ਬਹੁਰੋ ਧਨੁ ਧਰਾ ॥ ਸੌ ਸੌ ਬਾਨ ਏਕ ਇਕ ਹਰਾ ॥੨੯੫॥*

*ਸੌ ਸੌ ਏਕ ਏਕ ਸਰ ਮਾਰਾ ॥ ਸੌ ਸੌ ਗਿਰੀ ਸ੍ਰੋਨ ਕੀ ਧਾਰਾ ॥*

*ਸਤ ਸਤ ਅਸੁਰ ਉਪਜਿ ਭੇ ਠਾਢੇ ॥ ਅਸੀ ਗਜੀ ਕੌਚੀ ਬਲ ਗਾਢੇ ॥੨੯੬॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੮੦)

ਕਈ ਹਜਾਰ ਰੂਪ ਧਾਰ ਕੇ ਕਾਲ ਗਰਜਦਾ ਫਿਰਿਆ ਤੇ ਖਿੜ ਖਿੜਾ ਕੇ ਹੱਸਿਆ ਉਸ ਨੇ ਦੰਦੀਆਂ ਕੱਢ ਕੇ ਮੂੰਹ ਤੋਂ ਜ੍ਵਾਲਾ ਸੁੱਟੀ, ਓਹ ਇਕੋ ਬਾਣ ਨਾਲ ਸੌ ਸੌ ਦੈਂਤਾਂ ਨੂੰ ਮਾਰਦਾ, ਕਈਆਂ ਨੂੰ ਦਾੜਾਂ ਹੇਠ ਚਬਾ ਦਿੱਤਾ ਤੇ ਕਈ ਪੈਰਾਂ ਥੱਲੇ ਮਸਲ ਦਿੱਤੇ (ਪਤਾ ਨਹੀਂ ਦੈਂਤ ਜਲੇਬੀ ਸਨ ਜਾਂ ਪਤਾਸਾ) ਕਈਆਂ ਨੂੰ ਉਸ ਨੇ ਪਕੜ ਕੇ ਚੱਬ ਲਿਆ ਫਿਰ ਉਨ੍ਹਾਂ ਤੋਂ ਕੋਈ ਨਾ ਜੰਮਿਆ, ਕਈ ਦ੍ਰਿਸਟਿ ਦੇ ਨਾਲ ਹੀ ਖਤਮ ਕੀਤੇ ਤੇ ਉਨ੍ਹਾਂ ਦਾ ਖੂਨ ਧਰਤੀ ਤੇ ਨਾ ਡਿੱਗਣ ਦਿੱਤਾ। ਫਿਰ ਵੀ ਦੈਂਤ ਜੰਮੀ ਗਏ ਤੇ ਕਾਲ ਮਾਰਦਾ ਥੱਕ ਗਿਆ। ਓਹ ਫਿਰ ਇਕੱਠੇ ਹੋ ਕੇ ਮਹਾਂਕਾਲ ਨਾਲ ਟੱਕਰ ਲੈਣ ਆਏ। ਹੁਣ ਮਹਾਂਕਾਲ ਨੇ ਗੁਰਜ ਸੰਭਾਲੀ ਜਿਸ ਨਾਲ ਬਹੁਤਿਆਂ ਦੀ ਮੇਧਾ ਹੀ ਕੱਢ ਦਿੱਤੀ, ਇਸ ਮੇਧਾ ਦੇ ਧਰਤੀ ਤੇ ਡਿੱਗਦਿਆਂ ਹੀ ਬੇਅੰਤ ਦੈਂਤ ਪ੍ਰਗਟ ਹੋ ਗਏ, ਕਾਲ ਨੇ ਫਿਰ ਉਨ੍ਹਾਂ ਦੇ ਸਿਰ ਭੰਨੇ । ਫਿਰ ਕਾਲ ਨੇ ਗਦਾ ਸੰਭਾਲੀ ਤੇ ਦੁਸ਼ਮਣਾਂ ਦੀ ਖੋਪੜੀ ਭੰਨ ਸੁੱਟੀ । ਕਾਲ ਜਿੰਨਿਆਂ ਨੂੰ ਮਾਰਦਾ ਉਤਨੇ ਹੀ ਦੈਂਤ ਹੋਰ ਜੰਮ ਪੈਂਦੇ । ਓਹ ਮਹਾਂ ਕਾਲ ਤੇ ਵੱਡੇ ਹਮਲੇ ਕਰਦੇ ਪਰ ਮਹਾਂ ਕਾਲ ਬਚ ਜਾਂਦਾ । ਦੋਨੇ ਧਿਰਾਂ ਸਸਤ੍ਰਾਂ ਦਾ ਖੂਬ ਇਸਤੇਮਾਲ ਕਰਦੀਆਂ । ਕਾਲ ਦੈਂਤਾਂ ਦੇ ਟੁਕੜੇ ਟੁਕੜੇ ਕਰਦਾ, ਕੀਮਾ ਕਰਦਾ ਪਰ ਓਹ ਹੋਰ ਤੇ ਹੋਰ ਪ੍ਰਗਟ ਹੋਈਂ ਜਾਂਦੇ, ਉਨ੍ਹਾਂ ਦੇ ਸਰੀਰਾਂ ਨੂੰ ਗਿੱਧਾਂ ਤੇ ਪਿਚਾਸ ਖਾਂਦੇ ਫਿਰ ਵੀ ਓਹ ਵਧੀ ਜਾਂਦੇ ਇਸ ਭਿਆਨਕ ਜੰਗ ਦਾ ਦ੍ਰਿਸ਼ ਕਵੀ ਨੇ ਖੂਬ ਬੰਨਿਆ, ਬਾਈ ਜਮਾਂ ਹੀ ਰੰਗ ਚ ਭੰਗ ਨਹੀਂ ਪੈਣ ਦਿੱਤਾ । ਇਸ ਨੂੰ ਕਹਿੰਦੇ ਕਵੀ ਦੀ ਕਲਮ ਦਾ ਕਮਾਲ ਤੇ ਕਵੀ ਆਖਰ ਹੈ ਕੌਣ ਲਓ ਕਰੋ ਦਰਸ਼ਨ :-

*ਸੂਰਨ ਕੇ ਲੋਮਾ ਭੇ ਖਰੇ ॥ ਕਾਤਰ ਨਿਰਖਿ ਧਾਮ ਰਨ ਬਰੇ ॥*

*ਸੋਫੀ ਸੂਮ ਭਏ ਬਹੁ ਬਯਾਕੁਲ ॥ ਦਸੋ ਦਿਸਨ ਭਜਿ ਚਲੇ ਡਰਾਕੁਲ ॥੩੨੦॥*(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੮੨)

ਮੈਂ ਸਦਕੇ ਜਾਵਾਂ ਕਵੀ ਦੀ ਕਲਮ ਤੋਂ ਬਾਈ ਹੈ ਨਾ ਕਮਾਲ ! ਸਾਡੇ ਸਿੱਖਾਂ ਨੂੰ ਕਿਵੇਂ ਕੁਰਾਹੇ ਪਾਇਆ ਇਸ ਨੇ ਨਹੀਂ, ਪੁਜਾਰੀਆਂ ਨੇ, ਕਵੀ ਤਾਂ ਪਿੱਟ ਪਿੱਟ ਕੇ ਆਖਦਾ ਹੈ, ਕਿ ਮੈਨੂੰ ਗੁਰੂ ਗੋਬਿੰਦ ਸਿੰਘ ਨਾ ਬਣਾਓ ਮੈਂ ਉਤਨੇ ਜੋਗਾ ਨਹੀਂ ਪਰ ਪੁਜਾਰੀਆਂ ਨੇ ਇਕ ਨਾ ਸੁਣੀ। ਹੁਣ ਕਿਹੜਾ ਸੁਣਦੇ ਐਂ ਜਿੱਥੇ ਦੇਖਦੇ ਐਂ ਉੱਥੇ ਪਾਤਸ਼ਾਹੀ ੧੦ ਲਿਖ ਦੇਂਦੇ ਐਂ, ਕੋਈ ਪੁੱਛਣ ਵਾਲਾ ਨਹੀਂ ਇਨ੍ਹਾਂ ਨੂੰ ਬੜੇ ਭੁਤਰੇ ਫਿਰਦੇ ਐਂ। ਬਾਈ ਇਹ ਸਭ ਰਾਜ ਸ਼ਕਤੀ ਦਾ ਕਮਾਲ ਹੈ ਗੁਰੂ ਨੂੰ ਕਾਮ ਸ਼ਾਸਤ੍ਰ ਦਾ ਲਿਖਾਰੀ ਬਣਾ ਦਿੱਤਾ। ਨਹੀਂ ਤਾਂ ਕਿਸ ਦੀ ਮਜਾਲ ਐ ਬਈ ਕੋਈ ਗੁਰੂ ਦਾ ਅਪਮਾਨ ਕਰਦਾ। ਲਓ ਦੇਖੋ ਨਵੀਂ ਕਰਤੂਤ ਕਾਮ ਸਾਸਤ੍ਰ ਤੇ ਬਾਹਰ ਲਿਖ ਦਿੱਤਾ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ। ਪੁਜਾਰੀਆਂ ਦੀਆਂ ਦਸੇਂ ਉਂਗਲਾ ਘਿਓ ਚ ਤੇ ਜੀਭ ਕੜਾਹ ਚ ਹੈ ਨਾ ਰੱਬ ਦਾ ਕਮਾਲ ।

ਮਹਾਂ ਕਾਲ ਨੇ ਸਸਤ੍ਰ ਪਹਿਨ ਕੇ ਦੁਸਟਾਂ ਨੂੰ ਮਾਰਿਆ ਤੇ ਅਪਣੇ ਬੰਦਿਆਂ ਨੂੰ ਬਚਾਇਆ। ਫਿਰ ਮੈਦਾਨ ਭਖਿਆ ਦੇਖਦੇ ਆਂ ਬਈ ਕੌਣ ਜਿੱਤਦਾ ਤੇ ਕੌਣ ਹਾਰਦਾ ਐ, ਲਓ ਸੂਰਮੇ ਮਾਰੂ ਹਥਿਆਰ ਲੈ ਕੇ ਗੱਜੇ, ਓਹੀਓ ਜੰਗ ਦੇ ਦ੍ਰਿਸ਼ ਤੇ ਓਹ ਹੀ ਭੂਤਨੀਆਂ, ਡੈਣਾਂ ਚੁੜੇਲਾਂ ਦਾ ਨੱਚਣਾ ਗਾਣਾ, ਪ੍ਰੇਤ ਤੇ ਪਿਸਾਚ ਓਵੇਂ ਹੀ ਹੱਸੇ ਜਿਵੇਂ ਪਹਿਲਾਂ, ਤੇ ਮਸਾਣਾਂ

ਨੇ ਵੀ ਓਦਾਂ ਈ ਕਿਲਕਾਰੀਆਂ ਮਾਰੀਆਂ ਜਿਵੇਂ ਪਹਿਲਾਂ, ਦੈਂਤਾਂ ਨੇ ਦੰਦ ਕੱਢ ਕੱਢ ਹਮਲੇ ਕੀਤੇ ਭੂਤ ਪ੍ਰੇਤਾਂ ਨੇ ਤਾੜੀਆਂ ਮਾਰੀਆਂ ਅਕਾਸ਼ ਤੋਂ ਉਲਕਾ ਪਾਤ ਹੋਣ ਕਾਰਣ ਦੈਂਤਾਂ ਦਾ ਹੋਇਆ ਨਾਸ, ਇਸ ਤਰ੍ਹਾਂ ਇਕ ਕੁੰਡ ਖ਼ੂਨ ਨਾਲ ਭਰ ਗਿਆ, ਇਹ ਐਦਾਂ ਲੱਗੇ ਜਿਵੇਂ ਦੂਜਾ ਮਾਨਸਰੋਵਰ ਐ। ਮਹਾਂਕਾਲ ਵੀ ਘੱਟ ਨਹੀਂ ਓਹਨੇ ਵੀ ਅਪਣੇ ਭਿਆਨਕ ਦੰਦ ਕੱਢੇ। ਬੜਾ ਘਮਸਾਣ ਦਾ ਜੁੱਧ ਹੋਇਆ ਮਹਾਂਕਾਲ ਦੈਂਤਾਂ ਨੂੰ ਮਾਰਦਾ ਹੰਭ ਗਿਆ ਪਰ ਦੈਂਤਾਂ ਨੂੰ ਨਾ ਮਾਰ ਸਕਿਆ। ਫਿਰ ਮਹਾਂ ਕਾਲ ਨੇ ਇਕ ਸਕੀਮ ਬਣਾਈ ਕਿ ਕਿਸ ਤਰ੍ਹਾਂ ਦੈਂਤਾਂ ਨੂੰ ਮਾਰਿਆ ਜਾਏ। ਜਦ ਅਸਿਧੁਜ (ਮਹਾਂ ਕਾਲ) ਨੇ ਸਰਬਾ ਕਰਖਨ ਕੀਤਾ ਤਾਂ ਦੈਂਤਾਂ ਦਾ ਜੰਮਣਾ ਬੰਦ ਹੋ ਗਿਆ, ਮਹਾਂ ਕਾਲ ਸਾਰੇ ਦੈਂਤਾਂ ਨੂੰ ਖਾ ਗਿਆ, ਬਸ ਇਕੋ ਦੈਂਤ ਬਚਿਆ ਜਿਸ ਨੂੰ ਬੜੀ ਚਿੰਤਾ ਹੋਈ ਓਹ ਹਾਇ ਹਾਇ ਕਰਦਾ ਕਿ ਹੁਣ ਮੇਰਾ ਇਕੱਲੇ ਦਾ ਕੋਈ ਜੋਰ ਨਹੀਂ ਰਹਿ ਗਿਆ ਕਵੀ ਕਹਿੰਦਾ :-

*ਮਹਾਂ ਕਾਲ ਕੀ ਸ਼ਰਨਿ ਜੇ ਪਰੇ ਸੁ ਲਏ ਬਚਾਇ ॥ ਔਰ ਨ ਉਪਜਾ ਦੂਸਰ ਜਗ ਭੱਛਯੋ ਸਭੈ ਬਨਾਇ ॥੩੬੬॥*
*ਜੇ ਪੂਜਾ ਅਸਿਕੇਤੁ ਕੀ ਨਿਤ ਪ੍ਰਤਿ ਕਰੈਂ ਬਨਾਇ ॥ ਤਿਨ ਪਰ ਅਪਨੋ ਹਾਥ ਦੈ ਅਸਿਧੁਜ ਲੇਤ ਬਚਾਇ ॥੩੬੭॥*

(ਚਾਰ ਸੌ ਚਾਰ ਚਰਿਤ੍ਰ ਪੰਨਾ ੧੩੮੨)

ਸਿੱਖਾਂ ਦੇ ਰੱਬ ਚ ਅਤੇ ਕਵੀ ਦੇ ਰੱਬ ਚ ਬੜਾ ਅੰਤਰ ਐ, ਸਿੱਖਾਂ ਦਾ ਰੱਬ ਹਥਿਆਰ ਲੈ ਕੇ ਨਹੀਂ ਘੁੰਮਦਾ ਤੇ ਨਾ ਹੀ ਉਸ ਦਾ ਕੋਈ ਦੁਸ਼ਮਣ ਐ, ਓਹ ਤਾਂ ਧਰਮ ਦੇ ਦੋਖੀਆਂ, ਊਚ ਨੀਚਾਂ, ਚੋਰਾਂ ਲੁਟੇਰਿਆਂ ਤੇ ਮੰਦ ਕਰਮੀਆਂ ਦੀ ਵੀ ਬਰਾਬਰ ਸੰਭਾਲ ਕਰਦਾ ਹੈ। ਪਰ ਕਵੀ ਦਾ ਰੱਬ ਮਹਾਂ ਕਾਲ ਬੱਲੇ ਬੱਲੇ ! ਓਸ ਕੋਲੋਂ ਦੈਂਤ ਮਰੇ ਹੀ ਨਹੀਂ ਤੇ ਨਾ ਹੀ ਓਹ ਮਾਰ ਸਕਿਆ, ਬੀਮਾਰੀਆਂ ਓਸ ਪੈਦਾ ਕੀਤੀਆਂ ਅਗਨ ਬਾਣ, ਵਾਯੂ ਬਾਣ, ਬਰਖਾ ਬਾਣ ਬਥੇਰੇ ਬਣਾਏ ਤੇ ਚਲਾਏ ਪਰ ਦੈਂਤਾਂ ਦਾ ਕੱਖ ਨਾ ਵਿਗਾੜ ਸਕਿਆ ਉਲਟਾ ਦੈਂਤਾਂ ਨੇ ਹੀ ਮਹਾਂ ਕਾਲ ਨੂੰ ਵਖਤ ਪਾਈਂ ਰੱਖਿਆ। ਹੁਣ ਕਵੀ ਕਹਿੰਦਾ ਬਈ ਮੇਰੇ ਰੱਬ ਨੂੰ ਧਿਯਾਓ । ਸਿੱਖ ਧਰਮ ਦੇ ਵੱਡੇ ਪੁਜਾਰੀ ਆਖੀਂ ਜਾਂਦੇ ਹਨ ਬਈ ਦਸਮ ਪਾਤਸ਼ਾਹ ਦੀ ਬਾਣੀ ਐ, ਮੂਰਖੋ ਸੋਚੋ ਬਈ ਗੁਰੂ ਗੋਬਿੰਦ ਸਿੰਘ ਅਪਣੇ ਸਿੱਖਾਂ ਨੂੰ ਮਹਾਂ ਕਾਲ ਦਾ ਪੱਲਾ ਫੜਾਣਗੇ ਜਾਂ ਰੱਬ ਦਾ? ਅਪਣਾ ਬਾਬਾ ਨਾਨਕ ਕਹਿੰਦੈ ਬਈ ਸਾਰੇ ਦੇਵੀ ਦੇਵਤੇ ਰੱਬ ਦੇ ਦਰ ਤੇ ਮੰਗਤੇ ਹਨ ਜਿਹੜਾ ਖੁਦ ਹੀ ਮੰਗ ਰਿਹਾ ਹੈ ਓਹ ਤੁਹਾਨੂੰ ਕੀ ਦਊ? ਜਰਾ ਸੋਚੋ।

ਦੁਸਟ ਦੈਂਤ ਨੇ ਮਹਾਂ ਕਾਲ ਦੀ ਗੱਲ ਤੇ ਧਿਆਨ ਨਾ ਦਿੱਤਾ ਤੇ ਮਹਾਂ ਕਾਲ ਨਾਲ ਜਾ ਟੱਕਰ ਲਈ, ਆਪਣੀ ਤਾਕਤ ਨਾ ਦੇਖੀ ਸਗੋਂ ਬਹੁਤਾ ਹੰਕਾਰ ਕੀਤਾ, ਦੈਂਤ ਨੇ ਫਿਰ ਮਹਾਂਕਾਲ ਨੂੰ ਵਖਤ ਪਾ ਦਿੱਤਾ, ਓਹ ਇਕ ਕਦਮ ਵੀ ਪਿੱਛੇ ਨਾ ਹੱਟਿਆ ਉਸ ਨੇ ਬੇਅੰਤ ਤੀਰ ਛੱਡੇ ਪਰ ਮਹਾਂ ਕਾਲ ਨੇ ਸਭ ਰੋਕ ਲਏ, ਫਿਰ ਮਹਾਂ ਕਾਲ ਨੇ ਬੀਸ ਸਹੱਸ੍ਰ (ਵੀਹ ਹਜ਼ਾਰ) ਇਕੱਠੇ ਬਾਣਾ ਨਾਲ ਵਾਰ ਕੀਤਾ ਤੇ ਚਿੱਤ ਚ ਬੜਾ ਗੁੱਸਾ ਖਾਧਾ ਉਸ ਨੇ ਇਕ ਬਾਣ ਨਾਲ ਦੈਂਤ ਦੀ ਧੁਜਾ ਗਿਰਾਈ ਤੇ ਦੂਜੇ ਨਾਲ ਉਸ ਦਾ ਸਿਰ ਉਡਾ ਦਿੱਤਾ, ਉਸ ਨੇ ਚਾਰ ਬਾਣ ਛੱਡੇ ਤੇ ਆਖਰ ਦੈਂਤ ਮਾਰਿਆ ਗਿਰਾਇਆ, ਫੇਰ ਦੈਂਤ ਦਾ ਮੱਥਾ ਕੱਟਿਆ ਸ੍ਰੀ ਅਸਿਕੇਤਿ (ਮਹਾਂ ਕਾਲ) ਜਗਤ ਦੇ ਮਾਲਕ ਨੇ, ਦੂਜੇ ਬਾਣ ਦੇ ਨਾਲ ਦੋਨਾਂ ਹੱਥਾਂ ਦਾ ਵਾਰ ਕਰ ਕੇ ਅਸਿਧੁਜ (ਮਹਾਂ ਕਾਲ) ਨੇ ਦੈਂਤਾਂ ਦੇ ਬੰਦੇ ਮਾਰੇ, ਫਿਰ ਰਾਛਸ (ਦੈਂਤ) ਦਾ ਸਿਰ ਵੱਢਿਆ, ਗਗਨ (ਅਸਮਾਨ) ਤੋਂ ਫੁੱਲਾਂ ਦੀ ਬਰਖਾ ਹੋਈ ਤੇ ਸਭ ਨੇ ਆ ਕੇ ਅਸਿਕੇਤਿ ਜਗਤ ਕੇ ਈਸਾ (ਮਹਾਂ ਕਾਲ) ਨੂੰ ਵਧਾਈ ਦਿੱਤੀ :-

*ਬਹੁਰਿ ਅਸੁਰ ਕਾ ਕਾਟਸਿ ਮਾਥਾ ॥ ਸ੍ਰੀ ਅਸਿਕੇਤਿ ਜਗਤ ਕੇ ਨਾਥਾ ॥*
*ਦੁਤਯਿ ਬਾਨ ਸੌ ਦੋਊ ਅਰਿ ਕਰ ॥ ਕਾਟਿ ਦਯੋ ਅਸਿਧੁਜ ਨਰ ਨਾਹਰ ॥੩੭੪॥*
*ਪੁਨਿ ਰਾਛਸ ਕਾ ਕਾਟਾ ਸੀਸਾ ॥ ਸ੍ਰੀ ਅਸਿਕੇਤ ਜਗਤ ਕੇ ਈਸਾ ॥*
*ਪੁਹਪਨ ਬ੍ਰਿਸਟਿ ਗਗਨ ਤੇਂ ਭਈ ॥ ਸਭਹਨਿ ਆਨਿ ਬਧਾਈ ਦਈ ॥੩੭੫॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੮੬)

ਹੇ ਲੋਕਾਂ ਦੇ ਰਾਜੇ (ਮਹਾਂ ਕਾਲ) ਤੂੰ ਧੰਨ ਹੈਂ ਤੂੰ ਧੰਨ ਹੈਂ, ਤੂੰ ਦੁਸ਼ਟਾਂ ਨੂੰ ਮਾਰ ਕੇ ਗਰੀਬਾਂ ਦੀ ਰੱਖਿਆ ਕੀਤੀ, ਤੂੰ ਸਾਰੇ ਭਵਨਾਂ ਦੀ ਸਿਰਜਣਾ ਕੀਤੀ, ਤੂੰ ਮੈਨੂੰ ਅਪਣਾ ਦਾਸ (ਸੇਵਕ) ਜਾਣ ਕੇ ਮੇਰੀ ਮਦੱਦ ਕਰੋ ਤੇ ਮੈਨੂੰ ਬਚਾ ਲਓ :-

*ਧੰਨਯ ਧੰਨਯ ਲੋਗਨ ਕੇ ਰਾਜਾ ॥ ਦੁਸ਼ਟਨ ਦਾਹ ਗਰੀਬ ਨਿਵਾਜਾ ॥*
*ਅਖਲ ਭਵਨ ਕੇ ਸਿਰਜਣ ਹਾਰੇ ॥ ਦਾਸ ਜਾਨਿ ਮੁਹਿ ਲੇਹੁ ਉਬਾਰੇ ॥੩੭੬॥* (ਚਾਰ ਸੌ ਚਾਰ ਚਰਿਤ੍ਰ ਪੰਨਾ ੧੩੮੬)

ਨੋਟ :- ਗੁਰੂ ਨਾਨਕ ਦੇ ਸਿੱਖ ਰੱਬ (ਅਕਾਲ ਪੁਰਖ) ਨੂੰ ਸ੍ਰਿਸ਼ਟੀ ਦਾ ਰਚਣਹਾਰ ਮੰਨਦੇ ਹਨ ਜਦਕਿ ਕਵੀ ਸੂਮ ਸ੍ਰਿਸਟੀ ਦਾ ਰਚਣਹਾਰ ਅਸਿਧੁਜ (ਅਸਿਕੇਤ, ਮਹਾਂਕਾਲ) ਨੂੰ ਮੰਨਦਾ ਹੈ । ਹਰ ਕਿਸੇ ਦਾ ਅਪਣਾ ਅਕੀਦਾ ਹੈ । ਇਸ ਕਾਵਿ ਰਚਨਾ ਦਾ ਮਤਲਬ ਇਹ ਨਹੀਂ ਕਿ ਸਿੱਖ ਮਹਾਂ ਕਾਲ ਨੂੰ ਰੱਬ ਮੰਨਦੇ ਹਨ ਬਲਕਿ ਸਿਖ ਤਾਂ ਇਸ ਕਿਤਾਬ ਨੂੰ ਮਹਾਂ ਗੰਦੀ ਪੁਸਤਕ ਦੇ ਰੂਪ ਵਿੱਚ ਦੇਖਦੇ ਹਨ । ਸਿੱਖ ਧਰਮ ਦੇ ਦੋਖੀਆਂ ਨੇ ਆਹ ਹਥਲੀ ਚੌਪਈ ਦੇ ਨਾਲ ਪਾਤਸ਼ਾਹੀ ੧੦ ਜੜ੍ਹ ਦਿੱਤਾ । ਕਈ ਗੁਟਕਿਆਂ ਚ *ਬਹੁਰਿ ਅਸੁਰ ਕਾ ਕਾਟਸਿ ਮਾਥਾ॥............੩੭੪ ਤੋਂ ............... ਦਾਸ ਜਾਨਿ ਮੁਹਿ ਲੇਹੁ ਉਬਾਰੇ ॥...............੩੭੬* ਤੱਕ ਚੌਪਈ ਤੋਂ ਪਹਿਲਾਂ ਨਿੱਤ ਨੇਮ ਲਈ ਪੜ੍ਹਨ ਨੂੰ ਮਿਲਦਾ ਹੈ ।

ਲੰਮੀ ਵਿਚਾਰ ਨਾਲ ਅਸੀਂ ਦੇਖ ਚੁੱਕੇ ਹਾਂ ਕਿ ਕਿਵੇਂ ਖੱਜਲ ਖੁਆਰ ਹੋ ਕੇ ਅਪਣਾ ਪੂਰਾ ਫੌਹ ਤੁੜਵਾ ਕੇ ਮਹਾਂ ਕਾਲ ਦੈਂਤਾਂ ਤੇ ਕਾਬੂ ਪਾ ਸਕਿਆ। ਕਵੀ ਸ਼ੂਮ ਦੀਆਂ ਨਜ਼ਰਾਂ ਚ ਦੈਂਤ ਕੌਣ ਹਨ? ਮੁਗਲ ਪਠਾਣ ਸਯਦ ਤੇ ਸਿੱਖ। ਇਸ ਬਾਰੇ ਕਵੀ ਅਪਣੀ ਕਾਵਿ ਰਚਨਾਂ ਚ ਸਪੱਸਟ ਕਰ ਚੁੱਕੀ ਹੈ। ਹੁਣ ਕਵੀ ਅਪਣੇ ਰੱਬ ਮਹਾਂ ਕਾਲ ਮੋਹਰੇ ਗਿੜ ਗਿੜਾ ਰਿਹਾ ਹੈ। ਸਾਡੇ ਮੂਰਖ ਅਤੇ ਅਨਪੜ੍ਹ ਪੁਜਾਰੀਆਂ ਨੇ ਇਸ ਕਾਵਿ ਰਚਨਾਂ ਦੇ ਬੰਦਾਂ ਚ ਹੇਰਾ ਫੇਰੀ ਕਰ ਕੇ ਅਪਣੇ ਉਜੱਡ ਹੋਣ ਦਾ ਹੀ ਸਬੂਤ ਨਹੀਂ ਦਿੱਤਾ ਬਲਕਿ ਇਸ ਰਚਨਾਂ ਨਾਲ ਪਾਤਸ਼ਾਹੀ ੧੦ ਲਿਖ ਕੇ ਗੁਰੂ ਦਾ ਅਪਮਾਨ ਅਤੇ ਸਿੱਖ ਧਰਮ ਤੋਂ ਬਗਾਵਤ ਵੀ ਕੀਤੀ ਹੈ। ਆਓ ਜਰਾ ਚੌਪਈ ਨੂੰ ਘੋਖੀਏ :-

*ਕਬਿਯੋ ਬਾਚ ਬੇਨਤੀ ॥ ਚੌਪਈ ॥*

ਇਹ ਚੌਪਈ ਦੇ ਰੂਪ ਵਿੱਚ ਕਵੀ ਦੀ ਆਖੀ ਬੇਨਤੀ ਹੈ ਇਸ ਨਾਲ ਪਾਤਸ਼ਾਹੀ ੧੦ ਨਹੀਂ ਲਿਖਿਆ ਹੋਇਆ।

*ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥*

ਹੇ ਮਹਾਂ ਕਾਲ ਜੀਓ ਸਾਡੀ (ਮੇਰੀ) ਅਪਣਾ ਹੱਥ ਦੇ ਕੇ ਰੱਛਿਆ ਕਰੋ ਜਿਸ ਨਾਲ ਮੇਰੇ ਮਨ ਦੀ ਇੱਛਾ (ਸੁਖਣਾ) ਪੂਰੀ ਹੋ ਜਾਏ।

*ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੩੭੭॥*

ਤਦੇ ਮੇਰਾ ਮਨ ਤੇਰੇ ਚਰਨਾਂ ਚ ਜੁੜਿਆ ਰਹਿ ਸਕਦਾ ਹੈ। ਮੈਨੂੰ ਅਪਣਾ ਜਾਣ ਕੇ ਮੇਰੀ ਪ੍ਰਤਿਪਾਲਣਾ ਕਰੋ।

*ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥*

ਮੇਰੇ ਸਾਰੇ ਹੀ ਦੁਸ਼ਮਣਾਂ ਨੂੰ ਮਾਰ ਦੇਹ ਅਤੇ ਅਪਣਾ ਹੱਥ ਦੇ ਕੇ ਮੈਨੂੰ ਬਚਾ ਲੈ।

ਕੀ ਗੁਰੂ ਗੋਬਿੰਦ ਸਿੰਘ ਜੀ ਅਜਿਹੀ ਸੋਚ ਅਪਣਾ ਸਕਦੇ ਹਨ ? ਕੀ ਗੁਰੂ ਦੇ ਸਿੱਖ ਅਜਿਹੀ ਗੰਦੀ ਸੋਚ ਸੋਚ ਸਕਦੇ ਹਨ ? ਪਰ ਹੈ ਬੜਾ ਬਚਿਤ੍ਰ ਹਰ ਰੋਜ ਹੀ ਗੁਰੂ ਘਰਾਂ ਤੋਂ ਲਾਊਡ ਸਪੀਕਰਾਂ ਰਾਹੀਂ ਅਸੀਂ ਅਪਣੇ ਹੀ ਭਰਾ ਮਾਰਨ ਦੀਆਂ ਅਰਦਾਸਾਂ ਕਰਦੇ ਹਾਂ। ਮਾੜੀ ਮੋਟੀ ਲਾਗ ਡਾਟ ਤੇ ਖਹਿ ਬਾਜ਼ੀ ਤਾਂ ਹਰ ਕਿਸੇ ਦੀ ਹੁੰਦੀ ਹੀ ਹੈ ਤਾਂ ਤੇ ਫਿਰ ਅਸੀਂ ਅਪਣੇ ਹੀ ਭਾਈ ਮਰ ਜਾਣ ਦੀਆਂ ਅਰਦਾਸਾਂ ਕਰ ਰਹੇ ਹਾਂ ਬਿਨਾ ਸੋਚੇ ਤੇ ਬਿਨਾਂ ਸਮਝੇ।

*ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ ॥੩੭੮॥*

ਹਾਂ ਬੱਸ ਮੇਰਾ ਹੀ ਪਰਿਵਾਰ ਸੁਖੀ ਬਸੇ ਜਾਂ ਫਿਰ ਉਨ੍ਹਾਂ ਦਾ ਜੋ ਤੇਰੇ ਸੇਵਕ ਤੇ ਸਿੱਖ ਹਨ।

ਕੀ ਸਿੱਖ ਐਨਾ ਸ੍ਵਾਰਥੀ ਹੈ ਜਾਂ ਸੀ ਕਿ ਓਹ ਅਪਣੇ ਹੀ ਪ੍ਰੀਵਾਰ ਦੀ ਸੁੱਖ ਮੰਗੇ ਫਿਰ ਸਰਬੱਤ ਦੇ ਭਲੇ ਦਾ ਕੀ ਬਣਿਆ ? ਕਿੱਥੇ ਗਿਆ ਓਹ ਸਿਧਾਂਤ ਕਿ ਗੁਰਸਿੱਖ ਖਾਣਾ ਖਾਣ ਤੋਂ ਪਹਿਲਾਂ ਪੜੌਸੀ ਦੀ ਸਾਰ ਲਏ ਤੇ ਜੇ ਓਹ ਭੁੱਖਾ ਹੈ ਤਾਂ ਅਪਣੇ ਖਾਣੇ ਚੋਂ ਉਸ ਨੂੰ ਖਾਣਾ ਦਏ ? ਪਰ ਐਥੇ ਤਾਂ ਬਾਈ ਨਿੱਜੀ ਸੁਆਰਥ ਦੀ ਹੱਦ ਹੀ ਲਾਹ ਦਿੱਤੀ ਕਹਿੰਦਾ ਬਈ ਮੇਰਾ ਟੱਬਰ ਸੁਖੀ ਰਹੇ ਤੇ ਬਾਕੀ ?

*ਮੋ ਰੱਛਾ ਨਿਜ ਕਰ ਦੈ ਕਰਿਯੈ ॥ ਸਭ ਬੈਰਨ ਕੋ ਆਜ ਸੰਘਰਿਯੈ ॥*

(ਦੇਖੀਂ ਕਿਤੇ ਭੁੱਲ ਨਾ ਜਾਈਂ) ਮੇਰੀ ਰੱਖਿਆ ਅਪਣੇ ਨਿੱਜੀ ਹੱਥਾਂ ਦੇ ਆਸਰੇ ਕਰਨੀ (ਕਿਤੇ ਹੋਰ ਨੂੰ ਨਾ ਠੇਕਾ ਦੇ ਦੇਵੀਂ) ਮੇਰੇ ਸਾਰੇ ਵੈਰੀਆਂ ਨੂੰ ਅੱਜ ਹੀ ਮਾਰ ਦੇਣਾ।

ਵਾਹ ਰੇ ਕਿੰਨਾ ਕ੍ਰੋਧ ਅਤੇ ਸੁਆਰਥ ਨਾਲ ਨਾਲ ਤਾੜਨਾ ਵੀ, ਆਖਰ ਮਹਾਂ ਕਾਲ ਦਾ ਪੁਜਾਰੀ ਐ ਨਾ, ਬੰਦਾ ਤਾੜਨਾ ਉਸੇ ਨੂੰ ਕਰਦੈ ਜਿਸ ਦੇ ਵਿੱਚ ਕੋਈ ਕਮਜੋਰੀ ਹੁੰਦੀ ਹੈ।

*ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥੩੭੯॥*

(ਮੈਂ ਜੋ ਚਿੱਤ ਚ ਸੁੱਖਣਾ ਸੁੱਖੀ ਹੈ ਨਾ) ਓਹ ਮੇਰੀ ਆਸ ਪੂਰੀ ਕਰ ਦੇਵੀਂ (ਜਿਸਦੇ ਨਾਲ) ਤੇਰੀ ਭਗਤੀ ਦੀ ਪਿਆਸ ਬਣੀ ਰਹੇ।

*ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ ॥ ਜੋ ਬਰ ਚਾਹੌਂ ਸੁ ਤੁਮ ਤੇ ਪਾਊਂ ॥*

(ਮੈਂ ਤੈਨੂੰ ਵਚਨ ਦੇਂਦਾ ਹਾਂ) ਕਿ ਤੈਨੂੰ ਛੱਡ ਕੇ ਮੈਂ ਕਿਸੇ ਹੋਰ ਦੀ ਪੂਜਾ ਨਹੀਂ ਕਰਾਂਗਾ। ਮੈਨੂੰ ਜਿਹੜੇ ਬਰ ਦੀ ਲੋੜ ਹੋਏਗੀ ਓਹ ਮੈਂ ਤੇਰੇ ਤੋਂ ਹੀ ਪ੍ਰਾਪਤ ਕਰਾਂਗਾ।

*ਸੇਵਕ ਸਿੱਖ ਹਮਾਰੇ ਤਾਰੀਅਹਿ ॥ ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ ॥੩੮੦॥*

ਮੇਰੇ ਜਿਤਨੇ ਵੀ ਸੇਵਕ ਤੇ ਸਿੱਖ ਹਨ ਉਨ੍ਹਾਂ ਨੂੰ ਤਾਰ ਦੇਣਾ। ਸਾਡੇ ਸੱਤਰੂਆਂ (ਵੈਰੀਆਂ) ਨੂੰ ਚੁਣ ਚੁਣ ਕੇ ਮਾਰਨਾ।

ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ, ਨਦੌਣ, ਅਨੰਦਗੜ੍ਹ, ਗੜ੍ਹੀ ਚਮਕੌਰ ਤੇ ਸਦਾ ਬਰਤ ਦੀਆਂ ਭਾਰੀ ਜੰਗਾਂ ਚ ਦੁਸ਼ਮਣਾਂ ਨੂੰ ਮਾਰਨ ਲਈ ਅਰਦਾਸਾਂ ਨਹੀਂ ਕੀਤੀਆਂ ਤੇ ਨਾ ਹੀ ਸੂਬੇ ਸਰਹਿੰਦ ਜਾਂ ਮੋਰਿੰਡੇ ਦੇ ਰੰਘੜਾਂ ਅਤੇ ਕੋਤਵਾਲੀ ਦੇ ਥਾਣੇਦਾਰਾਂ ਨੂੰ ਮਾਰਨ ਲਈ ਕੋਈ ਹਾੜ੍ਹੇ ਕੱਢੇ, ਸਿੱਖਾਂ ਨੇ ਚਪੜਚਿੜੀ ਦੇਖਿਆ, ਸੋਹਾਣਾ ਤੇ ਸਰਹਿੰਦ ਖੜਕਾਈ, ਛੋਟਾ ਤੇ

ਵੱਡਾ ਘੱਲੂਘਾਰਾ ਦੇਖਿਆ, ਗੁਰਦਾਸ ਨੰਗਲ ਦੀ ਗੜ੍ਹੀ ਦੇ ਫ਼ਾਕੇ ਕੱਟੇ ਪਰ ਐਦਾਂ ਕੋਈ ਨਹੀਂ ਗਿੜ ਗਿੜਾਇਆ ਬਈ ਰੱਬਾ ਤੂੰ ਸਿੱਖਾਂ ਨੂੰ ਬਚਾ ਲੈ ਤੇ ਸਾਡੇ ਦੁਸ਼ਮਣਾਂ ਨੂੰ ਮਾਰ ਦੇ । ਐਦਾਂ ਦੀਆਂ ਅਰਦਾਸਾਂ ਬੁੱਜਦਿਲ ਤੇ ਕਾਇਰ ਕਰਦੇ ਐਂ ਕੋਈ ਸੂਰਮਾ ਨਹੀਂ । ਸਿੱਖਾਂ ਨੇ ਤਾਂ ਦੁਸ਼ਮਣਾਂ ਦੇ ਵੀ ਪੱਟੀਆਂ ਬੰਨ੍ਹੀਆਂ, ਮੱਲ੍ਹਮ ਲਾਈ, ਪਾਣੀ ਪਿਲਾਇਆ ਇਹ ਘਟੀਆ ਸੋਚ ਪੈਦਾ ਕਰਨ ਵਾਲੇ ਕੌਣ ਹੋ ਸਕਦੇ ਹਨ ਜਰਾ ਸੋਚੋ ।

*ਆਪੁ ਹਾਥ ਦੈ ਮੁਝੈ ਉਬਰਿਯੈ ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ ॥*

ਮੈਨੂੰ ਅਪਣਾ ਹੱਥ ਦੇ ਕੇ ਬਚਾ ਲੈ ਅਤੇ ਮੇਰਾ ਮਰਨ ਦਾ ਡਰ ਦੂਰ ਕਰ ਦੇ ।

ਦੇਖਿਆ ਬੁਜਦਿਲੀ ਦਾ ਕਰਿਸ਼ਮਾ । ਜਿਹੜਾ ਮੌਤ ਤੋਂ ਐਨਾ ਡਰਦਾ ਹੈ ਉਸ ਨੇ ਜੰਗ ਸ੍ਵਾਹ ਜਿੱਤਣੀ ਹੈ । ਸਿੱਖਾਂ ਨੇ ਤਾਂ ਮੌਤ ਨਾਲ ਰੱਜ ਰੱਜ ਖੇਲਿਆ । ਸਰਹਿੰਦ ਦੀ ਦੀਵਾਰ ਨੇ ਡਰਾਉਣ ਦੀ ਕੋਸ਼ਿਸ ਕੀਤੀ, ਚਮਕੌਰ ਦੀ ਕੱਚੀ ਗੜ੍ਹੀ ਨੇ ਡਰਾਇਆ, ਸਰਸਾ ਦੀਆਂ ਤੇਜ ਠੰਢੀਆਂ ਲਹਿਰਾਂ ਨੇ ਡਰਾਉਣ ਲਈ ਭਿਆਨਕ ਰੂਪ ਧਾਰਿਆ, ਪਰ ਸਦਕੇ ਜਾਵਾਂ ਮਾਵਾਂ ਦੇ ਲਾਲਾਂ ਤੋਂ ਓਹ ਥੋਹੜਾ ਵੀ ਟੱਸ ਤੋਂ ਮੱਸ ਨਾ ਹੋਏ । ਮੌਤ ਬਥੇਰਾ ਟੱਕਰਾਂ ਮਾਰ ਮਾਰ ਡਰਾਉਂਦੀ ਰਹੀ ਪਰ ਮਾਂ ਦੇ ਜਾਏ ਮੌਤ ਨੂੰ ਮਖੌਲਾਂ ਕਰਦੇ ਰਹੇ । ਹੋਰ ਤਾਂ ਹੋਰ ਸੱਤ ਤੇ ਨੌ ਸਾਲ ਦੇ ਬੱਚਿਆਂ ਨੂੰ ਨਾ ਡਰਾ ਸਕੀ । ਲਾਲ ਕਿਲ੍ਹੇ ਦੇ ਸਾਮ੍ਹਣੇ ਖੇਡਿਆ ਗਿਆ ਮੌਤ ਦਾ ਡਰਾਮਾ ਮਾਂ ਦੀ ਮਮਤਾ ਨੂੰ ਤਾਂ ਝੰਜੋੜ ਗਿਆ ਪਰ ਬੱਚਾ ਮਾਂ ਦੇ ਦੁੱਧ ਦੀ ਲਾਜ ਰੱਖ ਕੇ ਮੌਤ ਨੂੰ ਵਿਆਹ ਲਿਆਇਆ । ਐਥੇ ਤਾਂ ਕਵੀ ਮਹਾਂ ਕਾਲ ਮੋਹਰੇ ਮੌਤ ਦੇ ਡਰ ਦਾ ਮਾਰਿਆ ਗਿੜ ਗਿੜਾਈਂ ਜਾਂਦੈ - ਗਿੜ ਗਿੜਾਈਂ ਜਾਂਦੈ ।

*ਹੂਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ ॥੩੯੧॥*

(ਤੂੰ) ਹਮੇਸ਼ਾਂ ਸਾਡੀ ਤਰਫਦਾਰੀ ਕਰਨੀ (ਸਾਡੇ ਪੱਖ ਚ ਰਹਿਣਾ) ਹੇ ਅਸਿਧੁਜ (ਮਹਾਂ ਕਾਲ) ਸਾਡੀ ਮਦੱਦ ਕਰਨੀ ।

ਨਾ ਗੁਰੂ ਨੇ ਤੇ ਨਾ ਹੀ ਸਿੱਖ ਨੇ ਅਪਣੇ ਰੱਬ ਦੇ ਦਰ ਤੇ ਕਦੇ ਅਜਿਹੀ ਅਰਜੋਈ ਕੀਤੀ ਪਾਣੀ ਨੇ ਬਥੇਰੇ ਉਬਾਲੇ ਖਾਧੇ, ਤੱਤੀ ਤਵੀ ਨੇ ਅਪਣਾ ਰੰਗ ਦਿਖਾਇਆ, ਤੱਤੀ ਰੇਤ ਨੇ ਅਪਣੀ ਤਪਸ਼ ਦਾ ਮਾਣ ਕੀਤਾ, ਲੱਕੜਾਂ ਜਲ ਜਲ ਹਾਲੋਂ ਬੇਹਾਲ ਹੋਈਆਂ ਆਰੇ ਦੇ ਦੰਦੇ ਜੋਰ ਲਾ ਥੱਕੇ ਤੇ ਚਰਖੜੀ ਵੀ ਘੁੰਮਦੀ ਅਪਣੇ ਹੰਕਾਰ ਚ ਟੁੱਟ ਗਈ ਪਰ ਸਿੱਖ ਨੇ ਕਦੇ ਮੌਤ ਤੋਂ ਬਚਣ ਲਈ ਅਰਦਾਸ ਕੀਤੀ ? ਕਦੇ ਨਹੀਂ ।

*ਰਾਖਿ ਲੇਹੁ ਮੋਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਯਾਰੇ ॥*

(ਹੇ ਮਹਾਂ ਕਾਲ) ਤੂੰ ਮੈਨੂੰ ਰੱਖ ਲੈ (ਤੂੰ ਹੀ) ਰੱਖਿਆ ਕਰਨ ਵਾਲਾ ਹੈਂ । ਤੂੰ ਮਾਲਕ ਹੈਂ ਅਤੇ ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈਂ ।

ਮਹਾਂ ਕਾਲ ਦਾ ਪੁਜਾਰੀ ਕਵੀ ਸ੍ਯਮ ਕਹਿੰਦਾ ਹੈ ਕਿ ਮੈਂ ਮੌਤ ਤੋਂ ਬੜਾ ਡਰਿਆ ਹੋਇਆ ਹਾਂ ਤੂੰ ਮੈਨੂੰ ਮੌਤ ਤੋਂ ਬਚਾ ਲੈ ।

*ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰ ਦਸ ਕੰਤਾ ॥*

ਤੂੰ ਗਰੀਬਾਂ ਦੀ ਰੱਖਿਆ ਕਰਨ ਵਾਲਾ ਹੈਂ ਅਤੇ ਦੁਸਟਾਂ ਨੂੰ ਮਾਰਨ ਵਾਲਾ । ਤੂੰ ਚੌਦਾਂ ਪੁਰੀਆਂ (10+4) ਵਿੱਚ ਛਾਇਆ ਹੈਂ ।

*ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵਜੂ ਅਵਤਰਾ ॥*

ਕਾਲ ਨੂੰ ਪਾ ਕੇ (ਅਰਾਧਨਾ ਕਰ ਕੇ) ਬ੍ਰਹਮਾ ਬਾਮ੍ਹਣ ਬਣਿਆ, ਕਾਲ ਨੂੰ ਪਾ ਕੇ ਹੀ ਸਿਵ ਨੇ ਅਵਤਾਰ ਧਾਰਿਆ।

*ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਅ ਤਮਾਸਾ ॥੩੯੩॥*

ਕਾਲ ਨੂੰ ਪ੍ਰਾਪਤ ਕਰਕੇ ਬਿਸ਼ਨੂੰ ਦਾ ਪ੍ਰਕਾਸ ਹੋਇਆ (ਇਹ ਸਭ ਜੋ ਅਸੀਂ ਦੇਖਦੇ ਹਾਂ) ਇਹ ਕਾਲ ਦਾ ਹੀ ਤਮਾਸਾ ਹੈ ।

*ਜਵਨ ਕਾਲ ਜੋਗੀ ਸਿਵ ਕੀਓ ॥ ਬੇਦਰਾਜ ਬ੍ਰਹਮਾ ਜੂ ਥੀਓ ॥*

ਜਿਸ ਕਾਲ ਨੇ ਸ਼ਿਵ ਨੂੰ ਜੋਗੀ ਬਣਾਇਆ ਅਤੇ ਬ੍ਰਹਮਾ ਨੂੰ ਬੇਦਰਾਜ ।

*ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥੩੯੪॥*

ਜਿਸ ਕਾਲ ਨੇ ਸਭ ਲੋਕਾਂ ਨੂੰ ਬਣਾਇਆ ਮੈਂ ਓਹਦੇ ਅੱਗੇ ਨਮਸਕਾਰ ਕਰਦਾ ਹਾਂ ।

ਸਿੱਖ ਦਾ ਸੀਸ ਕੇਵਲ ਦੋ ਥਾਈਂ ਝੁੱਕਦਾ ਹੈ । ੧. ਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਾਂ ੨. ਰੱਬ ਦੀ ਹੋਂਦ ਅਨੁਭਵ ਕਰਕੇ ਉਸ ਅੱਗੇ । ਸਿੱਖ ਥਾਂ ਥਾਂ ਨਮਸ਼ਕਾਰਾਂ ਨਹੀਂ ਕਰਦਾ । ਪਰ ਲੇਖਕ ਕਵੀ ਦਾ ਰੱਬ ਕਿਉਂ ਕਿ ਕਾਲ ਹੈ ਇਸ ਲਈ ਓਹ ਇਸ ਕਾਲ ਨੂੰ ਰੱਬ ਜਾਣ ਕੇ ਨਮਸਕਾਰ ਕਰ ਰਿਹਾ ਹੈ ।

*ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜੱਛਨ ਉਪਜਾਯੋ ॥*

ਜਿਸ ਕਾਲ ਨੇ ਸਾਰੇ ਜਗਤ ਨੂੰ ਪੈਦਾ ਕੀਤਾ, ਦੇਵਤੇ-ਦੈਂਤ ਅਤੇ ਜੱਛ ਪੈਦਾ ਕੀਤੇ ।

*ਆਦਿ ਅੰਤ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੩੯੫॥*

ਜਗਤ ਦੇ ਮੁੱਢ ਤੋਂ ਲੈ ਕੇ ਅੰਤ ਤੱਕ ਓਹ ਇਕੋ ਅਵਤਾਰ ਹੈ ਤੁਸੀਂ ਉਸੇ ਨੂੰ ਹੀ ਮੇਰਾ ਗੁਰੂ ਸਮਝਣਾ ।
ਸੰਨ 1708 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ । ਉਸ ਤੋਂ ਪਹਿਲਾਂ ਸਿੱਖਾਂ ਦਾ ਗੁਰੂ, ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਗੋਬਿੰਦ ਜੀ, ਗੁਰੂ ਹਰ ਰਾਇ ਜੀ, ਗੁਰੂ ਹਰਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਸਰੀਰਕ ਰੂਪ ਵਿੱਚ ਸਨ । ਕਦੇ ਵੀ ਕਿਸੇ ਗੁਰੂ ਨੇ ਜਾਂ ਸਿੱਖ ਨੇ ਕਿਸੇ ਵੀ ਸਮੇਂ ਕਾਲ ਜਾਂ ਮਹਾਂ ਕਾਲ ਨੂੰ ਗੁਰੂ ਨਹੀਂ ਮੰਨਿਆ । ਐਡੇ ਝਗੜਾਲੂ ਈਰਖਾਲੂ ਨੂੰ ਕੌਣ ਗੁਰੂ ਬਨਾਊ । ਸੰਨ 1708 ਤੋਂ ਬਾਦ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਪਣਾ ਗੁਰੂ ਮੰਨਦੇ ਹਨ ਜਿਹੜੇ ਨਹੀਂ ਮੰਨਦੇ ਓਹ ਗੁਰੂ ਨਾਨਕ ਦੇ ਸਿੱਖ ਨਹੀਂ । ਹੁਣ ਕਈ ਦੇਹਧਾਰੀ ਅਪਣੇ ਆਪ ਨੂੰ ਗੁਰੂ ਬਣੀਂ ਫਿਰਦੇ ਹਨ, ਉਨ੍ਹਾਂ ਦੇ ਚੇਲੇ ਚਾਟੜੇ ਕਿਵੇਂ ਪੜ੍ਹਨਗੇ ? ਕਿਸ ਨੂੰ ਗੁਰੂ ਆਖਣਗੇ ? ਕਵੀ ਸਯਾਮ ਦਾ ਗੁਰੂ ਤਾਂ ਮਹਾਂ ਕਾਲ ਐ ਤੇ ਸਿੱਖਾਂ ਦਾ ਗੁਰੂ ਗ੍ਰੰਥ ਸਾਹਿਬ ਜੀ । ਓਹ ਕਿਸ ਦਾ ਨਾਂ ਪੁਕਾਰਨਗੇ ?

*ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥*

ਮੇਰੀ ਕੇਵਲ ਉਸੇ (ਗੁਰੂ) ਨੂੰ ਨਮਸਕਾਰ ਹੈ ਜਿਸ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ।

*ਸਿਵਕਨ ਕੋ ਸਿਵਗੁਨ ਸੁਖ ਦੀਓ ॥ ਸੱਤ੍ਰਨ ਕੋ ਪਲ ਮੋ ਬਧ ਕੀਓ ॥੩੮੬॥*

ਤੂੰ ਸਿਵ ਦੇ ਭਗਤਾਂ ਨੂੰ ਚੰਗੇ ਗੁਣ ਅਤੇ ਸੁੱਖ ਦਿੱਤੇ । ਦੁਸ਼ਮਣਾਂ ਨੂੰ ਪਲ ਭਰ ਚ ਮਾਰ ਮੁਕਾਇਆ ।

*ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥*

(ਮੇਰਾ ਮਹਾਂ ਕਾਲ) ਹਰ ਹਿਰਦੇ ਦੀ ਜਾਣਦਾ ਹੈ ਅਤੇ ਚੰਗੇ ਮਾੜੇ ਦੀ ਪੀੜ ਪਛਾਂਣਦਾ ਹੈ ।

*ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੩੮੭॥*

ਭਾਵੇਂ ਕੀੜੀ ਹੋਏ ਜਾਂ ਹਾਥੀ ਜਾਂ ਅਸਥੂਲ ਵਸਤੂ ਓਹ ਸਭ ਪਰ ਅਪਣੀ ਕ੍ਰਿਪਾ ਦ੍ਰਿਸਟਿ ਕਰ ਕੇ ਖੁਸ਼ ਹੁੰਦਾ ਹੈ।

*ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧੁਨ ਕੇ ਸੁਖੀ ॥*

ਓਹ ਸੇਵਕਾਂ ਦੇ ਦੁਖੀ ਹੋਣ ਤੇ ਆਪ ਦੁਖੀ ਹੁੰਦਾ ਹੈ ਅਤੇ ਜੇਕਰ ਓਹ ਸੁਖੀ ਹੋਣ ਤਾਂ ਆਪ ਵੀ ਖੁਸ਼ ਹੁੰਦਾ ਹੈ।
ਸਿੱਖ ਦਾ ਰੱਬ ਨਾ ਦੁਖੀ ਹੁੰਦਾ ਹੈ ਤੇ ਨਾ ਖੁਸ਼ ਜੇਕਰ ਰੱਬ ਨੂੰ ਹੀ ਗਮੀ ਖੁਸ਼ੀ ਚਿੰਬੜ ਗਈ ਤਾਂ ਫਿਰ ਓਹ ਰੱਬ ਕਾਹਦਾ ਹੋਇਆ ? ਜਿਹੋ ਜਿਹਾ ਰੱਬ ਓਹੋ ਜਿਹਾ ਸਿੱਖ ਤਦੇ ਬਾਬੇ ਦੀ ਬਾਣੀ ਕਹਿੰਦੀ ਹੈ ਬਈ ਬਾਮ੍ਹਣ ਦੇ ਦਿਖਾਏ ਸ੍ਵਰਗ ਦੇ ਝਲਕਾਰੇ ਤੱਕ ਕੇ ਸ੍ਵਰਗ ਲਈ ਕੱਛਾਂ ਨਹੀਂ ਵਜਾਉਣੀਆਂ ਤੇ ਨਾ ਹੀ ਬਾਮ੍ਹਣ ਦੇ ਦਿੱਤੇ ਨਰਕਾਂ ਦੇ ਡਰਾਵਿਆਂ ਤੋਂ ਡਰਨਾ । ਜੋ ਰੱਬ ਨੂੰ ਚੰਗਾ ਲੱਗੇਗਾ ਓਹੀ ਹੋਣਾ ਹੈ ਐਵੇਂ ਸੋਚ ਸੋਚ ਕੇ ਖੂਨ ਨਹੀਂ ਸੁਕਾਈਂ ਜਾਣਾ ਤੇ ਨਾ ਹੀ ਐਦਾਂ ਦੀ ਕੋਈ ਆਸ ਰੱਖਣੀ ।

*ਏਕ ਏਕ ਕੀ ਪੀਰ ਪਛਾਨੈਂ ॥ ਘਟ ਘਟ ਕੇ ਪਟ ਪਟ ਕੀ ਜਾਨੈਂ ॥੩੮੮॥*

ਓਹ ਹਰ ਕਿਸੇ ਦੀ ਪੀੜ ਪਛਾਣਦਾ ਹੈ ਅਤੇ ਹਰ ਹ੍ਰਿਦੇ ਦੀ ਜਾਣਨਹਾਰ ਹੈ । ਘਟ ਘਟ ਕੇ ਪਟ ਪਟ ਕੀ ।

*ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥*

(ਹੇ ਮਹਾਂ ਕਾਲ) ਜਦ ਤੂੰ ਅਵਤਾਰ ਧਾਰਿਆ ਤਾਂ ਧਰਤੀ ਤੇ ਬੇਅੰਤ ਲੋਕ ਰਹਿੰਦੇ ਸਨ ।

*ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਬਹੂੰ ॥੩੮੯॥*

(ਧਰਤੀ ਤੇ ਪੈਦਾ ਹੋ ਕੇ) ਜਦ ਕਦੇ ਤੂੰ ਉਨ੍ਹਾਂ (ਲੋਕਾਂ) ਨੂੰ ਖਿੱਚ ਲੈਂਦਾਂ ਹੈਂ ਤਾਂ ਓਹਨਾਂ ਦੇ ਸਰੀਰ ਤੇਰੇ ਚ ਮਿਲ ਜਾਂਦੇ ਹਨ।
ਗੁਰੂ ਨਾਨਕ ਕਹਿੰਦਾ ਹੈ ਕਿ ਜਦ ਸ੍ਰਿਸਟੀ ਬਣੀ ਤਾਂ ਰੱਬ ਤੋਂ ਬਿਨਾਂ ਇਸ ਸੰਸਾਰ ਚ ਕੋਈ ਨਹੀਂ ਸੀ, ਹਰ ਪਾਸੇ ਰੱਬ ਹੀ ਰੱਬ । ਇਹ ਓਸੇ ਦੇ ਚੋਜ ਹਨ ਕਿ ਇਕ ਫੁਰਨੇ ਚ ਹੀ ਉਸ ਨੇ ਸੰਸਾਰ ਰਚ ਦਿੱਤਾ (ਵਧੇਰੇ ਜਾਣਕਾਰੀ ਲਈ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੋ ਤੇ ਵਿਚਾਰੋ) ਹੁਣ ਕਵੀ ਸੂਮ ਅਪਣੇ ਰੱਬ ਬਾਰੇ ਜਣੀ ਕਾਲ ਬਾਰੇ ਕਹਿੰਦੈ ਬਈ ਜਦ ਓਹ ਜੰਮਿਆਂ ਤਾਂ ਧਰਤੀ ਤੇ ਬੇਅੰਤ ਲੋਕ ਸਨ । ਓਹਨੇ ਆ ਕੇ ਲੋਕਾਂ ਨੂੰ ਮਾਰਨਾ ਉਜਾੜਨਾ ਸੁਰੂ ਕਰ ਦਿੱਤਾ ਜਿਵੇਂ ਜਰਵਾਣੇ ਕਰਦੇ ਹੀ ਆਏ ਹਨ ਤੇ ਲੋਕੀਂ ਡਰਦੇ ਓਹਨੂੰ ਰੱਬ ਰੱਬ ਕਰਨ ਲੱਗੇ ਜਿਵੇਂ ਆਹ ਅਪਣੇ ਹਰਨਾਖਸ ਨੂੰ ਹੀ ਲੈ ਲਓ ਕਿਸ ਤਰ੍ਹਾਂ ਓਹਨੇ ਲੋਕਾਂ ਚ ਖੋਰੂ ਪਾਇਆ ਕਹਿੰਦਾ ਕਹੋ ਜਲੇ ਹਰਨਾਖ਼ਸ ਥਲੇ ਹਰਨਾਖ਼ਸ ਵਿਚਾਰੇ ਲੋਕ ਡਰਦੇ ਉਸ ਤਰ੍ਹਾਂ ਹੀ ਕਰਨ ਲਗ ਪਏ । ਬਾਈ ਤਕੜੇ ਦੇ ਸੱਤੇ ਵੀਹੀਂ ਸੌ ਹੁੰਦੇ ਐ ਨਾ ਬਸ ਮਹਾਂ ਕਾਲ ਵੀ ਚੰਮ ਦੀਆਂ ਚਲਾ ਗਿਆ ਤੇ ਵਿਚਾਰੇ ਸੂਮ ਵਰਗੇ ਕਵੀ ਡਰ ਚ ਓਹਦੇ ਸੋਹਲੇ ਗਾਉਣ ਲੱਗ ਗਏ । ਹਾਂ ਸਿੱਖਾਂ ਦਾ ਰੱਬ ਰੱਬ ਹੀ ਐ ਹੋਰ ਕੋਈ ਨਹੀਂ ਓਹਦੇ ਬਰਾਬਰ ।

*ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪੁਨੀ ਬੂਝ ਉਚਾਰੈ ॥*

ਜਿੰਨੇ ਵੀ ਸਰੀਰ ਧਰਤੀ ਤੇ ਪੈਦਾ ਹੁੰਦੇ ਹਨ, ਓਹ ਅਪਣੀ ਅਪਣੀ ਅਕਲ ਨਾਲ ਗੱਲ ਕਰਦੇ ਹਨ ।

*ਤੁਮ ਸਭਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰ ਆਲਮ ॥੩੯੦॥*

(ਹੇ ਮਹਾਂ ਕਾਲ) ਤੂੰ ਸਭ ਤੋਂ ਨਿਆਰਾ ਰਹਿੰਦਾ ਹੈਂ ਇਸ ਗੱਲ ਦਾ ਭੇਦ ਬੇਦ ਜਾਣਦੇ ਹਨ ਜਾਂ ਫਿਰ ਬੇਦਾਂ ਦੇ ਗਿਆਤਾ (ਪੜ੍ਹੇ ਲਿਖੇ ਬੰਦੇ ਮਤਲਬ ਕਿ ਬ੍ਰਾਹਮਣ)

*ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ਆਦਿ ਅਨੀਲ ਅਨਾਦਿ ਅਸੰਭਿ ॥*

ਓਸ ਦਾ ਕੋਈ ਸਰੂਪ ਨਹੀਂ, ਓਹਨੂੰ ਕੋਈ ਬਿਕਾਰ ਨਹੀਂ, ਓਹ ਸਭ ਦਾ ਮੁੱਢ ਹੈ, ਉਜਲਾ ਹੈ ਅਤੇ ਉਸ ਦਾ ਅਪਣਾ ਕੋਈ ਮੁੱਢ ਨਹੀਂ ।

*ਤਾਕਾ ਮੂੜ੍ਹ ਉਚਾਰਤ ਭੇਦਾ ॥ ਜਾਕੋ ਭੇਵ ਨ ਪਾਵਤ ਬੇਦਾ ॥੩੯੧॥*

ਕਿੰਨੀ ਹਾਸੋਹੀਣੀ ਗੱਲ ਹੈ ਕਿ ਮੈਂ ਮੂਰਖ ਉਸ ਦੀ ਗੱਲ ਕਰ ਰਿਹਾ ਹਾਂ ਜਿਸ ਦਾ ਭੇਦ, ਬੇਦ ਵੀ ਨਾ ਪਾ ਸਕੇ।

*ਤਾਕੋ ਕਰਿ ਪਾਹਨ ਅਨੁਮਾਨਤ ॥ ਮਹਾ ਮੂੜ੍ਹ ਕਛੁ ਭੇਦ ਨ ਜਾਨਤ ॥*

ਉਸ ਦੀ ਝੂਠ ਮੂਠ ਦੀ ਮੂਰਤੀ ਬਣਾ ਕੇ ਲੋਕੀਂ ਪੂਜਾ ਕਰਦੇ ਹਨ ਪਰ ਮਹਾਂ ਮੂਰਖ ਓਹਦਾ ਭੇਦ ਨਹੀਂ ਜਾਣਦੇ।

*ਮਹਾਦੇਵ ਕੋ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੩੯੨॥*

ਓਹ ਸ਼ਿਵ ਦੀ ਅਰਾਧਨਾ ਤਾਂ ਕਰਦੇ ਹਨ ਪਰ ਨਿਰੰਕਾਰ ਨੂੰ ਹਿਰਦੇ ਚ ਨਹੀਂ ਵਸਾਉਂਦੇ ।

*ਆਪੁ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥*

ਜਿਹੋ ਜਿਹੀ ਕਿਸੇ ਕੋਲ ਬੁਧਿ (ਦਿਮਾਗ) ਹੈ, ਓਹੋ ਜਿਹਾ ਹੀ ਅਨੇਕਾਂ ਤਰ੍ਹਾਂ ਦਾ ਤੇਰਾ ਵਰਨਣ ਕਰਦੇ ਹਨ ।

*ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੩੯੩॥*

ਤੇਰੇ ਪਸਾਰੇ ਦਾ ਵਰਨਣ ਨਹੀਂ ਕੀਤਾ ਜਾ ਸਕਦਾ ਕਿ ਕਿਸ ਢੰਗ ਨਾਲ ਤੂੰ ਪਹਿਲਾਂ ਸੰਸਾਰ ਸਾਜਿਆ ।

*ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀਂ ਭੂਪਾ ॥*

(ਹੇ ਮਹਾਂ ਕਾਲ) ਤੇਰਾ ਇਕੋ ਰੂਪ ਹੈ ਓਹ ਵੀ ਬੜਾ ਹੀ ਸੁੰਦਰ, ਕਿਤੇ ਤੂੰ ਕੰਗਾਲ ਹੈਂ ਕਿਤੇ ਰਾਵ ਜਾਂ ਕਿਤੇ ਰਾਜਾ ਬਣੀ ਬੈਠਾ ਹੈਂ ।

*ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰ ਰਚਿ ਦੀਨੀ ॥੩੯੪॥*

ਤੂੰ ਇਸ ਸ੍ਰਿਸਟੀ ਨੂੰ ਚਾਰੇ ਖਾਣੀਆਂ ਅੰਡਜ (ਅੰਡੇ ਤੋਂ) ਜੇਰਜ (ਜੇਰ ਤੋਂ) ਸੇਤਜ (ਪਸੀਨੇ ਤੋਂ) ਤੇ ਉਤਭੁਜ (ਪੌਦਿਆਂ ਰਾਹੀਂ) ਦੁਆਰਾ ਰਚਿਆ ਹੈ ।

*ਕਹੂੰ ਫੂਲਿ ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਿਯੋ ਸੰਕਰ ਇਕੈਠਾ ॥*

ਕਿਤੇ ਤੂੰ ਰਾਜਾ ਬਣੀ ਬੈਠਾ ਹੈਂ ਅਤੇ ਕਿਤੇ ਸੁੰਗੜ ਕੇ ਸੰਕਰ ਦੇ ਰੂਪ ਚ ਵਿਚਰਦਾ ਹੈਂ ।

*ਸਗਰੀ ਸ੍ਰਿਸਟਿ ਦਿਖਾਇ ਅਚੰਭਵ ਆਦਿ ਜੁਗਾਦਿ ਸਰੂਪ ਸੁਯੰਭਵ ॥੩੯੫॥*

ਤੂੰ ਸਾਰੀ ਸ੍ਰਿਸਟਿ ਨੂੰ ਹੈਰਾਨ ਕਰਨ ਵਾਲੇ ਕੌਤਕ ਦਿਖਾਉਂਦਾ ਹੈਂ। ਤੇਰਾ ਜਗ ਦੇ ਮੁੱਢ ਤੋਂ, ਜੁਗਾਂ ਦੇ ਮੁੱਢ ਤੋਂ ਸਰੂਪ ਸੁੰਦਰ ਹੈ ।

*ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖਯ ਉਬਾਰਿ ਅਸਿੱਖਯ ਸੰਘਰੋ ॥*

ਹੁਣ ਤੂੰ ਮੇਰੀ ਰੱਖਿਆ ਕਰ (ਕਿਉਂਕਿ ਖਾਸ ਹੀ ਲੰਮੀ ਚੌੜੀ ਅਰਦਾਸ ਕੀਤੀ ਹੈ ਨਾ) ਤੂੰ ਅਪਣੇ ਸਿੱਖਾਂ ਨੂੰ ਬਚਾ ਅਤੇ ਜੋ ਤੇਰੇ ਸਿੱਖ ਨਹੀਂ ਹਨ ਉਨ੍ਹਾਂ ਨੂੰ ਮਾਰ ਦੇ (ਵਾਹ ਵਾਹ ਹੈ ਨਾ ਕਮਾਲ ਕਿੰਨੀ ਸੁੰਦਰ ਗੱਲ ਗੁਰੂ ਦੇ ਮੂੰਹ ਚ ਪਾਈ ਬਈ ਗੁਰੂ ਗੋਬਿੰਦ ਸਿੰਘ ਕਹਿੰਦੈ ਕੇਵਲ ਮੇਰੇ ਸਿੱਖਾਂ ਨੂੰ ਬਚਾਈਂ ਤੇ ਜਿਹੜੇ ਮੇਰੇ ਸਿੱਖ ਨਹੀਂ ਹਨ ਉਨ੍ਹਾਂ ਨੂੰ ਖਤਮ ਕਰ ਦੇਈਂ । ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਬੱਚਿਆਂ ਦੇ ਨੀਹਾਂ ਚ ਚਿਣੇ ਜਾਣ ਤੇ, ਚਮਕੌਰ ਦੀ ਗੜੀ ਚ ਜੁਆਨ ਪੁੱਤਰਾਂ ਦੇ ਜੂਝ ਮਰਣ ਤੇ, ਖਿਦਰਾਣੇ ਦੀ ਢਾਬ ਤੇ, ਅਨੰਦ ਗੜ੍ਹ ਦੇ ਕਿਲ੍ਹੇ ਤੇ, ਸਰਸਾ ਨਦੀ ਦੇ ਕੰਢੇ ਤੇ ਅਤੇ ਹੋਰ ਬੇਅੰਤ ਔਖੀਆਂ ਘਾਟੀਆਂ ਦੇ ਸਮੇਂ ਸਮੇਂ ਜੂਝਣ ਤੇ ਐਦਾਂ ਦੀਆਂ ਅਰਦਾਸਾਂ ਨਹੀਂ ਕੀਤੀਆਂ, ਨਾ ਹਝੂੰ ਵਹਾਏ ਤੇ ਨਾ ਮੱਥੇ ਤਿਊੜੀਆਂ ਪਾਈਆਂ, ਨਾ ਬੋਲ ਕੁਬੋਲ ਬੋਲੇ, ਨਾ ਗੁੱਸਾ ਜ਼ਾਹਿਰ ਕੀਤਾ, ਮੇਰੇ ਸੱਚੇ ਸਤਿਗੁਰੂ ਐਨੇ ਔਖਿਆਂ ਵਖਤਾਂ ਚ ਵੀ ਰੱਬ ਦਾ ਸ਼ੁਕਰਾਨਾ ਕੀਤਾ। ਕੀ ਗੁਰੂ ਕਹਿ ਸਕਦੈ ਕਿ ਮੇਰੀ ਰੱਖਿਆ ਕਰੋ? ਕੀ ਗੁਰੂ ਕਹੇਗਾ ਮੇਰੇ ਸਿੱਖਾਂ ਨੂੰ ਬਚਾ ਲੈ? ਜਿਹੜੇ ਮੇਰੇ ਸਿੱਖ ਨਹੀਂ ਉਨ੍ਹਾਂ ਨੂੰ ਮਾਰਦੇ ? ਇਹ ਕੋਈ ਬੋਦਾ ਲਿਖਾਰੀ ਹੀ ਲਿਖ ਸਕਦੈ, ਕੋਈ ਡਰਪੋਕ ਹੀ ਲਿਖ ਸਕਦੈ, ਰੱਬ ਦਾ ਪੁਜਾਰੀ ਰੱਬ ਦੇ ਭਾਣੇ ਚ ਰਹਿੰਦੈ ਤੇ ਦੇਵੀ ਦੇਵਤੇ ਦਾ ਪੁਜਾਰੀ ਉਸੇ ਦੇ ਭਾਣੇ ਚ। ਸਾਡੇ ਮੰਦ ਕਰਮੀ ਪੁਜਾਰੀ ਸੰਤ ਸਾਧ ਬ੍ਰਹਮ ਗਿਆਨੀ ਅਪਣੇ ਕੋਲੋਂ ਹੀ ਇਸ ਕਾਵਿ ਰਚਨਾ ਤੇ ਪਾਤਸ਼ਾਹੀ ੧੦ ਲਿਖ ਲਿਖ ਕੇ ਗੁਰਸਿੱਖਾਂ ਦਾ ਮਜਾਕ ਉਡਾਈਂ ਜਾਂਦੇ ਹਨ ਅਤੇ ਸਿੱਖ ਸੰਗਤਿ ਨੂੰ ਗੁਮਰਾਹ ਕਰੀਂ ਜਾਂਦੇ ਹਨ। ਇਸ ਚੌਪਈ ਦਾ ਲੇਖਕ ਕਵੀ ਸੂਮ ਹੈ। ਕਵੀ ਸੂਮ ਓਦਾਂ ਹੀ ਗੁਰੂ ਦਾ ਅਪਮਾਨ ਨਾ ਕਰੀਂ ਜਾਓ। ਜੇ ਨਹੀਂ ਸੱਚ ਆਉਂਦਾ ਤਾਂ ਆਹ ਲਿਖਿਆ ਪੜ੍ਹ ਲਓ:-

*ਦੁਸ਼ਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥੩੯੬॥*

ਕਬਿ ਸੂਮ ਇਸੇ ਹੀ ਚਾਰ ਸੌ ਚਾਰ ਚਰਿੱਤ੍ਰ ਚ ਮੁਗਲਾਂ ਪਠਾਣਾਂ ਤੇ ਸਿੱਖਾਂ ਨੂੰ ਮਲੇਛ ਅਤੇ ਦੈਂਤ ਲਿਖ ਚੁੱਕਾ ਹੈ। ਬੜੀ ਲੰਮੀ ਚੌੜੀ ਲਿਸਟ ਅਤੇ ਉਨ੍ਹਾਂ ਨੂੰ ਮਾਰ ਮੁਕਾਣ ਲਈ ਮਹਾਂ ਕਾਲ ਦਾ ਛੇੜਿਆ ਜੰਗ ਪੜ੍ਹ ਚੁੱਕੇ ਹਾਂ ਇਹ ਉਸੇ ਦੇ ਹੀ ਸੰਧਰਬ ਚ ਹੈ ਬਈ ਹੇ ਮਹਾਂ ਕਾਲ ਜਿੰਨੇ ਵੀ ਦੁਸ਼ਟ ਹਨ ਨਾ ਉਨ੍ਹਾਂ ਸਾਰਿਆਂ ਨੂੰ ਜਿਹੜਾ ਉੱਠੇ ਜਾ ਪੈਦਾ ਹੋਏ ਰਣ ਚ

ਮਾਰ ਮੁਕਾਓਣਾ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਵੀ ਲੜਾਈ ਚ ਰੱਬ ਨੂੰ ਨਹੀਂ ਸੱਦਿਆ ਤੇ ਨਾ ਹੀ ਰੱਬ ਬੰਦਾ ਬਣ ਕੇ ਸਿੱਖਾਂ ਦੇ ਹੱਕ ਚ ਆਇਆ। ਪਰ ਕਵੀ ਸੂਮ ਦੇਖੋ ਕਿਸ ਤਰ੍ਹਾਂ ਗਿੜ ਗਿੜਾਉਂਦਾ ਹੈ ਤੇ ਕਿਵੇਂ ਲੇਲੜੀਆਂ ਕੱਢਦਾ ਹੈ।

*ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨਕੇ ਦੁਸ਼ਟ ਦੁਖਿਤ ਹ੍ਵੈ ਮਰੇ ॥*

ਜਿਹੜੇ ਬੰਦੇ ਅਸਿਧੁਜ (ਮਹਾਂ ਕਾਲ) ਦੀ ਸ਼ਰਨ ਆ ਗਏ (ਉਸ ਮਹਾਂ ਕਾਲ ਨੇ) ਉਨ੍ਹਾਂ ਦੇ ਸਾਰੇ ਦੁਸ਼ਮਣਾਂ ਨੂੰ ਮਾਰ ਦਿੱਤਾ ਅਤੇ ਜਿਹੜੇ ਉਨ੍ਹਾਂ ਨੂੰ ਦੁਖੀ ਕਰਦੇ ਸਨ ਓਹ ਵੀ ਮਾਰ ਦਿੱਤੇ ।

*ਪੁਰਖ ਜਵਨ ਪਗ ਪਰੇ ਤਿਹਾਰੇ ॥ ਤਿਨਕੇ ਤੁਮ ਸੰਕਟ ਸਭ ਟਾਰੇ ॥੩੯੭॥*

ਜਿਹੜੇ ਬੰਦੇ ਤੇਰੇ ਪੈਰੀਂ ਪੇ ਗਏ ਉਨ੍ਹਾਂ ਦੇ ਤੂੰ ਸਾਰੇ ਸੰਕਟ ਦੂਰ ਕਰ ਦਿੱਤੇ ।

ਕੀ ਗੁਰੂ ਗੋਬਿੰਦ ਸਿੰਘ ਜੀ ਅਸਿਧੁਜ (ਮਹਾਂ ਕਾਲ) ਦੇ ਪੈਰੀਂ ਪਿਆ ? ਜਾਂ ਉਸ ਦੀ ਸ਼ਰਨ ਆਇਆ ? ਕੀ ਅਸਿਧੁਜ ਨੇ ਜਦ ਸਿੱਖਾਂ ਦੇ ਬੰਦ ਬੰਦ ਕੱਟੇ, ਦੇਗਾਂ ਚ ਉਬਾਲੇ, ਤੱਤੀ ਤਵੀ ਤੇ ਤਨ ਸਾੜੇ, ਗਰਮ ਰੇਤ ਨੇ ਸਰੀਰ ਤੇ ਛਾਲੇ ਪਾਏ, ਆਰਿਆਂ ਨਾਲ ਚੀਰੇ, ਖੋਪਰੀਆਂ ਲਾਹੀਆਂ, ਜੰਬੂਰਾਂ ਨਾਲ ਮਾਸ ਖਿੱਚਿਆ, ਬੱਚਿਆਂ ਦੇ ਟੁਕੜੇ ਕਰ ਕੇ ਮਾਵਾਂ ਦੀ ਝੋਲੀ ਸੁੱਟਿਆ, ਗੁਰਦਾਸ ਨੰਗਲ ਦੀ ਗੜ੍ਹੀ ਚ ਭੁੱਖੇ ਮਾਰੇ ਕੋਈ ਮਦੱਦ ਕੀਤੀ ? ਕਿਸੇ ਦੁਸ਼ਟ ਨੂੰ ਸੋਧਿਆ ? ਕਿਸੇ ਨੂੰ ਰੋਟੀ ਦਿੱਤੀ ? ਬਿਲਕੁਲ ਨਹੀਂ ਇਕ ਖਾਸ ਸਾਜਿਸ ਨਾਲ ਗੁਰੂ ਦਾ ਅਪਮਾਨ ਕਰਨ ਵਾਲਿਆਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਓਹ ਬਹੁਤੀ ਦੇਰ ਸਿੱਖਾਂ ਨੂੰ ਮੂਰਖ ਨਹੀਂ ਬਣਾ ਸਕਦੇ, ਬਹੁਤੀ ਦੇਰ ਓਹ ਗੁਰੂ ਦਾ ਅਪਮਾਨ ਨਹੀਂ ਕਰ ਸਕਦੇ। ਗੁਰੂ ਦੇ ਲਾਲਾਂ ਨੇ ਇਸ ਬੇਪੱਤੀ ਦਾ ਪੁਜਾਰੀਆਂ ਤੋਂ ਹਿਸਾਬ ਮੰਗਣਾ ਹੈ ਉਸ ਲਈ ਖ਼ਬਰਦਾਰ ਰਹਿਣ, ਇਹ ਸਿੱਖਾਂ ਨੂੰ ਅਤੇ ਜਗਤ ਨੂੰ ਦੱਸਣਾ ਪਏਗਾ ਕਿ ਜਦ ਚੌਪਈ ਤੇ ਪਾਤਸ਼ਾਹੀ ੧੦ ਲਿਖਿਆ ਹੀ ਨਹੀਂ ਗਿਆ ਉਨ੍ਹਾਂ ਕਿਸ ਦੀ ਆਗਿਆ ਨਾਲ ਗੁਰੂ ਦੀ ਮੋਹਰ ਲਾਈ, ਕਿਸ ਦੀ ਆਗਿਆ ਨਾਲ ਬੰਦਾਂ ਦੀ ਗਿਣਤੀ ਬਦਲੀ ?

*ਜੋ ਕਲਿ ਕੋ ਇਕ ਬਾਰ ਧਿਐ ਹੈ ॥ ਤਾਕੇ ਕਾਲ ਨਿਕਟਿ ਨਹਿ ਐਹੈ ॥*
*ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇਂ ਤਤਕਾਲਾ ॥੩੯੮॥*

ਜਿਹੜਾ ਕਲਿ (ਕਾਲ-ਅਸਿਧੁਜ) ਨੂੰ ਇਕ ਬਾਰ ਧਿਆਏਗਾ ਉਸ ਦੇ ਨੇੜੇ ਕਾਲ (ਮੌਤ) ਨਹੀਂ ਆਏਗੀ । ਕਾਲਾ (ਮਹਾਂ ਕਾਲ) ਉਸ ਦੀ ਰੱਖਿਆ ਕਰੇਗਾ, ਮਹਾਂ ਕਾਲ ਦੀ ਅਰਾਧਨਾ ਕਰਨ ਨਾਲ ਦੁਸ਼ਟ ਅਤੇ ਦੁਸ਼ਮਣ ਤਤਕਾਲ ਪਰੇ ਹਟ ਜਾਣਗੇ।

ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਹੋ ਕੇ ਗੁਰੂ ਦੀ ਮਿਲੀ ਸਿੱਖਿਆ ਅਨੁਸਾਰ ਰੱਬ ਦਾ ਸਿਮਰਣ ਕਰਦਾ ਹੈ ਅਤੇ ਰੱਬ ਦੀ ਬੰਦਗੀ ਕਰਨ ਵਾਲਿਆਂ ਦੀ ਸੰਗਤਿ ਕਰਦਾ ਹੈ । ਕਿਸੇ ਕਾਲ, ਮਹਾਂ ਕਾਲ ਜਾਂ ਅਸਿਧੁਜ ਦੀ ਨਹੀਂ । ਸਿੱਖ ਦਾ ਵਿਸ਼ਵਾਸ ਹੈ ਕਿ ਜਿਹੜਾ ਰੱਬ ਦੀ ਪੂਜਾ ਕਰਦਾ ਹੈ ਓਹ ਰੱਬ ਵਰਗਾ ਹੋ ਜਾਂਦਾ ਹੈ ਓਹ ਮੌਤ ਤੋਂ ਨਹੀਂ ਡਰਦਾ ਸਗੋਂ ਮੌਤ ਨੂੰ ਡਰਾਉਂਦਾ ਹੈ । ਸਿੱਖ ਜਾਣਦਾ ਹੈ ਕਿ ਇਸ ਦੁਨੀਆਂ ਚ ਜੋ ਪੈਦਾ ਹੋਇਆ ਹੈ ਉਸ ਨੇ ਇਕ ਦਿਨ ਜਰੂਰ ਮਰਨਾ ਹੈ । ਸਿੱਖ ਕਿਸੇ ਦਾ ਬੁਰਾ ਨਹੀਂ ਲੋਚਦਾ ਓਹ ਇਹ ਨਹੀਂ ਕਹਿੰਦਾ ਮੇਰੇ ਦੁਸ਼ਮਣਾਂ ਨੂੰ ਮਾਰਦੇ, ਓਹ ਸਭ ਦਾ ਭਲਾ ਮੰਗਦਾ ਹੈ ਅਪਣੇ ਦੁਸ਼ਮਣਾਂ ਦਾ ਵੀ । ਸਿੱਖ ਦੁੱਖ ਸੁੱਖ ਨੂੰ ਕੱਪੜੇ ਸਮਾਨ ਸਮਝਦਾ ਹੈ । ਓਹ ਦੁਖ ਆਉਣ ਤੇ ਘਬਰਾਉਂਦਾ ਨਹੀਂ ਅਤੇ ਖੁਸ਼ ਹੋਣ ਤੇ ਕੱਛਾਂ ਨਹੀਂ ਵਜਾਉਂਦਾ। ਸਿੱਖ ਕਿਸੇ ਮੂਰਤੀ ਅੱਗੇ ਗਿੜ ਗਿੜਾਉਂਦਾ ਨਹੀਂ ਓਹ ਤਾਂ ਗਿਆਨ ਗੁਰੂ (ਗੁਰੂ ਗ੍ਰੰਥ ਸਾਹਿਬ ਜੀ) ਤੋਂ ਸੇਧ ਲੈ ਕੇ ਜੀਵਨ ਹੰਢਾਉਂਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਰੱਬ ਦੀ ਪੂਜਾ ਛੁੱਡਵਾ ਕੇ ਆਖਣਗੇ ਕਿ ਬਥੇਰੀ ਪੂਜਾ ਕਰ ਲਈ ਰੱਬ ਦੀ, ਹੁਣ ਕਾਲ ਨੂੰ ਪੂਜੋ ਓਹੀ ਤੁਹਾਡੇ ਦੁੱਖ ਸੁੱਖ ਚ ਸਹਾਈ ਹੋਏਗਾ ? ਕੀ ਗੁਰੂ ਕਹੇਗਾ ਕਿ ਕਾਲ ਤੁਹਾਡੀ ਰੱਖਿਆ ਕਰੇਗਾ ? ਸਮਾਂ ਕੱਢ ਕੇ ਸੋਚਣਾ ਤੇ ਸੋਚਦੇ ਰਹਿਣਾ।

*ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ਤਾਕੇ ਤਾਪ ਤਨਕ ਮੋ ਹਰਿਹੋ ॥*

(ਮਹਾਂ ਕਾਲ) ਜਿਸ ਤਨ ਤੇ ਅਪਣੀ ਕ੍ਰਿਪਾ ਦ੍ਰਿਸਟਿ ਕਰਦਾ ਹੈ ਓਹਦੇ ਤਾਪ (ਦੁੱਖ) ਤਿਨਕ ਮਾਤਰ ਸਮੇਂ ਚ ਦੂਰ ਕਰ ਦੇਂਦਾ ਹੈ ।

*ਰਿੱਧਿ ਸਿੱਧਿ ਘਰ ਮੋ ਸਭ ਹੋਈ ॥ ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੩੯੯॥*

ਓਹਦੇ ਘਰ ਸਭ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ-ਦੁਸਟ ਓਸ ਨੂੰ ਛੂਹ ਵੀ ਨਹੀਂ ਸਕਦੇ ।

ਦੇਖਿਆ ਕਵੀ ਦਾ ਦ੍ਰਿੜ ਨਿਸਚਾ, ਹੁਣ ਅਪਣੇ ਪੁਜਾਰੀਆਂ ਦਾ ਨਿਸਚਾ ਦੇਖੋ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੇ ਥੋਹੜਾ ਵੀ ਅਕੀਦਾ ਨਹੀਂ, ਇਹ ਵੱਖਰੀ ਗੱਲ ਹੈ ਕਿ ਖਾਣ ਹੰਢਾਣ ਅਤੇ ਸੌਣ ਲਈ ਗੁਰੂ ਨੂੰ ਵਰਤਦੇ ਹਨ ਪਰ ਸੋਹਲੇ ਦੋਨੋ ਸਮੇਂ ਮਹਾਂਕਾਲ ਦੇ ਗਾਉਂਦੇ ਹਨ । ਹੋਰ ਤਾਂ ਹੋਰ ਖੰਡੇ ਬਾਟੇ ਦੀ ਪਾਹੁਲ ਦੇਣ ਸਮੇਂ ਵੀ ਮਹਾਂ ਕਾਲ ਮੋਹਰਲੀ ਕੀਲੀ ਹੁੰਦੈ । ਜਦ ਪਾਹੁਲ ਦੇਣ ਵਾਲੇ ਹੀ ਚੰਗੀ ਸੋਚ ਤੋਂ ਧਿੜਕ ਜਾਣ ਤਾਂ ਪਹੁਲ ਦੀ ਤਾਕਤ ਕਿਵੇਂ ਸਥਿਰ ਰੱਖੀ ਜਾ ਸਕਦੀ ਹੈ ? ਇਹ ਨਹੀਂ ਮੰਨ ਲੈਣਾ ਬਈ ਮੈਂ ਪੰਜ ਪਿਆਰਿਆਂ ਦੀ ਨਿੰਦਿਆ ਕਰ ਰਿਹਾ ਹਾਂ । ਮੈਂ ਸਿੱਖ ਕੌਮ ਨੂੰ ਸੁਚੇਤ ਕਰ ਰਿਹਾ ਹਾਂ ਕਿ ਜਦ ਇਹ ਚੌਪਈ ਗੁਰਬਾਣੀ ਹੈ ਹੀ ਨਹੀਂ ਫਿਰ ਇਹ ਪਹੁਲ ਦੇਣ ਸਮੇਂ ਪੜ੍ਹੀ ਕਿਉਂ ਜਾਏ ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੋਰ ਵੀ ਅਨੇਕਾਂ ਬਾਣੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਖੰਡੇ ਬਾਟੇ ਦੀ ਪਹੁਲ ਤਿਆਰ ਕੀਤੀ ਜਾ ਸਕਦੀ ਹੈ ।

*ਏਕ ਬਾਰ ਜਿਨ ਤੁਮੈ ਸੰਭਾਰਾ ॥ ਕਾਲ ਫਾਸ ਤੇ ਤਾਹਿ ਉਬਾਰਾ ॥*

(ਹੇ ਮਹਾਂ ਕਾਲ) ਇਕ ਬਾਰ ਜਿਸ ਨੇ ਤੈਨੂੰ ਸੰਭਾਲ ਲਿਆ ਓਹ ਕਾਲ ਦੀ ਫਾਸ (ਮੌਤ) ਤੋਂ ਬਚ ਗਿਆ ।

*ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸਟ ਦੋਖ ਤੇ ਰਹਾ ॥੪੦੦॥*

(ਹੇ ਮਹਾਂ ਕਾਲ) ਜਿਸ ਨਰ ਨੇ (ਔਰਤ ਦਾ ਜਿਕਰ ਨਹੀਂ) ਤੇਰਾ ਨਾਮ ਕਿਹਾ (ਜਪਿਆ) ਓਹਦੇ ਦਰਿਦ੍ਰ ਸਭ ਦੁਸ਼ਟ ਅਤੇ ਦੋਖਾਂ ਤੋਂ ਛੁਟਕਾਰਾ ਹੋ ਗਿਆ ।

ਸਿੱਖ ਦਾ ਵਿਸ਼ਵਾਸ ਹੈ ਕਿ ਦੁਨੀਆਂ ਚ ਕੇਵਲ ਇਕੋ ਤਾਕਤ ਹੈ ਜੋ ਮੌਤ ਦਾ ਡਰ ਦੂਰ ਕਰਦੀ ਹੈ ਦਰਿਦ੍ਰਤਾ (ਆਲਸ) ਤੇ ਦੁੱਖਾਂ ਦਾ ਨਾਸ ਕਰਦੀ ਹੈ ਓਹ ਹੈ ਰੱਬ ਗੁਰੂ ਦੇ ਸਿੱਖ ਦਾ ਵਿਸ਼ਵਾਸ ਹੈ ਕਿ ਰੱਬ ਦਾ ਨਾਂ ਲਿਆਂ ਤਾਜਗੀ ਆਉਂਦੀ ਹੈ। ਰੱਬ ਦਾ ਨਾਂ ਲੈਣ ਲਈ ਤੜਕੇ ਉਠਣਾ ਪਏਗਾ, ਨ੍ਹਾਣਾ ਪਏਗਾ, ਫਿਰ ਬੰਦਗੀ ਚ ਜੁੜੇਗਾ ਇਸ ਤਰ੍ਹਾਂ ਸਰੀਰਕ ਅਤੇ ਘਰ ਦੀ ਦਰਿਦ੍ਰਤਾ ਦੂਰ ਹੋ ਜਾਏਗੀ । ਪੁਛੋਗੇ ਕਿ ਘਰ ਦੀ ਦਰਿਦ੍ਰਤਾ ਕਿਵੇਂ ਦੂਰ ਹੋਈ ? ਸਵੇਰੇ ਉੱਠੇ ਨਾ, ਫਿਰ ਨ੍ਹਾਤੇ ਧੋਤੇ, ਪਾਠ ਪੂਜਾ ਕੀਤੀ ਤੇ ਘਰ ਦੀ ਸਾਫ ਸਫਾਈ ਵੱਲ ਵੀ ਧਿਆਨ ਜਾਂਦੈ ਹੈ ਨਾ, ਬਸ ਇਸੇ ਤਰ੍ਹਾਂ ਦਰਿਦ੍ਰਤਾ ਕੱਟੀ ਜਾਂਦੀ ਹੈ। ਘਰ ਦੇ ਅਤੇ ਸਰੀਰ ਦੇ ਕੀਟਾਣੂ ਮਰ ਜਾਂਦੇ ਹਨ ਸਫਾਈ ਨਾਲ ਦੁੱਖ ਚਿੰਬੜਦੇ ਹੀ ਨਹੀਂ। ਹੁਣ ਮਹਾਂ ਕਾਲ ਨੂੰ ਲੈ ਲਓ ਓਹਦੇ ਪੁਜਾਰੀ ਭਾਂਗ, ਅਫੀਮ, ਪੋਸਤ, ਦਾਰੂ ਤੇ ਹੋਰ ਅਨੇਕਾਂ ਤਰ੍ਹਾਂ ਦੇ ਨਸ਼ੇ ਕਰਦੇ ਹਨ, ਕਦੇ ਉਨ੍ਹਾਂ ਦੇ ਘਰ ਝਾਤੀ ਮਾਰੋ, ਕੱਪੜੇ ਦੇਖੋ ਦੇਖਦੇ ਹੀ ਆਖੋਗੇ ਬੜਾ ਦਰਿਦ੍ਰੀ ਹੈ । ਓਦਾਂ ਹੀ ਆਖੀ ਜਾਣਾ ਮੇਰਾ ਬਾਬਾ ਦਰਿਦ੍ਰਤਾ ਕੱਟੂ, ਦੁੱਖ ਕੱਟੂ, ਬਸ ਤੂੰ ਓਹਦਾ ਪੱਲਾ ਫੜ ਲੈ । ਬਾਬੇ ਨਾਨਕ ਵਰਗਾ ਕਿਸ ਨੇ ਹੋ ਜਾਣਾ ਹੈ ? ਕਦੇ ਨਹੀਂ ਕਿਹਾ ਮੈਨੂੰ ਪੂਜੋ ਸਗੋਂ ਕਹਿੰਦੈ ਬਈ ਮੈਂ ਤੁਹਾਨੂੰ ਰਾਹ ਪਾ ਦਿੱਤਾ ਹੁਣ ਬੀਬਾ ਤੇਰੀ ਮਰਜੀ ਤੁਰਨਾ ਤੁਰ ਨਹੀਂ ਤਾਂ ਡੰਡੀ ਲੱਗ। ਪਰ ਬਾਬੇ ਨੂੰ ਲੁਕੋ ਦਿੱਤਾ ਕੰਬਖਤ ਪੁਜਾਰੀਆਂ ਨੇ ਰੰਗ ਬਰੰਗੇ ਕੱਪੜਿਆਂ ਨਾਲ। ਅੱਜ ਤਾਈਂ ਪੁਜਾਰੀਆਂ ਨੂੰ ਭੁਲੇਖਾ ਹੈ ਕਿ ਬਾਬਾ ਨਾਨਕ ਔਰਤ ਹੈ ਜਾਂ ਮਰਦ । ਜਿਹੜੇ ਬਸਤ੍ਰ ਗੁਰਦੁਆਰੇ ਗੁਰੂ ਮਹਾਰਾਜ ਲਈ ਦਿੱਤੇ (ਚੜ੍ਹਾਏ) ਜਾਂਦੇ ਹਨ ਓਹ ਸਭ ਤੀਵੀਆਂ ਲਈ ਬਣੇ ਹੁੰਦੇ ਹਨ। ਕਦੇ ਪੁਜਾਰੀ ਨੂੰ ਕਹੋ ਕਿ ਐਹ ਕੱਪੜੇ ਦਾ ਝੱਗਾ (ਕਮੀਜ਼) ਅਪਣੇ ਲਈ ਸਵਾ ਲੈ ਤਾਂ ਸ੍ਰੀ ਸਾਹਿਬ (ਭਾਵੇਂ ਖੁੰਢੀ ਹੀ ਹੋਏ) ਕੱਢ ਕੇ ਮਾਰਨ ਦੋੜੂ ਕਿ ਤੂੰ ਮੈਨੂੰ ਔਰਤ ਸਮਝ ਲਿਆ ਹੈ । ਪੁਜਾਰੀ ਦਾ ਝੱਗਾ ਚਿੱਟਾ ਚਾਹੀਦਾ ਹੈ ਪਰ ਬਾਬੇ ਲਈ ਬੜੇ ਬੜੇ ਫੁੱਲਾਂ ਵਾਲਾ ।

*ਖੜਗ ਕੇਤ ਮੈ ਸ਼ਰਨਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥*

ਖੜਗਕੇਤ (ਹੇ ਮਹਾਂ ਕਾਲ) ਮੈਂ ਤੇਰੀ ਸ਼ਰਨ ਆਇਆ ਹਾਂ । ਮੈਨੂੰ ਅਪਣਾ ਹੱਥ ਦੇ ਕੇ ਬਚਾ ਲੈ ।

*ਸਰਬ ਠੌਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੪੦੧॥*

ਸਭ ਥਾਈਂ ਮੇਰਾ ਸਹਾਈ ਹੋਣਾ । ਦੁਸਟਾਂ ਅਤੇ ਦੁੱਖਾਂ ਤੋਂ ਮੈਨੂੰ ਬਚਾਣਾ ।

ਪੈਦਾ ਹੋਣ ਤੋਂ ਲੈ ਕੇ ਅੱਜ ਤਾਈਂ ਸਿੱਖ ਕੌਮ ਨੇ ਦੁੱਖ ਹੀ ਦੁੱਖ ਝੱਲੇ ਹਨ ਘਰ ਘਾਟ ਛੱਡੇ, ਸਿਰਾਂ ਦੇ ਮੁੱਲ ਪਏ, ਸਵਾ ਸਵਾ ਮਣ ਦੇ ਪੀਹਣੇ ਪੀਹੇ, ਬੁਰਕੀ ਬੁਰਕੀ ਰੋਟੀ ਤੇ ਗੁਜਾਰੇ ਕੀਤੇ, ਚੱਕੀਆਂ ਪੀਹੀਆਂ ਮਤਲਬ ਹਰ ਪਲ ਦੁੱਖ ਹੀ ਦੁੱਖ ਦੇਖਿਆ ਤੇ ਹਰ ਪਲ ਦੁਸ਼ਟਾਂ (ਵੈਰੀਆਂ) ਨਾਲ ਹੀ ਵਾਹ ਪਿਆ ਕਿਸੇ ਸਿੱਖ ਨੇ ਐਦਾਂ ਦੀ ਬੋਦੀ ਅਰਦਾਸ ਨਹੀਂ ਕੀਤੀ ਬਈ ਰੱਬਾ ਜ਼ਕਰੀਆ ਖਾਨ ਨੂੰ ਮਾਰ ਦੇ, ਮੱਸੇ ਰੰਘੜ ਦੀ ਲੱਤ ਭੰਨ ਦੇ ਜਾਂ ਮੀਰ ਮੰਨੂੰ ਦਾ ਕਚੂਮਰ ਕੱਢ ਦੇਹ ਸਗੋਂ ਸਿੱਖਾਂ ਆਖਿਆ:- **ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ। ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣੇ ਚੌਣੇ ਹੋਏ।** ਸਿੱਖ ਅਪਣੇ ਗੁਰੂ ਨੂੰ ਛੱਡ ਕੇ ਭਲਾਂ ਮਹਾਂ ਕਾਲ ਦੇ ਮਗਰ ਕਿਉਂ ਦੋੜੂ ? ਜਾਂ ਰੱਬ ਦੀ ਪੂਜਾ ਛੱਡ ਕੇ ਮਹਾਂ ਕਾਲ ਨੂੰ ਕਿਉਂ ਧਿਆਊ ? ਜੇਕਰ ਕੋਈ ਸੁੱਖ ਦੁੱਖ ਹੈ ਵੀ ਤਾਂ ਰੱਬ ਤੋਂ ਵੱਡਾ ਕੌਣ ਹੈ ਓਸੇ ਤੋਂ ਹੀ ਮੰਗੇਗਾ । ਜੇ ਗਿਆਨ ਦੇ ਸੋਧ ਦੀ ਲੋੜ ਹੋਵੇ ਤਾਂ ਬਾਬਾ ਨਾਨਕ ਹੈ, ਓਹ ਆਪੇ ਗਿਆਨ ਦੀ ਬਰਖਾ ਕਰੂ ਗੁਰੂ ਗ੍ਰੰਥ ਸਾਹਿਬ ਦੇ ਰਾਹੀਂ, ਜੇ ਝੂਠ ਹੈ ਤਾਂ ਬਾਈ ਬਾਣੀ ਪੜ੍ਹ ਕੇ ਦੇਖ ਲਓ ।

*ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥*

ਮੇਰੇ ਤੇ ਜਗਮਾਤਾ (ਭਵਾਨੀ) ਨੇ ਕ੍ਰਿਪਾ ਕੀਤੀ । ਮੈਂ ਇਹ ਗ੍ਰੰਥ ਨੂੰ ਸੰਪੂਰਣ ਕੀਤਾ ਹੈ ।

*ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸ਼ਟ ਦੋਖਿਯਨ ਕੋ ਛੈ ਕਰਤਾ ॥੪੦੨॥*

ਇਹ (ਗ੍ਰੰਥ) ਸਰੀਰ ਦੇ ਸਾਰੇ ਦੁੱਖਾਂ ਨੂੰ ਦੂਰ ਕਰਦਾ ਹੈ । ਦੁਸ਼ਟਾਂ ਅਤੇ ਦੋਖੀਆਂ ਨੂੰ ਮਾਰਨ ਦੀ ਤਾਕਤ ਰੱਖਦਾ ਹੈ ।

ਸਿੱਖ ਭਵਾਨੀ (ਜਗਮਾਤਾ) ਦੀ ਪੂਜਾ ਨਹੀਂ ਕਰਦਾ । ਓਹ ਤਾਂ ਸਗੋਂ ਭਵਾਨੀ ਨੂੰ ਆਖਦਾ ਹੈ ਕਿ ਤੈਨੂੰ ਲੋਕੀਂ ਜਗਤ ਜਣਨੀ ਕਹਿੰਦੇ ਹਨ ਪਰ ਸੱਚ ਜਦ ਮੁਕਤੀ ਦੇਣ ਦੀ ਬਾਰੀ ਆਉਂਦੀ ਹੈ ਉਦੋਂ ਕਿੱਥੇ ਲੁਕ ਜਾਂਦੀ ਹੈਂ ? (ਰਾਗ ਗੌਂਡ ਭਗਤ ਨਾਮ ਦੇਵ ਜੀ ਗੁਰੂ ਗ੍ਰੰਥ ਸਾਹਿਬ ਜੀ ਚੋਂ) ਸਿੱਖ ਰੱਬ ਦਾ ਅਤੇ ਗੁਰੂ ਦਾ ਸ਼ੁਕਰਾਨਾ ਕਰਦਾ ਹੈ ਦੇਵੀ ਦੇਵਤਿਆਂ

ਦਾ ਨਹੀਂ । ਜੇਕਰ ਸਿੱਖ ਕੋਈ ਮੱਲ ਮਾਰਦੈ ਤਾਂ ਵੀ ਇਹੋ ਕਹਿੰਦੈ ਰੱਬਾ ਤੇਰਾ ਸ਼ੁਕਰ ਹੈ । ਮੈਂ ਇਸ ਜੋਗਾ ਨਹੀਂ ਸੀ ਫਿਰ ਵੀ ਤੇਰੀ ਮੇਹਿਰ ਹੋਈ ਹੈ ਇਸ ਨਿਮਾਣੇ ਨੂੰ ਮਾਣ ਬਖਸ਼ਿਆ ਹੈ । ਗੁਰੂ ਦਾ ਵੀ ਐਦਾਂ ਹੀ ਧੰਨਵਾਦ ਕਰਦਾ ਹੈ ਬਈ ਮੈਂ ਤਾਂ ਮਹਾਂ ਮੂਰਖ ਸੀ ਤੇਰਾ ਗਿਆਨ ਲਿਆ ਓਹਦੇ ਤੇ ਚੱਲਿਆ ਤਾਂ ਕਿਤੇ ਮੈਂ ਆਹ ਮੱਲ ਮਾਰੀ ਹੈ । ਮੇਰੇ ਗੁਰੂ ਤੇਰਾ ਕੋਟਾਨ ਕੋਟ ਬਾਰ ਸ਼ੁਕਰ ਹੈ । ਸਿੱਖ ਜਾਣਦਾ ਹੈ ਕਿ ਸਰੀਰਕ ਦੁੱਖ ਅਤੇ ਹੋਰ ਡਰ ਰੱਬ ਤੋਂ ਬਿਨਾਂ ਕੋਈ ਹੋਰ ਦੂਰ ਨਹੀਂ ਕਰ ਸਕਦਾ ।

*ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥*

ਜਦ ਸ੍ਰੀ ਅਸਿਧੁਜ (ਮਹਾਂ ਕਾਲ) ਦਿਆਲੂ ਹੋਏ ਉਦੋਂ ਹੀ ਮੈਂ ਇਹ ਗ੍ਰੰਥ ਸੰਪੂਰਣ ਕੀਤਾ ।

*ਮਨ ਬਾਂਛਤ ਫਲ ਪਾਵੈ ਸੋਈ ॥ ਦੂਖ ਨ ਤਿਸੈ ਬਿਆਪਤ ਕੋਈ ॥੪੦੩॥*

ਓਸ ਦੀ ਕ੍ਰਿਪਾ ਨਾਲ ਓਹ (ਮਹਾਂ ਕਾਲ ਦੀ ਪੁਜਾ ਕਰਨ ਵਾਲਾ) ਮਨ ਭਾਉਂਦਾ ਫਲ ਪ੍ਰਾਪਤ ਕਰਦਾ ਹੈ। ਉਸ ਨੂੰ ਕੋਈ ਦੁੱਖ ਨਹੀਂ ਸਤਾਉਂਦਾ ।

ਦੇਖਿਆ ਕਵੀ ਨੇ ਸੱਚ ਬੋਲ ਦਿੱਤਾ ਅੱਗੇ ਹੋਰ ਵੀ ਸੱਚ ਬੋਲੂ ਪਰ ਸਾਡੇ ਪੁਜਾਰੀ ਮਹਾਂ ਝੂਠੇ ਕਹਿੰਦੇ ਸਿੱਖੋ ਇਹ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ। ਤੁਸੀਂ ਸਾਡੇ ਤੋਂ ਇਸ ਦੇ ਅਖੰਡ ਪਾਠ ਪੂਰਣ ਸ਼ੁੱਧਤਾ ਤੇ ਵਿਧੀ ਨਾਲ ਕਰਾਓ। ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਸੀਂ 1500 ਤੋਂ 3000 ਤੱਕ ਚ ਕਰ ਦੇਂਦੇ ਹਾਂ ਪਰ ਇਹ ਦਸਮ ਗ੍ਰੰਥ ਦੀ ਬਾਣੀ ਹੈ ਇਸ ਦਾ ਰੱਤੀ ਮੁੱਲ ਵੱਧ ਦੇਣਾ ਪਊ। ਘੱਟੋ ਘੱਟ 10,000 ਤੇ ਓਦਾਂ ਤਾਂ ਬੰਦੇ ਦੀ ਸ਼ਰਧਾ ਹੈ ਕਈ ਲੱਖ ਲੱਖ ਵੀ ਦੇ ਦੇਂਦੇ ਹਨ, ਬੜਾ ਔਖਾ ਕਾਰਜ ਹੈ ਹਰ ਰੋਲ ਤੋਂ ਬਾਦ ਕਛਿਹੈਰਾ ਬਦਲਣਾ ਪੈਂਦਾ ਹੈ ਬੜੀ ਸੁੱਧਤਾ ਰੱਖਣੀ ਪੈਂਦੀ ਹੈ ।

ਹਾਂ ਕਵੀ ਕਹਿੰਦਾ ਬਈ ਇਹ ਉਸੇ ਮਹਾਂ ਕਾਲ ਦੀ ਕ੍ਰਿਪਾ ਹੈ (ਜਿਸ ਦੇ ਪ੍ਰਸੰਗ ਦਾ ਮੈਂ ਵਰਨਣ ਕੀਤਾ ਹੈ) ਓਹ ਦਿਯਾਲੂ ਹੋਇਆ ਤਾਂ ਹੀ ਮੈਂ ਇਹ ਸੁਰੂ ਕਰਕੇ ਗ੍ਰੰਥ ਸੰਪੂਰਣ ਕੀਤਾ। ਕੀ ਗੁਰੂ ਗੋਬਿੰਦ ਸਿੰਘ ਜੀ ਮਹਾਂ ਕਾਲ ਦੇ ਅੱਗੇ ਗਿੜ ਗਿੜਾਉਣਗੇ ? ਕੀ ਉਸ ਦੀ ਪੂਜਾ ਕਰਨਗੇ ? ਕੀ ਓਹਦਾ ਧੰਨਵਾਦ ਕਰਨਗੇ ? ਕਦੇ ਵੀ ਨਹੀਂ । ਇਹ ਤਾਂ ਕੁੱਤੀ ਚੋਰਾਂ ਨਾਲ ਰਲੀ ਹੋਣ ਕਾਰਣ ਗੁਰੂ ਦਾ ਅਪਮਾਨ ਗਿਣੇ ਮਿੱਥੇ ਢੰਗ ਅਤੇ ਸਾਜਿਸ ਨਾਲ ਕੀਤਾ ਜਾ ਰਿਹਾ ਹੈ ਕਿ ਦੇਖੋ ਤੁਹਾਡਾ ਦਸਵਾਂ ਗੁਰੂ ਰੱਬ ਨੂੰ ਛੱਡ ਕੇ ਮਹਾਂ ਕਾਲ ਦੇ ਚਰਨੀ ਲੱਗਾ ਹੈ । ਓਹ ਇਹ ਦੱਸਣਾ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇ ਮੱਤ ਤੋਂ ਵੱਖਰਾ ਮੱਤ ਚਲਾਇਆ । ਓਹ ਇਹ ਦੱਸਣਾ ਚਾਹੁੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇਵੀ ਦੇਵਤਿਆਂ ਦੇ ਪੁਜਾਰੀ ਸਨ ।

ਕਵੀ ਅਪਣੇ ਰੱਬ (ਮਹਾਂ ਕਾਲ) ਦੀ ਗੱਜ ਵੱਜ ਕੇ ਵਡਿਆਈ ਕਰਦਾ ਹੈ । ਓਹ ਕਹਿੰਦਾ ਹੈ ਕਿ ਜੇਕਰ ਕੋਈ ਮਹਾਂ ਕਾਲ ਦੀ ਪੂਜਾ ਕਰੇਗਾ ਉਹ ਮਨ ਭਾਉਂਦਾ ਫਲ ਪ੍ਰਾਪਤ ਕਰੇਗਾ ਤੇ ਕੋਈ ਦੁੱਖ ਤਕਲੀਫ ਉਸ ਦੇ ਨੇੜੇ ਨਹੀਂ ਢੁੱਕੇਗੀ। ਦੂਜੇ ਪਾਸੇ ਅਸੀਂ ਹਾਂ ਕਿ ਗੁਰੂ ਨਾਨਕ ਦੇ ਮੱਤ ਤੇ ਪਰਦੇ ਪਾ ਕੇ ਮਹਾਂ ਕਾਲ ਦੇ ਮਗਰ ਨੱਠੇ ਹੋਏ ਹਾਂ। ਜਿਸ ਦਾ ਵਿਰੋਧ ਬਾਬੇ ਨਾਨਕ ਕੀਤਾ ਉਸੇ ਦੀ ਵਡਿਆਈ ਗੱਲ ਚ ਪੱਲੇ ਪਾ ਕੇ ਢੋਲਕੀ ਛੇਣਿਆਂ ਨਾਲ ਅਸੀਂ ਗੁਰੂ ਹਜੂਰੀ ਕਰੀਂ ਜਾ ਰਹੇ ਹਾਂ। ਨਾ ਸਾਨੂੰ ਗੁਰੂ ਦਾ ਭੈ ਤੇ ਨਾ ਸਤਿਕਾਰ, ਗੁਰੂ ਹਜੂਰੀ ਗੁਰੂ ਦਾ ਹੀ ਅਪਮਾਨ ਇਸ ਤੋਂ ਘੋਰ ਪਾਪ ਸਿੱਖ ਹੋਰ ਕੀ ਕਰ ਸਕਦੇ ਹਨ।

*ਅੜਿੱਲ ॥ ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥*

ਜੇਕਰ ਗੂੰਗਾ ਇਸ ਚੌਪਈ ਨੂੰ ਸੁਣ ਲਏ ਤਾਂ ਓਹ ਬੋਲਣ ਲੱਗ ਪੈਂਦਾ ਹੈ ।

*ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥*

ਜੇਕਰ ਕੋਈ ਮੂਰਖ ਚਿੱਤ ਲਾ ਕੇ ਇਸ ਚੌਪਈ ਨੂੰ ਸੁਣ ਲਏ ਤਾਂ ਉਸ ਚ ਵੀ ਚਤੁਰਾਈ ਆ ਜਾਂਦੀ ਹੈ ।

*ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥ ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੪੦੪॥*

ਜਿਹੜਾ ਇਕ ਬਾਰ ਇਸ ਚੌਪਈ ਨੂੰ ਪੜ੍ਹੇਗਾ ਉਸ ਦੇ ਸਾਰੇ ਦੁੱਖ ਦਰਦ ਡਰ ਸਰੀਰ ਚੋਂ ਖਤਮ ਹੋ ਜਾਏਗਾ।

ਮੈਂ ਇਹ ਬਹੁਤੀ ਥਾਈਂ ਲਿਖ ਚੁੱਕਾ ਹਾਂ ਅਤੇ ਬੇਅੰਤ ਸਟੇਜਾਂ ਤੇ ਪਿਛਲੇ 45 ਸਾਲਾਂ ਤੋਂ ਦੁਹਾਈ ਦੇ ਰਿਹਾ ਹਾਂ ਕਿ ਸਿੱਖ ਪੁਜਾਰੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੇ ਅਤੇ ਗੁਰੂ ਸਹਿਬਾਂ ਤੇ ਥੋਹੜਾ ਵੀ ਯਕੀਨ (ਵਿਸ਼ਵਾਸ) ਨਹੀਂ । ਜੇਕਰ ਉਨ੍ਹਾਂ ਨੂੰ ਯਕੀਨ ਹੁੰਦਾ ਤਾਂ ਓਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਦੇ ਅਤੇ ਵਿਚਾਰਦੇ । ਹੁਣ ਸਵੇਰੇ ਸ਼ਾਮੀ ਢੋਲਕੀ ਬਾਜੇ ਨਾਲ ਇਸ ਚੌਪਈ ਦਾ ਰਾਗ ਅਲਾਪਦੇ ਹਨ । ਸ਼ਾਇਦ ਇਸ ਅੜਿੱਲ ਦੀ ਕ੍ਰਿਪਾ ਨਾਲ । ਕਵੀ ਸੂਮ ਨੇ ਆਖ ਦਿੱਤਾ ਕਿ ਕੋਈ ਧਰਮ ਕਮਾਉਣ ਦੀ ਲੋੜ ਨਹੀਂ ਬਸ ਮੇਰੀ ਚੌਪਈ ਪੜ੍ਹੋ ਤੇ ਬੇੜਾ ਪਾਰ ਕਰੋ। ਇਸ ਤੋਂ ਸੌਖਾ ਰਾਹ ਭਲਾਂ ਪੁਜਾਰੀ ਹੋਰ ਕੀ ਲੱਭਣਗੇ । ਉਨ੍ਹਾਂ ਗੁਰੂ ਦੇ ਸਿੱਖਾਂ ਨੂੰ ਵੀ ਗੁਰਬਾਣੀ ਤੋਂ ਤੋੜ ਕੇ ਸੂਮ ਦੇ ਲੜ ਲਾ ਦਿੱਤਾ, ਕਹਿੰਦੇ ਇਹ ਹੀ ਪੜ੍ਹੀਂ ਜਾਓ, ਬਾਣੀ ਬੂਣੀ ਪੜ੍ਹਨ ਦੀ ਲੋੜ ਨਹੀਂ । ਓਹ ਜਾਣਦੇ ਹਨ ਕਿ ਜੇ ਬੰਦੇ ਨੇ ਬਾਣੀ ਪੜ੍ਹ ਲਈ ਅਤੇ ਸਮਝ ਲਈ ਫਿਰ

ਤਾਂ ਓਹ ਸਿੱਖ ਬਣਿਆ ਹੀ ਬਣਿਆ। ਜੇ ਓਹ ਸਿੱਖ ਬਣ ਗਿਆ ਤਾਂ ਸਾਡਾ ਤੋਰੀ ਫੁਲਕਾ ਬੰਦ ਹੋ ਜਾਊ। ਅਸੀਂ ਸਿੱਖ ਬਣਨ ਹੀ ਨਹੀਂ ਦੇਣਾ ਤੇ ਐਦਾਂ ਹੀ ਉਲਝਾਈ ਰੱਖਣਾ ਹੈ। ਕਦੇ ਅਰਦਾਸ ਕਰਦੇ ਪੁਜਾਰੀ ਦੀ ਸੁਰਤ ਦੇਖਣਾ ਕਿੱਥੇ ਭਟਕ ਰਹੀ ਹੁੰਦੀ ਹੈ। ਕਈ ਤਾਂ ਲੱਤਾਂ ਚੁੱਕ ਚੁੱਕ ਖ਼ੁਰਕ ਹੀ ਕਰੀਂ ਜਾਂਦੇ ਹਨ ਤੇ ਕੋਈ ਕੋਈ ਅਰਦਾਸ ਕਰਦਾ ਵਿੱਚੇ ਬੋਲ ਪਏਗਾ। ਕਿਸ ਦੇ ਨਾਂ ਦੀ ਅਰਦਾਸ ਹੈ ਤੇ ਕਿੰਨੇ ਦੀ ? ਕਈ ਤਾਂ ਵਿਚਾਰੇ ਖੁਸ਼ੀ ਦੀ ਥਾਂ ਗਮੀ ਦੀ ਤੇ ਗਮੀ ਦੀ ਥਾਂ ਖੁਸ਼ੀ ਦੀ ਅਰਦਾਸ ਕਰ ਜਾਂਦੇ ਹਨ। ਘਰ ਵਾਲੇ ਵਿਚਾਰੇ ਦੰਦਾਂ ਥੱਲੇ ਜੀਭ ਦੇ ਕੇ ਚੁੱਪ ਵੱਟ ਲੈਂਦੇ ਹਨ।

*ਚੌਪਈ ॥ ਸੰਬਤ ਸੱਤ੍ਰਹ ਸਹਸ ਭਣਿਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥*

ਸੰਮਤ ਸਤਾਰਾਂ ਸੌ ਅਤੇ ਪੰਜਾਹ ਵਿੱਚ ਤਿੰਨ ਹੋਰ ਜੋੜੋ ਮਤਲਬ ਸਾਤਰਾਂ ਸੌ ਤਿਰਵੰਜਾ (੧੭੫੩) ।

*ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥*

ਭਾਦੋਂ ਮਹੀਨੇ ਦੇ ਚਾਨਣ ਪੱਖ ਦੀ ਅੱਠਿਓਂ ਦਿਨ ਰਵਿਵਾਰ ਨੂੰ ਸਤਿਲੁਜ ਦੇ ਕੰਢੇ ਬੈਠ ਕੇ ਮੈਂ ਇਹ ਗ੍ਰੰਥ ਸੰਪੂਰਣ ਕੀਤਾ।

ਆਪ ਜੀ ਹੇਠ ਲਿਖੇ ਸਵਾਲਾਂ ਦੇ ਜੁਵਾਬ ਦੇਣ ਲਈ ਬੇਨਤੀ ਹੈ ਜੀ।

੧. ਸੰਮਤ 1753 ਨੂੰ ਈਸਵੀ ਸੰਨ ਕਿਹੜਾ ਸੀ ?
੨. ਸੰਮਤ 1753 ਭਾਦੋਂ ਦੇ ਮਹੀਨੇ ਗੁਰੂ ਗੋਬਿੰਦ ਸਿੰਘ ਜੀ ਕਿਸ ਇਲਾਕੇ ਚ ਸਨ ?
੩. ਅਨੰਦਗੜ੍ਹ ਦਾ ਕਿਲ੍ਹਾ ਗੁਰੂ ਜੀ ਨੇ ਕਿਸ ਸੰਮਤ ਅਤੇ ਕਿਹੜੇ ਮਹੀਨੇ ਛੱਡਿਆ ?
੪. ਗੁਰੂ ਕੀ ਕਾਂਸੀ (ਸਾਬੋ ਕੀ ਤਲਵੰਡੀ) ਗੁਰੂ ਜੀ ਕਿਸ ਸੰਮਤ ਚ ਗਏ ਅਤੇ ਕਿੰਨਾ ਸਮਾਂ ਉੱਥੇ ਰਹੇ ?
੫. ਗੁਰੂ ਕੀ ਕਾਂਸੀ ਤੋਂ ਚੱਲ ਕੇ ਕਿੰਨੇ ਸਮੇਂ ਚ ਗੁਰੂ ਜੀ ਨੰਦੇੜ ਪਹੁੰਚੇ ? ਕਿੰਨਾ ਸਮਾਂ ਉੱਥੇ ਰਹੇ ?
੬. ਮਾਧੋ ਦਾਸ ਬੈਰਾਗੀ ਨੂੰ ਗੁਰੂ ਜੀ ਕਿਸ ਸੰਮਤ ਚ ਅਤੇ ਕਿਹੜੇ ਮਹੀਨੇ ਮਿਲੇ ?
੭. ਗੁਰੂ ਗੋਬਿੰਦ ਸਿੰਘ ਜੀ ਕਿਸ ਸੰਮਤ ਅਤੇ ਕਿਹੜੇ ਮਹੀਨੇ ਜੋਤੀ ਜੋਤਿ ਸਮਾਇ ?

ਸਹੀ ਉੱਤਰ ਦੇਣ ਵਾਲੇ ਪਾਠਕਾਂ ਦੇ ਨਾਂ ਦਸਮ ਗ੍ਰੰਥ ਭਾਗ ਦੂਜਾ ਚ ਛਾਪੇ ਜਾਣਗੇ । ਅਪਣਾ ਨਾਂ ਅਤੇ ਪੂਰਾ ਪਤਾ, ਕਿਸ ਸੰਸਥਾ ਨਾਲ ਜੁੜੇ ਹੋ ਜਰੂਰ ਲਿਖਣਾ । ਈਮਾਨਦਾਰ ਪੁਜਾਰੀ ਵੀ ਉੱਤਰ ਭੇਜ ਸਕਦੇ ਹਨ । ਇਹ ਦਸਮ ਗ੍ਰੰਥ ਨਾਮੀ (ਕਾਮ ਸ਼ਾਸਤ੍ਰ) ਪੁਸਤਕ ਆਪ ਜੀ ਨੇ ਪੜ੍ਹੀ, ਆਪ ਜੀ ਦਾ ਕੋਟਾਨ ਕੋਟ ਧੰਨਵਾਦ ਅਪਣੇ ਬਹੁਮੁੱਲੇ ਵਿਚਾਰ ਲਿਖਣੇ ਨਾ ਭੁੱਲਣਾ ਜੀ ।

ਦਾਸਨ ਦਾਸ

ਜਸਬਿੰਦਰ ਸਿੰਘ ਖਾਲਸਾ
ਮੁਖ ਸੇਵਾਦਾਰ ਭਾਈ ਲਾਲੋ ਫਾਉਡੇਸ਼ਨ
15 June 2004

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੧ | ੪੮ | ੪੮ | ੪੮ | ੦ | ੦ | ੦ |
| ੨ | ੩੦ | ੭੮ | ੭੮ | ੦ | ੦ | ੦ |
| ੩ | ੧੩ | ੯੧ | ੯੧ | ੦ | ੦ | ੦ |
| ੪ | ੧੦ | ੧੦੧ | ੧੦੧ | ੦ | ੦ | ੦ |
| ੫ | ੧੯ | ੧੨੦ | ੧੨੦ | ੦ | ੦ | ੦ |
| ੬ | ੧੩ | ੧੩੩ | ੧੩੩ | ੦ | ੦ | ੦ |
| ੭ | ੧੨ | ੧੪੫ | ੧੪੫ | ੦ | ੦ | ੦ |
| ੮ | ੧੦ | ੧੫੫ | ੧੫੫ | ੦ | ੦ | ੦ |
| ੯ | ੧੬ | ੧੭੧ | ੧੭੧ | ੦ | ੦ | ੦ |
| ੧੦ | ੧੩ | ੧੮੪ | ੧੮੪ | ੦ | ੦ | ੦ |
| ੧੧ | ੨੦ | ੨੦੪ | ੨੦੩ | ੧ | ੧ | ੦ |
| ੧੨ | ੩੦ | ੨੩੪ | ੨੩੩ | ੧ | ੧ | ੦ |
| ੧੩ | ੧੦ | ੨੪੪ | ੨੪੩ | ੧ | ੧ | ੦ |
| ੧੪ | ੯ | ੨੫੩ | ੨੫੨ | ੧ | ੧ | ੦ |
| ੧੫ | ੧੨ | ੨੬੫ | ੨੬੪ | ੧ | ੧ | ੦ |
| ੧੬ | ੫੦ | ੩੧੫ | ੩੧੪ | ੧ | ੧ | ੦ |
| ੧੭ | ੨੭ | ੩੪੨ | ੩੪੧ | ੧ | ੧ | ੦ |
| ੧੮ | ੧੦ | ੩੫੨ | ੩੫੧ | ੧ | ੧ | ੦ |
| ੧੯ | ੧੩ | ੩੬੫ | ੩੬੪ | ੧ | ੧ | ੦ |
| ੨੦ | ੧੪ | ੩੭੯ | ੩੭੮ | ੧ | ੧ | ੦ |
| ੨੧ | ੬੦ | ੪੩੯ | ੪੩੮ | ੧ | ੧ | ੦ |
| ੨੨ | ੯ | ੪੪੮ | ੪੪੭ | ੧ | ੧ | ੦ |
| ੨੩ | ੧੨ | ੪੬੦ | ੪੫੮ | ੨ | ੨ | ੦ |
| ੨੪ | ੪੯ | ੫੦੯ | ੫੦੮ | ੧ | ੧ | ੦ |
| ੨੫ | ੧੧ | ੫੨੦ | ੫੧੯ | ੧ | ੧ | ੦ |
| ੨੬ | ੧੩ | ੫੩੩ | ੫੩੨ | ੧ | ੧ | ੦ |
| ੨੭ | ੭ | ੫੪੦ | ੫੩੯ | ੧ | ੧ | ੦ |
| ੨੮ | ੧੪ | ੫੫੪ | ੫੫੩ | ੧ | ੧ | ੦ |
| ੨੯ | ੨੩ | ੫੭੭ | ੫੭੫ | ੨ | ੨ | ੦ |
| ੩੦ | ੨੧ | ੫੯੮ | ੫੯੬ | ੨ | ੨ | ੦ |
| ੩੧ | ੭ | ੬੦੫ | ੬੦੩ | ੨ | ੨ | ੦ |
| ੩੨ | ੧੩ | ੬੧੮ | ੬੧੬ | ੨ | ੨ | ੦ |

| | | | | | | |
|---|---|---|---|---|---|---|
| ੩੩ | ੪੨ | ੬੬੦ | ੧੫੮ | ੫੦੨ | ੫੦੨ | ੦ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੩੪ | ੧੧ | ੬੭੧ | ੬੬੯ | ੨ | ੨ | ੦ |
| ੩੫ | ੮ | ੬੭੯ | ੬੭੭ | ੨ | ੨ | ੦ |
| ੩੬ | ੧੬ | ੬੯੫ | ੬੯੩ | ੨ | ੨ | ੦ |
| ੩੭ | ੮ | ੭੦੩ | ੭੦੧ | ੨ | ੨ | ੦ |
| ੩੮ | ੨੯ | ੭੩੨ | ੭੩੦ | ੨ | ੨ | ੦ |
| ੩੯ | ੧੨ | ੭੪੪ | ੭੪੨ | ੨ | ੨ | ੦ |
| ੪੦ | ੧੭ | ੭੬੧ | ੭੫੯ | ੨ | ੨ | ੦ |
| ੪੧ | ੮ | ੭੬੯ | ੭੬੭ | ੨ | ੨ | ੦ |
| ੪੨ | ੫ | ੭੭੪ | ੭੭੨ | ੨ | ੨ | ੦ |
| ੪੩ | ੯ | ੭੮੩ | ੭੮੧ | ੨ | ੨ | ੦ |
| ੪੪ | ੧੨ | ੭੯੫ | ੭੯੩ | ੨ | ੨ | ੦ |
| ੪੫ | ੯ | ੮੦੪ | ੮੦੪ | ੦ | ੦ | ੦ |
| ੪੬ | ੯ | ੮੧੩ | ੮੧੧ | ੨ | ੨ | ੦ |
| ੪੭ | ੫ | ੮੧੮ | ੮੧੬ | ੨ | ੨ | ੦ |
| ੪੮ | ੨੭ | ੮੪੫ | ੮੪੩ | ੨ | ੨ | ੦ |
| ੪੯ | ੫ | ੮੫੦ | ੮੪੮ | ੨ | ੨ | ੦ |
| ੫੦ | ੧੩ | ੮੬੩ | ੮੬੧ | ੨ | ੨ | ੦ |
| ੫੧ | ੧੬ | ੮੭੯ | ੮੭੭ | ੨ | ੨ | ੦ |
| ੫੨ | ੧੧੨ | ੯੯੧ | ੯੮੯ | ੨ | ੨ | ੦ |
| ੫੩ | ੧੩ | ੧੦੦੪ | ੧੦੦੨ | ੨ | ੨ | ੦ |
| ੫੪ | ੮ | ੧੦੧੨ | ੧੦੧੦ | ੨ | ੨ | ੦ |
| ੫੫ | ੩੬ | ੧੦੪੮ | ੧੦੪੬ | ੨ | ੨ | ੦ |
| ੫੬ | ੧੩ | ੧੦੬੧ | ੧੦੫੯ | ੨ | ੨ | ੦ |
| ੫੭ | ੧੦ | ੧੦੭੧ | ੧੦੬੯ | ੨ | ੨ | ੦ |
| ੫੮ | ੬ | ੧੦੭੭ | ੧੦੭੫ | ੨ | ੨ | ੦ |
| ੫੯ | ੭ | ੧੦੮੪ | ੧੦੮੨ | ੨ | ੨ | ੦ |
| ੬੦ | ੧੩ | ੧੦੯੭ | ੧੦੯੪ | ੩ | ੩ | ੦ |
| ੬੧ | ੧੦ | ੧੧੦੭ | ੧੧੦੪ | ੩ | ੩ | ੦ |
| ੬੨ | ੬ | ੧੧੧੩ | ੧੧੧੦ | ੩ | ੩ | ੦ |
| ੬੩ | ੧੭ | ੧੧੩੦ | ੧੧੨੭ | ੩ | ੩ | ੦ |
| ੬੪ | ੮ | ੧੧੩੮ | ੧੧੩੫ | ੩ | ੩ | ੦ |
| ੬੫ | ੭ | ੧੧੪੫ | ੧੧੪੨ | ੩ | ੩ | ੦ |
| ੬੬ | ੨੮ | ੧੧੭੩ | ੧੧੭੦ | ੩ | ੩ | ੦ |

| | | | | | | |
|---|---|---|---|---|---|---|
| ੬੭ | ੧੫ | ੧੧੮੮ | ੧੧੮੫ | ੩ | ੩ | ੦ |
| ੬੮ | ੩੫ | ੧੨੨੩ | ੧੨੨੦ | ੩ | ੩ | ੦ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੬੯ | ੧੨ | ੧੨੩੫ | ੧੨੩੨ | ੩ | ੩ | ੦ |
| ੭੦ | ੧੪ | ੧੨੪੯ | ੧੨੪੬ | ੩ | ੩ | ੦ |
| ੭੧ | ੧੦ | ੧੨੫੯ | ੧੨੫੬ | ੩ | ੩ | ੦ |
| ੭੨ | ੧੮ | ੧੨੭੭ | ੧੨੭੪ | ੩ | ੩ | ੦ |
| ੭੩ | ੮ | ੧੨੮੫ | ੧੨੮੨ | ੩ | ੩ | ੦ |
| ੭੪ | ੯ | ੧੨੯੪ | ੧੨੯੧ | ੩ | ੩ | ੦ |
| ੭੫ | ੮ | ੧੩੦੨ | ੧੨੯੯ | ੩ | ੩ | ੦ |
| ੭੬ | ੯ | ੧੩੧੧ | ੧੩੦੮ | ੩ | ੩ | ੦ |
| ੭੭ | ੧੨ | ੧੩੨੩ | ੧੩੨੦ | ੩ | ੩ | ੦ |
| ੭੮ | ੮ | ੧੩੩੧ | ੧੩੨੮ | ੩ | ੩ | ੦ |
| ੭੯ | ੭ | ੧੩੩੮ | ੧੩੩੫ | ੩ | ੩ | ੦ |
| ੮੦ | ੭ | ੧੩੪੫ | ੧੩੪੨ | ੩ | ੩ | ੦ |
| ੮੧ | ੯੮ | ੧੪੪੩ | ੧੦੪੦ | ੪੦੩ | ੪੦੩ | ੦ |
| ੮੨ | ੩੩ | ੧੪੭੬ | ੧੪੭੩ | ੩ | ੩ | ੦ |
| ੮੩ | ੧੪ | ੧੪੯੦ | ੧੪੮੭ | ੩ | ੩ | ੦ |
| ੮੪ | ੨੧ | ੧੫੧੧ | ੧੫੦੮ | ੩ | ੩ | ੦ |
| ੮੫ | ੧੩ | ੧੫੨੪ | ੧੫੨੧ | ੩ | ੩ | ੦ |
| ੮੬ | ੭ | ੧੫੩੧ | ੧੫੨੮ | ੩ | ੩ | ੦ |
| ੮੭ | ੭ | ੧੫੩੮ | ੧੫੩੫ | ੩ | ੩ | ੦ |
| ੮੮ | ੧੬ | ੧੫੫੪ | ੧੫੫੧ | ੩ | ੩ | ੦ |
| ੮੯ | ੯ | ੧੫੬੩ | ੧੫੬੦ | ੩ | ੩ | ੦ |
| ੯੦ | ੭ | ੧੫੭੦ | ੧੫੬੭ | ੩ | ੩ | ੦ |
| ੯੧ | ੬੫ | ੧੬੩੫ | ੧੬੩੨ | ੩ | ੩ | ੦ |
| ੯੨ | ੧੦ | ੧੬੪੫ | ੧੬੪੨ | ੩ | ੩ | ੦ |
| ੯੩ | ੨੭ | ੧੬੭੨ | ੧੬੬੯ | ੩ | ੩ | ੦ |
| ੯੪ | ੫ | ੧੬੭੭ | ੧੬੭੪ | ੩ | ੩ | ੦ |
| ੯੫ | ੭ | ੧੬੮੪ | ੧੬੮੧ | ੩ | ੩ | ੦ |
| ੯੬ | ੪੧ | ੧੭੨੫ | ੧੦੨੨ | ੭੦੩ | ੭੦੩ | ੦ |
| ੯੭ | ੭੩ | ੧੭੯੮ | ੧੭੯੫ | ੩ | ੩ | ੦ |
| ੯੮ | ੩੧ | ੧੮੨੯ | ੧੮੨੬ | ੩ | ੩ | ੦ |
| ੯੯ | ੧੫ | ੧੮੪੪ | ੧੮੪੧ | ੩ | ੩ | ੦ |
| ੧੦੦ | ੧੩ | ੧੮੫੭ | ੧੮੫੪ | ੩ | ੩ | ੦ |

| | | | | | | |
|---|---|---|---|---|---|---|
| ੧੦੧ | ੯ | ੧੮੬੬ | ੧੮੬੩ | ੩ | ੩ | ੦ |
| ੧੦੨ | ੩੪ | ੧੯੦੦ | ੧੮੯੭ | ੩ | ੩ | ੦ |
| ੧੦੩ | ੩੬ | ੧੯੩੬ | ੧੯੩੩ | ੩ | ੩ | ੦ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੧੦੪ | ੧੧ | ੧੯੪੭ | ੧੯੪੪ | ੩ | ੩ | ੦ |
| ੧੦੫ | ੧੬ | ੧੯੬੩ | ੧੯੬੦ | ੩ | ੩ | ੦ |
| ੧੦੬ | ੬ | ੧੯੬੯ | ੧੯੬੬ | ੩ | ੩ | ੦ |
| ੧੦੭ | ੬ | ੧੯੭੫ | ੧੯੭੨ | ੩ | ੩ | ੦ |
| ੧੦੮ | ੫੧ | ੨੦੨੬ | ੨੦੨੩ | ੩ | ੩ | ੦ |
| ੧੦੯ | ੫੮ | ੨੦੮੪ | ੨੦੮੧ | ੩ | ੩ | ੦ |
| ੧੧੦ | ੨੩ | ੨੧੦੭ | ੨੧੦੪ | ੩ | ੩ | ੦ |
| ੧੧੧ | ੫੧ | ੨੧੫੮ | ੨੧੫੫ | ੩ | ੩ | ੦ |
| ੧੧੨ | ੨੮ | ੨੧੮੬ | ੨੧੮੩ | ੩ | ੩ | ੦ |
| ੧੧੩ | ੨੨ | ੨੨੦੮ | ੨੨੦੫ | ੩ | ੩ | ੦ |
| ੧੧੪ | ੩੨ | ੨੨੪੦ | ੨੨੩੭ | ੩ | ੩ | ੦ |
| ੧੧੫ | ੨੨ | ੨੨੬੨ | ੨੨੫੯ | ੩ | ੩ | ੦ |
| ੧੧੬ | ੨੧ | ੨੨੮੩ | ੨੨੮੦ | ੩ | ੩ | ੦ |
| ੧੧੭ | ੧੪ | ੨੨੯੭ | ੨੩੯੪ | ੯੭ | ੦ | ੯੭ |
| ੧੧੮ | ੧੩ | ੨੩੧੦ | ੨੩੦੭ | ੩ | ੩ | ੦ |
| ੧੧੯ | ੨੩ | ੨੩੩੩ | ੨੩੩੦ | ੩ | ੩ | ੦ |
| ੧੨੦ | ੩੦ | ੨੩੬੩ | ੨੩੬੦ | ੩ | ੩ | ੦ |
| ੧੨੧ | ੬ | ੨੩੬੯ | ੨੩੬੬ | ੩ | ੩ | ੦ |
| ੧੨੨ | ੨੨ | ੨੩੯੧ | ੨੨੮੮ | ੧੦੩ | ੦ | ੧੦੩ |
| ੧੨੩ | ੨੬ | ੨੪੧੭ | ੨੪੧੪ | ੩ | ੩ | ੦ |
| ੧੨੪ | ੧੫ | ੨੪੩੨ | ੨੪੩੯ | ੭ | ੦ | ੭ |
| ੧੨੫ | ੩੬ | ੨੪੬੮ | ੨੪੬੫ | ੩ | ੩ | ੦ |
| ੧੨੬ | ੧੨ | ੨੪੮੦ | ੨੪੭੭ | ੩ | ੩ | ੦ |
| ੧੨੭ | ੧੦ | ੨੪੯੦ | ੨੪੮੭ | ੩ | ੩ | ੦ |
| ੧੨੮ | ੩੪ | ੨੫੨੪ | ੨੫੨੧ | ੩ | ੩ | ੦ |
| ੧੨੯ | ੪੦ | ੨੫੬੪ | ੨੫੬੧ | ੩ | ੩ | ੦ |
| ੧੩੦ | ੧੨ | ੨੫੭੬ | ੨੫੭੩ | ੩ | ੩ | ੦ |
| ੧੩੧ | ੧੬ | ੨੫੯੨ | ੨੫੮੨ | ੧੦ | ੧੦ | ੦ |
| ੧੩੨ | ੩੩ | ੨੬੨੫ | ੨੬੨੨ | ੩ | ੩ | ੦ |
| ੧੩੩ | ੨੮ | ੨੬੫੩ | ੨੬੫੦ | ੩ | ੩ | ੦ |
| ੧੩੪ | ੨੦ | ੨੬੭੩ | ੨੬੭੦ | ੩ | ੩ | ੦ |

| | | | | | | |
|---|---|---|---|---|---|---|
| ੧੩੫ | ੨੨ | ੨੬੯੫ | ੨੬੯੨ | ੩ | ੩ | ੦ |
| ੧੩੬ | ੨੨ | ੨੭੧੭ | ੨੭੧੪ | ੩ | ੩ | ੦ |
| ੧੩੭ | ੪੩ | ੨੭੬੦ | ੨੭੫੭ | ੩ | ੩ | ੦ |
| ੧੩੮ | ੯ | ੨੭੬੯ | ੨੭੬੬ | ੩ | ੩ | ੦ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੧੩੯ | ੧੫ | ੨੭੮੪ | ੨੭੮੧ | ੩ | ੩ | ੦ |
| ੧੪੦ | ੫ | ੨੭੮੯ | ੨੭੮੬ | ੩ | ੩ | ੦ |
| ੧੪੧ | ੧੧ | ੨੮੦੦ | ੨੭੯੭ | ੩ | ੩ | ੦ |
| ੧੪੨ | ੭੩ | ੨੮੭੩ | ੨੮੭੦ | ੩ | ੩ | ੦ |
| ੧੪੩ | ੩੧ | ੨੯੦੪ | ੨੯੦੧ | ੩ | ੩ | ੦ |
| ੧੪੪ | ੧੭ | ੨੯੨੧ | ੨੯੧੮ | ੩ | ੩ | ੦ |
| ੧੪੫ | ੧੧ | ੨੯੩੨ | ੨੯੨੯ | ੩ | ੩ | ੦ |
| ੧੪੬ | ੯ | ੨੯੪੧ | ੨੯੩੮ | ੩ | ੩ | ੦ |
| ੧੪੭ | ੧੮ | ੨੯੫੯ | ੨੯੫੬ | ੩ | ੩ | ੦ |
| ੧੪੮ | ੧੬ | ੨੯੭੫ | ੨੯੭੨ | ੩ | ੩ | ੦ |
| ੧੪੯ | ੧੫ | ੨੯੯੦ | ੨੯੮੧ | ੯ | ੯ | ੦ |
| ੧੫੦ | ੬ | ੨੯੯੬ | ੨੯੯੩ | ੩ | ੩ | ੦ |
| ੧੫੧ | ੧੭ | ੩੦੧੩ | ੩੦੧੦ | ੩ | ੩ | ੦ |
| ੧੫੨ | ੧੪ | ੩੦੨੭ | ੩੦੧੪ | ੧੩ | ੧੩ | ੦ |
| ੧੫੩ | ੨੫ | ੩੦੫੨ | ੩੦੪੯ | ੩ | ੩ | ੦ |
| ੧੫੪ | ੨੮ | ੩੦੮੦ | ੩੦੭੧ | ੯ | ੯ | ੨ |
| ੧੫੫ | ੭ | ੩੦੮੭ | ੩੦੮੪ | ੩ | ੩ | ੦ |
| ੧੫੬ | ੧੨ | ੩੦੯੯ | ੩੦੯੬ | ੩ | ੩ | ੦ |
| ੧੫੭ | ੩੧ | ੩੧੩੦ | ੩੧੨੭ | ੩ | ੩ | ੦ |
| ੧੫੮ | ੧੯ | ੩੧੪੯ | ੩੧੪੬ | ੩ | ੩ | ੦ |
| ੧੫੯ | ੮ | ੩੧੫੭ | ੩੧੪੫ | ੧੨ | ੧੨ | ੦ |
| ੧੬੦ | ੧੫ | ੩੧੭੨ | ੩੧੬੯ | ੩ | ੩ | ੦ |
| ੧੬੧ | ੪੦ | ੩੨੧੨ | ੩੨੯੦ | ੭੮ | ੦ | ੭੮ |
| ੧੬੨ | ੧੩ | ੩੨੨੫ | ੩੨੧੨ | ੧੩ | ੧੩ | ੦ |
| ੧੬੩ | ੧੩ | ੩੨੩੮ | ੩੨੩੫ | ੩ | ੩ | ੦ |
| ੧੬੪ | ੧੮ | ੩੨੫੬ | ੩੨੫੩ | ੩ | ੩ | ੦ |
| ੧੬੫ | ੧੯ | ੩੨੭੫ | ੩੩੭੩ | ੯੮ | ੦ | ੯੮ |
| ੧੬੬ | ੨੨ | ੩੨੯੭ | ੩੨੯੪ | ੩ | ੩ | ੦ |
| ੧੬੭ | ੧੨ | ੩੩੦੯ | ੩੩੦੬ | ੩ | ੩ | ੦ |
| ੧੬੮ | ੨੮ | ੩੩੩੭ | ੩੩੨੪ | ੧੩ | ੧੩ | ੦ |

| | | | | | | |
|---|---|---|---|---|---|---|
| ੧੬੯ | ੭ | ੩੩੪੪ | ੩੩੪੧ | ੩ | ੩ | ੦ |
| ੧੭੦ | ੧੨ | ੩੩੫੬ | ੩੩੫੩ | ੩ | ੩ | ੦ |
| ੧੭੧ | ੧੨ | ੩੩੬੮ | ੩੩੬੫ | ੩ | ੩ | ੦ |
| ੧੭੨ | ੧੪ | ੩੩੮੨ | ੩੪੭੯ | ੩ | ੩ | ੦ |
| ੧੭੩ | ੨੧ | ੩੪੦੩ | ੩੪੦੦ | ੩ | ੩ | ੦ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੧੭੪ | ੫ | ੩੪੦੮ | ੩੪੦੫ | ੩ | ੩ | ੦ |
| ੧੭੫ | ੨੮ | ੩੪੩੬ | ੩੪੩੩ | ੩ | ੩ | ੦ |
| ੧੭੬ | ੨੧ | ੩੪੫੭ | ੩੪੫੪ | ੩ | ੩ | ੦ |
| ੧੭੭ | ੯ | ੩੪੬੬ | ੩੪੬੩ | ੩ | ੩ | ੦ |
| ੧੭੮ | ੬ | ੩੪੭੨ | ੩੪੬੯ | ੩ | ੩ | ੦ |
| ੧੭੯ | ੭ | ੩੪੭੯ | ੩੪੭੬ | ੩ | ੩ | ੦ |
| ੧੮੦ | ੭ | ੩੪੮੬ | ੩੪੮੩ | ੩ | ੩ | ੦ |
| ੧੮੧ | ੧੫ | ੩੫੦੧ | ੩੪੯੮ | ੩ | ੩ | ੦ |
| ੧੮੨ | ੧੦ | ੩੫੧੧ | ੩੫੦੮ | ੩ | ੩ | ੦ |
| ੧੮੩ | ੧੯ | ੩੫੩੦ | ੩੫੨੭ | ੩ | ੩ | ੦ |
| ੧੮੪ | ੧੪ | ੩੫੪੪ | ੩੫੪੧ | ੩ | ੩ | ੦ |
| ੧੮੫ | ੧੨ | ੩੫੫੬ | ੩੫੫੩ | ੩ | ੩ | ੦ |
| ੧੮੬ | ੧੧ | ੩੫੬੭ | ੩੫੬੪ | ੩ | ੩ | ੦ |
| ੧੮੭ | ੫ | ੩੫੭੨ | ੩੫੬੯ | ੩ | ੩ | ੦ |
| ੧੮੮ | ੮ | ੩੫੮੦ | ੩੫੭੭ | ੩ | ੩ | ੦ |
| ੧੮੯ | ੧੦ | ੩੫੯੦ | ੩੫੮੭ | ੩ | ੩ | ੦ |
| ੧੯੦ | ੧੧ | ੩੬੦੧ | ੩੫੯੮ | ੩ | ੩ | ੦ |
| ੧੯੧ | ੧੧ | ੩੬੧੨ | ੩੬੦੯ | ੩ | ੩ | ੦ |
| ੧੯੨ | ੧੭ | ੩੬੨੯ | ੩੬੨੬ | ੩ | ੩ | ੦ |
| ੧੯੩ | ੭ | ੩੬੩੬ | ੩੬੩੩ | ੩ | ੩ | ੦ |
| ੧੯੪ | ੫ | ੩੬੪੧ | ੩੬੩੮ | ੩ | ੩ | ੦ |
| ੧੯੫ | ੨੯ | ੩੬੭੦ | ੩੬੬੭ | ੩ | ੩ | ੦ |
| ੧੯੬ | ੨੦ | ੩੬੯੦ | ੩੬੮੭ | ੩ | ੩ | ੦ |
| ੧੯੭ | ੫ | ੩੬੯੫ | ੩੬੯੨ | ੩ | ੩ | ੦ |
| ੧੯੮ | ੪ | ੩੬੯੯ | ੩੬੯੬ | ੩ | ੩ | ੦ |
| ੧੯੯ | ੨੯ | ੩੭੨੮ | ੩੭੨੫ | ੩ | ੩ | ੦ |
| ੨੦੦ | ੩੧ | ੩੭੫੯ | ੩੭੬੧ | ੨ | ੦ | ੨ |
| ੨੦੧ | ੨੬ | ੩੭੮੫ | ੩੭੮੭ | ੨ | ੦ | ੨ |
| ੨੦੨ | ੧੮ | ੩੮੦੩ | ੩੮੦੫ | ੨ | ੦ | ੨ |

| | | | | | | |
|---|---|---|---|---|---|---|
| ੨੦੩ | ੨੩ | ੩੮੨੬ | ੩੮੨੮ | ੨ | ੦ | ੨ |
| ੨੦੪ | ੨੮ | ੩੮੫੪ | ੩੮੫੬ | ੨ | ੦ | ੨ |
| ੨੦੫ | ੧੮ | ੩੮੭੨ | ੩੮੭੪ | ੨ | ੦ | ੨ |
| ੨੦੬ | ੨੦ | ੩੮੯੨ | ੩੮੯੪ | ੨ | ੦ | ੨ |
| ੨੦੭ | ੨੨ | ੩੯੧੪ | ੩੯੧੬ | ੨ | ੦ | ੨ |
| ੨੦੮ | ੧੬ | ੩੯੩੦ | ੩੯੩੨ | ੨ | ੦ | ੨ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੨੦੯ | ੭੮ | ੪੦੦੮ | ੪੦੧੦ | ੨ | ੦ | ੨ |
| ੨੧੦ | ੧੫ | ੪੦੨੩ | ੪੦੨੫ | ੨ | ੦ | ੨ |
| ੨੧੧ | ੨੩ | ੪੦੪੬ | ੪੦੪੮ | ੨ | ੦ | ੨ |
| ੨੧੨ | ੨੪ | ੪੦੭੦ | ੪੦੭੨ | ੨ | ੦ | ੨ |
| ੨੧੩ | ੨੨ | ੪੦੯੨ | ੪੦੯੪ | ੨ | ੦ | ੨ |
| ੨੧੪ | ੧੪ | ੪੧੦੬ | ੪੧੦੮ | ੨ | ੦ | ੨ |
| ੨੧੫ | ੧੩ | ੪੧੧੯ | ੪੧੨੧ | ੨ | ੦ | ੨ |
| ੨੧੬ | ੧੧ | ੪੧੩੦ | ੪੧੩੨ | ੨ | ੦ | ੨ |
| ੨੧੭ | ੫੨ | ੪੧੮੨ | ੪੧੮੪ | ੨ | ੦ | ੨ |
| ੨੧੮ | ੯ | ੪੧੯੧ | ੪੧੯੩ | ੨ | ੦ | ੨ |
| ੨੧੯ | ੮ | ੪੧੯੯ | ੪੨੦੧ | ੨ | ੦ | ੨ |
| ੨੨੦ | ੧੫ | ੪੨੧੪ | ੪੨੧੬ | ੨ | ੦ | ੨ |
| ੨੨੧ | ੭ | ੪੨੨੧ | ੪੨੨੩ | ੨ | ੦ | ੨ |
| ੨੨੨ | ੧੬ | ੪੨੩੭ | ੪੨੨੯ | ੮ | ੮ | ੦ |
| ੨੨੩ | ੧੩ | ੪੨੫੦ | ੪੨੪੫ | ੫ | ੫ | ੦ |
| ੨੨੪ | ੨੦ | ੪੨੭੦ | ੪੨੭੨ | ੨ | ੦ | ੨ |
| ੨੨੫ | ੧੫ | ੪੨੮੫ | ੪੨੮੭ | ੨ | ੦ | ੨ |
| ੨੨੬ | ੧੩ | ੪੨੯੮ | ੪੩੦੦ | ੨ | ੦ | ੨ |
| ੨੨੭ | ੧੧ | ੪੩੦੯ | ੪੩੧੧ | ੨ | ੦ | ੨ |
| ੨੨੮ | ੨੧ | ੪੩੩੦ | ੪੩੩੨ | ੨ | ੦ | ੨ |
| ੨੨੯ | ੧੦ | ੪੩੪੦ | ੪੩੪੨ | ੨ | ੦ | ੨ |
| ੨੩੦ | ੮ | ੪੩੪੮ | ੪੩੫੦ | ੨ | ੦ | ੨ |
| ੨੩੧ | ੧੩ | ੪੩੬੧ | ੪੩੬੩ | ੨ | ੦ | ੨ |
| ੨੩੨ | ੯ | ੪੩੭੦ | ੪੩੭੨ | ੨ | ੦ | ੨ |
| ੨੩੩ | ੧੦ | ੪੩੮੦ | ੪੦੧੦ | ੩੭੦ | ੩੭੦ | ੦ |
| ੨੩੪ | ੧੫ | ੪੩੯੫ | ੪੩੯੭ | ੨ | ੦ | ੨ |
| ੨੩੫ | ੧੮ | ੪੪੧੩ | ੪੪੧੫ | ੨ | ੦ | ੨ |
| ੨੩੬ | ੧੪ | ੪੪੨੭ | ੪੪੩੯ | ੧੨ | ੦ | ੧੨ |

| | | | | | | |
|---|---|---|---|---|---|---|
| ੨੩੭ | ੮ | ੪੪੩੫ | ੪੪੩੭ | ੨ | ੦ | ੨ |
| ੨੩੮ | ੧੨ | ੪੪੪੭ | ੪੪੪੯ | ੨ | ੦ | ੨ |
| ੨੩੯ | ੧੦ | ੪੪੫੭ | ੪੫੪੯ | ੯੨ | ੦ | ੯੨ |
| ੨੪੦ | ੧੨ | ੪੪੬੯ | ੪੪੭੬ | ੭ | ੦ | ੭ |
| ੨੪੧ | ੨੭ | ੪੪੯੬ | ੪੪੯੮ | ੨ | ੦ | ੨ |
| ੨੪੨ | ੧੯ | ੪੫੧੫ | ੪੫੧੭ | ੨ | ੦ | ੨ |
| ੨੪੩ | ੧੬ | ੪੫੩੧ | ੪੫੩੩ | ੨ | ੦ | ੨ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੨੪੪ | ੨੯ | ੪੫੬੦ | ੪੫੬੨ | ੨ | ੦ | ੨ |
| ੨੪੫ | ੪੫ | ੪੬੦੫ | ੪੬੦੭ | ੨ | ੦ | ੨ |
| ੨੪੬ | ੨੭ | ੪੬੩੨ | ੪੬੩੪ | ੨ | ੦ | ੨ |
| ੨੪੭ | ੨੦ | ੪੬੫੨ | ੪੬੫੪ | ੨ | ੦ | ੨ |
| ੨੪੮ | ੨੦ | ੪੬੭੨ | ੪੬੭੪ | ੨ | ੦ | ੨ |
| ੨੪੯ | ੨੦ | ੪੬੯੨ | ੪੬੯੫ | ੩ | ੦ | ੩ |
| ੨੫੦ | ੧੨ | ੪੭੦੪ | ੪੭੧੦ | ੬ | ੦ | ੬ |
| ੨੫੧ | ੧੪ | ੪੭੧੮ | ੪੭੨੧ | ੩ | ੦ | ੩ |
| ੨੫੨ | ੨੦ | ੪੭੩੮ | ੪੭੪੧ | ੩ | ੦ | ੩ |
| ੨੫੩ | ੨੮ | ੪੭੬੬ | ੪੭੬੯ | ੩ | ੦ | ੩ |
| ੨੫੪ | ੧੨ | ੪੭੭੮ | ੪੭੮੧ | ੩ | ੦ | ੩ |
| ੨੫੫ | ੧੦ | ੪੭੮੮ | ੪੭੯੧ | ੩ | ੦ | ੩ |
| ੨੫੬ | ੩੫ | ੪੮੨੩ | ੪੮੨੬ | ੩ | ੦ | ੩ |
| ੨੫੭ | ੨੯ | ੪੮੫੨ | ੪੮੫੫ | ੩ | ੦ | ੩ |
| ੨੫੮ | ੩੨ | ੪੮੮੪ | ੪੮੮੭ | ੩ | ੦ | ੩ |
| ੨੫੯ | ੨੯ | ੪੯੧੩ | ੪੯੧੬ | ੩ | ੦ | ੩ |
| ੨੬੦ | ੬ | ੪੯੧੯ | ੪੯੨੨ | ੩ | ੦ | ੩ |
| ੨੬੧ | ੧੭ | ੪੯੩੬ | ੪੯੩੯ | ੩ | ੦ | ੩ |
| ੨੬੨ | ੧੧ | ੪੯੪੭ | ੪੯੫੦ | ੩ | ੦ | ੩ |
| ੨੬੩ | ੧੭ | ੪੯੬੪ | ੪੯੬੭ | ੩ | ੦ | ੩ |
| ੨੬੪ | ੮੪ | ੫੦੪੮ | ੫੦੫੧ | ੩ | ੦ | ੩ |
| ੨੬੫ | ੧੮ | ੫੦੬੬ | ੫੦੬੯ | ੩ | ੦ | ੩ |
| ੨੬੬ | ੧੨੫ | ੫੧੯੧ | ੫੧੯੪ | ੩ | ੦ | ੩ |
| ੨੬੭ | ੨੨ | ੫੨੧੩ | ੫੨੧੬ | ੩ | ੦ | ੩ |
| ੨੬੮ | ੧੨ | ੫੨੨੫ | ੫੨੨੮ | ੩ | ੦ | ੩ |
| ੨੬੯ | ੧੪ | ੫੨੩੯ | ੫੨੪੨ | ੩ | ੦ | ੩ |
| ੨੭੦ | ੧੧ | ੫੨੫੦ | ੫੨੫੩ | ੩ | ੦ | ੩ |

| | | | | | | |
|---|---|---|---|---|---|---|
| ੨੭੧ | ੧੪ | ੫੨੬੪ | ੫੨੬੭ | ੩ | ੦ | ੩ |
| ੨੭੨ | ੧੧ | ੫੨੭੫ | ੫੨੭੮ | ੩ | ੦ | ੩ |
| ੨੭੩ | ੧੧ | ੫੨੮੬ | ੫੨੮੯ | ੩ | ੦ | ੩ |
| ੨੭੪ | ੧੨ | ੫੨੯੮ | ੫੩੦੧ | ੩ | ੦ | ੩ |
| ੨੭੫ | ੧੪ | ੫੩੧੨ | ੧੫੫੩ | ੩੭੫੯ | ੩੭੫੯ | ੦ |
| ੨੭੬ | ੧੮ | ੫੩੩੦ | ੫੩੩੩ | ੩ | ੦ | ੩ |
| ੨੭੭ | ੧੧ | ੫੩੪੧ | ੫੩੪੪ | ੩ | ੦ | ੩ |
| ੨੭੮ | ੭ | ੫੩੪੮ | ੫੩੫੭ | ੯ | ੦ | ੯ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੨੭੯ | ੧੪ | ੫੩੬੨ | ੫੩੬੫ | ੩ | ੦ | ੩ |
| ੨੮੦ | ੧੦ | ੫੩੭੨ | ੫੩੭੫ | ੩ | ੦ | ੩ |
| ੨੮੧ | ੧੩ | ੫੩੮੫ | ੫੩੮੮ | ੩ | ੦ | ੩ |
| ੨੮੨ | ੬ | ੫੩੯੧ | ੫੩੯੪ | ੩ | ੦ | ੩ |
| ੨੮੩ | ੮ | ੫੩੯੯ | ੫੪੦੨ | ੩ | ੦ | ੩ |
| ੨੮੪ | ੯ | ੫੪੦੮ | ੫੪੧੧ | ੩ | ੦ | ੩ |
| ੨੮੫ | ੧੩ | ੫੪੨੧ | ੫੪੨੪ | ੩ | ੦ | ੩ |
| ੨੮੬ | ੧੬ | ੫੪੩੭ | ੫੪੪੦ | ੩ | ੦ | ੩ |
| ੨੮੭ | ੧੦ | ੫੪੪੭ | ੫੪੫੦ | ੩ | ੦ | ੩ |
| ੨੮੮ | ੨੬ | ੫੪੭੩ | ੫੪੭੬ | ੩ | ੦ | ੩ |
| ੨੮੯ | ੨੫ | ੫੪੯੮ | ੫੫੦੧ | ੩ | ੦ | ੩ |
| ੨੯੦ | ੩੪ | ੫੫੩੨ | ੫੫੩੫ | ੩ | ੦ | ੩ |
| ੨੯੧ | ੧੩ | ੫੫੪੫ | ੫੫੪੮ | ੩ | ੦ | ੩ |
| ੨੯੨ | ੨੨ | ੫੫੬੭ | ੫੫੭੧ | ੪ | ੦ | ੪ |
| ੨੯੩ | ੧੮ | ੫੫੮੫ | ੫੫੮੯ | ੪ | ੦ | ੪ |
| ੨੯੪ | ੩੧ | ੫੬੧੬ | ੫੬੨੦ | ੪ | ੦ | ੪ |
| ੨੯੫ | ੧੮ | ੫੬੩੪ | ੫੬੩੮ | ੪ | ੦ | ੪ |
| ੨੯੬ | ੧੧ | ੫੬੪੫ | ੫੬੪੯ | ੪ | ੦ | ੪ |
| ੨੯੭ | ੧੦੧ | ੫੭੪੬ | ੫੭੫੦ | ੪ | ੦ | ੪ |
| ੨੯੮ | ੧੯ | ੫੭੬੫ | ੫੭੬੯ | ੪ | ੦ | ੪ |
| ੨੯੯ | ੨੦ | ੫੭੮੫ | ੫੭੮੯ | ੪ | ੦ | ੪ |
| ੩੦੦ | ੧੧ | ੫੭੯੬ | ੫੮੦੦ | ੪ | ੦ | ੪ |
| ੩੦੧ | ੯ | ੫੮੦੫ | ੫੮੦੯ | ੪ | ੦ | ੪ |
| ੩੦੨ | ੧੧ | ੫੮੧੬ | ੫੮੨੦ | ੪ | ੦ | ੪ |
| ੩੦੩ | ੨੦ | ੫੮੩੬ | ੫੮੪੦ | ੪ | ੦ | ੪ |
| ੩੦੪ | ੧੧ | ੫੮੪੭ | ੫੮੫੧ | ੪ | ੦ | ੪ |

| | | | | | | |
|---|---|---|---|---|---|---|
| ੩੦੫ | ੧੩ | ੫੮੬੦ | ੫੮੬੪ | ੪ | ੦ | ੪ |
| ੩੦੬ | ੮ | ੫੮੬੮ | ੫੮੭੨ | ੪ | ੦ | ੪ |
| ੩੦੭ | ੧੩ | ੫੮੮੧ | ੫੮੮੫ | ੪ | ੦ | ੪ |
| ੩੦੮ | ੧੫ | ੫੮੯੬ | ੫੯੦੦ | ੪ | ੦ | ੪ |
| ੩੦੯ | ੧੨ | ੫੯੦੮ | ੫੯੧੨ | ੪ | ੦ | ੪ |
| ੩੧੦ | ੯ | ੫੯੧੭ | ੫੯੨੧ | ੪ | ੦ | ੪ |
| ੩੧੧ | ੧੫ | ੫੯੩੩ | ੫੯੩੭ | ੪ | ੦ | ੪ |
| ੩੧੨ | ੧੩ | ੫੯੪੫ | ੫੯੪੯ | ੪ | ੦ | ੪ |
| ੩੧੩ | ੯ | ੫੯੫੪ | ੫੯੫੮ | ੪ | ੦ | ੪ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੩੧੪ | ੧੫ | ੫੯੬੯ | ੫੯੭੩ | ੪ | ੦ | ੪ |
| ੩੧੫ | ੧੧ | ੫੯੮੦ | ੫੯੮੪ | ੪ | ੦ | ੪ |
| ੩੧੬ | ੯ | ੫੯੮੯ | ੫੯੯੩ | ੪ | ੦ | ੪ |
| ੩੧੭ | ੮ | ੫੯੯੭ | ੬੦੦੧ | ੪ | ੦ | ੪ |
| ੩੧੮ | ੬ | ੬੦੦੩ | ੬੦੦੭ | ੪ | ੦ | ੪ |
| ੩੧੯ | ੫ | ੬੦੦੮ | ੬੦੧੨ | ੪ | ੦ | ੪ |
| ੩੨੦ | ੩੧ | ੪੦੩੯ | ੪੦੪੩ | ੪ | ੦ | ੪ |
| ੩੨੧ | ੧੬ | ੬੦੫੫ | ੬੦੫੭ | ੨ | ੦ | ੨ |
| ੩੨੨ | ੨੫ | ੬੦੮੦ | ੬੦੮੪ | ੪ | ੦ | ੪ |
| ੩੨੩ | ੧੧ | ੬੦੯੧ | ੬੦੯੫ | ੪ | ੦ | ੪ |
| ੩੨੪ | ੧੩ | ੬੧੦੪ | ੬੧੦੮ | ੪ | ੦ | ੪ |
| ੩੨੫ | ੩੪ | ੬੧੩੮ | ੬੧੬੧ | ੨੩ | ੦ | ੨੩ |
| ੩੨੬ | ੧੦ | ੬੧੪੮ | ੬੧੭੧ | ੨੩ | ੦ | ੨੩ |
| ੩੨੭ | ੧੨ | ੬੧੬੦ | ੬੧੧੩ | ੪੭ | ੪੭ | ੦ |
| ੩੨੮ | ੧੦ | ੬੧੭੦ | ੬੧੯੩ | ੨੩ | ੦ | ੨੩ |
| ੩੨੯ | ੪ | ੬੧੭੪ | ੬੧੯੭ | ੨੩ | ੦ | ੨੩ |
| ੩੩੦ | ੧੫ | ੬੧੮੯ | ੬੨੧੨ | ੨੩ | ੦ | ੨੩ |
| ੩੩੧ | ੯ | ੬੧੯੮ | ੬੨੨੧ | ੨੩ | ੦ | ੨੩ |
| ੩੩੨ | ੨੬ | ੬੨੨੪ | ੬੨੪੭ | ੨੩ | ੦ | ੨੩ |
| ੩੩੩ | ੧੨ | ੬੨੩੬ | ੬੨੫੯ | ੨੩ | ੦ | ੨੩ |
| ੩੩੪ | ੮ | ੬੨੪੪ | ੬੨੬੭ | ੨੩ | ੦ | ੨੩ |
| ੩੩੫ | ੪੭ | ੬੨੯੧ | ੬੩੬੪ | ੭੩ | ੦ | ੭੩ |
| ੩੩੬ | ੧੨ | ੬੩੦੩ | ੬੩੨੬ | ੨੩ | ੦ | ੨੩ |
| ੩੩੭ | ੧੧ | ੬੩੧੪ | ੬੩੩੭ | ੨੩ | ੦ | ੨੩ |
| ੩੩੮ | ੧੧ | ੬੩੨੫ | ੬੩੪੮ | ੨੩ | ੦ | ੨੩ |

| | | | | | | |
|---|---|---|---|---|---|---|
| ੩੩੯ | ੧੩ | ੬੩੩੮ | ੬੩੬੧ | ੨੩ | ੦ | ੨੩ |
| ੩੪੦ | ੧੦ | ੬੩੪੮ | ੬੩੭੧ | ੨੩ | ੦ | ੨੩ |
| ੩੪੧ | ੧੦ | ੬੩੫੮ | ੬੩੮੧ | ੨੩ | ੦ | ੨੩ |
| ੩੪੨ | ੯ | ੬੩੬੭ | ੬੩੯੦ | ੨੩ | ੦ | ੨੩ |
| ੩੪੩ | ੧੬ | ੬੩੮੩ | ੬੪੦੬ | ੨੩ | ੦ | ੨੩ |
| ੩੪੪ | ੯ | ੬੩੯੨ | ੬੪੧੫ | ੨੩ | ੦ | ੨੩ |
| ੩੪੫ | ੧੪ | ੬੩੦੬ | ੬੪੨੯ | ੨੩ | ੦ | ੨੩ |
| ੩੪੬ | ੨੩ | ੬੪੨੯ | ੬੪੫੧ | ੨੧ | ੦ | ੨੧ |
| ੩੪੭ | ੧੦ | ੬੪੩੯ | ੬੪੬੧ | ੨੨ | ੦ | ੨੨ |
| ੩੪੮ | ੬ | ੬੪੪੫ | ੬੪੬੭ | ੨੨ | ੦ | ੨੨ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੩੪੯ | ੯ | ੬੪੫੪ | ੬੪੭੬ | ੨੨ | ੦ | ੨੨ |
| ੩੫੦ | ੧੨ | ੬੪੬੬ | ੬੪੮੮ | ੨੨ | ੦ | ੨੨ |
| ੩੫੧ | ੬ | ੬੪੭੨ | ੬੫੯੪ | ੧੨੨ | ੦ | ੧੨੨ |
| ੩੫੨ | ੧੬ | ੬੪੮੮ | ੬੫੦੯ | ੨੧ | ੦ | ੨੧ |
| ੩੫੩ | ੧੧ | ੬੪੯੯ | ੬੫੨੦ | ੨੧ | ੦ | ੨੧ |
| ੩੫੪ | ੧੨ | ੬੫੧੧ | ੬੫੩੨ | ੨੧ | ੦ | ੨੧ |
| ੩੫੫ | ੧੬ | ੬੫੨੭ | ੬੫੪੮ | ੨੧ | ੦ | ੨੧ |
| ੩੫੬ | ੧੦ | ੬੫੩੭ | ੬੫੫੮ | ੨੧ | ੦ | ੨੧ |
| ੩੫੭ | ੧੨ | ੬੫੪੯ | ੬੫੭੦ | ੨੧ | ੦ | ੨੧ |
| ੩੫੮ | ੧੨ | ੬੫੬੧ | ੬੫੮੨ | ੨੧ | ੦ | ੨੧ |
| ੩੫੯ | ੭ | ੬੫੬੮ | ੬੫੮੯ | ੨੧ | ੦ | ੨੧ |
| ੩੬੦ | ੮ | ੬੫੭੬ | ੬੫੯੭ | ੨੧ | ੦ | ੨੧ |
| ੩੬੧ | ੧੧ | ੬੫੮੭ | ੬੬੦੮ | ੨੧ | ੦ | ੨੧ |
| ੩੬੨ | ੫ | ੬੫੯੨ | ੬੬੧੩ | ੨੧ | ੦ | ੨੧ |
| ੩੬੩ | ੧੮ | ੬੬੧੦ | ੬੬੩੧ | ੨੧ | ੦ | ੨੧ |
| ੩੬੪ | ੬ | ੬੬੦੬ | ੬੬੩੭ | ੨੧ | ੦ | ੨੧ |
| ੩੬੫ | ੧੩ | ੬੬੨੯ | ੬੬੫੦ | ੨੧ | ੦ | ੨੧ |
| ੩੬੬ | ੩੦ | ੬੬੫੯ | ੬੬੮੦ | ੨੧ | ੦ | ੨੧ |
| ੩੬੭ | ੧੫ | ੬੬੭੮ | ੬੬੯੫ | ੨੧ | ੦ | ੨੧ |
| ੩੬੮ | ੫ | ੬੬੭੯ | ੬੭੦੦ | ੨੧ | ੦ | ੨੧ |
| ੩੬੯ | ੧੭ | ੬੬੯੬ | ੬੭੧੭ | ੨੧ | ੦ | ੨੧ |
| ੩੭੦ | ੧੮ | ੬੭੧੪ | ੬੭੩੫ | ੨੧ | ੦ | ੨੧ |
| ੩੭੧ | ੧੩ | ੬੭੨੭ | ੬੭੪੮ | ੨੧ | ੦ | ੨੧ |
| ੩੭੨ | ੫ | ੬੭੩੨ | ੬੭੫੩ | ੨੧ | ੦ | ੨੧ |

| | | | | | | |
|---|---|---|---|---|---|---|
| ੩੭੩ | ੨੪ | ੬੭੫੬ | ੬੭੭੭ | ੨੧ | ੦ | ੨੧ |
| ੩੭੪ | ੨੧ | ੬੭੭੭ | ੬੭੯੮ | ੨੧ | ੦ | ੨੧ |
| ੩੭੫ | ੧੦ | ੬੭੮੭ | ੬੮੦੮ | ੨੧ | ੦ | ੨੧ |
| ੩੭੬ | ੬ | ੬੭੯੩ | ੬੮੧੪ | ੨੧ | ੦ | ੨੧ |
| ੩੭੭ | ੧੧ | ੬੮੦੮ | ੬੮੨੫ | ੨੧ | ੦ | ੨੧ |
| ੩੭੮ | ੧੦ | ੬੮੧੪ | ੬੮੩੫ | ੨੧ | ੦ | ੨੧ |
| ੩੭੯ | ੧੪ | ੬੮੨੮ | ੬੮੪੯ | ੨੧ | ੦ | ੨੧ |
| ੩੮੦ | ੧੫ | ੬੮੪੩ | ੬੮੬੪ | ੨੧ | ੦ | ੨੧ |
| ੩੮੧ | ੧੧ | ੬੮੫੪ | ੬੮੭੫ | ੨੧ | ੦ | ੨੧ |
| ੩੮੨ | ੫ | ੬੮੫੯ | ੬੮੮੦ | ੨੧ | ੦ | ੨੧ |
| ੩੮੩ | ੯ | ੬੮੬੮ | ੬੮੮੯ | ੨੧ | ੦ | ੨੧ |

| ਚਰਿਤ੍ਰ ਨੰ. | ਕੁੱਲ ਪਦ | ਜੋੜ | ਦਸਮ ਗ੍ਰੰਥ ਅਨੁਸਾਰ ਜੋੜ | ਗਿਣਤੀ ਦਾ ਫਰਕ | ਕੁੱਲ ਜੋੜ ਤੋਂ ਘੱਟ | ਕੁੱਲ ਜੋੜ ਤੋਂ ਵੱਧ |
|---|---|---|---|---|---|---|
| ੩੮੪ | ੧੮ | ੬੮੮੬ | ੬੯੦੭ | ੨੧ | ੦ | ੨੧ |
| ੩੮੫ | ੧੧ | ੬੮੯੭ | ੬੯੧੮ | ੨੧ | ੦ | ੨੧ |
| ੩੮੬ | ੧੦ | ੬੯੦੭ | ੬੯੨੮ | ੨੧ | ੦ | ੨੧ |
| ੩੮੭ | ੧੨ | ੬੯੧੯ | ੬੯੪੦ | ੨੧ | ੦ | ੨੧ |
| ੩੮੮ | ੧੬ | ੬੯੩੫ | ੬੯੫੬ | ੨੧ | ੦ | ੨੧ |
| ੩੮੯ | ੭ | ੬੯੪੨ | ੬੯੬੩ | ੨੧ | ੦ | ੨੧ |
| ੩੯੦ | ੮ | ੬੯੫੦ | ੬੯੭੧ | ੨੧ | ੦ | ੨੧ |
| ੩੯੧ | ੧੨ | ੬੯੬੨ | ੬੯੮੩ | ੨੧ | ੦ | ੨੧ |
| ੩੯੨ | ੧੧ | ੬੯੭੩ | ੬੯੯੪ | ੨੧ | ੦ | ੨੧ |
| ੩੯੩ | ੧੯ | ੬੯੯੨ | ੭੦੧੩ | ੨੧ | ੦ | ੨੧ |
| ੩੯੪ | ੧੯ | ੭੦੧੧ | ੭੦੩੩ | ੨੨ | ੦ | ੨੨ |
| ੩੯੫ | ੧੮ | ੭੦੨੯ | ੭੦੫੧ | ੨੨ | ੦ | ੨੨ |
| ੩੯੬ | ੧੦ | ੭੦੩੯ | ੭੦੬੧ | ੨੨ | ੦ | ੨੨ |
| ੩੯੭ | ੮ | ੭੦੪੭ | ੭੦੬੯ | ੨੨ | ੦ | ੨੨ |
| ੩੯੮ | ੧੧ | ੭੦੫੮ | ੭੦੭੯ | ੨੧ | ੦ | ੨੧ |
| ੩੯੯ | ੧੦ | ੭੦੬੮ | ੭੦੮੯ | ੨੧ | ੦ | ੨੧ |
| ੪੦੦ | ੧੦ | ੭੦੭੮ | ੭੦੯੯ | ੨੧ | ੦ | ੨੧ |
| ੪੦੧ | ੧੨ | ੭੦੯੦ | ੭੧੧੧ | ੨੧ | ੦ | ੨੧ |
| ੪੦੨ | ੨੯ | ੭੧੧੯ | ੭੧੪੦ | ੨੧ | ੦ | ੨੧ |
| ੪੦੩ | ੧੧ | ੭੧੩੦ | ੭੧੫੧ | ੨੧ | ੦ | ੨੧ |
| ੪੦੪ | ੪੦੫ | ੭੫੩੫ | ੭੫੫੫ | ੨੦ | ੦ | ੨੦ |